42

24-2-8133

28-2-8132

21-3

3

Chief Reporter
Punjab Vidhan Sabha
Chandigarh

OK

੩੩੮੯-ਓ x ੫ (P)—GOVT. PRESS, U.T., CHD.

ਪੁ. ਸੈਸ਼. 59

ਪੰਜਾਬ ਸਰਕਾਰ

[illegible]

(ਟਿਕਾਣਾ ਨਾ ਕੀਤੇ ਫੁਟਕਲ ਕਾਗਜ਼ਾਂ ਲਈ)


PUNJAB VIDHAN SABHA

DEBATES

24th February, 1981

Vol. II—No. 22

OFFICIAL REPORT



CONTENTS

Tuesday the 24th February, 1981

Punjab Vidhan Sabha Secretariat, Chandigarh.

Price : Rs.95-70

PUNJAB VIDHAN SABHA

Tuesday, the 24th February, 1981

The Vidhan Sabha met in the Punjab Vidhan Sabha Hall, Vidhan Bhavan, Chandigarh, at 9-00 A.M. of the Clock. Mr. Speaker (Shri Brij Bhushan Mehra) in the Chair.

POSTPONED STARRED QUESTIONS AND ANSWERS

ਸ੍ਰੀ ਸਪੀਕਰ : ਪਹਿਲਾਂ ਪੋਸਟਪੋਨਡ ਸਟਾਰਡ ਕੁਐਸਨਜ਼ ਹੋਣਗੇ । ਕੋਸ਼ਿਸ਼ ਕਰਨਾ ਕਿ ਅੱਜ ਸਪਲੀਮੈਂਟਰੀਜ਼ ਘੱਟ ਹੋਣ ਤਾਂ ਕਿ ਰੈਗੂਲਰ ਕੁਐਸਚਨਜ਼ ਵੀ ਲੈ ਸਕੀਏ, ਮਾਨ ਸਾਹਿਬ ।

QUANTITY OF BITUMEN RECEIVED IN THE STATE

*514. **Sardar Baldev Singh Mann** : Will the Chief Minister be pleased to state—

(a) the total quantity of Bitumen received in the State during the period from 1st April to 31st December, 1980 together with the circle-wise details of its distribution;

(b) whether it is a fact that keeping in view the requirement of each circle, a priority list for the supply of bitumen was prepared by the Public Works Department in February, 1980;

(c) if the reply to part (b) above be in the affirmative, whether the supply has been made according to the said priority list; if so, the details thereof; if not, the reasons therefor ?

Sardar Darbara Singh : (a) A statement is placed on the Table of the House.

(b) Yes.

(c) No. The firms supplying the bitumen failed to supply the expected quantity of the bitumen. Hence the priority fixed circle-wise could not be adhered to.

STATEMENT

(i) Total quantity of bitumen received in the State from 1-4-1980 to 31-12-1980.	30367 M.T.

[Chief Minister]

(ii) Total quantity of Bitumen received by the Punjab P.W.D., B. & R. Department from 1-4-1980 to 31-12-1980. .. 27494 M.T.

(iii) Quantity received by the Departments other than B. & R. Department. .. 2873 M.T.

Receipt of Bitumen in P.W.D, B. & R. from 1-4-1980 to 31-12-1980 Circle-wise

Name of Circle		Quantity received in M.Ts.
1. Chandigarh	..	1,987
2. Ferozepur	..	2,585
3. Ludhiana	..	3,553
4. Bhatinda	..	3,479
5. Sangrur	..	974
6. Hoshiarpur	..	1,204
7. Jullundur	..	2,457
8. Amritsar	..	2,350
9. Pathankot	..	1,360
10. National Highways Amritsar	..	1,238
11. Central Works, Ferozepur	..	2,083
12. Patiala	..	1,826
13. National Highways, Jullundur	..	2,398
Total	..	27,494 M.T.

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸੀ. ਐਮ. ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਪ੍ਰਾਇਰਟੀ ਲਿਸਟ ਬਣਾਈ ਗਈ ਸੀ, ਇਸ ਲਈ ਕੀ ਉਹ ਦੱਸਣਗੇ ਕਿ ਇਹ ਪ੍ਰਿਇਰਟੀ ਲਿਸਟ ਕਿਵੇਂ ਸੀ ਅਤੇ ਉਸ ਦੇ ਮੁਤਾਬਿਕ ਕਿੰਨੀ ਕਿੰਨੀ ਕੁਐਂਟਿਟੀ ਹਰ ਇਕ ਸਰਕਲ ਤੇ ਮਿਲੀ ਸੀ ? ਉਸ ਪ੍ਰਾਇਰਟੀ ਲਿਸਟ ਦੇ ਮੁਤਾਬਿਕ ਹਰ ਇਕ ਸਰਕਲ ਵਿਚ ਕਿੰਨੀ ਕੁਐਂਟਿਟੀ ਮਿਲਣੀ ਚਾਹੀਦੀ ਸੀ ਅਤੇ ਕਿੰਨੀ ਮਿਲੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਅਸਲ ਸਵਾਲ ਦਾ ਜਵਾਬ ਮੈਂ ਪਹਿਲਾਂ ਹੀ ਦੇ ਦਿਤਾ ਹੈ । ਹਣ ਇਨ੍ਹਾਂ ਦੇ ਕਹਿਣ ਦਾ ਮਤਲਬ ਇਹ ਹੈ ਕਿ ਸੰਗਰੂਰ ਵਿਚ ਘੱਟ ਮਿਲਿਆ ਹੈ । ਗੱਲ ਇਹ ਹੈ ਕਿ ਲੋੜ ਦੇ ਮੁਤਾਬਿਕ ਰਸਤੇ ਵਿਚ ਉਤਾਰ ਲਿਆ ਗਿਆ । ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਹੁਣ ਤੁਹਾਡਾ ਸੰਗਰਰ ਦਾ ਬੈਕਲਾਗ ਪਹਿਲਾਂ ਪੂਰਾ ਕਰਾਂਗੇ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਪ੍ਰਾਇਰਟੀ ਦੇ ਮੁਤਾਬਿਕ ਸੰਗਰੂਰ ਪਹਿਲੇ ਨੰਬਰ ਤੇ ਸੀ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਾਇਰਿਟੀ ਦੇ ਮੁਤਾਬਿਕ ਸੰਗਰੂਰ ਨੂੰ ਕਿੰਨਾ ਦੇਣਾ ਚਾਹੀਦਾ ਸੀ ? ਲੁਧਿਆਣਾ, ਬਠਿੰਡਾ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਵਾਲੇ ਜ਼ਿਆਦਾ ਲੈ ਗਏ ਅਤੇ ਸੰਗਰੂਰ ਨੂੰ ਇਗਨੋਰ ਕਰ ਦਿੱਤਾ । ਸੰਗਰੂਰ ਨੂੰ ਸਿਰਫ 974 ਮੀਟ੍ਰਿਕ ਟਨ ਦਿਤਾ ਗਿਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਾਇਰਟੀ ਦੇ ਮੁਤਾਬਿਕ ਸੰਗਰੂਰ ਦਾ ਕਿੰਨਾ ਨੰਬਰ ਬਣਦਾ ਸੀ, ਉਸ ਨੂੰ ਕਿੰਨਾ ਮਿਲਣਾ ਚਾਹੀਦਾ ਸੀ ?

ਮੁੱਖ ਮੰਤਰੀ : ਇਸ ਸਵਾਲ ਵਿਚ ਪ੍ਰਾਇਰਿਟੀ ਦੀ ਕੋਈ ਗੱਲ ਨਹੀਂ ਹੈ । ਜੋ ਟੀਚਾ ਮੁਕੱਰਰ ਕੀਤ ਸੀ ਉਸ ਦੇ ਮੁਤਾਬਿਕ ਸੰਗਰੂਰ ਨੂੰ ਘੱਟ ਮਿਲਿਆ ਹੈ, ਉਹ ਅਸੀਂ ਪੂਰਾ ਕਰ ਰਹੇ ਹਾਂ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾ ਇਨ੍ਹਾਂ ਨੂੰ ਕਹਿਣਾ ਚਾਹੀਦਾ ਸੀ ਕਿ ਅਸੀਂ ਇਸ ਦੀ ਇਨਕੁਆਇਰੀ ਕਰਵਾ ਲਵਾਂਗੇ । ਸੰਗਰੂਰ ਪਹਿਲੇ ਨੰਬਰ ਤੇ ਸਰਕਲ ਸੀ । ਟ੍ਰਾਂਸਪੋਰਟ ਦਾ ਇੰਤਜ਼ਾਮ ਗੌਰਮਿੰਟ ਨੇ ਕਰਨਾ ਹੈ । ਇਸ ਲਈ ਕੀ ਇਹ ਯਕੀਨ ਦਿਵਾਉਣਗੇ ਕਿ 31 ਮਾਰਚ ਤੱਕ ਬੈਕਲਾਗ ਪੂਰਾ ਕਰ ਦੇਣਗੇ ?

ਮੁੱਖ ਮੰਤਰੀ : ਮੈਂ ਪਹਿਲਾਂ ਹੀ ਕਿਹਾ ਹੈ ਕਿ ਜਦ ਬਿਟੂਮੈਨ ਦੀ ਸਪਲਾਈ ਆਵੇਗੀ ਤਾਂ ਪਹਿਲਾਂ ਸਪਲਾਈ ਸੰਗਰੂਰ ਨੂੰ ਕਰਾਂਗੇ ।

ਸਰਦਾਰ ਆਤਮਾ ਸਿੰਘ : ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਜਿਨ੍ਹਾਂ ਫਰਮਾਂ ਨਾਲ ਕੰਟਰੈਕਟ ਕੀਤਾ ਸੀ ਉਹ ਸਪਲਾਈ ਕਰਨ ਵਿਚ ਫੇਲ ਹੋਈਆਂ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਉਨ੍ਹਾਂ ਫਰਮਾਂ ਦੇ ਵਿਰੁੱਧ ਕੀ ਐਕਸ਼ਨ ਲਿਆ ਹੈ, ਜਿਨ੍ਹਾਂ ਨੇ ਮਾਲ ਸਪਲਾਈ ਨਹੀਂ ਕੀਤਾ ?

ਮੁੱਖ ਮੰਤਰੀ : ਇਸ ਬਾਰ ਇਹ ਸੈਪਰੇਟ ਨੋਟਿਸ ਦੇ ਦੇਣ ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸੀ. ਅਮ. ਨੇ ਸੰਗਰੂਰ ਬਾਰੇ ਕਿਹਾ ਹੈ ਕਿ ਬੈਕਲਾਗ ਪੂਰਾ ਕਰਾਂਗੇ । ਮੈ ਕਹਿਣਾ ਚਾਹੁੰਦਾ ਹਾਂ ਕਿ ਪਟਿਆਲਾ ਵੀ ਬੈਕਵਰਡ ਜ਼ਿਲ੍ਹਾ ਹੈ ਉਥੇ ਵੀ ਬਹੁਤ ਘੱਟ ਇਹ ਮਿਲਿਆ ਹੈ । ਕੀ ਉਸ ਦਾ ਵੀ ਬੈਕਲਾਗ ਪੂਰਾ ਕਰ ਦੇਣਗੇ ? ਉਥੇ ਸੜਕਾਂ ਟੁੱਟੀਆਂ ਪਈਆਂ ਹਨ ਅਤੇ ਚੱਲਣਯੋਗ ਨਹੀਂ ਹਨ ?

ਮੁੱਖ ਮੰਤਰੀ : ਪਟਿਆਲੇ ਨੂੰ ਸੰਗਰੂਰ ਨਾਲੋਂ ਪਹਿਲਾਂ ਹੀ ਦੁੱਗਣਾ ਮਿਲਿਆ ਹੈ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਪਿਛਲੀ ਸਰਕਾਰ ਵੇਲੇ ਮੈਂ 2-3 ਸ਼ਿਕਾਇਤਾਂ ਕੀਤੀਆਂ ਸਨ, ਜਿਸ ਦੇ ਵਿਚ ਬਿਚੂਮੈਨ ਦੀ ਚੋਰੀ ਦੀ ਵੀ ਗੱਲ ਸੀ। ਉਸ ਦੀ ਇਨਕੁਆਇਰੀ ਹੋਣੀ ਸੀ। ਫਿਰ ਰਾਜ ਬਦਲ ਗਿਆ। ਇਨਕੁਆਇਰੀ ਸ਼ਾਇਦ ਪੈਂਡਿੰਗ ਹੈ। ਕੀ ਸੀ. ਐਮ. ਸਾਹਿਬ ਉਸ ਨੂੰ ਕੰਪਲੀਟ ਕਰਨਗੇ ?

ਅਵਾਜ਼ਾਂ : ਸੀਮਿੰਟ ਦੀ ਚੋਰੀ ਹੋਈ ਸੀ, ਕੀ ਉਸ ਦੀ ਇਨਕੁਆਇਰੀ ਕਰੋਗੇ ?

ਮੁੱਖ ਮੰਤਰੀ : ਸੀਮਿੰਟ ਦੀ ਵੀ ਕਰਾਂਗੇ ਅਤੇ ਜਿਸ ਤਰ੍ਹਾਂ ਗੁਪਤਾ ਜੀ ਨੇ ਕਿਹਾ ਹੈ ਜੇ ਇਨਕੁਆਇਰੀ ਸਾਂਡੇ ਪਾਸ ਪੈਂਡਿੰਗ ਹੈ ਤਾਂ ਮੈਂ ਐਕਸਪੀਡਾਈਟ ਕਰਾਂਗਾ।

MEMBERS OF THE SCHEDULED CASTES EMPLOYEES WORKING IN THE PUNJAB AGRO INDUSTRIES CORPORATION ETC.

*475. **Chaudhri Jagjit Singh** : Will the Minister for Agriculture and Forests be pleased to state—

(a) whether the reservation policy of the Government in services for the persons belonging to the Scheduled Castes has been adopted in (i) the Punjab Agro Industries Corporation; (ii) The Punjab State Seed Corporation and (iii) The Punjab Land Development and Reclamation Corporation;

(b) the category-wise total number of the employees working in each of the Corporation referred to in part (a) above;

(c) the category-wise number of the employees belonging to the Scheduled Castes out of those referred to in part (b) above in each of the Corporation;

(d) whether the number of employees referred to in part (c) above is in accordance with the reservation policy of the Government; if not, the reasons therefor and the steps being taken by the Government to make up the deficiency ?

Chaudhri Kanshi Ram : (a) to (d) Yes. A statement giving the information Corporation-wise is laid on The table of the House.

Statement showing total number of employees and scheduled castes employees working in the Punjab Agro Industries Corporation

Sr. No.	Category	Total No. of employees	No. of Scheduled Castes out of (3)	Vacancies filled after 30-9-72*I	Share of Scheduled Castes out of (5)	Given to Scheduled Castes	Remarks
1	2	3	4	5	6	7	8
1.	Personnel Officer	1	—	—	—	—	Deputation posts, Reservation policy not applicable.
2.	Chief Project Engineer	1 (Not filled in)	—	—	—	—	
3.	Project Engineer	1	—	2	1	—	Posts advertised specifying reservation. No scheduled caste candidate applied. Reserve point carried forward.
4.	Chief Accounts Officer	1	—	2	1	—	
5.	General Manager, H.D.P.E. Plant, Rajpura	1	—	2	1	—	
6.	Deputy Financial Adviser	1 (Not filled in)	—	1	—	—	Post kept in abeyance.
7.	Secretary-cum-F.A.			1	—	—	No shortfall.
8.	Deputy Supdt. Workshop			1	—	—	
9.	Agro Service Engnieer			1	—	—	
10.	Asstt. Manager (Stores) Technical	1	—	1	—	—	
11.	Fertilizer Manager	1	—	1	—		

[Agriculture Minister]

1	2	3	4	5	6	7	8
12.	Enquiry Officer	1	—	—	—	—	Deputation Post.
13.	Area Manager (Sales)	2	—	4	1	—	Post advertised specifying reservation. No scheduled caste candidate applied. Reserve point carried forward.
14.	Audit Officer	1	—	1	—	—	Deputation post.
15.	Accounts Officer	4	—	3	1	—	Filled in through departmental promotion. No scheduled caste in the lower cadre was available.
16.	Manager (Oil)	1	—	1	—	—	No shortfall.
17.	Civil Engineer	1 (Not filled in)	—	2	—	1	Posts kept in abeyance.
18.	Branch Manager	12	1	20	5	2	Posts advertised specifying reservation. Suitable scheduled Caste candidates were not available. Reserve points carried forward.
19.	Assistant Engineer (Implements)	1 (Not filled in)	—	2	1	—	Post kept in abeyance.
20.	Apprentice Engineer/Manager Service Station	17	—	34	9	1	Posts advertised specifying reservation. Suitable scheduled castes candidates were not available. Reserve points carried forward.
21.	Deputy Superintendent	4	1	4	1	1	No shortfall.
22.	Cost Accountant	1	—	1	—	—	No shortfall.

23 Accountant ..	3	—	3			Filled in through departmental promotion. No Sheduled cast in lower cadre was available.
24. Senior Auditor ..	1	—	4	1	—	Post was exclusively advertised for scheduled castes but no candidate applied. Reserve point carried forward.
25. Technical Assistant ..	2	—	[illegible]	2	—	Technical posts-advertised specifying rescrvation. No scheduled caste candidate applied. Reserve points carried farward.
26. Assistant ..	31	9	41	10	10	Reserve points given but one scheduled caste Assistant recently promoted as Supdt. Grade-II.
27. Senior Scale Stenographer ..	7	—	8	2	—	Posts advertised spceifying reservation. No scheduled caste candidate qualified the test.
28. Accountant-cum-Cashier ..	26	—	26	5	-	Accounts posts-advertised specifying reservation but no scheduled Caste candidates applied. Reserve points carried forward.
29. Stock Verifier ..	3	—	2	1	—	Reserve point not filled in inadvertantly. Deficiency shall be made good during next recruitment.
30. Senior Mechanic ..	7	—	3	1	—	Filled in through departmental promotion. No scheduled caste official in the lower cadre was available.

[Agriculture Minister]

1	2	3	4	5	6	7	8
31.	Store-keeper	14	1	12	3	1	Posis advertised specifying reservation.
32.	Assistant Storekeeper	22	5	34	9	5	Adequate number of suitable scheduled caste candidates were not available. Ten posts of Store keepers and 21 posts of Assistant Storekeepers were also kept in abeyance. Shortfall shall be made good in future.
33.	Security Supervisor	1	—	2	1	—	Post advertised specifying reservation. No scheduled caste candidate found suitable. Reserve point has been carried forward.
34.	Overseer	1 (Not filled in)	—	1	—	—	Post kept in abeyance
35.	Junior Scale Stenographer Steno typist	14	1	37	7	4	Posts advertised specifying reservation. No scheduled caste candidate qualified the test.
36.	Junior Accountant/ Junior Auditor	22	—	46	12	—	Accounts posts Post advertised specifying reservation. Scheduled Castes candidates not considered suitable. Reserve points carried forward.
37.	Junior Mechanic	12	—	11	3	—	Technical post-advertised specifying reservation. No scheduled castes candidate was found suitable. Reserve points carried forward.

38. General Electrician	1	—	1	—	—	No shortfall.
39. Driver/Truck Driver	27	4	21	6	4	Five posts are lying vacant. Shortfall shall be made good when next recruitment is made.
40. Draftsman	2	—	[illegible]	1	—	Technical post. Advertised specifying reservation. No scheduled castes candidate found suitable. Reserve point has been carried forward.
41. Welder	2	1	3	1	1	No shortfall.
42. Painter	1	—	1	—	—	No shortfall.
43. Clerk-cum-Cashier	16		30	7	1	Posts advertised specifying reservation. Adequate number of scheduled caste candidates not found suitable. Reserve points have been carried forward.
44. Clerk-cum-Typist	50	13	50	11	13	No shortfall-rather excess.
45. Fertilizer Clerks	84	11	208	47	23	Posts advertised specifying reservation. Adequate number of scheduled caste candidates not found suitable. Reserve points have been carried forward.
46. Gestetner Operator	1	—	1	—	—	No shortfall.
47. Apprentice Auto Electrician	9	—	7	2	—	Posts notified through Employment Exchange. No scheduled caste candidates were sponsored.
48. Apprentice Mechanic	34	1	26	6	3	Reserve points have been carried forward.

[Agriculture Minister]

49. Carpenter	1	—	1	—	—	No shortfall.
50, Turner	1	—	1	—	—	No shortfall.
51. Drillman	7	—	2	1	1	No shortfall.
52. Blacksmith	1	—	2	1	—	One post has been kept in abeyance. Reserve point has been carried forward.
53. Fitter	2	—	6	2	1	Reserve point has been carried forward.
54. Daftri	1	—	1	—	—	No shortfall.
55. Apprentice Fitter	5	1	11	3	2	15 posts have been kept in abeyance. Reserve point has been carried forward.
56. Storeman	110	28	127	28	28	No shortfall.
57. Peon	32	5	45	11	7	Reserve points have not been given inadvertantly. 19 posts have been kept in abeyance. Deficiency shall be made good during future recruitment.
58. Watchman	71	20	72	15	20	No shortfall-rather excess.
59. Junior/Senior Auto Electrician	10	—	—	—	—	Entire recruitment was made before 1972.
60. Painter-cum-Dent Beater	1	—	1	—	—	No shortfall.
61. Auto Mechanic	1	—	1	1	—	No shortfall.
62. Apprentice Auto Mechanic	2	1	2	1	1	No shortfall.

*The date on which PAIC adopted reservation in its services.

Statement showing the total number of employees and Scheduled Castes employees working in the Punjab State Seeds Corporation

Sr. No.	Category	Total number of employees	No. of S.C. out of (3)	Vacancies filled after Feb. 1977 *2	Share of S.C. in (5)	Given to Scs.	REMARKS
		3	4	5	6	7	8
1.	Manager (Production)	1	—	1	—	—	No short-fall
2.	Marketing Manager	1	—	1	—	—	
3.	Agricultural Engineer	1	—	2	1	—	The first on deputation from N.S.C * and the second recruited from N.S.C.*
4.	Deputy Managers	2	—	2	1	—	Filled by promotion. No S.C. candidate available in line
5.	Chief Accounts Officer	1	—	1	—	—	No comments required
6.	Regional Managers	1	—	3	1	—	The first two on deputation. The third recruited from NSC.*
7.	Dy. Seed Production Officers	4	1	7	2	1	First three on deputation 4th vacancy filled by promotion. No other S.C. available for-promotion.

1	2	3	4	5	6	7	8
8.	Asstt. Seed Production Officers	2	—	9	3	2	First two posts filled on deputation from N.S.C. and others by promotion. No other S.C. available in line.
9.	Marketing Officers	3	—	3	1	—	Posts advertised specifying reservation. No S.C. candidate applied. No S.C. sponsored by Employment Exchange on requisition.
10.	Supdt. Accounts	4	—	4	1	—	As against Sr. No. 9
11.	Store Keepers	3	—	5	2	—	Two S.Cs. were offered appointment, but they did not join
12.	Technical Asstt. (Taxation)	1	—	1	—	—	No comments required
13.	Personal Asstt. to M.D.	1	—	1	—	—	
14	Seed Production Asstts.	18	—	30	8	1	Initially 6 taken on deputation from N.S.C. Other posts advertised specifying reservation. The employment Cell of Welfare Deptt. also addressed. Director, Employment issued non availability certificate on 27th Oct., 1977. Posts advertised in October, 1980, specifying reservation.
15.	Accounts Assistants	8	1	13	4	1	Posts advertised specifying reservation, but no candidates available.

1 .	Office Assistants		[illegible]	9	3	2	Posts advertised specifying reservation. Two S.C. candidates selected did not join though offer sent.
17.	Marketing Assistants	4	—	4	4	—	Posts advertised specifying reservation, but no candidate available. Director, Employment (Spl. Cell) also did not sponsor any candidate.
18.	Junior Scale Stenos	3	—	4	1	—	As against Sr. No. 17
19.	Steno-typists	5	—	9	1	—	As against Sr. No. 17
20.	Clerk-cum-Typists	9	—	13	4	2	As against Sr. No. 17
21.	Salesman	3	—	3	1	—	Offer sent to S.C. candidate in December, 1979, but he did not join.
22.	Cashier	3	1	3	1	1	No Short-fall
23.	Drivers	5	1	5	2	1	One Driver presently on deputation. Vacancy on his reversion will be given to Scheduled Caste.
24.	Accounts Clerks	2	—	11	3	2	Four posts advertised specifying reservation, but no Scheduled Caste available.
25.	Asstt. Foreman	8	3	11	3	3	No Short-fall
26.	Operators	8	2	8	2	2	
27.	Peons/Chowkidars	28	8	28	8	8	

*2. The date on which PSSC adopted reservation in its services.

[Agriculture Minister]

Statement showing the number of employees and Scheduled Castes employees working in the Punjab Land Development and Reclamation Corporation

Sr. No.	Category	Total No. of employees	No. of Scheduled Caste out of (3)	Vacancies filled after*3 12th Sept., 1973	Share of S.C. out of (5)	Given to S.C.	REMARKS
1	2	3	4	5	6	7	8
1.	Financial Adviser-cum-Secretary	1	—	1	—	—	—
2.	Manager, Planning and Reclamation	1	—	1	—	—	—
3.	Regional Managers	4	—	5	2	—	Filled up on deputation. Reservation policy not applicable.
4.	Manager Machinery and Custom	1	—	1	—	—	Filled up on deputation. Reservation policy not applicable.
5.	Manager Gypsum	1	—	1	—	—	Filled up on deputation. Reservation policy not applicable.
6.	Sector Managers	1	—	1	—	—	Filled up on deputation Reservation policy not applicable.

7.	Superintendent	1	—	1	—		Filled up on deputation. Reservation policy not applicable.
8.	Asstt. Managers (Accounts)	3	—	3	1	—	Filled up on deputation. Reservation policy not applicable.
9.	Senior Auditors	2	—	3	1	—	Filled up on deputation. Reservation Policy not applicable.
10.	Accountants (Direct/promotion)	12	—	12	3	1	*NOC/NAC obtained from Punjab Govt., Department of Welfare of Scheduled Castes & Backward Classes.
11.	Assistants	3	1	3	1	1	No short-fall
12.	Accounts Assistants (Direct/promotion)	15	1	23	6	2	*NOC/NAC obtained from Punjab Govt., Welfare Department.
13.	Personal Assistants	2	—	2	1	—	Second vacancy filled on deputation and it will be given to S.C. on his reservation.
14.	Clerks	34	6	51	13	11	*NOC/NAC has been requested to be issued by Department of Welfare of Scheduled Castes and Backward Classes.
15.	Steno-typists	7	1	10	3	1	-Ditto-
16.	Gypsum Sub-Inspectors	33	5	69	18	11	-Ditto-

[Agriculture Minister]

1	2	3	4	5	6	7	8
17.	Chargemen-cum-Supervisors (Direct/promotion)	5	1	10	3	2	*NOC/NAC has been requested to be issued by Department of Welfare of Scheduled castes & Backward classes
18.	Bulldozer Operators (Direct/Promotion)	37	10	44	12	10	Ditto
19.	Junior Operators-cum-Helpers	43	7	69	18	17	Ditto
20.	Senior Mechanics	9	—	17	5	2	Ditto
21.	Auto-Electricians	6	2	12	4	4	No shortfall.
22.	Chowkidars-cum-Gate Keepers	11	5	11	3	5	No Shortfall. Rather in excess.
23.	Peons	12	4	12	4	4	No shortfall.
24.	Jeep/Van Drivers	11	3	11	3	3	No shortfall.
25.	Welders	2	—	2	1	—	*NOC/NAC has been requested to be issued by the Department of Welfare of S.C. & B.C.
26.	Beldars	3	3	3	1	3	No. shortfall. Rather in excess.
27.	Storekeepers (by promotion)	4	1	5	1	1	No. shortfall
28.	Assistant Store Keepers	1	—	1	—	—	—
29.	Tractor-cum-Tubewell Operators.	12	2	13	4	2	*NOC/NAC has been requested to be issued by the Social Welfare Department.

30. Junior Mechanics	9	3	10	3	3	No shortfall.
31. Truck Drivers	10	3	10	3	3	No shortfall.
32. Truck Cleaners	10	3	10	3	3	No shortfall.
33. Sr. Scale Stenographer	2	—	2	1	—	Second vacancy filled on deputation, and it will be given to S.C. on his reservation.
34. Jr. Scale Stenographer	1	—	1	—	—	—
35. Duplicating Machine Operator	1	—	1	—	1	In excess
36. Daftri	1	1	1	—	1	"
37. Foreman	1	—	1	—	—	
38. Asstt. Managers (Stores)	7	—	10	3		*Two appointment letter were issued to two S. C. candidates, but they did not join. Deptt. of Welfare of S. C. & B. C. has been requested to issue N.O.C./N.A.C.
39. Mali	1	—	1	—	—	—
40. Statistical Assistant	1	—	1	—	—	On Deputation.

*The reserve posts have been carried forward & will be made good in future recruitment.

*The date on which P.L.D.R.C. adopted reservation in its services.

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਹੜੀ ਤੁਹਾਡੇ ਰਾਹੀਂ ਇਨਫਰਮੇਸ਼ਨ ਦਿਤੀ ਹੈ. ਉਸ ਵਿਚ ਉਨ੍ਹਾਂ ਨੇ ਅਪਰੈਂਟਿਸ ਇੰਜਨੀਅਰਜ਼ ਵਿਚੋਂ ਦੱਸਿਆ ਹੈ ਕਿ 9 ਸ਼ਿਡਿਊਲਡ ਕਾਸਟਸ ਦੇ ਬਣਦੇ ਸੀ ਪਰ ਉਨ੍ਹਾਂ ਨੂੰ ਇਕ ਦਿਤਾ ਗਿਆ। ਇਸੇ ਤਰ੍ਹਾਂ ਹੀ ਹੋਰ ਪੋਸਟਾਂ ਵਿਚ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਡੈਪੂਟੇਸ਼ਨ ਤੇ ਦੂਸਰੇ ਮਹਿਕਮਿਆਂ ਤੋਂ ਪੋਸਟਾਂ ਭਰਨ ਵਾਸਤੇ ਬੰਦੇ ਮੰਗਵਾਏ ਜਾਂਦੇ ਹਨ, ਕੀ ਇਹ ਅੱਗੇ ਵਾਸਤੇ ਧਿਆਨ ਰੱਖਣਗੇ ਕਿ ਇਸ ਕਾਰਪੋਰੇਸ਼ਨ ਵਿਚ ਵੀ ਅਨੁਸੂਚਿਤ ਜਾਤੀਆਂ ਦੇ ਬੰਦੇ ਡਪੂਟੇਸ਼ਨ ਤੇ ਲੈ ਲਏ ਜਾਣਗੇ ? ਇਸ ਦੇ ਵਿਚ ਇਨ੍ਹਾਂ ਨੇ ਸਟੈਨੋਗ੍ਰਾਫਰਜ਼, ਸਟੈਨੋਟਾਈਪਿਸਟਸ ਅਤੇ ਕਲਰਕਾਂ ਦੀਆਂ ਪੋਸਟਾਂ ਵਾਸਤੇ ਲਿਖਿਆ ਹੈ ਕਿ ਸੂਟੇਬਲ ਕੈਂਡੀਡੇਟਸ ਨਹੀਂ ਮਿਲੇ ਅਤੇ ਲਿਖਿਆ ਹੈ ਕਿ ਸਟੈਨੋਗ੍ਰਾਫਰਜ਼ ਪਾਸ ਨਹੀਂ ਹੋਏ। ਇਸ ਦਾ ਮਤਲਬ ਹੈ ਕਿ ਜਦੋਂ ਪੋਸਟਾਂ ਐਡਵਰਟਾਈਜ਼ ਕੀਤੀਆਂ ਗਈਆਂ, ਸ਼ਿਡਿਊਲਡ ਕਾਸਟਸ ਕੈਂਡੀਡੇਟਸ ਆਉਂਦੇ ਰਹੇ ਪਰ ਉਨ੍ਹਾਂ ਨੂੰ ਕਹਿ ਦਿਤਾ ਕਿ ਸੂਟੇਬਲ ਨਹੀਂ ਅਤੇ ਕਿਹਾ ਕਿ ਇਹ ਟੈਸਟ ਪਾਸ ਨਹੀਂ ਕਰ ਸਕੇ। ਇਸ ਤਰ੍ਹਾਂ ਕਿੰਨੇ ਹਰੀਜਨ ਮੁਲਾਜ਼ਮਾਂ ਨੂੰ ਕਿਹਾ ਕਿ ਸੂਟੇਬਲ ਨਹੀਂ ਅਤੇ ਕਿਹਾ ਗਿਆ ਕਿ ਉਹ ਕੁਆਲੀਫੀਕੇਸ਼ਨ ਫੁੱਲ-ਫਿੱਲ ਨਹੀਂ ਕਰਦੇ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕਾਰਪੋਰੇਸ਼ਨ ਵਿਚ ਸ਼ਿਡਿਊਲਡ ਕਾਸਟਸ ਦਾ ਇਹ ਜਿਹੜਾ ਬੈਕ ਲਾਗ ਹੈ, ਇਹ ਕਦੋਂ ਤਕ ਪੂਰਾ ਕਰ ਦੇਣਗੇ ? ਜਿੰਨ੍ਹਾਂ ਚਿਰ ਸਾਡਾ ਇਹ ਬੈਕ-ਲਾਗ ਪੂਰਾ ਨਹੀਂ ਹੁੰਦਾ ਉਤਨੀ ਦੇਰ ਹੋਰ ਆਦਮੀ ਭਰਤੀ ਨਾ ਕੀਤੇ ਜਾਣ ਅਤੇ ਸਾਡੇ ਬੰਦੇ ਹੀ ਭਰਤੀ ਕੀਤੇ ਜਾਣ। ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਵਿਚ 1972 ਤੋਂ ਭਰਤੀ ਸ਼ੁਰੂ ਹੋਈ ਸੀ, ਪਰ ਇਸ ਵਿਚ ਸਾਡੀ ਭਰਤੀ ਘੱਟ ਹੋਈ ਹੈ। ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਬਾਰੇ ਕੋਈ ਅਸੈਂਬਲੀ ਵਿਚ ਐਕਟ ਲਿਆ ਕੇ ਰੂਲ ਬਣਾਉਣਗੇ ਤਾਕਿ ਇਹ ਸਾਰਾ ਕੰਮ ਪੂਰਾ ਕੀਤਾ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਮੈਂ ਇਨਫਰਮੇਸ਼ਨ ਦਿਤੀ ਹੈ। ਇਹ ਬੜੀ ਸੈਲਫ ਸਪੀਕਿੰਗ ਔਰ ਸੈਲਫ ਕੰਟੇਂਡ ਹੈ ਅਪਰੈਂਟਿਸ ਇੰਜੀਨੀਅਰ ਦੇ ਸਾਹਮਣੇ ਲਿਖਿਆ ਹੈ ਕਿ ਇਹ ਪੋਸਟ ਐਡਵਰਟਾਈਜ਼ ਕੀਤੀ, ਪਰ ਕੋਈ ਸੂਟੇਬਲ ਕੈਂਡੀਡੇਟ ਨਹੀਂ ਆਏ They did not come forward ਕੋਈ ਆਦਮੀ ਨਹੀਂ ਮਿਲਿਆ। ਬਾਕੀ ਜਿਹੜੀ ਬੈਕ ਲਾਗ ਦੀ ਗੱਲ ਕੀਤੀ ਹੈ, minimum qualification is must. ਮਿਨੀਮਮ ਕੁਆਲੀਫੀਕੇਸ਼ਨ ਅਸੀਂ ਰਿਲੈਕਸ ਨਹੀਂ ਕਰ ਸਕਦੇ ਇਨ੍ਹਾਂ ਨੇ ਕਿਹਾ ਕਿ ਬੈਕ ਲਾਗ ਰਿਹਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿੰਨ੍ਹਾ ਚਿਰ ਇਹ ਘਾਟ ਹੈ, ਇਹ ਪਾਲਿਸੀ ਚੱਲਦੀ ਹੈ, ਇਹ ਘਾਟ ਜ਼ਰੂਰ ਕੰਪਨਸੇਟ ਹੋ ਜਾਵੇਗੀ, ਮੇਕ ਅੱਪ ਹੋ ਜਾਵੇਗੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 496

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੁਟ ਨਹੀਂ ਕੀਤਾ ਗਿਆ।

CASES OF CHEATING IN THE STATE

*590 **Sardar Natha Singh Dalam**: Will the Chief Minister be pleased to state :—

(a) the district-wise number of cases of cheating registered in the State during the period from 1st January, 1978 to 30th November, 1980 together with the number of Gangs traced out by the Government & the number of cases out of them in which culprits were punished and the extent of punishment awarded in each case;

(b) whether the photographs of the said culprits were got printed in the newspapers for the information of the general public ?

ਸਰਦਾਰ ਦਰਬਾਰਾ ਸਿੰਘ : (ੳ) ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਨਹੀਂ ਜੀ ।

ਸੂਚੀ

ਜ਼ਿਲ੍ਹੇ ਦਾ ਨਾਂ	1-1-78 ਤੋਂ 30-11-80 ਤੱਕ ਧੋਖਬਾਜ਼ੀ ਦੇ ਦਾਇਰ ਕੀਤੇ ਗਏ ਕੇਸ ।	ਪਤਾ ਲੱਗੇ ਗਰੋਹਾਂ ਦੀ ਗਿਣਤੀ	ਸਜ਼ਾ ਹੋਏ ਕੇਸਾਂ ਦੀ ਗਿਣਤੀ	ਸਜ਼ਾ ਦਾ ਵੇਰਵਾ
1	2	3	4	5
1. ਗੁਰਦਾਸਪੁਰ	76	—	6	1. 6 ਮਹੀਨੇ ਸਖ਼ਤ ਸਜ਼ਾ
				2. 6 ਮਹੀਨੇ ਸਖ਼ਤ ਸਜ਼ਾ
				3. 6 ਮਹੀਨੇ ਸਖ਼ਤ ਸਜ਼ਾ
				4. 1 ਸਾਲ ਸਖ਼ਤ ਸਜ਼ਾ
				5. 1 ਸਾਲ ਸਖ਼ਤ ਸਜ਼ਾ
				6. 6 ਮਹੀਨੇ ਸਖ਼ਤ ਸਜ਼ਾ
2. ਜਲੰਧਰ	228	—	6	1. 1 ਸਾਲ ਦੀ ਪਰੋਬੇਸ਼ਨ
				2. ਡੇਢ ਸਾਲ ਸਖ਼ਤ ਸਜ਼ਾ
				3. ਸਾਢੇ ਪੰਜ ਮਹੀਨੇ ਸਖਤ ਸਜ਼ਾ ।

1	2	3	4	5
				4. 1 ਸਾਲ ਸਖਤ ਸਜ਼ਾ
				5. 1 ਸਾਲ ਦੀ ਪਰੋਬੇਸ਼ਨ ਅਤੇ 1,000 ਰੁਪਏ ਦੀ ਜ਼ਮਾਨਤ ।
				6. 1 ਸਾਲ ਦੀ ਪਰੋਬੇਸ਼ਨ ਅਤੇ 1,000 ਰੁਪਏ ਦੀ ਜ਼ਮਾਨਤ ।
3. ਹੁਸ਼ਿਆਰਪੁਰ	86	1	5	1. ਨੇਕ ਚਲਨੀ ਲਈ 2 ਸਾਲ ਦੀ ਪੱਕੀ ਜ਼ਮਾਨਤ ।
				2. 1 ਸਾਲ ਸਖਤ ਸਜ਼ਾ ਅਤੇ 3,000 ਰੁਪਏ ਜੁਰਮਾਨਾ ।
				3. ਇਕ ਸਾਲ ਦੀ ਨੇਕ-ਚਲਨੀ ਦੀ ਜ਼ਮਾਨਤ
				4. ਡੇਢ ਸਾਲ ਸਖਤ ਸਜ਼ਾ ਅਤੇ 2,000 ਰੁਪਏ ਜੁਰਮਾਨਾ ।
				5. 1 ਸਾਲ ਦੀ ਨੇਕ-ਚਲਨੀ ਦੀ ਜ਼ਮਾਨਤ।
4. ਕਪੂਰਥਲਾ	38	—	4	1. 2 ਸਾਲ ਸਖਤ ਸਜ਼ਾ ਅਤੇ 500 ਰੁਪਏ ਜੁਰਮਾਨਾ ।
				2. —ਉਹੀ—
				3. 1 ਸਾਲ ਸਖਤ ਸਜ਼ਾ ਅਤੇ 200 ਰੁਪਏ ਜੁਰਮਾਨਾ
				4. 6 ਮਹੀਨੇ ਸਖਤ ਸਜ਼ਾ ਅਤੇ 100 ਰੁਪਏ ਜੁਰਮਾਨਾ ।

1		2	3	4
5. ਅੰਮ੍ਰਿਤਸਰ	128	—	7	1. 6 ਮਹੀਨੇ ਸਖ਼ਤ ਸਜ਼ਾ 2. 2 ਸਾਲ ਸਖ਼ਤ ਸਜ਼ਾ 3. 1 ਸਾਲ ਸਖ਼ਤ ਸਜ਼ਾ 4. 6 ਮਹੀਨੇ ਸਖ਼ਤ ਸਜ਼ਾ 5. 1 ਸਾਲ ਸਖ਼ਤ ਸਜ਼ਾ 6 9 ਮਹੀਨੇ ਦੀ ਸਖਤ ਸਜ਼ਾ 7. 1 ਸਾਲ ਦੀ ਸਖਤ ਸਜ਼ਾ
6. ਪਟਿਆਲਾ	69	—	2	1. 1 ਸਾਲ ਲਈ 5,000 ਰੁਪਏ ਦੀ ਨੇਕ ਚਲਣੀ ਲਈ ਜ਼ਮਾਨਤ । 2. ਡੇਢ ਸਾਲ ਲਈ 2000/- ਰੁਪਏ ਦੀ ਨੇਕ ਚਲਣੀ ਲਈ ਜ਼ਮਾਨਤ ।
7. ਸੰਗਰੂਰ	59	—	3	1. 5 ਮਹੀਨੇ ਸਖਤ ਸਜ਼ਾ 50/- ਰੁਪਏ ਜੁਰਮਾਨਾ ਅਤੇ 10 ਮਹੀਨੇ ਸਖਤ ਸਜ਼ਾ ਦੂਜੇ ਦੋਸ਼ੀ ਨੂੰ । 2. 6 ਮਹੀਨੇ ਸਖਤ ਸਜ਼ਾ 100/- ਰੁਪਏ ਜੁਰਮਾਨਾ ਅਤੇ ਦੂਜੇ ਦੋਸ਼ੀ ਨੂੰ 1 ਸਾਲ ਸਖਤ ਸਜ਼ਾ । 3. 3 ਮਹੀਨੇ ਸਖਤ ਸਜ਼ਾ ਅਤੇ ਦੂਜੇ ਦੋਸ਼ੀ ਨੂੰ 6 ਮਹੀਨੇ ਸਖਤ ਸਜ਼ਾ
8. ਰੋਪੜ	48	—		4. 1.1 ਸਾਲ ਜ਼ਮਾਨਤ ਨੇਕ-ਚਲਣੀ 1000/- ਰੁਪਏ ਦੀ ਜ਼ਮਾਨਤ ।

[ਮੁੱਖ ਮੰਤਰੀ]

ਜ਼ਿਲ੍ਹੇ ਦਾ ਨਾਂ	1-1-78 ਤੋਂ 30-11-80 ਤੱਕ ਧੋਖੋਬਾਜ਼ੀ ਦੇ ਦਾਇਰ ਕੀਤੇ ਗਏ ਕੇਸ ।	ਪਤਾ ਲੱਗੇ ਗਰੋਹਾਂ ਦੀ ਗਿਣਤੀ	ਸਜ਼ਾ ਹੋਏ ਕੇਸਾਂ ਦੀ ਗਿਣਤੀ	ਸਜ਼ਾ ਦਾ ਵੇਰਵਾ
1	2	3	4	5
				2. 1 ਸਾਲ ਲਈ 2000/- ਰੁਪਏ ਜ਼ਮਾਨਤ ਨੇਕ ਚਲਨੀ ।
				3. 1 ਸਾਲ ਲਈ 1000/- ਰੁਪਏ ਜ਼ਮਾਨਤ ਨੇਕ ਚਲਨੀਂ ।
				4. 4 ਮਹੀਨੇ ਸਖਤ ਸਜ਼ਾ ।
9. ਲੁਧਿਆਣਾ	167	—	5	1. 5000/- ਰੁਪਏ ਦੀ 1 ਸਾਲ ਲੀਈ ਨੇਕ ਚਲਨੀ ਜ਼ਮਾਨਤ ।
				2. 6 ਮਹੀਨੇ ਸਖਤ ਸਜ਼ਾ
				3. 2 ਮਹੀਨੇ ਸਜ਼ਾ ਸਖਤ
				4. 2000/- ਰੁਪਏ ਦੀ ਇਕ ਸਾਲ ਲਈ ਨੇਕ ਚਲਨੀ ਜ਼ਮਾਨਤ ।
				5. 1 ਸਾਲ ਸਖਤ ਸਜ਼ਾ ਅਤੇ 1000/- ਰੁਪਏ ਜੁਰਮਾਨਾ ।
10. ਬਠਿੰਡਾ	81	—	1	1. 2000/- ਰੁਪਏ ਦੀ 6 ਮਹੀਨੇ ਲਈ ਨੇਕ ਚਲਨੀ ਦੀ ਜ਼ਮਾਨਤ
11. ਫ਼ਰੀਦਕੋਟ	123	—	7	1. 2000/- ਰੁਪਏ ਦੀ ਇਕ ਸਾਲ ਲਈ ਨੇਕ ਚੁਲਨੀ ਦੀ ਜ਼ਮਾਨਤ ।

1	2	3	4	5
				2. 2000/- ਰੁਪਏ ਦੀ 1 ਸਾਲ ਲਈ ਨੇਕ ਚਲਨੀ ਦੀ ਜ਼ਮਾਨਤ
				3. —ਉਹੀ—
				4. —ਉਹੀ—
				5. 3000/- ਰੁਪਦੇ ਦੋ ਸਾਲ ਲਈ ਜ਼ਮਾਨਤ ਅਤੇ 250/- ਰੁਪਏ ਜੁਰਮਾਨਾ ।
				6. 2000/- ਰੁਪਏ ਦੀ ਡੇਢ ਸਾਲ ਲਈ ਨੇਕ ਚਲਨੀ ਜ਼ਮਾਨਤ ।
				7. 2 ਸਾਲ ਸਜ਼ਾ ਅਤੇ 1000/- ਰੁਪਏ ਜੁਰਮਾਨਾ ਅਤੇ ਇਸ ਦੇ ਨਾ ਦੇਣ ਤੇ 6 ਮਹੀਨੇ ਹੋਰ ਸਜ਼ਾ ।
12. ਫਿਰੋਜ਼ਪੁਰ	71	1	4	1. ਇਕ ਸਾਲ ਸਖਤ ਸਜ਼ਾ ਅਤੇ 200/- ਰੁਪਏ ਜੁਰਮਾਨਾ ।
				2. —ਉਹੀ—
				3. 1000/- ਰੁਪਏ 1 ਸਾਲ ਲਈ ਨੇਕ ਚਲਨੀ ਜ਼ਮਾਨਤ ।
				4. 2000/- ਰੁਪਏ 1 ਸਾਲ ਲਈ ਨੇਕ ਚਲਨੀ ਲਈ ਜ਼ਮਾਨਤ ।
ਜੋੜ	1176	2	54	

ਸਰਦਾਰ ਨੱਥਾ ਸਿੰਘ ਦਾਲਮ : ਇਨ੍ਹਾਂ ਨੇ ਭਾਗ 'ਅ' ਦੇ ਜਵਾਬ ਵਿਚ ਕਿਹਾ ਹੈ 'ਨਹੀਂ ਜੀ' । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਲੋਕ ਹਿੱਤ ਵਿਚ ਨਹੀਂ ਹੋਵੇਗਾ ਕਿ ਜੇਕਰ ਉਨ੍ਹਾਂ ਲੋਕਾਂ ਦੀਆਂ, ਦੋਸ਼ੀਆਂ ਦੀਆਂ ਫੋਟੋਆਂ ਅਖ਼ਬਾਰਾਂ ਵਿਚ ਛਪਵਾ ਦਿੱਤੀਆਂ ਜਾਣ ਤਾਕਿ ਲੋਕਾਂ ਨੂੰ ਅੱਗੇ ਤੋਂ ਉਨ੍ਹਾਂ ਧੋਖੇਬਾਜ਼ਾਂ ਤੋਂ ਬਚਾਇਆਂ ਜਾ ਸਕੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਤਜਵੀਜ਼ ਤਾਂ ਮੈਂਬਰ ਸਾਹਿਬ ਦੀ ਠੀਕ ਲਗਦੀ ਹੈ ਲੇਕਿਨ ਗੱਲ ਇਹ ਹੈ ਕਿ ਕਈ ਦਫ਼ਾ ਅਸਾ ਹੁੰਦਾ ਹੈ ਕਿ ਜਦੋਂ ਉਸ ਦੀ ਫੋਟੋ ਦਿੱਤੀ ਗਈ ਹੋਵੇ ਤਾਂ ਉਦੋਂ ਜਦੋਂ ਮੁਲਜ਼ਮ ਗ੍ਰਿਫਤਾਰ ਹੋਵੇ ਤਾਂ ਉਹ ਇਹ ਕੋਸ਼ਿਸ਼ ਕਰਦਾ ਹੈ ਕਿ ਮੇਰੀ ਫੋਟੋ ਦਿੱਤੀ ਹੋਈ ਹੈ, ਅਖਬਾਰ ਵਿਚ ਫੋਟੋ ਦਿੱਤੀ ਹੋਈ ਹੈ, ਮੇਰੀ ਸ਼ਨਾਖਤ ਨਾ ਕਰਾਈ ਜਾਵੇ। ਇਹ ਗੱਲ ਜੋ ਹੈ ਉਸ ਵੇਲੇ ਰਸਤੇ ਵਿਚ ਰੁਕਾਵਟ ਬਣਦੀ ਹੈ ਵਰਨਾ ਫੋਟੋ ਦੇਣ ਵਿਚ ਕੋਈ ਹਰਜ ਨਹੀਂ। ਇਸ ਕਰਕੇ ਉਸ ਦੀ ਫੋਟੋ ਨਹੀਂ ਦਿਤੀ ਜਾਂਦੀ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਧੋਖੇਬਾਜ਼ੀ ਦੇ ਕੇਸਿਜ਼ ਰਾਜ ਵਿਚ ਬਹੁਤ ਹੁੰਦੇ ਹਨ ਔਰ ਬਹੁਤ ਸਾਰੀਆਂ ਰਿਪੋਟਾਂ ਵੀ ਦਰਜ ਨਹੀਂ ਹੁੰਦੀਆਂ। ਕੀ ਸਰਕਾਰ ਕੋਈ ਐਸਾ ਪ੍ਰਬੰਧ ਕਰੇਗੀ (ਵਿਘਨ) ਕੀ ਸਰਕਾਰ ਕੋਈ ਐਸੀ ਹਦਾਇਤ ਕਰੇਗੀ ਕਿ ਇਨ੍ਹਾਂ ਦੀਆਂ ਰਿਪੋਟਾਂ ਦਰਜ ਹੋਣ ਅਤੇ ਫੌਰੀ ਤੌਰ ਤੇ ਟਾਇਮ ਬਾਊਂਡ ਕਰਕੇ ਚਾਲਾਨ ਕੀਤੇ ਜਾਣ ਤਾਂਕਿ ਇਨ੍ਹਾਂ ਧੋਖੇਬਾਜ਼ਾਂ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਇਕ ਜਨਰਲ ਜਿਹਾ ਸਵਾਲ ਹੈ ਜੋ ਮਾਨਯੋਗ ਮੈਂਬਰ ਸਾਹਿਬ ਨੇ ਕੀਤਾ ਹੈ। ਧੋਖੇਬਾਜ਼ੀ ਦੇ ਕੇਸਿਜ਼ ਦਰਜ ਹੁੰਦੇ ਹਨ, ਜੇ ਇਹ ਕੇਸਿਜ਼ ਦਰਜ ਨਾ ਹੁੰਦੇ ਹੋਣ ਤਾਂ ਮੈਂ ਜੋ ਫਿਗਰਜ਼ ਦੱਸੀਆਂ ਹਨ, ਇਹ ਨਾ ਹੁੰਦੀਆਂ। ਰਾਜ ਵਿਚ ਸਾਲ 1978 ਵਿਚ ਧੋਖੇਬਾਜ਼ੀ ਦੇ 459 ਕੇਸਿਜ਼ ਦਰਜ ਹੋਏ ਸਨ, ਜਿਨ੍ਹਾਂ ਵਿਚੋਂ 143 ਕੇਸਿਜ਼ ਅਦਾਲਤਾਂ ਵਿਚ ਜ਼ੇਰ ਸਮਾਇਤ ਹਨ, 85 ਕੇਸਿਜ਼ ਕੈਂਸਲ ਕੀਤੇ ਗਏ, 81 ਕੇਸਿਜ਼ ਅਦਮਪਤਾ ਹਨ, 5 ਕੇਸਿਜ਼ ਅਖਰਾਜ ਹੋਏ ਹਨ, 30 ਕੇਸਿਜ਼ ਵਿਚ ਦੋਸ਼ੀ ਬਰੀ ਹੋਏ ਹਨ ਅਤੇ 30 ਕੇਸਿਜ਼ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ ਹਨ ਔਰ 85 ਕੇਸਿਜ਼ ਜੋ ਹਨ, ਉਹ ਜ਼ੇਰੇ ਤਫਤੀਸ਼ ਹਨ। ਇਨ੍ਹਾਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਕੇਸਿਜ ਬਕਾਇਦਾ ਤੌਰ ਤੇ ਦਰਜ ਹੁੰਦੇ ਹਨ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਜਿਨ੍ਹਾਂ ਲੋਕਾਂ ਨੂੰ ਸਜ਼ਾ ਹੋ ਜਾਂਦੀ ਹੈ ਕੀ ਉਨ੍ਹਾਂ ਦੀਆਂ ਫੋਟੋਆਂ ਥਾਣਿਆਂ ਵਿਚ ਲਟਕਾਈਆਂ ਜਾਂਦੀਆਂ ਹਨ ?

ਮੁੱਖ ਮੰਤਰੀ: ਆਮ ਤੌਰ ਤੇ ਜਿਹੜਾ ਹੈਬੀਚੂਅਲ ਔਫੈਂਡਰ ਹੋਵੇ, ਉਸ ਦੀ ਫੋਟੋ ਰਖੀ ਜਾਂਦੀ ਹੈ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, 1977 ਵਿਚ ਸਮੱਗਲਰਾਂ ਦੀਆਂ ਫੋਟੋਆਂ, ਬੈਡ ਅਨਸਰ ਦੀਆਂ ਫੋਟੋਆਂ ਲਗੀਆਂ ਹੋਈਆਂ ਸਨ, ਲੇਕਿਨ ਅਕਾਲੀ ਸਰਕਾਰ ਨੇ ਉਹ ਫੋਟੋਆਂ ਹਟਾ ਦਿੱਤੀਆਂ ਸਨ। ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਹ ਕੀ ਗੱਲ ਹੈ ਆਇਆ ਉਨ੍ਹਾਂ ਨੇ ਇਹ ਕੰਮ ਛੱਡ ਦਿੱਤਾ ਹੈ, ਜਾਂ ਉਨ੍ਹਾਂ ਨੂੰ ਕੋਈ ਰਿਆਇਤ ਦਿੱਤੀ ਗਈ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਸ ਨੇ ਕੰਮ ਛੱਡ ਦਿੱਤਾ ਹੋਵੇ ਪਰ ਸਰਕਾਰ ਜਿਹੜੀ ਹੈ ਉਸ ਦਾ ਰਿਕਾਰਡ ਫਿਰ ਵੀ ਰਖਦੀ ਹੈ। ਮੈਨੂੰ ਇਸ ਗੱਲ ਦਾ ਨਹੀਂ ਪਤਾ ਕਿ

ਉਨ੍ਹਾਂ ਦੀਆਂ ਕੋਈ ਫੋਟੋਆਂ ਹਟਾ ਦਿੱਤੀਆਂ ਗਈਆਂ ਹਨ । ਇਹ ਮੈਂ ਪਤਾ ਕਰ ਲਵਾਂਗਾ ਕਿ ਜੇ ਉਹ ਹਟਾ ਦਿੱਤੀਆਂ ਹਨ ਅਤੇ ਉਹ ਕੰਮਾਂ ਵਿਚ ਮਸਰੂਫ ਹਨ ਤਾਂ ਫਿਰ ਉਸੇ ਤਰ੍ਹਾਂ ਸਜਾਈਆਂ ਜਾਣਗੀਆਂ ਜਿਵੇਂ ਪਹਿਲਾਂ ਸਜੀਆਂ ਹੋਈਆਂ ਸਨ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਸਰਦਾਰ ਨੱਥਾ ਸਿੰਘ ਜੀ ਦੇ ਸਵਾਲ ਦੇ ਜਵਾਬ ਵਿਚ ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਕਾਨੂੰਨੀ ਤੌਰ ਤੇ ਕੋਈ ਫੋਟੋ ਲਾਉਣ ਵਿਚ ਰੁਕਾਵਟ ਆਉਂਦੀ ਹੈ ਇਸ ਕਰਕੇ ਅਖਬਾਰਾਂ ਵਿਚ ਫੋਟੋ ਨਹੀਂ ਛਾਪ ਸਕਦੇ । ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਉਨ੍ਹਾਂ ਦਾ ਐਡਰੈਸ ਅਤੇ ਉਨ੍ਹਾਂ ਦਾ ਹੁਲੀਆ ਵਗੈਰਾ ਅਖਬਾਰਾਂ ਵਿਚ ਛਪਾਉਣਗੇ ? ਕੀ ਇਸ ਤਰ੍ਹਾਂ ਦਾ ਕੋਈ ਪ੍ਰਬੰਧ ਕਰਨਗੇ ?

ਮੁੱਖ ਮੰਤਰੀ : ਇਹ ਠੀਕ ਤਜਵੀਜ਼ ਹੈ ਇਹ ਕਰਾਂਗੇ ।

Mr. Speaker : Next question.

ਨਿਸ਼ਾਨ ਵਾਲਾ ਸਵਾਲ ਨੰਬਰ : 583

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਪ੍ਰਸ਼ਨ ਪੁੱਛ ਨਹੀਂ ਕੀਤਾ ਗਿਆ)

Mr. Speaker : Next question.

ਆਵਾਜ਼ਾਂ : ਸਪੀਕਰ ਸਾਹਿਬ, ਇਹ ਬੜਾ ਇਮਪਾਰਟੈਂਟ ਸਵਾਲ ਹੈ, ਇਹ ਲੈ ਲਓ ਜੀ । (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਉਹ ਸਰਦਾਰ ਗੁਰਦੇਵ ਸਿੰਘ ਬਾਦਲ ਜੀ ਨੂੰ ਕਹਿ ਗਏ ਹਨ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਗੁਰਦੇਵ ਸਿੰਘ ਬਾਦਲ ਸਵਾਲ ਪੁੱਛ ਕਰਨ ਲਈ ਖੜ੍ਹੇ ਸਨ)

ਆਵਾਜ਼ਾਂ : ਇਹ ਸਾਰੇ ਹਾਊਸ ਦੀ ਮੰਗ ਹੈ ਜੀ । 583 ਦਾ ਜਵਾਬ ਦਿਵਾਓ ਜੀ ।

Mr. Speaker : Question No. 583 has been called.

LOSS CAUSED TO WHEAT CROP AND OTHER STANDING CROPS BY THE RECENT RAINS/HAILSTORMS IN THE STATE.

***583. Sardar Sukhjinder Singh** (Put by Sardar Gurdev Singh Badal) : Will the Minister for Revenue be pleased to state :—

(a) the extent of loss caused to the wheat crop and other standing crops in the State due to recent rains and hailstorms;

(b) whether the Government has taken any decision to give compensation to the affected farmers for the above mentioned loss, if so, the details thereof ?

Sardar Beant Singh : (a) Loss to the standing crops including wheat crop has been to the extent of 1,74,047 acres on account of heavy rains and 37,371 acres on account of hailstorms during the last week of December, 1980 and January, 1981.

(b) The relief to be given in accordance with the Government instructions, is being worked out which will be disbursed in terms of scales prescribed by the Government.

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਅੱਜ ਤਕ ਕਿੰਨੇ ਪੈਸੇ ਵੰਡ ਚੁੱਕੇ ਹਨ ਅਤੇ ਕਿੰਨੇ ਪੈਸੇ ਬਾਕੀ ਰਹਿੰਦੇ ਹਨ ? ਇਸ ਵੇਲੇ ਲੋਕਾਂ ਦੀ ਬਹੁਤ ਬੁਰੀ ਹਾਲਤ ਹੈ। ਇਸ ਤੋਂ ਪਹਿਲਾਂ ਜੋ ਸਰਕਾਰ ਸੀ ਉਸ ਨੇ ਨਾਲ ਦੀ ਨਾਲ ਗਿਰਦਾਵਰੀਆਂ ਕਰਵਾ ਕੇ ਪੈਸੇ ਵੰਡੇ ਸੀ, ਪਰ ਹਾਲੀਂ ਤੱਕ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਕੋਈ ਪੈਸਾ ਲੋਕਾਂ ਨੂੰ ਨਹੀਂ ਵੰਡਿਆ। ਲੋਕਾਂ ਨੂੰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਤੋਂ ਬੜੀਆਂ ਆਸਾਂ ਸਨ, ਪਰ ਜਿਨ੍ਹਾਂ ਲੋਕਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ ਉਨ੍ਹਾਂ ਨੂੰ ਕੋਈ ਪੈਸਾ ਨਹੀਂ ਮਿਲਿਆ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਥੇ ਕਿਥੇ ਪੈਸੇ ਦਿੱਤੇ ਗਏ ਹਨ ਅਤੇ ਕਿਥੇ ਕਿਥੇ ਰਹਿੰਦੇ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਨ੍ਹਾਂ ਦੀ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਸਰਕਾਰ ਨਾਲੋਂ ਦੁੱਗਣਾ ਕੰਮ ਕੀਤਾ ਹੈ। (ਥੰਪਿੰਗ) ਸਪੀਕਰ ਸਾਹਿਬ, 7 ਕਰੋੜ 15 ਲੱਖ ਰੁਪਿਆ ਅਸੀਂ ਦਿੱਤਾ ਹੈ ਜਿਥੇ ਫਲਡਜ਼ ਆਏ ਸਨ। ਹੁਣ ਗਿਰਦਾਵਰੀਆਂ ਹੋ ਰਹੀਆਂ ਹਨ। ਮੈਂ ਅੱਗੇ ਵੀ ਇਨ੍ਹਾਂ ਨੂੰ ਕਈ ਵਾਰੀ ਕਿਹਾ ਹੈ ਕਿ ਮੈਂ ਆਪ ਜਾ ਕੇ ਕਈ ਪਿੰਡਾਂ ਵਿਚ ਦੇਖਿਆ ਹੈ। ਮੈਂ ਮੌਕੇ ਤੇ ਜਾ ਕੇ ਦੇਖਿਆ ਹੈ ਕਿ ਕਈ ਪਿੰਡਾਂ ਵਿਚ ਦੁਬਾਰਾ ਕਣਕਾਂ ਉਠ ਰਹੀਆਂ ਹਨ। (ਥੰਪਿੰਗ) ਸਪੀਕਰ ਸਾਹਿਬ, ਅਸੀਂ ਗਿਰਦਾਵਰੀਆਂ ਕਰਵਾਂ ਰਹੇ ਹਾਂ। ਅਸੀਂ ਇਨ੍ਹਾਂ ਵਾਂਗ ਪੈਸਾ ਜ਼ਾਇਆ ਨਹੀਂ ਕਰ ਰਹੇ, ਅਸੀਂ ਰਿਲੀਫ਼ ਦੇਣ ਵਾਸਤੇ ਤਿਆਰ ਹਾਂ ਪਰ ਅੰਨੇ ਵਾਹ ਪੈਸਾ ਦੇਣ ਵਿਚ ਇਨ੍ਹਾਂ ਵਾਂਗ ਅਸੀਂ ਬਿਲੀਵ ਨਹੀਂ ਕਰਦੇ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਵਜ਼ੀਰ ਸਾਹਿਬ, ਨੇ ਕਿਹਾ ਹੈ ਕਿ ਅਸੀਂ ਅੰਨੇ ਵਾਹ ਪੈਸਾ ਦਿਤਾ ਹੈ। ਜੇ ਗ਼ਰੀਬਾਂ ਦੀ ਮਦਦ ਵਾਸਤੇ ਪੈਸਾ ਰਖਿਆ ਹੈ ਤਾਂ ਉਨ੍ਹਾਂ ਨੂੰ ਪੈਸਾ ਦੇਣਾ ਚਾਹੀਦਾ ਹੈ। ਅਸੀਂ ਕੋਈ ਨਾਨਕਿਆਂ ਤੋਂ ਲੈ ਕੇ ਨਹੀਂ ਜੀ ਦਿੱਤਾ ਅਤੇ ਨਾ ਇਨ੍ਹਾਂ ਦੇ ਨਾਨਕਿਆਂ ਦਾ ਖ਼ਜ਼ਾਨਾ ਹੈ। ਇਨ੍ਹਾਂ ਨੂੰ ਵੀ ਲੋਕਾਂ ਨੂੰ ਪੈਸਾ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਸਾਨ ਦੀ ਮਦਦ ਵਾਸਤੇ ਪੈਸੇ ਦੇਣੇ ਚਾਹੀਦੇ ਹਨ। ਮੇਰੇ ਹਲਕੇ ਵਿਚ ਤਿੰਨ ਚਾਰ ਪਿੰਡ ਹਨ ਜਿਹੜੇ ਬਿਲਕੁਲ ਤਬਾਹ ਹੋ ਗਏ ਹਨ ਪਰ ਵਜ਼ੀਰ ਸਾਹਿਬ ਜਵਾਬ ਦਿੰਦੇ ਹਨ ਕਿ ਜਿਥੇ ਗੜੇ ਮਾਰ ਹੋਈ ਸੀ ਉਥੇ ਕਣਕਾਂ ਉਭਰ ਰਹੀਆਂ ਹਨ। ਚੰਗਾ ਭਲਾ ਇਨ੍ਹਾਂ ਨੂੰ ਪਤਾ ਹੈ ਕਿ ਅੱਜ ਕੱਲ ਤਾਂ ਕਣਕਾਂ ਨਿਸਰ ਗਈਆਂ ਹਨ ਔਰ ਉਨ੍ਹਾਂ ਨੂੰ ਦਾਣਾ ਵੀ ਪੈਣਾ ਸ਼ੁਰੂ ਹੋ ਗਿਆ ਹੈ ਪਰ ਇਹ ਕਹਿੰਦੇ ਹਨ ਕਿ ਕਣਕਾ ਉਭਰ ਰਹੀਆਂ ਹਨ। ਜਿਨ੍ਹਾਂ ਦੀਆਂ ਕਣਕਾਂ ਮਾਰੀਆਂ ਗਈਆਂ ਹਨ, ਜਿਨ੍ਹਾਂ ਦੀਆਂ ਫਸਲਾਂ ਮਾਰੀਆਂ ਗਈਆਂ ਹਨ, ਉਨ੍ਹਾਂ ਦੇ ਵਾਸਤੇ ਮੇਰੀ ਬੇਨਤੀ ਹੈ ਕਿ ਵਜ਼ੀਰ ਸਾਹਿਬ ਕਿਰਪਾ ਕਰਕੇ

ਜਿਥੇ ਜਿਥੇ ਗਿਰਦਾਵਰੀਆਂ ਹੋ ਗਈਆਂ ਹਨ ਉਨ੍ਹਾਂ ਨੂੰ ਤੁਰੰਤ ਮੁਆਵਜ਼ਾ ਦੇਣ ਦੀ ਖੇਚਲ ਕਰਨ । ਕੀ ਵਜ਼ੀਰ ਸਾਹਿਬ ਇਸ ਗੱਲ ਵੱਲ ਧਿਆਨ ਦੇਣ ਦੀ ਖੇਚਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਇਹ ਕੋਈ ਨਾਨਕਿਆਂ ਦਾ ਪੈਸਾ ਨਹੀਂ ਲੇਕਿਨ ਜਦੋਂ ਸਰਕਾਰ ਬੈਠੀ ਹੋਵੇ ਤਾਂ ਨਾਨਕਿਆਂ ਦਾ ਪੈਸਾ ਹੀ ਸਮਝਣਾ ਚਾਹੀਦਾ ਹੈ । ਦੂਸਰੀ ਗੱਲ ਇਹ ਹੈ ਕਿ ਅਸੀਂ ਇਨ੍ਹਾਂ ਵਾਂਗ ਨਹੀਂ ਕਰਨਾ । ਇਨ੍ਹਾਂ ਦੀ ਤਾਂ ਇਹ ਗੱਲ ਸੀ....

'ਅੰਨ੍ਹਾ ਵੰਡੇ ਸ਼ੀਰਨੀ ਮੁੜ ਮੁੜ ਆਪਣਿਆਂ ਨੂੰ'

ਇਹ ਆਪਣਿਆਂ ਨੂੰ ਹੀ ਦੇਈ ਜਾਂਦੇ ਹਨ ਲੇਕਿਨ ਅਸੀਂ ਅਸੈਸ ਸਾਰਾ ਕਰਵਾਇਆ ਹੈ। (ਥੰਪਿੰਗ)

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਪਹਿਲਾਂ ਇਨ੍ਹਾਂ ਨੇ ਪਿਛਲੇ ਕਈ ਸਵਾਲਾਂ ਦੇ ਜਵਾਬ ਵਿਚ ਜਦੋਂ ਆਖਿਆ ਸੀ ਕਿ ਚਾਰੇ ਦਾ ਮੁਆਵਜ਼ਾ ਦਿਓ ਤਾਂ ਇਹ ਕਹਿੰਦੇ ਸੀ ਕਿ ਚਾਰਾ ਚੰਗੀ ਤਰ੍ਹਾਂ ਫੁਟ ਪਿਆ ਹੈ ਔਰ ਅਸੀਂ ਸਮਝਦੇ ਸੀ ਕਿ ਇਹ ਜਿਹੜਾ 1 ਕਰੋੜ 25 ਲੱਖ ਰੁਪਿਆ ਰਖਿਆ ਹੈ ਇਹ ਕਣਕਾਂ ਵਾਲਿਆਂ ਨੂੰ ਦੇ ਦੇਣਗੇ ਪਰ ਹੁਣ ਜਦੋਂ ਕਣਕ ਦਾ ਸਵਾਲ ਆਇਆ ਤਾਂ ਇਹ ਕਹਿੰਦੇ ਹਨ ਕਿ ਕਣਕ ਵੀ ਫੁਟ ਗਈ ਹੈ, ਉਠ ਗਈ ਹੈ । ਸਪੀਕਰ ਸਾਹਿਬ, ਲੋਕਾਂ ਨੇ ਤਿੰਨ ਤਿੰਨ ਵਾਰੀ ਕਣਕਾਂ ਬੀਜੀਆਂ ਅਤੇ ਤਿੰਨ ਤਿੰਨ ਵਾਰੀ ਹੀ ਤਬਾਹ ਹੋਈਆਂ । ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੱਕੇ ਤੌਰ ਤੇ ਦੱਸਣ ਕਿ ਜੋ 1 ਕਰੋੜ 25 ਲੱਖ ਰੁਪਿਆ ਰਖਿਆ ਹੈ । ਉਸ ਦੇ ਵਿਚੋਂ ਕੁੱਝ ਦੇਣਾ ਵੀ ਹੈ ਜਾਂ ਐਵੇਂ ਟਾਲ ਦੇਣਾ ਹੈ ?

ਮੰਤਰੀ : ਸਪੀਕਰ ਸਾਹਿਬ ਟਾਲਣ ਵਾਲੀ ਗੱਲ ਨਹੀਂ ਹੈ, ਜਿਥੇ ਜੈਨੂਅਨ ਨੁਕਸਾਨ ਹੋਇਆ ਹੈ ਉਥੇ ਰਿਲੀਫ਼ ਦੇਵਾਂਗੇ । ਮੈਂ ਬਰਸੀਮ ਦੀ ਗੱਲ ਕੀਤੀ ਸੀ ਕਿ ਫੁਟ ਆਉਣੀ ਹੈ ਉਹ ਫੁਟ ਆਈ ਹੈ । ਜੋ ਨੁਕਸਾਨ ਹੋਇਆ ਹੈ, ਉਸ ਦੇ ਲਈ ਗੌਰਮਿੰਟ ਅਲਾਈਵ ਹੈ, ਔਰ ਮੁਆਵਜ਼ਾ ਦਿੱਤਾ ਜਾਵੇਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਨ੍ਹਾਂ ਨੇ ਪਿਛਲੇ ਸੁਆਲ ਦੇ ਜਵਾਬ ਵਿਚ ਦਸਿਆ ਹੈ ਕਿ ਕਣਕ ਅਤੇ ਚਰ੍ਹੀ ਫੁਟ ਪਈਆਂ ਹਨ । ਕੀ ਵਜ਼ੀਰ ਸਾਹਿਬ ਇਹ ਐਸ਼ਿਓਰ ਕਰਾਉਣਗੇ ਕਿ ਕੁਦਰਤੀ ਆਫ਼ਤ ਕਰਕੇ ਜੋ ਨੁਕਸਾਨ ਹੋਇਆ ਹੈ, ਉਸ ਦਾ ਮੁਆਵਜ਼ਾ ਇਕ ਮਹੀਨੇ ਦੇ ਅੰਦਰ ਅੰਦਰ ਦਿੱਤਾ ਜਾਏਗਾ ।

ਦੂਸਰਾ ਤੇਲ ਔਰ ਖਾਦ ਦੀਆਂ ਕੀਮਤਾਂ ਬਹੁਤ ਜ਼ਿਆਦਾ ਵੱਧ ਗਈਆਂ ਹਨ, ਉਸ ਨੂੰ ਮੱਦੇਨਜ਼ਰ ਰੱਖਦੇ ਹੋਏ ਮੁਆਵਜ਼ੇ ਦੀ ਦਰ ਵਧਾਈ ਜਾਏਗੀ ?

ਮੰਤਰੀ : ਇਕ ਮਹੀਨੇ ਵਿਚ ਰਿਲੀਫ਼ ਦੇਣਾ ਬਹੁਤ ਔਖਾ ਹੈ । ਜਦੋਂ ਨੁਕਸਾਨ ਹੁੰਦਾ ਹੈ ਤਾਂ ਉਸ ਦੇ 15 ਦਿਨਾਂ ਬਾਅਦ ਤਾਂ ਗਿਰਦਾਵਰੀ ਹੋਣੀ ਸ਼ੁਰੂ ਹੁੰਦੀ ਹੈ, ਇਹ ਗੌਰਮਿੰਟ ਦੀਆਂ ਇੰਨਸਟਰੱਕਸ਼ਨਜ਼ ਹਨ । ਦੂਸਰੀ ਗੱਲ ਇਹ ਹੈ ਕਿ ਭੂੰਦੜ ਸਾਹਿਬ ਆਪ ਮਨਿਸਟਰ ਰਹੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਸਕੇਲ ਫਿਕਸ ਹੁੰਦੇ ਹਨ । ਅਸੀਂ ਤਾਂ ਮਾੜਾ ਮੋਟਾ ਰਿਲੀਫ਼ ਦਿੰਦੇ ਹਾਂ ਪਰ ਕੰਪਨਸੇਟ ਤਾਂ ਪ੍ਰਮਾਤਮਾ ਹੀ ਕਰ ਸਕਦਾ ਹੈ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦਾ ਸਾਉਣੀ ਦਾ ਨੁਕਸਾਨ ਹੋਇਆ ਸੀ, ਉਨ੍ਹਾਂ ਨੂੰ ਹਾਲੇ ਤਕ ਮੁਆਵਜ਼ਾ ਨਹੀਂ ਮਿਲਿਆ ਅਤੇ ਹਾੜ੍ਹੀ ਵਾਲਿਆਂ ਦੀ ਤਾਂ ਗੱਲ ਛੱਡੋ। ਉਹ ਵਿਚਾਰੇ ਸਾਨੂੰ ਸਿਘਾ ਤੇ ਚੁੱਕੀ ਫਿਰਦੇ ਹਨ। ਇਹ ਦੱਸਣ ਕਿ ਉਨ੍ਹਾਂ ਨੂੰ ਮੁਆਵਜ਼ਾ ਕਦੋਂ ਤੱਕ ਦੇ ਦੇਣਗੇ ?

ਮੰਤਰੀ : ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ 7 ਕਰੋੜ ਰੁਪਏ ਤੋਂ ਉਤੇ ਵੰਡ ਚੁੱਕੇ ਹਾਂ। ਜੇਕਰ ਕੋਈ ਬੰਦਾ ਉਨ੍ਹਾਂ ਦੇ ਪਿੰਡ ਦਾ ਰਹਿ ਗਿਆ ਹੈ ਜਾਂ ਕੋਈ ਅਣਗਹਿਲੀ ਹੋਈ ਹੈ, ਇਥੇ ਪੁੱਛਣ ਦਾ ਮੌਕਾ ਨਹੀਂ ਤਾਂ ਇਹ ਮੇਰੇ ਕਮਰੇ ਵਿਚ ਆ ਕੇ ਮੈਨੂੰ ਦੱਸ ਦੇਣ। ਸਪੀਕਰ ਸਾਹਿਬ, ਪਿਛਲੀ ਵਾਰੀ ਇਨ੍ਹਾਂ ਨੇ ਭੁਲਰ ਪਿੰਡ ਦਾ ਕਿਹਾ ਸੀ, ਮੈਂ ਉਥੇ ਖੁਦ ਗਿਆ ਸੀ ਅਤੇ ਰਿਲੀਫ਼ ਦਿੱਤਾ ਗਿਆ ਸੀ। ਹੁਣ ਵੀ ਇਹ ਆ ਕੇ ਦੱਸ ਦੇਣ ਜੇ ਕੋਈ ਕਿਤੇ ਅਣਗਹਿਲੀ ਹੋਈ ਹੈ ਤਾਂ ਮੈਂ ਵੇਖ ਲਵਾਂਗਾ।

PRESIDENTSHIP OF PUNJAB MAZDOOR DAL

*59. **Shri Sewa Ram** : Will the Minister for Welfare be pleased to state—

(a) whether any gazetted officer of district Patiala has assumed the Presidentship of Punjab Mazdoor Dal, a labour wing of a Political Organisation;

(b) whether he has got the permission or is otherwise entitled to head a political organisation; if not, the action taken by the Government against the person mentioned in part (a) above ?

ਸਰਦਾਰ ਹਰਚਰਨ ਸਿੰਘ ਅਜਨਾਲਾ (ਸਿਖਿਆ ਮੰਤਰੀ):—(ੳ) ਹਾਂ ਜੀ। ਕਰਮਚਾਰੀ ਹੁਣ ਨਾਨ-ਗਜ਼ਟਿਡ ਅਸਾਮੀ ਤੇ ਲੱਗਾ ਹੋਇਆ ਹੈ ਉਹ ਪੰਜਾਬ ਮਜ਼ਦੂਰ ਦਲ ਦਾ ਪ੍ਰਧਾਨ ਹੈ।

(ਅ) ਨਹੀਂ ਜੀ। ਕਰਮਚਾਰੀ ਨੇ ਨਾ ਤਾਂ ਕਦੇ ਇਸ ਸੰਸਥਾ ਦਾ ਇਹ ਅਹੁਦਾ ਸੰਭਾਲਣ ਬਾਰੇ ਆਗਿਆ ਮੰਗੀ ਹੈ ਤੇ ਨਾ ਹੀ ਇਹ ਅਹੁਦਾ ਸਵੀਕਾਰ ਕਰਨ ਬਾਰੇ ਸਰਕਾਰ ਨੂੰ ਕਦੇ ਸੂਚਿਤ ਕੀਤਾ ਹੈ। ਉਸ ਦਾ ਇਹ ਅਹੁਦਾ ਸੰਭਾਲਣਾ ਨਿਯਮਾਂ ਮੁਤਾਬਿਕ ਹੈ ਕਿ ਨਹੀਂ, ਇਸ ਬਾਰੇ ਘੋਖ ਕੀਤੀ ਜਾ ਰਹੀ ਹੈ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬੜਾ ਮੋਮਲ ਜਿਹਾ ਜਵਾਬ ਪੜ੍ਹ ਦਿੱਤਾ ਹੈ ਸੀ. ਐਸ. ਆਰ. ਵਿਚ ਪ੍ਰੋਵਾਈਡਿਡ ਹੈ ਕਿ ਕੋਈ ਮੁਲਾਜ਼ਮ ਜਾਂ ਅਫਸਰ ਕਿਸੇ ਪੁਲੀਟੀਕਲ ਪਾਰਟੀ ਵਿਚ ਹਿੱਸਾ ਨਹੀਂ ਲੈ ਸਕਦਾ। ਇਸ ਕੇਸ ਵਿਚ ਮੁਲਾਜ਼ਮ ਅਹੁਦੇਦਾਰ ਬਣ ਗਿਆ ਹੈ ਅਤੇ ਇਕ ਸਾਲ ਤਕ ਤਾਂ ਉਹ ਲੇਬਰ ਮਹਿਕਮੇ ਦੀਆਂ ਕਮੇਟੀਆਂ ਦਾ ਮੈਂਬਰ ਰਿਹਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਦੇ ਖਿਲਾਫ ਕੀ ਕਾਰਵਾਈ ਕੀਤੀ ਜਾਏਗੀ ?

ਮੰਤਰੀ : ਸਪੀਕਰ ਸਾਹਿਬ, ਇਹ ਬੜੇ ਸਤਿਕਾਰਯੋਗ ਮੈਂਬਰ ਹਨ, ਇਨ੍ਹਾਂ ਨੇ ਮੇਰੇ ਜਵਾਬ ਨੂੰ ਮੋਮਲ ਕਿਹਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਇਹ ਲਫ਼ਜ਼ ਨਹੀਂ ਸੀ ਵਰਤਣਾ ਚਾਹੀਦਾ ਉਸ ਬੰਦੇ ਨੇ ਅਹੁਦਾ ਐਕਸੈਪਟ ਕੀਤਾ ਹੈ, ਸਾਡੇ ਕੋਲੋਂ ਪੁਛਿਆ ਨਹੀਂ, ਇਸ ਗੱਲ ਦੀ ਘੋਖ ਕੀਤੀ ਜਾ ਰਹੀ ਹੈ।

ਇਹ ਸੁਆਲ ਪਹਿਲੋਂ ਸੋਸ਼ਲ ਵੈਲਫੇਅਰ ਮਨਿਸਟਰ ਸਾਹਿਬ ਮੁਤਅੱਲਕ ਕੀਤਾ ਗਿਆ, ਪਰ ਉਹ ਸਾਡਾ ਐਮਪਲਾਈ ਨਿਕਲਿਆ ਔਰ ਸੁਆਲ ਸਾਨੂੰ ਟਰਾਂਸਫਰ ਹੋਇਆ। ਇਸ ਦੀ ਪੜਤਾਲ ਕੀਤੀ ਗਈ ਹੈ। ਉਸ ਦੀ ਐਕਸਪਲੇਨੇਸ਼ਨ ਕਾਲ ਕੀਤੀ ਗਈ। ਜਿਹੜਾ ਗੌਰਮਿੰਟ ਐਂਪਲਾਈ ਹੈ, ਤੁਸੀਂ ਜਾਣਦੇ ਹੋ, ਸਪੀਕਰ ਸਾਹਿਬ, ਕਾਨੂੰਨ ਦੇ ਮੁਤਾਬਕ ਕਾਰਵਾਈ ਕਰਨੀ ਹੁੰਦੀ ਹੈ। ਉਸ ਦੀ ਐਕਸਪਲੇਨੇਸ਼ਨ ਦਾ ਜਵਾਬ ਆ ਗਿਆ ਹੈ ਅਤੇ ਉਸ ਤੇ ਵਿਚਾਰ ਕੀਤਾ ਜਾ ਰਿਹਾ ਹੈ ਔਰ ਸੀ. ਐਸ. ਆਰ ਅਧੀਨ ਜੋ ਕੁਝ ਹੋ ਸਕਿਆ, ਕੀਤਾ ਜਾਇਗਾ। ਮੇਰਾ ਜਵਾਬ ਮੁਕੰਮਲ ਨਹੀਂ ਸੀ।

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਪੰਜਾਬ ਗੌਰਮਿੰਟ ਦੀਆ ਲੇਬਰ ਮਹਿਕਮੇ ਦੀਆਂ ਕਮੇਟੀਆਂ ਬਣੀਆਂ ਹਨ, ਲੇਬਰ ਦੇ ਮੁਤਅੱਲਕ, ਉਸ ਦੇ ਵਿਚ ਉਸ ਨੇ ਨੁਮਾਇੰਦਗੀ ਕੀਤੀ ਹੈ ਜਿਹੜੇ ਸਰਕਾਰੀ ਮੁਲਾਜ਼ਮ ਹਨ, ਉਹ ਸਰਕਾਰੀ ਕਰਮਚਾਰੀ ਆਰਗੇਨਾਈਜ਼ੇਸ਼ਨ ਦੀ ਨੁਮਾਇੰਦਗੀ ਤਾਂ ਕਰ ਸਕਦੇ ਹਨ ਪਰ ਕਿਸੇ ਗ਼ੈਰ ਸਰਕਾਰੀ ਵਰਕਰਾਂ ਦੀ ਜੱਥੇਬੰਦੀ, ਜੋ ਪੁਲੀਟੀਕਲ ਪਾਰਟੀ ਨਾਲ ਸਬੰਧ ਰਖਦੀ ਹੈ, ਉਸ ਦੀ ਨੁਮਾਇੰਦਗੀ ਨਹੀਂ ਕਰ ਸਕਦੇ। ਜਦੋਂ ਇਨ੍ਹਾਂ ਦੇ ਨੋਟਿਸ ਵਿਚ ਆ ਗਿਆ ਤਾਂ ਕੀ ਇਹ ਉਸ ਨੂੰ ਸਸਪੈਂਡ ਕਰਨਗੇ ਔਰ ਫਿਰ ਇਨਕੁਆਇਰੀ ਚਲਦੀ ਰਹੇਗੀ ?

ਮੰਤਰੀ : ਮੈਂ ਤਾ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ ਕਿ ਉਸ ਦੀ ਐਕਸਪਲੇਨੇਸ਼ਨ ਦਾ ਜਵਾਬ ਆ ਚੁੱਕਾ ਹੈ। ਇਸ ਦੇ ਲਈ ਬਾਕਾਇਦਾ ਰੂਲਜ਼ ਐਂਡ ਰੈਗੂਲੇਸ਼ਨਜ਼ ਹਨ ਅਤੇ ਉਨ੍ਹਾਂ ਨੂੰ ਸਾਨੂੰ ਫਾਲੋ ਕਰਨਾ ਹੁੰਦਾ ਹੈ। ਉਸ ਦੀ ਐਕਸਪਲੇਨੇਸ਼ਨ ਦਾ ਜਵਾਬ ਲੀਗਲ ਅਤੇ ਹੋਰ ਪੱਖਾਂ ਤੋਂ ਐਗਜ਼ਾਮਿਨ ਕੀਤਾ ਜਾ ਰਿਹਾ ਹੈ, ਜੋ ਵੀ ਰੂਲਜ਼ ਇਜਾਜ਼ਤ ਦੇਣਗੇ ਉਹ ਕੀਤਾ ਜਾਏਗਾ ਔਰ suspension is also one of them.

ਸ਼੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਉਸ ਨੂੰ ਇਮੀਜੀਏਟਲੀ ਸਸਪੈਂਡ ਕੀਤਾ ਜਾਏ। (ਵਿਘਨ) ਇਸ ਤਰ੍ਹਾਂ ਤਾਂ ਸਾਰੇ ਅਫਸਰ ਪਾਰਟੀਆਂ ਦੇ ਨੁਮਾਇੰਦੇ ਬਣ ਜਾਣਗੇ

ਸ਼੍ਰੀ ਸਪੀਕਰ : ਇਸ ਤੋਂ ਵੱਧ ਹਾਊਸ ਨੂੰ ਐਸ਼ਿਓਰੈਂਸ ਨਹੀਂ ਦੇ ਸਕਦੇ। (ਵਿਘਨ)।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਮਜ਼ਦੂਰ ਦਲ ਦੀ ਜਾਂ ਹੋਰ ਟਰੇਡ ਯੂਨੀਅਨਜ਼ ਦੀਆਂ ਆਰਗੇਨਾਈ-ਜ਼ੇਸ਼ਨਜ਼ ਹਨ, ਇਹ ਪੁਲੀਟੀਕਲ ਪਾਰਟੀਆਂ ਦੀਆਂ ਨਹੀਂ ਹੁੰਦੀਆਂ ਅਤੇ ਇਨ੍ਹਾਂ ਵਿਚ ਕੰਮ ਕਰਨ ਵਾਲੇ ਬੰਦੇ ਹੁੰਦੇ ਹਨ। ਕੀ ਕੋਈ ਇਸ ਕਿਸਮ ਦੀ ਅਮੈਂਡਮੈਂਟ ਕੀਤੀ ਜਾਏਗੀ ਕਿ ਐਮਪਲਾਈਜ਼ ਵੀ ਉਸ ਵਿਚ ਸ਼ਰੀਕ ਹੋ ਸਕਣ ? ਇਸ ਨਾਲ ਡੈਮੋਕਰੈਸੀ ਹੋਰ ਫਲੇ ਫਲੇਗੀ।

ਮੰਤਰੀ : ਸਪੀਕਰ ਸਾਹਿਬ, ਇਹ ਸੁਆਲ ਇਸ ਵਿਚੋਂ ਕਿਸ ਤਰ੍ਹਾਂ ਪੈਦਾ ਹੁੰਦਾ ਹੈ, ਤੁਸੀਂ ਆਪ ਦੱਸੋ। ਮਜ਼ਦੂਰ ਦਲ ਦਾ ਜਿਹੜਾ ਕਾਂਸਟੀਚਿਊਸ਼ਨ ਹੈ, ਜੋ ਵੀ ਰੂਲਜ਼ ਹਨ ਜਾਂ ਨਿਯਮ ਹਨ, ਉਹ ਵੀ ਇਸ ਸਿਲਸਿਲੇ ਵਿਚ ਐਗਜ਼ਾਮਿਨ ਕੀਤੇ ਜਾ ਰਹੇ ਹਨ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 439

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੁਟ ਨਹੀਂ ਕੀਤਾ ਗਿਆ।)

X-RAY PLANTS IN THE HOSPITALS IN THE STATE

*669. **Shri Piara Ram Dhanowalia** : Will the Minister for Health and Family Welfare be pleased to state —

(a) the total number of X-Ray plants in Government hospitals in the state together with the number of those which are in working condition;

(b) the number of new X-Ray plants sanctioned during the last five years and whether all these new plants have been installed ?

Shri Sardari Lal Kapur: (a) Total X-Ray plants .. 147

In working condition .. 113

(b) Sanctioned .. 128

Installed .. 33

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਕੋਲੋਂ ਪੁੱਛਿਆ ਸੀ ਕਿ ਪਿਛਲੇ ਪੰਜ ਸਾਲਾਂ ਵਿੱਚ ਕਿਤਨੇ ਐਕਸ-ਰੇ ਪਲਾਂਟ ਸੈਂਕਸ਼ਨ ਹੋਏ ਸਨ ਅਤੇ ਉਨ੍ਹਾਂ ਵਿਚੋਂ ਕਿਤਨੇ ਲੱਗੇ ਹਨ। ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ 128 ਮਨਜ਼ੂਰ ਹੋਏ ਸਨ ਅਤੇ ਕੇਵਲ 33 ਹੀ ਲਗਾਏ ਗਏ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਦੇ ਸੈਂਕਸ਼ਨ ਹੋਏ ਐਕਸ-ਰੇ ਪਲਾਂਟ ਕਿਉਂ ਨਹੀਂ ਲਗਾਏ ਗਏ। ਕਿਸ ਜਗ੍ਹਾ ਤੇ ਕੰਮ ਅੜਿਆ ਹੋਇਆ ਹੈ। ਲੋਕਾਂ ਨੂੰ ਬਾਹਰੋਂ ਐਕਸ-ਰੇ ਕਰਾਉਣੇ ਪੈਂਦੇ ਹਨ ਅਤੇ ਪ੍ਰਾਈਵੇਟ ਐਕਸ-ਰੇ ਵਾਲੇ ਉਨ੍ਹਾਂ ਨੂੰ ਲੁੱਟਦੇ ਹਨ। ਇਹ ਨਾ ਲਗਾਉਣ ਦੇ ਕੀ ਕਾਰਣ ਹਨ?

ਮੰਤਰੀ : ਸਪੀਕਰ ਸਾਹਿਬ, ਸਭ ਨਾਲੋਂ ਵੱਡਾ ਕਾਰਣ ਪੈਸਾ ਹੈ। ਬਾਕੀ ਜਿਥੇ ਜਿਥੇ ਇਹ ਲਗਾਉਣ ਦੇ ਵਾਅਦੇ ਕੀਤੇ ਹਨ, ਉਹ ਜ਼ਰੂਰ ਲਗਾਵਾਂਗੇ। ਜਿਥੇ ਜਿਥੇ ਇਹ ਬਹੁਤ ਜ਼ਰੂਰੀ ਹਨ, ਉਥੇ ਲਗਾਏ ਜਾ ਰਹੇ ਹਨ। ਕੁਛ ਤਾਂ 31 ਮਾਰਚ ਤੋਂ ਪਹਿਲਾਂ ਲੱਗ ਜਾਣੇ ਹਨ ਅਤੇ ਬਾਕੀ ਅਗਲੇ ਵਿੱਤੀ ਸਾਲ ਵਿੱਚ ਲੱਗ ਜਾਣਗੇ।

ਸਰਦਾਰ ਅਵਤਾਰ ਸਿੰਘ ਗਤਵਾਲੀ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਪਲੀਮੈਂਟਰੀ ਸਵਾਲ ਦਾ ਜਵਾਬ ਦਿੰਦੇ ਹੋਏ ਦੱਸਿਆ ਹੈ ਕਿ 128 ਐਕਸ-ਰੇ ਪਲਾਂਟ ਮਨਜ਼ੂਰ ਹੋਏ ਸਨ ਅਤੇ ਉਨ੍ਹਾਂ ਵਿੱਚੋਂ ਕੇਵਲ 33 ਹੀ ਲਗਾਏ ਗਏ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਜਿਹੜੀਆਂ ਨਵੀਆਂ ਸਬ-ਡਵੀਜ਼ਨਾਂ ਬਣਾਈਆਂ ਗਈਆਂ ਹਨ, ਜਿਵੇਂ ਤਲਵੰਡੀ ਸਾਬੋ ਹੈ, ਉਥੇ ਨਾ ਪ੍ਰਾਈਵੇਟ ਤੌਰ ਤੇ ਅਤੇ ਨਾ ਹੀ ਸਰਕਾਰੀ ਤੌਰ ਤੇ ਐਕਸ-ਰੇ ਦਾ ਪ੍ਰਬੰਧ ਹੈ। ਕੀ ਵਜ਼ੀਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਉਥੇ ਐਕਸ-ਰੇ ਪਲਾਂਟ ਲਗਵਾਉਣ ਵਿੱਚ ਪਹਿਲ ਦਿੱਤੀ ਜਾਵੇ ?

ਮੰਤਰੀ : ਜੇ ਲਿਸਟ ਵਿੱਚ ਇਸ ਦਾ ਨਾਂ ਹੋਇਆ ਤਾਂ ਲਾਜ਼ਮੀ ਤੌਰ ਤੇ ਉਥੇ ਇਹ ਪ੍ਰੋਵਾਈਡ ਕੀਤਾ ਜਾਵੇਗਾ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਕੁੱਲ 147 ਐਕਸ-ਰੇ ਪਲਾਂਟ ਹਨ ਅਤੇ ਉਨ੍ਹਾਂ ਵਿਚੋਂ ਕੇਵਲ 113 ਵਰਕਿੰਗ ਕੰਡੀਸ਼ਨ ਵਿੱਚ ਹਨ । ਮੈਂ ਵਜ਼ੀਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਦੇ 34 ਐਕਸ-ਰੇ ਪਲਾਂਟਾਂ ਦੀ ਮੁਰੰਮਤ ਕਰਵਾਕੇ ਥੋੜਾ ਪੈਸਾ ਖ਼ਰਚ ਕਰਕੇ ਕੀ ਉਨ੍ਹਾਂ ਨੂੰ ਇਹ ਜਲਦੀ ਚਾਲੂ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਗੱਲ ਇਨ੍ਹਾਂ ਦੀ ਬਿਲਕੁਲ ਠੀਕ ਹੈ । ਇਹ ਜ਼ਰੂਰੀ ਗੱਲ ਹੈ। ਲਾਜ਼ਮੀ ਤੌਰ ਤੇ ਜਿੱਥੇ ਜਿੱਥੇ ਇਹ ਦਰਕਾਰ ਹਨ, ਉਥੇ ਉਥੇ ਠੀਕ ਕਰਵਾ ਕੇ ਲਗਾਵਾਂਗੇ ।

DAMAGE CAUSED DUE TO NATURAL CALAMITIES AND DISEASE TO THE PADDY CROP

*584. **Master Chand Singh** (Put by Comrade Sarwan Singh Cheema) : Will the Minister for Revenue be pleased to state :—

(a) whether the Government is aware of the fact that during the last season a great damage was caused particularly in district Gurdaspur and Amritsar and generally in the whole State due to natural calamities and disease to the paddy crop ;

(b) if the reply to part (a) above be in the affirmative, steps, if any, taken by the Government to pay suitable compensation for the damaged crop to the affected farmers ?

ਸਰਦਾਰ ਬੇਅੰਤ ਸਿੰਘ : (ੳ) ਜੀ ਹਾਂ;

(ਅ) ਜਿਨ੍ਹਾਂ ਕਿਸਾਨਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਸਰਕਾਰ ਦੁਆਰਾ ਮਨਜ਼ੂਰ ਕੀਤੇ ਸਕੇਲਾਂ ਦੇ ਮੁਤਾਬਿਕ ਅਨਾਇਤ ਸਹਾਇਤਾ ਦੇਣ ਲਈ ਡਿਪਟੀ ਕਮਿਸ਼ਨਰਾਂ ਨੂੰ ਫੰਡ ਅਲਾਟ ਕਰ ਦਿੱਤੇ ਗਏ ਹਨ ।

ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਬਲਾਈਟ ਦੀ ਬਿਮਾਰੀ ਦੇ ਕਾਰਨ 75% ਤੋਂ ਜ਼ਿਆਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦਾ ਭੋਂ ਮਾਲੀਆ ਤੇ ਪਾਣੀ ਦਾ ਖਰਚਾ ਮਾਫ ਕਰ ਦਿੱਤਾ ਜਾਵੇ ਅਤੇ ਤਕਾਵੀ ਕਰਜ਼ਿਆਂ ਦੀ ਰਿਕਵਰੀ ਅੱਗੇ ਪਾ ਦਿੱਤੀ ਜਾਵੇ ।

ਕਾਮਰੇਡ ਸਰਵਨ ਸਿੰਘ ਚੀਮਾਂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਫੰਡ ਇਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਅਲਾਟ ਕੀਤੇ ਹਨ, ਉਹ ਕਦੋਂ ਤੱਕ ਕਿਸਾਨਾਂ ਨੂੰ ਦੇ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਬੜਾ ਐਮਬਿਗੂਅਸ ਜਿਹਾ ਸਵਾਲ ਹੈ । ਮਾਸਟਰ ਚੰਦ ਸਿੰਘ ਜੀ ਆਪ ਤਾਂ ਇੱਥੇ ਹਨ ਨਹੀਂ । ਚੀਮਾ ਸਾਹਿਬ ਇਸ ਸਵਾਲ ਨੂੰ ਸਮਝ ਨਹੀਂ ਸਕੇ । ਦੋ ਗੱਲਾਂ ਇਸ ਸਵਾਲ ਵਿਚ ਪੁੱਛੀਆਂ ਗਈਆਂ ਸਨ । ਇਕ ਤਾਂ ਕੁਦਰਤੀ ਆਫਤਾਂ ਲਈ ਮੁਆਵਜ਼ਾ ਦੇਣ ਦਾ ਸਵਾਲ ਸੀ । ਇਸ ਸਬੰਧ ਵਿੱਚ ਮੈਂ ਦੱਸਿਆ ਹੈ ਕਿ ਜਿਹੜਾ ਬਲਾਈਟ ਦੀ ਬਿਮਾਰੀ ਕਾਰਣ ਛੋਲੇ ਦਾ ਨੁਕਸਾਨ ਹੋਇਆ ਹੈ, ਇਹ ਕੁਦਰਤੀ ਆਫਤ ਵਿਚ ਨਹੀਂ ਆਉਂਦਾ । ਬਿਮਾਰੀਆਂ ਤਾਂ ਆਦਮੀਆਂ ਨੂੰ ਵੀ ਲੱਗ ਜਾਂਦੀਆਂ ਹਨ ਅਤੇ ਫਸਲਾਂ ਨੂੰ ਵੀ ਲੱਗ ਜਾਂਦੀਆਂ ਹਨ । ਜਿਨ੍ਹਾਂ ਦਾ 75% ਤੋਂ ਜ਼ਿਆਦਾ ਨੁਕਸਾਨ ਇਸ ਬਿਮਾਰੀ ਕਾਰਣ ਹੋਇਆ ਹੈ, ਖਾਸ ਕਰਕੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿੱਚ, ਉਥੇ ਤਕਾਵੀਆਂ ਦੇ ਕਰਜ਼ਿਆਂ ਦੀ ਰਿਕਵਰੀ ਪੋਸਟਪੋਨ ਕੀਤੀ ਹੈ ਅਤੇ ਥੋੜ੍ਹੇ ਬਹੁਤੇ ਖ਼ਰਚੇ ਵੀ ਉਨ੍ਹਾਂ ਦੇ ਮੁਆਫ ਕੀਤੇ ਹਨ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਗਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲਿਆਂ ਵਿੱਚ ਜਿਨ੍ਹਾਂ ਦਾ ਬਲਾਈਟ ਦੀ ਬਿਮਾਰੀ ਨਾਲ ਛੋਲਾ ਖ਼ਰਾਬ ਹੋਇਆ ਹੈ, ਉਨ੍ਹਾਂ ਦੇ ਤਕਾਵੀ ਕਰਜ਼ਿਆਂ ਦੀ ਰਿਕਵਰੀ ਅੱਗੇ ਪਾ ਦਿੱਤੀ ਹੈ । ਸਪੀਕਰ ਸਾਹਿਬ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ ਛੋਲਾ ਇਸ ਬਿਮਾਰੀ ਕਾਰਣ ਪਹਿਲਾਂ ਪੱਕ ਗਿਆ ਸੀ ਅਤੇ ਉਨ੍ਹਾਂ ਨੇ ਮੰਡੀਆਂ ਵਿੱਚ 70, 80 ਰੁਪਏ ਕੁਇੰਟਲ ਦੇ ਹਿਸਾਬ ਨਾਲ ਵੇਚ ਦਿੱਤਾ ਸੀ । ਇਥੇ ਚੀਫ਼ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ ਕਿ ਕਿਸਾਨ ਪਰਚੀਆਂ ਸਾਂਭ ਕੇ ਰੱਖਣ, ਜਿਨ੍ਹਾਂ ਨੂੰ ਘੱਟ ਮੁੱਲ ਮਿਲਿਆ ਹੈ, ਉਨ੍ਹਾਂ ਨੂੰ ਪੈਸੇ ਦਿੱਤੇ ਜਾਣਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਐਸਾ ਪ੍ਰੋਗਰਾਮ ਬਣਾਵਗੀ ਕਿ ਜਿਨ੍ਹਾਂ ਨੂੰ ਮੰਡੀਆਂ ਵਿਚ ਛੋਲੇ ਦਾ ਘੱਟ ਮੁੱਲ ਮਿਲਿਆ ਹੈ, ਉਨ੍ਹਾਂ ਨੂੰ ਥੋੜ੍ਹਾ ਬਹੁਤ ਮੁਆਵਜ਼ਾ ਦਿਵਾਉਣਗੇ ?

ਮਾਲ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਸਪਲੀਮੈਂਟਰੀ ਦਾ ਕੋਈ ਸਬੰਧ ਨਹੀਂ ਹੈ । ਉਥੇ ਛੋਲੇ ਦੀ ਕੁਆਲਿਟੀ ਖ਼ਰਾਬ ਹੋ ਗਈ ਸੀ, ਜਿਸ ਕਾਰਣ ਉਨ੍ਹਾਂ ਨੂੰ ਘੱਟ ਭਾਅ ਮਿਲਿਆ ਹੈ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਖਾਸ ਤੌਰ ਤੇ ਤਹਿਸੀਲ ਬਾਬਾ ਬਕਾਲੇ ਵਿੱਚ ਸਾਉਣੀ ਦੀ ਫਸਲ ਵਿੱਚ ਛੋਲਾ ਮਰ ਗਿਆ ਹੈ । ਪਰ ਉਥੇ ਕਿਸੇ ਪਿੰਡ ਦੀ ਗਿਰਦਾਵਰੀ ਨਹੀਂ ਹੋਈ । ਵਜ਼ੀਰ ਸਾਹਿਬ ਨੇ ਇਥੇ ਸਟੇਟਮੈਂਟ ਦਿੱਤੀ ਹੈ ਕਿ ਮੁਆਵਜ਼ਾ ਦਿੱਤਾ ਹੈ । ਇਹ ਸਾਬਤ ਕਰ ਦੇਣ ਜੇ ਤਹਿਸੀਲ ਬਾਬਾ ਬਕਾਲਾ ਵਿੱਚ ਇਕ ਪੈਸਾ ਵੀ ਕਿਸੇ ਨੂੰ ਇਨ੍ਹਾਂ ਨੇ ਮੁਆਵਜ਼ੇ ਦੇ ਤੌਰ ਤੇ ਦਿੱਤਾ ਹੋਵੇ । ਜੇ ਦਿੱਤਾ ਹੋਵੇ ਤਾਂ ਮੈਂ ਜ਼ਿੰਮੇਂਵਾਰ ਹਾਂ ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਬਲਾਈਟ ਦੀ ਬਿਮਾਰੀ ਕਾਰਣ ਜਿਨ੍ਹਾਂ ਦੀ ਫਸਲ ਖ਼ਰਾਬ ਹੋਈ ਹੈ, ਉਸ ਲਈ ਪੈਸੇ ਨਹੀਂ ਦਿੱਤੇ । ਅਸੀਂ ਤਕਾਵੀ

ਲੋਨਾਂ ਦੀ ਰਿਕਵਰੀ ਉਨ੍ਹਾਂ ਕੇਸਾਂ ਵਿੱਚ ਅੱਗੇ ਪਾ ਦਿੱਤੀ ਹੈ, ਕੁਝ ਖ਼ਰਚੇ ਉਨ੍ਹਾਂ ਦੇ ਜ਼ਰੂਰ ਮੁਆਫ਼ ਕੀਤੇ ਹਨ ।

NEW MARKETS

*676. **Comrade Kulwant Singh**
Comrade Saghar Singh : Will the Minister for Agriculture and Forests be pleased to state—

(a) the number of New Markets (Mandis) proposed to be started in this year in the State; district-wise;

(b) the criterion adopted for the location of the said markets ?

Chaudhri Kansi Ram : (a) Development works will be carried out in 45 mandis, including 5 mandis taken up for the first time during 1980-81. District-wise break up is shown in Statement-I, placed on the table.

(b) Criterion adopted for location of new mandis is listed in Statement-II, placed on the Table.

STATEMENT-I

List of 45 mandis, including 5 new mandis taken up for the first time during 1980-81, where development works will be carried out during the year 1980-81.

Sr. No.	Name of mandi	Name of District	Remarks
1	2	3	4
1.	Malerkotla	Sangrur	
2.	Bhadaur	—do—	
3.	Mehal Kalan	—do—	
4.	Sherpur	—do—	
5.	Barnala	—do—	
6.	Longowal	—do—	
7.	Cheema	—do—	
8.	Khanouri	—do—	
9.	Sulargharat	—do—	
10.	Moonak	—do—	
11.	Amargarh	—do—	Development works taken up for the first time in 1980-81

[Agriculture Minister]

1	2	3	4
12.	Dhuri	Sangrur	Development works will be started before the expiry of the current year 1980-81
13.	Dirba	—do—	—Ditto—
14.	Sunam	—do—	
15.	Sandhour	—do—	
16.	Ghanour	Patiala	
17.	Nabha	—do—	
18.	Bhadson	—do—	
19.	Gobindgarh	—do—	
20.	Chanarthal	—do—	
21.	Kapurthala	Kapurthala	
22.	Bilga	—do—	
23.	Apra	—do—	
24.	Nawanshahr	—do—	
25.	Ferozepur City	Ferozepur	
26.	Makhu	—do—	
27.	Kot-Ise-Khan	—do—	
28.	Dharamkot	—do—	
29.	Jalalabad	—do—	Development works taken up for the first time in 1980—81
30.	Killianwali	Faridkot	
31.	Muktsar	—do—	
32.	Moga	—do—	
33.	Malout	—do—	
34.	Panniwala	—do—	Development works taken up for the first time in 1980-81
35.	Sadiq	do—	

1	2	3	4
36.	Bhalaina	Faridkot	
37.	Patti	Amritsar	
38.	Amritsar	—do—	
39.	Payal	Ludhiana	
40.	Hathur	—do—	
41.	Jagraon	—do—	
42.	Hoshiarpur	Hoshiarpur	
43.	Chuni	Ropar	
44.	Gurdaspur	Gurdaspur	
45.	Siri-Hargobindpur	—do—	

STATEMENT-II

Criterion adopted for location of new mandis :

1 At a place where an old mandi already exists, a new mandi township is planned if the old mandi is located in a congested place creating traffic problems and is inadquate to handle the increased agricultural produce.

2. At a place where no old mandi exists, a new mandi township is planned keeping in view the following factors :—

(i) Population, conjunction of roads and availability of railway facility;

(ii) number of villages which would be served;

(ii) quantity of agricultural produce expected to be handled,

(iv) proximity of other mandis, purchase centres, etc.

(v) number of Commission agents already working there and the expected number of new Commission agents;

ਕਾਮਰੇਡ ਕੁਲਵੰਤ ਸਿੰਘ : ਇਨ੍ਹਾਂ ਨੇ ਦੱਸਿਆ ਹੈ ਕਿ 45 ਮੰਡੀਆਂ ਵਿੱਚ ਵਿਕਾਸ ਦੇ ਕੰਮ ਚਾਲੂ ਰੱਖੇ ਜਾਣਗੇ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਨਿਮਰਤਾ ਨਾਲ ਪੁਛਣਾ ਚਾਹੁੰਦਾ ਹਾਂ ਕਿ ਇਹ ਕੰਮ ਕਦੋਂ ਤਕ ਮੁਕੰਮਲ ਕਰ ਦੇਣਗੇ। ਦੂਸਰਾ ਇਨ੍ਹਾਂ ਨੇ ਕਰਾਈਟੇਰੀਏ ਦੇ ਬਾਰੇ ਦਸਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮੰਡੀਆਂ ਸਰਕਾਰ ਨੇ ਮਨਜ਼ੂਰ ਕੀਤੀਆਂ ਹਨ, ਜਿਨ੍ਹਾਂ ਵਿਚੋਂ ਜਲੰਧਰ ਵਿੱਚ ਨਵਾਂ ਸ਼ਹਿਰ ਹੈ ਅਤੇ ਇਸਦੇ ਨਾਲ ਹੀ ਭੋਗਪੁਰ ਦੀ ਮੰਡੀ ਹੈ, ਕੀ ਉਨ੍ਹਾਂ ਨੂੰ ਵੀ ਆਉਣ ਵਾਲੇ ਸਾਲ ਵਿੱਚ ਲੈ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਗੱਲ ਤਾਂ ਹੋਰ ਸੀ ਪਰ ਇਹ ਹੁਣ ਨਵਾਂ ਸ਼ਹਿਰ ਅਤੇ ਭੋਗਪੁਰ ਤਕ ਇਸ ਨੂੰ ਲੈ ਗਏ ਹਨ। ਜਿਵੇਂ ਜਿਵੇਂ ਜ਼ਰੂਰਤ ਮਹਿਸੂਸ ਹੁੰਦੀ ਹੈ, ਸਰਕਾਰ ਮੰਡੀਆਂ ਬਣਾਈ ਜਾਂਦੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰਖਦੇ ਹੋਏ, ਇਨ੍ਹਾਂ ਮੰਡੀਆਂ ਬਾਰੇ ਵੀ ਸੋਚ ਲਿਆ ਜਾਵੇਗਾ ਅਤੇ ਇਹ ਵੀ ਬਣਾ ਦਿੱਤੀਆਂ ਜਾਣਗੀਆਂ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਮੰਡੀ ਮਨਜ਼ੂਰ ਹੋਈ ਹੋਈ ਹੈ, ਜ਼ਮੀਨ ਐਕਵਾਇਰ ਕਰ ਲਈ ਹੈ, ਕੀ ਉਨ੍ਹਾਂ ਨੂੰ ਅਗਲੇ ਸਾਲ ਦੀ ਲਿਸਟ ਵਿੱਚ ਲੈ ਲੈਣਗੇ ? ਇਹ ਬਹੁਤ ਵੱਡੀ ਮੰਡੀ ਹੈ । ਜਲੰਧਰ ਵਿਚ ਨਵਾਂ ਸ਼ਹਿਰ ਦੀ ਮੰਡੀ ਇੱਕ ਨੰਬਰ ਤੇ ਹੈ ਅਤੇ ਦੂਜੇ ਨੰਬਰ ਤੇ ਭੋਗਪੁਰ ਦੀ ਮੰਡੀ ਹੈ । 5 ਲੱਖ ਰੁਪਏ ਦੀ ਤਾਂ ਮਾਰਕਿਟ ਫ਼ੀਸ ਸਾਲ ਦੀ ਆਉਂਦੀ ਹੈ । ਕੀ ਇਸ ਮੰਡੀ ਨੂੰ ਅਗਲੇ ਸਾਲ ਦੀ ਲਿਸਟ ਵਿੱਚ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਠੀਕ ਰਾਹ ਤੇ ਆ ਗਏ ਹਨ । ਉਥੇ ਲੈਂਡ ਐਕਵਜ਼ੀਸ਼ਨ ਦੀਆਂ ਪ੍ਰੋਸੀਡਿੰਗਜ਼ ਸ਼ੁਰੂ ਹੋ ਗਈਆਂ ਹਨ । ਇਨ੍ਹਾਂ ਨੂੰ ਇਹ ਪਤਾ ਹੋਣਾ ਹੈ ਕਿ ਇਹ ਪ੍ਰੋਸੀਜਰਲ ਕੰਮ ਹੈ, ਜ਼ਮੀਨ ਐਕਵਾਇਰ ਹੁੰਦੀ ਹੈ, ਫਿਰ ਕੰਪੈਨਸੇਸ਼ਨ ਦਿੱਤੀ ਜਾਂਦੀ ਹੈ, ਫਿਰ ਜਾ ਕੇ ਮੰਡੀ ਬਣਨੀ ਸ਼ੁਰੂ ਹੁੰਦੀ ਹੈ । ਇਕ ਦਿਨ ਵਿਚ ਤਾਂ ਇਹ ਕੰਮ ਹੋ ਨਹੀਂ ਸਕਦਾ ।

ਸ਼੍ਰੀ ਸਪੀਕਰ : ਵਜ਼ੀਰ ਸਾਹਿਬ, ਮੈਂਬਰ ਸਾਹਿਬ ਨੇ ਕਿਹਾ ਹੈ ਕਿ ਕੀ ਅਪ੍ਰੈਲ, 1981 ਤੱਕ ਇਹ ਕੰਪਲੀਟ ਕਰ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਲੈਂਡ ਅਜੇ ਐਕਵਾਇਰ ਨਹੀਂ ਹੋਈ । ਜ਼ਮੀਨ ਦਾ ਕਬਜ਼ਾ ਅਜੇ ਸਾਡੇ ਕੋਲ ਨਹੀਂ ਹੈ । ਮੈਂ ਡੇਟ ਕਿਵੇਂ ਫਿਕਸ ਕਰ ਸਕਦਾ ਹਾਂ । ਮੈਂ ਸਪੱਸ਼ਟ ਜਵਾਬ ਦਿੱਤਾ ਹੈ । ਜਿਥੇ ਅਜੇ ਜ਼ਮੀਨ ਐਕਵਾਇਰ ਨਹੀਂ ਹੋ ਸਕੀ, ਉਸਦੇ ਵਿੱਚ ਲੀਗਲ ਪ੍ਰੋਸੀ-ਡਿੰਗਜ਼ ਵੀ ਇਨਵਾਲਵ ਹੋ ਸਕਦੀਆਂ ਹਨ । ਮੈਂ ਸਪੀਕਰ ਸਾਹਿਬ ਕਿਵੇਂ ਕੁਮਿਟਮੈਂਟ ਦੇ ਸਕਦਾ ਹਾਂ ਕਿ ਅਪ੍ਰੈਲ 1982 ਤੱਕ ਇਹ ਬਣਾ ਦੇਵਾਂਗੇ ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਖਡੂਰ ਸਾਹਿਬ ਦੀ ਮੰਡੀ ਨੂੰ ਕਦੋਂ ਤੱਕ ਨੇਪਰੇ ਚਾੜ੍ਹ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਸਵਾਲ ਨਹੀਂ ਸਮਝ ਸਕਿਆ ਜੀ ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਖਡੂਰ ਸਾਹਿਬ ਦੀ ਮੰਡੀ ਦਾ ਨੀਂਹ ਪੱਥਰ ਰੱਖਿਆ ਹੋਇਆ ਹੈ । ਮੈਂ ਇਹ ਪੁੱਛਿਆ ਸੀ ਕਿ ਉਸ ਮੰਡੀ ਨੂੰ ਕਦੋਂ ਤੱਕ ਨੇਪਰੇ ਚਾੜ੍ਹ ਦੇਣਗੇ ?

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਫਰੀਦਕੋਟ ਜ਼ਿਲੇ ਵਿਚ ਦੋ ਪਰਚੇਜ਼ਿੰਗ ਸੈਂਟਰਜ਼ ਹਨ, ਇਕ ਪਿੰਡ ਰੋੜ੍ਹਾਂ ਅਤੇ ਦੂਜਾ ਪਿੰਡ ਦਾਦਰੀਆਂ, ਉਥੇ ਸਰਦਾਰ ਜਗਦੇਵ ਸਿੰਘ ਖੁਡੀਆਂ ਨੇ ਨੀਂਹ ਪੱਥਰ ਰੱਖਿਆ ਸੀ, ਪਰ ਉਥੇ ਅਜੇ ਤਕ ਸਬ-ਯਾਰਡ ਨਹੀਂ ਬਣੇ । ਜਿਹੜੀ ਇਨਫਰਮੇਸ਼ਨ ਵਜ਼ੀਰ ਸਾਹਿਬ ਨੇ ਦਿੱਤੀ ਹੈ ਉਸ ਵਿਚ ਵੀ ਇਨ੍ਹਾਂ ਪਰਚੇਜ਼ਿੰਗ ਸੈਂਟਰਾਂ ਦਾ ਨਾਂਓਂ ਨਹੀਂ ਹੈ । ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਉਥੇ ਸਬ-ਯਾਰਡ ਬਣਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਕਾਮਰੇਡ ਸੱਘੜ ਸਿੰਘ ਜੀ ਨੇ ਤੇਖਲਾ ਕੁਝ ਹੋਰ ਜ਼ਾਹਿਰ ਕੀਤਾ ਹੈ, ਪਰ ਮੈਂ ਜਿਹੜੀ ਇਨਫਰਮੇਸ਼ਨ ਸਪਲਾਈ ਕੀਤੀ ਹੈ ਉਹ ਹੋਰ ਹੈ । 45 ਮੰਡੀਆਂ ਬਾਰੇ ਜਿੱਥੇ ਜਿੱਥੇ ਕੰਮ ਚਲ ਰਿਹਾ ਹੈ, ਮੈਂ ਉਨ੍ਹਾਂ ਦੀ ਲਿਸਟ ਦਿੱਤੀ ਹੈ । ਪਰ ਜਿਹੜੀ ਉਹ ਗਲ ਕਰ ਰਹੇ ਹਨ ਅਗਰ ਉਥੇ ਕੋਈ ਸਬ-ਯਾਰਡ ਡਿਕਲੇਅਰ ਹੋਇਆ ਹੈ ਤਾਂ ਮੈਂ ਆਪ ਵੇਖ ਲਵਾਂਗਾਂ ਅੌਰ ਕੰਮ ਜਾਰੀ ਰੱਖਾਂਗੇ ।

ਸ੍ਰੀ ਗੁਰਦਿਆਲ ਸੈਣੀ: ਸਪੀਕਰ ਸਾਹਿਬ, ਜਲੰਧਰ ਦੀ ਦਾਣਾ ਮੰਡੀ ਬੜੀ ਦੇਰ ਦੀ ਬਣੀ ਹੋਈ ਹੈ । ਲੱਖਾਂ ਰੁਪਿਆ ਵੀ ਕਮੇਟੀ ਪਾਸ ਪਿਆ ਹੈ ਅੌਰ ਸੁਪ੍ਰੀਮਕੋਰਟ ਨੇ ਕਹਿ ਦਿੱਤਾ ਹੈ ਕਿ ਉਹ ਰੁਪਿਆਂ ਮੰਡੀਆ ਤੇ ਖਰਚ ਨਹੀਂ ਹੋ ਸਕਦਾ । ਜਿਹੜੀਆਂ ਸੜਕਾਂ ਮੰਡੀ ਦੀਆਂ ਹਨ ਉਨ੍ਹਾਂ ਦੀ ਹਾਲਤ ਬਹੁਤ ਹੀ ਭੈੜੀ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜਾ ਰੁਪਿਆਂ ਕਮੇਟੀ ਪਾਸ ਪਿਆ ਹੈ, ਉਸ ਨੂੰ ਖਰਚ ਕਰਨਗੇ ਤਾਂਕਿ ਸੜਕਾਂ ਦੀ ਹਾਲਤ ਠੀਕ ਹੋ ਸਕੇ?

ਮੰਤਰੀ: ਸਪੀਕਰ ਸਾਹਿਬ, ਸੈਣੀ ਸਾਹਿਬ ਨੇ ਬੜਾ ਵੈਲਿਡ ਸਵਾਲ ਕੀਤਾ ਹੈ ਕਿ ਮਾਰਕਿਟ ਯਾਰਡ, ਜਲੰਧਰ ਮੰਡੀ ਦੀ ਹਾਲਤ ਖਰਾਬ ਹੈ । ਪਰ ਜੇਕਰ ਐਸਾਂ ਹੁੰਦਾ ਤਾਂ ਇਹ ਕਦੋਂ ਦੇ ਹੀ ਮੇਰੇ ਪਾਸ ਆ ਜਾਂਦੇ । ਬਾਕੀ ਸਪੀਕਰ ਸਾਹਿਬ, ਅਸੀਂ ਰੁਪਿਆ ਖਰਚਣ ਵਾਸਤੇ ਕੋਈ ਪਾਬੰਦੀ ਨਹੀਂ ਲਗਾਈ ਕਿ ਬੈਟਰਮੈਂਟ ਵਾਸਤੇ ਰੁਪਿਆ ਖਰਚ ਨਾ ਕੀਤਾ ਜਾਵੇ ।

ਸਰਦਾਰ ਬੀਰਪਾਲ ਸਿੰਘ: ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਲੁਧਿਆਣਾ ਬਾਈ ਪਾਸ ਵਾਸਤੇ ਮੰਡੀ ਬਣੀ ਹੈ, ਪਰ ਉਹ ਮੰਡੀ ਇਨਕੰਪਲੀਟ ਪਈ ਹੈ । ਉਸ ਦੀ ਹਾਲਤ ਪਹਿਲੀ ਸਰਕਾਰ ਵੇਲੇ ਵੀ ਬੁਰੀ ਰਹੀ ਹੈ ਅੌਰ ਹੁਣ ਵੀ ਇਨਕੰਪਲੀਟ ਪਈ ਹੈ । ਕੀ ਮੰਤਰੀ ਸਾਹਿਬ ਇਸ ਪਾਸੇ ਧਿਆਨ ਦੇ ਕੇ ਇਸ ਮੰਡੀ ਨੂੰ ਨੇਪਰੇ ਚੜ੍ਹਾਉਣਗੇ ? ਇਹ ਮੰਡੀ ਬਾਈ ਪਾਸ ਤੇ ਹੈ ।

ਮੰਤਰੀ: ਸਪੀਕਰ ਸਾਹਿਬ, ਗੱਲ ਤਾਂ ਕੁਝ ਹੋਰ ਸੀ ਪਰ ਹੁਣ ਹਰ ਮੈਂਬਰ ਆਪਣੀ ਆਪਣੀ ਮੰਡੀ ਪੱਕੀ ਕਰਾਉਣ ਤੁਰਿਆ ਹੋਇਆ ਹੈ। (ਹਾਸਾ)

ਸਪੀਕਰ ਸਾਹਿਬ, ਇਹੋ ਜਿਹੀ ਮੰਡੀ ਜਿਹੜੀ ਬੀਰਪਾਲ ਸਿੰਘ ਜੀ ਕਹਿੰਦੇ ਹਨ, ਠੀਕ ਹੈ, ਲੁਧਿਆਣਾ ਬੜਾ ਇੰਪਾਰਟੈਂਟ ਟਾਊਨ ਹੈ ਅੌਰ ਉਥੇ ਐਗਰੀਕਲਚਰ ਪ੍ਰੋਡਿਊਸ ਬਹੁਤ ਆਉਂਦੀ ਹੈ । ਇਸ ਲਈ ਸਰਕਾਰ ਉਸ ਵਾਸਤੇ ਕੋਈ ਅਣਗਹਿਲੀ ਨਹੀਂ ਵਰਤੇਗੀ ਅੌਰ ਉਸ ਮੰਡੀ ਨੂੰ ਛੇਤੀ ਮੁਕੰਮਲ ਕਰਨ ਦੀ ਕੋਸ਼ਿਸ਼ ਕਰੇਗੀ ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਅੰਮ੍ਰਿਤਸਰ ਮੰਡੀ ਦੇ ਵਾਸਤੇ ਜ਼ਮੀਨ ਵੀ ਐਕੁਆਇਰ ਕੀਤੀ ਹੋਈ ਹੈ । ਇਹ ਕਹਿੰਦੇ ਹਨ ਕਿ ਇੰਮਪਰੂਵਮੈਂਟ ਟਰੱਸਟ ਵਾਲੇ ਥਾਂ ਨਹੀਂ ਦਿੰਦੇ ਹਨ । ਇਹ ਸਰਕਾਰ ਦੇ ਮਹਿਕਮੇ ਦੀ ਗੱਲ ਹੈ । ਇਸ ਲਈ ਇਹ ਕਦੋਂ ਤੱਕ ਫ਼ੈਸਲਾ ਕਰਕੇ ਉਥੇ ਮੰਡੀ ਬਣਾਉਣਗੇ? ਉਥੇ ਜ਼ਮੀਨ ਐਕੁਆਇਰ ਹੋਈ ਹੋਈ ਹੈ ।

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਚੇਤੇ ਕਰਾਉਣਾ ਚਾਹਵਾਂਗਾ ਕਿ ਮੈਂ ਪਹਿਲਾਂ ਵੀ ਇਸੇ ਸਦਨ ਵਿਚ ਇਸੇ ਵੇਲੇ ਜਵਾਬ ਦਿੱਤਾ ਸੀ ਔਰ ਉਸ ਵੇਲੇ ਇਨ੍ਹਾਂ ਦੀ ਵੀ ਔਰ ਲੋਕਲ ਬਾਡੀਜ਼ ਮਨਿਸਟਰ ਸਾਹਿਬ ਦੀ ਵੀ ਸੈਟਿਸਫੈਕਸ਼ਨ ਹੋ ਗਈ ਸੀ। ਮੈਂ ਇਹ ਕਹਿਣ ਤਾਂ ਫਿਰ ਜਵਾਬ ਦੇ ਦਿੰਦਾ ਹਾਂ। ਅਗਰ ਸਰਦਾਰ ਪ੍ਰਿਥੀਪਾਲ ਸਿੰਘ ਜੀ ਆਪਣੇ ਗੁਡ ਆਫਿਸਿਜ਼ ਯੂਜ਼ ਕਰਨ ਤਾਂ ਮੈਂ ਉਸੇ ਹੀ ਗੱਲ ਤੇ ਫਿਰ ਰਾਜ਼ੀ ਹੋ ਜਾਵਾਂਗਾ।

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਮੰਡੀਆਂ ਪੱਕੀਆਂ ਕਰਨ ਵਾਸਤੇ ਵਜ਼ੀਰ ਸਾਹਿਬ ਨੇ ਦਸਿਆ ਹੈ। ਲੇਕਿਨ ਕਈ ਪਿੰਡਾਂ ਵਿਚ ਪਰਚੇਜ਼ਿੰਗ ਸੈਂਟਰ ਹਨ, ਪਰ ਉਹ ਪੱਕੇ ਨਹੀਂ ਬਣੇ ਹੋਏ। ਇਸ ਲਈ ਮੈਂ ਤੁਹਾਡੇ ਰਾਹੀਂ ਰਿਕੁਐਸਟ ਕਰਾਂਗਾ ਕਿ ਇਹ ਮਾਰਕਿਟ ਕਮੇਟੀਆਂ ਨੂੰ ਡਾਇਰੈਕਸ਼ਨਜ਼ ਦੇਣ ਕਿ ਜੋ ਫੰਡਜ਼ ਉਨ੍ਹਾਂ ਪਾਸ ਹਨ ਉਨ੍ਹਾਂ ਵਿਚੋਂ ਉਹ ਖਰਚ ਕਰਕੇ ਜਿਹੜੇ ਜਿਹੜੇ ਪਰਚੇਜ਼ਿੰਗ ਸੈਂਟਰ, ਜਿਸ ਜਿਸ ਮਾਰਕਿਟ ਕਮੇਟੀ ਨਾਲ ਸਬੰਧਤ ਹਨ, ਉਨ੍ਹਾਂ ਨੂੰ ਪੱਕਿਆਂ ਕੀਤਾ ਜਾਵੇ।

ਮੰਤਰੀ: ਸਪੀਕਰ ਸਾਹਿਬ, ਪਹਿਲਾਂ ਇਹ ਕੋਈ ਹਦਾਇਤ ਨਹੀਂ ਹੈ ਕਿ ਮਾਰਕਿਟ ਕਮੇਟੀ ਕੋਈ ਮਾਰਕਿਟ ਯਾਰਡ ਪੱਕਾ ਨਾ ਕਰੇ ਲੇਕਿਨ ਉਸ ਨੂੰ ਪੱਕਿਆਂ ਕਰਨ ਲਈ ਇੱਟਾਂ ਚਾਹੀਦੀਆਂ ਹਨ, ਪੱਥਰ ਚਾਹੀਦਾ ਹੈ ਔਰ ਸੀਮਿੰਟ ਚਾਹੀਦਾ ਹੈ ਔਰ ਸੀਮਿੰਟ ਦੀ ਪੁਜ਼ੀਸ਼ਨ ਅੱਜ ਕਲ ਸੁਰਮੇ ਜੈਸੀ ਹੋ ਗਈ ਹੈ। ਇਸ ਲਈ ਜਿਉਂ ਜਿਉਂ ਮੈਟੀਰੀਅਲ ਅਵੇਲੇਬਲ ਹੋਵੇਗਾ ਤਿਉਂ ਤਿਉਂ ਉਨ੍ਹਾਂ ਨੂੰ ਪੱਕਿਆਂ ਕਰ ਦਿੱਤਾ ਜਾਵੇਗਾ।

FACILITIES PROVIDED TO TOURISTS IN MOTELS, RESTAURANTS AND TOURIST COMPLEES ETC. IN THE STATE

*633. **Sardar Atma Singh**: Will the Chief Minister be pleased to state :—

(a) whether any graded facilities have been provided to the tourists in the Motels, Restaurants, Tourist Complexes etc., being run by the Punjab Tourism Development Corporation in the State, if so, since when and the details thereof;

ਕਾਮਰੇਡ ਰਾਜ ਕੁਮਾਰ : ਸਰ, ਮੈਂ ਜ਼ਰੂਰ ਤੁਹਾਡੇ ਚੈਂਬਰ ਵਿਚ ਆਵਾਂਗਾ ।

ਸ੍ਰੀ ਗੁਰਦਿਆਲ ਸੈਣੀ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਬੀਰਦਵਿੰਦਰ ਸਿੰਘ : ਮੇਰਾ ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ, ਇਹ ਹੈ ਕਿ ਤੁਸੀਂ ਕਾਲ ਅਟੈਂਨਸ਼ਨ ਮੋਸ਼ਨ ਐਡਜਰਨਮੈਂਟ ਮੋਸ਼ਨ ਤੇ ਜਦੋਂ ਰਿਜੈਕਸ਼ਨ ਦੀ ਰੂਲਿੰਗ ਦਿੰਦੇ ਹੋ ਤਾਂ ਫਿਰ ਇਥੇ ਉਸੇ ਪੁਆਇੰਟ ਤੇ ਡਿਸਕਸ਼ਨ ਅਲਾਓ ਹੋ ਜਾਂਦੀ ਹੈ । ਇਸ ਤਰ੍ਹਾਂ ਡਿਸਕਸ਼ਨ ਇਥੇ ਨਹੀਂ ਹੋਣੀ ਚਾਹੀਦੀ । (ਵਿਘਨ)

ਸ੍ਰੀ ਸਪੀਕਰ : ਮੈਂ ਸਿਰਫ ਪੁਆਇੰਟ ਆਫ ਆਰਡਰ ਲਈ ਅਲਾਓ ਕਰਦਾ ਹਾਂ ਅਤੇ ਮੈਂਬਰ ਸਾਹਿਬਾਨ ਉਸ ਪੁਆਇੰਟ ਆਫ ਆਰਡਰ ਵਿਚ ਆਪਣੀ ਗੱਲ ਕਹਿ ਜਾਂਦੇ ਹਨ ।

ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਮਾਸਟਰ ਚੰਦ ਸਿੰਘ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : This is a vital question, which I would like to reply. ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ । ਮੈਂ ਇਸ ਬਾਰੇ ਪਹਿਲਾਂ ਵੀ ਬਿਆਨ ਦਿਤਾ ਸੀ ਪਰ ਅਗਰ ਕੋਈ ਮੈਂਬਰ ਗ਼ੈਰ-ਹਾਜ਼ਰ ਹੋਵੇ ਤਾਂ ਇਸ ਦੀ ਜ਼ਿੰਮੇਵਾਰੀ ਮੇਰੀ ਨਹੀਂ ਹੈ । ਪੰਜਾਬ ਸਰਕਾਰ ਦੀਆਂ ਇੰਸਟੱਰਕਸ਼ਨਾਂ ਇਹ ਹਨ । (ਵਿਘਨ)

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਕਾਂਗਰਸ ਪਾਰਟੀ ਦੇ ਪ੍ਰਧਾਨ ਵੀ ਹਨ । ਇਸ ਲਈ ਉਹ ਕਾਂਗਰਸ ਪਾਰਟੀ ਦੀ ਇਥੇ ਆਪਣੀ ਪਾਲਿਸੀ ਕਲੀਅਰ ਕਰ ਦੇਣ । (ਵਿਘਨ)

**Expunged as Ordered by the Chair.

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਪਹਿਲਾਂ ਵੀ ਇਥੇ ਹਾਊਸ ਵਿਚ ਕਿਹਾ ਸੀ ਅਤੇ ਹੁਣ ਫਿਰ ਦੁਬਾਰਾ ਹਾਊਸ ਵਿਚ ਕਹਿੰਦਾ ਹਾਂ ਕਿ ਅਗਰ ਕਿਸੇ ਆਦਮੀ ਤੇ ਕੋਈ ਪ੍ਰੈਸ਼ਰ ਪੈਂਦਾ ਹੈ ਤਾਂ ਉਹ ਮੇਰੇ ਨੋਟਿਸ ਵਿਚ ਲਿਆਉਣ ਜਿਹੜੇ ਕਿ ਇਹ ਕਹਿੰਦੇ ਹਨ ਕਿ ਪੰਜਾਬੀ ਬੋਲੀ ਨਾ ਲਿਖਵਾਓ । ਅਖਬਾਰ ਕੀ ਕਹਿੰਦੇ ਹਨ ਜਾਂ ਲੋਕ ਲਹਿਰ ਅਖਬਾਰ ਕੀ ਕਹਿੰਦਾ ਹੈ ? ਮੈਂ ਉਨ੍ਹਾਂ ਸਟੇਟਮੈਂਟਾਂ ਵਿਚ ਨਹੀਂ ਜਾਂਦਾ। (Interruption and Noise) I am making a Statement. If you do not like, I will not make it.

ਸਪੀਕਰ ਸਾਹਿਬ, ਮੈਂ ਆਪਣੇ ਵੱਡੇ ਅਫਸਰਾਂ ਨੂੰ ਬੁਲਾਕੇ ਵੀ ਕਹਿ ਦਿੱਤਾ ਹੈ ਕਿ ਅਗਰ ਕੋਈ ਪ੍ਰੈਸ਼ਰ ਪਾਉਂਦਾ ਹੈ ਤਾਂ ਮੇਰੇ ਨੋਟਿਸ ਵਿਚ ਲਿਆਓ ਤਾਕਿ ਅਸੀਂ ਯੋਗ ਕਾਰਵਾਈ ਕਰ ਸਕੀਏ । ਇਥੇ ਹਾਊਸ ਵਿਚ ਸਾਰੇ ਮਾਨਯੋਗ ਮੈਂਬਰਾਂ ਨੂੰ ਵੀ ਕਹਿੰਦਾ ਹਾਂ ਕਿ ਅਗਰ ਕੋਈ ਪ੍ਰੈਸ਼ਰ ਪਾਉਂਦਾ ਹੈ, ਤਾਂ ਸਾਡੇ ਨੋਟਿਸ ਵਿਚ ਲਿਆਓ । ਪੰਜਾਬੀ ਸਾਡੀ ਬੋਲੀ ਹੈ ਅਤੇ ਪੰਜਾਬੀ ਸਟੇਟ ਦੀ ਬੋਲੀ ਹੈ । ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ । (ਥੰਪਿੰਗ) ਅਗਰ ਕੋਈ ਆਦਮੀ ਇਹ ਕਹਿੰਦਾ ਹੈ ਕਿ ਮੈਂ ਹਿੰਦੀ ਜ਼ਰੂਰ ਲਿਖਵਾਉਣੀ ਹੈ ਤਾਂ ਅਸੀਂ ਉਸ ਤੇ ਪ੍ਰੈਸ਼ਰ ਨਹੀਂ ਪਾ ਸਕਦੇ । ਅਸੀਂ ਉਸ ਤੋਂ ਧੱਕੇ ਨਾਲ ਪੰਜਾਬੀ ਨਹੀਂ ਲਿਖਵਾ ਸਕਦੇ । ਇਸ ਤਰ੍ਹਾਂ ਦਾ ਕੋਈ ਐਕਟ ਨਹੀਂ ਬਣਿਆ ਕਿ ਤੁਸੀਂ ਆਪਣੀ ਬੋਲੀ ਪੰਜਾਬੀ ਲਿਖਵਾਓ ਜਾਂ ਹਿੰਦੀ ਲਿਖਵਾਓ । ਸਪੀਕਰ ਸਾਹਿਬ, ਪਹਿਲਾਂ ਵੀ ਜ਼ਬਾਨ ਦਾ ਝਗੜਾ ਪਿਆ ਸੀ । ਉਹ ਮੈਂਬਰ ਸਾਹਿਬਾਨ ਇਥੇ ਨਹੀਂ ਹਨ । 1952 ਤੋਂ ਪਹਿਲਾਂ 1951 ਵਿਚ ਇਥੇ ਇਕ ਸਵਾਲ ਉਠਾਇਆ ਸੀ। ਇਕ ਖਾਨਾ ਰਖਿਆ ਸੀ । ਮੈਂਬਰ ਬਾਅਦ ਵਿਚ ਬਣੇ ਹਨ ਔਰ ਉਦੋਂ ਮੈਂਬਰ ਕੋਈ ਨਹੀਂ ਸੀ ਬਣਿਆ । ਪਹਿਲੀ ਦਫਾ ਇਲੈਕਸ਼ਨਜ਼ ਹੋਏ ਸਨ । 1951 ਵਿਚ ਸਰਦਾਰ ਪ੍ਰਤਾਪ ਸਿੰਘ ਹੋਰੀਂ ਪ੍ਰੈਜ਼ੀਡੈਂਟ ਸਨ ਅਤੇ ਮੈਂ ਡਿਸਟ੍ਰਿਕਟ ਕਾਂਗਰਸ ਕਮੇਟੀ ਦਾ ਪ੍ਰੈਜ਼ੀਡੈਂਟ ਸੀ । ਅਸੀਂ, ਸਪੀਕਰ ਸਾਹਿਬ, ਉਸ ਵੇਲੇ ਫੈਸਲਾ ਕੀਤਾ ਸੀ ਕਿ ਖਾਨਾ ਬਣਾ ਦਿਓ । (ਵਿਘਨ) ਉਸ ਵੇਲੇ ਲੋਕਾਂ ਨੂੰ ਇਤਨੀ ਸੂਝ ਨਹੀਂ ਸੀ ਕਿ ਉਹ ਆਪਣੀ ਠੀਕ ਤਰ੍ਹਾਂ ਨਾਲ ਬੋਲੀ ਲਿਖਵਾ ਸਕਣ । ਹੁਣ ਕਿਸੇ ਆਦਮੀ ਦਾ ਗਲਾ ਮਰੋੜ ਕੇ ਨਹੀਂ ਕਿਹਾ ਜਾ ਸਕਦਾ ਕਿ ਤੁਸੀਂ ਇਹ ਭਾਸ਼ਾ ਲਿਖਵਾਓ । ਜੇਕਰ ਕਿਸੇ ਆਦਮੀ ਤੇ ਪ੍ਰੈਸ਼ਰ ਪੈਂਦਾ ਹੈ ਤਾਂ ਜ਼ਰੂਰ ਨੋਟਿਸ ਵਿਚ ਲਿਆਉਣ ।

ਸ੍ਰੀ ਯਸ਼ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਮੈਂ ਹਿੰਦੀ ਲਿਖਵਾਉਣ ਲਈ ਬਿਆਨ ਦਿੱਤਾ ਹੈ, ਪਰ ਮੈਂ ਐਸਾ ਕੋਈ ਬਿਆਨ ਨਹੀਂ ਦਿੱਤਾ । ਮੈਂ ਸਿਰਫ ਇਹ ਬਿਆਨ ਦਿੱਤਾ ਹੈ ਕਿ ਹਰ ਕਿਸੇ ਨੂੰ ਪਤਾ ਹੈ ਕਿ ਉਸ ਦੀ ਬੋਲੀ ਕੀ ਹੈ ? ਪੰਜਾਬੀ ਬੋਲੀ ਹੈ ਜਾਂ ਹਿੰਦੀ ਬੋਲੀ ਹੈ । ਉਹ ਆਦਮੀ ਆਪਣੀ ਮਰਜ਼ੀ ਦੇ ਨਾਲ ਆਪਣੀ ਭਾਸ਼ਾ ਲਿਖਵਾਏ । ਉਸ ਨੂੰ ਇਹ ਹੱਕ ਹੈ ।

ਜਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਕਈ ਲੋਕ ਜਿਹੜੇ ਆਪਣੀ ਭਾਸ਼ਾ ਤਾਂ ਪੰਜਾਬੀ ਬੋਲਦੇ ਹਨ, ਪਰ ਲਿਖਵਾਉਂਦੇ ਗਲਤ ਹਨ । ਉਨ੍ਹਾਂ ਨੂੰ ਆਪਣੀ ਭਾਸ਼ਾ ਪੰਜਾਬੀ ਲਿਖਾਵਾਉਣੀ ਚਾਹੀਦੀ ਹੈ ।

ਸਰਦਾਰ ਆਤਮਾ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ** ਲਫਜ਼ ਐਕਸਪੰਜ ਕੀਤਾ ਜਾਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਗਰ ਇਹੋ ਜਿਹੇ ਲਫਜ਼ ਇਸਤੇਮਾਲ ਕਰਨੇ ਸ਼ੁਰੂ ਕਰ ਦੇਈਏ ਤਾਂ ਇਸ ਦਾ (end) ਨਹੀਂ ਹੈ । ** ਲਫ਼ਜ਼ ਮਾੜਾ ਹੈ ਔਰ ਮੈਂ ਸਪੀਕਰ ਸਾਹਿਬ ਸਮਝਦਾ ਹਾਂ ਕਿ ਇਹ ਲਫਜ਼ ਅਨਪਾਰਲੀਅਮੈਂਟਰੀ ਨਾ ਵੀ ਕਹੀਏ ਤਾਂ ਵੀ ਇਹ ਸਭਿਅਤਾ ਦੇ ਉਲਟ ਹੈ । ਕਾਮਰੇਡਾਂ ਵਲੋਂ ਵੀ ਇਥੇ ਸਵਾਲ ਉਠਾਇਆ ਗਿਆ ਸੀ । ਮੈਂ ਮਾਨਯੋਗ ਮੈਂਬਰਾਂ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਅਤੇ ਕਾਮਰੇਡ ਦੋਸਤਾਂ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬਾ ਬੋਲੀ ਦੇ ਅਧਾਰ ਤੇ ਬਣਾਇਆ ਗਿਆ ਹੈ ।

ਇਹ ਮੇਰੇ ਨਾਲ ਬੈਠ ਲੈਣ ਔਰ ਮੈਨੂੰ ਦੱਸ ਦੇਣ ਕਿ ਕੀ ਇਹ ਬੋਲੀ ਦੇ ਅਧਾਰ ਤੇ ਬਣਾ ਸਕੇ ਹਨ (ਵਿਘਨ) ਲਾਹੌਲ ਸਪਿਤੀ ਤੱਕ ਇਹ ਸੀ । (ਵਿਘਨ) ਰੌਲਾ ਨਾ ਪਾਓ ਔਰ ਸੁਣ ਲਓ । (ਵਿਘਨ) ਸਪੀਕਰ ਸਾਹਿਬ, ਤਿੰਨ ਸਾਲ ਇਨ੍ਹਾਂ ਦਾ ਰਾਜ ਪ੍ਰਬੰਧ ਰਿਹਾ (ਵਿਘਨ) ਮੇਰੀ ਗੱਲ ਤਾਂ ਸੁਣ ਲਓ । ਇਨ੍ਹਾਂ ਦਾ ਤਿੰਨ ਸਾਲ ਰਾਜ ਪ੍ਰਬੰਧ ਰਿਹਾ ਔਰ ਕੇਂਦਰ ਵਿਚ ਵੀ ਇਨ੍ਹਾਂ ਦੇ ਆਪਣੇ ਬੰਦੇ ਬੈਠੇ ਸੀ । (ਵਿਘਨ) ਅਸੀਂ ਤਾਂ ਤੁਹਾਡੇ ਵਿਰੋਧੀ ਹੋਏ ।

ਆਵਾਜ਼ਾਂ : ਇੰਦਰਾ ਗਾਂਧੀ ਨੂੰ ਪੁੱਛੋ ਕਿ ਇਹ ਕਿਸ ਨੇ ਬਣਾਇਆ ਸੀ । (ਵਿਘਨ)

ਮੁੱਖ ਮੰਤਰੀ : ** ** ਸਭ ਤੋਂ ਵੱਡੇ ਇਹ ਹਨ । ਅਗਰ ਇਨ੍ਹਾਂ ਨੇ ਉਸ ਵੇਲੇ ** ਨਾ ਕੀਤੀ ਹੁੰਦੀ ਤਾਂ ਅੱਜ ਇਹ ਹਾਲਤ ਨਾ ਹੁੰਦੀ । ਮੈਂ ਹਾਲੇ ਚੂੰਢੀ ਕਿਤੇ ਨਹੀਂ ਵੱਢੀ ਔਰ ਇਹ ਰੌਲਾ ਪਾਉਣ ਲੱਗ ਪਏ ਹਨ । ਇਨ੍ਹਾਂ ਤੋਂ ਜੋ ਕਮੀਆਂ ਰਹਿ ਗਈਆਂ ਹਨ, ਉਨ੍ਹਾਂ ਦੀ ਪੂਰਤੀ ਰੌਲਾ ਪਾਕੇ ਨਹੀਂ ਹੋ ਸਕਦੀ । ਇਹ ਜੋ ਕਾਮਰੇਡ ਚੰਦ ਸਿੰਘ ਕਹਿ ਰਹੇ ਹਨ, ਇਹ ਉਸ ਵੇਲੇ ਇਥੇ ਨਹੀਂ ਸੀ ਆਏ । ਨਾ ਇਨ੍ਹਾਂ ਦੀ ਕੋਈ ਐਸੀ ਮੂਵਮੈਂਟ ਸੀ । ਇਹ ਬਾਅਦ ਵਿਚ ਸ਼ਾਮਲ ਹੋ ਗਏ । ਸਵਾਲ ਤਾਂ ਯਸ਼ ਜੀ ਦੇ ਆਰਟੀਕਲ ਬਾਰੇ ਸੀ । ਕਿਸੇ ਦੇ ਗੱਲ ਵਿਚ ਅੰਗੂਠਾ ਦੇ ਕੇ ਕੋਈ ਜ਼ਬਾਨ ਨਹੀਂ ਲਿਖਵਾਈ ਜਾ ਸਕਦੀ । ਜਾਂ ਫਿਰ ਲੈਜਿਸਲੇਚਰ ਵਿਚ ਫੈਸਲਾ ਕਰ ਲਓ, ਇਹ ਚੀਜ਼ ਪਾਸ ਕਰ ਲਓ ਕਿ ਅਗਰ ਕੋਈ ਬੰਦਾ ਹੋਰ ਬੋਲੀ ਲਿਖਵਾਉਂਦਾ ਹੈ ਤਾਂ ਉਸ ਨੂੰ ਅੰਗੂਠਾ ਦਿਓ ਕਿ ਉਹ ਪੰਜਾਬੀ ਲਿਖਵਾਏ । (ਵਿਘਨ)

ਜ਼ਥੇਦਾਰ ਜੀਵਨ ਸਿੰਘ ਉਮਰਾਨੰਗਲ : ਮੈਂ ਤਾਂ ਇਹ ਕਹਿੰਦਾ ਹਾਂ ਕਿ ਜੋ ਗਲਤ ਬਿਆਨੀ ਕਰਦਾ ਹੈ ਪੰਜਾਬੀ ਬੋਲਦਿਆਂ ਹੋਇਆਂ ਆਪਣੀ ਜ਼ੁਬਾਨ ਹਿੰਦੀ ਲਿਖਵਾਉਂਦਾ ਹੈ ਔਰ ਗਲਤ ਐਂਟਰੀਆਂ ਕਰਾਉਂਦਾ ਹੈ ਉਸ ਨੂੰ ਰੋਕਣਾ ਚਾਹੀਦਾ ਹੈ । (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ : ਜਨ-ਸੰਘ ਵਾਲਿਆਂ ਦਾ ਕੀ ਹਾਲ ਹੈ, ਉਨ੍ਹਾਂ ਨੂੰ ਵੀ ਪੁਛ ਲਓ । (ਵਿਘਨ)

**Expunged as Ordered by the Chair.

ਮੁੱਖ ਮੰਤਰੀ : ਹਰ ਇਕ ਨੂੰ ਅਧਿਕਾਰ ਹੈ ਕਿ ਜੋ ਉਹ ਚਾਹੇ ਉਹ ਆਪਣੀ ਜ਼ਬਾਨ ਲਿਖਵਾਏ । ਬਾਕੀ ਜਿਸ ਤਰ੍ਹਾਂ ਨਾਲ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਹੋਰਾਂ ਨੇ ਕਿਹਾ ਹੈ, ਜਿਥੇ ਕਿਤੇ ਕੋਈ ਕੰਮ ਪਰੈਸ਼ਰ ਨਾਲ ਹੁੰਦਾ ਹੈ ਤਾਂ ਉਸ ਬਾਰੇ ਇਹ ਮੇਰੇ ਨੋਟਿਸ ਵਿਚ ਲਿਆਉਣ (ਵਿਘਨ) ਮੈਨੂੰ ਕਹਿਣ ਤਾਂ ਦਿਓ । ਅਦਾਲਤਾਂ ਵਿਚ ਐਫੀਡੇਵਿਟ ਜੋ ਦਿੱਤੇ ਜਾਂਦੇ ਹਨ, ਉਨ੍ਹਾਂ ਵਿਚੋਂ 90% ਤੁਹਾਨੂੰ ਪਤਾ ਹੈ ਇਸ ਤਰ੍ਹਾਂ ਦੇ ਹੀ ਹੁੰਦੇ ਹਨ । (ਵਿਘਨ)

ਆਵਾਜ਼ : ਇਹ ਲੋਕ ਤਾਂ ਅਰਦਾਸ ਕਰਕੇ ਮੁੱਕਰ ਜਾਂਦੇ ਹਨ ।

ਮੁੱਖ ਮੰਤਰੀ : ਅਰਦਾਸ ਬਾਰੇ ਮੈਂ ਨਹੀਂ ਕਹਿੰਦਾ । (ਵਿਘਨ)

ਸ੍ਰੀ ਸਪੀਕਰ: ਪਹਿਲਾਂ ਸੀ. ਐਮ. ਸਾਹਿਬ ਨੂੰ ਕਹਿ ਲੈਣ ਦਿਓ ।

ਮੁੱਖ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਸੂਬੇ ਦੀ ਬਦਕਿਸਮਤੀ ਹੈ ਕਿ ਇਥੇ ਜ਼ਬਾਨ ਨੂੰ ਜ਼ਿਆਦਾ ਜੋੜਿਆ ਜਾਂਦਾ ਹੈ ਫਿਰਕੇਦਾਰੀ ਨਾਲ । ਸਾਡੀ ਵੀ ਮਜਬੂਰੀ ਹੈ (ਵਿਘਨ) ਫਿਰਕਾ ਪ੍ਰਸਤ ਕੌਣ ਹੈ ਕੌਣ ਨਹੀਂ, ਇਸ ਦਾ ਫੈਸਲਾ ਅਸੀਂ ਨਹੀਂ ਕਰ ਸਕਦੇ ਔਰ ਬਾਹਰ ਲੋਕ ਕਰ ਸਕਦੇ ਹਨ । ਇਥੇ ਕੋਈ ਅਜਿਹੀ ਗੱਲ ਨਹੀਂ ਛੇੜਨੀ ਚਾਹੀਦੀ । ਬਾਹਰ ਪੁਲੀਟੀਕਲ ਡੋਰ ਤੇ ਕਿਹਾ ਜਾਂਦਾ ਹੈ । ਜੋ ਕਾਮਰੇਡ ਸਾਹਿਬ ਨੇ ਸਵਾਲ ਕੀਤਾ ਸੀ ਉਸ ਦਾ ਮੈਂ ਜਵਾਬ ਦਿੱਤਾ ਹੈ । ਸਰਦਾਰ ਬਲਵੰਤ ਸਿੰਘ ਹੋਰਾਂ ਨੇ ਇਸ ਵਿਚ ਹੋਰ ਵਾਧਾ ਕੀਤਾ ਹੈ । ਪਾਰਟੀ ਪਾਲਸੀ ਦੇ ਬਾਰੇ ਇਥੇ ਦੱਸਣਾ ਮੈਨੂੰ ਜ਼ਰੂਰੀ ਨਹੀਂ ਹੈ ਲੇਕਿਨ ਬਤੌਰ ਚੀਫ ਮਨਿਸਟਰ ਔਰ ਕਾਂਗਰਸ ਪਰੈਜ਼ੀਡੈਂਟ ਮੈਂ ਦੱਸਦਾ ਹਾਂ । (ਵਿਘਨ)

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਇਧਰ ਆਉਣਾ ਚਾਹੁੰਦਾ ਹੈ । (ਵਿਘਨ)

ਸਰਦਾਰ ਬਲਵੰਤ ਸਿੰਘ (ਕਾਂਗਰਸ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) : ਇਨ੍ਹਾਂ ਸਾਰਿਆਂ ਨੇ ਇੱਧਰ ਆ ਜਾਣਾ ਹੈ ।

ਮੁੱਖ ਮੰਤਰੀ: ਹਮੇਸ਼ਾਂ ਗੱਲ ਬਾਤ ਇਨ੍ਹਾਂ ਦੀ ਕਿਸੇ ਨਾ ਕਿਸੇ ਪੱਧਰ ਤੇ ਚਲਦੀ ਰਹਿੰਦੀ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸ੍ਰੀ ਯਸ਼ ਜੀ ਰਾਈਟਰ ਵੀ ਹਨ ਔਰ ਅਖਬਾਰ ਵੀ ਲਿਖਦੇ ਹਨ । ਇਨ੍ਹਾਂ ਨੂੰ ਆਪਣੇ ਨਹੀਂ ਬਲਕਿ ਲੋਕਾਂ ਦੇ ਵੀਊ ਪੁਆਇੰਟਸ ਦੇਣੇ ਪੈਂਦੇ ਹਨ । ਅਗਰ ਬੋਲੀ ਦਾ ਕੋਈ ਖਾਨਾ ਹੈ ਤਾਂ ਹਰ ਬੰਦੇ ਨੇ ਆਪਣੀ ਮਰਜ਼ੀ ਨਾਲ ਉਹ ਖਾਨਾ ਪੁਰ ਕਰਨਾ ਹੈ । ਨਹੀਂ ਤਾਂ ਫਿਰ ਅਸੰਬਲੀ ਵਿਚ ਫੈਸਲਾ ਕਰ ਲਓ ਕਿ ਆਇਆ ਆਪਣੀ ਮਰਜ਼ੀ ਨਾਲ ਬੋਲੀ ਲਿਖਵਾਉਣੀ ਹੈ ਜਾਂ ਜੋ ਉਨ੍ਹਾਂ ਨੂੰ ਕਿਹਾ ਜਾਏ ਉਹ ਲਿਖਵਾਉਣੀ ਹੈ (ਵਿਘਨ) ਸਵਾਲ ਇਹ ਹੈ ਕਿ ਆਇਆ ਅਸੀਂ ਉਸ ਨੂੰ ਮਜਬੂਰ ਕਰਨਾ ਹੈ, ਜਾਂ ਨਹੀਂ । ਇਸ ਲਈ ਅਗਰ ਫੈਸਲਾ ਇਹ ਹੈ ਕਿ ਜੋ ਕੋਈ ਜ਼ਬਾਨ ਲਿਖ-ਵਾਉਣਾ ਚਾਹੇ ਉਹੀ ਲਿਖੀ ਜਾਵੇ ਤਾਂ ਠੀਕ ਹੈ । ਮਗਰ ਅਗਰ ਉਸ ਉਤੇ ਕੋਈ ਪਰੈਸ਼ਰ ਪਾਕੇ ਲਿਖਵਾਉਣਾ ਚਾਹੁੰਦਾ ਹੈ ਜਾਂ ਐਨੂਮਰੇਟਰ ਉਸਦੀ ਮਰਜ਼ੀ ਦੇ ਖਿਲਾਫ ਕਰਨਾ ਚਾਹੁੰਦਾ ਹੈ ਤਾਂ ਫਿਰ ਦੱਸੋ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਇਥੇ ਬੋਲਦਿਆਂ ਹੋਇਆਂ ਲਫਜ਼ ** ਦੀ ਵਰਤੋਂ ਕੀਤੀ ਗਈ ਹੈ, ਜੋ ਕਿ ਐਕਸਪੰਜ ਹੋਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਉਹ ਐਕਸਪੰਜ ਹੋ ਗਿਆ ਹੈ । ਪਾਂਧੀ ਸਾਹਿਬ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

ਸ੍ਰੀ ਯਸ਼ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ । (ਵਿਘਨ)

ਸਰਦਾਰ ਬਲਵੰਤ ਸਿੰਘ : ਮੁੱਖ ਮੰਤਰੀ ਸਾਹਿਬ ਨੇ ਹੋਰ ਗੱਲ ਕਹੀ ਹੈ । (ਵਿਘਨ)

PERSONAL EXPLANATION BY SHRI YASH

ਸ੍ਰੀ ਯਸ਼ : ਸਰ, ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ । ਇਥੇ ਸੀ. ਐਮ. ਸਾਹਿਬ ਨੇ ਔਰ ਸੀ. ਪੀ. ਐਮ. ਦੇ ਆਨਰੇਬਲ ਮੈਂਬਰ ਨੇ ਮੇਰੇ ਐਡੀਟੋਰੀਅਲ ਦਾ ਜ਼ਿਕਰ ਕੀਤਾ ਹੈ । ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨਾ ਮੈਂ ਮਿਲਾਪ ਅਖਬਾਰ ਦਾ ਐਡੀਟਰ ਹਾਂ ਔਰ ਨਾ ਹੀ ਮੈਂ ਇਸ ਦਾ ਮਾਲਕ ਹਾਂ । ਆਰਟੀਕਲ ਜ਼ਰੂਰ ਮੇਰੇ ਛਪਦੇ ਹਨ । ਮੈਂ ਕਿਸੇ ਆਪਣੇ ਆਰਟੀਕਲ ਵਿਚ ਇਹ ਨਹੀਂ ਆਖਿਆ ਕਿ ਲੋਕਾਂ ਨੂੰ ਆਪਣੀ ਜ਼ਬਾਨ ਹਿੰਦੀ ਲਿਖਵਾਉਣੀ ਚਾਹੀਦੀ ਹੈ ਜਾਂ ਪੰਜਾਬੀ ਲਿਖਵਾਉਣੀ ਚਾਹੀਦੀ ਹੈ । ਮੈਂ ਤਾਂ ਇਹ ਕਿਹਾ ਹੈ ਕਿ ਇਸ ਵਿਚ ਹਰ ਇਕ ਆਦਮੀ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ । (ਵਿਘਨ) ਕਿਸੇ ਤੇ ਪਰੈਸ਼ਰ ਪਾ ਕੇ ਕੋਈ ਕੰਮ ਨਹੀਂ ਕਰਨਾ ਚਾਹੀਦਾ । ਹਰ ਇਕ ਆਦਮੀ ਨੂੰ ਆਜ਼ਾਦੀ ਹੈ ਕਿ ਜਿਹੜੀ ਜ਼ਬਾਨ ਉਹ ਲਿਖਵਾਉਣਾ ਚਾਹੇ, ਉਹ ਲਿਖਵਾਏ ।

ਪੰਜਾਬ ਵਿਚ ਇਸ ਵੇਲੇ ਕੋਈ 10—12 ਲੱਖ ਆਦਮੀ ਮੱਧ ਪ੍ਰਦੇਸ਼, ਯੂ. ਪੀ. ਆਦਿ ਤੋਂ ਆਏ ਹੋਏ ਹਨ, ਉਨ੍ਹਾਂ ਦੀ ਵੀ ਮਰਦਮਸ਼ੁਮਾਰੀ ਹੋਣੀ ਹੈ । ਉਹ ਆਪਣੀ ਮਦਰ ਟੰਗ ਕਿਹੜੀ ਲਿਖਾਉਣਗੇ ? ਉਨ੍ਹਾਂ ਨੇ ਆਪਣੀ ਮਦਰ ਟੰਗ ਬੋਲਣੀ ਹੈ ਅਤੇ ਲਿਖਾਉਣੀ ਹੈ । (ਵਿਘਨ) ਇਸ ਲਈ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਗਲਤ ਐਲੀਗੇਸ਼ਨ ਲਗਾਇਆ ਹੈ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ)

Mr. Speaker: Please don't interrupt.

ਖੇਤੀਬਾੜੀ ਮੰਤਰੀ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਛੋਟੀ ਜਿਹੀ ਗੱਲ ਸੀ ਪਰ ਸਰਦਾਰ ਆਤਮਾ ਸਿੰਘ ਅਤੇ ਸਰਦਾਰ ਬਲਵੰਤ ਸਿੰਘ ਨੇ ਬੜੇ ਜ਼ੋਰ ਵਿਚ ਆ ਕੇ ਗੱਲਾਂ ਕੀਤੀਆ ਹਨ । ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬੀ, ਆਸਾਮ, ਮਹਾਰਾਸ਼ਟਰ ਅਤੇ ਰਾਜਿਸਥਾਨ ਵਿਚ ਬੈਠੇ ਹਨ, ਉਹ ਆਪਣੀ ਕੀ ਬੋਲੀ ਲਿਖਵਾਉਣਗੇ ? (ਵਿਘਨ) (ਸ਼ੋਰ)

ਸਰਦਾਰ ਬਲਵੰਤ ਸਿੰਘ : ਯਸ਼ ਜੀ ਆਪਣੀ ਮਾਂ ਬੋਲੀ ਕਿਉਂ ਨਹੀਂ ਦੱਸਦੇ ? (ਵਿਘਨ) (ਸ਼ੋਰ)

**Expunged as Ordered by the Chair.

ਕਾਮਰੇਡ ਰਾਜ਼ ਕੁਮਾਰ : ਸਪੀਕਰ ਸਾਹਿਬ, ਇਹ ਜਿਹੜੀ ਬਹਿਸ ਚੱਲ ਰਹੀ ਹੈ, ਇਹ ਕਿਥੋਂ ਤੱਕ ਸਾਡੇ ਮੁਲਕ ਲਈ ਅਤੇ ਕਿਥੋਂ ਤੱਕ ਸਾਡੀ ਭਾਸ਼ਾ ਲਈ ਫਾਇਦੇਮੰਦ ਹੈ, ਮੈਂ ਸਮਝਦਾ ਹਾਂ ਕਿ ਮਾਤ ਭਾਸ਼ਾ ਪੰਜਾਬ ਦੀ ਜੋ ਇਸ ਵੇਲੇ ਪੰਜਾਬੀ ਹੈ, ਇਸ ਵਿਚ ਮੱਤ ਭੇਦ ਨਹੀਂ ਹੈ । ਇਹ ਮਾਤ ਭਾਸ਼ਾ ਸਾਨੂੰ ਮਾਂ ਦੇ ਦੁੱਧ ਵਿਚੋਂ ਮਿਲੀ ਹੋਈ ਹੈ । ਜੇ ਕੋਈ ਹਿੰਦੀ ਨਾਲ ਪਰੇਮ ਰਖਦਾ ਹੈ ਤਾਂ ਇਹ ਰਾਸ਼ਟਰੀ ਭਾਸ਼ਾ ਹੈ । ਇਹ ਕਹਿਣਾ ਕਿ ਕਿਸੇ ਆਦਮੀ ਨੇ ਆਪਣੀ ਜ਼ਬਾਨ ਲਿਖਾਉਣ ਲੱਗੇ ਆਪਣੇ ਅਧਿਕਾਰ ਨੂੰ ਗਲਤ ਤੌਰ ਤੇ ਵਰਤਿਆ ਹੈ, ਸਪੀਕਰ ਸਾਹਿਬ, ਇਹ ਮਾਮਲਾ ਬੜਾ ਡੈਲੀਕੇਟ ਹੈ, ਜੇ ਅਸੀਂ ਇਸ ਮਾਮਲੇ ਵਿਚ ਪੈ ਗਏ ਤਾ ਠੀਕ ਨਹੀਂ ਹੋਵੇਗਾ । ਪੰਜਾਬ ਦੀ ਪੰਜਾਬੀ ਬੋਲੀ ਹੈ ਅਤੇ ਪੰਜਾਬੀ ਲੋਕ ਬਹੁਤ ਵੱਡੀ ਗਿਣਤੀ ਵਿਚ ਲਿਖਵਾ ਰਹੇ ਹਨ । ਲੇਕਿਨ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਨਾਲ ਤਣਾਓ ਪੈਦਾ ਹੋਵੇਗਾ । ਸੀ. ਐਮ. ਨੇ ਸਾਡੀ ਪਾਰਟੀ ਬਾਰੇ ਕੁੱਝ ਕਿਹਾ ਸੀ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਨੇ ਸਾਰੇ ਹਿੰਦੁਸਤਾਨ ਵਿਚ ਇਕ ਅਸੂਲ ਬਾਰੇ ਕਿਹਾ ਸੀ ਕਿ ਪਿੰਡ ਨੂੰ ਇਕਾਈ ਮੰਨ ਕੇ ਡਿਮਾਰਕੇਸ਼ਨ ਕਰੋ । ਅਗਰ ਪਿੰਡ ਨੂੰ ਇਕਾਈ ਮੰਨ ਕੇ ਇਥੇ ਵੀ ਇਸ ਤਰ੍ਹਾਂ ਕਰੋਗੇ (ਵਿਘਨ) ਕਾਂਗਰਸ ਪਾਰਟੀ ਅਤੇ ਅਕਾਲੀ ਪਾਰਟੀ ਨੇ ਸਮਝੌਤਾ ਕਰਕੇ ਇਥੇ ਇਸ ਕਿਸਮ ਦਾ ਸੂਬਾ ਬਣਾ ਲਿਆ ਕਿ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਚਲੇ ਗਏ । ਜੇ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ ਤਾਂ ਇਹ ਚੰਗੀ ਗੱਲ ਹੈ । ਮੈਂ ਕਹਾਂਗਾ ਕਿ ਜਿਹੜੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਚਲੇ ਗਏ ਹਨ, ਉਨ੍ਹਾਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਲਈ ਇਸ ਬਾਰੇ ਇਥੇ ਹਾਊਸ ਵਿਚ ਰੈਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ ਤਾਂ ਕਿ ਉਸ ਬਾਰੇ ਅਸੀਂ ਸੈਂਟਰਲ ਗੌਰਮਿੰਟ ਨੂੰ ਰਿਕਮੈਂਡ ਕਰੀਏ ਤਾਕਿ ਇਹ ਮਾਮਲਾ ਹਮੇਸ਼ਾਂ ਵਾਸਤੇ ਖਤਮ ਹੋ ਜਾਵੇ । (ਥਪਿੰਗ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ ।)

Mr. Speaker: I would not allow. Call-Attention Motions.

ਜਥੇਦਾਰ ਜੀਵਨ ਸਿੰਘ ਉਮਰਾਨੰਗਲ : ** **

ਸ੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਤੋਂ ਬਗਰ ਕਿਹਾ ਗਿਆ ਹੈ, ਇਹ ਰਿਕਾਰਡ ਨਾ ਕੀਤਾ ਜਾਵੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ । ਦੇਸ ਰਾਜ ਭਾਟੀਆ ਜਰਨਲਿਸਟ ਹੈ । (ਵਿਘਨ) ਉਸ ਨੇ ਕਿਹਾ ਹੈ ਕਿ ਮੇਰੇ ਤੇ ਹਮਲੇ ਹੋ ਰਹੇ ਹਨ । ਉਸ ਨੇ ਇਸ ਬਾਰੇ ਟੈਲੀਗਰਾਮ ਵੀ ਦਿੱਤੀ ਹੈ । (ਸ਼ੋਰ) ਇਹ ਟੈਲੀਗਰਾਮ ਮੈਂ ਸਦਨ ਦੀ ਟੇਬਲ ਤੇ ਰੱਖਦਾ ਹਾਂ 20 ਤਾਰੀਖ ਨੂੰ ਉਸ ਦੇ ਘਰ ਤੇ ਹਮਲਾ ਹੋਇਆ । ਉਸ ਨੂੰ ਜਾਨ ਮਾਲ ਦਾ ਖਤਰਾ ਹੈ ।

ਸ੍ਰੀ ਸਪੀਕਰ: ਤੁਸੀਂ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

ਸਰਦਾਰ ਦਲੀਪ ਸਿੰਘ ਪਾਂਧੀ : ** **

** Not recorded as ordered by the Chair.

Finance Minister: Speaker Sahib he is unnecessarily interrupting the proceedings of the House.

ਸਰਦਾਰ ਦਲੀਪ ਸਿੰਘ ਪਾਂਧੀ: ** **

ਸ੍ਰੀ ਸਪੀਕਰ: ਇਹ ਜੋ ਕੁੱਝ ਇਨ੍ਹਾਂ ਨੇ ਬਗੈਰ ਪਰਮਿਸ਼ਨ ਦੇ ਕਿਹਾ ਹੈ, ਇਹ ਐਕਸਪੰਜ ਕੀਤਾ ਜਾਂਦਾ ਹੈ । ਤੁਸੀਂ ਕਾਲ ਅਟੈਨਸ਼ਨ ਮੋਸ਼ਨ ਨੰ. 119 ਪੜ੍ਹੋ ।

CALL-ATTENTION NOTICES UNDER RULE 66

(ਕ੍ਰਮ ਨੰ: 119)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਕਈ ਦਿਨਾਂ ਤੋਂ ਪੈਟਰੋਲ ਦੀ ਸਖ਼ਤ ਘਾਟ ਰਾਜ 'ਚ ਆ ਗਈ ਹੈ । ਭਾਅ ਵਧਣ ਦੇ ਬਾਵਜੂਦ ਵੀ ਸਰਕਾਰ ਇਹ ਪ੍ਰਦਾਨ ਕਰਨ 'ਚ ਅਸਫਲ ਰਹੀ ਹੈ । ਲਗ ਭਗ ਸਾਰੇ ਪੰਪ ਸੁੱਕੇ ਹਨ ਤੇ ਨੇੜੇ ਸਮੇਂ 'ਚ ਸਪਲਾਈ ਆਉਣ ਦੀ ਉਮੀਦ ਨਹੀਂ । ਅਜਿਹਾ ਹੋਣ ਨਾਲ ਆਵਾਜਾਈ ਦਾ ਕੰਮ ਠੱਪ ਹੋ ਰਿਹਾ ਹੈ । ਕਾਰਾਂ ਅਤੇ ਸਕੂਟਰ ਪੰਪਾਂ ਤੇ ਲੰਬੀਆਂ ਕਤਾਰਾਂ 'ਚ ਖੜ੍ਹੇ ਦਿਖਾਈ ਦੇ ਰਹੇ ਹਨ । ਇਹ ਘਾਟ ਕਰਕੇ ਪਟਿਆਲਾ 'ਚ ਕਈ ਪੰਪ ਮਾਲਕਾਂ ਨੇ ਮਿਲਾਵਟ ਵੀ ਆਰੰਭ ਕਰ ਦਿੱਤੀ ਹੈ ਜਿਸ ਕਾਰਣ ਇੰਜਨ ਖਰਾਬ ਹੋਣ ਦਾ ਡਰ ਹੈ ਤੇ ਬਲੈਕ ਵੀ ਸ਼ੁਰੂ ਕਰ ਦਿੱਤੀ ਹੈ । ਘਾਟ ਕਰ ਕੇ ਰਾਜ ਭਰ ਵਿਚ ਹਾਹਾਕਾਰ ਮਚ ਗਿਆ ਹੈ । ਮੁੱਖ ਮੰਤਰੀ ਸ਼ੀਘਰ ਬਿਆਨ ਦੇਣ ।

Finance Minister (Doctor Kewal Krishan): There is no shortage of petrol in the State. However, in the 1st week of January, 1981 there was a slight shortage of this product in the State because of disruption in the supply line but the situation was immediatly brought under control by taking effective measures including bringing of additional petrol from depots situated outside the State. During the month of January, 1981, 755.5 kilolitres of the product was brought to the State from outside depots i. e. Hissar and Ambala. Presently there is no shortage of Petrol.

ਸਰਦਾਰ ਦਲੀਪ ਸਿੰਘ ਪਾਂਧੀ : ਇਸ ਗੱਲ ਦੇ ਮੱਦੇ ਨਜ਼ਰ ਕਿ ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ, ਤੁਹਾਨੂੰ ਜ਼ਿਲ੍ਹੇ ਦੇ ਬੰਦੇ ਮਿਲੇ ਹੋਣਗੇ ਕਿ ਦਸੰਬਰ ਅਤੇ ਜਨਵਰੀ ਦੇ ਮਹੀਨੇ ਵਿਚ ਪੈਟਰੋਲ ਨਹੀਂ ਮਿਲਿਆ । ਕੀ ਇਹ ਸਦਨ ਦੇ ਮੈਂਬਰਾਂ ਦੀ ਕਮੇਟੀ ਬਣਾਕੇ ਇਸ ਗੱਲ ਨੂੰ ਦੇਖਣਗੇ ਕਿ ਇਸ ਦੀ ਕਿੰਨੀ ਘਾਟ ਰਹੀ ਹੈ ਅਤੇ ਦਸੰਬਰ, ਜਨਵਰੀ ਦੇ ਮਹੀਨੇ ਵਿਚ ਜਿੰਨਾ ਸਾਡਾ ਕੋਟਾ ਆਉਣਾ ਚਾਹੀਦਾ ਸੀ, ਉਹ ਆਇਆ ਜਾਂ ਨਹੀਂ ਆਇਆ? ਇਸ ਦੀ ਘਾਟ ਆਉਣ ਵਾਲੇ ਸਮੇਂ ਵਿਚ ਮਹਿਸੂਸ ਹੋ ਰਹੀ ਹੈ । ਪੈਟਰੋਲ ਦੀ ਘਾਟ ਜ਼ਬਰਦਸਤ ਹੈ ਔਰ ਪੈਟਰੋਲ ਪੰਪਾਂ ਵਾਲੇ ਦੱਸ ਰਹੇ ਹਨ ਕਿ ਇਸ ਦੀ ਸ਼ਾਰਟ ਸਪਲਾਈ ਆਉਣੀ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਸੈਂਟਰਲ ਗੌਰਮਿੰਟ ਨਾਲ ਕੀ ਸਟੈਪਸ ਲਏ ਹਨ ਤਾਕਿ ਪੈਟਰੋਲ ਦੀ ਘਾਟ ਨਾ ਹੋਵੇ ? ਪੈਟਰੋਲ ਦੀ ਬਲੈਕ ਹੋ ਰਹੀ ਹੈ, ਇਸ ਦੀ ਸਟੋਰੇਜ ਹੋ ਰਹੀ ਹੈ, ਇਸ ਬਾਰੇ ਸਰਕਾਰ ਨੇ ਕੀ ਕਾਰਵਾਈ

**Expunged as ordered by the Chair.

ਕੀਤੀ ਹੈ ? ਪੈਟਰੋਲ ਪੰਪਾਂ ਵਾਲੇ ਕਹਿ ਰਹੇ ਹਨ ਕਿ ਪੈਟਰੋਲ ਦੀ ਸ਼ਾਰਟਜ ਆਉਣੀ ਹੈ, ਇਸ ਲਈ ਤੁਸੀਂ ਆਪਣਾ ਇੰਤਜ਼ਾਮ ਕਰ ਲਓ । ਇਸ ਮਸਲੇ ਨੂੰ ਨਜਿੱਠਣ ਲਈ ਸਰਕਾਰ ਕੀ ਸਟੈਪਸ ਲੈ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਕਿਸੇ ਵੇਲੇ ਅਸੈਂਸ਼ੀਅਲ ਕਮੋਡਿਟੀਜ਼ ਦੀ ਕਮੀ ਆਉਂਦੀ ਹੈ । ਪੈਟਰੋਲ ਪੰਜਾਬ ਵਿਚ ਪੈਦਾ ਨਹੀਂ ਹੁੰਦਾ, ਸਪਲਾਈ ਲਾਈਨ ਵਿਚ ਕਮੀ ਆਉਣ ਕਰਕੇ ਇਸ ਤਰ੍ਹਾਂ ਹੁੰਦਾ ਹੈ । ਪਰ ਪੰਜਾਬ ਸਰਕਾਰ ਨੇ ਇਹ ਕਮੀ ਨਹੀਂ ਚੱਲਣ ਦੇਣੀ । ਮੈਂ ਪਹਿਲਾਂ ਹੀ ਦੱਸਿਆ ਹੈ ਕਿ 755.5 ਕਿਲੋ ਲਿਟਰ ਪੈਟਰੋਲ ਨਾਲ ਦੀ ਸਟੇਟ ਤੋਂ ਹਿਸਾਰ ਅਤੇ ਅੰਬਾਲਾ ਡਿਪੂਆਂ ਤੋਂ ਲੈ ਕੇ ਪੰਜਾਬ ਵਿਚ ਪੈਟਰੋਲ ਦੀ ਕਮੀ ਨੂੰ ਦੂਰ ਕੀਤਾ ਹੈ । ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਪੈਟਰੋਲ ਦੀ ਕਮੀ ਜ਼ਰੂਰ ਪੂਰੀ ਕੀਤੀ ਜਾਵੇਗੀ । ਜਿਥੋਂ ਤੱਕ ਪੈਟਰੋਲ ਪੰਪਾਂ ਤੇ ਬਲੈਕ ਦਾ ਸਬੰਧ ਹੈ, ਉਸ ਦੇ ਬਾਰੇ ਪੰਜਾਬ ਸਰਕਾਰ ਨੇ ਪਹਿਲਾਂ ਵੀ ਕਦਮ ਚੁਕੇ ਹਨ ਅਤੇ ਹੁਣ ਵੀ ਉਸ ਦੇ ਉਤੇ ਪੂਰੀ ਨਜ਼ਰ ਰੱਖੀ ਹੋਈ ਹੈ । ਕਿਸੇ ਵੀ ਪੈਟਰੋਲ ਪੰਪ ਤੇ ਪੈਟਰੋਲ ਦੀ ਬਲੈਕ ਨਹੀਂ ਹੋਣ ਦਿਤੀ ਜਾਵੇਗੀ ।

(ਕ੍ਰਮ ਨੰ: 123)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਕਈ ਦਿਨਾਂ ਤੋਂ ਰਾਜ ਭਰ ਵਿਚ ਡੰਗਰਾਂ / ਪਸ਼ੂਆਂ 'ਚ ਖ਼ਤਰਨਾਕ ਕਿਸਮ ਦੀ ਬਿਮਾਰੀ, ਜਿਸ ਨਾਲ ਮੂੰਹ ਤੇ ਖੁਰ ਤੇ ਅਸਰ ਹੁੰਦਾ ਹੈ, ਫੈਲ ਗਈ ਹੈ । ਪਸ਼ੂ ਉੱਕਾ ਤੁਰ ਨਹੀਂ ਸਕਦਾ ਤੇ ਨਾ ਹੀ ਕੁਝ ਖਾ ਸਕਦਾ ਹੈ । ਇਹ ਲਾਗ ਦੀ ਬਿਮਾਰੀ ਹੈ । ਪਰੰਤੂ ਅਫਸੋਸ ਹੈ ਕਿ ਇਸ ਭੈੜੀ ਬਿਮਾਰੀ ਦੇ ਬਚਾਓ ਲਈ ਹਸਪਤਾਲਾਂ / ਡਿਸਪੈਂਸਰੀਆਂ 'ਚ ਉੱਕਾ ਹੀ ਦਵਾਈ ਨਹੀਂ ਹੈ । ਬਹੁਤ ਸਾਰੇ ਪਸ਼ੂ ਮਰ ਗਏ ਹਨ ਤੇ ਭਾਰੀ ਸੰਖਿਆ 'ਚ ਪੀੜਤ ਹਨ । ਪੰਜਾਬ ਰਾਜ 'ਚ ਇਨ੍ਹਾਂ ਪਸ਼ੂਆਂ ਦੀ ਘਾਟ ਹੈ ਤੇ ਦੂਜੇ ਪਿਛਲੇ ਮਹੀਨਿਆਂ 'ਚ ਗੜੇ ਤੇ ਮੀਂਹ ਨਾਲ ਚਾਰੇ ਦਾ ਚੋਖਾ ਨੁਕਸਾਨ ਹੋਇਆ ਹੈ । ਇਸ ਬਿਮਾਰੀ ਦੀਆਂ ਦਵਾਈਆਂ ਲੋਕਾਂ ਨੂੰ ਬਜ਼ਾਰੋਂ ਮਹਿੰਗੇ ਭਾਅ ਤੇ ਖਰੀਦ ਕੇ ਇਲਾਜ ਮਜਬੂਰਨ ਕਰਾਉਣਾ ਪੈ ਰਿਹਾ ਹੈ । ਕਿਉਂਕਿ ਇਸ ਦਵਾਈ ਦੀ ਅਚਾਨਕ ਲੋੜ ਪੈਣ ਨਾਲ ਘਾਟ ਪੈ ਗਈ ਹੈ ਤੇ ਬਲੈਕ ਤੇ ਵਿਕ ਰਹੀ ਹੈ । ਪਸ਼ੂ ਪਾਲਕ ਪਰੇਸ਼ਾਨ ਤੇ ਚਿੰਤਾਵਾਨ ਹਨ । ਬਿਮਾਰੀ ਕਾਰਣ ਦੁਧ ਉਤਪਾਦਨ ਵੀ ਘਟ ਗਿਆ ਹੈ । ਪਸ਼ੂ ਪਾਲਣ ਮੰਤਰੀ ਤੁਰਤ ਬਿਆਨ ਦੇਣ ।

ਵਿਕਾਸ ਮੰਤਰੀ (ਸਰਦਾਰ ਸਤੋਖ ਸਿੰਘ ਰੰਧਾਵਾ) : ਸਪੀਕਰ ਸਾਹਿਬ, ਰਾਜ ਵਿਚ ਕੋਈ ਗੰਭੀਰ ਮੂੰਹ ਖੁਰ ਦੀ ਬਿਮਾਰੀ ਫੈਲੀ ਹੋਈ ਨਹੀਂ ਹੈ । ਇਕਾ ਦੁਕਾ ਕੇਸ ਹਨ ਜਿਨ੍ਹਾਂ ਦਾ ਵੈਟਰਨਰੀ ਹਸਪਤਾਲਾਂ/ਡਿਸਪੈਂਸਰੀਆਂ ਵਿਚ ਇਲਾਜ ਕੀਤਾ ਜਾ ਰਿਹਾ ਹੈ । ਵਿਭਾਗ ਵਿਚ ਇਸ ਬਿਮਾਰੀ ਨਾਲ ਮਰੇ ਪਸ਼ੂਆਂ ਦੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ ।

ਫੁਟ ਅਤੇ ਮਾਊਥ ਡਿਸੀਜ਼ ਦੀ ਰੋਕਥਾਮ ਲਈ ਵੈਟਰਨਰੀ ਹਸਪਤਾਲਾਂ/ਡਿਸਪੈਂਸਰੀਆਂ ਵਿਚ ਲੱਗੇ ਹੋਏ ਅਮਲੇ ਦੁਆਰਾ ਪ੍ਰੋਫੀਲੈਕਟਿਕ ਵੈਕਸੀਨੇਸ਼ਨ ਕੀਤਾ ਜਾਂਦਾ ਹੈ । ਰਾਜ ਦੇ ਵੈਟਰਨਰੀ ਹਸਪਤਾਲਾਂ/ਡਿਸਪੈਂਸਰੀਆਂ ਵਿਚ ਵੈਕਸੀਨ ਦੀ ਸਪਲਾਈ ਹੋ ਚੁਕੀ ਹੈ ਅਤੇ ਵੈਕਸੀਨ

[ਵਿਕਾਸ ਮੰਤਰੀ]

ਕੀਤਾ ਜਾ ਰਿਹਾ ਹੈ। ਚਾਲੂ ਮਾਲੀ ਸਾਲ 1980-81 ਵਿਚ ਫੁਟ ਅਤੇ ਮਾਊਥ ਡਿਜ਼ੀਜ਼ ਵੈਕਸੀਨ ਦੀ ਖਰੀਦ ਲਈ 15 ਲੱਖ ਰੁਪਏ ਦਾ ਉਪਬੰਧ ਕੀਤਾ ਹੋਇਆ ਹੈ।

ਇਸ ਵਿਭਾਗ ਦੇ ਨੋਟਿਸ ਵਿਚ ਇਹ ਨਹੀਂ ਆਇਆ ਹੈ ਕਿ ਫੁੱਟ ਅਤੇ ਮਾਊਥ ਦੀ ਬਿਮਾਰੀ ਦਾ ਇਲਾਜ ਕਰਨ ਲਈ ਦਵਾਈਆਂ ਦੀ ਥੁੜ ਹੈ ਅਤੇ ਉਹ ਕੇਵਲ ਬਲਕ ਮਾਰਕੀਟ ਵਿਚ ਹੀ ਉਪਲੱਬਧ ਹੈ। ਫੀਲਡ ਸਟਾਫ ਦੁਆਰਾ ਪ੍ਰੋਫੀਲੈਕਟਿਕ ਵੈਕਸੀਨੇਸ਼ਨ ਕਰਨ ਤੋਂ ਇਲਾਵਾ ਵੀ ਫੁੱਟ ਅਤੇ ਮਾਊਥ ਬਿਮਾਰੀ ਦਾ ਆਮ ਇਲਾਜ ਵੈਟਰਨਰੀ ਹਸਪਤਾਲਾਂ/ ਡਿਸਪੈਂਸਰੀਆਂ ਵਿਚ ਕੀਤਾ ਜਾਂਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਨ੍ਹਾਂ ਨੇ ਮਹਿਕਮੇ ਦਾ ਜੋ ਜਵਾਬ ਆਇਆ ਹੈ ਉਹ ਪੜ੍ਹ ਕੇ ਸੁਣਾ ਦਿੱਤਾ ਹੈ ਮਗਰ ਇਹ ਜਵਾਬ ਗਲਤ ਹੈ। ਐਂਟੀ ਬਾਇਟਿਕ 30 ਰੁਪਏ ਜਾਂ 40 ਰੁਪਏ ਦੀ ਸ਼ੀਸ਼ੀ ਬਜ਼ਾਰ ਵਿਚੋਂ ਮਿਲ ਰਹੀ ਹੈ। ਜਿਸ ਤਰ੍ਹਾਂ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਪਹਿਲਾਂ ਦੱਸਿਆ ਸੀ ਕਿ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਵੀ ਇਹ ਬਿਮਾਰੀ ਹੈ ਮੇਰੇ ਜ਼ਿਲੇ ਪਟਿਆਲੇ ਵਿਚ ਵੀ ਇਹ ਬੜੀ ਬਿਮਾਰੀ ਹੈ ਔਰ ਮੇਰਾ ਪ੍ਰਸਨਲ ਤਜਰਬਾ ਹੈ ਕਿ ਇਹ ਦਵਾਈ ਮਿਲ ਨਹੀਂ ਰਹੀ। ਸਰਕਾਰ ਇਸ ਮਾਮਲੇ ਦੀ ਮੁੜ ਕੇ ਪੜਤਾਲ ਕਰੇ। ਇਸ ਵੇਲੇ ਦਵਾਈ ਮਿਲ ਨਹੀਂ ਰਹੀ ਔਰ ਬਲੈਕ ਵਿਚ ਮਿਲ ਰਹੀ ਹੈ। ਇਨ੍ਹਾਂ ਦੇ ਮਹਿਕਮੇ ਨੇ ਗ਼ਲਤ ਇਨਫਰਮੇਸ਼ਨ ਦਿੱਤੀ ਹੈ। ਦਵਾਈ ਬਜ਼ਾਰ ਵਿਚ ਮਿਲ ਨਹੀਂ ਰਹੀ, ਅਵੇਲੇਬਲ ਨਹੀਂ ਹੈ। ਇਸ ਦੇ ਲਈ ਬੇਸ਼ਕ ਤੁਸੀਂ ਸਦਨ ਦੇ ਮੈਂਬਰਾਂ ਦੀ ਕੋਈ ਕਮੇਟੀ ਬਣਾ ਦਿਓ ਜਿਹੜੀ ਜਾ ਕੇ ਮੌਕੇ ਤੇ ਦੇਖ ਲਏ। ਕੋਈ ਪਿੰਡ ਦੇਖ ਲਓ, ਕੋਈ ਸ਼ਹਿਰ ਦੇਖ ਲਓ, ਜ਼ਿਲ੍ਹਾ ਦੇਖ ਲਓ, ਕੋਈ ਕਿਧਰੇ ਦਵਾਈ ਮਿਲ ਨਹੀਂ ਰਹੀ ਔਰ ਪਸ਼ੂ ਜਿਹੜੇ ਹਨ ਉਹ ਬੜੇ ਭਾਰੀ ਸ਼ਿਕਾਰ ਹੋ ਰਹੇ ਹਨ। ਮੇਰੇ ਨਾਲ ਪ੍ਰਸਨਲ ਵਾਕਿਆ ਹੋਇਆ ਹੈ, ਮੈਨੂੰ ਪਸ਼ੂਆਂ ਵਾਸਤੇ ਸਾਰੇ ਪਟਿਆਲੇ ਵਿਚ ਕਿਧਰੇ ਕੋਈ ਦਵਾਈ ਨਹੀਂ ਮਿਲੀ, ਪਸ਼ੂ ਘਾਹ ਨਹੀਂ ਖਾ ਸਕਦੇ ਅਤੇ ਤੁਰ ਨਹੀਂ ਸਕਦੇ। ਇਸ ਲਈ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਦਵਾਈ ਮਿਲ ਨਹੀਂ ਰਹੀ ਕੀ ਉਹ ਇਸ ਗੱਲ ਦੀ ਦੁਬਾਰਾ ਕੋਈ ਪੜਤਾਲ ਕਰਾਉਣਗੇ ਕਿਉਂਕਿ ਪਹਿਲਾਂ ਮਹਿਕਮੇ ਵਲੋਂ ਗਲਤ ਜਵਾਬ ਆਇਆ ਹੈ ਔਰ ਜਿਹੜੀ ਦਵਾਈ ਅਵੇਲੇਬਲ ਨਹੀਂ ਹੈ, ਇਸ ਦਾ ਕੋਈ ਇੰਤਜ਼ਾਮ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਜਦੋਂ ਵੀ ਕੋਈ ਕੁਐਸਚਨ ਕਰਦੇ ਹਨ ਜਾਂ ਕਾਲ ਅਟੈਨਸ਼ਨ ਮੋਸ਼ਨ ਦਿੰਦੇ ਹਨ ਤਾਂ ਬੜੀ ਗੰਭੀਰਤਾ ਨਾਲ ਉਸ ਦਾ ਇਜ਼ਹਾਰ ਕਰਦੇ ਹਨ . ਕਿ ਬਹੁਤ ਕੁੱਝ ਹੋ ਗਿਆ ਹੈ। ਮੈਂ ਇਨ੍ਹਾਂ ਨੂੰ ਅਰਜ਼ ਕਰਾਂਗਾ ਕਿ ਉਹ ਗੱਲ ਨੂੰ ਵਧਾ ਚੜ੍ਹਾਂ ਕੇ ਨਾ ਦੱਸਿਆ ਕਰਨ। ਮੈਂ ਅਰਜ਼ ਕਰਾਂਗਾ ਕਿ ਸਾਡੇ ਡੀ.ਐਚ. ਓ. ਹਨ ਉਨ੍ਹਾਂ ਪਾਸ ਹਰ ਟਾਈਮ ਜਦੋਂ ਵੀ ਕਿਸੇ ਜਗ੍ਹਾ ਤੋਂ ਕੋਈ ਡਾਕਟਰ ਵਲੋਂ ਇਨਫਰਮੇਸ਼ਨ ਆਵੇ ਉਥੇ ਵੈਕਸੀਨ ਉਪਲੱਬਧ ਰੱਖਦੇ ਹਾਂ। ਡਿਸਟ੍ਰਿਕਟ ਲੈਵਲ ਤੇ ਵੀ ਤੇ ਸਾਰੇ ਵੈਟਰਨਰੀ ਹਸਪਤਾਲਾਂ ਔਰ ਡਿਸਪੈਂਸਰੀਆਂ ਵਿਚ ਵੈਕਸੀਨ ਸਪਲਾਈ ਹੋ ਚੁਕੀ ਹੈ ਅਤੇ ਵੈਕਸੀਨੇਸ਼ਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਫੁਟ ਅਤੇ ਮਾਊਥ ਡਿਜ਼ੀਜ਼ ਵੈਕਸੀਨ ਦੀ ਖਰੀਦ ਲਈ 15 ਲੱਖ ਰੁਪਏ ਦਾ ਉਪਬੰਧ ਕੀਤਾ ਹੋਇਆ ਹੈ। (ਵਿਘਨ) ਜਿਸ ਤਰ੍ਹਾਂ ਵੈਦ ਕਰਤਾਰ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਸੀ ਅਤੇ ਮੈਂ ਵੀ ਕਿਹਾ ਸੀ ਕਿ 5 ਰੁਪਏ 25 ਪੈਸੇ

ਦੀ ਹੈ ਅੌਰ ਜਿਸਦਾ ਪਸ਼ੂ ਬੀਮਾਰ ਹੋਵੇ ਉਸ ਨੂੰ 2 ਰੁਪਏ 65 ਪੈਸੇ ਦੇਣੇ ਪੈਂਦੇ ਹਨ ਪਰ ਮੈਂ ਕੱਲ ਹੀ ਫੈਸਲਾ ਕਰ ਦਿੱਤਾ ਸੀ ਕਿ ਹੁਣ ਉਸ ਨੂੰ 2 ਰੁਪਏ 65 ਪੈਸੇ ਦੀ ਬਜਾਏ ਸਿਰਫ 1 ਰੁਪਿਆ ਦੇਣਾ ਪਵੇਗਾ। ਇਸ ਦੇ ਨਾਲ ਹੀ ਮੈ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 25 ਲੱਖ ਰੁਪਿਆ ਅਸੀਂ ਕੈਟਲਫੇਅਰ ਫਡ ਵਿਚੋਂ ਵੀ ਰੱਖਿਆ ਹੈ। ਇਸ ਕਰਕੇ ਮੈਂ ਪਾਂਧੀ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਇਤਨੀ ਵੱਡੀ ਗੱਲ ਬਣਾ ਕੇ ਨਾ ਕਰਿਆ ਕਰਨ (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਪ੍ਰਸਨਲੀ ਇਨਵਾਲਵਡ ਹਾਂ। ਇਸ ਲਈ ਮੈਂ ਤਾਂ ਪ੍ਰਸਨਲੀ ਗੱਲ ਕੀਤੀ ਹੈ। ਮੈਨੂੰ ਸਾਰੇ ਪਟਿਆਲੇ ਵਿਚ ਕਿਧਰੇ ਦਵਾਈ ਨਹੀਂ ਮਿਲੀ। (ਵਿਘਨ)

ਮੰਤਰੀ : ਸਪੀਕਰ ਸਾਹਿਬ, ਅਸੀਂ ਕਰਾਸ ਬਰੀਡਿੰਗ ਦਾ ਜੋ ਪ੍ਰੋਗਰਾਮ ਚਲਾਇਆ ਹੈ ਉਸ ਦੇ ਵਿਚ ਸਾਨੂੰ ਪਤਾ ਹੈ ਕਿ ਇਹ ਬਿਮਾਰੀ ਜਿਹੜੀ ਹੈ ਇਹ ਜ਼ਿਆਦਾ ਲਗਦੀ ਹੈ। ਇਸ ਲਈ ਅਸੀਂ ਇਸਦੇ ਲਈ ਵੱਧ ਤੋਂ ਵੱਧ ਪੈਸਾ ਰੱਖਿਆ ਹੈ। ਅਸੀਂ ਇਸ ਚਾਲੂ ਮਾਲੀ ਸਾਲ ਲਈ 15 ਲੱਖ ਰੁਪਿਆ ਰਖਿਆ ਹੈ। (ਵਿਘਨ) ਮੈਂ ਪਾਂਧੀ ਸਾਹਿਬ ਨਾਲ, ਸਪੀਕਰ ਸਾਹਿਬ, ਬਹਿਸ ਵਿਚ ਨਹੀਂ ਪੈਂਦਾ, ਜਿਥੇ ਵੀ ਕੋਈ ਕਮੀ ਹੋਵੇਗੀ ਉਥੇ ਪੂਰੀ ਕਰਾਂਗੇ। (ਥੰਪਿੰਗ) ਨਾਲ ਹੀ ਆਸ ਕਰਦਾ ਹਾਂ ਕਿ ਪਾਂਧੀ ਸਾਹਿਬ ਆਇੰਦਾ ਵਾਸਤੇ ਮਨ ਘੜ੍ਹਤ ਗੱਲਾਂ ਇਥੇ ਨਹੀਂ ਕਰਿਆ ਕਰਨਗੇ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਰ, ਮੈਂ ਤਾਂ ਪ੍ਰਸਨਲ ਮਾਮਲਾ ਦੱਸਿਆ ਹੈ। (ਵਿਘਨ)

LEGISLATIVE BUSINESS

RESOLUTION UNDER ARTICLE 213 (2) (a) OF THE CONSTITUTION OF INDIA DISAPPROVING THE PUNJAB PASSENGERS AND GOODS TAXATION AMENDMENT) ORDINANCE, 1980 (PUNJAB ORDINANCE NO. 1 OF 1980)

AND

THE PUNJAB PASSENGERS AND GOODS TAXATION (AMENDMENT) BILL 1981

ਸ੍ਰੀ ਸਪੀਕਰ : ਪਾਂਧੀ ਸਾਹਿਬ, ਹੁਣ ਤੁਸੀਂ ਮੋਸ਼ਨ ਮੂਵ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : Sir, I beg to move 'ਕਿ ਇਹ ਸਦਨ ਪੰਜਾਬ ਮੁਸਾਫਰ ਅਤੇ ਸਮਾਨ ਤੇ ਕਰ (ਸੋਧਨਾ) ਆਰਡੀਨੈਂਸ, 1980 (1981 ਦਾ ਪੰਜਾਬ ਆਰਡੀਨੈਂਸ ਨੰਬਰ 1 ਨੂੰ ਅਪ੍ਰਵਾਨ ਕਰਦਾ ਹੈ।

Mr. Speaker: Motion moved—

That this House disapproves the Punjab Passengers and Goods Taxation (Amendment) Ordinance, 1980/Punjab Ordinance No. 1 of 1981)

Finance Minister (Dr. Kewal Krishan) Sir, I beg to introduce the Punjab Passengers and Goods Taxation (Amendment) Bill.

Sir, I also beg to move—

That the Punjab Passengers and Goods Taxation (Amendment) Bill be taken in to consideration at once.

Mr. Speaker: Motion moved—

That the Punjab Passengers and Goods Taxation (Amendment) Bill be taken into consideration at once.

The practice in the past has been that the resolution disapproving the Ordinance and the Bill seeking replacement of the Ordinance are discussed together though voting takes place on each item separately. If the House agrees, the resolution disapproving the Ordinance and the Bill be discussed together.

(Voices: Yes, Yes,)

Mr. Speaker: Booh these motions will be discussed together.

ਸਾਡੇ ਪਾਸ ਟਾਈਮ ਬਹੁਤ ਥੋੜ੍ਹਾ ਹੈ, ਹਰ ਬਿਲ ਲਈ 25 ਮਿੰਟ ਹਨ, ਮੈਂ ਇਸ ਲਈ 25-25 ਮਿੰਟ ਵਿਚ ਹੀ ਖਤਮ ਕਰਨਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.) ਸਰ, ਮੈਂ ਅਰਜ਼ ਕਰਦਾ ਹਾਂ ਕਿ ਇਹ ਜੋ ਆਰਡੀਨੈਂਸ ਲਿਆਂਦਾ ਹੈ ਕੱਲ੍ਹ ਮੇਰੇ ਤੋਂ ਗ਼ਲਤੀ ਹੋ ਗਈ ਸੀ, ਇਹ ਛੇ ਹਫਤੇ ਦਾ ਸਮਾਂ ਹੈ । ਸਪੀਕਰ ਸਾਹਿਬ, ਪੰਜਾਬ ਦੀ ਟਰਾਂਸਪੋਰਟ ਬਿਲਕੁਲ ਫੇਲ੍ਹ ਹੋ ਗਈ ਹੈ । ਤੁਹਾਡੇ ਹੁਕਮ ਨਾਲ ਕਮੇਟੀਆਂ ਬਣ ਗਈਆਂ ਹਨ ਔਰ ਉਨ੍ਹਾਂ ਕਮੇਟੀਆਂ ਦੀ ਰਿਪੋਰਟ ਵੀ ਤੁਸੀਂ ਪੜ੍ਹੀ ਹੈ । ਇਸ ਦੀ ਰਿਪੋਰਟ ਹੈ ਕਿ ਪੀ. ਆਰ. ਟੀ. ਸੀ. ਜੋ ਪਬਲਿਕ ਅਦਾਰਾ ਹੈ, ਇਹ ਬਿਲਕੁਲ ਫੇਲ੍ਹ ਹੋ ਗਿਆ ਹੈ ਔਰ ਇਸ ਦੇ ਵਿਚ ਬਹੁਤ ਘਾਟਾ ਹੈ ਔਰ ਇਸ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ । ਅਫਸੋਸ ਇਸ ਗੱਲ ਦਾ ਵੀ ਹੈ ਕਿ ਨਾਨ ਆਫਿਸ਼ਅਲ ਰੈਜ਼ੋਲਿਊਸ਼ਨ ਨੈਸ਼ਨੇਲਾਈਜ਼ੇਸ਼ਨ ਦਾ ਆ ਗਿਆ ਹੈ ਔਰ ਉਸ ਦੇ ਸਿਰ ਤੇ ਰੈਲੀ ਦੇ ਨਾਮ ਤੇ 15 ਲੱਖ ਰੁਪਿਆ ਪੰਜਾਬ ਦੇ ਟਰਾਂਸਪੋਰਟਰਾਂ ਤੋਂ ਇਕੱਠਾ ਕਰ ਲਿਆ । (ਵਿਘਨ)

10.48 ਸਵੇਰੇ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖਿਆ ਹੈ ਕਿ ਰੈਲੀ ਵਾਸਤੇ ਟਰੱਕਾਂ ਅਤੇ ਬੱਸਾਂ ਨੂੰ ਨਜਾਇਜ਼ ਤੌਰ ਤੇ ਵਰਤਿਆ ਗਿਆ ਔਰ ਉਨ੍ਹਾਂ ਦੀ ਦੁਰਵਰਤੋਂ ਕੀਤੀ ਗਈ । ਇਸ ਤਰ੍ਹਾਂ ਕਰਨ ਨਾਲ ਡੀਜ਼ਲ ਅਤੇ ਪੈਟਰੋਲ ਦੀ ਜੋ ਅੱਗੇ ਹੀ ਘਾਟ ਹੈ ਉਸ ਦੇ ਵਿਚ ਹੋਰ ਜ਼ਿਆਦਾ ਘਾਟ ਹੋਈ । ਇਥੋਂ ਤੱਕ ਕਿ ਫਗਵਾੜੇ ਦੇ ਨੇੜੇ 2 ਬੰਦਿਆਂ ਦੀ ਮੌਤ ਵੀ ਹੋ ਗਈ । ਪੀ. ਆਰ. ਟੀ. ਸੀ. ਦੀਆਂ ਬੱਸਾਂ ਰੈਲੀ ਵਿਚ ਗਈਆ ਅਤੇ ਉਸ ਦੀ ਇਸ ਦੌਰਾਨ ਕੋਈ ਆਮਦਨੀ ਨਹੀਂ ਹੋਈ । ਇਸ ਤਰ੍ਹਾਂ ਉਸ ਨੂੰ ਘਾਟਾ ਪਿਆ ਹੈ । ਫਿਰ ਐਕਸੀਡੈਂਟਸ ਇਤਨੇ ਹੁੰਦੇ ਹਨ ਅਤੇ ਉਨ੍ਹਾਂ ਤੇ ਕੋਈ ਚੈਕ ਨਹੀਂ । ਡਿਪਟੀ ਸਪੀਕਰ ਸਾਹਿਬ, ਤੁਸੀਂ ਪਿਛੇ ਜਿਹੇ ਪੜ੍ਹਿਆ ਹੋਣਾ ਹੈ ਕਿ ਬੱਸ ਦੇ ਇਤਨੇ ਐਕਸੀਡੈਂਟਸ ਹੁੰਦੇ ਹਨ, ਪਰ ਉਨ੍ਹਾਂ ਤੇ ਕੋਈ ਚੈਕ ਨਹੀਂ । ਇਸ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ । ਫਿਰ ਟਰਾਂਸਪੋਰਟ ਵਿਚ ਘਾਟੇ ਦਾ ਇਹ ਵੀ ਕਾਰਨ ਹੈ ਕਿ ਬਹੁਤ ਸਾਰੇ ਬੰਦੇ ਬੱਸਾਂ ਵਿਚ ਮੁਫਤ ਸਫਰ ਕਰਦੇ ਹਨ ਖਾਸ ਤੌਰ

ਤੇ ਪੁਲਿਸ ਦੇ ਬੰਦੇ ਔਰ ਐਕਸਾਈਜ਼ ਐਂਡ - ਟੈਕਸੇਸ਼ਨ ਡਿਪਾਰਟਮੈਂਟ ਦੇ ਬੰਦੇ ਮੁਫਤ ਸਫਰ ਕਰਦੇ ਹਨ । ਇਸੇ ਤਰ੍ਹਾਂ ਹੋਰ ਵੀ ਕਈ ਮਹਿਕਮੇ ਹਨ ਪਰ ਕਮੇਟੀ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਧਾਇਕ ਔਰ ਪੱਤਰਕਾਰ ਜੋ ਹਨ, ਉਹ ਮੁਫਤ ਸਫਰ ਕਰਦੇ ਹਨ ਇਸ ਕਰਕੇ ਘਾਟੇ ਦਾ ਕਾਰਨ ਹੈ। ਤੁਸੀਂ ਡਿਪਟੀ ਸਪੀਕਰ ਸਾਹਿਬ ਦੇਖਿਆ ਹੋਣਾ ਹੈ ਕਿ ਚੈਕਿੰਗ ਦਾ ਕੋਈ ਸਿਸਟਮ ਨਹੀਂ । ਪਿਛਲੀ ਸਰਕਾਰ ਵੇਲੇ ਡੀ.ਐਸ.ਪੀ ਚੈਕਿੰਗ ਕਰਦਾ ਸੀ, ਪਰ ਹੁਣ ਫਿਰ ਮੰਥਲੀਆਂ ਬੰਨ੍ਹੀਆਂ ਗਈਆ ਹਨ । ਪੁਲਿਸ ਅਫਸਰਾਂ ਨੂੰ ਬਿਲਕੁਲ ਸਮਾਂ ਨਹੀਂ ਕਿ ਉਹ ਬੱਸਾਂ ਦੀ ਚੈਕਿੱਗ ਕਰ ਸਕਣ । ਔਰ ਉਨ੍ਹਾਂ ਨੂੰ ਐਕਸੀਡੈਂਟਸ ਤੋਂ ਰੋਕ ਸਕੀਏ, ਇਸ ਕਰਕੇ ਹੀ ਹਾਦਸੇ ਹੁੰਦੇ ਹਨ । ਖੰਨੇ ਦੇ ਵਿਚ ਇਕ ਵਕੀਲ ਹੈ, ਸ਼੍ਰੀ ਸੁਰਿੰਦਰ ਕੁਮਾਰ ਖੰਨਾ, ਉਸ ਦੇ ਘਰ ਤੇ ਹਮਲਾ ਹੋਇਆ ਪਰ ਪੁਲਿਸ ਵਿਚ ਰਿਪੋਰਟ ਦਰਜ ਤੱਕ ਨਹੀਂ ਕੀਤੀ ਗਈ । ਉਥੇ ਦੇ ਥਾਣੇਦਾਰ ਨੂੰ ਪਹਿਲਾਂ ਬਦਲਿਆ ਗਿਆ ਸੀ ਪਰ ਪਿਛਲੇ ਦਿਨਾਂ ਵਿਚ ਫਿਰ ਉਹ ਵਾਪਸ ਆ ਗਿਆ । ਪਟਿਆਲਾ ਦਾ ਇਕ ਲੜਕਾ ਸ਼ੈਲਿੰਦਰ ਸਿੰਘ ਹੈ ਜੋ ਕਿ ਪਿਛਲੇ ਦਿਨਾਂ ਤੋਂ ਗ਼ਾਇਬ ਹੈ, ਉਸ ਦਾ ਕੋਈ ਪਤਾ ਨਹੀਂ (ਵਿਘਨ) ਪੁਲਿਸ ਵਾਲੇ ਚਾਹੁੰਦੇ ਹਨ ਬੱਸ ਸਿਰਫ ਉਨ੍ਹਾਂ ਦੀ ਸੇਵਾ ਹੀ ਕੀਤੀ ਜਾਵੇ । ਉਹ ਹਮੇਸ਼ਾ ਅਧਿਕਾਰਾਂ ਦੀ ਦੁਰਵਰਤੋਂ ਕਰਦੇ ਰਹਿੰਦੇ ਹਨ । ਉਹ ਇਨ੍ਹਾਂ ਦੀ ਸੇਵਾ ਕਰਦੇ ਰਹਿੰਦੇ ਹਨ ਔਰ ਇਨ੍ਹਾਂ ਨੇ ਉਨ੍ਹਾਂ ਨੂੰ ਖੁਲ੍ਹੀ ਛੁਟੀ ਦੇ ਰੱਖੀ ਹੈ ।

ਗੁਡਜ਼ ਟਰਾਂਸਪੋਰਟ ਵਿਚ ਵੀ ਮਨਾਪਲੀ ਹੋ ਗਈ ਹੈ । ਜੰਮੂ ਕਸ਼ਮੀਰ ਦੀ ਤਰ੍ਹਾਂ ਇਥੇ ਵੀ ਇਸ ਦੀ ਨੈਸ਼ਨੇਲਾਈਜ਼ੇਸ਼ਨ ਕਰੋ । ਗੋਬਿੰਦਗੜ੍ਹ ਵਿਚ 10 ਹਜ਼ਾਰ ਦੇ ਕਰੀਬ ਟਰੱਕ ਹਨ ਅਤੇ ਸੜਕ ਤੋਂ ਕੋਈ ਲੰਘ ਨਹੀਂ ਸਕਦਾ । ਉਹ ਨੈਸ਼ਨਲ ਹਾਈ ਵੇ ਹੈ । ਉਥੇ ਕੋਈ ਅੱਡੇ ਦਾ ਪ੍ਰਬੰਧ ਨਹੀ । ਜਿਹੜੇ ਮੁਲਾਜ਼ਮ ਹਨ ਉਨ੍ਹਾਂ ਲਈ ਨਾ ਕੋਈ ਰੈਸਟ ਰੂਮ ਹੈ ਅਤੇ ਨਾ ਕੋਈ ਰੈਸਟ ਹਾਉਸ ਹੀ ਬਣਿਆ ਹੋਇਆ ਹੈ, ਉਹ ਵਿਚਾਰੇ ਕਦੇ ਕਿਤੇ ਜਾਂਦੇ ਹਨ ਤੇ ਕਦੇ ਕਿਤੇ ਜਾਂਦੇ ਹਨ । ਅੱਗੇ ਬੱਸਾਂ ਦਾ ਕਿਰਾਇਆ 43% ਵਧਾਇਆ ਹੈ ਅਤੇ ਪੰਜਾਬ ਦੇ ਲੋਕਾਂ ਤੇ ਬਹੁਤ ਬੜਾ ਬੋਝ ਹੈ । ਇਸਦੇ ਲਈ ਜਿਹੜੀ ਕਮੇਟੀ ਬਣਾਈ ਸੀ, ਉਸ ਦੀ ਰਿਪੋਰਟ ਸ਼ਾਇਦ ਅੱਜ ਆ ਜਾਏ । ਇਸ ਦੇ ਬਾਵਜੂਦ ਵੀ ਲੋਕ ਹਾਲੇ ਤੱਕ ਬੱਸਾਂ ਵਿਚ ਠੀਕ ਤਰ੍ਹਾਂ ਸਫਰ ਨਹੀਂ ਕਰ ਸਕਦੇ । ਸਾਰੀਆਂ ਸਰਦੀਆਂ ਨਿਕਲ ਗਈਆਂ ਪਿੰਡਾਂ ਦੇ ਲੋਕ ਵਿਚਾਰੇ ਬਸਾਂ ਦੀਆਂ ਛੱਤਾਂ ਤੇ ਸਫਰ ਕਰਦੇ ਰਹੇ ਅਤੇ ਕੋਈ ਬੱਸ ਸਰਵਿਸ ਵਿਚ ਸੁਧਾਰ ਨਹੀਂ ਕੀਤਾ ਗਿਆ । ਪਿੰਡਾਂ ਵਿਚ ਤਾਂ ਬੱਸਾਂ ਜਾਂਦੀਆਂ ਹੀ ਨਹੀਂ ਕਿਉਂਕਿ ਸੜਕਾਂ ਟੁੱਟੀਆ ਪਈਆਂ ਹਨ, ਉਨ੍ਹਾਂ ਦਾ ਬਹੁਤ ਬੁਰਾ ਹਾਲ ਹੈ । ਇਹ ਕਹਿੰਦੇ ਹਨ ਕਿ ਬਿਟੂਮੈਨ ਨਹੀਂ ਹੈ । ਸਾਡੀ ਪਿਛਲੀ ਸਰਕਾਰ ਵੇਲੇ ਦੀ ਇਕ ਤਜ਼ਵੀਜ਼ ਸੀ ਕਿ ਪਿੰਡਾਂ ਵਿਚ ਮਿਨੀ ਬਸਾਂ ਚਲਾਉਣੀਆਂ ਹਨ ਔਰ ਉਨ੍ਹਾਂ ਦੇ ਰੂਟ ਪਰਮਿਟ ਸ਼ਡਿਊਲਡ ਕਾਸਟਸ ਨੂੰ ਅਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਦੇਣੇ ਹਨ । ਉਹ ਤਜ਼ਵੀਜ਼ ਇਨ੍ਹਾਂ ਨੇ ਖ਼ਤਮ ਕਰ ਦਿੱਤੀ । ਇਹ ਸਰਕਾਰ ਲੋਕਾਂ ਨੂੰ ਬੱਸਾਂ ਨਹੀਂ ਦੇ ਸਕੀ ਔਰ ਨਾ ਹੀ ਇਹ ਨੈਸ਼ਨੇਲਾਈਜ਼ ਕਰ ਸਕੇ ਹਨ । ਕਰੋੜਾਂ ਰੁਪਏ ਬੱਸਾਂ ਵਾਲਿਆਂ ਤੋਂ ਰੈਲੀ ਲਈ ਇਕੱਠੇ ਕੀਤੇ ਗਏ ਔਰ ਸ਼ਰਾਬ ਦੇ ਠੇਕੇਦਾਰਾਂ ਤੋਂ 20 ਲੱਖ ਰੁਪਿਆ ਇਕੱਠਾ ਕੀਤਾ ਗਿਆ, ਇਸ ਲਈ ਉਨ੍ਹਾਂ ਨੂੰ ਤਾਂ ਕੋਈ ਕੁਝ ਨਹੀਂ ਕਹਿੰਦਾ ਔਰ ਜੇਕਰ ਕੋਈ ਪੀ ਲਵੇ ਤਾਂ ਉਸ ਨੂੰ ਪੂਹੀ ਫਿਰਦੇ ਹਨ । ਜਿੰਨੀ ਦੁਰਵਰਤੋਂ ਕੀਤੀ ਜਾ ਸਕਦੀ ਸੀ ਰੈਲੀ

[ਸਰਦਾਰ ਦਲੀਪ ਸਿੰਘ ਪਾਂਧੀ]

ਦੇ ਦੌਰਾਨ ਕੀਤੀ ਗਈ । ਡੀ.ਸੀ., ਸੈਕਟਰੀਆਂ ਅਤੇ ਡੀ.ਟੀ.ਓ. ਦੇ ਰਾਹੀਂ ਬੜਾ ਪੈਸਾ ਇਕੱਠਾ ਕੀਤਾ ਗਿਆ । ਕਾਂਗਰਸੀ ਵਰਕਰਾਂ ਨੇ ਬੜੀ ਗੁੰਡਾ ਗਰਦੀ ਕੀਤੀ । ਕਿਸ ਤਰ੍ਹਾਂ ਜਲੰਧਰ ਵਿਚ ਲੁਟ ਕੀਤੀ ਗਈ, ਲੋਕਾਂ ਦਾ ਸਾਰਾ ਸਾਮਾਨ ਲੁਟ ਲਿਆ ਗਿਆ ਔਰ ਉਨ੍ਹਾਂ ਨਾਲ ਬੜੀ ਭਾਰੀ ਜ਼ਿਆਦਤੀ ਹੋਈ, ਪੁਛਦਾ ਤੱਕ ਕੋਈ ਨਹੀਂ । ਮੈਂ ਅਰਜ਼ ਕਰਦਾ ਹਾਂ ਕਿ ਟਰਾਂਸਪੋਰਟ ਨੂੰ ਕਾਬੂ ਵਿਚ ਕਰਨਾ ਚਾਹੀਦਾ ਹੈ, ਲੋਕਾਂ ਨੂੰ ਠੀਕ ਬੱਸਾਂ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ ਤਾਂਕਿ ਲੋਕ ਬੱਸਾਂ ਵਿਚ ਸਫ਼ਰ ਕਰ ਸਕਣ । ਜਿਹੜੀ ਗੁਡਜ਼ ਟਰਾਂਸਪੋਰਟ ਹੈ, ਉਸ ਦੇ ਜਿਹੜੇ ਨੈਸ਼ਨਲ ਪਰਮਿਟਸ ਹਨ ਉਹ ਦੇਣ ਲਈ ਬੜਾ ਰੌਲਾ ਪੈ ਰਿਹਾ ਹੈ ਔਰ 50, 50/60, 60 ਹਜ਼ਾਰ ਰੁਪਏ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਪਰ ਅਜੇ ਤੱਕ ਦਿੱਤਾ ਕੋਈ ਵੀ ਨਹੀਂ ਜਿਹੜਾ ਸਾਡੇ ਪੰਜਾਬ ਦਾ ਟਰਾਂਸਪੋਰਟ ਸਿਸਟਮ ਹੈ ਇਹ ਬੜਾ ਨਾਕਾਰਾ ਹੋ ਗਿਆ ਹੈ, ਅੱਜੇ 60 : 40 ਦੀ ਰੇਸ਼ੋ ਵੀ ਪੂਰੀ ਨਹੀਂ ਹੈ । ਇਸ ਤੋਂ ਇਲਾਵਾ ਜਿਹੜੇ ਲਾਭਵੰਦ ਰੂਟਸ ਹਨ, ਉਹ ਸਾਰੇ ਪ੍ਰਾਈਵੇਟਾਂ ਪਾਰਟੀਆਂ ਨੂੰ ਦਿੱਤੇ ਜਾਂਦੇ ਹਨ । ਪੈਸੰਜ਼ਰ ਟੈਕਸ ਹੈ, ਜਿਹੜਾ ਕਿ ਪ੍ਰਾਈਵੇਟ ਕੰਪਨੀਆਂ ਤੋਂ ਵਸੂਲਣ ਯੋਗ ਹੈ, ਉਹ ਨਹੀਂ ਵਸੂਲਿਆ ਜਾ ਰਿਹਾ ਕਿਉਂਕਿ ਉਨ੍ਹਾਂ ਦੇ ਮਾਲਕ ਰੂਲਿੰਗ ਪਾਰਟੀ ਵਾਲਿਆਂ ਦੇ ਨੇੜੇ ਹਨ ਅਤੇ ਜ਼ੋਰ ਵਾਲੇ ਹਨ । ਪੰਜਾਬ ਰੋਡਵੇਜ਼ ਘਾਟੇ ਵਿਚ ਹੈ । ਮੈਂ ਕਹਿੰਦਾ ਹਾਂ ਕਿ ਰੋਡਵੇਜ਼ ਨੂੰ ਠੀਕ ਤਰ੍ਹਾਂ ਚਲਾਉਣ ਲਈ ਸਦਨ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਈ ਜਾਵੇ ਤਾਂ ਕਿ ਇੰਤਜ਼ਾਮ ਠੀਕ ਹੋ ਸਕੇ । ਕੋਈ ਚੈਕਿੰਗ ਨਹੀਂ, ਕੋਈ ਕੁਝ ਨਹੀਂ । ਮੈਂ ਅਰਜ਼ ਕਰਾਂਗਾ ਕਿ ਇਸ ਬਿਲ ਨੂੰ ਪਾਸ ਨਾ ਕੀਤਾ ਜਾਵੇ ਅਤੇ ਇਸ ਨੂੰ ਸਿਲੈਕਟ ਕਮੇਟੀ ਨੂੰ ਭੇਜੋ ਤਾਂ ਕਿ ਅਸੀਂ ਉਥੇ ਇਸ ਤੇ ਖੁਲ ਕੇ ਆਪਣੇ ਵਿਚਾਰ ਦੇ ਸਕੀਏ । ਇਹ ਪੀ. ਆਰ. ਟੀ.ਸੀ. ਇਕ ਵਾਈਟ ਐਲੀਫੈਂਟ ਹੈ, ਇਹ ਪ੍ਰਾਪਰ ਸਰਵਿਸ ਨਹੀਂ ਦੇ ਰਹੀ ਹੈ । ਇਸ ਵਿਚ ਕੋਈ ਬੰਦਾ ਸਫ਼ਰ ਕਰਨ ਨੂੰ ਤਿਆਰ ਨਹੀਂ, ਉਸ ਦੀ ਕੋਈ ਸੇਫ਼ਟੀ ਨਹੀਂ । ਪੈਸੰਜਰ ਨੂੰ ਡਰ ਲੱਗਾ ਰਹਿੰਦਾ ਹੈ ਕਿ ਆਇਆ ਉਹ ਆਪਣੇ ਡੈਸਟੀਨੇਸ਼ਨ ਤੇ ਪਹੁੰਚ ਜਾਵੇਗਾ, ਕਿਉਂਕਿ ਉਨ੍ਹਾਂ ਦਾ ਕੋਈ ਭਰੋਸਾ ਨਹੀਂ ਕਿ ਕਿਥੇ ਰੁਕ ਜਾਵੇ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਨੂੰ ਹੁਣ ਪਾਸ ਕਰਨ ਦੀ ਬਜਾਏ ਸਿਲੈਕਟ ਕਮੇਟੀ ਵਿਚ ਭੇਜ ਦਿੱਤਾ ਜਾਏ ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ । ਇਸ ਬਿਲ ਵਿਚ ਦੋ ਗੱਲਾਂ ਵਿਸ਼ੇਸ਼ ਤੌਰ ਤੇ ਕਰਨ ਦਾ ਐਲਾਨ ਕੀਤਾ ਗਿਆ ਹੈ । ਇਕ ਤਾਂ ਇਹ ਕਿ 20 ਹਜ਼ਾਰ ਰੁਪਏ ਦੀ ਹੱਦ ਨੂੰ ਵਧਾ ਕੇ 35 ਹਜ਼ਾਰ ਰੁਪਿਆ ਕੀਤਾ ਜਾਏ । (ਵਿਘਨ)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਬਿਲ ਪੜ੍ਹ ਲੈਣ, ਇਹ ਪੈਸਜਰ ਟੈਕਸ ਦੇ ਮੁਤਅੱਲਕ ਹੈ. . . .(ਵਿਘਨ)

ਪ੍ਰੋਫੈਸਰ ਬਲਵੰਤ ਸਿੰਘ : ਠੀਕ ਹੈ, ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਇਸ ਬਿਲ ਦਾ ਤੁਅੱਲਕ ਹੈ ਮੈਂ ਕਹਿੰਦਾ ਹਾਂ ਕਿ ਇਸ ਦਾ ਇਲਾਜ ਇਹ ਨਹੀਂ ਹੈ । ਇਸ ਦਾ ਇਲਾਜ ਤਾਂ ਸਰਕਾਰੀਕਰਨ ਹੈ । ਜੇਕਰ ਬੱਸਾਂ ਦਾ ਪੂਰਾ ਸਰਕਾਰੀਕਰਨ ਕਰੀਏ ਤਾਂ ਹੀ ਇਸ ਦਾ ਇਲਾਜ ਹੋ ਸਕਦਾ ਹੈ । ਪਰ ਇਹ ਸਰਕਾਰੀਕਰਨ ਨਹੀਂ ਕਰਨਾ ਚਾਹੁੰਦੇ ਕਿਉਂਕਿ

ਜਿਹੜੀ ਵੀ ਪਾਰਟੀ ਸਮੇਂ ਸਮੇਂ ਸਿਰ ਸੱਤਾ ਵਿਚ ਰਹੀ ਹੈ, ਉਸ ਨੂੰ ਇਨ੍ਹਾਂ ਵੱਲੋਂ ਫੰਡਜ਼ ਮਿਲਦੇ ਰਹਿੰਦੇ ਹਨ । ਪਿਛਲੇ ਸਮੇਂ ਰੈਲੀ ਲਈ ਬਹੁਤ ਮਾਤਰਾ ਵਿਚ ਫੰਡ ਇਕੱਠਾ ਕੀਤਾ ਗਿਆ ਹੈ; ਜਿਸ ਦੀ ਤਫਸੀਲ ਵੀ ਅਵੇਲੇਬਲ ਹੈ ਕਿ ਕਿਸ ਤਰ੍ਹਾਂ ਦਬਕਿਆਂ ਨਾਲ ਇਨ੍ਹਾਂ ਨੇ ਫੰਡਜ਼ ਇਕੱਠੇ ਕੀਤੇ ! ਜਿਹੜੇ ਵੱਡੇ ਅਫਸਰ ਹਨ ਉਨ੍ਹਾਂ ਦੀਆਂ ਡਿਊਟੀਆਂ ਲੱਗੀਆਂ ਹੋਈਆਂ ਸਨ ਅਤੇ ਉਨ੍ਹਾਂ ਨੇ ਲੱਖਾਂ ਰੁਪਿਆ ਇਕੱਠਾ ਕਰਕੇ ਦਿੱਤਾ । ਇਹ ਵੀ ਕੀ ਕਰਨ ! ਇਨ੍ਹਾਂ ਨੇ ਉਪਰ ਵਾਲਿਆਂ ਨੂੰ ਖੁਸ਼ ਕਰਨਾ ਸੀ । ਇਹ ਗੁਡਜ਼ ਟੈਕਸ ਵਿਚ ਵਾਧਾ ਕਰਨਾ ਚਾਹੁੰਦੇ ਹਨ ਔਰ ਕਿਹਾ ਕਿ ਪੈਸੰਜਰ ਟੈਕਸ ਵਿਚ ਇਸ ਕਰਕੇ ਵਾਧਾ ਕਰਨਾ ਹੈ ਤਾਂ ਕਿ ਆਮਦਨੀ ਵਿਚ ਵਾਧਾ ਹੋ ਸਕੇ । ਮੈਂ ਇਕ ਪ੍ਰਸ਼ਨ ਵਿਚ ਪੁੱਛਿਆ ਸੀ ਕਿ ਜਿਹੜੀ 60:40 ਦੀ ਰੇਸ਼ੋ ਹੈ, ਕੀ ਪੈਸੰਜਰਜ਼ ਦੀ ਰਿਟਰਨ ਵੀ ਉਸ ਤਰ੍ਹਾਂ ਹੈ ? ਜਵਾਬ ਆਇਆ ਨਹੀਂ । ਜਿਹੜੀ ਇਤਨੀ ਨਾ-ਅਹਿਲ ਸਰਕਾਰ ਹੋਵੇ ਔਰ 60:40 ਦੀ ਰੇਸ਼ੋ ਪੂਰੀ ਨਾ ਕਰ ਸਕੇ ਤਾਂ ਉਸ ਦਾ ਕੀ ਇਲਾਜ ਕੀਤਾ ਜਾ ਸਕਦਾ ਹੈ । ਇਹ ਤਾਂ ਪੁਲੀਟੀਕਲ ਵਰਕਰਾਂ ਤੇ 107/51 ਦੇ ਕੇਸ ਬਣਾਉਂਦੇ ਰਹਿੰਦੇ ਹਨ ਜਾਂ ਫਿਰ ਉਨ੍ਹਾਂ ਤੇ ਨੈਸ਼ਨਲ ਸਿਕਿਉਰਟੀ ਐਕਟ ਲਾਗੂ ਕਰ ਸਕਦੇ ਹਨ, ਪਰ ਟੈਕਸ ਦੀ ਚੋਰੀ ਨਹੀਂ ਪਕੜ ਸਕਦੇ । ਇਸ ਤੋਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿੰਨਾ ਦਿਵਾਲੀਆਪਨ ਹੈ ਸਰਕਾਰ ਦਾ । ਇਹ ਸਰਕਾਰ ਟੈਕਸ ਉਗਰਾਹਣ ਵਿਚ ਬਿਲਕੁਲ ਅਸਫਲ ਰਹੀ ਹੈ । ਇਨ੍ਹਾਂ ਦੇ ਟੈਕਸ ਦੀ ਉਗਰਾਹੀ ਤੀਜਾ ਹਿੱਸਾ ਤੱਕ ਨਹੀਂ ਹੋਈ ਔਰ ਉਤਨਾ ਹੀ ਹੁਣ ਉਸ ਤੇ ਖ਼ਰਚਾ ਆ ਜਾਣਾ ਹੈ । ਇਹ ਚੀਜ਼ ਆਪਣੇ ਆਪ ਵਿਚ ਮੰਗ ਕਰਦੀ ਹੈ ਕਿ ਜਿਸ ਟੈਕਸ ਤੇ ਇਕ ਤਿਹਾਈ ਖਰਚਾ ਆ ਜਾਵੇ, ਉਹ ਟੈਕਸ ਛੱਡ ਦੇਣਾ ਚਾਹੀਦਾ ਹੈ । ਮੈਂ ਇਹ ਕਹਿੰਦਾ ਹਾਂ ਕਿ ਇਹ ਟੈਕਸ ਛੱਡਿਆ ਨਹੀਂ ਜਾਣਾ ਚਾਹੀਦਾ ਬਲਕਿ ਜਿਹੜੀਆਂ ਚੋਰ ਮੋਰੀਆਂ ਰੱਖੀਆਂ ਹੋਈਆਂ ਹਨ, ਉਨ੍ਹਾਂ ਨੂੰ ਬੰਦ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ, ਬੇਸ਼ਕ ਇਨ੍ਹਾਂ ਦੇ ਚਹੇਤੀਆਂ ਨੂੰ ਨੁਕਸਾਨ ਹੋਵੇ । ਓਹ ਗੁੱਸੇ ਹੋਣਗੇ, ਪਰ ਇਨ੍ਹਾਂ ਨੂੰ ਸੰਕੋਚ ਤੋਂ ਕੰਮ ਨਾ ਲੈਂਦੇ ਹੋਏ ਪੂਰੀ ਦਲੇਰੀ ਨਾਲ ਜਿਹੜੀ 60:40 ਰੇਸ਼ੋ ਹੈ, ਸਰਕਾਰ ਉਸ ਵਿਚ ਆਪਣਾ ਪੂਰਾ ਹਿੱਸਾ ਪਾਵੇ । ਡਿਪਟੀ ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਵੀ ਮੈਂ ਪ੍ਰਸ਼ਨ ਕੀਤਾ ਸੀ ਕਿ ਜਿਹੜੀ ਗੱਡੀ 10 ਟਨ ਭਾਰ ਚੁੱਕਦੀ ਹੈ, ਉਨ੍ਹਾਂ ਲਈ ਵੀ ਓਹੀ ਟੈਕਸ, ਜਿਹੜੀ 10 ਕੁਇੰਟਲ ਵਾਲੀ ਹੈ, ਉਸ ਦੇ ਲਈ ਵੀ ਉਨਾਂ ਟੈਕਸ। ਜਿਹੜੀ ਪੁਰਾਣੀ ਗੱਡੀ ਹੈ ਔਰ ਜਿਹੜੀ ਹੁਣ ਨਵੀਂ ਫੋਰਡ ਆਈ ਦੋਹਾਂ ਲਈ ਇਕੋ ਟੈਕਸ ਹੈ। ਇਸ ਦੇ ਇਲਾਵਾ ਚਾਹੇ ਕੋਈ ਛੋਟਾ ਗਟ੍ਹਾ ਹੈ ਜਾਂ ਵੱਡੀਆਂ ਗੱਡੀਆਂ ਹਨ, ਉਨ੍ਹਾਂ ਤੇ ਟੈਕਸ ਇਨ੍ਹਾਂ ਨੇ ਇਕ ਸਾਰ ਕੀਤਾ ਹੋਇਆ ਹੈ । ਬਕਾਇਦਾ ਤੌਰ ਤੇ ਉਨ੍ਹਾਂ ਦੀ ਭਾਰ ਢੋਹਣ ਦੀ ਕਪੈਸਟੀ ਦੇ ਮੁਤਾਬਿਕ ਇਹ ਲੱਗਣਾ ਚਾਹੀਦਾ ਹੈ ਡਿਪਟੀ ਸਪੀਕਰ ਸਾਹਿਬ, ਇਸ ਦਾ ਅਸਲੀ ਇਲਾਜ ਇਹ ਹੈ ਕਿ ਇਸ ਦਾ ਸਰਕਾਰੀਕਰਨ ਕੀਤਾ ਜਾਵੇ । ਇਸ ਦੇ ਦੋ ਲਾਭ ਹੋਣਗੇ । ਇਕ ਤਾਂ ਜਿਹੜੀ ਸਪੇਅਰ ਪਾਰਟਸ ਵਿਚ ਹੇਰਾ ਫੇਰੀ ਹੁੰਦੀ ਹੈ, ਜਿਵੇਂ ਪੁਰਾਣੇ ਟਾਇਰ ਲੈ ਕੇ ਨਵੇਂ ਟਾਇਰ ਪ੍ਰਾਈਵੇਟ ਓਪਰੇਟਰਜ਼ ਨੂੰ ਵੇਚ ਦਿੱਤੇ ਜਾਂਦੇ ਹਨ । ਹੋਰ ਵੀ ਬੜੇ ਇੰਪਾਰਟੈਂਟ ਪੁਰਜ਼ੇ ਹੇਰਾ ਫੇਰੀ ਨਾਲ ਦੇ ਦਿੱਤੇ ਜਾਂਦੇ ਹਨ। ਜਿਹੜਾ ਸਰਕਾਰੀਕਰਨ ਦਾ ਰੈਜ਼ੋਲਿਉਸ਼ਨ ਇਥੇ ਪਾਸ ਹੋਇਆ ਹੈ, ਉਸ ਨੂੰ ਬਿਲ ਦਾ ਰੂਪ ਦੇ ਕੇ ਇਥੇ ਲਿਆਂਦਾ ਜਾਵੇ ਤਾਂ ਕਿ ਲੋਕਾਂ ਦੇ ਮਸਲੇ ਹੱਲ ਹੋ ਸਕਣ ।

ਕਾਮਰੇਡ ਸੱਧਾਰ ਸਿੰਘ (ਨਿਹਾਲ ਸਿੰਘ ਵਾਲਾ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਤੇ ਦੋ ਚਾਰ ਮਿੰਟ ਬੋਲਣਾ ਹੈ । ਸਰਕਾਰ ਇਸ ਪਾਸੇ ਧਿਆਨ ਦੇਵੇ ਕਿ ਸਾਡਾ ਪੈਸੰਜਰ ਕਿਤਨੀ ਤਕਲੀਫ ਵਿਚ ਹੈ ਅਤੇ ਜਿਹੜਾ ਪੈਸੰਜਰ ਟੈਕਸ ਹੈ ਉਸ ਵਿਚ ਕਿਤਨੀ ਹੇਰਾ ਫੇਰੀ ਹੋ ਰਹੀ ਹੈ ਮੇਰਾ ਖਿਆਲ ਹੈ ਕਿ ਉਤੇ ਤੋਂ ਲੈ ਕੇ ਥੱਲੇ ਤੱਕ ਇਸ ਬਾਰੇ ਕੁਝ ਨਹੀਂ ਕੀਤਾ ਜਾ ਰਿਹਾ । ਬੱਸਾਂ ਦੀਆਂ ਬਾਡੀਆਂ ਬਣਾਉਣ ਦਾ ਕਾਰਖਾਨਾ ਪੰਜਾਬ ਵਿਚ ਲਗਾਉਣਾ ਚਾਹੀਦਾ ਹੈ ਤਾਂ ਕਿ ਮੈਨੇਜਮੈਂਟ ਦੇ ਜਿਹੜੇ ਅਫਸਰ ਹਨ, ਉਨ੍ਹਾਂ ਨੂੰ ਬਾਹਰੋਂ ਬਣਵਾ ਕੇ ਪੈਸਾ ਖਾਣ ਦਾ ਮੌਕਾ ਨਾ ਮਿਲੇ । ਉਹ ਬਾਡੀਆਂ ਪੰਜਾਬ ਵਿਚ ਹੀ ਬਣਨ । ਇਸ ਤਰ੍ਹਾਂ ਲੱਖਾਂ ਰੁਪਿਆਂ ਦਾ ਲਾਭ ਸਾਨੂੰ ਹੋ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਹੜੇ ਡਰਾਈਵਰ ਅਤੇ ਕੰਡਕਟਰ ਲੱਗੇ ਹਨ ਚਾਹੇ ਉਹ ਮੇਰੀ ਸਿਫਾਰਸ਼ ਦੇ ਨਾਲ ਲੱਗੇ ਹਨ ਜਾਂ ਚੌਧਰੀ ਜਗਤ ਰਾਮ ਦੀ ਸਿਫਾਰਸ਼ ਨਾਲ ਲੱਗੇ ਹਨ, ਪਰ ਉਨ੍ਹਾਂ ਨੇ ਮਾਹੌਲ ਹੀ ਬਿਲਕੁਲ ਬਦਲ ਦਿੱਤਾ ਹੈ । ਉਨਾਂ ਨੂੰ ਕਿਹਾ ਜਾਂਦਾ ਹੈ ਕਿ ਪੈਸੇ ਕਮਾਓ ਅਤੇ ਕਮਾ ਕੇ ਸਾਨੂੰ ਦਿਓ । ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ । ਇਕ ਬੱਸ ਵਿਚ ਸਵਾਰੀਆਂ ਹੇਠਾਂ ਤੋਂ ਉਪਰ ਤੱਕ ਭਰੀਆਂ ਹੋਈਆਂ ਸਨ । ਮੂਹਰਿਉਂ ਚੈਕਿੰਗ ਵਾਲੇ ਮਿਲ ਗਏ । ਉਨ੍ਹਾਂ ਨੇ ਕੰਡਕਟਰ ਨੂੰ ਪੁੱਛਿਆ ਕਿ ਕਿਤਨੀਆਂ ਟਿਕਟਾਂ ਕੱਟੀਆਂ ਹਨ ਤਾਂ ਉਸ ਨੇ ਜਵਾਬ ਦਿੱਤਾ ਕਿ ਆਪ ਵੇਖ ਲਓ । ਸਾਰੀ ਬੱਸ ਵਿਚ ਇਕ ਵੀ ਟਿਕਟ ਨਹੀਂ ਸੀ ਕੱਟੀ ਗਈ । ਚਲੋ ਇਸ ਕੇਸ ਵਿਚ ਜੋ ਕਾਰਵਾਈ ਹੋਣੀ ਸੀ, ਉਹ ਤਾਂ ਸ਼ੁਰੂ ਹੋ ਗਈ । ਪਰ ਇਹ ਸਭ ਕੁਝ ਸਾਡੇ ਲਿਹਾਜ਼ੀ ਰਵੱਈਏ ਕਾਰਣ ਹੋ ਰਿਹਾ ਹੈ । ਪੈਸੰਜਰ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ, ਚਾਹੇ ਉਹ ਸਾਡੀ ਅੰਨ੍ਹੀ ਮਾਂ ਹੈ ਅਤੇ ਚਾਹੇ ਉਹ ਸਾਡਾ ਬਜ਼ੁਰਗ ਪਿਓ ਹੈ । ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਸਹੂਲਤ ਦਿੱਤੀ ਜਾਵੇ । ਪਰ ਹਰ ਪਾਸੇ ਆਪਣੀਆਂ ਜੇਬਾਂ ਭਰਨ ਦਾ ਸਿਲਸਿਲਾ ਚੱਲ ਰਿਹਾ ਹੈ । ਅੱਜ ਪੈਸਾ ਹੀ ਪ੍ਰਧਾਨ ਹੋ ਗਿਆ ਹੈ । ਹੋਰ ਕੋਈ ਗੱਲ ਕਿਸੇ ਦੇ ਦਿਮਾਗ ਵਿਚ ਨਹੀਂ ਆਉਂਦੀ । ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਬੇਨਤੀ ਕਰਾਂਗਾ ਕਿ ਸਾਡੇ ਮੈਨੇਜਮੈਂਟ ਦੇ ਜਿਹੜੇ ਅਫਸਰ ਹਨ ਉਨ੍ਹਾਂ ਨੂੰ ਆਪਣੇ ਫਰਜ਼ ਪਛਾਨਣੇ ਚਾਹੀਦੇ ਹਨ ਇਸੇ ਤਰ੍ਹਾਂ ਜਿਹੜੇ ਮੁਤੱਲਕਾ ਮਨਿਸਟਰ ਹਨ ਉਨ੍ਹਾਂ ਨੂੰ ਵੀ ਆਪਣੇ ਫਰਜ਼ ਪਛਾਨਣੇ ਚਾਹੀਦੇ ਹਨ ਤਾਂ ਕਿ ਪੰਜਾਬ ਵਿਚ ਆਵਾਜਾਈ ਦੀ ਹਾਲਤ ਸੁਧਰੇ ਅਤੇ ਚੰਗੀ ਹੋਵੇ । ਡਿਪਟੀ ਸਪੀਕਰ ਸਾਹਿਬ, ਜੇ ਮੈਂ ਇਹ ਕਹਾਂ ਕਿ ਇਸ ਮਹਿਕਮੇ ਵਿਚ ਸਾਰੇ ਆਦਮੀ ਸਿਫਾਰਸ਼ਾਂ ਪਵਾ ਪਵਾ ਕੇ ਲਗਦੇ ਹਨ ਤਾਂ ਗਲਤ ਨਹੀਂ ਹੋਵੇਗੀ । ਤੁਸੀਂ ਇਸ ਗੱਲ ਦੀ ਪੜਤਾਲ ਕਰਵਾ ਲਓ ਕਿ ਕਿਸੇ ਦਿਨ ਵਿਚ ਸੁਬਾਹ ਤੋਂ ਸ਼ਾਮ ਤੱਕ ਕਿਤਨੇ ਕੇਸਾਂ ਵਿਚ ਚੈਕਿੰਗ ਹੋਈ ਅਤੇ ਕਿਤਨੇ ਕੇਸ ਦਰਜ ਹੋਏ ਤਾਂ ਤੁਸੀਂ ਆਪ ਹੀ ਇਸਦਾ ਅੰਦਾਜ਼ਾ ਲਗਾ ਲਵੋਗੇ । ਉਥੇ ਮੁਲਾਜ਼ਮਾਂ ਨੇ ਇਹ ਹਾਲ ਕੀਤਾ ਹੋਇਆ ਹੈ ਕਿ 10 ਤੋਂ ਲੈ ਕੇ 50 ਰੁਪਏ ਦੇ ਕੇ ਸਾਰਾ ਮਾਮਲਾ ਠਪ ਹੋ ਜਾਂਦਾ ਹੈ । ਇਸ ਤਰ੍ਹਾਂ ਦੇ ਕੰਮ ਹੋ ਰਹੇ ਹਨ । ਇਸ ਤਰ੍ਹਾਂ ਨਾ ਤਾਂ ਕੁਰੱਪਸ਼ਨ ਰੁਕਣੀ ਹੈ ਅਤੇ ਨਾ ਹੀ ਪੈਸੰਜਰ ਨੂੰ ਕੋਈ ਸਹੂਲਤ ਮਿਲਣੀ ਹੈ (ਘੰਟੀ) ਅੱਜ ਬਹੁਤ ਥਾਵਾਂ ਤੇ ਐਕਸੀਡੈਂਟ ਹੋ ਜਾਂਦੇ ਹਨ । ਕੱਲ੍ਹ ਮੈਨੂੰ ਪਤਾ ਲੱਗਾ ਹੈ ਕਿ ਇਕ ਟਰੱਕ ਦਾ ਐਕਸੀਡੈਂਟ ਹੋਇਆ ਹੈ । ਜਿਹੜੇ ਆਦਮੀ ਬੇਹੋਸ਼ ਹੋ ਗਏ ਉਨ੍ਹਾਂ ਦੀਆਂ ਘੜੀਆਂ ਲਾਹ ਲਈਆਂ ਗਈਆਂ ਅਤੇ ਉਨ੍ਹਾਂ ਦੀਆਂ ਜੇਬਾਂ ਵਿਚੋਂ ਪੈਸੇ ਕੱਢ ਲਏ ਗਏ । ਉਹ ਆਦਮੀ ਟਰੱਕ ਵਿਚ ਪੰਜ ਗਰਾਈਂਆਂ ਜਾ ਰਹੇ ਸਨ । ਇਸ ਤਰ੍ਹਾਂ ਨਾਲ ਜਿਹੜੇ ਆਦਮੀ ਐਕਸੀਡੈਂਟ ਨਾਲ ਜ਼ਖਮੀ ਹੋ ਜਾਂਦੇ ਹਨ ਉਨ੍ਹਾਂ ਦੀ ਹਿਫਾਜ਼ਤ ਨਹੀਂ ਹੁੰਦੀ । ਪਿਛੇ ਜਿਹੇ ਫਰੀਦਕੋਟ ਕੋਲ

ਐਕਸੀਡੈਂਟ ਹੋ ਗਿਆ ਸੀ । ਇਕ ਪਾਸੇ ਤਾਂ ਸਾਡਾ ਫਰਜ਼ ਹੈ ਕਿ ਪੈਸੰਜਰਜ਼ ਨੂੰ ਜੋ ਜ਼ਖਮੀ ਹਨ, ਉਨ੍ਹਾਂ ਨੂੰ ਇਮਦਾਦ ਦੇਣੀ ਹੈ ਅਤੇ ਹਸਪਤਾਲ ਵਿਚ ਦਾਖਲ ਕਰਵਾਉਣਾ ਹੈ । ਜਿਨ੍ਹਾਂ ਨੂੰ ਸੱਟਾਂ ਵਜਦੀਆਂ ਹਨ, ਉਨ੍ਹਾਂ ਨੂੰ ਮੁਆਵਜ਼ਾ ਦੇਣਾ ਹੈ। ਜੇ ਕੋਈ ਮੁਆਵਜ਼ਾ ਲੈਣ ਜਾਂਦਾ ਹੈ ਤਾਂ ਕਹਿੰਦੇ ਹਨ ਕਿ ਡਾਕਟਰੀ ਸਰਟੀਫਿਕੇਟ ਲੈ ਕੇ ਆਓ । ਫਿਰ ਕਹਿੰਦੇ ਹਨ ਕਿ ਇਹ ਕੇਸ ਠੀਕ ਨਹੀਂ ਬਣਦਾ, ਇਸ ਕਰਕੇ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ । ਜਿਹੜਾ ਸਾਥੀ ਮਰ ਜਾਂਦਾ ਹੈ ਉਸਦੇ ਬੱਚਿਆਂ ਨੂੰ ਕੌਣ ਪੁੱਛਦਾ ਹੈ । ਮੈਂ ਜ਼ਿਆਦਾ ਟਾਈਮ ਨਾ ਲੈਂਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਕੋਲ ਇਹੋ ਰਿਕੁਐਸਟ ਕਰਾਂਗਾ ਕਿ ਜੇ ਇਸ ਪੰਜਾਬ ਦੇ ਸੂਬੇ ਨੂੰ ਚੰਗਾ ਅਤੇ ਸੋਹਣਾ ਬਣਾਉਣਾ ਹੈ ਤਾਂ ਟਰਾਂਸਪੋਰਟ ਦੇ ਮਹਿਕਮੇ ਵਿਚ ਸੁਧਾਰ ਕਰਨਾ ਚਾਹੀਦਾ ਹੈ ਅਤੇ ਇਸੇ ਤਰ੍ਹਾਂ ਹੋਰਨਾਂ ਕੰਮਾਂ ਵਿਚ ਵੀ ਸੁਧਾਰ ਕਰਨਾ ਚਾਹੀਦਾ ਹੈ । ਜਿਹੜੇ ਭਰਾ ਮੈਨੇਜਮੈਂਟ ਦੇ ਅਫ਼ਸਰ ਹਨ, ਉਤੋਂ ਤੋਂ ਲੈਕੇ ਥੱਲੇ ਤੱਕ, ਜਿਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ, ਉਹ ਵੀ ਆਪਣੀ ਜ਼ਿੰਮੇਵਾਰੀ ਸਮਝਣ ਅਤੇ ਸਾਡੇ ਨਾਲ ਰਹਿਣ । ਇਤਨੇ ਸ਼ਬਦ ਕਹਿ ਕੇ ਮੈਂ ਤੁਹਾਡੇ ਕੋਲੋਂ ਮੁਆਫੀ ਮੰਗਦਾ ਹਾਂ ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਇਸ ਟੈਕਸ ਦੇ ਹੱਕ ਵਿਚ ਜਾਂ ਵਿਰੁੱਧ ਨਹੀਂ ਬੋਲਣਾ । ਮੈਂ ਸਿਰਫ ਇਕ ਦੋ ਗੱਲਾਂ ਕਹਿਣੀਆਂ ਹਨ । ਡਿਪਟੀ ਸਪੀਕਰ ਸਾਹਿਬ, ਪਾਂਧੀ ਸਾਹਿਬ ਕਹਿ ਰਹੇ ਸਨ ਕਿ ਜਿਹੜੇ ਨੈਸ਼ਨਲ ਪਰਮਿਟ ਹਨ, ਉਨ੍ਹਾਂ ਨੂੰ ਦੇਣ ਵਿਚ ਪੰਜਾਬ ਦੀ ਜਿਹੜੀ ਕਾਂਗਰਸ ਸਰਕਾਰ ਹੈ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹੈ, ਇਸ ਨੇ 50, 50 ਅਤੇ 60, 60 ਹਜ਼ਾਰ ਰੁਪਏ ਲਏ ਹਨ ।

ਇਕ ਆਵਾਜ਼ : ਇਸ ਦਾ ਜਵਾਬ ਤਾਂ ਮਨਿਸਟਰ ਸਾਹਿਬ ਦੇਣਗੇ ।

ਸਰਦਾਰ ਦਿਲਬਾਗ ਸਿੰਘ : ਮੈਨੂੰ ਤੁਹਾਡੇ ਨਾਲੋਂ ਜ਼ਿਆਦਾ ਪਤਾ ਹੈ । ਮੈਂ ਤੁਹਾਡੇ ਕੋਲੋਂ ਪਹਿਲਾਂ ਦਾ ਐਮ. ਐਲ. ਏ. ਹਾਂ ।

ਇਕ ਆਵਾਜ਼ : ਇਨ੍ਹਾਂ ਨੇ ਤਾਂ ਦਲ ਬਦਲੇ ਹਨ ।

ਸਰਦਾਰ ਦਿਲਬਾਗ ਸਿੰਘ : ਡਿਪਟੀ ਸਪੀਕਰ ਸਾਹਿਬ, ਨਾ ਮੈਂ ਦਲ ਬਦਲੇ ਹਨ ਅਤੇ ਨਾ ਹੀ ਬਦਲਾਂਗਾ । ਮੈਂ ਇੰਡੀਪੈਂਡੈਂਟ ਇਲੈਕਸ਼ਨ ਲੜਿਆ ਹਾਂ । ਇਨ੍ਹਾਂ ਨੂੰ ਚੰਗੀ ਤਰ੍ਹਾਂ ਥੱਲੇ ਲਾਹ ਕੇ ਜਿੱਤਿਆ ਹਾਂ । ਮੈਂ ਜਿੱਤਣ ਤੋਂ ਪਹਿਲਾਂ ਵੀ ਕਾਂਗਰਸੀ ਸੀ ਅਤੇ ਹੁਣ ਵੀ ਕਾਂਗਰਸੀ ਹਾਂ । ਇਸ ਲਈ ਹੁਣ ਇਹ ਰੱਬ ਦਾ ਭਾਣਾ ਮੰਨਣ ਅਤੇ ਸਤਿਨਾਮ ਸ੍ਰੀ ਵਾਹਿਗੁਰੂ ਕਹਿਣ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਗੱਲ ਬਿਲਕੁਲ ਗਲਤ ਹੈ । ਇਹ ਸਰਕਾਰ ਜਦੋਂ ਦੀ ਆਈ ਹੈ ਇਸ ਨੇ ਕੋਈ ਨੈਸ਼ਨਲ ਪਰਮਿਟ ਇਸ਼ੂ ਨਹੀਂ ਕੀਤਾ । ਜੇ 50--50, 60—60 ਹਜ਼ਾਰ ਰੁਪਏ ਨੈਸ਼ਨਲ ਪਰਮਿਟ ਦੇ ਲਏ ਹੋਣਗੇ ਤਾਂ ਇਨ੍ਹਾਂ ਦੀ ਸਰਕਾਰ ਵੇਲੇ (ਆਪੋਜੀਸ਼ਨ ਵੱਲ ਇਸ਼ਾਰਾ) ਲਏ ਗਏ ਹੋਣਗੇ ।

ਡਾਕਟਰ ਭਗਤ ਸਿੰਘ : ਪਿਛਲੇ ਹਫਤੇ ਆਗਰੇ ਦੇ ਇਕ ਬੰਦੇ ਨੂੰ ਨੈਸ਼ਨਲ ਪਰਮਿਟ ਮਿਲਿਆ ਹੈ ਅਤੇ ਉਹ ਗੱਡੀ ਬੰਬਈ ਵਿਚ ਚੱਲ ਰਹੀ ਹੈ ।

ਸਰਦਾਰ ਦਿਲਬਾਗ ਸਿੰਘ: ਤੁਸੀ ਪੂਰੀ ਗੱਲ ਦਸੋ ।

Doctor Bhagat Singh: Let the Government say that it is not, correct then I will tell everything about it.

Sardar Bir Devinder Singh: Deputy Speaker Sahib, he does not hold any position to give information to the Government.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਸਰਦਾਰ ਦਿਲਬਾਗ ਸਿੰਘ ਨੇ ਕਿਹਾ ਹੈ ਕਿ ਜੇ ਕੋਈ ਨੈਸ਼ਨਲ ਪਰਮਿਟ ਦਿੱਤੇ ਗਏ ਹਨ ਤਾਂ ਇਸ ਸਰਕਾਰ ਵੇਲੇ ਨਹੀਂ ਦਿੱਤੇ ਗਏ । ਸਾਡੇ ਵੱਲ ਇਸ਼ਾਰਾ ਕਰਕੇ ਕਿਹਾ ਹੈ ਕਿ ਜੇ ਦਿੱਤੇ ਗਏ ਹੋਣੇ ਹਨ ਤਾਂ ਸਾਡੀ ਸਰਕਾਰ ਵੇਲੇ ਦਿੱਤੇ ਗਏ ਹੋਣੇ ਹਨ । ਇਹ ਸਾਬਤ ਕਰ ਦੇਣ । ਮੈਂ ਚੈਲੰਜ ਕਰਦਾ ਹਾਂ । ਸਾਡੀ ਸਰਕਾਰ ਵੇਲੇ ਕੋਈ ਨੈਸ਼ਨਲ ਪਰਮਿਟ ਨਹੀਂ ਆਇਆ ।

ਸਰਦਾਰ ਦਿਲਬਾਗ ਸਿੰਘ : ਇਹ ਮੈਂ ਨਹੀਂ ਕਿਹਾ, ਪਾਂਧੀ ਜੀ ਨੇ ਕਿਹਾ ਹੈ ।

ਵਿੱਤ ਮੰਤਰੀ: ਡਿਪਟੀ ਸਪੀਕਰ ਸਾਹਿਬ, ਨੈਸ਼ਨਲ ਪਰਮਿਟ ਦਾ ਤਾਂ ਕੋਈ ਮਸਲਾ

ਹੀ ਸਾਹਮਣੇ ਨਹੀਂ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਨਵੇਂ ਨਵੇਂ ਮੁਸਲਮਾਨ ਬਣੇ ਹਨ ਜੀ । (ਵਿਘਨ)

ਸਰਦਾਰ ਦਿਲਬਾਗ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕਹਿ ਰਿਹਾ ਸੀ ਕਿ ਪਾਂਧੀ ਸਾਹਿਬ ਨੇ ਇਹ ਗੱਲ ਕਹੀ ਹੈ । ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੇ ਇਹ ਆਪਣੇ ਮੈਨੀਫੈਸਟੋ ਵਿਚ ਲਿਖਿਆ ਹੋਇਆ ਸੀ ਕਿ ਨੈਸ਼ਨਲ ਪਰਮਿਟ ਜ਼ਿਆਦਾ ਤੋਂ ਜ਼ਿਆਦਾ ਦਿਆਂਗੇ ਔਰ ਫਰੀ ਦਿਆਂਗੇ । ਹਜ਼ਾਰ ਦੇ ਕਰੀਬ ਹੁਣ ਵੀ ਪਰਮਿਟ ਪਿਆ ਹੈ, ਪਰ ਕੋਈ ਲੈਣ ਵਾਲਾ ਨਹੀਂ ਹੈ ।. . .

ਸਰਦਾਰ ਸੁਖਦੇਵ ਸਿੰਘ ਢੀਂਡਸਾ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਸੀ ਕਿ ਇਧਰ ਸਾਡੇ ਵਾਲੇ ਪਾਸਿਓਂ ਪੈਸੇ ਲਏ ਹੋਣਗੇ, ਤਾਂ ਮੈਂ ਇਹ ਗੱਲ ਦੱਸੀ ਹੈ ।

ਸਰਦਾਰ ਦਿਲਬਾਗ ਸਿੰਘ: ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੇ ਮੈਨੀ-ਫੈਸਟੋ ਵਿਚ ਇਹ ਗੱਲ ਹੈ ਕਿ ਨੈਸ਼ਨਲ ਪਰਮਿਟ ਲੋਕਾਂ ਨੂੰ ਫਰੀ ਦੇਣੇ ਹਨ ਔਰ ਬਹੁਤ ਜ਼ਿਆਦਾ ਦੇਣੇ ਹਨ ਤਾਂ ਕਿ ਆਵਾਜਾਈ ਸਸਤੀ ਹੋਵੇ, ਚੀਜ਼ਾਂ ਸਸਤੀਆਂ ਹੋਣ, ਉਨ੍ਹਾਂ ਦੇ ਭਾਅ ਥੱਲੇ ਆ ਜਾਣ ਔਰ ਲੋਕਾਂ ਨੂੰ ਫਾਇਦਾ ਹੋਵੇ । ਇਸ ਲਈ ਮੈਂ ਸਮਝਦਾ ਹਾਂ ਕਿ ਜਿਹੜੀ 50/60 ਹਜ਼ਾਰ ਰੁਪਏ ਲੈ ਕੇ ਪਰਮਿਟ ਦੇਣ ਵਾਲੀ ਗੱਲ ਇਨ੍ਹਾਂ ਨੇ ਕਹੀ ਹੈ, ਉਹ ਮੁੱਕ ਗਈ ਹੈ । ਬਾਕੀ ਇਹ ਕਹਿੰਦੇ ਹਨ ਕਿ ਨੈਸ਼ਨੇਲਾਈਜੇਸ਼ਨ ਕਰਨੀ ਹੈ, ਮੈਂ ਤਾਂ ਖੁਸ਼ ਹਾਂ ਔਰ ਮੈਂ ਇਹ ਕਹਿੰਦਾ ਹਾਂ ਕਿ ਟਰੱਕਾਂ ਦੀ ਨੈਸ਼ਨੇਲਾਈਜੇਸ਼ਨ ਪਹਿਲਾਂ ਕਰਨੀ ਚਾਹੀਦੀ ਹੈ ਅਤੇ ਬਾਅਦ ਵਿਚ ਬੱਸਾਂ ਦੀ ਕਰਨੀ ਚਾਹੀਦੀ ਹੈ । ਇਕ ਗੱਲ ਮੈਂ ਡਾਕਟਰ ਸਾਹਿਬ ਨਾਲ ਵੀ ਕਰਨੀ ਚਾਹੁੰਦਾ ਹਾਂ ।

ਵਿਤ ਮੰਤਰੀ : ਤੁਸੀਂ ਚੇਅਰ ਨੂੰ ਐਡਰੈਸ ਕਰੋ । (ਘੰਟੀ)

ਸਰਦਾਰ ਦਿਲਬਾਗ ਸਿੰਘ : ਬੱਸ ਜੀ, ਇਕ ਮਿੰਟ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬ ਪੈਸੰਜਰਜ਼ ਐਂਡ ਗੁਡਜ਼ ਟੈਕਸੇਸ਼ਨ ਬਿਲ ਵਿਚ ਇਹ ਪ੍ਰੋਵੀਜ਼ਨ ਕੀਤਾ ਹੋਇਆ ਹੈ ਕਿ ਜੇਕਰ ਕੋਈ ਟੈਕਸ ਲੇਟ ਪੇਅ ਕਰੇ ਤਾਂ ਉਸ ਨੂੰ 500 ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ ਔਰ ਹੁਣ ਲਿਖਿਆ ਹੈ ਕਿ ਪੰਜ ਸੌ ਤੋਂ ਵੀ ਉਪਰ ਹੋ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਵਪਾਰੀ ਐਡਵਾਂਸ ਸੇਲਜ਼ ਟੈਕਸ ਜਮ੍ਹਾਂ ਕਰਾਉਂਦਾ ਹੈ ਔਰ ਫਿਰ ਐਕਸਾਈਜ਼ ਟੈਕਸ ਵਾਲੇ ਪਹਿਲਾਂ ਆਪਣੀ ਜੇਬ ਵਿਚੋਂ ਟੈਕਸ ਲੈ ਕੇ ਜਮ੍ਹਾਂ ਕਰਾਉਂਦੇ ਹਨ ਔਰ ਬਾਅਦ ਵਿਚ ਉਗਰਾਹੁੰਦੇ ਹਨ, ਇਸ ਤਰ੍ਹਾਂ ਹੀ ਟਰੱਕਾਂ ਵਾਲੇ ਪਹਿਲਾਂ ਆਪਣੀ ਜੇਬ ਵਿਚੋਂ ਟੈਕਸ ਦੇ ਕੇ ਬਾਅਦ ਵਿਚ ਉਗਰਾਹੁੰਦੇ ਹਨ ਭਾਵੇਂ ਉਸ ਦੀ ਗੱਡੀ ਦਾ ਐਕਸੀਡੈਂਟ ਹੋ ਜਾਵੇ, ਭਾਵੇਂ ਕਿਤੇ ਬਾਹਰ ਚਲੀ ਜਾਵੇ, ਜਾਂ ਉਹ ਘਰ ਹੀ ਖੜ੍ਹੀ ਰਹੇ ਤਾਂ ਵੀ ਉਸ ਨੇ ਪਹਿਲਾਂ ਟੈਕਸ ਦੇਣਾ ਹੁੰਦਾ ਹੈ । ਇਸ ਕਰਕੇ ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਚੀਜ਼ ਟਰੱਕਾਂ ਵਾਲਿਆਂ ਵਾਸਤੇ ਨਹੀਂ ਹੋਣੀ ਚਾਹੀਦੀ ਕਿਉਂਕਿ ਉਹ ਤਾਂ ਪਹਿਲਾਂ ਹੀ ਆਪਣੇ ਪਾਸੋਂ ਟੈਕਸ ਦਿੰਦੇ ਹਨ ਔਰ ਉਸ ਤੋਂ ਬਾਅਦ ਉਹ ਤਿੰਨ ਮਹੀਨੇ ਵਿਚ ਉਸ ਨੂੰ ਵਸੂਲਦੇ ਹਨ । ਜਿਹੜਾ ਪੈਸੰਜਰ ਟੈਕਸ ਹੈ ਉਹ ਤਾਂ ਨਾਲ ਦੀ ਨਾਲ ਸਵਾਰੀਆਂ ਪਾਸੋਂ ਲੈ ਲੈਂਦੇ ਹਨ ਔਰ ਸਰਕਾਰ ਨੂੰ ਦੇ ਦਿੰਦੇ ਹਨ ਪਰ ਟਰੱਕਾਂ ਵਾਲਿਆਂ ਤਾਂ ਪਹਿਲਾਂ ਤਿੰਨ ਮਹੀਨਿਆਂ ਦਾ ਟੈਕਸ ਦੇਣਾ ਹੁੰਦਾ ਹੈ ਤੇ ਫਿਰ ਉਗਰਾਹੁਣਾ ਹੁੰਦਾ ਹੈ । ਟਰੱਕ ਭਾਵੇਂ ਬਾਅਦ ਵਿਚ ਚੱਲੇ ਜਾਂ ਨਾ ਚੱਲੇ, ਭਾਵੇਂ ਉਸ ਦਾ ਕੋਈ ਐਕਸੀਡੈਂਟ ਹੋ ਜਾਵੇ, ਭਾਵੇਂ ਘਰ ਹੀ ਖਰਾਬ ਹੋਣ ਕਾਰਣ ਖੜ੍ਹਾ ਰਹੇ, ਪਰ ਉਸ ਨੂੰ ਪਹਿਲਾਂ ਹੀ ਟੈਕਸ ਦੇਣਾ ਪੈਂਦਾ ਹੈ । ਦੂਸਰਾ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਜ਼ਨੈਸ ਹੈ ਇਹ ਕਿਸਾਨਾਂ ਕੋਲ ਬਹੁਤਾ ਹੈ । ਤੁਸੀਂ ਦੱਸੋ ਡਿਪਟੀ ਸਪੀਕਰ ਸਾਹਿਬ, ਕਿ ਕਿਸਾਨਾਂ ਦਾ ਬਿਜ਼ਨੈਸ ਹੋਵੇ, ਕਿਸਾਨਾਂ ਨੇ ਦਿਲੀ ਜਾਣਾ ਹੋਵੇ ਔਰ ਉਨ੍ਹਾਂ ਨੇ ਉਥੇ ਜਾਣ ਵਾਸਤੇ ਜੇਕਰ ਆਪਣੇ ਟਰੱਕ ਵਰਤੇ ਹੋਣ ਤਾਂ ਇਨ੍ਹਾਂ ਦਾ (ਵਿਰੋਧੀ ਧਿਰ ਵੱਲ ਇਸ਼ਾਰਾ) ਕਿਉਂ ਢਿੱਡ ਦੁਖਣ ਡਿਹਾ ਹੋਇਆ ਹੈ । ਇਹ ਕਿਸਾਨਾਂ ਦੀ ਗੱਲ ਹੈ, ਮੈਂ ਵੇਖ ਲਵੋ ਕਿਸਾਨ ਹਾਂ ਔਰ ਅਸੀਂ ਆਪਣੇ ਕਿਸਾਨ ਭਰਾਵਾਂ ਨੂੰ ਲੈ ਗਏ ਹਾਂ । ਕਿਸਾਨਾਂ ਦਾ ਹੀ ਇਹ ਬਿਜ਼ਨੈਸ ਹੈ । ਡਿਪਟੀ ਸਪੀਕਰ ਸਾਹਿਬ, ਅਸਲ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੂੰ ਕਿਸਾਨਾਂ ਨਾਲ ਹਮਦਰਦੀ ਨਹੀਂ ਹੈ ਔਰ ਸਿਰਫ ਇਹ ਕਿਸਾਨਾਂ ਦੀ ਗੱਲ ਹੀ ਕਰਦੇ ਹਨ ।

ਸਰਦਾਰ ਬੀਰਦਵਿੰਦਰ ਸਿੰਘ (ਸਰਹੰਦ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਦੋ ਬੇਨਤੀਆਂ ਕਰਨੀਆ ਹਨ । ਟਰਾਂਸਪੋਰਟ ਦੇ ਸਬੰਧ ਵਿਚ, ਡਿਪਟੀ ਸਪੀਕਰ ਸਾਹਿਬ, ਸ਼ਾਇਦ ਤੁਸੀਂ ਵੀ ਵੇਖਿਆ ਹੋਵੇਗਾ ਕਿ ਸਾਡੀ ਬੱਸ ਟਰਾਂਸਪੋਰਟ ਦੀ ਹਾਲਤ ਗਵਾਂਢੀ ਰਾਜਾਂ ਦੀ ਬੱਸ ਟਰਾਂਸਪੋਰਟ ਨਾਲੋਂ ਬਹੁਤ ਬੁਰੀ ਹੈ । ਤੁਸੀਂ ਵੇਖੋ ਜਿਤਨੀਆਂ ਬੱਸਾਂ ਦਿੱਲੀ ਤੋਂ ਚਲਦੀਆਂ ਹਨ, ਮੈਨੂੰ ਵੀ ਕਈ ਵਾਰੀ ਸਫਰ ਕਰਨ ਦਾ ਮੌਕਾ ਮਿਲਿਆ ਹੈ ਔਰ ਮੈਂ ਵੀ ਵੇਖਿਆ ਹੈ ਕਿ ਉਨ੍ਹਾਂ ਬੱਸਾਂ ਵਿਚ ਕੋਈ ਵੀ ਸਫਾਈ ਨਹੀਂ ਹੁੰਦੀ । ਪੰਜਾਬ ਰੋਡਵੇਜ਼ ਵਾਲੇ ਲਿਬੜੀ ਲਿਬੜਾਈਆਂ ਬੱਸ ਉਸੇ ਤਰ੍ਹਾਂ ਹੀ ਆ ਕੇ ਦਿੱਲੀ ਦੇ ਅੱਡੇ ਤੇ ਲਗਾ

[ਸਰਦਾਰ ਬੀਰਦਵਿੰਦਰ ਸਿੰਘ]

ਦਿੰਦੇ ਹਨ । ਉਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਵਾਰੀਆਂ ਦਿਆਂ ਕਪੜਿਆਂ ਨਾਲ ਹੀ ਬੱਸ ਦੀਆਂ ਸੀਟਾਂ ਦੀ ਸਫ਼ਾਈ ਹੁੰਦੀ ਹੈ ਔਰ ਜਿਹੜੀ ਧੂੜ ਹੁੰਦੀ ਹੈ ਉਹ ਸਵਾਰੀਆਂ ਦੀਆਂ ਜੇਬਾਂ ਵਿਚ ਪੈ ਜਾਂਦੀ ਹੈ । ਇਹ ਗੱਲ ਮੈਂ ਟਰਾਂਸਪੋਰਟ ਅਧਿਕਾਰੀਆਂ ਦੇ ਨੋਟਿਸ ਵਿਚ ਵੀ ਲਿਆਂਦੀ ਹੈ, ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ । ਉਸ ਦੇ ਮੁਕਾਬਲੇ ਵਿਚ ਜਿਹੜੀਆਂ ਦੂਸਰੀਆਂ ਸਟੇਟਾਂ ਦੀਆਂ ਬੱਸਾਂ ਚਲਦੀਆਂ ਹਨ, ਉਨ੍ਹਾਂ ਦੀ ਪਹਿਲਾਂ ਬਾਕਾਇਦਾ ਸਫਾਈ ਕੀਤੀ ਜਾਂਦੀ ਹੈ ਔਰ ਫਿਰ ਦਿੱਲੀ ਦੇ ਅੱਡੇ ਤੇ ਲਗਦੀਆਂ ਹਨ । ਇਸ ਲਈ ਬੱਸਾਂ ਦੀ ਸਫਾਈ ਜ਼ਰੂਰੀ ਹੋਣੀ ਚਾਹੀਦੀ ਹੈ । ਜਦੋਂ ਵੀ ਬੱਸ ਚਲੇ ਪਹਿਲਾਂ ਉਸ ਦੀ ਸਫਾਈ ਹੋਣੀ ਬਹੁਤ ਜ਼ਰੂਰੀ ਹੈ ।

ਦੂਸਰੀ ਬੇਨਤੀ ਹੈ ਕਿ ਬੱਸਾਂ ਵਿਚ ਲੇਡੀਜ਼ ਵਾਸਤੇ ਸੀਟਸ ਰਿਜ਼ਰਵ ਨਹੀਂ ਹਨ । ਕਈ ਵਾਰੀ ਇਹ ਹੁੰਦਾ ਹੈ ਕਿ ਲੰਬੇ ਸਫਰ ਵਿਚ ਵੀ ਲੇਡੀਜ਼ ਨੂੰ ਖੜ੍ਹਿਆਂ ਰਹਿਣਾ ਪੈਂਦਾ ਹੈ ਔਰ ਪੁਰਸ਼ ਸਵਾਰੀਆਂ ਬੈਠ ਜਾਂਦੀਆਂ ਹਨ, ਪਰ ਲੇਡੀਜ਼ ਦੇ ਬੈਠਣ ਦਾ ਪ੍ਰਬੰਧ ਨਹੀਂ ਹੁੰਦਾ । ਇਸ ਲਈ ਇਹ ਵੀ ਹੋਣਾ ਚਾਹੀਦਾ ਹੈ ਕਿ ਲੇਡੀਜ਼ ਸਵਾਰੀਆਂ ਲਈ ਰਾਖਵੀਆਂ ਸੀਟਾਂ ਜ਼ਰੂਰ ਹੋਣ । ਤੀਸਰੀ ਬੇਨਤੀ ਇਹ ਹੈ ਕਿ ਜਿਹੜੀਆਂ ਦਿੱਲੀ ਤੋਂ ਡਾਇਰੈਕਟ ਬੱਸਾਂ ਆਉਂਦੀਆਂ ਜਾਂਦੀਆਂ ਹਨ, ਉਨ੍ਹਾਂ ਦੇ ਡਰਾਈਵਰਾਂ ਔਰ ਕੰਡਕਟਰਾਂ ਨੇ ਆਪਣੀ ਮਰਜ਼ੀ ਨਾਲ ਰਸਤੇ ਵਿਚ ਢਾਬਿਆਂ ਤੇ ਅੱਡੇ ਬਣਾਏ ਹੋਏ ਹਨ । ਉਥੇ ਉਹ ਪੌਣਾ ਪੌਣਾ ਘੰਟਾ ਬੱਸਾਂ ਰੋਕ ਰਖਦੇ ਹਨ । ਉਨ੍ਹਾਂ ਬੱਸਾਂ ਦੇ ਡਰਾਈਵਰਾਂ ਔਰ ਕੰਡਕਟਰਾਂ ਵਾਸਤੇ ਢਾਬੇ ਵਾਲਿਆਂ ਨੇ ਖਾਸ ਪ੍ਰਬੰਧ ਕੀਤਾ ਹੋਇਆ ਹੁੰਦਾ ਹੈ, ਮਗਰ ਸਵਾਰੀਆਂ ਖਰਾਬ ਹੁੰਦੀਆਂ ਰਹਿੰਦੀਆਂ ਹਨ । ਜਿਨ੍ਹਾਂ ਥਾਵਾਂ ਤੇ ਬੱਸਾਂ ਇਸ ਤਰ੍ਹਾਂ ਰੁਕਦੀਆਂ ਹਨ ਸਵਾਰੀਆਂ ਨੂੰ ਮਜ਼ਬੂਰ ਹੋ ਕੇ ਚੀਜ਼ਾਂ ਖਾਣ ਵਾਸਤੇ ਢਾਬੇ ਤੋਂ ਮਿਲਦੀਆਂ ਹਨ, ਉਹ ਖਾਣੀਆਂ ਪੈਂਦੀਆਂ ਹਨ । ਉਥੇ ਡਰਾਈਵਰ ਔਰ ਕੰਡਕਟਰ ਦੇ ਖਾਣੇ ਦਾ ਪ੍ਰਬੰਧ ਉਚੇਚਾ ਕੀਤਾ ਹੋਇਆ ਹੁੰਦਾ ਹੈ । ਮੈਂ ਆਪ ਮੁਰਥਲ ਵੇਖਿਆ ਹੈ । ਉਥੇ ਡਿਪਟੀ ਸਪੀਕਰ ਸਾਹਿਬ, ਗੱਡੀ ਰੁਕੀ ਔਰ ਡਰਾਈਵਰ ਔਰ ਕੰਡਕਟਰ ਵਾਸਤੇ ਸਪੈਸ਼ਲ ਚਾਹ ਬਣਾ ਕੇ ਦਿੱਤੀ ਗਈ । ਔਰ ਸਵਾਰੀਆਂ ਨੂੰ ਦੂਜੀ ਬਾਲਟੀ ਵਾਲੀ ਚਾਹ ਦਿੱਤੀ ਗਈ । ਜਦੋਂ ਮੈਂ ਕਿਹਾ ਕਿ ਮੈਨੂੰ ਚਾਹ ਬਣਾ ਦਿਓ ਤਾਂ ਉਨ੍ਹਾਂ ਕਿਹਾ ਕਿ ਇਹ ਤਾਂ ਪ੍ਰਬੰਧ ਸਿਰਫ ਡਰਾਈਵਰ ਔਰ ਕੰਡਕਟਰ ਵਾਸਤੇ ਹੀ ਹੈ ਦੂਸਰਿਆਂ ਵਾਸਤੇ ਨਹੀਂ ਹੈ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਕੋਈ ਸਪੈਸ਼ਲ ਚੈਕਿੰਗ ਦਾ ਪ੍ਰਬੰਧ ਕੀਤਾ ਜਾਵੇ, ਜਿਹੜੀਆਂ ਬੱਸਾਂ ਢਾਬਿਆਂ ਤੇ ਰੁਕਦੀਆਂ ਹਨ ਉਨ੍ਹਾਂ ਦੇ ਡਰਾਈਵਰਾਂ ਔਰ ਕੰਡਕਟਰਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ ।

ਇਕ ਹੋਰ ਵੀ ਬੇਨਤੀ ਹੈ ਕਿ ਜਿਹੜੀਆਂ ਬੱਸਾਂ ਚਲਦੀਆਂ ਹਨ, ਉਨ੍ਹਾਂ ਦੀਆਂ ਸੀਟਾਂ ਵਗੈਰਾ ਠੀਕ ਨਹੀਂ ਹੁੰਦੀਆਂ । ਕਿਸੇ ਦੇ ਵਿਚ ਕੋਈ ਮੇਖ ਹੁੰਦੀ ਹੈ, ਕਿਤੇ ਕੋਈ ਖੁੰਘੀ ਹੁੰਦੀ ਹੈ । ਭਾਵੇਂ ਡਿਪਟੀ ਸਪੀਕਰ ਸਾਹਿਬ, ਇਹ ਛੋਟੀ ਜਿਹੀ ਗੱਲ ਹੈ ਪਰ ਕਿਸੇ ਨੇ ਵਿਆਹ ਸ਼ਾਦੀ ਤੇ ਜਾਣਾ ਹੁੰਦਾ ਹੈ ਉਸ ਦੇ ਕਪੜੇ ਉਨ੍ਹਾਂ ਖੁੰਘੀਆਂ ਵਿਚ ਅੜ ਕੇ ਪਾਟ ਜਾਂਦੇ ਹਨ । ਇਸ ਲਈ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ।

ਇਕ ਬੇਨਤੀ ਮੈਂ ਡਾਕਟਰ ਸਾਹਿਬ ਨੂੰ ਹੋਰ ਕਰਨੀ ਹੈ ਕਿ ਪੀ.ਆਰ.ਟੀ.ਸੀ. ਹੈ ਜਾਂ ਪੰਜਾਬ ਰੋਡਵੇਜ਼ ਹੈ, ਉਨ੍ਹਾਂ ਦੀਆਂ ਬੱਸਾਂ ਦੇ ਡਰਾਈਵਰਾਂ ਨੂੰ ਔਰ ਕੰਡਕਟਰਾਂ ਨੂੰ ਜਾਂ ਤਾਂ

ਇਨਫਰਮੇਸ਼ਨ ਨਹੀਂ ਹੈ, ਜਾਂ ਉਨ੍ਹਾਂ ਨੂੰ ਟਰੇਨਿੰਗ ਨਹੀਂ ਹੈ ਕਿ ਸਫਰ ਕਰਨ ਵਾਲੇ ਲੈਜਿਸਲੇਟਰਜ਼ ਨਾਲ ਕਿਸ ਤਰ੍ਹਾਂ ਦਾ ਬੀਹੇਵ ਕਰਨਾ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਵਾਊਚਰ ਕਿਸ ਤਰ੍ਹਾਂ ਕੱਟਣਾ ਹੈ। ਬਲਕਿ ਕਈ ਵਾਰੀ ਜਦੋਂ ਐਮ.ਐਲ.ਏਜ਼. ਸਫਰ ਕਰਦੇ ਹਨ ਤਾਂ ਉਹ ਲੋਕ ਉਨ੍ਹਾਂ ਦਾ ਮਖੌਲ ਉਡਾਉਂਦੇ ਹਨ।

Mr. Deputy Speaker : Please wind up.

ਸਰਦਾਰ ਬੀਰਦਵਿੰਦਰ ਸਿੰਘ : ਮੈਂ ਤਾਂ ਦੋ ਮਿੰਟ ਮੰਗੇ ਹਨ ਜੀ ਅੌਰ ਦੋ ਮਿੰਟ ਅਜੇ ਹੋਏ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਇਕ ਵਾਰੀ ਮੈਂ ਸਫਰ ਕਰ ਰਿਹਾ ਸੀ ਤਾਂ ਉਸ ਬੱਸ ਦਾ ਕੰਡਕਟਰ ਮੈਨੂੰ ਕਹਿਣ ਲੱਗਾ ਕਿ ਭਾਈ ਸਾਹਿਬ ਅਗਰ ਚਾਰ ਸਵਾਰੀਆਂ ਤੁਹਾਡੇ ਵਰਗੀਆਂ ਸਾਡੀ ਬੱਸ ਵਿਚ ਬੈਠ ਜਾਣ ਤਾਂ ਕਰ ਲਈਆਂ ਕਮਾਈਆਂ ਅਸੀਂ ਤਾਂ। ਮੈਨੂੰ ਖੁਸ਼ੀ ਹੈ ਕਿ ਪੀ.ਆਰ.ਟੀ.ਸੀ. ਨੇ ਸਟਾਫ ਨੂੰ ਟਰੇਨਿੰਗ ਦੇਣੀ ਸ਼ੁਰੂ ਕੀਤੀ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਐਟ ਲੀਸਟ ਉਹ ਨਾਈਸਲੀ ਬੀਹੇਵ ਤਾਂ ਕਰਨ। ਉਨ੍ਹਾਂ ਨੂੰ ਪਤਾ ਹੋਵੇ ਕਿ ਲੈਜਿਸਲੇਟਰਜ਼ ਨਾਲ ਕਿਸ ਤਰ੍ਹਾਂ ਬੀਹੇਵ ਕਰਨਾ ਹੈ ਸਵਾਰੀਆਂ ਨਾਲ ਕਿਸ ਤਰ੍ਹਾਂ ਕਰਨਾ ਹੈ। ਮੈਨੂੰ ਉਮੀਦ ਹੈ ਕਿ ਮੇਰੀਆਂ ਇਨ੍ਹਾਂ ਬੇਨਤੀਆਂ ਤੇ ਡਾਕਟਰ ਸਾਹਿਬ ਗੌਰ ਕਰਨਗੇ।

ਜੱਥੇਦਾਰ ਗੁਰਬਚਨ ਸਿੰਘ : ਹੁਣ ਭੱਜਦੇ ਕਿਉਂ ਹੋ, ਮੈਨੂੰ ਬੋਲ ਲੈਣ ਦਿਉ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਡਿਪਟੀ ਸਾਹਿਬ, ਜੱਥੇਦਾਰ ਸਾਹਿਬ, ਅਗਲੇ ਬਿਲ ਤੇ ਬੋਲ ਲੈਣ। ਅਗਲਾ ਬਿਲ ਵੀ ਟਰਾਂਸਪੋਰਟ ਬਾਰੇ ਹੀ ਹੈ।

ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਹੋਇਆ ਹੈ। ਪੰਜਾਬ ਪੈਸੰਜਰਜ਼ ਐਂਡ ਗੁਡਜ਼ ਟੈਕਸੇਸ਼ਨ ਅਮੈਂਡਮੈਂਟ ਬਿਲ, ਇਸ ਬਾਰੇ ਮੈਨੂੰ ਇਹ ਗੱਲ ਕਹਿਣ ਵਿਚ ਥੋੜ੍ਹਾ ਜਿਹਾ ਖੇਦ ਵੀ ਹੈ ਕਿ ਮਾਨਯੋਗ ਮੈਂਬਰਾਂ ਨੇ ਜਿਤਨੀ ਕੰਟਰੀਬਿਊਸ਼ਨ ਕੀਤੀ ਹੈ, ਉਹ ਤਾਂ ਬੱਸ ਸਰਵਿਸ ਵੱਲ ਹੀ ਚਲੇ ਗਏ ਹਨ ਅੌਰ ਚੀਜ਼ਾਂ ਵਲ ਚਲੇ ਗਏ ਹਨ। ਟੈਕਸੇਸ਼ਨ ਦਾ ਜ਼ਿਕਰ ਸਵਾਏ ਥੋੜ੍ਹਾ ਬਹੁਤ ਸਰਦਾਰ ਦਿਲਬਾਗ ਸਿੰਘ ਜੀ ਦੇ ਹੋਰ ਕਿਸੇ ਨੇ ਨਹੀਂ ਕੀਤਾ। ਮੈਨੂੰ ਤਾਂ ਅਫਸੋਸ ਹੈ ਕਿ ਪਾਂਧੀ ਸਾਹਿਬ ਜਿਹੜੇ ਕਿ ਬੜੇ ਪੁਰਾਣੇ ਮੈਂਬਰ ਹਨ, ਐਡਵੋਕੇਟ ਵੀ ਹਨ, ਉਨ੍ਹਾਂ ਬਾਰੇ ਇੰਜ ਲਗਦਾ ਹੈ ਕਿ ਉਨ੍ਹਾਂ ਨੇ ਬਿਲ ਪੜ੍ਹਿਆ ਨਹੀਂ ਹੈ। ਡਿਪਟੀ ਸਪੀਕਰ ਸਾਹਿਬ ਮੈਂਬਰਜ਼ ਨੂੰ 45 ਰੁਪਏ ਡੇਲੀ ਦੇ ਮਿਲਦੇ ਹਨ, ਆਣਾ ਜਾਣਾ ਫਰੀ ਹੈ, ਲਖ ਡੇਢ ਲੱਖ ਲੋਕਾਂ ਦੇ ਇਹ ਨੁਮਾਇੰਦੇ ਹਨ, ਪਰ ਇਨ੍ਹਾਂ ਨੂੰ ਇਹ ਹੀ ਨਾ ਪਤਾ ਹੋਵੇ ਕਿ ਕੀ ਕੰਟਰੀਬਿਊਸ਼ਨ ਕਰਨੀ ਹੈ, ਕੀ ਸੁਜੈਸ਼ਨ ਦੇਣੀ ਹੈ, ਕਿਸ ਤਰ੍ਹਾਂ ਨਾਲ ਵਿਰੋਧ ਕਰਨਾ ਹੈ, ਤਾਂ ਮੈਂ ਦੁੱਖ ਨਾਲ ਖਿਮਾ ਮੰਗਦਾ ਹਾਂ ਅੌਰ ਮੈਂ ਇਹ ਕਹਾਂਗਾ ਕਿ ਸਾਡਾ ਪਾਰਲੀਮੈਂਟਰੀ ਸਿਸਟਮ ਬਹੁਤ ਗਲਤ ਪਾਸੇ ਜਾ ਰਿਹਾ ਹੈ। ਇਸ ਵਿਚ ਸੁਧਾਰ ਦੀ ਲੋੜ ਹੈ। ਅਗਰ ਅਸੀਂ ਲੋਕਾਂ ਦੇ ਨੁਮਾਇੰਦੇ ਹਾਂ ਤਾਂ ਸਾਨੂੰ ਕੰਟਰੀਬਿਊਸ਼ਨ ਕਰਨੀ ਚਾਹੀਦੀ ਹੈ ਅਤੇ ਜਿਹੜਾ ਵਿਸ਼ਾ ਸਾਹਮਣੇ ਹੈ ਉਸ ਤੇ ਬੋਲੀਏ।

[ਵਿੱਤ ਮੰਤਰੀ]

ਪਹਿਲੇ ਜਿਹੜੀ 500 ਰੁਪਏ ਤੱਕ ਪੈਨਲਿਟੀ ਹੁੰਦੀ ਸੀ, ਜਿਹੜਾ ਟੈਕਸ ਦੀ ਇਵੇਜ਼ਨ ਕਰਦਾ ਸੀ ਉਸ ਨੂੰ ਅਸੀਂ ਵਧਾ ਕੇ ਆਰਡੀਨੈਂਸ ਦੇ ਰਾਹੀਂ 5,000 ਤੱਕ ਕਰ ਦਿੱਤਾ ਸੀ। ਇਹ ਇਸ ਲਈ ਕੀਤਾ ਗਿਆ ਸੀ ਤਾਕਿ ਟੈਕਸ ਦੀ ਚੋਰੀ ਨਾ ਹੋ ਸਕੇ । ਚਾਹੇ ਉਹ ਟਰੱਕ ਉਪਰੇਟਰਜ਼ ਹੋਣ ਜਾਂ ਬੱਸ ਉਪਰੇਟਰਜ਼ ਹੋਣ ਉਹ ਚੋਰੀ ਨਾ ਕਰਨ । ਇਸ ਨੂੰ ਕਰਬ ਕਰਨ ਲਈ ਤਾਂ ਕਿ ਸਾਨੂੰ ਪੂਰਾ ਟੈਕਸ ਮਿਲੇ ਅਸੀਂ ਇਹ ਕੀਤਾ ਸੀ ਕਿ ਇਹ ਜੁਰਮਾਨਾ 500 ਰੁ. ਤੋਂ ਲੈ ਕੇ 5,000 ਰੁਪਏ ਤਕ ਵੀ ਹੋ ਸਕਦਾ ਹੈ । ਜਿਹੜੀ ਬੱਸ ਅੰਮ੍ਰਿਤਸਰ ਤੋਂ ਦਿੱਲੀ ਜਾਂਦੀ ਹੈ ਜੇ ਉਸ ਵਿਚ ਅਧੀਆਂ ਸਵਾਰੀਆਂ ਵੀ ਬਗੈਰ ਟੈਕਸ ਦੇ ਬੈਠੀਆਂ ਹੋਣ ਤਾਂ ਇਸ 500 ਰੁਪਏ ਦੇ ਜੁਰਮਾਨੇ ਦੇ ਨਾਲ ਉਹ ਟੈਕਸ ਦਾ ਨੁਕਸਾਨ ਪੂਰਾ ਨਹੀਂ ਹੋ ਸਕਦਾ ਸੀ। ਇਸ ਲਈ ਅਸੀਂ ਇਹ ਚੋਰੀ ਰੋਕਣ ਲਈ 5,000 ਰੁਪਏ ਤਕ ਕਰ ਦਿੱਤਾ ਹੈ। ਔਰ ਇਸ ਨਾਲ ਮੈਨੂੰ ਇਹ ਦੱਸਦ ਹੋਏ ਖੁਸ਼ੀ ਹੋਈ ਹੈ ਕਿ ਜਦੋਂ ਦਾ ਇਹ ਲਾਗੂ ਕੀਤਾ ਹੈ ਉਸ ਨਾਲ ਸਟੇਟ ਨੂੰ ਕਾਫੀ ਅੱਗੇ ਨਾਲੋਂ ਜ਼ਿਆਦਾ ਫਾਇਦਾ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਇਥੇ ਹੋਰ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਕੀਤੀਆਂ ਗਈਆਂ ਜਿਹੜੀਆਂ ਕਿ ਰੈਲੇਵੇਂਟ ਨਹੀਂ ਸਨ ਰੈਲੀ ਦਾ ਰੋਣਾ ਬਹੁਤ ਰੋਇਆ ਗਿਆ ! ਹਾਏ ਰੈਲੀ, ਹਾਏ ਰੈਲੀ । ਰੈਲੀਆਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ, ਜਲਸੇ ਵੀ ਹੁੰਦੇ ਰਹਿੰਦੇ ਹਨ ਔਰ ਲੋਕ ਦਿੱਲੀ ਵਿਚ ਇਕੱਠੇ ਹੁੰਦੇ ਰਹਿੰਦੇ ਹਨ । ਇਸ ਦਾ ਉਨ੍ਹਾਂ ਨੂੰ ਹੱਕ ਹੈ । ਔਰ ਉਸ ਵਾਸਤੇ ਟਰੈਫਿਕ ਦੇ ਸਾਧਨ ਲੋਕਾਂ ਕੋਲ ਆਪਣੇ ਵੀ ਹਨ ਉਹ ਆਪਣਾ ਟਰੱਕ ਵੀ ਲੈ ਜਾ ਸਕਦੇ ਹਨ ਅਤੇ ਬੱਸ ਵੀ ਲੈ ਜਾ ਸਕਦੇ ਹਨ । ਇਹ ਰੈਲੀ ਹੋਈ ਮੈਨੂੰ ਖੁਸ਼ੀ ਹੈ ਕਿ ਇਸ ਰੈਲੀ ਵਿਚ ਕੰਨਿਆ ਕੁਮਾਰੀ ਤੋਂ ਲੈ ਕੇ ਨਾਗਾਲੈਂਡ ਤਕ ਦੇ ਸਾਡੇ ਕਿਸਾਨ ਦਿੱਲੀ ਪੁੱਜੇ ਸਨ ਔਰ ਇਸ ਦੇ ਨਾਲ ਉਨ੍ਹਾਂ ਨੇ ਸਿਰਫ਼ ਆਪਣੀ ਸ਼ਰਧਾ ਹੀ ਨਹੀਂ ਪ੍ਰਗਟ ਕੀਤੀ ਬਲਕਿ ਇਹ ਮੁਜ਼ਾਹਰਾ ਵੀ ਕੀਤਾ ਕਿ ਇਸ ਦੇਸ਼ ਦੇ ਕਿਸਾਨ ਕਾਂਗਰਸ ਪਾਰਟੀ ਨਾਲ ਹਨ। (ਵਿਘਨ) ਡਾਂਗਾਂ ਨਾਲ ਅਸੀਂ ਉਨ੍ਹਾਂ ਨੂੰ ਨਹੀਂ ਲੈ ਗਏ ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਢੀਂਡਸਾਂ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦੇ ਸਮੇਂ ਵਿਚ ਨੈਸ਼ਨਲ ਪਰਮਿਟ ਨਹੀਂ ਦਿੱਤੇ ਗਏ ਸਨ । ਪਰ ਮੈਨੂੰ ਇਸ ਸਬੰਧ ਵਿਚ ਹੁਣੇ ਹੀ ਡਿਪਾਰਟਮੈਂਟ ਵਲੋਂ ਚਿੱਟ ਮਿਲੀ ਹੈ ਕਿ 150 National permits were issued by Akali Government । ਮੈਨੂੰ ਇਹ ਇਤਰਾਜ਼ ਨਹੀਂ ਕਿ ਇਹ ਪਰਮਿਟ ਕਿਉਂ ਦਿੱਤੇ ਗਏ । ਮੈਂ ਇਸ ਨੂੰ ਬੁਰਾ ਨਹੀਂ ਸਮਝਦਾ । ਲੋਕਾਂ ਦੀਆਂ ਸਹੂਲਤਾਂ ਵਾਸਤੇ ਇਹ ਪਰਮਿਟ ਦੇਣੇ ਚਾਹੀਦੇ ਹਨ । ਨਾਰਦਰਨ ਜ਼ੋਨ ਦੇ ਪਰਮਿਟ ਦਿੱਤੇ ਜਾ ਸਕਦੇ ਹਨ ਅਤੇ ਨੈਸ਼ਨਲ ਪਰਮਿਟ ਵੀ ਦਿੱਤੇ ਜਾ ਸਕਦੇ ਹਨ। ਅਗਰ ਇਹ ਇੰਤਜ਼ਾਮ ਨਾ ਹੋਵੇ ਤਾਂ ਇਕ ਥਾਂ ਦਾ ਸਮਾਨ ਦੂਜੀ ਥਾਂ ਨਹੀਂ ਜਾ ਸਕਦਾ ।

ਫਿਰ ਇਥੇ ਡਾਕਟਰ ਭਗਤ ਸਿੰਘ ਹੋਰਾਂ ਨੇ ਜੋ ਕਿਹਾ ਸੀ ਉਹ ਵੀ ਗਲਤ ਕਿਹਾ ਸੀ। ਇਸ ਸਬੰਧ ਵਿਚ ਵੀ ਮੈਨੂੰ ਹੁਣੇ ਹੀ ਇਨਫਰਮੇਸ਼ਨ ਮਿਲੀ ਹੈ ਕਿ ਕੋਈ ਨਯਾ ਨੈਸ਼ਨਲ ਪਰਮਿਟ ਜੂਨ, 1980 ਤੋਂ ਬਾਅਦ ਇਕ ਵੀ ਨਹੀਂ ਦਿੱਤਾ ਗਿਆ । ਇਸ ਲਈ ਇਸ ਇਨਫਰਮੇਸ਼ਨ ਦੇ ਮੁਤਾਬਿਕ ਇਹ ਵੀ ਗਲਤ ਹੈ (ਵਿਘਨ) ਮੇਰੇ ਕੋਲ ਡਿਪਾਰਟਮੈਂਟ ਦੇ ਸੈਕਟਰੀ ਦੀ ਇਨਫਰਮੇਸ਼ਨ ਆਈ ਹੈ, ਜਿਹੜੀ ਕਿ ਅਥੈਂਟੀਕੇਟਿਡ ਹੈ ।

ਇਸ ਤੋਂ ਬਾਅਦ ਇਥੇ ਕੁਝ 60:40 ਦੀ ਰੇਸ਼ੋ ਬਾਰੇ ਵੀ ਗੱਲ ਕੀਤੀ ਗਈ ਹੈ ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਰੈਜ਼ੋਲਿਊਸ਼ਨ ਪਾਸ ਹੋਇਆ ਕਿ ਨੈਸ਼ਨੇਲਾਈਜ਼ੇਸ਼ਨ

ਹੋਣੀ ਚਾਹੀਦੀ ਹੈ ਔਰ ਮੈਂ ਸਮਝਦਾ ਹਾਂ ਕਿ ਇਹ ਪਹਿਲੀ ਪੰਜਾਬ ਸਰਕਾਰ ਹੈ ਜਿਹੜੀ ਕਿ ਆਉਣ ਵਾਲੇ ਸਾਲ ਵਿਚ ਇਸ ਸਬੰਧ ਵਿਚ ਕੁੱਝ ਨਾ ਕੁੱਝ ਕਦਮ ਜ਼ਰੂਰ ਪੁਟੇਗੀ। ਔਰ ਜਿਹੜੀ 60:40 ਵਿੱਚ ਗੜਬੜ ਹੋਈ ਹੈ, ਇਹ ਪਿਛਲੇ ਵਕਤ ਵਿਚ ਜ਼ਰੂਰ ਹੋਈ ਹੋਵੇਗੀ। ਪਰ ਇਹ ਹੁਣ ਨਹੀਂ ਹੋਈ। ਅਸੀਂ ਹੁਣ ਕੋਈ ਪ੍ਰਾਈਵੇਟ ਓਪਰੇਟਰ ਨੂੰ ਰੂਟ ਨਹੀਂ ਦਿੱਤਾ। ਅਸੀਂ ਤਾਂ ਨੈਸ਼ਨੇਲਾਈਜੇਸ਼ਨ ਵੱਲ ਜਾਵਾਂਗੇ। ਇਹ ਹਾਊਸ ਦਾ ਫੈਸਲਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਕੁੱਝ ਜ਼ਿਕਰ ਐਕਸੀਡੈਂਟਾਂ ਦਾ ਅਤੇ ਟੈਕਸ ਈਵੇਜ਼ਨ ਦਾ ਹੋਇਆ ਹੈ। ਟੈਕਸ ਈਵੇਜ਼ਨ ਨੂੰ ਰੋਕਣ ਲਈ ਅਸੀਂ ਸਟੈਪਸ ਲਏ ਹਨ। ਮੈਂ ਸਮਝਦਾ ਹਾਂ ਕਿ ਇਸ ਸਬੰਧ ਵਿਚ ਮਾਨਯੋਗ ਮੈਂਬਰਾਂ ਨੂੰ ਸ਼ਲਾਘਾ ਕਰਨੀ ਚਾਹੀਦੀ ਸੀ ਕਿ ਅਸੀਂ ਟੈਕਸ ਚੋਰਾਂ ਨੂੰ ਪਕੜਨ ਵਾਸਤੇ ਬਹੁਤ ਕਦਮ ਚੁੱਕੇ ਹਨ ਔਰ ਹੋਰ ਵੀ ਜਿਹੜੇ ਮੁਨਾਸਬ ਹੋਣਗੇ ਉਹ ਚੁਕਾਂਗੇ। ਅਸੀਂ ਸਮਝਦੇ ਹਾਂ ਕਿ ਜਿਥੇ ਟੈਕਸ ਚੋਰੀ ਕਰਨਾ ਗੁਨਾਹ ਹੈ ਉਥੇ ਟੈਕਸ ਚੋਰਾਂ ਨੂੰ ਛੱਡਣਾ ਵੀ ਗੁਨਾਹ ਹੈ।

ਇਥੇ ਕੁੱਝ ਇਲਜ਼ਾਮ ਲਗਾਇਆ ਗਿਆ ਹੈ ਕਿ ਟਰੈਫਿਕ ਨੂੰ ਰਸਤੇ ਵਿਚ ਖੜ੍ਹਾ ਕਰਕੇ ਪੁਲਿਸ ਪੈਸਾ ਇਕੱਠਾ ਕਰਦੀ ਹੈ। ਇਸ ਵਾਸਤੇ ਵੀ ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਜਲਦੀ ਤੋਂ ਜਲਦੀ ਕੋਈ ਫੈਸਲੇ ਕਰੇ, ਜਿਸ ਨਾਲ ਜਿਹੜੀ ਰਸਤੇ ਵਿਚ ਚੈਕਿੰਗ ਹੁੰਦੀ ਹੈ ਔਰ ਉਸ ਵਿਚ ਜਿਹੜੀ ਕੁਰੱਪਸ਼ਨ ਹੁੰਦੀ ਹੈ, ਉਸ ਨੂੰ ਬੰਦ ਕੀਤਾ ਜਾਵੇ। ਇਸ ਦੇ ਲਈ ਕੋਈ ਨਾ ਕੋਈ ਮੈਜਿਸਟਰੇਟ ਉਥੇ ਲਾ ਕੇ ਮੌਕੇ ਤੇ ਹੀ ਇਸ ਦਾ ਫੈਸਲਾ ਕੀਤਾ ਜਾਇਆ ਕਰੇਗਾ। ਇਸ ਲਈ ਸਾਡੀ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਜਿਹੜੇ ਵੀ ਮੁਨਾਸਿਬ ਕਦਮ ਹੋ ਸਕਦ ਹਨ, ਉਹ ਚੁੱਕੇ ਜਾਣ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਜ਼ਿਕਰ ਕੀਤਾ ਹੈ ਕਿ ਔਰਤਾਂ ਵਾਸਤੇ ਕੁੱਝ ਵੱਖਰਾ ਪ੍ਰਬੰਧ ਹੋਣਾ ਚਾਹੀਦਾ ਹੈ ਔਰ ਜਿਹੜੇ ਢਾਬੇ ਹਨ, ਉਨ੍ਹਾਂ ਦਾ ਵੀ ਕੁੱਝ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਲਈ ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਉਤੇ ਵਿਚਾਰ ਕਰਕੇ ਜਿਹੜੇ ਵੀ ਮੁਨਾਸਬ ਕਦਮ [illegible] ਉਹ ਚੱਕੇ ਜਾਣਗੇ।

ਇਸ ਲਈ ਡਿਪਟੀ ਸਪੀਕਰ ਸਾਹਿਬ, ਇਸ ਅਮੈਂਡਮੈਂਟ ਦੇ ਨਾਲ ਟੈਕਸ [illegible] ਰੋਕਣ ਦੀ ਕੋਸ਼ਿਸ਼ ਕੀਤੀ ਗਈ ਹੈ ਔਰ ਇਸ ਬਿਲ ਤੇ ਜਿਹੜੇ ਮੈਂਬਰਾਂ ਨੇ ਕੰਟ੍ਰੀਬਿਊਸ਼ਨ ਕੀਤੀ ਹੈ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਇਸ ਨੂੰ [illegible] ਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਜਿਹੜਾ ਬੱਸਾਂ ਦਾ ਰੰਗ ਹੈ, ਇਹ ਅਲੈਹਿਦਾ ਅਲੈਹਿਦਾ ਹੈ। ਇਹ ਜ਼ਰੂਰ ਇਕ ਕਰਨਾ ਚਾਹੀਦਾ ਹੈ ਤਾਕਿ ਪਤਾ ਲੱਗ ਸਕੇ ਕਿ ਇਹ ਪੰਜਾਬ ਰੋਡਵੇਜ਼ ਦੀ ਬੱਸ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਹੋਰਾਂ ਨੇ ਆਲ ਇੰਡੀਆ ਟੂਰਿਸਟ ਬੱਸਾਂ ਦੇ ਬਾਰੇ ਕਿਹਾ ਸੀ । ਪਰ ਮਨਿਸਟਰ ਸਾਹਿਬ ਗ਼ਲਤ ਜਵਾਬ ਦੇ ਗਏ ਹਨ । ਇਹ ਟਰੱਕਾਂ ਦੇ ਬਾਰੇ ਕਹਿ ਗਏ ਹਨ । ਆਲ ਇੰਡੀਆ ਟੂਰਿਸਟ ਬੱਸਾਂ ਦੇ ਪਰਮਿਟ ਦਿੱਤੇ ਗਏ ਹਨ । ਪਰ ਇਨ੍ਹਾਂ ਨੇ ਨੈਸ਼ਨਲ ਪਰਮਿਟ ਟਰੱਕਾਂ ਦੇ ਬਾਰੇ ਜਵਾਬ ਦਿੱਤਾ ਹੈ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਸ ਸਬੰਧ ਵਿਚ ਜੋ ਮੇਰੇ ਕੋਲ ਇਨਫ਼ਰਮੇਸ਼ਨ ਆਈ ਸੀ, ਉਹ ਇਹ ਸੀ ਕਿ ਕੋਈ ਵੀ ਨੈਸ਼ਨਲ ਪਰਮਿਟ ਦਿੱਤਾ ਹੀ ਨਹੀਂ ਗਿਆ । ਇਸ ਵਿਚ ਬੱਸ ਅਤੇ ਟਰੱਕ ਦੋਨੋਂ ਇਨਕਲੂਡ ਹੋ ਸਕਦੇ ਹਨ ।

ਕਾਮਰੇਡ ਰਾਜ ਕੁਮਾਰ : ਡਿਪਟੀ ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਤੋਂ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਨੈਸ਼ਨਲ ਰੂਟ ਪਰਮਿਟ ਦੇਣ ਦਾ ਕੀ ਕਰਾਈਟੇਰੀਆ ਰੱਖਣਗੇ ?

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਬੜੀ ਕਲੀਨ ਐਡਮਨਿਸਟਰੇਸ਼ਨ ਦੇਣ ਲਈ ਬਣੀ ਹੈ ਔਰ ਅਸੀਂ ਇਸ ਦੇ ਵਿਚ ਕੋਈ ਗੜਬੜ ਨਹੀਂ ਹੋਣ ਦਿਆਂਗੇ । ਜੋ ਕਰਾਈਟੇਰੀਆ ਮੁਕਰਰ ਕੀਤਾ ਗਿਆ ਹੈ, ਉਸ ਦੇ ਮੁਤਾਬਿਕ ਅਮਲ ਕੀਤਾ ਜਾਵੇਗਾ । ਇਸ ਦੇ ਵਿਚ ਕਿਸੇ ਕਿਸਮ ਦੀ ਕੁਰੱਪਸ਼ਨ ਟਾਲਰੇਟ ਨਹੀਂ ਕੀਤੀ ਜਾਵੇਗੀ ।

ਡਾਕਟਰ ਭਗਤ ਸਿੰਘ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ, ਸਰ । ਇਨ੍ਹਾਂ ਨੇ ਮੇਰੀ ਗੱਲ ਦਾ ਜਵਾਬ ਨਹੀਂ ਦਿੱਤਾ । ਦੂਸਰੀ ਗੱਲ ਹਰ ਸਾਲ ਪ੍ਰਾਈਵੇਟ ਟਰਾਂਸਪੋਰਟਰ ਇਨ੍ਹਾਂ ਨੂੰ ਇਕੱਠੇ ਹੋ ਕੇ ਪੈਸੇ ਦੇ ਜਾਂਦੇ ਹਨ ਔਰ ਇਹ ਚੁੱਪ ਹੋ ਜਾਂਦੇ ਹਨ । ਕੀ ਇਹ ਟਰਾਂਸਪੋਰਟ ਵਿਚ ਕੁਰੱਪਸ਼ਨ ਨੂੰ ਖ਼ਤਮ ਕਰਨਗੇ ?

ਸ੍ਰੀ ਡਿਪਟੀ ਸਪੀਕਰ : ਤੁਸੀਂ ਡਾਕਟਰ ਸਾਹਿਬ ਬੈਠੋ । ਬਿਲ ਨੂੰ ਪਾਸ ਕਰ ਲੈਣ ਦਿਓ ।

Mr. Deputy Speaker : Question is—

> That this House disapproves the Punjab passengers and Goods Taxation (Amendment) Ordinance, 1980 (Punjab Ordinance No. 1 of 1981).

The motion was lost

Mr. Deputy Speaker : Question is—

> That the Punjab passengers and Goods Taxation (Amendment) Bill be taken into consideration at once.

The motion was carried

Mr. Deputy Speaker : Now the House will proceed to consider the Bill Clause by Clause.

SUB-CLAUSE (2) OF CLAUSE 1

Mr. Deputy Speaker : Question is—

That Sub-Clause (2) of Clause 1 stand part of the Bill.

The motion was carried

CLAUSE 2.

Mr. Deputy Speaker : Question is—

That Clause 2 stand part of the Bill

The motion was carried.

CLAUSE 3.

Mr. Deputy Speaker : Question is—

That Clause 3 stand part of the Bill.

The motion was carried.

SUB-CLAUSE (1) OF CLAUSE 1.

Mr. Deputy Speaker : Question is—

That Sub-Clause (1) of Clause 1 stand part of the Bill.

The motion was carried.

TITLE

Mr. Deputy Speaker : Question is—

That Title be the Title of the Bill.

The motion was carried.

Finance Minister (Doctor Kewal Krishan) : Sir, I beg to move—

That the Punjab Passengers and Goods Taxation (Amendment) Bill be passed.

Mr. Deputy Speaker : Motion moved—

That the Punjab Passengers and Goods Taxation (Amendment) Bill be passed.

Mr. Deputy Speaker : Question is—

That the Punjab Passengers and Goods Taxation (Amendment) Bill be passed.

The motion was carried.

THE PUNJAB MOTOR VEHICLES TAXATION (AMENDMENT) BILL, 1981

Finance Minister (Doctor Kewal Krishan) : Sir, I beg to introduce the Punjab Motor Vehicles Taxation (Amendment) Bill.

Sir, I also beg to move—

> That the Punjab Motor Vehicles Taxation (Amendment) Bill be taken into consideration at once.

Mr. Deputy Speaker : Motion moved—

> That the Punjab Motor Vehicles Taxation (Amendment) Bill be taken into consideration at once.

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਬੱਸਾਂ ਦੀ ਬਾਬਤ ਕੁਝ ਅਰਜ਼ ਕਰਨੀ ਚਾਹੁੰਦਾ ਹਾਂ ਜੋ ਕੁਝ ਸਰਦਾਰ ਬੀਰਦਵਿੰਦਰ ਸਿੰਘ ਨੇ ਇਥੇ ਬੱਸਾਂ ਦੇ ਬਾਰੇ ਕਿਹਾ ਹੈ, ਉਹ ਬਿਲਕੁਲ ਠੀਕ ਕਿਹਾ ਹੈ। ਪਹਿਲੀ ਗੱਲ ਇਹ ਹੈ ਕਿ ਬੱਸਾਂ ਵਾਲੇ ਮੁਸਾਫਰਾਂ ਕੋਲੋਂ ਪੈਸੇ ਲੈਂਦੇ ਹਨ ਅਤੇ ਟਿਕਟ ਨਹੀਂ ਦਿੰਦੇ, ਚਾਹੇ ਬੱਸ ਵਿੱਚ ਐਮ. ਐਲ. ਏ. ਬੈਠਾ ਹੋਵੇ ਉਸ ਦੇ ਸਾਹਮਣੇ ਭੀ ਪੈਸੇ ਲੈ ਲੈਂਦੇ ਹਨ, ਪਰ ਟਿਕਟ ਨਹੀਂ ਕੱਟਕੇ ਦਿੰਦੇ। ਉਨ੍ਹਾਂ ਦਾ ਮੁਸਾਫਰਾਂ ਨਾਲ ਵਰਤਾਓ ਬਹੁਤ ਹੀ ਗਲਤ ਹੁੰਦਾ ਹੈ। ਇਨ੍ਹਾਂ ਕੰਡਕਟਰਾਂ ਅਤੇ ਡਰਾਈਵਰਜ਼ ਦਾ ਮੁਸਾਫਰਾਂ ਨਾਲ ਵਰਤਾਓ ਠੀਕ ਰੱਖਣ ਲਈ ਹਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ। ਉਹ ਨਾ ਕਿਸੇ ਦੀ ਭੈਣ ਨੂੰ ਭੈਣ ਸਮਝਦੇ ਹਨ, ਨਾ ਮਾਂ ਨੂੰ ਮਾਂ ਸਮਝਦੇ ਹਨ ਅਤੇ ਨਾ ਬਾਪ ਨੂੰ ਬਾਪ ਸਮਝਦੇ ਹਨ। ਉਹ ਕਹਿਣਗੇ ਤੂੰ ਕਿਥੇ ਜਾਣਾ ਹੈ ਦੂਸਰੀ ਗੱਲ ਨਾ ਬਿਰਧ ਨੂੰ ਅਤੇ ਨਾ ਜਵਾਨ ਨੂੰ ਕੁਝ ਸਮਝਦੇ ਹਨ। ਸਾਰਿਆਂ ਨੂੰ ਕਹਿਣਗੇ ਤੂੰ ਜਾਣਾ ਕਿਥੇ ਹੈ। ਅਰਾਮ ਨਾਲ ਪਿਆਰ ਨਾਲ ਗੱਲ ਨਹੀਂ ਕਰਦੇ। ਇਨ੍ਹਾਂ ਦੇ ਵਰਤਾਓ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ। ਇਥੋਂ ਤੱਕ ਕਿ ਬਸ ਵਿਚ ਅਗਰ ਐਮ. ਐਲ. ਏ. ਬੈਠਾ ਹੋਵੇ ਤਾਂ ਉਸ ਦੇ ਕੋਲੋਂ ਭੀ ਪੈਸੇ ਮੰਗਦੇ ਹਨ। ਉਨ੍ਹਾਂ ਨੂੰ ਅਗਰ ਕਹੀਏ ਕਿ ਮੈਂ ਐਮ. ਐਲ. ਏ. ਹਾਂ ਤਾਂ ਜਵਾਬ ਦੇਣਗੇ ਤਾਂ ਫਿਰ ਮੈਂ ਕੀ ਕਰਾਂ ਤੂੰ ਪੈਸੇ ਕੱਢ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਐਮ. ਐਲ. ਏਜ਼. ਕੋਲੋਂ ਪੈਸੇ ਨਹੀਂ ਮੰਗੀਦੇ ਬਲਕਿ ਵਾਊਚਰ ਮੰਗਣਾ ਚਾਹੀਦਾ ਹੈ। ਫਿਰ ਉਨ੍ਹਾਂ ਦੀ ਜਿਥੇ ਮਰਜ਼ੀ ਹੋਵੇ ਬੱਸ ਖੜੀ ਕਰ ਦੇਣਗੇ ਅਤੇ ਜਿਥੇ ਆਪਣੇ ਆਦਮੀ ਨੂੰ ਚੜ੍ਹਾਉਣਾ ਹੋਵੇ ਚੜ੍ਹਾ ਲੈਣਗੇ ਅਤੇ ਉਤਾਰ ਵੀ ਦਿੰਦੇ ਹਨ। ਪਰ ਜੇ ਕੋਈ ਮੁਸਾਫਰ ਕਹੇ ਤਾਂ ਕਹਿਣਗੇ, ਸਾਡਾ ਸਟੌਪੇਜ ਨਹੀਂ ਹੈ। ਇਥੋਂ ਤੱਕ ਕਿ ਐਮ. ਐਲ. ਏ. ਨੂੰ ਨਹੀਂ ਉਤਾਰਦੇ। ਮੈਂ ਹਿਮਾਚਲ, ਹਰਿਆਣਾ ਅਤੇ ਯੂ. ਪੀ. ਦੀਆਂ ਬੱਸਾਂ ਵਿਚ ਸਫਰ ਕੀਤਾ ਹੈ ਅਤੇ ਮੈਂ ਉਨ੍ਹਾਂ ਬਸਾਂ ਵਿਚ ਕੰਡਕਟਰ ਨੂੰ ਕਿਹਾ ਕਿ ਮੈਂ ਐਮ. ਐਲ. ਏ. ਹਾਂ ਤਾਂ ਉਨ੍ਹਾਂ ਨੇ ਪੈਸੇ ਨਹੀਂ ਮੰਗੇ ਅਤੇ ਕਹਿਣ ਲਗੇ ਕਿ ਠੀਕ ਹੈ। ਸਗੋਂ ਯੂ. ਪੀ. ਵਿਚ ਜਦੋਂ ਮੈਂ ਕੰਡਕਟਰ ਨੂੰ ਕਿਹਾ ਕਿ ਮੈਂ ਆਪਣਾ ਆਈਡੈਂਟਿਟੀ ਕਾਰਡ ਵਿਖਾਵਾਂ ਤਾਂ ਉਹ ਕਹਿਣ ਲਗਾ ਕਿ ਆਪ ਕੀ ਜ਼ਬਾਨ ਪਰ ਇਤਬਾਰ ਹੈ। ਹਰਿਆਣੇ ਵਿਚ ਬੱਸ ਕੰਡਕਟਰ ਮੁਸਾਫਰਾਂ ਨੂੰ ਕਹਿੰਦੇ ਹਨ ਆਓ ਜੀ ਲੇਕਿਨ ਪੰਜਾਬ ਵਿਚ ਕਹਿੰਦੇ ਹਨ ਕਿ ਤੂੰ ਕਿਥੇ ਜਾਣਾ ਹੈ। ਇਥੋਂ ਤੱਕ ਕਿ ਔਰਤਾਂ ਨੂੰ ਵੀ ਬੋਲਣ ਦੀ ਤਮੀਜ਼ ਨਹੀਂ ਹੈ। ਇਸ ਲਈ ਸਰਕਾਰ ਨੂੰ ਉਨ੍ਹਾਂ ਨੂੰ ਹਦਾਇਤਾਂ ਜਾਰੀ ਕਰ ਦੇਣੀਆਂ ਚਾਹੀਦੀਆਂ ਹਨ ਕਿ ਉਹ ਆਪਣਾ ਵਰਤਾਓ ਠੀਕ ਕਰਨ (ਘੰਟੀ)

ਫਿਰ ਜਿਹੜੀ ਬੱਸ ਵਰਕਸ਼ਾਪ ਵਿਚੋਂ ਨਿਕਲਦੀ ਹੈ ਉਸ ਨੂੰ ਮਾੜਾ ਮੋਟਾ ਮਿਸਤਰੀ ਠੀਕ ਕਰ ਦਿੰਦਾ ਹੈ ਅਤੇ ਬਗੈਰ ਪੂਰੀ ਚੈਕਿੰਗ ਦੇ ਬੱਸ ਵਰਕਸ਼ਾਪ ਤੋਂ ਬਾਹਰ ਆ ਜਾਂਦੀ ਹੈ। ਅਗਰ ਕਿਸੇ ਡਰਾਈਵਰ ਨੂੰ ਪੁੱਛੋ ਕਿ ਸਿਰੇ ਤੱਕ ਲਾ ਦਿਓਗੇ ਤਾਂ ਉਹ ਕਹਿੰਦਾ ਹੈ ਕਿ ਪਤਾ ਨਹੀਂ। ਜਦੋਂ ਬੱਸਾਂ, ਡਿਪਟੀ ਸਪੀਕਰ ਸਾਹਿਬ, ਅੱਡੇ ਤੋਂ ਬਾਹਰ ਨਿਕਲਦੀਆ ਹਨ ਤਾਂ ਖੜ੍ਹੀਆਂ ਹੋ ਜਾਂਦੀਆਂ ਹਨ। ਡਰਾਈਵਰਾਂ, ਕੰਡਕਟਰਾਂ ਅਤੇ ਚੈਕਰਾਂ ਦਾ ਬਹੁਤ ਭੈੜਾ ਵਰਤਾਓ ਹੈ। ਦੂਜਾ ਜੇ ਉਨ੍ਹਾਂ ਨੂੰ ਕਹੋ ਕਿ ਵੱਧ ਪੈਸੇ ਕਿਉਂ ਲੈਂਦੇ ਹੋ ਤਾਂ ਉਹ ਕਹਿੰਦੇ ਹਨ ਕਿ ਥੱਲੇ ਤੋਂ ਉਪੱਰ ਤੱਕ ਪੈਸੇ ਮੰਗਦੇ ਹਨ। ਕੰਡਕਟਰ ਅਤੇ ਡਰਾਈਵਰ ਕਹਿੰਦਾ ਹੈ ਕਿ ਸਾਡਾ ਇਨਚਾਰਜ ਤੇ ਚੈਕਰ ਸਾਥੋਂ ਪੈਸ ਮੰਗਦੇ ਹਨ ਤਾਂ ਅਸੀਂ ਪੈਸੇ ਕਿਥੋਂ ਦੇਈਏ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਲਈ ਸਾਰੀਆਂ ਚੀਜ਼ਾਂ ਤੇ ਕੰਟ੍ਰੋਲ ਹੋਣਾ ਚਾਹੀਦਾ ਹੈ। ਬੱਸਾ ਦੀ ਸਫਾਈ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਬੱਸਾਂ ਦੀਆਂ ਤਾਕੀਆਂ ਟੁੱਟੀਆਂ ਹੋਈਆਂ ਹੁੰਦੀਆਂ ਹਨ ਅਤੇ ਕਈਂ ਬੱਸਾਂ ਵਿਚ ਇੰਜਣ ਵਿਚੋਂ ਤੇਲ ਵਗਦਾ ਰਹਿੰਦਾ ਹੈ ਅਤੇ ਉਹ ਤੇਲ ਸਵਾਰੀਆਂ ਦੀਆਂ ਜੁੱਤੀਆਂ ਖਰਾਬ ਕਰਦਾ ਹੈ ਅਤੇ ਪਜਾਮੇ ਖਰਾਬ ਕਰਦਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਬੱਸਾ ਦਾ ਸੁਧਾਰ ਹੋਣਾ ਚਾਹੀਦਾ ਹੈ। ਕੰਡਕਟਰ, ਡਰਾਈਵਰ ਅਤੇ ਚੈਕਰ ਦਾ ਵੀ ਸੁਧਾਰ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡੀ ਬਹੁਤ ਮਿਹਰਬਾਨੀ ਕਿ ਤੁਸੀਂ ਬੋਲਣ ਲਈ ਟਾਈਮ ਦਿੱਤਾ ਹੈ।

ਕਾਮਰੇਡ ਸੱਘੜ ਸਿੰਘ (ਨਿਹਾਲਸਿੰਘਵਾਲਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਪੰਜਾਬ ਮੋਟਰ ਵਹੀਕਲਜ਼ ਟੈਕਸੇਸ਼ਨ (ਅਮੈਂਡਮੈਂਟ) ਬਿਲ, 1981 ਦਾ ਸੋਧਨਾ ਬਿਲ ਆਇਆ ਹੈ। ਇਸ ਵਿਚ ਲਿਖਿਆ ਹੈ ਕਿ ਮੋਟਰ ਵਹੀਕਲ ਟੈਕਸ ਦੀ ਲਿਮਿਟ 20,000 ਰੁਪਏ ਤੋਂ 35,000 ਰੁਪਏ ਅਤੇ ਪਰ ਸੀਟ ਟੈਕਸ 300 ਰੁਪਏ ਤੋਂ 500 ਰੁਪਏ ਤਕ ਸਮਝਿਆ ਜਾਵੇ। ਇਹ 1980 ਤੋਂ ਲਾਗੂ ਸਮਝਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਸਾਰਾ ਬੋਝ ਆਖਿਰ ਪੈਸੰਜਰਜ਼ ਉਤੇ ਹੀ ਪੈਣਾ ਹੈ ਜਿਹੜੇ ਕਿ ਸਫਰ ਕਰਦੇ ਹਨ। ਪੰਜਾਬ ਸਰਕਾਰ ਆਪਣੇ ਢੰਗ ਨਾਲ ਸੋਚਦੀ ਹੈ ਕਿ ਇਸ ਨਾਲ ਗੌਰਮਿੰਟ ਨੂੰ ਫਾਇਦਾ ਹੋ ਸਕਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਹੋਰ ਬਹੁਤ ਸਾਰੇ ਜ਼ਰੀਏ ਹਨ ਜਿਸ ਨਾਲ ਪੰਜਾਬ ਸਰਕਾਰ ਨੂੰ ਆਮਦਨੀ ਹੋ ਸਕਦੀ ਹੈ। ਉਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਟੋਕਨ ਟੈਕਸ 2 ਕਰੋੜ 87 ਲੱਖ ਰੁਪਏ ਦੇ ਬਕਾਏ ਪ੍ਰਾਈਵੇਟ ਬਸ ਓਨਰਜ਼ ਵੱਲ ਸਰਕਾਰ ਦੇ ਖੜ੍ਹੇ ਹਨ। ਇਸ ਪੈਸੇ ਦੀ ਵਸੂਲੀ ਨਹੀਂ ਹੋ ਰਹੀ ਹੈ। ਇਸ ਵੇਲੇ ਡਿਪਟੀ ਸਪੀਕਰ ਸਾਹਿਬ, ਸਟੇਟ ਵਿਚ 60 : 40 ਦੀ ਰੇਸ਼ੋ ਹੈ। ਅਗਰ ਉਸ ਦੇ ਮੁਤਾਬਿਕ ਦੇਖੀਏ ਤਾਂ ਬੁਕਿੰਗ ਫੀਸ ਵੀ ਜਮ੍ਹਾਂ ਨਹੀਂ ਹੁੰਦੀ ਜਿਤਨੀ ਕਿ ਹੋਣੀ ਚਾਹੀਦੀ ਹੈ। ਬਕਾਏ ਬਹੁਤ ਪਏ ਹਨ, ਓਪਰੇਟਰਜ਼ ਜੋ ਕਿ ਪੰਜਾਬ ਸਰਕਾਰ ਨੇ ਲੈਣੇ ਹਨ। ਇਸ ਵਿਚੋਂ ਪ੍ਰਾਈਵੇਟ ਓਪਰੇਟਰਜ਼ ਨੇ 4,89,92,045 ਰੁਪਏ ਜਮ੍ਹਾਂ ਕਰ ਦਿੱਤੇ ਹਨ, ਪਰ ਡਿਪਟੀ ਸਪੀਕਰ ਸਾਹਿਬ, ਸਰਕਾਰ ਵਾਲੇ ਇਨ੍ਹਾਂ ਨਾਲੋਂ ਤਿੰਨ ਗੁਣਾ ਵੱਧ ਜਮ੍ਹਾਂ ਕਰਾਉਂਦੇ ਹਨ। ਅਗਰ ਅਸੀਂ 60 : 40 ਦੀ ਰੇਸ਼ੋ ਦੇ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਰੋਡਵੇਜ਼ ਨੇ 1978-79 ਵਿਚ 40,43,88,182 ਰੁਪਏ ਜਮ੍ਹਾਂ ਕਰਾਏ ਹਨ। ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਵਾਲਿਆਂ ਨੂੰ 30 ਕਰੋੜ ਰੁਪਿਆ ਜਮ੍ਹਾਂ ਕਰਾਉਣਾ ਚਾਹੀਦਾ ਸੀ, ਪਰ ਇਨ੍ਹਾਂ ਨੇ 19,88,97,000 ਰੁਪਏ ਜਮ੍ਹਾਂ ਕਰਾਏ। ਜਿਹੜੇ ਰੁਪਏ ਸਾਡੇ ਬਕਾਇਆ ਪਏ ਹਨ, ਉਸ ਵੱਲ ਸਾਡੀ ਸਰਕਾਰ ਧਿਆਨ ਨਹੀਂ ਦਿੰਦੀ। ਡਿਪਟੀ ਸਪੀਕਰ ਸਾਹਿਬ, ਮੇਰੀ ਦਲੀਲ ਇਹ ਹੈ

[ਕਾਮਰੇਡ ਸੱਘੜ ਸਿੰਘ]

ਕਿ ਅਗਰ ਕਿਸੇ ਨੂੰ ਚਾਰ ਦਿਨ ਜੇਲ੍ਹ ਵਿਚ ਰੱਖ ਕੇ ਉਸ ਤੇ ਸਖਤੀ ਕੀਤੀ ਜਾਵੇ ਤਾਂ ਬਕਾਇਆਂ ਰੈਵੇਨਿਊ ਦੀ ਵਸੂਲੀ ਹੋ ਸਕਦੀ ਹੈ। ਇਸ ਤਰ੍ਹਾਂ ਜਿਹੜੇ ਘਾਟੇ ਹਨ, ਉਹ ਪੂਰੇ ਹੋ ਸਕਦੇ ਹਨ। ਜਿਹੜੀ ਵੀ ਸਰਕਾਰ ਇਥੋਂ ਚਲੀ ਜਾਂਦੀ ਹੈ ਅਤੇ ਦੂਸਰੀ ਨਵੀਂ ਸਰਕਾਰ ਆਉਂਦੀ ਹੈ ਤਾਂ ਉਹ ਪਹਿਲੀ ਸਰਕਾਰ ਨੂੰ ਕਹਿੰਦੀ ਹੈ ਕਿ ਉਹ ਇਤਨਾ ਘਾਟਾ ਛੱਡ ਗਏ ਸੀ ਅਤੇ ਤੁਸੀਂ ਵੀ ਇਹ ਘਾਟਾ ਛੱਡ ਕੇ ਚਲਿਆ ਜਾਣਾ ਹੈ। ਇਸ ਤਰ੍ਹਾਂ ਕਰਕੇ ਬਜਟ ਵਿਚ ਹੋਰ ਘਾਟਾ ਵਧਦਾ ਹੀ ਜਾਵੇਗਾ, ਪਹਿਲੇ ਚਲੇ ਗਏ ਅਤੇ ਤੁਸੀਂ ਵੀ ਚਲੇ ਜਾਣਾ ਹੈ। ਡਿਪਟੀ ਸਪੀਕਰ ਸਾਹਿਬ, ਘਾਟੇ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਭੁਲੇਖਾ ਹੈ ਕਿ ਅਗਰ ਅਸੀਂ ਆ ਗਏ ਤਾਂ ਤੁਸੀਂ ਇਥੇ ਬੈਠ ਨਹੀਂ ਸਕਦੇ।

Mr. Deputy Speaker: No interruptions please, Please wind up

ਕਾਮਰੇਡ ਸੱਘੜ ਸਿੰਘ: ਕੇਰਲਾ, ਬੰਗਾਲ, ਤਾਮਲਨਾਡੂ ਅਤੇ ਤ੍ਰਿਪੁਰਾ ਵਿਚ ਸਾਡੀਆਂ ਸਰਕਾਰਾਂ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਇਸ ਪਾਸੇ ਧਿਆਨ ਦਿਵਾਉਂਣਾ ਚਾਹੁੰਦਾ ਸੀ ਪਰ ਇਨ੍ਹਾਂ ਨੇ ਦੂਜੇ ਪਾਸੇ ਮੇਰਾ ਧਿਆਨ ਖਿਚਿਆ ਹੈ। ਇਸ ਲਈ ਇਨ੍ਹਾਂ ਦੀ ਮਿਹਰਬਾਨੀ ਹੈ। ਸਾਰੇ ਸ਼ਕ ਕਰ ਰਹੇ ਹਨ ਕਿ ਦਿੱਲੀ ਵਿਚ ਜੋ ਕਿਸਾਨ ਰੈਲੀ ਹੋਈ ਸੀ, ਉਸ ਵਿਚ ਸਾਰੇ ਕਿਸਾਨ ਨਹੀਂ ਸਨ ਬਲਕਿ ਬਹੁਤ ਸਾਰੇ ਦਿਹਾੜੀਦਾਰ ਵੀ ਗਏ ਸਨ ਅਤੇ ਹੁਣ ਉਨ੍ਹਾਂ ਨੂੰ ਦਿਹਾੜੀ ਵੀ ਨਹੀਂ ਦਿੱਤੀ ਜਾ ਰਹੀ ਹੈ।

ਸ੍ਰੀ ਡਿਪਟੀ ਸਪੀਕਰ: ਕਾਮਰੇਡ ਜੀ, ਤੁਸੀਂ ਬਿਲ ਤੇ ਬੋਲੋ ਅਤੇ ਜਲਦੀ ਵਾਈਂਡ ਅੱਪ ਕਰੋ।

ਕਾਮਰੇਡ ਸੱਘੜ ਸਿੰਘ: ਡਿਪਟੀ ਸਪੀਕਰ ਸਾਹਿਬ, ਪੈਸੇ ਵਸੂਲਣ ਦੀ ਮੈਨੂੰ ਗੌਰਮਿੰਟ ਕੋਲੋਂ ਕੋਈ ਆਸ ਨਹੀਂ ਦਿਸਦੀ। ਮੈਂ ਪੰਜਾਬ ਸਰਕਾਰ ਨੂੰ ਆਪਣੀ ਰਾਇ ਦੇਵਾਂਗਾ ਕਿ ਬਕਾਏ ਦੀ ਵਸੂਲੀ ਕੀਤੀ ਜਾਵੇ ਅਤੇ ਵਸੂਲੀ ਕਰਨ ਲਈ ਹਾਊਸ ਦੇ ਮੈਂਬਰਾਂ ਦੀ ਇੱਕ ਕਮੇਟੀ ਬਣਾਈ ਜਾਏ। ਇਹ ਕਮੇਟੀ ਵਸੂਲੀ ਦੇ ਨਾਲ ਨਾਲ ਕੁਰੱਪਸ਼ਨ ਵੱਲ ਵੀ ਧਿਆਨ ਦੇਵੇ ਅਤੇ ਕਿਸੇ ਦਾ ਵੀ ਲਿਹਾਜ਼ ਨਾ ਕੀਤਾ ਜਾਵੇ। (ਘੰਟੀ) ਉਹ ਕਮੇਟੀ ਹਾਊਸ ਦੀ ਮਰਿਆਦਾ ਨੂੰ ਕਾਇਮ ਰਖੇ, ਸਾਰੀਆਂ ਸ਼ਿਕਾਇਤਾਂ ਨੂੰ ਸੁਣੇ ਅਤੇ ਸਰਕਾਰ ਨੂੰ ਆਪਣਾ ਫੈਸਲਾ ਦੇਵੇ। ਡਿਪਟੀ ਸਪੀਕਰ ਸਾਹਿਬ, ਕਿਸੇ ਵਿਚ ਕਮਜ਼ੋਰੀ ਆਵੇ ਤਾਂ ਉਹ ਦੂਸਰੇ ਨੂੰ ਕਹਿ ਸਕਦਾ ਹੈ। ਹਰ ਕਿਸ ਨੂੰ ਇਕ ਦੂਜੇ ਦੀ ਲੋੜ ਹੁੰਦੀ ਹੈ। ਰੈਲੀ ਵਿਚ ਲੋਕਾਂ ਕੋਲੋਂ ਪੈਸੇ ਲਿਤੇ ਗਏ, ਟਰੱਕ ਮਾਲਕਾਂ ਨੇ ਸਰਕਾਰ ਨੂੰ ਟਰੱਕ ਦਿਤੇ ਅਤੇ ਹਰ ਤਰ੍ਹਾਂ ਦੀ ਇਨ੍ਹਾਂ ਦੀ ਮਦੱਦ ਕੀਤੀ ਗਈ। ਇਹ ਗੱਲ ਕਿਸੇ ਕੋਲੋਂ ਛੁੱਪੀ ਹੋਈ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿਤਾ ਹੈ।

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰੀ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਇਜਾਜ਼ਤ ਦਿੱਤੀ ਹੈ। ਇਹ ਬਿਲ ਜੋ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ ਇਸ ਅਨੁਸਾਰ ਟੈਕਸ ਦੀ ਲਿਮਿਟ

20,000 ਰੁਪਏ ਤੋਂ 35,000 ਰੁਪਏ ਅਤੇ ਪਰ ਸੀਟ ਟੈਕਸ 300 ਰੁਪਏ ਤੋਂ 500 ਰੁਪਏ ਕੀਤੇ ਗਏ ਹਨ । ਇਹ ਬੜੀ ਹੀ ਵਾਜਬ ਗੱਲ ਹੈ । ਇਸ ਦੇ ਵਿਚ ਕੋਈ ਐਸੀ ਗੱਲ ਨਹੀਂ ਹੈ । ਥੋੜੀ ਜਿਹੀ ਗੱਲ ਪਿਛਲੀ ਸਰਕਾਰ ਵੇਲੇ ਦੀ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਕਿਸ ਤਰ੍ਹਾਂ ਘਪਲਾ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਪੁਰਾਣੇ ਟਾਇਰਾਂ ਦੀ ਔਕਸ਼ਨ ਕਰਾਈ ਗਈ । ਇਨ੍ਹਾਂ ਵਿਚੋਂ ਕਈ ਬੰਦਿਆਂ ਨੇ ਔਕਸ਼ਨ ਬੇਨਾਮੀ ਤੌਰ ਤੇ ਦਿੱਤੀ ਅਤੇ ਨਵੇ ਟਾਇਰ ਲਿਤੇ ਅਤੇ ਉਸ ਦੀ ਥਾਂ ਤੇ ਪੁਰਾਣੇ ਟਾਇਰ ਦਿੱਤੇ ਗਏ । ਇਸ ਨਾਲ ਪੰਜਾਬ ਸਰਕਾਰ ਨੂੰ ਬਹੁਤ ਘਾਟਾ ਪਿਆ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਗੌਰਮਿੰਟ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ । ਮੈਂ ਸਾਰੇ ਪੰਜਾਬ ਦੇ ਡਿਪੂ ਵੇਖੇ ਹਨ, ਐਸਟੀਮੇਟਸ ਕਮੇਟੀ ਨਾਲ ਜਾ ਕੇ ਇਹ ਵੇਖੇ ਹਨ । ਗਿਆਨੀ ਅਰਜਨ ਸਿੰਘ ਲਿੱਟ ਇਸ ਕਮੇਟੀ ਦੇ ਚੇਅਰਮੈਨ ਸਨ, ਉਹ ਇਥੇ ਬੈਠੇ ਹਨ । ਮੋਗੇ ਦਾ ਡਿਪੂ ਸਭ ਤੋਂ ਵੱਧੀਆ ਡਿਪੂ ਹੈ । ਪਰ ਉਥੇ ਵੀ ਕਿੰਨੀ ਹੇਰਾਫੇਰੀ ਹੋ ਰਹੀ ਹੈ । ਸਾਰੇ ਡਿਪੂਆਂ ਵਿਚ ਬਹੁਤ ਬੁਰਾ ਹਾਲ ਹੈ । ਜਿਹੜਾ ਚੈਕਨੱਟ ਬੱਸ ਦੇ ਪਈਏ ਦੇ ਮੂਰੇ ਲਗਦਾ ਹੈ, ਉਹ ਮਾਰਕਿਟ ਵਿਚੋਂ 7/-ਰੁਪਏ ਦਾ ਮਿਲਦਾ ਹੈ। ਪਰ ਉਸ ਲਈ ਇਨ੍ਹਾਂ ਨੇ 43/-ਰੁਪਿਆਂ ਦਾ ਬਿਲ ਕਟਾਇਆ ਹੋਇਆ ਹੈ । 43/-ਰੁਪਏ ਦਾ ਬਿਲ ਕਟਾਉਣ ਦੇ ਬਾਵਜੂਦ ਵੀ ਇਹ ਉਥੇ ਉਹ ਚੀਜ਼ ਨਹੀਂ ਲੈਂਦੇ ਬਲਕਿ ਉਸ ਤੋਂ ਵੀ ਘਟੀਆ ਜਿਸ ਦਾ ਮੁਲ ਸਾਢੇ ਚਾਰ ਰੁਪਏ ਹੈ, ਉਹ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਨਾਲ ਬੱਸਾਂ ਖੜੀਆਂ ਰਹਿੰਦੀਆਂ ਹਨ ਅਤੇ ਕਿੰਨਾਂ ਨੁਕਸਾਨ ਹੁੰਦਾ ਹੈ । ਇਸ ਲਈ ਇਸ ਵਲ ਵੀ ਧਿਆਨ ਦੇਣ ਦੀ ਲੋੜ ਹੈ ।

ਬਾਕੀ ਜਿਹੜਾ ਇਨ੍ਹਾਂ ਨੇ 500 ਰੁਪਏ ਤੋਂ 5,000 ਰੁਪਏ ਜੁਰਮਾਨਾ ਨਿਯਤ ਕੀਤਾ ਹੈ, ਇਸ ਤਰ੍ਹਾਂ ਕਰਨ ਨਾਲ ਮੈਂ ਸਮਝਦਾ ਹਾਂ ਕਿ ਸਟੇਟ ਨੂੰ ਹੋਰ ਘਾਟਾ ਪੈ ਸਕਦਾ ਹੈ ਕਿਉਂਕਿ ਇਸ ਦੀ ਪੂਰੀ ਉਗਰਾਹੀ ਨਹੀਂ ਹੋ ਸਕਦੀ । (ਵਿਘਨ)

ਆਵਾਜ਼ਾਂ: ਇਹ ਤਾਂ ਪਾਸ ਹੋ ਗਿਆ ਹੈ ।

ਸ੍ਰੀ ਗੁਰਦਿਆਲ ਸੈਣੀ: ਠੀਕ ਹੈ, ਪਾਸ ਹੋ ਗਿਆ ਹੈ । ਮੈਂ ਤਾਂ ਇਹ ਦੱਸਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਉਗਰਾਹੀ ਵਿਚ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ । ਇਸ ਵਲ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਅੱਗੇ ਇਹ ਹੈ ਕਿ ਪ੍ਰਾਈਵੇਟ ਬੱਸਾਂ ਦੇ ਕੰਡਕਟਰ ਔਰ ਡਰਾਈਵਰਾਂ ਦਾ ਬੀਹੇਵੀਅਰ ਬਹੁਤ ਮਾੜਾ ਹੈ ਔਰ ਇਸ ਵਲ ਧਿਆਨ ਦੇਣ ਦੀ ਲੋੜ ਹੈ । ਇਸ ਵੇਲੇ 16 ਜਾਂ 17 ਡਿਪੂਜ਼ ਹਨ, ਜੋ ਕਿ ਤਕਰੀਬਨ ਸਾਰੇ ਹੀ ਘਾਟੇ ਵਿਚ ਜਾ ਰਹੇ ਹਨ । ਕੰਡਕਟਰਾਂ ਔਰ ਡਰਾਈਵਰਾਂ ਦਾ ਬੀਹੇਵੀਅਰ ਅੱਛਾ ਹੋਣਾ ਚਾਹੀਦਾ ਹੈ । (ਘੰਟੀ) ਐਨਾ ਕਹਿੰਦਾ ਹੋਇਆ ਮੈਂ ਅਰਜ਼ ਕਰਦਾ ਹਾਂ ਕਿ ਇਹ ਬਿਲ ਪਾਸ ਹੋਣਾ ਚਾਹੀਦਾ ਹੈ ।

ਸਰਦਾਰ ਬੀਰਪਾਲ ਸਿੰਘ (ਲੁਧਿਆਣਾ ਰੂਰਲ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿਚ ਬੋਲਣ ਦੀ ਆਗਿਆ ਦਿੱਤੀ ਹੈ । ਡਾਕਟਰ ਸਾਹਿਬ ਹੋਰਾਂ ਨੇ ਜੋ ਇਹ ਪੰਜਾਬ ਮੋਟਰ ਵੈਹੀਕਲਜ਼ ਬਿਲ ਸਦਨ ਵਿਚ ਪੇਸ਼ ਕੀਤਾ ਹੈ, ਇਸ ਤੇ ਮਾਨਯੋਗ ਮੈਂਬਰਾਂ ਨੇ ਆਪਣੇ ਵਿਚਾਰ ਰਖੇ ਹਨ । ਸੈਣੀ ਸਾਹਿਬ ਨੇ ਔਰ ਪਡੰਗ ਸਾਹਿਬ

[ਸਰਦਾਰ ਬੀਰਪਾਲ ਸਿੰਘ]

ਨੇ ਇਸ ਵਿਚ ਜੋ ਕਮੀਆਂ ਪੇਸ਼ੀਆਂ ਹਨ, ਉਨ੍ਹਾਂ ਬਾਰੇ ਦੱਸਿਆ ਹੈ ਔਰ ਇਹ ਵੀ ਦਸਿਆ ਹੈ ਕਿ ਕੰਡਕਟਰਜ਼ ਸਾਹਿਬਾਨ ਦਾ ਬੀਹੇਵੀਅਰ ਕਿਸ ਤਰ੍ਹਾਂ ਖਰਾਬ ਹੈ, ਉਹ ਕਿਸ ਢੰਗ ਨਾਲ ਮੋਟਰਾਂ ਗੱਡੀਆਂ ਰੋਕ ਲੈਂਦੇ ਹਨ। ਜਿਥੇ ਉਨ੍ਹਾਂ ਦਾ ਜੀਅ ਚਾਹੁੰਦਾ ਹੈ, ਉਹ ਰੋਕ ਲੈਂਦੇ ਹਨ। ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਜਿਥੇ ਗੱਡੀਆਂ ਦਾ ਸਬੰਧ ਹੈ, ਉਸ ਦੇ ਨਾਲ ਸੜਕਾਂ ਦਾ ਵੀ ਸਬੰਧ ਹੈ। ਜੇਕਰ ਸੜਕਾਂ ਨਹੀਂ ਹੋਣਗੀਆਂ ਤਾਂ ਗੱਡੀਆਂ ਕਿਸ ਤਰਾਂ ਚਲਣਗੀਆਂ। ਇਹ ਜਿਹੜਾ ਇਨ੍ਹਾਂ ਨੇ ਮੋਟਰ ਵਹੀਕਲਜ਼ ਟੈਕਸ ਵਿਚ ਵਾਧਾ ਕੀਤਾ ਔਰ ਇਹ 300 ਤੋਂ 500 ਰੁਪਏ ਪਰ ਸੀਟ ਕੀਤਾ ਹੈ ਔਰ 20,000 ਤੋਂ 35,000 ਰੁਪਏ ਕੀਤਾ ਹੈ, ਇਹ ਸਾਰੀਆਂ ਚੀਜ਼ਾਂ ਨੂੰ ਮੱਦੇ ਨਜ਼ਰ ਰਖਕੇ ਸਰਕਾਰ ਨੇ ਕੀਤਾ ਹੈ। ਇਕੱਲਾ ਸਾਡਾ ਦੇਸ਼ ਹੀ ਨਹੀਂ ਬਲਕਿ ਸਾਰਾ ਸੰਸਾਰ ਇਸ ਵੇਲੇ ਤੇਲ ਦੀ ਲਪੇਟ ਵਿਚ ਹੈ। ਇਸ ਲਈ ਜੋ ਇਹ ਸਰਕਾਰ ਨੇ ਕੀਤਾ ਹੈ, ਇਹ ਮੈਂ ਸਮਝਦਾ ਹਾਂ ਕਿ ਠੀਕ ਕੀਤਾ ਹੈ। ਪਰ ਇਸ ਦੇ ਨਾਲ ਹੀ ਨਾਲ, ਡਿਪਟੀ ਸਪੀਕਰ ਸਾਹਿਬ, ਪੈਸੰਜਰਾਂ ਦੀ ਸਹੂਲਤ ਵਾਸਤੇ ਜਿਥੇ ਸਰਕਾਰ ਨੇ ਬੱਸਾਂ ਖੜ੍ਹਣ ਲਈ ਜਗ੍ਹਾ ਬਣਾਈ ਹੈ, ਉਹ ਬੜੀ ਰੱਦੀ ਬਣਾਈ ਹੈ। ਉਨ੍ਹਾਂ ਡਿਪੂਆਂ ਨੂੰ ਠੀਕ ਕਰਨਾ ਚਾਹੀਦਾ ਹੈ ਕਿਉਂਕਿ ਪਿਛਲੀ ਸਰਕਾਰ ਇਨ੍ਹਾ ਦਾ ਠੀਕ ਬੰਦੋਬਸਤ ਨਹੀਂ ਕਰ ਸਕੀ ਹੈ। ਇਸ ਵਲ ਧਿਆਨ ਦੇਣ ਦੀ ਲੋੜ ਹੈ ਜਿਥੇ ਬਸ ਸਟੈਂਡਜ਼ ਬਣੇ ਹੋਏ ਹਨ ਜਾਂ ਜਿਥੇ ਇਹ ਬੱਸਾਂ ਦੇ ਸਟਾਪੇਜਿਜ਼ ਹਨ, ਉਨ੍ਹਾਂ ਦੀ ਹਾਲਤ ਵੀ ਠੀਕ ਨਹੀਂ ਹੈ ਔਰ ਉਨ੍ਹਾਂ ਵਿਚ ਸੁਧਾਰ ਕਰਨ ਦੀ ਲੋੜ ਹੈ। ਜੀ. ਟੀ. ਰੋਡ ਤੇ ਜਿਥੇ ਵੀ ਬੱਸਾਂ ਖੜਦੀਆਂ ਹਨ, ਉਥੇ ਡਰਾਈਵਰ ਬੱਸਾਂ ਨੂੰ ਧੂ ਕੇ ਲੈ ਆਉਂਦੇ ਹਨ ਔਰ ਉਸ ਨਾਲ ਖੜ੍ਹੇ ਪੈਸੰਜਰਾਂ ਨੂੰ ਕਾਫੀ ਦਿਕੱਤ ਪੇਸ਼ ਆਉਂਦੀ ਹੈ। ਉਥੇ ਲੇਡੀਜ਼ ਪੈਸੰਜਰਜ਼ ਨੂੰ ਕਾਫੀ ਤੰਗੀ ਫੀਲ ਹੁੰਦੀ ਹੈ। ਕਈ ਪੈਸੰਜਰਜ਼ ਨੂੰ ਬੱਸਾਂ ਵਿਚ ਚੜ੍ਹਣ ਦਾ ਮੌਕਾ ਨਹੀਂ ਮਿਲਦਾ ਹੈ ਔਰ ਨਾ ਹੀ ਉਥੇ ਬਸ ਸਟਾਪਸ ਤੇ ਬੈਠਣ ਲਈ ਕੋਈ ਜਗ੍ਹਾ ਹੈ। ਇਸ ਲਈ ਮੈਂ ਸੁਜੈਸ਼ਨਜ਼ ਦੇਣਾ ਚਾਹੁੰਦਾ ਹਾਂ ਕਿ ਬੱਸ ਸਟਾਪਸ ਤੇ ਸਾਰਿਆਂ ਲਈ ਔਰ ਖਾਸ ਕਰਕੇ ਲੇਡੀਜ਼ ਲਈ ਹਰ ਪ੍ਰਕਾਰ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਪੇਸ਼ ਨਾ ਆਵੇ। ਇਸ ਕਰਕੇ ਡਾਕਟਰ ਸਾਹਿਬ ਨੂੰ ਔਰ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਲ ਧਿਆਨ ਦੇ ਕੇ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ ਤਾਕਿ ਲੋਕਾਂ ਨੂੰ ਮੁਸ਼ਕਲਾਤ ਤੋਂ ਰਾਹਤ ਮਿਲ ਸਕੇ

ਕਾਮਰੇਡ **ਸਰਵਣ ਸਿੰਘ ਚੀਮਾ** (ਨੂਰ ਮਹਿਲ): ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਸਮਾਂ ਨਹੀਂ ਲਵਾਂਗਾ। ਜਿਹੜਾ ਬਿਲ ਡਾਕਟਰ ਸਾਹਿਬ ਵੱਲੋਂ ਇਥੇ ਪੇਸ਼ ਕੀਤਾ ਗਿਆ ਹੈ, ਇਹ ਛੋਟੀਆਂ ਛੋਟੀਆਂ ਤਰਮੀਮਾਂ ਕਰਨ ਨਾਲ ਇਹ ਮਸਲੇ ਹੱਲ ਨਹੀਂ ਹੋਣੇ ਹਨ। ਇਕ ਪਾਸੇ ਕਿਰਾਇਆਂ ਵਿਚ ਵਾਧਾ ਕਰ ਦਿੱਤਾ ਹੈ ਅਤੇ ਦੂਜੇ ਪਾਸੇ ਘਾਟਾ ਹੋਰ ਵਧਾ ਦਿੱਤਾ ਜਾਵੇਗਾ ਇਹ ਮੈਂ ਸਮਝਦਾ ਹਾਂ ਕਿ ਇਸ ਸਿਸਟਮ ਵਿਚ ਕੋਈ ਖਰਾਬੀ ਹੈ। ਇਸ ਦਾ ਇਲਾਜ ਹੈ ਕਿ ਇਸ ਦਾ ਕੌਮੀਕਰਣ ਕਰਨਾ ਚਾਹੀਦਾ ਹੈ। ਜੋ ਮਰਜ਼ੀ ਤਰਮੀਮਾਂ ਕਰ ਲਓ ਪਰ ਇਹ ਪ੍ਰਾਈਵੇਟ ਕੰਪਨੀਆਂ ਤੁਹਾਨੂੰ ਟੈਕਸ ਅਦਾ ਨਹੀਂ ਕਰਨਗੀਆਂ। ਇਹ ਮਸਲੇ ਤਾਂ ਹੱਲ ਹੋ ਸਕਦੇ ਹਨ ਜੇਕਰ ਪੈਸੰਜਰ ਟਰਾਂਸਪੋਰਟ ਦਾ ਕੌਮੀਕਰਨ ਕੀਤਾ ਜਾਵੇ। ਇਥੇ ਕਿਹਾ ਗਿਆ ਹੈ ਕਿ ਕੰਡਕਟਰ ਚੋਰੀਆਂ ਕਰਦੇ ਹਨ, ਠੀਕ ਹੈ ਉਨ੍ਹਾਂ ਨੂੰ ਆਪਣਾ ਰਵੱਈਆ ਠੀਕ ਰਖਣਾ ਚਾਹੀਦਾ ਹੈ ਪਰ ਚੋਰੀਆਂ ਤਾਂ ਉਪਰ ਜ਼ਿਆਦਾ ਹੁੰਦੀਆਂ ਹਨ। ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ

ਹਾਂ ਕਿ ਡੀ. ਐਮ. ਸਰਕਾਰ ਤੇ ਵਾਧੂ ਭਾਰ ਬਣੇ ਹੋਏ ਹਨ। ਇਨ੍ਹਾਂ ਦੀਆਂ ਪੋਸਟਾਂ ਖਤਮ ਕਰਨੀਆਂ ਚਾਹੀਦੀਆਂ ਹਨ ਅਤੇ ਪੈਸਾ ਬਚਾਉਣਾ ਚਾਹੀਦਾ ਹੈ।

ਅਗਲੀ ਗਲ, ਔਰ ਆਖਿਰ ਵਿਚ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਪੰਜਾਬ ਰੋਡਵੇਜ਼ ਦੀਆਂ ਬੱਸਾਂ ਹਨ ਜਾਂ ਪੈਪਸੂ ਰੋਡਵੇਜ਼ ਦੀਆਂ ਬੱਸਾਂ ਹਨ ਉਨ੍ਹਾਂ ਕੋਲ ਕਿਸੇ ਕੋਲ ਵੀ ਸਪੇਅਰ ਟਾਇਰਜ਼ ਨਹੀਂ ਹੁੰਦੇ ਹਨ। ਚਾਹੇ ਚੰਡੀਗੜ੍ਹ ਤੋਂ ਬਟਾਲੇ ਜਾਣਾ ਹੈ ਜਾਂ ਚੰਡੀਗੜ੍ਹ ਤੋਂ ਅੰਮ੍ਰਿਤਸਰ ਜਾਣਾ ਹੈ ਜਾਂ ਚੰਡੀਗੜ੍ਹ ਤੋਂ ਗੰਗਾਨਗਰ ਜਾਣਾ ਹੈ, ਕਿਸੇ ਬੱਸ ਕੋਲ ਸਪੇਅਰ ਟਾਇਰ ਨਹੀਂ ਹੁੰਦਾ ਹੈ। ਇਹੀ ਵਜ੍ਹਾ ਹੈ ਕਿ ਬੱਸਾਂ ਰਸਤੇ ਵਿਚ ਖੜ ਜਾਂਦੀਆਂ ਹਨ। ਅਸੀਂ ਰੋਜ਼ ਸਫਰ ਕਰਦੇ ਹਾਂ ਸਾਨੂੰ ਪਤਾ ਹੈ ਕਿ ਲੋਕ ਜੋ ਚੰਡੀਗੜ੍ਹ ਆਉਂਦੇ ਹਨ, ਉਹ ਚਾਰ ਚਾਰ ਬੱਸਾਂ ਬਦਲ ਕੇ ਚੰਡੀਗੜ੍ਹ ਪਹੁੰਚਦੇ ਹਨ। ਇਸ ਲਈ ਸਪੇਅਰ ਟਾਇਰਜ਼ ਦਾ ਹਰ ਬੱਸ ਲਈ ਪ੍ਰਬੰਧ ਕਰਨਾ ਚਾਹੀਦਾ ਹੈ।

ਪ੍ਰਾਈਵੇਟ ਬੱਸਾਂ ਜੋ ਕਿ ਮੁਨਾਫੇ ਵਿਚ ਜਾ ਰਹੀਆਂ ਹਨ, ਉਨ੍ਹਾਂ ਦਾ ਕੌਮੀਕਰਨ ਕਰਕੇ ਗੌਰਮਿੰਟ ਨੂੰ ਪੈਸਾ ਕਮਾਉਣਾ ਚਾਹੀਦਾ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੰਗਰੂਰ): ਡਿਪਟੀ ਸਪੀਕਰ ਸਾਹਿਬ, ਜੋ ਅੱਜ ਇਹ ਮੋਟਰ ਵਹੀਕਲ ਟੈਕਸੇਸ਼ਨ ਬਿਲ ਇਥੇ ਆਇਅ ਹੈ, ਇਸ ਬਾਰੇ ਮੈਂ ਕੁਝ ਸੁਜੈਸ਼ਨਜ਼ ਦੇਣ ਵਾਸਤੇ ਖੜਾ ਹੋਇਆ ਹਾਂ। ਇੱਕ ਪਰੋਪੋਜ਼ਲ ਚਲਦੀ ਸੀ ਕਿ ਸਾਰੇ ਟੈਕਸ ਚਾਹੇ ਪੈਸੰਜਰ ਟੈਕਸ ਹੋਵੇ ਜਾਂ ਟੋਕਨ ਟੈਕਸ ਹੋਵੇ ਇਹ ਸਾਰੇ ਟੈਕਸ ਉਗਰਾਹੁਣ ਲਈ ਇੱਕ ਏਜੰਸੀ ਹੋਣੀ ਚਾਹੀਦੀ ਹੈ ਔਰ ਇਸ ਤੇ ਅੰਤ ਵਿਚ ਤਕਰੀਬਨ ਸਾਰੇ ਸਹਿਮਤ ਵੀ ਹੋ ਗਏ ਸਨ। 35,000 ਰੁਪਏ ਦਾ ਟੈਕਸ ਜੋ ਇਕ ਬੱਸ ਤੋਂ ਲਿਆ ਜਾਂਦਾ ਹੈ, ਇਸ ਵਿਚ ਇਹ ਟੈਕਸ ਉਗਰਾਹੁਣ ਲਈ ਕਈ ਏਜੰਸੀਆਂ ਹਨ। ਮੈਂ ਚਾਹੁੰਦਾ ਹਾਂ ਕਿ ਇਹ ਸਾਰੇ ਟੈਕਸ ਉਗਰਾਉਣ ਲਈ ਇਕ ਏਜੰਸੀ ਹੋਣੀ ਚਾਹੀਦੀ ਹੈ। ਇਕ ਛੋਟਾ ਟਰਾਂਸਪੋਰਟਰ, ਜੋ ਕਿ 35,000 ਟੈਕਸ ਦਿੰਦਾ ਹੈ ਇਸ ਤੋਂ ਬਚਣ ਲਈ ਇਸ ਨੂੰ ਪੈਸੰਜਰ ਟੈਕਸ ਵਿਚ ਚੋਰੀ ਕਰਨੀ ਪੈਂਦੀ ਹੈ, ਇਸ ਲਈ ਉਨ੍ਹਾਂ ਵਿਚ ਕਾਫੀ ਬੇਚੈਨੀ ਹੈ। ਇਸ ਚੀਜ਼ ਵਲ ਵੀ ਧਿਆਨ ਦਿੱਤਾ ਜਾਏ। ਜੇਕਰ ਪੈਸਜਰ ਟੈਕਸ ਮਾਈਲੇਜ ਤੇ ਕਰ ਦਿੱਤ ਤਾਂ ਚੰਗੀ ਗੱਲ ਹੈ। ਪ੍ਰਾਈਵੇਟ ਟਰਾਂਸਪੋਰਟਰਜ਼ ਪੈਸੰਜਰ ਟੈਕਸ ਦੀ ਚੋਰੀ ਕਰਦੇ ਹਨ। ਕਿਉਂਕਿ ਉਨ੍ਹਾਂ ਨੂੰ ਟੈਕਸ ਕਾਫੀ ਦੇਣੇ ਪੈਂਦੇ ਹਨ, ਜਿਹੜੇ ਕਿ ਉਨ੍ਹਾਂ ਨੂੰ ਦੇਣੇ ਮੁਸ਼ਕਲ ਹਨ। ਇਸ ਲਈ, ਮੈਂ ਸੁਝਾਵ ਦਿੰਦਾ ਹਾਂ ਕਿ ਚਾਹੇ ਅਗਲੇ ਸੈਸ਼ਨ ਵਿਚ ਇਸ ਲਈ ਅਮੈਂਡਮੈਂਟ ਲੈ ਆਓ, ਬੱਸਾਂ ਨੂੰ ਰੂਟ ਦੇ ਹਿਸਾਬ ਨਾਲ ਜਿੰਨੀ ਮਾਈਲੇਜ ਉਹ ਕਵਰ ਕਰਨ ਉਸ ਹਿਸਾਬ ਨਾਲ ਟੈਕਸ ਦੇਣਾ ਪਏ। ਇਹ ਕਰਨਾ ਚਾਹੀਦਾ ਹੈ ਔਰ ਸਾਰੇ ਟੈਕਸ ਦੀ ਉਗਰਾਹੀ ਇਕ ਏਜੰਸੀ ਕੋਲ ਹੋਣੀ ਚਾਹੀਦੀ ਹੈ। ਇਥੇ ਸੈਣੀ ਸਾਹਿਬ ਨੇ ਟਾਇਰਾਂ ਦੀ ਗੱਲ ਕੀਤੀ ਕਿ ਇਸ ਤਰ੍ਹਾਂ ਹੋਇਆ। ਮੈਂ ਪਿਛਲੀ ਵਾਰ ਵੀ ਕਿਹਾ ਸੀ ਇਸ ਦੀ ਇਨਕੁਆਇਰੀ ਕਰਵਾ ਲੈਣ ਜੇ ਕਿਸੇ ਨੇ ਕੋਈ ਐਸੀ ਗੱਲ ਕੀਤੀ ਹੈ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ): ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਹੈ ਕਿ ਜੁਰਮਾਨਾ ਉਸ ਆਦਮੀ ਨੂੰ ਕਰਦੇ ਹਨ ਜਿਹੜਾ ਜੁਰਮ ਕਰੇ। ਇਸ ਬਿੱਲ ਦੇ ਰਾਹੀਂ ਪਿਛਲੇ ਤਿੰਨ ਮਹੀਨਿਆਂ ਅਕਤੂਬਰ, ਨਵੰਬਰ ਅਤੇ ਦਸੰਬਰ ਦੇ ਮਹੀਨਿਆਂ ਦਾ ਵੀ

[ਸਰਦਾਰ ਦਿਲਬਾਗ ਸਿੰਘ]

ਟੈਕਸ ਲਿਆ ਜਾਣਾ ਹੈ । ਇਹ ਇਨ੍ਹਾਂ ਲੋਕਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਤੇ ਲਾਓ ਜਿਹੜੇ ਮੁੰਡਿਆਂ ਨੂੰ ਸਪੋਰਟ ਕਰਦੇ ਸੀ, ਉਨ੍ਹਾਂ ਨਾਲ ਰਲ ਕੇ ਬੱਸਾਂ ਨਹੀਂ ਸੀ ਚੱਲਣ ਦਿੰਦੇ ਅਤੇ ਬੱਸਾਂ ਨੂੰ ਰੋਕਦੇ ਸੀ । ਸੋ ਇਹ ਪਿਛਲੇ 3 ਮਹੀਨਿਆਂ ਦਾ ਟੈਕਸ ਇਨ੍ਹਾਂ ਲੋਕਾਂ ਤੇ ਲਾਓ ਨਾ ਕਿ ਦੂਸਰੇ ਲੋਕਾਂ ਤੇ ਲਾਓ ।

ਸ੍ਰੀ ਚਮਨ ਲਾਲ (ਸੁਜਾਨਪੁਰ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਟਾਈਮ ਦਿੱਤਾ ਹੈ । ਮੈਂ, ਡਾਕਟਰ ਸਾਹਿਬ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿਉਂਕਿ ਜਦ ਅਸੀਂ ਆਪੋਜ਼ੀਸ਼ਨ ਵਿਚ ਬੈਠੇ ਹੁੰਦੇ ਸੀ ਤਾਂ ਅਸੀਂ ਸਰਕਾਰ ਨੂੰ ਕਹਿੰਦੇ ਹੁੰਦੇ ਸੀ ਕਿ ਬਗੈਰ ਲਾਈਸੈਂਸ ਦੇ ਜਿਹੜੀਆਂ ਬੱਸਾਂ ਚੱਲ ਰਹੀਆਂ ਹਨ ਅਤੇ ਜਿਹੜੇ ਬੱਸਾਂ ਵਾਲੇ ਟੈਕਸ ਨਹੀਂ ਦਿੰਦੇ ਉਨ੍ਹਾਂ ਨੂੰ ਬੰਦ ਕਰੋ । ਅੱਜ ਵੀ ਬਗੈਰ ਲਾਈਸੈਂਸ ਦੇ ਹਜ਼ਾਰਾਂ ਬੱਸਾਂ ਚਲ ਰਹੀਆਂ ਹਨ । ਗੁਰਦਾਸਪੁਰ ਵਿਚ 241 ਬੱਸਾਂ ਐਸੀਆਂ ਚਲ ਰਹੀਆਂ ਹਨ ਜਿਨ੍ਹਾਂ ਕੋਲ ਲਾਈਸੈਂਸ ਨਹੀਂ ਹਨ, ਉਨ੍ਹਾਂ ਦੀ ਕੋਈ ਚੈਕਿੰਗ ਨਹੀਂ ਅਤੇ ਉਹ ਪੈਸੰਜਰ ਟੈਕਸ ਨਹੀਂ ਦੇ ਰਹੇ। ਮੈਂ ਰਿਕੁਐਸਟ ਕਰਾਂਗਾ ਕਿ ਇਸ ਕਿਸਮ ਦੀ ਜਿਹੜੀ ਟੈਕਸ ਦੀ ਚੋਰੀ ਹੋ ਰਹੀ ਹੈ ਅਤੇ ਉਹ ਬਗੈਰ ਲਾਈਸੈਂਸ ਦੇ ਬੱਸਾਂ ਚਲਾਈ ਜਾ ਰਹੇ ਹਨ, ਇਸ ਚੀਜ਼ ਨੂੰ ਰੋਕਣਾ ਚਾਹੀਦਾ ਹੈ ।

ਸ਼੍ਰੀ ਰਾਮ ਸਰੂਪ ਬਾਗੀ (ਪਠਾਨਕੋਟ) : ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਇਹ ਵਰਕਸ਼ਾਪਾਂ ਤੇ ਕੰਟਰੋਲ ਕਰਨ । ਓਰਿਜਨਲ ਪੁਰਜ਼ੇ ਬਜ਼ਾਰ ਵਿਚ ਮਿਲਦੇ ਹਨ ਅਤੇ ਘਟੀਆ ਪੁਰਜ਼ੇ ਬੱਸਾਂ ਵਿਚ ਪਾਏ ਜਾਂਦੇ ਹਨ । ਸੈਕੰਡ ਹੈਂਡ ਟਾਇਰ ਚੜ੍ਹਾਏ ਜਾਂਦੇ ਹਨ । ਇਸ ਕਿਸਮ ਦੀ ਜਿਹੜੀ ਚੋਰੀ ਹੋ ਰਹੀ ਹੈ ਉਸ ਨੂੰ ਰੋਕਿਆ ਜਾਵੇ। ਇਕੱਲੇ ਟੈਕਸ ਵਧਾਉਣ ਨਾਲ ਮਸਲਾ ਹੱਲ ਨਹੀਂ ਹੋਣਾ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) :ਡਿਪਟੀ ਸਪੀਕਰ ਸਾਹਿਬ, ਇਸ ਬਿੱਲ ਰਾਹੀਂ 300 ਰੁਪਏ ਤੋਂ 500 ਰੁਪਏ ਪਰ ਸੀਟ ਟੈਕਸ ਵਧਾਉਣ ਬਾਰੇ ਅਤੇ ਇਸ ਦੀ ਮੈਕਸੀਮਮ ਲਿਮਿਟ 20,000 ਰੁਪਏ ਤੋਂ 35,000 ਰੁਪਏ ਕਰਨ ਬਾਰੇ ਜੋ ਕਿਹਾ ਗਿਆ ਹੈ, ਇਸ ਦੀ ਕਿਸੇ ਵੀ ਮਾਨਯੋਗ ਮੈਂਬਰ ਨੇ ਮੁਖਾਲਫਿਤ ਨਹੀਂ ਕੀਤੀ । ਇਸ ਦੀ ਮੈਂ ਮਾਨਯੋਗ ਮੈਂਬਰ ਨੂੰ ਮੁਬਾਰਕਬਾਦ ਦਿੰਦਾ ਹਾਂ । ਉਨ੍ਹਾਂ ਨੇ ਇਸ ਕਰਕੇ ਇਸ ਦੀ ਮੁਖਾਲਫਤ ਨਹੀਂ ਕੀਤੀ ਕਿਉਂਕਿ ਉਹ ਸਮਝਦੇ ਹਨ ਕਿ ਬੱਸਾਂ ਵੀ ਮਹਿੰਗੀਆਂ ਹਨ, ਸਾਮਾਨ ਵੀ ਮਹਿੰਗਾ ਹੈ, ਸੜਕਾਂ ਤੇ ਵੀ ਬਹੁਤ ਖਰਚ ਆਉਂਦਾ ਹੈ ਅਤੇ ਇਹ ਜਿਹੜੀ ਬੱਸ ਸਰਵਿਸ ਹੈ, ਇਹ ਅਸੈਂਸ਼ੀਅਲ ਸਰਵਿਸ ਹੈ । ਸੋ ਕਿਸੇ ਨੇ ਇਸ ਦੀ ਮੁਖਾਲਫਤ ਨਹੀਂ ਕੀਤੀ । ਮੈਂ ਸਾਰੇ ਮੈਂਬਰ ਸਾਹਿਬਾਨ ਦਾ ਬੜਾ ਮਸ਼ਕੂਰ ਹਾਂ ਅਤੇ ਉਨ੍ਹਾਂ ਨੂੰ ਮੁਬਾਰਿਕਬਾਦ ਦਿੰਦਾ ਹਾਂ । ਉਨ੍ਹਾਂ ਨੇ ਕੁਝ ਕੰਸਟਰੱਕਟਿਵ ਗੱਲਾਂ ਵੀ ਕੀਤੀਆਂ ਹਨ ਪਰ ਵਿਰੋਧਤਾ ਨਹੀਂ ਕੀਤੀ । ਮੈਂ ਡਿਪਟੀ ਸਪੀਕਰ ਸਾਹਿਬ, ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪਰ ਸੀਟ ਟੈਕਸ ਲਗਾਇਆ ਹੈ ਇਸ ਦਾ ਜੋ ਪਹਿਲਾਂ 43% ਬੱਸਾਂ ਦਾ ਕਿਰਾਇਆ ਵਧਿਆ ਹੈ ਉਸ ਉਤੇ ਜ਼ਰਾ ਵੀ ਫਰਕ ਨਹੀਂ ਪਵੇਗਾ, ਉਸ ਵਿਚ ਵਾਧਾ ਨਹੀਂ ਹੋਵੇਗਾ । ਪਹਿਲਾਂ ਜਿਹੜਾ 43% ਵਾਧਾ ਹੋਇਆ ਸੀ ਉਸ ਦਾ ਅਸਰ ਇਕੱਲਾ ਪ੍ਰਾਈਵੇਟ ਬੱਸਾਂ ਤੇ ਹੀ ਨਹੀਂ ਹੋਇਆ, ਉਸ ਦਾ ਅਸਰ ਪੰਜਾਬ ਰੋਡਵੇਜ਼ ਤੇ ਵੀ ਹੋਇਆ ਹੈ । ਉਹ ਵੀ ਕਰੋੜਾਂ ਰੁਪਏ ਦਿੰਦੇ ਹਨ । ਪੀ.ਆਰ.ਟੀ.ਸੀ. ਵਾਲੇ ਵੀ ਦਿੰਦੇ ਹਨ । ਇਸ ਤਰ੍ਹਾਂ ਜਿਹੜਾ ਟੈਕਸ ਦਾ ਪੈਸਾ ਇਕੱਠਾ

ਹੁੰਦਾ ਹੈ, ਉਹ ਸੜਕਾਂ ਤੇ ਖਰਚ ਹੋਣਾ ਹੁੰਦਾ ਹੈ, ਫਿਰ ਬੱਸ ਸਰਵਿਸ ਚੰਗੀ ਦੇਣ ਵਾਸਤੇ ਖਚਰ ਹੁੰਦਾ ਹੈ, ਫਿਰ ਨਵੀਆਂ ਬੱਸਾਂ ਲਿਆਉਣੀਆਂ ਹੁੰਦੀਆਂ ਹਨ, ਸੋ ਇਨ੍ਹਾਂ ਸਾਰੀਆਂ ਚੀਜ਼ਾਂ ਤੇ ਖਰਚ ਹੋਣਾ ਹੁੰਦਾ ਹੈ। ਇਸ ਕਰਕੇ ਇਹ ਜ਼ਰੂਰੀ ਸੀ ਕਿ ਇਹ ਟੈਕਸ ਵਧਾਇਆ ਜਾਂਦਾ। ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ 500 ਰੁਪਏ ਪਰ ਸੀਟ ਟੈਕਸ ਕੀਤਾ ਹੈ, ਪਰ ਹਰਿਆਣਾ ਵਿਚ ਪਹਿਲਾਂ ਹੀ 550 ਰੁਪਏ ਪਰ ਸੀਟ ਇਹ ਟੈਕਸ ਹੋ ਚੁੱਕਾ ਹੈ। ਆਂਧਰਾ ਪ੍ਰਦੇਸ਼ ਵਿਚ ਇਹ ਪਰ ਸੀਟ ਟੈਕਸ 540 ਰੁਪਏ ਹੈ ਅਤੇ ਕਰਨਾਟਕਾ ਵਿਚ ਇਹ ਟੈਕਸ 640 ਰੁਪਏ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਮਾਨਯੋਗ ਮੈਂਬਰਾਂ ਨੂੰ ਪਤਾ ਸੀ ਕਿ ਬਾਕੀ ਸਟੇਟਾਂ ਵਿਚ ਟੈਕਸ ਅੱਗੇ ਹੀ ਜ਼ਿਆਦਾ ਹੈ ਔਰ ਇਸੇ ਕਰਕੇ ਉਨ੍ਹਾਂ ਨੇ ਇਸ ਦੀ ਮੁਖਾਲਫਿਤ ਨਹੀਂ ਕੀਤੀ। ਇਥੇ ਬੋਲਦੇ ਹੋਏ ਪਤੰਗ ਜੀ ਨੇ ਬੱਸ ਸਰਵਿਸ ਦੇ ਬਾਰੇ ਕੁਝ ਕਿਹਾ ਕਿ ਐਮ. ਐਲ. ਏ. ਸਾਹਿਬਾਨ ਨੂੰ ਤਕਲੀਫ ਹੁੰਦੀ ਹੈ ਅਤੇ ਬੱਸਾਂ ਵਾਲੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ। ਇਹ ਗੱਲ ਇਥੇ ਹਾਊਸ ਵਿਚ ਆਈ ਹੈ, ਇਸ ਲਈ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਡਿਪਾਰਟਮੈਂਟ ਨੂੰ ਇੰਸਟਰੱਕਸ਼ਨਜ਼ ਕਰ ਦਿਆਂਗੇ ਕਿ ਉਹ ਬਿਲਕੁਲ ਐਮ.ਐਲ.ਏ. ਸਾਹਿਬ ਨੂੰ ਪ੍ਰੇਸ਼ਾਨ ਨਾ ਕਰਨ। ਜਿਸ ਵੇਲੇ ਉਹ ਵਾਊਚਰ ਦੇਣ ਤਾਂ ਉਨ੍ਹਾਂ ਨੂੰ ਟਿਕਟ ਦੇ ਦੇਣ। ਮੈਂਬਰ ਸਾਹਿਬਾਨ ਦਾ ਵੀ ਫਰਜ਼ ਹੈ ਕਿ ਵਾਊਚਰ ਦੇ ਕੇ ਟਿਕਟ ਲੈ ਲੈਣ। ਬਾਕੀ ਅਸੀਂ ਡਿਪਾਰਟਮੈਂਟ ਨੂੰ ਵੀ ਇੰਸਟਰੱਕਸ਼ਨਜ਼ ਕਰ ਦਿਆਂਗੇ ਕਿ ਮੈਂਬਰ ਸਾਹਿਬਾਨ ਨੂੰ ਤਕਲੀਫ ਨਹੀਂ ਹੋਣੀ ਚਾਹੀਦੀ। ਬਾਕੀ ਕੰਡਕਟਰਾਂ ਦੀ ਕੁਰੱਪਸ਼ਨ ਬਾਰੇ ਕਿਹਾ ਗਿਆ ਹੈ, ਇਹ ਗੰਭੀਰ ਮਸਲਾ ਹੈ।

ਆਵਾਜ਼ਾਂ : ਆਈਡੈਂਟਿਟੀ ਕਾਰਡ ਦਿਖਾਕੇ ਸਫਰ ਕਰਨ ਦੀ ਆਗਿਆ ਦਿੱਤੀ ਜਾਵੇ।

ਵਿੱਤ ਮੰਤਰੀ : ਮੈਂਬਰ ਸਾਹਿਬਾਨ ਨੇ ਤੌਖਲਾ ਜ਼ਾਹਿਰ ਕੀਤਾ ਹੈ ਕਿ ਆਈਡੈਂਟਿਟੀ ਕਾਰਡ ਦਿਖਾਕੇ ਸਫਰ ਕਰਨ ਦੀ ਆਗਿਆ ਦਿੱਤੀ ਜਾਵੇ, ਇਸ ਤੇ ਵਿਚਾਰ ਕਰ ਲਿਆ ਜਾਵੇਗਾ। ਅਗਰ ਸਾਰੇ ਮੈਂਬਰਾਂ ਦੀ ਇਹੀ ਰਾਏ ਹੈ ਕਿ ਆਈਡੈਂਟਿਟੀ ਕਾਰਡ ਦਿਖਾ ਕੇ ਸਫਰ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ ਤਾਂ ਫਿਰ ਇਸ ਤੇ ਵਿਚਾਰ ਕਰ ਲਵਾਂਗੇ।

ਸਰਦਾਰ ਬੀਰਦਵਿੰਦਰ ਸਿੰਘ : ਪੁਆਇੰਟ ਆਫ ਆਰਡਰ, ਸਰ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਉਂਕਿ ਡਾਕਟਰ ਸਾਹਿਬ ਜਵਾਬ ਦੇ ਰਹੇ ਹਨ, ਇਕ ਬੜੀ ਇੰਪਾਰਟੈਂਟ ਗੱਲ ਹੈ। ਹਰਿਆਣਾ ਅਤੇ ਪੰਜਾਬ ਦੀਆਂ ਸਰਕਾਰਾਂ ਨੇ ਐਮ. ਪੀਜ਼. ਵਾਸਤੇ ਰੈਸੀਪਰੋਕਲ ਫੈਸਲਾ ਕੀਤਾ ਹੈ ਕਿ ਹਰਿਆਣਾ ਦੇ ਐਮ.ਪੀਜ਼ ਪੰਜਾਬ ਦੀਆਂ ਬੱਸਾਂ ਤੇ ਚੜ੍ਹ ਸਕਦੇ ਹਨ ਅਤੇ ਪੰਜਾਬ ਦੇ ਐਮ. ਪੀਜ਼ ਹਰਿਆਣਾ ਦੀਆਂ ਬੱਸਾਂ ਤੇ ਚੜ੍ਹ ਸਕਦੇ ਹਨ। ਇਹੋ ਜਿਹਾ ਅਰੇਂਜਮੈਂਟ ਐਮ.ਐਲ.ਏਜ਼ ਵਾਸਤੇ ਕਿਉਂ ਨਹੀਂ ਕੀਤਾ ਜਾਂਦਾ ? (ਵਿਘਨ)

ਵਿੱਤ ਮੰਤਰੀ : ਮੇਰਾ ਖਿਆਲ ਹੈ ਕਿ ਉਹ ਜਾ ਸਕਦੇ ਹਨ।

ਸਰਦਾਰ ਬੀਰਦਵਿੰਦਰ ਸਿੰਘ : ਪਹਿਲਾਂ ਸੀ ਹੁਣ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦ ਐਮ.ਪੀਜ਼. ਇਸ ਤਰ੍ਹਾਂ ਸਫਰ ਕਰ ਸਕਦੇ ਹਨ ਤਾਂ ਫਿਰ ਸਾਡੇ ਇਥੇ ਦੇ ਲੈਜਿਸਲੇਟਰਜ਼ ਵਾਸਤੇ ਵੀ ਇਸ ਤਰ੍ਹਾਂ ਕਰਨਾ ਚਾਹੀਦਾ ਹੈ।

ਆਵਾਜ਼ਾਂ : ਠੀਕ ਹੈ।

ਵਿੱਤ ਮੰਤਰੀ : ਮੈਂਬਰ ਸਾਹਿਬਾਨ ਨੇ ਤੌਖਲਾ ਜ਼ਹਿਰ ਕੀਤਾ ਹੈ ਕਿ ਐਮ. ਪੀਜ਼. ਵਾਂਗ ਸਾਨੂੰ ਵੀ ਹਰਿਆਣਾ ਦੀਆਂ ਬੱਸਾਂ ਵਿਚ ਸਫਰ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਮੈਨੂੰ ਪਰਸਨਲ ਤਜਰਬਾ ਹੈ ਅਤੇ ਮੈਂ ਕਹਿ ਸਕਦਾ ਹਾਂ ਕਿ ਹਰਿਆਣਾ ਦੀਆਂ ਬੱਸਾਂ ਵਿਚ ਸਫਰ ਕਰਨ ਦੀ ਇਜਾਜ਼ਤ ਰਹੀ ਹੈ ਅਤੇ ਇਸੇ ਤਰ੍ਹਾਂ ਹੀ, ਉਨ੍ਹਾਂ ਨੂੰ ਵੀ ਰਹੀ ਹੈ। (ਵਿਘਨ) ਦੋਨੋਂ ਸਟੇਟਸ ਮਿਲ ਕੇ ਇਹ ਫੈਸਲਾ ਕਰ ਲੈਣਗੀਆਂ ਤਾਂਕਿ ਇਹ ਸਹੂਲਤ ਮੈਂਬਰਾਂ ਨੂੰ ਮਿਲ ਸਕੇ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਕੁਝ ਪਤੰਗ ਜੀ ਨੇ ਮਾਨਯੋਗ ਮੈਂਬਰਾਂ ਦੀ ਕਠਨਾਈ ਦੀਆਂ ਗੱਲਾਂ ਇਥੇ ਰੱਖੀਆਂ ਹਨ। ਇਹ ਮੈਂ ਵੀ ਮਹਿਸੂਸ ਕਰਦਾ ਹਾਂ। ਫਿਰ ਕੰਡਕਟਰਾਂ ਦੀ ਕੁਰੱਪਸ਼ਨ ਦੇ ਬਾਰੇ ਕਿਹਾ ਗਿਆ ਕਿ ਉਹ ਪੈਸੇ ਇਕੱਠੇ ਕਰਦੇ ਹਨ। ਇਹ ਚੀਜ਼ ਹਾਊਸ ਵਿਚ ਆਈ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਤਰ੍ਹਾਂ ਦੀ ਆਦਤ ਕੁਝ ਕੰਡਕਟਰਜ਼ ਨੂੰ ਹੈ। ਪਹਿਲਾਂ ਵੀ ਸੀ ਅਤੇ ਹੁਣ ਵੀ ਹੈ। ਅਸੀਂ ਇਹੋ ਜਿਹੇ ਕਦਮ ਚੁਕਾਂਗੇ ਜਿਸ ਦੇ ਨਾਲ ਕੁਰੱਪਸ਼ਨ ਜਿਹੜੀ ਹੈ ਉਹ ਖ਼ਤਮ ਹੋਵੇ। ਕੁਝ ਕਦਮ ਅਸੀਂ ਉਠਾਏ ਵੀ ਹਨ। ਕੁਝ ਕੰਡਕਟਰਜ਼ ਅਸੀਂ ਸਸਪੈਂਡ ਵੀ ਕੀਤੇ ਹਨ ਔਰ ਸਸਪੈਂਡ ਕਰਨ ਦੇ ਬਾਅਦ ਉਨ੍ਹਾਂ ਦੀਆਂ ਸਰਵਿਸਿਜ਼ ਵੀ ਟਰਮੀਨੇਟ ਕੀਤੀਆਂ ਹਨ। ਇਸ ਨੂੰ ਅਸੀਂ ਹੋਰ ਸਖ਼ਤੀ ਨਾਲ ਨਿਪਟਾਂਗੇ ਤਾਂਕਿ ਕੰਡਕਟਰਜ਼ ਜੋ ਹਨ ਉਹ ਆਪਣੀ ਮਰਜ਼ੀ ਨਾਲ ਬਸ ਖੜ੍ਹੀ ਕਰ ਲੈਂਦੇ ਹਨ, ਉਹ ਨਾ ਕਰਨ। ਜੇ ਉਹ ਆਪਣੀ ਮਰਜ਼ੀ ਨਾਲ ਬਸ ਖੜ੍ਹੀ ਕਰ ਲੈਣ ਤਾਂ ਮੁਸਾਫਰਾਂ ਨੂੰ ਇਸ ਗੱਲ ਦੇ ਨਾਲ ਤਕਲੀਫ ਹੁੰਦੀ ਹੈ।

ਡਿਪਟੀ ਸਪੀਕਰ ਸਾਹਿਬ, ਸਰਦਾਰ ਬੀਰ ਪਾਲ ਸਿੰਘ ਜੀ ਨੇ ਬੱਸ ਸਟੈਂਡ ਦੀ ਹਾਲਤ ਨੂੰ ਅੱਛਾ ਕਰਨ ਲਈ ਕਿਹਾ ਹੈ। ਅਗਰ ਬਸ ਹਾਈਕ ਹੋਇਆ ਹੈ ਤਾਂ ਅਸੀਂ ਚਾਹਾਂਗੇ ਕਿ ਲੋਕਾਂ ਨੂੰ ਚੰਗੇ ਬੱਸ ਸਟੈਂਡ ਮਿਲਣ। ਅਗਰ ਕੋਈ ਆਦਮੀ ਘਰ ਤੋਂ ਬੱਸ ਸਟੈਂਡ ਨੂੰ ਜਾਂਦਾ ਹੈ ਅਤੇ ਬੱਸ ਸਟੈਂਡ ਤੇ ਉਹ ਅਗਰ ਘਰ ਨਾਲੋਂ ਜ਼ਿਆਦਾ ਤਕਲੀਫ ਮਹਿਸੂਸ ਕਰੇ, ਉਸ ਨੂੰ ਉਥੇ ਪੀਣ ਲਈ ਪਾਣੀ ਨਾਂ ਮਿਲੇ ਜਾਂ ਉਸ ਦੇ ਲਈ ਬਾਥ ਰੂਮਜ਼ ਦਾ ਪ੍ਰਾਪਰ ਇੰਤਜ਼ਾਮ ਨਾ ਹੋਵੇ ਤਾਂ ਫਿਰ ਇਹ ਕੋਈ ਅੱਛੀ ਗੱਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਕੋਈ ਫੈਸਲਾ ਕੀਤਾ ਸੀ ਕਿ ਮਿਊਂਸਪਲ ਕਮੇਟੀਆਂ ਬਸ ਸਟੈਂਡ ਬਣਾਉਣਗੀਆਂ, ਬਲਾਕ ਸੰਮਿਤੀਆਂ ਜਾਂ ਜ਼ਿਲ੍ਹਾ ਪ੍ਰੀਸ਼ਦ ਜੋ ਹਨ ਉਹ ਬਸ ਸਟੈਂਡ ਬਣਾਉਣਗੇ। ਕੁਝ ਇਕ ਨੇ ਬਣਾਏ ਵੀ ਹਨ, ਪਰ ਬਹੁਤ ਸਾਰੀਆਂ ਮਿਊਂਸਪਲ ਕਮੇਟੀਆਂ ਬੱਸ ਸਟੈਂਡ ਬਣਾ ਨਹੀਂ ਸਕੀਆਂ। ਇਸ ਲਈ ਅਸੀਂ ਇਹ ਹੁਣ ਫੈਸਲਾ ਕੀਤਾ ਹੈ ਕਿ ਜਿਹੜੀਆਂ ਮਿਊਂਸਪਲ ਕਮੇਟੀਆਂ ਚਾਹੁੰਣਗੀਆਂ ਉਨ੍ਹਾਂ ਨੂੰ ਬਸ ਸਟੈਂਡ ਬਣਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ। ਜਿਥੇ ਮਿਊਂ-ਸਪਲ ਕਮੇਟੀ ਨਹੀਂ ਬਣਾ ਸਕੇਗੀ ਉਥੇ ਸਰਕਾਰ ਆਪਣੇ ਖਰਚ ਤੇ ਬਸ ਸਟੈਂਡ ਬਣਾਵੇਗੀ। ਅਸੀਂ ਚਾਹੁੰਦੇ ਹਾਂ ਕਿ ਬੱਸ ਸਟੈਂਡ ਅੱਛੇ ਬਣਾਏ ਜਾਣ ਔਰ ਉਨ੍ਹਾਂ ਦੀ ਹਾਲਤ ਸੁਧਾਰੀ ਜਾਵੇ ਤਾਕਿ ਮੁਸਾਫਰਾਂ ਨੂੰ, ਭੈਣ ਭਰਾਵਾਂ ਨੂੰ ਇਹ ਮਹਿਸੂਸ ਹਵੇ ਕਿ ਅਸੀਂ ਘਰ ਤੋਂ ਅੱਛੀ ਜਗ੍ਹਾ ਤੇ ਆਏ ਹਾਂ। (ਵਿਘਨ)

ਸਰਦਾਰ ਬੀਰਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਡਾਕਟਰ ਸਾਹਿਬ ਨੇ ਬੜੀ ਅੱਛੀ ਗਲ ਕਹੀ ਹੈ ਕਿ ਬੱਸ ਸਟੈਂਡਾਂ ਦੀ ਹਾਲਤ ਵਿਚ ਇਮਪਰੂਵ-ਮੈਂਟ ਕਰਾਂਗੇ। ਨਾਲ ਦੀ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਮਪਾਰਟੈਂਟ

ਪਲੇਸਿਜ਼ ਹਨ ਜੀ.ਟੀ. ਰੋਡ ਤੇ ਜਾਂ ਕਿਸੇ ਵੀ ਸੜਕ ਤੇ ਜਾਂ ਨੈਸ਼ਨਲ ਹਾਈ-ਵੇ ਤੇ ਬੱਸਾਂ ਖੜ੍ਹੀਆਂ ਹੁੰਦੀਆਂ ਹਨ, ਉਥੇ ਵੀ ਬਾਥ ਰੂਮਜ਼ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ । ਲੇਡੀਜ਼ ਵਾਸਤੇ ਸੈਪਰੇਟ ਪ੍ਰਬੰਧ ਹੋਣਾ ਚਾਹੀਦਾ ਹੈ। ਪੀਣ ਦੇ ਪਾਣੀ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ । (ਵਿਘਨ)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਜੋ ਸਰਦਾਰ ਬੀਰ ਪਾਲ ਸਿੰਘ ਜੀ ਨੇ ਕਿਹਾ ਹੈ, ਇਸ ਦਾ ਵੀ ਧਿਆਨ ਰਖਾਂਗੇ । ਪੁਰਸ਼ਾਂ ਨਾਲੋਂ ਲੇਡੀਜ਼ ਵਾਸਤੇ ਪਹਿਲਾਂ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਔਰ ਅਸੀਂ ਇਸ ਗਲ ਵਲ ਧਿਆਨ ਦੇਵਾਂਗੇ ।

ਇਕ, ਡਿਪਟੀ ਸਪੀਕਰ ਸਾਹਿਬ, ਕਾਮਰੇਡ ਸੱਘੜ ਸਿੰਘ ਹੋਰਾਂ ਨੇ ਕਿਹਾ ਹੈ ਕਿ ਟੈਕਸ ਦੀ ਚੋਰੀ ਜੋ ਹੁੰਦੀ ਹੈ ਉਸ ਨੂੰ ਰੋਕਿਆ ਜਾਵੇ । ਟੈਕਸ ਦੀ ਚੋਰੀ ਰੋਕਣ ਲਈ ਉਨ੍ਹਾਂ ਨੇ ਕਿਹਾ ਹੈ ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਕਿਸ ਤਰ੍ਹਾਂ ਰੋਕੀ ਜਾਵੇ । ਕਹਿੰਦੇ ਹਨ ਨਾ ਜੇਲ੍ਹ ਵਿਚ ਭੇਜੋ ਅਤੇ ਨਾ ਕੋਈ ਜੁਰਮਾਨਾ ਕਰੋ, ਪਰ ਇਹ ਨਹੀਂ ਦੱਸਿਆ ਕਿ ਕੀਤਾ ਕੀ ਜਾਵੇ ? ਕਹਿੰਦੇ ਹਨ ਕਿ ਕੰਮ ਪੱਕਾ ਕਰੋ ਪਰ ਸਾਨੂੰ ਇਹ ਨਹੀਂ ਦੱਸਿਆ ਕਿ ਕੰਮ ਕੀ ਪੱਕਾ ਕਰੀਏ। ਜੇ ਕੋਈ ਚੋਰੀ ਕਰਦਾ ਹੈ ਤਾਂ ਉਸ ਦੇ ਵਾਸਤੇ ਜੁਰਮਾਨਾ ਕਰਨਾ ਵੀ ਜ਼ਰੂਰੀ ਹੈ ਅਤੇ ਜੇ ਕੋਈ ਕੁਰੱਪਸ਼ਨ ਵਿਚ ਫੜਿਆ ਜਾਂਦਾ ਹੈ ਤਾਂ ਉਸ ਨੂੰ ਜੇਲ੍ਹ ਭੇਜਣਾ ਵੀ ਜ਼ਰੂਰੀ ਹੈ । (ਵਿਘਨ)

ਕਾਮਰੇਡ ਸੱਘੜ ਸਿੰਘ : ਮੈਂ ਕਹਿੰਦਾ ਹਾਂ ਕਿ ਸਾਰੀਆਂ ਬੱਸਾਂ ਦਾ ਕੌਮੀਕਰਨ ਕਰ ਲਓ (ਵਿਘਨ) ਜੇ ਪਹਿਲਾਂ ਨਹੀਂ ਤਾਂ ਹੁਣ ਦੋ ਵਾਰੀ ਖੜਾ ਹੋ ਜਾਂਦਾ ਹਾਂ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦਾ ਮਸ਼ਕੂਰ ਹਾਂ ਕਿ ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਘਾਟੇ ਨੂੰ ਪੂਰਾ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਚੰਗੀ ਸਲਾਹ ਦਿੱਤੀ ਹੈ। ਇਹ ਘਾਟਾ ਪੂਰਾ ਕਰਨ ਲਈ ਹੀ ਇਹ ਬਿਲ ਹਾਊਸ ਵਿਚ ਲਿਆਂਦਾ ਹੈ ਔਰ ਉਸ ਘਾਟੇ ਨੂੰ ਪੂਰਾ ਕਰਨ ਲਈ ਇਨ੍ਹਾਂ ਨੂੰ ਵਿਰੋਧਤਾ ਬਿਲਕੁਲ ਨਹੀਂ ਕਰਨੀ ਚਾਹੀਦੀ । ਜੇ ਸੱਚਮੁੱਚ ਕਹਿੰਦੇ ਹਨ ਔਰ ਘਾਟਾ ਪੂਰਾ ਕਰਨ ਦੇ ਹੱਕ ਵਿਚ ਹਨ ਤਾਂ ਜਦੋਂ ਹੁਣ ਵੋਟਾਂ ਪੈਣ ਤਾਂ ਘਾਟਾ ਪੂਰਾ ਕਰਨ ਦੇ ਹੱਕ ਵਿਚ ਵੋਟ ਦੇਣੀ ਚਾਹੀਦੀ ਹੈ ਇਨ੍ਹਾਂ ਨੂੰ ਮੁਖਾਲਫਿਤ ਨਹੀਂ ਕਰਨੀ ਚਾਹੀਦੀ । ਡਿਪਟੀ ਸਪੀਕਰ ਸਾਹਿਬ, ਢੀਂਡਸਾ ਸਾਹਿਬ ਨੇ ਕੁਝ ਸੁਜੈਸ਼ਨਜ਼ ਦਿੱਤੀਆਂ ਹਨ । ਮੈਨੂੰ ਇਸ ਗਲ ਦਾ ਅਫ਼ਸੋਸ ਹੈ ਕਿ ਪੌਣੇ ਤਿੰਨ ਸਾਲਾਂ ਵਿਚ ਇਨ੍ਹਾਂ ਸੁਝਾਵਾਂ ਤੇ ਆਪ ਇਹ ਇਮਪਲੀਮੈਂਟੇਸ਼ਨ ਨਹੀਂ ਕਰ ਸਕੇ ਲੇਕਿਨ ਸਾਨੂੰ ਇਨ੍ਹਾਂ ਨੇ ਜਿਹੜੇ ਸੁਝਾਅ ਦਿੱਤੇ ਹਨ, ਅਸੀਂ ਜ਼ਰੂਰ ਉਨ੍ਹਾਂ ਤੇ ਵਿਚਾਰ ਕਰਾਂਗੇ ਔਰ ਚਾਹਾਂਗਾ ਕਿ ਟੈਕਸ ਜੋ ਹੈ ਉਹ ਇਕ ਜਗ੍ਹਾ ਤੇ ਹੀ ਕੁਲੈਕਟ ਹੋ ਜਾਵੇ ਔਰ ਹੋਰ ਵੀ ਸਹੂਲਤਾਂ ਦੇ ਸਕੀਏ। ਸਰਦਾਰ ਦਿਲਬਾਗ ਸਿੰਘ ਜੀ ਨੇ ਬੜੀ ਚੋਟ ਲਾ ਕੇ ਗਲ ਕਹੀ ਹੈ । ਵਾਕਿਅਈ ਮੈਂ ਸਮਝਦਾ ਹਾਂ ਕਿ ਇਸ ਹਾਊਸ ਵਿਚ ਮੈਂਬਰ ਸਾਹਿਬਾਨ, ਮੈਨੂੰ ਖੁਸ਼ੀ ਹੈ, ਕਿ ਮਹਿਸੂਸ ਕਰਦੇ ਹਨ ਕਿ ਪਿਛਲੀ ਜੋ ਐਜੀਟੇਸ਼ਨ ਸੀ, ਉਹ ਅਨਕਾਲਡ ਫਾਰ ਸੀ ਔਰ ਪੰਜਾਬ ਦੇ ਵਿਚ ਬੱਸ ਫੇਅਰ ਹਾਈਕ ਜੋ ਸੀ ਉਹ ਜਸਟੀਫਾਈਡ ਸੀ । (ਵਿਘਨ) (ਸ਼ੋਰ)

ਆਵਾਜ਼ਾਂ : ਡਿਪਟੀ ਸਪੀਕਰ ਸਾਹਿਬ, ਇਹ ਗਲਤ ਗਲ ਕਰ ਰਹੇ ਹਨ ।

ਵਿੱਤ ਮੰਤਰੀ : ਕਿਸੇ ਮੈਂਬਰ ਨੇ ਟੈਕਸ ਵਧਾਉਣ ਦਾ ਵਿਰੋਧ ਨਹੀਂ ਕੀਤਾ। (ਵਿਘਨ) (ਸ਼ੋਰ)

ਕੁਝ ਆਵਾਜ਼ਾਂ: ਫਿਰ ਕਮੇਟੀ ਕਾਹਦੇ ਲਈ ਬਣਾਈ ਹੈ ਇਹ ਸਪੀਕਰ ਦੀ ਤੌਹੀਨ ਹੈ।

ਵੈਦ ਕਰਤਾਰ ਸਿੰਘ: ਜਿਹੜੀ ਸਪੀਕਰ ਦੀ ਪ੍ਰਧਾਨਗੀ ਥਲੇ ਕਮੇਟੀ ਬਣੀ ਹੈ ਇਹ ਉਸ ਦੀ ਤੌਹੀਨ ਹੈ। ਇਹ ਲਫਜ਼ ਡਾਕਟਰ ਸਾਹਿਬ ਵਾਪਸ ਲੈਣ। (ਵਿਘਨ) (ਸ਼ੋਰ)

ਵਿੱਤ ਮੰਤਰੀ: ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਪਤਾ ਨਹੀਂ ਕਿਸ ਦੁਨੀਆਂ ਵਿਚ ਚਲੇ ਗਏ ਹਨ। ਹਾਊਸ ਦੇ ਮਾਹੌਲ ਤੋਂ ਪਤਾ ਨਹੀਂ ਕਿਸ ਮਾਹੌਲ ਵਿਚ ਇਹ ਉਠ ਕੇ ਚਲੇ ਗਏ ਹਨ। ਜਿਸ ਵੇਲੇ ਬਿਲ ਦੀ ਮੁਖਾਲਫਤ ਦਾ ਮੌਕਾ ਸੀ ਇਨ੍ਹਾਂ ਨੇ ਮੁਖਾਲਫਤ ਵਿਚ ਇਕ ਲਫਜ਼ ਵੀ ਨਹੀਂ ਕਿਹਾ, ਪਰ ਹੁਣ ਪਤਾ ਨਹੀਂ ਇਨ੍ਹਾਂ ਨੂੰ ਕੀ ਹੋ ਗਿਆ ਹੈ। ਜਿਥੋਂ ਤੱਕ, ਡਿਪਟੀ ਸਪੀਕਰ ਸਾਹਿਬ, ਕਮੇਟੀ ਦਾ ਸਵਾਲ ਹੈ ਕੋਈ ਹਾਊਸ ਦੀ ਕਮੇਟੀ ਹਾਊਸ ਨੇ ਇਲੈਕਟ ਕਰਕੇ ਨਹੀਂ ਬਣਾਈ। ਜੋ ਕਮੇਟੀ ਬਣੀ ਹੈ ਉਹ ਤਾਂ ਸੀ. ਐਮ. ਸਾਹਿਬ ਨੇ ਆਪ ਬਣਾਈ ਹੈ। (ਸ਼ੋਰ) ਕਿਸੇ ਕਮੇਟੀ ਦੀ ਇਨਸਲਟ ਦਾ ਸਵਾਲ ਨਹੀਂ ਹੈ। ਉਸ ਦੇ ਕੰਮ ਵਿਚ ਰੁਕਾਵਟ ਪੈਦਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਉਹ ਬਿਲਕੁਲ ਸੋਚ ਵਿਚਾਰ ਨਾਲ ਕੰਮ ਲੈਣ। ਬਹੁਤ ਸ਼ੋਰ ਮਚਾ ਕੇ ਜਾਂ ਇੰਟ੍ਰੱਪਟ ਕਰਕੇ ਅਤੇ ਰੌਲਾ ਪਾ ਕੇ ਭੁਲੀ ਗਲ ਨੂੰ ਮੁੜ ਕੇ ਯਾਦ ਨਾ ਕਰਨ। ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਘਾਟਾ ਪੂਰਾ ਕਰਨ ਲਈ ਬਿਲ ਦੀ ਮੁਖਾਲਫਤ ਨਹੀਂ ਕੀਤੀ। (ਵਿਘਨ) ਖਾਮੋਸ਼ੀ ਦਾ ਮਤਲਬ ਪੂਰੀ ਖਾਮੋਸ਼ੀ ਹੁੰਦਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਹ ਬਿਲ ਜਿਹੜਾ ਹੈ ਇਹ ਸਰਬ-ਸੰਮਤੀ ਨਾਲ ਪਾਸ ਹੋ ਜਾਣਾ ਚਾਹੀਦਾ ਹੈ (ਸ਼ੋਰ) ਡਿਪਟੀ ਸਪੀਕਰ ਸਾਹਿਬ, ਸਪੀਕਰ ਦੀ ਤੌਹੀਨ ਦਾ ਕੋਈ ਸ਼ਬਦ ਮੈਂ ਨਹੀਂ ਕਿਹਾ। ਮੈਂ ਖੁਦ ਵੀ ਇਸ ਜਗ੍ਹਾ ਤੇ ਜ਼ਿਮੇਵਾਰੀ ਨਾਲ ਕਮ ਕਰਦਾ ਰਿਹਾ ਹਾਂ। ਮੈਂ ਜੋ ਕੁਝ ਕਹਿ ਰਿਹਾ ਹਾਂ ਉਹ ਜ਼ਿਮੇਵਾਰੀ ਨਾਲ ਕਹਿ ਰਿਹਾ ਹਾਂ ਔਰ ਮਾਨਯੋਗ ਮੈਂਬਰ ਨੇ ਜੋ ਕੁਝ ਇਥੇ ਕਿਹਾ ਹੈ ਉਸ ਦੇ ਆਧਾਰ ਤੇ ਮੈਂ ਕਹਿ ਰਿਹਾ ਹਾਂ ਇਸ ਕਰਕੇ ਪੁਰਾਣਾ ਸੁਪਨਾ ਜੋ ਆਉਂਦਾ ਹੈ ਉਸ ਨੂੰ ਯਾਦ ਨਹੀਂ ਕਰਨਾ ਚਾਹੀਦਾ। ਇਨ੍ਹਾਂ ਨੇ ਪੰਜਾਬ ਦੇ ਨੌਜਵਾਨ ਲੜਕਿਆਂ ਨੂੰ ਚੁੱਕ ਕੇ 6 ਬੱਸਾਂ ਸੜਵਾਈਆਂ। (ਥੰਪਿੰਗ) । ਇਕ ਨਹੀਂ, ਦੋ ਨਹੀਂ, ਛੇ ਬਸਾਂ ਸੜਵਾਈਆਂ। ਇਨ੍ਹਾਂ ਨੇ ਬਸਾਂ ਸੜਵਾ ਕੇ ਪੰਜਾਬ ਦੇ ਅਮਨ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। (ਸ਼ੋਰ) ਨਾ ਕੋਈ ਵੱਸ ਚਲੇ ਤਾਂ ਉਈ ਉਈ ਹੁੰਦੀ ਹੈ। ਜੋ ਕੁਝ ਮਾਨਯੋਗ ਮੈਂਬਰਾਂ ਨੇ ਆਪਣੇ ਖਿਆਲਾਤ ਜ਼ਾਹਰ ਕੀਤੇ ਹਨ, ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਮੁਖਾਲਫਤ ਨਾ ਕਰਨ ਵਾਸਤੇ ਮੈਂ ਇਨ੍ਹਾਂ ਦਾ ਧੰਨਵਾਦ ਕੀਤਾ ਹੈ। ਫਿਰ ਵੀ, ਇਨ੍ਹਾਂ ਨੇ ਜੋ ਕਹਿਣਾ ਹੈ ਇਨ੍ਹਾਂ ਦੀ ਮਰਜ਼ੀ ਹੈ। ਇਹ ਰਿਕਾਰਡ ਦੱਸਦਾ ਹੈ ਕਿ ਕਿਸੇ ਸਖਸ਼ ਨੇ ਵੀ ਇਸ ਦੀ ਮੁਖਾਲਫਤ ਨਹੀਂ ਕੀਤੀ। ਇਤਨਾ ਕਹਿੰਦਾ ਹੋਇਆ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਸਰਬਸੰਮਤੀ ਨਾਲ ਹੁਣ ਪਾਸ ਕਰਨਾ ਚਾਹੀਦਾ ਹੈ। ਧੰਨਵਾਦ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸਾਰੀਆਂ ਪਾਰਟੀਆਂ ਮਹਿਸੂਸ ਕਰਦੀਆਂ ਹਨ ਔਰ ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਕਮੇਟੀ ਬਣੀ ਹੈ ਉਹ ਚੀਫ ਮਨਿਸਟਰ ਸਾਹਿਬ ਨੇ ਬਣਾਈ ਹੈ, ਇਸ ਕਮੇਟੀ ਵਿਚ ਸਾਰੀਆਂ ਪੁਲੀਟੀਕਲ ਪਾਰਟੀਆਂ ਦੇ ਮੈਂਬਰ ਹਨ ਅਤੇ ਨਾਲ ਹੀ ਉਸ ਵਿਚ ਐਮ.ਐਲ. ਏਜ਼ ਸਾਹਿਬਾਨ ਹਨ। ਉਸ ਕਮੇਟੀ ਦੇ ਚੇਅਰਮੈਨ ਸਾਡੇ ਹਾਊਸ ਦੇ ਸਪੀਕਰ ਸਾਹਿਬ ਹਨ। ਮੈਂ ਕਹਿੰਦਾ ਹਾਂ ਕਿ ਇਸ ਤੋਂ ਵੱਡਾ ਇਹ ਕੀ ਦੂਸ਼ਨ ਲਾ ਸਕਦੇ

ਹਨ । ਉਸ ਕਮੇਟੀ ਲਈ ਇਹੋ ਜਿਹੀ ਗੱਲ ਕਹਿਣਾ, ਜਿਸ ਦੇ ਪ੍ਰਧਾਨ ਸਪੀਕਰ ਸਾਹਿਬ ਹੋਣ, ਇਹ ਹਾਊਸ ਦੀ ਤੌਹੀਨ ਨਹੀਂ ਤਾਂ ਹੋਰ ਕੀ ਹੈ । ਇਹ ਸ਼ਬਦ ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ । ਸਾਰੀਆਂ ਪਾਰਟੀਆਂ ਨੇ ਇਹ ਮਹਿਸੂਸ ਕੀਤਾ ਹੈ ਕਿ ਜੋ ਵੀ ਕਿਰਾਏ ਵੱਧੇ ਹਨ ਇਹ ਨਾਜਾਇਜ਼ ਵੱਧੇ ਹਨ ਔਰ ਤਾਂ ਹੀ ਇਹ ਕਮੇਟੀ ਬਣੀ ਹੈ ।

ਕਾਮਰੇਡ ਸਰਵਣ ਸਿੰਘ ਚੀਮਾਂ : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਵਲੋਂ ਬਿਲਕੁਲ ਗਲਤ ਕਿਹਾ ਗਿਆ ਹੈ । ਕਿਰਾਏ ਵਧਾਏ ਗਏ, ਉਸ ਤੇ ਐਜੀਟੇਸ਼ਨ ਹੋਈ ਜਿਸ ਦੇ ਲਈ ਇਕ ਕਮੇਟੀ ਮੁਕਰੱਰ ਹੋਈ, ਜਿਸ ਦੀ ਮੀਟਿੰਗ ਸ਼ਾਇਦ ਅੱਜ ਹੋਵੇ । ਵਿੱਤ ਮੰਤਰੀ ਸਾਹਿਬ ਗਲਤ ਬਿਆਨੀ ਕਰ ਰਹੇ ਹਨ । ਮੈਂ ਕਹਿੰਦਾ ਹਾਂ ਕਿ ਗਲਤ ਕਿਰਾਇਆ ਵਧਾਇਆ ਗਿਆ ਹੈ । ਇਹ ਕਮੇਟੀ ਬਣਾਈ ਗਈ ਹੈ ਤਾਕਿ ਕਿਰਾਇਆ ਘਟਾਇਆ ਜਾ ਸਕੇ । ਇਸ ਕਮੇਟੀ ਦੇ ਚੇਅਰਮੈਨ ਸਪੀਕਰ ਸਾਹਿਬ ਹਨ । ਇਸ ਕਮੇਟੀ ਬਾਰੇ ਵਿੱਤ ਮੰਤਰੀ ਸਾਹਿਬ ਵਲੋਂ ਕੁਝ ਕਹਿਣਾ ਸਪੀਕਰ ਸਾਹਿਬ ਦੀ ਬੇਇਜ਼ਤੀ ਹੈ ਔਰ ਹਾਊਸ ਦੀ ਬੇਇਜ਼ਤੀ ਹੈ। ਵਿੱਤ ਮੰਤਰੀ ਨੇ ਗਲਤ ਬਿਆਨੀ ਕੀਤੀ ਹੈ ਔਰ ਉਨ੍ਹਾਂ ਦਾ ਇਸ ਸਬੰਧੀ ਸਾਰਾ ਭਾਸ਼ਣ ਰਿਕਾਰਡ ਵਿਚੋਂ ਐਕਸਪੰਜ ਹੋਣਾ ਚਾਹੀਦਾ ਹੈ ।

ਵੈਦ ਕਰਤਾਰ ਸਿੰਘ : ਡਿਪਟੀ ਸਪੀਕਰ ਸਾਹਿਬ, ਕਿਰਾਏ ਵਧਾਏ ਗਏ, ਅਜੀਟੇਸ਼ਨ ਚਲੀ ਔਰ ਸਰਕਾਰ ਨੇ ਇਸ ਸਬੰਧੀ ਇਕ ਕਮੇਟੀ ਬਣਾਈ । ਇਹ ਕਮੇਟੀ ਲੀਡਰ ਆਫ ਦੀ ਹਾਊਸ ਨੇ ਮੁਕੱਰਰ ਕੀਤੀ । ਡਾਕਟਰ ਸਾਹਿਬ 24 ਘੰਟੇ ਕਹਿੰਦੇ ਰਹਿੰਦੇ ਹਨ ਕਿ ਮੇਰਾ ਲੀਡਰ ਸਰਦਾਰ ਦਰਬਾਰਾ ਸਿੰਘ ਹੈ । ਉਸ ਕਮੇਟੀ ਦੇ ਚੇਅਰਮੈਨ ਸਪੀਕਰ ਸਾਹਿਬ ਹੋਣ ਅਤੇ ਸਾਰੀਆਂ ਪਾਰਟੀਆਂ ਦੇ ਮੈਂਬਰ ਉਸ ਵਿਚ ਹੋਣ ਫਿਰ ਇਸ ਤੋਂ ਵੱਧ ਉਨ੍ਹਾਂ ਦੀ ਤੌਹੀਨ ਹੋਰ ਕੀ ਹੋ ਸਕਦੀ ਹੈ ? ਡਾਕਟਰ ਸਾਹਿਬ ਨੂੰ ਉਹ ਲਫਜ਼ ਵਾਪਸ ਲੈ ਲੈਣੇ ਚਾਹੀਦੇ ਹਨ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਕੁਝ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਹੈ ਔਰ ਖਾਸ ਤੌਰ ਤੇ ਉਸ ਵੇਲੇ ਜਿਸ ਵੇਲੇ ਮੈਂ ਧੰਨਵਾਦ ਕੀਤਾ ਕਿ ਕਿਸੇ ਨੇ ਇਸ ਬਿਲ ਦੀ ਮੁਖਾਲਫਤ ਨਹੀਂ ਕੀਤੀ ਕਿਉਂਕਿ ਉਹ ਸਮਝਦੇ ਸਨ ਕਿ ਸਟੇਟ ਦੀ ਤਰੱਕੀ ਲਈ ਚੰਗੀਆਂ ਬੱਸਾਂ ਮਿਲਣ, ਚੰਗੇ ਬੱਸ ਸਟੈਂਡ ਮਿਲਣ ਔਰ ਲੋਕ ਫ਼ਾਇਦਾ ਉਠਾ ਸਕਣ । ਇਸ ਦਾ ਰਿਐਕਸ਼ਨ ਇਸ ਕਰਕੇ ਇਨ੍ਹਾਂ ਦੇ ਮਨਾਂ ਵਿਚ ਆਇਆ ਕਿਉਂਕਿ ਕਮੇਟੀ ਬਣਾ ਦਿੱਤੀ ਗਈ ਸੀ, ਇਸ ਕਰਕੇ ਇਹ ਗੁੱਸੇ ਵਿਚ ਆ ਗਏ । ਉਸ ਕਮੇਟੀ ਦੇ ਚੇਅਰਮੈਨ, ਸਪੀਕਰ ਸਾਹਿਬ, ਹਨ ਅਤੇ ਮੈਂਬਰ ਸਾਹਿਬਾਨ ਉਸ ਦੇ ਮੈਂਬਰ ਵੀ ਹਨ । ਜਿਥੋਂ ਤਕ ਸਪੀਕਰ ਸਾਹਿਬ ਦੇ ਚੇਅਰਮੈਨਸ਼ਿਪ ਦਾ ਸੁਆਲ ਹੈ ਮੈਨੂੰ ਉਨ੍ਹਾਂ ਦਾ ਪੂਰਾ ਸਤਿਕਾਰ ਹੈ । ਪਰ ਜਿਥੋਂ ਤੱਕ ਇਸ ਕਮੇਟੀ ਦਾ ਸੁਆਲ ਹੈ, ਮੈਂ ਹੁਣ ਵੀ ਕਹਿੰਦਾ ਹਾਂ ਕਿ ਉਹ ਹਾਊਸ ਦੀ ਕਮੇਟੀ ਨਹੀਂ ਹੈ । ਹਾਊਸ ਦੀ ਕਮੇਟੀ ਉਹ ਹੁੰਦੀ ਹੈ, ਜਿਸ ਨੂੰ ਸਪੀਕਰ ਸਾਹਿਬ ਨਾਮੀਨੇਟ ਕਰਨ ਕਿ ਫਲਾਂ ਫਲਾਂ ਮੈਂਬਰ ਸਾਹਿਬ ਉਸ ਦੇ ਮੈਂਬਰ ਹੋਣਗੇ ਜਾਂ ਫਿਰ ਉਸ ਕਮੇਟੀ ਦੇ ਮੈਂਬਰਾਂ ਨੂੰ ਹਾਊਸ ਇਲੈਕਟ ਕਰੇ। ਕਿਸੇ ਕਮੇਟੀ ਨੂੰ, ਜਿਸ ਨੂੰ ਚੀਫ ਮਨਿਸਟਰ ਸਾਹਿਬ ਜਾਂ ਕੋਈ ਮਨਿਸਟਰ ਸਾਹਿਬ ਨਾਮੀਨੇਟ ਕਰਨ, ਉਸ ਨੂੰ ਹਾਊਸ ਦੀ ਕਮੇਟੀ ਬਿਲਕੁਲ ਨਹੀਂ ਕਿਹਾ ਜਾ ਸਕਦਾ । ਇਹ ਚੀਜ਼ ਕਾਨੂੰਨੀ ਤੌਰ ਤੇ ਵੀ ਸਹੀ ਹੈ ਅਤੇ ਇਖਲਾਕੀ ਤੌਰ ਤੇ ਵੀ ਸਹੀ ਹੈ

[ਵਿੱਤ ਮੰਤਰੀ]

ਉਹ ਕਮੇਟੀ ਚੀਫ ਮਨਿਸਟਰ ਸਾਹਿਬ ਨੇ ਇਸ ਕਰਕੇ ਬਣਾਈ ਸੀ, ਕਿਉਂਕਿ ਕਿਰਾਏ ਬਾਰੇ ਐਜੀਟੇਸ਼ਨ ਹੋਈ ਸੀ ਔਰ ਉਹ ਇਹ ਸੋਚਣ ਵਾਸਤੇ ਕਿ ਆਇਆ ਕਿਰਾਇਆ ਠੀਕ ਵਧਾਇਆ ਹੈ (ਵਿਘਨ) ਔਰ ਕਮੇਟੀ ਦਾ ਜੋ ਫ਼ੈਸਲਾ ਹੋਵੇਗਾ...(ਵਿਘਨ) (ਸ਼ੋਰ)

ਜ਼ੱਥੇਦਾਰ ਜੀਵਨ ਸਿੰਘ ਉਮਰਾਨੰਗਲ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਜੱਦੋਂ ਤੁਸੀਂ ਕਮੇਟੀ ਬਣਾ ਦਿੱਤੀ ਹੈ, ਜਦੋਂ ਤਕ ਉਸ ਕਮੇਟੀ ਦੀ ਰਿਪੋਰਟ ਨਾ ਆ ਜਾਵੇ ਇਸ ਬਿਲ ਦਾ ਕੋਈ ਫਾਇਦਾ ਨਹੀਂ । ਇਹ ਬਿਲ ਉਸ ਦੀ ਰਿਪੋਰਟ ਤੋਂ ਬਾਅਦ ਆਉਣਾ ਚਾਹੀਦਾ ਹੈ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜ਼ਰੂਰੀ ਨਹੀਂ ਕਿ ਕਮੇਟੀ ਇਹ ਫੈਸਲਾ ਕਰੇ ਕਿ ਕਿਰਾਇਆ ਘਟਾਇਆ ਜਾਵੇ । ਕਮੇਟੀ ਨੇ ਟਰਮਜ਼ ਐਂਡ ਕੰਡੀਸ਼ਨਜ਼ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਦੱਸਣਾ ਹੈ ਕਿ ਇਹ ਵਧਿਆ ਕਿਰਾਇਆ ਜਸਟੀਫਾਈਡ ਹੈ ਜਾਂ ਨਹੀਂ, ਠੀਕ ਹੈ ਜਾਂ ਨਹੀਂ, ਉਸ ਦੀ ਰਿਪੋਰਟ ਆ ਜਾਵੇਗੀ । ਹੁਣ 37 ਪੈਸੇ ਲਿਟਰ ਡੀਜ਼ਲ ਹੋਰ ਮਹਿੰਗਾ ਹੋਇਆ ਹੈ । ਮੈਂ ਦੱਸਦਾ ਹਾਂ ਕਿ ਜੋ ਵੀ ਫੈਸਲਾ ਆਵੇਗਾ, ਉਸ ਤੇ ਪੰਜਾਬ ਸਰਕਾਰ ਜ਼ਰੂਰ ਵਿਚਾਰ ਕਰੇਗੀ । ਪੰਜਾਬ ਸਰਕਾਰ ਉਸ ਤੇ ਵਿਚਾਰ ਕਰਨ ਲਈ ਪਾਬੰਧ ਹੈ । ਇਹ ਜੋ ਬਿਲ ਆਇਆ ਹੈ ਹਾਊਸ ਵਿਚ ਇਹ ਸਰਬਸੰਮਤੀ ਨਾਲ ਪਾਸ ਕਰਨ ਲਈ ਹੈ, ਇਸ ਦੀ ਮੁਖਾਲਫ਼ਤ ਨਾ ਕਰਕੇ ਇਨ੍ਹਾਂ ਨੇ ਬਹੁਤ ਅੱਛਾ ਕੀਤਾ ਹੈ । ਕਮੇਟੀ ਦੀ ਬੇਇਜ਼ਤੀ ਦਾ ਸੁਆਲ ਹੀ ਪੈਂਦਾ ਨਹੀਂ ਹੁੰਦਾ । ਉਹ ਕਮੇਟੀ ਜੋ ਵੀ ਸ਼ਿਫਾਰਸ਼ ਕਰੇਗੀ ਪੰਜਾਬ ਸਰਕਾਰ ਉਸ ਤੇ ਜ਼ਰੂਰ ਗੌਰ ਕਰੇਗੀ । ਇਸ ਦੇ ਨਾਲ ਹੀ ਇਨ੍ਹਾਂ ਮੈਂਬਰਜ਼ ਸਾਹਿਬਾਨ ਦਾ ਤੌਖਲਾ ਦੂਰ ਹੋ ਜਾਣਾ ਚਾਹੀਦਾ ਹੈ । ਅੰਤ ਵਿੱਚ ਮੈਂ ਇਹ ਕਹਿ ਸਕਦਾ ਹਾਂ ।

'ਹਾਏ ਇਸ ਜ਼ੂਦੇ ਪਸ਼ੇਮਾਂ ਕਾ ਪਸ਼ੇਮਾਂ ਹੋਨਾ ।'

ਧੰਨਵਾਦ ।

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਸਮੇਂ ਵਿਚ ਕੁਝ ਪੁਰਾਣੇ ਟਾਇਰਾਂ ਦੀ ਨਿਲਾਮੀ ਕੀਤੀ ਗਈ । ਪਰ ਦੇਣ ਲਗੇ ਨਵੇਂ ਟਾਇਰ ਦੇ ਦਿੱਤੇ ਅਤੇ ਪੁਰਾਣੇ ਰੱਖ ਲਏ, ਜਿਸ ਨਾਲ ਲੱਖਾਂ ਰੁਪਏ ਦਾ ਘੱਪਲਾ ਹੋਇਆ ਹੈ । ਇਹ ਜਿਹੜਾ ਡਿਪੂਆਂ ਤੇ ਘਾਟਾ ਪੈਂਦਾ ਹੈ, ਇਹ ਇਸ ਕਰਕੇ ਪੈਂਦਾ ਹੈ ਕਿ ਘੱਟ ਕੀਮਤ ਵਾਲੀ ਚੀਜ਼ ਲਿਆ ਕੇ ਵੱਧ ਪੈਸੇ ਦਿੱਤੇ ਜਾਦੇ ਹਨ । ਇਸ ਗੱਲ ਦੀ ਇਨਕੁਆਇਰੀ ਕੀਤੀ ਜਾਵੇ ।

ਸ੍ਰੀ ਸੇਵਾ ਰਾਮ . ਡਿਪਟੀ ਸਪੀਕਰ ਸਾਹਿਬ, ਪੱਛਮੀ ਬੰਗਾਲ ਵਿਚ ਮਾਰਕਸਿਸਟ ਪਾਰਟੀ ਦੀ ਸਰਕਾਰ ਹੈ ਉਥੇ ਰੀਸੈਂਟਲੀ ਕਿਰਾਏ ਵਧੇ ਹਨ, ਉਥੇ ਕਾਂਗਰਸ ਪਾਰਟੀ ਨੇ ਐਜੀਟੇਸ਼ਨ ਕੀਤੀ । ਪਰ ਉਹ ਕਹਿੰਦੇ ਹਨ ਕਿ ਇਹ ਕਿਰਾਏ ਜਾਇਜ਼ ਹਨ ਅਤੇ ਸਟੇਟ ਦੀ ਬਿਹਤਰੀ ਲਈ ਹਨ । ਫਿਰ ਇਹ ਇਥੇ ਵਧੇ ਹੋਏ ਕਿਰਾਏ ਬਾਰੇ ਕਿਉਂ ਐਜੀਟੇਟਿਡ ਹਨ ?

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਉਹ ਆਪ ਮੰਨਦੇ ਹਨ ਕਿ ਸਾਡੀ ਪਾਰਟੀ ਨੇ ਮੁਖ਼ਾਲਫਤ ਕੀਤੀ ਹੈ ਕਿਰਾਏ ਵਧਾਉਣ ਦੇ ਸਬੰਧ ਵਿਚ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਤਸਲੀਮ ਕੀਤਾ ਹੈ ਕਿ ਕਿਰਾਏ ਗਲਤ ਵੱਧੇ ਹਨ । (ਵਿਘਨ)

Mr. Deputy Speaker : Question is—

That the Punjab Motor Vehicles Taxation (Amendment) Bill be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

SUB-CLAUSE (2) OF CLAUSE 1

Mr. Deputy Speaker : Question is—

That Sub-clause (2) of Clause 1 stand part of the Bill.

The motion was carried.

CLAUSE 2

Mr. Deputy Speaker : Question is—

That Clause 2 stand part of the Bill.

The motion was carried.

CLAUSE 3

Mr. Deputy Speaker : Question is—

That Clause 3 stand part of the Bill.

The motion was carried.

SUB-CLAUSE (1) OF CLAUSE 1

Mr. Deputy Speaker : Question is—

That Sub-clause (1) of Clause 1 stand part of the Bill.

The motion was carried.

TITLE

Mr. Deputy Speaker : Question is—

That title be the title of the Bill.

The motion was carried.

Finance Minister (Doctor Kewal Krishan) : Sir, I beg to move—

That the Punjab Motor Vehicles Taxation (Amendment) Bill be passed.

Mr. Deputy Speaker : Motion moved—

That the Punjab Motor Vehicles Taxation (Amendment) Bill be passed.

Mr. Deputy Speaker : Question is—

That the Punjab Motor Vehicles Taxation (Amendment) Bill be passed.

The motion was carried.

THE PUNJAB CO-OPERATIVE SOCIETIES (AMENDMENT) BILL, 1981

Revenue Minister (Sardar Beant Singh): Sir, I beg to introduce the Punjab Co-operative Societies (Amendment) Bill.

Sir, I also beg to move—

That the Punjab Co-operative Societies (Amendment) Bill be taken into consideration at once.

Mr. Deputy Speaker : Motion moved—

That the Punjab Co-operative Societies (Amendment) Bill be taken into consideration at once.

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੰਗਰੂਰ): ਡਿਪਟੀ ਸਪੀਕਰ ਸਾਹਿਬ, ਜੋ ਇਹ ਪੰਜਾਬ ਕੁਆਪਰੇਟਿਵ ਸੁਸਾਇਟੀਜ਼ ਐਕਟ ਵਿਚ ਅਮੈਂਡਮੈਂਟ ਕਰਨ ਲਈ ਬਿਲ ਵਜ਼ੀਰ ਸਾਹਿਬ ਨੇ ਹਾਊਸ ਦੇ ਸਾਹਮਣੇ ਪੇਸ਼ ਕੀਤਾ ਹੈ, ਇਸ ਦੇ ਮੈਂ ਪਿਛੋਕੜ ਵਿਚ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ। ਇਹ ਕੁਆਪਰੇਟਿਵ ਮੂਵਮੈਂਟ ਡੈਮੋਕਰੇਟਿਕ ਢੰਗ ਨਾਲ ਚਲਾਈ ਗਈ ਸੀ। ਇਹ ਗਰੀਬ ਲੋਕਾਂ ਦੇ ਭਲੇ ਲਈ ਚਲਾਈ ਗਈ ਸੀ ਤਾਂ ਕਿ ਛੋਟਾ ਕਿਸਾਨ, ਛੋਟਾ ਮਜ਼ਦੂਰ ਅਤੇ ਛੋਟਾ ਆਦਮੀ ਕੁਆਪਰੇਟਿਵ ਸੁਸਾਇਟੀ ਦਾ ਮੈਂਬਰ ਬਣ ਕੇ ਕਰਜ਼ਾ ਲੈ ਸਕੇ ਅਤੇ ਆਪਣਾ ਕੰਮ ਧੰਧਾ ਚਲਾ ਸਕੇ। ਲੇਕਿਨ ਹੋਇਆ ਇਸ ਦੇ ਉਲਟ। ਇਹ ਅਜ ਨਹੀਂ, ਅੱਜ ਤੋਂ 15, 20 ਸਾਲ ਪਹਿਲਾਂ ਤੋਂ ਹੁੰਦਾ ਚਲਿਆ ਆ ਰਿਹਾ ਹੈ। ਕੁਝ ਬੰਦੇ ਪਿੰਡਾਂ ਦੀਆਂ ਕੁਆਪਰੇਟਿਵ ਸੁਸਾਇਟੀਆਂ ਤੇ ਕਾਬਜ਼ ਹੋ ਗਏ ਅਤੇ ਕੁਆਪਰੇਟਿਵ ਮਹਿਕਮੇ ਦੇ ਸਬ-ਇਨਸਪੈਕਟਰ, ਇਨਸਪੈਕਟਰ ਅਤੇ ਏ. ਆਰਜ਼. ਨਾਲ ਮਿਲ ਮਿਲਾ ਕੇ ਪੈਸੇ ਆਪਣੀਆਂ ਜੇਬਾਂ ਵਿਚ ਪਾਉਂਦੇ ਰਹੇ ਅਤੇ ਗਰੀਬ ਆਦਮੀ ਨੂੰ ਇਸ ਦਾ ਕੋਈ ਫਾਇਦਾ ਨਾ ਹੋਇਆ। ਭਾਵੇਂ ਇਥੇ ਕੋਈ ਵੀ ਸਰਕਾਰ ਆਉਂਦੀ ਰਹੀ, ਉਹ ਇਸ ਐਕਟ ਵਿਚ ਤਰਮੀਮਾਂ ਤਾਂ ਲਿਆਉਂਦੀ ਰਹੀ, ਪਰ ਉਹ ਅਲੈਕਟਿਡ ਬੰਦਿਆਂ ਕੋਲੋਂ ਪਾਵਰਾਂ ਖੋਹ ਕੇ ਅਫਸਰਾਂ ਨੂੰ ਦਿੰਦੀ ਰਹੀ। ਬਹਾਨਾ ਇਹ ਲਾਇਆ ਕਿ ਇਸ ਦੀ ਰਿਕਵਰੀ ਨਹੀਂ ਹੁੰਦੀ। ਲੇਕਿਨ ਇਹ ਮੂਵਮੈਂਟ ਕਮਜ਼ੋਰ ਹੁੰਦੀ ਗਈ। ਸਬ-ਇਨਸਪੈਕਟਰ, ਇਨਸਪੈਕਟਰ ਅਤੇ ਏ. ਆਰਜ਼. ਮਿਲ ਕੇ ਗਬਨ ਕਰਦੇ ਰਹਿਣ, ਇਸ ਲਈ ਉਨ੍ਹਾਂ ਦੇ ਹੱਥਾਂ ਵਿਚ ਪੱਕਾ ਕੰਟਰੋਲ ਦਿੰਦੇ ਰਹੇ। ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਵੇਲੇ ਅਲੈਕਟਿਡ ਬੰਦਿਆਂ ਤੋਂ ਪਾਵਰਾਂ ਖੋਹ ਕੇ ਅਫਸਰਾਂ ਨੂੰ ਦੇ ਦਿੱਤੀਆਂ ਗਈਆਂ। ਉਸ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਆਈ। ਮੈਂ ਉਸ ਵੇਲੇ ਸੰਗਰੂਰ ਦੇ ਸੈਂਟਰਲ ਕੁਆਪਰੇਟਿਵ ਬੈਂਕ ਦਾ ਐਮ. ਡੀ. ਸੀ। ਇਥੇ ਕੁਆਪਰੇਟਿਵ ਬੈਂਕਾਂ ਦੇ ਹੈਡਜ਼ ਦੀ ਕਾਨਫਰੰਸ ਹੋਈ। ਗਿਆਨੀ ਜੀ ਨੇ ਉਦੋਂ ਇਹ ਗਲ ਕਹੀ ਕਿ ਜਿਹੜੀਆਂ ਪਹਿਲਾਂ ਅਮੈਂਡਮੈਂਟਾਂ ਹੋਈਆਂ ਹਨ, ਉਹ ਠੀਕ ਨਹੀਂ ਹੋਈਆਂ। ਉਹ ਦੁਬਾਰਾ ਅਲੈਕਟਿਡ ਬੰਦਿਆਂ ਨੂੰ ਪਾਵਰਾਂ ਦਿਵਾਉਣਗੇ। ਪਰ ਹੋਇਆ ਕੁਝ ਨਹੀਂ।

ਪਾਵਰਾਂ ਤਾਂ ਅਲੈਕਟਿਡ ਬੰਦਿਆਂ ਨੂੰ ਕੀ ਦੇਣੀਆਂ ਸਨ ਉਲਟਾ ਉਨ੍ਹਾਂ ਤੋਂ ਹੋਰ ਪਾਵਰਜ਼ ਲੈਣੀਆਂ ਸ਼ੁਰੂ ਹੋ ਗਈਆਂ । ਉਸ ਤੋਂ ਬਾਅਦ ਸਾਡੀ ਸਰਕਾਰ ਆਈ। ਅਸੀਂ ਵੀ ਇਹੋ ਜਿਹੀ ਗਲ ਕੀਤੀ । ਚਾਹੀਦਾ ਤਾਂ ਇਹ ਸੀ ਕਿ ਜਿਹੜੇ ਵੱਡੇ ਬੰਦੇ ਹਨ, ਜਿਨ੍ਹਾਂ ਨੇ ਲੱਖਾਂ ਰੁਪਿਆਂ ਦਾ ਗਬਨ ਕੀਤਾ ਹੈ, ਉਨ੍ਹਾਂ ਨੂੰ ਫੜ ਕੇ ਜੇਲ੍ਹਾਂ ਵਿਚ ਦਿੱਤਾ ਜਾਵੇ ਅਤੇ ਉਨ੍ਹਾਂ ਤੋਂ ਪੈਸਾ ਉਗਰਾਹਿਆ ਜਾਵੇ । ਪਰ ਹੋਇਆ ਕੀ? ਜਿਹੜੇ ਛੋਟੇ ਬੰਦੇ ਸਨ, ਜਿਨ੍ਹਾਂ ਨੇ ਦੋ ਸੌ, ਤਿੰਨ ਸੌ ਰੁਪਏ ਦੇਣੇ ਸਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਦੇ ਦਿੱਤਾ ਗਿਆ ਅਤੇ ਵੱਡੇ ਆਦਮੀਆਂ ਨੂੰ ਕਿਸੇ ਨੇ ਹੱਥ ਨਹੀਂ ਪਾਇਆ । ਅੱਜ ਫਿਰ ਉਸੀ ਆੜ ਵਿਚ ਅਲੈਕਟਿਡ ਆਦਮੀਆਂ ਤੋਂ ਪਾਵਰਾਂ ਲਈਆਂ ਜਾ ਰਹੀਆਂ ਹਨ । ਹੁਣ ਇਹ ਕੀਤਾ ਜਾ ਰਿਹਾ ਹੈ ਕਿ ਜੇ ਕਿਸੇ ਬੈਂਕ ਦੀ ਮੈਨੇਜਿੰਗ ਕਮੇਟੀ ਤੋੜ ਦਿੱਤੀ ਜਾਵੇ ਤਾਂ ਅਦਾਲਤ ਵਿਚ ਵੀ ਉਹ ਨਾ ਜਾ ਸਕਣ । ਅੱਜ ਡੀ. ਆਰ. ਤੋਂ ਲੈ ਕੇ ਥੱਲੇ ਤੱਕ ਜਿਹੜੇ ਕੁਆਪਰੇਟਿਵ ਦੇ ਮਹਿਕਮੇ ਦੇ ਅਫ਼ਸਰ ਹਨ, ਉਨ੍ਹਾਂ ਦਾ ਬੁਰਾ ਹਾਲ ਹੈ । ਸ਼ਾਇਦ ਹੀ ਕਿਸੇ ਹੋਰ ਮਹਿਕਮੇ ਵਿਚ ਅਜਿਹੀ ਹਾਲਤ ਹੋਵੇ ! ਜਿਹੜੀਆਂ ਪਾਵਰਜ਼ ਅਫ਼ਸਰਾਂ ਨੂੰ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਦਾ ਉਹ ਮਿਸਯੂਜ਼ ਕਰਦੇ ਹਨ । ਅੱਜ ਸਾਰੀਆਂ ਪਾਵਰਾਂ ਡਿਪਾਰਟਮੈਂਟ ਨੂੰ ਦਿੱਤੀਆਂ ਜਾ ਰਹੀਆਂ ਹਨ । ਕੁਆਪਰੇਟਿਵ ਦਾ ਮਕਸਦ ਇਕੱਲਾ ਇਹ ਹੀ ਨਹੀਂ ਕਿ ਬੈਂਕਾਂ ਨੇ ਪੈਸਾ ਕਮਾਉਣਾ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਇਕ ਸਕੀਮ ਬਣਾਈ ਸੀ ਕਿ ਫੋਕਲ ਪੁਆਇੰਟਾਂ ਤੇ ਪਿੰਡਾਂ ਵਿਚ ਬੈਂਕਾਂ ਦੀਆਂ ਬ੍ਰਾਂਚਾਂ ਖੋਲ੍ਹੀਆਂ ਜਾਣਗੀਆਂ । ਉਸ ਸਕੀਮ ਨੂੰ ਬੰਦ ਕੀਤਾ ਜਾ ਰਿਹਾ ਹੈ ਅਤੇ ਇਸ ਬਿਨਾ ਤੇ ਬੰਦ ਕੀਤਾ ਰਿਹਾ ਹੈ ਕਿ ਉਥੇ ਡਿਪਾਜ਼ਿਟਸ ਪੂਰੇ ਨਹੀਂ ਆ ਰਹੇ । ਅਜਿਹੇ ਪਿੰਡ ਬਹੁਤ ਘੱਟ ਹੋਣਗੇ । ਇਨ੍ਹਾਂ ਬ੍ਰਾਂਚਾਂ ਦਾ ਉਥੇ ਖੋਲ੍ਹਣ ਦਾ ਮਕਸਦ ਇਹ ਸੀ ਕਿ ਗ਼ਰੀਬ ਆਦਮੀਆਂ ਨੂੰ, ਗ਼ਰੀਬ ਕਿਸਾਨਾਂ ਨੂੰ ਸਹੂਲਤ ਦਿੱਤੀ ਜਾਵੇ । ਪਰ ਹੁਣ ਉਥੇ ਇਹ ਬ੍ਰਾਂਚਾਂ ਬੈਂਕਾਂ ਦੀਆਂ ਨਾ ਖੋਲ੍ਹ ਕੇ ਉਨ੍ਹਾਂ ਨੂੰ ਇਸ ਸਹੂਲਤ ਤੋਂ ਵਾਂਝਿਆਂ ਰਖਿਆ ਜਾ ਰਿਹਾ ਹੈ । ਮੈਂ ਅਪੀਲ ਕਰਾਂਗਾ ਕਿ ਇਸ ਨੂੰ ਦੁਬਾਰਾ ਕੰਸਿਡਰ ਕਰਨ। ਕੋਈ ਵੀ ਬੈਂਕਾਂ ਦੀ ਬ੍ਰਾਂਚ ਬੰਦ ਨਹੀਂ ਹੋਣੀ ਚਾਹੀਦੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਉਥੇ ਕਿਹੜੀਆਂ ਕਿਹੜੀਆਂ ਸਹੂਲਤਾਂ ਮਿਲ ਰਹੀਆਂ ਹਨ । ਜੇ ਕਿਸੇ ਬੈਂਕ ਦੀ ਬ੍ਰਾਂਚ ਵਿਚ ਡਿਪਾਜ਼ਿਟ ਘੱਟ ਮਿਲ ਰਹੇ ਹਨ ਤਾਂ ਇਸ ਦਾ ਮੁੱਦਾ ਇਹ ਨਹੀਂ ਕਿ ਉਹ ਬ੍ਰਾਂਚ ਹੀ ਬੰਦ ਕਰ ਦਿੱਤੀ ਜਾਵੇ ।

ਡਿਪਟੀ ਸਪੀਕਰ ਸਾਹਿਬ, ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਅਮੈਂਡਮੈਂਟ ਬਿਲ ਰਾਹੀਂ ਬਹੁਤ ਵੱਡੀ ਪਾਵਰ ਸਰਕਾਰੀ ਅਫ਼ਸਰਾਂ ਨੂੰ ਦਿੱਤੀ ਜਾ ਰਹੀ ਹੈ । ਇਸ ਪਾਵਰ ਦਾ ਮਿਸਯੂਜ਼ ਹੋਣਾ ਹੈ । ਇਨ੍ਹਾਂ ਸੁਸਾਇਟੀਆਂ ਵਿਚ ਚੁਣੇ ਹੋਏ ਬੰਦਿਆਂ ਨੂੰ ਲਾਉਣ ਦਾ ਮਕਸਦ ਇਹ ਸੀ ਕਿ ਉਨ੍ਹਾਂ ਨੂੰ ਲੋਕਾਂ ਦੀਆਂ ਤਕਲੀਫ਼ਾਂ ਦਾ ਪਤਾ ਹੁੰਦਾ ਹੈ । ਠੀਕ ਹੈ ਕੁਝ ਗੰਦਾ ਅਨਸਰ ਵੀ ਆਇਆ ਹੈ । ਉਸ ਨੂੰ ਜ਼ਰੂਰ ਇਨ੍ਹਾਂ ਸੁਸਾਇਟੀਆਂ ਵਿਚੋਂ ਕੱਢਣਾ ਚਾਹੀਦਾ ਹੈ । ਇਸ ਗਲ ਦੀ ਇਹ ਸਾਰਾ ਹਾਊਸ ਪ੍ਰੋੜ੍ਹਤਾ ਕਰੇਗਾ । ਲੇਕਿਨ ਮੈਨੂੰ ਪਤਾ ਹੈ ਕਿ ਇਨ੍ਹਾਂ ਤੋਂ ਵੀ ਉਨ੍ਹਾਂ ਬੰਦਿਆਂ ਤੇ ਹੱਥ ਨਹੀਂ ਪੈਣਾ । ਉਹ ਬੜੇ ਇਨਫਲੂਐਂਸ਼ਲ ਬੰਦੇ ਹਨ, ਪੁਲੀਟੀਕਲ ਬੰਦੇ ਹਨ । ਇਹ ਸਾਰੇ ਵੱਧ ਤੋਂ ਵੱਧ ਸੈਂਕੜਿਆਂ ਦੀ ਤਾਦਾਦ ਵਿਚ ਹੀ ਹੋਣਗੇ । ਇਹੀ ਬੰਦੇ ਇਸ ਮੂਵਮੈਂਟ ਦਾ ਭੱਠਾ ਬਿਠਾ ਰਹੇ ਹਨ । ਅਗਰ ਇਹ ਕੁਆਪਰੇਟਿਵ ਮੂਵਮੈਂਟ ਨੂੰ ਦਿਲੋਂ ਠੀਕ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਲੋਕਾਂ ਨੂੰ ਹੱਥ ਪਾਉਣ ਜਿਨ੍ਹਾਂ ਨੇ 10, 10 ਲੱਖ ਰੁਪਿਆ ਆਪਣੀ ਫੈਮਿਲੀ ਦੇ ਬੰਦਿਆਂ ਦੇ ਨਾਂ ਤੇ ਲਿਆ ਹੋਇਆ ਹੈ ਅਤੇ

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਉਹ ਪੈਸਾ ਅਜੇ ਤਕ ਵਾਪਸ ਨਹੀਂ ਕੀਤਾ । ਮੈਂ ਇਹ ਪੁਰਜ਼ੋਰ ਅਪੀਲ ਕਰਾਂਗਾ ਕਿ ਇਸ ਬਿਲ ਨੂੰ ਇਸ ਢੰਗ ਨਾਲ ਹਫੜਾ ਦਫੜੀ ਵਿੱਚ ਪਾਸ ਨਹੀਂ ਕਰਾਉਣਾ ਚਾਹੀਦਾ । ਇਸ ਨੂੰ ਸਿਲਕਟ ਕਮੇਟੀ ਨੂੰ ਦੇ ਦੇਣ । ਇਸ ਤੇ ਵਿਚਾਰ ਕਰ ਲੈਣ। ਇਹ ਬਹੁਤ ਇੰਮਪਾਰਟੈਂਟ ਬਿਲ ਹੈ । ਸਰਕਾਰ ਨੂੰ ਫਾਲਸ ਪ੍ਰੈਸਟਿਜ ਵਿਚ ਨਹੀਂ ਪੈਣਾ ਚਾਹੀਦਾ । ਇਹ ਗ਼ਰੀਬ ਲੋਕਾਂ, ਗ਼ਰੀਬ ਕਿਸਾਨਾਂ ਨਾਲ ਸਬੰਧ ਰਖਣ ਵਾਲਾ ਬਿਲ ਹੈ । ਇਸ ਲਈ ਇਹ ਬਿਲ ਹਫੜਾ ਦਫੜੀ ਵਿਚ ਪਾਸ ਨਾ ਕਰਕੇ ਸਿਲੈਕਟ ਕਮੇਟੀ ਨੂੰ ਦੇਣਾ ਚਾਹੀਦਾ ਹੈ ਅਤੇ ਉਸ ਸਿਲੈਕਟ ਕਮੇਟੀ ਨੂੰ ਇਹ ਡਾਇਰੈਕਸ਼ਨ ਦਿੱਤੀ ਜਾਵੇ ਕਿ ਇਤਨੇ ਦਿਨਾਂ ਦੇ ਅੰਦਰ ਅੰਦਰ ਉਹ ਰਿਪੋਰਟ ਦੇਵੇ । ਫਿਰ ਉਸ ਤੋਂ ਬਾਅਦ ਇਹ ਬਿਲ ਪਾਸ ਕਰਾਉਣਾ ਚਾਹੀਦਾ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਬਿਲ ਪਾਸ ਨਾ ਕੀਤਾ ਜਾਵੇ ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ. ਸੀ.): ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਹੱਕ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ । ਮੈਂ ਤੁਹਾਡੀ ਮਾਰਫਤ ਦੋ ਤਿੰਨ ਗੱਲਾਂ ਕੁਆਪਰੇਟਿਵ ਮੂਵਮੈਂਟ ਦੇ ਬਾਰੇ ਕਰਨੀਆਂ ਚਾਹੁੰਦਾ ਹਾਂ । ਮੇਰੀ ਪਹਿਲੀ ਬੇਨਤੀ ਤਾਂ ਇਹ ਹੈ ਕਿ ਸਾਡੀ ਪੰਜਾਬ ਸਰਕਾਰ ਨੇ ਜ਼ਿਮੀਂਦਾਰਾਂ ਨੂੰ ਕਰਜ਼ਾ ਦੇਣ ਦੀ ਲਿਮਿਟ 9,000 ਰੁਪਏ ਤੋਂ ਵਧਾ ਕੇ 12,000 ਰੁਪਏ ਤਕ ਕੀਤੀ ਹੈ, ਤਾਕਿ ਗ਼ਰੀਬ ਕਿਸਾਨ ਅਤੇ ਮਜ਼ਦੂਰ ਨੂੰ ਪੂਰੀ ਸਹੂਲਤ ਮਿਲ ਸਕੇ ਅਤੇ ਐਗਰੀਕਲਚਰਲ ਪ੍ਰੋਡਕਸ਼ਨ ਵਧਾਉਣ ਲਈ ਜਿਨ੍ਹਾਂ ਚੀਜ਼ਾਂ ਦੀ ਉਸ ਨੂੰ ਲੋੜ ਹੈ, ਉਹ ਇਸ ਪੈਸੇ ਨਾਲ ਲੈ ਕੇ ਇਸਤੇਮਾਲ ਕਰ ਸਕੇ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰੀਜਨਾਂ ਨੂੰ ਕਰਜ਼ਾ ਦੇਣ ਦੀ ਜਿਹੜੀ ਸਿਰਫ 1,000 ਰੁਪਏ ਦੀ ਲਿਮਿਟ ਹੈ ਅਤੇ ਉਸ ਦੇ ਵਿਚੋਂ ਵੀ 500 ਰੁਪਏ ਨਕਦ ਮਿਲਦੇ ਹਨ ਅਤੇ 500 ਰੁਪਏ ਦੇ ਕੂਪਨ ਮਿਲਦੇ ਹਨ ਤਾਂ ਕਿ ਉਹ ਕੁਆਪਰੇਟਿਵ ਦੀ ਦੁਕਾਨ ਤੋਂ ਸੌਦਾ ਲੈ ਸਕੇ । ਪਰ ਮੁਸ਼ਕਲ ਇਹ ਹੈ ਕਿ ਕੁਆਪਰੇਟਿਵ ਦੀ ਦੁਕਾਨ ਤੇ ਸੌਦਾ ਮਿਲਦਾ ਹੀ ਨਹੀਂ । ਮੈਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ 1,000 ਤੋਂ ਵਧਾ ਕੇ ਕਮ-ਅਜ਼-ਕਮ ਇਸਦੀ ਲਿਮਿਟ 3,000 ਰੁਪਏ ਕਰਨੀ ਚਾਹੀਦੀ ਹੈ । ਜੇ ਗ਼ਰੀਬ ਹਰੀਜਨ ਪੋਲਟਰੀ ਫ਼ਾਰਮ ਲਾਉਣਾ ਚਾਹੇ ਜਾਂ ਕੋਈ ਹੋਰ ਕੰਮ ਕਰਨਾ ਚਾਹੇ ਤਾਂ ਉਸਨੂੰ ਇਤਨੇ ਪੈਸੇ ਮਿਲ ਜਾਣ ਤਾਂ ਕਿ ਉਹ ਆਪਣਾ ਕੰਮ ਧੰਧਾ ਸ਼ੁਰੂ ਕਰ ਸਕਣ

ਇਸ ਤਰ੍ਹਾਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਾਡੀ ਪਿਛਲੀ ਕਾਂਗਰਸ ਸਰਕਾਰ ਸੀ ਤਾਂ ਉਸ ਨੇ ਹਰੀਜਨਾਂ ਨੂੰ ਬਹੁਤ ਸਾਰੇ ਪਲਾਟ ਦਿੱਤੇ ਸਨ ਔਰ ਇਹ ਫੈਸਲਾ ਕੀਤਾ ਸੀ ਕਿ ਉਨ੍ਹਾਂ ਪਲਾਟਾਂ ਤੇ ਮਕਾਨ ਬਣਾਉਣ ਲਈ ਪੈਸੇ ਦੇਣੇ ਹਨ, ਕੋਆਪ੍ਰੇਟਿਵ ਸੁਸਾਇਟੀਆਂ ਬਣਾ ਕੇ ਉਨ੍ਹਾਂ ਗਰੀਬਾਂ ਨੂੰ ਮਕਾਨ ਬਣਾਉਣ ਵਾਸਤੇ ਪੈਸੇ ਦੇਣੇ ਹਨ । ਉਸ ਵੇਲੇ ਸੁਸਾਇਟੀਆਂ ਵੀ ਬਣੀਆਂ ਸਨ ਲੇਕਿਨ ਉਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ ਆਈ ਔਰ ਜੋ ਪੈਸਾ ਪਹਿਲੀ ਕਾਂਗਰਸ ਸਰਕਾਰ ਨੇ ਰੱਖਿਆ ਸੀ, ਉਹ ਵੀ ਖਤਮ ਕਰ ਦਿੱਤਾ । ਪਿੰਡਾਂ ਵਿਚ ਕੋਆਪ੍ਰੇਟਿਵ ਸੁਸਾਇਟੀਆਂ ਬਣੀਆਂ ਪਈਆਂ ਹਨ, ਲੋਕਾਂ ਨੇ 50/50 ਰੁਪਏ ਹਿੱਸਾ ਪਾਇਆ ਹੋਇਆ ਹੈ । (ਘੰਟੀ) ਇਸ ਲਈ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਸੁਸਾਇਟੀਆਂ ਨੂੰ ਦੇਣ ਵਾਸਤੇ ਵੀ ਪੈਸਾ ਰਖਿਆ ਜਾਵੇ ਤਾਕਿ ਹਰੀਜਨ ਗਰੀਬਾਂ ਦਾ ਫ਼ਾਇਦਾ ਹੋ ਸਕੇ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਬੇਨਤੀ ਹੈ ਕਿ ਪਹਿਲਾਂ ਹਰੀਜਨ ਕ੍ਰੈਡਿਟ ਥਰਿਫਟ ਸੁਸਾਇਟੀਆਂ ਵਖਰੀਆਂ ਵੱਖਰੀਆਂ ਸਨ, ਲੇਕਿਨ ਅਕਾਲੀ ਸਰਕਾਰ ਦੀ ਮਿਹਰਬਾਨੀ ਨਾਲ ਪੰਜ-ਪੰਜ, ਛੇ-ਛੇ, ਪਿੰਡਾਂ ਦੀ ਇਕ ਇਕ ਸੁਸਾਇਟੀ ਬਣਾ ਦਿੱਤੀ ਗਈ ਸੀ, ਜਿਸ ਨਾਲ ਕਿ ਪਾਵਰ ਸੈਂਟਰੇਲਾਈਜ਼ਡ ਕਰ ਦਿੱਤੀ ਗਈ ਹੈ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦਾ ਇਹ ਇਰਾਦਾ ਹੈ ਕਿ ਉਹ ਹਰ ਇਕ ਪਿੰਡ ਨੂੰ ਕੋਆਪ੍ਰੇਟਿਵ ਸੁਸਾਇਟੀ ਰਾਹੀਂ ਸਹੂਲਤਾਂ ਪਹੁੰਚਾਉਣ ਪਰ ਅਕਾਲੀ ਸਰਕਾਰ ਨੇ ਇਸ ਵਿਚ ਰੁਕਾਵਟ ਪੈਦਾ ਕੀਤੀ ਹੋਈ ਹੈ ਔਰ ਜਿਹੜੇ ਵੱਡੇ ਵੱਡੇ ਜਾਗੀਰਦਾਰ ਹਨ, ਸਰਮਾਏਦਾਰ ਹਨ, ਉਹ ਹੀ ਉਨ੍ਹਾਂ ਸੁਸਾਇਟੀਆਂ ਦਾ ਫਾਇਦਾ ਉਠਾ ਰਹੇ ਹਨ। ਜਿਹੜਾ ਗ਼ਰੀਬ ਕਿਸਾਨ ਹੈ, ਜਿਹੜਾ ਹਰੀਜਨ ਹੈ, ਵੀਕਰ ਸੈਕਸ਼ਨ ਹੈ, ਜਿਸ ਨੂੰ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਉਪਰ ਉਠਾਉਣਾ ਚਾਹੁੰਦੀ ਹੈ, ਉਸ ਦੇ ਰਸਤੇ ਵਿਚ ਇਹ ਰੁਕਾਵਟ ਪਾ ਦਿੱਤੀ ਗਈ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਰੁਕਾਵਟ ਦੂਰ ਕਰਕੇ ਸੁਸਾਇਟੀਆਂ ਨੂੰ ਮੁੜ ਕੇ ਤੋੜ ਕੇ ਇਕੱਲੇ ਇਕੱਲੇ ਪਿੰਡ ਵਿਚ ਸੁਸਾਇ-ਟੀਆਂ ਬਣਾ ਦਿਤੀਆਂ ਜਾਣ। ਇਸ ਦੇ ਨਾਲ ਜੋ ਸਰਕਾਰ ਚਾਹੁੰਦੀ ਹੈ ਕਿ ਪਿੰਡ ਪਿੰਡ ਵਿਚ ਕੋਆਪ੍ਰੇਟਿਵ ਸਹੂਲਤਾਂ ਦਿੱਤੀਆਂ ਜਾਣ, ਉਹ ਸਹੂਲਤਾਂ ਮਿਲ ਸਕਣਗੀਆਂ। ਇਸ ਨਾਲ ਪਿੰਡਾਂ ਦੇ ਗ਼ਰੀਬ ਕਿਸਾਨਾਂ ਨੂੰ, ਹਰੀਜਨਾਂ ਨੂੰ ਫਾਇਦਾ ਹੋਵੇਗਾ।

ਸ੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਨੇ ਜਿਹੜੀਆਂ ਸੁਸਾਇਟੀਆ ਬਣਾਈਆਂ ਸਨ, ਜਿਹੜੀਆਂ ਉਨ੍ਹਾਂ ਦੀਆਂ ਮੈਨੇਜਿੰਗ ਕਮੇਟੀਆਂ ਬਣਾਈਆਂ ਸਨ, ਉਨ੍ਹਾਂ ਵਿਚ ਜਿਹੜੇ ਆਦਮੀ ਕਾਂਗਰਸ ਪਾਰਟੀ ਨਾਲ ਸਬੰਧ ਰੱਖਣ ਵਾਲੇ ਸਨ, ਉਹ ਕੱਢ ਦਿਤੇ ਸਨ। ਇਸ ਲਈ ਮੇਰੀ ਬੇਨਤੀ ਹੈ ਕਿ ਉਹ ਆਦਮੀ ਮੁੜਕੇ ਮੈਨੇਜਿੰਗ ਕਮੇਟੀਆਂ ਵਿਚ ਲਏ ਜਾਣ। ਇਤਨਾਂ ਕਹਿੰਦਾ ਹੋਇਆ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਬਿਲ ਪਾਸ ਕੀਤਾ ਜਾਣਾ ਚਾਹੀਦਾ ਹੈ।

ਕਾਮਰੇਡ ਬੂਟਾ ਸਿੰਘ (ਮਾਨਸਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਇਹ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 1978 ਤੇ ਆਧਾਰਤ ਹੈ। ਗੱਲ ਇਹ ਹੈ ਕਿ ਹਾਲਾਤ ਕਾਫੀ ਬਦਲ ਚੁੱਕੇ ਹਨ ਔਰ ਇਹ ਬਿੱਲ ਸਾਡੀ ਜ਼ਿੰਦਗੀ ਦੀਆਂ ਠੋਸ ਲੋੜਾਂ ਜੋ ਹਨ, ਉਨ੍ਹਾਂ ਨੂੰ ਪੂਰਾ ਤਾਂ ਕੀ ਕਰਨਾ ਹੈ, ਸਗੋਂ ਉਨ੍ਹਾਂ ਲੋੜਾਂ ਦੇ ਉਲਟ ਪੇਸ਼ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਇਸ ਕੋਆਪ੍ਰੇਟਿਵ ਲਹਿਰ ਦੀ ਸਮਾਜ ਵਿਚ ਕਿਤਨੀ ਕੁ ਅਹਿਮੀਅਤ ਹੈ ਔਰ ਉਸ ਅਹਿਮੀਅਤ ਨੂੰ ਸਾਹਮਣੇ ਰੱਖਦੇ ਹੋਏ ਇਹੋ ਜਿਹਾ ਬਿੱਲ ਲਿਆਂਦਾ ਗਿਆ ਹੈ, ਜਿਹੜਾ ਕਿ ਮੈਂ ਸਮੱਝਦਾ ਹਾਂ ਕਿ ਕੋਆਪ੍ਰੇਟਿਵ ਲਹਿਰ ਨੂੰ ਤੋੜ ਦੇਵੇਗਾ ਔਰ ਇਸ ਲਹਿਰ ਨੂੰ ਜੜ੍ਹਾਂ ਤੋਂ ਉਖਾੜ ਦੇਵੇਗਾ। ਅਫ਼ਸਰਾਂ ਪਾਸ ਤਾਂ ਅੱਗੇ ਹੀ ਕਾਫੀ ਅਧਿਕਾਰ ਸਨ। ਇਸ ਤੋਂ ਇਲਾਵਾ ਕਿਵੇਂ ਉਹ ਉਨ੍ਹਾਂ ਅਧਿਕਾਰਾਂ ਦਾ ਇਸਤੇਮਾਲ ਕਰਦੇ ਹਨ, ਬੈਂਕਾਂ ਵਿਚ ਕਿਵੇਂ ਕਰਦੇ ਹਨ, ਸ਼ੂਗਰ ਮਿੱਲਾਂ ਵਿਚ ਕਿਵੇਂ ਕਰਦੇ ਹਨ, ਇਸ ਬਾਰੇ ਤੁਹਾਨੂੰ ਵੀ ਵਾਕਫੀਅਤ ਹੈ। ਇਸ ਨਾਲ ਪਹਿਲਾਂ ਹੀ ਕਿਸਾਨਾਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆਈਆਂ ਹਨ। ਇਸ ਤਰ੍ਹਾਂ ਦੇ ਬਿਲ ਨੂੰ ਪਾਸ ਕਰਕੇ ਮੈਂ ਸਮੱਝਦਾ ਹਾਂ ਕਿ ਅਸੀਂ ਕੋਆਪ੍ਰੇਟਿਵ ਲਹਿਰ ਦੀ ਸੇਵਾ ਨਹੀਂ ਕਰਾਂਗੇ ਬਲਕਿ ਇਸ ਨੂੰ ਅੱਗੇ ਵੱਧਣ ਤੋਂ ਰੋਕਾਂਗੇ। ਇਸ ਲਈ ਪਹਿਲੀ ਮੇਰੀ ਬੇਨਤੀ ਹੈ ਕਿ ਇਹ, ਜਿਸ

[ਕਾਮਰੇਡ ਬੂਟਾ ਸਿੰਘ]

ਤਰ੍ਹਾਂ ਕਿ ਢੀਂਡਸਾ ਸਾਹਿਬ ਨੇ ਕਿਹਾ ਹੈ, ਜਲਦੀ ਵਿਚ ਪਾਸ ਨਹੀਂ ਕਰਨਾ ਚਾਹੀਦਾ। ਅਗਰ ਇਹ ਇਸ ਤਰ੍ਹਾਂ ਹੀ ਜਲਦੀ ਵਿਚ ਪਾਸ ਕਰ ਦਿੱਤਾ ਗਿਆ ਤਾਂ ਇਹ ਬੜੀ ਹੀ ਖਤਰਨਾਕ ਗੱਲ ਹੋਵੇਗੀ। ਇਸ ਬਿਲ ਦੇ ਜ਼ਰੀਏ 70-ਏ (4) ਹੇਠ ਰਜਿਸਟਰਾਰ ਦਾ ਫੈਸਲਾ ਜਿਹੜਾ ਹੋਵੇਗਾ, ਉਸ ਨੂੰ ਕਿਤੇ ਵੀ ਵੰਗਾਰਿਆ ਨਹੀਂ ਜਾ ਸਕੇਗਾ। ਇਹ ਤਾਂ ਮੈਂ ਸਮਝਦਾ ਹਾਂ ਕਿ ਜੂਡੀਸ਼ੀਅਰੀ ਉਤੇ ਵੀ ਕਾਫੀ ਸੱਟ ਮਾਰਨ ਵਾਲੀ ਗੱਲ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਆਂਧਰਾ ਪ੍ਰਦੇਸ਼ ਹੈ, ਬਿਹਾਰ ਹੈ, ਤਾਮਿਲ ਨਾਡੂ ਹੈ ਜਾਂ ਮਹਾਂਰਾਸ਼ਟਰਾ ਹੈ ਇਨ੍ਹਾਂ ਸਾਰੀਆਂ ਸਟੇਟਾਂ ਦੀਆਂ ਸਰਕਾਰਾਂ ਨੇ ਜਿਸ ਤਰ੍ਹਾਂ ਕਰਜ਼ਿਆਂ ਤੇ ਕਾਫੀ ਰਿਆਇਤਾਂ ਦਿੱਤੀਆਂ ਹਨ, ਤੁਹਾਨੂੰ ਵੀ ਚਾਹੀਦਾ ਹੈ ਕਿ ਉਨ੍ਹਾਂ ਦੀ ਰੀਸ ਕਰੋ ਔਰ ਛੋਟੇ ਕਿਸਾਨ ਨੂੰ ਜਿਤਨੀ ਰਿਆਇਤ ਦਿੱਤੀ ਜਾ ਸਕਦੀ ਹੈ, ਦੇਣੀ ਚਾਹੀਦੀ ਹੈ। ਜਿਹੜੀਆਂ ਪਿੰਡਾਂ ਦੀਆਂ ਸੁਸਾਇਟੀਆਂ ਹਨ, ਉਨ੍ਹਾਂ ਵਿਚ ਜੋ ਸਰਕਾਰੀ ਕਰਜ਼ੇ ਹਨ, ਉਨ੍ਹਾਂ ਦੀ ਸਹੂਲਤ ਕਿਸਾਨਾਂ ਨੂੰ ਵਧਾਉਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ। ਬਿਲ ਦੇ ਪੈਰਾ-2 ਔਰ 3 ਹੇਠ ਰਜਿਸਟਰਾਰ ਕੋਆਪ੍ਰੇਟਿਵ ਸੋਸਾਇਟੀਜ਼ ਨੂੰ ਇਤਨੇ ਜ਼ਿਆਦਾ ਇਖਤਿਆਰ ਦੇ ਦੇਣ, ਮੈਂ ਸਮਝਦਾ ਹਾਂ ਕਿ ਇਹ ਜਮਹੂਰੀਅਤ ਢਾਂਚੇ ਦੇ ਖਿਲਾਫ ਗੱਲ ਹੈ। ਇਸ ਕਰਕੇ ਸਾਰੇ ਬਿਲ ਤੇ ਵਿਚਾਰ ਕਰਨੀ ਚਾਹੀਦੀ ਹੈ ਔਰ ਵਿਚਾਰ ਕਰਨ ਤੋਂ ਬਾਅਦ ਇਹ ਪਾਸ ਕਰਨਾ ਚਾਹੀਦਾ ਹੈ। ਇਸ ਬਿਲ ਨੂੰ ਸਰਕਾਰ ਨੂੰ ਚਾਹੀਦਾ ਹੈ ਕਿ ਵਿਚਾਰ ਕਰਨ ਵਾਸਤੇ ਸਿਲੈਕਟ ਕਮੇਟੀ ਦੇ ਹਵਾਲੇ ਕਰ ਦੇਵੇ ਔਰ ਇਸ ਤਰ੍ਹਾਂ ਜਲਦੀ ਵਿਚ ਪਾਸ ਨਾ ਕਰਵਾਵੇ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਹ ਬੜੀ ਹੀ ਖਤਰਨਾਕ ਤਰਮੀਮ ਹੈ, ਜਿਸ ਨਾਲ ਕਿ ਕੋਆਪ੍ਰੇਟਿਵ ਮੂਵਮੈਂਟ ਜਿਹੜੀ ਹੈ ਉਹ ਤਬਾਹ ਹੋ ਜਾਵੇਗੀ ਔਰ ਉਸ ਦੀ ਕੋਈ ਅਹਿਮੀਅਤ ਨਹੀਂ ਰਹੇਗੀ। ਮੈਂ ਤੁਹਾਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਸੰਨ 1933, 1934 ਔਰ 1935 ਵਿਚ ਜਦੋਂ ਕਿਸੇ ਕਿਸਾਨ ਨੇ ਕਰਜ਼ਾ ਲੈਣਾ ਹੁੰਦਾ ਸੀ ਤਾਂ ਸ਼ਾਹਕਾਰ ਪਾਸੋਂ ਲੈਣਾ ਪੈਂਦਾ ਸੀ ਔਰ ਗਰੀਬ ਲੋਕ ਸ਼ਾਹੂਕਾਰਾਂ ਦੇ ਕਰਜ਼ੇ ਹੇਠਾਂ ਦਬੇ ਹੋਏ ਸਨ, ਉਨ੍ਹਾਂ ਦੀ ਸਾਰੀ ਦੀ ਸਾਰੀ ਜਾਇਦਾਦ ਸ਼ਾਹੂਕਾਰਾਂ ਪਾਸ ਗਹਿਣੇ ਪਈ ਹੋਈ ਹੁੰਦੀ ਸੀ। ਉਨ੍ਹਾਂ ਸ਼ਾਹੂਕਾਰਾਂ ਨੇ ਪਿੰਡਾਂ ਦੇ ਲੋਕਾਂ ਨੂੰ ਬਹੁਤ ਲੁੱਟਿਆ। ਉਸ ਚੀਜ਼ ਤੋਂ ਗਰੀਬ ਲੋਕਾਂ ਨੂੰ ਬਚਾਉਣ ਵਾਸਤੇ ਲੋਕਾਂ ਨੇ ਮਿਹਨਤ ਕਰਕੇ ਇਹ ਮੂਵਮੈਂਟ ਚਲਾਈ ਸੀ। ਔਰ ਕਈਆਂ ਵਲੋਂ ਇਸ ਮੂਵਮੈਂਟ ਨੂੰ ਹੇਠਾ ਖਿੱਚਣ ਦੀ ਕਾਫੀ ਕੋਸ਼ਿਸ਼ ਕੀਤੀ ਗਈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਦੀ ਤਰਮੀਮ ਕਰਕੇ ਇਸ ਮੂਵਮੈਂਟ ਦਾ ਬੇੜਾ ਗਰਕ ਨਾ ਕੀਤਾ ਜਾਵੇ। ਇਸ ਤਰ੍ਹਾਂ ਪੰਜ ਸਾਲ ਵਾਸਤੇ ਕੋਈ ਸੁਸਾਇਟੀ ਤੋੜੀ ਜਾ ਸਕਦੀ ਹੈ ਔਰ ਉਥੇ ਐਡਮਨਿਸਟਰੇਟਰ ਮੁਕੱਰਰ ਕੀਤਾ ਜਾ ਸਕਦਾ ਹੈ। ਇਸ ਦਾ ਨਤੀਜਾ ਇਹ ਹੋਵੇਗਾ ਕਿ ਪੰਜ ਸਾਲ ਜਦੋਂ ਤੁਹਾਡਾ ਰਾਜ ਰਹੇਗਾ ਤਾਂ ਵੀ ਸੁਸਾਇਟੀਆਂ ਟੁੱਟ ਜਾਣਗੀਆਂ ਔਰ ਜਦੋਂ ਇਧਰਲੀ ਪਾਰਟੀ ਦਾ ਰਾਜ ਆਵੇਗਾ ਤਾਂ ਫਿਰ ਇਹ ਤੋੜ ਦੇਣਗੇ। ਇਸ ਤਰ੍ਹਾਂ ਤਾਂ ਇਸ ਲਹਿਰ ਦਾ ਹੀ ਬੇੜਾ ਗਰਕ ਹੋ ਜਾਵੇਗਾ ਔਰ ਲੋਕਾਂ ਨੂੰ ਲਗਾਤਾਰ ਨੁਕਸਾਨ ਹੁੰਦਾ ਰਹੇਗਾ। ਇਸ ਲਈ ਮੈਂ ਇਹ ਕਹਾਂਗਾ ਕਿ ਗੌਰਮਿੰਟ ਤਾਂ

ਬਦਲਦੀਆਂ ਹੀ ਰਹਿੰਦੀਆਂ ਹਨ, ਕਦੇ ਕਾਂਗਰਸ ਦੀ ਗੌਰਮਿੰਟ ਆ ਜਾਂਦੀ ਹੈ ਤੇ ਕਦੇ ਕਿਸੇ ਹੋਰ ਦੀ ਆ ਜਾਣੀ ਹੈ, ਪਰ ਇਸ ਚੀਜ਼ ਦਾ ਲੋਕਾਂ ਤੇ ਬੁਰਾ ਅਸਰ ਨਹੀਂ ਪੈਣਾ ਚਾਹੀਦਾ। ਕਿਸਾਨਾਂ ਦਾ ਫਾਇਦਾ ਹੋਣਾ ਚਾਹੀਦਾ ਹੈ। ਠੀਕ ਹੈ, ਅਗਰ ਕੋਈ ਸੁਸਾਇਟੀ ਗਲਤ ਕੰਮ ਕਰਦੀ ਹੈ ਔਰ ਉਪਰ ਵਾਲੇ ਸਮਝਦੇ ਹਨ ਕਿ ਫਲਾਣੀ ਸੁਸਾਇਟੀ ਗਲਤ ਕੰਮ ਕਰਦੀ ਹੈ ਤਾਂ ਉਸ ਨੂੰ ਤੋੜਨਾ ਪੈ ਜਾਵੇ ਤਾਂ ਤੇ ਠੀਕ ਹੈ ਉਸ ਨੂੰ ਤੋੜ ਦਿਓ ਪਰ ਉਸ ਦੇ ਵਾਸਤੇ ਵੱਧ ਤੋਂ ਵੱਧ ਸਮਾਂ ਮੁਕੱਰਰ ਕਰ ਦਿਓ ਕਿ ਛੇ ਮਹੀਨੇ ਤੋਂ ਬਾਅਦ ਨਵੀਂ ਚੋਣ ਹੋ ਜਾਵੇ ਔਰ ਨਵੀਂ ਕਮੇਟੀ ਬਣ ਜਾਵੇ ਤਾਂਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਉਸ ਸੁਸਾਇਟੀ ਨੂੰ ਚਲਾ ਸਕਣ। ਪਰ ਇਸ ਤਰ੍ਹਾਂ ਨਾਲ ਸਰਕਾਰੀ ਦਖਲ ਇਸ ਵਿਚ ਵੱਧਦਾ ਜਾ ਰਿਹਾ ਹੈ, ਇਸ ਨਾਲ ਤਾਂ ਇਹ ਕੋਆਪ੍ਰੇਟਿਵ ਮੂਵਮੈਂਟ ਨਹੀਂ ਰਹੇਗੀ ਬਲਕਿ ਇਹ ਇਕ ਡਿਪਾਰਟਮੈਂਟ ਬਣ ਕੇ ਰਹਿ ਜਾਵੇਗਾ। ਕੋਆਪ੍ਰੇਟਿਵ ਮੂਵਮੈਂਟ ਖਤਮ ਹੋ ਜਾਵੇਗੀ। ਪਿਛਲੀ ਵਾਰੀ ਜਦੋਂ ਅਕਾਲੀ ਵੀਰਾਂ ਦਾ ਰਾਜ ਸੀ, ਮੈਂ ਉਸ ਵੇਲੇ ਵੀ ਕਿਹਾ ਸੀ ਔਰ ਹੁਣ ਵੀ ਕਹਿੰਦਾ ਹਾਂ ਕਿ ਸਰਕਾਰ ਬੜੇ ਹੀ ਖਤਰਨਾਕ ਤਰੀਕੇ ਨਾਲ ਅੱਗੇ ਜਾ ਰਹੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਬੱਸ ਕਰਨ ਲਈ ਇਸ਼ਾਰਾ ਕਰ ਰਹੇ ਹੋ, ਇਸ ਲਈ ਮੈਂ ਇਕ ਅਖੀਰਲੀ ਗੱਲ ਕਹਿਣ ਲੱਗਾ ਹਾਂ। ਬੱਸ ਡਿਪਟੀ ਸਪੀਕਰ ਸਾਹਿਬ, ਐਕਟ ਦੀ ਧਾਰਾ 67-ਏ ਦੇ ਹੇਠ ਫਿਰੋਜ਼ਪੁਰ ਔਰ ਹੋਰ ਕਈਆਂ ਥਾਂਵਾਂ ਤੇ ਲੋਕਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਗਰੀਬਾਂ ਨਾਲ ਧੱਕਾ ਹੋ ਰਿਹਾ ਹੈ। ਫਿਰ ਹੋਰ ਗੱਲ ਹੈ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਂਦਾ ਹੈ, ਅਸੂਲ ਹੈ ਕਿ ਰੋਟੀ ਉਨ੍ਹਾਂ ਨੂੰ ਜੇਲ੍ਹ ਵਾਲਿਆਂ ਦੇਣੀ ਹੁੰਦੀ ਹੈ ਪਰ ਇਨ੍ਹਾਂ ਗਰੀਬਾਂ ਨੂੰ ਜੇਲ੍ਹ ਵਾਲੇ ਰੋਟੀ ਨਹੀਂ ਦਿੰਦੇ। ਇਹ ਗੱਲ ਮੈਂ ਹਾਊਸ ਵਿਚ ਕਹਿੰਦਾ ਹਾਂ ਕਿ ਰੋਟੀ ਦੇ ਪੈਸੇ ਵੀ ਉਨ੍ਹਾਂ ਪਾਸੋਂ ਹੀ ਕੱਟੇ ਜਾਂਦੇ ਹਨ। ਰੋਟੀ ਵੀ ਉਨ੍ਹਾਂ ਨੂੰ ਆਪਣੇ ਪਲਿਓਂ ਖਾਣੀ ਪੈਂਦੀ ਹੈ। ਇਤਨਾ ਧੱਕਾ ਹੋ ਰਿਹਾ ਹੈ। ਹੁਣ ਇਸ ਬਿਲ ਦੇ ਨਾਲ ਹੋਰ ਅਧਿਕਾਰ ਅਫ਼ਸਰਾਂ ਨੂੰ ਦਿੱਤੇ ਜਾ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਪਾਸ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਗਰੀਬ ਲੋਕਾਂ ਨਾਲ ਹੋਰ ਧੱਕਾ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਇਕ ਆਖਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਸੁਸਾਇਟੀਆਂ ਵਲੋਂ ਜਿਹੜੀ ਕਰਜ਼ੇ ਦੀ ਹੱਦ ਰੱਖੀ ਗਈ ਹੈ, ਇਹ ਬਹੁਤ ਥੋੜੀ ਹੈ। ਜੇ ਕੋਈ ਇਨ੍ਹਾਂ ਸੁਸਾਇਟੀਆਂ ਕੋਲ 100 ਰੁਪਿਆ ਜਮ੍ਹਾਂ ਕਰਾਉਂਦਾ ਹੈ ਤਾਂ ਉਸ ਨੂੰ 800 ਰੁਪਏ ਤਕ ਕਰਜ਼ਾ ਦਿੱਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਕਰਜ਼ੇ ਦੀ ਹੱਦ ਬਹੁਤ ਥੋੜੀ ਰੱਖੀ ਹੋਈ ਹੈ, ਇਸ ਨੂੰ ਜ਼ਰੂਰ ਹੋਰ ਵਧਾਉਣਾ ਚਾਹੀਦਾ ਹੈ।

ਸਰਦਾਰ ਹਰਚਰਨ ਸਿੰਘ ਹੀਰੋ (ਜ਼ੀਰਾ): ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਇਸ ਤੋਂ ਪਹਿਲਾਂ ਜਦੋਂ ਕੋਈ ਬਿਲ ਪੇਸ਼ ਹੁੰਦਾ ਸੀ ਤਾਂ ਇਹ ਕਾਂਗਰਸੀ ਮੈਂਬਰ ਟੱਪ ਟੱਪ ਕੇ ਬੋਲਣ ਲਈ ਖੜੇ ਹੁੰਦੇ ਸਨ ਪਰ ਅੱਜ ਇਸ ਬਿਲ ਤੇ ਕੋਈ ਬੋਲਣ ਲਈ ਤਿਆਰ ਨਹੀਂ। ਇਨ੍ਹਾਂ ਨੂੰ ਪਤਾ ਹੈ ਕਿ ਇਹ ਬਿਲ ਬਿਲਕੁਲ ਨਾਅਹਿਲ ਬਿਲ ਹੈ। ਇਸ ਨਾਲ ਕੋਆ-ਪ੍ਰੇਟਿਵ ਮੂਵਮੈਂਟ ਨੂੰ ਖਤਮ ਕੀਤਾ ਜਾ ਰਿਹਾ ਹੈ। ਇਸ ਕਾਂਗਰਸ ਨੇ ਕੋਆਪਰੇਟਿਵ ਲਹਿਰ ਨੂੰ ਖਤਮ ਕਰਕੇ ਰੱਖ ਦਿੱਤਾ ਹੈ। ਮੈਂ ਦੱਸਦਾ ਹਾਂ ਕਿ ਪਹਿਲਾਂ ਜਦੋਂ ਇਥੇ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਸੀ ਤਾਂ ਇਸ ਲਹਿਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਫਿਰ ਜਦੋਂ ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਆਈ ਤਾਂ ਫਿਰ ਇਸ ਕੋਆ-ਪਰੇਟਿਵ ਲਹਿਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਬਾਅਦ ਇਨ੍ਹਾਂ ਮੇਰੇ

[ਸਰਦਾਰ ਹਰਚਰਨ ਸਿੰਘ ਹੀਰੋ]

ਸਾਥੀਆਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਵੀ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਔਰ ਹੁਣ ਜਦੋਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਬਣੀ ਹੈ ਤਾਂ ਹੁਣ ਇਹ ਇਸ ਨੂੰ ਖਤਮ ਕਰਨ ਲਗੇ ਹਨ। ਮੈਂ ਸਮਝਦਾ ਹਾਂ ਕਿ ਕੋਈ ਗੱਲ ਜਿਹੜੀ ਲੋਕਾਂ ਦੇ ਹਿਤ ਵਿਚ ਨਾ ਹੋਵੇ, ਉਸ ਦੀ ਜ਼ੋਰ ਨਾਲ ਮੁਖਾਲਫ਼ਤ ਕਰਨੀ ਚਾਹੀਦੀ ਹੈ। ਅੱਗੇ ਹੀ ਅਫ਼ਸਰਾਂ ਕੋਲ ਤਾਕਤਾਂ ਬਹੁਤ ਹਨ। ਉਹ ਆਪਣੀ ਕਲਮ ਦੀ ਨੋਕ ਦੇ ਨਾਲ ਸਾਰੀ ਕੋਆਪਰੇਟਿਵ ਲਹਿਰ ਨੂੰ ਖਤਮ ਕਰਕੇ ਰੱਖ ਸਕਦੇ ਹਨ। ਔਰ ਹੁਣ ਇਸ ਅਮੈਂਡਮੈਂਟ ਦੇ ਰਾਹੀਂ ਉਨ੍ਹਾਂ ਅਫ਼ਸਰਾਂ ਨੂੰ ਹੋਰ ਤਾਕਤਾਂ ਦਿੱਤੀਆਂ ਜਾ ਰਹੀਆਂ ਹਨ। ਮੈਂ ਸਮਝਦਾ ਹਾਂ ਕਿ ਇਸ ਬਿਲ ਨੂੰ ਲਿਆਉਣ ਦਾ ਇਕ ਮਕਸਦ ਹੋਰ ਵੀ ਹੈ। ਉਹ ਇਹ ਹੈ ਕਿ ਜਿਹੜੇ 'ਬੈਂਕਾਂ ਤੇ ਆਪੋਜ਼ੀਸ਼ਨ ਦੇ ਮੈਂਬਰਾਂ ਦਾ ਕਬਜ਼ਾ ਹੈ, ਉਸ ਨੂੰ ਇਸ ਬਿਲ ਦੇ ਪਾਸ ਹੋਣ ਨਾਲ ਆਸਾਨੀ ਨਾਲ ਹਟਾਇਆ ਜਾ ਸਕੇਗਾ। ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਨਾਲ ਬੜੇ ਧੱਕੇ ਵਾਲੀ ਗੱਲ ਹੋਵੇਗੀ। ਇਕ ਸਭ ਤੋਂ ਵਡਾ ਧੱਕਾ ਇਹ ਕੀਤਾ ਜਾ ਰਿਹਾ ਹੈ ਕਿ ਅੱਗੇ ਕੋਈ ਅਦਾਲਤ ਦੇ ਦਰਵਾਜ਼ੇ ਖੜਕਾ ਸਕਦਾ ਸੀ, ਪਰ ਹੁਣ ਇਸ ਬਿਲ ਦੇ ਲਿਆਉਣ ਨਾਲ ਉਹ ਅਦਾਲਤ ਦਾ ਦਰਵਾਜ਼ਾ ਵੀ ਬੰਦ ਕੀਤਾ ਜਾ ਰਿਹਾ ਹੈ। 5 ਸਾਲ ਤਕ ਕੋਈ ਕੁਝ ਨਹੀਂ ਕਰ ਸਕਦਾ। ਇਸ ਲਈ ਇਹ ਬੜੀ ਖਤਰਨਾਕ ਅਮੈਂਡਮੈਂਟ ਪਾਸ ਕੀਤੀ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸ ਬਿਲ ਨੂੰ ਇਤਨੀ ਛੇਤੀ ਨਾਲ ਇਥੇ ਪਾਸ ਨਹੀਂ ਕਰਨਾ ਚਾਹੀਦਾ ਬਲਕਿ ਇਸ ਨੂੰ ਸਿਲੈਕਟ ਕਮੇਟੀ ਕੋਲ ਭੇਜ ਦੇਣਾ ਚਾਹੀਦਾ ਹੈ। ਸਰਦਾਰ ਬੇਅੰਤ ਸਿੰਘ ਜਿਹੜੇ ਕਿ ਕੋਆ-ਪ੍ਰੇਟਿਵ ਲਹਿਰ ਦੇ ਬੜੇ ਮੋਢੀ ਰਹੇ ਹਨ, ਉਹ ਵੀ ਅੱਜ ਇਨ੍ਹਾਂ ਕੁਰਸੀਆਂ ਤੇ ਬੈਠ ਕੇ ਚੁਪ ਹੋ ਗਏ ਹਨ। ਇਨ੍ਹਾਂ ਦੇ ਆਪਣੀ ਪਾਰਟੀ ਦੇ ਮੈਂਬਰਜ਼ ਵੀ ਨੀਵੀਆਂ ਪਾਈ ਬੈਠੇ ਹਨ, ਕੋਈ ਬੋਲਣ ਲਈ ਤਿਆਰ ਨਹੀਂ। ਇਨ੍ਹਾਂ ਨੂੰ ਪਤਾ ਹੈ ਕਿ ਤਾਕਤ ਅਫ਼ਸਰਾਂ ਕੋਲ ਜਾ ਰਹੀ ਹੈ। ਇਸ ਲਈ ਮੈਂ ਫਿਰ ਕਹਿੰਦਾ ਹਾਂ ਕਿ ਇਸ ਨੂੰ ਹਾਲੇ ਪਾਸ ਨਹੀਂ ਕਰਨਾ ਚਾਹੀਦਾ ਔਰ ਸੋਚ ਵਿਚਾਰ ਕਰਨ ਲਈ ਸਿਲੈਕਟ ਕਮੇਟੀ ਪਾਸ ਭੇਜ ਦੇਣਾ ਚਾਹੀਦਾ ਹੈ। ਇਸ ਲਈ, ਮੈਂ ਹੁਣ ਇਸ ਦੀ ਵਿਰੋਧਤਾ ਕਰਦਾ ਹਾਂ।

ਸਰਦਾਰ ਬੀਰਪਾਲ ਸਿੰਘ (ਲੁਧਿਆਣਾ ਰੂਰਲ): ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਬੜਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਇਸ ਤੇ ਬੋਲਣ ਲਈ ਸਮਾਂ ਦਿੱਤਾ ਹੈ। ਮੇਰੇ ਤੋਂ ਪਹਿਲਾਂ ਹੋਰ ਵੀ ਕਈ ਮਾਨਯੋਗ ਮੈਂਬਰਾਂ ਨੇ ਇਸ ਤੇ ਆਪਣੇ ਵਿਚਾਰ ਰੱਖੇ ਹਨ। ਹੀਰੋ ਸਾਹਿਬ ਵੀ ਇਸ ਬਾਰੇ ਹੁਣੇ ਬੋਲੇ ਹਨ। ਉਨ੍ਹਾਂ ਨੇ ਤੌਖਲਾ ਪ੍ਰਗਟ ਕੀਤਾ ਹੈ ਕਿ ਜਿਹੜੀ ਕੋਆਪਰੇਟਿਵ ਮੂਵਮੈਂਟ ਹੈ, ਇਸ ਨੂੰ ਬਹੁਤ ਸੱਟ ਵਜਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਿਲ ਕੋਆਪਰੇਟਿਵ ਲਹਿਰ ਦੀ ਮਜ਼ਬੂਤੀ ਲਈ ਲਿਆਂਦਾ ਗਿਆ ਹੈ। ਜਿਹੜੇ ਲੋਕਾਂ ਨੇ ਆਪਣੇ ਪਿੰਡਾਂ ਦੇ ਅੰਦਰ ਜਿਹੜੀਆਂ ਸੁਸਾਇਟੀਆਂ ਸਨ ਜਾਂ ਬੈਂਕਸ ਸਨ, ਉਨ੍ਹਾਂ ਵਿਚ ਜਿਹੜੀ ਲੁਟ ਖਸੁਟ ਕੀਤੀ ਹੋਈ ਸੀ, ਉਸ ਨੂੰ ਖਤਮ ਕਰਨ ਲਈ ਇਹ ਪਾਵਰਜ਼ ਦਿੱਤੀਆਂ ਜਾ ਰਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਅਕਾਲੀ ਜਨਤਾ ਸਰਕਾਰ ਵੇਲੇ 2-3 ਹਜ਼ਾਰ ਰੁਪਏ ਤਕ ਕਰਜ਼ਾ ਲੈਣ ਵਾਲਿਆਂ ਨੂੰ ਤਾਂ ਫੜ ਕੇ ਅੰਦਰ ਦੇ ਦਿੱਤਾ ਅਤੇ ਮੈਂ ਨਾਂ ਨਹੀਂ ਲੈਣਾ ਚਾਹੁੰਦਾ ਜਿਨ੍ਹਾਂ ਵਲ 5-7 ਲੱਖ ਰੁਪਿਆ ਸੀ, ਉਨ੍ਹਾਂ ਨੂੰ ਕੁਝ ਨਹੀਂ ਕਿਹਾ। ਇਸ ਕਰਕੇ ਇਹੋ ਜਿਹਾ ਜਿਹੜਾ ਐਲੀਮੈਂਟ ਹੈ, ਜਿਨ੍ਹਾਂ ਨੇ ਕੋਆਪਰੇਟਿਵ ਅਦਾਰਿਆਂ ਤੇ ਕਬਜ਼ਾ ਕੀਤਾ ਹੋਇਆ ਹੈ ਔਰ ਗਰੀਬ ਗੁਰਬੇ ਤਕ ਪੈਸਾ ਨਹੀਂ ਪਹੁੰਚਣ

ਦਿੰਦੇ, ਉਨ੍ਹਾਂ ਤੇ ਚੈਕ ਕਰਨ ਲਈ ਇਹ ਬਿਲ ਲਿਆਂਦਾ ਗਿਆ ਹੈ। ਇਸ ਸਾਰੀ ਗੱਲਬਾਤ ਦਾ ਰਿਜ਼ਰਵ ਬੈਂਕ ਆਫ਼ ਇੰਡੀਆ ਨਾਲ ਸਬੰਧ ਹੈ। ਇਸ ਨਾਲ ਪੰਜਾਬ ਦੇ ਕਿਸਾਨ ਦੀ ਹੋਰ ਬਿਹਤਰੀ ਹੋਣੀ ਹੈ। ਸਾਡੀ ਸਰਕਾਰ ਨੇ ਇਸ ਵੱਲ ਆਪਣਾ ਧਿਆਨ ਦਿੱਤਾ ਹੈ। ਇਹ ਕਦਮ ਕੋਆਪਰੇਟਿਵ ਮੂਵਮੈਂਟ ਨੂੰ ਮਜ਼ਬੂਤ ਕਰਨ ਲਈ ਹੀ ਚੁੱਕੇ ਜਾ ਰਹੇ ਹਨ। ਇਸ ਨਾਲ ਗਰੀਬ ਆਦਮੀ ਦਾ ਭਲਾ ਹੋਵੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿਲ ਦੀ ਸਪੋਰਟ ਕਰਦਾ ਹੋਇਆ ਬੈਠਦਾ ਹਾਂ।

ਵੈਦ ਕਰਤਾਰ ਸਿੰਘ (ਮਾਹਲਪੁਰ ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਕੋਆਪਰੇਟਿਵ ਬਿਲ ਇਥੇ ਲਿਆਂਦਾ ਗਿਆ ਹੈ, ਮੈਂ ਇਸ ਸਬੰਧ ਵਿਚ ਕੁਝ ਕਹਿਣ ਵਾਸਤੇ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਅਫ਼ਸਰਾਂ ਨੂੰ ਤਾਂ ਅੱਗੇ ਹੀ ਬਹੁਤ ਤਾਕਤਾਂ ਦਿੱਤੀਆਂ ਹੋਈਆਂ ਹਨ, ਜੋ ਕੁਝ ਅਫ਼ਸਰ ਚਾਹੁੰਦੇ ਹਨ, ਉਹ ਕਰ ਸਕਦੇ ਹਨ। ਬੈਂਕਾਂ ਦੀਆਂ ਬਿਲਡਿੰਗਾਂ ਤੇ ਏ.ਆਰ. ਔਰ ਡੀ.ਆਰ. ਨੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਦੇ ਜਿਹੜੇ ਟੈਲੀਫ਼ੂਨ ਦੇ ਬਿਲਜ਼ ਹਨ, ਉਹ ਵੀ ਬੈਂਕਸ ਨੂੰ ਦੇਣੇ ਪੈਂਦੇ ਹਨ। ਔਰ ਉਹ ਬੈਂਕਸ ਲੱਖਾਂ ਰੁਪਏ ਦੇ ਘਾਟੇ ਵਿਚ ਜਾ ਰਹੇ ਹਨ। ਸਿਰਫ਼ ਦੋ ਬੈਂਕਸ, ਇਕ ਹੁਸ਼ਿਆਰਪੁਰ ਦਾ ਔਰ ਇਕ ਨਵਾਂ ਸ਼ਹਿਰ ਦਾ, ਇਸ ਤੋਂ ਸਿਵਾਏ ਹੋਰ ਕੋਈ ਵੀ ਬੈਂਕ ਮੁਨਾਫ਼ੇ ਵਿਚ ਨਹੀਂ ਜਾ ਰਿਹਾ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਹ ਦੋ ਬੈਂਕ ਹੀ ਮੁਨਾਫ਼ੇ ਵਿਚ ਜਾ ਰਹੇ ਹਨ। ਔਰ ਇਹ ਬਿਲ ਲਿਆ ਕੇ ਉਨ੍ਹਾਂ ਨੂੰ ਦੋ ਬੈਂਕਾਂ ਵੀ ਖਤਮ ਕੀਤਾ ਜਾ ਰਿਹਾ ਹੈ ਔਰ ਉਨ੍ਹਾਂ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਗੇ ਜਿਹੜੇ ਇਨ੍ਹਾਂ ਬੈਂਕਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਬਣਦੇ ਸਨ, ਉਹ ਆਪਣੇ ਕਿਸੇ ਪੁੱਤ, ਭਾਈ, ਭਤੀਜੇ ਨੂੰ ਇਨ੍ਹਾਂ ਬੈਂਕਾਂ ਵਿਚ ਨਹੀਂ ਸਨ ਲਗਾ ਸਕਦੇ ਔਰ ਜੇ ਕੋਈ ਲਗਾਂਦਾ ਸੀ ਤਾਂ ਉਨ੍ਹਾਂ ਨੂੰ ਹਟਾ ਦਿੱਤਾ ਜਾਂਦਾ ਸੀ। ਉਹ ਬੋਰਡ ਆਫ਼ ਡਾਇਰੈਕਟਰਜ਼ ਦਾ ਮੈਂਬਰ ਨਹੀਂ ਸੀ ਰਹਿ ਸਕਦਾ। ਪਰ ਹੁਣ ਕੀ ਹੋ ਰਿਹਾ ਹੈ ? ਭਾਵੇਂ ਏ.ਆਰ. ਹੋਵੇ ਜਾਂ ਡੀ.ਆਰ. ਹੋਵੇ, ਸਭ ਨੇ ਆਪਣੇ ਭਾਈ ਭਤੀਜੇ ਲਾਉਣ ਦਾ ਅਧਿਕਾਰ ਦਿੱਤਾ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਧੱਕਾ ਹੋ ਰਿਹਾ ਹੈ।

ਅੱਜ ਤੱਕ ਇਹ ਹਾਲ ਹੈ। ਮੈਂ ਆਪਣੇ ਸੈਂਟਰਲ ਕੋਆਪਰੇਟਿਵ ਬੈਂਕ ਦਾ ਚੇਅਰਮੈਨ ਹਾਂ। ਜਦੋਂ ਮੈਂ ਚੇਅਰਮੈਨ ਬਣਿਆ ਸੀ, ਉਸ ਵੇਲੇ ਇਹ 'ਸੀ' ਕਲਾਸ ਵਿਚ ਸੀ ਅਤੇ ਹੁਣ ਇਸ ਨੂੰ 'ਏ' ਕਲਾਸ ਵਿਚ ਲਿਆਂਦਾ ਹੈ। ਇਸ ਨੂੰ ਹੁਣ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਹੜਾ ਪਹਿਲੇ ਐਮ. ਡੀ. ਸੀ, ਉਸ ਨੇ 8 ਲੱਖ ਰੁਪਏ ਦਾ ਗਬਨ ਕੀਤਾ ਸੀ। ਇਹ ਚਾਹੁੰਦੇ ਹਨ ਕਿ ਉਸ ਨੂੰ ਇੰਗਲੈਂਡ ਤੋਂ ਵਾਪਸ ਬੁਲਾ ਲਿਆ ਜਾਵੇ ਔਰ ਉਸ ਰੁਪਏ ਨੂੰ, ਜਿਹੜਾ ਉਸ ਨੇ ਗਬਨ ਕੀਤਾ ਸੀ, ਨੂੰ ਮੁਆਫ਼ ਕਰ ਦੇਈਏ। ਇਸ ਬਿਲ ਨੂੰ ਲਿਆ ਕੇ ਇਕ ਕਿਸਮ ਨਾਲ ਕੋਆਪਰੇਟਿਵ ਲਹਿਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। (ਘੰਟੀ) ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਇਸ ਨੂੰ ਸਿਲੈਕਟ ਕਮੇਟੀ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ ਤਾਂਕਿ ਕਮੇਟੀ ਇਸ ਤੇ ਪੂਰੀ ਤਰ੍ਹਾਂ ਵਿਚਾਰ ਕਰਕੇ ਫਿਰ ਆਪਣੀ ਰਿਪੋਰਟ ਦੇਵੇ। ਇਹ ਜਿਹੜੇ ਮਹਾਤਮਾ ਗਾਂਧੀ ਦਾ ਨਾਂ ਲੈਂਦੇ ਹਨ, ਪੰਚਾਇਤਾਂ ਦੇ ਨਾਂ ਲੈਂਦੇ ਹਨ ਅਤੇ ਜਮਹੂਰੀਅਤ ਦਾ ਨਾਂ ਲੈਂਦੇ ਹਨ, ਇਹ ਫਰਾਡ ਕਰ ਰਹੇ ਹਨ।

ਸਰਦਾਰ ਬੀਰਦਵਿੰਦਰ ਸਿੰਘ (ਸਰਹਿੰਦ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਸਬੰਧ ਵਿਚ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ। ਮੇਰੇ ਕੁਝ ਵੀਰਾਂ ਨੇ ਇਸ ਕੋਆਪਰੇਟਿਵ ਲਹਿਰ ਨੂੰ ਖਤਮ ਕਰਨ ਲਈ ਤੋਖਲਾ ਜ਼ਾਹਿਰ ਕੀਤਾ ਹੈ। ਜਿਹੜਾ ਕੋਆਪਰੇਟਿਵ ਲਹਿਰ ਨੂੰ ਨੁਕਸਾਨ ਪਹੁੰਚ ਰਿਹਾ ਸੀ, ਉਸ ਨੂੰ ਬਚਾਉਣ ਲਈ ਇਹ ਬਿਲ ਲਿਆਂਦਾ ਗਿਆ ਹੈ। ਪੰਜਾਬ ਵਿਚ ਕੁਝ ਪਰਿਵਾਰ ਹੀ ਐਸੇ ਸਨ ਜਿਨ੍ਹਾਂ ਨੇ ਇਸ ਕੋਆਪਰੇਟਿਵ ਮੂਵਮੈਂਟ ਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਲੁੱਟੀ ਜਾ ਰਹੇ ਸਨ। ਮੈਂ ਉਨ੍ਹਾਂ ਦੇ ਨਾਂ ਇਥੇ ਨਹੀਂ ਲੈਣਾ ਚਾਹੁੰਦਾ। ਹੋਰੋ ਸਾਹਿਬ ਨੂੰ ਵੀ ਪਤਾ ਹੈ ਕਿ ਇਨ੍ਹਾਂ ਦੇ ਜ਼ਿਲ੍ਹੇ ਦੇ ਇਕ ਪ੍ਰਸਿੱਧ ਪੁਲੀਟੀਕਲ ਪਰਿਵਾਰ ਨੇ 10 ਲੱਖ ਰੁਪਿਆ ਲਿਆ ਹੋਇਆ ਹੈ, ਪਰ ਉਸ ਕੋਲੋਂ ਇਹ ਪਿਛਲੀ ਸਰਕਾਰ ਵਾਲੇ ਰਿਕਵਰ ਨਹੀਂ ਕਰ ਸਕੇ। ਜਦੋਂ ਵੀ ਸਰਕਾਰ ਉਨ੍ਹਾਂ ਕੋਲੋਂ ਰਿਕਵਰ ਕਰਨ ਦੀ ਕੋਸ਼ਿਸ਼ ਕਰਦੀ ਹੈ ਉਹ ਅਰਜ਼ੀ ਪਰਚਾ ਦੇ ਕੇ ਸਟੇਅ ਆਰਡਰ ਲੈ ਲੈਂਦੇ ਹਨ। ਇਸੇ ਤਰ੍ਹਾਂ ਮੈਂ ਦੱਸਦਾ ਹਾਂ ਕਿ ਮੇਰੇ ਇਲਾਕੇ ਵਿਚ ਵੀ ਇਕ ਖੁਮਾਰ ਸਿੰਘ ਸੁਸਾਇਟੀ ਹੈ, ਉਥੇ 35 ਲੱਖ ਰੁਪਏ ਦਾ ਗਬਨ ਹੋਇਆ ਸੀ। ਇਸ ਦਾ ਗਬਨ ਕਮੇਟੀ ਨੇ ਕੀਤਾ ਹੋਇਆ ਹੈ ਅਤੇ ਕਿਸੇ ਸਰਕਾਰੀ ਅਫ਼ਸਰ ਨੇ ਗਬਨ ਨਹੀਂ ਕੀਤਾ ਹੋਇਆ। ਪਰ ਹੁਣ ਕਮੇਟੀ ਨੇ ਇਹ 35 ਲੱਖ ਰੁਪਏ ਦਾ ਗਬਨ ਲੋਕਾਂ ਤੇ ਪਾ ਦਿੱਤਾ ਹੈ, ਜਦ ਕਿ ਲੋਕਾਂ ਨੂੰ ਪਤਾ ਹੀ ਨਹੀਂ ਹੈ। ਇਸੇ ਤਰ੍ਹਾਂ ਡੂਬੀ ਮਾਜਰੀ ਵਿਚ ਵੀ 18 ਲੱਖ ਰੁਪਏ ਦਾ ਗਬਨ ਹੋਇਆ ਸੀ। ਹੁਣ ਇਸ ਬਿਲ ਰਾਹੀਂ ਇਹ ਰੈਮੇਡੀ ਅਵੇਲੇਬਲ ਹੋਵੇਗੀ। ਹੁਣ ਇਹ ਕੋਆਪਰੇਟਿਵ ਲਹਿਰ ਸਰਕਾਰ ਦੇ ਕਾਬੂ ਹੇਠ ਆ ਸਕੇਗੀ। ਜਿਹੜਾ ਆਪੋਜ਼ੀਸ਼ਨ ਵਾਲਿਆਂ ਨੇ ਤੌਖਲਾ ਪ੍ਰਗਟ ਕੀਤਾ ਹੈ ਕਿ ਇਸ ਬਿਲ ਨਾਲ ਉਹ ਕਿਸੇ ਨੂੰ ਸੀਜ਼ ਕਰ ਸਕਦੇ ਹਨ। ਹੁਣੇ ਵੈਦ ਕਰਤਾਰ ਸਿੰਘ ਜੀ ਨੇ ਕਿਹਾ ਹੈ ਕਿ ਮੈਂ ਕਾਫੀ ਸਾਲਾਂ ਤੋਂ ਆਪਣੇ ਇਲਾਕੇ ਵਿਚ ਸੈਂਟਰਲ ਕੋਆਪਰੇਟਿਵ ਬੈਂਕ ਦਾ ਚੇਅਰਮੈਨ ਰਿਹਾ ਹਾਂ ਪਰ ਇਨ੍ਹਾਂ ਨੂੰ ਕਿਸੇ ਨੇ ਸੀਜ਼ ਤਾਂ ਨਹੀਂ ਕੀਤਾ। You (Vaid Kartar Singh) continue to be the Chairman of the Central Co-operative Bank. Nobody has ceased you. ਇਸੇ ਤਰ੍ਹਾਂ ਪਟਿਆਲੇ ਜ਼ਿਲ੍ਹੇ ਵਿਚ ਇਨ੍ਹਾਂ ਦਾ ਜੱਥੇਦਾਰ ਰਤਨ ਸਿੰਘ, ਐਮ. ਡੀ., ਕੋਆਪਰੇਟਿਵ ਬੈਂਕ ਦੇ ਹਨ। ਉਨ੍ਹਾਂ ਨੂੰ ਕਿਸੇ ਨੇ ਸੀਜ਼ ਨਹੀਂ ਕੀਤਾ ਹੈ। ਪਰ ਜਦੋਂ ਸਰਦਾਰ ਆਤਮਾ ਸਿੰਘ ਜੋ ਮਨਿਸਟਰ ਹੁੰਦੇ ਸਨ, ਉਨ੍ਹਾਂ ਨੇ ਆਪਣੇ ਟਾਈਮ ਵਿਚ ਪੰਚਾਇਤ ਸੰਮਿਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਸੈਂਟਰਲ ਕੋਆਪਰੇਟਿਵ ਬੈਂਕਾਂ ਨੂੰ ਤੋੜ ਦਿੱਤਾ ਸੀ। ਇਨ੍ਹਾਂ ਨੇ ਇਨ੍ਹਾਂ ਨੂੰ ਸੀਜ਼ ਕਰ ਦਿੱਤਾ ਸੀ ਔਰ ਉਨ੍ਹਾਂ ਦੀ ਜਗ੍ਹਾ ਤੇ ਐਡਮਨਿਸਟ੍ਰੇਟਰ ਲਗਾ ਦਿੱਤੇ ਸਨ। ਇਹ ਬਿਲ ਬੜਾ ਅੱਛਾ ਸਰਕਾਰ ਨੇ ਲਿਆਂਦਾ ਹੈ ਔਰ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪਿਛਲੇ 30 ਸਾਲਾਂ ਦਾ ਰਿਕਾਰਡ ਕਢਵਾ ਕੇ ਵੇਖ ਲਵੋ। ਅਜੇ ਤੱਕ ਕਿਸੇ ਔਰਤ ਨੂੰ ਹਥਕੜੀ ਨਹੀਂ ਲਗੀ ਸੀ ਪਰ ਇਨ੍ਹਾਂ ਅਕਾਲੀਆਂ ਦੀ ਸਰਕਾਰ ਵੇਲੇ ਔਰਤਾਂ ਨੂੰ ਹੱਥਕੜੀਆਂ ਲਗੀਆਂ। ਹੁਣ ਇਹ ਇਸ ਬਿਲ ਦੀ ਵਿਰੋਧਤਾ ਕਰ ਰਹੇ ਹਨ। ਇਸ ਬਿਲ ਨੂੰ ਤੁਹਾਨੂੰ ਸਰਵਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ।

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਡਿਪਟੀ ਸਪੀਕਰ ਸਾਹਿਬ, ਬੜੀ ਅਜੀਬ ਗੱਲ ਹੈ। ਮੈਂ ਸਮਝਦਾ ਸੀ ਕਿ ਮੈਂਬਰਜ਼ ਵਲੋਂ ਕੁਝ ਨਾ ਕੁਝ ਚੰਗੇ ਚੰਗੇ ਸੁਝਾਓ ਆਉਣਗੇ ਅਤੇ ਇਸ ਐਕਟ ਤੇ ਵਿਚਾਰ ਰੱਖੇ ਜਾਣਗੇ, ਲੇਕਿਨ ਸੁਝਾਓ ਨਹੀਂ ਆਏ। ਵੈਦ ਜੀ ਨੇ ਕਿਹਾ

ਕਿ ਇਸ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇ । ਪਰ ਮੈਨੂੰ ਇਸ ਬਿਲ ਵਿਚ ਕੋਈ ਐਸੀ ਗੱਲ ਨਜ਼ਰ ਨਹੀਂ ਆਈ, ਜਿਸ ਲਈ ਇਸ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇ । ਇਸ ਗੱਲ ਨੂੰ ਵੇਖਦੇ ਹੋਏ ਮੈਨੂੰ ਇਕ ਗੱਲ ਯਾਦ ਆ ਗਈ ਹੈ ਕਿ "ਸਾਰੀ ਰਾਤ ਰੋਂਦੇ ਰਹੇ ਪਰ ਮਰਿਆ ਇਕ ਵੀ ਨਾ" । ਇਹ ਸੈਂਟਰਲ ਕੋਆਪਰੇਟਿਵ ਬੈਂਕ ਆਮ ਤੌਰ ਤੇ ਹੈਡ ਕੁਆਟਰਜ਼ ਤੇ ਹੁੰਦੇ ਹਨ ਅਤੇ ਵੱਡੇ ਸ਼ਹਿਰਾਂ ਵਿਚ ਹੁੰਦੇ ਹਨ । ਇਹ 16-17 ਦੇ ਕਰੀਬ ਬੈਂਕ ਹਨ । ਡਿਪਟੀ ਸਪੀਕਰ ਸਾਹਿਬ, 1961 ਦੇ ਐਕਟ ਦੇ ਨੰਬਰ 47 ਦੇ ਮੁਤਾਬਿਕ ਇਸ ਐਕਟ ਦਾ ਨਾਂ ਹੈ Deposit Insurance and Credit Guarantee Corporation Act, 1961. ਇਹ ਸਾਰੇ ਬੈਂਕ ਕੱਮਰਸ਼ੀਅਲਾਈਜ਼ਡ ਬੈਂਕ ਹਨ ਇਨ੍ਹਾਂ ਦਾ ਮਾਲਿਕ ਰਿਜ਼ਰਵ ਬੈਂਕ ਆਫ ਇੰਡੀਆ ਹੈ । ਇਹ ਬੈਂਕ ਆਪਣੀ ਡਿਪਾਜ਼ਿਟ ਇਨਸ਼ਿਉਰ ਕਰਨ ਵਾਸਤੇ ਕਾਰਪੋਰੇਸ਼ਨ ਬਣੀ ਹੋਈ ਹੈ । ਇਹ ਕਾਰਪੋਰੇਸ਼ਨ ਰਿਜ਼ਰਵ ਬੈਂਕ ਆਫ ਇੰਡੀਆ ਦੀ ਹੈ । ਤੁਹਾਨੂੰ ਯਾਦ ਹੋਵੇਗਾ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਬਹੁਤ ਸਾਰੀਆਂ ਗੱਲਾਂ ਸਨ ਕਿ ਲੋਕਾਂ ਨੇ ਬੈਂਕਾਂ ਵਿਚ ਰੁਪਿਆ ਰੱਖਣਾ ਹੁੰਦਾ ਸੀ, ਉਹ ਬੈਂਕ ਕਈ ਵਾਰ ਟੁਟ ਜਾਂਦੇ ਸਨ ਔਰ ਇਹ ਬੈਂਕ ਟੁੱਟਣ ਨਾਲ ਉਨ੍ਹਾਂ ਲੋਕਾਂ ਦਾ ਸਾਰਾ ਪੈਸਾ ਜ਼ਾਇਆ ਹੋ ਜਾਂਦਾ ਸੀ । ਪਰ ਹੁਣ ਇਸ ਦੀ ਇਨਸ਼ਿਉਰੈਂਸ ਰਿਜ਼ਰਵ ਬੈਂਕ ਦੀ ਹੁੰਦੀ ਹੈ । ਪਹਿਲੇ ਇਨ੍ਹਾਂ ਬੈਂਕਾਂ ਤੇ ਸਰਮਾਏਦਾਰਾਂ ਦਾ ਕਬਜ਼ਾ ਸੀ, ਉਹ ਪਾਰਟਨਰਜ਼ ਸਨ। ਉਹ ਪਿੰਡਾਂ ਵਿਚ ਪੈਸਾ ਖਰਚ ਨਹੀਂ ਕਰਦੇ ਸਨ, ਉਹ ਸ਼ਹਿਰਾਂ ਵਿਚ ਪੈਸਾ ਖਰਚ ਕਰਦੇ ਸਨ । ਇੰਡਸਟਰੀ ਤੇ ਖਰਚ ਹੁੰਦਾ ਸੀ, ਇੰਡਸਟਰੀਅਲਿਸਟਾਂ ਤੇ ਖਰਚ ਹੁੰਦਾ ਸੀ ਪਰ ਪਿੰਡਾਂ ਤੇ ਖਰਚ ਨਹੀਂ ਹੁੰਦਾ ਸੀ । ਇਸ ਲਈ ਇਹ ਐਕਟ ਲਿਆਂਦਾ ਗਿਆ ਸੀ ਤਾਂਕਿ ਪਿੰਡਾਂ ਵਿਚ ਪੈਸਾ ਖਰਚ ਹੋ ਸਕੇ । ਜਿਨ੍ਹਾਂ ਲੋਕਾਂ ਦਾ ਪੈਸਾ ਇਸ ਕੋਆਪ੍ਰੇਟਿਵ ਬੈਂਕ ਵਿਚ ਜਮ੍ਹਾਂ ਹੋਵੇਗਾ, ਉਹ ਇਨਸ਼ਿਉਰਡ ਹੋਵੇਗਾ ।

ਡਿਪਟੀ ਸਪੀਕਰ ਸਾਹਿਬ, ਸਾਡੇ ਜਿਹੜੇ ਪਿੰਡਾਂ ਦੇ ਬੈਂਕ ਸਨ, ਉਹ ਪੈਸੇ ਨੂੰ ਇਨਸ਼ਿਉਰ ਨਹੀਂ ਸੀ ਕਰ ਸਕਦੇ । (ਵਿਘਨ) ਪਿਛਲੀ ਸਰਕਾਰ ਵੱਡੇ ਵੱਡੇ ਸਰਮਾਏਦਾਰਾਂ ਨਾਲ ਮਿਲਕੇ ਤਿੰਨ, ਚਾਰ ਸਾਲ ਰਾਜ ਕਰ ਗਈ, ਪਰ ਇਨ੍ਹਾਂ ਨੇ ਗਰੀਬ ਲੋਕਾਂ ਦੀ ਕੋਈ ਪਰਵਾਹ ਨਹੀਂ ਕੀਤੀ । ਸ਼੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਨੇ 14 ਬੈਂਕਾਂ ਨੂੰ ਨੈਸ਼ਨੇਲਾਈਜ਼ ਕੀਤਾ । (ਥੰਪਿੰਗ) ਇਸ ਨਾਲ ਰੁਪਿਆ ਪਿੰਡਾਂ ਵਿਚ ਜਾਣ ਲਗਾ । (ਵਿਘਨ) ਸੈਂਟਰਲ ਕੋਆਪਰੇਟਿਵ ਬੈਂਕਾਂ ਵਿਚ 92 ਕਰੋੜ ਰੁਪਿਆ ਲੋਕਾਂ ਦਾ ਜਮ੍ਹਾਂ ਹੈ ਅਤੇ ਜਿਹੜੀਆਂ ਛੋਟੀਆਂ ਸੁਸਾਇਟੀਆਂ ਹਨ, ਉਨ੍ਹਾਂ ਵਿਚ 138 ਕਰੋੜ ਰੁਪਿਆ ਲੋਕਾਂ ਦਾ ਜਮ੍ਹਾਂ ਹੈ । ਡਿਪਟੀ ਸਪੀਕਰ ਸਾਹਿਬ, ਪ੍ਰਾਇਮਰੀ ਸੁਸਾਇਟੀਆਂ ਕੋਲ 252 ਕਰੋੜ ਰੁਪਏ ਦਾ ਸਾਮਾਨ ਹੈ । ਇਨ੍ਹਾਂ ਕੋਆਪਰੇਟਿਵ ਬੈਂਕਾਂ ਅਤੇ ਸੁਸਾਇਟੀਆਂ ਦਾ ਲਿੰਕ ਰਿਜ਼ਰਵ ਬੈਂਕ ਦੇ ਨਾਲ ਹੈ । ਡਿਪਟੀ ਸਪੀਕਰ ਸਾਹਿਬ, ਇਸ ਵਿਚ ਜੇਕਰ ਕਿਸੇ ਦਾ 100/- ਰੁਪਿਆ ਜਮ੍ਹਾਂ ਹੈ ਤਾਂ ਉਸ ਨੂੰ ਸਿਰਫ ਚਾਰ ਪੈਸੇ ਬਤੌਰ ਪ੍ਰੀਮੀਅਮ ਕਾਰਪੋਰੇਸ਼ਨ ਨੂੰ ਦੇਣੇ ਪੈਣਗੇ, ਜਿਸ ਨਾਲ ਕਿ ਉਸ ਦਾ ਪੈਸਾ ਸੇਫ ਹੋ ਜਾਂਦਾ ਹੈ । ਸਰਦਾਰ ਜਗਜੀਤ ਸਿੰਘ ਜੀ ਨੇ ਵੀ ਕਿਹਾ ਹੈ ਕਿ ਛੋਟੇ ਵਰਗ ਦੀ ਸਰਕਾਰ ਸੇਵਾ ਕਰ ਰਹੀ ਹੈ । ਤੁਹਾਡੇ ਵੇਲੇ ਗਰੀਬ ਵਰਗ ਦੀ ਸੇਵਾ ਨਹੀਂ ਹੋਈ ਸੀ। ਇਸ ਲਈ ਸਾਡੀ ਗੌਰਮਿੰਟ ਵਧਾਈ ਦੀ ਪਾਤਰ ਹੈ। (ਥੰਪਿੰਗ) ਅਸੀਂ ਜਿਣਸ ਦੇ ਰੂਪ ਵਿਚ ਜਾਂ ਕੈਸ਼ ਦੇ ਰੂਪ ਵਿਚ ਗਰੀਬ ਲੋਕਾਂ ਦੀ ਅਤੇ ਹਰੀਜਨਾਂ ਦੀ ਸਹਾਇਤਾ ਕੀਤੀ ਹੈ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਰਿਜ਼ਰਵ ਬੈਂਕ ਦੀ ਗੱਲ ਕਰਦਾ ਹਾਂ, ਜਿਹੜਾ ਪੈਸਾ ਰਿਜ਼ਰਵ ਬੈਂਕ ਸਾਨੂੰ ਦਿੰਦਾ ਹੈ, ਉਸ ਨਾਲ ਇਨਸ਼ੋਅਰ ਕਰਨਾ ਹੈ । ਇਸ ਵਾਸਤੇ

[ਮਾਲ ਮੰਤਰੀ]

ਅਸੀਂ ਲੋਕਾਂ ਨੂੰ ਰੁਪਿਆ ਦੇ ਕੇ ਐਨਕਰਜਮੈਂਟ ਦੇਣੀ ਹੈ । ਜਿਹੜਾ ਰੁਪਿਆ ਜਮ੍ਹਾਂ ਕਰਾਵੇ, ਉਹ ਸਮਝੇ ਕਿ ਮੇਰਾ ਪੈਸਾ ਸੇਫ ਹੈ । ਵੱਡੇ ਵੱਡੇ ਸਰਮਾਏਦਾਰਾਂ ਨੇ ਕੋਆਪ੍ਰੇਟਿਵ ਸੁਸਾਇਟੀਆਂ ਤੋਂ ਖਾਦ ਵਗੈਰਾ ਲੈਣ ਵਾਸਤੇ ਕਰਜ਼ੇ ਤਾਂ ਲਿਤੇ ਹਨ, ਪਰ ਪੈਸਾ ਉਹ ਕਮਰਸ਼ਿਅਲ ਬੈਂਕਾਂ ਵਿਚ ਜਮ੍ਹਾਂ ਕਰਾਉਂਦੇ ਹਨ । ਪੰਜਾਬ ਨੈਸ਼ਨਲ ਬੈਂਕ ਅਤੇ ਸਟੇਟ ਬੈਂਕ ਆਫ ਪਟਿਆਲਾ ਵਿਚ ਰੁਪਿਆ ਜਾਂਦਾ ਹੈ । ਸਰਦਾਰ ਸੁਖਦੇਵ ਸਿੰਘ ਢੀਂਡਸਾ ਦਾ ਅਕਾਊਂਟ ਸਟੇਟ ਬੈਂਕ ਆਫ ਪਟਿਆਲਾ ਵਿੱਚ ਹੋਵੇਗਾ । (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਮੇਰਾ ਅਕਾਊਂਟ ਸਿਰਫ ਸੰਗਰੂਰ ਵਿਚ ਹੀ ਹੈ ।

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਵਿਚ ਵੱਡੇ ਵੱਡੇ ਜ਼ੈਲਦਾਰ ਅਤੇ ਸਰਮਾਏਦਾਰ ਹੀ ਹਨ । 1979-80 ਵਿਚ 154 ਕਰੋੜ ਰੁਪਿਆ ਕੈਸ਼ ਔਰ ਇਨ ਕਾਈਂਡ ਸੁਸਾਇਟੀਆਂ ਨੂੰ ਦਿੱਤਾ । ਡਿਪਟੀ ਸਪੀਕਰ ਸਾਹਿਬ, ਕ੍ਰੈਡਿਟ ਲਿਮਿਟ ਗੌਰਮਿੰਟ ਆਫ ਇੰਡੀਆ ਨੇ ਵਧਾਉਣੀ ਹੈ । ਇਸ ਲਈ ਕੋਆਪਰੇਟਿਵ ਬੈਂਕਾਂ ਵਿਚ ਡਿਪਾਜ਼ਿਟਸ ਨੂੰ ਐਨਕਰਜ ਕਰਨਾ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਅਮੀਰ ਲੋਕ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਵਿਚ ਹਨ ਔਰ ਸਾਡੇ ਵਿਚ ਇਧਰ ਨਹੀਂ ਹਨ । ਅਸੀਂ ਤਾਂ ਸੋਸ਼ਲਿਜ਼ਮ ਦੇ ਹਾਮੀ ਹਾਂ । ਸਰਦਾਰ ਪ੍ਰਕਾਸ਼ ਸਿੰਘ, ਬਾਦਲ ਸਾਹਿਬ, ਲੈਂਡ ਲਾਰਡ ਹਨ । (ਥੰਪਿੰਗ) ਹੀਰੋ ਸਾਹਿਬ ਜੋ ਮਾਰਕਫੈਡ ਦੇ ਵਾਈਸ ਚੇਅਰਮੈਨ ਹਨ, ਜਿਹੜੇ ਕਿ ਇਨ੍ਹਾਂ ਦੀ ਪਾਰਟੀ ਦੇ ਨਾਲ ਸਨ ਉਨ੍ਹਾਂ ਨੇ ਕਿਹਾ ਕਿ (ਅਕਾਲੀਆਂ) ਨੇ ਕੋਆਪਰੇਟਿਵ ਦਾ ਸਤਿਆਨਾਸ ਕਰ ਦਿੱਤਾ । ਤੁਸੀਂ ਆਪ ਵੀ ਇਸ ਦੇ ਨਾਲ ਸੋ । (ਵਿਘਨ) ਰਿਜ਼ਰਵ ਬੈਂਕ ਦੀਆਂ ਇੰਸਟਰੱਕਸ਼ਨਾਂ ਸਨ ਪਰ ਇਨ੍ਹਾਂ ਨੇ ਸੁਸਾਇਟੀਆਂ ਨੂੰ ਖਰਾਬ ਕੀਤਾ ਹੈ । ਇਸ ਪਿਛੇ ਗਰੁਪਿੰਗ ਕੀਤੀ । (ਵਿਘਨ) ਡਿਪਟੀ ਸਪੀਕਰ ਸਾਹਿਬ, ਛੋਟੇ ਲੋਕ ਔਖੇ ਹਨ । ਵੱਡੀਆਂ ਸੁਸਾਇਟੀਆਂ ਛੋਟੀਆਂ ਸੁਸਾਇਟੀਆਂ ਨੂੰ ਹੜੱਪ ਕਰੀ ਜਾਂਦੀਆਂ ਸਨ । ਮੈਂ ਹੈਰਾਨ ਹਾਂ ਜਦੋਂ ਤੁਸੀਂ ਗਏ ਸੋ ਤਾਂ ਇਹ ਹਾਲਤ ਸੀ । (ਵਿਘਨ) (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਸੁਸਾਇਟੀਆਂ ਨੂੰ ਡੀਕਲੱਬ ਕਰਨਾ ਪਏਗਾ ਤਾਂਕਿ ਗਰੀਬ ਲੋਕਾਂ ਨੂੰ ਰਾਹਤ ਮਿਲ ਸਕੇ । ਪਿਛੇ ਸਿਰਫ 154 ਕਰੋੜ ਰੁਪਿਆ ਰਖਿਆ ਗਿਆ ਸੀ, ਪਰ ਅਸੀਂ 210 ਕਰੋੜ ਰੁਪਿਆ ਕੀਤਾ ਹੈ । ਸਾਡਾ, ਡਿਪਟੀ ਸਪੀਕਰ ਸਾਹਿਬ, ਟਾਰਗੈਟ 230 ਕਰੋੜ ਰੁਪਏ ਦਾ ਸੀ । ਕਈ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਰਿਕਵਰੀ ਨਹੀਂ ਹੁੰਦੀ ਹੈ । ਪਰ ਡਿਪਟੀ ਸਪੀਕਰ ਸਾਹਿਬ, ਲੈਂਡ ਰੈਵੇਨਿਊ ਐਕਟ ਦੇ ਰਾਹੀਂ ਰਿਕਵਰੀ ਕੀਤੀ ਗਈ ਹੈ । ਇਸ ਐਕਟ ਨਾਲ ਅਸੀਂ 80% ਰਿਕਵਰੀ ਕੀਤੀ ਹੈ । (ਥੰਪਿੰਗ)

ਮੈਂ ਡਿਪਟੀ ਸਪੀਕਰ ਸਾਹਿਬ, ਦਾਅਵੇ ਨਾਲ ਕਹਿੰਦਾ ਹਾਂ ਕਿ ਅੱਗੋਂ ਇਸ ਤੋਂ ਵੀ ਜ਼ਿਆਦਾ ਰਿਕਵਰੀ ਹੋਵੇਗੀ । ਸਾਡੇ ਦੋਸਤਾਂ ਨੇ ਇਥੇ ਹਾਊਸ ਵਿਚ ਕਿਹਾ ਹੈ ਕਿ ਵੱਡੇ ਵੱਡੇ ਮਗਰਮੱਛ ਸੁਸਾਇਟੀਆਂ ਨੂੰ ਖਾਈ ਜਾ ਰਹੇ ਹਨ । ਉਹ ਸੁਸਾਇਟੀਆਂ ਨੂੰ ਪੈਸੇ ਨਹੀਂ ਦਿੰਦੇ । ਉਨ੍ਹਾਂ ਵੱਡੇ ਵੱਡੇ ਮਗਰਮੱਛਾਂ ਨੂੰ ਸਰਕਾਰ ਹੱਥ ਪਾਵੇਗੀ ਅਤੇ ਪਕੜੇਗੀ । (ਵਿਘਨ)

ਸਰਦਾਰ ਸੰਤ ਸਿੰਘ : ਤੁਸੀਂ ਵੱਡੇ ਵੱਡੇ ਮਗਰ ਮੱਛਾਂ ਨੂੰ ਨਹੀਂ ਪਕੜ ਸਕਦੇ। (ਵਿਘਨ)

ਮਾਲ ਮੰਤਰੀ : ਤੁਸੀਂ ਸਾਡਾ ਸਾਥ ਦਿਓ, ਅਸੀਂ ਜ਼ਰੂਰ ਪਕੜਾਂਗੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਅਸੀਂ ਤੁਹਾਡਾ ਸਾਥ ਦੇਵਾਂਗੇ।

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਜੇਕਰ ਇਹ ਸਾਡੀ ਮਦਦ ਕਰਨਗੇ ਤਾਂ ਅਸੀਂ ਵੱਡੇ ਵੱਡੇ ਮਗਰਮੱਛ ਜ਼ਰੂਰ ਫੜਾਂਗੇ।

EXTENSION OF TIME OF THE SITTING

Mr. Deputy Speaker: Is it the pleasure of the House that the time of the sitting of the House be extended by 30 minutes ?

Voices : Yes, yes

Mr. Deputy Speaker : The time of the sitting of the House is extended upto 2-00 P.M.

THE PUNJAB CO-OPERATIVE SOCIETIES (AMENDMENT) BILL, 1981 (*Resumption of Consideration*)

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਇਹ ਸੋਸ਼ਲਿਜ਼ਮ ਲਿਆਉਣ ਵਿਚ ਸਾਡੀ ਮਦਦ ਕਰਨਗੇ। ਇੱਕ ਗੱਲ ਚੌਧਰੀ ਜਗਜੀਤ ਸਿੰਘ ਜੀ ਨੇ ਕਹੀ ਸੀ। ਅਸੀਂ ਸੋਚ ਰਹੇ ਹਾਂ ਕਿ ਕ੍ਰੈਡਿਟ ਦੀ ਲਿਮਿਟ ਵਧਾਈ ਜਾਵੇ। ਅਸੀਂ ਡਿਪਟੀ ਸਪੀਕਰ ਸਾਹਿਬ, ਗਰੀਬ ਲੋਕਾਂ ਲਈ ਅਤੇ ਹਰੀਜਨਾਂ ਲਈ ਹਾਊਸਿੰਗ ਕਾਲੋਨੀਜ਼ ਬਣਾ ਰਹੇ ਹਾਂ। (ਥੰਪਿੰਗ) ਤੁਸੀਂ ਤਾਂ ਜੋ ਅਸੀਂ ਗਰੀਬ ਵਰਗ ਨੂੰ ਪਲਾਟ ਦਿਤੇ ਸਨ, ਉਹ ਖੋਹਣ ਲਈ ਤਿਆਰ ਹੋ ਗਏ ਸੀ। (ਵਿਘਨ)

ਡਿਪਟੀ ਸਪੀਕਰ ਸਾਹਿਬ, ਆਖ਼ਿਰ ਵਿਚ ਮੈਂ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ ਇਹ ਜੋ ਐਕਟ ਲਿਆਂਦਾ ਗਿਆ ਹੈ, ਇਹ ਜੋ ਅਮੈਂਡਮੈਂਟ ਲਿਆਂਦੀ ਗਈ ਹੈ, ਇਹ ਖਰਚ ਕਰਨ ਵਾਲਿਆਂ ਵਾਸਤੇ, ਸੁਸਾਇਟੀ ਵਾਸਤੇ ਨਿਹਾਇਤ ਅੱਛੀ ਚੀਜ਼ ਹੈ। ਇਸ ਨਾਲ ਰਿਜ਼ਰਵ ਬੈਂਕ ਤੋਂ ਜ਼ਿਆਦਾ ਪੈਸੇ ਲੈ ਕੇ ਪੰਜਾਬ ਵਿਚ ਜ਼ਿਆਦਾ ਖਰਚ ਕੀਤਾ ਜਾਏਗਾ। (ਥੰਪਿੰਗ)

Mr. Deputy Speaker : Question is—

> That the Punjab Co-operative Societies (Amendment) Bill be taken into consideration at once.

The motion was carried.

Mr. Deputy Speaker : Now the House will consider the Bill Clause by Clause.

CLAUSE 2

Mr. Deputy Speaker : Question is—

That Clause 2 stand part of the Bill.

The motion was carried.

CLAUSE 1

Mr. Deputy Speaker : Question is—

That Clause 1 stand part of the Bill.

The motion was carried.

TITLE

Mr. Deputy Speaker : Question is—

That Title be the Title of the bill.

The motion was carried.

Revenue Minister (Sardar Beant Singh) : Sir, I beg to move—

That the Punjab Co-operative Societies (Amendment) Bill be passed.

Mr. Deputy Speaker : Motion moved—

That the Punjab Co-operative Societies (Amendment) Bill be passed.

Mr. Deputy Speaker : Question is—

That the Punjab Co-operative Societies (Amendment) Bill be passed.

The motion was carried.

THE PUBLIC WAKFS (EXTENSION OF LIMITATION) (PUNJAB AMENDMENT) BILL, 1981

Finance Minister (Doctor Kewal Krishan) : Sir, I beg to introduce the Public Wakfs (Extension of Limitation) (Punjab Amendment) Bill.

Sir, I also beg to move—

That the Public Wakfs (Extension of Limitation) (Punjab Amendment) Bill be taken into consideration at once.

Mr. Deputy Speaker : Motion moved—

That the Public Wakfs (Extension of Limitation) (Punjab Amendment) Bill be taken into consideration at once.

Sardar Birdevinder Singh : Deputy Speaker Sahib, I want to know as to how much time has been allotted for discussion on this Bill.

Mr. Deputy Speaker : The time allotted for discussion on this Bill is 25 minutes.

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਇਥੇ ਲਿਆਂਦਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਬਿਲ ਹੈ ਔਰ ਇਹ ਬਿਲ ਆਉਣ ਵੀ ਜ਼ਰੂਰੀ ਚਾਹੀਦਾ ਸੀ। ਐਸੀ ਅਮੈਂਡਮੈਂਟ ਆਉਣੀ ਚਾਹੀਦੀ ਸੀ ਕਿਉਂਕਿ ਸਰਕਾਰ ਆਪ ਮੰਨਦੀ ਹੈ ਔਰ ਸਰਕਾਰ ਨੇ ਆਪ ਇਸ ਦੇ ਅਬਜੈਕਟਸ ਐਂਡ ਰੀਜ਼ਨਜ਼ ਵਿਚ ਦੱਸਿਆ ਹੈ ਕਿ ਇਹ ਕਿਉਂ ਲਿਆਂਦਾ ਗਿਆ ਹੈ। ਸਰਕਾਰ ਆਪ ਕਹਿੰਦੀ ਹੈ ਕਿ ਵਕਫ ਬੋਰਡ ਦੀ ਜ਼ਮੀਨ ਬਹੁਤ ਸਾਰੇ ਆਦਮੀਆਂ ਕੋਲ ਨਾਜਾਇਜ਼ ਤੌਰ ਤੇ ਉਨ੍ਹਾਂ ਦੇ ਕਬਜ਼ੇ ਵਿਚ ਹੈ। ਡਿਪਟੀ ਸਪੀਕਰ ਸਾਹਿਬ, ਇਹ ਐਡੀ ਵੱਡੀ ਜਾਇਦਾਦ ਹੈ, ਇਹ ਕੋਈ ਲੱਖਾਂ ਏਕੜ ਜ਼ਮੀਨ ਹੈ, ਜੋ ਕਿ ਪੁਲੀਟੀਕਲੀ ਤੌਰ ਤੇ ਨਾਜਾਇਜ਼ ਕਬਜ਼ੇ ਹੇਠ ਹੈ। ਪਹਿਲਾਂ ਇਸ ਹਾਊਸ ਨੇ ਹਰਚੰਦ ਸਿੰਘ ਕਮੇਟੀ ਬਣਾਈ ਸੀ। ਉਸੇ ਤਰ੍ਹਾਂ ਇਸ ਜ਼ਮੀਨ ਲਈ ਵੀ ਹਾਊਸ ਦੀ ਇਕ ਕਮੇਟੀ ਬਨਾਉਣੀ ਚਾਹੀਦੀ ਹੈ, ਜੋ ਕਿ ਇਸ ਗੱਲ ਦੀ ਘੋਖ ਕਰੇ ਕਿ ਕਿਸ ਕਿਸ ਕੋਲ ਇਹ ਨਾਜਾਇਜ਼ ਜ਼ਮੀਨ ਹੈ। ਇਸ ਬਿਲ ਦੇ ਨਾਲ ਧਾਰਮਿਕ ਟਿੰਜ ਵੀ ਹੈ। ਲੋਕਾਂ ਨੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਔਰ ਕਰੋੜਾਂ ਰੁਪਏ ਦੀ ਜ਼ਮੀਨ ਲੋਕਾਂ ਨੇ ਆਪਣੇ ਕਬਜ਼ੇ ਵਿਚ ਕੀਤੀ ਹੋਈ ਹੈ। ਇਸ ਲਈ ਇਸ ਜ਼ਮੀਨ ਵਾਸਤੇ ਵੀ ਸਰਦਾਰ ਹਰਚੰਦ ਸਿੰਘ ਵਰਗੀ ਕਮੇਟੀ ਮੁਕਰੱਰ ਕਰਨੀ ਚਾਹੀਦੀ ਹੈ। ਜਿਹੜੀਆਂ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਕਰਕੇ ਬੜੀਆਂ ਬੜੀਆਂ ਬਿਲਡਿੰਗਾਂ ਤੇ ਵੀ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਉਹ ਉਨ੍ਹਾਂ ਤੋਂ ਕਢਾਉਣੀਆਂ ਚਾਹੀਦੀਆਂ ਹਨ। (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਝੰਡੇ ਕਿਸ ਨੇ ਲਗਾਏ ਹੋਏ ਹਨ ?

ਸਰਦਾਰ ਬਸੰਤ ਸਿੰਘ ਖਾਲਸਾ : ਉਸ ਬਾਰੇ ਵੀ ਮੈਂ ਦੱਸਦਾ ਹਾਂ। ਮੇਰੇ ਆਪਣੇ ਜ਼ਿਲ੍ਹੇ ਵਿਚ ਇਕ ਮਸਜਿਦ ਹੈ, ਉਸ ਦੇ ਨੇੜੇ ਰੇਲਵੇ ਲਾਈਨ ਹੈ। ਉਥੇ ਮੱਲੋ ਮੱਲੀ ਕੋਈ ਆਦਮੀ ਕਬਜ਼ਾ ਕਰਨ ਲਗਿਆ ਔਰ ਉਸ ਦੀ ਮੂਹਰਲੀ ਕੰਧ ਨੂੰ ਉਸਾਰਨ ਲੱਗਿਆ ਤਾਂ ਉਸ ਕੰਧ ਨੂੰ ਪੁਲਿਸ ਨੇ ਢਾਹ ਦਿੱਤਾ। ਪਰ ਫਿਰ ਜਦੋਂ ਉਥੋਂ ਦੀ ਲੰਘੇ ਤਾਂ ਪਤਾ ਲਗਿਆ ਕਿ ਉਹ ਕੰਧ ਫਿਰ ਉਸਾਰ ਦਿੱਤੀ ਗਈ ਔਰ ਉਥੇ ਤਰੰਗਾ ਝੰਡਾ ਲਗਾ ਦਿੱਤਾ ਗਿਆ। ਇਹ ਬੜਾ ਇੰਪਾਰਟੈਂਟ ਬਿਲ ਹੈ ਔਰ ਇਸ ਦਾ ਜਵਾਬ ਬੜਾ ਸੋਚ ਸਮਝ ਕੇ ਦੇਣਾ ਚਾਹੀਦਾ ਹੈ। ਐਸਾ ਵਕਫ ਬੋਰਡ ਪਾਕਿਸਤਾਨ ਵਿਚ ਵੀ ਹੈ। ਉਥੇ ਨਨਕਾਣਾ ਸਾਹਿਬ ਦੇ ਨਾਲ 700 ਮੁਰੱਬਾ ਜ਼ਮੀਨ ਹੈ, ਜੋ ਕਿ ਜਿਹੜੇ ਹੁਣ ਲੋਕ ਇਧਰ ਰਹਿੰਦੇ ਹਨ, ਉਨ੍ਹਾਂ ਦੀ ਹੈ। ਇਸ ਲਈ ਉਸ ਜ਼ਮੀਨ ਦੀ ਆਮਦਨ ਉਥੇ ਦੇ ਗੁਰਦਵਾਰੇ ਤੇ ਲਗਣੀ ਚਾਹੀਦੀ ਹੈ। ਇਹ ਮਸਲਾ ਪਾਕਿਸਤਾਨ ਸਰਕਾਰ ਨਾਲ ਕੇਂਦਰ ਸਰਕਾਰ ਰਾਹੀਂ ਉਠਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਇਧਰ ਵੀ ਮਸਜਿਦਾਂ ਹਨ ਅਤੇ ਹੋਰ ਧਾਰਮਿਕ ਇਨਸਟੀਚਿਊਸ਼ਨਜ਼ ਹਨ। ਸਾਡੇ ਮਲੇਰਕੋਟਲੇ ਵਿਚ ਕਾਫੀ ਮਸਜਿਦਾਂ ਔਰ ਧਾਰਮਿਕ ਇਨਸਟੀਚਿਊਸ਼ਨਜ਼ ਹਨ ਤੇ ਮੁਸਲਮ ਆਬਾਦੀ ਸਭ ਤੋਂ ਜ਼ਿਆਦਾ ਹੈ। ਪਰ ਉਥੇ ਵੀ ਨਾਜਾਇਜ਼ ਕਬਜ਼ੇ ਹਨ। ਪਰ ਜਿਹੜਾ ਇਥੇ ਵਕਫ ਬੋਰਡ ਹੈ ਇਹ ਤਿੰਨ ਰਾਜਾਂ ਦਾ ਸਾਂਝਾ ਹੈ ਹਾਲਾਂ ਕਿ ਪੰਜਾਬ ਵਿਚ ਜਾਇਦਾਦ ਸਭ ਤੋਂ ਜ਼ਿਆਦਾ ਹੈ। ਇਹ ਹਰਿਆਣਾ, ਹਿਮਾਚਲ ਪ੍ਰਦੇਸ਼ ਔਰ ਪੰਜਾਬ ਦਾ ਸਾਂਝਾ ਵਕਫ ਬੋਰਡ ਹੈ। ਇਸ ਵਕਫ ਬੋਰਡ ਦਾ ਚੇਅਰਮੈਨ ਸੈਂਟਰ ਸਰਕਾਰ ਦੇ ਦਖਲ ਨਾਲ

[ਸਰਦਾਰ ਬਸੰਤ ਸਿੰਘ ਖਾਲਸਾ]

ਬਣਦਾ ਹੈ। ਇਸ ਹਾਊਸ ਦੇ ਮੈਂਬਰ ਅਨਵਰ ਖਾਂ ਵਕਫ ਬੋਰਡ ਦੇ ਬਹੁਸੰਮਤੀ ਨਾਲ ਚੁਣੇ ਹੋਏ ਚੇਅਰਮੈਨ ਸਨ, ਪਰ ਸੈਂਟਰ ਸਰਕਾਰ ਦੇ ਦਖ਼ਲ ਨਾਲ ਉਸ ਨੂੰ ਚੇਅਰਮੈਨਸ਼ਿਪ ਤੋਂ ਹਟਾ ਦਿੱਤਾ ਗਿਆ ਹੈ। ਮੈਂ ਇਹ ਮੰਗ ਕਰਦਾ ਹਾਂ ਕਿ ਪੰਜਾਬ ਦਾ ਵਕਫ ਬੋਰਡ ਅਲਹਿਦਾ ਹੋਣਾ ਚਾਹੀਦਾ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਹਾਊਸ ਨੂੰ ਰੈਜ਼ੋਲਿਊਸ਼ਨ ਕਰਨਾ ਚਾਹੀਦਾ ਹੈ ਕਿ ਪੰਜਾਬ ਦਾ ਵਕਫ ਬੋਰਡ ਅਲਹਿਦਾ ਬਣਾਇਆ ਜਾਵੇ (ਵਿਘਨ) ਅੱਗੇ ਵੀ ਦਸਿਆ ਗਿਆ ਹੈ ਕਿ ਐਸਾ ਕੋਈ ਰੈਜ਼ੋਲਿਊਸ਼ਨ ਹਾਊਸ ਨੇ ਪਾਸ ਕੀਤਾ ਹੈ। ਮੇਰੀ ਇਹ ਬੇਨਤੀ ਹੈ ਕਿ ਵਕਫ ਦੀ ਜਾਇਦਾਦ ਜੋ ਨਾਜਾਇਜ਼ ਕਬਜ਼ੇ ਵਿੱਚ ਹੈ, ਇਸ ਸਬੰਧ ਵਿਚ ਜਿਹੜੀਆਂ ਪ੍ਰੋਸੀਡਿੰਗਜ਼ ਚਲਦੀਆਂ ਹਨ, ਉਸ ਵਿਚ ਬੜਾ ਫਲਾਅ ਹੈ, ਇਸ ਫਲਾਅ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਜਿਹੜੀ ਐਸੀਆਂ ਜਾਇਦਾਦਾਂ ਤੇ ਨਾਜਾਇਜ਼ ਸਿਆਸੀ ਕਬਜ਼ੇ ਹੋਏ ਹੋਏ ਹਨ, ਉਨ੍ਹਾਂ ਕਬਜ਼ਿਆਂ ਨੂੰ ਦੂਰ ਕਰਾਉਣ ਲਈ ਹਾਊਸ ਦੀ ਕਮੇਟੀ ਬਣਾਉਣੀ ਚਾਹੀਦੀ ਹੈ। ਇਹ ਕਮੇਟੀ ਦੱਸੇ ਕਿ ਸਿਆਸੀ ਨਾਜਾਇਜ਼ ਕਬਜ਼ੇ ਕਿਵੇਂ ਛੁਡਵਾਏ ਜਾਣ ਔਰ ਇਹ ਨਾਜਾਇਜ਼ ਕਬਜ਼ੇ ਕਿਸ ਕਿਸ ਕੋਲ ਹਨ, ਇਹ ਸੱਭ ਕੁੱਝ ਉਹ ਕਮੇਟੀ ਦਸੇ। ਹੋਰ ਵੀ ਸੁਜੈਸ਼ਨਜ਼ ਉਹ ਕਮੇਟੀ ਦੇਵੇ, ਜਿਸ ਨਾਲ ਇਹ ਕੰਮ ਠੀਕ ਹੋ ਸਕੇ।

1.27 ਬਾਅਦ ਦੁਪਹਿਰ

(ਇਸ ਵੇਲੇ ਸਰਦਾਰ ਬੀਰਦਵਿੰਦਰ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਅੰਤ ਵਿਚ ਮੈਂ ਫਿਰ ਕਹਾਂਗਾ ਕਿ ਜਿਸ ਤਰ੍ਹਾਂ ਨਾਲ ਹਰਚੰਦ ਸਿੰਘ ਕਮੇਟੀ ਨੇ ਨਾਜਾਇਜ਼ ਕਬਜ਼ੇ ਜੋ ਕਿ ਕਾਂਗਰਸੀਆਂ ਨੇ ਕੀਤੇ ਹੋਏ ਸਨ, ਉਨ੍ਹਾਂ ਬਾਰੇ ਰਿਪੋਰਟ ਕੀਤੀ ਸੀ, ਉਸੇ ਤਰ੍ਹਾਂ ਹੁਣ ਵੀ ਹਾਊਸ ਦੀ ਕਮੇਟੀ ਬਣਾਈ ਜਾਏ ਔਰ ਜਿਹੜੇ ਨਾਜਾਇਜ਼ ਕਬਜ਼ੇ ਕਾਂਗਰਸੀਆਂ ਨੇ ਕੀਤੇ ਹੋਏ ਹਨ, ਉਨ੍ਹਾਂ ਬਾਰੇ ਪਤਾ ਲਗ ਸਕੇ ਔਰ ਉਨ੍ਹਾਂ ਤੋਂ ਕਬਜ਼ੇ ਛੁਡਵਾਏ ਜਾਣ ਔਰ ਉਸ ਜ਼ਾਇਦਾਦ ਤੋਂ ਜੋ ਆਮਦਨੀ ਹੋਵੇ ਉਹ ਜ਼ਿਆਦਾ ਤਰ ਮਲੇਰਕੋਟਲੇ ਤੇ ਖ਼ਰਚ ਕਰਨੀ ਚਾਹੀਦੀ ਹੈ। ਇਹ ਵਕਫ ਬੋਰਡ ਦੀ ਆਮਦਨ ਦਾ ਜ਼ਿਆਦਾ ਹਿੱਸਾ ਮਲੇਰਕੋਟਲੇ ਸ਼ਹਿਰ ਤੇ ਖ਼ਰਚ ਕਰਨਾ ਚਾਹੀਦਾ ਹੈ। ਉਥੇ ਕੋਈ ਇਨਸਟੀਚਿਊਸ਼ਨ ਬਣਾ ਦਿਓ ਜਿਥੇ ਕਿ ਉਰਦੂ, ਫਾਰਸੀ ਅਤੇ ਅਰਬੀ ਪੜ੍ਹਾਈ ਜਾਏ। ਕੋਈ ਕਾਰਖਾਨਾ ਉਥੇ ਲਗਾਇਆ ਜਾਏ, ਜਿਸ ਨਾਲ ਗ਼ਰੀਬ ਮੁਸਲਮਾਨ ਅਪਣਾ ਕਾਰੋਬਾਰ ਕਰਕੇ ਆਪਣਾ ਪੇਟ ਪਾਲ ਸਕਣ। ਵਕਫ ਬੋਰਡ ਦਾ ਵੱਧ ਤੋਂ ਵੱਧ ਹਿੱਸਾ ਮਲੇਰਕੋਟਲੇ ਦੇ ਮੁਸਲਮਾਨ ਭਰਾਵਾਂ ਨੂੰ ਮਿਲਣਾ ਚਾਹੀਦਾ ਹੈ। ਇਥੇ ਕਾਰਖਾਨੇ ਔਰ ਇਨਸਟੀਚਿਊਸ਼ਨਜ਼ ਖੋਲ੍ਹਣੀਆਂ ਚਾਹੀਦੀਆਂ ਹਨ ਤਾਂਕਿ ਉਥੋਂ ਦੇ ਲੋਕ ਉਸ ਤੋਂ ਫਾਇਦਾ ਉਠਾ ਸਕਣ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ) : ਚੇਅਰਮੈਨ ਸਾਹਿਬ, ਵਕਫ ਬੋਰਡ ਦਾ ਇਹ ਜਿਹੜਾ ਬਿਲ ਹੈ ਇਹ ਵਕਫ ਬੋਰਡ ਦੇ ਇਤਿਹਾਸ ਵਿਚ ਇਕ ਬੜਾ ਮਹੱਤਵਪੂਰਨ ਬਿਲ ਹੈ। 1947 ਤੋਂ ਬਾਅਦ ਇਸ ਪੰਜਾਬ ਵਿਚ ਅਤੇ ਪੱਛਮੀ ਪਾਕਿਸਤਾਨ ਦੇ ਪੰਜਾਬ ਵਿਚ ਜਿਹੜੀਆਂ ਪ੍ਰਾਪਰਟੀਆਂ ਚਾਹੇ ਉਹ ਗੁਰਦਵਾਰਿਆਂ ਦੇ ਥੱਲੇ ਰਹੀਆਂ ਜਾਂ ਮੰਦਰਾਂ ਦੇ ਥੱਲੇ ਰਹੀਆਂ, ਉਨ੍ਹਾਂ ਦਾ ਉਨ੍ਹਾਂ ਪ੍ਰਾਪਰਟੀਆਂ ਤੇ ਲਗਾਤਾਰ ਕਬਜ਼ਾ ਰਹਿਣ ਕਾਰਣ ਉਹ ਉਨ੍ਹਾਂ ਦੇ ਮਾਲਿਕ ਬਣ ਗਏ। ਵਕਫ ਬੋਰਡ

ਬਣਨ ਦੇ ਬਾਅਦ ਇਹ ਪ੍ਰਾਬਲਮ ਉਸ ਦੇ ਸਾਹਮਣੇ ਆਈ । ਪਰ ਮਜ਼ੇ ਦੀ ਗੱਲ ਇਹ ਹੈ ਕਿ ਇਲਲੀਗਲ ਪੋਜ਼ੈਸ਼ਨ ਨੂੰ ਖਤਮ ਕਰਨ ਵਾਸਤੇ ਜ਼ਰੂਰੀ ਕਦਮ ਨਹੀਂ ਉਠਾਏ ਗਏ । ਮੈਂ ਸ਼ਹਿਰ ਦੀ ਗੱਲ ਦੱਸਦਾ ਹਾਂ । ਸਾਡੇ ਸ਼ਹਿਰ ਵਿਚ ਵਕਫ ਬੋਰਡ ਦੀ ਜਿਹੜੀ ਜ਼ਮੀਨ ਲੀਜ਼ ਤੇ ਦਿੱਤੀ ਗਈ, ਉਥੇ ਸਕੂਲ ਦਾ ਨਿਰਮਾਣ ਹੋਇਆ ਪਰ ਉਸ ਜਗ੍ਹਾ ਤੇ ਅਕਾਲੀ-ਜਨਤਾ ਸਰਕਾਰ ਦੇ ਵੇਲੇ ਨਿਸ਼ਾਨ ਸਾਹਿਬ ਗੱਡ ਕੇ ਉਸ ਤੇ ਕਬਜ਼ਾ ਕਰ ਲਿਆ । ਅਸੀਂ ਉਸ ਵੇਲੇ ਵੀ ਰਿਕੁਐਸਟ ਕੀਤੀ ਸੀ ਪਰ ਉਨ੍ਹਾਂ ਨੇ ਇਹ ਜਗ੍ਹਾ ਅੱਗੇ ਵੇਚ ਦਿੱਤੀ । ਉਥੇ ਲੋਕਾਂ ਨੇ ਮਕਾਨ ਬਣਾ ਲਏ । (ਵਿਘਨ) ਮੈਂ ਅਰਜ਼ ਕਰਾਂਗਾ ਕਿ ਇਸ ਕਿਸਮ ਦੀਆਂ ਜਿਹੜੀਆਂ ਵਕਫ ਬੋਰਡ ਦੀ ਪ੍ਰਾਪਰਟੀਜ਼ ਲੋਕਾਂ ਨੇ ਗੈਰ ਕਾਨੂੰਨੀ ਤੌਰ ਤੇ ਕਬਜ਼ੇ ਵਿਚ ਕੀਤੀਆਂ ਹੋਈਆਂ ਹਨ, ਉਹ ਵਾਪਸ ਲੈਣੀਆਂ ਚਾਹੀਦੀਆਂ ਹਨ । ਇਥੇ ਖਾਲਸਾ ਜੀ ਨੇ ਕਿਹਾ ਕਿ ਜਿਹੜੀ ਸਾਡੀ ਪ੍ਰਾਪਰਟੀ ਪਾਕਿਸਤਾਨ ਵਿਚ ਰਹਿ ਗਈ ਹੈ, ਉਸ ਦੀ ਆਮਦਨ ਗੁਰਦੁਆਰਿਆਂ ਆਦਿ ਦੀ ਮੁਰੰਮਤ ਵਾਸਤੇ ਅਤੇ ਉਨ੍ਹਾਂ ਦੀ ਐਕਸਪੈਨਸ਼ਨ ਵਾਸਤੇ ਉਥੇ ਲਾਉਣੀ ਚਾਹੀਦੀ ਹੈ ਅਤੇ ਇਸ ਬਾਰੇ ਸੈਂਟਰਲ ਗੌਰਮਿੰਟ ਨੂੰ ਕਹਿਣਾ ਚਾਹੀਦਾ ਹੈ । (ਵਿਘਨ) (ਘੰਟੀ) ਮੈਂ ਰਿਕੁਐਸਟ ਕਰਾਂਗਾ ਕਿ ਇਸ ਬਿਲ ਨੂੰ ਇਮੀਜੀਏਟਲੀ ਯੂਨੈਨੀਮਸਲੀ ਪਾਸ ਕਰ ਦਿੱਤਾ ਜਾਵੇ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਚੇਅਰਮੈਨ ਸਾਹਿਬ, ਇਹ ਬਿਲ ਬੜਾ ਅਹਿਮ ਹੈ । ਮੈਂ ਇਸ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ । ਇਹ ਜਿਹੜਾ ਵਕਫ ਬੋਰਡ 3 ਸੂਬਿਆਂ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦਾ ਬਣਿਆ ਹੋਇਆ ਹੈ, ਇਸ ਵਕਫ ਬੋਰਡ ਦੀ ਜਿਹੜੀ ਪ੍ਰਾਪਰਟੀ ਹੈ ਉਸ ਦੀ ਇਨ੍ਹਾਂ ਤਿੰਨਾਂ ਸੂਬਿਆਂ ਵਿਚ ਦੁਰ-ਵਰਤੋਂ ਕੀਤੀ ਜਾਂਦੀ ਹੈ, ਉਸ ਦੀ ਠੀਕ ਯੂਟੇਲਾਈਜ਼ੇਸ਼ਨ ਨਹੀਂ ਹੁੰਦੀ । ਉਸ ਦੇ ਲਈ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਸੈਂਟਰ ਦੀ ਸਰਕਾਰ ਨੂੰ ਕਹੇ ਕਿ ਸਾਡੇ ਪੰਜਾਬ ਦਾ ਵਕਫ ਬੋਰਡ ਵੱਖਰਾ ਬਣਾਉਣਾ ਚਾਹੀਦਾ ਹੈ । ਇਸੇ ਤਰ੍ਹਾਂ ਹੀ ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚ ਵੀ ਵਕਫ ਦੀਆਂ ਪ੍ਰਾਪਰਟੀਜ਼ ਹਨ, ਜਿਨ੍ਹਾਂ ਤੇ ਗਲਤ ਲੋਕਾਂ ਦੇ ਕਬਜ਼ੇ ਹਨ । ਸੰਗਰੂਰ ਵਿਚ ਵੀ ਇਨ੍ਹਾਂ ਦੀ ਜ਼ਮੀਨ ਤੇ ਨਿਹੰਗ ਸਿੰਘਾਂ ਦਾ ਕਬਜ਼ਾ ਹੈ । ਇਸੇ ਤਰ੍ਹਾਂ ਹੀ ਹੋਰ ਵੀ ਕਈ ਥਾਵਾਂ ਤੇ ਲੋਕਾਂ ਦੇ ਨਾਜਾਇਜ਼ ਕਬਜ਼ੇ ਹਨ। ਰਾਜਪੁਰੇ ਵਿਚ ਇਕ ਐਸ.ਐਚ.ਓ. ਹਜੂਰਾ ਸਿੰਘ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ । ਅਜਿਹੇ ਲੋਕਾਂ ਕੋਲੋਂ ਇਹ ਪ੍ਰਾਪਰਟੀ ਲੈ ਕੇ ਵਕਫ ਬੋਰਡ ਨੂੰ ਇਹ ਪ੍ਰਾਪਰਟੀ ਮਾਇਨਾਰਿਟੀ ਲੋਕਾਂ ਨੂੰ ਦੇਣੀ ਚਾਹੀਦੀ ਹੈ ਤਾਕਿ ਉਨ੍ਹਾਂ ਗਰੀਬ ਲੋਕਾਂ ਦਾ ਫਾਇਦਾ ਹੋ ਸਕੇ । ਇਸ ਵਕਫ ਬੋਰਡ ਦੀ ਪ੍ਰਾਪਰਟੀ ਤੋਂ ਜਿਹੜੀ ਆਮਦਨੀ ਹੋਵੇ, ਉਸ ਦਾ ਫਾਇਦਾ ਉਨ੍ਹਾਂ ਗਰੀਬ ਲੋਕਾਂ ਨੂੰ ਹੋਣਾ ਚਾਹੀਦਾ ਹੈ ਉਸ ਆਮਦਨੀ ਦੀ ਵਰਤੋਂ ਨਾਲ ਵੱਧ ਤੋਂ ਵੱਧ ਸਕੂਲ ਬਣਾਉਣੇ ਚਾਹੀਦੇ ਹਨ ਤਾਂਕਿ ਉਨ੍ਹਾਂ ਗਰੀਬ ਲੋਕਾਂ ਦੇ ਬੱਚੇ ਉਥੇ ਪੜ੍ਹ ਸਕਣ । ਉਨ੍ਹਾਂ ਵਾਸਤੇ ਧਰਮਸ਼ਾਲਾਵਾਂ ਬਣਾਉਣੀਆਂ ਚਾਹੀਦੀਆਂ ਹਨ, ਉਨ੍ਹਾਂ ਵਾਸਤੇ ਲਾਇਬ੍ਰੇਰੀਆਂ ਬਣਾਉਣੀਆਂ ਚਾਹੀਦੀਆਂ ਹਨ । ਖਾਸ ਕਰਕੇ ਗਰੀਬ ਮੁਸਲਮਾਨ ਭਰਾਵਾਂ ਦੀ ਵੱਧ ਤੋਂ ਵੱਧ ਭਲਾਈ ਵਾਸਤੇ ਪੈਸਾ ਲਾਉਣਾ ਚਾਹੀਦਾ ਹੈ । ਇਸ ਵਕਫ ਬੋਰਡ ਵਿਚ ਵੀ ਬੜੀ ਧਾਂਦਲੀ ਮਚੀ ਹੋਈ ਹੈ । ਜਿਹੜੀ ਪ੍ਰਾਪਰਟੀ ਲੀਜ਼ ਤੇ ਦਿੱਤੀ ਹੋਈ ਹੈ ਉਸ ਦੀ ਵੀ ਸਹੀ ਘੋਖ ਕਰਨੀ ਚਾਹੀਦੀ ਹੈ । ਪਿਛਲੇ ਸਾਲਾਂ ਵਿਚ ਗਰੀਬ ਮੁਸਲਮਾਨਾਂ ਨੂੰ ਉਥੋਂ ਉਜਾੜਿਆ ਗਿਆ । ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਉਨ੍ਹਾਂ ਦੀ ਪ੍ਰਾਪਰਟੀ ਦੀ ਰੱਖਿਆ ਹੋਣੀ ਚਾਹੀਦੀ ਹੈ । ਇਹ ਜਿਹੜੇ ਹਿੰਦੁਸਤਾਨ ਵਿਚ ਮਾਈਨਾਰਿਟੀ ਦੇ ਲੋਕ ਹਨ, ਉਨ੍ਹਾਂ ਦੀ ਪੂਰੀ ਰਾਖੀ ਹੋਣੀ ਚਾਹੀਦੀ ਹੈ ।

ਸ੍ਰੀ ਸਭਾਪਤੀ : ਤੁਸੀਂ ਵਾਈਂਡ ਅੱਪ ਕਰੋ ।

ਮਾਸਟਰ ਚੰਦ ਸਿੰਘ : ਨਜਾਇਜ਼ ਕਬਜ਼ੇ ਖਤਮ ਹੋਣੇ ਚਾਹੀਦੇ ਹਨ । ਮਾਈਨਾਰਿਟੀ ਲੋਕਾਂ ਦੀ ਰੱਖਿਆ ਹੋਣੀ ਚਾਹੀਦੀ ਹੈ ।

ਕਾਮਰੇਡ ਸੋਹਨ ਸਿੰਘ (ਵੇਰਕਾ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ :—

''ਸੜਕ ਤੇ ਰੋੜੀ ਕੁਟਦੀ ਮੁਟਿਆਰ ਦੇਖੋ,

ਮਹਿਲੀਂ ਰੰਗ ਰਲੀਆਂ ਮਨਾਉਂਦੀ ਨਾਰ ਦੇਖੋ ।'' (ਥੇਪਿੰਗ)

ਮੈਂ ਇਸ ਬਿਲ ਉਤੇ ਕੁਝ ਬੋਲਣ ਬਾਰੇ ਖੜ੍ਹਾ ਹੋਇਆ ਹਾਂ । ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਤੁਸੀਂ ਮੈਨੂੰ ਬੋਲਣ ਲਈ ਟਾਇਮ ਦਿੱਤਾ ਹੈ । ਪਤਾ ਨਹੀਂ ਸਾਡੇ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ ਹੈ । ਜੇ ਅਸੀਂ ਸਪਲੀਮੈਂਟਰੀ ਸਵਾਲ ਕਰਨ ਵਾਸਤੇ ਖੜੇ ਹੁੰਦੇ ਹਾਂ ਤਾਂ ਸਾਨੂੰ ਟਾਈਮ ਨਹੀਂ ਦਿੰਦੇ । ਤੁਸੀਂ ਹੁਣ ਮੈਨੂੰ ਟਾਈਮ ਦਿੱਤਾ ਹੈ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ।

ਸ੍ਰੀ ਸਭਾਪਤੀ : ਤੁਹਾਡਾ ਇਕ ਮਿੰਟ ਹੈ, ਕਿਤੇ ਖੁਸ਼ੀ ਪ੍ਰਗਟ ਕਰਦੇ ਹੀ ਨਾ ਉਹ ਖਤਮ ਕਰ ਲੈਣਾ । (ਹਾਸਾ)

ਕਾਮਰੇਡ ਸੋਹਣ ਸਿੰਘ : ਇਸ ਬਿਲ ਰਾਹੀਂ ਸਰਕਾਰ ਨੇ ਦਸੰਬਰ, 1985 ਤੱਕ ਵਕਫ ਬੋਰਡ ਦੀ ਪ੍ਰਾਪਰਟੀ ਲੈਣ ਬਾਰੇ ਅਧਿਕਾਰ ਮੰਗਿਆ ਹੈ । ਪਹਿਲਾਂ 1959 ਵਿਚ ਕਾਨੂੰਨ ਰਾਹੀਂ ਇਸ ਦੀ ਮਿਆਦ ਦਸੰਬਰ, 1976 ਰੱਖੀ ਗਈ ਸੀ। (ਵਿਘਨ) 1959 ਦੇ ਐਕਟ ਦੀ ਧਾਰਾ 3 ਦੇ ਅਧੀਨ ਵਕਫ ਬੋਰਡ ਦੇ ਨਜਾਇਜ਼ ਕਬਜ਼ੇ ਖਤਮ ਕਰਨ ਬਾਰੇ ਪਹਿਲਾਂ ਇਸ ਦੀ ਮਿਆਦ ਦਸੰਬਰ, 1976 ਰੱਖੀ ਗਈ ਸੀ, ਪਰ ਹੁਣ ਇਸ ਬਿਲ ਰਾਹੀਂ ਇਹ ਮਿਆਦ ਦਸੰਬਰ, 1985 ਤੱਕ ਰਖੀ ਜਾ ਰਹੀ ਹੈ । ਇਸ ਗੱਲ ਤੋਂ ਸਾਰੇ ਜਾਣੂ ਹਨ ਅਤੇ ਕਈ ਵਾਰ ਅਖਬਾਰਾਂ ਵਿਚ ਖਬਰਾਂ ਵੀ ਆਉਂਦੀਆਂ ਹਨ ਕਿ ਇਸ ਵਕਫ ਬੋਰਡ ਦੀ ਜਾਇਦਾਦ ਉਤੇ ਵੱਡੇ ਵੱਡੇ ਲੋਕਾਂ ਦੇ ਕਬਜ਼ੇ ਹਨ । ਕਈ ਝਗੜੇ ਚੱਲ ਰਹੇ ਹਨ । ਇਸ ਵਿਚ ਪਿਛਲੇ 33 ਸਾਲਾਂ ਤੋਂ ਬੜਾ ਘਪਲਾ ਹੋਇਆ ਹੈ । ਇਸ ਦੀ ਪੜਤਾਲ ਹੋਣੀ ਚਾਹੀਦੀ ਹੈ । ਮੈਂ ਕਹਾਂਗਾ ਕਿ ਇਸ ਬਾਰੇ ਹਾਊਸ ਦੀ ਕਮੇਟੀ ਬਣਾਉਣੀ ਚਾਹੀਦੀ ਹੈ ਜੋ ਕਿ ਇਸ ਦੀ ਪੜਤਾਲ ਕਰੇ ।

ਸ੍ਰੀ ਸਭਾਪਤੀ : ਤੁਸੀਂ ਬੈਠੋ, ਤੁਹਾਡਾ ਟਾਈਮ ਹੋ ਗਿਆ ਹੈ ।

ਕਾਮਰੇਡ ਸੋਹਣ ਸਿੰਘ : ਹਾਊਸ ਦੀ ਕਮੇਟੀ ਬਣਾਉਣ ਨਾਲ ਨਜਾਇਜ਼ ਕਬਜ਼ੇ ਉਸ ਦੇ ਸਾਹਮਣੇ ਆਉਣਗੇ ।

ਸ੍ਰੀ ਸਭਾਪਤੀ : ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਬੰਦ ਕਰੋ ।

ਕਾਮਰੇਡ ਸੋਹਣ ਸਿੰਘ : ਨਜਾਇਜ਼ ਕਬਜ਼ੇ ਖਤਮ ਹੋਣੇ ਚਾਹੀਦੇ ਹਨ । ਹਾਊਸ ਦੀ ਕਮੇਟੀ ਬਣਾਉਣੀ ਚਾਹੀਦੀ ਹੈ ।

ਸ਼੍ਰੀ ਸਭਾਪਤੀ : ਤੁਸੀਂ ਬੰਦ ਕਰੋ । ਹਾਂ ਜੀ, ਧੰਨੋਵਾਲੀਆ ਜੀ, ਤੁਸੀਂ ਸ਼ੁਰੂ ਕਰੋ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ (ਫ਼ਗਵਾੜਾ, ਐਸ. ਸੀ.) **:** ਚੇਅਰਮੈਨ ਸਾਹਿਬ, ਸਰਕਾਰ ਨੇ ਇਹ ਜੋ ਬਿਲ ਲਿਆਂਦਾ ਹੈ, ਇਹ ਬੜੀ ਸ਼ਲਾਘਾਯੋਗ ਗੱਲ ਹੈ । ਇਸ ਬਿਲ ਦਾ ਮੰਤਵ ਇਹ ਹੈ ਕਿ ਵਕਫ ਬੋਰਡ ਦੀਆਂ ਜ਼ਮੀਨਾਂ, ਪ੍ਰਾਪਰਟੀਜ਼ ਤੇ ਜਿਹੜੇ ਨਜਾਇਜ਼ ਲੋਕਾਂ ਦੇ ਕਬਜ਼ੇ ਹਨ, ਉਨ੍ਹਾਂ ਨੂੰ ਕਢਾਉਣ ਲਈ ਪਹਿਲਾਂ ਇਸ ਦੀ ਮਿਆਦ 31 ਦਸੰਬਰ, 1976 ਤੱਕ ਸੀ ਪਰ ਹੁਣ ਇਸ ਬਿਲ ਰਾਹੀਂ ਇਸ ਦੀ ਮਿਆਦ ਦਸੰਬਰ, 1985 ਤੱਕ ਵਧਾਈ ਗਈ ਹੈ ਤਾਂਕਿ ਨਜਾਇਜ਼ ਕਬਜ਼ੇ ਖ਼ਤਮ ਕੀਤੇ ਜਾਣ । (ਵਿਘਨ)

Mr. Chairman : No Interruption.

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਵਕਫ ਬੋਰਡ ਦੀ ਜਾਇਦਾਦ ਤੇ ਜਿਹੜੇ ਨਜਾਇਜ਼ ਕਬਜ਼ੇ ਹਨ ਉਨ੍ਹਾਂ ਦੇ ਕਬਜ਼ੇ ਵਿਚੋਂ ਕਢਾਉਣ ਬਾਰੇ ਸਿਰਫ ਐਨੀ ਗੱਲ ਸੀ ਪਰ, ਚੇਅਰਮੈਨ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਮੇਰੇ ਮਾਨਯੋਗ ਮੈਂਬਰ ਖਾਲਸਾ ਨੇ ਕਿਹਾ ਹੈ ਕਿ ਪੰਜਾਬ ਦਾ ਵੱਖਰਾ ਵਕਫ ਬੋਰਡ ਹੋਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮੈਨੂੰ ਸਮਝ ਨਹੀਂ ਆਈ ਕਿ ਇਨ੍ਹਾਂ ਦੀਆਂ ਦੋ ਨੀਤੀਆਂ ਕਿਉਂ ਹਨ । ਜਦ ਤਾਂ ਇਨ੍ਹਾਂ ਦੇ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਆਪਣੇ ਮਜ਼ਹਬ ਦੀ ਗੱਲ ਆਉਂਦੀ ਹੈ, ਸ਼੍ਰੋਮਣੀ ਕਮੇਟੀ ਦੀ ਗੱਲ ਆਉਂਦੀ ਹੈ ਤਾਂ ਫਿਰ ਇਹ ਪਿੱਟਦੇ ਹਨ ਕਿ ਸਾਰੇ ਹਿੰਦੁਸਤਾਨ ਵਿਚ ਇਕੋ ਚਾਹੀਦੀ ਹੈ । ਦਿੱਲੀ ਸਰਕਾਰ ਵਲੋਂ ਇਕ ਨੋਟੀਫ਼ਿਕੇਸ਼ਨ ਹੋਈ ਕਿ ਦਿੱਲੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਲੱਗ ਹੋਣੀ ਚਾਹੀਦੀ ਹੈ, ਪਰ ਇਹ ਰੌਲਾ ਪਾਉਂਦੇ ਹਨ ਕਿ ਨਹੀਂ ਇਕ ਹੀ ਹੋਣੀ ਚਾਹੀਦੀ ਹੈ । ਹੁਣ ਜਦੋਂ ਦੂਸਰੇ ਧਰਮ ਦੀ ਗੱਲ ਆਈ ਹੈ ਤਾਂ ਇਹ ਕਹਿੰਦੇ ਹਨ ਕਿ ਪੰਜਾਬ ਦਾ ਵਕਫ ਬੋਰਡ ਅਲੱਗ ਬਣਾਓ । ਮੈਨੂੰ, ਚੇਅਰਮੈਨ ਸਾਹਿਬ, ਸਮਝ ਨਹੀਂ ਆਈ ਕਿ ਇਨ੍ਹਾਂ ਦੀਆਂ ਦੋ ਨੀਤੀਆਂ ਕਿਉਂ ਹਨ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦੋ ਨੀਤੀਆਂ ਦੀ ਗੱਲ ਨਹੀਂ ਹੋਣੀ ਚਾਹੀਦੀ, ਇਕ ਨੀਤੀ ਦੀ ਗੱਲ ਹੋਣੀ ਚਾਹੀਦੀ ਹੈ । ਇਹ ਬਿਲ ਹਾਊਸ ਦੇ ਸਾਹਮਣੇ ਲਿਆਂਦਾ ਹੈ, ਮੈਂ ਇਸ ਦੀ ਸ਼ਲਾਘਾ ਕਰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)**:** ਚੇਅਰਮੈਨ ਸਾਹਿਬ, ਹਾਊਸ ਦੇ ਮਾਨਯੋਗ ਮੈਂਬਰਾਂ ਨੇ, ਖਾਲਸਾ ਜੀ ਨੇ, ਧੰਨੋਵਾਲੀਆ ਜੀ ਨੇ ਅਤੇ ਹੋਰ ਬਾਕੀ ਦੇ ਸੱਜਣਾਂ ਨੇ ਵੀ ਇਸ ਬਿਲ ਦੀ ਸ਼ਲਾਘਾ ਕੀਤੀ ਹੈ। ਇਹ ਸ਼ਲਾਘਾ ਇਸ ਕਰਕੇ ਕੀਤੀ ਹੈ ਕਿ ਜਿਹੜੇ ਨਾਜਾਇਜ਼ ਕਬਜ਼ੇ ਹਨ ਉਨ੍ਹਾਂ ਨੂੰ ਦੂਰ ਕਰਨ ਵਾਸਤੇ ਇਹ ਮਿਆਦ ਜੋ ਹੈ ਉਹ ਦਸੰਬਰ, 1985 ਤਕ ਵਧਾਈ ਜਾ ਰਹੀ ਹੈ । ਇਸ ਤੋਂ ਪਹਿਲਾਂ ਵੀ ਇਸ ਦੀ ਜ਼ਰੂਰਤ ਪਈ ਸੀ । ਪਹਿਲਾਂ ਇਹ 1959 ਤਕ ਸੀ, ਫਿਰ 1967 ਤਕ ਹੋਈ ਅਤੇ ਫਿਰ 1976 ਤਕ ਹੋਈ ਅਤੇ ਹੁਣ 1985 ਤਕ ਕੀਤੀ ਹੈ ਤਾਂਕਿ ਨਾਜਾਇਜ਼ ਕਬਜ਼ੇ ਤੋਂ ਜਗ੍ਹਾਂ ਜਿਹੜੀ ਹੈ, ਉਹ ਛੁਡਵਾਈ ਜਾ ਸਕੇ । ਵਕਫ ਬੋਰਡ ਜਿਹੜਾ ਹੈ ਇਹ ਸੈਂਟਰਲ ਐਕਟ ਦੇ ਮੁਤਾਬਿਕ, 1954 ਦੇ ਐਕਟ ਦੇ ਮੁਤਾਬਿਕ ਇੰਟਰ-ਸਟੇਟ ਬਾਡੀ ਹੈ । ਇਸ ਦੇ ਵਿਚ ਤਿੰਨ ਸਟੇਟਾਂ, ਹਰਿਆਣਾ,

[ਵਿੱਤ ਮੰਤਰੀ]

ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਹਨ ਔਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ ਦਾ ਅਲੱਗ ਬੋਰਡ ਹੋ ਜਾਵੇ, ਪਰ ਸੈਂਟਰਲ ਗੌਰਮਿੰਟ ਇਸ ਦੇ ਲਈ ਜ਼ਿੰਮੇਵਾਰ ਹੈ। ਉਨ੍ਹਾਂ ਇਸ ਵੇਲੇ ਜਿਹੜਾ ਬੋਰਡ ਬਣਾਇਆ ਹੈ, ਉਹ ਕੰਮ ਕਰ ਰਿਹਾ ਹੈ। ਇਸ ਵੇਲੇ ਬਿਲ ਦਾ ਜੋ ਮਕਸਦ ਹੈ, ਉਹ ਇਤਨਾ ਹੈ ਕਿ ਇਸ ਦੀ ਮਿਆਦ ਮੁਕੱਦਮਾ ਕਰਨ ਵਾਸਤੇ 1985 ਤਕ ਕੀਤੀ ਜਾਵੇ ਤਾਂਕਿ ਨਾਜਇਜ਼ ਕਬਜ਼ੇ ਜੋ ਹਨ, ਉਨ੍ਹਾਂ ਨੂੰ ਹਟਾਇਆ ਜਾਵੇ। ਮਾਨਯੋਗ ਮੈਂਬਰਾਂ ਨੇ ਸਭ ਤੋਂ ਜ਼ਿਆਦਾ ਇਸੇ ਗੱਲ ਦਾ ਤੌਖਲਾ ਜ਼ਾਹਰ ਕੀਤਾ ਹੈ ਕਿ ਨਾਜਾਇਜ਼ ਕਬਜ਼ੇ ਜੋ ਹਨ, ਉਨ੍ਹਾਂ ਨੂੰ ਹਟਾਇਆ ਜਾਵੇ ਔਰ ਮੈਂ ਹਾਊਸ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਵਕਫ ਬੋਰਡ ਨੂੰ ਜ਼ਰੂਰ ਲਿਖੇਗੀ, ਮਿਆਦ ਵਧਾਉਣ ਦੇ ਬਾਅਦ, ਕਿ ਜਿਨ੍ਹਾਂ ਦੇ ਨਾਜਾਇਜ਼ ਕਬਜ਼ੇ ਹਨ ਉਨ੍ਹਾਂ ਨੂੰ ਫੌਰੀ ਤੌਰ ਤੇ ਹਟਾਇਆ ਜਾਵੇ ਔਰ ਵਕਫ ਬੋਰਡ ਦੇ ਕਬਜ਼ੇ ਵਿਚ ਜਗ੍ਹਾ ਆ ਜਾਵੇ ਤਾਂਕਿ ਉਸ ਦਾ ਫਾਇਦਾ ਵਕਫ ਬੋਰਡ ਨੂੰ ਮਿਲੇ। ਪਾਕਿਸਤਾਨ ਵਿਚ ਜਿਸ ਤਰ੍ਹਾਂ ਵਕਫ ਬੋਰਡ ਬਣਿਆ ਹੋਇਆ ਹੈ ਇਸੇ ਤਰ੍ਹਾਂ ਇਥੇ ਵੀ ਬਣੇ। ਮਿਆਦ ਵਧਾਉਣ ਵਾਸਤੇ ਇਹ ਬਿਲ ਹੈ ਔਰ ਸਾਰੇ ਮਾਨਯੋਗ ਮੈਂਬਰਾਂ ਨੇ ਇਸ ਦੀ ਸ਼ਲਾਘਾ ਕੀਤੀ ਹੈ ਔਰ ਮੈਨੂੰ ਯਕੀਨ ਹੈ ਕਿ ਸਰਵਸੰਮਤੀ ਨਾਲ ਹੀ ਇਸ ਨੂੰ ਪਾਸ ਕੀਤਾ ਜਾਵੇਗਾ।

Mr. Chairman (Sardar Birdevinder Singh) : Question is—

That the Public Wakfs (Extension of Limitation) (Punjab Amendment) Bill be taken into consideration at once.

The motion was carried

Mr. Chairman : Now the House will proceed to consider the Bill Clause by Clause.

SUB-CLAUSE (2) OF CLAUSE 1

Mr. Chairman : Question is—

That Sub-Clause (2) of Clause 1 stand part of the Bill.

The motion was carried.

CLAUSE 2

Mr. Chairman : Question is—

That Clause 2 Stand part of the Bill.

The motion was carried.

SUB-CLAUSE (1) OF CLAUSE 1

Mr. Chairman : Question is—

That Sub-Clause (1) of Clause 1 stand part of the Bill,

The motion was carried.

TITLE

Mr. Chairman : Question is—

That Title be the title of the Bill.

The motion w s carrie .

Finance Minister (Dr. Kewal Krishan) : Sir, I beg to move—

That the Public Wakfs (Extension of Limitation) (Punjab Amendment) Bill be passed.

Mr. Chairman : Motion moved—

That the Public Wakfs (Extension of Limitation) (Punjab Amendment) Bill be passed.

Mr. Chairman : Question is—

That the Public Wakfs (Extension of Limitation) (Punjab Amendment) Bill be Passed.

The motion was carried.

THE PUNJAB NEW MANDI TOWNSHIPS (DEVELOPMENT AND REGULATION)AMENDMENT AND VALIDATION BILL 1981.

Agriculture Minister (Chaudhri Kanshi Ram) : Sir, I beg to introduce the Punjab New Mandi Townships (Development and Regulation) Amendment and Validation Bill.

Sir, I also beg to move –

That the Punjab New Mandi Townships (Development and Regulation) Amendment and Validation Bill be taken into consideration at once.

Mr. Chairman : Motion moved—

That the Punjab New Mandi Townships (Development and Regulation) Amendment and Validation Bill be taken into consideration at once.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.): ਸਰ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਐਕਟ ਦੀ ਅਮੈਂਡਮੈਂਟ ਇਸ ਕਰਕੇ ਲਿਆਂਦੀ ਹੈ ਕਿ ਪੰਜਾਬ ਹਾਈ ਕੋਰਟ ਨੇ ਸੈਕਸ਼ਨ-13 ਨੂੰ ਨੱਲ ਐਂਡ ਵੁਆਇਡ ਕਰ ਦਿੱਤਾ ਹੈ। ਇਸ ਲਈ ਜ਼ਰੂਰਤ ਪੂਰੀ ਕਰਨ ਲਈ ਇਹ ਅਮੈਂਡਮੈਂਟ ਲਿਆਂਦੀ ਹੈ ਅਤੇ ਹੋਰ ਵੀ ਸੋਧਨਾ ਕੀਤੀ ਹੈ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੰਡੀਆਂ ਸਾਰੀਆਂ ਹੀ ਬਣੀਆਂ ਹਨ ਲੇਕਿਨ ਮੰਡੀਆਂ ਦਾ ਜਿਹੜਾ ਸਿਸਟਮ ਹੈ, ਉਹ ਡਿਫੈਕਟਿਵ ਹੈ। ਪਲਾਟ ਵੇਚ ਦਿਤੇ ਹਨ ਲੇਕਿਨ ਉਥੇ ਕੋਈ ਦੁਕਾਨ ਨਹੀਂ, ਕੋਈ ਮਕਾਨ ਨਹੀਂ ਔਰ ਸਮਾਨ ਜੋ ਹੈ ਉਥੇ ਰੁਲਦਾ ਪਿਆ ਹੈ। ਸਪਲਾਈ ਵੀ ਠੀਕ ਨਹੀਂ ਹੈ ਔਰ ਇਸ ਦੇ ਇਲਾਵਾ ਲਾਈਟਾਂ ਜੋ ਹਨ, ਉਹ ਵੀ ਸਿਸਟਮ ਠੀਕ ਨਹੀਂ ਔਰ ਰੈਸਟ ਹਾਊਸ ਜੋ ਹੈ ਉਨ੍ਹਾਂ ਦੀ ਵੀ ਦੁਰ ਵਰਤੋਂ ਹੋ ਰਹੀ ਹੈ। ਫਿਰ ਜਿਹੜੀ ਜ਼ਮੀਨ ਵੀ ਖਰੀਦੀ ਗਈ ਹੈ, ਉਸ ਦੀ ਪੂਰੀ ਕੀਮਤ ਨਹੀਂ ਲੋਕਾਂ ਨੂੰ ਮਿਲੀ, ਕਈਆਂ ਨੂੰ ਪੈਸੇ ਮਿਲੇ ਵੀ ਨਹੀਂ ਹਨ।

[ਸਰਦਾਰ ਦਲੀਪ ਸਿੰਘ ਪਾਂਧੀ]

ਲੋਕਾਂ ਨੂੰ ਫਿਰ ਕੋਰਟਾਂ ਵਿਚ ਜਾ ਕੇ ਪੈਸੇ ਲੈਣ ਦੀ ਕੋਸ਼ਿਸ਼ ਕਰਨੀ ਪੈਂਦੀ ਹੈ। ਇਸ ਲਈ ਇਸ ਪਾਸੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਮਾਰਕਿਟ ਪ੍ਰਾਈਸ ਤੇ ਜ਼ਮੀਨ ਲੋਕਾਂ ਤੋਂ ਲੈਣੀ ਚਾਹੀਦੀ ਹੈ। ਔਰ ਫਿਰ ਸੈਂਟਰਲ ਐਕਟ ਦੇ ਲੈਂਡ ਐਕਵੀਜ਼ੀਸ਼ਨ ਦਾ ਸਹਾਰਾ ਨਹੀਂ ਲੈਣਾ ਚਾਹੀਦਾ, ਪੰਜਾਬ ਸਰਕਾਰ ਨੂੰ ਆਪਣਾ ਐਕਟ ਬਣਾਉਣਾ ਚਾਹੀਦਾ ਹੈ ਔਰ ਇਹ ਕਮਪੈਲ ਕਰਨਾ ਚਾਹੀਦਾ ਹੈ ਕਿ ਮੰਡੀਆਂ ਜਿਹੜੀਆਂ ਬਣਨ ਉਹ ਚੰਗੀਆਂ ਬਣਨ ਅਤੇ ਜਿੰਨੀਆਂ ਸਹੂਲਤਾਂ ਕਿਸਾਨਾਂ ਨੂੰ ਦਿੱਤੀਆਂ ਜਾਣ ਉਹ ਉਸ ਦੇ ਫਾਇਦੇ ਵਾਸਤੇ ਦਿੱਤੀਆਂ ਜਾਣ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾਂ ਹਾਂ ਕਿ ਮਾਰਕੀਟਿੰਗ ਬੋਰਡ ਦਾ ਬੜਾ ਭਾਰੀ ਤਾਦਾਦ ਵਿਚ ਪੈਸਾ ਪਿਆ ਹੈ, ਉਹ ਇਸ ਦੇ ਨਾਲ ਹੀ ਇੰਟਰ ਲਿੰਕਡ ਹੈ ਲੇਕਿਨ ਉਹ ਪੈਸਾ ਨਹੀਂ ਖ਼ਰਚ ਕੀਤਾ ਜਾ ਸਕਦਾ ਕਿਉਂਕਿ ਸੁਪਰੀਮ ਕੋਰਟ ਦਾ ਕੋਈ ਫੈਸਲਾ ਹੈ। ਉਹ ਪੈਸਾ ਜਿਹੜਾ ਹੈ ਉਸ ਦੀ ਦੁਰਵਰਤੋਂ ਹੋ ਰਹੀ ਹੈ। ਨਾ ਉਸ ਨਾਲ ਸੜਕਾਂ ਬਣ ਸਕਦੀਆਂ ਹਨ ਤੇ ਨਾ ਹੋਰ ਡਿਵੈਲਪਮੈਂਟ ਦਾ ਕੰਮ ਹੋ ਸਕਦਾ ਹੈ। ਮੇਰੀ ਅਰਜ਼ ਹੈ ਕਿ ਉਹ ਪੈਸਾ ਸਰਕਾਰ ਆਪਣੇ ਪਾਸ ਲੈ ਕੇ ਉਸ ਨਾਲ ਮੰਡੀਆਂ ਦੀ ਡਿਵੈਲਪਮੈਂਟ ਕਰੇ, ਸੜਕਾਂ ਬਣਾਵੇ। ਬਲਕਿ ਮੈਂ ਤਾਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਆਪਣੀਆਂ ਦੁਕਾਨਾਂ ਉਥੇ ਬਣਾਵੇ, ਸਰਕਾਰ ਆਪਣੀਆਂ ਦੁਕਾਨਾਂ ਬਣਾ ਕੇ ਦੇਵੇ। (ਵਿਘਨ) ਵਪਾਰੀ ਲੋਕ ਛੇ ਮਹੀਨੇ ਬਾਅਦ ਇਕ ਟੈਂਟ ਲਗਾ ਦੇਂਦੇ ਹਨ ਅਤੇ ਆ ਕੇ ਜੱਟਾਂ ਨੂੰ ਲੁੱਟ ਲੈਂਦੇ ਹਨ। ਸ਼ਹਿਰਾਂ ਵਿਚ ਤੁਸੀਂ ਚੇਅਰਮੈਨ ਸਾਹਿਬ, ਦੇਖਿਆ ਹੈ ਕਿ ਜੋ ਮੰਡੀਆਂ ਬਣਾਈਆਂ ਹਨ ਉਥੇ ਬੜੀ ਸੱਫੋਕੇਸ਼ਨ ਹੋ ਰਹੀ ਹੈ। ਸਰਹਿੰਦ, ਗੋਬਿੰਦਗੜ੍ਹ ਅਤੇ ਪਟਿਆਲੇ ਦੀ ਮੰਡੀ ਤੁਸੀਂ ਦੇਖੀ ਹੋਣੀ ਹੈ ਕਿ ਉਥੇ ਕੀ ਹਾਲਤ ਹੈ। ਮੈਂ ਸਰਕਾਰ ਨੂੰ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਮੰਡੀਆਂ ਦੀ ਡਿਵੈਲਪਮੈਂਟ ਵਲ ਸਰਕਾਰ ਨੂੰ ਤਵੱਜੋ ਦੇ ਕੇ ਨਵਾਂ ਟਾਊਨ ਜਿਹੜਾ ਹੈ ਉਹਦੀ ਡਿਵੈਲਪਮੈਂਟ ਕਰਨੀ ਚਾਹੀਦੀ ਹੈ। (ਘੰਟੀ) (ਵਿਘਨ) 10-10 ਸਾਲ ਹੋ ਗਏ ਹਨ ਮੰਡੀਆਂ ਸ਼ਹਿਰਾਂ ਤੋਂ ਬਾਹਰ ਗਈਆਂ ਨੂੰ ਪਰ ਕੋਈ ਡਿਵੈਲਪਮੈਂਟ ਨਹੀਂ ਹੋ ਰਹੀ। ਅਜੇ ਵੀ ਉਹ ਸਫੋਕੇਟਿਡ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਮੰਡੀਆਂ ਵਲ ਧਿਆਨ ਦੇਣਾ ਚਾਹੀਦਾ ਹੈ। (ਵਿਘਨ) ਬਸ ਜੀ, ਮੈਂ ਇਤਨਾ ਹੀ ਕਹਿਣਾ ਸੀ।

EXTENSION OF TIME OF THE SITTING

Mr. Chairman: If you want to speak, we shall have to extend the sitting of the House.

Is it the pleasure of House ?

Voices : Yes, Yes.

Mr. Chairman : The time of the sitting of the House is extended by 15 minutes.

THE PUNJAB NEW MANDI TOWNSHIPS DEVELOPMENT AND REGULATION) AMENDMENT AND VALIDATION BILL, 1981 (*Resumption of Consideration*)

ਕਾਮਰੇਡ ਸਰਵਣ ਸਿੰਘ ਧਰਮਕੋਟ (ਐਸ.ਸੀ.) : ਚੇਅਰਮੈਨ ਸਾਹਿਬ, ਮੰਡੀਆਂ ਦਾ ਅਮੈਂਡਮੈਂਟ ਬਿਲ ਹਾਊਸ ਵਿਚ ਆਇਆ ਹੈ ਇਹ ਬੜੀ ਚੰਗੀ ਗਲ ਹੈ। ਨਵੀਆਂ ਮੰਡੀਆਂ ਸਰਕਾਰ ਨੇ ਬਾਹਰ ਕੱਢ ਕੇ ਬਣਾਉਣੀਆਂ ਸ਼ੁਰੂ ਕਰ ਦਿਤੀਆਂ ਹਨ । ਧਾਰਾ 11 ਸਾਫ ਕਹਿੰਦੀ ਹੈ ਇਸ ਬਾਰੇ ਕਿ ਪਲਾਟ ਲੈਣ ਦਾ ਹੱਕ ਦਿਤਾ ਜਾਂਦਾ ਹੈ। ਜੋ ਪਲਾਟ ਖਰੀਦੇਗਾ ਉਸ ਨੂੰ 25% ਅਦਾਇਗੀ ਕਰਨੀ ਪਏਗੀ ਅਤੇ ਉਸ ਦੇ ਬਾਅਦ ਉਸਨੂੰ ਮਾਲਕੀ ਹੱਕ ਦਿਤਾ ਜਾਂਦਾ ਹੈ। ਅਗਰ ਉਹ ਬਾਕੀ ਪੈਸੇ ਨਾ ਦੇਵੇ ਤਾਂ ਉਸ ਤੇ ਜੁਰਮਾਨਾ ਕੀਤ ਜਾਏਗਾ । ਮੈਂ ਕਹਿੰਦਾ ਹਾਂ ਕਿ ਇਹ ਜੁਰਮਾਨਾ ਲਫਜ਼ ਕੱਢ ਦੇਣਾ ਚਾਹੀਦਾ ਹੈ । ਇਹ ਜਿਹੜਾ ਜੁਰਮਾਨੇ ਵਾਲਾ ਲਫਜ਼ ਲਗਾਇਆ ਹੈ, ਇਹ ਸਿਧਾ ਕੁਰੱਪਸ਼ਨ ਨੂੰ ਬੜ੍ਹਾਵਾ ਦੇਣਾ ਹੈ। ਜੇਕਰ ਅਫਸਰ ਦੀਆਂ ਜੇਬਾਂ ਵਿਚ ਕੁਝ ਪੈ ਜਾਏਗਾ ਤਾਂ ਉਹ ਬਾਗਾਂ ਖੁਲੀਆਂ ਛੱਡ ਦੇਵੇਗਾ ਔਰ ਅਗਰ ਕੋਈ ਨਜ਼ਰਾਨਾ ਨਹੀਂ ਪੇਸ਼ ਕਰੇਗਾ ਤਾਂ ਉਸ ਦੀ ਹਾਲਤ ਬੁਰੀ ਹੋਵੇਗੀ ।

ਇਸ ਦੇ ਨਾਲ ਹੀ ਇਕ ਗਲ ਹੋਰ ਇਹ ਹੈ ਕਿ ਜਿਹੜੇ ਪੱਕੇ ਆੜ੍ਹਤੀਏ ਹਨ, ਇਨ੍ਹਾਂ ਦਾ ਇਕ ਪਲਾਟ ਮੰਡੀ ਦੇ ਅੰਦਰ ਹੁੰਦਾ ਹੈ ਅਤੇ ਇਕ ਬਾਹਰ ਲੈ ਲੈਂਦੇ ਹਨ। ਉਹ ਅੰਦਰ ਵਾਲਾ ਪਲਾਟ ਛੱਡ ਕੇ ਬਾਹਰ ਆਉਣ ਨੂੰ ਤਿਆਰ ਨਹੀਂ ਹੁੰਦੇ । ਉਨ੍ਹਾਂ ਦੀ ਕਿਸਾਨਾਂ ਨਾਲ ਕੋਈ ਹਮਦਰਦੀ ਨਹੀਂ ਹੁੰਦੀ। ਇਹ ਪਲਾਟ ਕੱਚੇ ਆੜ੍ਹਤੀਆਂ ਨੂੰ ਮਿਲਣੇ ਚਾਹੀਦੇ ਹਨ, ਉਹ ਕਿਸਾਨ ਦੀ ਤਕਲੀਫ ਨੂੰ ਸਮਝਦੇ ਹਨ ।

ਚੇਅਰਮੈਨ ਸਾਹਿਬ, ਤੁਹਾਡੀ ਸਰਕਾਰ ਨੇ 3600 ਰੁਪਏ ਦੀ ਇਨਕਮ ਦਾ ਬੜਾ ਢੰਡੋਰਾ ਪਿਟਿਆ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਉਸ ਤੇ ਅਮਲ ਕਰਨਾ ਹੈ ਤਾਂ ਇਸ ਵਿਚ ਉਨ੍ਹਾਂ ਨੂੰ ਵੀ ਪਲਾਟ ਦੇਣੇ ਚਾਹੀਦੇ ਹਨ ਜਿਥੋਂ ਤਕ ਇਸ ਬਿਲ ਵਿਚ ਇਹ ਗਲ ਹੈ ਕਿ ਪਲਾਟ ਜ਼ਬਤ ਕੀਤਾ ਜਾਏਗਾ ਜੇਕਰ ਕੋਈ ਕਿਸ਼ਤ ਵਗੈਰਾ ਸਮੇਂ ਸਿਰ ਨਾ ਦਿਤੀ ਗਈ ਔਰ ਉਸ ਨੂੰ ਕੋਈ ਅਪੀਲ ਕਰਨ ਦਾ ਹਕ ਵੀ ਨਹੀਂ ਹੈ । ਸਿਰਫ ਇਤਨਾ ਹੀ ਕਿਹਾ ਹੈ ਕਿ 20 ਦਿਨਾਂ ਦੇ ਅੰਦਰ ਅੰਦਰ ਉਹ ਆਕੇ ਵਜ੍ਹਾ ਬਿਆਨ ਕਰੇ ਕਿ ਕਿਉਂ ਨਹੀਂ ਅਦਾਇਗੀ ਕੀਤੀ ਗਈ । ਮੈਂ ਕਹਿੰਦਾ ਹਾ ਕਿ ਪਲਾਟ ਦਿਤੇ ਜਾਣ ਠੀਕ ਗਲ ਹੈ, ਮੰਡੀਆ ਆਬਾਦ ਹੋਣ ਚੰਗੀ ਗਲ ਹੈ; ਪਰ ਅਪੀਲ ਦਾ ਹਕ ਨਾ ਦੇਣਾ ਇਹ ਅਫਸਰਸ਼ਾਹੀ ਨੂੰ ਬੜ੍ਹਾਵਾ ਦੇਣਾ ਹੈ । ਇਹ ਠੀਕ ਨਹੀਂ ਹੈ । ਅਗਰ ਕੋਈ ਕਿਸ਼ਤ ਰਹਿ ਜਾਏ, ਉਸ ਦੀ ਭਾਵੇਂ ਇਮਾਰਤ ਬਣੀ ਹੋਈ ਹੈ ਭਾਵੇਂ ਉਸ ਵਿਚ ਮਾਲ ਪਿਆ ਹੈ ਉਸ ਸਾਰਾ ਹੀ ਜ਼ਬਤ ਮੈਂ ਕਹਿੰਦਾ ਹਾਂ ਕਿ ਜ਼ਬਤ ਹੋਣ ਦੀ ਸੂਰਤ ਵਿਚ ਉਸ ਦਾ ਜੋ ਧੰਨ ਲਗਾ ਹੈ, ਉਹ ਬਮਏ ਸੂਦ ਉਸ ਨੂੰ ਦਿਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਆਪਣਾ ਕੋਈ ਹੋਰ ਕੰਮ ਕਰ ਸਕੇ ।

ਖੇਤੀਬਾੜੀ ਮੰਤਰੀ (ਚੌਧਰੀ ਚਾਂਜੀ ਰਾਮ) : ਚੇਅਰਮੈਨ ਸਾਹਿਬ, ਪਾਂਧੀ ਸਾਹਿਬ ਨੇ ਬੜੀ ਸਿਧੀ ਪੱਧਰੀ ਗਲ ਕੀਤੀ ਸੀ ਕਿ ਹਾਈ ਕੋਰਟ ਨੇ ਕਲਾਜ਼-13 ਸਟਰੱਕ ਡਾਊਨ ਕਰ ਦਿਤੀ ਸੀ, ਉਸ ਦੇ ਲਈ ਇਹ ਅਮੈਂਡਿੰਗ ਬਿਲ ਆਇਆ ਹੈ । ਮੈਂ ਅਰਜ਼ ਕਰਾਂ ਕਿ—

"ਜਬ ਭੀ ਜ਼ਿਕਰ ਹੋਤਾ ਹੈ ਕਯਾਮਤ ਕਾ
ਬਾਤ ਜਾ ਪਹੁੰਚੀ ਤੇਰੀ ਜਵਾਨੀ ਤਕ ।"

[ਖੇਤੀਬਾੜੀ ਮੰਤਰੀ]

ਚੇਅਰਮੈਨ ਸਾਹਿਬ, ਇਹ ਮਾਰਕੀਟਿੰਗ ਬੋਰਡ ਦਾ ਰੁਪਿਆ ਹੈ, ਇਹ ਕਹਿ ਗਏ ਕਿ ਲੋਕਾਂ ਨੂੰ ਹੱਟੀਆਂ ਪਾ ਕੇ ਦਿਓ । ਮੈਂ ਦਸਦਾ ਹਾਂ ਕਿ ਇਹ ਮਾਰਕੀਟ ਕਮੇਟੀਆਂ ਦਾ ਪੈਸਾ ਹੈ ।

This recovery is a fee and not a tax. ਇਸ ਕਰਕੇ ਗੌਰਮਿੰਟ ਐਕਸਚੈਕਰ ਵਿਚ ਇਹ ਰੁਪਿਆ ਨਹੀਂ ਲੈ ਸਕਦੇ, ਜਿਥੋਂ ਤਕ ਮੇਰੀ ਅਕਲ ਕੰਮ ਕਰਦੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਹ ਪੜ੍ਹੇ ਲਿਖੇ ਹਨ, ਇਸ ਵਿਚ ਕੋਈ ਐਸੀ ਗੱਲ ਨਹੀਂ ਹੈ ।

ਕਾਮਰੇਡ ਸਾਹਿਬ, ਜਿਨ੍ਹਾਂ ਕੋਲ ਜ਼ਮੀਨ ਹੈ, ਜਾਇਦਾਦ ਹੈ, ਉਨ੍ਹਾਂ ਨੂੰ ਵਿਚਾਰੇ ਕਹੀ ਜਾਂਦੇ ਹਨ । ਉਨ੍ਹਾਂ ਦੀ ਭਾਸ਼ਾ ਮੈਂ ਨਹੀਂ ਸਮਝ ਸਕਦਾ । ਉਹ ਪਤਾ ਨਹੀਂ ਮਾਡਰੇਨਾਈਜ਼ ਹੋ ਗਏ ਹਨ । ਜਿਹੜੇ ਬੰਦੇ ਡਿਫਾਲਟਰਜ਼ ਹਨ, ਪ੍ਰੋਵੀਜ਼ਨਜ਼ ਵਾਇਲੇਟ ਕਰਦੇ ਹਨ, ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਾ ਕੀਤੀ ਜਾਏ । ਮੈਂ ਦਸਦਾ ਹਾਂ ਕਿ ਉਨ੍ਹਾਂ ਲਈ ਬਾਕਾਇਦਾ ਪ੍ਰੋਵੀਜ਼ਨ ਕੀਤਾ ਗਿਆ । He has been Provided ample opportunity to knock the door of justice. ਅਸੀਂ ਇਹ ਨਹੀਂ ਕੀਤਾ ਕਿ ਉਹ ਅਦਾਲਤ ਵਿਚ ਨਾ ਜਾਏ, ਪਰ ਇਹ ਹੈ ਕਿ ਉਹ ਕਿਤੇ ਥੱਲੇ ਹੀ ਨਾ ਤੁਰਿਆ ਫਿਰੇ । He should have regular course.

ਅਸੀਂ ਡਾਇਰੈਕਟਰ ਕਾਲੋਨਾਈਜ਼ੇਸ਼ਨ ਨੂੰ ਅਖਤਿਆਰ ਦਿਤੇ ਹਨ, ਫਿਰ ਉਹ ਕਮਿਸ਼ਨਰ ਕੋਲ ਜਾ ਸਕਦਾ ਹੈ, ਐਫ. ਸੀ. ਆਰ. ਕੋਲ ਜਾ ਸਕਦਾ ਹੈ, ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਛੋਟਾ ਜਿਹਾ ਅਮੈਂਡਿੰਗ ਬਿਲ ਹੈ ਇਹ ਪਾਸ ਕਰ ਦੇਣਾ ਚਾਹੀਦਾ ਹੈ ।

Mr. Chairman : Question is—

That the Punjab New Mandi Townships (Development and Regulation) Amendment and Validation Bill be taken into consideration at once.

The motion was carried.

Mr. Chairman : Now the House will proceed to consider the Bill clause by clause.

SUB-CLAUSE (2) OF CLAUSE 1

Mr. Chairman : Question is—

That Sub-clause (2) of Clause 1 stand part of the Bill.

The motion was carried.

CLAUSE 2

Mr. Chairman : Question is—

That Clause 2 stand part of the Bill.

The motion was carried.

CLAUSE 3

Mr. Chairman : Question is—

That Clause 3 stand part of the Bill.

The motion was carried.

CLAUSE 4

Mr. Chairman : Question is—

That clause 4 stand part of the Bill.

The motion was carried.

CLAUSE 5

Mr. Chairman : Question is—

That Clause 5 stand part of the Bill.

The motion was carried.

CLAUSE 6

Mr. Chairman : Question is—

That Clause 6 stand part of the Bill.

The motion was carried.

CLAUSE 7

Mr. Chairman : Question is—

That Clause 7 stand part of the Bill.

The motion was carried.

CLAUSE 8

Mr. Chairman : Question is—

That Clause 8 stand part of the Bill.

The motion was carried.

CLAUSE 9

Mr. Chairman : Question is—

That Clause 9 stand part of the Bill.

The motion was carried.

SUB-CLAUSE (1) OF CLAUSE 1

Mr. Chairman : Question is—

> That Sub-Clause (1) of Clause 1 stand part of the Bill.

The motion was carried.

Title

Mr. Chairman : Question is—

> That Title be the title of the Bill.

The motion was carried.

Agriculture and Forests Minister : (Chaudhri Kanshi Ram) : Sir, I beg to move—

> That the Punjab New Mandi Townships (Development and Regulation) Amendment and Validation Bill be passed.

Mr. Chairman : Motion moved—

> That the Punjab New Mandi Townships (Delvelopment and Regulation) Amendment and Validatian Bill be passed.

Mr. Chairman : Question is—

> That the Punjab New Mandi Townships (Development and Regulation) Amendment and Validation Bill be passed.

The motion was carried.

THE PUNJAB VETERINARY COUNCIL BILL, 1981

Development Minister (Sardar Santokh Singh Randhawa) : Sir, I beg to introduce the Punjab Veterinary Council Bill.

Sir, I also beg to move—

> That the Punjab Venterinary Council Bill be taken into consideration at once.

Mr. Chairman (Sardar Birdevinder Singh) : Motion moved—

> That the Punjab Veterinary Council Bill be taken into consideration at once.

ਕਾਮਰੇਡ ਕੁਲਵੰਤ ਸਿਘ. ਚੇਅਰਮੈਨ ਸਾਹਿਬ, ਇਹ ਨਵਾਂ ਬਿਲ ਲਿਆਂਦਾ ਗਿਆ ਹੈ। ਇਸ ਵਿੱਚ ਬੜੀਆਂ ਕਲਾਜ਼ਾਂ ਹਨ। ਇਸ ਨੂੰ ਕਿਸੇ ਹੋਰ ਦਿਨ ਲਈ ਰੱਖ ਲਿਆ ਜਾਵੇ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ). ਚੇਅਰਮੈਨ ਸਾਹਿਬ, ਵੈਟਰਨਰੀ ਕੌਂਸਲ ਦੀ ਕਾਂਸਟੀਚਿਊਸ਼ਨ ਵਾਸਤੇ ਰੰਧਾਵਾ ਸਾਹਿਬ ਨੇ ਇਹ ਜੋ ਬਿਲ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਬੜਾ ਮੁਬਾਰਕ ਕਦਮ ਹੈ। ਇਹ ਪਹਿਲੀ ਵਾਰੀ ਲਿਆਂਦਾ ਗਿਆ ਹੈ।

ਪਿਛਲੀ ਵਾਰੀ ਜਦੋਂ ਹੋਮਿਓਪੈਥਿਕ ਕੌਂਸਲ ਦੀ ਕਾਂਸਟੀਚਿਊਸ਼ਨ ਦਾ ਅਮੈਂਡਮੈਂਟ ਬਿਲ ਇਥੇ ਲਿਆਂਦਾ ਗਿਆ ਸੀ ਤਾਂ ਕੁਝ ਸਾਥੀਆਂ ਨੇ ਇਤਰਾਜ਼ ਕੀਤੇ ਸਨ। ਪਰ ਚੇਅਰਮੈਨ ਸਾਹਿਬ ਜੇ ਇਸ ਬਿਲ ਦੀਆਂ ਸਾਰੀਆਂ ਕਲਾਜ਼ਾਂ ਪੜ੍ਹੀਆਂ ਜਾਣ ਤਾਂ ਕਾਮਰੇਡ ਕੁਲਵੰਤ ਸਿੰਘ ਜੀ ਨੇ ਜੋ ਡਿਫੈਕਟ ਪਹਿਲਾਂ ਨੋਟ ਕਰਵਾਏ ਸਨ, ਉਹ ਇਸ ਬਿਲ ਵਿੱਚ ਨਜ਼ਰ ਨਹੀਂ ਆਉਣਗੇ। ਇਸ ਬਿਲ ਨੂੰ ਇਥੇ ਲਿਆਉਣ ਦਾ ਮੇਨ ਪਰਪਜ਼ ਇਹ ਹੈ ਕਿ ਕੋਈ ਐਸੀ ਬਾਡੀ ਬਣਾਉਣੀ ਹੈ ਜੋ ਵੈਟਰਨਰੀ ਐਜੂਕੇਸ਼ਨ ਅਤੇ ਵੈਟਰਨਰੀ ਡਾਕਟਰਜ਼ ਦੇ ਪ੍ਰੋਫੈਸ਼ਨਲ ਕੰਡਕਟ ਨੂੰ ਕੰਟਰੋਲ ਕਰੇ। ਪਹਿਲਾਂ ਐਸੀ ਕੋਈ ਬਾਡੀ ਨਹੀਂ ਸੀ। ਜਿਤਨੇ ਵੈਟਰਨਰੀ ਕਾਲਜਾਂ ਦੇ ਵਿਚੋਂ ਵਿਦਿਆਰਥੀ ਪੜ੍ਹ ਕੇ ਆਉਂਦੇ ਸਨ, ਉਨ੍ਹਾਂ ਦੀਆਂ ਡਿਗਰੀਆਂ ਦੂਸਰਿਆਂ ਸੂਬਿਆਂ ਵਿੱਚ ਰਿਕੁਗਨਾਈਜ਼ ਨਹੀਂ ਸਨ ਹੁੰਦੀਆਂ। ਇਸ ਲਈ ਇਹ ਜ਼ਰੂਰੀ ਸੀ ਕਿ ਅਜਿਹੀ ਕੋਈ ਸੁਪਰੀਮ ਬਾਡੀ ਬਣਾਈ ਜਾਵੇ ਜਿਹੜੀ ਕਿ ਵੈਟਰਨਰੀ ਐਜੂਕੇਸ਼ਨ ਦੇ ਪੀਰੀਅਡ ਆਫ ਡਿਊਰੇਸ਼ਨ ਨੂੰ ਵੇਖੇ, ਇਸਦੀ ਐਕਸਪਰਟਾਈਜ਼ ਨੂੰ ਵੇਖੇ ਅਤੇ ਤਾਂ ਜਾ ਕੇ ਇਸਨੂੰ ਮਾਨਤਾ ਦੇਵੇ। ਡੇਂਜਰਸ ਡਰੱਗਜ਼ ਐਕਟ ਦੇ ਥੱਲੇ ਪਹਿਲਾਂ ਕਈ ਦੁਆਈਆਂ ਐਸੀਆਂ ਸਨ ਜਿਹੜੀਆਂ ਕਿ ਵੈਟਰਨਰੀ ਡਾਕਟਰਜ਼ ਨਹੀਂ ਸਨ ਖਰੀਦ ਸਕਦੇ। ਪੁਆਇਜ਼ਨੇਸ ਮੈਡੀਸਨਜ਼ ਉਹ ਨਹੀਂ ਸਨ ਖਰੀਦ ਸਕਦੇ। ਹੁਣ ਇਸ ਬਿਲ ਦੇ ਆਉਣ ਨਾਲ ਉਨ੍ਹਾਂ ਨੂੰ ਆਗਿਆ ਮਿਲ ਜਾਵੇਗੀ। ਫਿਰ ਚੇਅਰਮੈਨ ਸਾਹਿਬ, ਜਿਥੇ ਇਸਦੀ ਬਾਡੀ ਨੌਮੀਨੇਟ ਕੀਤੀ ਹੈ ਜਿਸ ਵਿੱਚ ਡਾਇਰੈਕਟਰ ਹੋਵੇਗਾ, ਵੈਟਰਨਰੀ ਕਾਲਜ ਦਾ ਡੀਨ ਹੋਵੇਗਾ, ਉਥੇ ਚਾਰ ਮੈਂਬਰ ਅਲੈਕਟਿਡ ਵੀ ਹੋਣਗੇ। ਇਸ ਤਰ੍ਹਾਂ 9 ਬੰਦਿਆਂ ਦੀ ਕੌਂਸਿਲ ਹੋਵੇਗੀ ਅਤੇ ਉਸਦੇ ਵਿੱਚ ਅਲੈਕਟਿਡ ਅਤੇ ਨਾਮੀਨੇਟਿਡ ਬੰਦਿਆਂ ਵਿੱਚ ਬੈਲੈਂਸ ਕੀਤਾ ਗਿਆ ਹੈ। ਨਾਮੀਨੇਟਿਡ ਬੰਦੇ ਲਾਉਣ ਬਾਰੇ ਆਬਜੈਕਸ਼ਨ ਸੀ। ਇਹ ਪਹਿਲੀ ਵਾਰ ਸ਼ੁਰੂ ਕੀਤੀ ਹੈ, ਇਸ ਲਈ ਬੰਦੇ ਨਾਮੀਨੇਟ ਕੀਤੇ ਹਨ ਪਰ ਇਸ ਬਿਲ ਦੇ ਵਿੱਚ ਇਹ ਵੀ ਪ੍ਰੋਵੀਜ਼ਨ ਹੈ ਕਿ ਦੋ ਸਾਲਾਂ ਦੇ ਬਾਅਦ ਦੁਬਾਰਾ ਅਲੈਕਸ਼ਨ ਹੋਵੇਗੀ। ਇਹ ਬੜਾ ਮੁਬਾਰਕ ਕਦਮ ਹੈ। ਇਸ ਨਾਲ ਵੈਟਰਨਰੀ ਐਜੂਕੇਸ਼ਨ, ਵੈਟਰਨਰੀ ਸਾਇੰਸ ਦੀ ਤਰੱਕੀ ਹੋਵੇਗੀ, ਵੈਟਰਨਰੀ ਡਾਕਟਰਜ਼ ਦੇ ਪ੍ਰੋਫੈਸ਼ਨਲ ਕਾਂਡਕਟ ਤੇ ਕੰਟਰੋਲ ਹੋਵੇਗਾ ਅਤੇ ਐਕਸਪਰਟਾਈਜ਼ ਵੀ ਵੱਧੇਗੀ। ਇਸ ਗੱਲ ਦਾ ਖਾਸ ਤੌਰ ਤੇ ਫਾਇਦਾ ਪੇਂਡੂ ਜੰਤਾ ਨੂੰ ਹੋਵੇਗਾ। ਇਹ ਜਿਹੜੀ ਵੈਟਰਨਰੀ ਕੌਂਸਿਲ ਬਣਾਈ ਜਾ ਰਹੀ ਹੈ ਇਹ ਬੜਾ ਸਰਾਹਨਾਯੋਗ ਕਦਮ ਹੈ। ਇਸ ਬਿਲ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ): ਚੇਅਰਮੈਨ ਸਾਹਿਬ, ਜੋ ਇਹ ਵੈਟਰਨਰੀ ਕੌਂਸਿਲ ਸਥਾਪਤ ਕੀਤੀ ਜਾ ਰਹੀ ਹੈ, ਇਹ ਸਰਕਾਰ ਦਾ ਬੜਾ ਚੰਗਾ ਕਦਮ ਹੈ। ਇਸ ਨਾਲ ਸਿਰਫ ਵੈਟਰਨਰੀ ਪ੍ਰੈਕਟੀਸ਼ਨਰਜ਼ ਦਾ ਸਟੈਂਡਰਡ ਹੀ ਨਹੀਂ ਵਧੇਗਾ ਸਗੋਂ ਜਿਹੜੀ ਸਾਡੇ ਮੁਲਕ ਦੀ ਪਸ਼ੂ ਦੌਲਤ ਹੈ, ਉਸਨੂੰ ਚੰਗਾ ਕਰਨ ਲਈ ਖੇਤੀਬਾੜੀ ਵਿਚੋਂ ਉਸਨੂੰ ਕੱਢ ਕੇ ਸਰਬ-ਵਿਆਪੀ ਪ੍ਰੋਗਰਾਮ ਉਸਦੀ ਬਿਹਤਰੀ ਲਈ ਬਣਾਇਆ ਗਿਆ ਹੈ। ਚੇਅਰਮੈਨ ਸਾਹਿਬ, ਜਿਹੜੀ ਕੌਂਸਲ ਬਣਾਉਣ ਦੀ ਤਜਵੀਜ਼ ਰਖੀ ਹੈ, ਉਸਦੀ ਕੰਪੋਜ਼ੀਸ਼ਨ, ਚੋਣ, ਇਸਨੂੰ ਤੋੜਨ ਸਬੰਧੀ ਪ੍ਰੋਵੀਜ਼ਨ, ਇਸ ਦਾ ਸਮਾਂ ਕਿਤਨਾ ਹੋਵੇਗਾ, ਸਾਰੀਆਂ ਗੱਲਾਂ ਇਸ ਵਿੱਚ ਰੱਖੀਆਂ ਹਨ। ਪਰ ਇਸ ਵਿਚ ਇਹ ਵੀ ਰਖਿਆ ਗਿਆ ਹੈ ਕਿ ਅਗਰ ਕੌਂਸਲ ਨੂੰ ਤੋੜ ਦਿੱਤਾ ਜਾਵੇ ਤਾਂ ਇਸਨੂੰ ਕੋਰਟ ਵਿੱਚ ਚੈਲੰਜ ਨਹੀਂ ਕੀਤਾ ਜਾ ਸਕੇਗਾ। ਇਹ ਬੜੀ ਅਨਡੈਮੋ-ਕਰੈਟਿਕ ਗੱਲ ਹੈ। ਇਸ ਵਿੱਚ ਅਫਸਰਸ਼ਾਹੀ ਨੂੰ ਵੀ ਬਹੁਤ ਤਕੜਾ ਕੀਤਾ ਗਿਆ ਹੈ। ਇਸ ਪੱਖ ਨੂੰ ਚੰਗੀ ਤਰ੍ਹਾਂ ਵੇਖਣਾ ਚਾਹੀਦਾ ਹੈ।

[ਕਾਮਰੇਡ ਕੁਲਵੰਤ ਸਿੰਘ]

ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਜਿਹੜਾ ਡਿਗਰੀਆਂ ਦਾ ਸ਼ਡਿਊਲਡ ਬਣਾਇਆ ਹੈ, ਜਿਨ੍ਹਾਂ ਨੂੰ ਇਨ੍ਹਾਂ ਨੇ ਰੈਕਗਨਾਈਜ਼ ਕਰਨਾ ਹੈ, ਉਸਦੇ ਵਿੱਚ ਹਿੰਦੁਸਤਾਨ ਦੇ ਜਿਹੜੇ ਚੰਗੇ ਵੈਟਰਨਰੀ ਕਾਲਜ ਹਨ, ਉਨ੍ਹਾਂ ਨੂੰ ਨਹੀਂ ਰੱਖਿਆ ਗਿਆ। ਪੰਤ ਨਗਰ ਯੂਨੀਵਰਸਿਟੀ ਜਿਹੜੀ ਹਿੰਦੁਸਤਾਨ ਦੀ ਸਭ ਤੋਂ ਚੰਗੀ ਯੂਨੀਵਰਸਿਟੀ ਹੈ, ਉਸਨੂੰ ਵੀ ਇਸ ਵਿੱਚ ਨਹੀਂ ਰਖਿਆ ਗਿਆ। ਬਾਹਰਲੀਆਂ ਡਿਗਰੀਆਂ ਨੂੰ ਰਿਕੁਗਨਾਈਜ਼ ਕੀਤਾ ਗਿਆ ਹੈ। ਅੰਗਰੇਜ਼ ਤਾਂ ਸਾਡੇ ਮੁਲਕ ਨੂੰ ਛੱਡ ਗਏ ਹਨ ਪਰ ਅੱਜ ਵੀ ਅਫ਼ਸਰਾਂ ਵਿਚ ਅੰਗਰੇਜ਼ ਭਗਤ ਹੈ। ਇੰਗਲੈਂਡ ਤੇ ਪਾਕਿਸਤਾਨ ਤੋਂ ਬਿਨਾਂ ਹੋਰ ਕਿਸੇ ਬਾਹਰਲੇ ਮੁਲਕ ਦੀਆਂ ਡਿਗਰੀਆਂ ਨੂੰ ਮਾਨਤਾ ਨਹੀਂ ਦਿਤੀ। ਸੋਸ਼ਲਿਸਟ ਮੁਲਕਾਂ ਨਾਲ ਸਾਡੇ ਪ੍ਰੋਟੋਕੋਲ ਸਾਈਨ ਕੀਤੇ ਗਏ ਹਨ ਪਰ ਕਿਸੇ ਵੀ ਸੋਸ਼ਲਿਸਟ ਮੁਲਕ ਦੀ ਡਿਗਰੀ ਇਨ੍ਹਾਂ ਨੇ ਨਹੀਂ ਰਿਕੁਗਨਾਈਜ਼ ਕੀਤੀ। ਸੋਸ਼ਲਿਸਟ ਮੁਲਕਾਂ ਨੂੰ ਤਾਂ ਇੱਕ ਪਾਸੇ ਛੱਡ ਦਿਓ। ਕੈਨੇਡਾ, ਅਮਰੀਕਾ, ਡੈਨਮਾਰਕ, ਆਸਟਰੇਲੀਆ ਅਤੇ ਸਵਿਟਜ਼ਰਲੈਂਡ ਦਾ ਨਾਂ ਤਕ ਨਹੀਂ ਹੈ। ਸਵਿਟਜ਼ਰਲੈਂਡ ਤੋਂ ਮਨਿਸਟਰ ਸਾਹਿਬ ਵੱਛੀਆਂ ਵੀ ਲਿਆਏ ਹਨ। ਉਨ੍ਹਾਂ ਦੀ ਡਿਗਰੀ ਵੀ ਨਹੀਂ ਵਿੱਚ ਪਾਈ। ਇਨ੍ਹਾਂ ਗੱਲਾਂ ਦੇ ਬਾਵਜੂਦ ਮੇਰੇ ਆਨਰੇਬਲ ਦੋਸਤ ਨੇ ਕਿਹਾ ਹੈ ਕਿ ਇਸ ਬਿਲ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਇਹ ਐਡੀ ਵੱਡੀ ਅਣਗਹਿਲੀ ਹੋਈ ਹੈ। ਇਸ ਨੂੰ ਕਿਵੇਂ ਪੂਰਾ ਕੀਤਾ ਜਾਵੇਗਾ। ਫਿਰ ਕਹਿੰਦੇ ਹਨ ਕਿ ਇਸ ਦੀਆਂ ਧਾਰਾਵਾਂ ਬਹੁਤ ਸਾਰੀਆਂ ਹਨ ਅਤੇ ਇਹ ਸਾਰੀਆਂ ਠੀਕ ਹਨ। ਧਾਰਾ-6 ਦੇ ਤਹਿਤ ਚੋਣ ਦੀ ਥਾਂ ਨਾਮਜ਼ਦਗੀ ਕਰ ਦਿੱਤੀ ਹੈ। ਇਹ ਅਨਡੈਮੋਕਰੈਟਿਕ ਹੈ। ਚੋਣ ਦੀ ਥਾਂ ਨਾਮਜ਼ਦਗੀ ਕਰਨਾ ਕਿਥੋਂ ਦੀ ਡੈਮੋਕਰੈਟਿਕ ਗੱਲ ਹੈ। ਫਿਰ ਇਹ ਆਪ ਵੇਖ ਲੈਣ, ਧਾਰਾ 6, ਧਾਰਾ 11 ਦੀ ਕੰਟਰਾਡਿਕਟਰੀ ਹੈ। ਅੱਗੇ ਰਜਿਸਟਰਾਰ ਦੀ ਨਿਯੁਕਤੀ ਅਤੇ ਉਸਦੀ ਤਨਖਾਹ ਵਗੈਰਾ ਬਾਰੇ ਦਿੱਤਾ ਗਿਆ ਹੈ। ਇਹ ਕਿਹਾ ਗਿਆ ਹੈ ਕਿ ਸਰਕਾਰ ਇਸਦਾ ਫੈਸਲਾ ਕਰੇਗੀ ਅਤੇ ਇਸਦੀ ਅਗੇਤੀ ਮਨਜ਼ੂਰੀ ਦੇਵੇਗੀ। ਅਗਰ ਕੋਈ ਕੌਂਸਲ ਬਣਾਉਣੀ ਹੋਵੇ ਤਾਂ ਉਸ ਵਿਚ ਸਰਕਾਰ ਦਾ ਦਖਲ ਕਿਉਂ ਹੋਵੇ। ਇਹ ਇੱਕ ਅਟਾਨੋਮਸ ਬਾਡੀ ਹੋਣੀ ਚਾਹੀਦੀ ਹੈ। (ਘੰਟੀ) ਚੇਅਰਮੈਨ ਸਾਹਿਬ, ਮੈਨੂੰ ਬੋਲਣ ਦਿਓ। ਲੋਕ ਕੀ ਕਹਿਣਗੇ ਕਿ ਇਸ ਬਿਲ ਦੇ ਬਾਰੇ ਕੋਈ ਮੈਂਬਰ ਨਹੀਂ ਬੋਲਿਆ। ਫਿਰ ਅੱਗੇ ਧਾਰਾ 28 ਹੈ ਜਿਸ ਵਿਚ ਲਿਖਿਆ ਗਿਆ ਹੈ ਕਿ ਕੌਂਸਲ ਦੇ ਫੈਸਲੇ ਨੂੰ ਅਦਾਲਤਾਂ ਵਿੱਚ ਚੈਲੰਜ ਨਹੀਂ ਕੀਤਾ ਜਾ ਸਕਦਾ। ਫਿਰ ਇਹ ਕਹਿਣਾ ਕਿ ਇਹ ਬਿਲ ਪਾਸ ਕਰ ਦਿੱਤਾ ਜਾਵੇ, ਕਿਥੋਂ ਤਕ ਠੀਕ ਗੱਲ ਹੈ। ਚੇਅਰਮੈਨ ਸਾਹਿਬ, ਅਸੀਂ ਇਸ ਮੰਦਰ ਵਿੱਚ ਬੈਠੇ ਹਾਂ। ਅਸੀਂ ਡੈਮੋਕਰੇਸੀ ਕਾਇਮ ਕਰਨੀ ਹੈ ਨਾ ਕਿ ਤੋੜਨੀ ਹੈ। (ਘੰਟੀ) ਇਸ ਬਿਲ ਦੀਆਂ ਕੁਝ ਧਾਰਾਵਾਂ ਡੈਮੋਕਰੇਸੀ ਦੇ ਉਲਟ ਹਨ, ਉਹ ਰੱਦ ਹੋਣੀਆਂ ਚਾਹੀਦੀਆਂ ਹਨ।

EXTENSION OF TIME OF THE SITTING

Mr. Chairman (Sardar Birdevinder Singh): Is it the pleasure of the House that the time of the sitting of the House may be extended by another 15 minutes.

(*Voices*: *Yes, Yes.*)

Mr. Chairman : The time of the sitting of the House is extended upto 2-30 P.M.

THE PUNJAB VETERINARY COUNCIL BILL, 1981
(Resumption of Consideration)

ਕਾਮਰੇਡ ਕੁਲਵੰਤ ਸਿੰਘ : ਚੇਅਰਮੈਨ ਸਾਹਿਬ, ਇਸ ਕੌਂਸਲ ਨੂੰ ਕਿਸੇ ਹਾਲਤ ਵਿਚ ਤੋੜਨ ਦਾ ਅਧਿਕਾਰ ਸਰਕਾਰ ਨੂੰ ਨਹੀਂ ਹੋਣਾ ਚਾਹੀਦਾ, ਕੌਂਸਲ ਨੂੰ ਤੋੜਿਆ ਜਾ ਸਕਦਾ ਹੈ ਪਰ ਕਿਤਨੇ ਚਿਰ ਲਈ ਤੋੜਿਆ ਜਾ ਸਕਦਾ ਹੈ, ਇਸ ਬਾਰੇ ਨਹੀਂ ਦੱਸਿਆ ਗਿਆ।

ਸ੍ਰੀ ਸਭਾਪਤੀ : ਕਾਮਰੇਡ ਕੁਲਵੰਤ ਸਿੰਘ ਜੀ ਵਾਇੰਡ ਅੱਪ ਕਰੋ। ਸਾਰਾ ਟਾਈਮ ਤੁਹਾਡੇ ਲਈ ਨਹੀਂ ਵਧਾਇਆ। (ਹਾਸਾ)

ਕਾਮਰੇਡ ਕੁਲਵੰਤ ਸਿੰਘ : ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰ ਰਿਹਾ ਸੀ ਕਿ ਧਾਰਾ 36 ਵਿਚ ਕੌਂਸਲ ਨੂੰ ਤੋੜਨ ਦਾ ਅਧਿਕਾਰ ਲਿਆ ਹੈ, ਮੈਂ ਕਹਿੰਦਾ ਹਾਂ ਕਿ ਠੀਕ ਹੈ ਤੋੜ ਦਿਓ, ਪਰ ਤੋੜ ਕੇ ਉਸ ਨੂੰ ਮੁੜਕੇ ਬਣਾਉਣਾ ਕਿਤਨੇ ਚਿਰ ਵਿਚ ਹੈ, ਇਹ ਬਿਲਕੁਲ ਨਹੀਂ ਦੱਸਿਆ ਗਿਆ। ਇਸ ਲਈ ਮੈਂ ਕਹਿੰਦਾ ਹਾਂ ਕਿ ਛੇ ਮਹੀਨੇ ਦੇ ਅੰਦਰ ਅੰਦਰ ਮੁੜਕੇ ਇਲੈਕਸ਼ਨ ਕਰਵਾ ਦਿਓ ਤਾਂਕਿ ਕੌਂਸਿਲ ਫਿਰ ਬਣਾ ਦਿੱਤੀ ਜਾਵੇ। ਇਸ ਦੇ ਵਾਸਤੇ ਛੇ ਮਹੀਨੇ ਦਾ ਸਮਾਂ ਮਿੱਥ ਲਓ ਤਾਂਕਿ ਇਹ ਬਿਲ ਬਣਾਉਣ ਦਾ ਮੰਤਵ ਪੂਰਾ ਹੋ ਜਾਵੇ। ਧੰਨਵਾਦ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ ਐਸ. ਸੀ.) : ਮੈਂ ਆਪਣੀ ਪਾਰਟੀ ਵੱਲੋਂ ਬੋਲਣਾ ਹੈ।

ਚੇਅਰਮੈਨ ਸਾਹਿਬ, ਮੈਂ ਇਹ ਕਹਿਦਾ ਹਾਂ ਕਿ ਇਸ ਤਰ੍ਹਾਂ ਦੀ ਕੌਂਸਲ ਦੀ ਬਿਲਕੁਲ ਲੋੜ ਨਹੀਂ ਸੀ। ਸਦੀਆਂ ਤੋਂ ਪੰਜਾਬ ਬਣਿਆ ਹੋਇਆ ਹੈ ਔਰ ਇਸ ਪੰਜਾਬ ਵਿਚ ਹਰੀਜਨ ਲੋਕ ਦੱਬੇ ਪਏ ਹਨ। ਅਸੀਂ ਮੰਗਦੇ ਹਾਂ ਕਿ ਕੋਈ ਰਿਜ਼ਰਵੇਸ਼ਨ ਐਕਟ ਬਣਾਓ, ਮੈਂ ਗਵਰਨਰ ਸਾਹਿਬ ਨੂੰ ਵੀ ਲਿਖਿਆ ਹੈ ਕਿ ਤੁਸੀਂ ਸਿਫਾਰਸ਼ ਕਰੋ, ਇਸ ਪਾਸੇ ਤਾਂ ਇਹ ਕੁਝ ਕਰ ਨਹੀਂ ਰਹੇ। ਡਾਕਟਰ ਕੋਈ ਪਿੰਡਾਂ ਵਿਚ ਵੜਦਾ ਨਹੀਂ ਹੈ, ਫੋਕਲ ਪੁਆਇੰਟਾਂ ਤੇ ਜਿੱਥੇ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ ਉਥੇ ਤਾਂ ਡਾਕਟਰ ਜਾਂਦੇ ਨਹੀਂ ਹਨ, ਦਵਾਈਆਂ ਕੋਈ ਮਿਲਦੀਆਂ ਨਹੀਂ ਹਨ ਪਰ ਇਹ ਇਸ ਤਰ੍ਹਾਂ ਦੀ ਕੌਂਸਲ ਬਣਾਉਣ ਲੱਗੇ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਕੌਂਸਿਲ ਬਣਾ ਕੇ ਖਾਹ ਮਖਾਹ ਪੈਸੇ ਖਰਚਣ ਦਾ ਕੋਈ ਫਾਇਦਾ ਨਹੀਂ ਹੋਣਾ।

ਸਰਦਾਰ ਉਜਾਗਰ ਸਿੰਘ : ** ** **

ਚੌਧਰੀ ਜਗਜੀਤ ਸਿੰਘ : ** ** **

ਸ੍ਰੀ ਸਭਾਪਤੀ : ਇਹ ਪੁਆਇੰਟ ਆਫ ਆਰਡਰ ਨਹੀਂ ਹਨ।

ਗਿਆਨੀ ਕੁੰਦਨ ਸਿੰਘ ਪਤੰਗ : ਚੇਅਰਮੈਨ ਸਾਹਿਬ, ਜੇਕਰ ਇਹ (ਚੌਧਰੀ ਜਗਜੀਤ ਸਿੰਘ ਜੀ ਵੱਲ ਇਸ਼ਾਰਾ) ਪਸ਼ੂਆਂ ਦਾ ਗੋਹਾ ਸੁਟਦੇ ਹਨ ਤਾਂ ਹੀ ਇਹ ਇਥੇ ਹਨ। (ਹਾਸਾ)

**Expunged as ordered by the Chair.

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਜਿਹੜਾ ਵੀਕਰ ਸੈਕਸ਼ਨ ਹੈ, ਜਿਹੜੇ ਗਰੀਬ ਲੋਕ ਹਨ, ਜਿਹੜੇ ਮੱਝਾਂ ਰੱਖਦੇ ਹਨ, ਗਊਆਂ ਰੱਖਦੇ ਹਨ, ਉਨ੍ਹਾਂ ਵਾਸਤੇ ਤਾਂ ਸਰਕਾਰ ਕੁਝ ਕਰ ਨਹੀਂ ਰਹੀ। ਉਨ੍ਹਾਂ ਨੂੰ ਬੜੀ ਪਰੇਸ਼ਾਨੀ ਮੱਝ ਖਰੀਦਣ ਵਾਸਤੇ ਆਉਂਦੀ ਹੈ ਕਿਉਂਕਿ ਮੱਝਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ। ਇਸ ਲਈ ਅਸੀਂ ਕਿਹਾ ਹੈ ਕਿ ਲੋਨ ਦਾ ਰੇਟ ਵਧਾ ਦਿਓ, ਸਸਤੇ ਰੇਟ ਤੇ ਅੱਜ ਮੱਝਾਂ ਨਹੀਂ ਮਿਲਦੀਆਂ ਪਰ ਇਸ ਪਾਸੇ ਤਾਂ ਇਹ ਤਵੱਜੋ ਨਹੀਂ ਦੇ ਰਹੇ।

ਸ੍ਰੀ ਸਭਾਪਤੀ : ਤੁਸੀਂ ਬਿੱਲ ਨਾਲ ਰੈਲੇਵੈਂਟ ਰਹੋ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਚੇਅਰਮੈਨ ਸਾਹਿਬ, ਰੈਲਵੈਂਟ ਹੀ ਹਾਂ ਜੀ। ਮੈਂ ਇਹ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੀ ਕੌਂਸਲ ਦੀ ਕੋਈ ਲੋੜ ਨਹੀਂ ਹੈ, ਇਸ ਦਾ ਕੋਈ ਫਾਇਦਾ ਨਹੀਂ ਹੋਣਾ, ਇਹ ਇਕ ਵ੍ਹਾਈਟ ਐਲੀਫੈਂਟ ਹੋਵੇਗਾ। ਇਸ ਦੀ ਬਜਾਏ ਤੁਸੀਂ ਲੋਕਾਂ ਨੂੰ ਚੰਗੇ ਡਾਕਟਰ ਦਿਓ, ਦਵਾਈਆਂ ਦਿਓ, ਜਿੱਥੇ ਫੋਕਲ ਪੁਆਇੰਟ ਹਨ, ਉਥੇ ਡਾਕਟਰ ਭੇਜੋ। ਇਸ ਲਈ ਇਸ ਬਿਲ ਨੂੰ ਲਿਆਉਣ ਤੋਂ ਪਹਿਲਾਂ ਇਨ੍ਹਾਂ ਚੀਜ਼ਾਂ ਨੂੰ ਸਰਕਾਰ ਨੂੰ ਘੋਖਣਾ ਚਾਹੀਦਾ ਸੀ। ਵੀਕਰ ਸੈਕਸਨ ਵਾਸਤੇ ਬਿਲ ਲਿਆਉਣ ਦੀ ਲੋੜ ਹੈ ਪਰ ਉਸ ਤੋਂ ਸਰਕਾਰ ਨਠਦੀ ਪਈ ਹੈ।

ਵਿਕਾਸ ਮੰਤਰੀ (ਸਰਦਾਰ ਸੰਤੋਖ ਸਿੰਘ ਰੰਧਾਵਾ) : ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਕ ਮੁਬਾਰਕ ਕਦਮ ਉਠਾਇਆ ਹੈ। ਜਿੱਥੇ ਪੰਜਾਬ ਦੇ ਵਿਚ ਇਤਨਾ ਵਧੀਆ ਪਸ਼ੂ-ਧਨ ਹੋਵੇ, ਔਰ ਜਿੱਥੇ ਪੰਜਾਬ ਦੇ ਵਿਚ ਪਰ ਕੈਪੀਟਾ ਅਵੇਲੇਬਿਲਿਟੀ ਕੰਟਰੀ ਦੀ 112 ਗਰਾਮ ਦੇ ਮੁਕਾਬਲੇ 544 ਗਰਾਮ ਹੋਵੇ ਤਾਂ ਉਥੇ ਇਸ ਤਰ੍ਹਾਂ ਦੀ ਵੈਟਰਨਰੀ ਕੌਂਸਲ ਨਾ ਬਣਾਈ ਜਾਵੇ, ਤਾਂ ਠੀਕ ਗੱਲ ਨਹੀਂ ਹੋਵੇਗੀ। (ਥੰਪਿੰਗ) ਮੈਡੀਕਲ ਕੌਂਸਲ ਹੈ ਪਰ ਵੈਟਰਨਰੀ ਕੌਂਸਲ ਨਹੀਂ ਸੀ ਬਣੀ ਹੋਈ, ਉਸ ਦੇ ਬਣਾਉਣ ਦੇ ਵਾਸਤੇ ਇਹ ਪ੍ਰਵੀਜ਼ਨ ਕੀਤਾ ਗਿਆ ਹੈ। ਮੈਂ, ਚੇਅਰਮੈਨ ਸਾਹਿਬ, ਮੈਂਬਰ ਸਾਹਿਬਾਨ ਦੀ ਗਿਆਤ ਦੇ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਇਥੇ ਜੋ ਗਊਆਂ ਹਨ, ਉਹ ਤਕਰੀਬਨ 40-40 ਕਿੱਲੋ ਦੁੱਧ ਦਿੰਦੀਆਂ ਹਨ। ਸਰਦਾਰ ਕੁਲਵੰਤ ਸਿੰਘ ਜੀ ਨੂੰ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਕੱਲ੍ਹ ਮਜੀਠਾ ਸਾਹਿਬ ਨੇ ਦੱਸਿਆ ਸੀ ਕਿ ਇਕ ਬੀਮਾਰੀ ਹੈ ਉਸ ਦੇ ਵਾਸਤੇ 35 ਰੁਪਏ ਦਾ ਟੀਕਾ ਖਰੀਦਣਾ ਪੈਂਦਾ ਹੈ। ਉਸ ਬੀਮਾਰੀ ਬਾਰੇ ਮੈਂ ਦੱਸਦਾ ਹਾਂ ਉਸ ਦਾ ਨਾਂ ਹੈ ਦਲਨਾਗਾ, ਉਸ ਦਾ ਸਿਰਫ ਦੋ ਤਿੰਨ ਰੁਪਏ ਦਾ ਟੀਕਾ ਆਉਂਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਆਪਣੇ ਲਈ ਦਵਾਈ ਲਈ ਹੈ, ਮੈਨੂੰ ਪਤਾ ਹੈ ਕਿਤਨੇ ਪੈਸੇ ਲਗਦੇ ਹਨ। ਮੈਂ ਕਲ੍ਹ ਵੀ ਕਿਹਾ ਸੀ।

ਵਿਕਾਸ ਮੰਤਰੀ : ਚੇਅਰਮੈਨ ਸਾਹਿਬ, ਅਸੀਂ ਡੰਗਰਾਂ ਦੀ ਗਲ ਕਰ ਰਹੇ ਹਾਂ, ਪਰ ਪਾਂਧੀ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ ਨੇ ਆਪਣੇ ਲਈ ਦਵਾਈ ਲਈ ਹੈ। (ਹਾਸਾ) ਮੈਂ ਤੁਹਾਡੇ ਵਾਸਤੇ ਨਹੀਂ ਕਹਿ ਰਿਹਾ, ਮੈਂ ਤਾਂ ਡੰਗਰਾਂ ਵਾਸਤੇ ਕਹਿ ਰਿਹਾ ਹਾਂ। (ਵਿਘਨ) ਚੇਅਰਮਨ ਸਾਹਿਬ, ਇਹ ਵੈਟਰਨਰੀ ਕੌਂਸਲ ਇਸ ਵਾਸਤੇ ਬਣਾਈ ਜਾ ਰਹੀ ਹੈ ਕਿ ਨੀਮ ਹਕੀਮ ਖਤਰਾ-ਏ-ਜਾਨ ਵਾਲੀ ਗੱਲ ਨਾ ਹੋਇਆ ਕਰੇ। ਪਾਂਧੀ ਸਾਹਿਬ ਤੁਸੀਂ ਕਿਹਾ ਹੈ ਕਿ ਤੁਸੀਂ ਆਪਣ ਵਾਸਤੇ ਦਵਾਈ ਲਈ ਹੈ। ਮੈਂ ਇਹ ਦੱਸਦਾ ਹਾਂ ਕਿ ਡੰਗਰਾਂ ਵਾਸਤੇ

ਪਿੰਡ ਪਿੰਡ ਵਿਚ ਕੋਈ ਐਸੇ ਲੋਕ ਤੁਰੇ ਫਿਰਦੇ ਹਨ, ਜਿਨ੍ਹਾਂ ਨੂੰ ਇਲਾਜ ਕਰਨਾ ਆਉਂਦਾ ਨਹੀਂ ਹੈ ਪਰ ਲੋਕਾਂ ਤੋਂ ਪੈਸੇ ਲਈ ਜਾਂਦੇ ਹਨ । ਵੈਟਰਨਰੀ ਕੌਂਸਲ ਇਸ ਵਾਸਤੇ ਬਣਾਈ ਜਾ ਰਹੀ ਹੈ ਕਿ ਐਸੇ ਲੋਕਾਂ ਨੂੰ ਇਸ ਕੌਂਸਲ ਪਾਸ ਰਜਿਸਟਰੇਸ਼ਨ ਕਰਾਉਣੀ ਪਿਆ ਕਰੇਗੀ । ਇਸ ਕੌਂਸਲ ਦੇ ਮੈਂਬਰ ਜਿਹੜੇ ਗੌਰਮਿੰਟ ਆਫ ਇੰਡੀਆ ਦੇ ਕਾਲਜ ਹਨ, ਉਨ੍ਹਾਂ ਵਿਚੋਂ ਆਦਮੀ ਲਏ ਜਾਣਗੇ ਔਰ ਨਾਲ ਹੀ ਜਿਹੜੇ ਬਾਕੀ ਰਹਿ ਗਏ ਹਨ, ਉਨ੍ਹਾਂ ਵਿਚੋਂ ਵੀ ਆਦਮੀ ਲੈਣ ਦਾ ਕੌਂਸਲ ਨੂੰ ਇਖ਼ਤਿਆਰ ਹੋਵੇਗਾ । (ਥੰਪਿੰਗ) ਕਾਮਰੇਡ ਕੁਲਵੰਤ ਸਿੰਘ ਹੋਰਾਂ ਨੇ ਸੋਸ਼ਲਿਸ਼ਟ ਕੰਟਰੀਜ਼ ਦਾ ਨਾਮ ਲਿਆ ਹੈ । ਜਿਹੜੇ ਵੈਟਰਨਰੀ ਗਰੈਜੂਏਟਸ ਡਾਕਟਰ ਹੋਣਗੇ ਉਨ੍ਹਾਂ ਨੂੰ ਵੀ ਇਸ ਵਿਚ ਸ਼ਾਮਲ ਕਰਨ ਵਾਸਤੇ ਕੌਂਸਿਲ ਪਾਸ ਪੂਰਾ ਪੂਰਾ ਅਧਿਕਾਰ ਹੋਵੇਗਾ । ਡਾਇਰੈਕਟਰ ਇਸ ਦਾ ਚੇਅਰਮੈਨ ਹੋਵੇਗਾ ਔਰ ਡੀਨ ਮੈਂਬਰ ਹੋਵੇਗਾ । ਔਰ ਵੈਟਰੇਨੇਰੀਅਨ ਜਿਹੜੇ ਹੋਣਗੇ, ਉਹ ਬਾਣੀ ਇਲੈਕਸ਼ਨ ਲੈਣੇ ਹਨ । ਦੋ ਮੈਂਬਰ ਗੌਰਮਿੰਟ ਵੱਲੋਂ ਲੈਣੇ ਹਨ । ਚਾਰ ਮੈਂਬਰਾਂ ਦੀ ਇਲੈਕਸ਼ਨ ਹੋਵੇਗੀ, ਚਾਰ ਗੌਰਮਿੰਟ ਦੇ ਆਦਮੀ ਹੋਣਗੇ । ਲੇਕਿਨ ਕੌਂਸਿਲ ਬੈਠਕੇ ਵਿਚਾਰ ਕਰੇਗੀ ਕਿ ਦਵਾਈਆਂ ਜਿਹੜੀਆਂ **ਹਨ, ਉਹ** ਠੀਕ ਢੰਗ ਨਾਲ ਦਿੱਤੀਆਂ ਜਾਣ । ਜਿਹੜੇ ਪਹਿਲਾਂ ਵੈਟਰਨਰੀ ਡਾਕਟਰ ਹਨ, ਉਨ੍ਹਾਂ ਨੂੰ ਡੰਗਰ ਡਾਕਟਰ ਹੀ ਕਿਹਾ ਜਾਂਦਾ ਹੈ ਪਰ ਕੌਂਸਲ ਬਣਨ ਤੋਂ ਬਾਅਦ ਫਿਰ **ਉਨ੍ਹਾਂ ਨੂੰ** ਪੂਰੀ ਪੂਰੀ ਮਾਨਤਾ ਦਿੱਤੀ ਜਾਵੇਗੀ । ਮੈਂ ਪਾਂਧੀ ਸਾਹਿਬ ਨੂੰ ਅਰਜ਼ ਕਰਾਂਗਾ **ਕਿ ਤੁਸੀਂ** ਕਹਿੰਦੇ ਹੋ ਕਿ ਦਵਾਈਆਂ ਨਹੀਂ ਹਨ । ਮੈਂ ਇਹ ਵੀ ਦੱਸ ਦਿੰਦਾ ਹਾਂ ਕਿ ਸੰਨ 1980-81 ਵਿਚ 7 ਕਰੋੜ 95 ਲੱਖ ਰੁਪਏ ਰੱਖੇ ਗਏ, ਜਿਨ੍ਹਾਂ ਵਿਚੋਂ ਚਾਰ ਕਰੋੜ ਰੁਪਏ ਹੈਲਥ-ਕਵਰ ਵਾਸਤੇ ਰੱਖਿਆ ਹੈ । ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦੀ ਨੀਤੀ ਹੈ ਕਿ ਡੰਗਰਾਂ ਦੀ ਪੂਰੀ ਪੂਰੀ ਹਿਫਾਜ਼ਤ ਕੀਤੀ ਜਾਵੇ । ਸਾਨੂੰ ਪਤਾ ਹੈ ਕਿ ਵਾਈਟ ਰੈਵੋਲਿਊਸ਼ਨ ਲਿਆਉਣਾ ਹੈ ਔਰ ਉਸ ਦੇ ਵਾਸਤੇ ਦਵਾਈਆਂ ਦੀ ਲੋੜ ਪੈਣੀ ਹੈ ਇਸ ਵਾਸਤੇ ਹੀ ਦਵਾਈਆ ਵਾਸਤੇ ਬਜਟ ਅਲਾਟਮੈਂਟ ਕੀਤੀ ਹੈ । ਐਫ. ਡੀ. ਵਾਲਿਆਂ ਨੇ ਕਹਿ ਦਿੱਤਾ ਹੈ, ਵਿੱਤ ਮੰਤਰੀ ਜੀ ਮੇਰੇ ਪਾਸ ਬੈਠੇ ਹਨ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਗਰ ਹੋਰ ਵੀ ਲੋੜ ਪਵੇਗੀ ਤਾਂ ਇਹ ਹੋਰ ਵੀ ਪੈਸੇ ਦੇਣਗੇ ਔਰ ਦਵਾਈਆਂ ਦੀ ਕਮੀ ਨਹੀਂ ਆਉਣ ਦੇਣਗੇ ।

ਪਾਂਧੀ ਸਾਹਿਬ ਡਾਕਟਰਾਂ ਦੀ ਗੱਲ ਕਰਦੇ ਹਨ । ਮੈਂ ਇਹ ਦੱਸਦਾ ਹਾਂ ਕਿ 300 ਡਾਕਟਰਾਂ ਦੀ ਘਾਟ ਹੈ । ਪਿੱਛੇ ਸਰਕਾਰ ਇਸ ਮਸਲੇ ਤੇ ਚੁੱਪ ਰਹੀ ਹੈ । 140 ਸਟੂਡੈਂਟਸ ਦੀ ਕਲਾਸ ਲਗਦੀ ਸੀ ਔਰ ਇਨ੍ਹਾਂ ਦੇ ਵੇਲੇ ਉਹ ਕਲਾਸ ਨਹੀਂ ਲਗੀ । ਅਸੀਂ ਕਿਹਾ ਹੈ ਕਿ ਡਬਲ ਕਲਾਸਾਂ ਲਗਾਈਆਂ ਜਾਣ ਔਰ ਘਾਟ ਪੂਰੀ ਕੀਤੀ ਜਾਵੇ । ਸਾਢੇ ਛੇ ਸੌ ਜਾਂ ਸੱਤ ਸੌ ਕੰਪਾਊਂਡਰਾਂ ਦੀ ਜਗਾਹ ਖਾਲੀ ਹੈ । ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੇ ਮਾਰਚ ਵਿਚ ਮੁੰਡੇ ਦਾਖਲ ਕਰਕੇ ਵੈਟਰਨਰੀ ਕੰਪਾਊਂਡਰ, ਜਿਨ੍ਹਾਂ ਨੂੰ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਵੇ ਜਾਂ ਜਿਹੜੇ ਸਟਾਕ ਅਸਿਸਟੈਂਟ ਹਨ, ਉਹ ਬਣਾਏ ਜਾਣ ਔਰ ਇਸ ਘਾਟ ਨੂੰ ਪੂਰਾ ਕੀਤਾ ਜਾ ਸਕੇ । (ਥੰਪਿੰਗ)

ਚੇਅਰਮੈਨ ਸਾਹਿਬ, ਕਿਉਂਕਿ ਗੱਲ ਹੋਈ ਸੀ ਇਸ ਕਰਕੇ ਮੈਂ ਇਹ ਕਿਹਾ ਹੈ । ਹਿੰਦ ਸਮਾਚਾਰ ਦੀ ਖਬਰ ਬਾਰੇ ਕਿਹਾ ਗਿਆ ਸੀ ਔਰ ਉਹ ਖਬਰ ਪੜ੍ਹ ਕੇ ਦੱਸੀ ਗਈ ਸੀ । ਮੈਂ ਪਤਾ ਕਰਵਾਇਆ ਹੈ ਬਲਕਿ ਮੈਂ ਆਪਣੇ ਆਦਮੀਆਂ ਦੀ ਟੀਮ ਭੇਜ ਦਿੱਤੀ ਹੈ ।

[ਵਿਕਾਸ ਮੰਤਰੀ]

ਕੋਈ ਕਿਸਮ ਦੀਆਂ ਬਿਮਾਰੀਆਂ ਹਨ। ਇਕ ਗਲ ਘੋਟੂ ਦੀ ਬੀਮਾਰੀ ਹੈ, ਇਕ ਰੈਂਡਰ ਪੈਸਟ ਦੀ ਬਿਮਾਰੀ ਹੈ, ਇਕ ਬਲੈਕ ਕੁਆਰਟਰ ਪਿੰਨ ਦੀ ਬਿਮਾਰੀ ਹੈ ਔਰ ਇਕ ਗੋਲੀ ਦੀ ਬਿਮਾਰੀ ਹੈ। ਇਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਗਊਆਂ ਦਾ ਕਿਵੇਂ ਇਲਾਜ ਕਰਨਾ ਹੈ। ਇਸ ਲਈ ਇਹ ਕੌਂਸਲ ਬਣਾਈ ਜਾ ਰਹੀ ਹੈ ਕਿ ਜਿਹੜੇ ਕੁਆਲੀਫਾਈਡ ਆਦਮੀ ਹਨ, ਉਹ ਰਜਿਸਟਰ ਹੋਣ। ਇਹ ਨਾ ਹੋਵੇ ਕਿ ਬਿਮਾਰੀ ਲਗੀ ਹੋਵੇ ਗੋਲੀ ਦੀ ਅਤੇ ਦਵਾਈ ਕਿਸੇ ਹੋਰ ਬਿਮਾਰੀ ਦੀ ਦਿੱਤੀ ਜਾਵੇ। ਇਸ ਨੂੰ ਰੋਕਣ ਲਈ ਇਹ ਕੌਂਸਲ ਬਣਾਈ ਜਾ ਰਹੀ ਹੈ। ਮੈਨੂੰ ਪਰੀ ਉਮੀਦ ਹੈ ਕਿ ਹਾਊਸ ਇਸ ਨੂੰ ਸਰਬਸੰਮਤੀ ਨਾਲ ਪਾਸ ਕਰੇਗਾ।

Mr. Chairman (Sardar Birdevinder Singh) : Question is—

That the Punjab Veterinary Council Bill be taken into consideration at once.

The motion was carried.

Mr. Chairman : Now the House will proceed to consider the Bill Clause by Clause.

(*Voices : Please put all the Clauses of the Bill to the vote of the House together.*)

Mr. Chairman : If the House agrees, all the clauses of the Bill be put to the vote of he House together.

(*Voices : Yes, Yes.*)

SUB-CLAUSE (2) OF CLAUSE 1, CLAUSES 2,3,4,5,6,7,8,9,10,11,12,13, 14,15,16,17,18,19,20,21,22,23,24,25.26,27,28,29,30,31,32,33,34,35,36,37 AND THE SCHEDULE.

Mr. Chairman : Question is—

That Sub-clause (2) of Clause 1, Clauses 2,3,4,5,6,7,8,9,10,11, 12,13,14,15,16,17,18,19,20,21,22,23,24,25.26,27,28,29,30,31,32,33 34,35,36,37 and the Schedule stand part of the Bill.

The motion was carried.

SUB-CLAUSE (1) OF CLAUSE 1

Mr. Chairman : Question is—

That Sub-clause (1) of Clause 1 stand part of the Bill.

The motion was carried.

TITLE

Mr. Chairman : Question is—

That title be the title of the Bill.

The motion was carried.

Development Minister (Sardar Santokh Singh Randhawa) : Sir, I beg to move—

That the Punjab Veterinary Council Bill be passed.

Mr. Chairman : Motion moved—

That the Punjab Veterinary Council Bill be passed.

Mr. Chairman : Question is—

That the Punjab Veterinary Council Bill be passed.

The motion was carried.

Mr. Chairman : The House stands adjourned till 9. 00 A.M. on Wednesday, the 25th February, 1981.

*

*2.22 P.M. (*The Sabha then adjourned till 9.00 A.M. on Wednesday, the 25th February, 1981.*)







APPENDIX

to

PUNJAB VIDHAN SABHA DEBATES

Vol. II-No. 22


Dated, the 24th Feb, 1981

Part reply to Unstarred Question No. 101

The figures in respect of passenger tax realised from Punjab Roadways, Pepsu Road Transport Corporation and the Private Transport Companies for the period from 4/80 to 9/90 are given as under

Amount of passenger tax realised from Punjab Roadways	Amount of passenger tax realised from Pepsu Road Transport Corporation	Amount of passenger tax realised from private transport companies
1	2	3
Rs.	Rs.	Rs.
4,61,50,732	3,83,47,654	3,07,64,253

1965—28-8-81—325 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।



1981

Published under the Authority of the Punjab Vidhan Sabha and Prinited by the Controllor, Printing & Stationery, Punjab, at the Govt. Press, Patiala.


PUNJAB VIDHAN SABHA

DEBATES

25th February, 1981

Vol. II—No. 23

OFFICIAL REPORT



CONTENTS

Wednesday, the 25th February, 1981

Punjab Vidhan Sabha Secretariat, Chandigarh.

Price : Rs. 44-85

58

HOUSE SITES FOR CONSTRUCTION OF HOUSES ALLOTTED TO SCHEDULED CASTES FAMILIES IN VILLAGE ASDULLAPUR IN BLOCK AHMEDPUR, DISTRICT SANGRUR.

*805. 1) COMRADE SARWAN SINGH M.L.A }
2) COMRADE RAJ KUMAR M.L.A. } Will the Minister for
3) COMRADE AMAR SINGH M.L.A. }

Revenue be pleased to state :-

a) whether it is a fact that house sites for the construction of houses thereon were allotted to about 70 Scheduled Castes Families in village Asdullapur (Borh High Khurd) Block Ahmadpur district Sangrur during the years 1977 to 1980, if so, a list showing the details of the said Scheduled Castes families alongwith the dates on which the said sites were allotted to them be laid on the Table of the House;

b) whether the concerned land owners whose land was allotted to the said Scheduled Castes families preferred any appeals against the said allotment order to the concerned authorities, if so, a list showing the names of the said landowners alongwith the details of dates on which they preferred appeals be laid on the Table of the House;

c) whether the possession of the land allotted to the said Scheduled Castes families has since been given to them; if so the family wise details thereof; if not, the reasons for the same ?

SMT. RAJINDER KAUR BHATHAL, MINISTER OF STATE FOR HOUSING & TOURISM

a) No Sir, the question of suppling the requisite list, therefore, does not arise.

(b & c) In view of the above reply to part (a) the question of reply to part (b) and (c) does not arise.

(ੳ) ਨਹੀਂ ਜੀ, ਇਸ ਲਈ ਲੋੜੀਂਦੀ ਲਿਸਟ ਪੇਸ਼ ਕਰਨ ਦਾ ਸਵਾਲ ਹੀ ਨਹੀਂ ਹੈ ਜੀ ।

(ਅ ਅਤੇ ੲ) 'ੳ' ਭਾਗ ਬਾਰੇ ਦਿੱਤੇ ਜਵਾਬ ਨੂੰ ਮੁੱਖ ਰਖਦੇ ਹੋਏ 'ਅ' ਅਤੇ 'ੲ' ਬਾਰੇ ਜਵਾਬ ਦੇਣ ਦੀ ਲੋੜ ਨਹੀਂ ਹੈ ਜੀ।

25-2-81

PUNJAB VIDHAN SABHA

Wednesday the 25th February, 1981

[*The Vidhan Sabha, met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*]

STARRED QUESTIONS AND ANSWERS

Mr. Speaker: Starred Questions. Jathedar Ujagar Singh Sekhwan.

ਨਿਸ਼ਾਨਵਾਲਾ ਪ੍ਰਸ਼ਨ ਨੰਬਰ 798

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੁੱਛ ਨਹੀਂ ਕੀਤਾ ਗਿਆ)

STARRED QUESTION NO. 805

Mr. Speaker: Extension has been asked for in respect of Starred Question No. 805

D. O. No.7/11/81-4HG/
Finance Minister, Punjab
Chandigarh.
February 24, 1981.

Subject :—Starred Assembly Question No. 805 regarding house sites for construction of houses allotted to Scheduled Caste families in Village Asdullapur, Block Ahmedpur, Distt. Sangrur asked by Comrades Sarwan Singh, Raj Kumar and Amar Singh, M. L. As.

My Dear

The above noted question was received in the Housing Department on 23rd February, 1981 in the evening. The reply to this Starred Question can be prepared, after obtaining the material/information from the field viz. the Deputy Commissioner, Sangrur as the same is not readily available with the Director, Housing and Urban Development, Punjab who has deputed an official to collect the material personally. However, it seems well nigh impossible to Prepare the reply to this question by *25th February, 1981 when the question is due.*

In view of the position explained above, it is requested that an extension of at least 3 (three) days be accorded for replying this Starred Assembly Question.

With regards

Yours sincerely,
Sd/-
(Kewal Krishan)

Shri Brij Bhushan Mehra,
Speaker,
Punjab Vidhan Sabha,
Chandigarh.

KOTHARI COMMISSION'S RECOMMENDATION REGARDING AID TO PRIVATELY MANAGED/AIDED SCHOOLS

*813. **Shri Ram Lal Chitti**, : Will the Minister for Education be pleased to state :—

(a) the percentage of aid recommended by the Kothari Commission for Privately managed/aided schools;

(b) the total amount of the aid given to the schools mentioned in part (a) above during the years 1978-79 and 1979-80 in district Jullundur ?

Sardar Harcharan Singh Ajnala: (a) The Kothari Commission did not recommend quantum of percentage for grant in aid for the privately managed schools.

(b) However, the amount sanctioned under Delhi Pattern of grant-in-aid scheme (@ 95% of the deficit) is as under :—

Year	Amount
1978-79	Rs. 87,11 060.00
1979-80	Rs. 1,00,43,166.00

ਸ੍ਰੀ ਰਾਮ ਲਾਲ ਚਿੱਟੀ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਜ਼ਿਲ੍ਹਾ ਜਲੰਧਰ ਵਿਚ 1978-79 ਦੇ ਦੌਰਾਨ ਪ੍ਰਾਈਵੇਟਲੀ ਮੈਨੇਜਡ ਸਕੂਲਾਂ ਨੂੰ 87,11,060/- ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ ਅਤੇ 1979-80 ਵਿਚ 1,00,43,166/- ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ । ਜਦ ਸਰਕਾਰ ਇਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਇਤਨੀ ਗ੍ਰਾਂਟ ਦਿੰਦੀ ਹੈ ਤਾਂ ਫਿਰ ਸਰਕਾਰ ਇਨ੍ਹਾਂ ਸਕੂਲਾਂ ਨੂੰ ਆਪਣੇ ਕੰਟਰੋਲ ਹੇਠ ਕਿਉਂ ਨਹੀਂ ਲੈ ਲੈਂਦੀ ? ਪ੍ਰਾਈਵੇਟ ਸਕੂਲਾਂ ਵਾਲੇ ਆਪਣੇ ਟੀਚਰਾਂ ਨੂੰ ਪੂਰੀਆਂ ਤਨਖਾਹਾਂ ਵੀ ਨਹੀਂ ਦਿੰਦੇ ਅਤੇ ਉਨ੍ਹਾਂ ਤੋਂ ਰਸੀਦਾਂ ਪੂਰੇ ਪੈਸਿਆਂ ਦੀ ਲੈ ਲੈਂਦੇ ਹਨ ।

ਮੰਤਰੀ: ਸਪੀਕਰ ਸਾਹਿਬ, ਜਿਥੋਂ ਤੱਕ ਸਵਾਲ ਹੈ ਕਿ ਪ੍ਰਾਈਵੇਟ ਸਕੂਲਾਂ ਵਾਲੇ ਤਨਖਾਹਾਂ ਘੱਟ ਦਿੰਦੇ ਹਨ, ਅਸੀਂ ਇਸ ਸਬੰਧੀ ਇਕ ਨੋਟੀਫਿਕੇਸ਼ਨ 23 ਜਨਵਰੀ ਨੂੰ ਜਾਰੀ ਕਰ ਦਿੱਤਾ ਹੈ ਔਰ ਇਸ ਦੇ ਨਾਲ ਹੁਣ ਪ੍ਰਾਈਵੇਟ ਸਕੂਲ ਟੀਚਰਜ਼ ਦੀ ਗੌਰਮਿੰਟ ਸਕੂਲ ਟੀਚਰਜ਼ ਦੇ ਨਾਲ ਪੈਰਿਟੀ ਕਰ ਦਿੱਤੀ ਹੈ । ਚਿੱਟੀ ਸਾਹਿਬ ਦਾ ਹੁਣ ਇਹ ਤੌਖਲਾ ਵਾਜਬ ਨਹੀਂ ਹੈ । ਅਗਰ ਕੋਈ ਐਸਾ ਕੇਸ ਹੈ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ, ਅਸੀਂ ਠੀਕ ਕਰ ਦੇਵਾਂਗੇ ।

ਦੂਸਰੀ ਗੱਲ ਇਨ੍ਹਾਂ ਨੇ ਕਹੀ ਸੀ ਕਿ 95% ਗ੍ਰਾਂਟ ਸਰਕਾਰ ਦਿੰਦੀ ਹੈ ਤਾਂ ਫਿਰ ਸਰਕਾਰ ਉਨ੍ਹਾਂ ਸਕੂਲਾਂ ਨੂੰ ਟੇਕ ਓਵਰ ਕਿਉਂ ਨਹੀਂ ਕਰ ਲੈਂਦੀ । ਇਸ ਸਬੰਧੀ ਗੌਰਮਿੰਟ ਨੇ ਪਹਿਲਾਂ ਹੀ ਪਾਲਿਸੀ ਡੀਕਲੇਅਰ ਕੀਤੀ ਹੋਈ ਹੈ ਕਿ ਅਗਰ ਕੋਈ ਪ੍ਰਾਈਵੇਟ ਸਕੂਲ

ਨਾਰਮਜ਼ ਪੂਰੀਆਂ ਕਰਦਾ ਹੋਵੇ, ਅਗਰ ਉਹ ਸਕੂਲ ਸ਼ਰਤਾਂ ਪੂਰੀਆਂ ਕਰਦਾ ਹੋਵੇ ਔਰ ਟੇਕ ਓਵਰ ਲਈ ਕਹੇ ਤਾਂ ਸਰਕਾਰ ਟੇਕ ਓਵਰ ਕਰ ਲੈਂਦੀ ਹੈ । ਅਸੀਂ ਇਹ ਡੈਫਿਸਿਟ ਵਿਚ ਗ੍ਰਾਂਟ ਇਨ ਏਡ ਦੇ ਕੇ ਪ੍ਰਾਈਵੇਟ ਸਕੂਲਾਂ ਨੂੰ ਉਤਸ਼ਾਹ ਦੇ ਰਹੇ ਹਾਂ । ਇਹ ਦਿੱਲੀ ਪੈਟਰਨ ਦੇ ਮੁਤਾਬਿਕ ਹੈ ।

ਸ੍ਰੀ ਰਾਮ ਲਾਲ ਚਿੱਟੀ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਾਫੀ ਡੀਟੇਲ ਵਿਚ ਜਵਾਬ ਦਿੱਤਾ ਹੈ । ਕਈ ਇਨਸਟੀਚਿਊਸ਼ਨਜ਼ ਪ੍ਰਾਈਵੇਟ ਸਕੂਲਾਂ ਨੂੰ ਬਿਜ਼ਨੈਸ ਪੁਆਇੰਟ ਆਫ ਵਿਊ ਨਾਲ ਚਲਾ ਰਹੀਆਂ ਹਨ । ਉਹ ਸਰਕਾਰ ਤੋਂ 95% ਗ੍ਰਾਂਟ ਲੈ ਕੇ ਟੀਚਰਜ਼ ਨੂੰ ਘੱਟ ਤਨਖਾਹ ਦਿੰਦੇ ਹਨ । ਸਰਕਾਰ ਨੂੰ ਐਜੂਕੇਸ਼ਨਲ ਇਨਸਟੀਚਿਊਸ਼ਨਜ਼ ਵਿੱਚ ਇਸ ਕਿਸਮ ਦੇ ਬਿਜ਼ਨੈਸ ਨੂੰ ਬੰਦ ਕਰਨ ਲਈ ਇਨ੍ਹਾਂ ਨੂੰ ਟੇਕ ਓਵਰ ਕਰ ਲੈਣਾ ਚਾਹੀਦਾ ਹੈ । ਕੀ ਸਰਕਾਰ ਇਸ ਤੇ ਵਿਚਾਰ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਇਹ 95% ਗ੍ਰਾਂਟ ਇਨ ਏਡ ਡੈਫਿਸਿਟ ਦੀ ਹੁੰਦੀ ਹੈ ਔਰ ਇਸ ਦੇ ਲਈ ਫਾਰਮੂਲਾ ਬਣਿਆ ਹੋਇਆ ਹੈ । ਇਹ ਗ੍ਰਾਂਟ ਦੇਣ ਲਈ ਸਾਡੇ ਕੁਝ ਅਸੂਲ ਹਨ । ਜਿਹੜੇ ਸਕੂਲ ਸ਼ਰਤਾਂ ਪੂਰੀਆਂ ਕਰਦੇ ਹਨ ਉਨ੍ਹਾਂ ਨੂੰ ਇਹ ਗ੍ਰਾਂਟ ਮਿਲਦੀ ਹੈ ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਜਿਹੜਾ ਕਿਹਾ ਗਿਆ ਹੈ ਕਿ ਜਲੰਧਰ ਵਿਚ ਪਹਿਲੇ 87 ਲੱਖ ਰੁਪਏ ਦੀ ਅਤੇ ਫਿਰ ਦੂਸਰੇ ਸਾਲ 1 ਕਰੋੜ ਰੁਪਏ ਦੀ ਗ੍ਰਾਂਟ ਮਿਲੀ ਸੀ, ਕੀ ਪ੍ਰਾਈਵੇਟ ਸਕੂਲ ਵਾਲੇ ਜਿਹੜੀਆਂ ਫੀਸਾਂ ਲੈਂਦੇ ਹਨ ਉਸ ਨੂੰ ਸਰਕਾਰ ਵਿੱਚ ਗਿਣਦੀ ਹੈ ਕਿ ਨਹੀਂ ?

ਮੰਤਰੀ: ਸਪੀਕਰ ਸਾਹਿਬ, ਜਿਹੜਾ ਸਕੂਲ ਦਾ ਡੈਫਿਸਿਟ ਹੁੰਦਾ ਹੈ ਉਸ ਦਾ 95% ਗ੍ਰਾਂਟ ਇਨ ਏਡ ਦਿੱਤੀ ਜਾਂਦੀ ਹੈ ।

ਮਾਸਟਰ ਦਲੀਪ ਚੰਦ: ਸਪੀਕਰ ਸਾਹਿਬ, ਸਰਕਾਰ 95% ਡੈਫਿਸਿਟ ਦਾ ਗ੍ਰਾਂਟ-ਇਨ-ਏਡ ਰਾਹੀਂ ਪ੍ਰਾਈਵੇਟ ਸਕੂਲਾਂ ਨੂੰ ਦਿੰਦੀ ਹੈ ਔਰ 5% ਪ੍ਰਾਈਵੇਟ ਸਕੂਲ ਵਾਲੇ ਜਮ੍ਹਾਂ ਕਰਵਾਉਂਦੇ ਹਨ । ਮੈਂ ਆਪਣੇ ਹਲਕੇ ਵਿਚ ਦੇਖਿਆ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਸਟਾਫ ਨੂੰ 6-6 ਮਹੀਨੇ ਤਨਖਾਹਾਂ ਨਹੀਂ ਮਿਲਦੀਆਂ । ਅਗਰ ਪ੍ਰਾਈਵੇਟ ਸਕੂਲਾਂ ਵਾਲੇ 5% ਗ੍ਰਾਂਟ 12 ਮਹੀਨਿਆਂ ਦੀ ਸਾਲ ਦੇ ਸ਼ੁਰੂ ਵਿਚ ਹੀ ਜਮ੍ਹਾਂ ਕਰਵਾ ਦੇਣ ਅਤੇ ਸਰਕਾਰ ਤੋਂ 95% ਗ੍ਰਾਂਟ ਮਿਲਦੀ ਰਹੇ ਤਾਂ ਫਿਰ ਸਟਾਫ ਨੂੰ ਤਨਖਾਹਾਂ ਪੂਰੇ ਟਾਈਮ ਤੇ ਮਿਲ ਸਕਦੀਆਂ ਹਨ ਜਿਸ ਤਰ੍ਹਾਂ ਸਰਕਾਰੀ ਸਕੂਲਾਂ ਦੇ ਸਟਾਫ ਨੂੰ ਰੈਗੂਲਰ ਤਨਖਾਹਾਂ ਮਿਲਦੀਆਂ ਹਨ । ਕੀ ਐਸਾ ਕੋਈ ਪ੍ਰਬੰਧ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਕਈ ਪ੍ਰਾਈਵੇਟਲੀ ਮੈਨੇਜਡ ਸਕੂਲਾਂ ਦੀਆਂ ਮਜਬੂਰੀਆਂ ਹੁੰਦੀਆਂ ਹਨ ਕਿ ਉਹ ਇੱਕਠਾ 5% ਜਮ੍ਹਾਂ ਨਹੀਂ ਕਰਵਾ ਸਕਦੇ ਪਰ ਫਿਰ ਵੀ ਅਸੀਂ ਉਨ੍ਹਾਂ ਨੂੰ ਪ੍ਰੇਰਨਾ ਕਰਾਂਗੇ ਕਿ ਉਹ ਪਹਿਲੇ 5% ਜਮ੍ਹਾਂ ਕਰਵਾ ਦੇਣ ਤਾਂਕਿ ਗ੍ਰਾਂਟ ਇਨ-ਏਡ ਵਿਚ ਮਿਲਾ ਕੇ ਟਾਈਮ ਸਿਰ ਸਟਾਫ ਨੂੰ ਤਨਖਾਹਾਂ ਮਿਲ ਸਕਣ ।

ਸ੍ਰੀ ਸਪੀਕਰ : ਮਾਸਟਰ ਦਲੀਪ ਚੰਦ ਜੀ ਦਾ ਸੁਝਾਓ ਬੜਾ ਅੱਛਾ ਹੈ ਕਿ ਪ੍ਰਾਈਵੇਟ ਸਕੂਲਾਂ ਵਾਲੇ ਪਹਿਲੇ 5% ਜਮ੍ਹਾਂ ਕਰਵਾ ਦੇਣ । ਇਸ ਤੇ ਮਨਿਸਟਰ ਸਾਹਿਬ ਗੌਰ ਕਰ ਲੈਣ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਬਹੁਤ ਪਹਿਲੇ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਮੰਨ ਲਿਆ ਸੀ ਪਰ ਹਾਲੇ ਤੱਕ ਸਰਕਾਰ ਕੋਲ ਕਈ ਅਨਾਮਲੀਜ਼ ਦੇ ਕੇਸਿਜ਼ ਪਏ ਹਨ । ਉਨ੍ਹਾਂ ਤੇ ਕਦੋਂ ਤੱਕ ਫੈਸਲਾ ਕਰ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਅਸੀਂ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਨਹੀਂ ਮੰਨੀਆਂ ਸਨ । ਅਸੀਂ ਦਿੱਲੀ ਪੈਟਰਨ ਤੇ ਗ੍ਰਾਂਟ-ਇਨ-ਏਡ ਦਿੰਦੇ ਹਾਂ । ਉਨ੍ਹਾਂ ਨੇ ਪਰਸੈਂਟੇਜ ਦਾ ਕੋਈ ਕੋਆਂਟਮ ਲੇ ਡਾਊਨ ਨਹੀਂ ਕੀਤਾ ਹੋਇਆ ਪਰ ਇਹ ਗੌਰਮਿੰਟ ਨੇ 1 ਦਸੰਬਰ, 1967 ਤੋਂ ਕੀਤਾ ਹੋਇਆ ਹੈ । ਅਸੀਂ ਦਿਲੀ ਪੈਟਰਨ ਤੇ ਡੈਫਿਸਿਟ ਵਿਚ ਗ੍ਰਾਂਟ ਦਿੰਦੇ ਹਾਂ । ਅਗਰ ਕੋਈ ਅਨਾਮਲੀ ਰਹਿ ਗਈ ਹੈ, ਇਹ ਮੇਰੇ ਨੋਟਿਸ ਵਿਚ ਲਿਆਉਣ, ਮੈਂ ਦੇਖ ਲਵਾਂਗਾ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਸਪੀਕਰ ਸਾਹਿਬ ਕੁਝ ਪ੍ਰਾਈਵੇਟਲੀ ਮੈਨੇਜਡ ਸਕੂਲ ਵਿਲਿੰਗ ਹਨ ਕਿ ਸਾਡੇ ਸਕੂਲਾਂ ਨੂੰ ਸਰਕਾਰ ਟੇਕ ਓਵਰ ਕਰ ਲਵੇ ਅਤੇ ਉਨ੍ਹਾਂ ਦੇ ਕੇਸਿਜ਼ ਸਕੱਤਰੇਤ ਵਿਚ ਪਏ ਹੋਏ ਹਨ । ਕੀ ਉਨ੍ਹਾਂ ਤੇ ਸਰਕਾਰ ਵਿਚਾਰ ਕਰੇਗੀ ਅਤੇ ਲੈਣ ਦਾ ਖਿਆਲ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲੇ ਹੀ ਜਵਾਬ ਦੇ ਦਿੱਤਾ ਹੈ ਕਿ ਜਿਹੜੇ ਸਕੂਲ ਨਾਰਮਜ਼ ਪੂਰੇ ਕਰਦੇ ਹੋਣਗੇ ਅਸੀਂ ਉਨ੍ਹਾਂ ਦੇ ਇਸ ਤਰ੍ਹਾਂ ਦੇ ਸਟੈਪ ਦਾ ਵੈਲਕਮ ਕਰਾਂਗੇ ।

ਸ੍ਰੀ ਓਮ ਪਰਕਾਸ਼ ਗੁਪਤਾ : ਸਪੀਕਰ ਸਾਹਿਬ, ਸਰਕਾਰ ਦਿੱਲੀ ਪੈਟਰਨ ਤੇ ਪ੍ਰਾਈਵੇਟ ਸਕੂਲਾਂ ਨੂੰ ਗ੍ਰਾਂਟ ਇਨਏਡ ਦਿੰਦੀ ਹੈ । ਪ੍ਰਾਈਵੇਟ ਸਕੂਲਾਂ ਵਿਚ ਟੀਚਰਜ਼ ਵੀ ਘੱਟ ਹਨ ਅਤੇ ਬੱਚੇ ਵੀ ਥੋੜ੍ਹੇ ਹਨ ਕਿਉਂਕਿ ਅੱਛੇ ਅੱਛੇ ਬੱਚੇ ਗੌਰਮਿੰਟ ਸਕੂਲਾਂ ਵਿਚ ਚਲੇ ਜਾਂਦੇ ਹਨ ਅਤੇ ਸਕੂਲ ਡੈਫਿਸਿਟ ਵਿਚ ਚਲਾ ਜਾਂਦਾ ਹੈ । ਕੀ ਸਰਕਾਰ ਉਨ੍ਹਾਂ ਨੂੰ ਜਿਹੜੀ 5% ਰਕਮ ਜਮ੍ਹਾਂ ਕਰਵਾ-ਉਣੀ ਪੈਂਦੀ ਹੈ ਉਸ ਨੂੰ ਘੱਟ ਕਰਨ ਤੇ ਵਿਚਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਸਰਕਾਰ ਪਹਿਲੇ ਹੀ ਉਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਡੈਫੀਸਿਟ ਦਾ 95% ਹਿੱਸਾ ਗ੍ਰਾਂਟ ਦੀ ਸ਼ਕਲ ਵਿਚ ਦਿੰਦੀ ਹੈ ਅਤੇ ਬਾਕੀ ਦਾ 5% ਸਿਰਫ ਸਕੂਲ ਵਾਲੇ ਦਿੰਦੇ ਹਨ, ਅਗਰ ਅਸੀਂ 5% ਵੀ ਡੈਫੀਸਿਟ ਦਾ ਦੇ ਦਿੱਤਾ ਫਿਰ ਉਨ੍ਹਾਂ ਦਾ ਇਨੀਸ਼ੀਏਟਿਵ ਕੀ ਰਹਿ ਗਿਆ, ਫਿਰ ਉਨ੍ਹਾਂ ਦੀ ਇਨਵਾਲਵਮੈਂਟ ਕੀ ਰਹਿ ਗਈ ? ਅਸੀਂ 1 ਦਸੰਬਰ, 1967 ਦੇ ਫੈਸਲੇ ਮੁਤਾਬਕ ਗ੍ਰਾਂਟ-ਇਨ-ਏਡ ਦਿੰਦੇ ਹਾਂ । ਅਸੀਂ ਇਹ ਕੇਸ ਐਗਜ਼ਾਮਿਨ ਕਰ ਸਕਦੇ ਹਾਂ । ਇਸ ਤੋਂ ਬਗੈਰ ਕਾਫੀ ਫੰਡਜ਼ ਇਨਵਾਲਵਡ ਹਨ । ਇਸ ਲਈ ਸਾਰੀ ਚੀਜ਼ ਸਰਕਾਰ ਦੇ ਵਿਚਾਰ ਅਧੀਨ ਹੁੰਦੀ ਹੈ ।

ਪ੍ਰੋਫੈਸਰ ਬਲਵੰਤ ਸਿੰਘ : ਜੇ ਪ੍ਰਾਈਵੇਟ ਸਕੂਲਾਂ ਵਾਲੇ 5% ਰੁਪਿਆ ਸਾਲ ਦੇ ਸ਼ੁਰੂ ਵਿਚ ਹੀ ਜਮ੍ਹਾਂ ਕਰਾ ਦੇਣ ਤਾਂ ਕੀ ਸਰਕਾਰ ਵੀ 95% ਰੁਪਿਆ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾ ਦੇਵੇਗੀ । ਦੂਜਾ, ਪ੍ਰਾਈਵੇਟ ਸਕੂਲਾਂ ਵਿਚ ਲੈਬਾਰਟਰੀਜ਼ ਵਗੈਰਾ ਦੀ ਹਾਲਤ ਬਹੁਤ ਮਾੜੀ ਹੈ ਕੀ ਮੰਤਰੀ ਜੀ ਇਸ ਪਾਸੇ ਵੀ 95% ਗਰਾਂਟ ਪ੍ਰਾਈਵੇਟ ਸਕੂਲਾਂ ਵਿਚ ਕੰਪੈਨਸੇਟ

ਕਰਨਗੇ ਤਾਕਿ ਸਕੂਲਾਂ ਵਿਚ ਲੈਬਾਰਟਰੀਜ਼ ਦੀ ਹਾਲਤ ਠੀਕ ਹੋ ਸਕੇ ਅਤੇ ਬੱਚੇ ਉਨ੍ਹਾਂ ਤੋਂ ਲਾਭ ਉਠਾ ਸਕਣ ?

ਮੰਤਰੀ: ਸਪੀਕਰ ਸਾਹਿਬ, ਪਹਿਲਾ ਸਵਾਲ ਤਾਂ ਹਾਈਪੋਥੈਟੀਕਲ ਸਵਾਲ ਹੈ ਅੌਰ ਰੈਪੀਟੀਸ਼ਨ ਹੀ ਹੋਈ ਹੈ । ਉਸ ਸਵਾਲ ਦਾ ਜਵਾਬ ਮੈਂ ਦੇ ਚੁੱਕਾ ਹਾਂ ਕਿ ਡੈਫਿਸਿਟ ਟੀਚਰਜ਼ ਦੀ ਸੈਲਰੀ ਦੇ ਬੇਸਿਜ਼ ਉਤੇ ਦਿੱਤਾ ਜਾਂਦਾ ਹੈ । ਜਲੰਧਰ ਜ਼ਿਲ੍ਹੇ ਵਿਚ ਇੱਕ ਸਾਲ ਵਿੱਚ ਇਕ ਕਰੋੜ ਰੁਪਿਆ ਸੈਂਕਸ਼ਨ ਕੀਤਾ ਗਿਆ ਹੈ । ਆਫਟਰ ਆਲ ਸਾਨੂੰ ਕੁਝ ਲਿਮੀਟੇਸ਼ਨ ਤੇ ਪਲਾਨਿੰਗ ਕਰਨੀ ਪੈਂਦੀ ਹੈ ।

ਖੇਡ ਫੰਡ

*812 **ਸ੍ਰੀ ਰਾਮ ਲਾਲ ਚਿੱਟੀ:** ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ :—

(ੳ) ਕੀ ਜ਼ਿਲ੍ਹਾ ਜਲੰਧਰ ਵਿਚ ਪ੍ਰਾਇਮਰੀ/ਹਾਈ/ਹਾਇਰ ਸੈਕੰਡਰੀ ਸਕੂਲਾਂ ਵਿਚ ਵਿਦਿਆਰਥੀਆਂ ਪਾਸੋਂ ਕੋਈ ਖੇਡ ਫੰਡ ਇਕੱਠਾ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਪ੍ਰਤੀ ਵਿਦਿਆਰਥੀ ਉਸ ਦੀ ਦਰ ਕੀ ਹੈ ;

(ਅ) ਉਕਤ ਜ਼ਿਲ੍ਹੇ ਵਿਚ ਸਾਲ 1978-79 ਅਤੇ 1979-80 ਦੇ ਦੌਰਾਨ ਉਕਤ ਫੰਡ ਦੀ ਕੁਲ ਕਿੰਨੀ ਰਕਮ ਵਸੂਲ ਕੀਤੀ ਗਈ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਰਕਮ ਵਿਚੋਂ ਸਕੂਲ-ਵਾਰ ਅਤੇ ਸਾਲ ਵਾਰ ਕੁਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਇਹ ਰਕਮ ਕਿਸ ਮਕਸਦ ਲਈ ਖਰਚ ਕੀਤੀ ਗਈ ।

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਹਾਂ, ਸਪੋਰਟਸ ਫੰਡ ਵਿਦਿਆਰਥੀਆਂ ਤੋਂ ਹੇਠ ਲਿਖੇ ਅਨੁਸਾਰ ਇਕੱਠਾ ਕੀਤਾ ਜਾਂਦਾ ਹੈ :

(i) ਦੂਜੀ ਤੋਂ ਪੰਜਵੀਂ ਜਮਾਤ ਤੱਕ ਪੜ੍ਹੀਆਂ ਸੁਣੀਆਂ ਦੇ ਵਿਦਿਆਰਥੀਆਂ ਤੋਂ ਇਲਾਵਾ 1/- ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ।

(ii) ਛੇਵੀਂ ਤੋਂ ਗਿਆਰਵੀਂ ਜਮਾਤ ਤੱਕ : ਸਾਰੇ ਵਿਦਿਆਰਥੀਆਂ ਤੋਂ 2/- ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ।

(ਅ)	1978-79	..	1,77,106.70 ਰੁ
	1979-80	..	2,37,384.90 ਰੁ:
	ਕੁੱਲ	..	4,14,491.60 ਰੁ:
(ੲ)	1978-79	..	57,273.00 ਰੁ:
	1979-80	..	1,34,532.00 ਰੁ:
	ਕੁੱਲ	..	1,91,805.00 ਰੁ:

ਸਾਰੀ ਇਕੱਠੀ ਕੀਤੀ ਰਾਸ਼ੀ ਵਿੱਚੋਂ 1,03,623.00 ਰੁ: ਸਬੰਧਤ ਸਕੂਲਾਂ ਦੇ ਮੁੱਖੀਆਂ ਵਲੋਂ ਖੇਡਾਂ ਦੇ ਵਿਕਾਸ ਲਈ ਖਰਚ ਕੀਤੇ ਗਏ ।

ਸ੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਬੜੀ ਤਫਸੀਲ ਦਿੱਤੀ ਹੈ ਕਿ 1978-79 ਵਿੱਚ 1,77,106.70 ਰੁਪਏ ਅਤੇ 1979-80 ਵਿਚ 2,37,384.90 ਰੁਪਏ ਯਾਨੀ ਕਿ ਪਹਿਲੇ ਸਾਲ ਘੱਟ ਅਤੇ ਦੂਜੇ ਸਾਲ ਵਿੱਚ ਰਕਮ ਵੱਧ ਗਈ। ਹੋ ਸਕਦਾ ਹੈ ਕਿ ਸਟੂਡੈਂਟਸ ਘੱਟ ਵੱਧ ਗਏ ਹੋਣ । ਸਾਲ 1978-79 ਵਿੱਚ 57,273.00 ਰੁਪਏ ਅਤੇ 1979-80 ਵਿੱਚ 1,34,532.00 ਰੁਪਏ ਖਰਚ ਕੀਤੇ ਗਏ, ਇਹ ਕਿਸ ਮਕਸਦ ਲਈ ਖ਼ਰਚ ਕੀਤੇ ਗਏ । ਦੂਸਰਾ ਸਪੀਕਰ ਸਾਹਿਬ, ਜਿਹੜਾ ਸਪੋਰਟਸ ਫੰਡ ਇਕੱਠਾ ਕੀਤਾ ਜਾਂਦਾ ਹੈ, ਉਹ ਕੀ ਸਕੂਲਾਂ ਜਾਂ ਕਾਲਜਾ ਵਿਚ ਰਹਿੰਦਾ ਹੈ ਜਾਂ ਜ਼ਿਲ੍ਹੇ ਵਿਚ ਆ ਜਾਂਦਾ ਹੈ ਇਸ ਫੰਡ ਦੀ ਡਿਸਟ੍ਰੀਬਿਊਸ਼ਨ ਕਿਵੇਂ ਹੁੰਦੀ ਹੈ ?

ਮੰਤਰੀ: ਸਪੀਕਰ ਸਾਹਿਬ, ਪਹਿਲੇ ਸਵਾਲ ਬਾਰੇ ਮੈਂ ਵਿਗਰਜ਼ ਦੇ ਕੇ ਦੱਸ ਚੁੱਕਾ ਹਾਂ ' ਨੰਬਰ ਆਫ ਸਟੂਡੈਂਟਸ ਦੇ ਮੁਤਬਿਕ ਅਮਾਊਂਟ ਘਟਦੀ ਵੱਧਦੀ ਰਹਿੰਦੀ ਹੈ । ਦੂਜੇ ਸਵਾਲ ਬਾਰੇ ਮੈਂ ਮੈਂਬਰ ਸਾਹਿਬ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਟੋਟਲ ਕੁਲੈਕਸ਼ਨ ਵਿਚੋਂ 25% ਨੀਚੇ ਵਾਲੇ ਰਖਦੇ ਹਨ ਅਤੇ 75% ਉਪਰ ਆ ਜਾਂਦੇ ਹਨ । ਨੀਚਲੇ ਦਫਤਰ ਡਿਸਟ੍ਰਿਕਟ ਐਜੂਕੇਸ਼ਨ ਅਫਸਰ ਅਤੇ ਉਪਰਲੇ ਦਫਤਰ ਵਾਲਿਆਂ ਦੀ ਆਪਸ ਵਿਚ ਕੁਆਰਡੀਨੇਸ਼ਨ ਹੁੰਦੀ ਹੈ ' 10% ਜ਼ਿਲ੍ਹਾ ਪੱਧਰ ਕੋਲ ਅਤੇ 50% ਅਮਾਊਂਟ ਸਪੋਰਟਸ ਕੌਂਸਲ ਕੋਲ ਆ ਜਾਂਦਾ ਹੈ ਤਾਕਿ ਸਾਰੇ ਪੰਜਾਬ ਵਿਚ ਸਟੇਟ ਲੈਵਲ ਤੇ ਅਤੇ ਹੋਰ ਲੈਵਲ ਤੇ ਠੀਕ ਕੰਮ ਹੋ ਸਕੇ,।

ਸ੍ਰੀ ਰਾਮ ਲਾਲ ਚਿੱਟੀ : ਮਨਿਸਟਰ ਸਾਹਿਬ, , ਨੇ ਦੱਸਿਆ ਹੈ ਕਿ 75% ਅਮਾਊਂਟ ਉਪਰ ਆ ਜਾਂਦਾ ਹੈ । ਸਕੂਲ ਵਾਲਿਆਂ ਕੋਲੋਂ ਇੱਕ ਰੁਪਿਆ ਮਹੀਨਾ ਪ੍ਰਤੀ ਵਿਦਿਆਰਥੀ ਇਹ ਇਕਠਾ ਕਰਦੇ ਹਨ ਅਤੇ ਸਿਰਫ ਚਾਰ ਆਨੇ ਉਨ੍ਹਾਂ ਕੋਲ ਰਹਿ ਜਾਣੇ ਹਨ । ਸਕੂਲਾਂ ਕੋਲ ਬਹੁਤ ਥੋੜ੍ਹੀ ਅਮਾਊਂਟ ਰਹਿ ਜਾਂਦੀ ਹੈ । ਜਦੋਂ ਸਕੂਲਾਂ ਵਾਲਿਆਂ ਨੇ ਟੂਰਨਾਮੈਂਟ ਆਦਿ ਕਰਾਉਣੇ ਹੁੰਦੇ ਹਨ ਤਾਂ ਡੀ. ਈ. ਓਜ਼ ਵਗੈਰਾ ਸਿਰਫ 100 ਰੁਪਿਆ ਦੇ ਦਿੰਦੇ ਹਨ ਅਤੇ ਕਹਿ ਦਿੰਦੇ ਹਨ ਕਿ ਇਸ ਨਾਲ ਹੀ ਗੁਜ਼ਾਰਾ ਕਰੋ। ਕੀ ਸਕੂਲਾਂ ਵਿਚ ਮਨਿਸਟਰ ਸਾਹਿਬ ਜ਼ਿਆਦਾ ਫੰਡ ਰੱਖਣ ਦਾ ਇੰਤਜ਼ਾਮ ਕਰਨਗੇ ਕਿਉਂਕਿ ਸਕੂਲਾਂ ਵਿਚੋਂ ਹੀ ਬੱਚੇ ਤਿਆਰ ਹੋ ਕੇ ਅਗੇ ਆਉਣੇ ਹਨ ?

ਮੰਤਰੀ ' ਸਪੀਕਰ ਸਾਹਿਬ, ਮੈਂ ਆਪਣ ਆਨਰੇਬਲ ਮੈਂਬਰ ਸਾਹਿਬ ਦੀ ਗਿਆਤ ਲਈ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਸੀਂ ਸਪੋਰਟਸ ਨੂੰ ਬੜਾਵਾ ਦੇਣਾ ਹੈ ਅਤੇ ਇਸ ਦੀ ਡਿਵੈਲਪਮੈਂਟ ਕਰਨੀ ਹੈ। ਸਪੋਰਟਸ ਨੂੰ ਉਪਰ ਚੁੱਕਣ ਲਈ ਬਹੁਤ ਕੁਝ ਕੀਤਾ ਗਿਆ ਹੈ ਅਤੇ ਬਹੁਤ ਕੁਝ ਕੀਤਾ ਜਾਣਾ ਹੈ । ਮੈਂ ਹਾਊਸ ਨੂੰ ਇਕ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਸਟੇਟ ਲੈਵਲ ਤੇ ਮਿਨੀ ਗੇਮਜ਼ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਨੈਸ਼ਨਲ ਪੱਧਰ ਤੇ ਵੀ ਕੀਤਾ ਗਿਆ ਹੈ । ਅਸੀਂ ਸਾਰੇ ਹਿੰਦੁਸਤਾਨ ਵਿਚੋਂ ਜਨਰਲ ਚੈਂਪੀਅਨਸ਼ਿਪ ਜਿੱਤ ਕਿ ਲਿਆਂਦੀ ਹੈ । (ਥੰਪਿੰਗ) ਉਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦੇਣੀ ਹੈ । ਉਨ੍ਹਾਂ ਬੱਚਿਆਂ ਨੂੰ ਡਾਈਟ ਮਨੀ ਦੇਣੀ ਹੈ । ਨੈਸ਼ਨਲ ਲੈਵਲ ਤੇ ਵੀ ਖੇਡਾਂ ਤੇ ਕਾਫੀ ਖ਼ਰਚ ਆ ਜਾਂਦਾ ਹੈ । ਸਾਰੀਆਂ ਚੀਜ਼ਾਂ ਦਾ ਪ੍ਰਬੰਧ ਕਰਨਾ ਹੁੰਦਾ ਹੈ । ਬਾਕੀ ਜੋ ਮੈਂਬਰ ਸਾਹਿਬਾਨ ਨੇ ਵੀ ਸੁਝਾਓ ਦਿੱਤਾ ਹੈ, ਉਸ ਤੇ ਵੀ ਵਿਚਾਰ ਕਰ ਲਵਾਂਗੇ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਵਿਦਿਆਰਥੀਆਂ ਦੇ ਫੰਡਾਂ ਬਾਰੇ ਜੋ ਮਨਿਸਟਰ ਸਾਹਿਬ ਨੇ ਦੱਸਿਆ ਹੈ ਉਹ ਵਿਦਿਆਰਥੀਆਂ ਤੇ ਖਰਚ ਨਹੀਂ ਹੋ ਰਹੇ ਬਲਕਿ ਸੈਰ ਸਪਾਟੇ ਤੇ, ਜੋ ਕਮਟੀ ਬਣੀ ਹੁੰਦੀ ਹੈ ਉਨ੍ਹਾਂ ਤੇ ਖ਼ਰਚ ਹੋ ਰਿਹਾ ਹੈ । ਕੀ ਮੰਤਰੀ ਜੀ ਜੋ ਫੰਡਾਂ ਦੀ ਹੇਰਾਫੇਰੀ ਹੋਈ ਹੈ, ਉਸ ਦੀ ਇਨਕੁਆਇਰੀ ਕਰਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਜਨਰਲ ਐਲੀਗੇਸ਼ਨ ਹੈ । ਮੈਂ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ ਅਤੇ ਇਸ ਨੂੰ ਚੈਲੰਜ ਕਰਦਾ ਹਾਂ । ਅਗਰ ਇਹ ਕੋਈ ਕਨਕਰੀਟ ਕੇਸ ਦੱਸ ਦੇਣ ਤਾਂ ਮੈਂ ਉਸ ਦੀ ਇਨਕੁਆਇਰੀ ਕਰਾ ਲਵਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਤਿੰਨ ਚਾਰ ਡਿਪਾਰਟਮੈਂਟਸ ਹਨ, ਖੇਡ ਪ੍ਰੀਸ਼ਦ, ਸਪੋਰਟਸ ਕੌਂਸਲ ਅਤੇ ਪੰਚਾਇਤਾਂ ਆਦਿ ਦੇ । ਕੀ ਮਨਿਸਟਰ ਸਾਹਿਬ ਇਨ੍ਹਾਂ ਤਿੰਨ ਚਾਰ ਮਹਿਕਮਿਆਂ ਨੂੰ ਇਕੱਠਾ ਕਰਕੇ ਇਸ ਨੂੰ ਸਟਰੀਮ ਲਾਈਨ ਕਰਨਗੇ ।

ਮੰਤਰੀ : ਸਪੀਕਰ ਸਾਹਿਬ, ਇਹ ਮਹਿਕਮੇ ਆਪਣੇ ਆਪਣੇ ਖੇਤਰ ਨੂੰ ਡੀਵਾਈਨ ਕਰਦੇ ਹਨ । ਖੇਡ ਪ੍ਰੀਸ਼ਦ ਰੂਰਲ ਏਰੀਏ ਨੂੰ ਬੜਾਵਾ ਦਿੰਦੀ ਹੈ ਅਤੇ ਸਪੋਰਟਸ ਕੌਂਸਲ ਸਟੇਟ ਲੈਵਲ ਤੇ ਕਾਲਜਾਂ ਵਗੈਰਾ ਵਿੱਚ ਬੜਾਵਾ ਦਿੰਦੀ ਹੈ । ਜਿਥੋਂ ਤਕ ਸੁਝਾਓ ਹੈ ਕਿ ਇਨ੍ਹਾਂ ਦੀ ਕੁਆਰਡੀਨੇਸ਼ਨ ਕੀਤੀ ਜਾਵੇ, ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਦੀ ਸਰਕਾਰ ਨੇ ਜਦੋਂ ਹੀ ਚਾਰਜ ਸੰਭਾਲਿਆ ਹੈ ਤੇ ਫੈਸਲਾ ਕੀਤਾ ਹੈ ਕਿ ਜਿਥੇ ਵੀ ਹੋ ਸਕੇ ਡੁਪਲੀਕੇਸ਼ਨ ਨੂੰ ਇਲੀਮੀਨੇਟ ਕੀਤਾ ਜਾਵੇ । ਇਹ ਮਸਲਾ ਵੀ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਕਿਸ ਤਰ੍ਹਾਂ ਕੁਆਰਡੀਨੇਸ਼ਨ ਕੀਤੀ ਜਾਵੇ ਜਾਂ ਸਟਰੀਮ ਲਾਈਨ ਕਰ ਦਿੱਤਾ ਜਾਵੇ ।

DECISION TO MERGE THE LADY INSPECTORATE STAFF WITH THE MALE INSPECTORATE STAFF OF THE COOPERATION DEPARTMENT.

*818. 1) **Comrade Sarwan Singh**
2) **Comrade Sohan Singh**
3) **Comrade Buta Singh**

Will the Cheif Minister be pleased to state—

(a) whether it is a fact that the Government decided to merge the Lady Inspectorate staff with the Male Inspectorate staff of the Cooperation Department in the Month of May/June, 1980, if so, the details thereof;

(b) the reasons for not implementing the said decision of the Government together with the time by which it is likely to be implemented ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ) : (ੳ) (i) ਹਾਂ ਜੀ ।

[ਵਿੱਤ ਮੰਤਰੀ]

(ii) ਇਸਤਰੀ ਇਨਸਪੈਕਟੋਰੇਟ ਸਟਾਫ ਨੂੰ ਸਹਿਕਾਰਤਾ ਵਿਭਾਗ ਦੇ ਮੇਲ ਇਨਸਪੈਕਟੋਰੇਟ ਸਟਾਫ ਵਿਚ ਸੰਮਿਲਤ ਕਰਨ ਦਾ ਫੈਸਲਾ ਮਿਤੀ 28 ਮਈ, 1980 ਨੂੰ ਕੀਤਾ ਗਿਆ ਅਤੇ ਇਹ ਫੈਸਲਾ ਸਰਕਾਰੀ ਗਜ਼ਟ ਵਿਚ ਛੱਪਣ ਤੋਂ ਲਾਗੂ ਹੋਣਾ ਸੀ। ਸਹਿਕਾਰਤਾ ਵਿਭਾਗ ਵਿਚ ਇਸਤਰੀ ਸਟਾਫ ਦਾ ਇਕ ਵੱਖਰਾ ਵਿੰਗ ਹੈ ਜਿਸ ਵਿਚ 11 ਨਿਰੀਖਕ ਅਤੇ 57 ਉਪ ਨਿਰੀਖਕ ਹਨ। ਇਸਤਰੀ ਸਟਾਫ ਦੀ ਸੀਨੀਆਰਤਾ ਲਗਾਤਾਰ ਸਰਵਿਸ ਦੀਆਂ ਸਬੰਧਤ ਮਿਤੀਆਂ ਦੇ ਲਿਹਾਜ ਨਾਲ ਬਣਾਈ ਜਾਣੀ ਸੀ।

(ਅ) ਫੈਸਲੇ ਨੂੰ ਲਾਗੂ ਕਰਨ ਵਿਚ ਅਮਲੀ ਅਤੇ ਪ੍ਰਬੰਧਕੀ ਮੁਸ਼ਕਿਲਾਂ ਕਾਰਨ ਇਸ ਤੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਅੰਤਮ ਫੈਸਲਾ ਜਲਦੀ ਹੀ ਕੀਤਾ ਜਾਵੇਗਾ।

ਕਾਮਰੇਡ ਸਰਵਣ ਸਿੰਘ (ਧਰਮਕੋਟ) : ਸਪੀਕਰ ਸਾਹਿਬ, ਮੰਤਰੀ ਜੀ ਮੰਨ ਗਏ ਹਨ ਕਿ ਬੜੀਆਂ ਮੁਸ਼ਕਿਲਾਂ ਹਨ ਜਿਨ੍ਹਾਂ ਕਾਰਨ ਇਹ ਕੰਮ ਹਾਲੇ ਤਕ ਕਰ ਨਹੀਂ ਸਕੇ ਹਨ ਅਤੇ ਇਸ ਤੇ ਮੁੜ ਕੇ ਵਿਚਾਰ ਕਰ ਰਹੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਤਰੀਕ ਤਕ ਇਹ ਕੰਮ ਕਰਾ ਦਿੱਤਾ ਜਾਏਗਾ ?

ਵਿੱਤ ਮੰਤਰੀ : ਇਸ ਸਬੰਧੀ ਫੈਸਲਾ ਮਿਤੀ 28 ਮਈ, 1980 ਨੂੰ ਕੀਤਾ ਗਿਆ ਸੀ। 11 ਇਨਸਪੈਕਟਰੈਸਿਜ਼ ਔਰ 57 ਸਬ-ਇਨਸਪੈਕਟਰੈਸਿਜ਼ ਸਨ ਔਰ ਚਾਰ, ਪੰਜ ਸੌ ਦੇ ਕਰੀਬ ਮੇਲ ਇਨਸਪੈਕਟਰਜ਼ ਸਨ ਜੋ ਕਿ ਮਰਜ ਕਰਕੇ ਇਕ ਸੀਨੀਆਰਟੀ ਬਣਾਉਣੀ ਸੀ। ਜਿਸ ਵੇਲੇ ਇਹ ਫੈਸਲਾ ਹੋਇਆ ਉਸ ਵੇਲੇ ਹੁਣ ਦੀ ਸਰਕਾਰ ਨਹੀਂ ਬਣੀ ਸੀ। ਇਸ ਤਰ੍ਹਾਂ ਮਰਜ ਕਰਕੇ ਸੀਨੀਆਰਿਟੀ ਬਣਾਉਣ ਵਿਚ ਕਈ ਮੁਸ਼ਕਲਾਂ ਸਾਹਮਣੇ ਆਈਆਂ। ਜਿਹੜੀਆਂ ਔਰਤਾਂ ਦੀਆਂ ਕੋਆਪਰੇਟਿਵ ਸੁਸਾਇਟੀਆਂ ਹਨ ਉਹ ਵੱਖਰਾ ਕਿਸਮ ਦਾ ਕੰਮ ਕਰਦੀਆਂ ਹਨ ਜਿਸ ਤਰ੍ਹਾਂ ਕਿ ਸੀਵਿੰਗ ਆਦਿ, ਇਨ੍ਹਾਂ ਦੀ ਦੇਖ ਭਾਲ ਲਈ ਅਗਰ ਪੁਰਸ਼ ਜਾਣ ਤਾਂ ਚੰਗਾ ਨਹੀਂ ਲਗੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਮਰਜਰ ਹੋਣ ਕਰਕੇ ਸੀਨੀਆਰਿਟੀ ਵਿਚ ਭੈਣਾਂ ਨੂੰ ਜ਼ਰੂਰ ਫਾਇਦਾ ਹੋਏਗਾ। ਲੇਕਿਨ ਭੈਣਾਂ ਦੀਆਂ ਜੋ ਕੋਆਪਰੇਟਿਵ ਸੁਸਾਇਟੀਆਂ ਹਨ ਉਨ੍ਹਾਂ ਦੇ ਕੰਮ ਕਾਜ ਵਿਚ ਇਹ ਮਰਜਰ ਹੋਣ ਕਰਕੇ ਤਕਲੀਫ ਪੇਸ਼ ਆਏਗੀ। ਜੇਕਰ ਉਨ੍ਹਾਂ ਭੈਣਾਂ ਦੀਆਂ ਸਕੀਮਾਂ ਵਿਚ ਮੇਲ ਸਟਾਫ ਜਾਏਗਾ ਤਾਂ ਡਿਫੀਕਲਟੀ ਆਏਗੀ। ਇਸ ਲਈ ਇਸ ਸਬੰਧੀ ਕੋਈ ਅੰਤਮ ਫੈਸਲਾ ਲੈਣ ਤੋਂ ਪਹਿਲਾਂ ਇਹ ਸਾਰੀਆਂ ਚੀਜ਼ਾਂ ਨੂੰ ਮੁੱਖ ਰਖਿਆ ਜਾਏਗਾ।

ਕਾਮਰੇਡ ਸਰਵਣ ਸਿੰਘ (ਧਰਮਕੋਟ) : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਫਿਰ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤਕ ਇਹ ਕਮ ਇੰਪਲੀਮੈਂਟ ਕਰਾ ਦਿੱਤਾ ਜਾਏਗਾ ?

ਮੰਤਰੀ : ਮੈਂ ਪਹਿਲਾਂ ਵੀ ਦੱਸਿਆ ਹੈ ਕਿ ਇਸ ਦੀ ਇੰਪਲੀਮੈਂਟੇਸ਼ਨ ਵਿਚ ਦਿੱਕਤ ਹੈ। ਜਿਸ ਵੇਲੇ ਇਸਤਰੀਆਂ ਦੀਆਂ ਸਕੀਮਾਂ ਵਿਚ ਪੁਰਸ਼ ਇਨਸਪੈਕਟਰਜ਼ ਜਾਣਗੇ ਤਾਂ ਦਿੱਕਤ ਆਏਗੀ। ਜੇਕਰ ਉਹ ਦਿੱਕਤ ਦੂਰ ਹੋ ਜਾਏਗੀ ਤਾਂ ਜ਼ਰੂਰ ਇਹ ਕੰਮ ਕਰਾਂਗੇ।

ਕਾਮਰੇਡ ਸੋਹਨ ਸਿੰਘ : ਸੋਲਾਂ, ਸੋਲਾਂ ਸਾਲ ਹੋ ਗਏ ਹਨ ਬੀਬੀਆਂ ਨੂੰ ਕੰਮ ਕਰਦੇ ਹੋਇਆਂ ਔਰ ਜਿਹੜੇ ਮੁੰਡੇ ਪਿਛੋਂ ਆਏ ਸਨ ਉਹ ਇਨ੍ਹਾਂ ਬੀਬੀਆਂ ਤੋਂ ਅੱਗੇ ਲੰਘ ਗਏ ਹਨ।

ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਬੀਬੀਆਂ ਨੂੰ ਛੇਤੀ ਤੋਂ ਛੇਤੀ ਇਨ੍ਹਾਂ ਮੁੰਡਿਆਂ ਦੇ ਬਰਾਬਰ ਲਿਆਉਣ ਦਾ ਪ੍ਰਬੰਧ ਕਰਨਗੇ ? ਕੀ ਜਿਹੜੀਆਂ ਇਨ੍ਹਾਂ ਨੂੰ ਇਹ ਕੰਮ ਕਰਨ ਵਿਚ ਔਕੜਾਂ ਪੇਸ਼ ਆ ਰਹੀਆਂ ਹਨ ਇਨ੍ਹਾਂ ਔਕੜਾਂ ਨੂੰ ਛੇਤੀ ਤੋਂ ਛੇਤੀ ਦੂਰ ਕਰਕੇ ਇਹ ਫੈਸਲਾ ਇੰਪਲੀਮੈਂਟ ਕਰਾਉਣਗੇ ?

ਸਰਦਾਰ ਪ੍ਰਿਥੀਪਾਲ ਸਿੰਘ : ਮੈਂਬਰ ਸਾਹਿਬ ਨੇ ਕਿਹਾ ਹੈ ਕਿ ਮੁੰਡੇ ਪਿਛੋਂ ਆਏ ਹਨ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਮੁੰਡੇ ਪਿਛੋਂ ਆਏ ਹਨ ?

ਵਿੱਤ ਮੰਤਰੀ : ਸਪੀਕਰ ਸਾਹਿਬ, ਪਿਛੋਂ ਆਏ ਜਾਂ ਅੱਗੋਂ ਆਏ, ਇਸ ਬਾਰੇ ਇਹ ਜਾਣਨ ਲੇਕਿਨ ਇਕ ਗਲ ਜ਼ਰੂਰ ਹੈ ਕਿ ਉਨ੍ਹਾਂ ਨੇ ਫੈਸਲਾ ਪ੍ਰਗਟ ਕੀਤਾ ਹੈ ਕਿ ਭੈਣਾਂ ਦਾ ਹੱਕ ਖੋਹਿਆ ਨਾ ਜਾਏ । ਮੈਂ ਅੱਗੇ ਵੀ ਕਿਹਾ ਹੈ ਕਿ ਇਸ ਸਬੰਧੀ ਫੈਸਲਾ 28 ਮਈ, 1980 ਨੂੰ ਹੋਇਆ ਸੀ ਪਰ ਕਿਉਂਕਿ ਇਸ ਵਿਚ ਕੁਝ ਦਿੱਕਤਾਂ ਨਜ਼ਰ ਆਈਆਂ, ਇਸ ਲਈ ਉਨ੍ਹਾਂ ਦਿੱਕਤਾਂ ਨੂੰ ਮੁੱਖ ਰਖਕੇ ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਸਬੰਧੀ ਫੈਸਲਾ ਛੇਤੀ ਕਰਾ ਸਕੀਏ ।

ELECTION OF THE BOARD OF DIRECTORS OF BHOGPUR SUGAR MILLS

*789 **Comrade Kulwant Singh** : Will the Chief Minister be pleased to state :—

(a) the reasons for which the elections to the Board of Directors of Bhogpur Sugar Mills have not so far been held ;

(b) the time by which the Government propose to hold elections to the said Board ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ) : (ੳ) ਰਾਜ ਵਿਚ ਪੂਰਨ ਪੇਂਡੂ ਵਿਕਾਸ ਯੋਜਨਾ ਸਕੀਮ ਅਧੀਨ, ਪ੍ਰਿੰਸੀਪਲ ਅਤੇ ਲੀਡ ਸਹਿਕਾਰੀ ਸਭਾਵਾਂ ਬਣਾਉਣ ਲਈ ਛੋਟੀਆਂ ਸਭਾਵਾਂ ਇਕ ਦੂਸਰੇ ਵਿਚ ਮਿਲਾ ਦਿੱਤੀਆਂ ਗਈਆਂ ਸਨ । ਮਿੱਲ ਦੀਆਂ ਪਹਿਲੀਆਂ ਮੈਂਬਰ ਸਭਾਵਾਂ ਨੂੰ ਇਕ ਦੂਸਰੇ ਨਾਲ ਮਿਲਾਉਣ ਦੇ ਨਤੀਜੇ ਵਜੋਂ ਅਜਿਹੀਆਂ ਨਵੀਆਂ ਸਭਾਵਾਂ ਤੋਂ, ਮਿੱਲ ਦੀਆਂ ਅਸਲੀ ਮੈਂਬਰ ਸਭਾਵਾਂ ਦੀ ਵੋਟਰ ਸੂਚੀ ਤਿਆਰ ਕਰਨ ਲਈ ਮਿੱਲ ਮੈਂਬਰਸ਼ਿਪ ਦੇ ਮਤੇ ਪ੍ਰਾਪਤ ਨਹੀਂ ਕਰ ਸਕੀ । ਇਸ ਕਰਕੇ ਹੁਣ ਤੱਕ ਮਿਲ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਚੋਣ ਨਹੀਂ ਹੋ ਸਕੀ ।

(ਅ) ਮਿੱਲ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਚੋਣ, ਉਨੀਂ ਜਲਦੀ ਕਰਵਾ ਦਿੱਤੀ ਜਾਵੇਗੀ ਜਿੰਨੀ ਜਲਦੀ ਚੋਣ ਪੂਰੀ ਤਿਆਰੀ ਮੁਕੰਮਲ ਹੋ ਜਾਵੇਗੀ ।

ਕਾਮਰੇਡ ਕੁਲਵੰਤ ਸਿੰਘ : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਮਿੱਲ ਦੀਆਂ ਪਹਿਲੀਆਂ ਮੈਂਬਰ ਸਭਾਵਾਂ ਨੂੰ ਇਕ ਦੂਸਰੇ ਨਾਲ ਮਿਲਾਉਣ ਦੇ ਨਤੀਜੇ ਵਜੋਂ, ਅਜਿਹੀਆਂ ਨਵੀਆਂ ਸਭਾਵਾਂ ਤੋਂ, ਮਿੱਲ ਦੀਆਂ ਅਸਲੀ ਮੈਂਬਰ ਸਭਾਵਾਂ ਦੀ ਵੋਟਰ ਸੂਚੀ ਤਿਆਰ ਕਰਨ ਲਈ ਮਿੱਲ ਮੈਂਬਰਸ਼ਿਪ ਦੇ ਮਤੇ ਪ੍ਰਾਪਤ ਨਹੀਂ ਕਰ ਸਕੀ । ਅਤੇ ਇਹ ਵੀ ਦਸਿਆ ਹੈ ਕਿ ਇਹ ਚੋਣ ਉਦੋਂ ਕਰਾਈ ਜਾਏਗੀ ਜਦੋਂ ਚੋਣ ਪੂਰੀ ਤਿਆਰੀ ਮੁਕੰਮਲ ਹੋ ਜਾਵੇਗੀ । ਮੈਂ

[ਕਾਮਰੇਡ ਕੁਲਵੰਤ ਸਿੰਘ]

ਕਹਿਣਾ ਚਾਹੁੰਦਾ ਹਾਂ ਕਿ 1979 ਵਿੱਚ ਬੋਰਡ ਆਫ ਡਾਇਰੈਕਟਰਜ਼ ਖਤਮ ਹੋਇਆ ਸੀ। ਸਾਲ 1980 ਗਿਆ ਅਤੇ ਹੁਣ 1981 ਹੈ। ਕੀ ਮਨਿਸਟਰ ਸਾਹਿਬ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਜਦੋਂ ਕਿ ਲਾਅ ਹੈ ਕਿ 6 ਮਹੀਨਿਆਂ ਦੇ ਅੰਦਰ ਅੰਦਰ ਚੋਣ ਹੋਣੀ ਚਾਹੀਦੀ ਹੈ, ਇਹ ਹੁਣ ਇਸ ਸਬੰਧੀ ਚੋਣ ਕਦੋਂ ਤਕ ਕਰਾ ਦੇਣਗੇ ? ਕੀ ਇਹ ਇਲੈਕਸ਼ਨਜ਼ 15 ਅਪਰੈਲ, 1981 ਤੋਂ ਪਹਿਲਾਂ ਪਹਿਲਾਂ ਕਰਾ ਦੇਣਗੇ ? ਇਸ ਵਿਚ 76 ਲੱਖ ਰੁਪਿਆ ਲੋਕਾਂ ਦਾ ਲਗਿਆ ਹੋਇਆ ਹੈ ਔਰ 20 ਲੱਖ ਰੁਪਿਆ ਸਰਕਾਰ ਦਾ ਲਗਾ ਹੋਇਆ ਹੈ। ਤਿੰਨ ਸਾਲਾਂ ਤੋਂ ਸਰਕਾਰ ਇਸ ਮਿੱਲ ਦਾ ਕੰਮ ਕਾਜ ਸੰਭਾਲੀ ਬੈਠੀ ਹੈ, ਇਸ ਨਾਲ ਕੋਆਪਰੇਟਿਵ ਲਹਿਰ ਖਤਮ ਹੋ ਜਾਂਦੀ ਹੈ। ਸੁਸਾਇਟੀ ਵਿਚੋਂ ਤਿੰਨ ਮੈਂਬਰ ਲਏ ਜਾਂਦੇ ਹਨ ਔਰ 7 ਮੈਂਬਰਜ਼ ਇੰਡੀਵੀਜੂਅਲ ਵਿਚੋਂ ਲਏ ਜਾਂਦੇ ਹਨ। ਕੋਰਮ ਪੂਰਾ ਹੈ। ਫਿਰ ਇਹ ਚੋਣ ਕਿਉਂ ਨਹੀਂ ਕਰਾਉਂਦੇ ਹਨ ?

ਵਿੱਤ ਮੰਤਰੀ : ਸਪੀਕਰ ਸਾਹਿਬ, 18 ਅਪ੍ਰੈਲ, 1979 ਨੂੰ ਇਸ ਮਿੱਲ ਦੇ ਡਾਇ-ਰੈਕਟਰਜ਼ ਬਾਰੇ ਮਿਆਦ ਖਤਮ ਹੋਈ ਸੀ। ਉਸ ਤੋਂ ਬਾਅਦ ਇਹ ਜ਼ਰੂਰੀ ਸੀ ਕਿ ਜਿਹੜੀ ਵੀ ਉਸ ਸਮੇਂ ਦੀ ਸਰਕਾਰ ਸੀ ਉਹ ਇਸ ਬਾਰੇ ਪ੍ਰਬੰਧ ਕਰਦੀ ਲੇਕਿਨ 1980 ਵਿਚ ਅਸੀਂ ਆ ਕੇ ਦੁਬਾਰਾ ਇਸ ਕੰਮ ਨੂੰ ਹੱਥ ਵਿਚ ਲਿਆ ਹੈ ਔਰ ਉਨ੍ਹਾਂ ਸੁਸਾਇਟੀਆਂ ਨੂੰ ਕਿਹਾ ਹੈ ਕਿ ਆਪਣੇ ਪ੍ਰਤੀਨਿਧੀ ਨਾਲ ਸ਼ਾਮਿਲ ਹੋਈਆਂ ਸੁਸਾਇਟੀਆਂ ਵਿਚੋਂ ਅਤੇ ਇਲੈਕਟੋਰਲ ਕਾਲਜ ਬਣਾਉਣਾ ਚਾਹੀਦਾ ਹੈ। ਇਲੈਕਟੋਰਲ ਕਾਲਜ ਜਲਦੀ ਤੋਂ ਜਲਦੀ ਮੁਕਮਲ ਕਰਾਂਗੇ ਔਰ ਜਲਦੀ ਤੋਂ ਜਲਦੀ ਅਸੀਂ ਬੋਰਡ ਆਫ ਡਾਇਰੈਕਟਰਜ਼ ਦਾ ਚੁਣਾਓ ਕਰਾ ਦਿਆਂਗੇ।

ਕਾਮਰੇਡ ਕੁਲਵੰਤ ਸਿੰਘ : ਜਿੰਨੀ ਵਾਰੀ ਸੁਸਾਇਟੀਆਂ ਦੇ ਇਲੈਕਸ਼ਨਜ਼ ਹੋਏ ਹਨ ਉਨੀ ਵਾਰੀ ਉਹ ਇਲੈਕਸ਼ਨਜ਼ ਸਟੇਅ ਹੋ ਗਏ ਹਨ। ਮਿੱਲ ਦੇ ਪ੍ਰਬੰਧਕਾਂ ਨੂੰ ਲਿਖ ਕੇ ਦੇ ਦਿੱਤਾ ਹੈ ਫਿਰ ਇਲੈਕਸ਼ਨਜ਼ ਕਰਾਉਣ ਵਿਚ ਕੀ ਅੜਿੱਚ ਹੈ ? ਕੀ ਇਹ 13 ਅਪਰੈਲ, 1981 ਤੋਂ ਪਹਿਲਾਂ ਪਹਿਲਾਂ ਇਨ੍ਹਾਂ ਦੇ ਇਲੈਕਸ਼ਨਜ਼ ਕਰਾ ਦੇਣਗੇ ?

ਮੰਤਰੀ : ਅਸੀਂ ਇਸ ਦੇ ਹੱਕ ਵਿਚ ਹਾਂ ਕਿ ਇਸ ਦੇ ਚੁਣਾਓ ਹੋਣੇ ਚਾਹੀਦੇ ਹਨ। ਇਸ ਲਈ ਇਲੈਕਟੋਰਲ ਕਾਲਜ ਬਹੁਤ ਜਲਦੀ ਬਣ ਜਾਏਗਾ। 31 ਦਸੰਬਰ, 1981 ਤੋਂ ਪਹਿਲਾਂ ਪਹਿਲਾਂ, ਕੋਸ਼ਿਸ਼ ਕਰਾਂਗੇ ਕਿ ਗੰਨੇ ਦੇ ਸੀਜ਼ਨ ਤੋਂ ਪਹਿਲਾਂ ਪਹਿਲਾਂ ਇਸ ਸਬੰਧੀ ਚੁਣਾਓ ਕਰਾ ਦੇਈਏ।

ਕਾਮਰੇਡ ਸਰਵਣ ਸਿੰਘ ਚੀਮਾਂ : ਮੈਂ ਪਹਿਲਾਂ ਵੀ ਉਸ ਮਿੱਲ ਦਾ ਡਾਇਰੈਕਟਰ ਰਿਹਾ ਹਾਂ ਸੁਸਾਇਟੀ ਵੱਲੋਂ 3 ਹਲਕਿਆਂ ਦੀ ਪਿੱਛਲੀ ਵਾਰੀ ਚੋਣ ਹੋ ਗਈ ਹੈ ਅਤੇ ਦੂਜੀਆਂ ਚਾਰ ਦੀਆਂ ਚੋਣਾਂ ਬਾਅਦ ਵਿਚ ਹੋਈਆਂ ਸਨ।

ਕੀ ਇਹ ਛੇਤੀ ਚੋਣ ਕਰਵਾ ਦੇਣਗੇ ? ਕੀ ਇਹ ਨਹੀਂ ਠੀਕ ਰਹੇਗਾ ਕਿ ਡਾਇਰੈਕਟਰਾਂ ਦੀ ਚੋਣ ਪਹਿਲਾਂ ਕਰਵਾ ਲੈਣ ਅਤੇ ਬਾਕੀ 3 ਦੀ ਬਾਅਦ ਵਿਚ ਹੋ ਜਾਵੇ ?

ਮੰਤਰੀ : ਜਿੰਨੀ ਦੇਰ ਇਲੈਕਟੋਰਲ ਕਾਲਜ ਮੁਕੰਮਲ ਨਹੀਂ ਹੁੰਦਾ ਉਤਨੀ ਦੇਰ ਇਹ ਨਹੀਂ ਹੋ ਸਕਦਾ। ਬਾਕੀ ਜਿਸ ਤਰ੍ਹਾਂ ਇਨ੍ਹਾਂ ਨੇ ਪਾਰਸ਼ਲ ਚੋਣ ਦਾ ਕਿਹਾ ਹੈ, ਇਹ ਠੀਕ ਨਹੀਂ ਹੈ।

STARRED QUESTION No. 807*

Mr. Speaker : Extension has been asked for in respect of Starred Question No. 807.

Sardar Natha Singh Dalam : The information which I have asked for is not to be collected on a large scale. This information can be collected easily. You may give direction to the Minister concerned to give the reply to the question in this very Session.

Development Minister (Sardar Santokh Singh Randhawa) : He has asked for the following information :—

(a) the number and names of Sarpanches and Panches of the Gram Panchayats in the State who were suspended and removed respectively during the period from the month of June, 1980 to 15th January, 1981.

ਇਸ ਸਵਾਲ ਦੇ ਪਾਰਟ 'ਬੀ' ਦਾ ਜਵਾਬ ਅਸੀਂ ਦੇ ਸਕਦੇ ਸੀ ਪਰ ਪਾਰਟ 'ਏ' ਦੇ ਜਵਾਬ ਵਾਸਤੇ ਇਨਫਰਮੇਸ਼ਨ ਹੇਠੋਂ ਮੰਗਵਾਉਣੀ ਸੀ ਉਸ ਦੇ ਵਾਸਤੇ ਅਸੀਂ ਕਿਹਾ ਹੋਇਆ ਹੈ। ਇਸ ਵਾਸਤੇ ਐਕਸਟੈਨਸ਼ਨ ਮੰਗੀ ਗਈ ਹੈ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੇਰੇ ਅਨਸਟਾਰਡ ਸਵਾਲ ਨੰ: 105 ਵਿਚ ਵੀ ਇਨ੍ਹਾਂ ਨੇ ਕਿਹਾ ਹੈ ਕਿ ਬੜੀ ਮਿਹਨਤ ਕਰਨੀ ਪਵੇਗੀ। ਫਿਰ ਇਸ ਤਰ੍ਹਾਂ ਮੈਂਬਰ ਦਾ ਰਾਈਟ ਕੀ ਰਹਿੰਦਾ ਹੈ ? (ਵਿਘਨ) ਇਨ੍ਹਾਂ ਨੇ ਮੇਰੇ ਅਨਸਟਾਰਡ ਸਵਾਲ ਨੰ: 105 ਵਿਚ ਕਿਹਾ ਹੈ ਕਿ ਬੜੀ ਲੇਬਰ ਕਰਨੀ ਪਵੇਗੀ। ਫਿਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ what for the Government is there?

ਵਿਕਾਸ ਮੰਤਰੀ : ਇਹ ਇਨਫਰਮੇਸ਼ਨ ਸਾਰੇ ਪੰਜਾਬ ਵਿਚੋਂ ਇਕੱਠੀ ਕਰਨੀ ਸੀ, ਇਸ ਵਾਸਤੇ ਐਕਸਟੈਨਸ਼ਨ ਲਈ ਕਿਹਾ ਗਿਆ ਸੀ।

ਸਰਦਾਰ ਦਲੀਪ ਸਿੰਘ ਪਾਂਧੀ: ** ** **

ਸ੍ਰੀ ਸਪੀਕਰ: ਇਹ ਜੋ ਕੁਝ ਪਾਂਧੀ ਸਾਹਿਬ ਨੇ ਬਿਨਾ ਇਜਾਜ਼ਤ ਤੋਂ ਕਿਹਾ ਹੈ ਇਹ ਐਕਸਪੰਜ ਕੀਤਾ ਜਾਂਦਾ ਹੈ। ਪਾਂਧੀ ਸਾਹਿਬ, ਤੁਸੀਂ ਬੈਠੋ।

ਵਿਕਾਸ ਮੰਤਰੀ: ਅਸੀਂ, ਸਪੀਕਰ ਸਾਹਿਬ ਨੂੰ ਐਕਸਟੈਨਸ਼ਨ ਵਾਸਤੇ ਵੱਖਰੀ ਰਿਕੁਐਸਟ ਕੀਤੀ ਹੈ। (ਵਿਘਨ) ਮੈਂ ਡਿਵੈਲਪਮੈਂਟ ਕਮਿਸ਼ਨਰ ਨੂੰ ਲਿਖਕੇ ਭੇਜਿਆ ਹੈ ਕਿ ਤੁਹਾਨੂੰ ਟੈਲੀਫੋਨ ਉਤੇ ਵੀ ਇਨਫਰਮੇਸ਼ਨ ਕੁਲੈਕਟ ਕਰਨੀ ਚਾਹੀਦੀ ਸੀ। (ਵਿਘਨ) ਜਿਹੜਾ ਡਿਫਾਲਟਰ ਹੈ, ਰਿਸਪਾਂਸੀਬਿਲਿਟੀ ਫਿਕਸ ਕੀਤੀ ਜਾਵੇਗੀ ਅਤੇ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ।

ਸ੍ਰੀ ਸਪੀਕਰ : ਕੀ ਤੁਸੀਂ ਇਸ ਦਾ 28 ਤਰੀਕ ਤੱਕ ਜਵਾਬ ਦੇ ਦਿਉਗੇ ?

---

*For Starred Question No. 807 and reply thereto please see Appendix to this Debate.

**Expunged as ordered by the Chair.

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਐਕਸਟੈਨਸ਼ਨ ਮੰਗੀ ਜਾ ਸਕਦੀ ਹੈ। ਟਾਈਮ ਦਿੱਤਾ ਜਾ ਸਕਦਾ ਹੈ।

ਵਿੱਤ ਮੰਤਰੀ : ਸਪੀਕਰ ਸਾਹਿਬ, ਜੇ ਇਹ ਸਵਾਲ ਹਾਊਸ ਵਿਚ ਨਾ ਹੋਇਆ ਤਾਂ ਇਸ ਦੀ ਇਨਫਰਮੇਸ਼ਨ ਮੈਂਬਰ ਸਾਹਿਬ ਨੂੰ as an unstarred question ਦੇ ਪਹੁੰਚ ਜਾਵੇਗੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਕੀ ਇਸ ਸਵਾਲ ਵਿਚ ਮੰਗੀ ਗਈ ਇਨਫਰਮੇਸ਼ਨ 28 ਤਾਰੀਖ ਤਕ ਦਿਵਾ ਦਿਉਗੇ ?

ਸ੍ਰੀ ਸਪੀਕਰ : ਇਸ ਬਾਰੇ ਵਜ਼ੀਰ ਸਾਹਿਬ ਨੇ ਦੱਸ ਦਿੱਤਾ ਹੈ।

VETERINARY HOSPITALS IN THE SHAMCHURASI ASSEMBLY CONSTITUENCY

***749 Shri Hari Mitter Hans** : Will the Minister for Development be pleased to state,—

(a) the number of Veterinary Hospitals in the Shamchurasi Assembely Constituency village-wise;

(b) the number of Veterinary hospitals out of those referred to in part (a) above which are without doctors and medicines, and the steps being taken by the Government to appoint doctors and provide medicines in those hospitals ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਸ਼ਾਮ ਚੁਰਾਸੀ ਅਸੈਂਬਲੀ ਹਲਕੇ ਵਿਚ ਚਾਰ ਸਿਵਲ ਵੈਟਰਨਰੀ ਹਸਪਤਾਲ ਹੇਠ ਲਿਖੇ ਅਨੁਸਾਰ ਹਨ :—

1. ਮੈਹਰਾਂ ਕਲਾਂ
2. ਨਸਰਾਲਾ
3. [illegible]
4. [illegible]

(ਅ) ਉਪਰੋਕਤ ਚਾਰ ਵਿਚੋਂ ਲੜੀ ਨੰਬਰ 1 ਅਤੇ 2 ਤੇ ਦਿੱਤੇ ਹਸਪਤਾਲਾਂ ਵਿਚ ਪਹਿਲਾਂ ਹੀ ਵੈਟਰਨਰੀ ਸਹਾਇਕ ਸਰਜਨ ਬਤੌਰ ਇੰਚਾਰਜ ਲੱਗੇ ਹੋਏ ਹਨ ਅਤੇ ਦੂਸਰੇ ਦੋ ਥਾਵਾਂ ਤੇ ਵੈਟਰਨਰੀ ਕੰਪਾਊਂਡਰ ਬਤੌਰ ਇੰਚਾਰਜ ਲੱਗੇ ਹੋਏ ਹਨ ਬਗੈਰ ਦਵਾਈ ਤੋਂ ਕੋਈ ਹਸਪਤਾਲ ਨਹੀਂ ਹੈ। ਸਿਵਲ ਪਸ਼ੂ ਹਸਪਤਾਲਾਂ ਵਿਚ ਜਿਥੇ ਕਿ ਹੁਣ ਵੈਟਰਨਰੀ ਕੰਪਾਊਂਡਰ ਬਤੌਰ ਇੰਚਾਰਜ ਲੱਗੇ ਹੋਏ ਹਨ, ਲੋਕ ਸੇਵਾ ਕਮਿਸ਼ਨ ਰਾਹੀਂ ਉਪਲੱਬਧ ਹੋਣ ਮਗਰੋਂ ਟਰੇਂਡ ਡਾਕਟਰ ਲਗਾਏ ਜਾਣਗੇ।

ਸ੍ਰੀ ਹਰੀ ਮਿੱਤਰ ਹੰਸ : ਸਪੀਕਰ ਸਾਹਿਬ, ਮੇਰੀ ਕਨਸਟੀਚਿਊਐਂਸੀ ਵਿਚ ਅੱਤੋਵਾਲ ਅਤੇ ਜਾਜਪੁਰ ਭਾਈਆ ਡਿਸਪੈਂਸਰੀਆਂ ਹਨ, ਉਥੇ ਡਾਕਟਰ ਨਹੀਂ ਹੈ ਅਤੇ ਨਾ ਹੀ ਉਥੇ ਦਵਾਈਆਂ ਹੀ ਹਨ। ਡਿਸਪੈਂਸਰੀਜ਼ ਵਾਸਤੇ ਬਿਲਡਿੰਗ ਬਣੀ ਪਈ ਹੈ। ਇਸ ਲਈ ਕੀ ਇਥੇ ਉਥੇ ਡਾਕਟਰ ਅਤੇ ਦਵਾਈਆਂ ਭਿਜਵਾ ਦੇਣਗੇ ?

ਵਿਕਾਸ ਮੰਤਰੀ : ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਐਹਰਾਂ ਕਲਾਂ, ਨਸਰਾਲਾ, ਨੰਗਾ ਚੋਰ ਅਤੇ ਅਹਾਰ ਕੁੱਟ ਤੁਹਾਡੇ ਹਸਪਤਾਲ ਹਨ। ਇਨ੍ਹਾਂ ਵਿਚ ਦੋ ਡਾਕਟਰ ਲੱਗੇ ਹੋਏ ਹਨ ਅਤੇ 2 ਕੰਪਾਊਂਡਰ ਲੱਗੇ ਹੋਏ ਹਨ। ਉਸ ਦੇ ਬਾਅਦ ਜਿਹੜੇ ਹੋਰ ਹਸਪਤਾਲ ਖੁੱਲੇ ਹਨ ਉਥੇ ਸਾਰਾ ਸਾਮਾਨ ਵੀ ਜਾਵੇਗਾ ਅਤੇ ਸਟਾਫ ਵੀ ਜਾਵੇਗਾ।

ਸਰਦਾਰ ਸ਼ਮਸ਼ੇਰ ਸਿੰਘ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਵੀਆਂ ਡਿਸਪੈਂਸਰੀਆਂ ਅਤੇ ਹਸਪਤਾਲ ਇਨ੍ਹਾਂ ਨੇ ਅਨਾਊਂਸ ਕੀਤੇ ਹਨ ਉਨ੍ਹਾਂ ਵਿਚ ਕਦੋਂ ਤਕ ਅਮਲਾ ਭੇਜ ਦੇਣਗੇ ਤਾਂਕਿ ਪਬਲਿਕ ਨੂੰ ਜਲਦੀ ਮੈਡੀਕਲ ਰਿਲੀਫ ਮਿਲ ਸਕੇ।

ਮੰਤਰੀ: ਸਪੀਕਰ ਸਾਹਿਬ, ਇਹ ਜਿਹੜੀਆਂ ਨਵੀਆਂ ਸੌ ਡਿਸਪੈਂਸਰੀਆਂ ਅਤੇ 105 ਹਸਪਤਾਲ ਹਨ ਇਨ੍ਹਾਂ ਵਿਚੋਂ ਕੁਝ ਦੀ ਸੈਂਕਸ਼ਨ ਚਲੀ ਗਈ ਹੈ ਔਰ ਕੁੱਝ ਦੀ ਜਾਣ ਵਾਲੀ ਹੈ, ਉਨ੍ਹਾਂ ਵਿਚ ਅਸੀਂ ਦਵਾਈਆਂ ਤਾਂ ਭੇਜ ਦਿਆਂਗੇ ਲੇਕਿਨ ਜਿਥੋਂ ਤਕ ਡਾਕਟਰਾਂ ਦਾ ਸਵਾਲ ਹੈ, ਡਾਕਟਰਾਂ ਦੀ ਬਹੁਤ ਥੁੜ ਹੈ। ਇਸ ਵੇਲੇ 646 ਡਾਕਟਰ ਹਨ। 276 ਘੱਟ ਹਨ। ਮੈਂ ਅਰਜ਼ ਕਰਦਾ ਹਾਂ ਕਿ ਜਦੋਂ 1977 ਵਿਚ ਕਾਂਗਰਸ ਦੀ ਸਰਕਾਰ ਗਈ ਸੀ ਉਦੋਂ ਸਿਰਫ 21 ਹਸਪਤਾਲ ਖਾਲੀ ਸਨ ਲੇਕਿਨ ਉਸ ਦੇ ਬਾਅਦ 276 ਹਸਪਤਾਲ ਖਾਲੀ ਹੋ ਗਏ। ਅਸੀਂ ਡਬਲ ਕਲਾਸ 140-140 ਦੀ ਸ਼ੁਰੂ ਕੀਤੀ ਹੈ ਅਤੇ ਨਾਲ ਹੀ ਪਬਲਿਕ ਸਰਵਿਸ ਕਮਿਸ਼ਨ ਨੂੰ ਡਾਕਟਰਾਂ ਦੀ ਸਿਲੈਕਸ਼ਨ ਵਾਸਤੇ ਲਿਖਿਆ ਹੈ। ਜਦੋਂ ਸਿਲੈਕਸ਼ਨ ਹੋ ਗਈ ਤਾਂ ਉਨ੍ਹਾਂ ਨੂੰ ਲਾਵਾਂਗੇ

ਸਰਦਾਰ ਪ੍ਰਿਥੀਪਾਲ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਰਾਮਸਰ ਰੋਡ ਤੇ ਇਕ ਰਾਮਸਰ ਛੋਟਾ ਜਿਹਾ ਡੰਗਰਾਂ ਦਾ ਹਸਪਤਾਲ ਹੈ ਪਰ ਉਥੇ ਦਵਾਈਆਂ ਨਹੀਂ ਹਨ ਅਤੇ ਨਾ ਹੀ ਡਾਕਟਰ ਹੈ। ਅੱਜ ਤੋਂ 3 ਸਾਲ ਪਹਿਲਾਂ ਉਹ ਹਸਪਤਾਲ ਅੱਛਾ ਚਲਦਾ ਸੀ ਪਰ ਉਸ ਦੇ ਬਾਅਦ ਉਥੇ ਦੀ ਹਾਲਤ ਇਹ ਹੋ ਗਈ ਹੈ ਕਿ ਉਥੇ ਕੋਈ ਜਾਂਦਾ ਨਹੀਂ ਹੈ। ਉਥੇ ਕੋਈ ਡਾਕਟਰ ਨਹੀਂ ਹੈ ਅਤੇ ਨਾ ਹੀ ਦਵਾਈਆਂ ਮਿਲਦੀਆਂ ਹਨ। ਇਸ ਲਈ ਕੀ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੜੀ ਅੱਛੀ ਗੱਲ ਕੀਤੀ ਹੈ ਕਿ ਉਨ੍ਹਾਂ ਨੇ ਮੇਰੇ ਨੋਟਿਸ ਵਿਚ ਇਹ ਗੱਲ ਲਿਆਂਦੀ ਹੈ। ਉਥੇ ਡਾਕਟਰ ਵੀ ਜ਼ਰੂਰ ਭੇਜਾਂਗੇ ਅਤੇ ਦਵਾਈਆਂ ਵੀ ਭੇਜਾਂਗੇ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਹਸਪਤਾਲਾਂ ਵਿਚ ਦਵਾਈਆਂ ਦਾ ਕੋਈ ਇੰਤਜ਼ਾਮ ਨਹੀਂ ਹੈ। ਉਥੇ ਦਵਾਈਆਂ ਨਹੀਂ ਮਿਲਦੀਆਂ। ਕਈ ਦਫਾ ਉਥੋਂ ਚੂਰਨ ਜਿਹਾ ਮਿਲਦਾ ਹੈ ਪਰ ਦਵਾਈ ਨਹੀਂ ਮਿਲਦੀ। ਆਰਟੀਫੀਸ਼ਲ ਇਨਸੈਮੀਨੇਸ਼ਨ ਦਾ ਵੀ ਠੀਕ ਪ੍ਰਬੰਧ ਨਹੀਂ ਹੈ। ਇਸ ਲਈ ਕੀ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ ਤਾਂਕਿ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤ ਮਿਲ ਸਕੇ ?

ਮੰਤਰੀ : ਜਿਸ ਤਰ੍ਹਾਂ ਮੈਂ ਕੱਲ ਵੀ ਦੱਸਿਆ ਸੀ ਅਤੇ ਹੁਣ ਵੀ ਦੱਸਦਾ ਹਾਂ ਕਿ ਇਹ ਜਿਹੜਾ ਬਜਟ ਪਾਸ ਕੀਤਾ ਹੈ ਇਸ ਦੇ ਵਿਚ ਐਨੀਮਲ ਹਸਬੈਂਡਰੀ ਵਾਸਤੇ 7 ਕਰੋੜ 96 ਲੱਖ ਰੁਪਿਆ ਰੱਖਿਆ ਹੈ ਜਿਸ ਦੇ ਵਿਚੋਂ 4 ਕਰੋੜ ਰੁਪਿਆ ਸਿਰਫ ਹੈਲਥ ਕਵਰ ਕਰਨ

[ਵਿਕਾਸ ਮੰਤਰੀ]

ਵਾਸਤੇ ਰੱਖਿਆ ਹੈ । ਕੱਲ ਵੀ ਮੈਂ ਇਥੇ ਕਿਹਾ ਹੈ ਅਤੇ ਹੁਣ ਫਿਰ ਕਹਿੰਦਾ ਹਾਂ ਕਿ ਦਵਾਈਆਂ ਦੀ ਕਮੀ ਨਹੀਂ ਰਹੇਗੀ । ਐਫ. ਐਮ. ਨਾਲ ਵੀ ਗੱਲ ਕੀਤੀ ਹੈ ਅਤੇ ਐਫ.ਡੀ. ਨੇ ਸਾਨੂੰ ਅਸ਼ੋਰੈਂਸ ਦਿੱਤੀ ਹੈ ਅਤੇ ਕਿਹਾ ਹੈ ਕਿ ਜਿੰਨੀਆਂ ਵੀ ਦਵਾਈਆਂ ਦੀ ਤੁਹਾਨੂੰ ਜ਼ਰੂਰਤ ਹੋਵੇਗੀ ਉਸ ਲਈ ਤੁਹਾਨੂੰ ਪੈਸਾ ਦਿਆਂਗੇ । ਬਾਕੀ ਜਿਥੋਂ ਤੱਕ ਆਰਟੀਫ਼ੀਸ਼ਲ ਇਨਸੈਮੀਨੇਸ਼ਨ ਦੀ ਗੱਲ ਹੈ, ਸਾਡੇ ਕੋਲ 3 ਫ਼ਰੋਜ਼ਨ ਬੈਂਕ ਹਨ, 6 ਲੀਕੁਅਡ ਹਨ । ਸੀ. ਐਮ. ਸਾਹਿਬ ਨੇ ਰਾਓ ਸਾਹਿਬ ਨੂੰ ਕਿਹਾ ਹੈ ਕਿ ਜਿਹੜੇ ਤੁਸੀਂ ਸਾਰੇ ਹਿੰਦੁਸਤਾਨ ਵਿਚ 5 ਫਰੋਜ਼ਨ ਬੈਂਕ ਦੇਣੇ ਹਨ ਉਨ੍ਹਾਂ ਵਿਚੋਂ ਇਕ ਸਾਨੂੰ ਦੇ ਦਿਓ । ਅਸੀਂ 3 ਲੱਖ 74 ਹਜ਼ਾਰ ਦਾ ਜਿਥੇ ਆਰਟੀ-ਫੀਸ਼ਲ ਇਨਸੈਮੀਨੇਸ਼ਨ ਦਾ ਪ੍ਰੋਗਰਾਮ ਰੱਖਿਆ ਹੈ ਉਥੇ ਅਸੀਂ 31 ਮਾਰਚ ਤੱਕ 5 ਲੱਖ ਕਰਨੇ ਹਨ ਅਤੇ ਅਗਲੇ ਸਾਲ ਸਾਢੇ 5 ਲੱਖ ਕਰਨੇ ਹਨ । ਇਸ ਲਈ ਇਹ ਫਿਕਰ ਨਾ ਕਰਨ ਪੂਰਾ ਇੰਤਜ਼ਾਮ ਕਰਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ 34 ਡਾਕਟਰਜ਼ ਐਸੇ ਹਨ ਜਿਨ੍ਹਾਂ ਦੀ, ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਟਰਾਂਸਫਰ ਕਰ ਦਿਓ ਤਾਂ ਉਹ ਆਰਡਰਜ਼ ਲਾਗੂ ਨਹੀਂ ਹੋਣ ਦਿੰਦੇ, ਇਸ ਦਾ ਕੀ ਕਾਰਨ ਹੈ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਵਕੈਂਸੀਆਂ ਖਾਲੀ ਪਈਆਂ ਹਨ ਇਸ ਦੇ ਬਾਰੇ ਇਨ੍ਹਾਂ ਨੇ ਪਬਲਿਕ ਸਰਵਿਸ ਕਮਿਸ਼ਨ ਦੀ ਗੱਲ ਕੀਤੀ ਹੈ ਕਿ ਉਨ੍ਹਾਂ ਨੂੰ ਕਿਹਾ ਹੈ, ਕੀ ਪਬਲਿਕ ਸਰਵਿਸ ਕਮਿਸ਼ਨ ਦਾ ਚੱਕਰ ਖ਼ਤਮ ਕਰਕੇ ਇਹ ਆਪ ਡਾਇਰੈਕਟ ਭਰਤੀ ਨਹੀਂ ਕਰ ਸਕਦੇ ਤਾਕਿ ਲੋਕਾਂ ਨੂੰ ਤਕਲੀਫ਼ ਨਾ ਹੋਵੇ ਜਾਂ ਜਿਹੜੀਆਂ ਕਲਾਸਾਂ ਚਾਲੂ ਕੀਤੀਆਂ ਹਨ ਕੀ ਇਹ ਹੋਰ ਚਾਲੂ ਕਰਕੇ ਇਸ ਕਮੀ ਨੂੰ ਪੂਰਾ ਕੀਤਾ ਜਾਵੇਗਾ ? ਕੀ ਐਸਾ ਕੋਈ ਪ੍ਰਬੰਧ ਕਰਨਗੇ ਕਿ ਪਬਲਿਕ ਸਰਵਿਸ ਕਮਿਸ਼ਨ ਦਾ ਚਕਰ ਖ਼ਤਮ ਕਰਕੇ ਜਾਂ ਹੋਰ ਕਲਾਸਾਂ ਚਾਲੂ ਕਰਕੇ ਇਸ ਕਮੀ ਨੂੰ ਜਲਦੀ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਬਹੁਤ ਖੁਸ਼ੀ ਦੀ ਗੱਲ ਹੈ ਕਿ ਪਾਂਧੀ ਸਾਹਿਬ ਹਰ ਮਸਲੇ ਦਾ ਕਾਫੀ ਧਿਆਨ ਰੱਖਦੇ ਹਨ ਇਹ ਜਿਹੜੇ 34 ਡਾਕਟਰਾਂ ਦੀ ਇਨ੍ਹਾਂ ਨੇ ਗੱਲ ਕੀਤੀ ਹੈ ਇਸ ਦੇ ਬਾਰੇ ਮੈਂ ਪਤਾ ਕਰ ਲਵਾਂਗਾ । ਵੈਸੇ ਐਸਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਮੇਰੇ ਡੀਪਾਰਟਮੈਂਟ ਵਿਚ ਕੋਈ ਡਾਕਟਰ ਹੋਵੇ ਔਰ ਗੌਰਮਿੰਟ ਦੇ ਆਰਡਰਜ਼ ਜੇ ਕੋਈ ਹੋਣ ਤਾਂ ਉਸ ਨੂੰ ਓਥੇ ਨਾ ਕਰਦਾ ਹੋਵੇ । (ਥੰਪਿੰਗ) ਅਗਰ ਐਸਾ ਹੋਇਆ ਤਾਂ ਜ਼ਰੂਰ ਐਕਸ਼ਨ ਲਵਾਂਗੇ ।

ਸਪੀਕਰ ਸਾਹਿਬ, ਜਿਥੋਂ ਤਕ ਪਬਲਿਕ ਸਰਵਿਸ ਕਮਿਸ਼ਨ ਦਾ ਸਵਾਲ ਹੈ ਅਸੀਂ ਉਨ੍ਹਾਂ ਨੂੰ ਕਿਹਾ ਹੈ ਅਤੇ ਉਨ੍ਹਾਂ ਨੇ ਸਿਲੈਕਟ ਕਰਕੇ ਭੇਜਣੇ ਹਨ । ਜਦੋਂ ਤਕ ਉਧਰੋਂ ਸਿਲੈਕਟ ਹੋ ਕੇ ਨਹੀਂ ਆਉਂਦੇ ਅਤੇ 280 ਇਸ ਵੇਲੇ ਯੂਨੀਵਰਸਿਟੀਆਂ ਵਿਚ ਟਰੇਨਿੰਗ ਨਹੀਂ ਲੈ ਲੈਂਦੇ ਅਤੇ ਉਹ ਸਾਡੇ ਕੋਲ ਨਹੀਂ ਆਉਂਦੇ ਜਾਂ ਜੋ ਨਵੀਆਂ ਕਲਾਸਾਂ ਡਬਲ ਕਰਕੇ ਅਸੀਂ ਟਰੇਨਿੰਗ ਦੇ ਰਹੇ ਹਾਂ ਉਹ ਟਰੇਨਿੰਗ ਪੂਰੀ ਨਹੀਂ ਕਰ ਲੈਂਦੇ ਉਤਨਾ ਚਿਰ ਮੁਸ਼ਕਿਲ ਹੈ ।

ਸ਼੍ਰੀ ਰਮਨ ਲਾਲ: ** ** **

Mr. Speaker : Not relevant. ਇਹ ਰਿਮਾਰਕਸ ਐਕਸਪੰਜ ਕੀਤੇ ਜਾਣ ।

ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਹ ਸੱਜਣ ਇੱਧਰ ਜਾਂ ਉੱਧਰ, ਜਿਧਰ ਕਿਧਰੇ ਵੀ ਬੈਠੇ ਹਨ ਉਨ੍ਹਾਂ ਦੇ ਮੁਤੱਲਕ ਮਾਨਯੋਗ ਮੈਂਬਰ ਨੂੰ ਇਸ ਤਰ੍ਹਾਂ ਦੀ ਗੱਲ ਨਹੀਂ ਕਹਿਣੀ ਚਾਹੀਦੀ । ਕੁਐਸਚਨ ਜਿਹੜਾ ਹੈ ਉਹ ਰੈਲੇਵੈਂਟ ਹੋਣਾ ਚਾਹੀਦਾ ਹੈ । ਅਸੀਂ ਇਨਫਰਮੇਸ਼ਨ ਲੋਕਾਂ ਨੂੰ ਦੇਣ ਵਾਸਤੇ ਬੈਠੇ ਹਾਂ ਇਨ੍ਹਾਂ ਨੇ ਇਨਫਰਮੇਸ਼ਨ ਸਾਡੇ ਤੋਂ ਕੁਲੈਕਟ ਕਰਨੀ ਹੈ ਅਤੇ ਇਨ੍ਹਾਂ ਦੇ ਸਵਾਲ ਆਉਣ ਦੇ ਨਾਲ ਡੀਪਾਰਟਮੈਂਟ ਜੋ ਹੈ ਉਹ ਟੋਨ ਅੱਪ ਹੁੰਦਾ ਹੈ । ਜਿਥੇ ਜਿਥੇ ਕੋਈ ਕਮੀ ਹੁੰਦੀ ਹੈ ਉਥੇ ਉਥੇ ਪੂਰੀ ਹੁੰਦੀ ਹੈ । ਗੱਲ ਇਹ ਠੀਕ ਹੈ ਕਿ ਜਿਹੜੀਆਂ ਵਲੈਤੀ ਗਾਵਾਂ, ਵੱਛੀਆਂ ਅਤੇ ਵੱਛੇ ਹਨ ਉਨ੍ਹਾਂ ਨੂੰ ਜੂਆਂ ਦੀ ਬੀਮਾਰੀ ਜ਼ਰੂਰ ਪੈਂਦੀ ਹੈ । (ਵਿਘਨ) ਸੋਰੀ, ਚਿਚੜੀਆਂ ਦੀ ਬਿਮਾਰੀ ਪੈਂਦੀ ਹੈ ਔਰ ਅਸੀਂ ਉਸ ਦੀ ਰਿਸਰਚ ਕਰਵਾ ਰਹੇ ਹਾਂ । ਯੂਨੀਵਰਸਿਟੀ ਨੇ ਇਸ ਬਿਮਾਰੀ ਵਾਸਤੇ ਨਵੀਂ ਦਵਾਈ ਕੱਢੀ ਹੈ । ਅਸੀਂ ਸਪਰੇ ਵਗੈਰਾ ਵੀ ਕਰਵਾਉਂਦੇ ਹਾਂ ਔਰ ਦਵਾਈ ਵੀ ਦਿੰਦੇ ਹਾਂ । ਇਸ ਬਿਮਾਰੀ ਦਾ ਇਲਾਜ ਅਸੀਂ ਲੱਭ ਲਿਆ ਹੈ ਔਰ ਇਹ ਜ਼ਰੂਰ ਦੂਰ ਹੋ ਜਾਵੇਗੀ।

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਵਾਲ ਆਇਆ ਹੈ ਇਹ ਸ਼ਾਮ ਚੁਰਾਸੀ ਦੇ ਹਲਕੇ ਦਾ ਹੈ ਔਰ ਇਸ ਦੇ ਜਵਾਬ ਵਿਚ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਚਾਰ ਹਸਪਤਾਲ ਹਨ ਬਾਕੀ ਕੋਈ ਨਹੀਂ, ਮੈਂ ਸਮਝਦਾ ਹਾਂ ਕਿ ਇਹ ਜਿਹੜੀ ਇਨਫਰਮੇਸ਼ਨ ਇਥੇ ਹਾਊਸ ਵਿਚ ਦਿੱਤੀ ਗਈ ਹੈ ਇਹ ਗਲਤ ਦਿੱਤੀ ਗਈ ਹੈ । ਉਥੇ ਮੁਖਣੀਆਨਾ, ਅਤੋਵਾਲ ਅਤੇ ਇਸ ਤੋਂ ਇਲਾਵਾ 2 ਹੋਰ ਵੀ ਡਿਸਪੈਂਸਰੀਆਂ ਹਨ ਪਰ ਇਸ ਦੇ ਵਿਚ ਇਨ੍ਹਾਂ ਨੇ ਇਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ । ਇਹ ਜੋ ਇਨਫਰਮੇਸ਼ਨ ਦਿੱਤੀ ਗਈ ਹੈ ਇਹ ਗਲਤ ਦਿੱਤੀ ਗਈ ਹੈ । ਹੋਰ ਵੀ ਹਸਪਤਾਲ ਹਨ ਪਰ ਉਨ੍ਹਾਂ ਦਾ ਜ਼ਿਕਰ ਨਹੀਂ ਹੈ । ਕੀ ਵਜ਼ੀਰ ਸਾਹਿਬ ਸਹੀ ਇਨਫਰਮੇਸ਼ਨ ਦੱਸਣਗੇ ?

ਮੰਤਰੀ: ਸਪੀਕਰ ਸਾਹਿਬ, ਜਿਹੜਾ ਸਵਾਲ ਆਇਆ ਹੈ ਮੈਂ ਤਾਂ ਉਸ ਦਾ ਹੀ ਜਵਾਬ ਦੇਣਾ ਸੀ । ਸਵਾਲ ਵਿਚ ਪੁੱਛਿਆ ਗਿਆ ਹੈ—

'(b) the number of Veterinary Hospitals out of those referred to in part (a) above which are without doctors and medicines......'

ਇਹ ਹਸਪਤਾਲਾਂ ਦੇ ਮੁਤੱਲਕ ਉਨ੍ਹਾਂ ਨੇ ਸਵਾਲ ਪੁੱਛਿਆ ਹੈ ਡਿਸਪੈਂਸਰੀਆਂ ਦੇ ਮੁਤੱਲਕ ਨਹੀਂ ਪੁਛਿਆ । ਜੇ ਮਾਨਯੋਗ ਮੈਂਬਰ ਸਾਹਿਬ ਸਵਾਲ ਪੜ੍ਹ ਲੈਂਦੇ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਇਹ ਪੁੱਛਣ ਦੀ ਖੇਚਲ ਨਾ ਕਰਨੀ ਪੈਂਦੀ ।

CONSTRUCTION OF ROADS IN VILLAGES BY THE MARKET COMMITTEES

*788 **Comrade Kulwant Singh** : Will the Minister for Agriculture and Forests be pleased to state—

(a) whether it is a fact that the Supreme Court of India had held that the Funds of the Market Committees can not be

---

**Expunged as ordered by the Chair,

[Comrade Kulwant Singh]

utilised for the construction of roads in villages;

(b) if the reply to part (a) above be in the affirmative, whether the Government propose to complete those roads which are under construction and also repair those already constructed with the funds of the Market Committees ?

ਚੌਧਰੀ ਕਾਂਸ਼ੀ ਰਾਮ : (ੳ) ਸਪੀਕਰ ਸਾਹਿਬ, ਇਹ ਸਵਾਲ ਇਨ੍ਹਾਂ ਦਾ ਜਵਾਬ ਨੁਮਾ ਸਵਾਲ ਹੀ ਹੈ, ਹੋਰ ਜੋ ਕਾਮਰੇਡ ਸਾਹਿਬ ਮੇਰੇ ਤੋਂ ਪੁੱਛਣਾ ਚਾਹੁੰਦੇ ਹਨ, ਉਹ ਮੈਂ ਦੱਸ ਦਿੰਦਾ ਹਾਂ । ਵੈਸੇ ਮੈਂ ਸਵਾਲ ਵੀ ਪੜ੍ਹ ਦਿੰਦਾ ਹਾਂ ਪੇਂਡੂ ਸੜਕਾਂ ਜੋ ਮੰਡੀਆਂ ਨੂੰ ਮੌਜੂਦਾ ਕੁਝ ਸੜਕਾਂ ਨਾਲ ਜੋੜਦੀਆਂ ਹਨ ਤੇ ਪੈਸਾ ਵਰਤਿਆ ਜਾ ਸਕਦਾ ਹੈ ।

(ਅ) ਸਭ ਤੋਂ ਪਹਿਲਾਂ ਸਰਕਾਰ ਨੇ ਰਾਜ ਦੇ ਸਾਰੇ ਪਿੰਡਾਂ ਨੂੰ ਪਹਿਲੀ ਇਕ ਇਕ ਲਿੰਕ ਸੜਕ ਦੇਣ ਦਾ ਫੈਸਲਾ ਕੀਤਾ ਹੈ ਕੇਵਲ ਪਹਿਲੀ ਇਕ ਇਕ ਲਿੰਕ ਸੜਕ ਮੁਕੰਮਲ ਹੋਣ ਤੋਂ ਬਾਅਦ ਹੀ ਸਰਕਾਰ ਹੋਰ ਲਿੰਕ ਸੜਕਾਂ ਦੀ ਉਸਾਰੀ/ ਮੁਰੰਮਤ ਬਾਰੇ ਵਿਚਾਰ ਕਰੇਗੀ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਤੌਖਲਾ ਹੈ ਕਿ ਵਜ਼ੀਰ ਸਾਹਿਬ ਨੇ ਜਵਾਬ ਮੁਕੰਮਲ ਨਹੀਂ ਦਿੱਤਾ। ਮੈਂ ਇਨ੍ਹਾਂ ਤੋਂ ਪੁੱਛਿਆ ਸੀ ਕਿ ਮਾਰਕਿਟ ਕਮੇਟੀਆਂ ਦਾ ਰੁਪਿਆ ਜਿਹੜਾ ਹੈ ਉਹ ਸੜਕਾਂ ਤੇ ਲਾਇਆ ਜਾ ਸਕਦਾ ਹੈ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਪੈਸਾ ਲਾਇਆ ਜਾ ਸਕਦਾ ਹੈ । ਪਿਛਲੇ ਇਜਲਾਸ ਵਿਚ ਇਨ੍ਹਾਂ ਨੇ ਕਿਹਾ ਸੀ ਕਿ ਇਹ ਪੈਸਾ ਵਰਤਿਆ ਨਹੀਂ ਜਾ ਸਕਦਾ । ਇਹ ਜੋ ਇਨਫਰਮੇਸ਼ਨ ਇਨ੍ਹਾਂ ਨੇ ਹੁਣ ਦਿੱਤੀ ਹੈ ਉਹ ਸਹੀ ਹੈ ਜਾਂ ਪਿਛਲੇ ਇਜਲਾਸ ਵਿਚ ਜੋ ਦਿੱਤੀ ਸੀ ਉਹ ਸਹੀ ਹੈ ? ਔਰ ਇਤਨੀ ਇਸ ਤਰ੍ਹਾਂ ਗਲਤ ਇਨਫਰਮੇਸ਼ਨ ਦੇਣੀ ਕਿਥੋਂ ਤਕ ਸਹੀ ਹੈ ?

ਦੂਸਰਾ ਮੈਂ ਇਹ ਪੁਛਿਆ ਸੀ ਕਿ ਜੋ ਉਸਾਰੀ ਅਧੀਨ ਮਾਰਕਿਟ ਕਮੇਟੀਆਂ ਦੀਆਂ ਸੜਕਾਂ ਪਈਆਂ ਹਨ ਜਾਂ ਜੋ ਸੜਕਾਂ ਉਨ੍ਹਾਂ ਦੀਆਂ ਬਣੀਆਂ ਹਨ ਉਨ੍ਹਾਂ ਦੀ ਮੁਰੰਮਤ ਕਦੋਂ ਤਕ ਕਰ ਦਿਉਗੇ ਤਾਂ ਇਨ੍ਹਾਂ ਨੇ ਇਸ ਦਾ ਜਵਾਬ ਦਿੱਤਾ ਹੈ ਕਿ ਪਹਿਲਾਂ ਇਕ ਇਕ ਲਿੰਕ ਸੜਕ ਮੁਕੰਮਲ ਹੋਣ ਤੋਂ ਬਾਅਦ ਹੀ ਸਰਕਾਰ ਹੋਰ ਲਿੰਕ ਸੜਕਾਂ ਦੀ ਉਸਾਰੀ ਜਾਂ ਮੁਰੰਮਤ ਦਾ ਕੰਮ ਸ਼ੁਰੂ ਕਰੇਗੀ । ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਇਕ ਇਕ ਸੜਕ ਬਣੀ ਹੈ ਮਾਰਕਿਟ ਕਮੇਟੀ ਦੇ ਪੈਸੇ ਨਾਲ ਅਤੇ ਉਥੇ ਪੈਸਾ ਵੀ ਲਾਇਆ ਜਾ ਸਕਦਾ ਹੈ ਤਾਂ ਇਸ ਦੇ ਬਾਰੇ ਇਹ ਕਲੀਅਰ ਕਰਨ ਕਿ ਉਨ੍ਹਾਂ ਸੜਕਾਂ ਦੀ ਮੁਰੰਮਤ ਕਿਉਂ ਨਹੀਂ ਹੋ ਰਹੀ ? ਜਦੋਂ ਅਫਸਰਾਂ ਨੂੰ ਪੁੱਛੋ ਤਾਂ ਉਹ ਕਹਿ ਦਿੰਦੇ ਹਨ ਕਿ ਮਾਰਕਿਟ ਕਮੇਟੀ ਦੀ ਸੜਕ ਬਣੀ ਹੈ ਇਸ ਲਈ ਮੁਰੰਮਤ ਨਹੀਂ ਕਰ ਸਕਦੇ । ਇਸ ਦੇ ਬਾਰੇ ਵਜ਼ੀਰ ਸਾਹਿਬ ਕਲੀਅਰ ਤੌਰ ਤੇ ਜਵਾਬ ਦੇਣ ?

ਖੇਤੀਬਾੜੀ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਮੈਂਬਰ ਸਾਹਿਬ ਨੇ ਜਵਾਬ ਨੁਮਾ ਸਵਾਲ ਕੀਤਾ ਹੈ । ਇਸ ਤੋਂ ਬਾਅਦ ਵੀ ਮੇਰੇ ਤੋਂ ਇਹ ਕੁਝ ਕਹਾਉਣਾ ਚਾਹੁੰਦੇ ਹਨ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਮੇਰੇ ਤੋਂ ਸੁਣ ਕੇ ਇਨ੍ਹਾਂ ਦੀ ਕਿਸ ਤਰ੍ਹਾਂ ਤਸੱਲੀ ਹੋਵੇਗੀ । ਸੁਪਰੀਮ ਕੋਰਟ ਨੇ 5 ਮਈ, 1979 ਨੂੰ ਫੈਸਲਾ ਦੇ ਦਿੱਤਾ ਸੀ

ਕਿ ਵਿਲੇਜ ਲਿੰਕਸ ਰੋਡ ਤੇ ਪੈਸਾ ਨਹੀਂ ਖਰਚਿਆ ਜਾ ਸਕਦਾ ਮਗਰ ਇਹ ਪ੍ਰੋਵੀਜ਼ਨ ਹੈ ਕਿ ਕਿਸੇ ਮੰਡੀ ਨੂੰ ਮੌਜੂਦਾ ਕੁਝ ਸੜਕਾਂ ਨਾਲ ਲਿੰਕ ਕਰਨ ਲਈ ਮਾਰਕਿਟਿੰਗ ਬੋਰਡ ਪੈਸਾ ਖਰਚ ਕਰ ਸਕਦਾ ਹੈ । ਇਸ ਦੇ ਇਲਾਵਾ ਮੈਂ ਦਸਿਆ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹਰ ਇਕ ਪਿੰਡ ਨੂੰ ਪਹਿਲਾਂ ਫਸਟ ਲਿੰਕ ਪ੍ਰੋਵਾਈਡ ਕਰਨਾ ਹੈ ਅਤੇ ਜਦੋਂ ਫਸਟ ਲਿੰਕ ਪ੍ਰੋਵਾਈਡ ਹੋ ਜਾਣਗੇ ਤਾਂ ਦੂਸਰੇ ਲਿੰਕਸ ਦਾ ਕੰਮ ਜਾਂ ਰਿਪੇਅਰ ਦਾ ਕੰਮ ਸ਼ੁਰੂ ਹੋਵੇਗਾ । ਜੇ ਸੜਕ ਮੁਰੰਮਤ ਨਾ ਹੋਵੇ ਤਾਂ ਮੇਰਾ ਖਿਆਲ ਹੈ ਕਿ ਇਤਨੀ ਤਬਾਹੀ ਵਾਲੀ ਗੱਲ ਨਹੀਂ ਹੈ ਕਿ ਕੋਈ ਮੈਂਬਰ ਇਥੇ ਆ ਨਾ ਸਕੇ । ਅਸੀਂ ਪਹਿਲਾਂ ਬਿਨਾਂ ਸੜਕਾਂ ਤੋਂ ਹੀ ਰਹਿੰਦੇ ਸੀ । ਕੋਈ ਤਬਾਹੀ ਵਾਲੀ ਇਤਨੀ ਗੱਲ ਨਹੀਂ ਹੈ ਜਿਤਨਾ ਰੌਲਾ ਪਾਇਆ ਹੈ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਹੁਣ ਤੌਖਲਾ ਪ੍ਰਗਟ ਨਹੀਂ ਕਰਦਾ ਮਨਿਸਟਰ ਸਾਹਿਬ ਤੋਂ ਪੁੱਛਣ ਦੀ ਕੋਸ਼ਿਸ਼ ਕਰਦਾ ਹਾਂ ਕਿ ਇਹ ਜਿਹੜੀ ਪੋਜ਼ੀਸ਼ਨ ਇਨ੍ਹਾਂ ਨੇ ਦੱਸੀ ਹੈ ਕਿ ਮਾਰਕਿਟ ਕਮੇਟੀਆਂ ਦਾ ਪੈਸਾ ਮੰਡੀਆਂ ਨੂੰ ਸੜਕਾਂ ਨਾਲ ਜੋੜਨ ਲਈ ਖਰਚ ਕੀਤਾ ਜਾ ਸਕਦਾ ਹੈ, ਅਗਰ ਇਹ ਪੋਜ਼ੀਸ਼ਨ ਹੈ ਤਾਂ ਮੇਰੇ ਹਲਕੇ ਦਾ ਪਿੰਡ ਭਟੂਰਾ ਲਬਾਣਾ ਹੈ ਜਿਸ ਦੀ ਕੋਈ ਚਾਰ ਹਜ਼ਾਰ ਦੇ ਕਰੀਬ ਆਬਾਦੀ ਹੈ, ਉਥੇ ਦੀ ਇਕ ਕਿਲੋਮੀਟਰ ਸੜਕ ਇੰਨੀ ਟੁਟੀ ਹੋਈ ਹੈ ਕਿ ਲੋਕ ਸੜਕ ਛੱਡ ਕੇ ਪਾਸੇ ਦੀ ਲੰਘਦੇ ਹਨ, ਕੀ ਕਾਰਨ ਹੈ ਕਿ ਉਸ ਦੀ ਹੁਣ ਤਕ ਕੋਈ ਮੁਰੰਮਤ ਨਹੀਂ ਕੀਤੀ ਗਈ ?

ਮੰਤਰੀ : ਸਪੀਕਰ ਸਾਹਿਬ, ਇਹ ਪੋਰਟਫੋਲਿਓ ਮੇਰੇ ਐਗਰੀਕਲਚਰ ਮਹਿਕਮੇ ਕੋਲ ਨਹੀਂ ਬਲਕਿ ਪੀ. ਡਬਲਿਯੂ. ਡੀ. ਕੋਲ ਹੈ । ਇਹ ਕੁਐਸਚਨ ਸੜਕਾਂ ਬਾਰੇ ਪੁੱਛੀ ਜਾਂਦੇ ਹਨ । ਸੜਕਾਂ ਲਈ ਪੱਥਰ ਚਾਹੀਦਾ ਹੈ, ਬਿਟੂਮਨ ਚਾਹੀਦਾ ਹੈ, ਇੱਟਾਂ ਚਾਹੀਦੀਆਂ ਹਨ, ਇਹ ਸਾਰੀਆਂ ਚੀਜ਼ਾਂ ਪ੍ਰੋਵਾਈਡ ਹੋ ਜਾਣਗੀਆਂ ਪਰ ਇਹ ਜਿਹੜੀਆਂ ਸੜਕਾਂ ਬਣਾਉਣੀਆਂ ਹੁੰਦੀਆਂ ਹਨ ਜਾਂ ਮੁਰੰਮਤ ਕਰਨੀ ਹੁੰਦੀ ਹੈ ਇਹ ਪ੍ਰਾਇਅਰਿਟੀ ਬੇਸਿਜ਼ ਤੇ ਹੁੰਦੀਆਂ ਹਨ । ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਹ ਗੁਜ਼ਾਰਿਸ਼ ਕਰਾਂਗਾ ਕਿ ਜਿਵੇਂ ਜਿਵੇਂ ਫੰਡਜ਼ ਅਵੇਲੇਬਲ ਹੋਣਗੇ ਮੁਰੰਮਤ ਦਾ ਕੰਮ ਸ਼ੁਰੂ ਕਰ ਦਿਆਂਗੇ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੜਕਾਂ ਬਣਾਉਣ ਅਤੇ ਮੁਰੰਮਤ ਵਾਸਤੇ ਪੱਥਰ, ਇੱਟਾਂ ਅਤੇ ਲੁੱਕ ਆਦਿ ਦੀ ਜ਼ਰੂਰਤ ਪੈਂਦੀ ਹੈ ਪਰ ਦਾਣਾ ਮੰਡੀ ਜਲੰਧਰ ਵਿਚ ਕੋਈ ਇੱਟਾਂ, ਪੱਥਰ ਜਾਂ ਲੁੱਕ ਦੀ ਲੋੜ ਨਹੀਂ ਉਥੇ ਸਫ਼ਾਈ ਦੀ ਲੋੜ ਹੈ, ਕੋਈ ਸਵੀਪਰ ਪ੍ਰੋਵਾਈਡਿਡ ਨਹੀਂ । ਉਥੇ ਸਫ਼ਾਈ ਰੱਖਣ ਵਾਸਤੇ ਕੋਈ ਪੈਸੇ ਮਖ਼ਸੂਸ ਕੀਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਗੱਲ ਸੜਕਾਂ ਤੋਂ ਤੁਰੀ ਅਤੇ ਜਲੰਧਰ ਮੰਡੀ ਦੀ ਸਫ਼ਾਈ ਤਕ ਪਹੁੰਚ ਗਈ ਹੈ । ਸਫ਼ਾਈ ਦੀ ਗੱਲ ਹੈ ਅਸੀਂ ਸਫ਼ਾਈ ਵੀ ਕਰਵਾ ਦਿਆਂਗੇ ।

ਸੇਠ ਭਗਵਾਨ ਦਾਸ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਸਤਿਕਾਰ ਯੋਗ ਸਾਥੀ ਮੇਰੇ ਸਾਹਮਣੇ ਬੈਠੇ ਹਨ ਉਹ ਕਹਿੰਦੇ ਰਹਿੰਦੇ ਹਨ ਕਿ ਉਨ੍ਹਾਂ ਨੇ ਆਪਣੇ ਰਾਜ ਵੇਲੇ ਬੜੀਆਂ ਸੜਕਾਂ ਬਣਾ ਦਿੱਤੀਆਂ । ਉਨ੍ਹਾਂ ਨੇ ਇੱਟਾਂ ਔਰ ਰੋੜੇ ਵਿਛਾ ਦਿੱਤੇ ਹੋਏ ਸਨ । ਹੁਣ ਉਥੇ ਡਲੇ ਹੀ ਡਲੇ ਰਹਿ ਗਏ

[ਸੇਠ ਭਗਵਾਨ ਦਾਸ]

ਹਨ ਅਤੇ ਲੋਕ ਜਦ ਆਪਣੇ ਗੱਡੇ ਲੈ ਕੇ ਉਥੋਂ ਲੰਘਦੇ ਹਨ ਤਾਂ ਉਨ੍ਹਾਂ ਦੇ ਬਲਦਾਂ ਦੇ ਖੁਰ ਵੱਢੇ ਜਾਂਦੇ ਹਨ, ਕੀ ਉਨ੍ਹਾਂ ਦਾ ਪ੍ਰਬੰਧ ਕਰਨਗੇ ਤਾਂਕਿ ਲੋਕ ਸਾਨੂੰ ਗਾਲ੍ਹਾਂ ਨਾ ਕੱਢਣ ।

ਮੰਤਰੀ : ਇਹੋ ਜਿਹੀ ਅਗਰ ਕੋਈ ਖਸਤਾ ਹਾਲਤ ਹੈ ਕਿਸੇ ਸੜਕ ਦੀ ਤਾਂ ਸੈਪਰੇਟ ਨੋਟਿਸ ਦੇ ਦੇਣ ਇੰਤਜ਼ਾਮ ਕਰ ਦਿਆਂਗੇ ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਮੇਰੇ ਹਲਕੇ ਖਡੂਰ ਸਾਹਿਬ ਵਿਚ ਪਿੰਡ ਕੋਟਮੁਹੰਮਦਖਾਂ, ਦਿਲਾਵਰਪੁਰ, ਚੰਬਾ ਅਤੇ ਫਲੋ ਕੇ ਆਦਿ 4, 5 ਪਿੰਡ ਹਨ ਜਿਥੇ ਕਿ ਕੋਈ ਲਿੰਕ ਰੋਡ ਨਹੀਂ ਉਨ੍ਹਾਂ ਲੋਕਾਂ ਨੇ ਇਹ ਪਾਪ ਕੀਤਾ ਕਿ ਅਕਾਲੀਆਂ ਨੂੰ ਵੋਟਾਂ ਨਹੀਂ ਪਾਈਆਂ, ਕੀ ਉਥੇ ਸੜਕ ਦੇਣਗੇ ?

ਮੰਤਰੀ : ਅਗਰ ਉਨ੍ਹਾਂ ਪਿੰਡਾਂ ਵਿਚ ਕਮਟ ਲਿੰਕ ਰੋਡ ਨਹੀਂ ਹੋਵੇਗੀ ਤਾਂ ਉਸ ਦਾ ਜਲਦੀ ਤੋਂ ਜਲਦੀ ਪ੍ਰਬੰਧ ਕਰਾਂਗੇ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਸੁਪਰੀਮ ਕੋਰਟ ਦੀ ਜਜਮੈਂਟ ਦੇ ਮੁਤਾਬਕ ਸੜਕਾਂ ਤੇ ਮਾਰਕਿਟ ਕਮੇਟੀਆਂ ਦਾ ਪੈਸਾ ਖਰਚ ਨਹੀਂ ਕੀਤਾ ਜਾ ਸਕਦਾ ਪਰ ਪਿਛਲੀ ਸਰਕਾਰ ਨੇ ਜਨਵਰੀ, 1980 ਵਿਚ ਫੈਸਲਾ ਕੀਤਾ ਸੀ ਅਤੇ ਮੰਡੀਆਂ ਵਿਚ ਜਿੰਨੇ ਅੱਨਸੋਲਡ ਪਲਾਟ ਪਏ ਸਨ ਉਹ ਕਾਲੋਨਾਈਜ਼ੇਸ਼ਨ ਡਿਪਾਰਟਮੈਂਟ ਨੂੰ 10 ਕਰੋੜ ਰੁਪਏ ਵਿਚ ਦੇ ਦਿੱਤੇ ਸੀ ਔਰ ਡਿਪਾਰਟਮੈਂਟ ਨੇ 10 ਕਰੋੜ ਰੁਪਿਆ ਪੰਜਾਬ ਸਰਕਾਰ ਨੂੰ ਦੇ ਦਿੱਤਾ ਸੀ । ਉਸ ਵਿਚੋਂ 5 ਕਰੋੜ ਰੁਪਏ ਫਸਟ ਲਿੰਕ ਰੋਡਜ਼ ਲਈ, 2 ਕਰੋੜ ਰੁਪਏ ਮਿਸਿੰਗ ਲਿੰਕਸ ਲਈ 2 ਕਰੋੜ ਰੁਪਏ ਰਿਪੇਅਰਜ਼ ਲਈ ਅਤੇ ਇਕ ਕਰੋੜ ਰੁਪਿਆ ਲੁਧਿਆਣਾ-ਚੰਡੀਗੜ੍ਹ ਹਾਈਵੇ ਲਿੰਕ ਤੇ ਖਰਚ ਕਰਨਾ ਸੀ । ਉਹ ਪੈਸਾ ਕਿਤੇ ਖਰਚ ਨਹੀਂ ਸੀ ਹੋਇਆ । ਕੀ ਉਸ ਪੈਸੇ ਨਾਲ ਸਰਕਾਰ ਮੁਰੰਮਤ, ਮਿਸਿੰਗ ਲਿੰਕ ਰੋਡਜ਼ ਆਦਿ ਦਾ ਕੰਮ ਸ਼ੁਰੂ ਕਰ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਮੋਨੇਟਰੀ ਮੈਨੇਜਮੈਂਟ ਦੀਆਂ ਗੱਲਾਂ ਹਨ, ਇਹ ਆਊਟ ਡੇਟਿਡ ਸਰਕਾਰ ਦੀਆਂ ਗਲਾਂ ਕਰਦੇ ਹਨ, ਇਥੇ ਆਊਟ ਡੇਟਿਡ ਦਵਾਈਆਂ ਦੀਆਂ ਗਲਾਂ ਤੇ ਰੌਲਾ ਪੈ ਜਾਂਦਾ ਹੈ।

ਸ੍ਰੀ ਸਪੀਕਰ : ਮੰਤਰੀ ਜੀ, ਮਾਨ ਸਾਹਿਬ ਨੇ ਸੁਆਲ ਕੀਤਾ ਸੀ ਕਿ ਜਿਹੜਾ 10 ਕਰੋੜ ਰੁਪਿਆ ਕਾਲੋਨਾਈਜ਼ੇਸ਼ਨ ਡਿਪਾਰਟਮੈਂਟ ਤੋਂ ਲਿਆ ਹੈ ਕੀ ਉਹ ਸੜਕਾਂ ਆਦਿ ਲਈ ਵਰਤਿਆ ਜਾ ਸਕਦਾ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਬੜਾ ਸਿੱਧਾ ਔਰ ਸ਼ਾਇਸਤਾ ਜਵਾਬ ਦਿੱਤਾ ਸੀ ਕਿ ਮੋਨੇਟਰੀ ਮੈਨੇਜਮੈਂਟ ਆਫ ਗੌਰਮਿੰਟ ਦੀਆਂ ਗੱਲਾਂ ਹਨ । ਇਹ ਸੈਪਰੇਟ ਨੋਟਿਸ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ ।

ਸ੍ਰੀ ਸਪੀਕਰ : ਉਨ੍ਹਾਂ ਨੇ ਮਾਰਕਿਟ ਕਮੇਟੀਆਂ ਦੇ ਪੈਸੇ ਬਾਰੇ ਗੱਲ ਕੀਤੀ ਹੈ ਮੋਨੇਟਰੀ ਮੈਨੇਜਮੈਂਟ ਆਫ ਗੌਰਮਿੰਟ ਦਾ ਸੁਆਲ ਨਹੀਂ । ਉਹ ਕਹਿੰਦੇ ਹਨ ਕਿ ਪਿਛਲੀ ਸਰਕਾਰ ਨੇ ਲਿੰਕ ਰੋਡਜ਼ ਨੂੰ ਮਦੇਨਜ਼ਰ ਰਖਦੇ ਹੋਏ ਕੋਈ ਫੈਸਲਾ ਕੀਤਾ ਸੀ ਔਰ ਉਹ ਪੈਸਾ ਸਰਕਾਰ

ਦੇ ਖਾਤੇ ਵਿਚ ਜਮ੍ਹਾ ਹੈ, ਕਿਤੇ ਖਰਚ ਨਹੀਂ ਕੀਤਾ ਗਿਆ, ਕੀ ਸਰਕਾਰ ਉਸ ਨੂੰ ਖਰਚ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨ ਸਾਹਿਬ ਨੂੰ ਇਤਨੀ ਦਰਖਾਸਤ ਕਰਾਂਗਾ ਕਿ ਉਹ ਮੇਰੇ ਕਮਰੇ ਵਿਚ ਆ ਜਾਣ ਸਭ ਕੁਝ ਦੱਸ ਦਿਆਂਗਾ ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਬੜਾ ਸਪੈਸਿਫਿਕ ਕੁਐਸਚਨ ਸੀ ਔਰ ਇਹ ਤਾਂ ਫੈਕਟ ਹੈ ਕਿ ਸੁਪਰੀਮ ਕੋਰਟ ਨੇ ਨਵੀਂਆਂ ਸੜਕਾਂ ਬਣਾਉਣ ਲਈ ਪੈਸੇ ਖਰਚਣ ਤੇ ਰੋਕ ਲਾ ਦਿੱਤੀ ਸੀ ਪਰ ਜਿਹੜੀਆਂ ਮਾਰਕਿਟ ਕਮੇਟੀਆਂ ਦੀਆਂ ਹੈਲਪਰ ਸੜਕਾਂ ਹਨ, ਉਹ ਟੁੱਟ ਗਈਆਂ ਹਨ, ਕੀ ਉਨ੍ਹਾਂ ਦੀ ਮੁਰਮਤ ਕਰਨ ਲਈ ਇਹ ਪੈਸਾ ਖਰਚ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਸੁਆਲ ਆਪਣਾ ਤਾਂ ਬੜਾ ਸਪੈਸਿਫਿਕ ਕਰਦੇ ਹਨ ਮਗਰ ਸਪੈਸਿਫਿਕ ਜਵਾਬ ਤੋਂ ਤਸੱਲੀ ਨਹੀਂ ਕਰਦੇ । ਮੈਂ ਕਿਹਾ ਹੈ ਕਿ ਜਿਥੇ ਫਸਟ ਲਿੰਕ ਰੋਡ ਨਹੀਂ ਹੈ ਉਥੇ ਅਸੀਂ ਫਸਟ ਲਿੰਕ ਰੋਡ ਪ੍ਰੋਵਾਈਡ ਕਰਾਂਗੇ । ਜਿਥੋਂ ਤਕ ਰਿਪੇਅਰ ਦਾ ਸੁਆਲ ਹੈ ਰਿਪੇਅਰ ਵੀ ਕਰਾ ਦਿਆਂਗੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਦੋ ਮਾਰਕਿਟ ਕਮੇਟੀਆਂ ਵਿਚ ਬਣਨੀਆਂ ਸਨ, ਇਕ ਮਾਰਕਿਟ ਕਮੇਟੀ ਨੇ ਪੈਸੇ ਭਰ ਕੇ ਬਣਵਾ ਲਈ, ਦੂਜੀ ਨੇ ਨਹੀਂ ਬਣਵਾਈ, ਕੀ ਇਹ ਦੂਜੀ ਵਾਸਤੇ ਕੋਈ ਸਪੈਸ਼ਲ ਫੰਡਜ਼ ਕਰੀਏਟ ਕਰਕੇ ਸੜਕ ਬਣਾ ਦੇਣਗੇ ?

ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਦੇ ਪੈਸੇ ਭਰੇ ਪਏ ਹਨ ਔਰ ਇੱਟਾਂ ਤੇ ਪੱਥਰ ਨਹੀਂ ਪਾਇਆ ਗਿਆ ਉਨ੍ਹਾਂ ਲਈ ਕੀ ਸਰਕਾਰ ਇੰਤਜ਼ਾਮ ਕਰੇਗੀ ?

Minister : The question was whether it was a valid charge or not The Supreme Court has declared that it is not a valid charge.

ਸਪੀਕਰ ਸਾਹਿਬ, ਹੁਣ ਜਦੋਂ ਇਕ ਵਾਰੀ ਡਿਕਲੇਅਰ ਹੋ ਗਿਆ ਹੈ ਤਾਂ ਉਸ ਤੋਂ ਬਾਅਦ ਇਹ ਰੌਲਾ ਪਾਇਆ ਗਿਆ ਹੈ । ਕੋਰਟ ਦਾ ਫੈਸਲਾ ਹੈ ਕਿ ਮਾਰਕਿਟ ਕਮੇਟੀਆਂ ਦਾ ਪੈਸਾ ਨਹੀਂ ਖਰਚਿਆ ਜਾ ਸਕਦਾ । ਬਾਕੀ ਜਿਥੋਂ ਤਕ ਸੜਕਾਂ ਦੀ ਜ਼ਰੂਰਤ ਦਾ ਸਵਾਲ ਹੈ ਉਸ ਗਲ ਨੂੰ ਵਿਚਾਰ ਲਿਆ ਜਾਵੇਗਾ ਔਰ ਸੜਕਾਂ ਪ੍ਰੋਵਾਈਡ ਕਰਾਂਗੇ ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਜਿਹੜੀਆਂ ਸੜਕਾਂ ਟੁੱਟੀਆਂ ਪਈਆਂ ਹਨ ਉਨ੍ਹਾਂ ਦੀ ਮਾਰਕਿਟ ਕਮੇਟੀ ਦੇ ਪੈਸੇ ਨਾਲ ਮੁਰੰਮਤ ਨਹੀਂ ਕਰ ਸਕਦੇ ਤਾਂ ਫਿਰ ਮਾਰਕਿਟ ਕਮੇਟੀਆਂ ਦਾ ਪੈਸਾ ਇਹ ਖਰਚ ਕਿੱਥੇ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਹ ਨਹੀਂ ਕਿਹਾ ਕਿ ਮੁਰੰਮਤ ਨਹੀਂ ਕਰਵਾਵਾਂਗੇ। ਮੈਂ ਤਾਂ ਇਹ ਕਿਹਾ ਹੈ ਕਿ ਸਰਕਾਰ ਜਿਹੜੀਆਂ ਸੜਕਾਂ ਟੁੱਟੀਆਂ ਹੋਈਆਂ ਹਨ ਉਨ੍ਹਾਂ ਦੀ ਮੁਰੰਮਤ ਕਰਵਾਵੇਗੀ। ਪਰ ਇਹ ਕਹਿੰਦੇ ਹਨ ਕਿ ਜਦੋਂ ਇਥੋਂ ਇਹ ਘਰੀਂ ਜਾਣ ਤਾਂ ਮੁਰੰਮਤ ਹੋਈਆਂ ਸੜਕਾਂ ਤੇ ਜਾਣ, ਇਤਨੀ ਕਾਹਲੀ ਵਿਚ ਇਹ ਕੰਮ ਨਹੀਂ ਹੋ ਸਕਦਾ। (ਹਾਸਾ)

Mr. Speaker . Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly.)

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

PROVISION OF A TRACTOR AND A COMBINE IN EVERY VILLAGE

***809. Sardar Natha Singh Dalam** : Will the Minister for Agriculture and Forests be pleased to state whether there is any proposal under the consideration of the Government to provide a Government tractor and a combine in every village so that the shortage of labour at the time of sowing, harvesting and threshing of crops faced by the farmers may be met with effectively ?

ਚੋਧਰੀ ਕਾਂਸ਼ੀ ਰਾਮ : ਜੀ, ਨਹੀਂ।

SETTING UP OF INDUSTRIES

***786. Sardar Gurnaib Singh Brar** : Will the Chief Minister be pleased to state whether the Government propose to set up new industries in the border district of Ferozepur during the Financial Year 1981-82, if so the details thereof ?

ਸਰਦਾਰ ਦਰਬਾਰਾ ਸਿੰਘ : ਹਾਂ ਜੀ। ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਸਾਲ 1981-82 ਦੇ ਦੌਰਾਨ ਹੇਠ ਲਿਖੇ ਉਦਯੋਗ ਸਥਾਪਤ ਕਰਨ ਦੀ ਤਜਵੀਜ਼ ਹੈ :—

(1) ਪੰਜਾਬ ਸਟੇਟ ਕੋਆਪਰੇਟਿਵ ਸਪਿਨਿੰਗ ਮਿਲਜ਼ ਫੈਡਰੇਸ਼ਨ ਵਲੋਂ ਸਪਿਨਿੰਗ ਮਿਲ, ਜਿਸ ਦਾ ਨਾਮ ਅਬੋਹਰ ਕੋਆਪਰੇਟਿਵ ਸਪਿਨਿੰਗ ਮਿਲਜ਼, ਅਬੋਹਰ ਹੋਵੇਗਾ।

(2) ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਵਲੋਂ ਗੁਰੂ ਹਰ ਸਹਾਏ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਇਕ ਰਾਈਸ ਬਰਾਨ ਸਾਲਵੈਂਟ ਐਕਸਟਰੈਕਸ਼ਨ ਪਲਾਂਟ।

(3) ਪੰਜਾਬ ਸਟੇਟ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਵਲੋਂ ਅਬੋਹਰ ਵਿਖੇ ਇਕ ਸਾਈਟ੍ਰਸ ਫਰੂਟ ਪ੍ਰੋਸੈਸਿੰਗ ਕਮਪਲੈਕਸ।

BRIDGE ON DRAIN NEAR VILLAGE NANOWAL ON CHAK-SHARIF-GHOREWAH (GURDASPUR) ROAD

*797. **Sardar Ujagar Singh Sekhwan** : Will the Chief Minister be pleased to state—

(a) whether it is a fact that a bridge on the drain near village Nanowal on Chak-Sharif Ghorewah (Gurdaspur) road was washed away during the last rainy season;

(b) whether it is also a fact that the bridge mentioned in part (a) above has not been reconstructed so far; if so, the time by which it is likely to be reconstructed ?

Sardar Darbara Singh : (a) No Sir. A small temporary culvert on the drain was damaged during the last rainy season.

(b) The temporary culvert has not yet been reconstructed but the same shall be constructed before the next monsoons.

CONSTRUCTION OF BUS STAND AT SIRHIND

*819. **Sardar Birdevinder Singh** : Will the Chief Minister be pleased to state—

whether any bus stand is being constructed by the Transport Department at Sirhind; if so, the present stage of its construction and the amount so far spent on it ?

ਸਰਦਾਰ ਦਰਬਾਰਾ ਸਿੰਘ : ਜੀ ਨਹੀਂ ।

RESERVED QUOTA OF RESIDENTIAL PLOTS IN THE URBAN ESTATES FOR ALLOTMENT TO THE PHYSICALLY HANDICAPPED PERSONS IN THE STATE.

*790. **Giani Arjan Singh Litt** : Will the Chief Minister be pleased to state :—

(a) whether any quota of residential plots has been reserved in the Urban Estates set-up being set up in the State, for allotment to the physically handicapped persons in the State; if so; the number of plots allotted to such persons during the period from 1977 to date;

(b) if the reply to part (a) above be in the negative; whether there is any proposal under the consideration of the Government to reserve residential plots for allotment to such persons ?

ਸਰਦਾਰ ਦਰਬਾਰਾ ਸਿੰਘ : (ੳ) ਸ਼ਹਿਰੀ ਮਿਲਖਾਂ ਵਿਖੇ ਪਲਾਟਾਂ ਦੀ ਅਲਾਟਮੈਂਟ ਵਿੱਚ ਸਰੀਰਕ ਤੌਰ ਤੇ ਨਕਾਰਾ ਵਿਅਕਤੀਆਂ ਲਈ ਕੋਈ ਵਖਰਾ ਕੋਟਾ ਨਹੀਂ ਹੈ ।

(ਅ) ਨਹੀਂ ਜੀ ।

ALLOTMENT OF PLOTS TO THE OUSTEES IN THE STATE

***804. Sardar Birdevinder Singh :** Will the Chief Minister be pleased to state :—

(a) the criteria adopted in 1974 for the allotment of plots in the Urban Estates of the State to oustees whose lands had been acquired;

(b) whether it is a fact that according to the said criteria the priority in the matter of the allotment of plots was to be given to the oustees; if so, the number of plots of each category carved out in each of the Urban Estates since their establishment and the number of plots allotted to the oustees out of them categorywise;

(c) whether it has come to the notice of the Government that oustees have been ignored in many cases; if so the reasons therefor and the steps taken or proposed to be taken by the Government to remove the hardship caused to these oustees.

ਸਰਦਾਰ ਦਰਬਾਰਾ ਸਿੰਘ : ਜਾਣਕਾਰੀ ਇਕੱਠੀ ਕਰਨ ਵਿਚ ਲਗਦਾ ਸਮਾਂ ਅਤੇ ਮਿਹਨਤ ਪ੍ਰਾਪਤ ਕੀਤੇ ਜਾਣ ਵਾਲੇ ਕਿਸੇ ਲਾਭ ਦੇ ਸਮਾਨ ਨਹੀਂ ਹੋਵੇਗਾ ।

WIDENING OF TARN TARAN KHADOOR SAHIB ROAD

***741. Sardar Lakha Singh :** Will the Chief Minister be pleased to state whether the work for the widening of road from Tarn Taran to Khadoor Sahib via Kang Kalan has since been started; if not, the time by which it is likely to be started ?

ਸਰਦਾਰ ਦਰਬਾਰਾ ਸਿੰਘ : ਇਸ ਸੜਕ ਨੂੰ ਚੌੜਾ ਕਰਨ ਦਾ ਅਜੇ ਕੋਈ ਪ੍ਰੋਗਰਾਮ ਨਹੀਂ ਹੈ ਜੀ ।

SCHEDULED CASTES BASTIS IN THE SHAMCHAURASI ASSEMBLY CONSTITUENCY.

***748. Shri Hari Mittar Hans :** Will the Chief Minister be pleased to state :—

(a) the number of the Scheduled Castes Bastis in the Shamchaurasi Assembly Constituency which are without link/pucca roads;

(b) the steps being taken by the Government to connect the said Bastis with link pucca roads.

Sardar Darbara Singh : (a) 91

(b) There is no proposal at present to provide separate link roads to the said Bastis.

SPURS ALONG WITH BANK OF RIVER BEAS

*740 **Sardar Lakha Singh** : Will the Chief Minister be pleased to state whether the construction work of spurs along the bank of river Beas from villages Kot Mehtab, Bhallojallan to Jalalabad has since been taken in hand; if not, the time by which the same is expected to be taken in hand ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ । ਫੰਡਜ਼ ਦੀ ਕਮੀ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਪਹਿਲ ਦਿੱਤੀਆਂ ਸਕੀਮਾਂ ਹੋਣ ਕਰਕੇ, ਹਾਲ ਦੀ ਘੜੀ ਇਸ ਪ੍ਰੋਜੈਕਟ ਵਾਸਤੇ ਕੋਈ ਮਿਥਿਆ ਸਮਾਂ ਨਹੀਂ ਦਸਿਆ ਜਾ ਸਕਦਾ ।

DUMNIWALA FEEDER SCHEME

*806 (1) **Sardar Naranjan Singh Patti**
(2) **Sardar Major Singh Ubboke** : Will the Chief Minister be pleased to state whether there is any proposal under the consideration of the Government to implement the Dumniwala Feeder Scheme which was framed to irrigate the Bet area of Sabhraon, Tehsil Patti; if so, the time by which the same is likely to be implemented ?

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਇਸ ਸਕੀਮ ਦੇ ਪੂਰਾ ਹੋਣ ਲਈ ਕੋਈ ਸਮਾਂ ਮਿਥਿਆ ਨਹੀਂ ਜਾ ਸਕਦਾ ਕਿਉਂਕਿ ਹਾਲੇ ਕਈ ਤਕਨੀਕੀ ਅਤੇ ਵਿੱਤੀ ਮਾਮਲੇ ਵਿਚਾਰ ਅਧੀਨ ਹਨ ।

UTILISATION OF SURPLUS WATER OF RIVER SUTLEJ

*803 **Sardar Gurnaib Singh Brar** : Will the Chief Minister be pleased to state whether any schemes have been drawn up for the utilisation of surplus water of the River Sutlej which flows out to Pakistan during rainy season; if so, the details thereof ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ, ਸਵਾਲ ਹੀ ਪੈਦਾ ਨਹੀਂ ਹੁੰਦਾ ।

UNSTARRED QUESTIONS AND ANSWERS

ROADS REPAIRED/STRENGTHENED IN THE STATE

105. **Sardar Dalip Singh Pandhi** : Will the Chief Minister be pleased to state the details of the roads repaired/strengthened during the current financial year in the State; and the amount spent on each road ?

ਸਰਦਾਰ ਦਰਬਾਰਾ ਸਿੰਘ : ਜਾਣਕਾਰੀ ਇੱਕਠੀ ਕਰਨ ਵਿਚ ਲਗਦਾ ਸਮਾਂ ਅਤੇ ਮਿਹਨਤ ਪ੍ਰਾਪਤ ਕੀਤੇ ਜਾਣ ਵਾਲੇ ਕਿਸੇ ਲਾਭ ਦੇ ਸਮਾਨ ਨਹੀਂ ਹੋਵੇਗਾ ।

UNAUTHORISED OCCUPATION OF LAND BELONGING TO MUNICIPAL COMMITTEE, SULTANPUR

97. **Sardar Atma Singh** : Will the Minister for Finance be pleased to state :—

(a) whether during the current financial year he received any complaint from any Legislator and Members of the Municipal Committee wherin it had been alleged that some persons had unauthorisedly occupied land belonging to the Municipal Committee, Sultanpur: if so, the details thereof and the action taken thereon;

(b) whether the said Municipal Committee has got the said unauthorised occupations vacated; if not, the reasons therefor, and the time by which the said unauthorised occupations are likely to be got vacated ?

ਡਾਕਟਰ ਕੇਵਲ ਕ੍ਰਿਸ਼ਨ : 97 (ੳ) ਹਾਂ ਜੀ ।

(ਅ) ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ ।

CONSTRUCTION OF DHARAMSHALA IN VILLAGE TIPEWAL BLOCK SULTANPUR DISTRICT KAPURTHALA.

98. **Sardar Atma Singh** : Will the Minister for Welfare be pleased to state :—

(a) the total amount sanctioned for the construction of a Dharamshala in Village Tipewal, Block Sultanpur, District Kapurthala and the amount so far spent thereon;

(b) whether the Government received any complaint from the residents of the village against the Sarpanch during 1978-79 or 1979-80 regarding the embezzlement of amount meant for the said Dharamshala; if so, the action taken thereon and the details of the action being taken to complete the said Dharamshala ?

ਚੌਧਰੀ ਜਗਤ ਰਾਮ : (ੳ) 5500/-ਰੁ. ਪਿੰਡ ਦੀਪੇਵਾਲ ਲਈ ਨਾ ਕਿ ਟੀਪੇਵਾਲ ਲਈ ਇਹ ਸਾਰੀ ਰਕਮ ਪਿੰਡ ਦੀਪੇਵਾਲ ਵਿਖੇ ਉਸਾਰੀ ਗਈ ਧਰਮਸ਼ਾਲਾ ਤੇ ਖਰਚੀ ਜਾ ਚੁਕੀ ਹੈ ਪਰ ਇਹ ਧਰਮਸ਼ਾਲਾ ਮੁਕੰਮਲ ਨਹੀਂ ਹੋਈ । ਇਸ ਲਈ ਸਾਲ 1979-80 ਵਿਚ 3000/-ਰੁ. ਦੀ ਗਰਾਂਟ ਪ੍ਰਵਾਨ ਕੀਤੀ ਗਈ ਤਾਂ ਕਿ ਇਹ ਧਰਮਸ਼ਾਲਾ ਮੁਕੰਮਲ ਹੋ ਸਕੇ । ਇਸ ਰਕਮ ਵਿਚੋਂ 2000/- ਰੁ. ਦੀ ਪਹਿਲੀ ਕਿਸ਼ਤ 21 ਜਨਵਰੀ, 1981 ਨੂੰ ਰਲੀਜ਼ ਹੋ ਚੁਕੀ ਹੈ ।

(ਅ) ਸਾਲ 1978-79 ਦੌਰਾਨ ਇਸ ਰਕਮ ਨੂੰ ਗਬਨ ਕਰਨ ਦੇ ਸਬੰਧ ਵਿਚ ਵਸਨੀਕਾਂ ਵਲੋਂ ਸਰਪੰਚ ਦੇ ਖਿਲਾਫ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ। ਇਸ ਤਰ੍ਹਾਂ ਕੋਈ ਕਾਰਵਾਈ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮਿਤੀ 6 ਜਨਵਰੀ, 1981 ਨੂੰ ਹਰੀਜਨ ਵਸਨੀਕਾਂ ਵਲੋਂ ਇਹ ਬੇਨਤੀ ਕੀਤੀ ਗਈ ਕਿ 3000/- ਰੁ. ਦੀ ਰਕਮ ਉਨ੍ਹਾਂ ਦੇ ਨੁਮਾਇੰਦੇ ਨੂੰ ਦਿਤੀ ਜਾਵੇ। ਇਸੇ ਤਰ੍ਹਾਂ ਸ੍ਰੀ ਭਾਗੂ ਪੁੱਤਰ ਸ੍ਰੀ ਗੁਰਦਿੱਤਾਂ ਨੂੰ ਖ਼ਜ਼ਾਨਚੀ ਬਣਾ ਦਿੱਤਾ ਗਿਆ ਅਤੇ ਗਰਾਂਟ ਦੀ ਪਹਿਲੀ ਕਿਸਤ 2000/- ਰੁ. ਮਿਤੀ 21 ਜਨਵਰੀ, 1981 ਨੂੰ ਰਲੀਜ਼ ਕਰ ਦਿੱਤੀ ਗਈ।

ਤਕੀਆ ਅਤੇ ਸ਼ੇਖ ਮੰਗਾ ਬਲਾਕ ਸੁਲਤਾਨਪੁਰ ਦੇ ਪ੍ਰਾਇਮਰੀ ਸਕੂਲ

106. **ਸਰਦਾਰ ਆਤਮਾ ਸਿਘ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ :—

(ੳ) ਸੁਲਤਾਨਪੁਰ ਵਿਧਾਨ ਸਭਾ ਚੋਣ ਹਲਕੇ ਦੇ ਵਿਧਾਇਕ ਦੀ ਜ਼ਿਲ੍ਹਾ ਸਿਖਿਆ ਅਫ਼ਸਰ (ਪ੍ਰਾਇਮਰੀ) ਨੂੰ ਸੰਬੋਧਿਤ ਮਿਤੀ 10 ਜਨਵਰੀ, 1981 ਦੀ ਸ਼ਿਕਾਇਤ ਤੇ ਜਿਸ ਵਿਚ ਇਹ ਦੋਸ਼ ਲਾਇਆ ਗਿਆ ਸੀ ਕਿ ਬਲਾਕ ਸੁਲਤਾਨਪੁਰ ਦੇ ਤਕੀਆ ਅਤੇ ਸ਼ੇਖ ਮੰਗਾ ਦੇ ਪ੍ਰਾਇਮਰੀ ਸਕੂਲ ਉਥੇ ਅਧਿਆਪਕ ਨਾ ਹੋਣ ਕਰਕੇ ਬੰਦ ਪਏ ਹਨ, ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ;

(ਅ) ਕੀ ਉਪਰੋਕਤ ਸ਼ਿਕਾਇਤ ਤੋਂ ਪਹਿਲਾਂ ਚਾਲੂ ਵਿੱਤੀ ਸਾਲ ਦੇ ਦੌਰਾਨ ਬਲਾਕ ਸਿਖਿਆ ਅਫ਼ਸਰ ਨੇ ਉਕਤ ਭਾਗ (ੳ) ਵਿਚੋਂ ਵਰਣਿਤ ਸਕੂਲਾਂ ਦੀ ਕੋਈ ਅਚਾਨਕ ਚੈਕਿੰਗ ਕੀਤੀ; ਜੇਕਰ ਅਜਿਹਾ ਹੋਵੇ ਤਾਂ ਛਦੋਂ ਅਤੇ ਉਸਦੇ ਵੇਰਵੇ ਕੀ ਹਨ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਨਹੀਂ ਜੀ। ਇਨ੍ਹਾਂ ਵਿਚੋਂ ਕੋਈ ਵੀ ਸਕੂਲ ਅਧਿਆਪਕਾਂ ਦੀ ਘਾਟ ਹੋਣ ਕਾਰਨ ਬੰਦ ਨਹੀਂ ਪਿਆ ਰਿਹਾ। ਗੌਰਮਿੰਟ ਪ੍ਰਾਇਮਰੀ ਸਕੂਲ ਸ਼ੇਖ ਮੰਗਾ, ਇੱਕ ਦਿਨ ਲਈ ਮਿਤੀ 10 ਜਨਵਰੀ, 1981 ਨੂੰ ਬੰਦ ਰਿਹਾ, ਕਿਉਂਕਿ ਸਬੰਧਿਤ ਅਧਿਆਪਕ ਉਸ ਦਿਨ ਅਚਨਚੇਤ ਛੁਟੀ ਤੇ ਸੀ।

(ਅ) ਹਾਂ ਜੀ। ਸਬੰਧਤ ਬਲਾਕ ਪ੍ਰਾਇਮਰੀ ਸਿਖਿਆ ਅਫ਼ਸਰ ਨੇ ਮਿਤੀ 4 ਨਵੰਬਰ, 1980 ਨੂੰ ਇਨ੍ਹਾਂ ਸਕੂਲਾਂ ਦਾ ਮੁਆਇਨਾ ਕੀਤਾ ਸੀ ਅਤੇ ਅਧਿਆਪਕ ਸਕੂਲ ਵਿੱਚ ਹਾਜ਼ਰ ਸਨ।

CONDEMNATION OF BUS BODIES

109. **Sardar Atma Singh :** Will the Chief Minister be pleased to state :—

(a) the depot wise number of Bus Bodies condemned in each of the workshops of the Punjab Roadways upto 31st January, 1981;

(b) the depot wise details of the amount collected by selling the bodies of the buses so condemned through auction during the year 1979-80 and 1980-81 (to date) ?

ਸਰਦਾਰ ਦਰਬਾਰਾ ਸਿੰਘ : (ੳ) ਲੋੜੀਂਦੀ ਸੂਚਨਾ ਅਨੁਲੱਗ 'ੳ' ਵਿੱਚ ਬਾਬਤ ਸਾਲ 1979-80 ਅਤੇ 1980-81 ਮਿਤੀ 31-1-81 ਤੱਕ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਲੋੜੀਂਦੀ ਸੂਚਨਾ ਅਨੁਲੱਗ 'ਅ' ਵਿਚ, ਉਸੇ ਸਮੇਂ ਬਾਬਤ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ 'ੳ'

ਨਕਾਰਾ ਕੀਤੀਆਂ ਬਸਾਂ ਦੀਆਂ ਬਾਡੀਆਂ ਦੀ ਗਿਣਤੀ

ਅੰਮ੍ਰਿਤਸਰ-I	21
ਅੰਮ੍ਰਿਤਸਰ-II	11
ਜਲੰਧਰ-I	6
ਜਲੰਧਰ-II	8
ਚੰਡੀਗੜ੍ਹ-I	19
ਚੰਡੀਗੜ੍ਹ-II	17
ਪਠਾਨਕੋਟ	10
ਮੋਗਾ	12
ਲੁਧਿਆਣਾ	13
ਹੁਸ਼ਿਆਰਪੁਰ	26
ਫਿਰੋਜ਼ਪੁਰ	37
ਬਟਾਲਾ	26
ਤਰਨ ਤਾਰਨ	10
ਨਵਾਂ ਸ਼ਹਿਰ	5
ਮੁਕਤਸਰ	19
ਪੱਟੀ	20
ਕੁਲ	260

ਅਨੁਲੱਗ 'ਅ

ਬਸਾਂ ਦੀਆਂ ਬਾਡੀਆਂ ਨੂੰ ਵੇਚਣ ਨਾਲ ਇੱਕਠੀ ਕੀਤੀ ਰਕਮ

		1979-80	1980-81
		ਰੁਪਏ	ਰੁਪਏ
ਅੰਮ੍ਰਿਤਸਰ-I	...	52,009	—
ਅੰਮ੍ਰਿਤਸਰ-II	...	42,000	—
ਜਲੰਧਰ-I	...	21,250	10,000
ਜਲੰਧਰ-II	...	21,525	20,000
ਚੰਡੀਗੜ੍ਹ-I	...	31,000	61,312
ਚੰਡੀਗੜ੍ਹ-II	...	38,025	46,264
ਪਠਾਨਕੋਟ	...	—	42,500
ਮੋਗਾ	...	—	61,000
ਲੁਧਿਆਣਾ	...	—	61,750
ਹੁਸ਼ਿਆਰਪੁਰ	...	—	1,12,600
ਫਿਰੋਜ਼ਪੁਰ	...	65,775	54,575
ਬਟਾਲਾ	...	62,000	46,000
ਤਰਨ ਤਾਰਨ	...	13,300	30,100
ਨਵਾਂ ਸ਼ਹਿਰ	...	—	23,000
ਮੁਕਤਸਰ	...	60,550	18,620
ਪੱਟੀ	...	38,800	46 000
	ਕੁਲ	4,46,225	6,33,421

25-BEDDED HOSPITAL IN THE FEROZEPUR CANTONMENT ASSEMBLY CONSTITUENCY

96. **Sardar Gurnaib Singh Brar** : Will the Minister for Health and Family Welfare be pleased to state—

(a) the number of 25-bedded hospitals sanctioned in the Ferozepur Cantonment Assembly Constituency during the Akali Janata regime;

(b) whether the 25-bedded hospitals at Mudki and Talwandi Bhai in District Ferozepur have been provided with medicines and staff; if not, the time by which the Government intends to provide the same ?

ਸ੍ਰੀ ਸਰਦਾਰੀ ਲਾਲ ਕਪੂਰ : (ੳ) ਮੈਡੀਕਲ ਸੰਸਥਾਵਾਂ ਦੀ ਸੂਚੀ ਬਲਾਕ-ਵਾਈਜ਼ ਰੱਖੀ ਜਾਂਦੀ ਹੈ ਨਾ ਕਿ ਅਸੈਂਬਲੀ ਹਲਕਾ-ਵਾਈਜ਼, ਇਸ ਲਈ ਇਹ ਸੂਚਨਾ ਨਹੀਂ ਦਿੱਤੀ ਜਾ ਸਕਦੀ ।

(ਅ) ਕਿਉਂਕਿ ਤਲਵੰਡੀ ਭਾਈ ਵਿਖੇ ਕੋਈ 25-ਬਿਸਤਰਿਆਂ ਵਾਲਾ ਹਸਪਤਾਲ ਪ੍ਰਵਾਨ ਨਹੀਂ ਕੀਤਾ ਹੋਇਆ, ਇਸ ਲਈ ਉਥੇ ਦਵਾਈਆਂ ਅਤੇ ਸਟਾਫ਼ ਲਾਉਣ ਦਾ ਸਵਾਲ ਪੈਦਾ ਨਹੀਂ ਹੁੰਦਾ । ਜਿਥੋਂ ਤਕ ਮੁੱਦਕੀ ਵਿਖੇ 25-ਬਿਸਤਰਿਆਂ ਵਾਲੇ ਹਸਪਤਾਲ ਦਾ ਸਬੰਧ ਹੈ, ਇਸ ਦੀ ਇਮਾਰਤ ਮੁਕੰਮਲ ਨਹੀਂ ਹੋਈ । ਪਰੰਤੂ ਇਥੇ ਮੁੱਢਲੀ ਡਾਕਟਰੀ ਸਹਾਇਤਾ ਦੇਣ ਲਈ ਕੁਝ ਕੁ ਸਟਾਫ਼ ਅਤੇ ਕੁਝ ਦਵਾਈਆਂ ਉਪਲਬਧ ਕੀਤੀਆਂ ਗਈਆਂ ਹਨ ।

ਬਿਨਾਂ ਨਿਸ਼ਾਨੇ ਵਾਲਾ ਪ੍ਰਸ਼ਨ ਨੰਬਰ 107

(ਇਸ ਸਵਾਲ ਦਾ ਜਵਾਬ ਪ੍ਰਾਪਤ ਨਹੀਂ ਹੋਇਆ)

CONSTITUTION OF AN EXPERT COMMITTEE OF THE PUNJAB STATE ELECTRICITY BOARD

112. **Master Chand Singh** : Will the Chief Minister be pleased to state whether any Expert Committee of the Punjab State Electricity Board was constituted by the Government during the month of December, 1977; if so, the details of its recommendations together with the action taken thereon ?

ਸਰਦਾਰ ਦਰਬਾਰਾ ਸਿੰਘ : ਜੀ ਹਾਂ, ਕਮੇਟੀ ਨੇ ਆਪਣੀ ਰਿਪੋਰਟ ਜਿਸ ਵਿਚ 67 ਸਿਫਾਰਸ਼ਾਂ ਕੀਤੀਆਂ ਗਈਆਂ ਸਨ, ਸਰਕਾਰ ਨੂੰ ਮਈ, 1979 ਵਿਚ ਪੇਸ਼ ਕਰ ਦਿਤੀ ਸੀ ।

2. ਐਕਸਪਰਟ ਕਮੇਟੀ ਦੀਆਂ ਸਿਫਾਰਸ਼ਾਂ ਇਨ੍ਹਾਂ ਬਾਰੇ ਹਨ—

ਖੇਤੀ-ਬਾੜੀ ਖਪਤਕਾਰਾਂ ਦੇ ਟੈਰਿਫ ਦੇ ਢਾਂਚੇ ਨੂੰ ਠੀਕ ਬਨਾਉਣਾ;

ਬਿਜਲੀ ਬੋਰਡ ਨੂੰ ਵਾਇਬਲ ਇੰਡਸਟਰੀ ਬਨਾਉਣਾ, ਬਿਜਲੀ ਉਤਪਾਦਨ ਦਾ ਸੁਘੜ ਪ੍ਰਬੰਧ ਕਰਨਾ, ਡਿਸਟ੍ਰੀਬਿਊਸ਼ਨ ਅਤੇ ਟ੍ਰਾਂਸਮਿਸ਼ਨ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਬੋਰਡ ਦੀ ਬਣਤਰ ਬਾਰੇ ਉਪਰਾਲੇ ਕੀਤੇ ਜਾਣੇ;

ਬੋਰਡ ਦੇ ਨਿਰਮਾਣ ਅਤੇ ਬਣਤਰ;

ਲੇਖਿਆਂ ਨੂੰ ਸੁਧਾਰਨਾ, ਬੱਚਤਾਂ ਕਰਨਾ, ਹਰ ਪੱਧਰ ਤੇ ਸਟਾਫ ਦੀ ਟਰੇਨਿੰਗ, ਖਰੀਦ ਪ੍ਰਣਾਲੀ ਵਿਚ ਤਰਮੀਮ ਅਤੇ ਬਿੱਲ ਬਨਾਉਣ ਦੇ ਪ੍ਰੋਸੀਜਰ ਨੂੰ ਸੁਧਾਰਨ ਬਾਰੇ ਕਦਮ ਉਠਾਉਣੇ;

ਗਵਾਂਢੀ ਰਾਜਾਂ ਦੇ ਸਹਿਯੋਗ ਨਾਲ ਜਲ ਬਿਜਲੀ ਸੋਮਿਆਂ ਦੇ ਵਿਕਾਸ ਲਈ ਮਾਸਟਰ ਪਲਾਨ ਤਿਆਰ ਕਰਨਾ ਅਤੇ

ਲੰਬੀ ਅਵਧੀ ਦੇ ਆਧਾਰ ਤੇ ਯੋਗ ਟ੍ਰਾਂਸਮਿਸ਼ਨ ਸਿਸਟਮ ਨੂੰ ਵਿਕਸਤ ਕਰਨਾ

3. ਇਨ੍ਹਾਂ ਸਿਫਾਰਸ਼ਾਂ ਨੂੰ ਅਮਲ ਵਿਚ ਲਿਆਉਣ ਲਈ ਅਫਸਰਾਂ ਦੀ ਉਸ ਕਮੇਟੀ ਨੇ ਇਨ੍ਹਾਂ ਸਿਫਾਰਸ਼ਾਂ ਦਾ ਪ੍ਰੇਖਣ ਕੀਤਾ ਜਿਹੜੀ ਕਿ ਇਨ੍ਹਾਂ ਦੇ ਤੌਰ ਤਰੀਕੇ ਦੱਸਣ ਲਈ ਬਣਾਈ ਗਈ ਸੀ। ਜਦੋਂ ਕਿ 58 ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾ ਚੁੱਕੀਆਂ ਹਨ ਅਤੇ ਬੋਰਡ ਨੂੰ ਲਾਗੂ ਕਰਨ ਲਈ ਭੇਜ ਦਿੱਤੀਆਂ ਗਈਆਂ ਹਨ, ਪਰ ਹਾਲੇ ਬਾਕੀ ਦੀਆਂ ਨੌਂ ਸਿਫਾਰਸ਼ਾਂ ਵਿਚਾਰ ਅਧੀਨ ਹਨ।

CHARTER OF DEMANDS

108. (1) **Comrade Buta Singh**
(2) **Comrade Sohan Singh**
(3) **Comrade Kulwant Singh**
: Will the Minister for Agriculture and Forests be pleased to state—

(a) whether the Surveyors Association of Soil Conservation Department submitted any charter of demands containing ten demands of the Surveyors to the Chief Conservator of Soils, Punjab during the months of July, September and October, 1980;

(b) if so, the details thereof;

(c) the steps so far taken to meet their demands ?

ਚੌਧਰੀ ਕਾਂਸ਼ੀ ਰਾਮ : (ੳ) ਹਾਂ ਜੀ ।

(ਅ ਅਤੇ ੲ) ਹਰ ਇਕ ਮੰਗ ਬਾਰੇ ਸੂਚਨਾ ਅਤੇ ਵੇਰਵਾ ਅਨੁਲਗ 'ੳ' ਵਿਚ ਦਿਤਾ ਗਿਆ ਹੈ ਜਿਹੜਾ ਕਿ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਅਨੁਲੱਗ 'ੳ'

ਭੂਮੀ ਰੱਖਿਆ ਅਤੇ ਇੰਜੀਨੀਅਰਿੰਗ ਵਿਭਾਗ, ਪੰਜਾਬ ਵਿਚ ਤਕਰੀਬਨ 400 ਸਰਵੇਅਰ ਲੱਗੇ ਹੋਏ ਹਨ, ਜਿਨ੍ਹਾਂ ਵਿਚੋਂ ਲਗਭੱਗ 100 ਸਰਵੇਅਰਾਂ ਦੇ ਪ੍ਰਤੀਨਿਧ ਮੁੱਖ ਭੂਮੀ ਪਾਲ, ਪਜਾਬ ਨੂੰ ਸਾਲ 1980 ਦੇ ਅਗਸਤ ਦੇ ਅਖੀਰਲੇ ਹਫਤੇ ਅਤੇ ਸਤੰਬਰ ਦੇ ਪਹਿਲੇ ਹਫਤੇ ਵਿਚ ਮਿਲੇ ਸਨ ਅਤੇ ਆਪਣੀਆਂ 11 ਮੰਗਾਂ ਪੇਸ਼ ਕੀਤੀਆਂ ਸਨ । ਜਿਨ੍ਹਾਂ ਦੀ ਸਥਿਤੀ ਹੇਠ ਹਰ ਇਕ ਦੇ ਸਾਹਮਣੇ ਦਰਸਾਈ ਜਾਂਦੀ ਹੈ:—

ਲੜੀ ਨੰ:	ਮੰਗਾਂ ਦਾ ਵੇਰਵਾ	ਮੰਗਾਂ ਦੀ ਸਥਿਤੀ
1	2	3
1.	ਪੰਜਾਬ ਸਰਕਾਰ ਵੱਲੋਂ ਜੁਆਇੰਟ ਕਨਸਲਟੇਟਿਵ ਮਸ਼ੀਨਰੀ ਰਚਨ ਬਾਰੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਰਵੇਅਰਾਂ ਦੀ ਐਸੋਸੀਏਸ਼ਨ ਨੂੰ ਮਾਨਤਾ ਦਿੱਤੀ ਜਾਵੇ ਅਤੇ ਉਨ੍ਹਾਂ ਦੀ ਵਿਭਾਗੀ ਕੌਂਸਲ ਬਣਾਈ ਜਾਵੇ ।	ਪੰਜਾਬ ਸਰਕਾਰ ਦੀਆਂ ਇਸ ਵਿਸ਼ੇ ਤੇ ਹਦਾਇਤਾਂ ਦੀ ਹੱਦ ਅਨੁਸਾਰ ਹਾਲ ਦੀ ਘੜੀ ਇਸ ਤਰ੍ਹਾਂ ਦੀਆਂ ਵਿਭਾਗੀ ਕੌਂਸਲਾਂ ਕੇਵਲ ਵਿਭਾਗ ਦੇ ਮੁੱਖੀਆਂ ਦੇ ਦਫਤਰਾਂ ਲਈ ਬਣਾਈਆਂ ਜਾਂਦੀਆਂ ਹਨ ਅਤੇ ਹੇਠਲੇ ਦਫਤਰਾਂ ਲਈਂ ਨਹੀਂ ।
2.	ਖੇਤੀਬਾੜੀ ਨਿਰੀਖਕਾਂ/ਭੂਮੀ ਰੱਖਿਆ ਨਿਰੀਖਕਾਂ/ਭਾਗ ਅਫਸਰਾਂ ਦੀਆਂ ਇਸ ਸਮੇਂ ਸਾਰੀਆਂ ਖਾਲੀ ਪਈਆਂ ਆਸਾਮੀਆਂ 10 ਸਾਲ ਦੀ ਸੇਵਾ ਵਾਲੇ ਸਰਵੇਅਰਾਂ ਵਿਚੋਂ ਭਰੀਆਂ ਜਾਣ ।	ਇਸ ਮੰਗ ਦਾ ਪਹਿਲਾ ਪਾਰਟ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਨਿਰੀਖਕਾਂ ਲਈ ਵਿਦਿਅਕ ਯੋਗਤਾਵਾਂ ਖੇਤੀਬਾੜੀ ਜਾਂ ਖੇਤੀਬਾੜੀ ਇੰਜੀਨੀਅਰਿੰਗ ਵਿਚ ਗਰੈਜੂਏਟ ਹੈ । ਭਾਗ ਅਫਸਰਾਂ ਦੇ ਕੇਡਰ ਵਿਚ 10% ਆਸਾਮੀਆਂ ਸਰਵੇਅਰਾਂ ਵਿਚੋਂ ਤਰੱਕੀ ਰਾਹੀਂ ਭਰਨ ਲਈ ਫੈਸਲਾ ਕਰ ਲਿਆ ਗਿਆ ਹੈ ।
3.	ਵਾਧੂ ਹੋਏ ਸਰਵੇਅਰਾਂ ਨੂੰ ਐਡਜਸਟ ਕੀਤਾ ਜਾਵੇ ।	ਵਾਧੂ ਹੋਏ ਸਰਵੇਅਰਾਂ ਨੂੰ ਕੇਵਲ ਨਵੀਆਂ ਆਸਾਮੀਆਂ ਪੈਦਾ ਹੋਣ ਤੇ ਜਾਂ ਕੰਮ ਦੇ ਲੋੜ ਅਨੁਸਾਰ ਨਵੀਆਂ ਆਸਾਮੀਆਂ ਮਨਜ਼ੂਰ ਹੋਣ ਤੇ ਹੀ ਐਡਜਸਟ ਕੀਤਾ ਜਾ ਸਕਦਾ ਹੈ ।

1	2	3
4.	ਵਰਤਮਾਨ ਸਰਵੇਅਰਾਂ ਤੇ ਖੇਤੀਬਾੜੀ ਉਪਨਿਰੀਖਕਾਂ ਦੇ ਸਾਂਝੇ ਕਾਡਰ ਤੋਂ ਸਰਵੇਅਰਾਂ ਦਾ ਕਾਡਰ ਵੱਖਰਾ ਰੱਖਿਆ ਜਾਵੇ।	ਇਨ੍ਹਾਂ ਦੋਹਾਂ ਆਸਾਮੀਆਂ ਦੀਆਂ ਡਿਊਟੀਜ਼ ਤੇ ਕੰਮ ਤੁਲਨਕ ਅਤੇ ਅਦਲ-ਬਦਲ ਹੋਣ ਕਰਕੇ ਸਰਵੇਅਰਾਂ ਦਾ ਕਾਡਰ ਵੱਖਰਾ ਰਚਨਾ ਸੰਭਵ ਨਹੀਂ ਹੈ।
5.	ਸਰਵੇਅਰਾਂ ਨੂੰ 570-1080 ਰੁਪਏ ਦਾ ਸਕੇਲ ਦਿੱਤਾ ਜਾਵੇ।	ਮਾਮਲਾ ਅਨਾਮਲੀਜ਼ ਕਮੇਟੀ ਕੋਲ ਹੈ।
6.	ਸਰਵੇਅਰਾਂ ਨੂੰ 700-1200 ਰੁਪਏ ਦਾ ਸਲੈਕਸ਼ਨ ਗਰੇਡ ਦਿੱਤਾ ਜਾਣਾ ਚਾਹੀਦਾ ਹੈ।	
7.	ਸਰਵੇਅਰਾਂ ਦੀ ਸੀਨੀਆਰਤਾ ਸੂਚੀ ਨੂੰ ਅੰਤਮ ਰੂਪ ਦੇਣਾ ਚਾਹੀਦਾ ਹੈ।	ਸਰਵੇਅਰਾਂ ਦੀ ਸੀਨੀਆਰਤਾ ਜਿਵੇਂ ਮਿਤੀ 31 ਦਸੰਬਰ, 1979 ਤਕ ਸੀ, ਨੂੰ ਅੰਤਮ ਰੂਪ ਦੇ ਦਿਤਾ ਜਾ ਚੁੱਕਾ ਹੈ।
8.	ਮਿਤੀ 1 ਜਨਵਰੀ, 1978 ਤੋਂ 22 ਫਰਵਰੀ, 1980 ਦੇ ਸਮੇਂ ਵਿਚ ਨਿਪੁੰਨਤਾ ਰੋਕ ਪਾਰ ਕਰਨ ਬਾਰੇ ਸਾਰੇ ਸਰਵੇਅਰਾਂ ਦੀ ਨਿਪੁੰਨਤਾ ਰੋਕ ਪਾਰ ਕਰਨ ਸਬੰਧੀ ਇਕਲੇ ਇਕਲੇ ਕੇਸ ਦੀ ਬਜਾਏ ਇਕੱਠਾ ਜਨਰਲ ਹੁਕਮ ਜਾਰੀ ਕੀਤਾ ਜਾਵੇ।	ਨਿਪੁੰਨਤਾ ਰੋਕ ਹਰ ਇਕ ਕਰਮਚਾਰੀ ਦੀ ਪਰਫਾਰਮੈਂਸ ਨੂੰ ਮੁੱਖ ਰੱਖਕੇ ਵਿਅਕਤੀਗਤ ਤੌਰ ਤੇ ਪਾਰ ਕੀਤੀ ਜਾਂਦੀ ਹੈ। ਇਸ ਲਈ ਇਕੱਠਾ ਜਨਰਲ ਹੁਕਮ ਜਾਰੀ ਨਹੀਂ ਕੀਤਾ ਜਾ ਸਕਦਾ।
9.	ਸਰਵੇਅਰਾਂ ਦੀਆਂ ਬਦਲੀ ਕਰਨ ਦੇ ਨਿਯਮ ਬਣਾਏ ਜਾਣੇ ਚਾਹੀਦੇ ਹਨ।	ਸਰਕਾਰ ਦੇ ਪਰਸੋਨਲ ਵਿਭਾਗ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਸਰਵੇਅਰਾਂ ਦੇ ਕੇਸਾਂ ਵਿਚ ਵੀ ਲਾਗੂ ਹੁੰਦੀਆਂ ਹਨ।
10.	ਆਪਸੀ ਬਦਲੀਆਂ ਵਿਚਾਰਨ ਉਪਰੰਤ ਮਨਜ਼ੂਰ ਕੀਤੀਆਂ ਜਾਣੀਆਂ ਚਾਹੀ-ਦੀਆਂ ਹਨ।	ਇਸ ਬਾਰੇ ਕੋਈ ਜਨਰਲ ਹੁਕਮ ਜਾਰੀ ਨਹੀਂ ਹੋ ਸਕਦਾ ਕਿਉਂਕਿ ਹਰ ਇਕ ਬੇਨਤੀ ਦਾ ਫੈਸਲਾ ਕੰਮ ਦੇ ਹਿੱਤ ਵਿਚ ਮੈਰਿਟ ਤੇ ਕੀਤਾ ਜਾਂਦਾ ਹੈ। ਇਹੋ ਜਿਹੀਆਂ ਬੇਨਤੀਆਂ ਆਮ ਤੌਰ ਤੇ ਹਮਦਰਦੀ ਨਾਲ ਵਿਚਾਰੀਆਂ ਜਾਂਦੀਆਂ ਹਨ।
11.	ਟੀ. ਏ. ਵਿਚ ਕਟੌਤੀ ਬੰਦ ਕੀਤੀ ਜਾਣੀ ਚਾਹੀਦੀ ਹੈ ਅਤੇ ਸਰਵੇਅਰਾਂ ਨੂੰ ਮੰਗ ਅਨੁਸਾਰ ਟੀ.ਏ. ਦਿੱਤਾ ਜਾਣਾ ਚਾਹੀਦਾ ਹੈ।	ਟੀ.ਏ. ਅਲਾਟਮੈਂਟ ਦੀ ਰਕਮ ਇਸ ਮੰਤਵ ਲਈ ਫੰਡਜ਼ ਦੀ ਸਮੁੱਚੇ ਖਰਚੇ ਦੀ ਅਲਾਟਮੈਂਟ ਵਿਚੋਂ ਦਿਤੀ ਜਾਂਦੀ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ** ** **

Mr. Speaker: This is no point of order.

(ਇਸ ਸਮੇਂ ਵਿੱਤ ਮੰਤਰੀ ਜੀ ਖੜੇ ਹੋਏ)

ਸ਼੍ਰੀ ਸਪੀਕਰ : ਮੰਤਰੀ ਮਹੋਦੇ ਬੋਲਣ ਲੱਗੇ ਹਨ। Hon'ble Members please sit down.

STATEMENT BY THE FINANCE MINISTER RE: SHORTAGE OF POWER

ਵਿੱਤ ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਬਿਜਲੀ ਦੇ ਮਸਲੇ ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ ਅੌਰ ਸੱਚ ਮੁੱਚ ਹੀ ਬਿਜਲੀ ਦਾ ਮਸਲਾ ਗੰਭੀਰ ਹੈ। ਸਾਰੇ ਨਾਰਦਨ ਜ਼ੋਨ ਵਿਚ ਹੀ ਇੰਜੀਨੀਅਰਜ਼ ਦੀ ਟਰੱਬਲ ਕਰਕੇ ਬਿਜਲੀ ਦੀ ਦਿਕਤ ਪੇਸ਼ ਆ ਰਹੀ ਹੈ। ਪਰ ਇਹ ਮਾਮਲਾ ਸੈਂਟਰਲ ਗੌਰਮਿੰਟ ਦੇ ਸਾਹਮਣੇ ਆ ਗਿਆ ਹੈ। ਸੀ. ਐਮ. ਸਾਹਿਬ ਸਪੈਸ਼ਲੀ ਗਏ ਹੋਏ ਹਨ ਅੌਰ ਇਸ ਮਸਲੇ ਤੇ ਗੌਰ ਕਰਨ ਵਾਸਤੇ ਉਥੇ ਪੁੱਜੇ ਹੋਏ ਹਨ। ਮੈਨੂੰ ਯਕੀਨ ਹੈ ਕਿ ਬਹੁਤ ਜਲਦੀ ਹੀ ਕੋਈ ਹੱਲ ਨਿਕਲ ਆਵੇਗਾ। ਪੰਜਾਬ ਸਰਕਾਰ ਇੰਡਸਟਰੀ ਨੂੰ, ਐਗਰੀਕਲਚਰਲ ਸੈਕਟਰ ਨੂੰ ਬਿਜਲੀ ਦੀ ਘਾਟ ਨਾਲ ਸਫਰ ਨਹੀਂ ਹੋਣ ਦੇਵੇਗੀ ਅੌਰ ਇਸ ਦਾ ਇੰਤਜ਼ਾਮ ਅਸੀਂ ਆਉਣ ਵਾਲੇ ਵਕਤ ਵਿਚ ਜ਼ਰੂਰ ਕਰਾਂਗੇ ਚਾਹੇ ਕੋਈ ਕਿਸੇ ਤਰ੍ਹਾਂ ਦਾ ਵੀ ਐਕਸ਼ਨ ਲੈਣਾ ਪਵੇ ਕਿਉਂਕਿ ਸਾਨੂੰ ਐਗਰੀਕਲਚਰਲ ਸੈਕਟਰ ਅੌਰ ਇੰਡਸਟਰੀ ਨਾਲ ਪੂਰੀ ਹਮਦਰਦੀ ਹੈ। ਜਿਹੜੇ ਲੋਕ ਬਿਜਲੀ ਦੀ ਪੈਦਾਵਾਰ ਨੂੰ ਨੁਕਸਾਨ ਪਹੁੰਚਾ ਰਹੇ ਹਨ ਉਸ ਨੂੰ ਪੰਜਾਬ ਸਰਕਾਰ ਵੀ ਵਖ ਰਹੀ ਹੈ ਅੌਰ ਲੋਕ ਵੀ ਵੇਖ ਰਹੇ ਹਨ ਅੌਰ ਸਰਕਾਰ ਬਹੁਤੀ ਦੇਰ ਤਕ ਖਾਮੋਸ਼ ਨਹੀਂ ਰਹਿ ਸਕੇਗੀ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਇਹ ਦੱਸ ਦੇਣ ਕਿ ਆਇਆ ਇਹ ਬਿਜਲੀ ਕਦੋਂ ਤਕ ਠੀਕ ਹੋ ਜਾਵੇਗੀ, ਕਲ ਹੋ ਜਾਵੇਗੀ, ਪਰਸੋਂ ਹੋ ਜਾਵੇਗੀ, ਇਹ ਦੱਸਣ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਅੱਜ ਰਾਤ ਨਕੋਦਰ ਵਿਚ ਸ਼ਾਮ ਦੇ 8-00 ਵਜੇ ਇਕ ਏ. ਐਸ. ਆਈ. ਨੇ ਸ਼ਰਾਬ ਪੀ ਕੇ ਰਾਜਿੰਦਰ ਸਿੰਘ ਭਾਟੀਆ ਜੋ ਕਿ ਅਕਾਲੀ ਵਰਕਰ ਹੈ ਉਸ ਦੇ ਘਰ ਤੇ ਹਮਲਾ ਕੀਤਾ, ਉਸ ਨੂੰ ਜ਼ਖਮੀ ਕੀਤਾ ਅੌਰ ਉਹ ਸੀਰੀਅਸ ਹਾਲਤ ਵਿਚ ਹਸਪਤਾਲ ਵਿਚ ਪਿਆ ਹੈ। ਦੋ ਦਿਨ ਹੋਏ ਰੋਪੜ ਵਿਚ ਇਕ ਅਕਾਲੀ ਵਰਕਰ ਹੈ ਉਸ ਤੇ ਡੀ. ਆਈ. ਜੀ. ਦੀ ਸ਼ਹਿ ਤੇ ਪੁਲਿਸ ਨੇ ਹਮਲਾ ਕੀਤਾ ਹੈ, ਉਸ ਨੂੰ ਜ਼ਖਮੀ ਕੀਤਾ। ਇਸ ਤਰਾਂ ਸਰਕਾਰ ਦੇ ਲਾਅ ਐਂਡ ਆਰਡਰ ਦਾ ਦਿਵਾਲਾ ਨਿਕਲ ਗਿਆ ਹੈ। ਇਹ ਸਰਕਾਰ ਰੀਜ਼ਾਈਨ ਕਰੇ।

ਵਿੱਤ ਮੰਤਰੀ: ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਨੇ ਜੋ ਮਸਲਾ ਨੋਟਿਸ ਵਿਚ ਲਿਆਂਦਾ ਹੈ, ਉਸ ਦੀ ਇਨਕੁਆਇਰੀ ਕਰਾਂਗੇ ਅੌਰ ਐਕਸ਼ਨ ਲਵਾਂਗੇ।

**Expunged as ordered by the chair.

ਸ੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੁਹਾਲੀ ਦੇ ਵਿਚ ਪੰਜਾਬ ਇਲੈਕਟ੍ਰੌਨਿਕ ਕੌਪੋਨੈਂਟ ਲਿਮਿਟਿਡ ਹੈ, ਉਥੇ ਦੇ ਕੁਝ ਮੁਲਾਜ਼ਮਾਂ ਨੇ ਕੁਰੱਪਸ਼ਨ ਦਾ ਕੇਸ ਦਸਿਆ । ਉਨ੍ਹਾਂ ਨੇ ਦਸਿਆ ਕਿ ਇਥੇ ਕੁਰੱਪਸ਼ਨ ਕਿਸ ਤਰ੍ਹਾਂ ਕੀਤੀ ਜਾ ਰਹੀ ਹੈ ਪਰ ਬਜਾਏ ਇਸ ਦੇ ਕਿ ਕੁਰੱਪਸ਼ਨ ਦਾ ਕੇਸ ਸਰਕਾਰ ਫੜਦੀ ਉਨ੍ਹਾਂ ਮੁਲਾਜ਼ਮਾਂ ਨੂੰ ਡਿਸਮਿਸ ਕਰ ਦਿੱਤਾ ਗਿਆ ਹੈ । ਹੁਣ ਉਥੋਂ ਦੇ ਮੁਲਾਜ਼ਮਾਂ ਨੇ ਫੈਸਲਾ ਕੀਤਾ ਹੈ ਕਿ 11 ਮਾਰਚ ਨੂੰ ਉਹ ਕਾਰਖਾਨਾ ਬੰਦ ਕਰਨਗੇ ।....

(ਵਿਰੋਧੀ ਧਿਰ ਵਲੋਂ ਥੰਪਿੰਗ) (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਕਹਾਂਗਾ ਕਿ ਸਰਕਾਰ ਇਸ ਮਸਲੇ ਤੇ ਬਿਆਨ ਦੇਵੇ ।

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਹੜਾ ਸੇਵਾ ਰਾਮ ਜੀ ਨੇ ਗੰਭੀਰ ਮਸਲਾ ਦੱਸਿਆ ਹੈ, ਪੰਜਾਬ ਸਰਕਾਰ ਉਸ ਵੱਲ ਪੂਰਾ ਧਿਆਨ ਦੇਵੇਗੀ ਅਤੇ ਮਜ਼ਦੂਰਾਂ ਦੇ ਮਸਲੇ ਨੂੰ ਹੱਲ ਕਰੇਗੀ । (ਆਵਾਜ਼ : ਸੁਣਿਆ ਨਹੀਂ ਜੀ) ਮੈਂ ਫਿਰ ਦੱਸ ਦਿੰਦਾ ਹਾਂ ਕਿ ਜਿਸ ਮਸਲੇ ਵੱਲ ਸੇਵਾ ਰਾਮ ਜੀ ਨੇ ਧਿਆਨ ਦਿਵਾਇਆ ਹੈ, ਪੰਜਾਬ ਸਰਕਾਰ ਮਜ਼ਦੂਰਾਂ ਦੀ ਬੇਚੈਨੀ ਨੂੰ ਮੁੱਖ ਰੱਖਦੀ ਹੋਈ ਉਸ ਮਸਲੇ ਵੱਲ ਧਿਆਨ ਦੇਵੇਗੀ ਅਤੇ ਜਲਦੀ ਤੋਂ ਜਲਦੀ ਮਜ਼ਦੂਰਾਂ ਦੇ ਮਸਲੇ ਨੂੰ ਹਲ ਕਰੇਗੀ ਅਤੇ ਜ਼ਰੂਰਤ ਹੋਈ ਤਾਂ ਇਨਕੁਆਰੀ ਕਰਾਏਗੀ ਅਤੇ ਐਕਸ਼ਨ ਲਵੇਗੀ ।

ਸਰਦਾਰ ਬਲਦੇਵ ਸਿੰਘ ਖਿਆਲਾ : ** ** **

ਸ੍ਰੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ ।

(ਇਸ ਵੇਲੇ ਹਾਊਸ ਵਿਚ ਬਹੁਤ ਸਾਰੇ ਮਾਨਯੋਗ ਮੈਂਬਰਜ਼ ਖੜ੍ਹੇ ਸਨ ।)

ਸ੍ਰੀ ਸਪੀਕਰ : ਮੈਂ ਸਰਦਾਰ ਬੇਅੰਤ ਸਿੰਘ, ਰੈਵੀਨਿਊ ਮਨਿਸਟਰ ਜੀ ਨੂੰ ਪਰਮਿਸ਼ਨ ਦਿੱਤੀ ਹੈ, ਉਨ੍ਹਾਂ ਨੂੰ ਬੋਲ ਲੈਣ ਦਿਓ ।

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ .. .. .. (ਵਿਘਨ) ਤੁਸੀਂ ਬੈਠ ਜਾਓ, ਜਦੋਂ ਤੁਸੀਂ ਬੋਲਦੇ ਸੀ ਮੈਂ ਨਹੀਂ ਬੋਲਿਆ ।

ਕਈ ਆਵਾਜ਼ਾਂ : ਬਿਜਲੀ ਦਾ ਪ੍ਰਬੰਧ ਕਰੋ, ਬਿਜਲੀ ਦਾ ਪ੍ਰਬੰਧ ਕਰੋ ।

ਸ੍ਰੀ ਸਪੀਕਰ : ਤੁਸੀਂ ਸਾਰੇ ਬੈਠ ਜਾਓ । ਮੰਤਰੀ ਮਹੋਦਯ ਬੋਲਣਾ ਚਾਹੁੰਦੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਓ । (ਵਿਘਨ)

ਮਾਲ ਮੰਤਰੀ : ਸਪੀਕਰ ਸਾਹਿਬ ਰੂਲਜ਼ ਬੜੇ ਕਲੀਅਰ ਹਨ ਅਤੇ ਰੂਲਜ਼ ਦੇ ਮੁਤਾਬਿਕ ਕੰਮ ਕਰਨਾ ਚਾਹੀਦਾ ਹੈ । (ਵਿਘਨ) ਪਾਂਧੀ ਸਾਹਿਬ, ਮੈਂ ਨਹੀਂ ਬੋਲਿਆ ਜਦੋਂ ਤੁਸੀਂ ਬੋਲ ਰਹੇ ਸੀ । ਤੁਸੀਂ ਬੈਠੋ ਹੁਣ ।

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ । ਮੰਤਰੀ ਮਹੋਦਯ ਨੂੰ ਬੋਲ ਲੈਣ ਦਿਓ ।

**Expunged as ordered by the Chair.

ਮਾਲ ਮੰਤਰੀ : ਮੈਂ ਜੋ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਹਾਊਸ ਦੇ ਰੂਲਜ਼ ਬਣੇ ਹੋਏ ਹਨ (ਵਿਘਨ) । ਅੱਜ ਇਕ ਕਾਮਨ ਰੈਜ਼ੋਲਿਊਸ਼ਨ ਆ ਰਿਹਾ ਹੈ . . . . .

Comrade Baldev Singh Loomba: On a point of order, Sir.

Sardar Dalip Singh Pandhi: Speaker Sahib, Comrade Baldev Singh Loomba is raising a Point of Order.

Mr. Speaker: Pandhi ji, please do not disturb, please sit down. I have allowed the Minister to speak.

Revenue Minister: Sir, the Resolution which is going to be discussed today is a joint Resolution and the hon. Member can speak on it.

Sardar Dalip Singh Pandhi: No, Sir. That is not on this subject. The Resolution which is to be discussed today relates to the Agricultural and Industrial prices etc. The Minister is not relevant. He should know the relevant rules.

Revenue Minister: I know the rules and I can quote the rules.... (*Interruption*)

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । ਸਭ ਨੂੰ ਟਾਈਮ ਮਿਲੇਗਾ ।

ਮਾਲ ਮੰਤਰੀ : ਸਪੀਕਰ ਸਾਹਿਬ, ਇਥੇ ਬੜੇ ਬੜੇ ਪੁਆਇੰਟ ਆਫ ਆਰਡਰ ਕੀਤੇ ਗਏ ਹਨ । ਇਸ ਬਾਰੇ ਮੈਂ ਸਿਰਫ ਇਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਇੰਡਸਟਰੀ ਅਤੇ ਐਗਰੀਕਲਚਰਲ ਪ੍ਰਾਈਸਿਜ਼ ਦੇ ਬਾਰੇ ਵਿਚ ਇਕ ਕਾਮਨ ਰੈਜ਼ੋਲਿਊਸ਼ਨ ਆ ਰਿਹਾ ਹੈ । ਉਸ ਤੇ ਇਹ ਜਿੰਨੀ ਚਾਹੁੰਣ ਬਹਿਸ ਕਰ ਸਕਦੇ ਹਨ ਅਤੇ ਆਪਣੇ ਖਿਆਲਾਤ ਦੱਸ ਸਕਦੇ ਹਨ ਪਰ ਜਿਹੜੀ ਹਾਊਸ ਦੀ ਪਰੰਪਰਾ ਹੈ ਉਸ ਨੂੰ ਤੋੜਨਾ ਨਹੀਂ ਚਾਹੀਦਾ । ਪਹਿਲੇ ਜੋ ਇਸ ਹਾਊਸ ਵਿਚ ਐਡਜਰਨਮੈਂਟ ਮੋਸ਼ਨ ਦਿੱਤੀ ਗਈ ਹੈ . . . .

ਸ੍ਰੀ ਸਪੀਕਰ : ਮੈਂ ਉਹ ਡਿਸਅਲਾਓ ਕਰ ਦਿੱਤੀ ਹੈ ।

ਮਾਲ ਮੰਤਰੀ : ਸਪੀਕਰ ਸਾਹਿਬ, ਮੈਨੂੰ ਰੂਲਜ਼ ਪੜ੍ਹ ਲੈਣ ਦਿਓ । (ਵਿਘਨ)

ਸ੍ਰੀ ਸਪੀਕਰ : ਪਹਿਲੇ ਮਨਿਸਟਰ ਸਾਹਿਬ ਨੂੰ ਆਪਣੀ ਗੱਲ ਖ਼ਤਮ ਕਰ ਲੈਣ ਦਿਓ । ਫਿਰ ਤੁਸੀਂ ਬੋਲ ਲੈਣਾ । (ਵਿਘਨ) ਪਾਂਧੀ ਸਾਹਿਬ ਤੁਸੀਂ ਬੈਠੋ । ਅੱਜ ਜੋ ਕਾਮਨ ਰੈਜ਼ੋਲਿਊਸ਼ਨ ਆ ਰਿਹਾ ਹੈ ਉਸ ਤੇ ਅਕਾਲੀ ਪਾਰਟੀ ਵਲੋਂ ਬਰਨਾਲਾ ਜੀ ਨੇ ਬੋਲਣਾ ਹੈ ਇਸ ਲਈ ਜਿੰਨੀ ਜਲਦੀ ਹੋ ਸਕੇ ਇਹ ਪੁਆਇੰਟ ਆਫ ਆਰਡਰ ਖ਼ਤਮ ਕਰੋ ਤਾਕਿ ਕੰਮ ਅੱਗੇ ਚਲ ਸਕੇ । (ਵਿਘਨ) ਤੁਸੀਂ ਬੈਠੋ, ਪਹਿਲੇ ਮਨਿਸਟਰ ਸਾਹਿਬ ਨੂੰ ਖ਼ਤਮ ਕਰ ਲੈਣ ਦਿਓ ।

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਹਾਲੇ ਖਤਮ ਨਹੀਂ ਕੀਤਾ, ਵਿਚੇ ਹੀ ਇਹ ਬੋਲਣ ਲਗ ਪੈਂਦੇ ਹਨ । ਜੋ ਪੁਆਇੰਟ ਆਫ ਆਰਡਰ ਕੀਤੇ ਜਾਂਦੇ ਹਨ ਉਹ ਕਿਸੇ ਸੈੱਟ ਪਰੋਸੀਜਰ ਦੇ ਮੁਤਾਬਿਕ ਹੀ ਕੀਤੇ ਜਾਣੇ ਚਾਹੀਦੇ ਹਨ । ਰੂਲ 105 ਵਿਚ ਬੜਾ ਕਲੀਅਰ ਲਿਖਿਆ ਹੈ—

'A point of order may be raised in relation to the business before the House at the moment'

ਇਸ ਲਈ ਹੁਣ ਇਹ ਪੁਆਇੰਟ ਆਫ਼ ਆਰਡਰ ਨਹੀਂ ਹੋ ਸਕਦੇ । ਇਹ ਇਸ ਮੋਮੈਂਟ ਤੇ ਨਹੀਂ ਰੇਜ਼ ਕੀਤੇ ਜਾ ਸਕਦੇ । ਅੱਗੇ ਰੈਜ਼ੋਲਿਊਸ਼ਨ ਆ ਰਿਹਾ ਹੈ ਉਸ ਤੇ ਜਿੰਨਾ ਮਰਜ਼ੀ ਆਏ ਬੋਲ ਲੈਣ ।

ਸ੍ਰੀ ਸਪੀਕਰ : ਕੋਈ ਮੈਂਬਰ ਅਗਰ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਚਾਹੇ ਤਾਂ ਮੈਂ ਉਸ ਨੂੰ ਇਜਾਜ਼ਤ ਦਿੰਦਾ ਹਾਂ । (ਥੋਪਿੰਗ) ਅਗਰ ਉਹ ਪੁਆਇੰਟ ਆਫ਼ ਆਰਡਰ ਨਾ ਹਵੇ ਤਾਂ ਉਹ ਓਵਰ ਰੂਲ ਕਰ ਦਿੱਤਾ ਜਾਂਦਾ ਹੈ ।

ਸਰਦਾਰ ਬਲਵੰਤ ਸਿੰਘ : ** ** **

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

WALK OUT

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ, ਗੌਰਮਿੰਟ ਸਾਡੀ ਗਲ ਨਹੀਂ ਸੁਣਦੀ, ਅਸੀਂ ਐਜ਼ ਏ ਪਰੋਟੈਸਟ ਵਾਕ ਆਊਟ ਕਰਦੇ ਹਾਂ ।

[ਇਸ ਸਮੇਂ ਅਕਾਲੀ ਪਾਰਟੀ (ਐਲ), ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ) ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਦਨ ਵਿਚੋਂ ਵਾਕ ਆਊਟ ਕਰਕੇ ਚਲ ਗਏ ਅਤੇ ਜਾਂਦੇ ਹੋਏ ਨਾਅਰੇ ਲਾ ਰਹੇ ਸਨ ** ** **]

ਸ੍ਰੀ ਸਪੀਕਰ : ਇਹ ਜੋ ਨਾਅਰੇ ਲਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ ਵਾਪਸ ਆ ਕੇ ਆਪਣੀ ਸੀਟ ਤੇ ਬੈਠ ਗਏ ।)

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਪੀਕਰ : ਪਾਂਧੀ ਸਾਹਿਬ ਜੋ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਹੇ ਹਨ ਉਹ ਐਕਸ-ਪੰਜ ਕਰ ਦਿੱਤਾ ਜਾਵੇ । ਮੈਂ ਇਸ ਦੀ ਇਜਾਜ਼ਤ ਨਹੀਂ ਦੇ ਸਕਦਾ ।

POINT OF ORDER RE EXPUNCTION

ਵਿੱਤ ਮੰਤਰੀ : ਸਪੀਕਰ ਸਾਹਿਬ, ਜ਼ੀਰੋ ਆਵਰ ਰੂਲਜ਼ ਵਿਚ ਨਹੀਂ ਹੈ । ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਰਾਹੀਂ ਮੈਟਰ ਰੇਜ਼ ਕਰਦੇ ਹਨ । (ਵਿਘਨ) ਮਹੀਨੇ ਤੋਂ ਜ਼ਿਆਦਾ ਇਸ ਹਾਊਸ ਨੂੰ ਚਲਦੇ ਨੂੰ ਹੋ ਗਿਆ ਹੈ ਅਤੇ ਤੁਸੀਂ ਬੜੀ ਅੱਛੀ ਤਰ੍ਹਾਂ ਹਾਊਸ ਨੂੰ ਕੰਡਕਟ ਕਰ ਰਹੇ ਹੋ । ਰੂਲ 105 ਵਿਚ ਪੁਆਇੰਟ ਆਫ਼ ਆਰਡਰ ਬਾਰੇ ਲਿਖਿਆ ਹੋਇਆ ਹੈ ।

** Expunged/Not recorded as ordered by the Chair.

[ਵਿੱਤ ਮੰਤਰੀ]

Rule 105 :"A point of order shall relate to the interpretation or enforcement of these Rules or such Articles of the Constitution as regulate the business of the House and shall raise a question which is within the cognizance of the Speaker."

ਸਪੀਕਰ ਸਾਹਿਬ, ਇਹ ਤੁਹਾਡੀ ਡਿਸਕ੍ਰੀਸ਼ਨ ਹੈ ਕਿ ਤੁਸੀਂ ਪੁਆਇੰਟ ਆਫ ਆਰਡਰ ਨੂੰ ਅਲਾਓ ਕਰੋ ਜਾਂ ਨਾ ਕਰੋ । ਇਥੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੇ ਰਾਹੀਂ ਸਾਰੀ ਗੱਲ ਕਹਿ ਜਾਂਦੇ ਹਨ ਔਰ ਤੁਸੀਂ ਉਨ੍ਹਾਂ ਦੇ ਪੁਆਇੰਟ ਆਫ ਆਰਡਰ ਨੂੰ ਰਿਜੈਕਟ ਵੀ ਕਰ ਦਿੰਦੇ ਹੋ ਪਰ ਪੁਆਇੰਟ ਆਫ ਆਰਡਰ ਡਿਸਅਲਾਓ ਹੋਣ ਦੇ ਬਾਵਜੂਦ ਪ੍ਰੈਸ ਵਿਚ ਖਬਰ ਆ ਜਾਂਦੀ ਹੈ । ਉਸ ਗੱਲ ਦਾ ਪਹਿਲੇ ਕੋਈ ਨੋਟਿਸ ਨਹੀਂ ਹੁੰਦਾ, ਨਾ ਕੋਈ ਰੈਜ਼ੋਲਿ-ਊਸ਼ਨ ਹੁੰਦਾ ਹੈ । ਇਸ ਦੇ ਨਾਲ ਸਰਕਾਰ ਦੀ ਪੁਜ਼ੀਸ਼ਨ ਬੜੀ ਆਕਵਰਡ ਜਿਹੀ ਹੋ ਜਾਂਦੀ ਹੈ ਕਿਉਂਕਿ ਜਵਾਬ ਸਰਕਾਰ ਕੋਲ ਤਿਆਰ ਨਹੀਂ ਹੁੰਦਾ । ਹਾਊਸ ਦੀ ਪ੍ਰਥਾ ਹੈ ਕਿ ਇਸ ਹਾਊਸ ਦਾ ਡੈਕੋਰਮ ਤੁਸੀਂ ਰੱਖਣਾ ਹੈ । ਅਗਰ ਹਰ ਇਕ ਮੈਂਬਰ ਪੁਆਇੰਟ ਆਫ ਆਰਡਰ ਰਾਹੀ ਆਪਣੀ ਆਪਣੀ ਗੱਲ ਕਹਿਣੀ ਸ਼ੁਰੂ ਕਰ ਦੇਣ ਤਾਂ ਫਿਰ ਇਸ ਤਰ੍ਹਾਂ ਹਾਊਸ ਦਾ ਬਿਜ਼ਨੈਸ ਨਹੀਂ ਚਲੇਗਾ। ਇਸ ਲਈ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਤੁਹਾਡੇ ਵਲੋਂ ਪੁਆਇੰਟ ਆਫ ਆਰਡਰ ਨੂੰ ਡਿਸਅਲਾਓ ਕਰਨ ਦੇ ਬਾਵਜੂਦ ਵੀ ਅਖ਼ਬਾਰਾਂ ਵਿੱਚ ਮੈਟਰ ਆ ਜਾਂਦਾ ਹੈ । ਤੁਸੀਂ ਕਈ ਗੱਲਾਂ ਐਕਸਪੰਜ ਕਰਵਾ ਦਿੰਦੇ ਹੋ ਪਰ ਫਿਰ ਵੀ ਅਖ਼ਬਾਰਾਂ ਵਿਚ ਆ ਜਾਂਦੀਆਂ ਹਨ । ਇਹ ਮੈਟਰ ਅਖ਼ਬਾਰਾਂ ਵਿਚ ਫਾਲਸ ਨਿਊਜ਼ ਬਣ ਕੇ ਆ ਜਾਂਦਾ ਹੈ । ਪੁਆਇੰਟ ਆਫ ਆਰਡਰ ਰੇਜ਼ ਕਰਨ ਬਾਰੇ । Rule 105 further says:

Rule 105 (5) "A point of order is not a point of privilege.

(6) A Member shall not raise a point of order :—

(a) to ask for information, or

(b) to explain his position, or

(c) when a question on any motion is being put to the House.

X X X X X."

ਇਹ ਜਿਹੜੇ ਪੁਆਇੰਟ ਆਫ ਆਰਡਰ ਰੇਜ਼ ਕੀਤੇ ਜਾਂਦੇ ਹਨ ਉਹ ਹਾਊਸ ਦੇ ਬਿਜ਼ਨੈਸ ਨਾਲ ਰੀਲੇਟ ਨਹੀਂ ਕਰਦੇ । ਪਿਛਲੇ ਕਈ ਦਿਨ ਤੋਂ ਇਹ ਚਲਿਆ ਆ ਰਿਹਾ ਹੈ ।

ਸ੍ਰੀ ਸਪੀਕਰ: ਡਾਕਟਰ ਸਾਹਿਬ, ਸਭ ਤੋਂ ਪਹਿਲੇ ਸਰਦਾਰ ਬੇਅੰਤ ਸਿੰਘ ਜੀ ਨੇ ਰੂਲ 105 ਪੜ੍ਹਿਆ ਸੀ ਜਿਸ ਦਾ ਮੈਂ ਜਵਾਬ ਦੇ ਦਿੱਤਾ ਸੀ । ਮੈਂ ਕਿਹਾ ਸੀ ਕਿ ਜਿੰਨੇ ਪੁਆਇੰ-ਟਸ ਆਫ ਆਰਡਰ ਮੈਂਬਰ ਸਾਹਿਬਾਨ ਵਲੋਂ ਰੇਜ਼ ਕੀਤੇ ਜਾਂਦੇ ਹਨ ਉਨ੍ਹਾਂ ਦੀ ਇਜਾਜ਼ਤ ਮੈਂ ਦਿੰਦਾ ਹਾਂ ਅਤੇ ਜੇ ਰੈਲੇਵੈਂਟ ਨਾ ਹੋਣ ਤਾ ਉਨ੍ਹਾਂ ਨੂੰ ਮੈਂ 'no point of order' ਡਿਕਲੇਅਰ ਕਰ ਦਿੰਦਾ ਹਾਂ । ਅਗਰ ਪ੍ਰੈਸ ਵਿਚ ਐਸੀ ਕੋਈ ਖਬਰ ਆਈ ਕਿ 'no point of order' ਡਿਕਲੇਅਰ ਕੀਤਾ ਹੋਵੇ ਔਰ ਪ੍ਰੈਸ ਵਿਚ ਆਇਆ ਹੋਵੇ ਤਾ ਤੁਸੀਂ

ਸਪੈਸਿਫਿਕ ਗੱਲ ਮੇਰੇ ਨੋਟਿਸ ਵਿਚ ਲਿਆਓ, ਮੈਂ ਪ੍ਰੈਸ ਦੇ ਨਾਲ ਮਾਮਲਾ ਟੇਕ ਅੱਪ ਕਰ ਲਵਾਂਗਾ। ਥੋੜ੍ਹੀ ਦੇਰ ਪਹਿਲੇ ਸ਼੍ਰੀ ਗੁਪਤਾ ਜੀ ਨੇ ਬਿਜਲੀ ਬਾਰੇ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਸੀ ਜਿਸ ਨੂੰ ਮੈਂ 'no point of order' ਡਿਕਲੇਅਰ ਕਰ ਦਿੱਤਾ ਸੀ ਪਰ ਤੁਸੀਂ ਉਠ ਕੇ ਸਟੇਟਮੈਂਟ ਦੇ ਦਿੱਤੀ। ਮੈਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦੀਆਂ ਫੀਲਿੰਗਜ਼ ਨੂੰ ਸਮਝਦਾ ਹਾਂ। ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਜਿੰਨਾ ਟਾਈਮ ਸਾਡਾ ਇਸ ਹਾਊਸ ਦਾ ਪੁਆਇੰਟਸ ਆਫ਼ ਆਰਡਰ ਵਿੱਚ ਵੇਸਟ ਹੁੰਦਾ ਹੈ ਉਹ ਅਸੀਂ ਮੀਨਿੰਗਫੁਲ ਡਿਸਕਸ਼ਨ ਵਿਚ ਯੂਜ਼ ਕਰ ਸਕਦੇ ਹਾਂ ਤਾਂਕਿ ਸਮੁੱਚੇ ਹਾਊਸ ਦਾ ਟਾਈਮ ਬਚ ਸਕੇ। ਮੈਂਬਰਾਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਸੰਜਮ ਕਿਸੇ ਤੇ ਜ਼ਬਰਦਤੀ ਠੋਸਿਆ ਨਹੀਂ ਜਾ ਸਕਦਾ। ਮਾਨਯੋਗ ਮੈਂਬਰਾਂ ਨੂੰ ਸੰਜਮ ਰੱਖਣਾ ਚਾਹੀਦਾ ਹੈ ਤਾਂਕਿ ਘੱਟ ਤੋਂ ਘੱਟ ਹਾਊਸ ਦਾ ਟਾਈਮ ਜ਼ਾਇਆ ਹੋਵੇ। ਅਗਰ ਮਾਨਯੋਗ ਮੈਂਬਰਜ਼ ਪੁਆਇੰਟ ਆਫ਼ ਆਰਡਰ ਰਾਹੀਂ ਸਾਰੀ ਗੱਲ ਕਹਿ ਜਾਂਦੇ ਹਨ ਤਾਂ ਮੈਂ ਉਨ੍ਹਾਂ ਦੇ ਪੁਆਇੰਟ ਆਫ਼ ਆਰਡਰ ਨੂੰ ਡਿਸਅਲਾਊ ਕਰ ਦਿੰਦਾ ਹਾਂ। ਪਰ ਫਿਰ ਵੀ ਪੁਆਇੰਟ ਆਫ਼ ਆਰਡਰ ਰੇਜ਼ ਹੁੰਦੇ ਹਨ। ਹੁਣ ਹਾਊਸ ਦਾ ਨੈਕਸਟ ਬਿਜ਼ਨੈਸ ਚਲੇਗਾ। ਕਾਲ ਅਟੈਨਸ਼ਨ ਨੋਟਿਸ, ਸਰਦਾਰ ਦਲੀਪ ਸਿੰਘ ਪਾਂਧੀ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਨੋਟਿਸ ਨੰਬਰ 182 ਦਿੱਤਾ ਸੀ ਜਿਸ ਨੂੰ ਤੁਸੀਂ ਰਿਜੈਕਟ ਕਰ ਦਿੱਤਾ ਹੈ। ਲੁਧਿਆਣੇ ਵਿਚ ਬਿਜਲੀ ਦਾ ਕੀ ਹਾਲ ਹੈ ਉਹ ਵੀ ਤੁਸੀਂ ਰਿਜੈਕਟ ਕਰ ਦਿੱਤਾ ਹੈ।

ਸ੍ਰੀ ਸਪੀਕਰ: ਪਾਂਧੀ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਨੰਬਰ 126 ਪੜ੍ਹੋ।

CALL ATTENTION NOTICE UNDER RULE 66

(Serial No. 126)

Sardar Dalip Singh Pandhi : Sir I beg to draw the attention of the Government towards a matter of urgent public importance, namely, about 20 villages of Garhshankar area have been affected by the discharge of industrial effluent into the choe near Sailan Khurd. The Industrial water is discharged at the rate of 80,000 gallons per hour by a Paper mill located there. The contaminated water from the choe has affected adversely, the fertility of the adjoining lands and many heads of cattle have lost their lives after drinking this water. Perturbed by this situation there is great resentment in the area and threat to launch an agitation on failure to take immediate steps to remedy their plight. The Chief Minister is requested to make the statement.

Finance Minister (Doctor Kewal Krishan) : Amrit Banaspati Company Paper Mill set up by Amrit Banaspati Ltd. at village Sailan Khurd was commissioned in June, 1980 and went into Production soon there after. The effluent water discharge from the mill at the rate of 55,000 gallons per hour is discharged into Naryala Choe Passing near the Mill.

[Finance Minister]

The report received from the Deputy Commissioner, Hoshiarpur discloses that about two months before, the water slowly started flowing through the fields and ultimately it passed through some area of villages Paddi Khutti, Sooni Possi and Aima Jattan. At village Aima Jattan the water was blocked by the Bist Doab Canal and there is no outlet thereafter. This accummulation of water created problem and at the instance of the District Administration, the Mill management pumped the water into Bist Doab Canal. At the same time, the management was asked to stop operation for a couple of days so that the water could be drained out. This was done on 12th February, 1981.

The Sub-Divisional Magistrate, Garhshankar, thereafter called a meeting of the Panchayats of the affected villages and keeping in view the various factors it was unanimously agreed that the Mill management will discharge only the same quantity of effluent water into the choe which they can pump into the Canal.

However, this will not be a solution to the problem as this is a temporary one. In order to find out a solution for the time being, with the help of the Drainage Department the entire area has been surveyed to find whether a small channel can be dug out to drain this water into Bein near village Possi. The administration has been able to survey a route over which the channel can pass through a distance of 2,500 ft.

The water which goes out of the Paper Mill contains some chemicals and is discoloured. This water according to the management is fit for irrigation though the farmers have their own apprehensions. In order to make the things clear to the farmers the effluent water, being discharged by the Mill is being analysed and the management is also setting up some demonstration plots for this purpose. The survey has been conducted by the revenue staff and damage to area crops in four affected villages is as under:—

S. No.	Name of village	No. of farmers affected	Area affected	Kind of crop	Estimated value
1	2	3	4	5	6
1.	Paddi Khuti	45	64 Kls-12 Mls.	No crops except 6 acres vegetables & Barseem Chara.	Rs. 4,000
2.	Possi	18	6 Kls-0 Mls.	Wheat	—
3.	Sooni	12	2 Kls-10 Mls.	..	Rs. 1,000
4.	Aima Jattan	10	48 Kls. 16 Mls.	Massar	Rs. 1,500

There has been no loss of live-stock on account of this water anywhere.

It will not be out of place to mention that whereas no damage is to be caused to the fields or to the crops, at the same time industrial growth of the district is also to be kept in view. In order to find a permanent solution by channelising the choe, Executive Engineer, Drainage Division (HPR) has been asked to frame a proposal to channelise the choe. The State Board for Prevention & Control of Water Pollution will also be asked to ensure that the effluents being discharged by the industry are in no way harmful. At present the situation is normal and the District Administration is keeping close liaison with the People of the area and the management of the factory.

ਸਰਦਾਰ ਦਲੀਪ ਸਿਘ ਪਾਂਧੀ : ਸਪੀਕਰ ਸਾਹਿਬ, ਇਸ ਗੱਲ ਨੂੰ ਮਦੇ ਨਜ਼ਰ ਰਖਦੇ ਹੋਏ ਕਿ ਇਹ ਮਾਮਲਾ ਬੜਾ ਹੀ ਸੀਰੀਅਸ ਹੈ, ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਗੰਦੇ ਪਾਣੀ ਨਾਲ ਨੁਕਸਾਨ ਹੋ ਰਿਹਾ ਹੈ, ਜੋ ਫੈਕਟਰੀਆਂ ਇਸ ਤਰ੍ਹਾਂ ਦੀਆਂ ਚਲਦੀਆਂ ਹਨ ਉਨ੍ਹਾਂ ਦੇ ਪਾਣੀ ਨਾਲ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਚ ਵੀ ਫਸਲਾਂ ਦੀ ਤਬਾਹੀ ਹੋ ਗਈ ਹੈ ਨਾਲੇ ਇਸ ਗੰਦੇ ਪਾਣੀ ਨਾਲ ਬਿਮਾਰੀ ਵੀ ਫੈਲਣ ਦਾ ਡਰ ਹੈ । ਇਸ ਲਈ, ਸਪੀਕਰ ਸਾਹਿਬ, ਇਹ ਬੜਾ ਹੀ ਸੀਰੀਅਸ ਮਾਮਲਾ ਹੈ । ਹੁਣ ਜਿਹੜੀ ਸਪਿਨਿੰਗ ਮਿੱਲ ਵੀ ਲਗ ਰਹੀ ਹੈ, ਉਸ ਦੇ ਗੰਦੇ ਪਾਣੀ ਨਾਲ ਵੀ ਲੋਕਾਂ ਦਾ ਨੁਕਸਾਨ ਹੋਵੇਗਾ। (ਵਿਘਨ) ਸਪੀਕਰ ਸਾਹਿਬ, ਇਸ ਵੇਲੇ ਜਿਹੜਾ ਏਰੀਆ ਇਫੈਕਟਿਡ ਹੈ ਅਤੇ ਗੰਦੇ ਪਾਣੀ ਨਾਲ ਜੋ ਤਬਾਹੀ ਹੁੰਦੀ ਹੈ, ਉਸ ਗੱਲ ਨੂੰ ਮਦੇ ਨਜ਼ਰ ਰਖਦੇ ਹੋਏ ਸਰਕਾਰ ਕੀ ਪ੍ਰਬੰਧ ਕਰ ਰਹੀ ਹੈ ਅਤੇ ਬੋਰਡ ਵਲੋਂ ਕੀ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂਕਿ ਲੋਕਾਂ ਦਾ ਨੁਕਸਾਨ ਨਾ ਹੋਵ, ਫਸਲਾਂ ਦਾ ਨੁਕਸਾਨ ਨਾ ਹੋਵੇ ਅਤੇ ਡੰਗਰਾਂ ਜਾਂ ਪਸ਼ੂਆਂ ਦਾ ਨੁਕਸਾਨ ਨਾ ਹੋਵੇ ? ਸਰਕਾਰ ਨੇ ਕੀ ਸਟੈਪਸ ਲਏ ਹਨ ? ਹੁਣ ਤਕ ਸਰਕਾਰ ਨੇ ਅਤੇ ਬੋਰਡ ਨੇ ਕੋਈ ਸਟੈਪ ਨਹੀਂ ਲਿਆ ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗੰਦੇ ਪਾਣੀ ਨੂੰ ਰਫਾ-ਦਫਾ ਕਰਨ ਲਈ ਕੀ ਪ੍ਰਬੰਧ ਸਰਕਾਰ ਵਲੋਂ ਕੀਤਾ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਇਥੇ ਹਾਊਸ ਵਿਚ ਕਾਲ ਅਟੈਨਸ਼ਨ ਮੋਸ਼ਨ ਉਠਾਈ ਗਈ ਸੀ ਉਹ ਗੜ੍ਹਸ਼ੰਕਰ ਏਰੀਏ ਦੇ ਬਾਰੇ ਸੀ ਪਰ ਸਵਾਲ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਸਾਰੇ ਪੰਜਾਬ ਦਾ ਹੀ ਕਰ ਦਿੱਤਾ। ਪਹਿਲਾਂ ਮੈਂ, ਸਪੀਕਰ ਸਾਹਿਬ, ਉਸ ਏਰੀਏ ਦਾ ਹੀ ਜ਼ਿਕਰ ਕਰਾਂਗਾ ਜਿਸ ਦੇ ਲਈ ਕਾਲ ਅਟੈਨਸ਼ਨ ਮੋਸ਼ਨ ਆਈ ਹੈ । ਉਥੇ ਵਾਟਰ ਪੋਲਿਊਸ਼ਨ ਟਰੀਟਮੈਂਟ ਪਲਾਂਟ ਲਗਾ ਕੇ ਕੰਮ ਸ਼ੁਰੂ ਹੋ ਗਿਆ ਹੈ । ਇੰਡਸਟਰੀ ਡਿਪਾਰਟਮੈਂਟ ਨੇ ਐਸਾ ਅਨੁਭਵ ਕੀਤਾ ਹੈ ਕਿ ਉਥੇ ਠੀਕ ਤਰ੍ਹਾਂ ਨਾਲ ਕੰਮ ਨਹੀਂ ਹੋ ਰਿਹਾ ਹੈ। ਉਥੋਂ ਦਾ ਵਾਟਰ ਅਨੈਲੇਸਿਜ਼ ਲਈ ਭੇਜਿਆ ਗਿਆ ਹੈ, ਜਦੋਂ ਵੀ ਉਸ ਦੀ ਰਿਪੋਰਟ ਆ ਗਈ ਤਾਂ ਅਗਲੀ ਕਾਰਵਾਈ ਕਰਾਂਗੇ ਅਤੇ ਜਲਦੀ ਹੀ ਠੀਕ ਕਰਾ ਦੇਵਾਂਗੇ ਤਾਕਿ ਉਸ ਪਾਣੀ ਨਾਲ ਹੋਰ ਨੁਕਸਾਨ ਨਾ ਹੋਵੇ। ਚਾਰ ਪਿੰਡਾਂ ਵਿਚ ਇਸ ਪਾਣੀ ਨਾਲ ਨੁਕਸਾਨ ਹੋਇਆ ਹੈ ਅਤੇ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ । ਉਸ ਨੂੰ ਠੀਕ ਕਰਾਉਣ ਦੀ ਲੋੜ ਹੈ । ਇਸ ਲਈ ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਦੋ ਤਿੰਨ ਮੀਲ ਦੀ ਕੈਨਾਲ ਖੋਦਣ ਦੀ ਲੋੜ ਹੈ ਅਤੇ ਬਰਸਾਤ ਤੋਂ ਪਹਿਲਾਂ ਪਹਿਲਾਂ ਇਸ ਦਾ ਪ੍ਰਬੰਧ ਕਰ ਦੇਵਾਂਗੇ ਤਾਕਿ ਪਿੰਡਾਂ ਦੇ ਲੋਕਾਂ ਨੂੰ ਕੋਈ ਖਤਰਾ ਨਾ ਹੋਵੇ ਪ੍ਰੰਤੂ, ਸਪੀਕਰ ਸਾਹਿਬ,

[ਵਿੱਤ ਮੰਤਰੀ]

ਮੈਂ ਕਹਿੰਦਾ ਹਾਂ ਕਿ ਉਥੇ ਕੋਈ ਪਸ਼ੂ ਆਦਿ ਦੀ ਡੈਥ ਵਗੈਰਾ ਨਹੀਂ ਹੋਈ । ਫਿਰ ਵੀ ਸਾਡਾ ਫਰਜ਼ ਹੈ ਕਿ ਉਸ ਨੂੰ ਠੀਕ ਕਰਾਇਆ ਜਾਵੇ । ਜਿਥੋਂ ਤਕ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਜਨਰਲ ਸਾਰੇ ਪੰਜਾਬ ਦੀ ਗੱਲ ਕੀਤੀ ਹੈ। ਲੁਧਿਆਣਾ, ਅੰਮ੍ਰਿਤਸਰ ਜਲੰਧਰ ਅਤੇ ਹੋਰ ਬਹੁਤ ਸਾਰੀਆਂ ਥਾਵਾਂ ਤੇ ਵੱਡੀਆਂ ਵੱਡੀਆਂ ਇੰਡਸਟਰੀਜ਼ ਲਗੀਆਂ ਹੋਈਆਂ ਹਨ । ਉਥੇ ਵੀ ਇਹ ਮਸਲਾ ਚਲਦਾ ਹੈ । ਰੂਰਲ ਏਰੀਆ ਔਰ ਅਰਬਨ ਏਰੀਆ ਵਿਚ ਇਸ ਨੂੰ ਠੀਕ ਕਰਨ ਲਈ ਐਕਸ਼ਨ ਲਵਾਂਗੇ । ਗੰਦੇ ਪਾਣੀ ਨੂੰ ਨਹਿਰ ਜਾਂ ਕਿਤੇ ਹੋਰ ਜਗਾ ਤੇ ਸੁੱਟਣ ਦਾ ਇੰਤਜ਼ਾਮ ਕਰਾਂਗੇ ਤਾਂਕਿ ਕੋਈ ਨੁਕਸਾਨ ਨਾ ਹੋਵੇ । (ਥੰਪਿੰਗ)

ਸ਼੍ਰੀ ਸਪੀਕਰ : ਮੈਂ ਮੰਤਰੀ ਮਹੋਦੇ ਜੀ ਨੂੰ ਦੱਸਦਾ ਹਾਂ ਕਿ ਵਾਟਰ ਪੋਲਿਊਸ਼ਨ ਟਰੀਟਮੈਂਟ ਪਲਾਂਟ ਬਹੁਤ ਜ਼ਰੂਰੀ ਹੈ, ਭਾਵੇਂ ਪਾਣੀ ਨਹਿਰ ਵਿਚ ਸੁਟੋ ਜਾਂ ਕਿਤੇ ਹੋਰ ਜਗ੍ਹਾ ਸੁਟੋ। ਪਰ ਗੰਦਾ ਪਾਣੀ ਨੁਕਸਾਨ ਕਰੇਗਾ। ਇਹ ਚੀਜ਼ ਤੁਸੀਂ ਆਪਣੇ ਇੰਡਸਟਰੀਜ਼ ਡਿਪਾਰਟਮੈਂਟ ਨੂੰ ਕਹਿ ਦਿਉ ਕਿ ਜੇਕਰ ਕੁਝ ਮਹੀਨਿਆਂ ਲਈ ਫੈਕਟਰੀ ਬੰਦ ਵੀ ਕਰਨੀ ਪਏ ਤਾਂ ਫੈਕਟਰੀ ਵੀ ਬੰਦ ਕਰ ਦਿਉ । ਗੰਦੇ ਪਾਣੀ ਵਿਚ ਐਲਕਲੀ ਹੁੰਦੀ ਹੈ । ਐਲਕਲੀ ਦਾ ਪਾਣੀ ਨੁਕਸਾਨ ਕਰਦਾ ਹੈ। ਇਸ ਦਾ ਜ਼ਰੂਰ ਪ੍ਰਬੰਧ ਕੀਤਾ ਜਾਵੇ ।

ਪੰਡਤ ਸਰਵਣ ਰਾਮ : ਸਪੀਕਰ ਸਾਹਿਬ, ਇਹ ਮਸਲਾ ਮੇਰੇ ਇਲਾਕੇ ਗੜ੍ਹਸ਼ੰਕਰ ਦਾ ਹੈ। ਮੇਰੇ ਹਲਕੇ ਵਿਚ ਕੁਝ ਪਿੰਡ ਕੰਡੀ ਏਰੀਏ ਵਿਚ ਆਉਂਦੇ ਹਨ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਫੈਕਟਰੀਆਂ ਲਗਦੀਆਂ ਹਨ ਤਾਂ ਸਰਟੀਫਿਕੇਟ ਦੇਣ ਲਗਿਆਂ ਅਫਸਰ ਪਹਿਲਾਂ ਖਿਆਲ ਕਿਉਂ ਨਹੀਂ ਕਰਦੇ ਕਿ ਗੰਦਾ ਪਾਣੀ ਕਿਸ ਤਰ੍ਹਾਂ ਕੱਢਿਆ ਜਾਵੇਗਾ ? ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ ਪਰ ਮੈਂ ਦਾਅਵੇ ਦੇ ਨਾਲ ਕਹਿੰਦਾ ਹਾਂ ਕਿ ਮੇਰੇ ਹਲਕੇ ਵਿਚ ਉਥੇ ਦੋ ਬਕਰੀਆਂ ਅਤੇ 5-6 ਕੁੱਤੇ ਮਰ ਗਏ । ਕਾਫੀ ਦੇਰ ਗੰਦਾ ਪਾਣੀ ਪਿੰਡਾਂ ਵਿਚ ਚਲਦਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਗੰਦੇ ਪਾਣੀ ਦੇ ਨਾਲ ਬਿਮਾਰੀ ਵੀ ਫੈਲਣ ਦਾ ਡਰ ਹੈ, ਫਿਰ ਮੁਸ਼ਕਲ ਪੇਸ਼ ਹੋ ਜਾਵੇਗੀ । (ਵਿਘਨ)

ਸ੍ਰੀ ਸਪੀਕਰ : ਪੰਡਿਤ ਸਰਵਣ ਰਾਮ ਜੀ, ਮੈਂ ਤੁਹਾਡੀ ਗੱਲ ਪਹਿਲਾਂ ਹੀ ਕਲੀਅਰ ਕਰ ਦਿੱਤੀ ਹੈ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਜਿਨ੍ਹਾਂ ਅਫ਼ਸਰਾਂ ਨੇ ਪਹਿਲਾਂ ਸਰਟੀਫਿਕੇਟ ਜਾਰੀ ਕੀਤਾ ਹੈ, ਉਨ੍ਹਾਂ ਦੇ ਖਿਲਾਫ ਮੰਤਰੀ ਜੀ ਕੀ ਐਕਸ਼ਨ ਲੈਣਗੇ ?

ਦੂਸਰਾ, ਜਿਹੜਾ ਮੰਤਰੀ ਜੀ ਨੇ ਕਿਹਾ ਹੈ ਕਿ ਨਹਿਰਾਂ ਵਿਚ ਪਾਣੀ ਪਾ ਦਿੱਤਾ ਜਾਵੇਗਾ, ਉਸ ਨਾਲ ਮੈਂ ਸਮਝਦਾ ਹਾਂ ਕਿ ਨਹਿਰਾਂ ਵਿਚੋਂ ਜਿਹੜਾ ਪਾਣੀ ਖੇਤਾਂ ਵਿਚ ਜਾਵੇਗਾ ਉਸ ਨਾਲ ਫਸਲਾਂ ਤਬਾਹ ਹੋ ਜਾਣਗੀਆਂ । ਇਸ ਤਰ੍ਹਾਂ ਪਾਣੀ ਨੂੰ ਚੈਨੇਲਾਈਜ਼ ਕਰਕੇ ਪਾਣੀ ਵਿਚੋਂ ਬਦਬੂ ਨਹੀਂ ਜਾ ਸਕੇਗੀ । ਇਸ ਲਈ ਉਹ ਗੰਦਾ ਪਾਣੀ ਕਿਸੇ ਤਰੀਕੇ ਦੇ ਨਾਲ ਅੰਡਰ ਗਰਾਊਂਡ ਕਰਕੇ ਕੱਢ ਲਿਆ ਜਾਵੇ ਤਾਂ ਠੀਕ ਹੋਵੇਗਾ । ਇਸ ਨਾਲ ਨੁਕਸਾਨ ਤੋਂ ਬਚਾਓ ਹੋ ਸਕਦਾ ਹੈ (ਵਿਘਨ) ਸਪੀਕਰ ਸਾਹਿਬ, ਫੈਕਟਰੀਆਂ ਉਹ ਬੰਦ ਕਰੋ ਸਾਨੂੰ ਉਨ੍ਹਾਂ ਫੈਕਟਰੀਆਂ ਦੀ ਕੋਈ ਲੋੜ ਨਹੀਂ ਹੈ । ਪਿਛੇ ਜਿਹੇ ਮੈਂ ਆਪਣੇ ਹਲਕੇ ਵਿਚ 1,000 ਆਦਮੀਆਂ ਨੂੰ ਲੈ

ਕੇ ਮੁਜ਼ਾਹਰਾ ਕੀਤਾ ਸੀ । ਸਪੀਕਰ ਸਾਹਿਬ, ਇਸ ਗੰਦੇ ਪਾਣੀ ਨਾਲ ਲੋਕਾਂ ਦਾ ਜੀਵਨ ਤਬਾਹ ਹੋ ਜਾਵੇਗਾ ਅਤੇ ਲੋਕਾਂ ਦੀ ਜ਼ਿੰਦਗੀ ਦੇ ਨਾਲ ਖੇਡਿਆ ਜਾ ਰਿਹਾ ਹੈ । ਇਸ ਦੇ ਭਿਆਨਕ ਨਤੀਜੇ ਨਿਕਲਣਗੇ । ਮੈਂ ਬੇਨਤੀ ਕਰਦਾ ਹਾਂ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਉਸ ਦਾ ਬੰਦੋਬਸਤ ਕਰਨ ।

ਮੰਤਰੀ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਤੇ ਸਵਾਲ ਕਰਨ ਦਾ ਹੱਕ ਤਾਂ ਸਿਰਫ ਕਨਸਰਨਡ ਮੈਂਬਰ ਨੂੰ ਹੀ ਸੀ ਪਰ ਕਿਉਂਕਿ ਪੰਡਿਤ ਸਰਵਣ ਰਾਮ ਦਾ ਉਹ ਹਲਕਾ ਹੈ, ਇਸ ਲਈ ਉਨ੍ਹਾਂ ਨੇ ਚਿੰਤਾ ਪਰਗਟ ਕੀਤੀ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਦੋ ਵਰਸ਼ਨਜ਼ ਆ ਗਈਆਂ ਹਨ । ਮੈਂਬਰ ਸਾਹਿਬ ਦੀ ਵਰਸ਼ਨ ਠੀਕ ਹੈ ਔਰ ਇਹ ਮਨਿਸਟਰ ਸਾਹਿਬ ਗਲਤ ਕਹਿੰਦੇ ਹਨ । ਤੁਸੀਂ ਆਪ ਇਨਕੁਆਇਰੀ ਕਰਾ ਲਉ । ਇਹ ਗਲਤ ਜਵਾਬ ਦੇ ਰਹੇ ਹਨ । ਇਹ ਮੈਂਬਰ ਸਾਹਿਬ ਦੀ ਪਰਸਨਲ ਨਾਲਿਜ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਦੇ ਲਈ ਹਾਉਸ ਦੇ ਮੈਂਬਰਾਂ ਦੀ ਕਮੇਟੀ ਬਣਾ ਦਿਉ । ਇਹ ਪ੍ਰਿਵਿਲਿਜ ਦਾ ਕੁਐਸ਼ਚਨ ਹੈ ਕਿ ਕੀ ਮੈਂਬਰ ਸਾਹਿਬਾਨ ਠੀਕ ਬੋਲਦੇ ਹਨ ਜਾਂ ਮਨਿਸਟਰ ਸਾਹਿਬ ਠੀਕ ਬੋਲਦੇ ਹਨ । (ਵਿਘਨ) ਸਪੀਕਰ ਸਾਹਿਬ, ਤੁਹਾਨੂੰ ਇਨਕੁਆਇਰੀ ਕਰਨੀ ਚਾਹੀਦੀ ਹੈ । ਮੈਂਬਰ ਸਾਹਿਬ ਨੇ ਠੀਕ ਕਿਹਾ ਹੈ ਔਰ ਮਨਿਸਟਰ ਸਾਹਿਬ ਨੇ ਗਲਤ ਜਵਾਬ ਦਿੱਤਾ ਹੈ ।

ਮੰਤਰੀ : ਮੈਂ ਮਹਿਸੂਸ ਕਰਦਾ ਹਾਂ ਕਿ ਪੰਡਿਤ ਸਰਵਣ ਰਾਮ ਉਸ ਹਲਕੇ ਦੇ ਹਨ ਔਰ ਵਾਕਿਆ ਹੀ ਉਨ੍ਹਾਂ ਨੂੰ ਇਸ ਗਲ ਦਾ ਜ਼ਿਆਦਾ ਪਤਾ ਹੈ । (ਵਿਘਨ) It is not the proper way. You are interrupting the proceedings of the House. First get permission and then speak. I can't tolerate any *interruption.*

Sardar Dalip Singh Pandhi : ** ** **

Mr. Speaker : Whatever Mr. Pandhi is saying without my permission should be expunged. I am standing. ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਦਾ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ । ਉਸ ਤੋਂ ਬਾਅਦ ਮੈਂ ਮਨਿਸਟਰ ਸਾਹਿਬ ਨੂੰ ਕਿਹਾ ਹੈ ਕਿ ਇਹ ਸਭ ਤੋਂ ਵੱਡਾ ਗੰਭੀਰ ਮਸਲਾ ਹੈ, ਪੋਲਿਊਸ਼ਨ ਟਰੀਟਮੈਂਟ ਪਲਾਂਟ ਚਾਲੂ ਹੋਣਾ ਚਾਹੀਦਾ ਹੈ । ਇਹੀ ਗਲ ਪੰਡਿਤ ਸਰਵਣ ਰਾਮ ਜੀ ਨੇ ਕਹੀ । ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਦਾ ਮਤਲਬ ਵੀ ਇਹੀ ਸੀ । ਰੱਬ ਦੇ ਵਾਸਤੇ ਐਨੇ ਜਜ਼ਬਾਤ ਵਿਚ ਨਾ ਆਇਆ ਕਰੋ । ਮਨਿਸਟਰ ਸਾਹਿਬ ਨੂੰ ਜਵਾਬ ਦੇ ਲੈਣ ਦਿਉ ਔਰ ਉਨ੍ਹਾਂ ਨੂੰ ਸੁਣੋ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਪਰ ਇਸ ਤਰ੍ਹਾਂ ਕਰਕੇ ਮੈਂਬਰਾਂ ਨੂੰ ਧਮਕੀ ਨਹੀਂ ਦੇਣੀ ਚਾਹੀਦੀ

ਸਰਦਾਰ ਨੱਥਾ ਸਿੰਘ ਦਾਲਮ : ਇਨ੍ਹਾਂ ਨੂੰ ਧਮਕੀ ਦੇਣ ਦਾ ਕੋਈ ਹੱਕ ਨਹੀਂ ਹੈ ।

**Expunged as ordered by the Chair.

ਵਿੱਤ ਮੰਤਰੀ : ਮੈਂ ਬੜੀ ਨਿਮਰਤਾ ਪੂਰਵਕ ਅਰਜ਼ ਕਰਾਂਗਾ ਕਿ ਪੰਡਿਤ ਸਰਵਨ ਰਾਮ ਨੇ ਜੋ ਖਦਸ਼ਾ ਜ਼ਾਹਿਰ ਕੀਤਾ ਹੈ ਜਾਂ ਤਕਲੀਫ ਬਾਰੇ ਇਥੇ ਜ਼ਿਕਰ ਕੀਤਾ ਹੈ ਉਸ ਨੂੰ ਮੁੱਖ ਰਖਦੇ ਹੋਏ ਪੰਜਾਬ ਸਟੇਟ ਨੇ ਉਹ ਪਲਾਂਟ ਲਗਾ ਕੇ ਸਟੈਪਸ ਲਏ ਹਨ । ਟਰੀਟਮੈਂਟ ਪਲਾਂਟ ਲਗਾਇਆ ਗਿਆ ਹੈ ਤਾਂਕਿ ਪਾਣੀ ਵਿਚੋਂ ਬਦਬੂ ਦੂਰ ਹੋ ਸਕੇ ਅਤੇ ਫਸਲਾਂ ਦਾ ਵੀ ਨੁਕਸਾਨ ਨਾ ਹੋਵੇ ਔਰ ਜਾਨਵਰਾਂ ਦਾ ਨੁਕਸਾਨ ਵੀ ਨਾ ਹੋਵੇ । ਉਸ ਮਿੱਲ ਨੇ ਖ਼ਰਚਾ ਕਰਕੇ ਉਹ ਟਰੀਟਮੈਂਟ ਪਲਾਂਟ ਲਗਾਇਆ ਹੈ ਲੇਕਿਨ ਉਸ ਬਾਰੇ ਵਿਚ ਸ਼ੱਕ ਹੈ ਕਿ ਉਹ ਟਰੀਟਮੈਂਟ ਪਲਾਂਟ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਰਿਹਾ ਹੈ । ਉਸ ਦੇ ਵਾਸਤੇ ਪੰਜਾਬ ਸਰਕਾਰ ਨੇ ਸਟੈਪਸ ਲਏ ਹਨ ਔਰ ਪਲਾਂਟ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਹੈ । ਮਿੱਲ ਦੇ ਮਾਲਕ ਨੂੰ ਨੋਟਿਸ ਦਿਆਂਗੇ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਉਸ ਨੂੰ ਠੀਕ ਕਰਨ ਜਿਸ ਨਾਲ ਲੋਕਾਂ ਦਾ ਅਤੇ ਜਾਨਵਰਾਂ ਦਾ ਕੋਈ ਨੁਕਸਾਨ ਨਾ ਹੋਵੇ । ਸਾਰੀ ਇੰਡਸਟਰੀਜ਼ ਦਾ ਜਿਥੇ ਜਿਥੇ ਪੋਲਿਊਟਿਡ ਵਾਟਰ ਨਿਕਲਦਾ ਹੈ, ਉਹ ਸਾਰੀ ਇੰਡਸਟਰੀਜ਼ ਵਾਲਿਆਂ ਨੂੰ ਡਾਇਰੈਕਸ਼ਨਜ਼ ਦੇ ਦਿੱਤੀਆਂ ਗਈਆਂ ਹਨ ਕਿ ਉਹ ਪਲਾਂਟ ਲਗਾ ਕੇ ਪਾਣੀ ਨੂੰ ਸਾਫ਼ ਕਰਨ ਔਰ ਸਭ ਜਗ੍ਹਾ ਤੇ ਐਸਾ ਹੋਣਾ ਚਾਹੀਦਾ ਹੈ । ਜਦੋਂ ਟਰੀਟਮੈਂਟ ਪਲਾਂਟ ਨਾਲ ਪਾਣੀ ਸਾਫ਼ ਹੋ ਜਾਏਗਾ ਤਾਂ ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਫਸਲਾਂ ਨੂੰ ਨੁਕਸਾਨ ਨਹੀਂ ਹੋਏਗਾ । ਜੇਕਰ ਫਿਰ ਵੀ ਉਹ ਪਾਣੀ ਨੁਕਸਾਨ ਕਰੇਗਾ ਤਾਂ ਪੰਜਾਬ ਦੇ ਕਿਸਾਨਾਂ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਉਸ ਬਾਰੇ ਬੰਦੋਬਸਤ ਕਰੇਗੀ ਔਰ ਜਿਥੇ ਇਸ ਨਾਲ ਨੁਕਸਾਨ ਹੋਏਗਾ ਉਥੇ ਪੰਜਾਬ ਸਰਕਾਰ ਉਸ ਨੂੰ ਮੁਆਵਜ਼ਾ ਦੇਵੇਗੀ । ਇਥੇ ਕਿਹਾ ਗਿਆ ਹੈ ਕਿ ਉਸ ਪਾਣੀ ਦੇ ਪੀਣ ਨਾਲ ਬਕਰੀਆਂ ਮਰ ਗਈਆਂ ਹਨ, ਕੁੱਤੇ ਮਰ ਗਏ ਹਨ ਸਚਮੁੱਚ ਉਸ ਪਾਣੀ ਨੂੰ ਪੀਣ ਨਾਲ ਇਹ ਬਕਰੀਆਂ, ਕੁੱਤੇ ਮਰੇ ਹਨ, ਇਹ ਵੇਖਣ ਲਈ ਅਸੀਂ ਇਨਕੁਆਇਰੀ ਇਨਸਟੀਚਿਊਟ ਕਰਾਂਗੇ ਔਰ ਜਿਹੜੇ ਅਫਸਰਾਂ ਨੇ ਸਾਨੂੰ ਗਲਤ ਸੂਚਨਾ ਦਿੱਤੀ ਹੈ ਉਨ੍ਹਾਂ ਅਫਸਰਾਂ ਦੇ ਖਿਲਾਫ ਲੋੜੀਂਦੀ ਕਾਰਵਾਈ ਕਰਾਂਗੇ ਕਿਉਂਕਿ ਜੋ ਜਵਾਬ ਹਾਊਸ ਵਿਚ ਦਿੱਤਾ ਜਾਏ ਉਸ ਲਈ ਇਨਫਰਮੇਸ਼ਨ ਠੀਕ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਕਰਨ ਨਾਲ ਮਨਿਸਟਰ ਤੋਂ ਮੈਂਬਰ ਸਾਹਿਬ ਨੂੰ ਇਨਫਰਮੇਸ਼ਨ ਠੀਕ ਮਿਲ ਸਕਦੀ ਹੈ । (ਥੰਪਿੰਗ)

PAPERS LAID ON THE TABLE

Finance Minister (Doctor Kewal Krishan) : Sir, I beg to lay on the Table the Annual Reports and Accounts of the Punjab State Board for the Prevention and Control of Water Pollution, Patiala, for the years from 1975-76 to 1979-80, as required under sections 39(2) and 40(7) of the Water (Prevention and Control of Pollution) Act, 1974.

I also lay on the Table the Chapter II of part I of the Annual Report of the Local Audit Department, Punjab, for the year 1976-77.

JOINT RESOLUTION RE: AGRICULTURAL AND INDUSTRIAL PRICES

Mr. Speaker : Now discussion on joint Resolution regarding Agricultural and Industrial prices. Resolution to be moved by Shri Gopal Krishan Chatrath.

ਚਤਰਥ ਸਾਹਿਬ 5 ਮਿੰਟਾਂ ਵਿਚ ਖ਼ਤਮ ਕਰ ਦੇਣਾ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤੱਰਥ : ਮੇਰੇ ਦੋਸਤ ਦੀ ਡੈਥ ਹੋ ਗਈ ਹੈ। ਮੈਂ 15 ਮਿੰਟਾਂ ਤੋਂ ਵੱਧ ਸਮਾਂ ਨਹੀਂ ਲੈਣਾ।

ਸ਼੍ਰੀ ਸਪੀਕਰ : ਨਹੀਂ, ਤੁਸੀਂ ਪੰਜ ਮਿੰਟਾਂ ਵਿਚ ਖਤਮ ਕਰੋ।

ਸ਼੍ਰੀ ਗੋਪਾਲ ਕ੍ਰਿਸ਼ਨ ਚਤੱਰਥ (ਬਟਾਲਾ) : ਇਹ ਮਤਾ ਜਿਹੜਾ ਕਿ ਸਾਰੀਆਂ ਪਾਰਟੀਆਂ ਵਲੋਂ ਸਾਂਝਾ ਹੈ, ਉਸ ਨੂੰ ਮੈਂ ਹਾਊਸ ਵਿਚ ਮੂਵ ਕਰ ਰਿਹਾ ਹਾਂ।

Sir, I beg to move—

> That this House recommends to the State Government to approach the Government of India with the request that they should take immediate steps for establishing parity between the prices of industrial goods and agricultural produce so that the returns on all inputs including labour and capital are remunerative.

ਸਪੀਕਰ ਸਾਹਿਬ, ਇਹ ਮਤਾ ਸੋਚ ਸਮਝ ਕੇ ਸਾਰੀਆਂ ਪਾਰਟੀਆਂ ਵਲੋਂ ਆਇਆ ਹੈ ਜਿਸ ਵਿਚ ਸਾਰੇ ਪੰਜਾਬ ਦਾ ਇਕ ਸਮੁਚਾ ਹਿੱਤ ਹੈ ਕਿਉਂਕਿ ਪੰਜਾਬ ਇਕ ਖੇਤੀਬਾੜੀ ਪ੍ਰਧਾਨ ਪਰਾਂਤ ਹੈ ਔਰ ਇਥੋਂ ਦੀ 80% ਪਾਪੂਲੇਸ਼ਨ ਖੇਤੀਬਾੜੀ ਤੇ ਨਿਰਭਰ ਕਰਦੀ ਹੈ। ਇਸ ਲਈ ਪੰਜਾਬ ਦੇ ਲੋਕ ਬੜੇ ਹੱਕ-ਬਜਾਨਬ ਹਨ ਕਿ ਉਹ ਗੌਰਮਿੰਟ ਆਫ ਇੰਡੀਆ ਨੂੰ ਐਪਰੋਚ ਕਰਨ ਇਸ ਵਾਸਤੇ ਕਿ ਗੌਰਮਿੰਟ ਆਫ ਇੰਡੀਆ ਜਦੋਂ ਵੀ ਐਗਰੀਕਲਚਰਲ ਪਰੋਡਿਊਸ ਦੀ ਪ੍ਰਾਈਸਿਜ਼ ਫਿਕਸ ਕਰਦੀ ਹੈ ਤਾਂ ਉਨ੍ਹਾਂ ਨੂੰ ਪੈਰਿਟੀ ਰਖਣੀ ਚਾਹੀਦੀ ਹੈ between Agricultural produce and Industrial produce. ਕਹਿਣ ਦਾ ਭਾਵ ਹੈ ਕਿ ਜਦੋਂ ਖੰਡ ਦੀ ਪਰਾਈਸ ਵੱਧਦੀ ਹੈ ਤਾਂ ਉਸੇ ਰੇਸ਼ੋ ਨਾਲ ਗੰਨੇ ਦੇ ਭਾਅ ਵੱਧਣੇ ਚਾਹੀਦੇ ਹਨ। ਜਿਹੜੀ ਚੀਜ਼ ਦੀ ਉਪਜ ਵਿਚ ਵਾਧਾ ਹੋਇਆ ਹੈ ਉਸ ਦਾ ਬੈਨੀਫਿਟ ਪ੍ਰੋਡਿਊਸਰ ਨੂੰ ਜਾਣਾ ਚਾਹੀਦਾ ਹੈ। ਕਾਟਨ ਟੈਕਸਟਾਈਲ ਲੈ ਲਵੋ। ਕਪੜਾ ਪਰੋਡਿਊਸ ਕਰਨ ਵਿਚ 55% ਤੋਂ 60% ਕਪਾਹ ਦਾ ਰੋਲ ਹੈ। ਜਦੋਂ ਟੈਕਸਟਾਈਲ ਦੀਆਂ ਪਰਾਈਸਿਜ਼ ਕਾਨਸਟੈਂਟਲੀ ਰਾਈਜ਼ ਕਰਦੀਆਂ ਰਹੀਆਂ ਹਨ ਤਾਂ ਕਾਟਨ ਪ੍ਰਾਈਸ ਫਲਕਚੂਏਟ ਕਰਦੀ ਰਹੀ ਹੈ। ਇਹ 250/- ਔਰ 400/- ਦੇ ਦਰਮਿਆਨ ਫਲਕਚੂਏਟ ਕਰਦੀ ਰਹੀ ਹੈ। ਗੌਰਮਿੰਟ ਆਫ ਇੰਡੀਆ ਨੇ ਹੁਣ ਇਸ ਦਾ ਭਾਅ 330/- ਰੁਪਏ ਕੁਇੰਟਲ ਫਿਕਸ ਕੀਤਾ ਹੈ। ਮੈਂ ਸਮਝਦਾ ਹਾਂ ਕਿ ਕਿਸਾਨ ਨੂੰ ਮਾਰਕਿਟ ਵਿਚ ਸਪੋਰਟ ਪਰਾਈਸ ਵੱਧ ਦਿੱਤੀ ਜਾਏ ਨਾ ਕਿ ਜਿਹੜੀ ਪਰਾਈਸ ਮਾਰਕਿਟ ਵਿਚ ਵੱਧ ਮਿਲਦੀ ਹੈ ਉਨੀਂ ਵੀ ਸਰਕਾਰ ਉਸ ਨੂੰ ਨਾ ਦੇਵੇ।

ਮੈਂ ਸਮਝਦਾ ਹਾਂ ਕਿ ਇੰਡਸਟਰੀ ਦੀ ਜਿਹੜੀ ਡਿਵੈਲਪਮੈਂਟ ਹੋਈ ਹੈ, ਸਪੀਕਰ ਸਾਹਿਬ, ਉਸ ਦੀ ਮੇਨ ਚੀਜ਼ ਇਹੀ ਸੀ ਕਿ ਜਿਹੜੇ ਛੋਟੇ ਮੈਨੂਫੈਕਚਰਰਜ਼ ਪਰੋਡਿਊਸ ਕਰਦੇ ਸੀ ਉਸ ਲਈ ਗੌਰਮਿੰਟ ਦੀ ਜ਼ਿੰਮੇਵਾਰੀ ਸੀ ਕਿ ਉਹ ਉਨ੍ਹਾਂ ਦੀ ਸਾਰੀ ਦੀ ਸਾਰੀ ਪਰੋਡਿਊਸ ਨੂੰ ਪਰਚੇਜ਼ ਕਰੇ ਅਤੇ ਖੁਦ ਮਾਰਕੀਟਿੰਗ ਕਰੇ। ਇਸ ਤਰ੍ਹਾਂ ਇਸ ਪਾਸੇ ਵੀ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਆਫ ਇੰਡੀਆ ਨੇ ਐਗਰੀਕਲਚਰ ਨੂੰ ਇੰਡਸਟਰੀ ਮੰਨਿਆ ਹੈ ਲੇਕਿਨ ਬਦਕਿਸਮਤੀ ਇਹ ਹੈ ਕਿ ਨਾ ਹੀ ਗੌਰਮਿੰਟ ਆਫ ਇੰਡੀਆ ਅਤੇ ਨਾ ਹੀ ਦੂਜੇ ਸੂਬੇ ਇਸ ਨੂੰ ਇੰਡਸਟਰੀ ਮੰਨਦੇ ਹਨ। ਐਗਰੀਕਲਚਰ ਪਰੋਡਿਊਸ ਦੀ ਕੀਮਤ ਜਦੋਂ ਫਿਕਸ ਕੀਤੀ ਜਾਂਦੀ ਹੈ ਤਾਂ ਕਿਸੇ ਪ੍ਰਿੰਸੀਪਲ

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਨੂੰ ਮੁੱਖ ਰੱਖ ਕੇ ਨਹੀਂ ਕੀਤੀ ਜਾਂਦੀ। ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਜਿਸ ਵੇਲੇ ਕਿਸਾਨ ਦੀ ਪੈਦਾਵਾਰ ਦੀ ਕੀਮਤ ਮੁਕੱਰਰ ਕਰਨੀ ਹੁੰਦੀ ਹੈ ਤਾਂ ਅਸੀਂ ਮੇਨ ਫਾਰਮੂਲਾ ਲੈਂਦੇ ਹਾਂ ਕਾਸਟ ਆਫ ਕਲਟੀਵੇਸ਼ਨ ਦਾ। ਇਹ ਕਿਥੋਂ ਤੱਕ ਕਾਮਯਾਬ ਹੈ ਅਤੇ ਇਹ ਕਿਥੋਂ ਤੱਕ ਕਿਸਾਨ ਨੂੰ ਪੂਰਾ ਇਨਸਾਫ ਦਿੰਦਾ ਹੈ, ਸਪੀਕਰ ਸਾਹਿਬ, ਮੈਂ ਤੁਹਾਨੂੰ ਅੰਕੜੇ ਦੇ ਕੇ ਦੱਸਣਾ ਚਾਹੁੰਦਾ ਹਾਂ। ਅਸੀਂ 3-4 ਫੈਕਟਰਜ਼ ਲੈਂਦੇ ਹਾਂ। ਸਭ ਤੋਂ ਪਹਿਲਾਂ ਅਸੀਂ cost of all kinds of labour ਲੈਂਦੇ ਹਾਂ। ਸੈਕੰਡ ਅਸੀਂ ਲੈਂਦੇ ਹਾਂ cost of inputs. ਥਰਡ ਆਉਂਦਾ ਹੈ cost of fixed capital. ਉਸ ਦੇ ਬਾਅਦ, ਸਪੀਕਰ ਸਾਹਿਬ, ਰਿਸਕ ਆਉਂਦਾ ਹੈ। ਫਿਰ ਟ੍ਰਾਂਸਪੋਰਟ ਚਾਰਜਿਜ਼ ਆਉਂਦੇ ਹਨ। ਇਨ੍ਹਾਂ ਚਾਰ ਪੰਜ ਚੀਜ਼ਾਂ ਨੂੰ ਸਾਹਮਣੇ ਰੱਖਿਆ ਜਾਂਦਾ ਹੈ ਅਤੇ ਫਿਰ ਭਾਅ ਮੁਕੱਰਰ ਕੀਤਾ ਜਾਂਦਾ ਹੈ। ਫਿਰ ਜਦ ਕਿਸਾਨ ਨੇ ਆਪਣੀ ਪੈਦਾਵਾਰ ਵੇਚਣੀ ਹੁੰਦੀ ਹੈ ਤਾਂ ਉਸ ਦਾ ਭਾਅ ਸਸਤਾ ਹੁੰਦਾ ਹੈ ਪਰ ਜਦ ਉਹ ਖਰੀਦਦਾ ਹੈ ਤਾਂ ਉਸ ਨੂੰ ਮਹਿੰਗੇ ਭਾਅ ਖਰੀਦਣੀ ਪੈਂਦੀ ਹੈ। ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਕਿਸਾਨਾਂ ਨੂੰ ਅੱਗੇ ਨਾਲੋਂ ਜ਼ਿਆਦਾ ਇਨਸਾਫ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਨਹੀਂ ਕਹਿੰਦਾ ਕਿ ਪੂਰਾ ਇਨਸਾਫ ਮਿਲ ਗਿਆ ਹੈ ਲੇਕਿਨ ਕੋਸ਼ਿਸ਼ ਕੀਤੀ ਹੈ ਅਤੇ ਕੀਤੀ ਜਾ ਰਹੀ ਹੈ।

ਸ਼੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ। ਬਰਨਾਲਾ ਜੀ ਨੇ ਬੋਲਣਾ ਹੈ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਨੂੰ 15-20 ਮਿੰਟ ਦੇ ਦਿਓ। ਜਦ ਕੋਈ ਮੈਂਬਰ 2-4 ਘੰਟੇ ਲਾ ਕੇ ਚੀਜ਼ ਤਿਆਰ ਕਰਕੇ ਆਉਂਦਾ ਹੈ ਤਾਂ ਉਸ ਨੂੰ ਬੋਲਣ ਲਈ ਐਨਕਰੇਜ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਗਰ ਅਸੀਂ ਬੇਸ ਮੰਨ ਲਈਏ 1977-78 ਵਿਚ ਜਿਹੜੀ ਪਰਾਈਸ ਐਗਰੀਕਲਚਰ ਕਮਿਸ਼ਨ ਨੇ ਸਾਨੂੰ ਦਿੱਤੀ ਸੀ, ਉਹ ਸੀ 108 ਰੁਪਏ 51 ਪੈਸੇ। ਉਸ ਦੇ ਬਾਅਦ ਮਹਿੰਗਾਈ ਦੇ ਕਾਰਨ 17 ਰੁਪਏ 65 ਪੈਸੇ, ਸਪੀਕਰ ਸਾਹਿਬ, ਸਾਡੀ ਇਨਪੁਟਸ ਦੀ ਕਾਸਟ ਵਧੀ। ਫਿਰ 3% ਰਿਸਕ ਵੀ ਹੈ, ਕਿਸਾਨ ਦੀ ਫਸਲ ਮਰ ਜਾਂਦੀ ਹੈ, ਗੜੇ ਪੈ ਜਾਂਦੇ ਹਨ। ਫਿਰ ਵਿਉਪਾਰੀ ਕਿਸਾਨ ਦੀ ਫਸਲ ਘਰ ਤੋਂ ਨਹੀਂ ਲੈ ਜਾਂਦਾ ਸਗੋਂ ਕਿਸਾਨ ਨੂੰ ਮੰਡੀ ਫਸਲ ਲੈ ਕੇ ਜਾਣਾ ਪੈਂਦਾ ਹੈ। ਇਸ ਤਰ੍ਹਾਂ 3/- ਰੁਪਏ ਕੁਇੰਟਲ ਦੇ ਹਿਸਾਬ ਨਾਲ ਕਿਸਾਨ ਨੂੰ ਟਰਾਂਸਪੋਰਟ ਦਾ ਖਰਚ ਪੈ ਜਾਂਦਾ ਹੈ। ਇਸ ਤਰ੍ਹਾਂ ਇਹ ਸਾਰਾ ਕੁਝ ਵਿਚ ਪਾ ਕੇ ਗਿਣਿਆ ਜਾਵੇ ਜੋ ਕਾਸਟ ਆਫ ਪਰੋਡਕਸ਼ਨ ਦੇ ਆਧਾਰ ਦੇ ਉਤੇ ਕਿਸਾਨ ਦੀ ਕਣਕ ਦਾ ਮੁਲ ਕਢਿਆ ਜਾਵੇ ਤਾਂ ਕਿਸਾਨ ਦੀ ਕਣਕ ਦਾ ਭਾਅ 141 ਰੁਪਏ 84 ਪੈਸੇ ਪਰ ਕੁਇੰਟਲ ਬਣ ਜਾਂਦਾ ਹੈ। ਸਪੀਕਰ ਸਾਹਿਬ, ਹੁਣ ਕੁਝ ਦਿਨਾਂ ਤੋਂ ਡੀਜ਼ਲ 65 ਪੈਸੇ ਪਰ ਲਿਟਰ ਮਹਿੰਗਾ ਹੋ ਗਿਆ ਹੈ। ਇਸ ਹਿਸਾਬ ਨਾਲ ਭਾਅ ਹੋਰ ਵੀ ਵੱਧ ਹੋਣਾ ਚਾਹੀਦਾ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਜੋ ਕਿਸਾਨ ਨੂੰ ਭਾਅ ਦਿੱਤਾ ਜਾਂਦਾ ਹੈ ਉਸ ਨਾਲ ਨਾ ਉਸ ਨੂੰ ਫਾਇਦਾ ਹੁੰਦਾ ਹੈ ਅਤੇ ਨਾ ਨੁਕਸਾਨ ਹੁੰਦਾ ਹੈ। ਜਿਹੜਾ ਫਾਰਮੂਲਾ ਮੈਂ ਦੱਸਿਆ ਹੈ ਅਗਰ ਉਸ ਫਾਰਮੂਲੇ ਨਾਲ ਚੱਲਿਆ ਜਾਵੇ ਤਾਂ ਕਿਸਾਨ ਨੂੰ ਆਉਂਦੇ ਸਾਲ 143/- ਰੁਪਏ ਪ੍ਰਤੀ ਕੁਇੰਟਲ ਦਾ ਭਾਅ ਮਿਲਣਾ ਚਾਹੀਦਾ ਹੈ। (ਤਾੜੀਆਂ) ਸਪੀਕਰ ਸਾਹਿਬ, ਹੁਣ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਅਗਰ ਇਨਪੁੱਟਸ

ਪ੍ਰਾਈਸ ਇੰਡੈਕਸ ਦੇ ਨਾਲ ਕਣਕ ਦਾ ਭਾਅ ਕੱਢਿਆ ਜਾਵੇ ਤਾਂ ਕੀ ਬਣਦਾ ਹੈ। ਅਗਰ 1977 ਦੇ ਵਿਚ ਜਿਹੜੀ ਕਾਸਟ ਆਫ ਇਨਪੁਟਸ ਦੀ ਸੀ ਉਹ 212 ਰੁਪਏ 5 ਪੈਸੇ ਸੀ ਤਾਂ ਉਦੋਂ ਕਣਕ ਦੀ ਕੀਮਤ ਸੀ 108 ਰੁਪਏ 57 ਪੈਸੇ। ਹੁਣ 1980 ਵਿਚ ਕਾਸਟ ਆਫ ਇਨਪੁਟਸ 252 ਰੁਪਏ 4 ਪੈਸੇ ਹੋ ਗਈ ਹੈ ਅਤੇ ਇਸ ਤਰ੍ਹਾਂ ਕਣਕ ਦਾ ਭਾਅ 128 ਰੁਪਏ 73 ਪੈਸੇ ਬਣਦਾ ਹੈ। ਜੇ ਇਸ ਵਿਚ ਰਿਸਕ ਐਡ ਕੀਤਾ ਜਾਵੇ ਅਤੇ ਟਰਾਂਸਪੋਰਟ ਚਾਰਜਿਜ਼ ਐਡ ਕੀਤੇ ਜਾਣ ਤਾਂ ਇਸ ਫਾਰਮੂਲੇ ਨਾਲ ਕਿਸਾਨ ਨੂੰ ਭਾਅ 144/- ਰੁਪਏ ਪ੍ਰਤੀ ਕੁਇੰਟਲ ਮਿਲਣਾ ਚਾਹੀਦਾ ਹੈ। ਹੁਣ ਮੈਂ ਤੀਜਾ ਫਾਰਮੂਲਾ ਲੈਂਦਾ ਹਾਂ। ਕਿਉਂਕਿ ਕਿਸਾਨ ਕੰਜ਼ਿਊਮਰ ਵੀ ਹੈ, ਇਸ ਲਈ ਕੰਜ਼ਿਊਮਰ ਪ੍ਰਾਈਸ ਇੰਡੈਕਸ ਨਾਲ ਉਸ ਨੂੰ ਰਿਲੇਟ ਕਰਨਾ ਹੈ। 1979-80 ਵਿਚ ਕਿਸਾਨ ਨੂੰ ਕਣਕ ਦਾ ਭਾਅ 117 ਰੁਪਏ ਕਲਟੀਵੇਸ਼ਨ ਕਾਸਟ ਕੱਢ ਕੇ ਮਿਲਿਆ। 11 ਰੁਪਏ ਕੁਇੰਟਲ ਦੇ ਹਿਸਾਬ ਨਾਲ ਕਿਸਾਨ ਨੂੰ ਇਨਪੁਟਸ ਦੀਆਂ ਕੀਮਤਾਂ ਵੱਧਣ ਕਾਰਨ ਹੋਰ ਦੇਣੇ ਪਏ ਅਤੇ ਇਸ ਤਰ੍ਹਾਂ ਇਹ ਭਾਅ 128 ਰੁਪਏ ਬਣ ਗਿਆ। ਕਿਸਾਨ ਪਰੋਡਿਊਸਰ ਵੀ ਹੈ ਅਤੇ ਕੰਜ਼ਿਊਮਰ ਵੀ ਹੈ। ਅਗਰ ਕੰਜ਼ਿਊਮਰ ਪ੍ਰਾਈਸ ਇੰਡੈਕਸ ਦੇ ਅਧਾਰ ਤੇ ਸੈਟ ਅੱਪ ਕਰਨੀ ਹੋਵੇ ਤਾਂ ਕਾਸਟ ਆਫ ਕੰਜ਼ਿਊਮਰ ਪ੍ਰਾਈਸ ਇੰਡੈਕਸ 1979 ਵਿਚ 246/- ਰੁਪਏ ਸੀ ਜੋ ਕਿ ਸਤੰਬਰ, 1980 ਵਿਚ 268/- ਰੁਪਏ ਹੋ ਗਈ। 12% ਕੰਜ਼ਿਊਮਰ ਇੰਡੈਕਸ ਰਾਈਜ਼ ਕਰ ਗਿਆ। ਇਸ ਤਰ੍ਹਾਂ ਜੇ ਅਸੀਂ ਕਿਸਾਨ ਨੂੰ ਉਸ ਦਾ ਬਣਦਾ ਹੱਕ ਦੇਣਾ ਹੋਵੇ ਤਾਂ, ਸਪੀਕਰ ਸਾਹਿਬ, ਫੀ ਕੁਇੰਟਲ 15 ਰੁਪਏ 36 ਪੈਸੇ ਉਸ ਨੂੰ ਹੋਰ ਦੇਣੇ ਪੈਣਗੇ। ਇਸ ਤਰ੍ਹਾਂ ਟੋਟਲ 143 ਰੁਪਏ 36 ਪੈਸੇ ਭਾਅ ਬਣਦਾ ਹੈ। ਉਸ ਦੇ ਬਾਅਦ ਇਕ ਹੋਰ ਫਾਰਮੂਲਾ ਹੈ। ਕਿਸਾਨ ਕਣਕ ਬੀਜਦਾ ਹੈ, ਝੋਨਾ ਬੀਜਦਾ ਹੈ। ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਦੀ ਭੁੱਖ ਮਰੀ ਦੂਰ ਕੀਤੀ ਹੈ ਅਤੇ ਜਿਹੜੀ ਕਣਕ ਬਾਹਰੋਂ ਮੰਗਵਾਈ ਜਾਂਦੀ ਸੀ ਇਹ ਪੰਜਾਬ ਦੇ ਕਿਸਾਨ ਨੇ ਮੰਗਵਾਉਣੀ ਬੰਦ ਕੀਤੀ ਹੈ। ਜੇ ਇਸ ਦਾ ਮੁਕਾਬਲਾ ਅਦਰ ਦੈਨ ਵੀਟ ਅਤੇ ਪੈਡੀ ਪਰੋਡਿਊਸ ਕਰਨ ਵਾਲਿਆਂ ਨਾਲ ਕੀਤਾ ਜਾਵੇ ਤਾਂ ਜਿਵੇਂ ਕਿਸਾਨ ਨੂੰ 1971-72 ਵਿਚ 76/- ਰੁਪਏ ਪ੍ਰਤੀ ਕੁਇੰਟਲ ਦਾ ਭਾਅ ਮਿਲਦਾ ਸੀ ਤਾਂ ਅਦਰ ਕਮੋਡਿਟੀਜ਼ ਪੈਦਾ ਕਰਨ ਵਾਲਿਆਂ ਨੂੰ ਜੇ ਉਸ ਵੇਲੇ 100/- ਰੁਪਿਆ ਭਾਅ ਮਿਲਦਾ ਸੀ ਤਾਂ ਉਸ ਦਾ ਅੱਜ ਭਾਅ 203/- ਰੁਪਏ ਹੋ ਗਿਆ ਹੈ।

ਤੇ ਇਸ ਦਾ ਮਤਲਬ ਇਹ ਹੈ ਕਿ ਜੇ ਉਸ ਫਾਰਮੂਲੇ ਨਾਲ ਗਿਣੀਏ ਤਾਂ ਕਿਸਾਨ ਨੂੰ 153 ਰੁਪਏ 79 ਪੈਸੇ ਮਿਲਣੇ ਚਾਹੀਦੇ ਹਨ। (ਇਕ ਆਵਾਜ਼ : ਬਹੁਤ ਅੱਛੀ ਗੱਲ ਕਹਿ ਰਹੇ ਹੋ) ਸਪੀਕਰ ਸਾਹਿਬ, ਮੈਂ ਕਿਸਾਨ ਦਾ ਜ਼ਿਕਰ ਕਰ ਰਿਹਾ ਸੀ। ਜਿਹੜਾ ਹੁਣ ਰੈਜ਼ੋਲਿਊਸ਼ਨ ਸਾਡੇ ਸਾਹਮਣੇ ਹੈ, ਸਰਦਾਰ ਸੁਖਜਿੰਦਰ ਸਿੰਘ ਜੀ, ਜ਼ਰਾ ਧਿਆਨ ਨਾਲ ਸੁਣੋ, ਉਸ ਦੇ ਮੁਤੱਲਕ ਹੀ ਮੈਂ ਕਹਿਣਾ ਚਾਹੁੰਦਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇੰਡਸਟਰੀਅਲ ਆਊਟ ਪੁਟਸ ਦੀਆਂ ਕੀਮਤਾਂ ਦਾ ਕਿੰਨਾ ਫਰਕ ਪਿਆ ਅਤੇ ਐਗਰੀਕਲਚਰਲ ਪ੍ਰੋਡਿਊਸ ਦੀਆਂ ਕੀਮਤਾਂ ਦਾ ਕਿੰਨਾ ਫਰਕ ਪਿਆ ਅਤੇ ਫੀ ਕੁਇੰਟਲ ਕੀ ਮਿਲਣਾ ਚਾਹੀਦਾ ਹੈ, ਉਹ ਵੀ ਜ਼ਰਾ ਸੁਣ ਲਓ। ਸਪੀਕਰ ਸਾਹਿਬ, ਪ੍ਰਾਈਸ ਅਗਰ 1970-71 ਵਿਚ 100/- ਰੁਪਿਆ ਮੰਨ ਲਈਏ ਤਾਂ ਕਿਸਾਨ ਨੂੰ 176/- ਰੁਪਏ ਮਿਲਣੇ ਚਾਹੀਦੇ ਹਨ। (ਥੰਪਿੰਗ) (ਇਕ ਆਵਾਜ਼ : ਚੌਧਰੀ ਸਾਹਿਬ, ਸੁਣ ਲਓ ਠੀਕ ਸਲਾਹ ਦੇ ਰਹੇ ਹਨ) ਸਪੀਕਰ ਸਾਹਿਬ, ਵ੍ਹੀਟ ਜਿਹੜੀ ਹੈ ਜਾਂ ਐਗਰੀਕਲਚਰਲ ਪ੍ਰੋਡਿਊਸ ਜਿਹੜੀ ਹੈ ਉਸ ਦੀ ਕੀਮਤ ਜੇ ਪਹਿਲਾਂ 100/- ਰੁਪਏ ਸੀ ਤਾਂ ਹੁਣ ਹੋਈ ਹੈ 193 ਰੁਪਏ 53 ਪੈਸੇ ਪਰ ਇਸ ਦੇ ਮੁਕਾਬਲੇ ਵਿਚ

[ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ]

ਇੰਡਸਟਰੀਅਲ ਗੁਡਜ਼ ਦੀ ਕੀਮਤ ਜਿਥੇ 100/- ਰੁਪਏ ਸੀ ਹੁਣ ਹੋਈ ਹੈ 218/- ਰੁਪਏ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਚਾਰ ਪੰਜ ਫਾਰਮੂਲੇ ਹਨ ਇਨ੍ਹਾਂ ਨੂੰ ਕੈਲਕੂਲੇਟ ਕਰੋ ਅਤੇ ਫਿਰ ਕੀਮਤ ਮੁਕੱਰਰ ਕਰੋ। ਦੂਸਰੇ ਪਾਸੇ ਮੈਂ ਲੈਂਦਾ ਹਾਂ ਇਨਟ੍ਰੱਸਟ ਲੋਕਾਂ ਦਾ ਜਿਨ੍ਹਾਂ ਦੀ ਫਿਕਸਡ ਇਨਕਮ ਹੈ। ਜਿਹੜਾ ਵਰਕਰ ਹੈ, ਜਿਹੜਾ ਕਿਸਾਨ ਹੈ ਉਹ ਕਿੰਨੇ ਪਰਸੈਂਟ ਹੈ ਜਿਹੜਾ ਆਪਣੀ ਪ੍ਰੋਡਿਊਸ ਮਾਰਕਿਟ ਵਿਚ ਵੇਚਦਾ ਹੈ। ਮੈਂ ਬਟਾਲਾ ਦਾ ਰਹਿਣ ਵਾਲਾ ਹਾਂ। ਅਸੀਂ ਫੈਸਲਾ ਕੀਤਾ ਹੈ ਕਿ 3/- ਰੁਪਏ ਕੁਇੰਟਲ ਸ਼ੂਗਰ ਕੇਨ ਦੇ ਕਿਸਾਨ ਨੂੰ ਹੋਰ ਦਿੱਤੇ ਜਾਣ ਉਸ ਅਮਾਊਂਟ ਵਿਚੋਂ ਜਿਹੜੀ ਇਨਟੈਰਿਮ ਪ੍ਰਾਈਸ ਹੈ। ਤੁਸੀਂ ਸਪੀਕਰ ਸਾਹਿਬ, ਹੈਰਾਨ ਹੋਵੋਗੇ 22 ਲੱਖ ਰੁਪਿਆ ਵੰਡਿਆ ਗਿਆ ਔਰ ਜਿਹੜਾ 22 ਲੱਖ ਰੁਪਿਆ ਵੰਡਿਆ ਗਿਆ ਉਸ 22 ਲੱਖ ਰੁਪਏ ਵਿਚੋਂ 15% ਲੋਕ ਐਸੇ ਹਨ ਜਿਹੜੇ 85% ਅਮਾਊਂਟ ਲੈ ਗਏ। (ਵਿਘਨ) ਪੰਜਾਬ ਦੇ ਵਿਚ ਪੰਜ ਲਖ ਦੇ ਕਰੀਬ ਗੌਰਮਿੰਟ ਇਮਪਲਾਈਜ਼ ਹਨ ਔਰ 20 ਲੱਖ ਦੇ ਕਰੀਬ ਗਰੀਬ ਮਜ਼ਦੂਰਾਂ ਦੇ ਪ੍ਰੀਵਾਰ ਹਨ ਜੋ ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਇਨ੍ਹਾਂ ਚੀਜ਼ਾਂ ਨੂੰ ਜੇ ਵਿਚਕਾਰ ਵਿਚਕਾਰ ਰਖਿਆ ਜਾਵੇ ਅਤੇ ਜਿਹੜੀ ਕਣਕ ਦੀ ਪ੍ਰਾਈਸ 143/- ਰੁਪਏ ਕੱਢੀ ਹੈ ਜੇ ਇਸ ਤੋਂ ਘੱਟ ਹੋਵੇ ਤਾਂ ਇਹ ਪੰਜਾਬ ਦੀ ਬਦਕਿਸਮਤੀ ਹੋਵੇਗੀ। (ਥੰਪਿੰਗ) ਸਾਨੂੰ ਇਸ ਗੱਲ ਨੂੰ ਮੰਨਣਾ ਚਾਹੀਦਾ ਹੈ। ਇਸ ਦੇ ਇਲਾਵਾ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਹੈ ਇਸ ਨੇ ਕੀ ਕੀਤਾ ਹੈ। ਗੰਨੇ ਦੇ ਵਿਚ ਤੁਸੀਂ ਦੇਖਿਆ ਹੋਵੇਗਾ ਕਿ 60 ਕਰੋੜ 53 ਲੱਖ ਰੁਪਿਆ ਕਿਸਾਨ ਨੂੰ ਪਿਛਲੇ ਸਾਲਾਂ ਨਾਲ ਕਮਪੈਰੀਜ਼ਨ ਕਰਦਿਆਂ ਹੋਇਆਂ ਇਸ ਨੇ ਦਿੱਤਾ ਹੈ। ਲੇਕਿਨ ਮੈਂ ਇਹ ਨਹੀਂ ਕਹਿੰਦਾ ਕਿ ਕਾਸਟ ਆਫ਼ ਪ੍ਰੋਡਕਸ਼ਨ ਇਸ ਦੀ ਨਹੀਂ ਵੱਧੀ। ਇਨਪੁਟਸ ਦੀ ਕੀਮਤ ਵੱਧੀ ਹੈ, ਲੇਬਰ ਚਾਰਜਿਜ਼ ਵੱਧੇ ਹਨ। ਫਰਟੇਲਾਈਜ਼ਰ ਦੀ ਕੀਮਤ ਵੱਧਣ ਨਾਲ ਪੰਜਾਬ ਦੇ ਕਿਸਾਨ ਨੂੰ 22 ਕਰੋੜ 53 ਲੱਖ ਰੁਪਿਆ ਪਿਛਲੇ ਸਾਲਾਂ ਨਾਲੋਂ ਵੱਧ ਦੇਣਾ ਪਿਆ। ਡੀਜ਼ਲ ਵਿਚ 8.97 ਕਰੋੜ ਰੁਪਿਆ ਦੇਣਾ ਪਿਆ। 31.50 ਕਰੋੜ ਰੁਪਿਆ ਕਿਸਾਨ ਨੂੰ ਪਿਛਲੇ ਸਾਲਾਂ ਨਾਲੋਂ ਵੱਧ ਖਰਚਣਾ ਪਿਆ। ਇਸ ਦਾ ਮਤਲਬ ਇਹ ਹੈ ਕਿ ਪੈਡੀ ਵਿਚ ਕਿਸਾਨ ਨੂੰ 29.3 ਕਰੋੜ ਰੁਪਿਆ ਨੈਟ ਮਿਲਿਆ ਹੈ। ਸਪੀਕਰ ਸਾਹਿਬ, ਇਸ ਕਰਕੇ ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ, ਦੋ ਚੀਜ਼ਾਂ ਦੀ ਮੰਗ ਕਰਾਂਗਾ। ਸਾਨੂੰ ਤਿੰਨ ਚੀਜ਼ਾਂ ਨਾਲ ਬੈਲੈਂਸ ਕਰਨਾ ਚਾਹੀਦਾ ਹੈ। ਪਹਿਲੇ ਨੰਬਰ ਤੇ ਹੈ ਪ੍ਰੋਡਿਊਸਰ। It should be divided between three categories. ਪਹਿਲਾ ਪ੍ਰੋਡਿਊਸਰ ਉਹ ਜਿਹੜਾ ਪ੍ਰੋਡਿਊਸ ਦੀ ਬਹੁ ਗਿਣਤੀ ਮਾਰਕਿਟ ਕਰਦਾ ਹੈ। ਦੂਸਰਾ ਉਹ ਜਿਹੜਾ ਕਾਫੀ ਪ੍ਰੋਡਿਊਸ ਆਪਣੇ ਇਸਤੇਮਾਲ ਵਾਸਤੇ ਰੱਖ ਸਕਦਾ ਹੈ। ਤੀਸਰਾ ਉਹ ਹੈ ਜਿਹੜਾ ਕਿਸਾਨ, ਖੇਤ ਮਜ਼ਦੂਰ, ਵਰਕਰ, ਕਿਸਾਨ ਨੂੰ ਪੈਦਾਵਾਰ ਕਰਨ ਵਿਚ, ਦੌਲਤ ਵਧਾਉਣ ਵਿਚ ਮਦਦ ਕਰਦਾ ਹੈ। ਨੰਬਰ ਦੋ ਸੈਲਫ ਕਲਟੀਵੇਟਰ ਹੈ ਔਰ ਇਸ ਦੇ ਵਿਚ ਉਸ ਨੂੰ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਰਿਮਨਰੇਟਿਵ ਪ੍ਰਾਈਸ ਕਰਕੇ ਜੋ ਵਾਧਾ ਹੈ ਇਸ ਵਾਧੇ ਦਾ ਬੈਨਿਫਿਟ ਖੇਤ ਮਜ਼ਦੂਰ ਨੂੰ ਵੀ ਜਾਣਾ ਚਾਹੀਦਾ ਹੈ।

ਇਕ ਗੱਲ ਦਾ, ਸਪੀਕਰ ਸਾਹਿਬ, ਮੈਂ ਜ਼ਰੂਰ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਜਿੰਨੇ ਵੀ ਸਾਡੇ ਕਿਸਾਨ ਭਰਾ ਹਨ ਜੋ ਆਪਣੇ ਟਰੈਕਟਰਜ਼ ਵਗੈਰਾ ਲੈਂਦੇ

ਹਨ ਜੇ ਮੈਂ ਉਸ ਦਾ ਕਮਪੈਰੀਜ਼ਨ ਕਰਕੇ ਦੱਸਾਂ ਕਿ ਕਿਸ ਕਿਸ ਵੇਲੇ ਕਿੰਨੀ ਕਿੰਨੀ ਕਾਸਟ ਵੱਧੀ ਹੈ ਤਾਂ, ਤੁਸੀਂ, ਸਪੀਕਰ ਸਾਹਿਬ, ਹੈਰਾਨ ਰਹਿ ਜਾਵੋਗੇ। (ਇਕ ਆਵਾਜ਼ : ਆਧਾਰ ਜੋ ਲਏ ਹਨ ਉਨ੍ਹਾਂ ਆਧਾਰ ਤੇ ਹੀ ਗੱਲ ਕਰਨਾ) ਪ੍ਰਾਈਸ ਆਫ਼ ਟਰੈਕਟਰਜ਼, ਸਪੀਕਰ ਸਾਹਿਬ, 1976 ਤੋਂ 1981 ਤੱਕ 52.3% ਵੱਧੀ ਹੈ। ਇਸੇ ਤਰ੍ਹਾਂ ਇਲੈਕਟ੍ਰਿਕ ਮੋਟਰ ਦੀ ਪ੍ਰਾਈਸ ਵੱਧੀ 33.8% ਔਰ ਫਰਟੇਲਾਈਜ਼ਰ ਦੀ ਕੀਮਤ ਵੱਧੀ 23.7%। ਲੇਬਰ ਦੀ ਕਾਸਟ ਵੱਧੀ 22.5%। ਇਥੇ ਆ ਕੇ ਮਾੜਾ ਜਿਹਾ ਦੁੱਖ ਆਉਂਦਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਪ੍ਰਾਈਸ ਫਿਕਸ ਕਰਦਿਆਂ ਇਨ੍ਹਾਂ ਗੱਲਾਂ ਵੱਲ ਧਿਆਨ ਰਖਿਆ ਜਾਣਾ ਚਾਹੀਦਾ ਹੈ। (ਥੰਪਿੰਗ)

ਅੰਤ ਵਿਚ ਮੈਂ, ਸਪੀਕਰ ਸਾਹਿਬ, ਤੁਹਾਡੇ ਕੋਲ, ਸਾਰੇ ਹਾਊਸ ਕੋਲ ਅਪੀਲ ਕਰਦਾ ਹਾਂ ਕਿ ਇਸ ਮਤੇ ਨੂੰ ਯੂਨਾਨੀਮਸਲੀ ਪਾਸ ਕਰਕੇ ਇਥੋਂ ਘਲੀਏ ਅਤੇ ਗੌਰਮਿੰਟ ਆਫ਼ ਇੰਡੀਆ ਨੂੰ ਰਿਕੁਐਸਟ ਕਰੀਏ ਕਿ ਉਹ ਪੈਰਿਟੀ ਲਿਆਉਣ ਲਈ ਜਲਦੀ ਤੋਂ ਜਲਦੀ ਕਦਮ ਚੁੱਕੇ। ਸਾਨੂੰ ਦੇਖਣਾ ਚਾਹੀਦਾ ਹੈ ਕਿ ਕਿਸ ਤਰਫ਼ ਸਾਡਾ ਪੜ੍ਹਿਆ ਲਿਖਿਆ ਨੌਜਵਾਨ ਜਾਬਜ਼ ਲੈਣ ਲਈ ਨਸਿਆ ਜਾਂਦਾ ਹੈ। ਸਪੀਕਰ ਸਾਹਿਬ, ਇੰਡਸਟਰੀ ਲਾਉਣ ਲਈ ਵੀ ਹਰ ਬੰਦਾ ਚਾਹੁੰਦਾ ਹੈ ਕਿ ਮੈਨੂੰ ਪਲਾਟ ਮਿਲ ਜਾਵੇ ਤੇ ਮੈਂ ਪਲਾਟ ਲੈ ਕੇ ਇੰਡਸਟਰੀ ਲਾ ਲਵਾਂ।

ਪਰ ਐਗਰੀਕਲਚਰ ਵੱਲ ਕਿਸੇ ਦਾ ਇਨਟਰੈਸਟ ਨਹੀਂ। ਮੇਰਾ ਆਪਣਾ ਛੋਟਾ ਭਾਈ ਬੀ.ਐਸ.ਸੀ. ਐਗਰੀਕਲਚਰ ਕਰਨ ਦੇ ਬਾਅਦ ਮੈਨੂੰ ਕਹਿੰਦਾ ਹੈ ਕਿ ਮੈਨੂੰ ਕੋਈ ਨੌਕਰੀ ਕਰਾ ਦੇ, ਮੈਥੋਂ ਨਹੀਂ ਇਹ ਪੁਆੜੇ ਹੁੰਦੇ। So the programme should be chalked out in such a way as to attract young men to this trade. The day we succeed in it only then we can serve this great State. With these words, I thank you very much.

Mr. Speaker : Motion moved—

> That this House recommends to the State Government to approach the Government of India with the request that they should take immediate steps for establishing parity between the prices of industrial goods and agricultural produce so that the returns on all inputs including labour and capital are remunerative.

ਸਰਦਾਰ ਸੁਰਜੀਤ ਸਿੰਘ ਬਰਨਾਲਾ (ਬਰਨਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਟਾਈਮ ਦਿੱਤਾ ਹੈ। ਇਸ ਮੱਤੇ ਦੀ ਕਿੰਨੀ ਇੰਪਾਰਟੈਂਸ ਹੈ ਉਹ ਚੱਤਰਥ ਸਾਹਿਬ ਨੇ ਦੱਸੀ ਹੈ ਅਤੇ ਇਸੇ ਕਾਰਨ ਸਾਰੀਆਂ ਪਾਰਟੀਆਂ ਨੇ ਰਲ ਕੇ ਸਾਂਝੇ ਤੌਰ ਤੇ ਮੱਤਾ ਲਿਆਂਦਾ ਹੈ। ਜਿਸ ਤਰ੍ਹਾਂ ਚੱਤਰਥ ਜੀ ਨੇ ਅਪੀਲ ਕੀਤੀ ਹੈ ਕਿ ਸਾਰੀਆਂ ਪਾਰਟੀਆਂ ਇਕੱਠੀਆਂ ਹੋ ਕੇ ਇਸ ਮੱਤੇ ਨੂੰ ਯੂਨਾਨੀਮਸਲੀ ਪਾਸ ਕਰਨ। ਮੈਂ ਵੀ ਮਾਨਯੋਗ ਮੈਂਬਰਾਂ ਅੱਗੇ ਇਹੀ ਅਪੀਲ ਕਰਦਾ ਹਾਂ।

ਕਿਸਾਨ ਅੱਜ ਸਾਰੇ ਹਿੰਦੁਸਤਾਨ ਵਿਚ ਐਜੀਟੇਟਿਡ ਹੈ। ਹਰ ਸੂਬੇ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਐਜੀਟੇਸ਼ਨ ਚਲੀ ਹੋਈ ਹੈ। ਕਿਸਾਨ ਦਾ ਧੰਧਾ ਐਸਾ ਹੈ ਕਿ ਉਸ ਨੂੰ ਬਹੁਤ ਸਮਾਂ ਗਵਾਉਣ ਵਾਸਤੇ ਨਹੀਂ ਮਿਲਦਾ, ਇਸ ਲਈ ਜੇ ਉਹ ਕਿਤੇ ਐਜੀਟੇਸ਼ਨ ਕਰਦਾ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਹੈ ਤਾਂ ਉਹ ਬਹੁਤ ਮਜਬੂਰ ਹੋ ਕੇ ਕਰਦਾ ਹੈ । ਵੱਖ ਵੱਖ ਥਾਵਾਂ ਤੇ ਵੱਖ ਵੱਖ ਮਜਬੂਰੀਆਂ ਆਈਆਂ, ਇਸ ਕਰਕੇ ਇਸ ਕਿਸਮ ਦੇ ਅੰਦੋਲਨ ਚਲੇ, ਕਿਤੇ ਕਿਸੇ ਕਿਸਮ ਦਾ ਅਤੇ ਕਿਤੇ ਕਿਸੇ ਕਿਸਮ ਦਾ । ਇਸ ਦੇ ਕੁਝ ਨਤੀਜੇ ਸਿਆਣੇ ਆਦਮੀ ਕੱਢ ਰਹੇ ਹਨ । ਇਹ ਸਭ ਕੁਝ ਕਿਉਂ ਹੋ ਰਿਹਾ ਹੈ, ਕਿਸਾਨ ਕਿਉਂ ਔਖਾ ਹੈ ਔਰ ਇਸ ਦੇ ਕੀ ਕਾਰਨ ਹਨ ?

11.11 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਕ ਕਾਰਨ ਇਹ ਹੈ ਕਿ ਕਦੇ ਪੈਦਾਵਾਰ ਘੱਟ ਜਾਂਦੀ ਹੈ, ਸਾਡਾ ਦੇਸ਼ ਅੱਜੇ ਪੂਰੇ ਤੌਰ ਤੇ ਆਤਮਨਿਰਭਰ ਨਹੀਂ ਹੋਇਆ, ਇਸ ਲਈ ਕਈ ਕਾਰਨਾਂ ਕਰਕੇ ਕਦੇ ਪੈਦਾਵਾਰ ਘੱਟ ਜਾਂਦੀ ਹੈ ਕਦੇ ਵੱਧ ਜਾਂਦੀ ਹੈ । ਅਗਰ ਬਰਸਾਤ ਅੱਛੀ ਨਾ ਹੋਵੇ, ਮੌਨਸੂਨ ਅੱਛੀ ਨਾ ਹੋਵੇ ਤਾਂ ਉਸ ਸਾਲ ਪੈਦਾਵਾਰ ਘੱਟ ਜਾਂਦੀ ਹੈ । ਪਿੱਛੇ ਤੁਸੀਂ ਵੇਖਿਆ ਹੈ ਕਿ 22 ਮਿਲੀਅਨ ਟਨ ਅਨਾਜ ਦੀ ਪੈਦਾਵਾਰ ਘੱਟ ਗਈ । ਇੰਨੀ ਪੈਦਾਵਾਰ ਇਕ ਸਾਲ ਵਿਚ ਘਟ ਜਾਣੀ ਇਹ ਇਕ ਖਤਰਨਾਕ ਨਿਸ਼ਾਨੀ ਹੁੰਦੀ ਹੈ । ਅੱਗੇ ਵੀ ਇਸ ਤਰ੍ਹਾਂ ਹੋਇਆ ਸੀ, 1973-74 ਵਿੱਚ ਵੀ ਪੈਦਾਵਾਰ ਘੱਟੀ ਸੀ । ਜਿਸ ਵੇਲੇ ਪੈਦਾਵਾਰ ਘੱਟਦੀ ਹੈ ਉਸ ਵੇਲੇ ਅਨਾਜ ਦੀ ਥੁੜ ਹੋ ਜਾਂਦੀ ਹੈ ਅਤੇ ਬਾਹਰਲੀਆਂ ਮੰਡੀਆਂ ਵਿਚ ਅਨਾਜ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ ਔਰ ਫਿਰ ਸਾਡੀ ਸਰਕਾਰ ਹਰਕਤ ਵਿਚ ਆਉਂਦੀ ਹੈ । ਫਿਰ ਅਸੀਂ ਕਾਨੂੰਨ ਵੀ ਬਣਾਉਂਦੇ ਹਾਂ ਅਤੇ ਅਨਾਜ ਜ਼ਬਰਦਸਤੀ ਕਿਸਾਨਾਂ ਕੋਲੋਂ ਲੈ ਲਿਆ ਜਾਂਦਾ ਹੈ । ਅਗਰ ਕਿਸੇ ਕੋਲ 10 ਬੋਰੀਆਂ ਪਈਆਂ ਹਨ ਤਾਂ 5 ਬੋਰੀਆਂ ਲੈ ਲਈਆਂ ਜਾਂਦੀਆਂ ਹਨ ਔਰ ਅਗਰ ਕਿਸੇ ਕੋਲ 50 ਬੋਰੀਆਂ ਪਈਆਂ ਹਨ ਤਾਂ 25 ਬੋਰੀਆਂ ਲੈ ਲਈਆਂ ਜਾਂਦੀਆਂ ਹਨ । ਲੇਕਿਨ ਮੈਂ ਇਕ ਫੈਕਟ ਤੁਹਾਡੇ ਨੋਟਿਸ ਵਿਚ ਲਿਆ ਰਿਹਾ ਹਾਂ ਕਿ ਜਿਸ ਵੇਲੇ ਅਨਾਜ ਦੀ ਥੁੜ ਹੋਈ ਤਾਂ ਕਿਸਾਨ ਕੋਲੋਂ ਉਸ ਦੇ ਅਨਾਜ ਦਾ ਇਕ ਖਾਸ ਹਿੱਸਾ ਲੈ ਲਿਆ ਔਰ ਉਹ ਵੀ ਕਿਸੇ ਖਾਸ ਰੇਟ ਤੇ ਲੈ ਲਿਆ । ਮੰਨ ਲਵੋ ਅਗਰ ਸਰਕਾਰ ਵਲੋਂ 76/- ਰੁਪਏ ਕਣਕ ਦਾ ਰੇਟ ਮੁਕੱਰਰ ਸੀ ਤਾਂ ਕਿਸਾਨ ਨੂੰ 76/- ਰੁਪਏ ਹੀ ਦਿੱਤੇ ਭਾਵੇਂ ਉਸ ਵੇਲੇ ਬਾਹਰ ਮੰਡੀਆਂ ਵਿਚ ਕਣਕ ਦਾ ਭਾਅ 105/- ਰੁਪਏ ਕਿਉਂ ਨਾ ਚਲ ਰਿਹਾ ਹੋਵੇ । ਦੂਸਰੇ ਪਾਸੇ ਐਸੀ ਹਾਲਤ ਪੈਦਾ ਹੋ ਜਾਂਦੀ ਹੈ ਕਿ ਜਿਸ ਵੇਲੇ ਅਨਾਜ ਦੀ ਪੈਦਾਵਾਰ ਵੱਧ ਜਾਵੇ ਔਰ ਅਨਾਜ ਜਾਂ ਕਿਸਾਨ ਦੀ ਪੈਦਾਵਾਰ ਸਰਪਲੱਸ ਹੋ ਜਾਵੇ ਤਾਂ ਕਿਸਾਨ ਦੀ ਪੈਦਾਵਾਰ ਨੂੰ ਕੋਈ ਪੁੱਛਦਾ ਤੱਕ ਨਹੀਂ, ਫਿਰ ਕਿਸਾਨ ਨੂੰ ਘਾਟਾ ਪੈ ਜਾਂਦਾ ਹੈ । ਇਕ ਤਾਂ ਜਦੋਂ ਘੱਟ ਪੈਦਾਵਾਰ ਹੁੰਦੀ ਹੈ ਤਾਂ ਕਿਸਾਨ ਕੋਲੋਂ ਸੱਸਤੇ ਮੁਲ ਤੇ ਮਾਲ ਲੈ ਲਿਆ ਜਾਂਦਾ ਹੈ ਔਰ ਜਦੋਂ ਪੈਦਾਵਾਰ ਵੱਧ ਜਾਵੇ ਤਾਂ ਕਿਸਾਨ ਦੀ ਉਪਜ ਕੋਈ ਨਹੀਂ ਪੁੱਛਦਾ । ਕਿਸਾਨ ਦਾ ਦੋਨਾਂ ਹਾਲਾਤ ਵਿਚ ਭੈੜਾ ਹਾਲ ਹੁੰਦਾ ਹੈ । ਕਿਸਾਨ ਨੂੰ ਠੀਕ ਰਿਟਰਨ ਨਹੀਂ ਆਉਂਦੀ। ਸਾਡੇ ਦੇਸ਼ ਵਿਚ ਮੰਡੀਆਂ ਦਾ ਪ੍ਰਬੰਧ ਠੀਕ ਨਹੀਂ । ਮੈਨੂੰ ਖੁਸ਼ੀ ਹੈ ਕਿ ਆਪਣੇ ਸੂਬੇ ਵਿਚ ਬਾਕੀ ਸੂਬਿਆਂ ਦੇ ਮੁਕਾਬਲੇ ਵਿਚ ਅੱਛਾ ਪ੍ਰਬੰਧ ਹੈ ਲੇਕਿਨ ਅਜੇ ਇਸ ਵਿਚ ਸੁਧਾਰ ਹੋਣ ਵਾਲਾ ਹੈ । ਕਈ ਵਾਰੀ ਕਿਸਾਨ ਨੂੰ ਆਪਣੀ ਐਗਰੀਕਲਚਰਲ ਪ੍ਰੋਡਿਊਸ ਦਾ ਸਹੀ ਮੁਲ ਨਹੀਂ ਮਿਲਦਾ । ਜਿਸ ਤਰ੍ਹਾਂ ਪਿੱਛੇ ਹੋਇਆ ਹੈ । ਉਸ ਜ਼ਮਾਨੇ ਵਿਚ ਜਦੋਂ ਮੈਨੂੰ ਦਿੱਲੀ ਵਿਚ ਜਾ ਕੇ ਸੇਵਾ ਕਰਨ ਦਾ ਮੌਕਾ ਮਿਲਿਆ । ਉਸ ਵਕਤ ਆਲੂਆਂ ਦੀ ਪੈਦਾਵਾਰ ਜ਼ਿਆਦਾ ਵੱਧ ਗਈ ਸੀ । ਸਾਡੇ ਪੰਜਾਬ ਵਿਚ 9 ਲੱਖ ਟਨ ਆਲੂ ਪੈਦਾ ਹੋ ਗਿਆ । ਸਾਰੇ ਦੇਸ਼ ਵਿਚ

90 ਲੱਖ ਟਨ ਤੋਂ ਪੈਦਾਵਾਰ ਉਤੇ ਚਲੀ ਗਈ ਸੀ । ਇਕੱਲੇ ਯੂ.ਪੀ. ਦੇ ਇਕ ਜ਼ਿਲ੍ਹੇ ਵਿੱਚ ਹੀ 16 ਲੱਖ ਟਨ ਪੈਦਾ ਹੋਇਆ । ਜਿਤਨਾ ਆਲੂ ਸਾਡੇ ਦੇਸ਼ ਵਿਚ ਪੈਦਾ ਹੋਇਆ ਸੀ ਉਸ ਨੂੰ ਸੰਭਾਲਣ ਦੀ ਸਮਰਥਾ ਸਾਡੇ ਪਾਸ ਨਹੀਂ ਸੀ । ਕੋਈ ਐਕਸਪੋਰਟ ਦੀ ਫੈਸਿਲਿਟੀ ਨਹੀਂ ਸੀ, ਕੋਲਡ ਸਟੋਰੇਜ ਇਤਨੇ ਨਹੀਂ ਸੀ ਕਿ ਸਾਰਾ ਆਲੂ ਸੰਭਾਲਿਆ ਜਾ ਸਕਦਾ । ਉਸ ਦਾ ਨਤੀਜਾ ਇਹ ਹੋਇਆ ਕਿ ਆਲੂਆਂ ਦੀ ਕੀਮਤ ਗਿਰ ਗਈ । ਕਿਸਾਨ ਦਾ ਨੁਕਸਾਨ ਹੋਇਆ । ਇਥੇ ਹਾਊਸ ਵਿਚ ਸਾਨੂੰ ਬਦਨਾਮ ਕਰਨ ਵਾਸਤੇ ਵੀ ਕਿਹਾ ਜਾਂਦਾ ਹੈ ਕਿ ਅਸੀਂ ਮੁਨਾਸਿਬ ਪ੍ਰਬੰਧ ਨਹੀਂ ਸੀ ਕਰ ਸਕੇ । ਅਸਲ ਕਸੂਰ ਪਲਾਨਿੰਗ ਨਾ ਹੋਣ ਦਾ ਸੀ। ਅਗਰ ਆਲੂ ਐਕਸਪੋਰਟ ਕਰਨਾ ਹੈ ਤਾਂ ਦੇਸ਼ ਵਿਚ ਫੈਸਿਲਿਟੀਜ਼ ਪ੍ਰੋਵਾਈਡ ਕਰਨੀਆਂ ਪੈਣਗੀਆਂ । ਸਾਧਾਰਨ ਜਹਾਜ਼ਾਂ ਰਾਹੀਂ ਆਲੂ ਐਕਸਪੋਰਟ ਨਹੀਂ ਹੋ ਸਕਦਾ । ਇਸ ਦੇ ਲਈ ਖਾਸ ਕਿਸਮ ਦੇ ਜਹਾਜ਼ਾਂ ਦੀ ਲੋੜ ਹੈ, ਇਹ ਪੈਰਿਸ਼ੇਬਲ ਗੁਡ ਹੈ । ਇਸ ਦੇ ਲਈ ਕੋਲਡ ਸਟੋਰੇਜਿਜ਼ ਦੀ ਲੋੜ ਹੈ । ਅਸੀਂ ਪਿੱਛੇ ਕੋਸ਼ਿਸ਼ ਕੀਤੀ ਕਿ ਬਹੁਤ ਤਾਦਾਦ ਵਿਚ ਕੋਲਡ ਸਟਰੇਜ਼ ਬਣਾਏ ਜਾਣ ਔਰ ਕੁਝ ਬਣੇ ਵੀ । ਇਸ ਤਰੀਕੇ ਨਾਲ ਜਦੋਂ ਕਈ ਚੀਜ਼ਾਂ ਦੀ ਪੈਦਾਵਾਰ ਵੱਧ ਜਾਂਦੀ ਹੈ ਤਾਂ ਕਿਸਾਨ ਨੂੰ ਔਕੜ ਆਉਂਦੀ ਹੈ । ਇਸ ਲਈ ਕਿਸਾਨ ਦੇ ਅੰਦਰ ਬੇਚੈਨੀ ਵੱਧਦੀ ਹੈ ਜਦੋਂ ਉਸ ਦੀ ਪ੍ਰੋਡਿਊਸ ਦੀ ਕੀਮਤ ਘੱਟ ਜਾਂਦੀ ਹੈ । ਭਾਵੇਂ ਪ੍ਰੋਡਿਊਸ ਘੱਟ ਹੋਵੇ ਤੇ ਭਾਵੇਂ ਵੱਧ ਹੋਵੇ ਕਿਸਾਨ ਦੋਵਾਂ ਹਾਲਤਾਂ ਵਿਚ ਮਾਰਿਆ ਜਾਂਦਾ ਹੈ। ਕਿਸਾਨ ਆਪਣੀ ਪ੍ਰੋਡਿਊਸ ਦੀ ਕੀਮਤ ਆਪ ਨਹੀਂ ਵਧਾ ਸਕਦਾ । ਇੰਡਸਟਰੀਅਲ ਪ੍ਰੋਡਿਊਸ ਦੀਆਂ ਕੀਮਤਾਂ ਛਾਲਾਂ ਮਾਰ ਕੇ ਵੱਧ ਜਾਂਦੀਆਂ ਹਨ । ਚੱਤਰਥ ਸਾਹਿਬ ਨੇ ਠੀਕ ਹੀ ਫੈਕਟਸ ਐਂਡ ਫਿਗਰਜ਼ ਦਿੱਤੇ ਹਨ । ਜਿਸ ਵੇਲੇ ਕਿਸਾਨ ਦੀ ਪੈਦਾਵਾਰ ਦਾ ਮੁਲ ਘੱਟ ਜਾਂਦਾ ਹੈ ਤਾਂ ਉਸ ਦਾ ਮਨ ਔਖਾ ਹੁੰਦਾ ਹੈ, ਉਹ ਪ੍ਰੇਸ਼ਾਨ ਹੋ ਜਾਂਦਾ ਹੈ । ਉਨ੍ਹਾਂ ਨੇ ਇਹ ਵੀ ਦਸਿਆ ਹੈ ਕਿ ਟਰੈਕਟਰ ਦੀਆਂ ਕਿਤਨੀਆਂ ਕੀਮਤਾਂ ਵੱਧ ਗਈਆਂ । 50% ਕੀਮਤ ਇਸ ਥੋੜ੍ਹੇ ਸਮੇਂ ਵਿਚ ਵੱਧ ਗਈ । ਫਿਰ ਉਸ ਨੇ ਇਲੈਕਟ੍ਰਿਕ ਮੋਟਰ ਲੈਣੀ ਹੈ, ਪੰਪ ਲੈਣਾ ਹੈ, ਛੋਟਾ ਮੋਟਾ ਹੋਰ ਸਾਮਾਨ ਲੈਣਾ ਪੈਂਦਾ ਹੈ ਹਰ ਚੀਜ਼ ਲੈਣੀ ਪੈਂਦੀ ਹੈ ਖੇਤੀ ਵਾਸਤੇ ਔਰ ਇਸ ਤੋਂ ਇਲਾਵਾ ਉਸ ਨੂੰ ਜ਼ਿੰਦਗੀ ਦੀਆਂ ਲੋੜ ਦੀਆਂ ਵਸਤਾਂ ਵੀ ਲੈਣੀਆਂ ਪੈਂਦੀਆਂ ਹਨ, ਉਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਵੀ ਵੱਧ ਜਾਂਦੀਆਂ ਹਨ । ਉਸ ਦੀ ਪ੍ਰੋਡਿਊਸ ਦੀ ਕੀਮਤ ਥੋੜੀ ਹੁੰਦੀ ਹੈ, ਇਸ ਲਈ ਉਸ ਦਾ ਮਨ ਬੜਾ ਔਖਾ ਹੁੰਦਾ ਹੈ । ਫਿਰ ਇਥੇ ਕਾਸਟ ਆਫ਼ ਲਿਵਿੰਗ ਦਾ ਜ਼ਿਕਰ ਕੀਤਾ ਹੈ, ਉਹ ਵੀ ਵੱਧ ਰਿਹਾ ਹੈ । ਜਿਥੇ ਐਮਪਲਾਈਜ਼ ਦਾ ਵੱਧਦਾ ਹੈ, ਮਜ਼ਦੂਰ ਦਾ ਵੱਧਦਾ ਹੈ ਅਤੇ ਬਾਕੀ ਲੇਬਰ ਦਾ ਵੱਧਦਾ ਹੈ ਉਥੇ ਕਿਸਾਨ ਦਾ ਵੀ ਵੱਧਦਾ ਹੈ । ਐਮਪਲਾਈਜ਼ ਨੂੰ ਤਾਂ ਕੁਝ ਨਾ ਕੁਝ ਡੀ ਏ. ਮਿਲ ਜਾਂਦਾ ਹੈ ਲੇਕਿਨ ਕਿਸਾਨ ਵਾਸਤੇ ਕੋਈ ਐਸਾ ਪ੍ਰਬੰਧ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਉਸ ਦਾ ਵੀ ਕੁਝ ਨਾ ਕੁਝ ਵੱਧਣਾ ਚਾਹੀਦਾ ਹੈ । ਇੰਡਸਟਰੀ ਵਾਲੇ ਆਪਣੀਆਂ ਕੀਮਤਾਂ ਵੱਧਾ ਲੈਂਦੇ ਹਨ, ਬਿਜ਼ਨੈਸ ਵਾਲੇ ਹਨ, ਟਰੇਡਰਜ਼ ਹਨ ਉਨ੍ਹਾਂ ਨੂੰ ਵੀ ਕੋਈ ਨਾ ਕੋਈ ਬਹਾਨਾ ਮਿਲ ਜਾਂਦਾ ਹੈ ਉਹ ਵੀ ਕੀਮਤਾਂ ਵੱਧਾ ਦਿੰਦੇ ਹਨ । ਹੁਣ ਰੇਲਵੇ ਬੱਜਟ ਆਇਆ ਹੈ ਇਸ ਵਿਚ 365 ਕਰੋੜ ਰੁਪਏ ਹੋਰ ਵਸੂਲ ਹੋਏ ਹਨ ਇਸ ਦਾ ਹਰ ਚੀਜ਼ ਤੇ ਅਸਰ ਪੈਣਾ ਹੈ, ਕਨਜ਼ਿਊਮ ਹੋਣ ਵਾਲੀਆਂ ਚੀਜ਼ਾਂ ਤੇ ਵੀ ਅਸਰ ਪੈਣਾ ਹੈ । ਟੁੱਥ ਪੇਸਟ ਅਤੇ ਟੁੱਥ ਬਰੱਸ਼ ਦੀਆਂ ਕੀਮਤਾਂ ਵੱਧਾ ਦਿੱਤੀਆਂ 3-3, 4-4 ਪਰਸੈਂਟ । ਹਾਲੇ ਬੱਜਟ ਪਾਸ ਨਹੀਂ ਹੋਇਆ ਪਰ ਇਨ੍ਹਾਂ ਨੇ ਆਪਣੇ ਤਿੰਨ ਚਾਰ ਪੈਸੇ ਵੱਧਾ ਦਿੱਤੇ ਹਾਲਾਂ ਕਿ ਪੁਰਾਣਾ ਸਟਾਕ ਪਿਆ ਹੈ । ਦੁਕਾਨਦਾਰ ਆਪਣਾ ਘਰ ਪੂਰਾ ਕਰ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਲੈਂਦੇ ਹਨ । ਇਸ ਚੀਜ਼ ਦਾ ਛੋਟੇ ਕਨਜ਼ਿਊਮਰ ਅਤੇ ਕਿਸਾਨ ਤੇ ਖਾਸ ਕਰਕੇ ਅਸਰ ਪੈਂਦਾ ਹੈ । ਜਿਹੜੀਆਂ ਆਮ ਲੋੜ ਦੀਆਂ ਚੀਜ਼ਾਂ ਹਨ ਉਨ੍ਹਾਂ ਦੀ ਪ੍ਰਾਈਸ ਵੱਧਦੀ ਚਲੀ ਜਾ ਰਹੀ ਹੈ । ਇਨਪੁਟਸ, ਡੀਜ਼ਲ ਅਤੇ ਖਾਦ ਦੀ ਪ੍ਰਾਈਸ ਇੰਨੀ ਵੱਧ ਗਈ ਹੈ ਜਿਸ ਦਾ ਹਰ ਇਕ ਨੂੰ ਪਤਾ ਹੈ । ਮੈਂ ਡੀਟੇਲਜ਼ ਵਿੱਚ ਨਹੀਂ ਪੈਂਦਾ । ਜਦੋਂ ਇਨਪੁਟਸ ਦੀਆਂ ਕੀਮਤਾਂ ਵੱਧਦੀਆ ਹਨ ਉਦੋਂ ਇਹ ਨਹੀਂ ਕੀਤਾ ਜਾਂਦਾ ਕਿ ਪ੍ਰੋਡਿਊਸਰ ਦੀ ਪ੍ਰੋਡਿਊਸ ਦੀ ਕੀਮਤ ਵੱਧਾ ਦਿਓ। ਹੁਣ ਜਿਹੜੀ ਰੀਸੈਂਟ ਹਾਈਕ ਹੋਈ ਸੀ ਡੀਜ਼ਲ ਅਤੇ ਫਰਟੇਲਾਈਜ਼ਰ ਦੀ ਉਸ ਕਾਰਨ ਕਿਸਾਨ ਪਿੱਟ ਉਠਿਆ । ਅਗੇ ਹੀ ਇੰਨੀ ਮਹਿੰਗਾਈ ਸੀ ਹੁਣ ਉਹ ਕਿਵੇਂ ਪਾਵੇਗਾ ਆਪਣੇ ਖੇਤ ਵਿਚ ਇੰਨੀ ਮਹਿੰਗੀ ਖਾਦ । ਕਿਸੇ ਨੇ ਨਹੀਂ ਕਿਹਾ ਕਿ ਉਸ ਦੀ ਪ੍ਰੋਡਿਊਸ ਦੀਆਂ ਕੀਮਤਾਂ ਵਧਾਵਾਂਗ ।

ਜਦੋਂ ਐਜੀਟੇਸ਼ਨਾਂ ਹੋਣ ਲੱਗੀਆਂ ਤਾਂ ਹੌਲੀ ਹੌਲੀ ਇਸ ਗੱਲ ਨੂੰ ਆਖਿਆ ਜਾਣ ਲੱਗ ਗਿਆ ਕਿ ਕੋਈ ਗੱਲ ਨਹੀਂ ਸ਼ਾਬਾਸ਼, ਤੁਹਾਡੇ ਦਸ ਰੁਪਏ ਵਧਾ ਦਿਆਂਗੇ, ਪੰਜ ਰੁਪਏ ਵਧਾ ਦਿਆਂਗੇ । ਇਸ ਤੋਂ ਇਲਾਵਾ ਕਿਸਾਨ, ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਦੁੱਖੀ ਹੁੰਦਾ ਹੈ ਜਦੋਂ ਕਿ ਉਸ ਨੂੰ ਕਿਸੇ ਗੱਲ ਦਾ ਸਹਾਰਾ ਨਾ ਮਿਲੇ । ਕੋਈ ਨਹੀਂ ਕਹਿੰਦਾ ਕਿ ਜਿਹੜਾ ਤੈਨੂੰ ਘਾਟਾ ਪੈ ਰਿਹਾ ਹੈ ਉਸ ਲਈ ਜਿਣਸ ਦੀ ਕੀਮਤ ਵਧਾ ਕੇ ਪੂਰਾ ਕਰ ਦਿਆਂਗੇ । ਜਦੋਂ ਇਸ ਤਰ੍ਹਾਂ ਦੀਆਂ ਔਕੜਾਂ ਕਿਸਾਨ ਦੇ ਸਾਹਮਣੇ ਆਉਂਦੀਆਂ ਹਨ ਤਾਂ ਉਹ ਮਜਬੂਰ ਹੋ ਕੇ ਐਜੀਟੇਸ਼ਨ ਦੇ ਰਾਹ ਪੈਂਦਾ ਹੈ, ਵੈਸੇ ਤੇ ਉਸ ਪਾਸ ਇਸ ਕੰਮ ਲਈ ਨਾ ਸਮਾਂ ਹੁੰਦਾ ਹੈ ਔਰ ਨਾ ਹੀ ਐਜੀਟੇਸ਼ਨ ਕਰਨ ਦਾ ਉਸ ਨੂੰ ਕੋਈ ਸ਼ਕ ਹੈ । ਚੱਤਰਥ ਸਾਹਿਬ ਨੇ ਇੰਡਸਟਰੀ ਔਰ ਐਗਰੀਕਲਚਰ ਦਾ ਮੁਕਾਬਲਾ ਕਰਕੇ ਦੱਸਿਆ ਸੀ । ਐਗਰੀਕਲਚਰ ਪ੍ਰਾਈਸ ਕਮਿਸ਼ਨ ਦੀ ਰਿਪੋਰਟ ਆਈ ਹੈ । ਉਨ੍ਹਾਂ ਨੇ ਦੱਸਿਆ ਹੈ ਕਿ ਕਿਤਨਾ ਕੁ ਫਰਕ ਹੈ । ਡਿਪਟੀ ਸਪੀਕਰ ਸਾਹਿਬ, ਜੇਕਰ ਸੰਨ 1970-71 ਨੂੰ ਅਸੀਂ 100 ਬੇਸ ਮੰਨ ਕੇ ਚਲੀਏ agricultural products based on economic index ਦਾ ਕੰਪੈਰੀਜ਼ਨ ਕਰੀਏ index for agriculture products March, 1980 ਨਾਲ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਹ ਇਨਕਰੀਜ਼ 193.5 ਬਣਦੀ ਹੈ । ਜੇਕਰ ਅਸੀਂ ਇਸ ਤਰ੍ਹਾਂ ਕਰੀਏ ਕਿ ਬੇਸ ਸੰਨ 1970-71 = 100 ਤਾਂ ਮਾਰਚ, 80 ਵਿਚ ਇਹ 193.5 ਹੋ ਗਿਆ ਔਰ ਦੂਸਰੇ ਪਾਸੇ ਮੈਨੂੰਫੈਕਚਰਿੰਗ ਪ੍ਰੋਡਕਟਸ ਜਿਹੜਾ ਹੈ ਉਹ 231.8 ਹੋ ਗਿਆ । 40% ਦੇ ਕਰੀਬ ਇਨ੍ਹਾਂ ਵਿਚ ਡਿਸਪੈਰਿਟੀ ਹੋ ਗਈ । ਔਰ ਇਸ ਤਰ੍ਹਾਂ ਅਗਰ ਇਤਨੀ ਡਿਸਪੈਰਿਟੀ ਹੋ ਜਾਵੇ ਤਾਂ ਕਿਸਾਨ ਨੂੰ ਮਜਬੂਰਨ ਰੌਲਾ ਪਾਉਣਾ ਪੈਂਦਾ ਹੈ ਕਿ ਕਿਉਂ ਨਾ ਇੰਡਸਟਰੀ ਦੇ ਮੁਕਾਬਲੇ ਵਿਚ ਮੇਰੀ ਜਿਣਸ ਦਾ ਇੰਡੈਕਸ ਰਖਿਆ ਜਾਵੇ । ਜਿਸ ਤਰ੍ਹਾਂ ਕਿ ਅਸੀਂ ਰੈਜ਼ੋਲਿਊਸ਼ਨ ਨੂੰ ਡਿਸਕਸ ਕਰ ਰਹੇ ਹਾਂ, ਇਸ ਦੇ ਵਾਸਤੇ ਸਾਨੂੰ ਇਹ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਜੇਕਰ ਇੰਡਸਟਰੀਅਲ ਪ੍ਰੋਡਕਟਸ ਦੀ ਪ੍ਰਾਈਸ ਵੱਧਦੀ ਹੈ ਤਾਂ ਐਗਰੀਕਲਚਰ ਪ੍ਰੋਡਿਊਸ ਦੀ ਪ੍ਰਾਈਸ ਵੀ ਉਸ ਦੇ ਬਰਾਬਰ ਹੀ ਵਧਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੇ ਦੇਸ਼ਾਂ ਵਿਚ ਇਸ ਤਰ੍ਹਾਂ ਹੋਇਆ ਹੋਇਆ ਹੈ ਪਰ ਮੇਰੇ ਪਾਸ ਸਮਾਂ ਨਹੀਂ ਹੈ ਇਸ ਦੀ ਡਿਟੇਲ ਵਿਚ ਜਾਣ ਦਾ ਲੇਕਿਨ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਜਿਸ ਜਿਸ ਦੇਸ਼ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ ਉਥੇ ਸਾਡੇ ਨਾਲੋਂ ਫਾਰਮਰਜ਼ ਸੈਟਿਸਫਾਈਡ ਹਨ । ਹੁਣ ਡਿਪਟੀ ਸਪੀਕਰ ਸਾਹਿਬ, ਕਣਕ ਦੀ ਪ੍ਰਾਈਸ ਦਾ ਮਸਲਾ ਇਕ ਦਮ ਸਾਡੇ ਸਾਹਮਣੇ ਆਇਆ ਹੈ । ਐਗਰੀ-

ਕਲਚਰ ਪ੍ਰਾਈਸ ਕਮਿਸ਼ਨ ਨੇ ਕਣਕ ਦਾ ਭਾਅ 127/- ਰੁਪਏ ਰਿਕੁਮੈਂਡ ਕੀਤਾ ਹੈ ਪਰ ਇਹ ਯੂਨਾਨੀਮਸ ਰਿਕੁਮੈਂਡੇਸ਼ਨ ਨਹੀਂ ਹੈ । ਇਕ ਮੈਂਬਰ ਨੇ ਕਿਹਾ ਹੈ ਕਿ 127/- ਰੁਪਏ ਨਹੀਂ 135/- ਰੁਪਏ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਪਹਿਲਾ ਲੋਕਾਂ ਨੂੰ ਖਿਆਲ ਸੀ ਕਿ ਦਿੱਲੀ ਜਿਹੜੀ ਰੈਲੀ ਹੋ ਰਹੀ ਹੈ ਉਥੇ ਫੈਸਲਾ ਹੋਵੇਗਾ । ਘੱਟੋ ਘੱਟ ਸਾਡੇ ਇਲਾਕੇ ਵਿਚ ਇਹ ਆਵਾਜ਼ ਸੀ ਕਿ ਕਣਕ ਦੀ ਪ੍ਰਾਈਸ ਬਾਰੇ ਦਿੱਲੀ ਰੈਲੀ ਵਿਚ ਅਨਾਊਸਮੈਂਟ ਹੋਵੇਗੀ, ਪਰ ਉਥੇ ਵੀ ਨਾ ਹੋਈ । ਇਹ ਮਸਲਾ ਕਾਫੀ ਸਮੇਂ ਤੋਂ ਲਟਕਦਾ ਚਲਿਆ ਆ ਰਿਹਾ ਹੈ। ਸੈਂਟਰਲ ਸਰਕਾਰ ਨੇ ਫੈਸਲਾ ਕਰਨਾ ਹੈ । ਜੋ ਕੁਝ ਸਾਡੇ ਸੂਬੇ ਦੇ ਹਾਲਾਤ ਹਨ ਉਨ੍ਹਾਂ ਬਾਰੇ ਚੱਤਰਥ ਸਾਹਿਬ ਨੇ ਵੀ ਬੜੇ ਸੋਹਣੇ ਢੰਗ ਨਾਲ ਦੱਸਿਆ ਹੈ। ਉਨ੍ਹਾਂ ਨੂੰ ਐਗਰੀਕਲਚਰ ਮਨਿਸਟਰ ਸਾਹਿਬ ਨੇ ਵੀ ਸੁਣਿਆ ਹੋਵੇਗਾ, ਚੀਫ ਮਨਿਸਟਰ ਸਾਹਿਬ ਤਾਂ ਇਥੇ ਨਹੀਂ ਹਨ । ਅਸੀਂ ਇਹ ਕਹਿੰਦੇ ਹਾਂ ਕਿ ਇਹ ਭਾਅ ਘੱਟੋ ਘੱਟ 143/- ਰੁਪਏ ਜ਼ਰੂਰ ਹੋਣਾ ਚਾਹੀਦਾ ਹੈ, ਵੱਧ ਤੋਂ ਵੱਧ 176/- ਰੁਪਏ ਦੀ ਮੰਗ ਹੈ । ਮੈਂ ਸਮਝਦਾ ਹਾਂ ਕਿ 176/- ਰੁਪਏ ਕੁਝ ਜ਼ਿਆਦਾ ਲਗਦਾ ਹੈ ਪਰ 143/- ਰੁਪਏ ਕੁਝ ਘੱਟ ਲਗਦਾ ਹੈ । ਇਸ ਲਈ ਇਸ ਸਾਰੀ ਚੀਜ਼ ਨੂੰ ਵੇਖ ਕੇ ਮੈਨੂੰ ਆਸ ਹੈ ਕਿ, ਐਗਰੀਕਲਚਰ ਮਨਿਸਟਰ ਸਾਹਿਬ ਵੀ ਜਾਣਦੇ ਹਨ, ਉਹ ਇਸ ਮਾਮਲੇ ਨੂੰ ਖਾਸ ਜ਼ੋਰ ਨਾਲ ਉਠਾਉਣਗੇ ਔਰ ਕੋਸ਼ਿਸ਼ ਕਰਨਗੇ ਕਿ ਕਿਸਾਨ ਨੂੰ ਵਾਜਬ ਭਾਅ ਮਿਲੇ । ਡਿਪਟੀ ਸਪੀਕਰ ਸਾਹਿਬ, ਕਣਕ ਦੀ ਬੜੀ ਗੰਭੀਰ ਸਮੱਸਿਆ ਹੋਈ ਪਈ ਹੈ । ਕਣਕ ਦੀ ਖਪਤ ਜ਼ਿਆਦਾ ਹੈ ਔਰ ਪੈਦਾਵਾਰ ਘੱਟ ਹੈ । ਜੇਕਰ ਮੈਂ ਅੰਕੜੇ ਦੱਸਾਂ ਤਾਂ ਪਤਾ ਲਗੇਗਾ ਕਿ ਜੁਲਾਈ 1979 ਵਿਚ ਜਦੋਂ ਮੇਰੇ ਸਪੁਰਦ ਇਹ ਕੰਮ ਸੀ ਔਰ ਮੇਰੀ ਵੀ ਉਸ ਵੇਲੇ ਜ਼ਿਮਾਵਾਰੀ ਸੀ ਤਾਂ ਉਸ ਵੇਲੇ ਕਣਕ ਦਾ ਜੋ ਭੰਡਾਰ ਸੀ ਉਹ 11.8 ਮੀਲੀਅਨ ਟਨ ਦਿੱਤਾ ਸੀ ਉਸ ਤੋਂ ਬਾਅਦ ਇਹ ਘੱਟਦਾ ਘੱਟਦਾ ਦੋ ਮਿਲੀਅਨ ਟਨ ਤੋਂ ਵੀ ਘੱਟ ਗਿਆ ਹੈ ਔਰ ਅਜੇ ਜਦੋਂ ਕਿ ਫਸਲ ਆਉਣ ਵਿਚ ਕੁਝ ਸਮਾਂ ਪਿਆ ਹੈ ਇਸ ਨੇ ਹੋਰ ਵੀ ਘੱਟ ਜਾਣਾ ਹੈ । ਤੇ ਜੇਕਰ ਕਣਕ ਦਾ ਭੰਡਾਰ ਇਤਨਾਂ ਘੱਟ ਜਾਵੇ ਤਾਂ ਡਿਪਟੀ ਸਪੀਕਰ ਸਾਹਿਬ, ਫਿਰ ਖਤਰੇ ਦੀ ਘੰਟੀ ਵਜਣ ਲੱਗ ਜਾਂਦੀ ਹੈ । ਪ੍ਰੋਕਿਉਰਮੈਂਟ ਕਿਤਨੀ ਹੋਣੀ ਹੈ, ਇਸ ਬਾਰੇ ਪਤਾ ਨਹੀਂ ਹੈ । ਮੌਸਮ ਅੱਛਾ ਰਿਹਾ ਹੈ, ਫਸਲਾਂ ਅੱਛੀਆਂ ਨਜ਼ਰ ਆਉਂਦੀਆ ਹਨ, ਗੜੇ ਮਾਰ ਨਾਲ ਥੋੜ੍ਹਾ ਬਹੁਤ ਨੁਕਸਾਨ ਹੋਇਆ ਹੈ ਪਰ ਓਵਰਆਲ ਪਿਕਚਰ ਸੋਹਣੀ ਹੈ । ਸੂਬੇ ਦੇ ਅੰਦਰ ਵੀ ਬਹੁਤ ਸੋਹਣੀ ਫਸਲ ਹੋਵੇਗੀ ਇਹ ਹੀ ਆਸ ਹੈ, ਲੇਕਿਨ ਪ੍ਰੋਕਿਉਰਮੈਂਟ ਕਿਤਨੀ ਹੋਵੇਗੀ, ਇਹ ਵੇਖਣਾ ਹੈ । 8 ਮਿਲੀਅਨ ਟਨ ਤਾਂ ਕਣਕ ਦੀ ਪ੍ਰੋਕਿਉਰਮੈਂਟ ਘੱਟ ਹੀ ਰਹੀ ਹੈ । ਸੰਨ 1978-79 ਵਿਚ ਵੀ 8 ਮਿਲੀਅਨ ਟਨ ਤੇ ਨਹੀਂ ਪੁੱਜੀ ਜਦੋਂ ਕਿ ਉਸ ਵੇਲੇ ਕੁਲ ਅਨਾਜ ਦੀ ਪ੍ਰੋਕਿਉਰਮੈਂਟ 13.8 ਮਿਲੀਅਨ ਟਨ ਦੀ ਹੋਈ ਸੀ । ਉਸ ਵੇਲੇ ਵੀ ਡਿਪਟੀ ਸਪੀਕਰ ਸਾਹਿਬ, ਅਸੀਂ ਕਣਕ ਦੀ ਪ੍ਰੋਕਿਉਰਮੈਂਟ 8 ਮਿਲੀਅਨ ਟਨ ਨਹੀਂ ਸੀ ਕਰ ਸਕੇ । ਇਸ ਸਾਲ ਪੰਜ ਜਾਂ ਛੇ ਮਿਲੀਅਨ ਟਨ ਪ੍ਰੋਕਿਉਰ ਜੇ ਹੋਈ ਤਾ ਇਸ ਤਰ੍ਹਾਂ ਹਿਸਾਬ ਲਗਾ ਲਓ ਅਗਲੇ ਸਾਲ ਵਾਸਤੇ ਕਣਕ ਕਾਫੀ ਨਹੀਂ ਹੋਵੇਗੀ । ਇਸ ਲਈ ਮੈਂ ਸਮਝਦਾ ਹਾਂ ਕਿ ਖਤਰੇ ਦੀ ਘੰਟੀ ਵਜਣੀ ਜ਼ਰੂਰੀ ਹੋ ਗਈ ਹੈ । ਇਸ ਲਈ ਇਸ ਪਾਸੇ ਸਰਕਾਰ ਨੂੰ ਸੀਰੀਅਸਲੀ ਧਿਆਨ ਦੇਣਾ ਪਵੇਗਾ । ਜਦੋਂ ਵੀ ਸਟਾਕ ਘਟਣਾ ਸ਼ੁਰੂ ਹੋ ਜਾਂਦਾ ਹੈ ਤਾਂ ਲਾਜ਼ਮੀ ਤੌਰ ਤੇ ਉਸ ਦੀ ਪ੍ਰਾਈਸ ਵੱਧਣੀ ਸ਼ੁਰੂ ਹੋ ਜਾਂਦੀ ਹੈ । ਪਹਿਲਾਂ ਡਿਪਟੀ ਸਪੀਕਰ ਸਾਹਿਬ, ਇਹ ਕਦੇ ਨਹੀਂ ਸੀ ਸੁਣਿਆ ਕਿ ਇਥੇ ਪੰਜਾਬ ਵਿਚ ਆਟਾ ਨਹੀਂ ਮਿਲਦਾ ਪਰ ਹੁਣ ਪੰਜਾਬ ਵਿਚ ਵੀ ਇਹ ਗੱਲਾਂ ਕੀਤੀਆਂ ਜਾ ਰਹੀਆਂ ਹਨ । ਪੰਜਾਬ ਵਿਚ ਕਣਕ ਥੋੜ੍ਹੀ ਰਹਿ ਗਈ ਹੈ, ਕਣਕ ਦਾ ਸਟਾਕ ਥੋੜ੍ਹਾ ਰਹਿ ਗਿਆ ਹੈ,

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਇਸ ਲਈ ਟਰੇਡਰ ਜਿਹੜਾ ਹੈ ਉਹ ਮੈਂ ਸਮਝਦਾ ਹਾਂ ਕਿ ਇਸ ਦਾ ਫਾਇਦਾ ਉਠਾਉਂਦਾ ਹੈ। ਉਹ ਸਮਝਦਾ ਹੈ ਕਿ ਮੌਕਾ ਆ ਗਿਆ ਹੈ ਪੈਸੇ ਕਮਾਉਣ ਦਾ । ਨਹੀਂ ਤਾਂ ਡਿਪਟੀ ਸਪੀਕਰ ਸਾਹਿਬ, ਕੋਈ ਕਾਰਨ ਨਹੀਂ ਹੈ ਕਿ 117/- ਰੁਪਏ ਕਣਕ ਖਰੀਦੀ ਗਈ ਹੋਵੇ ਅੌਰ ਹੁਣ ਉਹ 200/- ਰੁਪਏ ਵਿਕ ਰਹੀ ਹੋਵੇ । ਮੰਡੀ ਵਿਚ ਤੁਹਾਨੂੰ ਵੀ ਪਤਾ ਹੈ ਕਿ ਆਟੇ ਦਾ ਭਾਅ ਦੋ, ਸਵਾ ਦੋ ਸੌ ਰੁਪਿਆ ਹੋ ਗਿਆ ਹੈ । ਇਸ ਗੱਲ ਦੀ ਸਮਝ ਪਹਿਲਾਂ ਤਾਂ ਆ ਸਕਦੀ ਸੀ ਜਦੋਂ ਕਿ ਇਥੇ ਕਣਕ ਪੈਦਾ ਹੀ ਘੱਟ ਹੁੰਦੀ ਸੀ । ਉਸ ਵੇਲੇ ਤਾਂ ਟਰੇਡਰ ਆਰਟੀਫੀਸ਼ੀਅਲ ਥੁੜ ਪੈਦਾ ਕਰਕੇ ਪੈਸਾ ਕਮਾਉਂਦਾ ਰਹਿੰਦਾ ਸੀ । ਉਸ ਵੇਲੇ ਤਾਂ ਇਹ ਕਿਹਾ ਜਾਂਦਾ ਸੀ ਕਿ ਜ਼ੋਨ ਬਣਾ ਦਿੱਤੇ ਹਨ ਇਸ ਲਈ ਬੰਬਈ ਵਿਚ ਤਿੰਨ ਜਾਂ ਸਾਡੇ ਤਿੰਨ ਰੁਪਏ ਕਿਲੋ ਆਟੇ ਦਾ ਰੇਟ ਹੋ ਜਾਂਦਾ ਹੈ, ਉਸ ਵੇਲੇ ਤਾਂ ਟਰੇਡਰ ਆਰਟੀਫੀਸ਼ੀਅਲ ਥੁੜ ਕਰੀਏਟ ਕਰਦਾ ਸੀ ਪਰ ਹੁਣ ਤਾਂ ਉਹ ਚੀਜ਼ ਖ਼ਤਮ ਹੋ ਗਈ ਹੈ ਅੌਰ ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸਾਰੇ ਹਿੰਦੁਸਤਾਨ ਵਿਚ ਇਕੋ ਜਿਹੇ ਭਾਅ ਹੋ ਗਏ ਹਨ । ਜੋ ਇਥੇ ਭਾਅ ਹੁੰਦਾ ਹੈ ਉਹੀ ਦਿੱਲੀ ਜਾਂ ਬੰਬਈ ਹੁੰਦਾ ਹੈ ਉਸ ਵਿਚ ਥੋੜ੍ਹੇ ਬਹੁਤ ਟਰਾਂਸਪੋਰਟੇਸ਼ਨ ਦੇ ਚਾਰਜਿਜ਼ ਜਮ੍ਹਾਂ ਹੋ ਜਾਂਦੇ ਹਨ । ਕਿਸਾਨ ਅੱਜ ਇਹੀ ਸੋਚ ਰਿਹਾ ਹੈ ਕਿ ਮੇਰੇ ਪਾਸੋਂ 117/- ਰੁਪਏ ਦੇ ਹਿਸਾਬ ਨਾਲ ਕਣਕ ਲਈ ਜਾਂਦੀ ਹੈ ਅੌਰ ਹੁਣ 170/- ਰੁਪਏ ਤੋਂ ਉਪਰ ਭਾਅ ਹੋ ਗਿਆ ਹੈ । ਇਸ ਵੇਲੇ ਮਨਿਸਟਰ ਸਾਹਿਬ ਬੈਠੇ ਹਨ, ਸਰਕਾਰ ਬੈਠੀ ਹੈ, ਇਸ ਨੂੰ ਇਸ ਪਾਸੇ ਫੌਰਨ ਧਿਆਨ ਦੇਣਾ ਚਾਹੀਦਾ ਹੈ । ਅੱਜ ਕਿਸਾਨ ਦੀ 117/ ਰੁਪਏ ਨੂੰ ਵੇਚੀ ਹੋਈ ਕਣਕ ਉਸ ਨੂੰ ਹੀ ਮਹਿੰਗੇ ਭਾਅ ਤੇ ਆਪਣੇ ਵਾਸਤੇ ਖਾਣ ਲਈ ਖਰੀਦਣੀ ਪੈ ਰਹੀ ਹੈ । ਅੱਜ ਡਿਪਟੀ ਸਪੀਕਰ ਸਾਹਿਬ, ਡਿਉਢੇ ਸਿਵਾਏ ਤੇ ਅਨਾਜ ਲਿਆ ਜਾ ਰਿਹਾ ਹੈ ਅੌਰ ਮੈਂ ਸਮਝਦਾ ਹਾਂ ਕਿ ਜਿਸ ਵੇਲੇ ਉਨ੍ਹਾਂ ਨੇ ਕਿਲੋ ਦਾ ਡੇਢ ਕਿਲੋ ਜਾਂ ਸਵਾ ਕਿਲੋ ਵਾਪਸ ਕਰਨਾ ਹੈ ਤਾਂ ਉਨ੍ਹਾਂ ਨੂੰ ਮੁਸ਼ਕਲ ਪੇਸ਼ ਆਉਣੀ ਹੈ । ਇਸ ਲਈ ਇਸ ਸਰਕਾਰ ਨੂੰ ਚਾਹੀਦਾ ਹੈ ਕਿ ਜੇਕਰ ਕਣਕ ਦੀ ਪ੍ਰਾਈਸ ਠੀਕ ਨਿਸ਼ਚਿਤ ਕੀਤੀ ਜਾਵੇ ਤਾਂ ਹੀ ਕਿਸਾਨ ਦਾ ਤੌਖਲਾ ਮੁੱਕ ਸਕਦਾ ਹੈ । ਉਹ ਇਹ ਸੋਚੇ ਕਿ ਮੈਨੂੰ ਇਸ ਫ਼ਸਲ ਵਿਚ ਘਾਟਾ ਨਹੀਂ ਪਿਆ ਹੈ, ਜੇਕਰ ਇੰਡਸਟਰੀਅਲ ਪ੍ਰਾਈਸ ਵੱਧੀ ਹੈ ਤਾਂ ਮੇਰੀ ਵੀ ਕਣਕ ਦੀ ਕੀਮਤ ਵੱਧ ਗਈ ਹੈ। ਡਿਪਟੀ ਸਪੀਕਰ ਸਾਹਿਬ, ਇਕ ਹੋਰ ਵੀ ਰਿਸਕ ਦਾ ਫੈਕਟਰ ਹੈ, ਜਿਸ ਨੂੰ ਕਿ ਵੇਖਿਆ ਨਹੀਂ ਜਾਂਦਾ । ਪੰਜਾਬ ਦੇ ਅੰਦਰ ਅੌਰ ਹੋਰ ਵੀ ਥਾਵਾਂ ਤੇ ਜਦੋਂ ਵੀ ਕਦੇ ਕਿਸਾਨ ਦੀ ਗੜਿਆ ਕਾਰਨ ਜਾਂ ਹੋਰ ਕਿਸੇ ਕਾਰਨ ਫ਼ਸਲ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਨੂੰ ਥੋੜ੍ਹੀ ਜਿਹੀ ਗਰਾਂਟ ਦਿੱਤੀ ਜਾਂਦੀ ਹੈ ਪਰ ਉਸ ਨੂੰ ਪੂਰੀ ਤਰ੍ਹਾਂ ਨਾਲ ਕੰਪੈਨਸੇਟ ਨਹੀਂ ਕੀਤਾ ਜਾਂਦਾ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਿਹੜਾ ਉਸ ਨੂੰ ਘਾਟਾ ਪਿਆ ਹੁੰਦਾ ਹੈ, ਜਿਹੜਾ ਉਸ ਦਾ ਨੁਕਸਾਨ ਹੋਇਆ ਹੁੰਦਾ ਹੈ, ਉਸ ਦੇ ਵਾਸਤੇ ਉਹ ਕਈ ਕਈ ਸਾਲਾਂ ਤੱਕ ਉਠਣ ਜੋਗਾ ਨਹੀਂ ਰਹਿੰਦਾ । ਇਹ ਸਾਰੀਆਂ ਗੱਲਾਂ ਵੇਖਣ ਵਾਲੀਆਂ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਪ੍ਰਾਈਸ ਕਮਿਸ਼ਨ ਬਾਰੇ ਦੱਸ ਰਿਹਾ ਸੀ, ਉਸ ਦਾ ਚੇਅਰਮੈਨ ਡਾ. ਏ.ਐਸ. ਕਾਹਲੋਂ ਹੈ, ਮੈਂਬਰ ਚੌਧਰੀ ਰਣਧੀਰ ਸਿੰਘ ਹੈ ਅੌਰ ਇਕ ਹੈ ਐਨ ਸਵਾਮੀਨਾਥਨ । ਪਹਿਲਾਂ ਇਸ ਕਮਿਸ਼ਨ ਵਿਚ ਪੰਜਾਬ ਦਾ ਕੋਈ ਮੈਂਬਰ ਨਹੀਂ ਸੀ ਹੁੰਦਾ । ਡਾ: ਏ.ਐਸ. ਕਾਹਲੋਂ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ, ਦੇ ਐਕਸਪਰਟ ਹਨ, ਹਿੰਦੁਸਤਾਨ ਦੇ ਉਘੇ ਐਕਸਪਰਟ ਹਨ । ਚੌਧਰੀ ਰਣਧੀਰ ਸਿੰਘ ਪੁਰਾਣੇ ਮੈਂਬਰ ਹਨ। ਉਹ ਮੇਰੇ ਸਮੇਂ ਵੀ ਰਹੇ ਹਨ । ਅਸੀਂ ਇਨ੍ਹਾਂ

ਵਾਂਗ ਨਹੀਂ ਕੀਤਾ ਕਿ ਜੋ ਕਾਂਗਰਸੀ ਹੈ ਉਨ੍ਹ ਨੂੰ ਕੱਢ ਦਿਓ । ਬਲਕਿ ਇਹ ਵੀ ਸੋਚਿਆ ਕਿ ਜਿਹੜਾ ਵੀ ਚੰਗਾ ਮੈਂਬਰ ਹੈ ਜਾਂ ਸਿਆਣਾ ਆਦਮੀ ਹੈ, ਉਸ ਦੀ ਕਦਰ ਕੀਤੀ ਜਾਵੇ । He can be useful also and he has been doing very useful work.

ਇਸ ਦੀ ਰਿਪੋਰਟ ਦੇ ਵਿੱਚ ਬੜੀਆਂ ਸੋਹਣੀਆਂ ਗੱਲਾਂ ਲਿਖੀਆਂ ਹੋਈਆਂ ਹਨ । ਇਹ ਜੋ ਡਾਈਸੈਂਟਿੰਗ ਨੋਟ ਦਿੱਤਾ ਹੈ, ਇਸ ਵਿੱਚ ਲਿਖਿਆ ਹੋਇਆ ਹੈ :—

Agriculture though acknowledged mother industry of the nation, suffers from a gallaxy of disincentives. Poor farmers raise sugarcane, but fail to relish sugar. They grow oilseeds but are bereft of edible oil. Produce cotton, but remain half naked. They feed the nation, but don't have even two square meals a day. Cultivate pulses but can't utilise them for domestic consumption. They grow paddy and wheat but mostly live in debt on coarse cereals. Not that they are niggardly, closefisted or stingy, but because they are steeped in inveterate poverty. They are born in debt, live in debt and die in debt. If they make an appeal for better return and incentive prices, they are dubbed as reactionaries of the first water out to thwart economy of the nation".

ਅੱਜ ਕਿਸਾਨ ਨੂੰ ਕੁੱਚਲਣ ਦੀ ਗਲ ਕੀਤੀ ਜਾਂਦੀ ਹੈ । ਉਸ ਨੂੰ ਕੁੱਚਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਸੋਚ ਨਹੀਂ ਸੋਚਣੀ ਚਾਹੀਦੀ । Cost of production estimates have not become available for the 1979-80 crop. However, for year 1977-78 the cost of production in Punjab was estimated at Rs 108.57 per quintal.

ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਨਾਲ 1977-78 ਵਿਚ ਇਹ ਕਾਸਟ ਆਫ਼ ਪਰੋਡਕਸ਼ਨ 108 ਰੁਪਏ 57 ਪੈਸੇ ਤੇ ਪਹੁੰਚ ਗਈ ਸੀ । ਪਰ ਉਸ ਤੋਂ ਬਾਅਦ 1978-79 ਵਿਚ ਐਸੀ ਗੱਲ ਹੋਈ ਕਿ ਕਾਸਟ ਆਫ਼ ਪਰੋਡਕਸ਼ਨ ਘੱਟ ਗਈ । ਨਾਰਮਲੀ ਇਸ ਤਰ੍ਹਾਂ ਹੁੰਦਾ ਨਹੀਂ ਹੈ । ਇਹ ਹਿਸਟਰੀ ਵਿੱਚ ਪਹਿਲੀ ਵਾਰ ਸੀ ਕਿ ਕਾਸਟ ਆਫ਼ ਪਰੋਡਕਸ਼ਨ 108 ਰੁਪਏ 57 ਪੈਸੇ ਤੋਂ ਘੱਟ ਕੇ 101 ਰੁਪਏ ਤੇ ਆ ਗਈ । ਇਸ ਦੇ ਕੀ ਕਾਰਨ ਸਨ ? ਉਹ ਇਹ ਸਨ ਕਿ ਉਸ ਵੇਲੇ ਇਥੇ ਬਾਦਲ ਸਾਹਿਬ ਦੀ ਸਰਕਾਰ ਸੀ ਔਰ ਉਨ੍ਹਾਂ ਦੇ ਵੇਲੇ ਐਗਰੀਕਲਚਰ ਦੇ ਇਨਪੁੱਟਸ ਦੀ ਕੀਮਤ ਘੱਟਾ ਦਿੱਤੀ ਗਈ ਸੀ, ਫਰਟੇਲਾਈਜ਼ਰ ਦੀਆਂ ਕੀਮਤਾਂ ਅਸੀਂ ਘੱਟਾ ਦਿੱਤੀਆਂ ਸਨ, ਬਿਜਲੀ ਦੇ ਰੇਟ ਘਟਾ ਦਿੱਤੇ ਗਏ ਸਨ, ਮਾਰਕਿਟਿੰਗ ਦੀਆਂ ਫੈਸਿਲਿਟੀਜ਼ ਦਿੱਤੀਆਂ ਗਈਆਂ ਸਨ, ਪਰਚੇਜ਼ਿੰਗ ਸੈਂਟਰ ਖੋਲ੍ਹੇ ਗਏ ਸਨ । ਜਿਹੜਾ ਪਹਿਲੇ 3/- ਰੁਪਏ ਕੁਇੰਟਲ ਪਿੱਛੇ ਪਰੋਡਿਊਸ ਤੇ ਕਿਸਾਨ ਨੂੰ ਖਰਚ ਕਰਨਾ ਪੈਂਦਾ ਸੀ, ਉਹ ਘੱਟ ਗਿਆ ਸੀ । ਇਸ ਕਰਕੇ ਹੀ ਇਹ ਜਿਹੜੀ ਕਾਸਟ ਆਫ਼ ਪਰੋਡਕਸ਼ਨ ਸੀ ਉਹ 101/- ਰੁਪਏ ਤੇ ਪਹੁੰਚ ਗਈ ਸੀ । ਵੈਸੇ ਆਮ ਤੌਰ ਤੇ ਇਸ ਤਰ੍ਹਾਂ ਹੁੰਦਾ ਨਹੀਂ ਪਰ ਕਿਉਂਕਿ ਕਿਸਾਨਾਂ ਨੂੰ ਸਹੂਲਤਾਂ ਦਿੱਤੀਆਂ ਗਈਆਂ ਔਰ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਖ਼ਿਆਲ ਰਖਿਆ ਗਿਆ ਇਸ ਕਰਕੇ ਇਹ ਕਾਸਟ ਆਫ਼ ਪਰੋਡਕਸ਼ਨ ਘਟੀ । ਰਿਪੋਰਟ ਵਿਚ ਅੱਗੇ ਦਰਜ ਕੀਤਾ ਹੈ :—

"Since then the prices of fertilizers have gone up by about 38 per cent, diesel prices by about 50 per cent and labour and other charges have also gone up. Taking these changes into account, the cost of production in Punjab is estimated to be about Rs. 126.22 per quintal."

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਉਨ੍ਹਾਂ ਨੇ ਸਾਰਾ ਹਿਸਾਬ ਲਾਇਆ ਹੈ ਪਰ ਰਿਸਕ ਦਾ ਇਨਸੀਡੈਂਸ ਵਿੱਚ ਨਹੀਂ ਪਾਇਆ । ਔਰ ਇਸ ਦੇ ਬਾਵਜੂਦ ਵੀ ਉਨ੍ਹਾਂ ਨੇ 135 ਰੁਪਏ ਪ੍ਰਾਈਸ ਮੁਕਰੱਰ ਕਰਨ ਲਈ ਰਿਕੁਮੈਂਡ ਕੀਤਾ ਹੈ । ਇਸ ਲਈ ਮੈਂ ਇਹ ਅਰਜ਼ ਕਰਦਾ ਹਾਂ ਕਿ ਹੁਣ ਸਮਾਂ ਆ ਗਿਆ ਹੈ ਕਿ ਕਣਕ ਦੀ ਪ੍ਰਾਈਸ ਫਿਕਸ ਕੀਤੀ ਜਾਵੇ ਤਾਂਕਿ ਜਿਹੜੀ ਅੱਗੋਂ ਆਉਣ ਵਾਲੀ ਫ਼ਸਲ ਹੈ ਉਸ ਦੇ ਬਾਰੇ ਕਿਸਾਨ ਨੂੰ ਪਤਾ ਲਗ ਸਕੇ ਕਿ ਉਸ ਨੂੰ ਇਹ ਭਾਅ ਮਿਲਣਾ ਹੈ । ਜੇ ਕੋਈ ਉਸ ਨੂੰ ਇਨਸੈਂਟਿਵ ਹੋਵੇਗਾ ਤਾਂ ਉਹ ਹੋਰ ਪਰੋਡਕਸ਼ਨ ਵਧਾਏਗਾ । ਸਾਡੇ ਵਿੱਚ ਹਾਲੇ ਪਰੋਡਕਸ਼ਨ ਵਧਾਉਣ ਦੀ ਸਮੱਰਥਾ ਹੈ । ਅਸੀਂ ਹੋਰ ਉਪਜ ਵਧਾ ਸਕਦੇ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇਹ ਨਹੀਂ ਕਹਿਣਾ ਚਾਹੁੰਦਾ ਕਿ ਬਾਦਲ ਸਾਹਿਬ ਦੀ ਸਰਕਾਰ ਸੀ ਤਾਂ ਪਰੋਡਕਸ਼ਨ ਐਨੀ ਹੋ ਗਈ ਔਰ ਕਾਂਗਰਸ ਦੀ ਸਰਕਾਰ ਸੀ ਤਾਂ ਐਨੀ ਹੋ ਗਈ । ਮੈਂ ਸਮਝਦਾ ਹਾਂ ਕਿ ਇਸ ਦਾ ਕਰੈਡਿਟ ਅਸੀਂ ਨਹੀਂ ਲੈ ਸਕਦੇ । ਔਰ ਜੇ ਇਹ ਕਹਿਣ ਕਿ ਸਾਡੇ ਵੇਲੇ ਇਹ ਐਨੀ ਜ਼ਿਆਦਾ ਪਰੋਡਕਸ਼ਨ ਹੋ ਗਈ ਹੈ ਜਾਂ ਇੰਡੀਪੈਂਡੈਂਸ ਤੋਂ ਪਹਿਲੇ ਕੀ ਸੀ, ਜਿਸ ਤਰ੍ਹਾਂ ਦੀਆਂ ਇਥੇ ਆਮ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਹਨ, ਹੁਣ ਕਿੰਨੀ ਤਰੱਕੀ ਹੋ ਗਈ ਹੈ ਤਾਂ ਇਹ ਕੋਈ ਇਨ੍ਹਾਂ ਲਈ ਐਨੀ ਕਰੈਡੀਟੇਬਲ ਗੱਲ ਨਹੀਂ । ਹੁਣ ਤਾਂ ਲੋਕ ਚੰਦ ਤਾਰਿਆਂ ਤਕ ਪਹੁੰਚ ਗਏ ਹਨ । ਅਸੀਂ ਤਾਂ ਹਾਲੇ ਰੁੜ੍ਹਦੇ ਫਿਰਦੇ ਹਾਂ । ਦੁਨੀਆਂ ਦਾ ਮੁਕਾਬਲਾ ਕਰਨ ਵਾਸਤੇ ਅਸੀਂ ਹਾਲੇ ਬਹੁਤ ਤਰੱਕੀ ਕਰਨੀ ਹੈ । ਡਿਪਟੀ ਸਪੀਕਰ ਸਾਹਿਬ, ਕੋਈ ਸਮਾਂ ਸੀ ਇਥੇ ਕਣਕ ਇਮਪੋਰਟ ਕੀਤੀ ਜਾਂਦੀ ਸੀ ਔਰ ਹੁਣ ਐਸਾ ਸਮਾਂ ਵੀ ਆ ਗਿਆ ਹੈ ਕਿ ਅਸੀਂ ਪਰ ਹੈਕਟੇਅਰ ਈਲਡ ਵਿੱਚ ਦੁਨੀਆਂ ਵਿਚ ਸਭ ਤੋਂ ਅਗੇ ਹਾਂ ਸਿਵਾਏ ਮੈਕਸੀਕੋ ਦੇ । ਸਿਰਫ਼ ਮੈਕਸੀਕੋ ਇਕ ਐਸਾ ਦੇਸ਼ ਹੈ ਜਿਹੜਾ ਸਾਡੇ ਤੋਂ ਅੱਗੇ ਹੈ । (ਥੰਪਿੰਗ) ਜੇ ਅਸੀਂ ਆਪਣੇ ਕਿਸਾਨਾਂ ਨੂੰ ਇਨਸੈਂਟਿਵ ਦੇਈਏ ਤਾਂ ਹੋ ਸਕਦਾ ਹੈ ਕਿ ਅਸੀਂ ਉਸ ਨੂੰ ਵੀ ਬੀਟ ਕਰ ਜਾਈਏ । ਸਾਡੀ ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ । ਪੰਜਾਬ ਦੇ ਕਿਸਾਨ ਵਰਗਾ ਦੁਨੀਆਂ ਵਿਚ ਕੋਈ ਕਿਸਾਨ ਨਹੀਂ, ਪੰਜਾਬ ਦੀ ਧਰਤੀ ਵਰਗੀ ਦੁਨੀਆਂ ਵਿਚ ਕੋਈ ਧਰਤੀ ਨਹੀਂ । ਇਸ ਲਈ ਮੈਂ ਸਮਝਦਾ ਹਾਂ ਕਿ ਸਾਡੇ ਵਿਚ ਸਮਰੱਥਾ ਹੈ ਕਿ ਅਸੀਂ ਮੈਕਸੀਕੋ ਨੂੰ ਬੀਟ ਕਰ ਸਕਦੇ ਹਾਂ । ਚਾਵਲ ਦੀ ਉਪਜ ਵਿੱਚ ਸਿਰਫ ਸਾਡੇ ਨਾਲੋਂ ਜਾਪਾਨ ਅੱਗੇ ਹੈ, ਹੋਰ ਸਾਰੇ ਮੁਲਕ ਪਿੱਛੇ ਹਨ । ਜੇ ਇਸ ਵਾਸਤੇ ਵੀ ਅਸੀਂ ਕੋਸ਼ਿਸ਼ ਕਰੀਏ ਤਾਂ ਜਾਪਾਨ ਨੂੰ ਵੀ ਬੀਟ ਕਰ ਸਕਦੇ ਹਾਂ । ਪਰ ਇਹ ਤਾਂ ਹੀ ਹੋਵੇਗਾ ਜੇ ਅਸੀਂ ਪੰਜਾਬ ਦੇ ਕਿਸਾਨ ਨੂੰ ਇਨਸੈਂਟਿਵ ਦੇਈਏ । ਅਸੀਂ ਤਕੜੇ ਹੋ ਕੇ ਅੱਗੇ ਨਿਕਲ ਸਕਾਂਗੇ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਸਮਾਂ ਹੋਰ ਲਵਾਂਗਾ ।

ਸ੍ਰੀ ਡਿਪਟੀ ਸਪੀਕਰ : ਤੁਹਾਡੀ ਪਾਰਟੀ ਦਾ ਕੋਈ ਹੋਰ ਮੈਂਬਰ ਤਾਂ ਨਹੀਂ ਬੋਲੇਗਾ ?

ਵਿਰੋਧੀ ਧਿਰ ਵਲੋਂ ਅਵਾਜ਼ਾਂ : ਨਹੀਂ ਜੀ, ਨਹੀਂ ਜੀ ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਕਈ ਵਾਰ ਕਿਸਾਨ ਤੇ ਭਾਰ ਪਾਉਣ ਦੀ ਗੱਲ ਚਲਦੀ ਹੈ । ਮੈਂ ਪਿੱਛੇ ਇਕ ਰਿਜ਼ਰਵ ਬੈਂਕ ਦੀ ਰਿਪੋਰਟ ਪੜ੍ਹੀ ਸੀ ਤਾਂ ਉਸ ਵਿਚ ਇਹ ਲਿਖਿਆ ਸੀ ਕਿ ਹੁਣ ਕਿਸਾਨ ਖੁਸ਼ਹਾਲ ਹੁੰਦਾ ਜਾ ਰਿਹਾ ਹੈ, ਇਹ ਜੋ ਫਾਰਮਰ ਹੈ ਇਸ ਨੂੰ ਕੁਝ ਦਬਾਉਣਾ ਚਾਹੀਦਾ ਹੈ । ਇਸ ਸਬੰਧ ਵਿਚ ਇਕ ਰਾਜ ਕਮੇਟੀ ਵੀ ਬਣੀ ਸੀ । ਉਸ ਨੇ ਵੀ ਇਹ ਕਿਹਾ ਸੀ ਕਿ ਕਿਸਾਨ ਤੇ ਭਾਰ

ਪਾਉਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਸੋਚ ਹੈ ਇਹ ਬੜੀ ਗਲਤ ਸੋਚ ਹੈ । ਹਾਲੇ ਸਾਡਾ ਦੇਸ ਸਹੀ ਮਾਹਿਨਿਆਂ ਵਿਚ ਅਨਾਜ਼ ਦੀ ਪੈਦਾਵਾਰ ਵਿੱਚ ਆਤਮ ਨਿਰਭਰ ਨਹੀਂ ਹੋਇਆ । ਠੀਕ ਹੈ ਥੋੜ੍ਹਾ ਬਹੁਤ ਐਕਸਪੋਰਟ ਹੋਣ ਲਗ ਪਿਆ ਹੈ ਲੇਕਿਨ ਅਸੀਂ ਤਕੜਾਈ ਨਾਲ ਇਹ ਨਹੀਂ ਕਹਿ ਸਕਦੇ ਕਿ ਅਸੀ ਸੈਲਫ ਸਫੀਸ਼ੈਂਟ ਹੋ ਗਏ ਹਾਂ । ਸਾਡੇ ਮੁਲਕ ਦੀ ਤਾਂ ਅਬਾਦੀ ਐਨੀ ਤੇਜ਼ੀ ਨਾਲ ਵੱਧ ਰਹੀ ਹੈ ਕਿ ਉਸ ਦੇ ਮੁਕਾਬਲੇ ਵਿਚ ਅਨਾਜ ਦੀ ਪੈਦਾਵਾਰ ਵੱਧਾਉਣੀ ਪਵੇਗੀ । ਇਸ ਲਈ ਮੈਂ ਸਮਝਦਾ ਹਾਂ ਕਿ ਕਿਸਾਨ ਤੇ ਕੋਈ ਹੋਰ ਬਰਡਨ ਨਹੀਂ ਪਾਉਣਾ ਚਾਹੀਦਾ । ਇਸ ਬਾਰੇ ਹਾਲੇ ਸੋਚਣਾ ਵੀ ਨਹੀਂ ਚਾਹੀਦਾ । ਫਿਰ ਇਥੇ ਕਈ ਵਾਰ ਕਲਾਸੀਫੀਕੇਸ਼ਨ ਦੀ ਗੱਲ ਕੀਤੀ ਜਾਂਦੀ ਹੈ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਕਿਸਾਨ ਵਿਚ ਕਲਾਸੀਫੀਕੇਸ਼ਨ ਕਰਨ ਦੀ ਗੱਲ ਕੀਤੀ ਜਾਂਦੀ ਹੈ ਇਹ ਗਲਤ ਹੈ । ਸਾਨੂੰ ਤਾਂ ਇਸ ਵੇਲੇ ਉਨ੍ਹਾਂ ਨੂੰ ਫਰੀ ਹੈਂਡ ਦੇ ਕੇ ਪਰੋਟੈਕਸ਼ਨ ਹੋਰ ਵਧਾਉਣੀ ਚਾਹੀਦੀ ਹੈ ਤਾਂਕਿ ਅਸੀਂ ਹੋਰ ਮੁਲਕਾਂ ਤੋਂ ਵੀ ਅੱਗੇ ਵੱਧ ਸਕੀਏ ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਜ਼ਿਕਰ ਆਉਂਦਾ ਰਿਹਾ ਹੈ ਕਿ ਐਨਾ ਵੱਡਾ ਸਟਾਕ ਅਸੀਂ ਛੱਡ ਗਏ ਸੀ ਔਰ ਫਿਰ ਐਨਾ ਥੋੜ੍ਹਾ ਮਿਲਿਆ ਹੈ । ਮੈਂ ਇਨ੍ਹਾਂ ਗੱਲਾਂ ਦਾ ਜਵਾਬ ਦੇਣਾ ਨਹੀਂ ਸੀ ਚਾਹੁੰਦਾ ਪਰ ਜਦੋਂ ਇਥੇ ਕੋਈ ਗੱਲ ਬਾਰ ਬਾਰ ਕੀਤੀ ਜਾਵੇ ਤਾਂ ਉਸ ਦਾ ਜਵਾਬ ਦੇਣਾ ਜ਼ਰੂਰੀ ਹੋ ਜਾਂਦਾ ਹੈ । ਇਥੇ ਇਕ ਹੋਰ ਆਲੂਆਂ ਦਾ ਵੀ ਕਈ ਵਾਰ ਜ਼ਿਕਰ ਆਇਆ ਹੈ । ਠੀਕ ਹੈ ਉਸ ਵਾਸਤੇ ਅਸੀਂ ਐਡਮਿਟ ਕੀਤਾ ਕਿ ਕੁਝ ਕਾਰਨ ਐਸੇ ਹੋ ਗਏ ਸਨ ਜਿਨ੍ਹਾਂ ਕਾਰਨਾਂ ਕਰਕੇ ਕੁਝ ਐਸੇ ਹਾਲਾਤ ਹੋਏ । ਪਰ ਜਿਥੋਂ ਤਕ ਅਨਾਜ ਦੇ ਸਟਾਕ ਦੀ ਗੱਲ ਹੈ ਔਰ ਇਥੇ ਜੋ ਬਾਰ ਬਾਰ ਕਿਹਾ ਜਾਂਦਾ ਹੈ ਇਹ ਮੈਂ ਸਮਝਦਾ ਹਾਂ ਕਿ ਠੀਕ ਨਹੀਂ । ਇਹ ਇਕ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੀ ਰਿਪੋਰਟ ਮੇਰੇ ਕੋਲ ਹੈ । ਇਸ ਤੋਂ ਪਤਾ ਲਗਦਾ ਹੈ ਕਿ ਜਦੋਂ ਅਸੀਂ ਆਏ ਸੀ ਤਾਂ ਉਸ ਵੇਲੇ 15 ਮਿਲੀਅਨ ਟਨ ਦਾ ਸਟਾਕ ਦੇਸ਼ ਦੇ ਭੰਡਾਰਾਂ ਵਿੱਚ ਸੀ ਔਰ ਜਦੋਂ ਅਸੀਂ ਛੱਡ ਕੇ ਗਏ ਤਾਂ ਉਸ ਵੇਲੇ 22 ਮਿਲੀਅਨ ਟਨ ਦਾ ਸਟਾਕ ਸੀ । ਡਿਪਟੀ ਸਪੀਕਰ ਸਾਹਿਬ, ਇਸ ਹੱਦ ਤਕ ਕਦੇ ਵੀ ਕਾਂਗਰਸ ਸਰਕਾਰ ਵੇਲੇ ਇਹ ਨਹੀਂ ਪੁੱਜੇ । ਇਹ 16 ਸਾਢੇ 16 ਤਕ ਹੀ ਪੁਜਦੇ ਰਹੇ ਹਨ ਪਰ ਇਹ ਪਹਿਲੀ ਵਾਰ ਸੀ ਜਦੋਂ ਅਸੀਂ ਛੱਡ ਕੇ ਗਏ ਤਾਂ ਉਸ ਵੇਲੇ ਦੇਸ਼ ਦੇ ਭੰਡਾਰਾਂ ਵਿਚ 22 ਮਿਲੀਅਨ ਟਨ ਦੇ ਸਟਾਕ ਸਨ । ਸਾਡਾ ਕਿਸਾਨ ਤਕੜਾ ਹੋ ਗਿਆ ਸੀ । ਇਹ ਜ਼ਰੂਰੀ ਹੈ ਕਿ ਸਟਾਕ ਰਖਣੇ ਚਾਹੀਦੇ ਹਨ । ਸਟਾਕ ਰੱਖਣ ਵਿਚ ਸਾਡਾ ਨੰਬਰ ਅਮਰੀਕਾ ਤੋਂ ਦੂਸਰੇ ਨੰਬਰ ਤੇ ਹੈ । ਕੋਈ ਵੇਲਾ ਸੀ ਜਦੋਂ ਅਸੀਂ ਇੰਪੋਰਟ ਕਰਦੇ ਸੀ ।

ਮੈਂ ਅਰਜ਼ ਕੀਤੀ ਸੀ ਕਿ 15-16 ਮਿਲੀਅਨ ਟਨ ਦਾ ਸਟਾਕ ਇਹ ਛੱਡ ਗਏ ਸਨ ਜਿਸ ਵਿਚੋਂ ਡੇਢ ਮਿਲੀਅਨ ਟਨ ਵਾਪਸ ਕਰਨਾ ਸੀ । ਇਨ੍ਹਾਂ ਨੇ 15 ਲੱਖ ਟਨ ਰੂਸ ਤੋਂ ਉਧਾਰ ਲਿਆ ਸੀ, ਮੁੱਲ ਵੀ ਲੈਂਦੇ ਰਹੇ । ਇਕ ਸਾਲ 900 ਕਰੋੜ ਰੁਪਏ ਦਾ ਅਨਾਜ ਲਿਆ ਅਤੇ ਫਿਰ 1100 ਕਰੋੜ ਰੁਪਏ ਦਾ ਲਿਆ ਸੀ । ਮੈਂ ਇਹ ਨਹੀਂ ਕਹਿੰਦਾ ਕਿ ਇਹ ਕਿਉਂ ਉਧਾਰ ਲਿਆ ਸੀ । ਟਾਈਮ ਅਤੇ ਜ਼ਰੂਰਤ ਮੁਤਾਬਿਕ ਉਧਾਰ ਲੈਣਾ ਪੈਂਦਾ ਹੈ, ਮੁੱਲ ਵੀ ਲੈਣਾ ਪੈਂਦਾ ਹੈ ਪਰ ਜਿਹੜਾ ਇਨ੍ਹਾਂ ਨੇ ਉਧਾਰ ਲਿਆ ਸੀ ਉਸ ਨੂੰ ਵਾਪਸ ਕਰਨ ਦੀ ਜ਼ਿੰਮੇਵਾਰੀ ਸਾਡੇ ਤੇ ਗਈ ਸੀ । ਉਹ ਅਸੀਂ ਵਾਪਸ ਕੀਤਾ । ਇਹ ਸਟਾਕ ਜਦੋਂ ਅਸੀਂ ਛੱਡ ਕੇ ਆਏ ਸੀ ਤਾਂ ਉਸ ਵੇਲੇ 22 ਮਿਲੀਅਨ ਟਨ ਸੀ ਔਰ ਜਿਹੜਾ 15 ਲੱਖ ਟਨ ਰਾਈਸ ਰੂਸ ਤੋਂ ਲਿਆ ਸੀ ਉਸ ਨੂੰ ਦੋ ਸਾਲਾਂ ਵਿੱਚ ਅਸੀਂ ਵਾਪਸ ਕਰ ਦਿੱਤਾ ਸੀ । ਕੁਝ ਹੌਸਲਾ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਕਰਕੇ ਅਸੀਂ ਐਕਸਪੋਰਟ ਵੀ ਕੀਤਾ ਸੀ । ਕਣਕ ਵਿਚ ਸਾਡੀ ਸਮਰੱਥਾ ਨਹੀਂ ਕਿ ਇਸ ਨੂੰ ਐਕਸਪੋਰਟ ਕਰ ਸਕੀਏ ਪਰ ਚਾਵਲ ਐਕਸਪੋਰਟ ਕਰ ਸਕਦੇ ਹਾਂ ਅਤੇ ਪੰਜਾਬ ਨੂੰ ਚਾਹੀਦਾ ਹੈ ਕਿ ਉਹ ਚਾਵਲ ਐਕਸਪੋਰਟ ਕਰੇ ਤਾਂਕਿ ਸਾਡੀਆਂ ਮਾਰਕਿਟਾਂ ਬਣ ਸਕਣ ਅਤੇ ਪੈਸਾ ਆ ਸਕੇ । ਅਸੀਂ ਜ਼ਿਆਦਾ ਤਰ ਐਫ.ਸੀ.ਆਈ. ਤੇ ਡਿਪੈਂਡ ਰਹਿੰਦੇ ਹਾਂ । ਇਹ ਠੀਕ ਹੈ ਕਿ ਇਹ ਆਰਗੇਨਾਈਜ਼ੇਸ਼ਨ ਬਹੁਤ ਵੱਡਾ ਹੈ ਪਰ ਇਸ ਦੇ ਨਾਲ ਹੀ ਸਟੇਟ ਨੂੰ ਵੀ ਇਸ ਤਰ੍ਹਾਂ ਦੀਆਂ ਆਪਣੀਆਂ ਏਜੰਸੀਆਂ ਬਣਾਉਣੀਆਂ ਚਾਹੀਦੀਆਂ ਹਨ ਜੋ ਮਾਲ ਪਰਚੇਜ਼ ਕਰ ਸਕਣ ਅਤੇ ਸਟੋਰ ਕਰ ਸਕਣ ਕਿਉਂਕਿ ਐਫ.ਸੀ.ਆਈ. ਵਾਲੇ ਕਈ ਵਾਰ ਹਰ ਥਾਂ ਤੇ ਆਪਣਾ ਪ੍ਰਬੰਧ ਠੀਕ ਨਹੀਂ ਰੱਖ ਸਕਦੇ । ਪਿੱਛੇ ਯੂ.ਪੀ. ਅਤੇ ਬਿਹਾਰ ਤੋਂ ਸ਼ਿਕਾਇਤਾਂ ਆਈਆਂ ਸਨ ਕਿ ਉਥੇ ਕਣਕ 90-95 ਰੁਪਏ ਵਿਕਦੀ ਰਹੀ ਹੈ ਜਦ ਕਿ ਭਾਅ 112 ਰੁਪਏ 50 ਪੈਸੇ ਸੀ । ਇਹ ਇਸ ਕਰਕੇ ਹੋਇਆ ਕਿਉਂਕਿ ਉਥੇ ਕੋਈ ਪਰਚੇਜ਼ਿੰਗ ਏਜੰਸੀਜ਼ ਨਹੀਂ ਸਨ ਅਤੇ ਐਫ.ਸੀ.ਆਈ. ਵਾਲੇ ਉਥੇ ਪ੍ਰਬੰਧ ਨਹੀਂ ਕਰ ਸਕੇ। ਇਸ ਕਰਕੇ ਸਟੇਟ ਨੂੰ ਆਪਣੀਆਂ ਪਰਚੇਜ਼ਿੰਗ ਏਜੰਸੀਜ਼ ਕਾਇਮ ਕਰਨੀਆਂ ਚਾਹਦੀਆਂ ਹਨ ਔਰ ਇਨ੍ਹਾਂ ਏਜੰਸੀਆਂ ਨੂੰ ਸ਼ਕਤੀਸ਼ਾਲੀ ਬਣਾਉਣ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਕਈ ਵਾਰ ਮੰਡੀਆਂ ਅਨਾਜ ਦੇ ਨਾਲ ਭਰ ਜਾਂਦੀਆਂ ਹਨ ਅਤੇ ਪਰਚੇਜ਼ ਨਹੀਂ ਹੁੰਦੀ । ਬਾਰਸ਼ਾਂ ਸ਼ੁਰੂ ਹੋ ਜਾਂਦੀਆਂ ਹਨ ਜਿਸ ਨਾਲ ਕਿਸਾਨਾਂ ਦਾ ਨੁਕਸਾਨ ਹੁੰਦਾ ਅਤੇ ਫਿਰ ਰੌਲਾ ਪੈਂਦਾ ਹੈ ਕਿ ਉਥੇ ਘੱਪਲੇਬਾਜ਼ੀ ਹੋ ਗਈ, ਹੇਰਾ ਫੇਰਾ ਹੋ ਗਈ । ਇਸ ਲਈ ਸਰਕਾਰ ਨੂੰ ਐਸਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂਕਿ ਕਿਸਾਨ ਕੁਝ ਦੇਰ ਆਪਣੇ ਅਨਾਜ ਨੂੰ ਹੋਲਡ ਕਰ ਸਕੇ । ਪਿੰਡਾਂ ਵਿਚ ਗੁਦਾਮ ਹੋਣ ਜਿਥੇ ਆਪਣਾ ਮਾਲ ਕਿਸਾਨ ਸਟੋਰ ਕਰ ਸਕੇ ਅਤੇ ਜਦੋਂ ਮਾਰਕਿਟ ਵਿਚ ਭੀੜ ਘੱਟ ਜਾਵੇ ਫਿਰ ਆਪਣੇ ਮਾਲ ਨੂੰ ਉਹ ਲੈ ਆਵੇ ਔਰ ਉਹ ਆਪਣੇ ਮਾਲ ਨੂੰ ਕੁਝ ਮਹਿੰਗਾ ਵੇਚ ਸਕੇ । ਕਿਉਂਕਿ ਉਸ ਨੂੰ ਮਾਲ ਸਟੋਰ ਕਰਨ ਦੀ ਕਾਸਟ ਪੈਣੀ ਹੈ ਇਸ ਲਈ ਉਹ ਆਪਣੀ ਕਾਸਟ ਨੂੰ ਕੱਢ ਸਕੇ । ਇਹ ਸਟੋਰ ਕਰਨ ਦੀ ਕਪੈਸਿਟੀ ਘੱਟ ਤੋਂ ਘੱਟ 50-60 ਬੋਰੀਆਂ ਦੀਆਂ ਜ਼ਰੂਰ ਹਰ ਕਿਸਾਨ ਪਾਸ ਹੋਣੀ ਚਾਹੀਦੀ ਹੈ । ਇਸ ਨਾਲ ਟਰਾਂਸਪੋਰਟੇਸ਼ਨ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ । ਸਟੇਟਾਂ ਵਿਚ ਅਨਾਜ ਤਾਂ ਪਰੋਕਿਓਅਰ ਹੋ ਜਾਂਦਾ ਹੈ । ਇਹ ਪਰੋਕਿਓਅਰ ਹੋਇਆ ਮਾਲ ਕੁਝ ਗੁਦਾਮਾਂ ਦੇ ਅੰਦਰ ਪਿਆ ਰਹਿੰਦਾ ਹੈ ਅਤੇ ਕੁਝ ਬਾਹਰ ਕਵਰ ਕੀਤਾ ਜਾਂਦਾ ਹੈ । ਕਈ ਵਾਰ ਬਹੁਤ ਦੇਰ ਲਗ ਜਾਂਦੀ ਹੈ, ਮਾਲ ਤਾਂ ਪਰੋਕਿਓਅਰ ਹੋ ਜਾਂਦਾ ਹੈ ਪਰ ਬਾਹਰ ਨਿਕਲਦਾ ਨਹੀਂ ਹੈ ਜਿਸ ਨਾਲ ਕਈ ਵਾਰ ਮਾਲ ਸੜ ਜਾਂਦਾ ਹੈ ਜਾਂ ਖਰਾਬ ਹੋ ਜਾਂਦਾ ਹੈ । ਮੈਂ ਦੇਖਿਆ ਹੈ ਕਿ ਰੇਲਵੇ ਵਾਲੇ ਬੜੀ ਕੋਸ਼ਿਸ਼ ਨਾਲ ਵੀ 6 ਲੱਖ ਟਨ ਤੋਂ ਵੱਧ ਮਾਲ ਸਟੇਟ ਵਿਚੋਂ ਮਹੀਨੇ ਵਿੱਚ ਢੋਹ ਨਹੀ ਸਕਦੇ ਅਤੇ ਆਮ ਤੌਰ ਤੇ 4 ਲੱਖ ਟਨ ਦੇ ਕਰੀਬ ਹੀ ਮਾਲ ਹਰ ਮਹੀਨੇ ਬਾਹਰ ਨਿਕਲਦਾ ਹੈ । ਇਸ ਲਈ ਸਰਕਾਰ ਨੂੰ ਸੈਂਟਰ ਗੌਰਮਿੰਟ ਤੇ ਜ਼ੋਰ ਦੇ ਕੇ ਇਕ ਸਪੈਸ਼ਲ ਰੇਲਵੇ ਲਾਈਨ ਦਾ ਪ੍ਰਬੰਧ ਕਰਵਾਉਣਾ ਚਾਹੀਦਾ ਹੈ ਜਿਸ ਲਾਈਨ ਰਾਹੀਂ ਕਣਕ ਰਾਈਸ ਬਾਹਰ ਜਾ ਸਕੇ । ਇਹ ਪ੍ਰਬੰਧ ਨਾ ਹੋਣ ਕਰਕੇ ਹੁੰਦਾ ਇਹ ਹੈ ਕਿ ਸਾਡਾ ਬੈਂਕ ਲਾਗ ਵੱਧਦਾ ਹੀ ਵੱਧਦਾ ਜਾਂਦਾ ਹੈ। ਅਗਰ ਸਪੈਸ਼ਲ ਰੇਲਵੇ ਲਾਈਨ ਲੇ ਹੋ ਜਾਵੇ ਤਾਂ ਫਿਰ ਟਰਾਂਸਪੋਰਟੇਸ਼ਨ ਦਾ ਮਸਲਾ ਹੱਲ ਹੋ ਸਕਦਾ ਹੈ ਕਿਉਂਕਿ ਇਧਰ ਤੋਂ ਕਣਕ/ਚਾਵਲ ਵਗੈਰਾ ਜਾਣਗੇ ਉਧਰ ਤੋਂ ਫਰਟੇਲਾਈਜ਼ਰ/ਤੇਲ/ਕੋਲਾ/ਹੋਰ ਚੀਜ਼ਾਂ ਸਾਡੀ ਸਟੇਟ ਵਿਚ ਆ ਸਕਣਗੀਆਂ । ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਸਟੋਰ ਬਣੇ ਹੋਏ ਹਨ । ਕੁਝ ਟੈਮਪ੍ਰੇਰੀ ਸਟੋਰੇਜ ਅਸੀਂ ਮੋਗਾ,

ਜਗਰਾਉਂ ਅਤੇ ਗੋਬਿੰਦਗੜ੍ਹ ਵਿੱਚ ਬਣਵਾਏ ਸਨ । ਇਹ ਪਿਛਲੇ ਦੋ ਸਾਲਾਂ ਵਿੱਚ ਛੇ ਕਰੋੜ ਰੁਪਏ ਦੀ ਲਾਗਤ ਨਾਲ ਬਣਵਾਏ ਗਏ ਸਨ ਔਰ ਇਹ ਵਰਲਡ ਬੈਂਕ ਦੀ ਸਹਾਇਤਾ ਨਾਲ ਬਣਾਏ ਗਏ ਸਨ । ਇਸੇ ਤਰ੍ਹਾਂ 16 ਲੱਖ ਟਨ ਦੇ ਹੋਰ ਸਾਧਾਰਨ ਗੁਦਾਮ ਪੰਜਾਬ ਵਿੱਚ ਬਣਾਏ ਗਏ ਸਨ । ਹੁਣ ਕੁਝ ਅਨਾਜ ਅੰਦਰ ਪਿਆ ਰਹਿੰਦਾ ਹੈ ਅਤੇ ਬਾਹਰ ਕੁਝ ਕਵਰ ਵਿੱਚ ਪਿਆ ਰਹਿੰਦਾ ਹੈ । ਕਵਰ ਕੀਤੇ ਅਨਾਜ ਨੂੰ ਅਗਰ ਠੀਕ ਰੱਖਿਆ ਜਾਵੇ ਤਾਂ ਇਹ ਕਾਫੀ ਦੇਰ ਕੱਢ ਸਕਦਾ ਹੈ । ਪਿਛੇ ਅਸੀਂ ਰੂਸ ਨੂੰ 15 ਲੱਖ ਟਨ ਅਨਾਜ ਵਾਪਸ ਕਰਨਾ ਸੀ ਉਨ੍ਹਾਂ ਦਾ ਮਾਲ ਬੜੀ ਅੱਛੀ ਕਿਸਮ ਦਾ ਸੀ । ਉਨ੍ਹਾਂ ਨੇ ਸਾਡੀ ਮੰਗ ਤੇ ਸਾਨੂੰ ਕਨੇਡਾ ਤੋਂ ਸਿੱਧੇ ਜਹਾਜ਼ ਮਾਲ ਦੇ ਸਾਨੂੰ ਭੇਜੇ ਸ.5 ਜੋ ਅੱਛੀ ਕਿਸਮ ਦੇ ਸਨ । ਇਸ ਲਈ ਉਹ ਵੀ ਚਾਹੁੰਦੇ ਸਨ ਕਿ ਸਾਨੂੰ ਵੀ ਅੱਛੀ ਕਿਸਮ ਦਾ ਮਾਲ ਵਾਪਸ ਮਿਲੇ । ਇਸ ਲਈ ਅਸੀਂ ਉਨ੍ਹਾਂ ਦੀ ਟੀਮ ਨੂੰ ਕਿਹਾ ਕਿ ਤੁਸੀਂ ਮਾਲ ਇਨਸਪੈਕਟ ਕਰ ਲਵੋ, ਜਿਹੜਾ ਪਸੰਦ ਹੋਵੇ ਉਹ ਚੁੱਕ ਲਵੋ। ਫਿਰ ਉਨ੍ਹਾਂ ਨੇ ਕੁਲਾਰ ਏਅਰਪੋਰਟ ਦੇ ਗੁਦਾਮ ਦਾ ਮਾਲ ਇੰਸਪੈਕਟ ਕਰਕੇ ਪਸੰਦ ਕੀਤਾ ਸੀ ਜੋ ਕਾਫੀ ਸਮੇਂ ਤੋਂ ਮਾਲ ਬਾਹਰ ਹੀ ਕੈਂਪ ਵਿੱਚ ਪਿਆ ਹੋਇਆ ਸੀ ਅਤੇ ਅੱਛੀ ਹਾਲਤ ਵਿੱਚ ਸੀ । ਰੂਸ ਨੇ ਪਹਿਲੀ ਕੰਸਾਈਨਮੈਂਟ ਕੁਲਾਰ ਤੋਂ ਲਈ ਸੀ । ਅਗਰ ਸਟਾਕ ਨੂੰ ਪ੍ਰਾਪਰਲੀ ਮੈਨੇਜਡ ਕੀਤਾ ਹੋਵੇ ਤਾਂ ਫਿਰ ਸਟਾਕ ਠੀਕ ਰਹਿੰਦਾ ਹੈ ਅਤੇ ਕਾਫੀ ਚਿਰ ਕੱਟ ਜਾਂਦਾ ਹੈ । ਇਸ ਤਰ੍ਹਾਂ ਦਾ ਪ੍ਰਬੰਧ ਸੂਬੇ ਵਿਚ ਵੀ ਕਰਨਾ ਚਾਹੀਦਾ ਹੈ ਤਾਂਕਿ ਸੂਬੇ ਦਾ ਵੱਧ ਭੰਡਾਰ ਬਣ ਸਕੇ । (ਘੰਟੀ) ਬਸ ਜੀ, ਮੈਂ ਵਾਈਂਡ ਅੱਪ ਕਰਨ ਲੱਗਾ ਹਾਂ । ਸਾਡੇ ਸੂਬੇ ਵਿਚ ਅਨਾਜ ਪੈਦਾ ਕਰਨ ਦੀ ਸਮਰੱਥਾ ਹੈ ਇਥੇ ਨਾ ਕੋਈ ਮਾਈਨਜ਼/ਆਇਲ ਵੈਲਜ਼ ਜਾਂ ਹੋਰ ਕੋਈ ਸਾਧਨ ਇਸ ਕਿਸਮ ਦੇ ਨਹੀਂ ਹਨ । ਇਸ ਲਈ ਸਾਡੇ ਸੂਬੇ ਨੂੰ ਅਨਾਜ ਦੀ ਪੈਦਾਵਾਰ ਵੱਧ ਕਰਨੀ ਚਾਹੀਦੀ ਹੈ ਅਤੇ ਸਟਾਕ ਬਣਾਉਣੇ ਚਾਹੀਦੇ ਹਨ ਅਤੇ ਇਸ ਤੇ ਰਾਇਲਟੀ ਲੈਣੀ ਚਾਹੀਦੀ ਹੈ ਜਿਹੜੀਆਂ ਚੀਜ਼ਾਂ ਦੂਜੇ ਸੂਬਿਆਂ ਤੋਂ ਆਉਂਦੀਆਂ ਹਨ ਉਨ੍ਹਾਂ ਤੋਂ ਉਨ੍ਹਾਂ ਨੂੰ ਪੈਸਾ ਮਿਲਦਾ ਹੈ, ਸਾਨੂੰ ਵੀ ਸੈਂਟਰ ਤੋਂ ਲੈਣਾ ਚਾਹੀਦਾ ਹੈ । ਸੂਬੇ ਨੂੰ ਪੈਸੇ ਦੀ ਬਹੁਤ ਲੋੜ ਹੁੰਦੀ ਹੈ । ਪੈਸੇ ਨਾਲ ਹੀ ਸੂਬੇ ਦੀ ਤਰੱਕੀ ਹੋ ਸਕਦੀ ਹੈ । ਇਸ ਕਰਕੇ ਸਾਡੀ ਐਗਰੀਕਲਚਰ ਪ੍ਰੋਡਿਊਸ ਜੋ ਦੂਜੇ ਸੂਬਿਆਂ ਨੂੰ ਜਾਂਦੀ ਹੈ ਉਸ ਤੇ ਸਾਨੂੰ ਰਾਇਲਟੀ ਲੈਣੀ ਚਾਹੀਦੀ ਹੈ । ਮੈਂ ਇਹ ਨਹੀਂ ਕਹਿੰਦਾ ਕਿ ਮਾਲ ਨਹੀਂ ਭੇਜਣਾ ਚਾਹੀਦਾ, ਮਾਲ ਵੇਚਣਾ ਚਾਹੀਦਾ ਹੈ । ਸਾਨੂੰ ਮਾਰਿਕਟਸ ਚਾਹੀਦੀਆਂ ਹਨ । ਜਿਸ ਤਰ੍ਹਾਂ ਪਹਿਲੇ ਮਾਰਕਿਟ ਫੀਸ ਲਗੀ ਹੁੰਦੀ ਸੀ ਔਰ ਸਾਨੂੰ 28 ਕਰੋੜ ਰੁਪਏ ਦੇ ਕਰੀਬ ਉਸ ਤੋਂ ਆਮਦਨੀ ਹੁੰਦੀ ਸੀ ਔਰ ਅਸੀਂ ਉਸ ਨੂੰ ਰੂਰਲ ਡਿਵੈਲਪਮੈਂਟ ਅਤੇ ਮੰਡੀਆਂ ਤੇ ਖ਼ਰਚ ਕਰਦੇ ਸੀ । ਇਸ ਤਰੀਕੇ ਨਾਲ ਇਸ ਤੋਂ ਸਟੇਟ ਨੂੰ ਪੈਸਾ ਆ ਸਕਦਾ ਹੈ । ਪਿੱਛੇ ਇਥੇ ਕਿਹਾ ਗਿਆ ਸੀ ਕਿ ਸੈਂਟਰ ਸਾਡੇ ਤੇ 2,600 ਕਰੋੜ ਰੁਪਿਆ ਡਿਫੈਂਸ ਤੇ ਖ਼ਰਚ ਕਰ ਰਿਹਾ ਹੈ ਡਿਫੈਂਸ ਤੇ ਖ਼ਰਚ ਕਰਨਾ ਸੈਂਟਰ ਦਾ ਕੰਮ ਹੈ । ਇਸ ਵਿਚੋਂ ਸਾਡੀ ਸਟੇਟ ਤੇ 2% ਤੋਂ ਘੱਟ ਖ਼ਰਚ ਹੁੰਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਕਹਿਣਾ ਕਿ 2,600 ਕਰੋੜ ਰੁਪਿਆ ਸੈਂਟਰ ਸਰਕਾਰ ਨੇ ਸਾਡੇ ਤੇ ਖ਼ਰਚ ਕਰ ਦਿੱਤਾ ਹੈ ਅਤੇ ਇਹ ਪੈਸਾ ਬਹੁਤ ਹੈ। ਇਸ ਤਰ੍ਹਾਂ ਦੀ ਸੋਚ ਗਲਤ ਹੈ ਕਿ ਸਾਨੂੰ ਹੋਰ ਪੈਸਾ ਨਹੀਂ ਮਿਲਣਾ ਚਾਹੀਦਾ । ਜੇਕਰ ਅਸੀਂ ਐਵੇਂ ਫਜ਼ੂਲ ਕਹੀ ਜਾਵਾਂਗੇ ਕਿ ਸਾਡੇ ਤੇ ਸੈਂਟਰ ਸਰਕਾਰ ਬਹੁਤ ਖ਼ਰਚ ਕਰਦੀ ਹੈ ਤਾਂ ਸੈਂਟਰ ਸਰਕਾਰ ਵਲੋਂ ਸਾਨੂੰ ਹੋਰ ਪੈਸਾ ਕਿਥੋਂ ਮਿਲੇਗਾ। ਸੈਂਟਰ ਗੌਰਮਿੰਟ ਨੇ ਬਹੁਤ ਸਾਰਾ ਰੁਪਿਆ ਤਾਂ ਡਿਫੈਂਸ ਤੇ ਹੀ ਖ਼ਰਚ ਕਰਨਾ ਹੁੰਦਾ ਹੈ ਅਤੇ ਇਹ ਜ਼ਰੂਰੀ ਵੀ ਹੈ । ਇਸ ਨਾਲ ਸਾਡੇ ਸੂਬੇ ਦੇ ਹਿੱਸੇ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਵਿਚ ਕੀ ਆਇਆ ਸਿਰਫ 2% ਜਾਂ 3% ਜਾਂ 4% ਸਾਡੀ ਭਰਤੀ ਵੀ ਘਟਾ ਦਿੱਤੀ ਗਈ ਹੈ। ਐਵੇਂ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਗੱਲਾ ਕਰਕੇ ਭਰਮਾਉਂਦੇ ਹਨ ਅਤੇ ਲੋਕਾਂ ਤੇ ਦਬਾਉ ਪਾਉਂਦੇ ਹਨ ਕਿ ਅਸੀਂ ਚੰਗਾ ਕੰਮ ਕਰ ਰਹੇ ਹਾਂ ਪਰ, ਡਿਪਟੀ ਸਪੀਕਰ ਸਾਹਿਬ, ਲੋਕਾਂ ਨੂੰ ਕੁੱਝ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਇਹ ਪਹਿਲੀ ਦਫ਼ਾ ਸਾਡੇ ਸਮੇਂ ਹੋਇਆ ਸੀ ਕਿ ਇਨਪੁਟਸ ਦੀਆਂ ਕੀਮਤ ਘੱਟ ਹੋਈਆਂ। ਹੁਣ ਫਰਟੇਲਾਈਜ਼ਰ 38% ਅਤੇ ਡੀਜ਼ਲ 50% ਅਤੇ ਹੋਰ ਕੀਮਤਾਂ ਬਹੁਤ ਵਧੀਆਂ ਹਨ। ਕਿਸਾਨਾਂ ਨੂੰ ਸਿਰਫ 10/- ਰੁਪਏ ਦੇ ਕੇ ਇਹ ਡੀਂਗਾਂ ਨਹੀਂ ਮਾਰ ਸਕਦੇ। (ਘੰਟੀ) ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦਾ ਫਾਇਦਾ ਜ਼ਰੂਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਵੱਧ ਤੋਂ ਵੱਧ ਇਨਸੈਂਟਿਵ ਦਿੱਤਾ ਜਾਵੇ। ਇਹ ਚੀਜ਼ ਨਿਹਾਇਤ ਹੀ ਜ਼ਰੂਰੀ ਹੈ। ਪੈਰਿਟੀ ਪਰਾਈਸ, ਇੰਡਸਟਰੀਅਲ ਗੁਡਜ਼ ਅਤੇ ਐਗਰੀਕਲਚਰ ਪ੍ਰੋਡਿਊਸ ਦੀ ਬਰਾਬਰ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਯੂਨਾਨੀ-ਮਸਲੀ ਪਾਸ ਕਰਨਾ ਚਾਹੀਦਾ ਹੈ ਔਰ ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਸਰਕਾਰ ਦੂਹਰੀ ਲੁੱਟ ਕਰ ਰਹੀ ਹੈ। ਪੰਜਾਬ ਸਰਕਾਰ ਦੀਆਂ ਗਲਤ ਪਾਲਿਸੀਆਂ ਦੇ ਕਾਰਨ ਪਿੱਛੇ ਵੀ ਕਿਸਾਨਾਂ ਨੂੰ ਬਹੁਤ ਨੁਕਸਾਨ ਹੋਇਆ ਹੈ। ਕਿਸਾਨਾਂ ਦੇ ਵਰਤਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਕਿਵੇਂ ਵੱਧ ਰਹੀਆਂ ਹਨ ਪਰ ਕਾਰਖਾਨਿਆ ਦੇ ਮਾਲਕ ਲੋਕਾਂ ਨੂੰ ਲੁਟ ਰਹੇ ਹਨ। ਦਿਨ ਪ੍ਰਤੀ ਦਿਨ ਕਿਸਾਨ ਵਿਚਾਰਾ ਥੱਲੇ ਨੂੰ ਜਾ ਰਿਹਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਪ੍ਰਾਈਸ ਕਮਿਸ਼ਨ ਵਿਚ ਕਿਸਾਨਾਂ ਨੂੰ ਕੋਈ ਨੁਮਾਇੰਦਗੀ ਨਹੀਂ ਦਿੱਤੀ ਜਾ ਰਹੀ ਹੈ। ਏ.ਪੀ.ਸੀ. ਦੇ ਅੰਦਰ ਕਿਸਾਨਾਂ ਦੀ ਨੁਮਾਇੰਦਗੀ ਜ਼ਰੂਰ ਹੋਣੀ ਚਾਹੀਦੀ ਹੈ ਅਤੇ ਕਿਸਾਨ ਵੀ ਇਸ ਗੱਲ ਦੀ ਕਾਫੀ ਦੇਰ ਤੋਂ ਮੰਗ ਕਰ ਰਹੇ ਹਨ। ਜਿਹੜਾ ਬੰਦਾ ਏ.ਪੀ.ਸੀ. ਦਾ ਮੈਂਬਰ ਹੋਵੇ ਪਰ ਉਹ ਕਿਸਾਨ ਨਾ ਹੋਵੇ ਤਾਂ ਉਹ ਇਨਸਾਨ ਕਿਸਾਨਾਂ ਦੀ ਕਿਸ ਤਰ੍ਹਾਂ ਨੁਮਾਇੰਦਗੀ ਕਰ ਸਕਦਾ ਹੈ? ਉਸ ਨੂੰ ਕਿਸਾਨਾਂ ਦੀਆਂ ਤਕਲੀਫਾਂ ਦਾ ਕੀ ਪਤਾ ਹੈ ਕਿ ਕਿਸ ਤਰ੍ਹਾਂ ਕਿਸਾਨ ਪੋਹ ਦੇ ਮਹੀਨੇ ਵਿਚ ਆਪਣੇ ਖੇਤਾਂ ਨੂੰ ਪਾਣੀ ਦਿੰਦੇ ਹਨ ਅਤੇ ਔਖੇ ਹੋ ਕੇ ਕੰਮ ਕਰਦੇ ਹਨ। ਇਸ ਲਈ ਡਿਪਟੀ ਸਪੀਕਰ ਸਾਹਿਬ ਏ.ਪੀ.ਸੀ. ਵਿਚ ਕਿਸਾਨਾਂ ਨੂੰ ਜ਼ਰੂਰ ਨਮਾਇੰਦਗੀ ਮਿਲਣੀ ਚਾਹੀਦੀ ਹੈ।

ਦੂਸਰਾ, ਪੰਜਾਬ ਦਾ ਕਿਸਾਨ ਵਿਚਾਰਾ ਨੇਚਰ ਤੇ ਡੀਪੈਂਡ ਕਰਦਾ ਹੈ। ਜੇਕਰ ਨੇਚਰ ਸਾਥ ਦੇਵੇ ਤਾਂ ਕਿਸਾਨ ਬੱਚ ਜਾਂਦਾ ਹੈ ਵਰਨਾ ਮਾਰਿਆ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਵੀਟ ਦੀ ਕੀਮਤ ਫਿਕਸ ਕਰਨ ਲਈ ਕਿਸਾਨਾਂ ਦੀ ਮੱਦਦ ਲਈ ਬੜਾ ਵੱਡਾ ਹੁੰਗਾਰਾ ਭਰਿਆ ਗਿਆ ਹੈ। ਇਸ ਦੇ ਨਾਲ ਹੀ ਕਹਿ ਦਿੱਤਾ ਕਿ 22 ਕਰੋੜ ਰੁਪਿਆ ਖਾਦ ਦੀਆਂ ਕੀਮਤਾਂ ਕਰਕੇ ਕਿਸਾਨ ਨੂੰ ਨੁਕਸਾਨ ਹੋਇਆ ਅਤੇ 8 ਕਰੋੜ ਰੁਪਿਆ ਡੀਜ਼ਲ ਦੀਆਂ ਕੀਮਤਾਂ ਵੱਧਣ ਕਰਕੇ ਵੀ ਕਿਸਾਨ ਨੂੰ ਨੁਕਸਾਨ ਹੋਇਆ ਹੈ। ਇਸ ਤਰ੍ਹਾਂ ਖਾਦ ਅਤੇ ਡੀਜ਼ਲ ਦੀਆਂ ਅਤੇ ਹੋਰ ਚੀਜ਼ਾਂ ਵੱਧਣ ਕਰਕੇ ਕਿਸਾਨ ਦਾ ਬਹੁਤ ਨੁਕਸਾਨ ਹੋਇਆ ਹੈ ਪਰ ਅਸੀਂ ਪੈਡੀ ਦੀ ਕੀਮਤ ਵਧਾ ਕੇ ਕਿਸਾਨਾਂ ਦਾ ਘਾਟਾ ਪੂਰਾ ਕਰ ਦਿੱਤਾ ਹੈ ਅਤੇ

ਉਨ੍ਹਾਂ ਨੂੰ ਫਾਇਦਾ ਪਹੁੰਚਾਇਆ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਹਿਸਾਬ ਨਾਲ ਖਾਦਾਂ, ਡੀਜ਼ਲ ਅਤੇ ਹੋਰ ਕਿਸਾਨ ਦੇ ਵਰਤਣ ਵਾਲੀਆ ਚੀਜ਼ਾਂ ਦੀਆਂ ਕੀਮਤਾਂ ਵਧੀਆਂ ਹਨ, ਉਸ ਹਿਸਾਬ ਨਾਲ ਕਿਸਾਨਾਂ ਨੂੰ ਕੋਈ ਫਾਇਦਾ ਨਹੀਂ ਹੋਇਆ। ਰੋਜ਼ ਦੀਆਂ ਵਰਤਣ ਵਾਲੀਆਂ ਚੀਜ਼ਾਂ ਦੇ ਭਾਅ ਵੱਧੇ ਹਨ। ਚੀਨੀ ਕਪੜਾ ਅਤੇ ਹੋਰ ਚੀਜ਼ਾਂ ਦੇ ਭਾਅ ਬਹੁਤ ਵੱਧੇ ਹਨ। ਪੈਡੀ ਦਾ ਮੁੱਲ ਵਧਾ ਕੇ ਇਹ ਗੱਲ ਕਹਿਣਾ ਕਿ ਕਿਸਾਨਾਂ ਦਾ ਫਾਇਦਾ ਕੀਤਾ ਹੈ, ਇਹ ਇਕ ਹਾਸੋਹੀਣੀ ਗੱਲ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਲੰਬੇ ਚੌੜੇ ਅੰਕੜੇ ਪੇਸ਼ ਨਹੀਂ ਕਰਾਂਗਾ ਕਿਉਂਕਿ ਤੁਸੀਂ ਸਾਨੂੰ ਵਕਤ ਥੋੜ੍ਹਾ ਦਿੰਦੇ ਹੋ। ਮੈਂ ਹੁਣ ਚੀਨੀ ਦੀ ਗੱਲ ਕਰਨਾ ਚਾਹੁੰਦਾ ਹਾਂ। ਜਿਥੋਂ ਤਕ ਚੀਨੀ ਦਾ ਸਵਾਲ ਹੈ, ਡਿਪਟੀ ਸਪੀਕਰ ਸਾਹਿਬ, ਇਕ ਕਮੇਟੀ ਅੰਗਰੇਜ਼ਾਂ ਦੇ ਰਾਜ ਵੇਲੇ ਹੋਇਆ ਕਰਦੀ ਸੀ। ਉਸ ਵੇਲੇ ਆਪਣਾ ਰਾਜ ਨਹੀਂ ਸੀ। ਇਹ 1943 ਦੀ ਗੱਲ ਹੈ ਅਤੇ ਉਸ ਵੇਲੇ ਸ੍ਰੀ ਡੀ. ਡੀ. ਪੁਰੀ ਨੇ ਅੰਗ੍ਰੇਜ਼ਾਂ ਨੂੰ ਕਿਹਾ ਸੀ ਕਿ ਜਿੰਨਾਂ ਗੰਨਾ ਦਿਓ ਉਸ ਦੇ ਮੁਤਾਬਿਕ ਹੀ ਚੀਨੀ ਲਵੋ। ਡਿਪਟੀ ਸਪੀਕਰ ਸਾਹਿਬ, ਇਕ ਕੁਇੰਟਲ ਗੰਨੇ ਪਿੱਛੇ 10 ਕਿਲੋ ਚੀਨੀ ਮਿਲਣੀ ਚਾਹੀਦੀ ਹੈ। ਹੁਣ ਸਾਡੀ ਸਰਕਾਰ ਕਹਿੰਦੀ ਹੈ ਕਿ ਗੰਨੇ ਦਾ ਮੁੱਲ ਵੱਧਾ ਦਿੱਤਾ ਹੈ ਪਰ ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਖੰਡ ਦਾ ਮੁਲ 3 ਰੁਪਏ 68 ਪੈਸੇ ਹੋਣਾ ਚਾਹੀਦਾ ਹੈ ਪਰ ਦੇਖ ਲਵੋ ਕਿ ਖੰਡ ਦਾ ਮੁੱਲ ਕਿਸ ਤਰ੍ਹਾਂ ਵੱਧ ਰਿਹਾ ਹੈ। ਗੰਨੇ ਦੀ ਕੀਮਤ ਦਾ ਮੁੱਲ ਠੀਕ ਕਿਉਂ ਨਹੀਂ ਦਿੱਤਾ ਜਾਂਦਾ ਅਤੇ ਖੰਡ ਕਿਉਂ ਮਹਿੰਗੀ ਹੋ ਰਹੀ ਹੈ? (ਵਿਘਨ) ਡਿਪਟੀ ਸਪੀਕਰ ਸਾਹਿਬ, ਸਰਕਾਰ ਸ਼ੀਰਾ 60/- ਰੁਪਏ ਕੁਇੰਟਲ ਲੈਂਦੀ ਹੈ ਜਿਸ ਤੋਂ ਸ਼ਰਾਬ ਦੀਆਂ 10 ਬੋਤਲਾਂ ਬਣਦੀਆਂ ਹਨ ਅਤੇ ਸ਼ਰਾਬ ਦੀ ਇਕ ਬੋਤਲ 20/- ਰੁਪਏ ਨੂੰ ਵਿਕਦੀ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਸ਼ਾਇਦ ਸ਼ਰਾਬ ਨਹੀਂ ਪੀਂਦੇ ਪਰ ਜਿਹੜੇ ਪੀਂਦੇ ਹਨ ਉਨ੍ਹਾਂ ਨੂੰ ਪਤਾ ਹੈ। ਕਨਜ਼ਿਊਮਰ ਤੇ ਅਤਿਆਚਾਰ ਕੀਤਾ ਜਾ ਰਿਹਾ ਹੈ। ਹੁਣ ਤੁਸੀਂ ਕਪਾਹ ਨੂੰ ਲੈ ਲਤੇ। ਚੌਧਰੀ ਸਾਹਿਬ ਨੇ ਬੜਾ ਜ਼ੋਰ ਲਗਾਇਆ ਹੈ। ਕਪਾਹ 4/- ਰੁਪਏ ਕਿਲੋ ਵਿ ੀ ਹੈ। ਰੂੰ 7/- ਰੁਪਏ ਕਿਲੋ ਵਿਕਦੀ ਹੈ ਪਰ ਯਾਰਨ ਡਿਪਟੀ ਸਪੀਕਰ ਸਾਹਿਬ, 50/- ਰੁਪਏ ਕਿਲੋ ਵਿਕਦਾ ਹੈ। ਮੈਂ, ਸਮਝਦਾ ਹਾਂ ਕਿ ਜਦੋਂ ਕਪਾਹ ਚਾਰ ਰੁਪਏ ਕਿਲੋ ਅਤੇ ਰੂੰ ਸੱਤ ਰੁਪਏ ਕਿਲੋ ਤਾਂ ਯਾਰਨ ਉਸ ਹਿਸਾਬ ਨਾਲ 11/- ਰੁਪਏ ਕਿਲੋ ਵਿਕਣੀ ਚਾਹੀਦੀ ਹੈ ਪਰ ਇਹ 50/- ਰੁਪਏ ਕਿਲੋ ਵਿਕ ਰਹੀ ਹੈ। ਨਰਮਾ 5/- ਰੁਪਏ ਕਿਲੋ ਵਿਕਦਾ ਹੈ ਅਤੇ ਉਸ ਹਿਸਾਬ ਨਾਲ ਕਪੜਾ ਢਾਈ ਰੁਪਏ ਮੀਟਰ ਤੋਂ ਵੱਧ ਨਹੀਂ ਵਿਕਣਾ ਚਾਹੀਦਾ ਪਰ ਤੁਸੀਂ ਵੇਖ ਲਵੋ ਕਿ ਕਿਸ ਭਾਅ ਵਿਕਦਾ ਹੈ। ਸਰੋਂ ਵਿਚੋਂ ਇਕ ਕੁਇੰਟਲ ਪਿਛੇ 40 ਕਿਲੋ ਤੇਲ ਨਿਕਲਦਾ ਹੈ ਅਤੇ 60 ਕਿਲੋ ਖਲ ਨਿਕਲਦੀ ਹੈ। ਖਲ ਦੀ ਬਾਜ਼ਾਰ ਵਿਚ ਕੀਮਤ ਪੈਂਦੀ ਹੈ ਜੋ ਕਿ ਬਹੁਤ ਕੰਮ ਆਉਂਦੀ ਹੈ। ਜਿਹੜਾ ਫਲ 2 ਰੁਪਏ ਕਿਲੋ ਮਿਲਦਾ ਹੈ ਉਸ ਦਾ ਜੂਸ 18 ਰੁਪਏ ਕਿਲੋ ਵਿਕਦਾ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਸੈਂਟਰ ਦੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰਦੀ। ਇਸੀ ਕਰਕੇ ਹੀ ਕਿਸਾਨ ਦੀਆਂ ਜਿਨਸਾਂ ਲਈ ਰੈਮੂਨਰੇਟਿਵ ਪ੍ਰਾਈਸਿਜ਼ ਦੀ ਮੰਗ ਕਰਨੀ ਪੈ ਰਹੀ ਹੈ।

ਬਿਜਲੀ ਦੀ ਗੱਲ ਲੈ ਲਵੋ। ਬਿਜਲੀ ਦੀ ਪੈਦਾਵਾਰ ਦੇ ਹਿਸਾਬ ਨਾਲ ਢਾਈ ਪੈਸੇ ਯੂਨਿਟ ਬਿਜਲੀ ਦਾ ਰੇਟ ਪੈਂਦਾ ਹੈ। ਸਾਡੇ ਮਜ਼ਦੂਰ ਖੰਭਿਆਂ ਤੇ ਚੜ੍ਹ ਚੜ੍ਹ ਕੇ ਆਪਣੇ ਸਿਰਾਂ ਤੇ ਤਾਰਾਂ ਲੰਘਾ ਕੇ ਬਿਜਲਿਆਂ ਔਰ ਟਾਟਿਆਂ ਨੂੰ ਬਿਜਲੀ ਮੁਹੱਈਆ ਕਰਦੇ ਹਨ।

[ਪ੍ਰੋਫੈਸਰ ਬਲਵੰਤ ਸਿੰਘ]

ਪਰ ਕਿਸਾਨਾਂ ਨੂੰ ਅਪਣੇ ਘਰਾਂ ਵਿਚ ਬਿਜਲੀ 40 ਪੈਸੇ ਯੂਨਿਟ ਦੇ ਹਿਸਾਬ ਨਾਲ, ਮਿਲਦੀ ਹੈ ਜਦੋਂ ਕਿ ਕਾਰਖਾਨੇਦਾਰਾਂ ਨੂੰ ਬਿਜਲੀ ਦੀ ਪੈਦਾਵਾਰ ਦੀ ਲਾਗਤ ਤੋਂ ਥੱਲੇ ਇਕ ਪੈਸਾ ਜਾਂ ਡੇਢ ਪੈਸਾ ਯੂਨਿਟ ਦੇ ਹਿਸਾਬ ਨਾਲ, ਬਿਜਲੀ ਮਿਲਦੀ ਹੈ। ਇੰਡਸਟ੍ਰੀਅਲ ਪ੍ਰੋਡਕਟਸ ਦੀ ਕੀਮਤ ਵਿਚ ਕਿੰਨਾ ਵਾਧਾ ਹੋ ਰਿਹਾ ਹੈ। ਮਿਸਾਲ ਵਜੋਂ ਸਾਈਕਲ ਹੀ ਲੈ ਲਵੋ। ਫਰਜ਼ ਕਰੋ ਜੇਕਰ ਕਿਸੇ ਸਾਈਕਲ ਦੀ ਕੀਮਤ ਡੇਢ ਸੌ ਰੁਪਏ ਪੈਂਦੀ ਹੈ ਤਾਂ ਸੈਂਟਰ ਦੀ ਸਰਕਾਰ ਉਸ ਇੰਡਸਟਰੀ ਵਾਲੇ ਨੂੰ ਕਹਿੰਦੀ ਹੈ ਕਿ ਤੂੰ 100 ਰੁਪਏ ਦੇ ਹਿਸਾਬ ਨਾਲ ਸਾਈਕਲ ਐਕਸਪੋਰਟ ਕਰਦੇ ਔਰ ਬਾਕੀ ਦੇ 50 ਰੁਪਏ ਫੀ ਸਾਇਕਲ ਦੇ ਹਿਸਾਬ ਨਾਲ ਸੈਂਟਰ ਦੇ ਖਜ਼ਾਨੇ ਵਿਚੋਂ ਲੈ ਲੈ। ਇਸ ਤਰ੍ਹਾਂ ਨਾਲ ਕਿਸਾਨਾਂ ਵਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਹੈ। ਜੇਕਰ ਕਿਸਾਨਾ ਦੀ ਜਿਨਸ ਦੇ ਭਾਅ ਠੀਕ ਤਰ੍ਹਾਂ ਨਾਲ ਨਹੀਂ ਦਿਵਾਏ ਜਾਣਗੇ ਤਾਂ ਫਿਰ ਮੁਲਕ ਸਾਡਾ ਸੈਲਫ ਸਫੀਸ਼ੈਂਟ ਕਿਸ ਤਰ੍ਹਾਂ ਨਾਲ ਹੋ ਸਕਦਾ ਹੈ। ਅੱਗੇ ਠੂਠਾ ਪਕੜ ਕੇ ਬਾਹਰਲੇ ਦੇਸ਼ਾਂ ਵਿਚ ਅਨਾਜ ਲਈ ਫਿਰਦੇ ਸੀ ਔਰ ਜੇਕਰ ਹਾਲਾਤ ਵਿਚ ਤਬਦੀਲੀ ਨਾ ਲਿਆਂਦੀ ਗਈ ਤਾਂ ਫਿਰ ਉਸੇ ਤਰ੍ਹਾਂ ਠੂਠਾ ਪਕੜਨ ਵਾਲੀ ਗੱਲ ਹੋ ਸਕਦੀ ਹੈ। ਮੁਲਕ ਦੇ ਕਿਸਾਨਾਂ ਨੂੰ ਇਨਸੈਂਟਿਵ ਦੇਣਾ ਚਾਹੀਦਾ ਹੈ, ਉਨ੍ਹਾਂ ਨੂੰ ਪ੍ਰੇਰਤ ਕਰਨਾ ਚਾਹੀਦਾ ਹੈ ਤਾਂਕਿ ਪੜ੍ਹੇ ਲਿਖੇ ਨੌਜਵਾਨ ਇਸ ਨੂੰ ਅਪਣਾ ਸਕਣ ਔਰ ਲਾਹੇਵੰਦ ਭਾਅ ਇਨ੍ਹਾਂ ਨੂੰ ਮਿਲ ਸਕਣ।

ਜਿਸ ਬਾਹਰਲੇ ਦੇਸ਼ ਵਿਚੋਂ ਕੋਈ ਅਨਾਜ ਲਿੱਤਾ ਜਾਂਦਾ ਹੈ ਉਹ ਮੁਲਕ ਆਪਣੀ ਮਨ ਮਰਜ਼ੀ ਦੇ ਸਮਝੌਤੇ ਕਰਦਾ ਹੈ ਔਰ ਜਿਸ ਦੇਸ਼ ਨੂੰ ਕੋਈ ਚੀਜ਼ ਦਿੰਦਾ ਹੈ ਉਸ ਦੇਸ਼ ਦੀ ਅਖੰਡਤਾ ਨੂੰ ਖਤਰਾ ਪੈਦਾ ਕਰ ਦਿੰਦਾ ਹੈ। ਵਿਦੇਸ਼ੀ ਏਜੰਸੀ ਦੂਜੇ ਮੁਲਕ ਵਿਚ ਜਾ ਕੇ ਉਸ ਦੇਸ਼ ਦੀ ਅਖੰਡਤਾ ਨੂੰ ਖਤਰਾ ਪੈਦਾ ਕਰ ਦਿੰਦੀ ਹੈ। ਇਸ ਲਈ ਕਿਸਾਨਾਂ ਨੂੰ ਉਨ੍ਹਾਂ ਦੀ ਜਿਨਸ ਦੇ ਭਾਅ ਠੀਕ ਮਿਲਣੇ ਚਾਹੀਦੇ ਹਨ। ਅੱਜ ਪੰਜਾਬ ਦਾ ਕਿਸਾਨ ਬੱਚਿਆਂ ਨੂੰ ਪੜ੍ਹਾਉਣ ਦੀ ਬਿਪਤਾ ਵਿਚ ਫਸਿਆ ਹੋਇਆ ਹੈ। ਉਹ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦਾ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਦੀ ਸਮੱਸਿਆ ਹੈ। (ਘੰਟੀ) ਮੈਂ ਉਨ੍ਹਾਂ ਕਿਸਾਨਾਂ ਦੀ ਗੱਲ ਕਰ ਰਿਹਾ ਹਾਂ ਜਿਨ੍ਹਾਂ ਵਿਚ ਤੁਸੀਂ ਵੀ ਰਹਿੰਦੇ ਹੋ। ਜੇਕਰ ਉਨ੍ਹਾਂ ਨੂੰ ਰਿਊਮਨਰੇਟਿਵ ਪ੍ਰਾਈਸਿਜ਼ ਨਾ ਦਿੱਤੀ ਗਈ ਤਾਂ ਉਸ ਦੇ ਖਤਰਨਾਕ ਨਤੀਜੇ ਨਿਕਲਣਗੇ। ਪਿਛੇ ਜਿਹੇ ਕਿਸਾਨਾਂ ਦੀ ਰੈਲੀ ਹੋਈ, ਉਹ ਲੋਕ ਸਾਈਕਲਾਂ ਤੇ ਚੜ੍ਹ ਕੇ, ਪੈਦਲ ਚਲਕੇ ਜਲੂਸ ਵਿਚ ਸ਼ਾਮਲ ਹੋਏ ਔਰ ਆਪਣੀ ਦਿਹਾੜੀ ਖਰਾਬ ਕੀਤੀ, ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਦੀ ਜਿਨਸ ਦੇ ਸਹੀ ਮੁਲ ਦਿਵਾਏ ਜਾਣ (ਘੰਟੀ) ਇਥੇ ਆ ਕੇ ਉਸ ਦਿਨ ਉਨ੍ਹਾਂ ਨੇ ਹਾਊਸ ਦਾ ਸਤਿਕਾਰ ਕੀਤਾ ਔਰ ਸ਼ਾਂਤੀ ਪੂਰਨ ਰਹੇ। ਮੈਂ ਬੇਨਤੀ ਕਰਦਾ ਹਾਂ ਕਿ ਇਹ ਪੰਜਾਬ ਦੇ ਕਿਸਾਨ ਦੇ ਹਿੱਤ ਵਿਚ ਹੈ ਕਿ ਅਸੀਂ ਇਕੱਠੇ ਹੋ ਕੇ ਸੈਂਟਰ ਦੀ ਸਰਕਾਰ ਤੋਂ ਇਨ੍ਹਾਂ ਦੇ ਜਿਨਸਾਂ ਦੇ ਰਿਊਨਮਰੇਟਿਵ ਭਾਅ ਦੀ ਮੰਗ ਕਰੀਏ (ਥੰਪਿੰਗ)।

ਕਾਮਰੇਡ ਰਾਜ ਕੁਮਾਰ (ਧਾਰੀਵਾਲ): ਡਿਪਟੀ ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ ਸਾਰੇ ਮੈਂਬਰ ਸਾਹਿਬਾਨ ਨੇ ਇਸ ਤੇ ਸਹਿਮਤ ਹੋ ਕੇ ਇਕ ਸਾਂਝਾ ਮਤਾ ਅੱਜ ਹਾਊਸ ਵਿਚ ਲਿਆਂਦਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਕ 1977 ਵਿਚ ਕੋਈ ਰੈਲੀ ਦਿੱਲੀ ਵਿਚ ਹੋਈ ਸੀ ਔਰ ਹੁਣ ਫਿਰ 1981 ਵਿਚ ਦਿੱਲੀ ਵਿਚ ਰੈਲੀ ਹੋਈ ਹੈ।

ਮੈਂ ਉਨ੍ਹਾਂ ਰੈਲੀਆਂ ਦੇ ਮਕਸਦ ਵਿਚ ਨਹੀਂ ਜਾਣਾ ਚਾਹੁੰਦਾ ਲੇਕਿਨ ਦੋਨੋਂ ਹੀ ਕਿਸਾਨ ਰੈਲੀਆਂ ਹਨ ਔਰ ਹਿੰਦੁਸਤਾਨ ਦਾ ਕੋਈ ਵੀ ਸੂਬਾ ਅਜਿਹਾ ਨਹੀਂ ਜਿਸ ਵਿਚੋਂ ਬਹੁਤ ਵਡੀ ਗਿਣਤੀ ਵਿਚ ਕਿਸਾਨ ਰੈਲੀ ਵਿਚ ਨਾ ਗਏ ਹੋਣ ਔਰ ਡੀਮਾਂਨਸਟਰੇਸ਼ਨਜ਼ ਨਾ ਕੀਤੀਆਂ ਹੋਣ। ਇਹ ਪੰਜਾਬ ਅੰਦਰ ਚੰਗੀ ਰਵਾਇਤ ਪਈ ਹੈ। ਪੰਜਾਬ ਦੀ ਪਹਿਲੀ ਅਸੈਂਬਲੀ ਹੈ ਜਿਥੇ ਸਰਵ ਸੰਮਤੀ ਨਾਲ ਇਸ ਸਵਾਲ ਉਤੇ ਅੱਜ ਬਹਿਸ ਕਰ ਰਹੇ ਹਾਂ ਔਰ ਅਸੀਂ ਲੀਡ ਦੇ ਰਹੇ ਹਾਂ। ਅਸੀਂ ਕੌਮੀ ਪੂਲ ਵਿਚ 73% ਕਣਕ ਦਿੱਤੀ ਹੈ ਔਰ 66% ਚਾਵਲ ਕੌਮੀ ਪੂਲ ਵਿਚ ਦਿੱਤੇ ਹਨ। ਇਸ ਕਰਕੇ ਸਾਡਾ ਰਾਈਟ ਵੀ ਹੈ ਇਸ ਮਾਮਲੇ ਤੇ ਅਸੀਂ ਸਾਰੇ ਇਕੱਠੇ ਹੋ ਕੇ ਇਕ ਨਵੀਂ ਪ੍ਰਥਾ ਦੀ ਸ਼ੁਰੂਆਤ ਕਰੀਏ। ਲੇਕਿਨ ਜੋ ਅਸੀਂ ਇਹ ਚੰਗੇ ਕੰਮ ਦੀ ਸ਼ੁਰੂਆਤ ਕਰ ਰਹੇ ਹਾਂ ਇਸ ਵਿਚ ਕੁਝ ਇਕ ਨੈਗੇਟਿਵ ਅੰਸ਼ ਵੀ ਹਨ ਜਿਸ ਤੇ ਬਹਿਸ ਕਰਨ ਦੀ ਜ਼ਿਮੇਂਵਾਰੀ ਤੋਂ ਵੀ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਕਿਸਾਨ ਇਸ ਮੁਲਕ ਦੀ ਰੀੜ ਦੀ ਹੱਡੀ ਹੈ ਜਿਸ ਦੇ ਬਾਇਸ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਜਦੋਂ ਵੀ ਇਥੇ ਫਾਰਨ ਐਕਸ-ਚੇਂਜ ਦੀ ਕਮੀ ਕਾਰਨ ਡੀਜ਼ਲ ਲੈਣ ਵਿਚ ਔਕੜ ਆਈ ਉਦੋਂ ਕਿਸਾਨ ਦੀ ਪੈਦਾਵਾਰ ਦੀ ਬਦੌਲਤ ਹੀ ਅਸੀਂ ਉਸ ਔਖਿਆਈ ਤੇ ਕਾਬੂ ਪਾ ਸਕੇ ਹਾਂ। ਪੰਜਾਬ ਵਲੋਂ ਨੈਸ਼ਨਲ ਪੂਲ ਵਿਚ ਚਾਵਲ ਦੇ ਕੇ ਸੋਵੀਅਤ ਯੂਨੀਅਨ ਤੋਂ ਡੀਜ਼ਲ ਲਿਆ ਗਿਆ ਸੀ। ਇਸ ਪੰਜਾਬ ਤੇ ਸਾਨੂੰ ਮਾਣ ਹੈ ਕਿ ਅਸੀਂ ਕੌਮੀ ਮੁਸ਼ਕਲਾਤਾਂ ਜਿਨ੍ਹਾਂ ਕਰਕੇ ਫਾਰਨ ਐਕਸਚੇਂਜ ਦੀ ਲੋੜ ਪੈਂਦੀ ਹੈ ਉਸ ਨੂੰ ਅਸੀਂ ਆਪਣੇ ਪਦਾਰਥ ਦੇ ਕੇ ਕੌਮ ਦੀਆਂ ਮੁਸ਼ਕਲਾਂ ਨੂੰ ਹੱਲ ਕਰਦੇ ਹਾਂ। ਅੱਜ ਫਿਰ ਕਿਉਂ ਨਾ ਕਿਸਾਨ ਮੰਗ ਕਰੇ ਕਿ ਮੇਰੀ ਪੈਦਾਵਾਰ ਦਾ ਮੁਲ ਠੀਕ ਮੋੜੋ। ਅੱਜ ਕੋਈ ਦਿਨ ਐਸਾ ਨਹੀਂ ਆਉਂਦਾ ਜਦੋਂ ਕਿ ਕਿਸਾਨ ਦੀ ਮੁਸ਼ਕਲਾਤਾਂ ਵਾਸਤੇ ਮੰਗ ਨਹੀਂ ਕੀਤੀ ਜਾਂਦੀ। ਅੱਜ, ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖੋ ਉਸ ਨੂੰ 38% ਵੱਧ ਦੇਣਾ ਪੈ ਰਿਹਾ ਹੈ। ਫਰਟੇਲਾਈਜ਼ਰ ਦੀ ਕੀਮਤ ਵੱਧਣ ਕਾਰਨ ਉਸ ਨੂੰ 102% ਵੱਧ ਪੈ ਰਿਹਾ ਹੈ। 1980-81 ਵਿਚ ਡੀਜ਼ਲ ਦੀ ਕੀਮਤ ਵੱਧਣ ਕਾਰਨ 102% ਇਸ ਦਾ ਬੋਝ, ਮਸ਼ੀਨਰੀ ਮਹਿੰਗੀ ਹੋਣ ਕਾਰਨ 30% ਇਸ ਦਾ ਬੋਝ ਅਤੇ 25% ਬੋਝ ਇਨਸੈਕਟੀਸਾਈਡਜ਼, ਪੈਸਟੀਸਾਈਡਜ਼ ਅਤੇ ਵੀਡੀਸਾਈਡਜ਼ ਦੀਆਂ ਕੀਮਤਾਂ ਵੱਧਣ ਕਾਰਣ ਕਿਸਾਨ ਤੇ ਪਿਆ ਹੈ। ਫਿਰ ਕੀ ਹੁੰਦਾ ਹੈ ਕਿ ਜਦ ਕਿਸਾਨ ਆਪਣੀ ਫ਼ਸਲ ਵੇਚਣ ਜਾਂਦਾ ਹੈ ਤਾਂ ਉਸ ਨੂੰ ਪੂਰਾ ਭਾਅ ਨਹੀਂ ਮਿਲਦਾ ਪਰ ਜਦੋਂ ਉਸ ਨੇ ਕੋਈ ਚੀਜ਼ ਲੈਣੀ ਹੁੰਦੀ ਹੈ ਤਾਂ ਮਹਿੰਗੇ ਭਾਅ ਤੇ ਲੈਣੀ ਪੈਂਦੀ ਹੈ ਉਸ ਦੀ ਪਰੋਡਿਊਸ ਦਾ ਪੂਰਾ ਮੁਲ ਨਹੀਂ ਮਿਲਦਾ। ਇਸੇ ਕਰਕੇ, ਡਿਪਟੀ ਸਪੀਕਰ ਸਾਹਿਬ, ਸਾਰਿਆਂ ਵਲੋਂ ਪੈਰਿਟੀ ਦੀ ਡੀਮਾਂਡ ਆਈ ਹੈ। ਇਹ ਪੈਰਿਟੀ ਦੋ ਕਿਸਮ ਦੀ ਹੈ। Parity between agricultural produce and industrial goods. Parity between prices paid by him in the market and prices received by him from the market. ਇਨ੍ਹਾਂ ਦੋਨਾਂ ਮਾਮਲਿਆਂ ਵਿਚ ਕਿਸਾਨ ਪਰੋਡਿਊਸਰ ਦੇ ਤੌਰ ਤੇ ਵੀ ਸਫਰ ਕਰ ਰਿਹਾ ਹੈ ਅਤੇ ਕੰਜ਼ਿਊਮਰ ਦੇ ਤੌਰ ਤੇ ਵੀ ਸਫਰ ਕਰ ਰਿਹਾ ਹੈ। ਇਸ ਕਰਕੇ ਪੈਰਟੀ ਦੀ ਡੀਮਾਂਡ ਆਈ ਹੈ। ਇਸ ਬਾਰੇ ਇਥੇ ਚੱਤਰਥ ਜੀ ਨੇ ਅਤੇ ਬਰਨਾਲਾ ਜੀ ਨੇ ਬੜੇ ਚੰਗੇ ਢੰਗ ਨਾਲ ਜ਼ਿਕਰ ਕੀਤਾ ਹੈ। ਮੈਂ ਇਸ ਸਬੰਧ ਵਿਚ ਬਹੁਤ ਕੁਝ ਨਹੀਂ ਕਹਿਣਾ ਚਾਹੁੰਦਾ ਪਰ ਥੋੜ੍ਹਾ ਜਿਹਾ ਇਸ ਬਾਰੇ ਕੁਝ ਕਹਿ ਕੇ ਗੱਲ ਖਤਮ ਕਰਾਂਗਾ। ਅਗਰ 1971-72 ਨੂੰ ਬੇਸ ਮੰਨ

[ਕਾਮਰੇਡ ਰਾਜ ਕੁਮਾਰ]

ਲਈਏ, ਜਿਸ ਤਰ੍ਹਾਂ ਗੌਰਮਿੰਟ ਮੰਨਦੀ ਹੈ, ਤਾਂ ਉਦੋਂ ਪਰਾਈਸ ਇੰਡੈਕਸ ਐਗਰੀਕਲਚਰ ਪਰੋਡਿਊਸ ਦਾ 101.4 ਸੀ ਅਤੇ ਮੈਨੂਫੈਕਚਰਡ ਪਰੋਡਕਟਸ ਦਾ ਪਰਾਈਸ ਇੰਡੈਕਸ 109.5 ਸੀ । ਇਸ ਤਰ੍ਹਾਂ ਉਦੋਂ 8% ਫਰਕ ਸੀ । ਪਰ 1971-72 ਤੋਂ ਲੈ ਕੇ ਪੁਲਾਂ ਤੋਂ ਪਾਣੀ ਲੰਘ ਗਿਆ ਅਤੇ 1980 ਤੱਕ ਐਗਰੀਕਲਚਰ ਪਰੋਡਿਊਸ ਪ੍ਰਾਈਸ ਇੰਡੈਕਸ 188.6 ਹੋ ਗਿਆ ਜਦ ਕਿ ਮਨੂੰਫੈਕਚਰਡ ਪਰੋਡਕਟਸ ਦਾ ਪ੍ਰਾਈਸ ਇੰਡੈਕਸ 215.3 ਹੋ ਗਿਆ । ਜਿਹੜਾ 1971-72 ਵਿਚ 8% ਦਾ ਫਰਕ ਸੀ ਉਹ 1980 ਵਿਚ 28% ਦਾ ਫਰਕ ਹੋ ਗਿਆ । ਇਹ ਡਿਸਪੈਰਿਟੀ ਵੱਧ ਗਈ । ਇਹ ਇੰਡੀਕੇਟਰ ਹੈ ਕਿ ਐਗਰੀਕਲਚਰ ਸੈਕਟਰ ਦੀ ਪੈਦਾਵਾਰ ਦੂਸਰੇ ਪਾਸੇ ਨੂੰ ਜਾ ਰਹੀ ਹੈ, ਉਹ ਦੂਸਰੇ ਪਾਸੇ ਟਰਾਂਸਫਰ ਹੋ ਰਹੀ ਹੈ । ਜੇ ਕਿਸਾਨ ਆਪਣੀ ਜਿਣਸ ਵੇਚਣ ਜਾਂਦਾ ਹੈ ਤਾਂ ਠੀਕ ਭਾਅ ਨਹੀਂ ਮਿਲਦਾ ਪਰ ਜਿਹੜੀਆਂ ਉਸ ਨੇ ਆਪ ਚੀਜ਼ਾਂ ਮੁਲ ਲੈਣੀਆਂ ਹੁੰਦੀਆਂ ਹਨ ਉਹ ਮਹਿੰਗੇ ਭਾਅ ਤੇ ਮਿਲਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਇਹ ਡਿਸਪੈਰਿਟੀ ਕੋਈ ਨਵੀਂ ਗੱਲ ਨਹੀਂ ਹੈ । ਜੇ ਅਸੀਂ ਪਿਛਲਾ ਪੀਰੀਅਡ ਦੇਖੀਏ ਤਾਂ 1929-1939 ਤੱਕ 10 ਸਾਲਾਂ ਦਾ ਸਮਾਂ ਸਟੈਟਿਕ ਸੀ, ਉਦੋਂ ਇਸ ਵਿਚ ਕੋਈ ਖਾਸ ਚੇਂਜ ਨਹੀਂ ਆਈ । ਫਿਰ 1974 ਤੋਂ 1976 ਤੱਕ ਇਸ ਵਿਚ 8% ਫਰਕ ਪੈ ਗਿਆ । ਉਸ ਦੇ ਬਾਅਦ ਇਹ ਫਰਕ ਹੋਰ ਵੱਧ ਗਿਆ । ਇਸ ਤਰ੍ਹਾਂ ਡਿਸਪੈਰਿਟੀ ਵੱਧਦੀ ਗਈ । ਇਹ ਟਰੈਂਡ ਠੀਕ ਨਹੀਂ ਹੈ । ਇਥੇ ਮੇਰੇ ਦੋਸਤ ਨੇ ਪੈਰਿਟੀ ਦੇ ਸਵਾਲ ਬਾਰੇ ਕਿਹਾ ਕਿ ਇਹ ਪੈਰਿਟੀ ਕਿਵੇਂ ? ਇਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਇਕ ਵਿਊ ਇਹ ਹੈ ਕਿ ਜਿਉਂ ਜਿਉਂ ਇੰਡਸਟਰੀਅਲ ਪਰੋਡਕਟਸ ਦੀਆਂ ਪ੍ਰਾਈਸਿਜ਼ ਵੱਧਦੀਆਂ ਜਾਣ ਤਿਉਂ ਤਿਉਂ ਐਗਰੀਕਲਚਰ ਪਰੋਡਿਊਸ ਦੀਆਂ ਪ੍ਰਾਈਸਿਜ਼ ਵਧਾਉਂਦੇ ਜਾਓ ਔਰ ਅਲਟੀਮੇਟਲੀ ਇਹ ਕਰਨਾ ਪਵੇਗਾ । ਪੈਰਿਟੀ ਦੇ ਸਵਾਲ ਨੂੰ ਜਿਸ ਨੁਕਤਾ-ਨਿਗਾਹ ਨਾਲ ਦੇਖਣ ਦੀ ਲੋੜ ਹੈ ਉਹ ਇਹ ਹੈ ਕਿ ਜੇ ਹੋਰਨਾਂ ਚੀਜ਼ਾਂ ਦੀਆਂ ਮੁਲਕ ਦੇ ਵਿਚ ਪ੍ਰਾਈਸਿਜ਼ ਤਹਿ ਕਰਨੀਆਂ ਹੋਣ ਤਾਂ ਸਭ ਤੋਂ ਪਹਿਲਾਂ ਐਗਰੀਕਲਚਰ ਪਰੋਡਿਊਸ ਦੀਆਂ ਕੀਮਤਾਂ ਤਹਿ ਕਰਨੀਆਂ ਚਾਹੀਦੀਆਂ ਹਨ । ਉਸ ਦੇ ਬੇਸ ਤੇ ਬਾਕੀ ਦੀਆਂ ਚੀਜ਼ਾਂ ਦੀਆਂ ਕੀਮਤਾਂ ਤਹਿ ਕਰਨੀਆਂ ਚਾਹੀਦੀਆਂ ਹਨ । ਇੰਡਸਟਰੀਅਲ ਪਰੋਡਕਟਸ ਦੀਆਂ ਪ੍ਰਾਈਸਿਜ਼ ਵਾਸਤੇ ਇਕ ਬਿਊਰੋ ਬਣਿਆ ਹੋਇਆ ਹੈ ਪਰ ਅਨਫਾਰਚੂਨੇਟ ਗੱਲ ਹੈ ਕਿ ਐਗਰੀਕਲਚਰ ਪਰੋਡਿਊਸ ਦੀਆਂ ਪ੍ਰਾਇਸਿਜ਼ ਫਿਕਸ ਕਰਨ ਵਾਸਤੇ ਜਿਹੜਾ ਐਗਰੀਕਲਚਰ ਪ੍ਰਾਈਸ ਕਮਿਸ਼ਨ ਬਣਿਆਂ ਹੋਇਆ ਹੈ ਉਸ ਵਿਚ ਐਗਰੀਕਲਚਰਿਸਟਾਂ ਦੇ ਨੁਮਾਇੰਦੇ ਨਹੀਂ । ਇੰਡਸਟਰੀਅਲ ਪਰੋਡਕਟਸ ਦੀਆਂ ਪ੍ਰਾਈਸਿਜ਼ ਵਾਸਤੇ ਜਿਹੜਾ ਬਿਊਰੋ ਹੈ ਉਸ ਦੇ ਟਰਮਜ਼ ਐਂਡ ਰੈਫਰੈਂਸ ਵਿਚ ਅਤੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੇ ਟਰਮ ਆਫ ਰੈਫਰੈਂਸ ਵਿਚ ਫਰਕ ਹੈ ਜਦ ਕਿ ਐਗਰੀਕਲਚਰ ਪਰੋਡਿਊਸ ਅਤੇ ਇੰਡਸਟਰੀਅਲ ਗੁਡਜ਼ ਦੀਆਂ ਪ੍ਰਾਈਸਿਜ਼ ਲਿੰਕਡ ਹਨ ਔਰ ਇਕ ਦੂਜੇ ਨੂੰ ਸਪਲੀਮੈਂਟ ਕਰਦੀਆਂ ਹਨ, ਇਕ ਦੂਜੇ ਨਾਲ ਸਬਧ ਰੱਖਦੀਆਂ ਹਨ । ਲੇਕਿਨ, ਡਿਪਟੀ ਸਪੀਕਰ ਸਾਹਿਬ, ਇਸ ਮੁਲਕ ਦੇ ਵਿਚ ਐਗਰੀਕਲਚਰ ਪ੍ਰਾਈਸ ਕਮਿਸ਼ਨ ਠੀਕ ਰੋਲ ਅਦਾ ਨਹੀਂ ਕਰ ਰਿਹਾ । ਮੇਰੀ ਨਿਗਾਹ ਦੇ ਵਿਚ ਐਗਰੀਕਲਚਰ ਪ੍ਰਾਈਸ ਕਮਿਸ਼ਨ ਸਿਵਾਏ ਹੋਕਸ ਦੇ ਹੋਰ ਕੁਝ ਨਹੀਂ ਹੈ । ਲੱਖਾਂ ਰੁਪਏ ਉਸ ਉਤੇ ਖਰਚ ਹੁੰਦੇ ਹਨ ਪਰ ਉਹ ਕਰਦਾ ਕੁਝ ਨਹੀਂ । ਹੁਣ ਤੁਸੀਂ ਦੇਖ ਲਵੋ ਕਿ ਐਗਰੀਕਲਚਰ ਪ੍ਰਾਈਸ ਕਮਿਸ਼ਨ ਨੇ ਗੰਨੇ ਦੇ ਭਾਅ ਬਾਰੇ ਕਿਹਾ ਕਿ

ਸਾਢੇ 12 ਰੁਪਏ ਕੁਇੰਟਲ ਭਾਅ ਹੋਣਾ ਚਾਹੀਦਾ ਹੈ ਪਰ ਫਿਰ ਵੀ ਗੰਨੇ ਦਾ ਭਾਅ 27-28 ਰੁਪਏ ਹੋ ਗਿਆ। ਐਗਰੀਕਲਚਰ ਪ੍ਰਾਈਸ ਕਮਿਸ਼ਨ ਦੀ ਸੂਬਿਆਂ ਵਾਲੇ ਪ੍ਰਵਾਹ ਨਹੀਂ ਕਰਦੇ। ਇਹ ਕਮਿਸ਼ਨ ਇਕ ਹੋਕਸ ਬਣਿਆ ਹੋਇਆ ਹੈ। ਇਸ ਵਿਚ ਤਬਦੀਲੀ ਕਰਨੀ ਚਾਹੀਦੀ ਹੈ। ਇਸ ਦੇ ਪਰਸੋਨਲ ਬਦਲੇ ਜਾਣ; ਇਸ ਦੇ ਵਿਚ ਉਹ ਲੋਕ ਆਉਣ ਚਾਹੀਦੇ ਹਨ ਜਿਹੜੇ ਐਗਰੀਕਲਚਰ ਨੂੰ ਜਾਣਦੇ ਹੋਣ। ਚਾਹੀਦਾ ਇਹ ਹੈ ਕਿ ਇਕ ਸਟੈਂਡਿੰਗ ਕਮੇਟੀ ਬਣਾਈ ਜਾਵੇ ਜਿਹੜੀ ਟਾਈਮ ਟੂ ਟਾਈਮ ਰਿਵਿਊ ਕਰਦੀ ਰਹੇ ਤਾਂਕਿ ਐਗਰੀਕਲਚਰ ਪਰੋਡਿਊਸ ਵਿਚ ਅਤੇ ਇੰਡਸਟਰੀਅਲ ਪਰੋਡਕਟਸ ਦੀਆਂ ਪ੍ਰਾਈਸਿਜ਼ ਵਿਚ ਪੈਰਿਟੀ ਆਵੇ। ਡਿਪਟੀ ਸਪੀਕਰ ਸਾਹਿਬ, ਗੰਨੇ ਦਾ ਭਾਅ ਫਿਕਸ ਹੋ ਗਿਆ ਹੈ, ਛੋਲੇ ਦਾ ਭਾਅ ਫਿਕਸ ਹੋ ਗਿਆ ਹੈ ਅਤੇ ਕਣਕ ਦਾ ਭਾਅ ਅਸੀਂ ਮੰਗਦੇ ਹਾਂ। ਇਥੇ ਮੈਂ ਇਹ ਵੀ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਕਿਸਾਨ ਦੀ ਲੇਬਰ ਅਤੇ ਇੰਡਸਟਰੀਅਲ ਲੇਬਰ ਵਿਚ ਫਰਕ ਹੈ। ਜੇ ਤੁਸੀਂ ਇਸ ਚੀਜ਼ ਨੂੰ ਐਗਜ਼ਾਮਿਨ ਕਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਜਿੰਨਾ ਲੇਬਰ ਦਾ ਪਾਰਟ ਇੰਡਸਟਰੀਅਲ ਗੁਡਜ਼ ਨੂੰ ਪਰੋਡਿਊਸ ਕਰਨ ਦਾ ਹੈ ਉਥੇ ਉਸ ਦੇ ਮੁਕਾਬਲੇ ਵਿਚ ਐਗਰੀਕਲਚਰ ਲੇਬਰ ਦਾ ਪਾਰਟ ਉਸ ਦਾ 1/50 ਹਿੱਸਾ ਵੀ ਨਹੀਂ ਹੈ। ਇਸ ਚੀਜ਼ ਵੱਲ ਨਹੀਂ ਵੇਖਿਆ ਜਾਂਦਾ। ਕਿਸਾਨ ਨੂੰ ਕਣਕ ਜ਼ਿਆਦਾ ਪੈਦਾ ਕਰਨ ਲਈ ਕਿਹਾ ਜਾਂਦਾ ਹੈ ਪਰ ਜੇ ਉਹ ਹੋਰ ਫਸਲ ਬੀਜੇ ਤਾਂ ਉਸ ਵਿਚੋਂ ਉਸ ਨੂੰ ਜ਼ਿਆਦਾ ਆਮਦਨ ਹੋ ਸਕਦੀ ਹੈ। ਇਸ ਫੈਕਟਰ ਨੂੰ ਵੀ ਧਿਆਨ ਵਿਚ ਰੱਖਣਾ ਹੈ। ਜਿਸ ਨੂੰ ਅਸੀਂ ਕਮੀ ਦੀ ਜ਼ਰੂਰਤ ਪੂਰੀ ਕਰਨ ਵਾਸਤੇ ਕਹਿ ਰਹੇ ਹਾਂ ਤਾਂ ਉਸ ਦੀ ਇਸ ਕੋਸ਼ਿਸ਼ ਨੂੰ ਜਦੋਂ ਅਸੀਂ ਪ੍ਰਾਈਸ ਫਿਕਸ ਕਰਨੀ ਹੈ ਅਸੀਂ ਉਸ ਨੂੰ ਪ੍ਰਾਪਰਲੀ ਕਮਪਨਸੇਟ ਕਰੀਏ। ਬਾਕੀ ਇਥੇ ਹਰ ਇਕ ਨੇ ਕਿਹਾ ਹੈ ਕਿ ਇਨ ਪੁੱਟਸ ਜੋ ਹੈ ਉਹ ਪ੍ਰਾਪਰਲੀ ਪਾਰਟ ਬਣਨਾ ਚਾਹੀਦਾ ਹੈ ਪਰ ਉਹ ਨਹੀਂ ਬਣ ਸਕਦਾ ਕਿਉਂਕਿ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਜਿਸ ਤਰੀਕੇ ਨਾਲ ਬਣਿਆ ਹੋਇਆ ਹੈ ਉਸ ਦੇ ਲਈ ਇਹ ਨਾ-ਮੁਮਕਿਨ ਹੈ ਕਿ ਉਹ ਇਸ ਗੱਲ ਦਾ ਧਿਆਨ ਰੱਖ ਸਕੇ। ਇਸ ਦਾ ਤਰੀਕਾ, ਡਿਪਟੀ ਸਪੀਕਰ ਸਾਹਿਬ, ਇਹੀ ਹੈ ਕਿ ਐਗਰੀਕਲਚਰਲ ਇਨਪੁੱਟਸ ਦਾ ਇੰਡੈਕਸ ਜੋ ਹੈ ਉਸ ਨੂੰ ਤਿਆਰ ਕੀਤਾ ਜਾਵੇ ਅਤੇ ਉਸ ਇੰਡੈਕਸ ਨੂੰ ਪ੍ਰਾਇਸਿਜ਼ ਨਾਲ ਜੋੜਿਆ ਜਾਵੇ। ਜਿਉਂ ਜਿਉਂ ਇੰਡੈਕਸ ਵੱਧਦਾ ਹੈ ਤਿਉਂ ਤਿਉਂ ਇਹ ਪ੍ਰਾਈਸ ਵੱਧਦੀ ਜਾਵੇ। ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਚੀਜ਼ ਨੂੰ ਲੈ ਲਓ ਹਰ ਥਾਂ ਤੇ ਕੈਪੀਟਲ ਇਨਵੈਸਟਮੈਂਟ ਕੀਤੀ ਜਾਂਦੀ ਹੈ। ਐਗਰੀਕਲਚਰ ਕੋਈ ਇੰਡਸਟਰੀ ਤੋਂ ਵੱਖ ਨਹੀਂ। It is also an industry. Agriculture is an industry. ਔਰ ਇੰਡਸਟਰੀ ਦਾ ਕੈਪੀਟਲ ਇਨਵੈਸਟਮੈਂਟ 2 ਤਰ੍ਹਾਂ ਦਾ ਹੁੰਦਾ ਹੈ। ਇਕ ਪੱਕਾ ਅਤੇ ਦੂਸਰਾ ਲੀਕੁਅਡ। ਇਕੱਲੇ ਐਗਰੀਕਲਚਰ ਦੇ ਕਿੱਤੇ ਵਿਚ ਪੋਜ਼ੀਸ਼ਨ ਇਹ ਹੈ ਕਿ ਇਸ ਦੇ ਫਿਕਸਡ ਅਸੈਟਸ ਹਨ ਜ਼ਮੀਨ ਦੀ ਸ਼ਕਲ ਵਿਚ ਅਤੇ ਹੋਰ ਵੀ ਕਈ ਕਿਸਮ ਦੀ ਇਨਵੈਸਟਮੈਂਟ ਕੀਤੀ ਜਾਂਦੀ ਹੈ ਪਰ ਉਸ ਦੀ ਪ੍ਰਾਪਰ ਰਿਟਰਨ ਨਹੀਂ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਇਕ ਹੋਰ ਚੀਜ਼ ਬੜੀ ਇਮਪਾਰਟੈਂਟ ਹੈ ਕਿ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਜਿਸ ਵੇਲੇ ਪ੍ਰਾਈਸ ਤਹਿ ਕਰਦਾ ਹੈ ਉਨ੍ਹਾਂ ਦੇ ਸਾਹਮਣੇ ਹਮੇਸ਼ਾਂ ਹੀ ਇਕ ਗੱਲ ਹੁੰਦੀ ਹੈ ਕਿ ਐਗਰੀਕਲਚਰਿਸਟ ਜੋ ਹੈ ਉਹ ਬੜੀ ਤਕੜੀ ਪੋਜ਼ੀਸ਼ਨ ਵਿਚ ਹੈ। ਉਸ ਦੇ ਕੋਲ ਟਰੈਕਟਰ ਹੈ, ਇਰੀਗੇਸ਼ਨ ਦੇ ਲਈ ਆਪਣਾ ਪ੍ਰਾਈਵੇਟ ਸੋਰਸ ਹੈ, ਐਗਰੀਕਲਚਰਲ ਪ੍ਰੋਡਿਊਸ ਨੂੰ ਥਰੈਸ਼ ਕਰਨ ਵਾਸਤੇ

[ਕਾਮਰੇਡ ਰਾਜ ਕੁਮਾਰ]

ਦੇਗੀ ਤਕੜੀ ਕਿਸਮ ਦੀ ਕਮਪਲੈਕਸਡ ਮਸ਼ੀਨਰੀ ਵੀ ਹੈ ਔਰ ਉਸ ਦੇ ਕੋਲ ਸੁਫੀਸ਼ੀਐਂਟ ਕੈਪੀਟਲ ਵੀ ਹੈ। ਉਸ ਦੀ ਐਗਰੀਕਲਚਰ ਤਕਰੀਬਨ ਸਾਰੀ ਦੀ ਸਾਰੀ ਮੈਕੇਨਾਈਜ਼ਡ ਹੈ। ਡਿਪਟੀ ਸਪੀਕਰ ਸਾਹਿਬ, ਕੁਦਰਤੀ ਤੌਰ ਤੇ ਜਿਥੇ ਮੈਕੇਨਾਈਜ਼ਡ ਕਿਸਮ ਦੀ ਐਗਰੀਕਲਚਰ ਹੋਵੇ ਤਾਂ ਜਦੋਂ ਉਸ ਦੀ ਕਾਸਟ ਲਾਉਣ ਲਗੋ ਤਾਂ ਫਰਕ ਪੈਂਦਾ ਹੈ ਪਰ ਇਸ ਤਰ੍ਹਾਂ ਦੇ ਲੋਕਾਂ ਦੀ ਗਿਣਤੀ ਘੱਟ ਹੈ। 94% ਕਿਸਾਨ ਅਜੇ ਵੀ ਹਨ ਜਿਹੜੇ ਪੁਰਾਣੇ ਢੰਗ ਨਾਲ ਵਾਹੀ ਕਰਦੇ ਹਨ। ਅਜੇ ਵੀ ਉਹ ਮਸ਼ੀਨ ਜਾਂ ਡੀਜ਼ਲ ਫੋਰਸ ਨਾਲ ਵਾਹੀ ਕਰਨ ਦੀ ਥਾਂ ਬਲਦ ਇਸਤੇਮਾਲ ਕਰਦੇ ਹਨ ਜਾਂ ਜੇ ਮਸ਼ੀਨ ਇਸਤੇਮਾਲ ਕਰਦੇ ਹਨ ਤਾਂ ਕਿਰਾਏ ਤੇ ਲੈ ਕੇ ਕਰਦੇ ਹਨ। ਉਸ ਸੈਕਸ਼ਨ ਨੂੰ ਧਿਆਨ ਵਿਚ ਰੱਖ ਕੇ ਦੋਨੋਂ ਦੇ ਦਰਮਿਆਨ ਸੰਤੁਲਨ ਕਰਕੇ ਪ੍ਰਾਈਸ ਫਿਕਸ ਨਹੀਂ ਕੀਤੀ ਜਾਂਦੀ। ਜਿਸ ਦਾ ਰਿਜ਼ਲਟ ਇਹ ਹੁੰਦਾ ਹੈ ਕਿ 94% ਜੋ ਸਾਡੀ ਪੀਜ਼ੈਂਟਰੀ ਹੈ, ਜਿਸ ਦੇ ਵਿਚ ਮਾਰਜਨਲ ਫਾਰਮਰ ਵੀ ਜਾਂਦਾ ਹੈ, ਸਮਾਲ ਵੀ ਆ ਜਾਂਦਾ ਹੈ, ਮੀਡੀਅਮ ਵੀ ਆ ਜਾਂਦਾ ਹੈ ਉਹ ਫੁਲੀ ਕਮਪੈਨਸੇਂਟ ਨਹੀਂ ਹੁੰਦੀ। ਫਿਰ ਇਸ ਦਾ ਰਿਜ਼ਲਟ ਇਹ ਵੀ ਹੁੰਦਾ ਹੈ ਕਿ ਰਿਊਮਨਰੇਟਿਵ ਪ੍ਰਾਈਸ਼ ਨਹੀਂ ਹੁੰਦੀ ਅਤੇ ਇੰਡਸਟਰੀਅਲ ਗੁਡਜ਼ ਦੀ ਪ੍ਰਾਈਸ ਤੇ ਜੋ ਕੰਟਰੋਲ ਨਹੀਂ ਉਹ ਉਸ ਪਾਸੋਂ ਵੀ ਮਾਰ ਖਾਂਦਾ ਹੈ। ਰਿਜ਼ਲਟ ਇਹ ਹੁੰਦਾ ਹੈ ਕਿ ਉਹ ਦੋਨੋਂ ਪਾਸੋਂ ਮਾਰ ਖਾਂਦਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਕਾਸਟਿੰਗ ਜੋ ਹੈ ਉਸ ਦੇ ਸਿਲਸਿਲੇ ਵਿਚ ਮੈਂ ਕਹਿੰਦਾ ਹਾਂ ਕਿ ਲੁਧਿਆਣਾ ਐਗਰੀਕਲਚਰ ਯੂਨੀਵਰਸਿਟੀ ਨੇ ਕਿਹਾ ਹੈ ਕਿ ਜਿਹੜਾ ਕਿਸਾਨ ਬਿਜਲੀ ਦੇ ਟਿਊਬਵੈਲ ਨਾਲ ਪਾਣੀ ਸਿੰਜ ਕੇ ਖੇਤੀ ਕਰਦਾ ਹੈ ਉਸ ਦਾ ਖਰਚ 6 ਰੁਪਏ ਪ੍ਰਤੀ ਕੁਇੰਟਲ ਕਣਕ ਤੇ ਲਗਦਾ ਹੈ ਅਤੇ ਅਗਰ ਉਹ ਡੀਜ਼ਲ ਪੰਪ ਤੋਂ ਜਾਂ ਡੀਜ਼ਲ ਇੰਜਣ ਤੋਂ ਪਾਣੀ ਲਗੇ ਤਾਂ ਉਸ ਤੇ 6/- ਰੁਪਏ ਪ੍ਰਤੀ ਕੁਇੰਟਲ ਵੱਧ ਖਰਚ ਪੈਂਦਾ ਹੈ। ਮੈਂ ਇਹ ਗਲ ਇਸ ਕਰਕੇ ਕਹਿੰਦਾ ਹਾਂ ਕਿ ਜਦੋਂ ਪ੍ਰਾਈਸ ਫਿਕਸ ਕੀਤੀ ਜਾਵੇ ਤਾਂ ਇਨ੍ਹਾਂ ਸਾਰੀਆਂ ਗੱਲਾਂ ਦਾ ਸੰਤੁਲਨ ਕਰਕੇ, ਇਨ੍ਹਾਂ ਸਾਰੀਆਂ ਚੀਜ਼ਾਂ ਦਾ ਸੰਤੁਲਨ ਦਿਮਾਗ ਵਿਚ ਰੱਖ ਕੇ ਪ੍ਰਾਈਸ ਫਿਕਸ ਕਰਨੀ ਚਾਹੀਦੀ ਹੈ। ਹੁੰਦਾ ਕੀ ਹੈ ਕਿ 10% ਮਾਈਨਾਰਿਟੀ ਪਿੰਡਾਂ ਵਿਚ ਜੋ ਹੈ ਜਿਸ ਦੀ 53% ਤੋਂ ਵੱਧ ਜ਼ਮੀਨ ਦੀ ਮਲਕੀਅਤ ਹੈ ਉਹ ਇਸ ਤੋਂ ਫਾਇਦਾ ਉਠਾਉਂਦੀ ਹੈ। ਮੈਂ ਉਨ੍ਹਾਂ ਦੇ ਫਾਇਦਾ ਉਠਾਉਣ ਦੇ ਖਿਲਾਫ ਨਹੀਂ ਹਾਂ ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਜਿਸ ਚੀਜ਼ ਦੀ ਜ਼ਰੂਰਤ ਹੈ ਉਹ ਇਹ ਹੈ ਕਿ ਸਾਡੇ ਜੋ 94% ਪੀਜ਼ੈਂਟਰੀ ਦੇ ਲੋਕ ਹਨ ਉਨ੍ਹਾਂ ਦੇ ਦਿਮਾਗ ਵਿਚ ਇਕ ਸਾਈਨ ਆਫ਼ ਇੰਟੈਰੋਗੇਸ਼ਨ ਹੈ ਉਸ ਦਾ ਆਨਸਰ ਦਿੱਤਾ ਜਾਵੇ। ਜੇ ਇਸਦਾ ਆਨਸਰ ਨਹੀਂ ਦਿੱਤਾ ਜਾਂਦਾ ਤਾਂ ਅਸੀਂ ਉਨ੍ਹਾਂ ਨੂੰ ਸੈਟਿਸਫਾਈ ਨਹੀਂ ਕਰ ਸਕਦੇ। ਡਿਪਟੀ ਸਪੀਕਰ ਸਾਹਿਬ, ਮੈਂ ਇਸੇ ਸਬੰਧ ਵਿਚ ਇਕ ਛੋਟੀ ਜਿਹੀ ਮਿਸਾਲ ਦੇਣੀ ਚਾਹੁੰਦਾ ਹਾਂ। ਜਿਸ ਵੇਲੇ ਪ੍ਰਾਈਸਿਜ਼ ਤਹਿ ਹੁੰਦੀਆਂ ਹਨ ਇਸ ਦਾ ਤੁਸੀਂ ਫਰਕ ਦੇਖੋ ਕਿ ਕੀ ਹੈ। ਪਿਛਲੇ ਸਾਲ ਰਸ਼ੀਆ ਨੇ ਕੋਈ ਕਪਾਹ ਦਿੱਤੀ ਕਿ ਕਪੜਾ ਬਣਾ ਕੇ ਦਿਉ, ਪਾਪਲੀਨ ਕਪੜਾ ਬਣਾ ਕੇ ਦਿਉ। ਜੋ ਟਰਮਜ਼ ਤਹਿ ਕੀਤੀਆਂ ਗਈਆਂ ਉਹ ਮੈਂ ਦੱਸਣਾ ਚਾਹੁੰਦਾ ਹਾਂ। ਤਿੰਨ ਕਿਲੋ ਬਿਨੌਲੇ ਵਾਲੀ ਕਾਟਨ ਵਿੱਚ ਇਕ ਕਿਲੋ ਬਗੈਰ ਬਿਨੌਲੇ ਕਾਟਨ ਮਿਲਦੀ ਹੈ ਔਰ ਜਿਸ ਦੇ ਵਿਚੋਂ 7 ਮੀਟਰ ਕਪੜਾ ਪਾਪਲੀਨ ਦਾ ਬਣ ਸਕਦਾ ਹੈ ਜਿਸ ਦੀ ਕੀਮਤ 8 ਰੁਪਏ 75 ਪੈਸੇ ਬਣਦੀ ਹੈ। ਇਕ ਕਿਲੋ ਕਾਟਨ ਜੋ ਹੈ ਉਸ ਦੀ ਕੀਮਤ 15/- ਰੁਪਏ ਬਣਦੀ ਹੈ। ਇਹ ਟੋਟਲ 23 ਰੁਪਏ 75 ਪੈਸੇ ਬਣਦਾ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ 23 ਰੁਪਏ 75 ਪੈਸਿਆਂ ਵਿੱਚ ਸਾਨੂੰ 7 ਮੀਟਰ ਪਾਪਲੀਨ ਦਾ ਕਪੜਾ ਮਿਲਦਾ ਹੈ ਲੇਕਿਨ ਬਾਜ਼ਾਰ ਵਿੱਚ

ਇਸ ਦੀ ਕੀਮਤ ਕੀ ਹੈ ? ਬਾਜ਼ਾਰ ਵਿੱਚ ਪਾਪਲੀਨ ਮੀਡੀਅਮ ਕਿਸਮ ਦੀ 8 ਰੁਪਏ 20 ਪੈਸੇ ਮੀਟਰ ਮਿਲਦੀ ਹੈ । 7 ਮੀਟਰ ਪਾਪਲੀਨ ਦਾ ਕਪੜਾ ਸਾਨੂੰ 23 ਰੁਪਏ 75 ਪੈਸੇ ਵਿੱਚ ਮਿਲਿਆ ਜਿਸ ਦੇ ਵਿੱਚ ਸਾਰੀ ਕਾਸਟ ਆਫ਼ ਪ੍ਰੋਡਕਸ਼ਨ ਹੈ । Including all kinds of production price ਸਾਨੂੰ 23 ਰੁਪਏ 75 ਪੈਸੇ ਵਿੱਚ 7 ਮੀਟਰ ਪਾਪਲੀਨ ਪੈਂਦੀ ਹੈ ਅੌਰ ਮਾਰਕੀਟ ਵਿੱਚ 8 ਰੁਪਏ 20 ਪੈਸੇ ਮੀਟਰ ਹੈ । ਹੁਣ ਤੁਸੀਂ ਆਪ ਹੀ ਡਿਸਪੈਰਿਟੀ ਦੇਖੋ ਕਿ ਕਿੰਨੀ ਹੈ । ਇਹ ਫਰਕ ਦੇਖੋ ਕਿ ਕਿੰਨਾ ਹੈ । ਇਸ ਫਰਕ ਨੂੰ ਕਿਸ ਤਰ੍ਹਾਂ ਠੀਕ ਕਰਨਾ ਹੈ ? ਇਹ ਇਸ ਰੈਜ਼ੋਲਿਊਸ਼ਨ ਦਾ ਮੰਤਵ ਹੈ ਕਿ ਇਸ ਫਰਕ ਨੂੰ ਕਿਸ ਤਰ੍ਹਾਂ ਠੀਕ ਕਰਨਾ ਹੈ । ਗੌਰਮਿੰਟ ਆਫ਼ ਇੰਡੀਆ ਨੂੰ ਵੀ ਅਸੀਂ ਹਾਊਸ ਵਲੋਂ ਇਹ ਰੈਜ਼ੋਲਿਊਸ਼ਨ ਪਾਸ ਕਰਕੇ ਇਹ ਰਿਕੁਮੈਂਡ ਕਰੀਏ ਕਿ ਇਸ ਫਰਕ ਨੂੰ ਠੀਕ ਕਰੋ । ਡਿਪਟੀ ਸਪੀਕਰ ਸਾਹਿਬ, ਇਸ ਮੁਲਕ ਦੇ ਅੰਦਰ ਫਰਕ ਦੀ ਇਕ ਹੋਰ ਮਿਸਾਲ ਦੇਖ ਲਓ । 13 ਰੁਪਏ ਕੁਇੰਟਲ ਗੰਨੇ ਦਾ ਭਾਅ ਹੈ ਅੌਰ ਖੰਡ 15 ਰੁਪਏ ਕਿਲੋ ਵਿਕਦੀ ਪਈ ਹੈ । ਹੁਣ ਜਦੋਂ ਗੰਨੇ ਦਾ ਭਾਅ 23, 24, 25, 26, 27 ਅਤੇ 28 ਰੁਪਏ ਤੱਕ ਵੀ ਚਲਾ ਗਿਆ ਹੈ ਅਤੇ ਹੁਣ ਕੀਮਤ ਮੁਕੱਰਰ ਕੀਤੀ ਜਾਂਦੀ ਹੈ ਲੇਵੀ ਦੀ 3 ਰੁਪਏ 50 ਪੈਸੇ । ਹੁਣ ਤੁਸੀਂ ਆਪ ਦੇਖੋ ਕਿ ਜਦੋਂ 13 ਰੁਪਏ ਗੰਨੇ ਦਾ ਭਾਅ ਸੀ ਅਤੇ ਖੰਡ 15 ਰੁਪਏ ਕਿਲੋ ਵੇਚ ਸਕਦੇ ਹਾਂ । ਇਹ ਡਿਸਪੈਰਿਟੀ ਕਿਉਂ ਹੈ ? ਜਦੋਂ ਕਿ 3 ਰੁਪਏ 50 ਪੈਸੇ ਲੇਵੀ ਦੀ ਕੀਮਤ ਮੁਕੱਰਰ ਹੋਈ ਹੈ । ਮੈਂ on authority of some sugar producers, sugar factory owners ਇਹ ਕਹਿਣ ਲੱਗਾ ਹਾਂ ਕਿ ਅਜੇ ਵੀ 3 ਰੁਪਏ 50 ਪੈਸੇ ਦੀ ਥਾਂ 2 ਰੁਪਏ 85 ਪੈਸੇ ਲੇਵੀ ਦੀ ਕੀਮਤ ਮੁਕੱਰਰ ਕਰਵਾਈ ਜਾ ਸਕਦੀ ਹੈ ਜੇ ਗੌਰਮਿੰਟ ਇੰਟਰਵੀਨ ਕਰੇ ਲੇਕਿਨ ਨਹੀਂ ਹੋ ਰਹੀ । ਮੇਰਾ ਇਹ ਪੁਆਇੰਟ ਦੱਸਣ ਦਾ ਮਤਲਬ ਇਸ ਚੀਜ਼ ਨੂੰ ਇਲੱਸਟਰੇਟ ਕਰਨ ਦਾ ਮਤਲਬ ਹੈ । ਇਹ ਬਹੁਤ ਵੱਡਾ ਪਾੜਾ ਹੈ । ਇਸ ਦੇ ਵਿਚ ਪੋਲੀਟੀਕਲ ਵਿੱਲ ਚਾਹੀਦੀ ਹੈ । ਪੋਲੀਟੀਕਲ ਵਿੱਲ ਤੋਂ ਬਗੈਰ ਇਸ ਵਿਚ ਅਸੀਂ ਕਾਮਯਾਬ ਨਹੀਂ ਹੋਵਾਂਗੇ ਕਿਉਂਕਿ ਰਸਤੇ ਵਿਚ ਰੁਕਾਵਟਾਂ ਵੀ ਬਹੁਤ ਹਨ । ਜੇ ਤੁਸੀਂ ਇਹ ਮਾਮਲਾ ਇਸ ਤਰ੍ਹਾਂ ਹੱਲ ਕਰਨਾ ਚਾਹੁੰਦੇ ਹੋ ਕਿ ਪਿੰਡਾਂ ਨੂੰ ਸ਼ਹਿਰਾਂ ਦੇ ਮੁਕਾਬਲੇ ਵਿਚ ਖੜਾ ਕਰਨਾ ਹੈ ਜਾਂ ਇਸ ਤਰ੍ਹਾਂ ਦੀਆਂ ਹੋਰ ਡੀਮਾਂਡਜ਼ ਜੋ ਹਨ ਉਹ ਕਰਨੀਆਂ ਸ਼ੁਰੂ ਕਰ ਦਈਏ ਤਾਂ ਇਸ ਨਾਲ ਸਾਡੀ ਯੂਨਿਟੀ ਰਿਫਲੈਕਟ ਨਹੀਂ ਕਰੇਗੀ । ਇਸ ਹਾਊਸ ਵਿਚ ਅਸੀਂ ਪੀਜ਼ੈਂਟਰੀ ਦੇ ਇੰਟਰਸਟ ਨੂੰ ਰਿਪ੍ਰੈਜ਼ੈਂਟ ਕਰਦੇ ਹਾਂ । ਇਸ ਮਸਲੇ ਨੂੰ ਹੱਲ ਕਰਨ ਲਈ ਪੋਲੀਟੀਕਲ ਪਾਰਟੀ ਦੇ ਜੋ ਬੈਰੀਅਰਜ਼ ਹਨ ਉਨ੍ਹਾਂ ਨੂੰ ਟਰਾਂਸੈਂਡ ਕਰਨਾ ਪਵੇਗਾ ।

ਅਗਰ ਇਸ ਕਿਸਮ ਦੇ ਇਸ਼ੂਜ਼ ਉਛਾਲੇ ਜਾਣਗੇ, ਪਿੰਡਾਂ ਵਾਲਿਆਂ ਨੂੰ ਸ਼ਹਿਰਾਂ ਵਾਲਿਆਂ ਨਾਲ ਅਤੇ ਪੀਜ਼ੈਂਟਸ ਨੂੰ ਵਰਕਰਜ਼ ਨਾਲ ਲੜਾਇਆ ਜਾਵੇਗਾ ਤਾਂ ਹੋਰ ਪੁਆੜੇ ਪੈਣਗੇ ਅਤੇ ਨਵੀਆਂ ਪ੍ਰਾਬਲਮਜ਼ ਖੜੀਆਂ ਕਰਨ ਦੀ ਕੋਸ਼ਿਸ਼ ਹੋਵੇਗੀ । ਰਿਜ਼ਲਟ ਇਹ ਹੋਵੇਗਾ ਕਿ ਜਿਹੜੀ ਫੋਰਸ ਪ੍ਰੋਡਕਸ਼ਨ ਸਾਈਡ ਤੇ ਲੱਗਣ ਦੀ ਲੋੜ ਹੋਵੇਗੀ ਉਹ ਇਧਰ ਲਗ ਜਾਏਗੀ ਜਿਸ ਨਾਲ ਦੇਸ਼ ਦੀ ਕੋਈ ਹਾਲਤ ਸੁਧਰ ਨਹੀਂ ਸਕੇਗੀ । ਇਸ ਦਾ ਰਿਜ਼ਲਟ ਹੀ ਸੀ ਕਿ 94% ਨੂੰ ਪਿਛਲੇ 30 ਸਾਲਾਂ ਵਿਚ ਆਜ਼ਾਦੀ ਦਾ ਫਰੂਟ ਨਹੀਂ ਮਿਲਿਆ । ਇਕ ਨਵੀਂ ਫਿਲਾਸਫੀ ਜਿਹੜੀ ਚਲਾਈ ਗਈ ਹੈ ਰੂਰਲਿਜ਼ਮ ਸਾਨੂੰ ਇਸ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ । ਜਿਹੜੇ ਆਰਗੇਨਾਈਜ਼ਡ ਸੈਕਟਰਜ਼ ਹਨ ਉਹ ਬਹੁਤ ਹਿੱਸਾ ਦੌਲਤ ਦਾ ਖਿੱਚ

[ਕਾਮਰੇਡ ਰਾਜ ਕੁਮਾਰ]

ਕੇ ਲਿਜਾ ਰਹੇ ਹਨ । ਇਹ ਵੀ ਜਿਹੜੀ ਐਫ਼ਰਟ ਹੈ ਕਿ ਰੂਰਲਿਜ਼ਮ ਅਤੇ ਦੂਜੇ ਬੰਨੇ ਇਨਫੈਂਟਾਇਲ ਅਰਬਨਿਜ਼ਮ । ਇਸ ਤਰ੍ਹਾਂ ਦੇ ਪਰਚਾਰ ਨਾਲ ਸਮਸਿਆ ਦਾ ਹੱਲ ਨਹੀਂ ਕੱਢ ਸਕਦੇ । ਸਮੱਸਿਆ ਦਾ ਹੱਲ ਕਢਣ ਵਾਸਤੇ ਬੈਲੈਂਸਡ ਕਾਸਟ ਦੀ ਲੋੜ ਹੈ । ਦਿੱਲੀ ਵਿਚ 1977 ਵਿਚ ਸ੍ਰੀਮਤੀ ਇੰਦਰਾ ਗਾਂਧੀ ਦੀ ਅਧਿਅਕਸ਼ਤਾ ਵਿਚ ਇਕਾਨੋਮਿਸਟਸ ਇਕੱਠੇ ਹੋਏ ਸੀ ਜਿਨ੍ਹਾਂ ਨੇ ਇਸ ਸਮੱਸਿਆ ਤੇ ਵਿਚਾਰ ਕੀਤਾ । ਉਸ ਦੀ ਰਿਪੋਰਟ ਦਿੱਲੀ ਦੇ ਸਟੇਟਸਮੈਨ ਅਖਬਾਰ ਵਿਚ 5 ਅਕਤੂਬਰ, 1980 ਵਿਚ ਛਪੀ । ਬੜੀ ਚਿੰਤਾ ਪ੍ਰਗਟ ਕੀਤੀ ਗਈ ਕਿ ਰੂਰਲ ਐਂਰ ਅਰਬਨ ਵਿਚ ਕਿੰਨਾ ਗੈਪ ਹੋ ਗਿਆ ਹੈ । 1960-61 ਵਿਚ 219 ਰੁਪਏ ਆਮਦਨ ਸੀ, ਫਿਰ ਇਹ 1976-77 ਵਿਚ ਘੱਟ ਕੇ 195 ਰੁਪਏ ਰਹਿ ਗਈ, ਇਹ ਤਾਂ ਸੀ ਪੀਜ਼ੈਂਟਰੀ ਦੀ ਪੋਜ਼ੀਸ਼ਨ । ਹੁਣ ਜਿਹੜਾ ਇੰਡਸਟਰੀਅਲ ਸੈਕਟਰ ਹੈ ਉਸ ਦੀ ਪੋਜ਼ੀਸ਼ਨ ਇਹ ਹੈ ਕਿ ਉਸ ਵਿਚ ਇਨਕਮ ਪਰ ਕੈਪੀਟਾ 300 ਰੁਪਏ ਤੋਂ ਵੱਧ ਕੇ 813 ਰੁਪਏ ਹੋ ਗਈ ਹੈ । ਇਹ ਜ਼ਾਹਰ ਕਰਦਾ ਹੈ ਅਬਰੱਪਟ ਕਿਸਮ ਦੀ ਟਰਾਂਸਫਰ, Transfer of resources from agriculture sector to industrial sector ਹੋ ਰਹੀ ਹੈ । ਇਸ ਦੇ ਵਿਚ ਕੁਝ ਪਰੋਪੋਰਸ਼ਨ ਲਿਆਉਣ ਦੀ ਲੋੜ ਹੈ ਅਗਰ ਸੈਨਸ ਆਫ਼ ਪਰੋਪੋਰਸ਼ਨ ਚਲੇਗੀ ਤਾਂ ਮੁਲਕ ਵਿਚ ਜਿਸ ਤਰ੍ਹਾਂ ਮੈਂ ਅੱਗੇ ਜ਼ਿਕਰ ਕੀਤਾ ਹੈ ਸਥਿੱਰਤਾ ਰਹੇਗੀ । ਬੜਾ ਪ੍ਰਾਪੇਗੰਡਾ ਹੋ ਰਿਹਾ ਹੈ ਕਿ ਕੀਮਤਾਂ ਵਧਾ ਰਹੇ ਹਾਂ । ਅਗਰ ਕੀਮਤਾਂ ਵੱਧਣਗੀਆਂ ਤਾਂ ਇਨਫਲੇਸ਼ਨ ਵਧੇਗੀ । ਇਸ ਨੂੰ ਰੋਕਣਾ ਜ਼ਰੂਰੀ ਹੈ । ਇਸ ਦਾ ਇਹ ਹੱਲ ਨਹੀਂ ਕਿ ਐਗਰੀਕਲਚਰ ਪ੍ਰੋਡਿਊਸ ਦੀਆਂ ਕੀਮਤਾਂ ਵਧਾ ਦਿੱਤੀਆਂ ਜਾਣ । ਇਹ ਫਿਲਾਸਫੀ ਗਲਤ ਹੈ, ਇਸ ਦੇ ਚੰਗੇ ਰਿਜ਼ਲਟ ਨਹੀਂ ਨਿਕਲ ਸਕਦੇ । ਅੱਜ ਜੋ ਵੀ ਚੀਜ਼ ਕੋਈ ਪੀਜ਼ੈਂਟ ਮਾਰਕੀਟ ਵਿਚ ਖਰੀਦਣ ਜਾਂਦਾ ਹੈ ਤਾਂ ਉਸ ਨੂੰ ਅੱਜ ਪਿਛਲੇ 10 ਸਾਲਾਂ ਦੀ ਨਿਸਬਤ 50% ਚੀਜ਼ ਨਹੀਂ ਮਿਲਦੀ । ਮੈਂ ਕਹਿੰਦਾ ਹਾਂ ਕਿ ਮੋਨੀਪੋਲੀਸ਼ਨ ਚਲ ਰਹੀ ਹੈ । ਇਹ ਹਾਲਤ ਕੁਦਰਤੀ ਆਫ਼ਤ ਕਰਕੇ ਨਹੀਂ, ਆਫ਼ਤ ਦੇ ਪਤਕਾਲੇ ਇਹ ਮਨਾਪਲਿਸਟਸ ਬੈਠੇ ਹਨ ਜਿਹੜੇ ਕਿ ਸਾਰੀ ਮੈਕੇਨਾਈਜ਼ੇਸ਼ਨ ਨੂੰ ਕੰਟਰੋਲ ਕਰਦੇ ਹਨ । ਦੋ ਥਾਵਾਂ ਤੇ ਪੈਰਿਟੀ ਜ਼ਰੂਰ ਹੋਵੇ । ਇਕ ਜਦੋਂ ਕਿਸਾਨ ਚੀਜ਼ ਵੇਚਣ ਜਾਂਦਾ ਹੈ ਉਸ ਨੂੰ ਮੁਨਾਸਿਬ ਕੀਮਤ ਮਿਲੇ ਔਰ ਦੂਸਰੇ ਜਦੋਂ ਖਰੀਦਣ ਜਾਂਦਾ ਹੈ ਉਸ ਨੂੰ ਮੁਨਾਸਬ ਭਾਅ ਤੇ ਚੀਜ਼ ਮਿਲੇ । ਇਹ ਨਾ ਹੋਵੇ ਕਿ 200—250% ਦਾ ਮਾਰਜਨ ਹੋਵੇ, ਇਹ ਮਾਰਜਨ 15—20% ਹੋਵੇ । ਇਸ ਦੇ ਵਾਸਤੇ ਐਫਰਟਸ ਦੀ ਲੋੜ ਹੈ ਔਰ ਇਹ ਐਫਰਟਸ ਸਟੇਟ ਵਲੋਂ ਸ਼ੁਰੂ ਹੋਣੀਆਂ ਬਹੁਤ ਜ਼ਰੂਰੀ ਹਨ । ਪਬਲਿਕ ਡਿਸਟਰੀਬਿਊਸ਼ਨ ਸਿਸਟਮ ਹੋਵੇ ਜਿਸ ਤੇ ਸਟੇਟ ਦਾ ਕੰਟਰੋਲ ਹੋਵੇ ਔਰ ਉਹ ਸਟੇਟ ਦੀ ਏਜੰਸੀ ਹੋਵੇ । ਪਬਲਿਕ ਡਿਸਟਰੀ-ਬਿਊਸ਼ਨ ਸਿਸਟਮ ਨੂੰ ਸਟਰੀਮ ਲਾਈਨ ਕਰੋ ਉਸ ਤੇ ਆਪਣਾ ਕੰਟਰੋਲ ਕਰੋ, ਅਸੀਂ ਚਾਹੁੰਦੇ ਹਾਂ ਕਿ ਪਬਲਿਕ ਡਿਸਟਰੀਬਿਊਸ਼ਨ ਦੀਆਂ ਦੁਕਾਨਾਂ ਭਾਵੇਂ ਪਨਸਪ ਹੋਵੇ ਤੇ ਭਾਵੇਂ ਕੋਈ ਹੋਰ ਹੋਵੇ ਜਿਹੜੀਆਂ ਅਸੈਨਸੀਅੱਲ ਕਮਾਡਿਟੀਜ਼ ਹੋਣ ਉਥੋਂ ਮਿਲਣ, ਇਹ ਕਿਸ ਤਰ੍ਹਾਂ ਹੋਵੇਗਾ ਜਿੰਨੀ ਦੇਰ ਤਕ ਇੰਡਸਟਰੀਅੱਲ ਪ੍ਰੋਡਕਸ਼ਨਜ਼ ਤੇ ਗੌਰਮਿੰਟ ਦਾ ਕੰਟਰੋਲ ਨਹੀਂ ਹੋਵੇਗਾ, ਇਕ ਆਜ਼ਾਦ ਮੁਲਕ ਵਿਚ ਜਿੰਨੀ ਦੇਰ ਤਕ ਇੰਡਸਟਰੀਆਲਿਸਟਸ ਨੂੰ ਖੁਲ੍ਹ ਹੋਵੇਗੀ ਇਹ ਨਹੀਂ ਹੋਵੇਗਾ । ਇਸ ਤੇ ਕੰਟਰੋਲ ਕਰਨ ਦੀ ਲੋੜ ਹੈ । ਜੇ ਐਗਰੀ ਕਰਦੇ ਹੋ ਤਾਂ ਪਬਲਿਕ ਡਿਸਟ੍ਰੀ-ਬਿਊਸ਼ਨ ਸਿਸਟਮ ਨੂੰ ਸਟਰੀਮ ਲਾਈਨ ਕਰਨਾ ਹੈ ਤਾਂ ਇਸ ਦੇ ਲਈ ਉਚੇਚੇ ਐਫਰਟਸ

ਕਰੋ, ਲੇਕਿਨ ਕੋਈ ਐਫ਼ਰਟਸ ਇਸ ਪਾਸੇ ਵਲ ਨਹੀਂ ਹੋ ਰਹੇ । ਇੰਡਸਟਰੀਆਲਿਸਟ ਆਪਣੀ ਆਊਟ ਪੁੱਟਸ ਜਿਸ ਭਾਅ ਤੇ ਮਰਜ਼ੀ ਮਾਰਕੀਟ ਵਿਚ ਆ ਕੇ ਵੇਚਣ ਉਸ ਤੇ ਕੋਈ ਕੰਟਰੋਲ ਨਹੀਂ । ਅਸੀਂ ਚਾਹੁੰਦੇ ਹਾਂ ਕਿ ਇਸ ਦੇ ਲਈ ਭਾਵੇਂ ਵਾਚ ਡੋਗ ਕਮੇਟੀਆਂ ਬਣਾਓ ਤੇ ਭਾਵੇਂ ਕੋਈ ਹੋਰ ਇਸ ਕਿਸਮ ਦਾ ਸਿਸਟਮ ਜਾਰੀ ਕਰੋ, ਇਹ ਜ਼ਰੂਰ ਕੰਟਰੋਲ ਵਿਚ ਕਰਨੀਆਂ ਚਾਹੀਦੀਆਂ ਹਨ । ਮੈਂ ਉਮੀਦ ਕਰਦਾ ਹਾਂ ਕਿ ਜੋ ਵੀ ਐਗਰੀਮੈਂਟ ਹੋਵੇਗਾ ਉਸ ਤੇ ਮਈ-ਅਰਜ਼ ਲਏ ਜਾਣਗੇ। ਉਸ ਦੇ ਵਿੱਚ ਇਕ ਇਹ ਸ਼ਰਤ ਹੋਣੀ ਚਾਹੀਦੀ ਹੈ ਕਿ ਜਦੋਂ ਇਕ ਕਿਸਾਨ ਕੋਈ ਚੀਜ਼ ਮਾਰਕੀਟ ਵਿਚ ਆ ਕੇ ਵੇਚਦਾ ਹੈ ਜ਼ਾਂ ਖਰੀਦਦਾ ਹੈ ਉਸ ਦੇ ਵਿਚ ਫ਼ਰਕ ਸਿਰਫ 15-20% ਦਾ ਹੋਣਾ ਚਾਹੀਦਾ ਹੈ । ਇਸ ਵੱਲ ਗੌਰਮਿੰਟ ਦੀ ਤਵੱਜੋ ਹੋਣੀ ਚਾਹੀਦੀ ਹੈ ਔਰ ਇਹ ਚੀਜ਼ ਹੋ ਸਕਦੀ ਹੈ ਅਗਰ ਦਿਮਾਗ ਵਿਚ ਖਾਹਿਸ਼ ਹੋਵੇ । ਮੈਨੂੰ ਉਮੀਦ ਹੈ ਕਿ ਸਾਡੀ ਗੌਰਮਿੰਟ ਇਸ ਚੀਜ਼ ਨੂੰ ਧਿਆਨ ਵਿਚ ਰਖੇਗੀ ਜੱਦੋਂ ਇਹ ਮਤਾ ਪਾਸ ਕਰਕੇ ਸੈਂਟਰ ਗੌਰਮਿੰਟ ਨੂੰ ਭੇਜਿਆ ਜਾਵੇਗਾ ।

ਮੈਂ ਅਰਜ਼ ਕਰਾਂ ਟਰਾਂਸਪੋਰਟ ਦਾ ਮਾਮਲਾ ਹੈ । ਡਿਪਟੀ ਸਪੀਕਰ ਸਾਹਿਬ, 66% ਟਰਾਂਸਪੋਰਟ ਇਸ ਵਕਤ ਪਬਲਿਕ ਸੈਕਟਰ ਵਿਚ ਹੈ । ਭਾਵੇਂ ਗੌਰਮਿੰਟ ਆਪ ਰਨ ਕਰਦੀ ਹੈ, ਕੋਈ ਡਿਪਾਰਟਮੈਂਟ ਰਨ ਕਰਦਾ ਹੈ ਜਾਂ ਕੋਈ ਕਾਰਪੋਰੇਸ਼ਨ ਕਰ ਰਹੀ ਹੈ । ਇਹ ਜਿਹੜੀਆਂ ਚੈਸੀਆਂ ਹਨ, ਸਪੇਅੱਰ ਪਾਰਟਸ ਹਨ ਇਹ ਸਾਰੇ ਅਸ਼ੋਕਾ ਲੇਲੈਂਡ ਜਾਂ ਟਾਟਾ ਮਰਸਡੀ ਵਾਲਿਆਂ ਦੇ ਹੱਥ ਵਿਚ ਹਨ । ਜਿਨ੍ਹਾਂ ਦਾ ਅਰਬਾਂ ਰੁਪਏ ਵਿਚ ਮੁਨਾਫੇ ਚਲ ਰਹੇ ਹਨ । ਜਿਸ ਭਾਅ ਵੇਚਣ, ਕੋਈ ਕੰਟਰੋਲ ਨਹੀਂ । ਇਨ੍ਹਾਂ ਗੱਲਾਂ ਤੇ ਵਿਚਾਰ ਕਰਨ ਦੀ ਲੋੜ ਹੈ । ਇਥੇ ਕਿਹਾ ਜਾਂਦਾ ਹੈ ਕਿ ਸਾਨੂੰ ਚੈਸੀਆਂ ਨਹੀਂ ਮਿਲਦੀਆਂ ਸਪੇਅੱਰਜ਼ ਨਹੀਂ ਮਿਲਦੇ । ਇਨ੍ਹਾਂ ਪ੍ਰਾਬਲਮਜ਼ ਨੂੰ ਹੱਲ ਕਰਨ ਵਾਸਤੇ ਇੰਡਸਟਰੀਅਲ ਸੈਕਟਰ ਤੇ ਕੰਟਰੋਲ ਕਰਨ ਦੀ ਲੋੜ ਹੈ । ਐਗਰੀਕਲਚਰਲ ਸੈਕਟਰ ਵਿਚ ਲੋਕਾਂ ਨੂੰ ਸਹੂਲਤਾਂ ਦੇਣਾ ਚਾਹੁੰਦੇ ਹੋ । ਜੇਕਰ ਤੁਸੀਂ ਆਮ ਲੋਕਾਂ ਨੂੰ ਰਾਹਤ ਦੇਣਾ ਚਾਹੁੰਦੇ ਹੋ ਤਾਂ ਇੰਡਸਟਰੀਅਲ ਸੈਕਟਰ ਨੂੰ ਕੰਟਰੋਲ ਕਰੋ । ਇਸ ਦੇ ਲਈ ਕੋਈ ਸਿਸਟਮ ਇੰਟਰੋਡਿਊਸ ਕਰੋ । ਜਿੰਨੀਆਂ ਵੀ ਕੰਪਨੀਆ ਹਨ ਅਸ਼ੋਕਾ ਲੇਲੈਂਡ ਹੈ, ਟਾਟਾ ਮਰਸਿਡੀਜ਼ ਹੈ, ਡੱਨਲਪ ਟਾਇਰ ਵਾਲੇ ਹਨ ਜੈਸਪ ਕੰਪਨੀ ਹੈ ਜਾਂ ਹੋਰ ਇਸ ਤਰ੍ਹਾਂ ਦੀਆਂ ਕੰਪਨੀਆਂ ਹਨ, ਉਨ੍ਹਾਂ ਨੂੰ ਕਿਹਾ ਜਾਏ ਕਿ ਜਿੰਨੀਆਂ ਚੀਜ਼ਾਂ ਬਣਾਉਣ, ਭਾਵੇਂ ਟਾਇਰ ਹੋਣ, ਭਾਵੇਂ ਸਪੇਅਰ ਹੋਣ ਤੇ ਭਾਵੇਂ ਚੈਸੀਆਂ ਹੋਣ 66% ਸਰਕਾਰ ਨੂੰ ਦੇਣ । ਇਸ ਦੇ ਨਾਲ ਰਨਿੰਗ ਕਾਸਟ ਘਟੇਗੀ । ਇਸ ਦੇ ਲਈ ਪੁਲੀਟੀਕਲ ਵਿੱਲ ਨੀਡਿਡ ਹੈ । ਪਿਛਲੇ 30 ਸਾਲਾਂ ਵਿਚ ਇਹ ਗੱਲ ਇਗਨੋਰ ਹੁੰਦੀ ਰਹੀ ਹੈ, ਜਿਸ ਦੇ ਕਾਰਨ ਇਹ ਦਸ਼ਾ ਹੋਈ ਹੈ ਸਾਡਾ ਫਰਜ਼ ਹੈ ਕਿ ਗੱਲ ਕਹਿ ਦੇਈਏ, ਸੈਂਟਰ ਦੀ ਸਰਕਾਰ ਮੰਨੇ ਜਾਂ ਨਾ ਮੰਨੇ । ਇਹ ਕੰਮ ਹੁਣ ਤਕ ਇਸ ਕਰਕੇ ਨਹੀਂ ਹੋਇਆ ਕਿਉਂਕਿ ਸਾਡੀ ਪੁਲੀਟੀਕਲ ਵਿੱਲ ਨਹੀਂ ਸੀ । ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਰਿਸੋਰਸਿਜ਼ ਘੱਟ ਨਹੀਂ ਸਾਡੇ ਮੁਲਕ ਵਿਚ ਰਿਸੋਰਸਿਜ਼ ਦੀ ਘਾਟ ਨਹੀਂ, ਅਗਰ ਘਾਟ ਹੈ ਤਾਂ ਕੁਝ ਕਰਨ ਦੀ ਹੈ ਔਰ ਕਰਨ ਦੀ ਖਾਹਿਸ਼ ਦੀ ਘਾਟ ਹੈ । (ਘੰਟੀ) ਬਸ ਜੀ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਗੱਲ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਔਰ ਹੁਣ ਮੈਂ ਤੁਹਾਨੂੰ ਦੋਬਾਰਾ ਘੰਟੀ ਮਾਰਨ ਦਾ ਮੌਕਾ ਨਹੀਂ ਦੇਵਾਂਗਾ ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੋਖੇ ਤੌਰ ਤੇ ਖਤਮ ਹੋ ਗਈ ਹੈ । ਮੁੱਖ ਮੰਤਰੀ ਸਾਹਿਬ ਨੇ ਜ਼ਿਕਰ ਕੀਤਾ ਹੈ ਔਰ ਉਨ੍ਹਾਂ ਵੱਲੋਂ ਜ਼ਿਕਰ ਕਰਨਾ ਬੜੀ ਜ਼ਰੂਰੀ ਗੱਲ

[ਕਾਮਰੇਡ ਰਾਜ ਕੁਮਾਰ]

ਸੀ ਪਰ ਉਸ ਉਪਰ ਅਮਲ ਕਰਨਾ ਹੋਰ ਵੀ ਜ਼ਰੂਰੀ ਗੱਲ ਹੈ । ਉਨ੍ਹਾਂ ਨੇ 20 ਨੁਕਾਤੀ ਜਾਂ 25 ਨੁਕਾਤੀ ਪਰੋਗਰਾਮ ਦਾ ਜ਼ਿਕਰ ਕੀਤਾ ਹੈ ਪਰ ਉਨ੍ਹਾਂ ਪਰੋਗਰਾਮਾਂ ਤੇ ਅਮਲ ਕਰਨ ਦੀ ਲੋੜ ਹੈ । ਉਨ੍ਹਾਂ ਨੁਕਤਿਆਂ ਵਿਚੋਂ ਇਕ ਨੁਕਤਾ ਸੂਦਖੋਰੀ ਦਾ ਹੈ । ਪੰਜਾਬ ਵਿਚ ਸ਼ਾਇਦ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਸੁਣਿਆ ਹੋਵੇ ਅਜੇ ਵੀ ਪਿੰਡਾਂ ਵਿਚ ਟੂ-ਥਰਡ ਜਿਹੜਾ ਰੂਰਲ ਕ੍ਰੈਡਿਟ ਹੈ ਉਹ ਪ੍ਰਾਈਵੇਟ ਮਨੀ ਲੈਂਡਰਜ਼ ਕੋਲ ਹੈ । ਉਹ ਕਿਉਂ ਹੈ ? ਉਹ ਇਸ ਵਾਸਤੇ ਹੈ ਕਿ ਪਹਿਲਾਂ ਮੇਜਰ ਸਟਰੈਕਚਰ ਬਣਾਉਣਾ ਸੀ, ਇਕ ਢਾਂਚਾ ਬਣਾਉਣਾ ਸੀ, ਪਰ ਉਹ ਨਹੀਂ ਬਣਿਆ । ਇਸ ਸਬੰਧ ਵਿਚ ਇਕ ਕਾਨੂੰਨ ਬਣਾਇਆ ਸੀ ਪਰ ਉਸ ਤੇ ਅਮਲ ਨਹੀਂ ਹੋਇਆ । ਅੱਜ 1/3 ਹਿੱਸਾ ਕੋਆਪ੍ਰੇਟਿਵ ਸੋਸਾਇਟੀਆਂ ਦੇ ਥਰੂ ਕਰੈਡਿਟ ਪਿੰਡਾਂ ਨੂੰ ਦਿੱਤਾ ਜਾ ਰਿਹਾ ਹੈ ਪਰ ਉਸ ਲੋਨ ਦੀ ਵੀ ਹਾਲਤ ਵੇਖ ਲਵੋ । ਡਿਪਟੀ ਸਪੀਕਰ ਸਾਹਿਬ, ਤੁਸੀਂ ਉਸ ਲੋਨ ਤੇ ਸੂਦ ਦੀ ਵੀ ਗੱਲ ਛੱਡੋ ਲੇਕਿਨ ਉਸ ਵਿਚ ਜੋ ਪੈਨਲਟੀ ਕਲਾਜ਼ ਹੈ, ਜੋ ਪੀਨਲ ਚਾਰਜਿਜ਼ ਹਨ, ਉਹ ਉਸ ਥਾਂ ਤੇ ਜਾ ਰਹੇ ਹਨ ਜਿਸ ਨਾਲ ਮੈਂ ਸਮਝਦਾ ਹਾਂ ਕਿ ਇਹ ਸਹਿਕਾਰੀ ਸਿਸਟਮ ਵੀ ਖਤਮ ਹੋ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਬਿਹਾਰ ਗੌਰਮਿੰਟ ਬਾਰੇ ਕੁਝ ਪੜ੍ਹ ਕੇ ਸੁਣਾਉਂਦਾ ਹਾਂ । ਉਨ੍ਹਾਂ ਦੀ ਕੁਝ ਐਡਵਰਟਾਈਜ਼ਮੈਂਟ ਪੇਪਰਾਂ ਵਿਚ ਛਪੀ ਹੈ । ਉਹ ਇਸ ਤਰ੍ਹਾਂ ਹੈ:—

"Total Remission of Taccavi Loan." "Interest payable not to exceed the amount of loan. "Remission of Hundred per cent interest on short-term loans" "Remission of interest of Co-operative loan", "Remission of interest on Loans by Land Development Bank."

"Remission of 75 paise per Rupee on outstanding power bills".

"Remission of Land-Rent for one year in Drought-hit Areas., Arrears of Grain Golas ; Remission of Interest."

"25 to 100 per cent Financial Aid for minor irrigation."

ਇਹ ਕੀ ਹੈ ਜਨਾਬ, ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਜਿਹੜਾ 1/3 ਪੋਰਸ਼ਨ ਰੂਰਲ ਕਰੈਡਿਟ ਦਾ ਹੈ ਉਹ ਲੋਕਾਂ ਤੋਂ ਪੇਅ ਨਹੀਂ ਹੋ ਰਿਹਾ ਔਰ ਅੱਜ ਗੌਰਮਿੰਟ ਅੰਡਰ ਦੀ ਫੀਅਰ ਆਫ ਐਜੀਟੇਸ਼ਨ ਉਨ੍ਹਾਂ ਲੋਨਜ਼ ਦੀ ਰਿਮਿਸ਼ਨ ਕਰ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਆਇੰਟ ਇਸ ਕਰਕੇ ਕਹਿ ਰਿਹਾ ਸੀ ਕਿ 20 ਜਾਂ 25 ਨੁਕਾਤੀ ਪਰੋਗਰਾਮ ਤੇ ਅਮਲ ਨਹੀਂ ਹੋ ਰਿਹਾ, ਅਮਲ ਦੀ ਲੋੜ ਹੈ । ਮਨੀ ਲੈਂਡਰਜ਼ ਸਿਸਟਮ ਖਤਮ ਕਰਨ ਲਈ ਖਾਸ ਉਪਰਾਲੇ ਕਰਨੇ ਪੈਣਗੇ । ਇਥੇ ਸਰਕਾਰੀ ਬੈਂਚਾਂ ਵੱਲੋਂ ਜਿਸ ਢੰਗ ਦੀ ਮੇਰੇ ਮਿੱਤਰ ਤਕਰੀਰ ਕਰ ਗਏ ਹਨ ਉਹ ਵੀ, ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣੀ ਹੈ, ਮੈਂ ਉਸ ਬਾਰੇ ਕੁਝ ਨਹੀਂ ਕਹਿੰਦਾ ਪਰ ਮੈਂ ਇਹ ਜ਼ਰੂਰ ਕਹਿੰਦਾ ਹਾਂ ਕਿ ਜੇਕਰ ਉਹ ਕੁਝ ਕਰਕੇ ਵਿਖਾਉਂਦੇ....(ਵਿਘਨ) ਇਧਰ ਆਉਣ ਜਾਂ ਉਧਰ ਜਾਣ ਇਹ ਤਾਂ ਖੈਰ ਉਨ੍ਹਾਂ ਦਾ ਕੰਮ ਹੈ । His interest as legislator wishing to become a Minister (*interruption*). It is his business.

ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਉਨ੍ਹਾਂ ਦੀ ਗੱਲ ਦਾ ਜ਼ਿਕਰ ਕਰ ਰਿਹਾ ਸੀ । ਵੈਸੇ ਕੋਈ ਐਸੀ ਗੱਲ ਨਹੀਂ ਸੀ । ਜਿਹੜੀਆਂ ਗੱਲਾਂ ਇਥੇ ਚੀਫ਼ ਮਨਿਸਟਰ ਸਾਹਿਬ ਨੇ ਇਸ ਹਾਊਸ ਵਿਚ ਸਾਡੇ ਨਾਲ ਕੀਤੀਆਂ, ਮੈਨੂੰ ਬੜੀ ਖੁਸ਼ੀ ਹੋਈ ਜਦੋਂ ਇਨ੍ਹਾਂ ਨੇ ਡਿਵੈਲਪਮੈਂਟ ਕੌਂਸਲ ਵਿਚ ਸਪੀਚ ਕੀਤੀ । ਮੈਂ ਬਹੁਤ ਖੁਸ਼ ਸੀ ਪਰ ਮੈਂ ਹੈਰਾਨ ਵੀ

ਸੀ ਕਿ ਇਹੀ ਗੱਲ ਅਗਰ ਇਥੇ ਕੀਤੀ ਹੁੰਦੀ, ਜੇਕਰ ਇਹੀ ਗੱਲ ਇਥੇ ਕਰਨ ਤਾਂ ਸਾਡੀਆਂ ਸੈਂਟ ਪਰਸੈਂਟ ਵੋਟਾਂ ਇਨ੍ਹਾਂ ਦੇ ਨਾਲ ਹੋਣ, ਤਾਂ ਫਿਰ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਕਿਸ ਤਰ੍ਹਾਂ ਸਾਡੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਪੰਜਾਬ ਨੂੰ ਐਟਾਮਿਕ ਪਾਵਰ ਪਲਾਂਟ ਦੀ ਜ਼ਰੂਰਤ ਹੈ ਪਰ ਉਸ ਨੂੰ ਸੈਂਟਰ ਵੱਲੋਂ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਥੀਨ ਡੈਮ ਦਾ ਮਸਲਾ ਹੈ, ਰੇਲਵੇ ਲਾਈਨ ਦਾ ਮਸਲਾ ਹੈ Railway, line is as colonial as British Colonialism was. ਜੋ ਬ੍ਰਿਟਿਸ਼ ਰੂਲ ਵਿਚ ਰੇਲਵੇ ਲਾਈਨ ਵਿੱਛ ਗਈ ਉਹੀ ਵਿੱਛ ਗਈ ਉਸ ਤੋਂ ਅੱਗੇ ਕੋਈ ਇਸ ਪਾਸੇ ਡਿਵੈਲਪਮੈਂਟ ਨਹੀਂ ਹੋਈ। ਅੱਜ ਦੀ ਇਕਨੌਮੀ ਮੰਗ ਕਰਦੀ ਹੈ ਕਿ ਇਨਫਰਾਸਟਰਕਚਰ ਹੋਵੇ। ਬਰਨਾਲਾ ਸਾਹਿਬ ਨੇ ਕੁਰੈਕਟ ਕਿਹਾ ਸੀ ਕਿ ਜਿਤਨਾ ਮਰਜ਼ੀ ਹੈ ਐਗਰੀਕਲਚਰ ਪ੍ਰੋਡਕਟਸ ਜਾਂ ਹੋਰ ਪ੍ਰੋਡਕਟਸ ਵੱਧਾ ਲਈਏ ਲੇਕਿਨ ਜਦੋਂ ਤੱਕ ਇਨਫਰਾਸਟਰੱਕਚਰ ਨਹੀਂ ਬਣਾਉਂਦੇ ਕੰਮ ਠੀਕ ਨਹੀਂ ਚਲ ਸਕਦਾ। ਡਿਪਟੀ ਸਪੀਕਰ ਸਾਹਿਬ, 73% ਐਗਰੀਕਲਚਲ ਪ੍ਰੋਡਿਊਸ ਸੈਂਟਰਲ ਪੂਲ ਵਿਚ ਭੇਜਦੇ ਹਾਂ, ਸੈਂਟਰ ਦਾ ਵੀ ਫਰਜ਼ ਹੈ ਕਿ ਉਹ 73% ਸਾਨੂੰ ਸਬਸਿਡੀ ਦੇਵੇ। ਇਥੇ ਜਿਕਰ ਕੀਤਾ ਜਾ ਰਿਹਾ ਸੀ ਕਿ ਸ਼ਾਇਦ ਰੁਪਏ ਵਿਚੋਂ 50 ਪੈਸੇ ਦੇਣ ਜਾਂ ਸ਼ਾਇਦ 15 ਪੈਸੇ ਦੇਣ ਪਰ ਮੈਂ, ਡਿਪਟੀ ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਅਸੀਂ ਐਕਸ਼ਨ ਚ ਹੁੰਦੇ ਹਾਂ We want action and we want to see a Government which is action oriented and not talk oriented.

ਤੁਹਾਡੇ ਪਾਸ ਇਹ ਗੱਲ ਕਹਿਣ ਲਈ ਗਰਾਊਂਡ ਹੈ ਕਿ ਅਸੀਂ ਸੈਂਟਰਲ ਗੋਡਾਊਨ ਵਿੱਚ ਇਤਨੀ ਕੰਟਰੀਬਿਊਸ਼ਨ ਕਰ ਰਹੇ ਹਾਂ, ਇਸ ਲਈ ਸਾਨੂੰ ਇਤਨੀ ਸਬਸਿਡੀ ਮਿਲਣੀ ਚਾਹੀਦੀ ਹੈ। ਫਿਰ ਜਨਾਬ ਥੀਨ ਡੈਮ ਲਈ ਕਹਿੰਦੇ ਹਨ ਕਿ 25 ਕਰੋੜ ਰੁਪਿਆ ਖਰਚ ਕਰਨਾ ਹੈ, ਅਜੇ ਤੱਕ ਤਾਂ 25 ਕਰੋੜ ਰੁਪਏ ਦੀ ਗੱਲ ਹੋ ਰਹੀ ਹੈ, ਅਗਲੀ ਵਾਰੀ ਸ਼ਾਇਦ 30-40 ਕਰੋੜ ਰੁਪਏ ਦੀ ਗੱਲ ਹੋਵੇ ਪਰ ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਨਾਲ ਕੁਝ ਨਹੀਂ ਬਣਨਾ। ਕਿਉਂ ? ਡਿਪਟੀ ਸਪੀਕਰ ਸਾਹਿਬ, ਇਸ ਦਾ ਕਾਰਨ ਹੈ। ਪਿਛਲੀ ਵਾਰੀ ਜਦੋਂ ਇਨ੍ਹਾਂ ਨੇ ਪਾਵਰ ਐਜ਼ਿਊਮ ਕੀਤੀ ਸ਼ੀ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਪਹਿਲੀ ਸਰਕਾਰ ਨੇ ਅੱਠ ਕਰੋੜ ਰੁਪਿਆ ਰੱਖਿਆ ਹੈ ਔਰ ਅਸੀਂ ਦਸ ਕਰੋੜ ਰੁਪਿਆ ਰੱਖਿਆ ਹੈ ਔਰ ਉਹ ਵੀ ਦਸ ਕਰੋੜ ਰੁਪਿਆ ਮੈਂ ਸਮਝਦਾ ਹਾਂ ਕਿ ਢੱਠੇ ਖੂਹ ਵਿਚ ਪਿਆ ਹੈ, ਅਗਲੇ ਸਾਲ 20 ਕਰੋੜ ਰੁਪਏ ਦਾ ਵੀ ਇਹੀ ਹਾਲ ਹੋਵੇਗਾ। ਕਿਉਂਕਿ ਜਿਹੜੀ ਚੀਜ਼ ਪੰਜ ਸਾਲ ਨੂੰ ਹੋਣੀ ਹੈ ਜਾਂ ਅੱਠ ਸਾਲ ਨੂੰ ਬਣਨੀ ਹੁੰਦੀ ਹੈ, ਉਸ ਦਾ ਆਰਡਰ ਹੁਣੇ ਹੀ ਦੇਣ ਦੀ ਲੋੜ ਹੁੰਦੀ ਹੈ ਪਰ ਉਹ ਗੱਲ ਨਹੀਂ ਹੋਈ। ਜੇਕਰ ਅੱਜ ਹੀ ਕਿਸੇ ਕੰਮ ਨੂੰ ਬਣਾਉਣ ਦੀ ਨੀਂਹ ਨਹੀਂ ਰੱਖਾਂਗੇ ਤਾਂ ਉਹ ਬਾਅਦ ਵਿਚ ਕਿਸ ਤਰ੍ਹਾਂ ਬਿਲਡਿੰਗ ਬਣ ਜਾਵੇਗੀ। ਪਿੱਛੇ ਜਿਹੇ, ਡਿਪਟੀ ਸਪੀਕਰ ਸਾਹਿਬ, ਮੈਂ ਥੀਨ ਡੈਮ ਦੀ ਸਾਈਟ ਤੇ ਗਿਆ, ਉਥੇ ਮੈਂ ਵੇਖ ਕੇ ਹੈਰਾਨ ਹੋ ਗਿਆ ਕਿ ਸਿਵਾਏ ਇਕ ਟੁੱਟੀ ਹੋਈ ਕੱਚੀ ਸੜਕ ਦੇ ਹੋਰ ਉਥੇ ਕੋਈ ਵੀ ਕੰਮ ਨਹੀਂ ਹੋਇਆ। ਮੈਂ, ਡਿਪਟੀ ਸਪੀਕਰ ਸਾਹਿਬ, ਉਥੇ ਹੀ ਆਪਣੇ ਆਪ ਨੂੰ ਕਿਹਾ ਕਿ "ਰਾਜਕੁਮਾਰ, ਤੂੰ ਉਥੇ ਬੈਠਾ ਹੁੰਦਾ ਹੈਂ, ਤੂੰ ਕਿਸ ਮਰਜ਼ ਦੀ ਦਵਾ ਹੈਂ ?" ਅੱਠ ਕਰੋੜ ਜਾਂ 12 ਕਰੋੜ ਹਰ ਸਾਲ ਥੀਨ ਡੈਮ ਵਾਸਤੇ ਅਸੀਂ ਰੁਪਿਆ ਰੱਖਦੇ ਹਾਂ ਲੇਕਿਨ ਇਥੇ ਇਹ ਹਾਲਤ ਹੈ ਕਿ ਇਕ ਕੱਚੀ ਸੜਕ ਵੀ ਨਹੀਂ ਬਣੀ ਮੈਂ ਕਹਿ ਰਿਹਾ ਹਾਂ ਕਿ ਥੀਨ ਡੈਮ ਸਾਰੇ ਮੁਲਕ ਲਈ ਹੈ ਔਰ ਇਸ ਦੀ ਫੰਕਸ਼ਨਿੰਗ ਪੰਜਾਬ ਵਿੱਚ ਹੋਵੇਗੀ। ਇਸ ਲਈ ਸੈਂਟਰ ਦੀ ਸਰਕਾਰ ਨੂੰ ਪੈਸੇ ਖਰਚਣੇ ਚਾਹੀਦੇ ਹਨ। ਚੌਧਰੀ ਸਾਹਿਬ, ਤੁਸੀਂ ਇਸ ਪਾਸੇ ਧਿਆਨ ਦਿਓ, ਤੁਸੀਂ ਫੈਸਲਾ

[ਕਾਮਰੇਡ ਰਾਜ ਕੁਮਾਰ]

ਕਰੋ। ਜਿਸ ਦਿਨ ਕਹੋ ਅਸੀਂ ਤੁਹਾਡੇ ਨਾਲ ਡੈਪੂਟੇਸ਼ਨ ਬਣਾ ਲੈਂਦੇ ਹਾਂ, ਅਸੀਂ ਆਪਣੀਆਂ ਆਪਣੀਆਂ ਪਾਰਟੀਆਂ ਦੇ ਆਦਮੀ ਉਥੋਂ ਲੈ ਲਵਾਂਗੇ । ਤੁਸੀਂ ਅੱਗੇ ਲੱਗੋ, ਅਸੀਂ ਪ੍ਰਾਈਮ ਮਨਿਸ਼ਟਰ ਸਾਹਿਬਾ ਨੂੰ ਕੰਪੈਲ ਕਰਨ ਲਈ, ਉਥੇ ਧਰਨਾ ਮਾਰਨ ਨੂੰ ਤਿਆਰ ਹਾਂ । (ਵਿਘਨ) (ਹਾਸਾ) ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਦਾ ਸਾਡੇ ਨਾਲ ਪੁਰਾਣਾ ਰਿਸ਼ਤਾ ਹੈ । ਅਸੀਂ .ਇਕ ਜਗ੍ਹਾ ਤੇ ਬੈਠੇ ਸਾਂ ਔਰ ਇਹ ਐਡਰੈਸ ਕਰ ਰਹੇ ਸਨ । ਸਾਨੂੰ ਉਹ ਗੱਲ ਵੀ ਚੌਧਰੀ ਸਾਹਿਬ ਯਾਦ ਹੈ । (ਹਾਸਾ) ਅਸੀਂ ਚਾਹੁੰਦੇ ਹਾਂ ਕਿ ਇਹ ਰਿਸ਼ਤਾ ਹੋਰ ਅੱਗੇ ਵੱਧੇ । ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਨੂੰ ਪਾਵਰ ਦੀ ਜ਼ਰੂਰਤ ਹੈ, ਪਾਵਰ ਦਾ ਫੈਮਿਨ ਹੈ । ਅੱਜ ਵੀ ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖਿਆ ਹੈ ਵਾਕ ਆਊਟ ਹੋਇਆ ਹੈ, ਕੱਲ ਵੀ ਹੋਇਆ ਹੈ । ਅਸੀਂ ਤਾਂ ਸਰਕਾਰ ਪਾਸ ਲੋਕਾਂ ਦੀਆਂ ਤਕਲੀਫਾਂ ਨੂੰ ਹਾਈਲਾਈਟ ਕਰਨ ਦੀ ਕੋਸ਼ਿਸ਼ ਕਰਦੇ ਹਾਂ । ਹਾਈਲਾਈਟ ਕੀਤਾ ਜਾ ਰਿਹਾ ਹੈ ਕਿ ਪੰਜਾਬ ਨੂੰ, ਪੰਜਾਬ ਦੇ ਕਿਸਾਨ ਨੂੰ, ਪੰਜਾਬ ਦੇ ਕਾਰਖਾਨੇਦਾਰ ਨੂੰ ਪਾਵਰ ਦੀ ਜ਼ਰੂਰਤ ਹੈ, ਪੰਜਾਬ ਵਿਚ ਪਾਵਰ ਦਾ ਫੈਮਿਨ ਹੈ । ਇਹ ਫੈਮਿਨ ਦੂਰ ਹੋ ਸਕਦਾ ਸੀ ਅਗਰ ਇਸ ਦੇ ਵਾਸਤੇ ਇਨਫਰਾ ਸਟਰੱਕਚਰ ਹੁੰਦਾ । ਇਥੇ ਅਟਾਮਿਕ ਪਾਵਰ ਪਲਾਂਟ ਲਗਦਾ ।

ਸਰਦਾਰ ਬੀਰਦਵਿੰਦਰ ਸਿੰਘ : ਫਰੀਕੁਐਂਟ ਵਾਕ ਆਊਟਸ ਹੋ ਰਹੇ ਹਨ, ਇਨ੍ਹਾਂ ਨਾਲ ਵਾਕ ਆਊਟਸ ਦੀ ਮਹੱਤਤਾ ਹੀ ਘਟਦੀ ਜਾ ਰਹੀ ਹੈ । (ਹਾਸਾ)

ਕਾਮਰੇਡ ਰਾਜ ਕੁਮਾਰ : ਇਸ ਲਈ ਮੈਂ ਇਹ ਚਾਹੁੰਦਾ ਹਾਂ ਕਿ ਇਹ ਅਟਾਮਿਕ ਪਲਾਂਟ ਜ਼ਰੂਰ ਲਗਾਇਆ ਜਾਣਾ ਚਾਹੀਦਾ ਹੈ ਔਰ ਇਸ ਨੂੰ ਪ੍ਰਾਇਰਿਟੀ ਦਿੱਤੀ ਜਾਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਆਖ਼ਿਰ ਵਿੱਚ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਸ ਵੇਲੇ ਭਾਰੀ ਇਲਜ਼ਾਮ ਇਹ ਲਗਾਇਆ ਜਾਂਦਾ ਹੈ ਕਿ ਕਾਮੋਡਿਟੀਜ਼ ਤੇ ਟੈਕਸ ਘਟਿਆ ਹੈ ਔਰ ਇਸ ਤਰੀਕੇ ਨਾਲ ਪ੍ਰਾਈਸਿਜ਼ ਘੱਟਣਗੀਆਂ । ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਅਸਲ ਗੱਲ ਜਿਹੜੀ ਇਸ ਵੇਲੇ ਹੈ ਉਹ ਇਹ ਹੈ ਕਿ revenue from commodity taxation is 80% of combined revenue of State and Central Government. ਇਤਨੀ ਭਾਰੀ ਰਕਮ ਕਾਮੋਡਿਟੀ ਟੈਕਸੇਸ਼ਨ ਦੀ ਹੈ ਜਿਹੜੀ ਕਿ ਸਟੇਟ ਔਰ ਸੈਂਟਰ ਗੌਰਮਿੰਟ ਲੈ ਜਾਂਦੀਆਂ ਹਨ । ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 1957 ਤੋਂ 1980 ਤੱਕ ਪਰ ਕੈਪੀਟਾ ਇਨਸੀਡੈਂਸ ਆਫ਼ ਟੈਕਸੇਸ਼ਨ ਜਿਹੜੀ ਰਹੀ ਹੈ ਇਹ 13% ਰਹੀ ਹੈ ਜਿਹੜੀ ਕਿ ਸਭ ਤੋਂ ਵੱਧ ਹੈ । ਮੈਨੂੰ ਯਕੀਨ ਹੈ ਕਿ ਜੇ ਇਸੇ ਤਰ੍ਹਾਂ ਦੇ ਹਾਲਾਤ ਰਹੇ ਔਰ ਕੋਈ ਪਾਲਿਸੀ ਨਾ ਬਦਲੀ ਤਾਂ ਇਹ ਜਿਹੜੀ ਪਰ ਕੈਪੀਟਾ ਇਨਸੀਡੈਂਸ ਆਫ਼ ਟੈਕਸੇਸ਼ਨ ਹੈ ਇਹ ਆਉਣ ਵਾਲੇ ਕੁਝ ਸਾਲਾਂ ਵਿਚ 15% ਤੱਕ ਪਹੁੰਚ ਜਾਏਗੀ ।

ਇਸ ਵੇਲੇ, ਡਿਪਟੀ ਸਪੀਕਰ ਸਾਹਿਬ, 95% ਪੀਜ਼ੈਂਟਰੀ ਪਿੰਡਾਂ ਵਿਚ ਰਹਿੰਦੀ ਹੈ ਔਰ ਪਿੰਡਾਂ ਦੀ ਕਲਟੀਵੇਬਲ ਲੈਂਡ ਦਾ 10% ਰੂਰਲ ਮਾਈਨਾਰਟੀ ਕੋਲ ਹੈ । ਬਾਕੀ ਸਭ ਵਡੇ ਵਡੇ ਲੈਂਡਲਾਰਡਾਂ ਕੋਲ ਹੈ । ਲੈਂਡ ਰਿਫਾਰਮ ਬਾਰੇ ਇਥੇ ਕਈ ਵਾਰ ਜ਼ਿਕਰ ਆਇਆ ਹੈ ਔਰ ਇਸ ਵਾਸਤੇ ਇਥੇ ਇਕ ਲੈਂਡ ਰਿਫਾਰਮ ਕਮੇਟੀ ਵੀ ਬਣੀ ਸੀ ਲੇਕਿਨ ਉਸ ਦੀ

ਡਿਸਟਰੀਬਿਊਸ਼ਨ ਦਾ ਇਸ਼ੂ ਅੱਜ ਤਕ ਉਸੇ ਤਰ੍ਹਾਂ ਖੜਾ ਹੈ ਜਿਵੇਂ 1947 ਵਿੱਚ ਸੀ । ਇਹ ਉਸ ਨੂੰ ਹੱਲ ਨਹੀਂ ਕਰ ਸਕੇ । ਲੈਂਡ ਰਿਫਾਰਮ ਦਾ ਮਸਲਾ ਅੱਜ ਵੀ ਉਸੇ ਤਰ੍ਹਾਂ ਹੀ ਖੜਾ ਹੈ । ਔਰ ਅਗਰ ਇਹ ਇਸ ਮਸਲੇ ਨੂੰ ਹੱਲ ਨਹੀਂ ਕਰ ਸਕੇ ਤਾਂ ਇਹ ਸਾਡਾ ਕਸੂਰ ਨਹੀਂ ਮੰਨਿਆ ਜਾਣਾ ਚਾਹੀਦਾ । ਇਸ ਦਾ ਫਾਇਦਾ ਹਾਈ ਜੈਂਟਰੀ ਉਠਾ ਰਹੀ ਹੈ । ਮੈਂ ਸਮਝਦਾ ਹਾਂ ਕਿ ਇਹ ਪਾਲਿਸੀ ਹੀ ਗਲਤ ਹੈ । ਜਦੋਂ ਤਕ ਲੈਂਡ ਰਿਫਾਰਮ ਠੀਕ ਨੀਅਤ ਨਾਲ ਨਹੀਂ ਕੀਤੀ ਜਾਂਦੀ, ਇਹ ਹਾਲਤ ਨਹੀਂ ਸੁਧਰ ਸਕਦੇ । ਪਰ ਇਹ ਲੈਂਡ ਰਿਫਾਰਮ ਦੀ ਜ਼ਿਮੇਵਾਰੀ ਸਾਡੇ ਤੇ ਨਹੀਂ ਆਉਂਦੀ, ਇਹ ਤੁਹਾਡੇ ਤੇ ਹੀ ਆਉਂਦੀ ਹੈ ਔਰ ਤੁਹਾਨੂੰ ਇਸ ਗੱਲ ਨੂੰ ਮੰਨਣਾ ਚਾਹੀਦਾ ਹੈ । 1957 ਵਿਚ ਜਿਹੜੀ ਸਰਪਲੱਸ ਲੈਂਡ ਡਿਕਲੇਅਰ ਹੋਈ ਸੀ, ਉਹ ਅੱਜੇ ਤਕ ਵੰਡੀ ਨਹੀਂ ਗਈ ਬਲਕਿ ਉਸ ਤੇ ਹਾਈ ਜੈਂਟਰੀ ਕਬਜ਼ਾ ਕਰਦੀ ਗਈ ਔਰ ਉਹ ਸਰਪਲੱਸ ਲੈਂਡ ਆਹਿਸਤਾ ਆਹਿਸਤਾ ਘੱਟਦੀ ਜਾ ਰਹੀ ਹੈ । ਲੈਂਡ ਰਿਫਾਰਮ ਨਾ ਕਰਨ ਦਾ ਨਤੀਜਾ ਇਹ ਨਿਕਲਿਆ ਹੈ ਕਿ ਜਿਹੜੀ 10% ਪਾਪੂਲੇਸ਼ਨ ਟਾਪ ਕਲਾਸ ਇੰਡੀਅਨ ਸੁਸਾਇਟੀ ਹੈ ਉਸ ਨੇ ਇਸ ਦਾ ਫਾਇਦਾ ਉਠਾਇਆ ਹੈ ਔਰ 90% ਜਿਹੜੇ ਲੋਕ ਹਨ ਉਹ ਸਫਰ ਕਰ ਰਹੇ ਹਨ । ਇਸ ਲਈ ਮੈਂ ਆਖ਼ਿਰ ਵਿੱਚ ਫਿਰ ਇਹ ਕਹਿੰਦਾ ਹਾਂ ਕਿ ਇਹ ਜਿਹੜੀ ਪਾਲਿਸੀ ਹੈ ਇਸ ਨੂੰ ਬਦਲਣਾ ਚਾਹੀਦਾ ਹੈ ਤਾਂ ਹੀ ਲੋਕਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ ਇਸ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ । ਐਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ ।

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਲੰਧਰ ਦੱਖਣ) : ਡਿਪਟੀ ਸਪੀਕਰ ਸਾਹਿਬ, ਮੈਂ 2-4 ਗੱਲਾਂ ਹੀ ਕਹਿਣੀਆਂ ਹਨ । ਜਦੋਂ ਹਿੰਦੁਸਤਾਨ ਅਜ਼ਾਦ ਹੋਇਆ ਤਾਂ ਤੁਸੀਂ ਸਭ ਜਾਣਦੇ ਹੋ ਕਿ ਇਥੇ ਕੀ ਹਾਲਾਤ ਸਨ ਔਰ ਪੰਜਾਬ ਦੇ ਕਿਸਾਨ ਦੀ ਕੀ ਹਾਲਤ ਸੀ ਪਰ ਅੱਜ ਹਿੰਦੁਸਤਾਨ ਨੂੰ ਮਾਣ ਹੈ ਕਿ ਅੱਜ ਹਿੰਦੁਸਤਾਨ ਦਾ ਜੋ ਕਿਸਾਨ ਹੈ ਉਹ ਐਨਾ ਤਕੜਾ ਹੋ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਕੋਈ ਸਮਾਂ ਹੁੰਦਾ ਸੀ ਜਦੋਂ ਸਾਰਾ ਪਿੰਡ ਵਾਹੀ ਕਰਦਾ ਸੀ ਔਰ ਇਕ ਘਰ ਖਾਂਦਾ ਸੀ ਪਰ ਅੱਜ ਸਮਾਂ ਆ ਗਿਆ ਹੈ ਕਿ ਇਕ ਘਰ ਕੰਮ ਕਰਦਾ ਹੈ ਔਰ ਸਾਰਾ ਪਿੰਡ ਖਾ ਸਕਦਾ ਹੈ । ਅੱਜ ਇਥੇ ਐਗਰੀਕਲਚਰ ਯੂਨੀਵਰਸਿਟੀ ਬਣ ਗਈ ਹੈ ਜਿਸ ਵਿਚ ਕੰਮ ਕਰਨ ਵਾਲਿਆਂ ਨੇ ਬਹੁਤ ਰਿਸਰਚ ਕੀਤੀ ਹੈ ਔਰ ਜਿਸ ਨਾਲ ਕਿਸਾਨ ਨੇ ਤਰੱਕੀ ਕੀਤੀ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਇਥੇ ਬਹੁਤ ਸਾਰੇ ਮੈਂਬਰਜ਼ ਬੋਲੇ ਹਨ ਪਰ ਕਿਸੇ ਨੇ ਵੀ ਸਰਦਾਰ ਦਿਲਬਾਗ ਸਿੰਘ ਜਿਹੜਾ ਕਿ ਮੇਰੇ ਹਲਕੇ ਵਿਚ ਕਲਿਆਣਪੁਰ ਦਾ ਰਹਿਣ ਵਾਲਾ ਸੀ ਉਸ ਦਾ ਨਾਂ ਨਹੀਂ ਲਿਆ । ਡਿਪਟੀ ਸਪੀਕਰ ਸਾਹਿਬ, ਇਹ ਦਿਲਬਾਗ ਸਿੰਘ ਉਹ ਸੀ ਜਿਸ ਨੇ ਕਲਿਆਣ ਕਣਕ ਪੈਦਾ ਕੀਤੀ ਸੀ ਔਰ ਇਹ ਐਸੀ ਪੈਦਾ ਕੀਤੀ ਕਿ ਸਾਰੇ ਹਿੰਦੁਸਤਾਨ ਦਾ ਕਲਿਆਣ ਕਰ ਦਿੱਤਾ । ਪਰ ਉਸ ਦਾ ਨਾਂ ਕਿਸੇ ਨੇ ਵੀ ਨਹੀਂ ਲਿਆ । ਉਸ ਨੇ ਅਜਿਹੀ ਰਿਸਰਚ ਕੀਤੀ ਔਰ ਅਜਿਹੇ ਤਰੀਕੇ ਦੱਸੇ ਕਿ ਜਿਸ ਦੀ ਮੇਹਰਬਾਨੀ ਨਾਲ ਅੱਜ ਵੀ ਤਰੱਕੀ ਹੁੰਦੀ ਜਾ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਅਰਜ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਇਥੇ ਕੋਈ ਵੀ ਗੌਰਮਿੰਟ ਆਉਂਦੀ ਹੈ ਉਹ ਇਹੀ ਕਹਿੰਦੀ ਹੈ ਕਿ ਅਸੀਂ ਇਹ ਤਰੱਕੀ ਕੀਤੀ

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਹੈ, ਅਸੀਂ ਉਪਜ ਵਧਾਈ ਹੈ, ਪਰ ਅਸਲ ਗੱਲ ਇਹ ਹੈ ਕਿ ਇਹ ਤਰੱਕੀ ਤਾਂ ਉਸ ਨੇ ਕੀਤੀ ਹੈ ਜਿਹੜਾ ਖੇਤਾਂ ਵਿਚ ਕੰਮ ਕਰਦਾ ਹੈ, ਚਾਹੇ ਉਹ ਅਕਾਲੀ ਹੈ, ਚਾਹੇ ਉਹ ਕਾਂਗਰਸੀ ਹੈ, ਚਾਹੇ ਉਹ ਕਮਿਊਨਿਸਟ ਹੈ ਜਾਂ ਕੋਈ ਹੋਰ ਪਾਰਟੀ ਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਾਨੂੰ ਉਸ ਕਿਸਾਨ ਦਾ ਜਿਹੜਾ ਕਿ ਖੇਤਾਂ ਵਿਚ ਕੰਮ ਕਰਦਾ ਹੈ ਉਸ ਦਾ ਖਿਆਲ ਰੱਖਣਾ ਚਾਹੀਦਾ ਹੈ ਇਸ ਕਰਕੇ ਇਥੇ ਇਹ ਬਹਾਨਾਬਾਜ਼ੀ ਕਰਨਾ ਕਿ ਅਸੀਂ ਇਹ ਕਰ ਦਿੱਤਾ ਜਾਂ ਉਨ੍ਹਾਂ ਨੇ ਇਹ ਕਰ ਦਿੱਤਾ, ਠੀਕ ਨਹੀਂ।

ਡਿਪਟੀ ਸਪੀਕਰ ਸਾਹਿਬ, ਇਥੇ ਜੋ ਹਾਲਤ ਪਿੱਛੇ ਆਲੂਆਂ ਦੀ ਹੋਈ ਉਹ ਸਭ ਨੂੰ ਪਤਾ ਹੈ। ਆਲੂ ਕੋਈ ਚੁੱਕਦਾ ਨਹੀਂ ਸੀ। ਕਈ ਆਦਮੀਆਂ ਨੇ ਆਲੂਆਂ ਦੇ ਢੇਰ ਤੇ ਬੈਠ ਕੇ ਆਪਣੇ ਆਪ ਨੂੰ ਗੋਲੀਆਂ ਮਾਰ ਦਿੱਤੀਆਂ। ਸਰਦਾਰ ਬਲਵੰਤ ਸਿੰਘ ਦੇ ਰਿਸ਼ਤੇਦਾਰ ਨੇ ਆਪਣੇ ਆਪ ਨੂੰ ਗੋਲੀ ਮਾਰੀ ਔਰ ਇਸੇ ਤਰ੍ਹਾਂ ਸਰਦਾਰ ਇਕਬਾਲ ਸਿੰਘ, ਐਕਸ ਐਮ. ਪੀ. ਦੇ ਰਿਸ਼ਤੇਦਾਰ ਨੇ ਵੀ ਆਪਣੇ ਆਪ ਨੂੰ ਆਲੂਆਂ ਦੇ ਢੇਰ ਤੇ ਬੈਠ ਕੇ ਗੋਲੀ ਮਾਰ ਕੇ ਮਰ ਗਏ। ਔਰ ਫਿਰ ਕਿਸੇ ਨੇ ਆਲੂਆਂ ਦੀ ਫਸਲ ਨੂੰ ਬੀਜਿਆ ਹੀ ਨਹੀਂ। ਕਪਾਹ ਦਾ ਜੋ ਹਾਲ ਹੋਇਆ, ਉਹ ਤੁਹਾਨੂੰ ਪਤਾ ਹੈ। ਇਸੇ ਤਰ੍ਹਾਂ ਕਮਾਦ ਦਾ ਕੀ ਭਾਅ ਮਿਲਿਆ? 12-13 ਰੁਪਏ ਭਾਅ ਦਿੱਤਾ ਗਿਆ ਪਰ ਅੱਜ ਇਸ ਸਰਕਾਰ ਨੇ ਇਸ ਕਮਾਦ ਦਾ ਭਾਅ ਵਧਾਇਆ ਹੈ ਤਾਂ ਇਹ ਕਹਿੰਦੇ ਹਨ ਕਿ ਗੰਡਾ ਦੇ ਕੇ ਭਾਅ ਵੱਧਾਇਆ ਹੈ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਜਿਹੜਾ ਕਹਿੰਦੇ ਹਨ ਕਿ ਗੰਡਾ ਦੇ ਕੇ ਭਾਅ ਵੱਧਵਾਇਆ ਹੈ, ਇਸ ਦਾ ਜਵਾਬ ਇਨ੍ਹਾਂ ਨੂੰ ਹੁਣ ਮਿਲ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਹਰ ਕਿਸਾਨ ਚਾਹੁੰਦਾ ਹੈ ਕਿ ਮੇਰੀ ਪੈਦਾਵਾਰ ਵਧੇ, ਹਰ ਦੁਕਾਨਦਾਰ ਚਾਹੁੰਦਾ ਹੈ ਕਿ ਮੇਰੀ ਆਮਦਨੀ ਵੱਧੇ, ਹਰ ਕਾਰਖਾਨੇਦਾਰ ਚਾਹੁੰਦਾ ਹਾਂ ਕਿ ਮੇਰੀ ਆਮਦਨੀ ਵਧੇ।

ਕਾਮਰੇਡ ਬਲਦੇਵ ਸਿੰਘ ਲੁੰਬਾ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਕੇ. ਪੀ. ਸਾਹਿਬ ਮਤੇ ਤੇ ਬੋਲ ਰਹੇ ਹਨ, ਇਨ੍ਹਾਂ ਨੇ ਕਿਹਾ ਹੈ ਕਿ ਤੁਹਾਨੂੰ ਕੁਝ ਦਿਨਾਂ ਵਿਚ ਪਤਾ ਲੱਗ ਜਾਵੇਗਾ। ਇਹ ਸਾਨੂੰ ਦੱਸ ਹੀ ਦੇਣ ਕਿ ਕੀ ਹੋਣਾ ਹੈ।

ਸਰਦਾਰ ਦਰਸ਼ਨ ਸਿੰਘ ਕੇ. ਪੀ : ਇਹ ਭਾਅ ਸਰਕਾਰ ਮੁਕੱਰਰ ਕਰਦੀ ਹੈ। ਇਸੇ ਤਰ੍ਹਾਂ ਸੈਂਟਰ ਦੀ ਸਰਕਾਰ ਸਾਰੇ ਸੂਬਿਆਂ ਨੂੰ ਦੇਖ ਕੇ ਭਾਅ ਮੁਕੱਰਰ ਕਰਦੀ ਹੈ ਅਤੇ ਸਰਕਾਰ ਹਰ ਚੀਜ਼ ਨੂੰ ਦੇਖ ਕੇ ਭਾਅ ਮੁਕੱਰਰ ਕਰਦੀ ਹੈ ਤਾਂਕਿ ਸਾਰੇ ਲੋਕਾਂ ਨੂੰ ਖਾਣ ਪੀਣ ਵਾਲੀਆਂ ਚੀਜ਼ਾਂ ਮਿਲ ਸਕਣ। ਇਨ੍ਹਾਂ ਵਾਂਗ ਨਹੀਂ ਕਿ ਕਦੇ ਇਹ ਗੰਨੇ ਦਾ ਭਾਅ 15 ਰੁਪਏ, ਅਤੇ ਕਦੇ 18 ਰੁਪਏ ਅਤੇ ਕਦੇ 28 ਰੁਪਏ ਦੀ ਮੰਗ ਕਰਦੇ ਹਨ। ਸੈਂਟਰ ਨੇ ਸਾਰਾ ਕੁਝ ਦੇਖ ਕੇ ਭਾਅ ਮੁਕੱਰਰ ਕਰਨਾ ਹੁੰਦਾ ਹੈ ਤਾਕਿ ਬਾਕੀ ਚੀਜ਼ਾਂ ਦੇ ਭਾਅ ਵੀ ਠੀਕ ਰਹਿ ਸਕਣ। ਕਾਰਖਾਨੇ-ਦਾਰ ਭਾਵੇਂ ਬਿਜਲੀ ਬੰਦ ਵੀ ਹੋ ਜਾਵੇ ਪਰ ਉਹ ਬਲੈਕ ਕਰੀ ਜਾਂਦਾ ਹੈ। ਉਹ ਆਪਣੇ ਰਾਅ ਮੈਟੀਰੀਅਲ ਦੀ ਬਲੈਕ ਕਰ ਦਿੰਦਾ ਹੈ, ਆਪਣਾ ਕੋਲਾ ਵੇਚ ਦਿੰਦਾ ਹੈ। ਇਸ ਤਰ੍ਹਾਂ ਉਹ ਆਪਣੀ ਕਮਾਈ ਕਰੀ ਜਾਂਦਾ ਹੈ ਪਰ ਜੱਦ ਤਕ ਤੁਸੀਂ ਲੇਬਰ ਦਾ, ਖੇਤ ਮਜ਼ਦੂਰ ਦਾ ਖਿਆਲ ਨਹੀਂ ਕਰਦੇ ਉਤਨੀ ਦੇਰ ਤੱਕ ਇਹ ਸਿਸਟਮ ਠੀਕ ਨਹੀਂ ਹੈ ਖੇਤ ਮਜ਼ਦੂਰ

ਦੀ ਹਾਲਤ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ, ਉਸ ਨੂੰ ਪੂਰੇ ਪੈਸੇ ਮਿਲਣੇ ਚਾਹੀਦੇ ਹਨ । ਉਨ੍ਹਾਂ ਦੀ ਹਾਲਤ ਖਰਾਬ ਕਰਨ ਵਾਲੇ ਇਹ ਸੀ. ਪੀ. ਆਈ. ਅਤੇ ਅਕਾਲੀ ਭਰਾ ਬੈਠੇ ਹਨ । ਲੋਕ ਇਨ੍ਹਾਂ ਨੂੰ ਪੁੱਛਣਗੇ ਕਿ ਤੁਸੀਂ ਇਤਨੀ ਮਹਿੰਗਾਈ ਕਿਉਂ ਕੀਤੀ ਸੀ, ਫਿਰ ਅਸੀਂ ਇਸ ਦਾ ਜਵਾਬ ਦੇਵਾਂਗੇ । ਇਸ ਸਾਰੀ ਚੀਜ ਨੂੰ ਮੁੱਖ ਰੱਖਦੇ ਹੋਏ ਮਜ਼ਦੂਰ ਦੀ ਤਨਖਾਹ 500 ਰੁਪਏ ਦੀ ਮੰਗ ਆਈ ਹੈ । ਮਜ਼ਦੂਰ ਨੂੰ ਮਹੀਨੇ ਭਰ ਦੀ ਤਨਖਾਹ ਮਿਲਣੀ ਚਾਹੀਦੀ ਹੈ (ਘੰਟੀ) ਖੇਤ ਮਜ਼ਦੂਰ ਨੂੰ, ਲੇਬਰ ਨੂੰ ਸਬਸੀਡਾਈਜ਼ਡ ਰੇਟਸ ਤੇ ਚੀਜ਼ਾਂ ਮਿਲਣੀਆਂ ਚਾਹੀਦੀਆ ਹਨ । ਜਿਹੜਾ ਸਰਕਾਰ ਨੇ 3,600 ਰੁਪਏ ਤੱਕ ਦੀ ਆਮਦਨੀ ਵਾਲਿਆ ਦਾ ਸਰਵੇ ਕਰਵਾਇਆ ਹੈ ਉਨ੍ਹਾਂ ਗਰੀਬਾਂ ਲੋਕਾਂ ਨੂੰ ਇਕ ਕਾਰਡ ਇਸ਼ੂ ਕੀਤਾ ਜਾਵੇ ਜਿਸ ਕਾਰਡ ਨੂੰ ਵਿਖਾ ਕੇ ਸਬਸੀਡਾਈਜ਼ਡ ਰੇਟਸ ਤੇ ਉਨ੍ਹਾਂ ਨੂੰ ਖਾਣ ਪੀਣ ਵਾਲੀਆਂ ਚੀਜ਼ਾਂ ਮਿਲ ਸਕਣ ਅਤੇ ਉਨ੍ਹਾਂ ਦੀ ਇਸ ਇਤਨੀ ਮਹਿੰਗਾਈ ਵਿਚ ਮੱਦਦ ਹੋ ਸਕੇ । ਇਸ ਦਾ ਪ੍ਰਬੰਧ ਸਰਕਾਰ ਨੂੰ ਫੌਰੀ ਤੌਰ ਤੇ ਕਰ ਦੇਣਾ ਚਾਹੀਦਾ ਹੈ । ਇਸੇ ਤਰ੍ਹਾਂ ਸਾਡੇ ਸੂਬੇ ਵਿਚ ਇਵੈਕਿਉ ਲੈਂਡ, ਸ਼ਾਮਲਾਤ ਲੈਂਡ, ਪੰਚਾਇਤ ਲੈਂਡ, ਨਾਜ਼ੂਲ ਲੈਂਡ ਅਤੇ ਜੰਗਲਾਤ ਦੀ ਲੈਂਡ ਹੈ, ਇਸ ਲੈਂਡ ਨੂੰ ਗਰੀਬ ਮੁਜ਼ਾਰਿਆਂ ਵਿਚ ਵੰਡ ਦੇਣਾ ਚਾਹੀਦਾ ਹੈ । ਇਹ ਖੇਤ ਮਜ਼ਦੂਰ ਨੂੰ ਦੇ ਦੇਣੀ ਚਾਹੀਦੀ ਹੈ ਤਾਕਿ ਉਹ ਵੀ ਆਪਣਾ ਜੀਵਨ ਸੁਧਾਰ ਸਕਣ । ਪਿੱਛੇ ਕਾਂਗਰਸ ਸਰਕਾਰ ਨੇ 5 ਲੱਖ ਏਕੜ ਜ਼ਮੀਨ ਕਢੀ ਸੀ ਅਤੇ ਉਸ ਦੇ ਵਿਚੋਂ 3 ਲੱਖ ਏਕੜ ਦੇ ਕਰੀਬ ਜ਼ਮੀਨ ਗਰੀਬ ਮੁਜ਼ਾਰਿਆਂ ਨੂੰ ਵੰਡੀ ਵੀ ਸੀ ਅਤੇ ਕੁਝ ਬਾਕੀ ਵੱਡੇ ਵੱਡੇ ਲੈਂਡ ਲਾਰਡਾਂ ਕੋਲ ਪਈ ਹੈ । ਇਸ ਜ਼ਮੀਨ ਨੂੰ ਵੱਡੇ ਵੱਡੇ ਜ਼ਿਮੀਂਦਾਰਾਂ ਕੋਲੋਂ ਲੈ ਕੇ ਹਰੀਜਨ, ਗਰੀਬ ਮੁਜ਼ਾਰਿਆਂ ਨੂੰ, ਖੇਤ ਮਜ਼ਦੂਰ ਨੂੰ ਦਿੱਤੀ ਜਾਵੇ । ਇਹ ਜਿਹੜੀ ਸੀ. ਪੀ. ਆਈ. ਵਾਲੇ ਲਾਲ ਝੰਡਾ ਹਰ ਜਗ੍ਹਾ ਵਿਖਾ ਦਿੰਦੇ ਹਨ, ਇਨ੍ਹਾਂ ਨੇ ਕੁਝ ਨਹੀਂ ਕਰਨਾ । ਉਮਰਾਨੰਗਲ ਵਰਗੇ ਬਹੁਤ ਜ਼ਮੀਨਾਂ ਸਾਂਭੀ ਬੈਠੇ ਹਨ, ਇਸੇ ਤਰ੍ਹਾਂ ਜਗਰਾਉਂ ਵਿਚ ਵੱਡੇ ਵੱਡੇ ਲੈਂਡ ਲਾਰਡ ਬੈਠੇ ਹਨ ਜਿਨ੍ਹਾਂ ਕੋਲ 500-500 ਏਕੜ ਜ਼ਮੀਨ ਪਈ ਹੈ ਉਨ੍ਹਾਂ ਕੋਲੋਂ ਜ਼ਮੀਨਾਂ ਖੋਹ ਕੇ ਸਰਕਾਰ ਨੂੰ ਗਰੀਬ ਮੁਜ਼ਾਰਿਆਂ ਨੂੰ ਦੇ ਦੇਣੀ ਚਾਹੀਦੀ ਹੈ (ਘੰਟੀ) ਇਸੇ ਤਰ੍ਹਾਂ ਇਕ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਆਈ ਸੀ, ਇਸ ਕਮੇਟੀ ਕੋਲ ਸ਼ਿਕਾਇਤਾਂ ਆਈਆਂ ਸਨ । ਇਸ ਰਿਪੋਰਟ ਤੇ ਸਰਕਾਰ ਨੂੰ ਅਮਲ ਕਰਨਾ ਚਾਹੀਦਾ ਹੈ ।

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ) : ** **

Mr. Deputy Speaker : This is no Point of Order.

ਸਰਦਾਰ ਦਰਸ਼ਨ ਸਿੰਘ ਕੇ. ਪੀ. : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਗੱਲਾਂ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਔਰ ਜਿਹੜੀ ਇਵੈਕਿਉ ਲੈਂਡ ਹੈ, ਉਹ ਹਰੀਜਨਾਂ ਨੂੰ ਅਲਾਟ ਕਰ ਦੇਣੀ ਚਾਹੀਦੀ ਹੈ । ਇਸ ਜ਼ਮੀਨ ਤੇ ਹਰੀਜਨਾਂ ਦਾ ਹੱਕ ਹੈ । ਇਹ ਉਨ੍ਹਾਂ ਨੂੰ ਹੱਕ ਮਿਲਣਾ ਚਾਹੀਦਾ ਹੈ । (ਘੰਟੀ), ਬਸ ਜੀ ਮੈਂ ਖਤਮ ਕਰਦਾ ਹਾਂ ।

ਖੇਤੀਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ) : ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਜਿਹੜਾ ਇਹ ਮਤਾ ਪੇਸ਼ ਕੀਤਾ ਗਿਆ ਹੈ ਔਰ ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਹੈ, ਮੈਂ ਇਸ ਸਬੰਧੀ ਕੁਝ ਕਹਿਣ ਲਈ ਖੜਾ ਹੋਇਆ ਹਾਂ । ਸਾਡੇ ਪੰਜਾਬੀਆਂ ਦੀ ਬੜੀ

**Expunged as ordered by the Chair.

[ਖੇਤੀਬਾੜੀ ਮੰਤਰੀ]

ਖੁਸ਼ਕਿਸਮਤੀ ਹੈ ਕਿ ਉਹ ਇਸ ਧਰਤੀ ਤੇ ਪੈਦਾ ਹੋਏ ਹਨ। ਹੁਣੇ ਸਰਦਾਰ ਸੁਰਜੀਤ ਸਿੰਘ ਬਰਨਾਲਾ, ਐਕਸ ਐਗਰੀਕਲਚਰ ਮਨਿਸਟਰ ਸਾਹਿਬ ਬੋਲੇ ਹਨ। ਉਹ ਕਿਸਾਨ ਸਮੇਲਨ ਦੇ ਫਾਰਮਰ ਪ੍ਰੈਜ਼ੀਡੈਂਟ ਵੀ ਸਨ। ਹੁਣ ਦੇ ਯੂਨੀਅਨ ਐਗਰੀਕਲਚਰ ਮਨਿਸਟਰ ਰਾਓ ਬਰਿੰਦਰ ਸਿੰਘ ਜੀ ਹਨ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੋਹਾਂ ਬੰਦਿਆਂ ਨੇ ਇਕ ਗੱਲ ਮੰਨੀ ਹੈ। ਇਨ੍ਹਾਂ ਦੋਹਾਂ ਬੰਦਿਆਂ ਨੇ ਕਿਹਾ ਹੈ ਕਿ ਹਿੰਦੁਸਤਾਨ ਵਿਚ ਐਗਰੀਕਲਚਰ ਮਾਰਕੀਟਿੰਗ ਪਰਾਪਰ ਨਹੀਂ ਹੋ ਰਹੀ ਹੈ। ਪ੍ਰਾਈਸ ਠੀਕ ਹਾਸਲ ਕਰਨ ਵਾਸਤੇ Marketing is must ਇਸ ਤੋਂ ਬਗੈਰ ਠੀਕ ਕੀਮਤ ਨਹੀਂ ਮਿਲ ਸਕਦੀ। ਡਿਪਟੀ ਸਪੀਕਰ ਸਾਹਿਬ, ਸ਼ੁਰੂ ਵਿਚ ਕਿਸਾਨਾਂ ਦੀ ਬਹੁਤ ਬੁਰੀ ਹਾਲਤ ਸੀ। ਇਥੇ ਹਾਊਸ ਵਿਚ ਕਾਮਰੇਡ ਰਾਜ ਕੁਮਾਰ ਜੀ ਨੇ ਕੋਈ ਕੁਟੇਸ਼ਨ ਦੇਣ ਦੀ ਕੋਸ਼ਿਸ਼ ਕੀਤੀ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, 1929 ਤੋਂ 1939 ਤਕ ਕਿਸਾਨਾਂ ਦੀ ਬਹੁਤ ਬੁਰੀ ਹਾਲਤ ਸੀ। ਕਿਸਾਨਾਂ ਨੂੰ ਪਹਿਲੀ ਵਾਰ 1942 ਵਿਚ 5 ਰੁਪਏ ਦਾ ਭਾਅ ਮਿਲਿਆ। (ਵਿਘਨ) ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦੀਆਂ ਜ਼ਮੀਨਾਂ ਜੋ ਗਹਿਣੇ ਪਈਆਂ ਸਨ ਉਹ ਇਸ ਸਾਲ ਦੇ ਅੰਦਰ ਅੰਦਰ ਛੁਡਾ ਦਿੱਤੀਆਂ ਗਈਆਂ। ਇਹ ਕਾਂਗਰਸ ਸਰਕਾਰ ਦੀ ਹੀ ਦੇਣ ਹੈ ਅਤੇ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਦੇਣ ਹੈ। (ਵਿਘਨ) ਮੈਨੂੰ ਫਿਕਰਾ ਪੂਰਾ ਕਰ ਲੈਣ ਦਿਓ।

ਸਰਦਾਰ ਦਲੀਪ ਸਿੰਘ ਪਾਂਧੀ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਸਭ ਦਾ ਸਾਂਝਾ ਰੈਜ਼ੋਲਿਊਸ਼ਨ ਹੈ ਅਤੇ ਕੋਈ ਵੀ ਕੰਟਰੋਵਰਸੀ ਦੀ ਗੱਲ ਨਾ ਕਰੋ ਕਿ ਕਿਸੇ ਨੇ ਚੰਗਾ ਕੀਤਾ ਹੈ ਜਾਂ ਕਿਸੇ ਨੇ ਮਾੜਾ ਕੀਤਾ ਹੈ। ਹਾਊਸ ਨੂੰ ਸਰਬਸੰਮਤੀ ਨਾਲ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਨਾ ਹੈ। ਮੇਰੀ ਸਬਮਿਸ਼ਨ ਇਹ ਹੈ ਕਿ ਕੋਈ ਵੀ ਕੰਟਰੋਵਰਸੀ ਦੀ ਗੱਲ ਨਾ ਕੀਤੀ ਜਾਵੇ।

ਖੇਤੀਬਾੜੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਅਗਰ ਮੈਂਬਰ ਸਾਹਿਬਾਨ ਸਾਡੇ ਲੀਡਰ ਦੇ ਨਾਮ ਤੇ ਹੀ ਪ੍ਰੋਵੋਕ ਹੋਣ ਤਾਂ ਇਸ ਵਿਚ ਮੇਰਾ ਕੋਈ ਕਸੂਰ ਨਹੀਂ ਹੈ। ਇਹ ਹਿਸਟੋਰੀਕਲ ਫੈਕਟ ਹੈ। ਸਰ ਛੋਟੂ ਰਾਮ ਕਿਸਾਨਾਂ ਦਾ ਲੀਡਰ ਸੀ ਕੋਈ ਮੰਨੇ ਜਾਂ ਨਾ ਮੰਨੇ ਅਤੇ ਦੂਸਰੇ ਸ੍ਰੀਮਤੀ ਇੰਦਰਾ ਗਾਂਧੀ ਜੀ ਹਨ। (ਵਿਘਨ) ਮੈਂ ਆਨਰੇਬਲ ਮੈਂਬਰਾਂ ਨੂੰ ਦਰਖਾਸਤ ਕਰਾਂਗਾ ਕਿ ਉਹ ਮੈਨੂੰ ਸੁਣ ਲੈਣ।

Please listen to me. You (Sardar Dalip Singh Pandhi) just ask for a clarification but you should not interrupt me.

ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਸ੍ਰੀ ਲਾਲ ਬਹਾਦਰ ਸਾਸ਼ਤਰੀ ਜੀ ਪ੍ਰਧਾਨ ਮੰਤਰੀ ਸਨ ਉਸ ਵੇਲੇ ਦੇਸ਼ ਵਿਚ ਅਨਾਜ ਦੀ ਥੁੜ ਸੀ। ਸਾਸਤਰੀ ਜੀ ਨੇ ਕਿਹਾ ਸੀ ਕਿ ਸੋਮਵਾਰ ਨੂੰ ਇਕ ਦਿਨ ਦਾ ਵਰਤ ਰਖੋ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਹਾਲਤ ਸੀ ਉਸ ਵੇਲੇ ਫੂਡ ਦੀ ਪਰ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਰਾਜ ਸੰਭਾਲਿਆ ਤਾਂ ਕਿਸਾਨਾਂ ਨੂੰ ਰਿਮੂਨੀਰੇਟਿਵ ਕੀਮਤਾਂ ਦਿਵਾਈਆਂ। (ਥੰਪਿੰਗ) ਸ੍ਰੀਮਤੀ ਇੰਦਰਾ ਗਾਂਧੀ ਦੀ

ਗੌਰਮਿੰਟ ਨੇ ਸਟੇਟ ਟਰੇਡਿੰਗ ਚਾਲੂ ਕੀਤੀ । ਇਹ ਗਲ ਤੁਹਾਨੂੰ ਸਾਰਿਆਂ ਨੂੰ ਮਨਣੀ ਪਵੇਗੀ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੂੰ ਤੁਹਾਡੀ ਮਾਰਫਤ ਦਰਖਾਸਤ ਕਰਾਂਗਾ ਕਿ ਸਚਾਈ ਨੂੰ ਝਠਲਾਇਆ ਨਹੀਂ ਜਾ ਸਕਦਾ । ਸਟੇਟ ਟਰੇਡਿੰਗ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ, ਕਾਂਗਰਸ ਦੀ ਸਰਕਾਰ ਨੇ ਚਾਲੂ ਕੀਤੀ । ਜੇਕਰ ਇਹ ਸੱਚ ਨਾ ਹੋਵੇ ਤਾਂ ਤੁਸੀਂ ਮੇਰੇ ਖਿਲਾਫ ਪ੍ਰਿਵਿਲਿਜ ਮੋਸ਼ਨ ਮੂਵ ਕਰੋ ਜਾਂ ਫਿਰ ਇਸ ਨੂੰ ਓਨ ਕਰੋ । (ਵਿਘਨ)

Be fair, be gentle, be cultured, be disciplined and we are before the House. We are governed by the Rules. I am requesting you, Mr. Deputy Speaker, that the Member should refrain from interrupting me.

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ)

ਖੇਤੀਬਾੜੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤਾਂ ਨੂੰ ਤਕਲੀਫ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਸਾਰੇ ਮੈਂਬਰ ਸਾਹਿਬਾਨ ਬੈਠ ਜਾਓ ਅਤੇ ਮੰਤਰੀ ਜੀ ਨੂੰ ਸੁਣੋ ।

ਖੇਤੀਬਾੜੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਸਟੇਟ ਟਰੇਡਿੰਗ ਚਾਲੂ ਕੀਤੀ । ਮੇਰੇ ਦੋਸਤ ਸਚਾਈ ਸੁਣਨ ਲਈ ਤਿਆਰ ਨਹੀਂ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਹਿੰਦੁਸਤਾਨ ਸੈਲਫ ਸਫੀਸ਼ੈਂਸੀ ਵੱਲ ਜਾ ਰਿਹਾ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਖੇਤੀਬਾੜੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੈਂਬਰਾਂ ਨੂੰ ਪ੍ਰਾਰਥਨਾ ਕਰਨਾ ਚਾਹਾਂਗਾ ਕਿ 1939 ਤੋਂ ਬਾਅਦ ਸਰ ਛੋਟੂ ਰਾਮ ਕਿਸਾਨਾਂ ਦੇ ਨੇਤਾ ਸਨ । ਇਸ ਗੱਲ ਨੂੰ ਕੋਈ ਮਨੇ ਚਾਹੇ ਨਾ ਮੰਨੇ ਪਰ ਇਹ ਹਕੀਕਤ ਹੈ ਕਿ

Mrs. Indira Gandhi was the salvator. She wanted to introduce State Trading in this country. She did it.

ਡਿਪਟੀ ਸਪੀਕਰ ਸਾਹਿਬ, ਅੱਜ ਕਿਸਾਨ ਸ਼੍ਰੀਮਤੀ ਇੰਦਰਾ ਗਾਂਧੀ ਜੀ ਵੱਲ ਦੇਖ ਰਹੇ ਹਨ । ਇਥੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੇ ਵੀ ਬੋਲਦਿਆਂ ਹੋਇਆਂ ਕਿਹਾ ਸੀ ਕਿ ਲੋਕ ਰੈਲੀ ਵਿਚ ਇਸ ਲਈ ਗਏ ਸਨ ਕਿ ਕਣਕ ਦਾ ਭਾਅ ਅਨਾਊਂਸ ਹੋਵੇਗਾ ਮਗਰ ਕਣਕ ਦਾ ਭਾਅ ਅਨਾਊਂਸ ਨਹੀਂ ਹੋਇਆ । ਉਨ੍ਹਾਂ ਨੇ ਇਕ ਗੱਲ ਆਪ ਕਹੀ ਕਿ ਏ. ਪੀ. ਸੀ. ਦੀ ਰਿਪੋਰਟ ਅਨੁਸਾਰ 127 ਰੁਪਏ ਤੋਂ 135 ਰੁਪਏ ਤਕ ਦਾ ਕਣਕ ਲਈ ਭਾਅ ਦੇਣ ਲਈ ਉਹ ਤਿਆਰ ਨਹੀਂ । ਉਹ ਕਿਸਾਨਾਂ ਦਾ ਨੁਮਾਇੰਦਾ ਹੈ। (ਵਿਘਨ) ਰਿਉਮੂਨੀਰੇਟਿਵ ਪ੍ਰਾਈਸ ਦੀ ਗੱਲ ਹੁਣ ਆ ਰਹੀ ਹੈ । ਪੈਰਿਟੀ ਜਿਹੜੀ ਹੈ ਉਹ ਪਰਾਈਸ

**Expunged as ordered by the Chair.

[ਖੇਤੀਬਾੜੀ ਮੰਤਰੀ]

ਆਫ਼ ਇੰਡਸਟਰੀਅਲ ਗੁਡਜ਼ ਅਤੇ ਐਗਰੀਕਲਚਰਲ ਪ੍ਰੋਡਿਊਸ ਦੀ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਕਿਸਾਨ ਨੂੰ ਹੋਸ਼ ਆ ਗਈ ਹੈ। ਪੰਜਾਬ ਦਾ ਇਹ ਸਾਰਾ ਹਾਊਸ ਇਸ ਬਾਰੇ ਚਿੰਤਤ ਹੈ। ਸ਼੍ਰੀਮਤੀ ਇੰਦਰਾ ਗਾਂਧੀ ਜੀ ਕਿਸਾਨਾਂ ਦੀ ਵਕਾਲਤ ਕਰਦੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਗਲ ਬਿਲਕੁਲ ਠੀਕ ਕਹਿ ਰਿਹਾ ਹਾਂ। (ਵਿਘਨ) ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੇ ਕਿਹਾ ਹੈ ਕਿ ਅਸੀਂ 22 ਮਿਲੀਅਨ ਟਨ ਅਨਾਜ ਛੱਡ ਕੇ ਗਏ ਸੀ। ਇਹ ਹਿਸਟੋਰੀਕਲ ਫੈਕਟ ਹੈ।

This is a natural thing. It is an historical fact and it is a past event whatsoever may be. If any Member has doubt about it, he can ask for it.

ਜਿਸ ਦਿਨ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਇਥੇ ਆਈ ਸੀ ਉਨ੍ਹਾਂ ਨੇ ਮਿਹਰਬਾਨੀ ਕੀਤੀ ਅਤੇ ਮੈਨੂੰ ਉਨ੍ਹਾਂ ਨੇ ਐਗਰੀਕਲਚਰਲ ਮਨਿਸਟਰ ਬਣਾ ਦਿਤਾ। ਅਖਬਾਰ ਵਾਲੇ ਮੈਨੂੰ ਪੁੱਛਣ ਲਗੇ ਕਿ ਤੁਸੀਂ ਕਿਹੋ ਜਿਹਾ ਕੰਮ ਕਰੋਗੇ ਮੈਂ ਕਿਹਾ ਕਿ ਸਾਡੇ ਕੰਮਾਂ ਦਾ 6 ਮਹੀਨਿਆਂ ਬਾਅਦ ਲੇਖਾ ਹੁੰਦਾ ਹੈ। ਜੇ ਤਾਂ ਦਾਣੇ ਹੋ ਗਏ ਵਾਧੂ ਔਰ ਪੈਸੇ ਮਿਲ ਗਏ ਵਾਧੂ ਤਾਂ ਤੇ ਅਸੀਂ ਕਾਮਯਾਬ ਹਾਂ ਔਰ ਅਗਰ ਦਾਣੇ ਹੋਏ ਘੱਟ ਔਰ ਪੈਸੇ ਮਿਲੇ ਘੱਟ ਤਾਂ ਫਿਰ ਅਸੀਂ ਨਾਕਾਮਯਾਬ ਹਾਂ।

EXTENSION OF TIME OF THE SITTING

Mr. Deputy Speaker: Is it the pleasure of the House that the time of the sitting of the House be extended for half an hour.

Voices: Yes, Yes.

Mr. Deputy Speaker: The time of the sitting of the House is extended for half an hour (Up to 2.00 P.M.)

JOINT RESOLUTION RE. AGRICULTURAL AND INDUSTRIAL PRICES (RESUMPATION OF DISCUSSION)

ਖੇਤੀਬਾੜੀ ਮੰਤਰੀ: ਇਸ ਗੱਲ ਦੀ ਮੈਨੂੰ ਪਰਸੰਨਤਾ ਹੈ ਕਿ ਸਾਰੇ ਹਾਊਸ ਵਿਚ ਇਸ ਗਲ ਦੀ ਪਰਸ਼ੰਸਾ ਹੈ ਕਿ ਕਾਟਨ ਦੇ ਰੇਟ ਪਰਸਿਸਟੈਂਟਲੀ ਠੀਕ ਚਲ ਰਹੇ ਹਨ। ਦੂਸਰੇ ਇਥੇ ਤੇਲ ਦੀ ਗਲ ਆਈ। ਬਠਿੰਡੇ ਵਿਚ 30 ਬੰਦਿਆਂ ਨੇ ਤੇਲ ਦੇ ਕਾਰਖਾਨੇ ਲਗਾਏ ਸੀ ਔਰ ਉਹ ਫੇਲ੍ਹ ਹੋਏ ਡਿਊ ਟੂ ਹੈਵੀ ਫਲੱਕਚੂਏਸ਼ਨ। ਮਗਰ ਹੁਣ ਸਰਕਾਰ ਨੇ ਪਾਲਿਸੀ ਬਦਲ ਦਿੱਤੀ ਹੈ। ਇਹ ਐਸਟੈਬਲਿਸ਼ਡ ਚੀਜ਼ ਹੈ ਕਿ ਹਿੰਦੁਸਤਾਨ ਵਿੱਚ 80, 82 ਲੱਖ ਟਨ ਕਪਾਹ ਹੁੰਦੀ ਹੈ ਔਰ ਸਾਢੇ ਚਾਰ ਲੱਖ ਟਨ ਤੇਲ ਹੁੰਦਾ ਹੈ। ਪਹਿਲੀ ਸਰਕਾਰ ਵੇਲੇ ਬਿਨੌਲਾ ਡੰਗਰਾਂ ਨੂੰ ਪਾਉਂਦੇ ਸਨ ਪਰ ਹੁਣ ਬਿਨੌਲਾ ਮਿੱਲਾਂ ਨੂੰ ਲੈਣਾ ਪਏਗਾ। ਬਿਨੌਲੇ ਦੇ ਤੇਲ ਦੀ ਪਰਸੈਂਟੇਜ ਪਿਛਲੇ ਨਵੰਬਰ ਤੋਂ ਲੈ ਕੇ ਅੱਜ ਤੱਕ ਇਸ ਵਿਚ ਕੋਈ ਡਿਪਰੈਸ਼ਨ ਨਹੀਂ ਆਇਆ ਹੈ।

ਕਾਮਰੇਡ ਰਾਜ ਕੁਮਾਰ ਜੀ ਨੇ ਇੰਡਸਟ੍ਰੀਅਲ ਪਾਲਿਸੀ ਬਾਰੇ ਕਿਹਾ ਹੈ। ਏ. ਪੀ. ਸੀ, ਦਾ ਪਰਵੀਊ ਬਹੁਤ ਛੋਟਾ ਹੈ, ਇਨ੍ਹਾਂ ਦੇ ਟਰਮਜ਼ ਆਫ ਰੈਫਰੈਂਸ ਬਹੁਤ ਛੋਟੇ ਹਨ। ਇਥੇ ਮਾਰਕਿਟਿੰਗ ਸਿਸਟਮ ਔਰ ਡਿਸਟ੍ਰੀਬਿਊਸ਼ਨ ਸਿਸਟਮ ਜਿੰਨੀ ਦੇਰ ਤਕ ਠੀਕ ਨਹੀਂ ਹੋਏਗਾ ਉਨੀ ਦੇਰ ਤਕ ਪਰਾਈਸਿਜ਼ ਵਿਚ ਇਸਤਹਿਕਾਮ ਨਹੀਂ ਲਿਆ ਸਕਦੇ। ਮੈਂ ਇੰਡਸਟ੍ਰੀਅਲ ਗੁਡਜ਼ ਔਰ ਐਗਰੀਕਲਚਰਲ ਗੁਡਜ਼ ਦਾ ਕੰਪੈਰੀਜ਼ਨ ਨਹੀਂ ਕਰਨਾ ਚਾਹੁੰਦਾ। ਫਿਰ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੁੱਧ ਤਾਂ ਇਥੇ 1.60 ਰੁਪਿਆ ਫੀ ਕਿੱਲੋ ਦੇ ਹਿਸਾਬ ਨਾਲ ਵਿੱਕ ਰਿਹਾ ਹੈ ਅਤੇ ਕੈਂਪਾ ਕੋਲਾ 1.70 ਰੁਪਿਆ ਫੀ ਬੋਤਲ ਦੇ ਹਿਸਾਬ ਨਾਲ ਵਿਕ ਰਹੀ ਹੈ। ਕੀ ਇਹ ਪੈਰਿਟੀ ਰੱਖਣ ਦਾ ਢੰਗ ਹੈ? ਇਸ ਬਾਰੇ ਕਿਸੇ ਬੰਦੇ ਨੇ ਸਵਾਲ ਨਹੀਂ ਉਠਾਇਆ ਔਰ ਕਿਸੇ ਨੇ ਉਠਾਇਆ ਅਗਰ ਹੈ ਤਾਂ ਇਹ ਗਲ ਕਰਨ। ਬਾਜ਼ਾਰ ਵਿਚ ਸਾਡਾ ਦੁਧ 1.60 ਰੁਪਿਆ ਫੀ ਕਿੱਲੋ ਵਿਕਦਾ ਹੈ ਜਦ ਕਿ ਉਸੇ ਦੁੱਧ ਨੂੰ ਹਲਵਾਈ ਗਰਮ ਕਰਕੇ ਮਿੱਠਾ ਪਾ ਕੇ 4 ਰੁਪਏ ਕਿਲੋ ਦੇ ਹਿਸਾਬ ਨਾਲ ਵੇਚਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਮੈਂਬਰ ਸਾਹਿਬਾਨ ਇਸ ਗਲ ਨਾਲ ਸਹਿਮਤ ਹਨ ਕਿ ਦੁੱਧ ਦੇ ਭਾਅ ਵਧਾਏ ਜਾਣ ਤਾਂਕਿ ਕਿਸਾਨ ਨੂੰ ਸੁਵਿਧਾ ਮਿਲੇ। ਇਹ ਜਿਹੜੇ ਉਪਰ ਬੈਠੇ ਹਨ ਇਨ੍ਹਾਂ ਵਿਚੋਂ ਅੱਧੇ ਚੀਨ ਵਲ ਵੇਖਦੇ ਹਨ ਔਰ ਅੱਧੇ ਰੂਸ ਵਲ ਦੇਖਦੇ ਹਨ (ਵਿਘਨ) ਤੁਸੀਂ ਇਨ੍ਹਾਂ ਵਲ ਨਾ ਦੇਖੋ। ਡਿਪਟੀ ਸਪੀਕਰ ਸਾਹਿਬ, ਚੱਤਰਥ ਸਾਹਿਬ ਨੇ ਜਿਹੜਾ ਫਾਰਮੂਲਾ ਦੱਸਿਆ ਸੀ (ਕਾਮਰੇਡ ਬਲਦੇਵ ਸਿੰਘ ਲੁੰਬਾ ਵਲੋਂ ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਹੈਰਾਨਗੀ ਹੋਈ ਹੈ ਕਿ ਇਹ ਜਿਹੜਾ ਮਤਾ ਇਨਾਂ ਸਾਰਿਆਂ ਦੋਸਤਾਂ ਦੀ ਮਿਹਰਬਾਨੀ ਕਰਕੇ ਇਥੇ ਅੱਜ ਆਇਆ ਹੈ, ਇਹ ਪੈਰਿਟੀ ਦੀਆ ਗੱਲਾਂ ਕਰ ਰਹੇ ਹਨ। ਇਥੇ ਬੱਸਾਂ ਦੇ ਕਿਰਾਇਆਂ ਵਿਚ ਵਾਧਾ ਹੋਇਆ ਤਾਂ ਇਹ ਕਹਿੰਦੇ ਹਨ ਕਿ ਘੱਟ ਕਰੋ। ਮੈਂ ਕਹਿੰਦਾ ਹਾਂ ਕਿ ਹਰਿਆਣਾ ਵਿਚ ਬੱਸਾਂ ਦੇ ਕਿਰਾਏ ਵਧਾਏ ਗਏ, ਹਿਮਾਚਲ ਪ੍ਰਦੇਸ਼ ਵਿਚ ਔਰ ਯੂ. ਪੀ. ਵਿਚ ਬੱਸਾਂ ਦੇ ਕਿਰਾਏ ਵਧਾਏ ਗਏ ਪਰ ਇਹ ਇਥੇ ਇਸ ਵਿਚ ਪੈਰਿਟੀ ਰਖਣ ਵਿਚ ਵਿਸ਼ਵਾਸ ਨਹੀਂ ਰਖਦੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪੈਰਿਟੀ ਦਾ ਮਤਲਬ ਸਮਝਾ ਦਿਉ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਵਜ਼ੀਰ ਸਾਹਿਬ ਇਰ-ਰੈਲੇਵੈਂਟ ਬੋਲ ਰਹੇ ਹਨ। ਇਹ ਬੜੇ ਸਿਆਣੇ ਵਜ਼ੀਰ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੁੱਧ ਦੇ ਭਾਅ ਜ਼ਰੂਰ ਇਹ ਅੱਜ ਵੱਧ ਮੁਕੱਰਰ ਕਰਕੇ ਜਾਣ।

ਖੇਤੀਬਾੜੀ ਮੰਤਰੀ: ਮੈਂ ਤਾਂ ਇੰਡਸਟ੍ਰੀਅਲ ਗੁਡਜ਼ ਔਰ ਐਗਰੀਕਲਚਰਲ ਪਰੋਡਿਊਸ ਵਿਚ ਪੈਰਿਟੀ ਰਖਣ ਬਾਰੇ ਕਹਿ ਰਿਹਾ ਸੀ (ਵਿਘਨ) ਮੈਂ ਕਹਿੰਦਾ ਹਾਂ ਕਿ ਜਦੋਂ ਹਰਿਆਣਾ, ਹਿਮਾਚਲ ਪ੍ਰਦੇਸ਼ ਔਰ ਯੂ. ਪੀ. ਵਿਚ ਬੱਸਾਂ ਦੇ ਕਿਰਾਇਆਂ ਵਿਚ ਵਾਧਾ ਕਰ ਦਿੱਤਾ ਗਿਆ ਹੈ ਤਾਂ ਫਿਰ ਇਥੇ ਜਦੋਂ ਬੱਸਾਂ ਦੇ ਕਿਰਾਇਆਂ ਵਿਚ ਵਾਧਾ ਕੀਤਾ ਗਿਆ ਤਾਂ, ਫਿਰ ਇਹ ਕਿਉਂ ਕਹਿੰਦੇ ਹਨ ਇਹ ਕਿਰਾਏ ਵਿਚ ਘਾਟ ਕੀਤੀ ਜਾਏ। ਇਹ ਪੈਰਿਟੀ ਰਖਣੀ ਚਾਹੀਦੀ ਹੈ।

ਮੈਂ ਬੇਨਤੀ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਜਾਏ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਡਿਪਟੀ ਸਪੀਕਰ ਸਾਹਿਬ, ਸਾਡੇ ਐਗਰੀਕਲਚਰਲ ਮਨਿਸਟਰ ਸਾਹਿਬ ਕਾਫੀ ਵਿਸਥਾਰ ਨਾਲ ਬੋਲ ਚੁੱਕੇ ਹਨ। ਇਹ ਰੇਜ਼ੋਲਿਊਸ਼ਨ ਸਾਰਿਆ ਨੇ ਸਹਿਮਤ ਹੋ ਕੇ ਇਥੇ ਲਿਆਂਦਾ ਹੈ ਕਿ ਇੰਡਸਟ੍ਰੀਅਲ ਪਰੋਡਕਸ਼ਨ ਔਰ ਐਗਰੀਕਲਚਰਲ ਪਰੋਡਿਊਸ ਦੇ ਭਾਅ ਰਖਣ ਵਾਸਤੇ ਇਨ-ਪੁੱਟਸ ਔਰ ਲੇਬਰ ਵਾਸਤੇ ਪੈਰਿਟੀ ਰਖੀ ਜਾਏ। ਇਸ ਲਈ ਹਾਊਸ ਦੇ ਸਾਰੇ ਮੈਂਬਰ ਮੁਤਫਿਕ ਹਨ ਪਰ ਬੋਲਦਿਆਂ ਹੋਇਆਂ ਕੁਝ ਗੱਲਾਂ ਅਜਿਹੀਆਂ ਜ਼ਰੂਰੀ ਕਹੀਆਂ ਗਈਆਂ ਹਨ ਜਿਨ੍ਹਾਂ ਦਾ ਜਵਾਬ ਦੇਣਾ ਬਹੁਤ ਜ਼ਰੂਰੀ ਹੈ। ਬਰਨਾਲਾ ਸਾਹਿਬ ਸੈਂਟਰ ਵਿਚ ਐਗਰੀਕਲਚਰਲ ਮਨਿਸਟਰ ਰਹੇ ਹਨ। ਬਰਨਾਲਾ ਸਾਹਿਬ ਨੇ ਐਗਰੀਕਲਚਰਲ ਪਰਾਈਸ ਕਮਿਸ਼ਨ ਦੀ ਰਿਪੋਰਟ ਦਾ ਹਵਾਲਾ ਦਿੱਤਾ ਔਰ ਉਸ ਵਿਚੋਂ ਉਨ੍ਹਾਂ ਨੇ ਠੀਕ ਗਲ ਦੱਸੀ ਹੈ, ਉਨ੍ਹਾਂ ਨੇ ਕਿਹਾ ਕਿ ਅਗਰ ਅਸੀਂ 1970-71 ਨੂੰ 100 ਰੁ: ਬੇਸ ਰਖ ਲਈਏ ਤਾਂ ਪਤਾ ਲਗਦਾ ਹੈ ਕਿ 1980 ਵਿੱਚ ਜੋ ਪ੍ਰਾਈਸਿਜ਼ ਵਧੀਆਂ ਹਨ ਐਗਰੀਕਲਚਰਲ ਪਰੋਡਕਟਸ ਦੇ ਮੁਕਾਬਲੇ ਤੇ ਜੋ ਮੈਨੂਫੈਕਚਰਿੰਗ ਇੰਡਸਟਰੀ ਦੀਆਂ ਚੀਜਾਂ ਹਨ ਉਨ੍ਹਾਂ ਦੇ ਭਾਅ ਜ਼ਿਆਦਾ ਵਧੇ ਹਨ। ਲਗਭਗ 93% ਐਗਰੀਕਲਚਰਲ ਪਰੋਡਕਟਸ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ ਔਰ 131% ਇੰਡਸਟ੍ਰੀਅਲ ਪਰੋਡਕਸ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਸੋ ਇਸ ਵਿਚ ਪੈਰਿਟੀ ਨਹੀਂ ਹੈ। ਜਦੋਂ ਅਕਤੂਬਰ, 1980 ਵਿਚ ਸਾਰੇ ਚੀਫ਼ ਮਨਿਸਟਰਜ਼ ਦੀ ਕਾਨਫਰੰਸ ਹੋਈ ਤਾਂ ਸਾਡੇ ਚੀਫ਼ ਮਨਿਸਟਰ ਸਾਹਿਬ ਸਰਦਾਰ ਦਰਬਾਰਾ ਸਿੰਘ ਜੀ ਨੇ ਬਿਲਕੁਲ ਇਹੋ ਅੰਕੜੇ ਉਥੋਂ ਪੇਸ਼ ਕੀਤੇ ਅਤੇ ਕਿਹਾ ਸੀ ਕਿ ਪੈਰਿਟੀ ਹੋਣੀ ਚਾਹੀਦੀ ਹੈ ਕਿਉਂਕਿ ਪੰਜਾਬ ਵਿਚ ਐਗਰੀਕਲਚਰਲ ਪਰੋਡਕਟਸ ਸਭ ਤੋਂ ਜ਼ਿਆਦਾ ਹੈ। ਇਥੇ ਇੰਡਸਟਰੀ ਦੇ ਤੌਰ ਤੇ ਲੋਕ ਕੰਮ ਕਰਦੇ ਹਨ ਅਤੇ ਇਨ੍ਹਾਂ ਨੂੰ ਆਪਣੇ ਪਰੋਡਕਟਸ ਦੀ ਕੀਮਤ ਠੀਕ ਮਿਲਣੀ ਚਾਹੀਦੀ ਹੈ। ਉਹੀ ਗੱਲ ਬਰਨਾਲਾ ਸਾਹਿਬ ਨੇ ਇਥੇ ਕਹੀ ਹੈ। ਅਸੀਂ ਇਸ ਨਾਲ ਸਹਿਮਤ ਹਾਂ। ਮੈਂ ਥੋੜਾ ਜਿਹਾ ਧਿਆਨ ਤੁਹਾਡਾ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਕਿਉਂਕਿ ਇਸ ਬਾਰੇ ਇਥੇ ਬਾਰ ਬਾਰ ਜਿਕਰ ਕੀਤਾ ਗਿਆ ਹੈ। ਬਰਨਾਲਾ ਸਾਹਿਬ ਨੂੰ ਸੈਂਟਰ ਵਿਚ ਬਤੌਰ ਐਗਰੀਕਲਚਰਲ ਮਨਿਸਟਰ ਦੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਔਰ ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਸੈਂਟਰ ਵਿਚ ਬਤੌਰ ਐਗਰੀਕਲਚਰਲ ਮਨਿਸਟਰ ਦੇ ਕੰਮ ਕੀਤਾ ਹੈ। 1977-78, 1978-79 ਔਰ 1979-80 ਦੇ ਅੰਕੜੇ ਮੇਰੇ ਹੱਥ ਵਿਚ ਹਨ ਔਰ ਇਹ ਜਿਹੜੀ ਪੈਰਿਟੀ ਸੀ ਉਹ ਅੰਕੜੇ ਦਸਦੇ ਹਨ।

ਪਹਿਲਾਂ ਇਹ 174.8 ਐਗਰੀਕਲਚਰ ਪਰੋਡਿਊਸ ਦੀ ਸੀ ਅਤੇ ਮੈਨੂਫੈਕਚਰਡ ਗੁਡਜ਼ ਦੀ 179.2 ਸੀ। ਉਸ ਦੇ ਬਾਅਦ 1979-80 ਵਿਚ ਮੈਨੂਫੈਕਚਰਡ ਗੁਡਜ਼ ਦੀ 215 ਹੋ ਗਈ ਅਤੇ ਐਗਰੀਕਲਚਰ ਪਰੋਡਿਊਸ ਦੀ 188.6 ਹੋ ਗਈ। ਇਸ ਤਰ੍ਹਾਂ 23% ਡਿਸਪੈਰਿਟੀ ਹੋ ਗਈ। ਪਿਛਲੇ 10 ਸਾਲਾਂ ਵਿਚ ਇਹ ਡਿਸਪੈਰਿਟੀ 30% ਹੋਈ ਸੀ ਪਰ ਜਨਤਾ ਰਾਜ ਦੇ ਵੇਲੇ ਇਹ ਡਿਸਪੈਰਿਟੀ 23% ਹੋ ਗਈ। ਜਦ ਬਰਨਾਲਾ ਜੀ ਸੈਂਟਰ ਵਿਚ ਮਨਿਸਟਰ ਸਨ ਤਾਂ ਉਦੋਂ 23% ਡਿਸਪੈਰਿਟੀ ਹੋ ਗਈ। ਇਸ ਤਰ੍ਹਾਂ ਐਗਰੀਕਲਚਰ ਪਰੋਡਿਊਸ ਨੂੰ ਘੱਟ ਮਿਲਿਆ ਅਤੇ ਇੰਡਸਟਰੀਅਲ ਪਰੋਡਕਟਸ ਨੂੰ ਉਨ੍ਹਾਂ ਨਾਲੋਂ 23% ਜ਼ਿਆਦਾ ਮਿਲਿਆ ਜਦ ਕਿ ਪਿਛਲੇ 10 ਸਾਲਾਂ ਵਿਚ 38% ਪੈਰਿਟੀ ਆਈ ਸੀ। ਇਨ੍ਹਾਂ ਨੂੰ (ਆਪੋਜ਼ੀਸ਼ਨ ਵੱਲ ਇਸ਼ਾਰਾ) ਜਦ ਟਾਈਮ ਮਿਲਿਆ ਸੀ ਤਾਂ ਇਨ੍ਹਾਂ ਨੇ ਆਪਣਾ ਵਾਦਾ ਪੂਰਾ ਨਹੀਂ ਕੀਤਾ। ਜੇ ਇਹ ਆਪਣੇ ਵੇਲੇ ਦੇ ਵੀ [illegible] ਦੇਖ ਲਿਏ ਤਾਂ ਮੈਂ ਸਮਝਦਾ ਕਿ ਇਨ੍ਹਾਂ ਨੇ ਕੁਝ [illegible] ।

ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਕੋਲ ਕਿਤਾਬ ਹੈ ਇਸ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਸਾਲਾਂ ਦੇ ਵਿਚ ਐਗਰੀਕਲਚਰ ਪਰੋਡਕਸ਼ਨ ਦੀ ਕੀ ਹਾਲਤ ਰਹੀ । 1979-80 ਦੇ ਵਿਚ ਇੰਡੈਕਸ ਦੱਸਦੇ ਹਨ ਕਿ ਪ੍ਰਾਈਸਿਜ਼ ਰਿਸੀਵਡ ਫਾਰ ਡੋਮੈਸ-ਟਿਕ ਐਕਸਪੈਂਡੀਚਰ ਕਿੰਨਾ ਹੋਇਆ ਅਤੇ ਕਾਸਟ ਆਫ ਕਲਟੀਵੇਸ਼ਨ ਕਿੰਨੀ ਸੀ । ਇਹ ਸਾਰਾ ਕੁਝ ਖਰਚ ਕੱਢ ਕੇ ਜੇ 100 ਰੁਪਏ ਨੂੰ ਬੇਸ ਮੰਨ ਕੇ ਉਸ ਦੇ ਬਾਅਦ ਦੇਖਿਆ ਜਾਵੇ ਕਿ ਜੇ 100 ਰੁਪਏ ਤੋਂ ਜ਼ਿਆਦਾ ਕਿਸਾਨ ਨੂੰ ਮਿਲਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਕਿਸਾਨ ਨੂੰ ਫਾਇਦਾ ਹੈ ਪਰ ਜੇ 100 ਰੁਪਏ ਤੋਂ ਘੱਟ ਮਿਲਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਕਿਸਾਨ ਨੂੰ ਨੁਕਸਾਨ ਹੈ । 1979-80 ਦੀ ਫਿੱਗਰਜ਼ ਦੇ ਮੁਤਾਬਿਕ ਕਿਸਾਨ ਨੂੰ 98.79 ਮਾਈਨਸ ਮਿਲਿਆ, ਜਦ ਕਿ ਇਸ ਤੋਂ ਪਹਿਲਾਂ ਕਾਂਗਰਸ ਦੇ ਰਾਜ ਵਿਚ ਕਿਸਾਨ ਨੂੰ ਵੱਧ ਮਿਲਿਆ । ਹੁਣ ਅਸੀਂ ਐਕਸਪੈਕਟ ਕਰਦੇ ਹਾਂ ਕਿ ਸਾਰਾ ਖਰਚ ਕੱਢਕੇ ਕਿਸਾਨ ਨੂੰ ਜ਼ਿਆਦਾ ਮਿਲੇਗਾ ਜਦ ਕਿ ਪਿੱਛਲੇ ਸਾਲ ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਸ ਪਾਸੇ ਖਿਆਲ ਨਹੀਂ ਕੀਤਾ । ਸਾਨੂੰ ਖੁਸ਼ੀ ਹੈ ਕਿ ਆਉਣ ਵਾਲੀ ਸਾਡੀ ਕਣਕ ਦੀ ਫਸਲ 85 ਲੱਖ ਟਨ ਹੋਵੇਗੀ ਔਰ ਐਨੀ ਫ਼ਸਲ ਪਹਿਲਾਂ ਕਦੇ ਨਹੀਂ ਹੋਈ । ਇਹ ਮੈਕਸੀਮਮ ਰਿਕਾਰਡ ਹੋਵੇਗਾ । (ਤਾੜੀਆਂ) ਡਿਪਟੀ ਸਪੀਕਰ ਸਾਹਿਬ, ਮੈਂ 1979-80 ਦੇ ਬਾਰੇ ਦੱਸਣਾ ਚਾਹੁੰਦਾ ਹਾਂ ਜਦੋਂ ਬਰਨਾਲਾ ਜੀ ਐਗਰੀਕਲਚਰ ਮਨਿਸਟਰ ਸਨ । ਉਦੋਂ ਦੇ ਅੰਕੜੇ ਮੇਰੇ ਕੋਲ ਹਨ । ਮੇਰੇ ਕੋਲ 'ਇਕਨਾਮਿਕ ਟਾਈਮਜ਼' ਹੈ । ਇਸ ਦੇ ਵਿਚ ਆਰਟੀਕਲ ਹੈ । ਉਸ ਵਿਚ ਲਿਖਿਆ ਹੈ ਕਿ ਬਿਗੈਸਟ ਫਾਲ ਇਨ ਫੂਡਗਰੇਨ ਹੋਈ । 1979-80 ਵਿਚ 22 ਮਿਲੀਅਨ ਟਨ ਫੂਡਗਰੇਨ ਹੋਈ ਜੋ ਕਿ ਬਹੁਤ ਹੀ ਘੱਟ ਹੋਈ । ਬਦਕਿਸਮਤੀ ਦੀ ਗੱਲ ਹੈ ਕਿ ਇਨ੍ਹਾਂ ਦੇ ਰਾਜ ਵਿਚ ਕਿਸਾਨ ਦਾ ਖਿਆਲ ਨਹੀਂ ਰੱਖਿਆ ਗਿਆ । ਇਹ ਆਰਟੀਕਲ ਦੱਸਦਾ ਹੈ ਕਿ ਉਦੋਂ ਮੈਕਸੀਮਮ ਫਾਲ ਹੋਈ । ਅਸੀਂ ਐਕਸਪੈਕਟ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਦੇ ਵਿਚ ਇਹ ਅੱਗੇ ਨਾਲੋਂ ਜ਼ਿਆਦਾ ਹੋਵੇਗੀ । (ਵਿਘਨ) ਡਿਪਟੀ ਸਪੀਕਰ ਸਾਹਿਬ, ਬਰਨਾਲਾ ਜੀ ਬੜੇ ਸੁਲਝੇ ਹੋਏ ਹਨ ਉਨ੍ਹਾਂ ਨੇ ਬੜੀਆਂ ਚੰਗੀਆਂ ਗੱਲਾਂ ਕੀਤੀਆਂ ਹਨ ਲੇਕਿਨ ਆਖਿਰ ਵਿਚ ਉਨ੍ਹਾਂ ਨੇ ਫਿਰ ਕਿਹਾ ਕਿ ਸਾਨੂੰ ਸੈਂਟਰ ਤੇ ਡਿਪੈਂਡ ਨਹੀਂ ਕਰਨਾ ਚਾਹੀਦਾ ਅਤੇ ਆਪਣੇ ਪੈਰਾਂ ਤੇ ਖੜਾ ਹੋਣਾ ਚਾਹੀਦਾ ਹੈ । ਉਨ੍ਹਾਂ ਨੇ ਕਿਹਾ ਕਿ ਸਾਨੂੰ ਐਫ. ਸੀ. ਆਈ. ਤੇ ਡਿਪੈਂਡ ਨਹੀਂ ਕਰਨਾ ਚਾਹੀਦਾ । ਸਾਨੂੰ ਆਪ ਗੋਦਾਮ ਬਣਾਉਣੇ ਚਾਹੀਦੇ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਅਸਲ ਇਸ਼ਾਰਾ ਪੁਲਿਟੀਕਲ ਅਕਾਨੋਮੀ ਵੱਲ ਸੀ । (ਵਿਘਨ) ਸਾਡੇ ਐਗਰੀਕਲਚਰ ਮਨਿਸਟਰ ਨੇ ਦੱਸਿਆ ਹੈ ਕਿ ਸਟੇਟ ਟਰੇਡਿੰਗ ਦੀ ਵਜਾ ਨਾਲ ਪੰਜਾਬ ਦੇ ਕਿਸਾਨ ਦੇ ਰਾਈਟ ਪਰੋਟੈਕਟ ਹੋਏ ਹਨ । ਐਫ. ਸੀ. ਆਈ. ਸੈਂਟਰਲ ਦੀ ਏਜੰਸੀ ਹੈ ਜਿਹੜੀ ਕਿ ਫੂਡਗਰੇਨਜ਼ ਖਰੀਦਦੀ ਹੈ । ਅਗਰ ਇਹ ਏਜੰਸੀ ਨਾ ਹੋਵੇ ਤਾਂ ਮੈਂ ਕਹਿ ਸਕਦਾ ਹਾਂ ਕਿ ਪੰਜਾਬ ਸਰਕਾਰ ਦੀਆਂ ਏਜੰਸੀਆਂ ਸਾਰਾ ਫੂਡਗਰੇਨ ਚੁੱਕ ਨਹੀਂ ਸਕਦੀਆਂ ਕਿਉਂਕਿ ਅੰਕੜੇ ਸਾਨੂੰ ਇਹ ਦੱਸਦੇ ਹਨ ਕਿ ਪਿਛਲੇ ਸਾਲਾਂ ਦੇ ਵਿਚ ਐਫ. ਸੀ. ਆਈ. ਨੇ 60 ਲੱਖ ਟਨ ਦੇ ਫੂਡਗਰੇਨਜ਼ ਵਿਚੋਂ 29.33 ਲੱਖ ਟਨ ਖਰੀਦਿਆ । ਇਤਨੀ ਐਫ. ਸੀ. ਆਈ. ਦੀ ਕਪੈਸਿਟੀ ਹੈ । ਬਾਕੀ ਪੰਜਾਬ ਦੇ ਟਰੇਡਰਜ਼ ਨੇ ਖਰੀਦ ਕੀਤੀ ਅਤੇ ਇਸੇ ਤਰ੍ਹਾਂ ਪੰਜਾਬ ਦੀਆਂ ਬਾਕੀ ਏਜੰਸੀਆਂ ਨੇ ਥੋੜ੍ਹੀ ਬਹੁਤ ਖਰੀਦ ਕੀਤੀ । ਮੈਂ ਹੋਰ ਦੱਸਦਾ ਹਾਂ ਕਿ ਐਫ. ਸੀ. ਆਈ. ਸਾਡੇ ਕੋਲੋਂ ਕਣਕ 117/- ਰੁਪਏ ਦੇ ਹਿਸਾਬ ਨਾਲ ਖਰੀਦਦੀ ਹੈ, ਪਰ ਉਸ ਦਾ ਇਸ਼ੂ ਰੇਟ 130/- ਰੁਪਏ ਹੈ । ਅਗਰ ਇਹ ਸਾਰਾ ਕੁਝ ਕੈਲਕੂਲੇਟ ਕੀਤਾ ਜਾਵੇ ਤਾਂ ਇਹ ਜਿਹੜਾ

[ਵਿੱਤ ਮੰਤਰੀ]

ਐਫ. ਸੀ. ਆਈ. ਦਾ ਇਸ਼ੂ ਰੇਟ 130/- ਰੁਪਏ ਹੈ ਇਹ ਐਫ. ਸੀ.ਆਈ. ਨੂੰ 162/-ਰੁਪਏ ਦੇ ਹਿਸਾਬ ਨਾਲ ਪੈਂਦੀ ਹੈ । ਇਹ ਸੋਚ ਕੇ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਅਨਾਜ ਮਹਿੰਗਾ ਨਾ ਮਿਲੇ 32/- ਰੁਪਏ ਸਬਸਿਡੀ ਦੇ ਤੌਰ ਤੇ ਕੁਇੰਟਲ ਮਗਰ ਐਫ. ਸੀ. ਆਈ. ਪਾਉਂਦਾ ਹੈ ਅਤੇ ਇਸ ਤਰ੍ਹਾਂ ਇਸ ਦੀ ਇਸ਼ੂ ਰੇਟ 130/- ਰੁਪਏ ਰੱਖਿਆ ਹੈ । ਸੈਂਟਰਲ ਗੌਰਮਿੰਟ ਇਸ ਤਰ੍ਹਾਂ ਕਰ ਕੇ ਹਿੰਦੁਸਤਾਨ ਦੇ ਲੋਕਾਂ ਦੀ ਮੱਦਦ ਕਰਦੀ ਹੈ । (ਤਾੜੀਆਂ) 162/- ਰੁਪਏ ਕੁਇਟਲ ਐਫ. ਸੀ. ਆਈ. ਨੂੰ ਪੈਂਦੀ ਹੈ ਪਰ ਉਨ੍ਹਾਂ ਦੀ ਇਸ਼ੂ ਪਰਾਈਸ 130/- ਰੁਪਏ ਹੈ । (ਵਿਘਨ) ਇਸ ਤਰ੍ਹਾਂ ਸੈਂਟਰ ਦੀਆਂ ਏਜੰਸੀਆਂ ਸਾਡੀ ਮਦਦ ਕਰਦੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਚੀਜ਼ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ । ਇਥੇ ਕਿਹਾ ਗਿਆ ਕਿ ਕਿਸਾਨ ਕਰਜ਼ੇ ਵਿਚ ਜੰਮਦਾ ਹੈ ਅਤੇ ਕਰਜ਼ੇ ਵਿਚ ਮਰ ਜਾਂਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਕਰਜ਼ਾ ਲੈ ਕੇ ਕਈ ਬਿਜ਼ਨੈਸਮੈਨ ਕੰਮ ਕਰਦੇ ਹਨ ਅਤੇ ਉਹ ਰੁਪਿਆ ਕਮਾਉਂਦੇ ਹਨ । ਫਰੀ ਆਫ ਇੰਟਰੈਸਟ ਲੋਨ ਇਸੇ ਕਰਕੇ ਲੋਕਾਂ ਨੂੰ ਕਰੋੜਾਂ ਰੁਪਏ ਦੇ ਦਿੱਤੇ ਜਾਂਦੇ ਹਨ ਤਾਕਿ ਉਹ ਆਪਣਾ ਕਾਰੋਬਾਰ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ । ਅਗਰ ਪੰਜਾਬ ਦੇ ਕਿਸਾਨ ਨੂੰ ਕੋਆਪ੍ਰੇਟਿਵ ਸੋਸਾਇਟੀਆਂ ਦੇ ਰਾਹੀਂ ਮਾਰਕਫੈਡ ਦੇ ਰਾਹੀਂ ਅਤੇ ਹੋਰ ਬੈਂਕਾਂ ਦੇ ਰਾਹੀਂ ਟਰੈਕਟਰ ਖਰੀਦਣ ਲਈ, ਫਰਟੇਲਾਈਜ਼ਰ ਖਰੀਦਣ ਲਈ ਪੈਸੇ ਨਾ ਮਿਲਦੇ ਅੱਜ ਪੰਜਾਬ ਦਾ ਕਿਸਾਨ, ਐਨੀ ਫੂਡਗਰੇਨ ਪੈਦਾ ਨਾ ਕਰ ਸਕਦਾ । ਬੈਂਕਾਂ ਨੈਸ਼ਨੇਲਾਈਜ਼ ਹੋਈਆਂ ਹਨ, ਉਥੋਂ ਕਿਸਾਨ ਨੂੰ ਪੈਸਾ ਮਿਲਦਾ ਹੈ । ਕੋਆਪ੍ਰੇਟਿਵ ਸੋਸਾਇਟੀਆਂ, ਮਾਰਕਫੈਡ ਆਦਿ ਤੋਂ ਪੈਸਾ ਮਿਲਦਾ ਹੈ ਜਿਸ ਨਾਲ ਕਿਸਾਨ ਨੇ ਐਨੀ ਉਪਜ ਪੈਦਾ ਕੀਤੀ ਹੈ ਅਤੇ ਇਤਨਾ ਯਸ਼ ਖੱਟਿਆ ਹੈ । (ਤਾੜੀਆਂ) ਅੱਜ ਇਹ ਕਹਿੰਦੇ ਹਨ ਕਿ ਪੰਜਾਬ ਦਾ ਕਿਸਾਨ ਕਰਜ਼ੇ ਵਿਚ ਜੰਮਦਾ ਹੈ ਅਤੇ ਕਰਜ਼ੇ ਵਿਚ ਮਰਦਾ ਹੈ, ਇਹ ਇਨ੍ਹਾਂ ਦੀ ਗਲਤ ਗੱਲ ਹੈ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਦੇ ਕਿਸਾਨ ਪਾਸ ਚੰਗੇ ਘਰ, ਘਰਾਂ ਵਿਚ ਟੈਲੀਵੀਜ਼ਨ, ਚੜ੍ਹਨ ਲਈ ਕਾਰਾਂ ਨਹੀਂ ਹਨ ? ਪੰਜਾਬ ਦੇ ਬਹੁਤ ਸਾਰੇ ਕਿਸਾਨ ਐਸ ਹਨ ਜਿਨ੍ਹਾਂ ਦੀ ਹਾਲਤ ਸ਼ਹਿਰਾਂ ਦੇ ਲੋਕਾਂ ਨਾਲ ਹਜ਼ਾਰਾਂ ਗੁਣਾਂ ਅੱਛੀ ਹੈ । ਲੇਕਿਨ ਪੰਜਾਬ ਦੇ ਕਿਸਾਨ ਐਸੇ ਵੀ ਹਨ ਜਿਨ੍ਹਾਂ ਦੇ ਗੁਜ਼ਾਰੇ ਜੋਗੇ ਦਾਣੇ ਪੈਦਾ ਨਹੀਂ ਹੁੰਦੇ । ਸੱਚ ਮੁਚ ਉਹ ਕਿਸਾਨ ਕਰਜ਼ਾਈ ਹਨ, ਉਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਕਿਸਾਨ ਕਰਜ਼ੇ ਵਿਚ ਜੰਮਦੇ ਅਤੇ ਕਰਜ਼ੇ ਵਿਚ ਮਰਦੇ ਹਨ । ਲੇਕਿਨ ਸਾਰੇ ਪੰਜਾਬ ਦੇ ਕਿਸਾਨਾਂ ਨੂੰ ਕਹਿ ਦੇਣਾ ਕਿ ਕਰਜ਼ੇ ਵਿਚ ਜੰਮਦੇ ਅਤੇ ਕਰਜ਼ੇ ਵਿਚ ਮਰਦੇ ਹਨ, ਇਹ ਗੱਲ ਠੀਕ ਨਹੀਂ ਹੈ । ਪੰਜਾਬ ਦਾ ਕਿਸਾਨ ਬੜਾ ਮਿਹਨਤੀ ਹੈ । (ਤਾੜੀਆਂ) ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਦਾ ਨਾਮ ਅਨਾਜ ਦੇ ਸਬੰਧ ਵਿਚ ਬੜਾ ਉੱਚਾ ਕੀਤਾ ਹੈ । ਸੈਂਟਰਲ ਗੌਰਮਿੰਟ ਦੀ ਮੱਦਦ ਦੇ ਨਾਲ ਅਤੇ ਪੰਜਾਬ ਸਰਕਾਰ ਦੀਆ ਚੰਗੀਆਂ ਯੋਜਨਾਵਾਂ ਦੇ ਮੁਤਾਬਿਕ ਸੈਂਟਰ ਦੇ ਅਨਾਜ ਦੇ ਭੰਡਾਰ ਵਿਚ ਪੰਜਾਬ ਦਾ ਕਿਸਾਨ 65% ਹਿੱਸਾ ਦਿੰਦਾ ਹੈ । ਇਹ ਬੜੀ ਸ਼ਲਾਘਾ ਯੋਗ ਗੱਲ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

Mr. Deputy Speaker : This is no Point of Order.

**Expunged as ordered by the Chair.

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਕਿਸੀ ਨੇ ਠੀਕ ਕਿਹਾ ਹੈ ਕਿ—

'ਜਿਸ ਤਨ ਲਾਗੇ ਸੋ ਤਨ ਜਾਣੇ
ਕੌਣ ਜਾਣੇ ਪੀੜ ਪਰਾਈ'

ਢੀਂਡਸਾ ਸਾਹਿਬ ਤਾਂ ਐਸੇ ਕਿਸਾਨ ਹਨ ਜਿਨ੍ਹਾਂ ਕੋਲ ਮਕਾਨ ਵੀ ਕੋਈ ਨਹੀਂ । ਹੁਣ ਸ਼ਾਇਦ ਮੋਹਾਲੀ ਜ਼ਮੀਨ ਲਈ ਹੈ। ਢੀਂਡਸਾ ਸਾਹਿਬ ਐਸੇ ਕਿਸਾਨ ਹਨ ਜਿਨ੍ਹਾਂ ਕੋਲ ਸ਼ਾਇਦ ਜ਼ਮੀਨ ਵੀ ਘੱਟ ਹੈ। ਇਨ੍ਹਾਂ ਨੂੰ ਸ਼ਾਇਦ ਕਸ਼ਟ ਹੈ। ਤੀਲੀ ਲਾਉਣ ਵਾਲੀ ਗੱਲ ਇਨ੍ਹਾਂ ਨੇ ਕਹੀ ਹੈ, ਇਹ ਇਨ੍ਹਾਂ ਨੇ ਗਲਤ ਗੱਲ ਕੀਤੀ ਹੈ।

ਵੈਦ ਕਰਤਾਰ ਸਿੰਘ : ਤੁਸੀਂ ਕਰਜ਼ਾ ਲੈ ਕੇ ਮੁਕੇਰੀਆਂ ਵਿਚ ਜ਼ਮੀਨ ਲਈ ਹੈ। ਬੜੇ ਧਰਮ ਪੁੱਤਰ ਬਣੇ ਹੋਏ ਹੋ । ਅਸੀਂ ਤੁਹਾਨੂੰ ਚੰਗੀ ਤਰ੍ਹਾਂ ਜਾਣਦੇ ਹਾਂ । (ਵਿਘਨ) ਤੁਸੀਂ ਬਣਾਉ ਹਾਊਸ ਦੀ ਕਮੇਟੀ, ਅਸੀਂ ਸਬੂਤ ਦਿੰਦੇ ਹਾਂ । ਤੁਸੀਂ ਹੁਣੇ ਜ਼ਮੀਨ ਲਈ ਹੈ । ਤੁਸੀਂ ਕਮੇਟੀ ਬਣਾਉ ਮੈਂ ਸਬੂਤ ਦੇਣ ਨੂੰ ਤਿਆਰ ਹਾਂ ।

ਕਾਮਰੇਡ ਰਾਜ ਕੁਮਾਰ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਬੁਰਾ ਨਾ ਮਨਾਉਣ ਜਦੋਂ ਕਿਸੇ ਵੇਲੇ ਇਥੇ ਸੁਜੈਸ਼ਨ ਦੇ ਤੌਰ ਤੇ ਗੱਲ ਕਹੀ ਜਾਂਦੀ ਹੈ ਤਾਂ ਇਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਹੈ । ਇਹ ਰੈਜ਼ੋਲਿਊਸ਼ਨ ਅਸੀਂ ਯੂਨੈਨੀਮਸਲੀ ਪਾਸ ਕਰਨਾ ਹੈ ।....(ਵਿਘਨ) ਮੇਰੀ ਅਰਜ਼ ਤਾਂ ਸੁਣ ਲਓ । ਡਿਪਟੀ ਸਪੀਕਰ ਸਾਹਿਬ, ਜਿਸ ਗੱਲ ਤੇ ਅਸੀਂ ਯੂਨਾਨੀਮਸ ਹਾਂ, ਅਸੀਂ ਉਸ ਗੱਲ ਤੇ ਫਰਮਲੀ ਐਕਟ ਕਰੀਏ। ਮੈਂ ਇਸ ਨੁਕਤਾ ਨਿਗਾਹ ਨਾਲ ਗੱਲ ਕਹੀ ਹੈ । ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਟਰੇਜ਼ਰੀ ਬੈਂਚਿਜ਼ ਤੇ ਬੈਠੇ ਹਨ ਔਰ ਇਸ ਵੇਲੇ ਲੀਡਰ ਆਫ਼ ਹਾਊਸ ਦਾ ਕੰਮ ਕਰ ਰਹੇ ਹਨ । ਅਸੀਂ ਇਨ੍ਹਾਂ ਤੋਂ ਇਹੀ ਤਵੱਕੋ ਕਰਦੇ ਹਾਂ ਕਿ ਹੁਣੇ ਅਸੀਂ ਇਸ ਰੈਜ਼ੋਲਿਊਸ਼ਨ ਨੂੰ ਯੂਨਾਨੀਮਸਲੀ ਅਡਾਪਟ ਕਰਨਾ ਹੈ । ਇਸ ਦੇ ਲਈ ਕੋਈ ਮਾਹੌਲ ਦੀ ਜ਼ਰੂਰਤ ਹੈ ਔਰ ਉਹ ਇਹ ਮਾਹੌਲ ਜ਼ਰੂਰ ਕਾਇਮ ਕਰਨਗੇ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਥੇ ਜ਼ਿਕਰ ਆਇਆ ਸੀ ਇਲੈਕਟ੍ਰਿਸਿਟੀ ਰੇਟਸ ਦਾ ਕਿ ਇਹ ਰੇਟਸ ਇਨ੍ਹਾਂ ਨੇ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਘਟਾਇਆ ਹੈ । ਮੈਂ ਫਿਗਰਜ਼ ਦੇਖੀਆਂ ਹਨ ਅਤੇ ਦੇਖਿਆ ਹੈ ਕਿ ਇਹ ਗਿਆਨੀ ਜ਼ੈਲ ਸਿੰਘ ਜੀ ਦੀ ਜਦੋਂ ਇਥੇ ਮਨਿਸਟਰੀ ਸੀ ਉਸ ਵੇਲੇ ਇਲੈਕਟ੍ਰਿਸਿਟੀ ਰੇਟਸ ਅਰਲੀ 1977 ਵਿਚ ਘਟਾਏ ਗਏ ਸਨ । ਸੋ ਇਹ ਜਿਹੜਾ ਇਨ੍ਹਾਂ ਦਾ ਕਲੇਮ ਹੈ ਕਿ ਇਨ੍ਹਾਂ ਨੇ ਰੇਟਸ ਘਟਾਏ ਹਨ ਇਹ ਕਲੇਮ ਇਨ੍ਹਾਂ ਦਾ ਠੀਕ ਨਹੀਂ । ਇਹ ਕਾਂਗਰਸ ਦੀ ਮਨਿਸਟਰੀ ਜੋ 1972 ਤੋਂ 1977 ਤੱਕ ਰਹੀ ਉਸ ਨੇ ਰੇਟਸ ਘਟਾਏ ਸੀ ।

ਆਪੋਜ਼ੀਸ਼ਨ ਪਾਰਟੀ ਵੱਲੋਂ ਆਵਾਜ਼ਾਂ : ਇਹ ਗਲਤ ਬਿਆਨੀ ਕਰ ਰਹੇ ਹਨ ।

ਵੈਦ ਕਰਤਾਰ ਸਿੰਘ : ਹਾਊਸ ਦੀ ਕਮੇਟੀ ਬਣਾਓ ਜਿਹੜੀ ਇਹ ਦੇਖੇ । ਇਹ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ । ਝੂਠ ਬੋਲ ਰਹੇ ਹਨ ।

ਵਿੱਤ ਮੰਤਰੀ : ਜੇ ਮੈਂ ਗਲਤ ਗੱਲ ਕਹਿੰਦਾ ਹਾਂ ਤਾਂ ਤੁਸੀਂ ਪ੍ਰਿਵਿਲੇਜ ਮਸ਼ਨ ਦਿਓ । ਇਹ ਤਾਂ ਕੋਈ ਤਰੀਕਾ ਨਹੀਂ ਹੈ ।

ਡਿਪਟੀ ਸਪੀਕਰ ਸਾਹਿਬ, ਇਲੈਕਟ੍ਰਿਸਿਟੀ ਦੇ ਰੇਟਸ ਹੀ ਨਹੀਂ ਘਟਾਏ ਬਲਕਿ ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਇਹ ਪਹਿਲੀ ਵਾਰੀ ਸੀ ਜਦੋਂ 1976-77 ਵਿਚ ਰਬੀ ਫਸਲ ਵਾਸਤੇ ਫਾਸਫੇਟਿਕ ਫਰਟੇਲਾਈਜ਼ਰ ਵਾਸਤੇ ਕਾਂਗਰਸ ਦੀ ਮਨਿਸਟਰੀ ਨੇ 5 ਕਰੋੜ ਰੁਪਏ ਦਾ ਰਿਲੀਫ ਕਿਸਾਨਾਂ ਨੂੰ ਦਿੱਤਾ । ਇਹ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਦੇ ਬੜੇ ਹਮਦਰਦ ਹਾਂ, ਤਿੰਨ ਸਾਲਾਂ ਵਿਚ ਇਨ੍ਹਾਂ ਨੇ ਕੀ ਕੀਤਾ ਹੈ ? ਉਸ ਦਿਨ ਬਾਦਲ ਸਾਹਿਬ ਕਹਿੰਦੇ ਸਨ ਕਿ ਮੈਂ ਤਾਂ ਅੱਜ ਟੰਟਾ ਹੀ ਮੁਕਾ ਦੇਣਾ ਹੈ, ਮੈਂ ਤਾਂ ਅੱਜ ਟੰਟਾ ਹੀ ਮੁਕਾ ਕੇ ਹੱਟਣਾ ਹੈ । ਬਰਨਾਲਾ ਸਾਹਿਬ ਨੇ ਵੀ ਉਸ ਦਿਨ ਮੇਰੀ ਸਪੀਚ ਦੇ ਰੇਫਰੈਂਸ ਦਿੱਤੇ ਔਰ ਬਾਦਲ ਸਾਹਿਬ ਨੇ ਕਿਹਾ ਕਿ ਮੈਂ ਤਾਂ ਟੰਟਾ ਹੀ ਮੁਕਾ ਕੇ ਹੱਟਣਾ ਹੈ । ਉਨ੍ਹਾਂ ਨੇ ਦੱਸਿਆ ਕਿ ਮੈਂ ਇਹ ਕੁਝ ਕੀਤਾ, ਮੈਂ ਉਹ ਕੁਝ ਕੀਤਾ ।

ਸਰਦਾਰ ਆਤਮਾ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਗਲਤ ਗੱਲਾਂ ਕਰ ਰਹੇ ਹਨ ਜੀ ਮੈਨੂੰ ਪੁਆਇੰਟ ਆਫ ਆਰਡਰ ਦੀ ਇਜਾਜ਼ਤ ਦਿਓ ।

ਸ੍ਰੀ ਡਿਪਟੀ ਸਪੀਕਰ : ਸਰਦਾਰ ਆਤਮਾ ਸਿੰਘ ਜੀ, ਇਨ੍ਹਾਂ ਨੂੰ ਆਪਣੀ ਸਪੀਚ ਖ਼ਤਮ ਕਰ ਲੈਣ ਦਿਉ, ਉਸ ਦੇ ਬਾਅਦ ਤੁਸੀਂ ਆਪਣੀ ਗੱਲ ਕਹਿ ਲੈਣਾ ।

ਵਿੱਤ ਮੰਤਰੀ : ਇਹ ਕਹਿੰਦੇ ਹਨ ਕਿ ਟੰਟਾ ਮੁਕਾ ਦੇਣਾ ਹੈ । ਮੈਂ ਬੜੀ ਨਿਮਰਤਾ ਨਾਲ ਕਹਿਣਾ ਚਾਹੁੰਦਾ ਹਾਂ ਕਿ ਟੰਟਾ ਤਾਂ ਉਸ ਦਿਨ ਹੀ ਮੁੱਕ ਗਿਆ ਜਿਸ ਦਿਨ ਲੋਕਾਂ ਨੇ ਇਨ੍ਹਾਂ ਨੂੰ ਇਧਰੋਂ ਚੁੱਕ ਕੇ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਉਧਰ ਬਿਠਾ ਦਿੱਤਾ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ)

ਇਕ ਆਵਾਜ਼ : ਇਸ ਤਰ੍ਹਾਂ ਕਹਿਣ ਨਾਲ ਗੱਲ ਨਹੀਂ ਬਣਨੀ, ਤੁਸੀਂ ਦੱਸੋ 9 ਮਹੀਨਿਆਂ ਵਿਚ ਕੀ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਤਾਂ ਉਹ ਗੱਲ ਹੈ ਕਿ ਕੋਈ ਪੌਦਾ ਲਗਾਏ ਔਰ ਉਸ ਨੂੰ ਪਾਣੀ ਦੇਵੇ, ਉਸ ਦੀ ਸੇਵਾ ਕਰੇ ਔਰ 10-20 ਸਾਲ ਉਸ ਦੀ ਸੇਵਾ ਕਰਨ ਦੇ ਬਾਅਦ ਉਹ ਦਰੱਖਤ ਬਣ ਜਾਵੇ ਅਤੇ ਦਰੱਖਤ ਬਣਨ ਤੋਂ ਬਾਅਦ ਜਦੋਂ ਉਸ ਨੂੰ ਫਲ ਲਗਣ ਦਾ ਵੇਲਾ ਆਵੇ, ਫੱਲ ਪੱਕਣ ਦਾ ਵੇਲਾ ਆਵੇ ਤਾਂ ਉਸ ਸਮੇਂ ਕੋਈ ਸੱਜਣ ਉਸ ਨੂੰ ਧਕਾ ਮਾਰ ਕੇ ਪਰੇ ਕਰ ਦੇਵੇ ਅਤੇ ਇਹ ਕਹੇ ਕਿ ਦਰਖਤ ਨੂੰ ਫਲ ਮੈਂ ਹੀ ਲਾਇਆ ਹੈ, ਮੈਂ ਹੀ ਸਾਰਾ ਕੁਝ ਕੀਤਾ ਹੈ ਤਾਂ ਠੀਕ ਨਹੀਂ । ਮੈਂ ਸਮੱਝਦਾ ਹਾਂ ਕਿ ਬਰਨਾਲਾ ਜੀ ਦਾ ਇਹ ਕਹਿਣਾ ਕਿ 11 ਲੱਖ ਟਨ ਫੂਡ ਗਰੇਨਜ਼ ਮੈਂ ਇਕੱਠਾ ਕਰ ਲਿਆ ਹੈ, ਇਹ ਗੱਲ ਠੀਕ ਨਹੀਂ ਹੈ । ਮੈਂ ਸਮੱਝਦਾ ਹਾਂ ਕਿ ਸਾਰੇ ਹਿੰਦੁਸਤਾਨ ਦੇ ਕਿਸਾਨ ਨੇ ਭੰਡਾਰ ਭਰਿਆ ਹੈ ਅਤੇ ਇਹ ਭੰਡਾਰ ਕਦੇ ਵੱਧ ਜਾਂਦਾ ਹੈ । ਇਹ ਭੰਡਾਰ ਤੱਦ ਹੀ ਭਰਿਆ ਹੈ ਜੋ ਪੰਜ ਸਾਲਾ ਪਲਾਨਜ਼ ਰਾਹੀਂ ਸਾਰਾ ਕੁਝ ਹੋਇਆ ਹੈ ।

ਸ੍ਰੀ ਡਿਪਟੀ ਸਪੀਕਰ : ਡਾਕਟਰ ਸਾਹਿਬ, ਵਾਈਂਡ ਅੱਪ ਕਰੋ ਹੁਣ ।

ਵਿੱਤ ਮੰਤਰੀ : ਆਖਿਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ 1979-80 ਵਿਚ 2.6 ਲੱਖ ਟਨ. . . .(ਇਕ ਆਵਾਜ਼ : ਕੋਈ ਕੰਮ ਦੀ ਗੱਲ ਕਰੋ) ਮੈਂ ਦੱਸਦਾ ਹਾਂ, ਹੁਣ ਤਕਲੀਫ਼ ਕਿਉਂ ਹੁੰਦੀ ਹੈ ।

ਡਿਪਟੀ ਸਪੀਕਰ ਸਾਹਿਬ, 1979-80 ਵਿਚ 2.6 ਲੱਖ ਟਨ ਅਨਾਜ ਪੰਜਾਬ ਦੀਆਂ ਏਜੰਸੀਆਂ ਨੇ ਖਰੀਦਿਆ ਹੈ ਔਰ ਹੁਣ ਪੰਜਾਬ ਦੀਆਂ ਏਜੰਸੀਆਂ ਨੇ 8 ਲੱਖ ਟਨ ਪੈਡੀ ਖਰੀਦੀ ਹੈ । ਮੈਂ ਸਮੱਝਦਾ ਹਾਂ ਕਿ ਇਹ ਰਿਕਾਰਡ ਬੀਟ ਕੀਤਾ ਹੈ (ਥੰਪਿੰਗ)

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਪਹਿਲਾਂ ਜੱਟਾਂ ਨੇ ਪੈਦਾ ਕੀਤਾ ਸੀ, ਹੁਣ ਕੋਈ ਪੰਡਿਤਾਂ ਨੇ ਪੈਦਾ ਕੀਤਾ ਹੈ ਹੁਣ ਵੀ ਜੱਟਾਂ ਨੇ ਹੀ ਅਨਾਜ ਪੈਦਾ ਕੀਤਾ ਹੈ ।

ਵਿੱਤ ਮੰਤਰੀ : ਬਰਨਾਲਾ ਜੀ ਨੇ ਗੱਲ ਕੀਤੀ ਸੀ ਕਿ ਜੇ ਡਿਫੈਂਸ ਤੇ ਖਰਚ ਹੋ ਗਿਆ ਤਾਂ ਕੀ ਹੋਇਆ । ਮੈਂ ਦੱਸਦਾ ਹਾਂ ਕਿ ਡਿਫੈਂਸ ਤੇ ਇਸ ਕਰਕੇ ਖਰਚ ਹੋ ਰਿਹਾ ਹੈ ਕਿ ਹਿੰਦੁਸਤਾਨ ਇਕ ਹੈ ਔਰ ਪੰਜਾਬ ਹਿੰਦੁਸਤਾਨ ਦਾ ਇਕ ਅਟੁੱਟ ਹਿੱਸਾ ਹੈ । ਦੂਜੀ ਗਲ ਉਨ੍ਹਾਂ ਨੇ ਕਹੀ ਹੈ ਕਿ ਸਿਰਫ 2,600 ਕਰੋੜ ਰੁਪਿਆ, ਜਿਹੜਾ ਕਿ 2 ਫੀਸਦੀ ਬੈਠਦਾ ਹੈ, ਖਰਚ ਕੀਤਾ ਜਾਂਦਾ ਹੈ ਇਹ ਕੋਈ ਵੱਡੀ ਗੱਲ ਨਹੀਂ । ਮੈਂ ਦੱਸਣਾ ਚਾਹਾਂਗਾ ਕਿ 2,600 ਕਰੋੜ ਰੁਪਏ ਨਹੀਂ ਮੈਂ ਹੁਣੇ ਹੀ ਫਿਗਰਜ਼ ਦੇਖ ਕੇ ਆਇਆ ਹਾਂ, ਇਹ ਫਿਗਰਜ਼ 3,885 ਕਰੋੜ ਰੁਪਏ ਹਨ ਡਿਫੈਂਸ ਦੀਆਂ । ਅਗਰ 2% ਵੀ ਹੋਵੇ ਤਾਂ ਵੀ 77 ਕਰੋੜ ਰੁਪਿਆ ਪੰਜਾਬ ਤੇ ਖਰਚ ਹੁੰਦਾ ਹੈ । ਬਾਕੀ ਚੀਜ਼ਾਂ ਰੇਲਵੇ, ਟੈਲੀਗਰਾਮ ਟੈਲੀਫੋਨ ਅਤੇ ਹੋਰ ਕਮਿਊਨੀਕੇਸ਼ਨ ਅਲੱਗ ਹਨ, ਮੈਂ ਉਨ੍ਹਾਂ ਵਿਚ ਨਹੀਂ ਜਾਂਦਾ । ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਹੁਣੇ ਹੀ ਮਾਈਨਾਰਿਟੀ ਕਮਿਸ਼ਨ ਨੇ ਆਪਣੀ ਰਿਪੋਰਟ ਡਿਸਕਲੋਜ਼ ਕੀਤੀ ਹੈ । ਉਸ ਨੇ ਦੱਸਿਆ ਹੈ ਕਿ ਡਿਫੈਂਸ ਸਰਵਿਸਿਜ਼ ਵਿਚ 11% ਪੰਜਾਬੀ ਹਨ ਔਰ ਪੰਜਾਬ ਦੀ ਆਬਾਦੀ ਸਾਰੇ ਹਿੰਦੁਸਤਾਨ ਵਿਚ 1.75% ਹੈ । ਪੰਜਾਬ ਦਾ ਡਿਫੈਂਸ ਵਿਚ ਸਭ ਤੋਂ ਜ਼ਿਆਦਾ ਹਿੱਸਾ ਹੈ ।

ਡਿਪਟੀ ਸਪੀਕਰ ਸਾਹਿਬ, ਅਸੀਂ ਸਾਰੇ ਇਸ ਰੇਜ਼ਲਿਊਸ਼ਨ ਨਾਲ ਸਹਿਮਤ ਹਾਂ । ਅਸੀਂ ਅੱਗੇ ਵੀ ਸੈਂਟਰਲ ਗੌਰਮਿੰਟ ਕੋਲ ਗਏ ਸੀ ਕਿ ਪੰਜਾਬ ਦੇ ਕਿਸਾਨ ਨੂੰ ਇਨਸੈਂਟਿਵ ਮਿਲਣਾ ਚਾਹੀਦਾ ਹੈ, ਪੰਜਾਬ ਦਾ ਕਿਸਾਨ ਜ਼ਿਆਦਾ ਪ੍ਰੋਡਕਸ਼ਨ ਕਰਕੇ ਇੰਡਸਟਰੀ ਚਲਾ ਰਿਹਾ ਹੈ, ਪੰਜਾਬ ਦੇ ਕਿਸਾਨ ਦੀ ਲੇਬਰ, ਇਨਪੁਟਸ ਤੇ ਜੋ ਖਰਚ ਹੁੰਦਾ ਹੈ ਉਸ ਦਾ ਖਿਆਲ ਰੱਖ ਕੇ ਪ੍ਰਾਈਸ ਫਿਕਸ ਹੋਣੀ ਚਾਹੀਦੀ ਹੈ, ਇਹ ਰੇਜ਼ੋਲਿਊਸ਼ਨ ਸਰਬਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ ।

Mr. Deputy Speaker : Question is—

> That this House recommends to the State Government to approach the Government of India with the request that they should take immediate steps for establishing parity between the prices of industrial goods and Agricultural produce so that the returns on all inputs including labour and capital are remunerative.

The motion was carried unanimously.

Mr. Deputy Speaker : The House stands adjourned till 9.00 A.M. on Thursday, the 26th February, 1981.

*

*1.53 P.M. | *(The Sabha then adjourned till 9.00. A.M. on Thursday the 26th February, 1981.)*

APPENDIX
TO
PUNJAB VIDHAN SABHA DEBATES

Dated, the 25th February, 1981

Vol. II—No. 23

STARRED QUESTIONS AND ANSWERS

SUSPENSION/REMOVAL OF SARPANCHES/PANCHES IN THE STATE

*807. **Sardar Natha Singh Dalam** : Will the Minister for Development be pleased to state—

(a) the number and names of Sarpanches and Panches of the Gram Panchayats in the State, who were suspended and removed during the period from the month of June, 1980 to 15th January, 1981;

(b) the number and names of Sarpanches and Panches in Block Sri Hargobindpur District Gurdaspur who were suspended and removed respectively during the said period together with the reasons of their suspension or removal as the case may be;

ਸਰਦਾਰ ਸੰਤੋਖ ਸਿਘ ਰੰਧਾਵਾ : (ੳ) 97 ਸਰਪੰਚ ਅਤੇ ਪੰਚ ਮੁਅੱਤਲ ਕੀਤੇ ਗਏ ਹਨ। ਅਜਿਹੇ ਸਰਪੰਚਾਂ/ਪੰਚਾਂ ਦੇ ਨਾਵਾਂ ਸਬੰਧੀ ਵਿਵਰਣ-1 ਅਤੇ 24 ਹਟਾਏ ਗਏ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) 2 ਸਰਪੰਚ ਸ੍ਰੀ ਸੋਹਣ ਸਿੰਘ ਅਤੇ ਗਿਆਨ ਸਿੰਘ ਮੁਅੱਤਲ ਕੀਤੇ ਗਏ ਹਨ। ਕੋਈ ਹਟਾਇਆ ਨਹੀਂ ਗਿਆ। ਇਨ੍ਹਾਂ ਦੀ ਮੁਅੱਤਲੀ ਦੇ ਕਾਰਨਾਂ ਸੰਧੀ ਵਿਵਰਣ-2 ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਵਿਵਰਣ 1

ਜੂਨ, 1980 ਤੋਂ 15 ਜਨਵਰੀ, 1980 ਤੱਕ ਮੁਅੱਤਲ/ਹਟਾਏ ਗਏ ਸਰਪੰਚਾਂ/ਪੰਚਾਂ ਦੇ ਨਾਵਾਂ ਸਬੰਧੀ ਵਿਵਰਣ:—

ਮੁਅੱਤਲ

ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ	ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ
	ਸਰਵਸ਼੍ਰੀ/ਸ਼੍ਰੀਮਤੀ	5.	ਬਲਦਰਸ਼ਨ ਸਿੰਘ, ਪੰਚ
1.	ਮਹਿੰਦਰ ਸਿੰਘ, ਪੰਚ	6.	ਜਗੀਰ ਸਿੰਘ, ਪੰਚ
2.	ਮੱਘਰ ਸਿੰਘ, ਪੰਚ	7.	ਮੁਖਤਿਆਰ ਸਿੰਘ, ਸਰਪੰਚ
3.	ਮੁਖਤਿਆਰ ਸਿੰਘ, ਪੰਚ	8.	ਮਹਿੰਦਰ ਸਿੰਘ ਪੰਚ
4.	ਪਿਆਰਾ ਸਿੰਘ, ਪੰਚ	9.	ਕਰਤਾਰ ਸਿੰਘ, ਪੰਚ

ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ	ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ
	ਸਰਵਸ੍ਰੀ/ਸ੍ਰੀਮਤੀ		
10.	ਭਰਪੂਰ ਕੌਰ, ਪੰਚ	33.	ਮੱਖਣ ਸਿੰਘ, ਸਰਪੰਚ
11.	ਬੱਸ ਕੌਰ, ਪੰਚ	34.	ਰਾਮ ਸਿੰਘ, ਸਰਪੰਚ
12.	ਸੁਰਜੀਤ ਸਿੰਘ, ਪੰਚ	35.	ਬਚਿੱਤਰ ਸਿੰਘ, ਸਰਪੰਚ
13.	ਭੂਰਾ ਸਿੰਘ, ਪੰਚ	36.	ਭਾਗ ਸਿੰਘ, ਸਰਪੰਚ
14	ਸਵਰਨ ਸਿੰਘ, ਪੰਚ	37	ਕਪੂਰ ਸਿੰਘ, ਪੰਚ
15.	ਗੁਰਨਾਮ ਸਿੰਘ, ਸਰਪੰਚ	38.	ਅਜਮੇਰ ਕੌਰ, ਪੰਚ
16.	ਬੱਘਾ ਸਿੰਘ, ਪੰਚ	39.	ਨੰਦ ਸਿੰਘ, ਸਰਪੰਚ
17.	ਗੁਰਚਰਨ ਸਿੰਘ, ਸਰਪੰਚ	40.	ਜੋਗਿੰਦਰ ਸਿੰਘ, ਪੰਚ
18.	ਜੋਧ ਸਿੰਘ ਸਰਪੰਚ	41.	ਓਮ ਪ੍ਰਕਾਸ਼, ਪੰਚ
19.	ਬਚਨ ਸਿੰਘ, ਸਰਪੰਚ	42.	ਗੁਰਦਿਆਲ ਸਿੰਘ, ਸਰਪੰਚ
20.	ਦੇਸ ਰਾਜ, ਸਰਪੰਚ	43.	ਤੁਰਲੋਕ ਸਿੰਘ, ਪੰਚ
21.	ਆਤਮਾ ਦੇਵੀ, ਪੰਚ	44	ਸਜਣ ਸਿੰਘ, ਸਰਪੰਚ
22.	ਮਾਹਲਾ ਸਿੰਘ, ਸਰਪੰਚ	45.	ਕੁਲਦੀਪ ਸਿੰਘ, ਸਰਪੰਚ
23.	ਮਹਿੰਦਰ ਸਿੰਘ, ਸਰਪੰਚ	46.	ਪਿਆਰਾ ਸਿੰਘ, ਸਰਪੰਚ
24.	ਗੁਰਦਿੱਤਾ ਰਾਮ ਸਰਪੰਚ	47.	ਨਾਹਰ ਸਿੰਘ, ਸਰਪੰਚ
25.	ਕਸ਼ਮੀਰਾ ਸਿੰਘ, ਸਰਪੰਚ	48.	ਕਿਰਪਾਲ ਸਿੰਘ, ਸਰਪੰਚ
26.	ਬਲਦੇਵ ਸਿੰਘ, ਸਰਪੰਚ	49.	ਹਰਚੰਦ ਸਿੰਘ, ਸਰਪੰਚ
27.	ਰਾਮ ਨਰਾਇਣ ਸਿੰਘ, ਸਰਪੰਚ	50	ਬੰਤ ਸਿੰਘ, ਪੰਚ
28.	ਗਿਆਨ ਸਿੰਘ, ਸਰਪੰਚ	51.	ਗਿਆਨ ਸਿੰਘ, ਸਰਪੰਚ
29.	ਸਵਰਨ ਸਿੰਘ, ਸਰਪੰਚ	52.	ਸੋਹਣ ਸਿੰਘ, ਸਰਪੰਚ
30.	ਖਜ਼ਾਨ ਸਿੰਘ, ਸਰਪੰਚ	53.	ਅਮਰ ਸਿੰਘ, ਸਰਪੰਚ
31.	ਚੰਚਲ ਸਿੰਘ, ਪੰਚ	54.	ਜੇਮਜ਼ ਮਸੀਹ, ਪੰਚ
32.	ਰਸਾਲ ਸਿੰਘ, ਸਰਪੰਚ	55.	ਸ਼ਾਮ ਸਿੰਘ, ਪੰਚ

ਲੜੀ ਨੰਬਰ	ਸਰਪੰਚਾਂ/ਪੰਚਾਂ ਦੇ ਨਾਂ	ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ
56.	ਸਵਰਨ ਸਿੰਘ, ਪੰਚ	82.	ਤੇਜਾ ਸਿੰਘ, ਸਰਪੰਚ
57.	ਤੇਜਾ ਸਿੰਘ, ਸਰਪੰਚ	83.	ਜੋਗਿੰਦਰ ਸਿੰਘ, ਸਰਪੰਚ
58	ਤਰਸੇਮ ਸਿੰਘ, ਸਰਪੰਚ	84.	ਜਸਵੰਤ ਸਿੰਘ, ਪੰਚ
59.	ਤੁਲਸੀ ਰਾਮ ਸਰਪੰਚ	85	ਦਿਆਲ ਕੌਰ, ਪੰਚ
60.	ਸੇਰ ਸਿੰਘ, ਸਰਪੰਚ	86.	ਰਾਮ ਰੱਖਾ, ਪੰਚ
61.	ਅਮਰ ਨਾਥ, ਸਰਪੰਚ	87.	ਕਰਨੈਲ ਸਿੰਘ, ਸਰਪੰਚ
62.	ਮਲੂਕ ਸਿੰਘ, ਪੰਚ	88.	ਪਰੀਤਮ ਸਿੰਘ, ਸਰਪੰਚ
63.	ਚਮਨ ਲਾਲ, ਸਰਪੰਚ	89.	ਗੁਰਦੀਪ ਸਿੰਘ, ਸਰਪੰਚ
64.	ਦਲੀਪ ਸਿੰਘ, ਪੰਚ	90.	ਗੁਰਬਚਨ ਸਿੰਘ, ਸਰਪੰਚ
65.	ਪੂਰਨ ਸਿੰਘ, ਸਰਪੰਚ	91.	ਸੁਰਜੀਤ ਸਿੰਘ, ਸਰਪੰਚ
66.	ਗੁਰਮੇਜ ਕੌਰ, ਪੰਚ	92.	ਬਚਨ ਸਿੰਘ, ਸਰਪੰਚ
67.	ਹਰਬੰਤ ਕੋਰ, ਪੰਚ	93.	ਧਨੀ ਰਾਜ, ਸਰਪੰਚ
68.	ਅਮਰ ਸਿੰਘ, ਪੰਚ	94.	ਕਿਸ਼ਨ ਚੰਦ, ਸਰਪੰਚ
69.	ਕਰਤਾਰ ਸਿੰਘ, ਪੰਚ	95.	ਸੋਮ ਨਾਥ, ਸਰਪੰਚ
70.	ਰਤਨਾ, ਪੰਚ	96.	ਰਾਮ ਸਰੂਪ, ਸਰਪੰਚ
71.	ਓਮ ਪਰਕਾਸ਼, ਸਰਪੰਚ	97.	ਅਮਰ ਸਿੰਘ, ਸਰਪੰਚ
72.	ਪਰੀਤਮ ਸਿੰਘ, ਸਰਪੰਚ		
73.	ਸ਼ਾਮ ਸਿੰਘ, ਸਰਪੰਚ		**ਹਟਾਏ ਗਏ**
74.	ਸੱਤ ਦੇਵ, ਪੰਚ		
75.	ਹਜ਼ਾਰਾ ਸਿੰਘ, ਸਰਪੰਚ		ਸਰਵਸ਼੍ਰੀ/ਸ਼੍ਰੀਮਤੀ
76.	ਗੁਰਨਾਮ ਸਿੰਘ, ਸਰਪੰਚ	1.	ਹਰਫੂਲ ਸਿੰਘ, ਪੰਚ
77	ਰਾਮ ਰੱਖਾ, ਸਰਪੰਚ	2.	ਸੁਜਾਨ ਕੌਰ, ਪੰਚ
78.	ਤੇਜਾ ਸਿੰਘ, ਸਰਪੰਚ	3.	ਰਾਮ ਪਰਤਾਪ, ਸਰਪੰਚ
79.	ਹਜ਼ੂਰਾ ਸਿੰਘ, ਪੰਚ	4.	ਹਰਨੇਕ ਸਿੰਘ, ਸਰਪੰਚ
80.	ਮਹਿੰਦਰ ਸਿੰਘ, ਪੰਚ	5.	ਗੁਜ਼ਾਰਾ ਸਿੰਘ, ਪੰਚ
81.	ਦਰਬਾਰਾ ਸਿੰਘ, ਸਰਪੰਚ	6.	ਪਰਕਾਸ਼ ਕੌਰ, ਪੰਚ

ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ	ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ
7.	ਜਗੀਰ ਕੌਰ, ਪੰਚ	16.	ਸਾਧੂ ਸਿੰਘ, ਪੰਚ
8.	ਮਿਸ਼ਰਾ ਸਿੰਘ, ਸਰਪੰਚ	17.	ਧਿਆਨ ਸਿੰਘ, ਸਰਪੰਚ
9.	ਮੁਖਤਿਆਰ ਸਿੰਘ, ਪੰਚ	18.	ਗਿਆਨ ਚੰਦ, ਪੰਚ
10.	ਗੁਰਦੇਵ ਸਿੰਘ, ਪੰਚ	19.	ਦਲੀਪ ਸਿੰਘ, ਪੰਚ
11.	ਹਰਭਜਨ ਸਿੰਘ, ਪੰਚ	20.	ਨਿਹਾਲ ਸਿੰਘ, ਸਰਪੰਚ
12.	ਨਿਰੰਜਨ ਸਿੰਘ, ਸਰਪੰਚ	21.	ਨੱਥਾ ਸਿੰਘ, ਸਰਪੰਚ
13.	ਇੰਦਰ ਸਿੰਘ, ਪੰਚ	22.	ਰਾਮ ਰੱਖੀ, ਪੰਚ
14.	ਮੁਖਿਆਰ ਸਿੰਘ, ਸਰਪੰਚ	23.	ਛੀਹਰੋ, ਪੰਚ
15.	ਸੁਖਦੇਵ ਸਿੰਘ, ਪੰਚ	24.	ਸਾਧੂ ਸਿੰਘ, ਸਰਪੰਚ

ਵਿਵਰਣ 2

ਸ੍ਰੀ ਹਰਗੋਬਿੰਦਪੁਰ ਬਲਾਕ ਦੇ ਮੁਅੱਤਲ ਕੀਤੇ ਸਰਪੰਚਾਂ/ਪੰਚਾਂ ਦੇ ਨਾਂ ਅਤੇ ਉਨ੍ਹਾਂ ਦੀ ਮੁਅੱਤਲੀ ਦੇ ਕਾਰਨ .—

ਲੜੀ ਨੰ:	ਸਰਪੰਚਾਂ/ਪੰਚਾਂ ਦੇ ਨਾਂ	ਗਰਾਮ ਪੰਚਾਇਤ ਦਾ ਨਾਂ	ਮੁਅੱਤਲੀ ਦੇ ਕਾਰਨ
1.	ਸ੍ਰੀ ਗਿਆਨ ਸਿੰਘ, ਸਰਪੰਚ	ਕੰਡੀਲਾ	ਸਮਰੱਥ ਅਧਿਕਾਰੀ ਦੀ ਪੂਰਵ ਪਰਵਾਨਗੀ ਤੋਂ ਬਿਨਾਂ, ਪੰਜਾਬ ਵਿਲੇਜ਼, ਕਾਮਨ ਲੈਂਡਜ਼ ਰੈਗੂਲੇਸਨ ਰੂਲਜ਼, 1964 ਦੇ ਨਿਯਮ 6(10) ਅਤੇ 12 ਦੇ ਉਪਬੰਧਾਂ ਵਿਰੁਧ ਸ਼ਾਮਲਾਤ ਭੂਮੀ ਵੇਚਣ ਦਾ ਆਰੋਪ ।
2.	ਸ੍ਰੀ ਸੋਹਨ ਸਿੰਘ, ਸਰਪੰਚ	ਲੱਲਾ ਸੋਹੀਆਂ	ਸ਼ਾਮਲਾਤ ਭੂਮੀ ਤੇ ਨਜ਼ਾਇਜ਼ ਕਬਜ਼ਾ ਦਾ ਆਰੋਪ ।

VILLAGES NEAR BUDHA NALLAH

107. 1. Comrade Sarwan Singh
2. Comrade Sohan Singh
3. Comrade Buta Singh
4. Comrade Kulwant Singh : – Will the Minister for Revenue be pleased to :—

(a) state whether the Budha Nallah is a part of the River Sutlej, if so, the place from where he said Nallah emerges out of the river and the place where it again falls into the river Sutlej?

(b) lay on the Table on the House a block-wise list of villages, alongwith their Hadbast numbers, which are situated within 5 kilometers belt of the Budha Nallah;

(c) state whether the said Nallah changed its course during the period from 1976 to 1980;

ਸਰਦਾਰ ਦਰਬਾਰਾ ਸਿੰਘ (ਮੁੱਖ ਮੰਤਰੀ): (ੳ) ਬੁੱਢਾ ਨਾਲਾ ਸਤਲੁਜ ਦਰਿਆ ਦਾ ਹਿੱਸਾ ਨਹੀਂ ਹੈ ਅਤੇ ਇਹ ਸਤਲੁਜ ਵਿਚੋਂ ਨਹੀਂ ਨਿਕਲਦਾ। ਬੁੱਢਾ ਨਾਲਾ ਦਰਿਆ ਸਤਲੁਜ ਵਿਚ ਦੋ ਥਾਵਾਂ ਤੇ ਗਿਰਦਾ ਹੈ ਜੋ ਪਿੰਡ ਵਲੀਪੁਰ ਦੇ ਨੇੜੇ ਪਿੰਡ ਖੁਰਸ਼ੀਦਪੁਰ ਦੇ ਨੇੜੇ ਹੈ।

(ਅ) ਲੋੜੀਂਦੀ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ। ਜਿਤਨੀ ਜਲਦੀ ਹੋ ਸਕਿਆ ਭੇਜ ਦਿੱਤੀ ਜਾਵੇਗੀ।

(ੲ) 1976 ਤੋਂ 1980 ਦੇ ਸਮੇਂ ਵਿਚ ਬੁੱਢੇ ਨਾਲੇ ਨੇ ਆਪ ਰੁੱਖ ਨਹੀਂ ਬਦਲਿਆ ਹੈ।

1981—9-9-81—325 ਕਾਪੀਆ—ਪੰਜਾਬ ਸਰਕਾਰ ਪਰੈਸ, ਪਟਿਆਲਾ।

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.


PUNJAB VIDHAN SABHA

DEBATES

26th February, 1981

Vol. II—No. 24

OFFICIAL REPORT



CONTENTS

Thursday, the 26th February, 1981

Punjab Vidhan Sabha Secretariat, Chandigarh.

Price : Rs. 31-10

PUNJAB VIDHAN SABHA

Thursday, the 26th February, 1981

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

RAISING LIMIT OF WAR JAGIR IN THE STATE

*759 **Comrade Saghar Singh** Will the Minister for Revenue be pleased to state whether there is any proposal under the consideration of the Government to raise the limit of War Jagir presently paid at the rate of Rs. 150 per annum keeping in view the higher prices; if so, the date from which it is proposed to be raised ?

ਸਰਦਾਰ ਬੇਅੰਤ ਸਿੰਘ : ਅਜਿਹੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਵਾਰ ਜਗੀਰ ਉਨ੍ਹਾਂ ਨੂੰ ਮਿਲਦੀ ਹੈ ਜਿਨ੍ਹਾਂ ਦੇ ਤਿੰਨ ਲੜਕੇ ਹੋਣ ਅਤੇ ਉਹ ਸਾਰੇ ਦੇ ਸਾਰੇ ਹੀ ਫੌਜ ਵਿੱਚ ਹੋਣ ਜਾਂ ਇਕੋ ਹੀ ਲੜਕਾ ਹੋਵੇ ਅਤੇ ਉਹੀ ਫੌਜ ਵਿੱਚ ਹੋਵੇ । ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਵਾਰ ਜਗੀਰ ਦੇਣੀ ਕਦੋਂ ਤੋਂ ਸ਼ੁਰੂ ਹੋਈ ਸੀ ? ਦੂਸਰਾ ਅੱਜ ਮਹਿੰਗਾਈ ਸਿਖਰਾਂ ਤੇ ਪਹੁੰਚ ਗਈ ਹੈ, ਇਸ ਲਈ ਇਸਦੀ ਰਕਮ ਵੀ ਵਧਾਉਣੀ ਚਾਹੀਦੀ ਹੈ । ਕੀ ਇਸ ਨੂੰ ਘੱਟ ਤੋਂ ਘੱਟ 600 ਰੁਪਏ ਕਰਨ ਦੀ ਖੇਚਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਵਾਰ ਜਗੀਰਾਂ 1962 ਦੀ ਲੜਾਈ ਤੋਂ ਬਾਅਦ ਦੇਣੀਆਂ ਸ਼ੁਰੂ ਹੋਈਆਂ ਸਨ । ਇਹ ਇਕ ਕਿਸਮ ਦਾ ਟੋਕਨ ਇਨਾਮ ਹੈ । ਇਹ ਕੋਈ ਰੋਜ਼ੀ ਕਮਾਉਣ ਦਾ ਜ਼ਰੀਆ ਨਹੀਂ ਹੈ । ਵੈਸੇ ਤਾਂ ਸਰਕਾਰ ਜਗੀਰਾਂ ਨੂੰ ਡਿਸਕਰੇਜ ਕਰਦੀ ਹੈ । ਇਹ ਤਾਂ ਇਕ ਟੋਕਨ ਇਨਾਮ ਹੈ, ਜਿਸ ਤਰ੍ਹਾਂ ਤਗਮਾ ਦਿੱਤਾ ਜਾਂਦਾ ਹੈ, ਉਸ ਤਰ੍ਹਾਂ ਦਾ ਇਨਾਮ ਹੈ । ਇਸ ਨੂੰ ਵਧਾਉਣ ਵਾਲੀ ਕੋਈ ਗੱਲ ਨਹੀਂ ਹੈ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਹ ਇਕ ਟੋਕਨ ਇਨਾਮ ਹੈ । ਜਿਸਦੇ ਤਿੰਨ ਲੜਕੇ ਹੋਣ ਅਤੇ ਤਿੰਨੇ ਹੀ ਸਰਹੱਦ ਤੇ ਲੜਦੇ ਹੋਣ ਜਾਂ ਇਕੋ ਲੜਕਾ ਹੋਵੇ ਅਤੇ ਉਹੀ ਹਿੰਦੁਸਤਾਨ ਦੀ ਸਰਹੱਦ ਦੀ ਰਾਖੀ ਕਰਦਾ ਹੋਵੇ, ਉਸਦੇ ਵੱਲ ਵੇਖਣਾ ਚਾਹੀਦਾ ਹੈ । ਉਸ ਦੀ ਕੀ ਕਾਇਆ ਕਲਪਨਾ ਹੋਵੇਗੀ । ਅੱਜ ਮਹਿੰਗਾਈ ਬਹੁਤ ਵੱਧ ਗਈ ਹੈ । ਇਸ ਲਈ ਇਸ ਦੀ ਰਕਮ ਵੱਧਾ ਕੇ 150 ਤੋਂ 600 ਰੁਪਏ ਕੀਤੀ ਜਾਵੇ । ਦੂਸਰਾ ਪਿੰਡ ਦਾ ਨੰਬਰਦਾਰ ਮਾਮਲਾ ਵਗੈਰਾ ਉਗਰਾਹ ਕੇ ਉਸ ਵਿੱਚੋਂ ਆਪਣੀ ਮਰਜ਼ੀ ਨਾਲ ਇਸ ਦੇ ਪੈਸੇ ਦਿੰਦਾ ਹੈ । ਇਹ ਪੈਸੇ ਸਿੱਧੇ ਖਜ਼ਾਨੇ ਵਿਚੋਂ ਮਿਲਣੇ ਚਾਹੀਦੇ ਹਨ ।

ਮੰਤਰੀ : ਖਜ਼ਾਨੇ ਵਿਚੋਂ ਦੇਣ ਦੀ ਗੱਲ ਮੈਂਬਰ ਸਾਹਿਬ ਨੇ ਦੱਸੀ ਹੈ। ਇਸ ਤੇ ਵਿਚਾਰ ਕਰ ਲਵਾਂਗੇ । ਬਾਕੀ ਇਸ ਨੂੰ ਵਧਾਉਣ ਬਾਰੇ ਮੈਂਬਰ ਸਾਹਿਬ ਨੇ ਕਿਹਾ ਹੈ । ਇਹ ਕੋਈ ਰੋਜ਼ੀ ਦਾ ਜ਼ਰੀਆ ਤਾਂ ਮੇਰੇ ਖਿਆਲ ਵਿੱਚ ਹੈ ਨਹੀਂ । ਠੀਕ ਹੈ ਜਿਨ੍ਹਾਂ ਦੇ ਤਿੰਨ ਤਿੰਨ ਬੱਚੇ ਫੌਜ ਵਿੱਚ ਹੋਣ, ਉਨ੍ਹਾਂ ਦੀ ਬੜੀ ਕੁਰਬਾਨੀ ਹੈ । ਲੇਕਿਨ ਅਸੀਂ ਉਨ੍ਹਾਂ ਨੂੰ ਹੋਰ ਵੀ ਸਹੂਲਤਾਂ ਦਿੰਦੇ ਹਾਂ, ਉਨ੍ਹਾਂ ਨੂੰ ਪੈਨਸ਼ਨਾਂ ਵੀ ਮਿਲਦੀਆਂ ਹਨ । ਜਦੋਂ ਤੱਕ ਪਿਤਾ ਜੀਉਂਦਾ ਹੋਵੇ ਤਦ ਤੱਕ ਉਸ ਨੂੰ ਇਹ ਮਿਲਦੀ ਹੈ ਅਤੇ ਜੇ ਉਸ ਦੀ ਮੌਤ ਹੋ ਜਾਵੇ ਤਾਂ ਉਨ੍ਹਾਂ ਦੀ ਮਾਂ ਨੂੰ ਇਹ ਮਿਲਦੀ ਹੈ ਅਤੇ ਉਸ ਦੀ ਮੌਤ ਤੋਂ ਬਾਅਦ ਇਹ ਬੰਦ ਹੋ ਜਾਂਦੀ ਹੈ । ਇਹ ਕੋਈ ਪਰਮਾਨੈਂਟ ਚੀਜ਼ ਤਾਂ ਹੈ ਨਹੀਂ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਸਪੀਕਰ ਸਾਹਿਬ, ਕਾਮਰੇਡ ਜੀ ਨੇ ਕਿਹਾ ਹੈ ਕਿ 150 ਰੁਪਿਆ ਬਹੁਤ ਘੱਟ ਅਮਾਊਂਟ ਹੈ । ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਹ ਸਿਰਫ ਇਕ ਟੋਕਨ ਇਨਾਮ ਹੈ । ਮਸਲਾ ਇਹ ਹੈ ਕਿ ਇਹ 150 ਰੁਪਏ ਲੈਣ ਲਈ ਹਰ ਸਾਲ ਉਨ੍ਹਾਂ ਨੂੰ ਪਿੰਡ ਦੇ ਨੰਬਰਦਾਰ ਕੋਲ ਜਾਣਾ ਪੈਂਦਾ ਹੈ । ਅਤੇ ਕਈ ਵਾਰੀ ਤਾਂ ਤਹਿਸੀਲਦਾਰ ਅਤੇ ਐਸ. ਡੀ. ਐਮ. ਕੋਲ ਵੀ ਜਾਣਾ ਪੈਂਦਾ ਹੈ । ਉਸ ਨੂੰ ਇਹ ਪੈਸੇ ਲੈਣ ਵਿੱਚ ਬੜੀ ਡਿਫੀਕਲਟੀ ਪੇਸ਼ ਆਉਂਦੀ ਹੈ । ਮੇਰੇ ਹਲਕੇ ਵਿੱਚ ਵੀ ਇਕ ਐਸਾ ਕੇਸ ਸੀ । ਇਕ ਬ੍ਰਿਧ ਦੇ ਤਿੰਨ ਲੜਕੇ ਹਨ ਅਤੇ ਉਹ ਤਿੰਨੇ ਹੀ ਫੌਜ ਵਿੱਚ ਹਨ । ਇਹ 150 ਰੁਪਏ ਦੀ ਵਾਰ ਜਗੀਰ ਲੈਣ ਲਈ ਉਹ ਨੰਬਰਦਾਰ ਕੋਲ ਅਤੇ ਤਹਿਸੀਲ ਵਿੱਚ ਵੀ ਕਈ ਵਾਰੀ ਤੁਰਿਆ ਰਿਹਾ । ਕੀ ਵਜ਼ੀਰ ਸਾਹਿਬ, ਕੋਈ ਐਸਾ ਪ੍ਰਬੰਧ ਕਰਨਗੇ ਤਾਂਕਿ ਉਸ ਨੂੰ ਇਹ ਅਮਾਊਂਟ ਮਿਲਣ ਵਿੱਚ ਕੋਈ ਡਿਫੀਕਲਟੀ ਨਾ ਹੋਵੇ ।

ਮੰਤਰੀ : ਮੈਂਬਰ ਸਾਹਿਬ ਦੀ ਗਲ ਠੀਕ ਹੈ । ਜੇ ਉਸ ਨੂੰ ਇਹ ਪੈਸੇ ਲੈਣ ਲਈ ਇਧਰ ਉਧਰ ਭੱਜਣਾ ਪਵੇ ਤਾਂ ਮਾੜੀ ਗੱਲ ਹੈ । ਪਹਿਲਾਂ ਇਹ ਸੋਚਿਆ ਸੀ ਕਿ ਪਿੰਡ ਵਿੱਚ ਹੀ ਉਸਨੂੰ ਇਹ ਪੈਸਾ ਮਿਲ ਜਾਇਆ ਕਰੇ । ਅਗਰ ਇਸ ਵਿੱਚ ਵੀ ਕੋਈ ਕੰਪਲੀਕੇਸ਼ਨ ਹੈ, ਤਾਂ ਇਸਨੂੰ ਵੇਖ ਲਾਵਾਂਗੇ ।

DAMAGE OCCURED DUE TO HAIL STORMS IN THE STATE

*359 **Sardar Bir Paul Singh**: Will the Minister for Revenue be pleased to state—

(a) the extent of damage which occured during the financial years 1978-79 and 1979-80, due to hailstorms in the State district wise;

(b) the total amount of compensation sanctioned by the Government for those whose crops were damaged during the said period due to the hailstorms and the amount distributed to each party;

(c) whether the whole amount referred to in part (b) above has since been disbursed to the affected persons; if not, the reasons therefor ?

ਸਰਦਾਰ ਬੇਅੰਤ ਸਿੰਘ : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

STATEMENT

Regarding Damage occurred due to Hailstorms in the State During the years 1978-79

(a) Details of the cropped area damaged are as under :—

District	Cropped area damaged in	
	1978-79 (in acres)	1979-80 (in acres)
1. Ferozepur	.. 16,436	11,452
2. Bhatinda	.. 25,014	13,489
3. Faridkot	.. 39,184	62,159
4. Patiala	.. 2,810	22,100
5. Roopnagar	.. 1,683	20
6. Sangrur	.. 1,311	10,444
7. Ludhiana	.. 18,840	19,075
8. Jullundur	.. 28,683	437
9. Hoshiarpur	.. 1,118	1,486
10. Kapurthala	.. 24,654	740
11. Amritsar	.. 12,780	No loss
12. Gurdaspur	.. 372	4,888
	.. 1,72,885	1,46,290

(b) The amount of gratuitous relief sanctioned and disbursed during the years 1978-79 and 1979-80, district-wise, is given below :—

District	1978-79		1979-80	
	Amount sanctioned	Amount disbursed	Amount Sanctioned	Amount Disbursed
1. Ferozepur	53,97,060	39,42,280	12,43,400	12,27,415
2. Bhatinda	46,22,722	43,52,552	16,08,000	14,03,762
3. Faridkot	64,12,103	64,12,103	74,66,960	74,66,960
4. Patiala	13,21,053	11,99,383	59,60,644	56,92,136
5. Roopnagar	3,19,900	3,19,900	2,070	2,070
6. Sangrur	1,48,000	1,43,980	12,79,000	10,86,475
7. Ludhiana	49,993	49,993	42,88,100	42,88,100
8. Jullundur	50,73,828	49,83,203	10,47,140	9,89,715
9. Hoshiarpur	71,072	65,839	3,34,900	3,29,555
10. Kapurthala	44,33,000	42,70,309	43,000	39,809
11. Amritsar	21,29,100	16,26,778	—	—
12. Gurdaspur	20 900	20,042	20,89,000	15,08,400
Total	2,99,98,731	2,73,86,344	2,53,62,214	2,40,34,397

[Revenue Minister]

So far as the information regarding distribution of relief to each party during the years 1978-79 and 1979-80, is concerened the time and labour involved in collecting the information will not be commensurate with the results intended to be achieved.

(c) Out of Rs. 5.53 crores sanctioned during the years 1978-79 and 1979-80 a sum of 5.14 crores has been disbursed. The remaining amount could not be disbursed as the eligible persons were not available at the time of disbursement and in some cases, the title to the land affected was found to be under dispute.

ਸਰਦਾਰ ਬੀਰਪਾਲ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਡਿਸਟ੍ਰਿਕਟ-ਵਾਈਜ਼ ਅੰਕੜੇ ਦਿੱਤੇ ਹਨ । ਜਿਹੜਾ ਹੁਣ ਹੇਲ-ਸਟਾਰਮ ਆਇਆ ਹੈ ਜਾਂ ਦੂਸਰੀਆਂ ਨੈਚੁਰਲ ਕੈਲੇ-ਮੀਟੀਜ਼ ਆਈਆਂ ਹਨ ਅਤੇ ਇਨ੍ਹਾਂ ਨਾਲ ਕਿਸਾਨਾਂ ਦੀਆਂ ਫਸਲਾਂ ਨੂੰ ਨੁਕਸਾਨ ਹੋਇਆ ਹੈ, ਕੀ ਇਸ ਦੇ ਲਈ ਸਰਕਾਰ ਨੇ ਗਿਰਦਾਵਰੀਆਂ ਕਰਵਾਈਆਂ ਹਨ ਅਤੇ ਉਨ੍ਹਾਂ ਨੂੰ ਮੁਆਵਜ਼ਾ ਵੀ ਦਿੱਤਾ ਹੈ ਜਾਂ ਸਿਰਫ ਗੱਲਾਂ ਬਾਤਾਂ ਨਾਲ ਹੀ ਸਰਕਾਰ ਸਾਰਨਾ ਚਾਹੁੰਦੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸਾਲ 1978-79 ਅਤੇ 1979-80 ਦੇ ਬਾਰੇ ਇਨਫਰਮੇਸ਼ਨ ਪੁੱਛੀ ਹੈ । ਪਰ ਇਨ੍ਹਾਂ ਨੇ ਆਪਣੀ ਸਪਲੀਮੈਂਟਰੀ ਰਾਹੀਂ ਹੁਣ ਦੇ ਹੇਲ-ਸਟਾਰਮ ਦੇ ਬਾਰੇ ਪੁੱਛਿਆ ਹੈ । ਇਸ ਚੀਜ਼ ਬਾਰੇ ਹਾਊਸ ਵਿੱਚ ਬੜੀ ਵਾਰੀ ਸਵਾਲ ਆ ਚੁੱਕੇ ਹਨ । ਪਰ ਇਨ੍ਹਾਂ ਨੇ ਆਪਣੇ ਸਵਾਲ ਵਿੱਚ ਜਦੋਂ ਦੀ ਇਨਫਰਮੇਸ਼ਨ ਪੁੱਛੀ ਹੈ ਉਦੋਂ ਸਾਡੀ ਸਰਕਾਰ ਇਥੇ ਨਹੀਂ ਸੀ । ਇਸ ਲਈ ਇਹ ਜਵਾਬ ਉਸ ਵੇਲੇ ਦੀ ਸਰਕਾਰ ਨਾਲ ਪਰਟੇਨ ਕਰਦਾ ਹੈ ।

ਸਰਦਾਰ ਬੀਰਪਾਲ ਸਿੰਘ : ਸਪੀਕਰ ਸਾਹਿਬ, ਜਿਥੇ ਨੈਚੁਰਲ ਕੈਲੇਮੀਟੀਜ਼ ਨਾਲ ਕਿਸਾਨਾਂ ਦਾ ਨੁਕਸਾਨ ਹੋਇਆ ਹੈ, ਉਥੇ ਉਸ ਦੇ ਨਾਲ ਨਾਲ ਖੇਤ ਮਜ਼ਦੂਰਾਂ ਦਾ ਵੀ ਨੁਕਸਾਨ ਹੋਇਆ ਹੈ । ਮੰਤਰੀ ਜੀ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਕੀ ਉਨ੍ਹਾਂ ਨੂੰ ਵੀ ਸਰਕਾਰ ਕੰਪੇਨਸੇਸ਼ਨ ਦਿੰਦੀ ਹੈ ।

ਮੰਤਰੀ : ਉਨ੍ਹਾਂ ਨੂੰ ਵੀ ਕੰਪਨਸੇਸ਼ਨ ਦਿੰਦੇ ਹਾਂ । ਇਸ ਲਈ ਕੰਡੀਸ਼ਨਜ਼ ਲੇਡ ਡਾਊਨ ਹਨ । ਜਿਹੜੇ ਆਦਮੀ ਮਜ਼ਦੂਰੀ ਕਰਦੇ ਹਨ ਜਾਂ ਖੇਤੀ ਨਾਲ ਸਬੰਧਤ ਹਨ ਉਨ੍ਹਾਂ ਦੇ ਡੰਗਰਾਂ ਦੇ ਚਾਰੇ ਵਾਸਤੇ ਵੀ ਮੁਆਵਜ਼ਾ ਦਿੰਦੇ ਹਾਂ । ਜੇ ਉਨ੍ਹਾਂ ਦੀ ਸਾਂਝ ਹੋਵੇ ਤਾਂ ਉਨ੍ਹਾਂ ਦਾ ਜੇ ਡੰਗਰਾਂ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਲਈ ਮੁਆਵਜ਼ਾ ਦਿੰਦੇ ਹਾਂ ਅਤੇ ਜੇ ਮਕਾਨ ਢਹਿ ਜਾਣ ਤਾਂ ਉਸ ਲਈ ਵੀ ਪੈਸੇ ਦਿੰਦੇ ਹਾਂ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਪਿਛਲੀ ਸਰਕਾਰ ਦਾ ਇਹ ਫੈਸਲਾ ਸੀ ਕਿ ਇਨ੍ਹਾਂ ਕੁਦਰਤੀ ਆਫਤਾਂ ਦੇ ਆਉਣ ਤੋਂ ਬਾਅਦ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਾਸਤੇ ਇਕ ਰਿਵਾਲਵਿੰਗ ਫੰਡ ਬਣਾਇਆ ਜਾਵੇ, ਕੀ ਸਰਕਾਰ ਕੋਈ ਅਜਿਹਾ ਫੰਡ ਬਣਾ ਰਹੀ ਹੈ ?

ਮੰਤਰੀ : ਤਰ੍ਹਾਂ ਤਰ੍ਹਾਂ ਦੀਆਂ ਵਿਚਾਰਾਂ, ਸਕੀਮਾਂ ਚਲ ਰਹੀਆਂ ਹਨ । ਕਿਸੇ ਜਗ੍ਹਾ ਕਰਾਪ ਇਨਸ਼ੋਰੈਂਸ ਦੀ ਗੱਲ ਚਲ ਰਹੀ ਹੈ । ਹਰਿਆਣੇ ਵਾਲਿਆਂ ਨੇ ਇਹ ਸਕੀਮ ਲਾਗੂ ਕਰ ਦਿੱਤੀ ਹੈ । ਕਿਸੇ ਜਗ੍ਹਾ ਰਿਵਾਲਵਿਗ ਫੰਡ ਦੀ ਗੱਲ ਹੋ ਰਹੀ ਹੈ । ਅਸੀਂ ਜ਼ਿਮੀਂਦਾਰਾਂ ਦੇ ਹੱਕ ਵਿਚ ਹਾਂ । ਉਨ੍ਹਾਂ ਨੂੰ ਰਿਲੀਫ ਦੇਣ ਦੇ ਹੱਕ ਵਿਚ ਹਾਂ । ਅਸੀਂ ਕੋਈ ਨਾ ਕੋਈ ਢੰਗ ਇਨ੍ਹਾਂ ਦੀ ਮਦਦ ਲਈ ਬਣਾਉਂਦੇ ਹੀ ਰਹਿੰਦੇ ਹਾਂ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਕੁਦਰਤੀ ਆਫਤਾਂ ਨਾਲ, ਗੜਿਆਂ ਨਾਲ, ਬਾਰਸ਼ਾਂ ਨਾਲ ਫਸਲਾਂ ਦਾ ਨੁਕਸਾਨ ਹੋਇਆ ਹੈ। ਪਰ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ ਕਿਸਾਨਾਂ ਨੇ ਆਪਣੀ ਫਸਲ ਵੇਚ ਕੇ ਹੀ ਦੂਸਰੀ ਫਸਲ ਬੀਜਣੀ ਹੁੰਦੀ ਹੈ। ਪਰ ਇਤਨਾ ਸਮਾਂ ਲੰਘ ਗਿਆ ਹੈ, ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਇਹ ਗੱਲ ਠੀਕ ਨਹੀਂ ਹੈ। ਜਦੋਂ ਵੀ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ ਤਾਂ ਜਲਦੀ ਉਸ ਦੀ ਸਹਾਇਤਾ ਦਾ ਪ੍ਰਬੰਧ ਸਰਕਾਰ ਨੂੰ ਕਰਨਾ ਚਾਹੀਦਾ ਹੈ। ਦੂਸਰੀ ਮੇਰੀ ਅਰਜ਼ ਇਹ ਹੈ ਕਿ ਮੁਆਵਜ਼ਾ ਦੇਣ ਵੇਲੇ ਪਿਛਲੀ ਸਰਕਾਰ ਨੇ ਖੇਤ ਨੂੰ ਇਕਾਈ ਮੰਨਿਆ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਮੁਆਵਜ਼ਾ ਦੇਣ ਵੇਲੇ ਕੀ ਖੇਤ ਨੂੰ ਹੀ ਇਕਾਈ ਮੰਨਿਆ ਜਾਂਦਾ ਹੈ ਜਾਂ ਫਿਰ ਸਮੁੱਚੇ ਪਿੰਡ ਨੂੰ ਇਕਾਈ ਮੰਨਿਆ ਜਾਂਦਾ ਹੈ।

ਮੰਤਰੀ : ਸਪੀਕਰ ਸਾਹਿਬ, ਪਿਛਲੀ ਵਾਰੀ ਜੁਲਾਈ ਵਿਚ ਹੜ੍ਹ ਆਇਆ ਸੀ। ਅਸੀਂ ਪ੍ਰਾਮਪਟਲੀ ਜਿਨ੍ਹਾਂ ਕਿਸਾਨਾਂ ਦਾ ਨੁਕਸਾਨ ਹੋਇਆ ਸੀ, ਉਨ੍ਹਾਂ ਨੂੰ ਪੈਸੇ ਦਿੱਤੇ। ਹਾਊਸ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਹੁਣ ਤੱਕ 7 ਕਰੋੜ 16 ਲੱਖ ਰੁਪਏ ਵੰਡ ਚੁਕੇ ਹਾਂ। ਜਦੋਂ ਜੁਲਾਈ ਵਿਚ ਹੜ੍ਹ ਆਏ ਸਨ ਤਾਂ ਬੜਾ ਰੌਲਾ ਪਿਆ ਸੀ। ਹੁਣ ਫਿਰ ਕੈਲੇਮੀਟੀਜ਼ ਆ ਗਈਆਂ ਹਨ। ਪ੍ਰਮਾਤਮਾ ਦੇ ਕਹਿਰ ਨੂੰ ਸੰਭਾਲਣਾ ਸਰਕਾਰ ਵਾਸਤੇ ਵੀ ਅਤੇ ਲੋਕਾਂ ਵਾਸਤੇ ਵੀ ਕਾਫ਼ੀ ਮੁਸ਼ਕਿਲ ਹੁੰਦਾ ਹੈ। ਪਰ ਅਸੀਂ ਇਮੀਜੀਏਟਲੀ ਐਕਸ਼ਨ ਲੈਂਦੇ ਹਾਂ। ਅਸੀਂ ਕਦੇ ਵੀ ਸਾਲ ਸਾਲ ਮੁਆਵਜ਼ਾ ਦੇਣ ਵਿਚ ਨਹੀਂ ਪੈਣ ਦੇਵਾਂਗੇ। ਜਿਥੇ ਵੀ ਸਹਾਇਤਾ ਦੇਣ ਦੀ ਲੋੜ ਹੋਵੇਗੀ, ਸਰਕਾਰ ਉਸ ਸਿਚੂਏਸ਼ਨ ਨੂੰ ਸੰਭਾਲਣ ਵਾਸਤੇ ਅਲਾਈਵ ਹੈ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੇਰੇ ਦੂਜੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਇਹ ਪੁੱਛਿਆ ਸੀ ਕਿ ਮੁਆਵਜ਼ਾ ਦੇਣ ਵੇਲੇ ਖੇਤ ਨੂੰ ਇਕਾਈ ਮੰਨਦੇ ਹਨ ਜਾਂ ਪਿੰਡ ਨੂੰ ਇਕਾਈ ਮੰਨਦੇ ਹਨ ?

ਮੰਤਰੀ : ਜਿਹੜਾ ਵੀ ਰਿਲੀਫ ਅਸੀਂ ਐਤਕੀਂ ਕਿਸਾਨਾਂ ਨੂੰ ਦਿੱਤਾ ਹੈ ਉਹ ਖੇਤ ਨੂੰ ਹੀ ਇਕਾਈ ਮੰਨ ਕੇ ਦਿੱਤਾ ਹੈ। ਸਮੁੱਚੇ ਪਿੰਡ ਨੂੰ ਇਕਾਈ ਨਹੀਂ ਮੰਨਿਆ ਗਿਆ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਪਿੱਛਲੀ ਅਕਾਲੀ ਸਰਕਾਰ ਵੇਲੇ ਜਦੋਂ ਗੜੇ ਪਏ ਸਨ ਤਾਂ ਉਸ ਵੇਲੇ ਜ਼ਿਮੀਂਦਾਰਾਂ ਨੂੰ ਮੁਆਵਜ਼ਾ ਮਿਲਿਆ ਸੀ। ਲੇਕਿਨ ਜਿਸ ਹਰੀਜਨ ਨੇ ਜ਼ਮੀਨ ਠੇਕੇ ਵਗੈਰਾ ਤੇ ਲੈ ਕੇ ਫ਼ਸਲ ਬੀਜੀ ਹੋਈ ਸੀ ਉਸ ਨੂੰ ਉਨ੍ਹਾਂ ਨੇ ਉਸ ਵੇਲੇ ਮੁਆਵਜ਼ਾ ਨਹੀਂ ਸੀ ਦਿੱਤਾ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਇਸ ਤਰ੍ਹਾਂ ਠੇਕੇ ਤੇ ਜ਼ਮੀਨ ਲੈ ਕੇ ਫ਼ਸਲ ਬੀਜੀ ਸੀ ਕੀ ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਸਾਡੀ ਪਾਲਿਸੀ ਇਹ ਹੈ ਕਿ ਜਿਹੜਾ ਜ਼ਮੀਨ ਵਾਹੁੰਦਾ ਹੈ ਉਸ ਨੂੰ ਰਿਲੀਫ ਦਿੰਦੇ ਹਾਂ। ਕਈ ਜਗ੍ਹਾ ਇਸ ਤਰ੍ਹਾਂ ਕਰਨ ਨਾਲ ਝਗੜੇ ਵੀ ਪਏ ਹਨ। ਪਰ ਅਸੀਂ ਜਿਹੜਾ ਜ਼ਮੀਨ ਵਾਹੁੰਦਾ ਹੈ ਉਸ ਨੂੰ ਹੀ ਮੁਆਵਜ਼ਾ ਦਿੱਤਾ ਹੈ। ਉਸ ਜ਼ਮੀਨ ਦੇ ਮਾਲਕ ਨੂੰ ਜਿਹੜਾ ਜ਼ਮੀਨ ਨਹੀਂ ਵਾਹੁੰਦਾ ਉਸ ਨੂੰ ਮੁਆਵਜ਼ਾ ਨਹੀਂ ਦਿੱਤਾ।

ਸਰਦਾਰ ਬਸੰਤ ਸਿੰਘ : ਸਪੀਕਰ ਸਾਹਿਬ, ਜਦੋਂ ਕੁਦਰਤੀ ਆਫਤ ਨਾਲ ਕਿਸਾਨਾਂ ਦਾ ਨੁਕਸਾਨ ਹੋ ਜਾਂਦਾ ਹੈ ਤਾਂ ਸਰਕਾਰ ਮੁਆਵਜ਼ਾ ਦਿੰਦੀ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਕਿਤੇ ਸੋਕਾ ਪੈ ਜਾਵੇ ਔਰ ਜ਼ਿਮੀਂਦਾਰ ਦੀ ਫ਼ਸਲ ਦਾ ਨੁਕਸਾਨ ਹੋ ਜਾਵੇ ਤਾਂ ਕੀ ਉਸ ਵਾਸਤੇ ਵੀ ਮੁਆਵਜ਼ਾ ਦਿੱਤਾ ਜਾਂਦਾ ਹੈ ? ਸਪੀਕਰ ਸਾਹਿਬ, ਪਿੱਛੇ ਜਿਹੇ ਰੋਪੜ ਵਿਚ ਸੋਕਾ ਪਿਆ ਔਰ ਕਿਸਾਨਾਂ ਦੀਆਂ ਫ਼ਸਲਾਂ ਨੂੰ ਨੁਕਸਾਨ ਹੋਇਆ। ਡਿਪਟੀ ਕਮਿਸ਼ਨਰ ਔਰ ਕਮਿਸ਼ਨਰ ਨੇ ਸਰਕਾਰ ਨੂੰ ਕੇਸ ਭੇਜਿਆ ਸੀ ਕਿ ਇਸ ਤਰ੍ਹਾਂ ਸੋਕੇ ਨਾਲ ਕਿਸਾਨਾਂ ਦਾ ਨੁਕਸਾਨ ਹੋ ਗਿਆ ਹੈ। ਉਸ ਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਸਾਡੇ ਵੇਲੇ ਤਾਂ ਸੋਕਾ ਪਿਆ ਨਹੀਂ, ਪਿਛਲੀ ਸਰਕਾਰ ਵੇਲੇ ਪਿਆ ਸੀ ਜੀ। (ਹਾਸਾ)

ਨਿਸ਼ਾਨ ਵਾਲਾ ਪ੍ਰਸ਼ਨ ਨੰ: 791

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੁਟ ਨਹੀਂ ਕੀਤਾ ਗਿਆ)।

Mr. Speaker : Next Question No. 762

(ਇਸ ਸਮੇਂ ਸਿੱਖਿਆ ਮੰਤਰੀ ਜੀ ਪ੍ਰਸ਼ਨ ਦਾ ਉੱਤਰ ਦੇਣ ਲਈ ਖੜ੍ਹੇ ਹੋਏ।)

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਸਵਾਲ ਹੈ ਜੀ। ਮੇਹਰਬਾਨੀ ਕਰੋ। ਵਜ਼ੀਰ ਸਾਹਿਬ ਨੂੰ ਕਹੋ ਜਵਾਬ ਦੇ ਦੇਣ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਹਰੀਜਨਾਂ ਨਾਲ ਜ਼ਿਆਦਤੀ ਹੋ ਰਹੀ ਹੈ ਜੀ। ਬਲਾਤਕਾਰ ਹੋ ਰਹੇ ਹਨ। ਤੁਸੀਂ ਕਿਰਪਾ ਕਰਕੇ ਇਸ ਸਵਾਲ ਨੂੰ ਅਲਾਉ ਕਰੋ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਬੈਠੋ ਜੀ, ਮੈ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ। ਵਜ਼ੀਰ ਸਾਹਿਬ ਤੁਸੀਂ ਜਵਾਬ ਦਿਓ।

SHIFTING OF MAHARAJA RANJIT SINGH SPORTS ACADEMY

*762. (1) **Sardar Sukhdev Singh Dhindsa**
(2) **Sardar Baldev Singh Mann** : Will the Minister for Education be plea ed to state whether it is a fact that the Maharaja Ranjit Singh Sports Academy is being shifted from Ladda Kothi, District Sangrur to some other place; if so, the reasons therefor ?

Sardar Harcharan Singh Ajnala : The entire question relating to permanent location of the Academy is under consideration.

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੁਖਦੇਵ ਸਿੰਘ ਢੀਂਡਸਾ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ ਪਰ ਸਦਨ ਵਿਚ ਕਾਫੀ ਰੌਲਾ ਪੈ ਰਿਹਾ ਸੀ)

ਆਵਾਜ਼ਾਂ : ਇਨ੍ਹਾਂ ਨੇ ਆਪਣੇ ਮੈਂਬਰ ਨੂੰ ਆਪ ਗੈਰ-ਹਾਜ਼ਰ ਕੀਤਾ ਹੈ ਜੀ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹਿਦਾ ਹਾਂ . . .

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਇਹ ਗਲਤ ਗੱਲ ਹੈ ਜੀ । ਇਨ੍ਹਾਂ ਦੇ ਆਪਣੇ ਬੰਦੇ ਇਸ ਵਿਚ ਇਨਵਾਲਵਡ ਹਨ । ਇਸ ਲਈ ਇਨ੍ਹਾਂ ਨੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਸਬੰਧਤ ਮੈਂਬਰ ਜਾਣ ਕੇ ਗ਼ੈਰ-ਹਾਜ਼ਰ ਕੀਤਾ ਹੈ ਜੀ । ਸਪੀਕਰ ਸਾਹਿਬ, ਤੁਸੀਂ ਵੇਖੋ ਸਪੋਰਟਸ ਡਿਪਾਰਟਮੈਂਟ ਵਿਚ ਕੀ ਹੋ ਰਿਹਾ ਹੈ ?

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਹਰੀਜਨਾਂ ਦਾ ਮਸਲਾ ਹੈ ਜੀ। ਇਨ੍ਹਾਂ ਨੇ ਮੈਂਬਰ ਨੂੰ ਜਾਣ ਬੁਝਕੇ ਗ਼ੈਰ ਹਾਜ਼ਰ ਕੀਤਾ ਹੈ ।

ਸ੍ਰੀ ਸਪੀਕਰ : ਸਵਾਲ ਦਾ ਜਵਾਬ ਮਿਲ ਗਿਆ ਹੈ ਔਰ ਉਸ ਤੇ ਸਪਲੀਮੈਂਟਰੀ ਚਲ ਰਹੀ ਹੈ। ਤੁਸੀਂ ਬੈਠੋ । ਢੀਂਡਸਾ ਸਾਹਿਬ ਤੁਸੀਂ ਸਪਲੀਮੈਂਟਰੀ ਕਰੋ । ਲੂੰਬਾ ਸਾਹਿਬ ਤੁਸੀਂ ਵੀ ਬੈਠੋ । ਨੈਕਸਟ ਕੁਐਸਚਨ ਚਲ ਰਿਹਾ ਹੈ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸ਼ਮਸ਼ੇਰ ਸਿੰਘ ਜੀ ਸਦਨ ਵਿਚ ਹਾਜ਼ਰ ਹੋਏ।)

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਇਸ ਇਸ਼ੂ ਨੂੰ ਇਤਨਾ ਇਗਨੋਰ ਨਾ ਕਰੋ। ਇਹ ਗੌਰਮਿੰਟ ਤਾਂ ਹਰੀਜਨਾਂ ਦੀ ਹਿਤੈਸ਼ੀ ਹੈ । ਇਹ ਪੋਸਟ 1977 ਤੋਂ ਖਾਲੀ ਪਈ ਹੈ ਅਤੇ ਪਿੱਛਲੀ ਸਰਕਾਰ ਨੇ ਇਹ ਅਸਾਮੀ ਇਸ ਲਈ ਨਹੀਂ ਪੂਰ ਕੀਤੀ ਸੀ ਕਿਉਂਕਿ ਇਹ ਪੋਸਟ ਰਿਜ਼ਰਵ ਸੀ । (ਵਿਘਨ) (ਸ਼ੋਰ)

ਆਵਾਜ਼ਾਂ : ਹੁਣ ਸਵਾਲ ਅਲਾਓ ਕਰੋ ਜੀ ।

ਸ੍ਰੀ ਸਪੀਕਰ : ਵੇਖੋ, ਅਗਲਾ ਸਵਾਲ ਕਾਲ ਅਪਾਨ ਕੀਤਾ ਗਿਆ ਹੈ । ਉਸ ਦਾ ਜਵਾਬ ਵੀ ਮਨਿਸਟਰ ਸਾਹਿਬ ਵੱਲੋਂ ਦਿੱਤਾ ਜਾ ਚੁੱਕਾ ਹੈ । ਹੁਣ ਉਸ ਤੇ ਸਪਲੀਮੈਂਟਰੀ ਪੁੱਛਣੇ ਹਨ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜਿਹੜੇ ਹੋਰ ਅੱਜ ਦੇ ਸਵਾਲ ਹਨ ਇਹ ਦੂਜੇ ਦਿਨ ਵੀ ਪੁੱਛੇ ਜਾ ਸਕਦੇ ਹਨ ਜੀ । ਜੇਕਰ ਮੈਂਬਰ ਪੰਜ-ਦਸ ਮਿੰਟ ਲੇਟ ਹੋ ਗਿਆ ਤਾਂ ਕੀ ਹੋਇਆ, ਤੁਸੀਂ ਇਹ ਸਵਾਲ ਅਲਾਓ ਕਰੋ ਜੀ ।

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਸਰਕਾਰ ਹਰੀਜਨਾਂ ਦੀ ਭਲਾਈ ਦੀਆਂ ਬਹੁਤ ਗੱਲਾਂ ਕਰਦੀ ਹੈ । ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਮਾਮਲਾ ਕਿਉਂ ਨਹੀਂ ਇਥੇ ਲਿਆ ਜਾਂਦਾ

ਸ੍ਰੀ ਸਪੀਕਰ : ਅਗਲਾ ਸਵਾਲ ਕਾਲ ਅਪਾਨ ਕਰ ਲਿਆ ਗਿਆ ਹੈ । ਮੈਂਬਰ ਉਸ ਤੇ ਸਪਲੀਮੈਂਟਰੀਜ਼ ਕਰਨ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਜੇਕਰ ਅਗਲਾ ਸਵਾਲ ਕਾਲ ਅਪਾਨ ਕਰ ਹੀ ਲਿਆ ਹੈ ਤਾਂ ਇਸ ਤੋਂ ਬਾਅਦ ਇਹ ਸਵਾਲ ਲੈ ਲਵੋ ! ਤੁਸੀਂ ਇਹ ਐਸ਼ੋਰੈਂਸ ਦੇ ਦਿਓ ।

ਸ੍ਰੀ ਸਪੀਕਰ : ਜਿਸ ਮੈਂਬਰ ਦਾ ਕੁਐਸਚਨ ਐਡਮਿੱਟ ਹੋਇਆ ਹੈ, ਉਸ ਨੂੰ ਵੇਲੇ ਸਿਰ ਹਾਊਸ ਵਿਚ ਹਾਜ਼ਰ ਹੋਣਾ ਚਾਹੀਦਾ ਸੀ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਤੁਹਾਡੇ ਬੜੇ ਖੁਲੇ ਅਧਿਕਾਰ ਹਨ ਜੀ । ਤੁਸੀਂ ਹੁਣ ਵੀ ਇਹ ਅਲਾਓ ਕਰ ਸਕਦੇ ਹੋ ਜੀ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਕ ਮੈਂਬਰ ਨੂੰ ਰੇਪ ਕੀਤਾ ਜਾ ਰਿਹਾ ਹੈ ਜੀ । (ਬਹੁਤ ਹਾਸਾ) (ਵਿਘਨ) (ਕਈ ਮਾਨਯੋਗ ਮੈਂਬਰ ਸਾਹਿਬਾਨ ਵਿਰੋਧੀ ਧਿਰ ਵਲੋਂ ਖੜ੍ਹੇ ਸਨ ।)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਕੀ ਰੇਪ ਦੇ ਕੇਸ ਸਾਰੇ ਉਸ ਪਾਸੇ (ਵਿਰੋਧੀ ਧਿਰ ਵੱਲ ਇਸ਼ਾਰਾ) ਹੀ ਆਉਂਦੇ ਹਨ ? (ਹਾਸਾ)

ਸਰਦਾਰ ਬਸੰਤ ਸਿੰਘ ਖਾਲਸਾ : ਸ਼ਮਸ਼ੇਰ ਸਿੰਘ, ਉਠ ਬਈ, ਖੜ੍ਹਾ ਹੋ ਔਰ ਕੁਐਸਚਨ ਪੁੱਟ ਕਰ ! ਮੈਂਬਰ ਦਾ ਰਾਈਟ ਖੁੱਸ ਰਿਹਾ ਹੈ ਜੀ ।

ਸ੍ਰੀ ਸਪੀਕਰ : ਵੇਖੋ, ਇਸ ਤਰ੍ਹਾਂ ਤੁਸੀਂ ਕੁਐਸਚਨ ਆਵਰ ਦਾ ਵਕਤ ਜ਼ਾਇਆ ਕਰ ਰਹੇ ਹੋ । ਕਿਸੇ ਮੈਂਬਰ ਦਾ ਰਾਈਟ ਨਹੀਂ ਖੁੱਸਿਆ । ਉਹ ਆਪ ਹੀ ਹਾਜ਼ਰ ਨਹੀਂ ਸੀ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਕੋ ਤਾਂ ਗ਼ਰੀਬਾਂ ਦਾ ਸਵਾਲ ਆਇਆ ਹੈ ਜੀ । ਤੁਸੀਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਸਾਨੂੰ ਗ਼ਰੀਬ ਲੋਕਾਂ ਨੂੰ ਹੋਰ ਦਿੰਦੇ ਕੀ ਹੋ ? ਇਕ ਸਾਡਾ ਸਵਾਲ ਆਇਆ ਹੈ ਔਰ ਉਸ ਦਾ ਵੀ ਤੁਸੀਂ ਜਵਾਬ ਨਹੀਂ ਦਿਵਾਉਂਦੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਤਾਂ ਗ਼ਰੀਬਾਂ ਨਾਲ ਜ਼ਿਆਦਤੀ ਹੋ ਰਹੀ ਹੈ ਜੀ । ਤੁਸੀਂ ਇਸ ਸਵਾਲ ਤੋਂ ਬਾਅਦ ਇਹ ਸਵਾਲ ਅਲਾਓ ਕਰ ਦਿਓ ਜੀ ।

ਸਰਦਾਰ ਬਸੰਤ ਸਿੰਘ ਖਾਲਸਾ : ਠੀਕ ਹੈ, ਸਪੀਕਰ ਸਾਹਿਬ, ਤੁਸੀਂ ਇਸ ਸਵਾਲ ਤੋਂ ਬਾਅਦ ਇਹ ਕੁਐਸਚਨ ਅਲਾਓ ਕਰ ਦਿਓ । ਨਹੀਂ ਤਾਂ ਅਸੀਂ ਫਿਰ ਖੜ੍ਹੇ ਹੋ ਜਾਵਾਂਗੇ । ਅਜੇ ਕਿਹੜੀ ਗੱਡੀ ਲੰਘ ਗਈ ਹੈ । (ਹਾਸਾ)

ਮੁੱਖ ਮੰਤਰੀ : (ਬੈਠੇ ਬੈਠੇ) ਕਦੇ ਤਾਂ ਕੋਈ ਅਸੂਲ ਰਹਿਣ ਦਿਆ ਕਰੋ ਤੁਸੀਂ (ਵਿਰੋਧੀ ਧਿਰ ਵੱਲ ਇਸ਼ਾਰਾ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ। ਕੀ ਇਨ੍ਹਾਂ ਦੇ ਡਾਇਰੈਕਟੋਰੇਟ ਵੱਲੋਂ ਕੋਈ ਆਪਸ਼ਨਜ਼ ਮੰਗੀਆਂ ਗਈਆਂ ਹਨ ਇਸ ਅਕਾਡਮੀ ਲਈ ? ਕੀ ਕੋਈ ਸਮਾਂ ਨਿਸ਼ਚਿਤ ਕੀਤਾ ਹੈ; ਜੇਕਰ ਕੀਤਾ ਹੈ ਤਾਂ ਇਨ੍ਹਾਂ ਦਾ ਕੀ ਕਰਨ ਦਾ ਵਿਚਾਰ ਹੈ ?

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਆਨਰੇਬਲ ਮੈਂਬਰ ਦਾ ਸਵਾਲ ਲੱਡਾ ਕੋਠੀ ਵਿਖੇ ਸਪੋਰਟਸ ਅਕਾਡਮੀ ਕਾਇਮ ਕਰਨ ਬਾਰੇ ਸੀ। ਮੈਂ ਕਿਹਾ ਹੈ ਕਿ ਇਹ ਸਾਰਾ ਮਾਮਲਾ ਵਿਚਾਰ ਅਧੀਨ ਹੈ। ਇਸ ਮਾਮਲੇ ਤੇ ਸਾਰੀ ਚੀਜ਼ ਵਿਚਾਰੀ ਜਾ ਰਹੀ ਹੈ। ਪਿੱਛੇ ਕੋਈ ਐਸਾ ਫੈਸਲਾ ਨਹੀਂ ਹੋਇਆ ਜਿਸ ਦੇ ਮੁਤਾਬਿਕ ਇਹ ਸਪੋਰਟਸ ਅਕਾਡਮੀ ਉਥੇ ਕਾਇਮ ਹੋਣੀ ਸੀ। ਇਹ ਸਪੋਰਟਸ ਮੰਤਰੀ ਰਹੇ ਹਨ। ਆਪਣੇ ਵੇਲੇ ਇਨ੍ਹਾਂ ਨੇ ਇਕ ਮੀਟਿੰਗ ਕੀਤੀ ਸੀ ਔਰ ਇਸ ਵਾਸਤੇ ਪਰਮਾਨੈਂਟ ਲੋਕੇਸ਼ਨ ਜਿਹੜੀ ਹੈ ਉਹ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਹੋਵੇਗੀ, ਇਹ ਉਸ ਵੇਲੇ ਫੈਸਲਾ ਹੋਇਆ ਸੀ ਔਰ ਪਰਮਾਨੈਂਟ ਬੇਸਿਜ਼ ਉਤੇ ਜ਼ਮੀਨ ਲੈਣ ਲਈ ਵੀ ਲਿਖ ਦਿੱਤਾ ਗਿਆ ਸੀ। ਪਰ ਰਿਕਾਰਡ ਮੁਤਾਬਿਕ ਉਸ ਮੀਟਿੰਗ ਵਿਚ ਜ਼ਿਕਰ ਆਇਆ ਹੈ ਕਿ ਆਰਜ਼ੀ ਤੌਰ ਤੇ ਇਸ ਦਾ ਕੈਂਪ ਆਫਿਸ ਲੱਡਾ ਕੋਠੀ ਵਿਖੇ ਰੱਖਿਆ ਜਾਵੇ। ਉਸ ਤੋਂ ਬਾਅਦ ਫਰਵਰੀ ਦੇ ਮਹੀਨੇ ਵਿਚ ਇਨ੍ਹਾਂ ਨੇ ਅਕਾਡਮੀ ਵਾਸਤੇ ਇਕ ਨੀਂਹ ਪੱਥਰ ਵੀ ਬਣਵਾਇਆ ਸੀ ਪਰ ਉਹ ਇਨ੍ਹਾਂ ਨੇ ਆਪ ਹੀ ਡਿਸਟਰਾਏ ਕਰ ਦਿੱਤਾ ਲੇਕਿਨ ਉਸ ਦਾ ਕੋਈ ਰਿਕਾਰਡ ਸਾਡੀਆਂ ਫਾਈਲਾਂ ਵਿਚ ਮੌਜੂਦ ਨਹੀਂ ਹੈ। ਇਨ੍ਹਾਂ ਨੇ ਆਪ ਹੀ ਇਹ ਫੈਸਲਾ ਕੀਤਾ ਸੀ ਕਿ ਇਹ ਅਕਾਡਮੀ ਮੁਹਾਲੀ ਵਿਖੇ ਹੋਵੇਗੀ ਔਰ ਇਸ ਦਾ ਨੀਂਹ ਪੱਥਰ ਵੀ ਆਪ ਹੀ ਡਿਸਟਰਾਏ ਕਰ ਦਿੱਤਾ ਗਿਆ ਪਰ ਕੋਈ ਇਸ ਤਰ੍ਹਾਂ ਦੀ ਚੀਜ਼ ਰਿਕਾਰਡ ਤੇ ਨਹੀਂ ਹੈ। ਮੈਂ ਬੇਨਤੀ ਕੀਤੀ ਹੈ ਕਿ ਲੱਡਾ ਕੋਠੀ ਅੱਛੀ ਸਾਈਟ ਹੈ, ਉਥੇ ਸਪੋਰਟਸ ਦਾ ਕੰਮ ਚਲਦਾ ਵੀ ਰਿਹਾ ਹੈ। ਅਰਲੀ ਸਿਕਸਟੀਜ਼ ਦੇ ਵਿਚ ਵੀ ਇਹ ਮਸਲਾ ਸਰਕਾਰ ਦੇ ਵਿਚਾਰ ਅਧੀਨ ਆਇਆ ਸੀ। ਅਸੀ ਚਾਹੁੰਦੇ ਹਾਂ ਕਿ ਜਿੱਥੇ ਅੱਛੀ ਸਾਈਟ ਵੀ ਹੋਵੇ ਅਤੇ ਅੱਛਾ ਐਟਮਾਸਫੀਅਰ ਵੀ ਮਿਲੇ ਉਸ ਸਾਈਟ ਨੂੰ ਪ੍ਰਾਪਰਲੀ ਯੂਟੇਲਾਈਜ਼ ਕਰ ਸਕੀਏ। ਸੋ ਇਹ ਸਾਰਾ ਮਸਲਾ ਵੇਖ ਰਹੇ ਹਾਂ। ਸਪੋਰਟਸ ਦੇ ਮਸਲੇ ਵਿਚ, ਜਦੋਂ ਦੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਹੈ, ਇਸ ਨੂੰ ਉੱਨਤ ਕਰਨ ਲਈ ਬਹੁਤ ਉਪਰਾਲੇ ਕੀਤੇ ਗਏ ਹਨ ਔਰ ਪੰਜਾਬ ਸਪੋਰਟਸ ਦੀ ਨਰਸਰੀ ਕਹੀ ਜਾਂਦੀ ਹੈ। ਸਾਨੂੰ ਜਿਹੜੇ ਵੀ ਐਵੇਨਿਊਜ਼ ਮਿਲਦੇ ਹਨ ਉਹ ਲਏ ਜਾਂਦੇ ਹਨ। ਸਾਡੀ ਸਕਰਾਰ ਨੇ ਪਿੱਛੇ ਜਿਹੜੇ ਬਹੁਤ ਪੁਰਾਣੇ ਐਥਲੀਟਸ ਸਨ ਉਨ੍ਹਾਂ ਨੂੰ ਇਕ ਲੱਖ ਰੁਪਿਆ ਦੇ ਕੇ ਆਸਟਰੇਲੀਆ ਭੇਜਿਆ ਸੀ ਔਰ ਉਹ ਉਥੋਂ 4 ਮੈਡਲ ਲੈ ਕੇ ਆਏ ਸਨ ਜਿਹੜੀ ਕਿ ਸਪੋਰਟਸ ਦੀ ਹਿਸਟਰੀ ਵਿਚ ਇਕ ਯੂਨੀਕ ਚੀਜ਼ ਹੈ। ਬਾਕੀ ਜਿਹੜਾ ਲੱਡਾ ਕੋਠੀ ਬਾਰੇ ਸਵਾਲ ਹੈ ਇਸ ਨੂੰ ਐਕਟਿਵਲੀ ਕੰਸਿਡਰ ਕੀਤਾ ਜਾ ਰਿਹਾ ਹੈ। ਅਸੀਂ ਇਸ ਨੂੰ ਪਰੋਫਿਟੇਬਲੀ ਯੂਟੇਲਾਈਜ਼ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬਹੁਤ ਲੰਬਾ ਚੌੜਾ ਜਵਾਬ ਦਿੱਤਾ ਹੈ। ਅਸਲ ਗੱਲ ਤਾਂ ਇਹ ਹੈ ਕਿ ਇਸ ਵਾਸਤੇ ਸਿਰਫ 2 ਲੱਖ ਰੁਪਿਆ ਰਖਿਆ ਜਾਂਦਾ ਰਿਹਾ ਹੈ ਜਿਹੜਾ ਕਿ ਬਹੁਤ ਥੋੜਾ ਹੈ। ਇਹ ਤਾਂ ਇਕ ਕਰੋੜ ਰੁਪਏ ਨਾਲ ਵੀ ਪੂਰਾ ਨਹੀਂ ਹੋ ਸਕਦਾ। ਪਿਛੇ ਜਿਹੇ ਫੈਸਲਾ ਹੋਇਆ ਸੀ ਕਿ

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਜਿਹੜਾ ਉਥੇ ਪੁਲਿਸ ਸੈਂਟਰ ਹੈ ਉਸ ਨੂੰ ਖਾਲੀ ਕਰਵਾ ਕੇ ਉਥੇ ਇਹ ਕੰਪਲੈਕਸ ਬਣਾਇਆ ਜਾਵੇ। ਪਰ ਜਿਸ ਤਰ੍ਹਾਂ ਨਾਲ ਇਹ 2 ਲੱਖ ਰੁਪਿਆ ਰਖਦੇ ਹਨ ਇਸ ਤਰ੍ਹਾਂ ਨਾਲ ਤਾਂ 10-12 ਸਾਲ ਵਿਚ ਇਹ ਮਸਲਾ ਹੱਲ ਨਹੀਂ ਹੋਣਾ। ਫਿਰ ਸਪੀਕਰ ਸਾਹਿਬ, ਮੈਂ ਇਹ ਵੀ ਦਸਦਾ ਹਾਂ ਕਿ ਪਿਛੇ ਜਿਹੇ ਡਾਇਰੈਕਟੋਰੇਟ ਦੇ ਮੁਲਾਜ਼ਮਾਂ ਨੂੰ ਚਿੱਠੀਆਂ ਵੀ ਲਿਖੀਆਂ ਗਈਆਂ ਸਨ ਜਿਨ੍ਹਾਂ ਵਿਚ ਉਨ੍ਹਾਂ ਦੀ ਜਲੰਧਰ ਜਾਣ ਲਈ ਆਪਸ਼ਨ ਮੰਗੀ ਗਈ ਸੀ ਕਿ ਕਿਹੜੇ ਕਿਹੜੇ ਮੁਲਾਜ਼ਮ ਜਲੰਧਰ ਜਾਣ ਲਈ ਤਿਆਰ ਹਨ। ਪਰ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਸਾਨੂੰ ਇਸ ਬਾਰੇ ਪਤਾ ਨਹੀਂ। ਮੈਂ ਇਨ੍ਹਾਂ ਨੂੰ ਇਨ੍ਹਾਂ ਚਿੱਠੀਆਂ ਦੀਆਂ ਫੋਟੋ-ਸਟੇਟ ਕਾਪੀਆਂ ਦੇਣ ਲਈ ਤਿਆਰ ਹਾਂ। ਕੀ ਇਹ ਹਾਊਸ ਨੂੰ ਯਕੀਨ ਦਿਵਾਉਣਗੇ ਕਿ ਲੱਡਾ ਕੋਠੀ ਵਿਖੇ ਇਹ ਸਪੋਰਟਸ ਕੰਪਲੈਕਸ ਬਣਾਇਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਬੜਾ ਸਪੱਸ਼ਟ ਦਿੱਤਾ ਸੀ। ਮੈਂ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਲੱਡਾ ਕੋਠੀ ਨੂੰ ਸਪੋਰਟਸ ਕੰਪਲੈਕਸ ਵਿਚ ਬਦਲਣ ਵਾਸਤੇ ਇਨ੍ਹਾਂ ਨੇ ਕੋਈ ਸਟੈਪਸ ਨਹੀਂ ਲਏ ਸਨ ਸਿਵਾਏ ਉਥੇ ਨੀਂਹ ਪੱਥਰ ਰੱਖਣ ਦੇ। ਇਹ ਤਾਂ ਜ਼ਮੀਨ ਦਾ ਕਬਜ਼ਾ ਵੀ ਨਹੀਂ ਲੈ ਸਕੇ। ਅਸੀਂ ਇਹ ਕਬਜ਼ਾ ਲੈਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਾਂ, ਔਰ ਜਿੰਨੇ ਵੀ ਸਪੋਰਟਸ ਦੇ ਸਬੰਧ ਵਿਚ ਚੰਗੇ ਕੰਮ ਅਸੀਂ ਕਰ ਸਕਦੇ ਹੋਏ, ਉਹ ਜ਼ਰੂਰ ਕਰਾਂਗੇ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਪੰਜਾਬ ਸਪੋਰਟਸ ਦੀ ਨਰਸਰੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੱਡਾ ਕੋਠੀ ਵਿਖੇ ਜਿਹੜਾ ਸਪੋਰਟਸ ਕੰਪਲੈਕਸ ਬਣਨਾ ਹੈ ਕੀ ਇਹ ਉਸ ਨੂੰ ਇਗਨੋਰ ਕਰਕੇ ਕੋਈ ਹੋਰ ਜਗ੍ਹਾ ਤਾਂ ਨਹੀਂ ਚੁਣ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬੋਤਲ ਉਹੀ ਰੱਖੀ ਹੈ ਸਿਰਫ ਥੋੜਾ ਜਿਹਾ ਰੰਗ ਬਦਲਿਆ ਹੈ। ਇਹ ਸਾਰੀ ਚੀਜ਼ ਐਕਟਿਵ ਕੰਸੀਡਰੇਸ਼ਨ ਥੱਲੇ ਹੈ ਔਰ ਲੱਡਾ ਕੋਠੀ ਦੀ ਮਹੱਤਤਾ ਨੂੰ ਵੇਖਦੇ ਹੋਏ ਜਲਦੀ ਹੀ ਫੈਸਲਾ ਕੀਤਾ ਜਾਵੇਗਾ।

ਮਾਸਟਰ ਚੰਦ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਫੈਸਲਾ ਕਦੋਂ ਤੱਕ ਕਰ ਦਿੱਤਾ ਜਾਵੇਗਾ, ਕੀ ਇਹ ਇਸ ਨੂੰ ਡੇਟ-ਬਾਊਂਡ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਤਾਰੀਖ ਦੀ ਬਹੁਤ ਕਦਰ ਕਰਦੇ ਹਨ। ਲੇਕਿਨ ਇਹ ਜਿਹੜਾ ਮਸਲਾ ਹੈ ਇਸ ਲਈ ਸਾਡੀਆਂ ਪੂਰੀਆਂ ਕੋਸ਼ਿਸ਼ਾਂ ਹਨ। ਜਲਦੀ ਫੈਸਲਾ ਕਰਾਂਗੇ। We have a mind to profitably utilise this site, this venue and this building.

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਪੋਰਟਸ ਵਿਚ ਇਨ੍ਹਾਂ ਦੀ ਬੜੀ ਦਿਲਚਸਪੀ ਹੈ ਪਰ ਇਹ ਟਾਈਮ ਬਾਊਂਡ ਨਹੀਂ ਕਰ ਸਕਦੇ ਕਿਉਂਕਿ ਉਥੇ ਅਫਸਰਾਂ ਦੀ ਘਾਟ ਹੈ। ਡਿਪਟੀ ਡਾਇਰੈਕਟਰ ਦੀ ਪੋਸਟ ਖਾਲੀ ਪਈ ਹੈ। ਕੀ ਇਹ ਇਸ ਪੋਸਟ ਨੂੰ ਜਲਦੀ ਭਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਬਿਲਕੁਲ ਇਸ ਸਵਾਲ ਨਾਲ ਰਿਲੇਟ ਨਹੀਂ ਕਰਦਾ । ਇਹ ਨਵਾਂ ਨੋਟਿਸ ਦੇ ਦੇਣ ।

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਇਹ ਸਰਕਾਰ ਹਰੀਜਨਾਂ ਦਾ ਬਹੁਤ ਧਿਆਨ ਰਖਦੀ ਹੈ । 1977 ਤੋਂ ਇਸ ਡਿਪਾਰਟਮੈਂਟ ਵਿਚ ਡਿਪਟੀ ਡਾਇਰੈਕਟਰ ਦੀ ਪੋਸਟ ਖਾਲੀ ਪਈ ਹੈ ਕਿਉਂਕਿ ਉਥੇ ਸ਼ਡਿਊਲਡ ਕਾਸਟ ਆਦਮੀ ਐਪੁਆਇੰਟ ਹੋਣਾ ਸੀ । ਕੀ ਸਰਕਾਰ ਹੁਣ ਇਸ ਮਾਮਲੇ ਤੇ ਵਿਚਾਰ ਕਰਕੇ ਉਥੇ ਸ਼ਡਿਊਲਡ ਕਾਸਟ ਆਦਮੀ ਲਾ ਕੇ ਇਹ ਪੋਸਟ ਭਰ ਦੇਵੇਗੀ ਅਤੇ ਕਦੋਂ ਤੱਕ ਇਹ ਪੋਸਟ ਭਰੀ ਜਾਵੇਗੀ । ਕੋਈ ਸਪੈਸੇਫਿਕ ਮਿਤੀ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਬੰਧ ਵਿਚ ਇਨ੍ਹਾਂ ਦਾ ਸਵਾਲ ਸੀ ਪਰੰਤੂ ਜਿਸ ਵੇਲੇ ਤੁਸੀਂ ਕਾਲ ਅਪਾਨ ਕੀਤਾ ਉਸ ਵੇਲੇ ਮੈਂਬਰ ਸਾਹਿਬ ਹਾਜ਼ਰ ਨਹੀਂ ਸਨ । ਇਸ ਕਰਕੇ ਤੁਸੀਂ ਉਹ ਸਵਾਲ ਨਹੀਂ ਲੈ ਸਕੇ । ਮੈਂ ਬੇਨਤੀ ਕਰਾਂਗਾ ਕਿ ਜੋ ਸਪਲੀਮੈਂਟਰੀ ਹੁੰਦੀ ਹੈ ਉਸ ਦਾ ਅਸਲ ਮੰਤਵ ਇਹ ਹੁੰਦਾ ਹੈ ਉਹ ਉਸੇ ਸਵਾਲ ਦੇ ਕੁਨੈਕਸ਼ਨ ਵਿਚ ਹੋਵੇ । ਇਹ ਜਿਹੜੀ ਸਪਲੀਮੈਂਟਰੀ ਇਨ੍ਹਾਂ ਨੇ ਕੀਤੀ ਹੈ ਇਹ ਇਸ ਸਵਾਲ ਨਾਲ ਰਿਲੇਟ ਨਹੀਂ ਕਰਦੀ । ਇਹ ਵਖਰਾ ਨੋਟਿਸ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਹੁਣ ਤਾਂ ਪਹਿਲੇ ਵਾਲਾ ਸਵਾਲ ਅਲਾਓ ਕਰ ਦਿਓ । ਮਨਿਸਟਰ ਸਾਹਿਬ ਜਵਾਬ ਦੇਣ ਲਈ ਤਿਆਰ ਹਨ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਡਿਪਾਰਟਮੈਂਟ ਨੇ ਗਲਤ ਇਨਫਰਮੇਸ਼ਨ ਦਿੱਤੀ ਹੈ । ਅਸਲ ਗੱਲ ਇਹ ਹੈ ਕਿ ਪਿਛੇ ਜਿਹੇ ਆਈ.ਜੀ. ਨੇ ਸੰਗਰੂਰ ਦੇ ਐਸ.ਐਸ.ਪੀ. ਨੂੰ ਲਿਖਿਆ ਸੀ ਕਿ ਉਹ ਡਿਸਟ੍ਰਿਕਟ ਸਪੋਰਟਸ ਅਫਸਰ ਕੋਲੋਂ ਚਾਰਜ ਲੈ ਲਵੇ ਅਤੇ ਇਨ੍ਹਾਂ ਵਲੋਂ ਡਿਸਟ੍ਰਿਕਟ ਸਪੋਰਟਸ ਅਫਸਰ ਨੂੰ ਲਿਖਿਆ ਗਿਆ ਸੀ ਕਿ ਉਹ ਚਾਰਜ ਐਸ.ਐਸ.ਪੀ. ਨੂੰ ਦੇ ਦੇਵੇ । ਇਸ ਤਰ੍ਹਾਂ ਨਾਲ ਉਹ ਚਾਰਜ ਐਸ.ਐਸ.ਪੀ. ਨੂੰ ਦਿੱਤਾ ਗਿਆ ਸੀ । ਪਰ ਇਹ ਦੱਸ ਨਹੀਂ ਰਹੇ ਇਹ ਗਲਤ ਬਿਆਨੀ ਕਿਉਂ ਕਰ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਕੋਈ ਗਲਤ ਬਿਆਨੀ ਨਹੀਂ ਕੀਤੀ ਅਤੇ ਜੇ ਮੈਂ ਇਹ ਕਹਾਂ ਕਿ ਇਹ ਗਲਤ ਬਿਆਨੀ ਕਰ ਰਹੇ ਹਨ ਤਾਂ ਇਹ ਕੀ ਜਵਾਬ ਦੇ ਸਕਦੇ ਹਨ ?

Mr. Speaker : Next question No. 763.

WALK-OUT

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ, ਹਰ ਸਪਲੀਮੈਂਟਰੀ ਦਾ ਜਵਾਬ ਤੋੜ ਮੋੜ ਕੇ ਦੇਈ ਜਾ ਰਹੇ ਹਨ ਜਦ ਕਿ ਇਸ ਦੇ ਵਿਚ ਰਿਜ਼ਰਵੇਸ਼ਨ ਦਾ ਸਵਾਲ ਇਨਵਾਲਵਡ ਹੈ । ਸਰਕਾਰ ਰਿਜ਼ਰਵੇਸ਼ਨ ਪੂਰੀ ਨਹੀਂ ਕਰ ਰਹੀ । ਤੁਸੀਂ ਸਾਨੂੰ ਸਪਲੀਮੈਂਟਰੀ ਕਰਨ ਨਹੀਂ ਦਿੰਦੇ । ਇਸ ਲਈ ਅਸੀਂ ਐਜ਼ ਏ ਪ੍ਰੋਟੈਸਟ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਸਰਦਾਰ ਬਸੰਤ ਸਿੰਘ ਖਾਲਸਾ, ਵੈਦ ਕਰਤਾਰ ਸਿੰਘ, ਸਰਦਾਰ ਦਲੀਪ ਸਿੰਘ ਪਾਂਧੀ, ਜੱਥੇਦਾਰ ਗੁਰਬਚਨ ਸਿੰਘ, ਗਿਆਨੀ ਕੁੰਦਨ ਸਿੰਘ ਪਤੰਗ ਅਤੇ ਸਰਦਾਰ ਸਰਵਣ ਸਿੰਘ ਸਦਨ ਵਿਚੋਂ ਵਾਕ-ਆਊਟ ਕਰ ਗਏ ।)

STARRED QUESTIONS AND ANSWERS (*Resumption*)

Mr. Speaker : Next question No. 763.

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਸਪਲੀਮੈਂਟਰੀ ਦਾ ਜਵਾਬ ਠੀਕ ਨਹੀਂ ਦੇ ਰਹੇ । ਇਨ੍ਹਾਂ ਨੂੰ ਜਵਾਬ ਠੀਕ ਦੇਣਾ ਚਾਹੀਦਾ ਹੈ । ਇਸ ਮਹਿਕਮੇ ਵਿਚ 2-3 ਸਾਲਾਂ ਤੋਂ ਪੋਸਟਾਂ ਖਾਲੀ ਪਈਆਂ ਹਨ । ਇਹ ਕਹਿੰਦੇ ਹਨ ਕਿ ਸੈਪਰੇਟ ਨੋਟਿਸ ਦੇ ਦਿਓ । ਜੇ ਪੋਸਟਾਂ ਭਰਨਗੇ ਤਦ ਹੀ ਮਹਿਕਮੇ ਦੀ ਡਿਵੈਲਪਮੈਂਟ ਹੋਵੇਗੀ ਔਰ ਰਿਜ਼ਰਵੇਸ਼ਨ ਮਹਿਕਮੇ ਵਿਚ ਪੂਰੀ ਹੋਵੇਗੀ । ਇਸ ਲਈ ਇਹ ਸਪਲੀਮੈਂਟਰੀ ਸਵਾਲ ਨਾਲ ਰੀਲੇਟ ਕਰਦੀਆਂ ਹਨ । ਵਜ਼ੀਰ ਸਾਹਿਬ ਨੂੰ ਇਨ੍ਹਾਂ ਦਾ ਜਵਾਬ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਲੂੰਬਾ ਜੀ, ਗੱਲ ਇਹ ਹੈ ਕਿ ਹਰ ਰੋਜ਼ ਕੁਐਸਚਨ ਹਾਊਸ ਵਿੱਚ ਆ ਰਹੇ ਹਨ । ਇਹ ਕੁਐਸਚਨ ਹਰ ਡਿਪਾਰਟਮੈਂਟ ਦੇ ਨਾਲ ਰਿਲੇਟ ਕਰਦੇ ਹਨ ਅਤੇ ਉਸ ਉਤੇ ਮੈਂਬਰ ਸਾਹਿਬਾਨ ਸਪਲੀਮੈਂਟਰੀਜ਼ ਕਰਦੇ ਹਨ । ਜਿਥੋਂ ਤੱਕ ਰਿਜ਼ਰਵੇਸ਼ਨ ਦੀ ਗੱਲ ਹੈ, ਇਸ ਸਬੰਧੀ ਕਾਫੀ ਸਵਾਲ ਹਾਊਸ ਵਿਚ ਆ ਚੁੱਕੇ ਹਨ ਅਤੇ ਇਸ ਰਿਜ਼ਰਵੇਸ਼ਨ ਦੇ ਬੈਕਲੌਗ ਨੂੰ ਪੂਰਾ ਕਰਨ ਲਈ ਸਰਕਾਰ ਵਲੋਂ ਕੀਤੇ ਜਾ ਰਹੇ ਉਪਰਾਲੇ ਬਾਰੇ ਵੇਰਵੇ ਸਹਿਤ ਦਸਿਆ ਜਾਂਦਾ ਰਿਹਾ ਹੈ । ਮੇਰਾ ਖਿਆਲ ਹੈ ਕਿ ਹਰ ਸਿਟਿੰਗ ਵਿਚ ਇਸ ਤਰ੍ਹਾਂ ਦੇ ਸਵਾਲ ਆਉਂਦੇ ਹਨ । ਸਰਕਾਰ ਸਾਰੀ ਇਨਫਰਮੇਸ਼ਨ ਦੇ ਰਹੀ ਹੈ । ਹੁਣ ਮੈਂ ਨੈਕਸਟ ਕੁਐਸਚਨ ਕਾਲ ਅਪਾਨ ਕਰ ਲਿਆ ਹੈ । ਕੱਲ੍ਹ ਇਕ ਮੈਂਬਰ ਦਾ ਸਵਾਲ ਸੀ ਪਰ ਉਹ ਹਾਜ਼ਰ ਨਹੀਂ ਸਨ, ਫਿਰ ਵੀ ਮੈਂ ਉਹ ਅਲਾਓ ਕਰ ਦਿੱਤਾ ਸੀ ਅਤੇ ਉਸ ਤੇ ਸਪਲੀਮੈਂਟਰੀਜ਼ ਵੀ ਹੋਈਆਂ ਸਨ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਤੁਸੀਂ ਹੁਣ ਨੈਕਸਟ ਕੁਐਸਚਨ ਕਾਲ ਅਪਾਨ ਕਰ ਚੁੱਕੇ ਹੋ । ਪਰ ਮੇਰੀ ਅਰਜ਼ ਇਹ ਹੈ ਕਿ ਸਪੋਰਟਸ ਮਹਿਕਮੇ ਦਾ ਸਵਾਲ ਚਲ ਰਿਹਾ ਸੀ । ਇਸ ਮਹਿਕਮੇ ਵਿਚ 2-3 ਸਾਲਾਂ ਤੋਂ ਪੋਸਟਾਂ ਨਹੀਂ ਭਰੀਆਂ ਗਈਆਂ । ਉਥੇ ਰਿਜ਼ਰਵੇਸ਼ਨ ਦਾ ਬੈਕਲੌਗ ਹੈ, ਉਸ ਨੂੰ ਪੂਰਾ ਕਰਨ ਸਬੰਧੀ ਕੀਤੀ ਗਈ ਸਪਲੀਮੈਂਟਰੀ ਇਸ ਸਵਾਲ ਨਾਲ ਰੀਲੇਟ ਕਰਦੀ ਹੈ । ਇਸ ਦਾ ਜਵਾਬ ਵਜ਼ੀਰ ਸਾਹਿਬ ਨੂੰ ਦੇ ਦੇਣਾ ਚਾਹੀਦਾ ਸੀ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਹਰ ਮਹਿਕਮੇ ਵਿਚ ਰਿਜ਼ਰਵੇਸ਼ਨ ਪੂਰੀ ਨਹੀਂ ਹੈ । ਇਹ ਰਿਜ਼ਰਵੇਸ਼ਨ ਕੇਵਲ ਸਪੋਰਟਸ ਮਹਿਕਮੇ ਵਿਚ ਹੀ ਪੂਰੀ ਨਹੀਂ ਬਲਕਿ ਹਰ ਮਹਿਕਮੇ ਵਿਚ ਰਿਜ਼ਵੇਸ਼ਨ ਪੂਰੀ ਨਹੀਂ ਹੈ । ਸਰਕਾਰ ਕਹਿ ਦਿੰਦੀ ਹੈ ਕਿ ਕਰ ਦਿੱਤੀ ਜਾਵੇਗੀ ਪਰ ਕਰਦੀ ਕੁਝ ਨਹੀਂ ਹੈ । ਵਜ਼ੀਰ ਸਾਹਿਬ ਨੂੰ ਅਗਰ ਪੁੱਛੋ ਤਾਂ ਕਹਿ ਦਿੰਦੇ ਹਨ ਕਿ ਅਲੱਗ ਨੋਟਿਸ ਦੇ ਦਿਓ । ਸਪੀਕਰ ਸਾਹਿਬ, ਇਹ ਤੁਹਾਡੀ ਪਾਵਰ ਹੈ ਕਿ ਤੁਸੀਂ ਕਿਸੇ ਸਵਾਲ ਨੂੰ ਅਲਾਓ ਕਰੋ ਜਾਂ ਨਾ ਕਰੋ ਜਾਂ ਤੁਸੀਂ ਇਸ ਤੇ ਹੋਰ ਸਪਲੀਮੈਂਟਰੀ ਅਲਾਓ ਕਰ ਦਿਓ । ਬਹੁਤ ਸਾਰੇ ਮੈਂਬਰਜ਼ ਉਤਸੁਕ ਹਨ ਇਸ ਤੇ ਸਪਲੀਮੈਂਟਰੀ ਕਰਨ ਲਈ, ਇਸ ਲਈ ਤੁਸੀਂ ਆਪਣੀ ਅਥਾਰਿਟੀ ਨੂੰ ਵਰਤ ਕੇ ਅਲਾਓ ਕਰ ਦਿਓ ।

ਸ੍ਰੀ ਸਪੀਕਰ : ਚੋਪੜਾ ਸਾਹਿਬ, ਮੈਂ ਅਲਾਓ ਕਰਦਾ ਰਿਹਾ ਹਾਂ । ਇਸੇ ਤਰ੍ਹਾਂ ਮੈਂ ਕੱਲ੍ਹ ਵੀ ਅਲਾਓ ਕੀਤਾ ਸੀ । ਜਿਸ ਤਰ੍ਹਾਂ ਕੱਲ੍ਹ ਸਬੰਧਤ ਮੈਂਬਰ ਸਾਹਿਬ ਹਾਊਸ ਵਿਚ ਹਾਜ਼ਰ ਨਹੀਂ ਸਨ ਪਰ ਮੈਂ ਉਨ੍ਹਾਂ ਦਾ ਸਵਾਲ ਪੁੱਟ ਕਰਵਾ ਦਿਤਾ ਸੀ ਅਤੇ ਉਸ ਸਵਾਲ ਤੇ ਸਪਲੀਮੈਂਟਰੀਜ਼ ਵੀ ਅਲਾਓ ਕੀਤੀਆਂ ਸਨ । ਹੁਣ ਚੂੰਕਿ ਮੈਂ ਨੈਕਸਟ ਕੁਐਸਚਨ ਕਾਲ ਐਲਾਨ ਕਰ ਚੁੱਕਾ ਹਾਂ ਇਸ ਲਈ ਤੁਸੀਂ ਇਸ ਗੱਲ ਨੂੰ ਭੁਲ ਜਾਓ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਤੁਹਾਡੇ ਕੋਲ ਪਾਵਰਜ਼ ਹਨ । ਤੁਸੀਂ ਅਲਾਓ ਕਰ ਸਕਦੇ ਹੋ ।

ਸ੍ਰੀ ਸਪੀਕਰ : ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਦੇ ਸਵਾਲ ਰਹਿੰਦੇ ਹਨ ਅਤੇ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਰਾਈਟ ਤੇ ਅਫੈਕਟ ਪਵੇਗਾ ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਮੈਂਬਰ ਹਾਊਸ ਵਿਚ ਹਾਜ਼ਰ ਨਹੀਂ ਸੀ । ਅਗਰ ਇਸ ਸਵਾਲ ਨੂੰ ਕੱਲ੍ਹ ਦੇ ਏਜੰਡੇ ਤੇ ਲੈ ਲਿਆ ਜਾਵੇ ਤਾਂ ਤੁਹਾਡੀ ਬੜੀ ਮੇਹਰਬਾਨੀ ਹੋਵੇਗੀ ।

ਸ੍ਰੀ ਸਪੀਕਰ : ਜੇ ਮੈਨੂੰ ਰੂਲਜ਼ ਇਜਾਜ਼ਤ ਦਿੰਦੇ ਹੋਣਗੇ, ਫਿਰ ਮੈਂ ਵੇਖ ਲਵਾਂਗਾ । ਅਗਲਾ ਸੁਆਲ ਨੰ: 763 ।

INSTALLATION OF SHUNT CAPACITORS

*763 (1) **Sardar Sukhdev Singh Dhindsa**
(2) **Sardar Baldev Singh Mann** : Will the Chief Minister be pleased to state—

(a) whether the Punjab State Electricity Board have given notice to the farmers to instal shunt capacitors with their electric motors (tubewells); if so, the reasons therefor ?

(b) whether it is a fact that the farmers have been asked to get the shunt capacitors from some specific manufacturing firms only; if so, the reasons therefor ?

Sardar Darbara Singh : (a) Installation of shunt capacitors so to achieve a power factor of 85% is compulsory since 1976, in order to improve the voltage and to save energy.

(b) No, Sir. Question does not arise.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸ਼ੰਟ ਕੈਪੈਸੀਟਰਜ਼ ਮੋਟਰਾਂ ਤੇ ਲਗਾਉਣ ਨਾਲ 85% ਪਾਵਰ ਫੈਕਟਰ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਮੋਟਰਾਂ 1976 ਤੋਂ ਪਹਿਲੇ ਦੀਆਂ ਖਰੀਦੀਆਂ ਹੋਈਆਂ ਹਨ ਉਨ੍ਹਾਂ ਨੂੰ ਸ਼ੰਟ ਕੈਪੈਸੀਟਰਜ਼ ਸਰਕਾਰ/ ਬਿਜਲੀ ਬੋਰਡ ਖਰੀਦ ਕੇ ਦੇਵੇ। ਦੂਸਰੀ ਗੱਲ ਇਹ ਹੈ ਕਿ ਕੁਝ ਖਾਸ ਖਾਸ ਫਰਮਾਂ ਤੋਂ ਹੀ ਸ਼ੰਟ ਕੈਪੈਸੀਟਰਜ਼ ਖਰੀਦਣ ਲਈ ਕਿਹਾ ਜਾਂਦਾ ਹੈ। ਅਗਰ ਹੋਰ ਕਿਸੇ ਫਰਮ ਤੋਂ ਇਹ ਲਿਆ ਜਾਵੇ ਤਾਂ ਇਹ ਕੁਨੈਕਸ਼ਨ ਨਹੀਂ ਦਿੰਦੇ। ਜਿਨ੍ਹਾਂ ਨੇ 1976 ਤੋਂ ਪਹਿਲਾਂ ਦੀਆਂ ਮੋਟਰਾਂ ਲਗਾਈਆਂ ਹੋਈਆਂ ਹਨ ਉਨ੍ਹਾਂ ਦੇ ਡੀਮਾਂਡ ਨੋਟਿਸਾਂ ਵਿਚ ਇਹ ਚੀਜ਼ ਨਹੀਂ ਸੀ, ਉਨ੍ਹਾਂ ਨੂੰ ਵੀ ਸ਼ੰਟ ਕੈਪੈਸੀਟਰ ਲਗਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਬਿਜਲੀ ਬੋਰਡ ਦੇ ਮੁਲਾਜ਼ਮ ਕਿਸਾਨਾਂ ਨੂੰ ਕਹਿੰਦੇ ਹਨ ਕਿ ਖਾਸ ਖਾਸ 15-16 ਫਰਮਾਂ ਹਨ ਜਿਥੋਂ ਸ਼ੰਟ ਕੈਪੈਸੀਟਰਜ਼ ਖਰੀਦੋਗੇ ਫਿਰ ਸਪਲਾਈ ਦੇਵਾਂਗੇ ਅਤੇ ਫਿਰ ਪਾਸ ਕਰਾਂਗੇ। ਇਸ ਦੇ ਕੀ ਕਾਰਨ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਜਾਣਦੇ ਹਨ ਕਿ ਬਿਜਲੀ ਦੇ ਲਾਸਿਜ਼ ਨੂੰ ਬਚਾਉਣ ਲਈ ਸ਼ੰਟ ਕੈਪੈਸੀਟਰਜ਼ ਦੀ ਲੋੜ ਪਈ ਹੈ। ਇਸ ਦੇ ਲਗਾਉਣ ਨਾਲ ਕੋਈ ਮਾੜੀ ਗੱਲ ਨਹੀਂ ਹੋਈ ਹੈ। ਦੂਸਰੀ ਗੱਲ ਇਨ੍ਹਾਂ ਨੇ ਫਰਮਾਂ ਦੇ ਬਾਰੇ ਕਹੀ ਹੈ। ਕੁੱਲ 23 ਫਰਮਾਂ ਦੀ ਲਿਸਟ ਹੈ। ਇਹ ਫਰਮਾਂ ਆਈ. ਐਸ. ਆਈ. ਦੀ ਮੋਹਰ ਲਗਾ ਕੇ ਦਿੰਦੀਆਂ ਹਨ। ਇਹ ਇਸ ਕਰਕੇ ਕੀਤਾ ਹੈ ਤਾਕਿ ਕੋਈ ਐਂਵੇ ਡਿੱਬਾ ਜਿਹਾ ਨਾ ਲਗਾ ਲਵੇ। ਖਰੀਦਣ ਵਾਲਾ ਇਨ੍ਹਾਂ 23 ਫਰਮਾਂ ਦੇ ਵਿਚੋਂ ਕਿਸੇ ਕੋਲੋਂ ਖਰੀਦ ਸਕਦਾ ਹੈ। ਮੇਰੇ ਪਾਸ 23 ਫਰਮਾਂ ਦੇ ਨਾਂ ਵੀ ਹਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਨ੍ਹਾਂ ਨੇ 23 ਫਰਮਾਂ ਦਾ ਜ਼ਿਕਰ ਕੀਤਾ ਹੈ। ਇਹ ਫਰਮਾਂ ਸ਼ੰਟ ਕੈਪੈਸੀਟਰਜ਼ ਆਈ. ਐਸ. ਆਈ. ਦੀ ਮੋਹਰ ਲਾ ਕੇ ਵੇਚਦੀਆਂ ਹਨ। 3-3 ਵਾਰ ਮੋਟਰਾਂ ਕਿਸਾਨਾਂ ਦੀਆਂ ਸੜ ਗਈਆਂ ਹਨ। ਕੀ ਇਸ ਦੀ ਇਹ ਇਨਕੁਆਇਰੀ ਕਰਵਾਉਣਗੇ ? ਦੂਸਰੀ ਗੱਲ ਇਹ ਹੈ ਕਿ ਜਿਨ੍ਹਾਂ ਨੇ 1976 ਤੋਂ ਪਹਿਲਾਂ ਦੀਆਂ ਮੋਟਰਾਂ ਲਗਾਈਆਂ ਹੋਈਆਂ ਹਨ ਕੀ ਉਨ੍ਹਾਂ ਨੂੰ ਬੋਰਡ ਆਪਣੇ ਖਰਚੇ ਤੇ ਸ਼ੰਟ ਕੈਪੈਸੀਟਰਜ਼ ਲਗਾ ਕੇ ਦੇਣ ਲਈ ਤਿਆਰ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਸਾਰੇ ਸਵਾਲ ਦਾ ਜਵਾਬ ਦੇ ਦਿੱਤਾ ਹੈ। ਅਗਰ ਕਿਸੇ ਫਰਮ ਦੇ ਖਿਲਾਫ ਸ਼ਿਕਾਇਤ ਹੈ ਕਿ ਮੋਟਰ ਸੜ ਗਈ ਹੈ ਤਾਂ ਉਸ ਨੂੰ ਦੇਖਿਆ ਜਾ ਸਕਦਾ ਹੈ। ਪਰ ਕਈ ਵਾਰ ਬਿਜਲੀ ਦੀ ਟਰਿਪਿੰਗ ਕਰਕੇ ਮੋਟਰ ਸੜ੍ਹ ਜਾਂਦੀ ਹੈ ਜਾਂ ਉਸ ਦੀ ਬਨਾਵਟ ਕਰਕੇ ਵੀ ਸੜ ਜਾਂਦੀ ਹੈ।

ਸਰਦਾਰ ਬਲਦੇਵ ਸਿੰਘ ਮਾਨ : ਮੁੱਖ ਮੰਤਰੀ ਜੀ ਨੇ, ਸਪੀਕਰ ਸਾਹਿਬ, ਦਸਿਆ ਹੈ ਕਿ 23 ਫਰਮਾਂ ਹਨ। (ਵਿਘਨ) ਸਪੀਕਰ ਸਾਹਿਬ, ਸ਼ੰਟ ਕੈਪੈਸੀਟਰ ਬਿਲਕੁਲ ਬੇਕਾਰ ਹੀ ਮਿਲਦੇ ਹਨ। ਕਿਉਂਕਿ ਇਸ ਦੇ ਵਿਚ ਸਿਲਵਰ ਦੀ ਵਾਇਰ ਪੈਂਦੀ ਹੈ ਜੋ ਕਿ ਇਹ ਬਹੁਤ ਘੱਟ ਇਸਤੇਮਾਲ ਕਰਦੇ ਹਨ। ਇਸ ਲਈ ਉਸ ਦਾ ਫਾਇਦਾ ਨਹੀਂ ਹੁੰਦਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਸੁਝਾਓ ਦਿੰਦਾ ਹਾਂ ਕਿ ਜਿਸ ਤਰ੍ਹਾਂ ਬਿਜਲੀ ਬੋਰਡ ਵਾਲੇ ਮੀਟਰ ਲਗਾ ਕੇ ਜਾਂਦੇ ਹਨ ਉਸੇ ਤਰ੍ਹਾਂ ਹੀ ਇਹ ਕੰਮ ਉਨ੍ਹਾਂ ਨੂੰ ਦੇ ਦਿੱਤਾ ਜਾਵੇ ਅਤੇ ਉਹ ਕਨਜ਼ਿਊਮਰ ਤੋਂ

ਡੇਢ ਦੋ ਰੁਪਏ ਮਹੀਨਾ ਮੰਥਲੀ ਚਾਰਜ ਕਰਦੇ ਰਹਿਣ। ਇਸ ਤਰ੍ਹਾਂ ਕਰਨ ਨਾਲ ਕੰਮ ਠੀਕ ਹੋ ਜਾਏਗਾ। ਕੀ ਸੀ. ਐਮ. ਸਾਹਿਬ ਇਸ ਤਰ੍ਹਾਂ ਕਰਨ ਲਈ ਤਿਆਰ ਹਨ ?

ਮੁਖ ਮੰਤਰੀ : ਮੈਂਬਰ ਸਾਹਿਬ ਦੀ ਤਜਵੀਜ਼ ਠੀਕ ਹੈ। ਮਗਰ ਫਿਰ ਇਥੇ ਇਲੈਕਟ੍ਰੀ-ਸਿਟੀ ਬੋਰਡ ਬਾਰੇ ਸਵਾਲ ਆਉਣਾ ਹੈ ਕਿ ਇਨ੍ਹਾਂ ਨੇ ਬੋਗਸ ਕੰਮ ਕੀਤਾ ਹੈ ਕਿਉਂਕਿ ਸ਼ੰਟ ਕੈਪੈਸਟਰਜ਼ ਕਿਸੇ ਫਰਮ ਤੋਂ ਹੀ ਉਨ੍ਹਾਂ ਨੇ ਲੈਣੇ ਹਨ। ਜਿਸ ਫਰਮ ਨੇ ਮੀਟਰ ਇਹ ਬਣਾਉਣੇ ਹਨ, ਉਥੇ ਆਈ. ਐਸ. ਆਈ. ਦੀ ਮੋਹਰ ਲਗ ਜਾਵੇ ਅਤੇ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਦਾ ਕੋਈ ਬੰਦਾ ਮੁਕੱਰਰ ਕਰਕੇ ਉਸ ਨੂੰ ਚੈਕ ਕਰ ਲਵੇ ਕਿ ਇਹ ਠੀਕ ਹੈ ਜਾਂ ਨਹੀਂ। ਅਗਰ ਸ਼ੰਟ ਕੈਪੈਸਟਰਜ਼ ਠੀਕ ਹੋਣ ਤਾਂ ਲਗਾਉਣ ਅਗਰ ਖਰਾਬ ਹੋਣ ਤਾਂ ਨਾ ਲਗਾਉਣ। ਅਗਰ ਮੈਂਬਰ ਸਾਹਿਬਾਨ ਕੋਲ ਐਸੀ ਕੋਈ ਅੱਛੀ ਸਕੀਮ ਹੈ ਤਾਂ ਉਹ ਦਸ ਦੇਣ ਉਸ ਤੇ ਵਿਚਾਰ ਕਰ ਲਵਾਂਗੇ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਸ਼ੰਟ ਕੈਪੈਸਟਰ ਦੀ ਮੋਟਰ ਕਈ ਵਾਰ ਸੜ ਜਾਂਦੀ ਹੈ। (ਵਿਘਨ) ਜਿਹੜੀ ਫਰਮ ਇਸ ਨੂੰ ਤਿਆਰ ਕਰਦੀ ਹੈ ਕੀ ਉਨ੍ਹਾਂ ਦੀ ਇਕ ਸਾਲ ਦੀ ਗਰੰਟੀ ਨਹੀਂ ਹੁੰਦੀ ਹੈ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗਰੰਟੀ ਲਈ ਜਾਂਦੀ ਹੈ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਡੀਟੇਲ ਮੇਰੇ ਪਾਸ ਹੈ ਨਹੀਂ। ਪਰ ਜਿਹੜਾ ਬੰਦਾ ਸ਼ੰਟ ਕੈਪੈਸਟਰ ਖਰੀਦਦਾ ਹੈ, ਉਹ ਉਸ ਨੂੰ ਦੇਖ ਲੈਂਦਾ ਹੈ ਕਿ ਇਹ ਠੀਕ ਹੈ ਜਾਂ ਨਹੀਂ। ਜਿਥੋਂ ਤੱਕ ਗਰੰਟੀ ਦਾ ਸਵਾਲ ਹੈ, ਉਹ ਮੇਰਾ ਖਿਆਲ ਹੈ ਕਿ ਹੈ ਨਹੀਂ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਜੋ ਵੀ ਸਵਾਲ ਇਥੇ ਹਾਊਸ ਵਿਚ ਆਉਂਦਾ ਹੈ, ਉਹ ਹਾਊਸ ਦੀ ਪਰਾਪਰਟੀ ਬਣ ਜਾਂਦਾ ਹੈ ਚਾਹੇ ਉਹ ਸਵਾਲ ਇਧਰੋਂ ਕੀਤਾ ਗਿਆ ਹੋਵੇ ਜਾਂ ਉਧਰੋਂ ਕੀਤਾ ਗਿਆ ਹੋਵੇ।

ਸ੍ਰੀ ਸਪੀਕਰ : ਜਿਸ ਮੈਂਬਰ ਦਾ ਸਵਾਲ ਹੁੰਦਾ ਹੈ, ਉਸ ਨੂੰ ਦੋ ਸਪਲੀਮੈਂਟਰੀਜ਼ ਕਰਨ ਦਾ ਅਖਤਿਆਰ ਹੁੰਦਾ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਜਿਹੜੇ ਕਿਸਾਨਾਂ ਦੀਆਂ ਬਿਜਲੀ ਦੀਆਂ ਮੋਟਰਾਂ ਤੇ ਸ਼ੰਟ ਕੈਪੈਸਟਰ ਲਗਾਏ ਜਾਂਦੇ ਹਨ ਕੀ ਉਹ ਇੰਡਸਟਰੀਜ਼ ਲਈ ਵੀ ਲਗਾਉਣੇ ਜ਼ਰੂਰੀ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਵੀ ਬਿਜਲੀ ਦੀ ਖੱਪਤ ਕਰਦਾ ਹੈ, ਉਨ੍ਹਾਂ ਸਾਰਿਆਂ ਲਈ ਹੀ ਇਹ ਜ਼ਰੂਰੀ ਹੈ।

COMPLAINT AGAINST THE CHIEF INSPECTOR, PUNJAB ROADWAYS PATHANKOT

***769. Comrade Raj Kumar** : Will the Chief Minister be pleased to state—

(a) whether he received in July, 1980 from General Secretary, National Motor Transport Workers' Union, Punjab Roadways, Pathankot, a complaint against the Chief Inspector, Punjab Roadways, Pathankot, regarding charging of bogus T.A. and mis-use of jeep; if so, the details of the complaint and the action taken thereon;

(b) whether the Director State Transport, Secretary to Government, Punjab, Transport Department and Chief Secretary to Government, Punjab, also received similar complaints in February, 1980, September, 1980 and April, 1980; if so, the details of the action taken thereon ?

Sardar Darbara Singh : (a) No, please.

(b) Complaints were received in February, 1980, September, 1980 and April, 1980. Enquiry has been made into the case and the official is being charge-sheeted under section 8 of the Punishment & Appeal Rules, 1970.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਹ ਕੁਐਸਚਨ ਇਕ ਐਸਾ ਹੈ ਕਿ ਚੀਫ਼ ਇੰਸਪੈਕਟਰ, ਪੰਜਾਬ ਰੋਡਵੇਜ਼, ਪਠਾਨਕੋਟ ਨੇ ਸਾਲ ਵਿਚ 337 ਦਿਨ ਕੰਮ ਕੀਤਾ ਅਤੇ 335 ਦਿਨ ਟੀ.ਏ. ਕਲੇਮ ਕੀਤਾ । ਉਹ ਵਹੀਕਲਜ਼ ਦਾ ਇਨਟਾਈਟਲ ਨਹੀਂ ਸੀ ਪਰ ਉਸ ਨੇ ਵਹੀਕਲਜ਼ ਦਾ ਮਿਸਯੂਜ਼ ਕੀਤਾ । ਲਾਗ-ਬੁੱਕ ਡਿਸਟ੍ਰਾਏ ਕਰ ਦਿਤੀ। ਇਹ ਇਨਡਿਸਪਲਿਨ ਦਾ ਸਵਾਲ ਹੈ । ਪਾਰਟੀਕੁਲਰਲੀ ਟਰਾਂਸਪੋਰਟ ਡਿਪਾਰਟਮੈਂਟ ਵਿਚ ਮਿਸ-ਮੈਨੇਜਮੈਂਟ ਹੋਈ ਹੈ । ਟਰਾਂਸਪੋਰਟ ਵਿਚ ਹੈਵਕ ਪਲੇਅ ਹੋਈ ਹੈ । ਉਸ ਦੇ ਖਿਲਾਫ ਵਰਕਰਜ਼ ਯੂਨੀਅਨ ਨੇ 10 ਕਪਲੇਂਟਸ ਕੀਤੀਆਂ ਹਨ ਕਿ ਉਸ ਆਦਮੀ ਦੇ ਖਿਲਾਫ ਇਨਕੁਆਇਰੀ ਕਰੋ । ਫਰਵਰੀ, 1980 ਤੋਂ ਇਨਕੁਆਇਰੀ ਵਾਸਤੇ ਕੰਪਲੇਂਟਸ ਰਿਸੀਵ ਹੋਣੀਆਂ ਸ਼ੁਰੂ ਹੋਈਆਂ ਸਨ ਪਰ ਹੁਣ ਉਸੇ ਨੂੰ ਸਜ਼ਾ ਅਤੇ ਅਪੀਲ ਰੂਲਜ਼ 1970 ਦੇ ਰੂਲ 8 ਅਧੀਨ ਚਾਰਜਸ਼ੀਟ ਕੀਤਾ ਗਿਆ ਹੈ । ਇਹ ਡੈਲਿਨਕੁਇੰਟ ਅਫ਼ਸਰ ਹੈ । ਇਸ ਅਫ਼ਸਰ ਨੇ ਇਸ ਕਿਸਮ ਦੇ ਕਰਾਈਮ ਕੀਤੇ ਹਨ। ਸਪੀਕਰ ਸਾਹਿਬ ਇਸ ਸਲੋਅ ਮੂਵਿੰਗ ਇਨਕੁਆਇਰੀ ਦੇ ਕੀ ਰੀਜ਼ਨਜ਼ ਹਨ ? ਹੁਣ ਤੱਕ ਇਹ ਇਨਕੁਆਇਰੀ ਪੰਜਾਬ ਸਰਕਾਰ ਨੇ ਕਿਉਂ ਨਹੀਂ ਪੂਰੀ ਕੀਤੀ ? ਇਸ ਕਿਸਮ ਦੀ ਇਨਕੁਆਇਰੀ ਜਲਦੀ ਪੂਰੀ ਹੋਣੀ ਚਾਹੀਦੀ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਬਦਕਿਸਮਤੀ ਹੈ ਜਾਂ ਖੁਸ਼ਕਿਸਮਤੀ ਹੈ ਪਰ ਰੂਲਜ਼ ਐਕਟ ਥੱਲੇ ਬਣੇ ਹੋਏ ਹਨ । ਬਗੈਰ ਰੂਲਾਂ ਤੋਂ ਐਕਸ਼ਨ ਲੈ ਲਈਏ ਤਾਂ ਸਾਡੇ ਲਈ ਠੀਕ ਨਹੀਂ ਹੋਵੇਗਾ । ਕਰਮਚਾਰੀ ਨੂੰ ਸਜ਼ਾ ਅਤੇ ਅਪੀਲ ਰੂਲਜ਼, 1970 ਦੇ ਰੂਲ 8 ਅਧੀਨ ਚਾਰਜ-ਸ਼ੀਟ ਕੀਤਾ ਗਿਆ ਹੈ । ਉਸ ਦਾ ਜਵਾਬ ਆਉਣ ਤ

ਹੀ ਅਗਲੀ ਕਾਰਵਾਈ ਕੀਤੀ ਜਾਵੇਗੀ । ਜਿਸ ਆਦਮੀ ਦੇ ਖਿਲਾਫ ਕੁਰੱਪਸ਼ਨ ਦੇ ਚਾਰਜਿਜ਼ ਲਗੇ ਹਨ ਅਤੇ ਸਬੂਤ ਮਿਲ ਗਿਆ ਹੈ ਤਾਂ ਉਹ ਜ਼ਰੂਰ ਮਾੜਾ ਆਦਮੀ ਹੋਵੇਗਾ ਅਤੇ ਉਸ ਦੇ ਖਿਲਾਫ਼ ਐਕਸ਼ਨ ਲਿਆ ਜਾਵੇਗਾ । (ਥੰਪਿੰਗ) ਸਪੀਕਰ ਸਾਹਿਬ, ਇਹ ਫਰਵਰੀ, 1980 ਦੀ ਗੱਲ ਹੈ ਕਿ ਕੰਪਲੇਂਟ ਸਾਡੇ ਕੋਲ ਆਈ ਅਤੇ ਉਸ ਤੋਂ ਬਾਅਦ ਵੀ ਕੰਪਲੇਂਟਸ ਆਈਆਂ ਹਨ ਅਤੇ ਉਸ ਨੂੰ ਚਾਰਜ-ਸ਼ੀਟ ਕੀਤਾ ਗਿਆ ਹੈ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਕ ਸਾਲ ਹੋ ਗਿਆ ਹੈ । ਪ੍ਰਾਈ-ਮਾਫ਼ੈਸਾਈ ਚਾਰਜਿਜ਼ ਐਸਟੈਬਲਿਸ਼ ਕਰਨ ਲਈ । ਪ੍ਰੂਬ ਕੰਪਲੀਟ ਹੋ ਚੁੱਕੀ ਹੈ । ਮੈਂ ਡਾਇਰੈਕਟਰ, ਟਰਾਂਸਪੋਰਟ ਨੂੰ ਖੁਦ ਮਿਲਿਆ ਸੀ ਅਤੇ ਮੈਂ ਉਨ੍ਹਾਂ ਨੂੰ ਸਾਰੀ ਚੀਜ਼ ਦੱਸੀ ਸੀ ਪਰ ਉਨ੍ਹਾਂ ਵਲੋਂ ਕੋਈ ਜਵਾਬ ਨਹੀਂ ਆਇਆ । ਸਪੀਕਰ ਸਾਹਿਬ, ਇਤਨਾ ਚਿਰ ਲਗਾ ਦਿਤਾ ਗਿਆ ਹੈ । ਕੀ ਮੁੱਖ ਮੰਤਰੀ ਜੀ ਇਕ ਮਹੀਨੇ ਦੇ ਅੰਦਰ ਅੰਦਰ ਇਸ ਇਨਕੁਆਇਰੀ ਨੂੰ ਕੰਪਲੀਟ ਕਰਵਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਚਾਰਜਸ਼ੀਟ ਦੇਣ ਤੋਂ ਬਾਅਦ ਉਸ ਨੂੰ ਸਮਾਂ ਮਿਲਦਾ ਹੈ । ਉਸ ਸਮੇਂ ਵਿਚ ਚਾਰਜਸ਼ੀਟ ਦਾ ਜਵਾਬ ਆਉਂਦਾ ਹੈ ਅਤੇ ਫਿਰ ਗੌਰਮਿੰਟ ਨੇ ਕੇਸ ਨੂੰ ਪ੍ਰੋਸੈਸ ਕਰਨਾ ਹੁੰਦਾ ਹੈ । ਇਸ ਲਈ ਉਹ ਸਮਾਂ ਦੇਣ ਤੋਂ ਬਾਅਦ ਇਕ ਮਹੀਨੇ ਦੇ ਅੰਦਰ ਅੰਦਰ ਜ਼ਰੂਰ ਐਕਸ਼ਨ ਲਿਆ ਜਾਵੇਗਾ ।

NEW VEGETABLE MARKET AT JULLUNDUR CITY NEAR NAGRA VILLAGE

***768. Shri Gurdial Saini**: Will the Minister for Agriculture and Forests be pleased to state—

(a) whether the Government has acquired land for the New Vegetable Mandi at Jullundur City near Nagra village;

(b) whether the Government has started the work for the construction of the said Mandi;

(c) whether there is any proposal under the consideration of the Government to allot plots on reserved price to old licence holders of the old vegetable market ?

ਚੌਧਰੀ ਕਾਂਸ਼ੀ ਰਾਮ : (ੳ) ਭੌਂ ਪ੍ਰਾਪਤ ਕੀਤੀ ਜਾ ਰਹੀ ਹੈ ਜੀ ।

(ਅ) ਨਹੀਂ ਜੀ ।

(ੲ) ਨਹੀਂ ਜੀ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ 'ਨਹੀਂ ਜੀ', 'ਨਹੀਂ ਜੀ' ਵਿਚ ਜਵਾਬ ਦਿੱਤਾ ਹੈ । ਪਰ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੀ ਹੈ ਜੀ ? ਮੰਤਰੀ ਜੀ ਨੇ ਦੱਸਿਆ ਹੈ ਕਿ ਭੌਂ ਪ੍ਰਾਪਤ ਕੀਤੀ ਜਾ ਰਹੀ ਹੈ । ਇਹ ਕੰਮ ਕਦੋਂ ਸ਼ੁਰੂ ਕੀਤਾ ਸੀ ਅਤੇ ਇਹ ਉਸਾਰੀ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਸੈਕਸ਼ਨ ਚਾਰ ਅਤੇ ਸੈਕਸ਼ਨ 6 ਹੇਠ ਰੇਟ ਕਨਟਰੈਕਟ ਕਰਨਾ ਹੈ ਅਤੇ ਹੋਰ ਵੀ ਬਹੁਤ ਸਾਰੀਆਂ ਲੈਂਡ ਐਕਵੀਜੀਸ਼ਨ ਦੀਆਂ ਪ੍ਰੋਸੀਡਿੰਗਜ਼ ਹੁੰਦੀਆਂ ਹਨ । ਸਾਰੀਆਂ ਫਾਰਮੈਲੀਟੀਜ਼ ਨੂੰ ਪੂਰਾ ਕਰਨਾ ਹੁੰਦਾ ਹੈ । ਇਹ ਜ਼ਮੀਨ ਲੈਣ ਦਾ 1978 ਵਿਚ ਫੈਸਲਾ ਹੋਇਆ ਸੀ । ਸ੍ਰੀ ਗੁਰਦਿਆਲ ਸੈਣੀ ਸਿੱਧੀ ਤਰ੍ਹਾਂ ਸਪਲੀਮੈਂਟਰੀ ਪੁੱਛ ਲੈਂਦੇ ਤਾਂ ਮੈਂ ਉਸ ਦਾ ਉਸੇ ਤਰ੍ਹਾਂ ਜਵਾਬ ਦੇ ਦਿੰਦਾ ।

ਸ੍ਰੀ ਸਪੀਕਰ : ਉਨ੍ਹਾਂ ਦੀ ਸਪਲੀਮੈਂਟਰੀ ਇਹ ਹੈ ਕਿ ਪਰੋਸੀਡਿੰਗਜ਼ ਕਦੋਂ ਸ਼ੁਰੂ ਕੀਤੀਆਂ ਲੈਂਡ ਐਕੁਈਜੀਸ਼ਨ ਵਾਸਤੇ ।

Minister: Sanction for establishment of new vegetable fruit market was accorded on 10th August, 1978. Therefore, the meeting of the Site Selection Board was held at Jullundur on 8th December, 1978. The selected site located on the bye-pass was not approved in the meeting of the Control Board held on 27th February, 1979. The Site Selection Board met second time at Jullundur on 4th May, 1979 and the present site was selected. It was approved by the Control Board in its meeting dated 28th May, 1979.

It was decided to acquire about 60 acres of land for this purpose. Accordingly, notification under section 4 of the Land Acquisition Act was issued on 10th August, 1979. Notification under section 6 was issued on 8th February, 1980. The claims under section 9 have already been heard by the Extra Assistant Colonization Officer, who also exercises powers of the Collector under the Land Acquisition Act. The market rates (Collector's rates) on the date of notification under section 4 are yet to be received from the Collector of District Jullundur. Award will be announced and the possession taken soon after the Collector's rates are received. It may be possible to do so in the near future.

ਸ੍ਰੀ ਗੁਰਦਿਆਲ ਸੈਣੀ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਥੇ ਕੰਮ ਕਦੋਂ ਤੋਂ ਸ਼ੁਰੂ ਕਰ ਦੇਣਗੇ । ਪੁਰਾਣੀ ਮੰਡੀ ਜਲੰਧਰ ਵਿਚ ਹੈ । ਪਾਕਿਸਤਾਨ ਤੋਂ ਜਿਹੜੇ ਬੰਦੇ ਉਜੜ ਕੇ ਆਏ ਸਨ ਪਹਿਲਾਂ ਉਨ੍ਹਾਂ ਨੂੰ ਤਿੰਨ ਮੀਲ ਬਾਹਰ ਲੈ ਗਏ ਸਨ ਔਰ ਹੁਣ ਫਿਰ ਉਨ੍ਹਾਂ ਨੂੰ ਉਜਾੜਨਾ ਚਾਹੁੰਦੇ ਹਨ । ਤੀਹ ਤੀਹ ਸਾਲ ਉਨ੍ਹਾਂ ਨੂੰ ਉਥੇ ਬੈਠੇ ਹੋ ਗਏ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੰਦੇ ਬਾਕਾਇਦਾ ਲਾਈਸੈਂਸੀਜ਼ ਹਨ, ਮਾਰਕਿਟ ਫੀਸ ਦੇ ਰਹੇ ਹਨ, ਕੀ ਉਨ੍ਹਾਂ ਨੂੰ ਰਿਜ਼ਰਵ ਪ੍ਰਾਈਸ ਤੇ ਪਲਾਟਸ ਦਿਤੇ ਜਾਣਗੇ ਜਾਂ ਨਹੀਂ ?

ਮੰਤਰੀ : ਮੈਂ ਬੜਾ ਅੱਛਾ ਜਵਾਬ ਦਿੱਤਾ ਸੀ 'ਨੋ' । ਪਰ ਜੇਕਰ ਇਨ੍ਹਾਂ ਦੀ ਇਸ ਜਵਾਬ ਨਾਲ ਤਸੱਲੀ ਨਾ ਹੋਵੇ ਤਾਂ ਫਿਰ ਮੈਂ ਕੀ ਕਰਾਂ ? ਅਸੀਂ ਰਿਜ਼ਰਵ ਪ੍ਰਾਈਸ ਤੇ ਉਨ੍ਹਾਂ ਨੂੰ ਪਲਾਟ ਨਹੀਂ ਦਿਆਂਗੇ ।

ਸਰਦਾਰ ਜਗਤ ਸਿੰਘ : ਖਰੜ ਵਿਚ ਸਬਜ਼ੀ ਮੰਡੀ ਦਾ ਬਹੁਤ ਭੈੜਾ ਹਾਲ ਹੈ । ਉਸ ਇਲਾਕੇ ਦੇ ਲੋਕ ਸਬਜ਼ੀ ਖਰੀਦਣ ਲਈ ਚੰਡੀਗੜ੍ਹ ਆਉਂਦੇ ਹਨ । ਸ਼ਹਿਰ ਤੋਂ ਬਾਹਰ ਜਾ ਕੇ ਉਹ ਮੰਡੀ ਬਣਾਈ ਹੈ । ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਨ

ਰੋਡ ਤੇ ਜਗ੍ਹਾ ਲੈ ਕੇ ਮੰਡੀ ਬਣਾਉਣੀ ਚਾਹੀਦੀ ਹੈ । ਮੁਹਾਲੀ ਵੀ ਸਬਜ਼ੀ ਮੰਡੀ ਬਣਾਉਣੀ ਚਾਹੀਦੀ ਹੈ ।

ਮੰਤਰੀ: ਇਹ ਨਵੀਆਂ ਮੰਡੀਆਂ ਬਨਾਉਣ ਬਾਰੇ ਬੜਾ ਔਖਾ ਕੰਮ ਹੈ । ਇਹ ਬੰਦੇ ਦੀ ਹੀਊਮਨ ਟੈਂਡੇਸੀ ਹੈ ਕਿ ਜਿਥੇ ਉਹ ਰਹਿੰਦਾ ਹੈ ਉਸ ਜਗ੍ਹਾ ਨਾਲ ਉਸ ਦਾ ਪਿਆਰ ਹੋ ਜਾਂਦਾ ਹੈ ਔਰ ਨਵੀਂ ਮੰਡੀ ਵਿਚ ਜਾਣਾ ਨਹੀਂ ਚਾਹੁੰਦਾ । ਜੋ ਸਰਕਾਰ ਦਾ ਫੈਸਲਾ ਹੈ ਕਿ ਮੰਡੀ ਸ਼ਿਫਟ ਹੋਣੀ ਹੈ, ਅਸੀਂ ਉਸ ਨੂੰ ਸਟਿਕ ਕਰਨਾ ਹੈ ਔਰ ਉਸ ਨੂੰ ਇੰਪਲੀਮੈਂਟ ਕਰਨਾ ਹੈ ।

ਚੌਧਰੀ ਜਗਜੀਤ ਸਿੰਘ: ਜਲੰਧਰ ਵਿਚ ਜਿਹੜੀ ਸਬਜ਼ੀ ਮੰਡੀ ਹੈ ਉਹ ਬਹੁਤ ਛੋਟੀ ਹੈ । ਪਰ ਉਥੇ ਸਬਜ਼ੀ ਬਹੁਤ ਆਉਂਦੀ ਹੈ । ਨਾ ਉਥੇ ਟਰੱਕ ਜਾ ਸਕਦੇ ਹਨ ਔਰ ਨਾ ਹੀ ਉਥੇ ਟਰਾਲੀਆਂ ਜਾ ਸਕਦੀਆਂ ਹਨ । ਜ਼ਿਮੀਂਦਾਰਾਂ ਨੂੰ ਉਥੇ ਪਹੁੰਚਣ ਵਿਚ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ ਜਿਸ ਕਰਕੇ ਉਨ੍ਹਾਂ ਦੀ ਜਿਣਸ ਮੰਡੀ ਵਿਚ ਰੁਲਦੀ ਰਹਿੰਦੀ ਹੈ । ਉਹ ਵਿਚਾਰੇ ਢੇਰੀਆਂ ਵੀ ਪੂਰੀਆਂ ਨਹੀਂ ਲਗਾ ਸਕਦੇ । ਇਨ੍ਹਾਂ ਨੇ ਕਿਹਾ ਹੈ ਕਿ ਮੰਡੀ ਲਈ ਜਗ੍ਹਾ ਐਕੁਆਇਰ ਹੋ ਗਈ ਹੈ । ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਮੰਡੀ ਜਲਦੀ ਤੋਂ ਜਲਦੀ ਸਾਰੀਆਂ ਫਾਰਮੈਲਟੀਜ਼ ਪੂਰੀਆਂ ਕਰਾਕੇ ਸ਼ੁਰੂ ਕਰਾਈ ਜਾਏ ਤਾਕਿ ਜਲੰਧਰ ਦੇ ਕਿਸਾਨਾਂ ਨੂੰ ਫਾਇਦਾ ਪਹੁੰਚ ਸਕੇ ।

ਦੂਸਰੇ ਜਲੰਧਰ ਵਿਚ ਚਾਰਾ ਮੰਡੀ ਨਹੀਂ ਹੈ ਸੜਕਾਂ ਤੇ ਟਰਾਲੀਆਂ ਰੁਕੀਆ ਰਹਿੰਦੀਆ ਹਨ ਜਿਸ ਕਰਕੇ ਟਰੈਫਿਕ ਵਿਚ ਮੁਸ਼ਕਿਲ ਹੁੰਦੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਲੰਧਰ ਵਿਖੇ ਚਾਰਾ ਮੰਡੀ ਬਨਾਉਣ ਦਾ ਕੰਮ ਸ਼ੁਰੂ ਕਰਨਗੇ ਤਾਂਕਿ ਫਾਰਮਰਜ਼ ਇਕ ਜਗ੍ਹਾ ਚਾਰਾ ਲਿਆਕੇ ਵੇਚ ਸਕਣ?

ਮੰਤਰੀ: ਸਪੀਕਰ ਸਾਹਿਬ, ਚੌਧਰੀ ਸਾਹਿਬ ਆਪ ਮਾਰਕਿਟ ਕਮੇਟੀ ਦੇ ਮੁੱਖੀ ਰਹੇ ਹਨ । ਇਨ੍ਹਾਂ ਨੂੰ ਸਾਰਾ ਪਤਾ ਹੈ ਕਿ ਹਾਲੇ ਤਾਂ ਜਿਣਸ ਦਾ ਬੰਦੋਬਸਤ ਕਰਨ ਲਈ ਨਵੀਆਂ ਮੰਡੀਆਂ ਬਣਾ ਰਹੇ ਹਾਂ । ਚਾਰੇ ਤੇ ਕੋਈ ਮਾਰਕਿਟ ਫੀਸ ਲਾਗੂ ਨਹੀਂ ਹੁੰਦੀ, ਇਹ ਮੰਡੀ ਬਨਾਉਣ ਦੀ ਗੱਲ ਕਰਦੇ ਹਨ । ਇਹ ਇਕ ਬੜਾ ਕੰਪਲੀਕੇਟਿਡ ਮਾਮਲਾ ਹੈ । ਚਾਰਾ ਮੰਡੀ ਬਣਾਉਣ ਲਈ ਜੇਕਰ ਫੀਸ ਇਕੱਠੀ ਹੋ ਸਕੇ ਤਾਂ ਫਿਰ ਇਹ ਕੰਮ ਅਸੀਂ ਕਰ ਸਕਦੇ ਹਾਂ ।

ਸ਼੍ਰੀ ਸੁਰਿੰਦਰ ਕਪੂਰ: ਇਨ੍ਹਾਂ ਨੇ ਕਿਹਾ ਹੈ ਕਿ ਨਵੀਆਂ ਮੰਡੀਆਂ ਬਣਾਉਣੀਆਂ ਬਹੁਤ ਮੁਸ਼ਕਿਲ ਹਨ । ਬਠਿੰਡੇ ਦੀ ਮੰਡੀ ਵਿਚ ਅਜਿਹੀ ਕੋਈ ਫੈਸਿਲਿਟੀ ਪ੍ਰੋਵਾਈਡ ਨਹੀਂ ਕੀਤੀ ਗਈ ਜਿਹੜੀ ਕਿ ਇਕ ਮੰਡੀ ਵਿਚ ਹੋਣੀ ਚਾਹੀਦੀ ਹੈ ਉਥੋਂ ਦਾ ਇਕ ਡੈਪੂਟੇਸ਼ਨ ਵੀ ਵਜ਼ੀਰ ਸਾਹਿਬ ਨੂੰ ਮਿਲਿਆ ਸੀ । ਕੀ ਇਹ ਉਸ ਮੰਡੀ ਦੇ ਸੁਧਾਰ ਵਾਸਤੇ ਕੋਈ ਉਪਰਾਲਾ ਕਰਨਗੇ?

ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਦਸ ਦੇਵਾਂਗਾ । ਮਗਰ ਇਨ੍ਹਾਂ ਨੇ ਬਠਿੰਡੇ ਦੀ ਗੱਲ ਕੀਤੀ ਹੈ । ਇਕ ਬਹੁਤ ਵੱਡੀ ਮੰਡੀ ਉਥੇ ਬਣਾ ਰਹੇ ਹਾਂ । ਇਹ ਇਕ ਕੰਟੀਨਿਊਅਸ ਪਰਾਸੈਸ ਹੈ । ਹਾਲੇ ਮਾਨੂੰ ਇਥੇ ਆਏ ਨੂੰ 8 ਮਹੀਨੇ ਹੋਏ ਹਨ, ਜੇਕਰ ਸਾਰਾ ਕੰਮ ਅੱਠ ਮਹੀਨਿਆਂ ਵਿਚ ਹੀ ਮੁਕਾ ਦਈਏ ਤਾਂ ਫਿਰ ਬਾਕੀ 5

[ਖੇਤੀ ਬਾੜੀ ਮੰਤਰੀ]

ਸਾਲਾਂ ਵਿਚ ਕੀ ਕਰਾਂਗੇ । ਇਹੋ ਜਿਹੇ ਕੰਮਾਂ ਵਾਸਤੇ ਟਾਈਮ ਦਰਕਾਰ ਹੈ । ਇਹ ਕਹਿੰਦੇ ਹਨ ਕਿ ਉਥੇ ਮਾਰਕਿਟਿੰਗ ਦੀ ਕੋਈ ਸੁਵਿਧਾ ਨਹੀਂ, ਮੈਂ ਕਹਿੰਦਾ ਹਾਂ ਕਿ 100 ਕੁਇੰਟਲ ਤੋਂ ਵਧ ਮਾਲ ਉਥੇ ਲੈਂਦੇ ਹਾਂ । ਜੇ ਅਜਿਹੀ ਸੁਵਿਧਾ ਨਹੀਂ ਹੈ, ਤਾਂ ਦਸੋ । ਮਈਯਰਮੈਂਟ ਵਿਚ ਕੋਈ ਨੁਕਸ ਹੈ ਜਾਂ ਮਾਰਕਿਟ ਫੀਸ ਦੀ ਇਵੇਜ਼ਨ ਹੁੰਦੀ ਹੈ ਤਾਂ ਮੇਰੇ ਨੋਟਿਸ ਵਿਚ ਲਿਆਉਣ । ਇਹ ਮੰਡੀਆਂ ਬਣਾਉਣ ਵਿਚ ਟਾਈਮ ਲਗੇਗਾ । ਅਸੀਂ ਇਸ ਕੰਮ ਤੇ ਲਗੇ ਹੋਏ ਹਾਂ ਅੋਰ ਅਸੀਂ ਲੋਕਾਂ ਦੀ ਐਕਸਪੈਕਟੇਸ਼ਨ ਦੇ ਮੁਤਾਬਿਕ ਕੰਮ ਕਰਾਂਗੇ ।

ਸਰਦਾਰ ਪ੍ਰਿਥੀਪਾਲ ਸਿੰਘ: ਅੰਮ੍ਰਿਤਸਰ ਵਿਖੇ ਸਬਜ਼ੀ ਮੰਡੀ 30 ਸਾਲਾਂ ਤੋਂ ਚਲ ਰਹੀ ਹੈ । ਲਾਈਸੈਂਸ ਹੋਲਡਰਜ਼ ਮੁੱਖ ਮੰਤਰੀ ਜੀ ਨੂੰ ਮਿਲੇ ਸਨ ਅੋਰ ਮੰਤਰੀ ਜੀ ਨੂੰ ਵੀ ਮਿਲੇ ਸਨ । ਬਿਲਡਿੰਗ ਉਨ੍ਹਾਂ ਨੇ ਆਪਣੇ ਪੈਸੇ ਨਾਲ ਬਣਾਈ ਹੋਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਰਿਜ਼ਰਵ ਪਰਾਈਸ ਤੇ ਪਲਾਟਸ ਦਿੱਤੇ ਜਾਣਗੇ, ਜਾਂ ਨਹੀਂ?

ਮੰਤਰੀ: ਮੈਂ ਇਸ ਬਾਰੇ 'ਨੋ' ਵਿਚ ਜਵਾਬ ਦਿੱਤਾ ਹੈ । ਅਗਰ ਇਸ ਨਾਲ ਮੈਂਬਰ ਸਾਹਿਬ ਦੀ ਤਸੱਲੀ ਨਾ ਹੋਵੇ ਤਾਂ ਫਿਰ ਮੈਂ ਹੋਰ ਕੀ ਕਹਿ ਸਕਦਾ ਹਾਂ ।

ਸ਼੍ਰੀ ਗੁਰਦਿਆਲ ਸੈਣੀ: ਇਨ੍ਹਾਂ ਨੇ ਕਿਹਾ ਹੈ ਕਿ ਮੈਂ 'ਨੋ' ਵਿਚ ਜਵਾਬ ਦੇ ਦਿੱਤਾ ਹੈ । ਮਹੀਨਾ, ਡੇਢ ਮਹੀਨਾ ਹੋਇਆ ਜਲੰਧਰ ਦੇ ਐਮ. ਐਲ. ਏਜ਼. ਦਾ ਇਕ ਡੈਪੂਟੇਸ਼ਨ ਮੁੱਖ ਮੰਤਰੀ ਜੀ ਨੂੰ ਮਿਲਿਆ ਸੀ ਅੋਰ ਉਨ੍ਹਾਂ ਨੇ ਯਕੀਨ ਦਿਲਾਇਆ ਸੀ ਕਿ ਅਸੀਂ ਇਸ ਤੇ ਗੌਰ ਕਰਾਂਗੇ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਵਲੋਂ ਦਿੱਤਾ ਹੋਇਆ ਆਸ਼ਵਾਸਨ ਠੀਕ ਹੈ ਜਾਂ ਕਿ ਜੋ ਮੰਤਰੀ ਜੀ ਕਹਿ ਰਹੇ ਹਨ ਉਹੀ ਹੀ ਆਖਰੀ ਫੈਸਲਾ ਹੈ ?

ਮੰਤਰੀ: ਮਾਨਯੋਗ ਮੈਂਬਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੌਰ ਕਰਨ ਵਿਚ ਅੋਰ ਡਿਸੀਜ਼ਨ ਕਰਨ ਵਿਚ ਕੀ ਫਰਕ ਹੈ । ਮੈਂ ਪਰਫੈਕਟ ਅੋਰ ਕੁਰੈਕਟ ਰਿਪਲਾਈ ਦੇ ਰਿਹਾ ਹਾਂ ਕਿ ਇਹ ਜਿਹੜਾ ਮੈਂ 'ਨੋ' ਕਿਹਾ ਹੈ, ਇਹ ਗੌਰਮਿੰਟ ਦਾ ਡਿਸੀਜ਼ਨ ਹੈ ।

ਮਾਸਟਰ ਚੰਦ ਸਿੰਘ: ਕਈ ਸ਼ਹਿਰਾਂ ਦੇ ਵਿਚ ਨਵੀਆਂ ਮੰਡੀਆਂ ਬਣ ਚੁੱਕੀਆਂ ਹਨ ਪਰ ਉਥੇ ਸਾਰਾ ਕੰਮ ਪੁਰਾਣੀਆਂ ਮੰਡੀਆਂ ਵਿਚ ਹੋ ਰਿਹਾ ਹੈ ਅਤੇ ਨਵੀਆਂ ਮੰਡੀਆਂ ਵਿਚ ਸ਼ਿਫਟ ਨਹੀਂ ਕੀਤਾ ਜਾ ਰਿਹਾ ਹੈ । ਇਸ ਬਾਰੇ ਮਨਿਸਟਰ ਸਾਹਿਬ ਦੱਸਣ ਕਿ ਇਹ ਕਿਉਂ ਨਹੀਂ ਸ਼ਿਫਟ ਕੀਤੀਆਂ ਜਾ ਰਹੀਆਂ?

ਮੰਤਰੀ: ਮੈਂ ਪਹਿਲਾਂ ਹੀ ਇਸ ਬਾਰੇ ਦੱਸ ਚੁੱਕਾ ਹਾਂ ਕਿ ਇਹ ਕੰਮ ਅੋਖਾ ਹੈ । ਮੈਂਬਰ ਸਾਹਿਬਾਨ ਨੇ ਲੋਕਾਂ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ ਇਸ ਲਈ ਉਨ੍ਹਾਂ ਦਾ ਵੀ ਖਿਆਲ ਰੱਖਣਾ ਹੁੰਦਾ ਹੈ । ਇਹ ਇਕ ਦਮ ਨਹੀਂ ਹੋਣਾ, ਇਹ ਗਰੈਜੂਅਲੀ ਹੋਣਾ ਹੈ । ਮੈਂ ਤਾਂ ਕਰ ਦਿਆਂਗਾ ਪਰ ਫਿਰ ਐਮ. ਐਲ. ਏ. ਸਾਹਿਬਾਨ ਡੈਪੂਟੇਸ਼ਨ ਨਾਲ ਨਾ ਆ ਜਾਣ ।

Mr. Speaker: Question Hour is over. The remaining questions shall be deemed to have been answered under Rule 38 of the Rules of Procedure & Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

STARRED QUESTION NO. 810*

(Extension was asked for in respect of starred question No. 810).

ABSENCE OF PROFESSORS

*735. (1) **Comrade Amar Singh**
(2) **Comrade Buta Singh** } Will the Minister for Health & Family Welfare be pleased to state whether it is a fact that some professors of Government Ayuruedic College, Patiala have been absent from duty for a long time without getting their leave sanctioned; if so, the details thereof and the action taken/proposed to be taken against them?

ਸ੍ਰੀ ਸਰਦਾਰੀ ਲਾਲ ਕਪੂਰ: ਜੀ ਨਹੀਂ ।

INTRODUCTION OF SCIENCE CLASSES IN GOVERNMENT COLLEGE, PATTI

*792. (1) **Sardar Major Singh Ubboke**
(2) **Sardar Naranjan Singh Patti** } Will the Minister for Education be pleased to state whether there is any proposal under the consideration of the Government to introduce science classes in Government College, Patti, district Amritsar; if so, the time by which it is likely to materialise?

ਸਰਦਾਰ ਹਰਚਰਨ ਸਿੰਘ ਅਜਨਾਲਾ: ਨਹੀਂ ਜੀ ।

INCREASE IN THE PRICE OF BRICKS

*773. **Sardar Baldev Singh Mann** : Will the Chief Minister be pleased to state whether there was any increase in the price of bricks to be used for Government works in District Sangrur during the President's Rule in 1980; if so, the extent of increase and the reasons therefor?

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਚੰਗੀ ਕੁਆਲਟੀ ਦੀਆਂ ਇੱਟਾਂ 173 ਰੁ: ਪ੍ਰਤੀ ਹਜ਼ਾਰ ਦੇ ਭਾਅ ਨਾਲ ਉਪਲਭਧ ਨਾ ਹੋਣ ਕਾਰਣ ਅਤੇ ਨਾਲ ਦੇ ਜ਼ਿਲ੍ਹਿਆਂ ਵਿਚ ਪ੍ਰਚਲਿਤ ਭਾਅ ਨੂੰ ਮੁੱਖ ਰਖਦੇ ਹੋਇਆਂ, ਜ਼ਿਲ੍ਹਾ ਪੱਧਰ ਤੇ ਡੀ. ਸੀ. ਸੰਗਰੂਰ ਦੀ ਪ੍ਰਧਾਨਗੀ ਹੇਠ ਬਣਾਈ ਗਈ ਕਮੇਟੀ ਵਲੋਂ ਨਾਨ-ਸਪਾਂਸਰਡ ਕੋਲੇ ਤੋਂ ਬਣਾਈਆਂ ਜਾਣ ਵਾਲੀਆਂ ਪਹਿਲੇ ਦਰਜੇ ਦੀਆਂ ਇੱਟਾਂ ਦਾ ਭਾਅ ਮਿਤੀ 2 ਜੂਨ, 1980 ਨੂੰ 173 ਰੁ: ਤੋਂ ਵਧਾ ਕੇ 210 ਰੁ: ਪ੍ਰਤੀ ਹਜ਼ਾਰ ਕੀਤਾ ਗਿਆ ।

---

*For Starred Question No. 810 and reply thereto please see appendix to this debate.

CONSTRUCTION WORK ON ROAD LINKING MANUKE GILL AND RAONTA

*739 **Comrade Saghar Singh :** Will the Chief Minister be pleased to State whether it is a fact that construction work on road linking MANUKE GILL (Block Baghapurana) and RAONTA (Block Nihal Singh Wala) has been stopped; if so, the reasons therefor ?

ਸਰਦਾਰ ਦਰਬਾਰਾ ਸਿੰਘ : ਇਸ ਸੜਕ ਦੀ ਉਸਾਰੀ ਦਾ ਕੰਮ ਪਹਿਲਾ ਮਾਰਕੀਟ ਕਮੇਟੀ ਦੇ ਧਨ ਨਾਲ ਸ਼ੁਰੂ ਕੀਤਾ ਗਿਆ ਸੀ ਕਿਉਂਕਿ ਇਹ ਇਕ ਇੰਟਰ ਲਿੰਕ ਸੜਕ ਹੈ, ਇਸ ਦੀ ਉਸਾਰੀ ਪਹਿਲੇ ਲਿੰਕ ਮੁਕੰਮਲ ਹੋਣ ਤੇ ਪੂਰੀ ਕੀਤੀ ਜਾਵੇਗੀ ।

APPOINTMENTS PROMOTIONS TO THE POSTS OF VAID INCHARGES OF AYURVEDIC DISPENSARIES IN THE STATE

*770. **Comrade Raj Kumar :** Will the Minister for Health and Family welfare be pleased to state :—

(a) whether appointments and Promotions (with-in Department) to the Posts of Vaid Incharges of Government Ayurvedic Dispensaries in the State are made from among those who possess statutory/notified/Technical qualifications; if so, the details thereof;

(b) the names of institutions whose diploma/degree etc. is recognised in the State for the purpose mentioned in part (a) above ?

ਸ਼੍ਰੀ ਸਰਦਾਰੀ ਲਾਲ ਕਪੂਰ : (ੳ) ਹਾਂ ਜੀ । ਸਪੱਸ਼ਟ ਸਮਾਂ ਨਾ ਦੱਸੇ ਜਾਣ ਕਾਰਨ, ਕੀਤੀਆਂ ਗਈਆ ਨਿਯੁਕਤੀਆਂ ਅਤੇ ਤਰੱਕੀਆਂ ਦਾ ਵੇਰਵਾ ਦੇਣਾ ਸੰਭਵ ਨਹੀਂ ਹੈ ।

(ਅ) ਇੰਡੀਅਨ ਮੈਡੀਸਨ ਸੈਂਟਰਲ ਕੌਂਸਲ ਐਕਟ, 1970 ਦੇ ਦੂਜੇ ਤੀਜੇ ਅਤੇ ਚੌਥੇ ਸ਼ਡਿਊਲ ਵਿਚ ਦਰਜ ਸਾਰੀਆਂ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਜਿਨ੍ਹਾਂ ਦਾ ਵੇਰਵਾ ਸਦਨ ਦੀ ਮੇਜ਼ ਉਤੇ ਰੱਖਿਆ ਹੈ, ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਡਿਗਰੀਆਂ/ ਡਿਪਲੋਮੇ ਪੰਜਾਬ ਸਰਕਾਰ ਵਲੋਂ ਇਸ ਮੰਤਵ ਲਈ ਮਾਨਤਾ ਪ੍ਰਾਪਤ ਹਨ ।

ANNEXURE

The Second Schedule

(*See Section 14*)

Recognised medical qualifications in Indian medicine granted by Universities, Boards or other Medical Institutions in India

1	2	3
	PART I AYURVEDA AND SIDDHA	
Andhra		
1.	Board of Indian Medicine. Hyderabad, A.P.	Graduate of the College of Ayurvedic Medicine
		Graduate of the College of Integrated Medicine Ayurveda Visharad
		Bachelor of Ayurvedic Medicine and Surgery
2.	Andhra Ayurveda Parishad, Vijayawada (Examining Body)	Vi-adyaivdwan
3	Shri Venkateswar Ayurveda Kalasala, Vijayawada.	Ayurvedalankara Ayurveda Kalandani Diploma in Ayurvedic Medicince
4.	Shri Rangacharya Rammohan Ayurvedic College, Guntur, A.P.	Ayurveda Praveen
Assam		
5.	Board of Ayurvedic Medicine Assam	Diploma in Ayurvedic Medicine and Surgery
Bihar		
6.	State Faculty of Ayurvedic and Unani Medicines, Patna, Bihar ..	Graduate in Ayurvedic Medicine and Surgery
7.	Government Ayurvedic School. Patna, Bihar (Former) ..	Ayurvedacharya
8.	Government Ayurvedic College, Patna, Bihar ..	Ayurvedacharya
9.	Sanskrit University, Darbhanga, Bihar ..	Ayurvedacharya Pranacharya
Delhi		
10.	Ayurvedic and Unani Tibia College, Delhi ..	Ayurvedacharya Dhanwantari
		Bhishgacharya Dhanwantari
		Vaidya Dhatri

[Health Minister]

1	2	3
11.	Board of Ayurvedic and Unani Systems of Medicine, Delhi Administration. ..	(Bachelor in Indian Medicine and Surgery) Ayurvedacharya Dhanwantari (Diploma in Indian Medicine and Surgery). Bhishagacharya Dhanwantari
12.	A Indian Ayurveda Vidyapeeth, Delhi	Ayurveda-Visharad Ayurveda. Bhishak Vaidyacharya Paajawaidya Pariksha Vaidya Visharad Ayurvedacharya
13.	Banwari Lal Ayurvedic Vidyalaya, Delhi ..	Vaid-raj Bhishgacharya Ayurvedacharya
14.	Examining Body. Ayurvedic and Unani Systems of Medicine, Delhi ..	(Bachelor in Indian Medicine and Surgery) Ayurvedacharya Dhanwantari
Gujarat		
15.	University of Gujarat ..	Bachelor of Ayurvedic Medicine and Surgery
16.	M.S. University, Baroda ..	Ayurveda-Visharad
17,	Faculty of Ayurvedic and Unani Systems of Medicine, Gujarat ...	Graduate of the Faculty of Ayurvedic Medicine
18.	The Committee for Shuddha Ayurvedic Course, Gujarat, Ahmedabad ..	Ayurveda Pravina
19.	Board of Indian Medicine Saurashtra ..	Ayurveda Visharad
20.	Post Graduate Training Centre in Ayurveda, Jamnagar ..	Higher Proficiency in Ayurveda
21,	Sarvanamasa Dakshina Pariksha-Samiti, Baroda ..	Ayurveda Uttama Ayurveda Madhyama

1	2	3
22.	Rajkeeya Sanskrit Mahavidyala, Baroda ..	Ayurveda-Visharad
23.	U. P. Ayurveda Mahavidyalaya, Patan (Baroda State) ..	Grihit Ayurveda Shastra Diploma in Ayurvedic Medicine Grihit Ayurveda Shastra
24.	Gujarat Ayurved University, Jamnagar ..	Ayuruedacharya Pranacarya
	Jammu and Kashmir	
25.	Jammu and Kashmir University ..	Bachelor of Ayurvedic Medicine and Surgery
	Kerala	
26.	University of Keral ..	Bachelor of Ayurvedic Medicine Diploma in Ayurvedic Medicine
27.	Government of Travancore-Cochin ..	Vaidyakalanidhi
28.	Government Ayurveda College Tripunithura (Kerala) ..	Sastra—Bhoosana Ayurveda
29.	Cochin Government ..	Vaidyabhoosanam
30.	Travancore-Chochin Government ..	Ayurveda-Bhoosanam
31.	Travancore Government ..	Netra Vaidya-Visharada Vaidyakalanidhi
32.	Kerala Government ..	Diploma in Ayurvedic Medicine
33.	Travancore Government ..	Vaidya-Shastri Marma Vaidya Visharada
34.	Keraleeya-Ayurveda Mahapatasala, Shoranur Kerala ..	Vaidyapadan
35.	Cochin Government ..	"The Certificate Visha Vaidya Training"
36.	Madhava Memorial Ayurvedic College Cannore, Kerala ..	Vaidyavibhoosanam
37.	Madhave Ayurveda College, Ernakulam ..	Ayurveda Sastry Ayurveda vidwan
38.	Ayurvedic College, Kottakal Kerala ..	Arya Vaidyan
39.	Arya Vaidya Patasala, Kottakal ..	Arya Vaidya, Diploma
40.	Government Ayurvedic College, Tripunithura ..	Ayurveda-Sastra-Bhusan

[Health Minister]

1	2
41. Board of Public Examination, Cochin. ..	Ayurveda Bhoosanam
42. Travancore Government ..	Diploma in Indigenous Medicine. Visha Vaidya Visarada
43. Travancore Siddha Vaidya Sangham, Munchira ..	Diploma or Certificate in Sidha Medicine
Madhya Pradesh	
44. Jivaji Vishwavidyalaya, Gwalior ..	Bachelor of Ayurved with Modern Medicine and Surgery
45. Indore Vishwavidayalaya, Indore ..	Bachelor of Ayurveda Medicine and Surgery
46. Vikram Vishwavidyalaya, Ujjain ..	Bachelor of Ayurved with Modern Medicine and Surgery
47. Ravishanker Vishwavidyalaya, Raipur ..	Bachelor of Ayurved with Modern Medicine and Surgery
48. Board of Indian Medicine, Madhya Pradesh (Madhya Bharat Region), Gwalior ..	Bhishgacharya
49. Mahakoshal Ayurvedic Board Jabalpur. ..	Bhisagwara
50. Board of Indian Medicine, Madhya Pradesh (Madhya Bharat Region), Gwalior ..	Ayurved-Vigyana-Charya
51. Government Ayurvedic Vidyalaya Gwalior (Ayurvedic Examination Gwalior State) ..	(i) Vaidyashastri (ii) Vaidawara (iii) Hindi Vaidya Pariksha (iv) Ayurved Shastri
52. Ashtanga Ayurveda Vidyalaya, Ujjain ..	Vaidyavachaspati
53. Board of Indian Medicine, Gwalior ..	Sahayak-Vaidya
54. University of Saugor, Saugor	
Maharashtra	
55. Nagpur University, Nagpur ..	Bachelor of Ayurvedic Medicine and Surgery
56. Poona University, Poona ..	Bachelor of Ayurvedic Medicine and Surgery
57. Vidarbha Board of Ayurvedic and Unani Systems of Medicine, Maharashtra ..	Bachelor of Ayurvedic Medicine and Surgery

1	2
58. Faculty of Ayurvedic and Unani Systems of Medicine, Maharashtra ..	Ayurvedic Visharad
59. Committee of Shudha Ayurvedic Course .. Maharashtra	Ayarveda Praveena
60. Faculty of Ayurvedic and Unani Systems of Medicine, Bombay ..	Graduate of the Faculty of Ayurvedic Medicine Member of Faculty of Ayurvedic Medicine Ayurveda-Visharad
61. Tilak Maharashtra Vidyapeetha, Poona ..	Ayurvidya Visharad
..	Ayurvidya Parangat
62. Aryangal Mahavidyalaya, Satara ..	Ayurveda Visharad
63. Ayurved Mahavidalaya, Ahmednagar ..	Ayurved Teerth
Mysore	
64. Board of studies in Indian Medicine, Mysore, Bangalore ..	Graduate Course of Indian Medicine
65. Board of Studies in Indian Medicine, Mysore State Banglore ..	Ayurveda-Praveena
66. Government Ayurvedic and Unani College, Mysore ..	Ayurved-Vidwat (Licentiate in Ayurvedic Medicine and Surgery)
67. Board of Studies in Indian Medicine Mysore State, Bangalore ..	Ayurved-Vidwat (Licentiate in Ayurvedic vedic Medicine and Surgery)
68. Central Board of Indian Medicine, Mysore –	Ayurveda-Vidwat (Licentiate in Ayurvedic Medicine and Surgery)
69. Taranath Ayurveda Vidyapeeth Bellary ..	Ayurveda-Vidwat (Licentiate Ayurvedic Medicine and Surgery)
	Vaidya Praveena
70. Committee or Authority of the Mysore Maharaja's Sanskrit College (Ayurvedic Section) Mysore ..	Ayurveda-Vidwat
71. The Committee of Authority of the Government Ayurvedic College, Mysore ..	Ayurveda-Vidwat
72. Karnataka Ayurveda Vidapeetha, Belgaum ..	Bhishgwar
73. Prema Vidyayeetha, Thungabhadra ..	Ayurvedachudamani Ayurv [illegible] Shiromani Bhibagindu Vaidagauru
74. Government Ayurvedic School, Mysore ..	

[Health Minister]

1	2	3
75.	Government Ayurvedic School and College, Mysore ..	Licentiate of Ayurvedic Medicine and Surgery
76.	Board of Studies in Indian Medicine, Mysore State Bangalore ..	Diploma in Ayurvedic Medicine
77.	University of Mysore, Mysore ..	Bachelor of the System of Ayurvedic Medicine
78.	University of Bangalore, Bangalore ..	Bachelor of the System of Ayurvedic Medicine
79.	Karnataka University, Dharwar ..	Bachelor of the System of Ayurvedic Medicines
Orissa.		
80.	Ayurvedic Examination Board Orissa ..	Diploma in Ayurvedic Medicine and Surgery
81.	Orissa Association of Sanskrit Learning and Culture, Puri ..	Ayurveda Shastry Ayurveda Charya
82.	State Faculty of Ayurvedic Medicine, Orissa ..	Ayurvedacharya
Punjab		
83.	Faculty of Medicine, Punjab, ..	Ayurvedacharya (Graduate of Ayurvedic Medicine and Surgery)
84.	Sanatan Dharam Premgiri Ayurvedic College Bhiwani ..	Ayurvedacharya Kaviraj
85.	D.A.V. Managing Committee, Amritsar/ Jullundur ..	Vaidya Vachaspati
86.	Vedic and Unani Tibbi College, Amritsar ..	Vaid Kaviraj Vaid Rattan
87.	Ayurvedic and Unani Tibbi College, Amritsar ..	Vachaspati
88.	Government Ayurvedic Vidyalaya (College), Patiala ..	Vaidya, Vaidya Visharad Vaidya Shastri Ayurvedacharya
Rajasthan		
89.	Rajasthan Ayurveda Vibhagiya Pariksha Mandal, Ajmer ..	Bhishagwara
90.	Rajputana Ayurvedic and Unani Tibbi College, Jaipur ..	Bhishagacharya Bhishagacharya Shiromani Bhishagaratna Shastri

1	2	3
91.	Government Ayurvedic College, Jaipur ..	Bhishak Bhishagacharya Bhish—
92.	Maharaja College of Ayurved, Jaipur ..	Shastra-acharya.
Tamil Nadu		
93.	Government College of Indian/Indigenous. ..	Guraduate of the College of Indian/Indigenous/Integrated Medicine.
		Licentiate in Indian/Indigenous/Interated Medicine.
94.	Madras Ayurvedic C[illegible], Madras ..	Ayurveda Bhushan Ayurve Bhishagwara
95.	Venkataram[illegible]na Ayurvedic College Mylapo[illegible] adras ..	Vajdya Visharada
96.	Boa[illegible] of Examiners in Indian/Indigenous/Integrated Medicine, Madras ..	Higher Proficiency in Indian Indigenous/Integrated Medicine
97.	University of Madras, Madras	Ayurveda-Shiromani Bachelor of Indian Medicine (Siddha).
98.	University of Madurai ..	Bachelor of Indian Medicine (Siddha).
Uttar Pradesh		
99.	Banaras Hindu University, Varanasi ..	Ayurved Shastracharya Ayurvedacharya In Medicine and Surgery
		Ayurvedacharya with Modern Medicine and Surgery.
		Doctor of Ayurvedic Medicine.
		Ayurvedacharya Bachelor of Medicine and Surgery.
100.	Lucknow University, Lucknow ..	Bachelor of Ayurveda with Modern Medicine and Surgery.
		Bachelor of Medicine and [illegible] Surgery.
101.	Ayurvedic College, Gurukul University Kangri (Hardwar) ..	Ayurveda-Alankara.
		Ayurveda Vachaspati

[Health Minister]

102.	Gurukul Vidyalaya, Vrindaban ..	Ayurved-Shiromani Ayurveda Bhusan.
103.	Rishikul Ayurvedic College, Hardwar ..	Ayurved Visharad Vaidya Visharad Vaidya Shastri Ayurved Shastri Ayurveda-charya.
104.	Lalit Hari Ayurvedic College, Pilibhit ..	Vaid Bhushan Vaid Raj
105.	Hindi Sahitya Sammelan, Prayag	Vaidya Visharad Ayurved Ratna.
106.	Jawalapur Mahavidyalaya, Hardwar ..	Ayurved Bhashar (Jawalapur Centre only).
107.	Board of Indian Medicine, Uttar Pradesh, Lucknow ..	Diploma in Indigenous Medicine. Diploma in Indigenous Medicine and Surgery. Bachelor of Indian Medicine and Surgery. Ayurvedacharya, Bachelor of Medicine and Surgery. Ayurvedacharya, (Bachelor of Ayurved with Medicine and Surgery).
	West Bengal	
108.	Shyamadas Vaidya Shastrapith Parishad, Calcutta. ..	Vaidya Shastri
109.	Jamini Bhushan Ashtanga Ayurved Vidyalaya, Calcutta ..	Bishagacharya (Master in Ayurvedic Medicine and Surgery).
110.	Jamini Bhusan Ashtanga Ayurved Vidyalaya, Calcutta ..	Bishagaratna (Licentiate in Ayurvedic Medicine and Surgery)
111.	General Council and State Faculty of Ayurvedic Medicine, West Bengal (now Paschim Bengal Ayurveda Parishad), Culcutta. ..	Vaidya Shiromani (Member of the Ayurvedic State Faculty). Vaidyashastri Vaidyabhushan (Licentiate Ayurvedic State Faculty). Ayurvedatirtha (Member o the Ayurvedic State Faculty) Ayurvedatirtha (Ayurvedic State Faculty).
112.	Ayurvidya Pratisthan, Calcutta ..	Pranacharya Bishagratna Bhithagacharya

1	2	3
113.	Ganga Charan Ayurved Vidylaya. Calcutta. ..	Ayurvedshastri Ayurvedacharya.
114.	Maharaja Cossimbazar Gobindasundari Ayurvedic College, Calcutta. ..	Ayurvedshastri (Bachelor in Ayurvedic Medicine).
		Ayurvedacharya (Master of Ayurvedic Medicine) Doctor.
115.	Vishwanath Ayurved Mahavidyalaya Calcutta. ..	Bhishagratha the (Diploma in Ayurvedic Medicine and Surgery).
		Vaidyashiromani (Bachelor of Ayurvedic Medicine and Surgery).
		(Master of Ayurvedic Medicine and Surgery).

PART II—UNANI

1	2	3
	Andhra :	
1.	Isliamia Arabic Tibbi College, Kurnool A. P.) ..	Tabib-Kamil
2.	Nizamia Tibbi College, Hyderabad ..	Bachelor of Unani Medicine and Surgery
		Tabib-e-Mistanad
		Graduate of the College of Unani Medicine.
	Bihar :	
3.	State Faculty of Ayurvedic and Unani Medicines, Patna, Bihar. ..	Graduate in Unani Medicine and Surgery.
	Delhi :	
4.	Board of Ayurvedic and Unani System of Medicine, Delhi. ..	(Bachelor in Indian Medicine and Surgery), Fazil-i-tib-o-Jarahat.
		(Diploma in Indian Medicine and Surgery) Kamil-i-tib-o-Jarahat.
5.	Ayurvedic and Unani Tibbia College, Delhi. ..	Fazil-i-tib-o-Jarahat Kamil-i-tib-o-Jarahat
6.	Jamia Tibbia, Delhi, ..	Akmal-ul-Hukma Afzal-ul-Hukma
7.	Examining Body, Ayurvedic and Unani Systems of Medicine, Delhi. ..	Fazil-i-tib-o-Jarahat (Bachelor in Indian Medicine and Surgery.

[Health Minister]

1	2	3
Jammu and Kashmir :		
8.	Jammu and Kashmir University. ..	Bachelor of Unani Medicine and Surgery.
Madhya Pradesh :		
9.	Asipha Tibbia College, Bhopal. ..	Hakim-Kamil Tib-e-Kamil
Maharashtra :		
10.	Faculty of Ayurvedic and Unani Systems of Medicine, Maharashtra. ..	Mahir-e-Tibb-o-Jarahat.
11.	Board of Examiners in Unani. ..	Mahire Tibb-o-Jarahat.
Mysore :		
12.	Board of Studies in India Medicine Mysor, Bangalor. ..	Tabib-e-Hasaq Licentiate Unani Medicine & Surgery)
13.	Government Ayurvedic and Unani College (College of Indian Medicine Mysore ..	Tabib-e-Hasaq (Licentiate in Unani Medicine & Surgery).
14.	Central Board of Indian Medicine Mysore, Bangalore. ..	Tabib-e-Hasaq, (Licentiate in Unani Medicine & Surgery.)
15.	Government Ayurvedic School, Mysore ..	
Tamil Nadu :		
16.	Government College of Indian/Indigenous/Integrated Medicine Madras. ..	Licentiate in Indian/Indigenous/Integrated Medicine. Graduate of the College of Indian/Indigenous/Integrated Medicine.
17.	Board of Examiners in Indian Indigenous/Integrated/Medicine. ..	Higher Proficiency in Indian Indigenous/Integrated Medicine.
Punjab		
18.	Bhupindra Tibbi College, Patiala. ..	Fazul-ul-Hukma
19.	Ayurvedic & Unani Tibbi College Amritsar, Vedic & Unani Tibbi College Amritsar. ..	Kamll-ul-Tibbi Fazil.ul-Tibbi Umdho-Dal-Hukam
Rajasthan :		
20.	Rajputana Ayurvedic and Unani Tibbi College, Jaipur. ..	Amd-Tul Hukma Tabib-Fazil.

1	2
Utter Pradesh :	
21 Muslim University, Aligarh. ..	Diploma in Indian Medicine and Surgery. Diploma in Unani Medicine and Surgery. Bachelor in Unani Medicine and Surgery. Bachelor of Unani Tib and Surgery.
22. Board of Indian Medicine Uttar Pradesh, Lucknow. ..	Diploma in Indigenous Medicine. Diploma in Indigenous Medicine and Surgery. Bechelor of Indian Medicine and Surgery. Fazil-Ut-Tib (Bachelor of Medicine and Surgery.

THE THIRD SCHEDULE

(*See* Section 15)

Qualification granted by certain medical institutions before 15th August, 1947 in areas which comprised within India as defined in the Government of India Act, 1935.

University Board or Medical Institutions.	Recognised Medical qualifications
PART I—Ayurveda and Siddha	
1. Dayanand Ayruvedic College, Lahore.	Vaidya Vachaspati Vaidya Kaviraj.
2. Sanatan Dharam Premgiri Ayruvedic College, Lahore.	Vaidya Shastri Shri Ayruvedacharya, Shri Vaidya Kaviraj.
3. Manmohan Chatuspati Dacca	Ayurved shastri Ayurvedratna.
PART-II Unani	
1. The Islamia College, Lahore	Hakim-i-Haziq Zubdatul-Hukma.
2. Tibbia College, Lahore.	Hasiq-ul-Hukma, Mahir-Tibo-Jarahat Hakim-i-Haziq

[Health Minister]

THE FOURTH SCHEDULE

(*See* Section 16)

Qualifications granted by medical institutions in countries with which there is a scheme of reciprocity.

University, Board or Medical Institution	Recognised medical qualification
1	2
AYURVEDA AND SIDDHA	
Government College of Indigenous Systems of Medicine, Ceylon.	Diploma in Indigenous Medicine and Surgery.

STARRED QUESTION NO. 815*

(Extension was asked for in Respect of Starred Question No. 815.)

ਰਾਜ ਵਿਚ ਸੁਤੰਤਰਤਾ ਸੰਗਰਾਮੀਆਂ ਨੂੰ ਦਿੱਤੀ ਜਾਂਦੀ ਮਾਲੀ ਸਹਾਇਤਾ

*775. ਸਰਦਾਰ ਮੇਜਰ ਸਿੰਘ ਉਬੋਕੇ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਰਾਜ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਰਾਜ ਦੇ ਖਜ਼ਾਨੇ ਵਿਚੋਂ ਕੋਈ ਮਾਲੀ ਸਹਾਇਤਾ ਦਿੱਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਨੂੰ ਸਾਲ 1980 ਦੇ ਦੌਰਾਨ ਕਿੰਨੀ ਰਕਮ ਅਦਾ ਕੀਤੀ ਗਈ ;

(ਅ) ਕੀ ਉਨ੍ਹਾਂ ਨੂੰ ਉਕਤ ਰਕਮ ਤਿੰਨ, ਤਿੰਨ ਮਹੀਨੇ ਬਾਅਦ ਮਨੀ ਆਰਡਰਾਂ ਦੁਆਰਾ ਭੇਜੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਸਾਲ 1980 ਦੀ ਹਰੇਕ ਤ੍ਰਿਮਾਹੀ ਵਿਚ ਕੁੱਲ ਕਿੰਨੀ ਰਕਮ ਭੇਜੀ ਗਈ;

(ੲ) ਕੀ ਬਣਦੀ ਰਕਮ ਵਿਚੋਂ ਮਨੀਆਰਡਰ ਦਾ ਕਮਿਸ਼ਨ ਕੱਟ ਲਿਆ ਜਾਂਦਾ ਸੀ

---

*For Starred Question No. 815 and reply there to please see appendix to this debate.

ਅਤੇ ਬਕਾਇਆ ਰਕਮ ਸੁਤੰਤਰਤਾ ਸੰਗਰਾਮੀਆਂ ਨੂੰ ਭੇਜ ਦਿੱਤੀ ਜਾਂਦੀ ਸੀ ?

ਸਰਦਾਰ ਦਰਬਾਰਾ ਸਿੰਘ : (ੳ) ਜੀ ਹਾਂ ।

(i) 3040 ਕੇਸਿਜ਼ ਵਿਚ ।

(ii) 17,18,200 ਰੁਪਏ ਦੀ ਰਕਮ ਜਿਸ ਦੀ ਅਦਾਇਗੀ ਨੈਸ਼ਨਲ ਵਰਕਰਜ਼ ਰਿਲੀਫ ਫੰਡ, ਪੰਜਾਬ ਵਿਚੋਂ ਕੀਤੀ ਗਈ ।

(ਅ) ਜੀ ਹਾਂ ।

ਪਹਿਲੀ ਤਿਮਾਹੀ : 4,32,900 ਰੁਪਏ

ਦੂਜੀ ਤਿਮਾਹੀ : 4,30,650 ਰੁਪਏ

ਤੀਜੀ ਤਿਮਾਹੀ : 4,27,750 ਰੁਪਏ

ਚਥੀ ਤਿਮਾਹੀ : 4,26,900 ਰੁਪਏ

(ੲ) ਜੀ ਹਾਂ ।

JAIL MANNUAL

*756. **Sardar Atma Singh** : Will the Chief Minister be pleased to state:—

(a) the date on which Committee to suggest amendments in the Jail Manual was constituted and the details of work so far done by the Committee;

(b) whether the said Committee has since submitteed its Report to the Government; if so, when; if not, the time by which it is likely to be submitted to the Government ?

ਸਰਦਾਰ ਦਰਬਾਰਾ ਸਿੰਘ : (ੳ) ਅਤੇ (ਅ) ਕੁਝ ਵਿਧਾਨਕਾਰਾਂ ਅਤੇ ਸਰਕਾਰੀ ਅਫ਼ਸਰਾਂ ਦੀ ਇਕ ਕਮੇਟੀ 17 ਅਕਤੂਬਰ, 1978 ਨੂੰ ਸਬੰਧਤ ਅਫ਼ਸਰਾਂ ਵਲੋਂ ਤਿਆਰ ਕੀਤੇ, ਜੇਲ੍ਹ ਮੈਨੂਅਲ ਦੇ ਸੋਧੇ ਹੋਏ ਖਰੜੇ ਤੇ ਵਿਚਾਰ ਕਰਨ ਲਈ ਬਣਾਈ ਗਈ ਸੀ । ਇਸ ਕਮੇਟੀ ਨੇ ਹਾਲੇ ਅਪਣਾ ਕੰਮ ਪੂਰਾ ਨਹੀਂ ਕੀਤਾ ਸੀ ਜਦੋਂ ਕਿ ਪੰਜਾਬ ਵਿਧਾਨ ਸਭਾ ਭੰਗ ਕਰ ਦਿੱਤੀ ਗਈ ਅਤੇ ਉਸ ਦੇ ਫਲਸਰੂਪ ਇਹ ਕਮੇਟੀ ਵੀ ਤੋੜ ਦਿੱਤੀ ਗਈ । ਉਹ 4 ਕਾਂਡ ਜਿਨ੍ਹਾਂ ਤੇ ਭੰਗ ਹੋਈ ਕਮੇਟੀ ਵਿਚਾਰ ਨਹੀਂ ਕਰ ਸਕੀ, ਅਫ਼ਸਰਾਂ ਦੀ ਇਕ ਹੋਰ ਕਮੇਟੀ ਵਲੋਂ ਘੋਖੇ ਗਏ, ਜਿਹੜੀ ਕਿ ਗ੍ਰਹਿ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਕਾਇਮ ਕੀਤੀ ਗਈ

[ਮੁੱਖ ਮੰਤਰੀ]

ਸੀ । ਇਸ ਕਮੇਟੀ ਦੀ ਰਸਮੀ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਸਰਕਾਰ ਨੂੰ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ । ਇਸ ਰਿਪੋਰਟ ਦੇ ਪੇਸ਼ ਕੀਤੇ ਜਾਣ ਦਾ ਠੀਕ ਠੀਕ ਸਮਾਂ ਨਹੀਂ ਦੱਸਿਆ ਜਾ ਸਕਦਾ । ਫਿਰ ਵੀ ਕਮੇਟੀ ਨੂੰ ਆਪਣੀ ਰਿਪੋਰਟ ਛੇਤੀ ਹੀ ਪੇਸ਼ ਕਰਨ ਲਈ ਕਹਿ ਦਿੱਤਾ ਗਿਆ ਹੈ ।

MILK PRODUCERS SOCIETIES SET UPON THE ANAND PATTERN IN DISTRICT AMRITSAR

***765. Comrade Darshan Singh Jhabal :** Will the Chief Minister be pleased to state :—

(a) the Block-wise details of Milk Producers Societies set up on the Anand Pattern in district Amritsar;

(b) the total amount of loans advanced to the said societies so far, together with the number of societies working at present ?

ਸਰਦਾਰ ਦਰਬਾਰਾ ਸਿੰਘ : (ੳ) ਅੰਮ੍ਰਿਤਸਰ ਜ਼ਿਲ੍ਹੇ ਦੇ ਦੁੱਧ ਉਤਪਾਦਕਾਂ ਦੀ ਅਨੰਦ ਪੈਟਰਨ ਤੇ ਕੋਆਪਰੇਟਿਵ ਸੋਸਾਇਟੀਆਂ ਅਜੇ ਸੰਗਠਤ ਨਹੀਂ ਕੀਤੀਆਂ ਗਈਆਂ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

CONSTRUCTION OF A BRIDGE ON GARHSHANKER SANTOKHGARH ROAD

***766 Pandit Sarwan Ram** : Will the Chief Minister be pleased to state whether there is any proposal under the consideration of Government to construct a bridge on Garhshanker Santokhgarh road in Kilometer 2 near the Jhuggis of Bazigars, if so, the time by which it is likely to be constructed ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ ।

REPAIR OF OLD LINK ROADS IN GARHSHANKAR ASSEMBLY CONSTITUENCY.

***767 Pandit Sarwan Ram** : Will the Chief Minister be pleased to state whether there is any proposal under the consideration of Government to repair the old link roads which have become unserviceable in Garhshankar Assembly constituency, if so, the time by which it is likely to materialise ?

ਸਰਦਾਰ ਦਰਬਾਰਾ ਸਿੰਘ : ਗੜ੍ਹਸ਼ੰਕਰ ਅਸੈਂਬਲੀ ਚੋਣ-ਹਲਕੇ ਵਿਚ ਕੋਈ ਵਰਤੋਂ-ਅਯੋਗ (unserviceable) ਪੁਰਾਣੀਆਂ ਲਿੰਕ ਸੜਕਾਂ ਨਹੀਂ । ਹਨਕੁਝ ਸੜਕਾਂ ਨੂੰ ਮੁਰੰਮਤ ਕਰਨ ਦੀ ਲੋੜ ਹੈ, ਜਿਨ੍ਹਾਂ ਨੂੰ 31 ਮਾਰਚ, 1982 ਤੱਕ ਮੁਕੰਮਲ ਕਰਨ ਦੀ ਤਜਵੀਜ਼ ਹੈ; ਪਰ ਇਹ ਧਨ ਅਤੇ ਸਮੱਗਰੀ ਦੀ ਉਪਲਭੱਤਾ ਤੇ ਨਿਰਭਰ ਹੈ ।

LETTER RECEIVED FROM A LEGISLATOR REGARDING MAL ADMINISTRATION OF MUNICIPAL COMMITTEE, SULTANPUR LODHI

*764. **Sardar Atma Singh** : Will the Chief Minister be pleased to state :—

(a) whether he received a copy of the letter, addressed to the Finance Minister, Punjab, in November, 1980, from the L gislator of the a ea complaining about mal-administration of the Municipal Committ e, Sultanpur Lodhi;

(b) if the reply to part (a) above be in the affirmative; the details of action taken thereon; if no action has been taken so far, the reasons therefor ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ) : (ੳ) ਹਾਂ ਜੀ।

(ਅ) ਸ਼ਿਕਾਇਤ ਵਿਚਾਰ ਅਧੀਨ ਹੈ।

UNSTARRED QUESTIONS AND ANSWERS

UNSTARRED QUESTION NO. 110*

DISTRIBUTION OF SURPLUS LAND TO LANDLESS CULTIVATORS IN THE STATE

111. **Master Chand Singh** :— Will the Minister for Revenue be pleased to state :—

(a) whether the surplus land in the State had been distributed till 13th December, 1980 amongst the landless cultivators of the State;

(b) if the reply to part (a) above be in the affirmative, the districtwise total acreage of land so distributed as well as the number of families to whom the said land was distributed;

(c) the total area of land still to be distributed together with the time by which it is l kely to be distributed; alongwith the reasons for not distributing the said land so far ?

---

*For Unstarred Question No. 110 and reply thereto, please see Appendix to this Debate.

ਸਰਦਾਰ ਬੇਅੰਤ ਸਿੰਘ: (ੳ) ਹਾਂ ਜੀ।

(ਅ) ਅਕਤੂਬਰ, 1980 ਦੇ ਅੰਤ ਤੱਕ ਭੋਂ ਹੱਦ ਬੰਦੀ ਕਾਨੂੰਨਾ ਅਧੀਨ 94,287 ਏਕੜ ਜ਼ਮੀਨ ਹੇਠ ਲਿਖੇ ਅਨੁਸਾਰ ਵੰਡੀ ਗਈ :—

ਲੜੀ ਨੰ.	ਜ਼ਿਲ੍ਹੇ ਦਾ ਨਾਮ	ਵੰਡੀ ਗਈ ਜ਼ਮੀਨ ਏਕੜਾਂ ਵਿਚ	ਜਿਨ੍ਹੇ ਪਰਿਵਾਰਾਂ ਨੂੰ ਜ਼ਮੀਨ ਵੰਡੀ ਗਈ।
1.	ਅੰਮ੍ਰਿਤਸਰ	13,946	4,378
2.	ਜਲੰਧਰ	5,615	1,794
3.	ਗੁਰਦਾਸਪੁਰ	19,527	6,415
4.	ਹੁਸ਼ਿਆਰਪੁਰ	6,835	1,940
5.	ਕਪੂਰਥਲਾ	1,597	369
6.	ਫਿਰੋਜ਼ਪੁਰ	10,384	1,637
7.	ਫਰੀਦਕੋਟ	3,293	791
8.	ਬਠਿੰਡਾ	8,369	1,893
9.	ਪਟਿਆਲਾ	12,009	2,163
10.	ਲੁਧਿਆਣਾ	2,622	1,068
11.	ਰੂਪ ਨਗਰ	3,289	686
12.	ਸੰਗਰੂਰ	6,801	1,960
		94,287	25,094

(ੲ) 31 ਅਕਤੂਬਰ, 1980 ਨੂੰ 10,830 ਏਕੜ ਜ਼ਮੀਨ ਮੁਕੱਦਮੇ ਬਾਜ਼ੀ ਤੋਂ ਰਹਿਤ ਵੰਡਣੀ ਰਹਿੰਦੀ ਸੀ ਜਿਸ ਦੇ ਜਲਦੀ ਹੀ ਵੰਡੇ ਜਾਣ ਦੀ ਸੰਭਾਵਨਾ ਹੈ। ਸਰਪਲੱਸ ਕਰਾਰ ਦਿੱਤੀ ਗਈ ਸਾਰੀ ਜ਼ਮੀਨ ਦੇ ਨਾਂ ਵੰਡੇ ਜਾਣ ਦਾ ਕਾਰਨ ਇਹ ਹੈ ਕਿ ਸਰਪਲੱਸ ਕਰਾਰ ਦਿੱਤੀ ਗਈ ਜ਼ਮੀਨ ਪੰਜਾਬ ਭੋਂ ਸੁਧਾਰ ਐਕਟ, 1972 ਦੇ ਸੈਕਸ਼ਨ 8 ਦੇ ਅਨੁਸਾਰ ਉਸ ਮਿਤੀ ਤੋਂ ਸਰਕਾਰ ਵਿਚ ਵੈਸਟ ਕਰਦੀ ਹੈ ਜਿਸ ਮਿਤੀ ਤੋਂ ਸਰਕਾਰ ਰਾਹੀਂ/ਵਲੋਂ ਉਸ ਦਾ ਕਬਜ਼ਾ ਲਿਆ ਜਾਂਦਾ ਹੈ। ਇਸ ਜ਼ਮੀਨ ਦਾ ਕਬਜ਼ਾ ਲੈਣ ਤੋਂ ਪਹਿਲਾਂ ਉਪਰੋਕਤ ਐਕਟ ਦੇ ਸੈਕਸ਼ਨ 9 ਅਧੀਨ ਜਿਨ੍ਹਾਂ ਵਿਅਕਤੀਆਂ ਤੋਂ ਸਰਕਾਰ ਨੇ ਕਬਜ਼ਾ ਲੈਣਾ ਹੁੰਦਾ ਹੈ, ਉਨ੍ਹਾਂ ਨੂੰ 10 ਦਿਨਾਂ ਦਾ ਸਪੱਸ਼ਟ ਨੋਟਿਸ ਦਿੱਤਾ ਜਾਣਾ ਹੁੰਦਾ ਹੈ। ਇਸ 10 ਦਿਨਾਂ ਦੇ ਵਕਫ਼ੇ ਦੇ ਦੌਰਾਨ ਬਹੁਤ ਸਾਰੇ ਭੋਂ ਮਾਲਕ, ਆਮ ਤੌਰ ਤੇ ਅਦਾਲਤਾਂ ਪਾਸੋਂ ਸਟੇਅ ਆਰਡਰ ਪ੍ਰਾਪਤ ਕਰ ਲੈਂਦੇ ਹਨ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ** ** **

Mr. Speaker: This is no point of order.

ਸਰਦਾਰ ਸੁਰਜੀਤ ਸਿੰਘ ਬਰਨਾਲਾ : ** **

Mr. Speaker: This is no point of order.

Shri Gopal Karishan Chatrath : It is a sub judice matter. It is going on in the Punjab & Haryana High Court. It can not be discussed here.

ਸ੍ਰੀ ਸਪੀਕਰ: ਮੈਂ ਪਹਿਲਾਂ ਹੀ ਕਿਹਾ ਹੈ ਕਿ This is no point of order. ਇਹ ਹਾਈ ਕੋਰਟ ਦਾ ਮਾਮਲਾ ਹੈ। (ਵਿਘਨ) ਜਿਸ ਵੇਲੇ ਮੈਂ ਕਹਿੰਦਾ ਹਾਂ ਕਿ This is no point of order ਤਾਂ ਉਸ ਦਾ ਮਤਲਬ ਹੈ ਕਿ ਉਹ ਸਾਰੀ ਕਾਰਵਾਈ ਆਟੋਮੈਟੀਕਲੀ ਐਕਸਪੰਜ ਹੋ ਜਾਂਦੀ ਹੈ। (ਤਾੜੀਆਂ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ** ** **

Mr. Speaker: This is no point of order.

ਸਰਦਾਰ ਬਲਵਿੰਦਰ ਸਿੰਘ ਭੂੰਦੜ: ** ** **

Mr. Speaker: This is no point of order.

ਸਰਦਾਰ ਬਸੰਤ ਸਿੰਘ ਖਾਲਸਾ: ** ** **

Mr. Speaker: This is no point of order.

ਸਰਦਾਰ ਬਸੰਤ ਸਿੰਘ ਖਾਲਸਾ: ** ** **

Mr. Speaker: This is no point of order.

ਪੰਡਿਤ ਬਲਦੇਵ ਸਿੰਘ ਲੂੰਬਾ: ** ** **

Mr. Speaker: This is no Point of Order,

ਪ੍ਰੋਫੈਸਰ ਬਲਵੰਤ ਸਿੰਘ: ** ** **

Mr. Speaker: This is no point of order. (ਵਿਘਨ) ਇਹ ਮੈਂ ਡਿਸਅਲਾਓ ਕਰ ਦਿਤੀ ਹੈ।

ਸਰਦਾਰ ਆਤਮਾ ਸਿੰਘ: ** ** **

Mr. Speaker: This is no point of order.

**Expunged as ordered by the Chair.

ਸਰਦਾਰ ਆਤਮਾ ਸਿੰਘ: ** ** **

Mr. Speaker: This is no Point of Order.

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

ਸਰਦਾਰ ਬਲਦੇਵ ਸਿੰਘ ਮਾਨ: ** ** **

Mr. Speaker: This is no Point of Order.

WALK-OUT

ਸਰਦਾਰ ਸੁਖਜਿੰਦਰ ਸਿੰਘ ਖੇਰਾ: ** ** **

Shri Gopal Krishan Chatrath: Speaker Sahib, I want to know whether the conduct of the Governor can be discussed here ?

Mr. Speaker: No. it cannot be discussed.

ਸਰਦਾਰ ਸੁਖਜਿੰਦਰ ਸਿੰਘ ਖੇਰਾ: ** ** **

Mr. Speaker: This is no point of order. It stands expunged. This House cannot discuss the conduct of the Governor.

(At this stage all the Members of the Shiromani Akali Dal (T) and Shiromani Akali Dal (L) present in the House staged a walk-out).

While leaving the House they were raising slogans which were not recorded as ordered by the Chair.

ਸਰਦਾਰ ਸੁਰਜੀਤ ਸਿੰਘ ਬਰਨਾਲਾ: ** ** **

Mr. Speaker: Sardar Pirthipal Singh to please read his Call Attention Motion. ਜਿਹੜੇ ਸਲੋਗਨਜ਼ ਲਗਾਏ ਜਾ ਰਹੇ ਹਨ ਉਹ ਰਿਕਾਰਡ ਨਾ ਕੀਤੇ ਜਾਣ।

CALL ATTENTION NOTICE UNDER RULE 66

(ਕ੍ਰਮ ਨੰ: 131)

ਸਰਦਾਰ ਪ੍ਰਿਥੀਪਾਲ ਸਿੰਘ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਚੰਦਾ ਸੂਰਜ ਸਿਨੇਮਾ, ਅੰਮ੍ਰਿਤਸਰ ਵਿਚ ਬੜੀ ਵੱਡੀ ਸਕੇਲ ਤੇ ਐਂਟਰਟੇਨਮੈਂਟ ਟੈਕਸ ਦੀ ਚੋਰੀ ਕੀਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਟਿਕਟਾਂ ਖੁਲ੍ਹੇ ਆਮ ਬਲੈਕ ਵਿਚ 50-50 ਰੁਪਏ ਵੇਚੀਆਂ ਜਾ ਰਹੀਆਂ ਹਨ। ਲੋਕਾਂ ਵਿਚ ਬੜੀ ਬੇਚੈਨੀ ਤੇ ਰੋਸ ਹੈ। ਅੰਮ੍ਰਿਤਸਰ ਦੇ ਡੀ.ਸੀ. ਨੇ ਵੀ ਸਰਕਾਰ ਨੂੰ ਸਿਨੇਮੇ ਦਾ ਲਾਇਸੰਸ ਕੈਂਸਲ ਕਰਨ ਦੀ

**Not recorded as ordered by the Chair.

ਹਾਲ ਹੀ ਵਿਚ ਸਿਫਾਰਸ਼ ਕੀਤੀ ਹੈ। ਸਰਕਾਰ ਉਕਤ ਸਿਨੇਮੇ ਵਿਚ ਹੋ ਰਹੀ ਚੋਰੀ ਅਤੇ ਟਿਕਟਾਂ ਦੀ ਬਲੈਕ ਨੂੰ ਰੋਕਣ ਸਬੰਧੀ ਤੁਰਤ ਕਾਰਵਾਈ ਕਰੇ ਅਤੇ ਸਬੰਧਤ ਮੰਤਰੀ ਸਦਨ ਵਿਚ ਬਿਆਨ ਦੇਣ।

Chief Minister (Sardar Darbara Singh) : On receipt of reliable information......

Comrade Raj Kumar : Sir, on a point of order.......

Mr. Speaker: Let the Chief Minister make a statement.

Chief Minister (Sardar Darbara Singh) : On receipt of reliable information by Senior Superintendent of Police, Amritsar, that tickets were being sold in black in Suraj and Chanda Cinemas, a decoy purchaser was sent by the local police on 13th Feb., 1981. Shri Vijay Kumar S/o Gian Chand, resident of Gill Wali Gate, Amritsar was apprehended while selling tickets of the value of Rs. 5.70 for Rs. 10.00 per ticket. A case FIR No. 48 dated 13th Feb., 1981 U/S 5/7 of the Punjab Cinemas (Regulation) Act, 1952 was registered at Police Station 'A' Division, Amritsar. The local police is, however, vigilant in this respect and a close watch is being maintained to check the sale of tickets in black market. No recommendations for the cancellation of licence of the cinemas has been made by the District Magistrate, Amritsar to the Government.

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਇਹ ਟਿਕਟਾਂ ਜਿਹੜੀਆਂ ਬਲੈਕ ਵਿਚ ਵਿਕਦੀਆਂ ਹਨ ਇਸ ਦੇ ਨਾਲ ਟੈਕਸ ਦੀ ਬੜੀ ਇਵੇਜ਼ਨ ਹੁੰਦੀ ਹੈ। ਜੋ ਐਨਟਰਟੇਨਮੈਂਟ ਟੈਕਸ ਦੀ ਚੋਰੀ ਹੋ ਰਹੀ ਹੈ ਇਸ ਦੇ ਨਾਲ ਸਰਕਾਰ ਨੂੰ ਲੱਖਾਂ ਰੁਪਏ ਦਾ ਘਾਟਾ ਇਕ ਹਫ਼ਤੇ ਵਿਚ ਪੈਂਦਾ ਹੈ। ਇਕ ਵੱਡੇ ਸਿਨੇਮੇ ਦੀ ਇਕ ਦਿਨ ਵਿਚ 8800 ਰੁਪਏ ਦੀ ਇਨਕਮ ਹੁੰਦੀ ਹੈ ਅਤੇ ਜੇ ਇਹ ਸਾਰੀਆਂ ਟਿਕਟਾਂ ਇਸ ਤਰ੍ਹਾਂ ਬਲੈਕ ਵਿਚ ਵੇਚ ਦਿੱਤੀਆਂ ਜਾਣ ਤਾਂ ਇਸ ਸਿਨੇਮੇ ਦੀ ਆਮਦਨ ਇਕ ਦਿਨ ਵਿਚ 52,000 ਰੁਪਏ ਤੱਕ ਪਹੁੰਚ ਜਾਂਦੀ ਹੈ। ਗੈਲਰੀ ਦੀਆਂ ਟਿਕਟਾਂ ਜੋ 5 ਰੁਪਏ 70 ਪੈਸੇ ਦੀ ਆਉਂਦੀ ਹੈ ਉਹ 50 ਰੁਪਏ ਵਿਚ ਵਿਕ ਰਹੀ ਹੈ, 2 ਰੁਪਏ 5 ਪੈਸੇ ਵਾਲੀ ਟਿਕਟ 30 ਰੁਪਏ ਅਤੇ 4 ਰੁਪਏ 10 ਪੈਸੇ ਵਾਲੀ ਟਿਕਟ 40 ਰੁਪਏ ਵਿਚ ਵਿਕ ਰਹੀ ਹੈ। ਅਗਰ ਇਸ ਤਰ੍ਹਾਂ ਹੁੰਦਾ ਰਿਹਾ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ ਇਸ ਦਾ ਕੀ ਹਾਲ ਹੋਵੇਗਾ। ਸਿਨੇਮੇ ਦਾ ਮਾਲਕ ਜੋ ਹੈ. ਉਹ ਡਿਸਟ੍ਰੀਬਿਊਟਰਾਂ ਨੂੰ ਕੋਈ ਹੋਰ ਰਿਟਰਨ ਦਿੰਦਾ ਹੈ ਅਤੇ ਪੀ.ਈ.ਡੀ. 18 ਤੇ ਕੁਝ ਹੋਰ ਇੰਦਰਾਜ਼ ਕਰਦਾ ਹੈ। ਦੋਨਾਂ ਰਿਟਰਨਾਂ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਜੇ ਇਸ ਗੱਲ ਦੀ ਇਨਕੁਆਇਰੀ ਕੀਤੀ ਜਾਵੇ ਤਾਂ ਤਿੰਨ ਸਾਲਾਂ ਦਾ ਘਟੋ ਘੱਟ 1 ਕਰੋੜ 25 ਲੱਖ ਰੁਪਿਆ ਸਰਕਾਰ ਨੂੰ ਮਿਲ ਸਕਦਾ ਹੈ। ਚੰਦਾ ਸੂਰਜ ਸਿਨੇਮੇ ਬਹੁਤ ਵੱਡੇ ਸਿਨੇਮੇ ਹਨ ਔਰ ਇਸ ਦੀ ਲੋਕੇਸ਼ਨ ਅਤੇ ਸਿਚੂਏਸ਼ਨ ਬਹੁਤ ਅੱਛੀ ਜਗ੍ਹਾ ਤੇ ਹੈ। ਇਕ ਸਾਲ ਵਿਚ ਐਂਟਰਟੇਨਮੈਂਟ ਟੈਕਸ ਇਤਨੇ ਵੱਡੇ ਸਿਨੇਮੇ ਦਾ 4 ਲੱਖ 75 ਹਜ਼ਾਰ ਹੈ ਅਤੇ ਇਸ ਦੇ ਮੁਕਾਬਲੇ ਵਿਚ ਐਨਮ ਇਕ ਛੋਟਾ ਜਿਹਾ ਸਿਨੇਮਾ ਹੈ ਉਸ ਦਾ ਐਨਟਰਟੇਨਮੈਂਟ ਟੈਕਸ 21 ਲੱਖ ਰੁਪਏ ਹੈ। ਇਹ ਤੁਸੀਂ ਆਪ ਹੀ ਦੇਖ ਲਓ ਕਿ ਕਿੰਨਾ ਫਰਕ ਹੈ ਔਰ ਉਹ ਕਿਤਨੀ ਬੇਈਮਾਨੀ ਕਰਦਾ ਹੈ। ਜਿਹੜੀਆਂ ਟਿਕਟਾਂ ਬਲੈਕ ਵਿਚ ਵਿਕਦੀਆਂ ਹਨ ਉਸ ਦਾ ਪੈਸਾ ਵ੍ਹਾਈਟ ਕਰਨ ਲਈ ਸਿਨੇਮੇ ਦਾ ਮਾਲਕ ਉਸ

[ਸਰਦਾਰ ਪ੍ਰਿਥੀਪਾਲ ਸਿੰਘ]

ਨੂੰ ਕੰਟੀਨ ਦੀ ਆਮਦਨ ਸ਼ੋਅ ਕਰ ਦਿੰਦਾ ਹੈ ਔਰ ਕੰਟੀਨ ਦੀ ਆਮਦਨ ਸ਼ੋਅ ਕਰਕੇ ਉਸ ਨੂੰ ਵਾਈਟ ਮਨੀ ਕਰ ਲੈਂਦਾ ਹੈ । ਫਿਰ ਟਿਕਟਾਂ ਦੀ ਸਿਨੇਮੇ ਵਿਚ ਬੁਕਿੰਗ ਕਿਸ ਤਰ੍ਹਾਂ ਹੁੰਦੀ ਹੈ ! ਸੂਰਜ ਸਿਨੇਮੇ ਦੀਆਂ ਟਿਕਟਾਂ ਦੀ ਬੁਕਿੰਗ ਚੰਦਾ ਸਿਨੇਮੇ ਵਿਚ ਹੁੰਦੀ ਹੈ । ਉਥੇ ਬੰਦੂਕਾਂ ਅਤੇ ਛੁਰਿਆਂ ਨਾਲ ਲੈਸ ਗੁੰਡੇ ਰਖੇ ਹੋਏ ਹਨ ਅਤੇ ਸ਼ਰ-ਆਮ ਬਾਰੀ ਵਿਚ, ਖਿੜਕੀ ਵਿਚ 50 ਰੁਪਏ ਦੀ ਟਿਕਟ ਵਿਕਦੀ ਹੈ ਅਤੇ ਜੇ ਕੋਈ ਕਹਿੰਦਾ ਹੈ ਕਿ ਮੈਂ ਇਤਨੇ ਰੁਪਏ ਵਿਚ ਨਹੀਂ ਲੈਣੀ ਅਤੇ 5 ਰੁਪਏ 70 ਪੈਸੇ ਦੀ ਟਿਕਟ ਦਿੱਤੀ ਜਾਵੇ ਤਾਂ ਉਸ ਨੂੰ ਕੁਟਿਆ ਮਾਰਿਆ ਜਾਂਦਾ ਹੈ ਔਰ ਬੜੀ ਦਹਿਸ਼ਤ ਦਾ ਬੋਲ ਬਾਲਾ ਹੈ । ਕੋਈ ਆਦਮੀ ਬੋਲਣ ਦੀ ਹਿੰਮਤ ਨਹੀਂ ਕਰਦਾ । ਐਕਸਟਰਾ ਸੀਟਸ ਵੀ ਲਗਾਈਆਂ ਜਾਂਦੀਆਂ ਹਨ । ਇਕ ਦਫ਼ਾ ਇਕ ਇੰਸਪੈਕਟਰ ਚੈਕਿੰਗ ਵਾਸਤੇ ਗਿਆ ਤਾਂ ਉਸ ਨੂੰ ਚੋਰ ਚੋਰ ਕਹਿ ਕੇ ਕੁੱਟਿਆ ਮਾਰਿਆ ਗਿਆ ਔਰ ਉਹ ਵਿਚਾਰਾ ਆਪਣੀ ਜਾਨ ਬਚਾ ਕੇ ਭੱਜ ਗਿਆ । ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰਾਂ ਨੇ ਵੀ ਛਾਪੇ ਮਾਰੇ ਔਰ ਡੁਪਲੀਕੇਟ ਟਿਕਟਾਂ ਵੀ ਫੜੀਆਂ ਗਈਆਂ । ਇਹ ਟਿਕਟਾਂ ਪੂਰੀਆਂ ਦੀਆਂ ਪੂਰੀਆਂ ਗੇਟ ਦੇ ਅੰਦਰ ਜਾਂਦੀਆਂ ਹਨ ਅਤੇ ਪਿਕਚਰ ਖ਼ਤਮ ਹੋਣ ਤੋਂ 15 ਮਿੰਟ ਪਹਿਲਾਂ ਉਹ ਟਿਕਟਾਂ ਵਾਪਸ ਲੈ ਲਈਆਂ ਜਾਂਦੀਆਂ ਹਨ ਔਰ ਅਗਲੇ ਸ਼ੋਅ ਵਿਚ ਦੁਬਾਰਾ ਉਹੀ ਟਿਕਟਾਂ ਦਿੱਤੀਆਂ ਜਾਂਦੀਆਂ ਹਨ । ਜੋ ਟਿਕਟਾਂ ਵਾਪਸ ਨਹੀਂ ਕਰਦਾ ਉਸ ਨੂੰ ਮਾਰਿਆ ਕੁੱਟਿਆ ਜਾਂਦਾ ਹੈ । ਦੋ ਦਿਨ ਹੋਏ ਅਖ਼ਬਾਰਾਂ ਵਿਚ ਵੀ ਆਇਆ ਸੀ । ਉਥੇ ਇਤਨੀ ਹਨੇਰ-ਗਰਦੀ ਮੱਚੀ ਹੋਈ ਹੈ । ਸਾਡੇ ਸਤਿਕਾਰਯੋਗ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸਮੱਗਲਰਾਂ ਨੂੰ ਅਤੇ ਬਲੈਕ ਮਾਰਕੀਟੀਆਂ ਦੀ ਜੇਲ੍ਹਾਂ ਵਿਚ ਥਾਂ ਹੈ, ਅਸੀਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਪਹੁੰਚਾਵਾਂਗੇ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅੰਮ੍ਰਿਤਸਰ ਦੇ ਵਿਚ ਲੋਕਾਂ ਦੇ ਨਾਲ ਇਹ ਬਹੁਤ ਵੱਡਾ ਧੱਕਾ ਹੋ ਰਿਹਾ ਹੈ । ਜੇ ਇਸ ਤਰ੍ਹਾਂ ਹੀ ਧੱਕਾ ਚਲਦਾ ਰਿਹਾ ਤਾਂ ਇਹ ਬੜੀ ਮਾੜੀ ਗੱਲ ਹੋਵੇਗੀ । (ਵਿਘਨ) ਐਨਟਰਟੇਨਮੈਂਟ ਟੈਕਸ ਦੀ ਚੋਰੀ ਬਹੁਤ ਹੁੰਦੀ ਹੈ । ਉਥੇ ਪਿਕਚਰਾਂ ਲਗੀਆਂ ਸਨ ਸਤਿਅਮ-ਸ਼ਿਵਮ-ਸੁੰਦਰਮ, ਸੁਹਾਗ, ਅਮਰ-ਅਕਬਰ-ਐਂਥੋਨੀ, ਰਾਮ ਬਲਰਾਮ ਅਤੇ ਕਰਾਂਤੀ । (ਵਿਘਨ) ਅੱਜ ਵੀ ਦੇਖੋ ਤਾਂ ਉਥੇ ਦਹਿਸ਼ਤ ਦਾ ਬੋਲ ਬਾਲਾ ਹੈ । ਟੈਕਸ ਦੀ ਚੋਰੀ ਦੇ ਸਿਲਸਿਲੇ ਵਿਚ ਸਿਰਫ਼ ਦੋ ਹਜ਼ਾਰ ਰੁਪਿਆ ਜੁਰਮਾਨਾ ਹੁੰਦਾ ਹੈ । ਇਸ ਦੇ ਬਾਰੇ ਜਾਂ ਤਾਂ ਕੋਈ ਕਾਨੂੰਨ ਵਿਚ ਅਮੈਂਡਮੈਂਟ ਕੀਤੀ ਜਾਵੇ ਜਾਂ ਇਸ ਦਾ ਕੋਈ ਹੋਰ ਹੱਲ ਸੋਚਿਆ ਜਾਵੇ । ਟਰੱਕਾਂ, ਬੱਸਾ ਬਾਰੇ 5 ਹਜ਼ਾਰ ਰੁਪਿਆ ਕੀਤਾ ਗਿਆ ਹੈ ਇਸ ਦੇ ਵਿਚ 20 ਹਜ਼ਾਰ ਰੁਪਿਆ ਕਰਨਾ ਚਾਹੀਦਾ ਹੈ । ਡੀ. ਸੀ. ਅੰਮ੍ਰਿਤਸਰ ਨੇ ਇਸ ਸਿਨੇਮੇ ਦਾ ਲਾਈਸੈਂਸ ਕੈਂਸਲ ਕਰਨ ਦੀ ਸਿਫਾਰਸ਼ ਕੀਤੀ ਸੀ ਪਰ ਹੋਮ ਸੈਕਟਰੀ ਨੇ ਸਟੇਅ ਦੇ ਦਿੱਤੀ ਹੈ । ਇਹ ਕਿਸ ਤਰ੍ਹਾਂ ਕੰਮ ਚਲੇਗਾ । ਸਿਨੇਮਾ ਮੁੜ ਕੇ ਚਾਲੂ ਹੋ ਗਿਆ । (ਕਾਮਰੇਡ ਰਾਜ ਕੁਮਾਰ ਜੀ ਵਲੋਂ ਵਿਘਨ) ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੋਈ ਇਹ ਹੱਲ ਕੱਢਣ ?

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਇਸ ਚੰਦਾ ਸੂਰਜ ਸਿਨੇਮੇ ਬਾਰੇ ਅੰਮ੍ਰਿਤਸਰ ਜ਼ਿਲ੍ਹੇ ਦੀ ਹਰ ਮੀਟਿੰਗ ਵਿਚ ਸ਼ਿਕਾਇਤ ਆਉਂਦੀ ਰਹੀ ਹੈ ।

ਵਿੱਤ ਮੰਤਰੀ : ਸਪੀਕਰ ਸਾਹਿਬ, ਹਾਊਸ ਰੂਲਜ਼ ਦੇ ਮੁਤਾਬਿਕ ਚਲਣਾ ਚਾਹੀਦਾ ਹੈ । ਤੁਸੀਂ ਇਨ੍ਹਾਂ ਨੂੰ ਕਿਸ ਤਰ੍ਹਾਂ ਅਲਾਓ ਕੀਤਾ ਹੈ ।

ਸਰਦਾਰ ਮੇਜਰ ਸਿੰਘ ਉਬੋਕੇ : ** ** **

Mr. Speaker : Not allowed. (*Interruption*)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਡੀ. ਸੀ. ਸਾਹਿਬ ਨੇ ਉਥੇ ਆਪਣੇ ਐਕਸਾਈਜ਼ ਡਿਪਾਰਟਮੈਂਟ ਦੇ ਬੰਦੇ ਹੁਣ ਬਿਠਾ ਦਿਤੇ ਹਨ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਉਸ ਦੀ ਇਨਕੁਆਇਰੀ ਕਰਾਉਣ ਅਗਰ ਹੇਰਾ ਫੇਰੀ ਨਾ ਨਿਕਲੇ ਤਾਂ ਮੈਂ ਜ਼ਿਮੇਂਵਾਰ ਹਾਂ......(ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਅੰਮ੍ਰਿਤਸਰ ਸ਼ਹਿਰ ਦਾ ਮਾਮਲਾ ਹੈ । ਜਿਹੜੇ ਉਥੋਂ ਦੇ ਐਮ. ਐਲ. ਏ. ਸਾਹਿਬਾਨ ਹਨ ਉਹ ਜ਼ਿਆਦਾ ਜਾਣਦੇ ਹਨ ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਮੈਨੂੰ ਵੀ ਉਸ ਦਾ ਪਤਾ ਹੈ.... (ਵਿਘਨ)

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਮੁਕਤਸਰ ਵਿਚ ਟਿਕਟਾਂ ਦੀ ਬਜਾਏ ਪਰਚੀਆਂ ਦਿੱਤੀਆਂ ਜਾਂਦੀਆਂ ਹਨ ਔਰ ਉਹ ਟੈਕਸ ਦੇ ਸਾਰੇ ਪੈਸੇ ਖਾਈ ਜਾ ਰਹੇ ਹਨ । 5 ਰੁਪਏ ਵਾਲੀ ਟਿਕਟ 65 ਰੁਪਏ ਵਿਚ ਵਿੱਕ ਰਹੀ ਹੈ । (ਵਿਘਨ)

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਆਨਰੇਬਲ ਮੈਂਬਰ ਸਾਹਿਬ ਨੇ ਮੁਕਤਸਰ ਦੀ ਸ਼ਿਕਾਇਤ ਕੀਤੀ ਹੈ, ਮੇਰੇ ਪਾਸ ਵੀ ਉਸ ਬਾਰੇ ਸ਼ਿਕਾਇਤ ਆਈ ਹੈ ।

ਸਪੀਕਰ ਸਾਹਿਬ, ਇਥੇ ਜਿਹੜਾ ਆਨਰੇਬਲ ਮੈਂਬਰ ਸਾਹਿਬ ਨੇ ਸੁਆਲ ਕੀਤਾ ਹੈ ਉਸ ਬਾਰੇ ਮੇਰੀ ਅਰਜ਼ ਇਹ ਹੈ ਕਿ ਸਾਡੀ ਇਕ ਡਿਫ਼ੀਕਲਟੀ ਇਹ ਹੈ ਕਿ ਸੁਪਰੀਮ ਕੋਰਟ ਨੇ ਇਸ ਸਬੰਧੀ ਐਕਟ ਦੀ ਦਫ਼ਾ 4 ਇਨਵੈਲਿਡ ਕਰਾਰ ਦੇ ਦਿੱਤੀ ਹੈ । ਅਸੀਂ ਉਸ ਨੂੰ ਵੇਖ ਰਹੇ ਹਾਂ । ਕੋਈ ਇਹ ਕਹਿੰਦਾ ਹੈ ਕਿ ਉਥੇ ਕੋਈ ਖਰਾਬੀ ਨਹੀਂ ਹੁੰਦੀ ਔਰ ਕੋਈ ਇਹ ਕਹਿੰਦਾ ਹੈ ਕਿ ਉਥੇ ਖਰਾਬੀ ਹੁੰਦੀ ਹੈ । ਇਸ ਵਿਚ ਅਸਲ ਸੁਆਲ ਮੈਂਬਰ ਸਾਹਿਬ ਦਾ ਇਹ ਹੈ ਕਿ ਟੈਕਸ ਦੀ ਚੋਰੀ ਹੁੰਦੀ ਹੈ । ਸਿਨੇਮੇ ਵਾਲੇ ਟੇਢੇ ਤਰੀਕੇ ਨਾਲ ਪੈਸਾ ਜ਼ਿਆਦਾ ਕਮਾਉਂਦੇ ਹਨ । ਬਲੈਕ ਵਿਚ ਟਿਕਟਾਂ ਵੇਚ ਕੇ, ਕੰਟੀਨ ਦਾ ਖਰਚਾ ਵਿਖਾ ਕੇ ਦੋ ਨੰਬਰ ਦਾ ਪੈਸਾ ਇਕ ਨੰਬਰ ਵਿਚ ਕਰ ਲੈਂਦੇ ਹਨ । ਮੇਰੀ ਅਰਜ਼ ਇਹ ਹੈ ਕਿ ਸਿਨੇਮਿਆਂ ਵਿਚ ਇਤਨੀ ਲਾਅ ਐਂਡ ਆਰਡਰ ਦੀ ਪ੍ਰਾਬਲਮ ਨਹੀਂ ਜਿਤਨੀ ਟੈਕਸ ਦੀ ਚੋਰੀ ਨੂੰ ਰੋਕਣ ਦਾ ਪ੍ਰਬੰਧ ਕਰਨ ਦੀ ਲੋੜ ਹੈ । ਮੈਂ ਲਾਅ ਐਂਡ ਆਰਡਰ ਦੇ ਬਾਰੇ ਰਿਪੀਟ ਨਹੀਂ ਕਰਨਾ ਚਾਹੁੰਦਾ ਸੀ ਔਰ ਅਗੇ ਨੂੰ ਰਿਪੀਟ ਕਰਨ ਲਈ ਮੈਨੂੰ ਕਿਹਾ ਵੀ ਨਾ ਜਾਏ । ਮੈਂ ਇਹ ਤੀਸਰੀ ਵਾਰੀ ਕਹਿ ਰਿਹਾ ਹਾਂ ਕਿ ਅਸੀਂ 28 ਤਾਰੀਖ ਨੂੰ ਵਿਹਲੇ ਹੋ ਰਹੇ ਹਾਂ ਫਿਰ ਇਨ੍ਹਾਂ ਸਾਰਿਆਂ ਨਾਲ ਨਿਪਟ ਲਵਾਂਗੇ । ਕੋਈ ਪੁਲੀਸ ਤੇ ਅਟੈਕ ਕਰਦਾ ਹੈ ਕੋਈ ਕਿਸੇ ਤੇ । ਅਸੀਂ ਬਿਲਕੁਲ ਬੇਨਿਆਜ਼ ਹੋ ਕੇ ਚਾਹੇ ਕਿਤਨੇ ਵੱਡੇ ਤੋਂ ਵੱਡੇ ਆਦਮੀ ਦਾ ਸਿਨੇਮੇ ਵਿਚ ਹਿੱਸਾ ਹੋਵੇ ਅਸੀਂ ਬਿਲਕੁਲ ਨਹੀਂ ਬਖਸ਼ਾਂਗੇ ਅਗਰ ਉਥੇ ਕੋਈ ਟੈਕਸ ਵਗੈਰਾ

**Expunged as ordered by the Chair.

[ਮੁੱਖ ਮੰਤਰੀ]

ਦੀ ਚੋਰੀ ਹੁੰਦੀ ਹੋਵੇਗੀ। ਮੈਂ ਤਾਂ ਸਿਨੇਮਾ ਵਿਚ ਨਹੀਂ ਜਾਂਦਾ ਔਰ ਮੈਂ ਸਿਨੇਮਾ ਬਹੁਤ ਘੱਟ ਵੇਖਦਾ ਹਾਂ। ਮੈਂ ਹਾਊਸ ਨੂੰ ਕਾਨਫ਼ੀਡੈਂਸ ਵਿਚ ਲੈਣਾ ਚਾਹੁੰਦਾ ਹਾਂ। ਸਾਨੂੰ ਉਨ੍ਹਾਂ ਪਿਕਚਰਾਂ ਨੂੰ ਪ੍ਰੋਤਸਾਹਨ ਦੇਣਾ ਚਾਹੀਦਾ ਹੈ ਜਿਹੜੀਆਂ ਹਿਸਟੋਰੀਕਲ ਚੀਜ਼ਾਂ ਨੂੰ ਡਿਪਿਕਟ ਕਰਦੀਆਂ ਹਨ ਅਤੇ ਜਿਹੜੀਆਂ ਮੋਰੈਲਿਟੀ ਤੇ ਬੇਸਡ ਹਨ ਔਰ ਸੋਸ਼ਲ ਆਰਡਰਜ਼ ਨੂੰ ਚੇਂਜ਼ ਕਰਦੀਆਂ ਹਨ। ਮੈਂ ਸਿਰਫ਼ ਇਸ ਸਿਨੇਮੇ ਬਾਰੇ ਨਹੀਂ ਕਹਿੰਦਾ ਬਲਕਿ ਹੋਰ ਵੀ ਜਿਹੜੇ ਇਸ ਤਰ੍ਹਾਂ ਦੀ ਕੋਈ ਟੈਕਸ ਦੀ ਚੋਰੀ ਕਰਦੇ ਹਨ ਔਰ ਜਿਨ੍ਹਾਂ ਦੀਆਂ ਸ਼ਿਕਾਇਤਾਂ ਹਨ ਉਨ੍ਹਾਂ ਸਾਰਿਆਂ ਨੂੰ ਵੇਖ ਲਵਾਂਗੇ ਔਰ ਕਿਸੇ ਨੂੰ ਟੈਕਸ ਦੀ ਚੋਰੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ। ਇਹ ਬੜਾ ਲੰਮਾ ਚੌੜਾ ਸਿਲਸਿਲਾ ਹੈ। ਅਗਰ ਤਿੰਨ ਕੇਸ ਸਾਬਤ ਹੋ ਜਾਣ ਤਾਂ ਸਿਨੇਮਾ ਦਾ ਲਾਈਸੈਂਸ ਕੈਂਸਲ ਹੋ ਸਕਦਾ ਹੈ। ਕਾਨੂੰਨ ਵਿਚ ਕੁਝ ਸੋਧ ਕਰਨ ਵਾਲੀ ਗੱਲ ਹੈ। ਅਗਰ ਕੋਈ ਵੀ ਇਸ ਦੇ ਵਿਚ ਰੁਕਾਵਟ ਪਾਏਗਾ ਅਸੀਂ ਉਸ ਦਾ ਧਿਆਨ ਰਖਾਂਗੇ। ਜਿਥੋਂ ਤਕ ਬਲੈਕ ਵਿਚ ਟਿਕਟਾਂ ਵੇਚਣ ਦਾ ਸਬੰਧ ਹੈ ਮੈਂ ਕਿਸੇ ਨੂੰ ਛਡਣਾ ਨਹੀਂ ਸਿਧੇ ਹੀ ਅੰਦਰ ਦੇ ਦਿਆਂਗਾ। (ਥੰਪਿੰਗ)

ਸ੍ਰੀ ਸਪੀਕਰ : ਮੁੱਖ ਮੰਤਰੀ ਸਾਹਿਬ, ਸਰਦਾਰ ਪ੍ਰਿਥੀਪਾਲ ਸਿੰਘ ਨੇ ਕੁਝ ਅਦਾਦੋ-ਸ਼ੁਮਾਰ ਦਿੱਤੇ ਹਨ ਕਿ ਦੋ ਸਿਨੇਮਿਆਂ ਦਾ ਟੈਕਸ 4.75 ਲੱਖ ਆ ਰਿਹਾ ਹੈ ਜਦੋਂ ਕਿ ਦੂਸਰਾ ਇਕ ਇਨ੍ਹਾਂ ਤੋਂ ਛੋਟਾ ਸਿਨੇਮਾ ਹੈ ਉਸ ਦਾ ਸਾਲਾਨਾ 21 ਲੱਖ ਰੁਪਿਆ ਟੈਕਸ ਦਾ ਆ ਰਿਹਾ ਹੈ। ਇਸ ਹਿਸਾਬ ਨਾਲ ਘੱਟੋ ਘੱਟ 42 ਲੱਖ ਰੁਪਿਆ ਉਨ੍ਹਾਂ ਸਿਨੇਮਿਆਂ ਦਾ ਟੈਕਸ ਚਾਹੀਦਾ ਹੈ। ਇਸ ਗੱਲ ਦੀ ਜ਼ਰੂਰ ਕਿਸੇ ਉਚ ਪੱਧਰ ਤੇ ਇਨਕੁਆਇਰੀ ਕਰਾ ਲੈਣਾ ਤਾਂ ਕਿ ਸਾਰਾ ਮਾਮਲਾ ਸਾਫ਼ ਹੋ ਜਾਏ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਕਿਸੇ ਪੁਆਇੰਟ ਆਫ਼ ਆਰਡਰ ਤੇ ਨਹੀਂ ਖੜਾ ਹੋਇਆ। ਲੇਕਿਨ ਮੈਂ ਸਮਝਦਾ ਹਾਂ ਕਿ ਮੇਰਾ ਪੁਆਇੰਟ ਇੰਨ ਆਰਡਰ ਜ਼ਰੂਰ ਹੈ। ਤੁਸੀਂ ਬੜੀਆਂ ਵਾਈਡ ਡਿਸਕਰੀਸ਼ਨਰੀ ਪਾਵਰਜ਼ ਐਕਸਰਸਾਈਜ਼ ਕਰ ਸਕਦੇ ਹੋ, ਰੂਲਜ਼ ਵਿਚ ਇਹ ਚੀਜ਼ ਹੈ। ਅੱਜ ਤੁਸੀਂ ਹਾਊਸ ਵਿਚ ਇਕ ਰੂਲਿੰਗ ਦਿੱਤੀ ਹੈ। ਮੈਂ ਤੁਹਾਡੀ ਤਵੱਜੋਂ ਦਿਲਾਉਣੀ ਚਾਹੁੰਦਾ ਹਾਂ ਜੋ ਸਾਡਾ ਰੂਲਜ਼ ਆਫ਼ ਪ੍ਰੋਸੀਜਰ ਬਣਿਆ ਹੋਇਆ ਹੈ। ਉਸ ਵਿਚ ਪੁਆਇੰਟ ਆਫ਼ ਆਰਡਰ ਦੇ ਸਬੰਧ ਵਿਚ ਰੂਲ 105 ਹੈ ਔਰ ਉਸ ਦਾ ਸਬ-ਰੂਲ 2 ਹੈ। ਇਸ ਦੇ ਨਾਲ ਇਕ ਪ੍ਰੋਵਾਈਜ਼ੋ ਹੈ ਜਿਸ ਦੇ ਮੁਤਾਬਿਕ ਤੁਸੀਂ ਪੁਆਇੰਟ ਆਫ਼ ਆਰਡਰ ਅਲਾਊ ਕਰ ਸਕਦੇ ਹੋ। ਉਹ ਪ੍ਰੋਵਾਈਜ਼ੋ ਇਹ ਹੈ :

> "Provided that the Speaker may permit a member to raise a point of order during the interval between the termination of one item of business and the commencement of another if it relates to maintenance of order in or arrangement of business before the House".

ਸਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਹਾਊਸ ਵਿਚ ਪੁਆਇੰਟ ਆਫ਼ ਆਰਡਰ ਰੇਜ਼ ਹੋਏ। ਤੁਸੀਂ ਓਵਰ-ਰੂਲ ਕਰਕੇ ਕਹਿ ਦਿੱਤਾ ਕਿ ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। ਪੁਆਇੰਟ ਆਫ਼ ਆਰਡਰ ਨਾਲ ਜਿੰਨਾ ਰਿਲੇਟਿਡ **ਚੈਪਟਰ** ਹੈ ਮੈਂ ਉਸ ਨੂੰ ਪੜ੍ਹਿਆ ਹੈ। ਅੱਜ **ਜੋ** ਤੁਸੀਂ ਰੂਲਿੰਗ ਦਿੱਤੀ ਹੈ। ਮੈਂ ਵੇਖਿਆ ਕਿ ਉਸ ਦੀ ਇਸ ਦੇ ਨਾਲ ਕੋਈ **ਇਨਕਨਸਿਸਟੈਂਸੀ** ਤਾਂ ਨਹੀਂ। **ਜਿਥੋਂ ਤੱਕ**

ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦਾ ਤੁਅੱਲਕ ਹੈ ਔਰ ਤੁਹਾਡਾ ਅਲਾਊ ਕਰਨ ਦਾ ਤੁਅੱਲਕ ਹੈ ਉਹ ਸਹੀ ਹੈ। ਪਰ ਅਗਰ ਤੁਸੀਂ ਉਸ ਨੂੰ ਓਵਰ-ਰੂਲ ਕਰ ਦਿਓ ਤਾਂ that will not form part of the proceedings. ਅਸੀਂ ਜਿਹੜੇ ਇਸ਼ੂਜ਼ ਰੇਜ਼ ਕਰਦੇ ਹਾਂ, ਅਗਰ ਤੁਹਾਡੀ ਰੂਲਿੰਗ ਕਾਇਮ ਰਹੇ ਤਾਂ ਉਹ ਰਿਕਾਰਡ ਤੇ ਨਹੀਂ ਰਹਿੰਦੇ। ਹੁਣੇ ਹੁਣੇ ਤੁਸੀਂ ਆਪਣੀਆਂ ਡਿਸਕਰੀਸ਼ਨਰੀ ਪਾਵਰਜ਼ ਐਕਸਰਸਾਈਜ਼ ਕੀਤੀਆਂ ਹਨ, ਅੱਛੀ ਗੱਲ ਹੈ। ਮੈਂਬਰ ਸਾਹਿਬ ਇਕ ਸੁਆਲ ਕਰ ਸਕਦਾ ਸੀ ਉਸ ਨੇ ਫੁੱਲ ਸਪੀਚ ਕਰ ਦਿਤੀ। ਤੁਸੀਂ ਅਲਾਓ ਕਰ ਦਿਤਾ, ਅੱਛਾ ਕੀਤਾ। ਇਕ ਹੋਰ ਮੈਂਬਰ ਨੇ ਬੋਲਣਾ ਚਾਹਿਆ, ਤੁਸੀਂ ਉਸ ਨੂੰ ਵੀ ਅਲਾਓ ਕੀਤਾ। ਪਰ ਜਿਹੜਾ ਪੁਆਇੰਟ ਆਫ਼ ਆਰਡਰ ਤੁਸੀਂ ਉਸ ਤੋਂ ਪਹਿਲਾਂ ਓਵਰ-ਰੂਲ ਕਰ ਦਿਤਾ, ਉਸ ਦੇ ਨਾਲ ਤਾਂ ਕਲ੍ਹ ਨੂੰ ਹਾਊਸ ਆਰਡਰਲੀ ਚਲਾਉਣਾ ਮੁਸ਼ਕਿਲ ਹੋ ਜਾਏਗਾ। ਸਾਡੇ ਰੂਲਜ਼ ਆਫ ਪ੍ਰੋਸੀਜਰ ਦੇ ਮੁਤਾਬਿਕ ਕਈ ਮਾਮਲੇ ਉਠਾਉਣੇ ਮੁਸ਼ਕਿਲ ਹੋ ਜਾਂਦੇ ਹਨ ਪਰ ਜੇਕਰ ਤੁਸੀਂ ਆਪਣੀ ਡਿਸਕਰੀਸ਼ਨ ਵਰਤੋ ਤਾਂ ਉਹ ਉਠਾਏ ਜਾ ਸਕਦੇ ਹਨ......

Shri Gopal Krishan Chatrath : Can the Hon. Member give threat that tomorrow he will not allow the House to run. He can make his point but he cannot give a threat.

Comrade Raj Kumar : I am not giving a threat. If the Hon. Member has the impression that this is a threat, then I withdraw it.

ਸਪੀਕਰ ਸਾਹਿਬ ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਤੁਸੀਂ ਇਥੇ ਜ਼ੀਰੋ ਆਵਰ ਵਿੱਚ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦੀ ਇਜਾਜ਼ਤ ਦਿੰਦੇ ਹੋ। ਅਗਰ ਉਹ ਪੁਆਇੰਟ ਆਫ਼ ਆਰਡਰ ਨਹੀਂ ਹੈ ਤਾਂ ਬੇਸ਼ਕ ਤੁਸੀਂ ਇਹ ਚੀਜ਼ ਰਿਕਾਰਡ ਕਰਾ ਦਿਓ। ਅਸੀਂ ਇਸ ਚੀਜ਼ ਨੂੰ ਅਕਸੈਪਟ ਕਰ ਲੈਂਦੇ ਹਾਂ। ਲੇਕਿਨ ਅਗਰ ਤੁਸੀਂ 'ਨੋ ਪੁਆਇੰਟ ਆਫ਼ ਆਰਡਰ' ਡਿਕਲੇਅਰ ਕਰਕੇ, ਇਹ ਕਰਾ ਦਿਓ ਕਿ ਇਹ ਆਟੋਮੈਟੀਕਲੀ ਐਕਸਪੰਜ ਹੋ ਜਾਂਦਾ ਹੈ ਤਾਂ ਇਹ ਗੱਲ ਠੀਕ ਨਹੀਂ ਹੈ। ਤੁਸੀਂ ਬੇਸ਼ਕ ਲੋਕ ਸਭਾ ਦੀਆਂ ਅਤੇ ਦੂਜੀਆਂ ਸਟੇਟਾਂ ਦੀਆਂ ਪ੍ਰੋਸੀਡਿੰਗਜ਼ ਕਢਵਾ ਕੇ ਵੇਖ ਲਓ। ਇਹ ਗਲਤ ਪ੍ਰੈਸੀਡੈਂਟ ਨਾ ਬਣ ਜਾਵੇ....

ਸ੍ਰੀ ਸਪੀਕਰ : ਤੁਸੀਂ ਬੇਸ਼ਕ ਮੇਰੇ ਚੈਂਬਰ ਵਿਚ ਆ ਜਾਓ। ਇਹ ਮਾਮਲਾ ਉਥੇ ਬੈਠ ਕੇ ਡਿਸਕਸ ਕਰ ਲਵਾਂਗੇ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਅੱਜ ਜਦੋਂ ਅਕਾਲੀ ਬੈਂਚਾਂ ਵਲੋਂ ਕਈ ਮੈਂਬਰ ਬੋਲ ਰਹੇ ਸਨ ਤਾਂ ਤੁਹਾਡੇ ਵਲੋਂ ਇਹ ਰੂਲਿੰਗ ਆਈ ਸੀ ਕਿ ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ ਅਤੇ ਇਹ ਐਕਸਪੰਜ ਕੀਤਾ ਜਾਂਦਾ ਹੈ। ਪਰ ਰੂਲਜ਼ ਆਫ ਪ੍ਰੋਸੀਜਰ ਦਾ ਜੋ ਰੂਲ 105 ਹੈ, ਉਸਦੀ ਸਬ-ਕਲਾਜ਼ 4 ਵਿਚ ਲਿਖਿਆ ਹੈ ਕਿ ਨਿਯਮਾਂ ਸਬੰਧੀ ਪ੍ਰਸ਼ਨਾਂ ਤੇ ਬਹਿਸ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਪਰ ਜੇਕਰ ਸਪੀਕਰ ਮੁਨਾਸਿਬ ਸਮਝੇ ਤਾਂ ਦਿੱਤੀ ਜਾਵੇਗੀ।

ਸ੍ਰੀ ਸਪੀਕਰ : ਤੁਸੀਂ ਵੀ ਕਾਮਰੇਡ ਰਾਜ ਕੁਮਾਰ ਨਾਲ ਮੇਰੇ ਚੈਂਬਰ ਵਿਚ ਆ ਜਾਣਾ, ਉਥੇ ਗੱਲ ਕਰ ਲਵਾਂਗੇ।

ਮਾਸਟਰ ਚੰਦ ਸਿੰਘ : ਮੈਂ ਚੈਂਬਰ ਵਿਚ ਤਾਂ ਆ ਜਾਵਾਂਗਾ। ਪਰ ਜੇ ਤੁਸੀਂ ਕਿਸੇ ਪੁਆਇੰਟ ਆਫ਼ ਆਰਡਰ ਨੂੰ ਰੂਲ ਆਊਟ ਕਰਦੇ ਹੋ, ਜੇ ਉਹ ਪ੍ਰੈਸ ਵਿਚ ਨਹੀਂ ਛਪੇਗਾ ਤਾਂ ਉਹ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਹੈ। ਇਸ ਤੇ ਵਿਚਾਰ ਕੀਤੀ ਜਾਵੇ। ਅਜਿਹੀ ਪ੍ਰੰਪਰਾ ਠੀਕ ਨਹੀਂ ਹੈ।

ਜਥੇਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਕਿ ਪੇ ਕਮਿਸ਼ਨ ਦੀ ਰਿਪੋਰਟ ਪੰਜਾਬ ਦੇ ਸਾਰੇ ਮੁਲਾਜ਼ਮਾਂ ਤੇ ਲਾਗੂ ਹੋ ਗਈ ਹੈ ਪਰ ਇਹ......

ਸ੍ਰੀ ਸਪੀਕਰ : ਇਹ ਮੈਂ ਡਿਸਅਲਾਓ ਕਰ ਦਿੱਤੀ ਹੈ। ਕਿਰਪਾ ਕਰਕੇ ਬੈਠ ਜਾਓ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਾਸਟਰ ਚੰਦ ਸਿੰਘ ਨੇ ਰੂਲ 105 ਦਾ ਸਬ-ਰੂਲ 4 ਕੋਟ ਕੀਤਾ ਹੈ ....

Mr. Speaker : I would not allow any discussion.

Shri Gopal Krishan Chatrath : I want to draw your attention to Sub-rule (5) and (6) of Rule 105 of the Rules of Procedure and Conduct of Business in the Punjab Vidhan Sabha (Punjab Legislative Assembly)....

Mr. Speaker: I know it.

Finance Minister (Dr. Kewal Krishan): Sir, I beg to lay on the Table of the House the 1st, 2nd....

(At this stage Sardar Dalip Singh Pandhi was speaking simultaneously)

Finance Minister (Dr. Kewal Krishan) : Mr. Speaker, he is interrupting me. He should be named. His habit is very bad. (Interruption by Sardar Dalip Singh Pandhi)

Mr. Speaker : I would not allow you to speak. When the Minister is speaking you (addressing Mr. Pandhi) should not interrupt.

Finance Minister (Dr. Kewal Krishan) Sir, I beg to lay on the Table ......

Sardar Dalip Singh Pandhi: On a point of order, Sir.

Finance Minister (Dr. Kewal Krishan): He is in the habit of interrupting me. You please name him. You have got so many powers We cannot tolerate such things....

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਦਿਓ। ਮੈਂ ਲੀਗਲ ਇਸ਼ੂ ਉਠਾ ਰਿਹਾ ਹਾਂ। ਤੁਸੀਂ ਬੇਸ਼ਕ ਇਸ ਨੂੰ ਰੂਲ ਆਓਟ ਕਰ ਸਕਦੇ ਹੋ....

ਸ੍ਰੀ ਸਪੀਕਰ: ਪਾਂਧੀ ਜੀ ਮੈਂ ਅਜ ਤੱਕ ਹਾਊਸ ਵਿਚ ਕੋਈ ਐਸਾ ਐਕਸ਼ਨ ਨਹੀਂ ਲਿਆ । ਤੁਸੀਂ ਮੈਨੂੰ ਮਜ਼ਬੂਰ ਕਰ ਰਹੇ ਹੋ ।

ਸਰਦਾਰ ਦਲੀਪ ਸਿੰਘ ਪਾਂਧੀ: ਅਗਰ ਤੁਸੀਂ ਐਸਾ ਸਖ਼ਤ ਐਕਸ਼ਨ ਲੈਣਾ ਚਾਹੁੰਦੇ ਹੋ ਤਾਂ ਲੈ ਲਓ । ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੰਦੇ । ਅੱਜ ਇੰਡੀਅਨ ਐਕਸਪ੍ਰੈਸ ਵਿਚ ਆਇਆ ਹੈ ਕਿ ਲੋਕ ਸਭਾ ਦੀਆਂ ਪ੍ਰੋਸੀਡਿੰਗਜ਼ ਵੇਲੇ ਇਹ ਕਿਹਾ ਗਿਆ ਹੈ ਕਿ ਅਜਿਹੇ ਮਾਮਲੇ ਪ੍ਰੈਸ ਵਿਚ ਆ ਸਕਦੇ ਹਨ ।

ਸ੍ਰੀ ਸਪੀਕਰ: ਤੁਸੀਂ ਕਿਰਪਾ ਕਰਕੇ ਬੈਠ ਜਾਓ । ਮੇਰੇ ਨਾਲ ਚੈਂਬਰ ਵਿਚ ਗਲ ਕਰ ਲੈਣਾ ।

PAPERS LAID ON THE TABLE

Finance Minister (Dr. Kewal Krishan): Sir, I beg to lay on the Table—

(i) the 1st, 2nd, 3rd, 4th and 5th Annual Reports of the Punjab State Tubewell Corporation Limited for the years from 1971-72 to 1975-76, as required under section 619-A(2) of the Companies Act, 1956;

(ii) the Punjab Motor Vehicles (Sixth Amendment) Rules, 1980, as required under section 133(3) of Motor Vehicles Act, 1939; and

(iii) the Annual Financial Statement (Budget Estimates) of the Punjab State Electricity Board for the year 1981-82 (Volume I), as required under section 61(3) of the Electricity (Supply) Act, 1948.

PRESENTATION OF REPORT OF PUBLIC ACCOUNTS COMMITTEE

A Member of the Committee (Sardar Iqbal Singh): Since the Chairman of the Public Accounts Committee is not present, I am presenting the Report on his behalf.

I beg to present the Forty First Report of the Public Accounts Committee on the Appropriation Accounts of the Government of Punjab for the year 1972-73 and the Report of the Comptroller and Auditor General of India for the year 1972-73 (Civil)

RESOLUTION RE:ENLISTMENT OF CO-OPERATION OF VOLUNTARY WELFARE ORGANISATIONS SO AS TO CHECK AND DETECT FOOD ADULTERATION IN THE STATE

ਸ੍ਰੀ ਸਪੀਕਰ: ਸਰਦਾਰ ਲਾਲ ਸਿੰਘ ਐਮ. ਐਲ. ਏ. ਨੇ ਰੈਜ਼ੋਲਿਊਸ਼ਨ ਮੂਵ ਕਰਨਾ ਸੀ । ਉਨ੍ਹਾਂ ਵਲੋਂ ਅਥਾਰਟੀ ਆਈ ਹੋਈ ਹੈ ਕਿ ਪ੍ਰੋਫੈਸਰ ਦਰਬਾਰੀ ਲਾਲ ਉਨ੍ਹਾਂ ਵਲੋਂ ਇਹ ਰੈਜ਼ੋਲਿਊਸ਼ਨ ਮੂਵ ਕਰਨਗੇ ।

ਕਾਮਰੇਡ ਬਲਦੇਵ ਸਿੰਘ ਲੰਬਾ: ਸਪੀਕਰ ਸਾਹਿਬ, ਇਸ ਦੀ ਅਥਾਰਟੀ ਨਹੀਂ ਦਿੱਤੀ ਜਾ ਸਕਦੀ ।

Mr. Speaker: In this connection, I would like to quote Proviso to Rule, 153 of the Rules of Procedure and Conduct of Business in the Punjab Vidhan Sabha (Punjab Legislative Assembly) :—

> "Provided that the member may, with the permission of the Speaker, authorise in writing any other member to move it on his behalf, and the member so authorised may move it accordingly".

Prof. Darbari Lal (Amritsar Central): Sir, I beg to move that—

> This House recommends to the Government to enlist the cooperation of Voluntary Welfare Organisations so as to check and detect food adulteration in the State.

ਸਪੀਕਰ ਸਾਹਿਬ ਭੋਜਨ ਵਿਚ ਮਿਲਾਵਟ, ਖਾਣ ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟ ਅਤੇ ਦਵਾਈਆਂ ਵਿੱਚ ਮਿਲਾਵਟ ਤੇ ਰੋਕ ਲਾਉਣ ਵਾਸਤੇ ਸਮਾਜਿਕ ਸੰਸਥਾਵਾਂ ਦੀ ਸਹਾਇਤਾ ਅਤੇ ਸਹਿਯੋਗ ਦੀ ਬੜੀ ਸਖਤ ਜ਼ਰੂਰਤ ਹੈ । ਅਗਰ ਕਾਨੂੰਨ ਸਭ ਕੰਮਾਂ ਵਿਚ ਕਾਮਯਾਬ ਹੋ ਜਾਵੇ ਤਾਂ ਫਿਰ ਸਮਾਜਕ ਸੰਸਥਾਵਾਂ ਦੀ ਜ਼ਰੂਰਤ ਹੀ ਨਾ ਰਹੇ । ਮਗਰ ਵੇਖਣ ਵਿਚ ਇਹ ਆਇਆ ਹੈ ਕਿ ਜਿਉਂ ਜਿਉਂ ਕਾਨੂੰਨ ਵਿਚ ਸਖਤੀ ਹੋਈ, ਮਿਲਾਵਟ ਉਤਨੀ ਹੀ ਵਧਦੀ ਗਈ । ਅਗਰ ਕਾਨੂੰਨ ਦੀ ਕਦਰ ਅਤੇ ਸਮਾਜ ਵਿਚ ਮਾਰੈਲਟੀ ਵੱਧ ਜਾਵੇ ਤਾਂ ਕਾਫੀ ਸੁਧਾਰ ਹੋ ਸਕਦਾ ਹੈ । ਸਪੀਕਰ ਸਾਹਿਬ, ਇਨਸਾਨ ਦਾ ਸਰੀਰ ਭਗਵਾਨ ਦੀ ਸਭ ਤੋਂ ਵੱਡੀ ਅਤੇ ਸੁੰਦਰ ਦੇਣ ਹੈ । ਇਹ ਸਭ ਤੋਂ ਸੁੰਦਰ ਮੰਦਰ ਹੈ । ਮਗਰ ਇਨਸਾਨ ਆਪਣੇ ਲਾਲਚ ਵਾਸਤੇ, ਖੁਦਗਰਜ਼ੀ ਵਾਸਤੇ, ਆਪ ਅਮੀਰ ਬਣਨ ਵਾਸਤੇ, ਦੂਸਰੇ ਲੋਕਾਂ ਦਾ, ਮਿਲਾਵਟ ਕਰਕੇ ਕਿਤਨਾ ਨੁਕਸਾਨ ਕਰ ਸਕਦਾ ਹੈ, ਇਸ ਦਾ ਅੰਦਾਜ਼ਾ ਉਦੋਂ ਲਗਾਇਆ ਜਾ ਸਕਦਾ ਹੈ ਜਿਸ ਵੇਲੇ ਮਿਲਾਵਟ ਵਾਲੀਆਂ ਚੀਜ਼ਾਂ ਖਾਣ ਨਾਲ ਲੋਕ ਬੀਮਾਰ ਹੋ ਜਾਂਦੇ ਹਨ ਅਤੇ ਮਿਲਾਵਟ ਵਾਲੀਆਂ ਦਵਾਈਆਂ ਲੈਣ ਤੇ ਉਹ ਪੈਸੇ ਖਰਚਣ ਦੇ ਬਾਵਜੂਦ ਵੀ ਤੜਪ ਤੜਪ ਕੇ ਮਰ ਜਾਂਦੇ ਹਨ । ਖਾਣ ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟ ਹੁੰਦੀ ਹੈ ਹਲਦੀ, ਮਿਰਚਾਂ ਵੇਸਣ ਅਤੇ ਹੋਰ ਅਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਵਿਚ ਮਿਲਾਵਟ ਹੁੰਦੀ ਹੈ । ਸਪੀਕਰ ਸਾਹਿਬ, ਪਿੰਡਾਂ ਵਿਚ ਰਹਿਣ ਵਾਲੇ ਭਰਾਵਾਂ ਨੂੰ ਦੁੱਧ ਜ਼ਰੂਰ ਸ਼ੁਧ ਮਿਲ ਜਾਂਦਾ ਹੈ, ਹੋਰ ਕੋਈ ਚੀਜ਼ ਭਾਵੇਂ ਉਨ੍ਹਾਂ ਨੂੰ ਸ਼ੁਧ ਨਾ ਮਿਲੇ । ਪਰ ਸ਼ਹਿਰ ਵਿਚ ਰਹਿਣ ਵਾਲਿਆਂ ਵਾਸਤੇ ਬੜੀ ਮੁਸ਼ਕਲ ਹੈ । ਪਹਿਲਾਂ ਸੁਣਿਆ ਕਰਦੇ ਸੀ ਕਿ ਦੁੱਧ ਵਿਚ ਪਾਣੀ ਮਿਲਾਇਆ ਜਾਂਦਾ ਹੈ ਪਰ ਹੁਣ ਐਸਾ ਵਕਤ ਆ ਗਿਆ ਹੈ ਕਿ ਲੋਕ ਪਾਣੀ ਵਿਚ ਦੁੱਧ ਪਾਉਂਦੇ ਹਨ । ਪਾਣੀ ਦੁੱਧ ਵਿਚ ਜ਼ਿਆਦਾ ਹੁੰਦਾ ਹੈ ਅਤੇ ਦੁੱਧ ਦੀ ਮਿਕਦਾਰ ਬਹੁਤ ਥੋੜ੍ਹੀ ਹੁੰਦੀ ਹੈ । ਜੇ ਕਿਸੇ ਨੇ ਚਾਹ ਪੀਣੀ ਹੋਵੇ ਤਾਂ ਵੀ ਉਸਨੂੰ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਦੁੱਧ ਇਕ ਪਾਸੇ ਮਹਿੰਗਾ ਮਿਲਦਾ ਹੈ ਅਤੇ ਦੂਜੇ ਪਾਸੇ ਮਿਲਾਵਟ ਵਾਲਾ ਮਿਲਦਾ ਹੈ । ਵਧਣ ਫੁੱਲਣ ਵਾਲੇ ਬੱਚਿਆਂ ਨੂੰ ਜਿਤਨੀ ਦੁਧ ਦੀ ਲੋੜ ਹੁੰਦੀ ਹੈ, ਉਤਨੀ ਹੋਰ ਕਿਸੇ ਚੀਜ਼ ਦੀ ਨਹੀਂ ਹੁੰਦੀ । ਜਿਤਨੇ ਪ੍ਰੋਟੀਨ ਦੁੱਧ ਵਿਚ ਮਿਲ ਸਕਦੇ ਹਨ ਉਤਨੇ ਹੋਰ ਕਿਸੇ ਚੀਜ਼ ਵਿਚ ਨਹੀਂ ਮਿਲ ਸਕਦੇ । ਮਗਰ ਇਸ ਦੇ ਵਿਚ ਮਿਲਾਵਟ ਹੋਣ ਕਾਰਣ ਜਿਸ ਬੱਚੇ ਨੇ ਦੇਸ਼ ਦਾ ਨਾਗਰਿਕ ਬਣਨਾ ਹੈ, ਜਿਸ ਨੇ ਆਪਣੇ ਸਿਰ ਤੇ ਜ਼ਿੰਮੇਵਾਰੀਆਂ ਲੈਣੀਆਂ ਹਨ, ਉਹ ਇਸ ਕਾਬਲ ਨਹੀਂ ਰਹਿੰਦਾ । ਇਸ ਦਾ ਨਤੀਜਾ ਇਹ ਹੋਵੇਗਾ ਇਹ ਦੇਸ਼, ਜਿਸ ਦੀ ਆਬਾਦੀ 67 ਕਰੋੜ ਦੇ ਕਰੀਬ ਹੈ ਔਰ ਸੈਂਸਸ ਤੋਂ

ਬਾਅਦ ਸ਼ਾਇਦ 80 ਕਰੋੜ ਦੇ ਕਰੀਬ ਜਾ ਪੁੱਜੇ, ਇੰਟਰਨੈਸ਼ਨਲ ਫੀਲਡ ਵਿਚ ਅੱਗੇ ਨਹੀਂ ਜਾ ਸਕੇਗਾ। ਜਰਮਨੀ ਐਂਡ ਜਪਾਨ ਨੂੰ, ਸਰ ਵੇਖ ਲਓ। ਉਹ ਕਿਸ ਤਰ੍ਹਾਂ ਕਈ ਫੀਲਡਜ਼ ਵਿਚ ਅੱਗੇ ਨਿਕਲ ਗਏ ਹਨ। ਸਪੋਰਟਸ ਵਿਚ ਅੱਗੇ ਨਿਕਲ ਗਏ ਹਨ। ਸਰ, ਮੈਂ ਕਹਿ ਰਿਹਾ ਸੀ ਕਿ ਅਡਲਟਰੇਸ਼ਨ ਬਹੁਤ ਹੋ ਰਹੀ ਹੈ। ਦਵਾਈਆਂ ਵਿਚ ਅਡਲਟਰੇਸ਼ਨ ਬਹੁਤ ਹੋ ਰਹੀ ਹੈ। ਖਾਣ ਪੀਣ ਦੀਆਂ ਚੀਜ਼ਾਂ ਵਿਚ ਹੋ ਰਹੀ ਹੈ। ਸਰ, ਜਿਹੜਾ ਕੈਪਸੂਲ ਦੋ ਢਾਈ ਰੁਪਏ ਦਾ ਆਉਂਦਾ ਹੈ ਲੋਕ ਘਰ ਹੀ ਬਣਾ ਕੇ ਵੇਚਣ ਲਗ ਪਏ ਹਨ ਉਸ ਵਿਚ ਦੋ ਆਨੇ ਦੀ ਚੀਜ਼ ਪਾ ਕੇ ਘਰ ਵਿਚ ਹੀ ਜਾਹਲੀ ਕੈਪਸੂਲ ਬਣਾ ਕੇ ਦੋ ਢਾਈ ਰੁਪਏ ਲੈ ਲੈਂਦੇ ਹਨ। ਕਿਸੇ ਦਾ ਮਾਂ ਬਾਪ ਬਿਮਾਰ ਹੁੰਦਾ ਹੈ ਤਾਂ ਉਹ ਅਸਲੀ ਦਵਾਈ ਸਮਝ ਕੇ ਲੈਂਦਾ ਹੈ ਪਰ ਉਸ ਦਵਾਈ ਨਾਲ ਆਰਾਮ ਕੀ ਆਉਣਾ ਹੈ ਬਲਕਿ ਉਹ ਮਰੀਜ਼ ਮੌਤ ਦੇ ਕਿਨਾਰੇ ਤੇ ਚਲਾ ਜਾਂਦਾ ਹੈ।

ਸਰ, ਇਸ ਲਈ ਮੇਰੀ ਰਿਕੁਐਸਟ ਹੈ ਕਿ ਜਿਸ ਤਰ੍ਹਾਂ ਕੋਈ ਕਾਤਲ ਕਤਲ ਕਰ ਦਿਦਾ ਹੈ ਤਾਂ ਉਸ ਨੂੰ ਕੈਪੀਟਲ ਪਨਿਸ਼ਮੈਂਟ ਮਿਲਦੀ ਹੈ, ਇਸੇ ਤਰ੍ਹਾਂ ਹੀ ਦਵਾਈਆਂ ਵਿਚ ਮਿਲਾਵਟ ਕਰਨ ਵਾਲੇ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਲੋਕਾਂ ਨੂੰ ਲੈਸਨ ਮਿਲੇ ਔਰ ਉਹ ਖਾਣ ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟ ਬੰਦ ਕਰ ਦੇਣ। ਸਰ, ਇਸ ਦੇ ਨਾਲ ਸਮਾਜ ਦਾ ਸੁਧਾਰ ਹੋ ਸਕਦਾ ਹੈ। ਅੱਜ ਹੁੰਦਾ ਕੀ ਹੈ ? ਮਿਲਾਵਟ ਨੂੰ ਰੋਕਣ ਵਾਸਤੇ ਛੋਟੇ ਛੋਟੇ ਦੁਕਾਨਦਾਰਾਂ ਤੇ ਛਾਪੇ ਮਾਰੇ ਜਾਂਦੇ ਹਨ। ਜਿਨ੍ਹਾਂ ਲੋਕਾਂ ਦਾ ਕਾਰੋਬਾਰ ਛੋਟਾ ਹੁੰਦਾ ਹੈ, ਛੋਟੀ ਦੁਕਾਨ ਹੁੰਦੀ ਹੈ, ਉਨ੍ਹਾਂ ਤੇ ਛਾਪੇ ਮਾਰੇ ਜਾਂਦੇ ਹਨ ਔਰ ਕਈ ਵਾਰੀ ਇੰਸਪੈਕਟਰਾਂ ਔਰ ਦੁਕਾਨਦਾਰਾਂ ਦਾ ਆਪਸ ਵਿਚ ਝਗੜਾ ਹੁੰਦਾ ਹੈ। ਸਰ, ਇਹ ਮਿਲਾਵਟ ਛੋਟੇ ਛੋਟੇ ਦੁਕਾਨਦਾਰ ਨਹੀਂ ਕਰਦੇ। ਜਿਹੜੇ ਬੜੇ ਬੜੇ ਅਮੀਰ ਹਨ ਜਿਨ੍ਹਾਂ ਦੇ ਵੱਡੇ ਵੱਡੇ ਕਾਰਖਾਨੇ ਹਨ, ਜਿਹੜੇ ਲੱਖਾਂ ਰੁਪਏ ਦੀਆਂ ਚੀਜ਼ਾਂ ਤਿਆਰ ਕਰਦੇ ਹਨ, ਉਹ ਮਿਲਾਵਟ ਕਰਦੇ ਹਨ ਔਰ ਮਿਲਾਵਟ ਕਰਕੇ ਆਪਣੀਆਂ ਚੀਜ਼ਾਂ ਤਿਆਰ ਕਰਕੇ ਵੇਚਦੇ ਹਨ। ਇਸ ਲਈ ਮੇਰੀ ਰਿਕੁਐਸਟ ਹੈ ਕਿ ਜਿੱਥੇ ਜ਼ਿਆਦਾ ਮਿਕਦਾਰ ਵਿਚ ਚੀਜ਼ਾਂ ਬਣਦੀਆਂ ਹਨ, ਜਿਹੜੇ ਵੱਡੇ ਵੱਡੇ ਕਾਰਖਾਨੇਦਾਰ ਅਜਿਹੀਆਂ ਚੀਜ਼ਾਂ ਬਣਾਉਂਦੇ ਹਨ ਉਨ੍ਹਾਂ ਤੇ ਛਾਪੇ ਮਾਰਕੇ ਉਨ੍ਹਾਂ ਮਿਲਾਵਟ ਕਰਨ ਵਾਲਿਆਂ ਨੂੰ ਫੜਿਆ ਜਾਣਾ ਚਾਹੀਦਾ ਹੈ ਨਾ ਕਿ ਛੋਟੇ ਛੋਟੇ ਦੁਕਾਨਦਾਰਾਂ ਨੂੰ ਤੰਗ ਕਰਨਾ ਚਾਹੀਦਾ ਹੈ। ਸਰ, ਕਈ ਵਾਰੀ ਇਹ ਵੀ ਹੁੰਦਾ ਹੈ ਕਿ ਇਨਸਪੈਕਟਰ ਜਾਂਦੇ ਹਨ ਔਰ ਦੁਕਾਨਦਾਰਾਂ ਤੋਂ ਰੁਪਏ ਲੈ ਲੈਂਦੇ ਹਨ ਅਤੇ ਉਨ੍ਹਾਂ ਨੂੰ ਛੱਡ ਦਿੰਦੇ ਹਨ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਰਿਸ਼ਵਤ ਨਾਲ ਵੀ ਮਿਲਾਵਟ ਵਧਦੀ ਹੈ ਰਿਸ਼ਵਤ ਵੀ ਮਿਲਾਵਟ ਵਿਚ ਵਾਧਾ ਕਰਦੀ ਹੈ। ਇਸ ਲਈ ਰਿਸ਼ਵਤ-ਖੋਰਾਂ ਨੂੰ ਵੀ ਸਖ਼ਤੀ ਨਾਲ ਫੜਕੇ ਉਨਾਂ ਨਾਲ ਨਿਪਟਿਆ ਜਾਵੇ, ਜਿਹੜੇ ਕਿ ਰੁਪਏ ਲੈ ਕੇ ਮਿਲਾਵਟ ਕਰਨ ਵਾਲਿਆਂ ਨੂੰ ਛੱਡ ਦਿੰਦੇ ਹਨ। ਪਰ ਸਰ, ਉਨ੍ਹਾਂ ਨੂੰ ਸਖ਼ਤ ਸਜ਼ਾ ਮਿਲ ਨਹੀਂ ਸਕਦੀ।

ਸਪੀਕਰ ਸਾਹਿਬ, ਇਕ ਐਕਟ ਹੈ, "ਪ੍ਰੀਵੈਨਸ਼ਨ ਆਫ ਫੂਡ ਅਡਲਟਰੇਸ਼ਨ ਐਕਟ, 1954"। ਉਸ ਐਕਟ ਵਿਚ ਸੰਨ 1976 ਵਿਚ ਅਮੈਂਡਮੈਂਟ ਵੀ ਕੀਤੀ ਗਈ ਸੀ। ਪਹਿਲਾਂ ਅਡਲਟਰੇਸ਼ਨ ਕਰਨ ਵਾਲੇ ਲਈ ਸਜ਼ਾ ਥੋੜ੍ਹੀ ਸੀ ਫਿਰ ਉਹ ਸਜ਼ਾ ਮਿਨੀਮੱਮ ਇਕ ਸਾਲ ਅਤੇ ਮੈਕਸੀਮੱਮ ਛੇ ਸਾਲ ਕਰ ਦਿੱਤੀ ਗਈ ਸੀ ਲੇਕਿਨ, ਸਰ, ਕਾਨੂੰਨ ਵਿਚ ਕਈ

[ਪ੍ਰੋਫੈਸਰ ਦਰਬਾਰੀ ਲਾਲ]

ਤਰ੍ਹਾਂ ਦੇ ਲੂਪਹੋਲਜ਼ ਜ਼ਰੂਰ ਰਹਿ ਜਾਂਦੇ ਹਨ ਔਰ ਉਹ ਲੋਕ ਜਿਹੜੇ ਅਡੱਲਟਰੇਸ਼ਨ ਕਰਦੇ ਹਨ, ਕਿਸੇ ਨਾ ਕਿਸੇ ਤਰੀਕੇ ਨਾਲ ਬਚ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਮਿਲਾਵਟ ਕਰਨ ਵਾਲੇ ਵੱਡੇ ਕਰਾਈਮ ਕਰਨ ਵਾਲੇ ਹਨ, ਵੱਡੇ ਗਦਾਰ ਲੋਕ ਹਨ ਜਿਹੜੇ ਕਿ ਇਹ ਨਹੀਂ ਵੇਖਦੇ ਕਿ ਮਿਲਾਵਟ ਕਰਕੇ ਉਹ ਨੇਸ਼ਨ ਨੂੰ ਕਿਤਨਾ ਜ਼ਿਆਦਾ ਨੁਕਸਾਨ ਪਹੁੰਚਾ ਰਹੇ ਹਨ, ਦੇਸ਼ ਦਾ ਕਿਤਨਾ ਨੁਕਸਾਨ ਕਰ ਰਹੇ ਹਨ। ਕਿਸੇ ਐਜੂਕੇਸ਼ਨਿਸਟ ਨੇ ਕਿਹਾ ਹੈ :-

"It is a crime against humanity and those who indulge in it are the merchants of death and they deserve capital punishment."

ਇਸ ਲਈ ਮੇਰੀ ਰਿਕੁਐਸਟ ਹੈ ਕਿ ਐਸੇ ਲੋਕਾਂ ਨੂੰ ਕੇਪੀਟਲ ਪਨਿਸ਼ਮੈਂਟ ਦੇਣੀ ਚਾਹੀਦੀ ਹੈ, ਸਖਤ ਤੋਂ ਸਖਤ ਸਜ਼ਾ ਦੇਣੀ ਚਾਹੀਦੀ ਹੈ। ਸਰ, ਮੈਨੂੰ ਤਾਂ ਰਸ਼ੀਆ ਜਾਣ ਦਾ ਮੌਕਾ ਨਹੀਂ ਮਿਲਿਆ, ਉਹ ਮੇਰੇ ਭਰਾ (ਸੀ.ਪੀ.ਆਈ. ਵਲ ਇਸ਼ਾਰਾ) ਗਏ ਹੋਣਗੇ... ...

ਕਾਮਰੇਡ ਰਾਜ ਕੁਮਾਰ (ਬੈਠੇ ਬੈਠੇ) ਕਈ ਕਾਂਗਰਸੀ ਵੀ ਗਏ ਹਨ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੀ ਗੱਲ ਨਹੀਂ ਸੁਣੀ। ਉਸ ਦੇਸ਼ ਦੇ ਅੰਦਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਲੋਕਾਂ ਨੇ ਪਿਛਲੇ 30 ਸਾਲਾਂ ਦੇ ਅੰਦਰ ਲੋਕਾਂ ਦਾ ਸਰੀਰ ਸੇਹਤਮੰਦ ਬਣਾਇਆ ਹੈ। (ਥਪਿੰਗ) ਉਨ੍ਹਾਂ ਦਾ ਕੱਦ ਵੀ ਵਧਿਆ ਹੈ ਅਤੇ ਤਰੱਕੀ ਵਿਚ ਵੀ ਅੱਗੇ ਨਿਕਲੇ ਹਨ। ਮੈਂ ਸਮਝਦਾ ਹਾਂ ਕਿ ਇਸ ਵਿਚ ਇਕ ਰਾਜ਼ ਹੈ। ਉਥੇ ਅਡਲਟਰੇਸ਼ਨ ਕਰਨ ਵਾਲੇ ਨੂੰ ਕਰੜੀ ਤੋਂ ਕਰੜੀ ਸਜ਼ਾ ਦਿਤੀ ਜਾਂਦੀ ਹੈ ਜਿਸ ਦਾ ਨਤੀਜਾ ਇਹ ਹੈ ਕਿ ਪਿਛਲੇ 25--26 ਸਾਲਾਂ ਤੋਂ ਕੋਈ ਉਥੇ ਅਡਲਟਰੇਸ਼ਨ ਦਾ ਕੇਸ ਨਹੀਂ ਹੋਇਆ। ਇਸ ਕਰਕੇ ਹੀ ਉਹ ਲੋਕ ਤਰੱਕੀ ਵਿਚ ਅੱਗੇ ਨਿਕਲ ਗਏ ਹਨ, ਸੇਹਤ ਵਿਚ ਅੱਗੇ ਨਿਕਲ ਗਏ ਹਨ।

ਇਕ ਹੋਰ ਵੀ ਗੱਲ ਹੈ ਕਿ ਸਿਰਫ ਕਾਨੂੰਨ ਬਣਾ ਕੇ ਹੀ ਇਸ ਮਸਲੇ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਸਾਡੇ ਗਵਾਂਢੀ ਦੇਸ਼ ਪਾਕਿਸਤਾਨ ਦੀ ਮੈਂ ਮਿਸਾਲ ਦੱਸਦਾ ਹਾਂ। ਉਥੇ ਜਦੋਂ ਮੌਜੂਦਾ ਸਰਕਾਰ ਪਾਵਰ ਵਿਚ ਆਈ ਤਾਂ ਉਸ ਨੇ ਸ਼ਰਾਬ ਪੀਣ ਵਾਲਿਆਂ **ਲਈ ਕਰੜੀ** ਸਜ਼ਾ ਰੱਖ ਦਿਤੀ ਔਰ ਉਨ੍ਹਾਂ ਨੂੰ ਕੋੜੇ ਮਾਰੇ ਜਾਣ ਲੱਗੇ। ਪਰ ਇਸ ਦੇ ਬਾਵਜੂਦ ਵੀ ਸਰ, ਉਥੇ ਕੀ ਹੋਇਆ ਕਿ ਉਹ ਲੋਕ ਜਿਨ੍ਹਾਂ ਨੂੰ ਸ਼ਰਾਬ ਪੀਣ ਤੇ ਦਿਨ ਨੂੰ ਕੋੜੇ ਲਗਦੇ ਹਨ ਉਹ ਰਾਤ ਨੂੰ ਸ਼ਰਾਬ ਪੀਂਦੇ ਹਨ। ਇਸ ਲਈ ਸਰ, ਕਿਸੇ ਹੱਦ ਤਕ ਤਾਂ ਕਾਨੂੰਨ ਰੋਕ ਸਕਦਾ ਹੈ ਪਰ ਲੋਕਾਂ ਨੂੰ ਭੈੜੇ ਕੰਮਾਂ ਵਾਲੇ ਪਾਸੇ ਤੋਂ ਪੂਰੀ ਤਰ੍ਹਾਂ ਹਟਾ ਨਹੀਂ ਸਕਦਾ। ਸਾਡੇ ਦੇਸ਼ ਨੇ ਪਿਛਲੇ ਕੋਈ 1500 ਸਾਲਾਂ ਵਿਚ ਬੜੇ ਬੜੇ ਮਹਾਂਪੁਰਸ਼ ਪੈਦਾ ਕੀਤੇ ਹਨ। ਸਵਾਮੀ ਦਯਾ ਨੰਦ ਜੀ ਔਰ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਇਨਸਾਨ ਪੈਦਾ ਕੀਤੇ ਹਨ ਜਿਨ੍ਹਾਂ ਨੇ ਸਮਾਜ ਨੂੰ ਮੋਬੇਲਾਈਜ਼ ਕੀਤਾ ਔਰ ਸਮਾਜ ਦਾ ਸੁਧਾਰ ਕੀਤਾ। ਫਿਰ ਕਈ ਮੂਵਮੈਂਟਸ ਚਲੀਆਂ, ਆਰੀਆ ਸਮਾਜ ਮੂਵਮੈਂਟ ਚੱਲੀ, ਸਿੰਘ ਸਭਾ ਮੂਵਮੈਂਟ ਚੱਲੀ। ਉਨ੍ਹਾਂ ਲੋਕਾਂ ਨੇ ਵੇਖਿਆ ਕਿ ਸਮਾਜ ਵਿਚ ਸ਼ਰਾਬ ਵਰਗੀਆਂ ਚੀਜ਼ਾਂ ਨਾਲ ਬਹੁਤ ਨੁਕਸਾਨ ਹੋ ਰਿਹਾ ਹੈ, ਜਿਹੜੀਆਂ ਇਨਜੂਰੀਅਸ ਚੀਜ਼ਾਂ ਹਨ ਉਨ੍ਹਾਂ ਨਾਲ ਸਮਾਜ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਤੋਂ ਸਮਾਜ ਨੂੰ ਬਚਾਉਣ ਲਈ ਉਨ੍ਹਾਂ ਲੋਕਾਂ ਨੇ ਮੂਵਮੈਂਟਸ ਚਲਾਈਆਂ ਔਰ ਲਖਾਂ ਨਹੀਂ

ਬਲਕਿ ਕਰੋੜਾਂ ਦੀ ਤਾਦਾਦ ਵਿਚ ਲੋਕ ਉਨ੍ਹਾਂ ਦੇ ਪਿਛੇ ਚੱਲੇ ਔਰ ਉਹ ਮੂਵਮੈਂਟਸ ਕਾਮਯਾਬ ਹੋਈਆਂ । ਸ਼ਾਇਦ ਕਾਨੂੰਨ ਦੇ ਜ਼ਰੀਏ ਇਸ ਤਰ੍ਹਾਂ ਦੀ ਗੱਲ ਨਾ ਬਣਦੀ । ਸਾਡੇ ਦੇਸ਼ ਦਾ ਇਤਿਹਾਸ ਦਸਦਾ ਹੈ ਕਿ ਕਿਸ ਤਰ੍ਹਾਂ ਨਾਲ ਅਜਿਹੀਆਂ ਮੂਵਮੈਂਟਸ ਨੇ ਸਮਾਜ ਵਿਚ ਸੁਧਾਰ ਲਿਆਂਦਾ । ਇਕ ਸਤੀ ਦੀ ਰਸਮ ਹੁੰਦੀ ਸੀ । ਲੇਕਿਨ ਜਿਸ ਵੇਲੇ ਸਮਾਜ ਵਿਚ ਸੁਧਾਰ ਆਉਣ ਲੱਗਾ ਤਾਂ ਉਹ ਰਸਮ ਆਪਣੀ ਮੌਤੇ ਆਪ ਹੀ ਮਰ ਗਈ । ਇਸ ਲਈ ਸਰ, ਅਡਲਟਰੇਸ਼ਨ ਜਿਹੜੀ ਹੈ ਇਸ ਨੂੰ ਵਾਰ ਲੈਵਲ ਤੇ ਬੰਦ ਕਰਨਾ ਚਾਹੀਦਾ ਹੈ । ਇਸ ਵਿਚ ਕਿਸੇ ਦਾ ਲਿਹਾਜ਼ ਨਹੀਂ ਕਰਨਾ ਚਾਹੀਦਾ । ਅਡਲਟਰੇਸ਼ਨ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ । ਪਿਛਲੇ ਢਾਈ ਸਾਲਾਂ ਦੇ ਦੌਰਾਨ ਜਦੋਂ ਇਥੇ ਅਕਾਲੀ ਭਰਾਵਾਂ ਦਾ ਰਾਜ ਰਿਹਾ ਹੈ ਇਨ੍ਹਾਂ ਨੇ ਇਸ ਨੂੰ ਨਹੀਂ ਰੋਕਿਆ । ਇਹ ਪਿੰਡਾਂ ਵਿਚੋਂ ਜਿੱਝ ਕੇ ਆਉਂਦੇ ਹਨ । ਸ਼ਹਿਰਾਂ ਵਿਚ ਇਨ੍ਹਾਂ ਦਾ ਕੋਈ ਖਾਸ ਹੋਲਡ ਹੈ ਨਹੀਂ ਸ਼ਹਿਰਾਂ ਵਿਚ ਇਨ੍ਹਾਂ ਦੇ ਸੁਤੇਲੇ ਭਾਈ ਜਨਸੰਘੀ ਸਨ । ਉਨ੍ਹਾਂ ਨੇ ਢਾਈ ਸਾਲਾਂ ਦੇ ਦੌਰਾਨ ਅਡਲਟਰੇਸ਼ਨ ਕਰਨ ਵਾਲਿਆਂ ਤੇ ਕੋਈ ਛਾਪਾ ਨਹੀਂ ਮਾਰਿਆ ਔਰ ਅਡਲਟਰੇਸ਼ਨ ਬਹੁਤ ਵਧੀ ਹੈ । ਉਨ੍ਹਾਂ ਲੋਕਾਂ ਨੇ ਸਰਕਾਰ ਦੀ ਪਰਵਾਹ ਹੀ ਨਹੀਂ ਕੀਤੀ । ਇਨ੍ਹਾਂ ਦੇ ਜਨਸੰਘੀ ਭਰਾਵਾਂ ਨੇ ਇਨ੍ਹਾਂ ਨਾਲ (ਅਕਾਲੀ ਪਾਰਟੀ ਵਲ ਇਸ਼ਾਰਾ) ਆਪਣੀ ਦੋਸਤੀ ਦਾ ਨਜਾਇਜ਼ ਫਾਇਦਾ ਉਠਾ ਕੇ ਸਮਾਜ ਨੂੰ ਖਰਾਬ ਕੀਤਾ ਹੈ ਔਰ ਅਡਲਟਰੇਸ਼ਨ ਕਰਕੇ ਬਹੁਤ ਜ਼ਿਆਦਾ ਨੁਕਸਾਨ ਕੀਤਾ ਹੈ । ਸਰ, ਇਸ ਲਈ ਮੇਰੀ ਰਿਕੁਐਸਟ ਹੈ ਕਿ ਜਿਹੜੀਆਂ ਸਮਾਜਕ ਸੰਸਥਾਵਾਂ ਹਨ, ਜਿਹੜੀਆਂ ਪਹਿਲਾਂ ਹੀ ਬਣੀਆਂ ਹੋਈਆਂ ਹਨ ਜਾਂ ਜਿਹੜੀਆਂ ਬਾਅਦ ਵਿਚ ਬਣਨਗੀਆਂ, ਉਨ੍ਹਾਂ ਨੂੰ ਮੌਕਾ ਮਿਲਣਾ ਚਾਹੀਦਾ ਹੈ ਕਿ ਉਹ ਪਬਲਿਕ ਓਪੀਨੀਅਨ ਕਰੀਏਟ ਕਰ ਸਕਣ ਅਤੇ ਅਡਲਟਰੇਸ਼ਨ ਦੇ ਖਿਲਾਫ ਅਵਾਜ਼ ਉਠਾ ਸਕਣ । ਪਰ ਨਾਲ ਹੀ ਇਹ ਵੀ ਮੈਂ ਕਹਾਂਗਾ ਕਿ ਉਨ੍ਹਾਂ ਨੂੰ ਇਤਨੀ ਖੁਲ੍ਹ ਨਹੀਂ ਦਿਤੀ ਜਾਣੀ ਚਾਹੀਦੀ ਕਿ ਉਹ ਜਿਥੇ ਮਰਜ਼ੀ ਹੋਵੇ ਛਾਪਾ ਮਾਰਨ । ਇਸ ਤਰ੍ਹਾਂ ਕਰਨ ਨਾਲ ਪਬਲਿਕ ਵਿਚ ਕਨਫਿਊਜ਼ਨ ਪੈਦਾ ਹੋ ਜਾਵੇਗਾ । ਜਿਹੜੀ ਸਰਕਾਰੀ ਮਸ਼ੀਨਰੀ ਹੈ, ਉਸ ਨੇ ਇਸ ਚੀਜ਼ ਨੂੰ ਠੀਕ ਕਰਨਾ ਹੈ । ਵੇਖਿਆ ਇਹ ਗਿਆ ਹੈ ਕਿ ਅਸੀਂ ਜ਼ਿਆਦਾ ਹੀ ਸੈਂਟੀਮੈਂਟਲ ਹਾਂ, ਇਮੋਸ਼ਨਲ ਹਾਂ । ਅਗਰ ਕੋਈ ਆਦਮੀ ਜੇਬ ਕਤਰਦਾ ਫੜਿਆ ਜਾਂਦਾ ਹੈ ਅਤੇ ਜਦੋਂ ਉਸ ਨੂੰ ਮਾਰਿਆ ਜਾਂਦਾ ਹੈ ਤਾਂ ਕਈ ਲੋਕ ਉਸ ਦੇ ਹੱਕ ਵਿਚ ਹੋ ਜਾਂਦੇ ਹਨ ਔਰ ਇਹ ਕਹਿਣ ਲਗ ਜਾਂਦੇ ਹਨ ਕਿ ਇਸ ਪਾਸੋਂ ਗਲਤੀ ਹੋ ਗਈ ਹੈ, ਇਸ ਨੂੰ ਛੱਡ ਦਿਓ । ਇਸ ਤਰ੍ਹਾਂ ਅਡਲਟਰੇਸ਼ਨ ਕਰਨ ਵਾਲਾ ਜਦੋਂ ਫੜ ਲਿਆ ਜਾਂਦਾ ਹੈ ਤਾਂ ਕਈ ਲੋਕ ਉਸ ਨੂੰ ਬਚਾਉਣ ਵਾਲੇ ਪਾਸੇ ਹੋ ਜਾਂਦੇ ਹਨ ਅਤੇ ਉਸ ਨੂੰ ਛੁਡਾਉਣ ਲੱਗ ਜਾਂਦੇ ਹਨ । ਇਸ ਲਈ ਜਿਹੜੀਆਂ ਸਮਾਜਿਕ ਸੰਸਥਾਵਾਂ ਹਨ, ਜਿਹੜੀਆਂ ਵੈਲਫੇਅਰ ਆਰਗੇਨਾਈਜ਼ੇਸ਼ਨਜ਼ ਪਹਿਲਾਂ ਹੀ ਹਨ ਜਾਂ ਹੋਰ ਪੈਦਾ ਹੋਣ, ਉਨ੍ਹਾਂ ਦੀ ਮਦਦ ਲੈਣੀ ਚਾਹੀਦੀ ਹੈ ਤਾਕਿ ਉਹ ਲੋਕਾਂ ਨੂੰ ਸਮਝਾ ਸਕਣ ਔਰ ਇਕ ਜਿਹਾਦ ਖੜ੍ਹਾ ਕਰ ਦੇਣ ਤਾਕਿ ਅਡੱਲਟਰੇਸ਼ਨ ਕਰਨ ਵਾਲਿਆਂ ਨੂੰ ਪਤਾ ਲੱਗੇ ਕਿ ਹੁਣ ਉਹ ਅਡਲਟਰੇਸ਼ਨ ਨਹੀਂ ਕਰ ਸਕਣਗੇ ਲੋਕਾਂ ਨੂੰ ਇਹ ਪਤਾ ਹੋਵੇਗਾ ਕਿ ਅਡਲਟਰੇਸ਼ਨ ਕਰਨ ਵਾਲੇ ਸਾਨੂੰ ਸ਼ਰੀਰਕ ਤੌਰ ਤੇ ਨੁਕਸਾਨ ਪਹੁੰਚਾ ਰਹੇ ਹਨ । ਸਾਡੇ ਕਿਸੇ ਪੁਰਾਣੇ ਪ੍ਰੋਫੈਸਰ ਨੇ ਕਿਹਾ ਹੈ ਕਿ Sound mind in sound body. ਅਗਰ ਸਾਊਂਡ ਮਾਈਂਡ ਨਹੀਂ ਹੋਵੇਗਾ ਤਾਂ ਸਾਡਾ ਵਿਕਾਸ ਨਹੀਂ ਹੋ ਸਕੇਗਾ । ਸਾਊਂਡ ਮਾਈਂਡ ਵਾਸਤੇ ਜ਼ਰੂਰੀ ਹੈ ਕਿ ਸਾਨੂੰ ਖੁਰਾਕ ਠੀਕ ਮਿਲੇ । ਸਰ, ਤੁਸੀਂ ਵੇਖੋ ਕਿ ਪੰਜਾਬ ਵਿਚ ਰਹਿਣ ਵਾਲੇ

[ਪ੍ਰੋਫੈਸਰ ਦਰਬਾਰੀ ਲਾਲ]

ਬਾਕੀ ਹਿੰਦੁਸਤਾਨੀਆਂ ਨਾਲੋਂ ਕਈਆਂ ਗੱਲਾਂ ਤੋਂ ਬਹੁਤ ਅੱਛੇ ਹਨ । ਇਥੇ ਖੁਰਾਕ ਵੀ ਅੱਛੀ ਹੈ । ਤੁਸੀਂ ਬਿਹਾਰ ਨੂੰ ਵੇਖ ਲਓ ਜਾਂ ਹੋਰ ਜਿਹੜੇ ਬੰਗਾਲ ਵਰਗੇ ਸੂਬੇ ਹਨ ਉਨ੍ਹਾਂ ਨੂੰ ਵੇਖ ਲਓ । ਉਨ੍ਹਾਂ ਪਾਸ ਖੁਰਾਕ ਖਾਣ ਵਾਸਤੇ ਹੀ ਥੋੜ੍ਹੀ ਹੈ । ਪਰ ਸਾਡੇ ਖੁਰਾਕ ਦੀ ਕਮੀ ਨਹੀਂ ਹੈ । ਲੇਕਿਨ ਅਡਲਟਰੇਸ਼ਨ ਬੰਦ ਹੋਣੀ ਚਾਹੀਦੀ ਹੈ । ਮੈਂ ਸਮਝਦਾ ਹਾਂ ਕਿ ਇਹ ਵੀ ਇਕ ਸਾਜ਼ਿਸ਼ ਹੈ । ਜਿਹੜੇ ਲੋਕ ਅਡਲਟਰੇਸ਼ਨ ਕਰਦੇ ਹਨ ਉਹ ਨਹੀਂ ਚਾਹੁੰਦੇ ਕਿ ਅਸੀਂ ਸ਼ਰੀਰਕ ਤੌਰ ਤੇ ਤਕੜੇ ਹੋਈਏ । ਇਸ ਲਈ ਸਾਨੂੰ ਦਵਾਈਆਂ ਵਿਚ ਅਤੇ ਹੋਰ ਖਾਣ ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟ ਕਰਕੇ ਕਮਜ਼ੋਰ ਕੀਤਾਂ ਜਾ ਰਿਹਾ ਹੈ । ਪੰਜਾਬ ਨੇ ਕਈਆਂ ਗੱਲਾਂ ਵਿਚ ਦੁਨੀਆਂ ਵਿਚ ਨਾਮ ਪੈਦਾ ਕੀਤਾ ਹੈ । ਮੈਂ ਸਮਝਦਾ ਹਾਂ ਕਿ ਇਹ ਸਾਜ਼ਿਸ਼ ਹੋ ਰਹੀ ਹੈ ਕਿ ਅਸੀਂ ਕਮਜ਼ੋਰ ਰਹੀਏ ਔਰ ਅਗੇ ਨਾ ਵਧ ਸਕੀਏ । ਇਸ ਲਈ ਸਰ, ਇਥੇ ਰੈਜ਼ੋਲਿਊਸ਼ਨ ਨੂੰ ਪਾਸ ਕੀਤਾ ਜਾਏ ਔਰ ਜਿਹੜੀਆ ਅਜਿਹੀਆਂ ਸੰਸਥਾਵਾਂ ਹਨ ਉਨ੍ਹਾਂ ਦੀ ਪੂਰੀ ਪੂਰੀ ਮਦਦ ਲਈ ਜਾਵੇ ਤਾਂਕਿ ਆਉਣ ਵਾਲੇ ਸਮੇਂ ਵਿਚ ਕਿਸੇ ਵੀ ਚੀਜ਼ ਵਿਚ ਅਡਲਟਰੇਸ਼ਨ ਨਾ ਹੋਵੇ ਅਡਲਟਰੇਸ਼ਨ ਤੇ ਕਾਬੂ ਪਾਇਆ ਜਾ ਸਕੇ । ਔਰ ਅਸੀਂ ਪੰਜਾਬ ਵਿਚ ਸੇਹਤਮੰਦ ਲੋਕ ਬਣਾ ਸਕੀਏ ਤਾਕਿ ਦੁਨੀਆਂ ਵਾਲੇ ਵੇਖਣ ਕਿ ਜੋ ਪੰਜਾਬੀ ਪਹਿਲਾਂ ਸੀ ਉਹ ਅੱਜ ਵੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ।

Mr. Speaker : Motion moved—

'This House recommends to the Government to enlist the cooperation of Voluntary Welfare Organisations so as to check and detect food adulteration in the State.'

ਇਸ ਰੈਜ਼ੋਲਿਊਸ਼ਨ ਦੇ ਸਬੰਧ ਵਿਚ ਕਾਮਰੇਡ ਬਲਦੇਵ ਸਿੰਘ ਲੂੰਬਾ ਵਲੋਂ ਇਕ ਅਮੈਂਡਮੈਂਟ ਆਈ ਹੈ ਉਹ ਇਹ ਅਮੈਂਡਮੈਂਟ ਮੂਵ ਕਰਨ ਲਈ ਕਾਮਰੇਡ ਸਰਵਣ ਸਿਘ ਜੀ ਨੂੰ ਅਥਾਰਿਟੀ ਦੇ ਗਏ ਹਨ । ਇਸ ਲਈ ਉਹ ਮੂਵ ਕਰਨਗੇ ।

ਕਾਮਰੇਡ ਸਰਵਣ ਸਿੰਘ : ਮੈਂ ਇਹ ਮੂਵ ਕਰਦਾ ਹਾਂ ਕਿ ਲਾਈਨ 4 ਦੇ ਅਖਰ "so as" ਕੱਟ ਦਿੱਤੇ ਜਾਣ ਔਰ ਉਥੇ ਇਹ ਲਿਖਿਆ ਜਾਵੇ 'ਤਾਕਿ ਲੋਕਾਂ ਨੂੰ ਚੰਗੀ ਖੁਰਾਕ ਮਿਲੇ ।

Mr. Speaker: Motion moved—

1. That in line 4 the following words be deleted—
   "so as"
2. That at the end the following words be added after deleting the "full-stop".
   "so that people can get pure food".

ਕਾਮਰੇਡ ਸਰਵਣ ਸਿੰਘ (ਧਰਮਕੋਟ, ਐਸ. ਸੀ.) : ਸਪੀਕਰ ਸਾਹਿਬ, ਅੱਜ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਹਨ ਕਿ ਦਿਨ ਬਦਿਨ ਸਾਡੀ ਸਿਹਤ, ਸਾਡੇ ਪੰਜਾਬ ਦੇ ਲੋਕਾਂ ਦੀ ਸਿਹਤ ਹੇਠਾਂ ਨੂੰ ਜਾ ਰਹੀ ਹੈ । ਪਹਿਲੇ ਕੀ ਹੁੰਦਾ ਸੀ । ਲੋਕ ਬੜੇ ਪਹਿਲਵਾਨ ਹੁੰਦੇ ਸਨ, ਉਨ੍ਹਾਂ ਦੇ ਕੱਦ ਬੜੇ ਲੰਬੇ ਹੁੰਦੇ ਸਨ ਅਤੇ ਉਮਰਾਂ ਵੀ ਲੰਬੀਆਂ ਹੁੰਦੀਆਂ ਸਨ । ਉਹ ਰਿੜਕਿਆ ਹੋਇਆ ਮੱਖਣ ਖਾਂਦੇ ਸਨ, ਸ਼ੁੱਧ ਦੁੱਧ ਪੀਂਦੇ ਸਨ ਅਤੇ ਬੜੇ ਤਾਕਤਵਰ ਹੁੰਦੇ ਸਨ । ਪਰ ਹੁਣ ਇਹ ਹਾਲਤ ਹੋ ਗਈ ਹੈ ਕਿ ਇਹੋ ਜਿਹੀ ਕੋਈ ਚੀਜ਼ ਲੋਕਾਂ ਨੂੰ

ਸ਼ੁੱਧ ਨਹੀਂ ਮਿਲਦੀ ਜਿਸ ਕਾਰਣ ਲੋਕਾਂ ਦੀ ਉਮਰ ਵੀ ਛੋਟੀ ਹੁੰਦੀ ਜਾ ਰਹੀ ਹੈ ਅਤੇ ਕੱਦ ਵੀ ਬਹੁਤ ਛੋਟੇ ਹੁੰਦੇ ਜਾ ਰਹੇ ਹਨ ।

ਸਪੀਕਰ ਸਾਹਿਬ, ਅੱਜ ਕੀ ਹਾਲਤ ਹੋ ਰਹੀ ਹੈ ਕਿ ਮਿਰਚਾਂ ਦੇ ਵਿਚ ਗੇਰੂ ਰਗੜ ਕੇ ਪਾਇਆ ਜਾਂਦਾ ਹੈ ਅਤੇ ਮਸਾਲਿਆਂ ਵਿਚ ਘੋੜਿਆਂ ਦੀ ਲਿੱਦ ਪਾਈ ਜਾਂਦੀ ਹੈ । ਤੁਸੀਂ ਦੱਸੋ ਕਿ ਜਿਹੜੇ ਮੁਲਕ ਵਿਚ ਘੋੜਿਆਂ ਦੀ ਲਿੱਦ ਦੀ ਮਸਾਲਿਆਂ ਵਿਚ ਮਿਲਾਵਟ ਕੀਤੀ ਜਾਂਦੀ ਹੋਵੇ ਉਥੋਂ ਦੇ ਲੋਕਾਂ ਦਾ ਕੀ ਹਾਲ ਹੋਵੇਗਾ । ਉਨ੍ਹਾਂ ਦੀ ਕੀ ਉਮਰ ਹੋਵੇਗੀ ਅਤੇ ਕੀ ਉਨ੍ਹਾਂ ਦੇ ਕੱਦ ਕਾਠ ਰਹਿ ਸਕਣਗੇ ! ਸਿਰਫ ਇਥੇ ਹੀ ਬਸ ਨਹੀਂ, ਕੋਈ ਚੀਜ਼ ਲੈ ਲਵੋ, ਹਰ ਚੀਜ਼ ਵਿਚ ਮਿਲਾਵਟ ਹੋ ਰਹੀ ਹੈ । ਮਿੱਟੀ ਦੇ ਤੇਲ ਵਿਚ ਮਿਲਾਵਟ ਹੋ ਰਹੀ ਹੈ, ਡੀਜ਼ਲ ਵਿਚ ਮਿਲਾਵਟ ਹੋ ਰਹੀ ਹੈ, ਮੋਬਿਲਾਇਲ ਵਿਚ ਮਿਲਾਵਟ ਹੋ ਰਹੀ ਹੈ ਔਰ ਇਥੋਂ ਤੱਕ ਕਿ ਜਿਹੜੀ ਮਸ਼ੀਨਰੀ ਆਉਂਦੀ ਹੈ . . .

VARIATION IN THE ALLOCATION OF TIME ORDER

Chief Minister (Sardar Darbara Singh) : Sir, there is an amending Bill about the Halting Allowance of Members of this august House. I would like that this amending Bill be taken up in this very Session.

ਸ੍ਰੀ ਸਪੀਕਰ : ਮੇਰਾ ਖਿਆਲ ਹੈ ਕਿ ਜੇ ਹਾਊਸ ਦੀ ਮਰਜ਼ੀ ਹੈ ਤਾਂ ਇਹ ਬਿਲ 28 ਫਰਵਰੀ ਨੂੰ ਲੈ ਲਿਆ ਜਾਵੇ ।

ਵਿੱਤ ਮੰਤਰੀ : 27 ਫਰਵਰੀ ਨੂੰ ਲੈ ਲਉ ਜੀ ।

ਕਾਮਰੇਡ ਰਾਜ ਕੁਮਾਰ : ਕੱਲ੍ਹ ਲਈ ਬਹੁਤ ਬਿਜ਼ਨੈਸ ਹੈ ਜੀ । 28 ਨੂੰ ਇਹ ਲੈ ਲੈਣਾ ਚਾਹੀਦਾ ਹੈ । (ਵਿਘਨ)

ਸ੍ਰੀ ਸਪੀਕਰ : 28 ਫ਼ਰਵਰੀ ਨੂੰ ਲਿਆ ਜਾਵੇਗਾ ।

RESOLUTION RE. ENLISTMENT OF CO-OPERATION OF VOLUNTARY WELFARE ORGANISATIONS SO AS TO CHECK AND DETECT FOOD ADULTERATION IN THE STATE *(Resumption)*

ਕਾਮਰੇਡ ਸਰਵਣ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜੀ ਸਾਡੇ ਦੇਸ਼ ਵਿਚ ਮਸ਼ੀਨਰੀ ਇਸਤੇਮਾਲ ਕੀਤੀ ਜਾਂਦੀ ਹੈ ਉਹ ਵੀ ਅਸਲੀ ਨਹੀਂ ਹੁੰਦੀ ਉਸ ਦੇ ਵਿਚ ਪੁਰਜ਼ੇ ਅਸਲੀ ਨਹੀਂ ਪਾਏ ਜਾਂਦੇ । ਜਿਸ ਕਾਰਣ ਉਹ ਮਸ਼ੀਨਰੀ 6 ਮਹੀਨਿਆਂ ਵਿਚ ਹੀ ਖਰਾਬ ਹੋ ਜਾਂਦੀ ਹੈ ਔਰ ਫਿਰ ਦੁਬਾਰਾ ਘਟੀਆ ਪੁਰਜ਼ੇ ਪਾਏ ਜਾਂਦੇ ਹਨ । ਮੈਂ ਸਮਝਦਾ ਹਾਂ ਕਿ ਸਾਡੇ ਮੁਲਕ ਵਿਚ ਇਹ ਬਹੁਤ ਬੜੀ ਘਾਟ ਹੈ ਔਰ ਇਸ ਨੂੰ ਚੈਕ ਕਰਨ ਲਈ ਕੋਈ ਸਟੈਪ ਵੀ ਨਹੀਂ ਲਏ ਜਾਂਦੇ । ਸਪੀਕਰ ਸਾਹਿਬ, ਇਥੋਂ ਤੱਕ ਕਿ ਜਿਹੜੀ ਅਫੀਮ ਮਿਲਦੀ ਹੈ ਉਹ ਵੀ ਸ਼ੁੱਧ ਨਹੀਂ ਮਿਲਦੀ । ਉਸ ਵਿਚ ਵੀ ਮਿਲਾਵਟ

[ਕਾਮਰੇਡ ਸਰਵਣ ਸਿੰਘ]

ਹੁੰਦੀ ਹੈ । ਇਹ ਜਿਹੜੇ ਸਿਆਸੀ ਬੰਦੇ ਹਨ ਇਨ੍ਹਾਂ ਨੇ ਕਿਉਂਕਿ ਉਨ੍ਹਾਂ ਤੋਂ ਥੈਲੀਆਂ ਲਈਆਂ ਹੁੰਦੀਆਂ ਹਨ ਇਸ ਕਾਰਣ ਇਹ ਵੀ ਕੁਝ ਨਹੀਂ ਕਰਦੇ । ਇਸ ਤਰ੍ਹਾਂ ਨਾਲ ਉਹ ਆਪਣੀ ਮਰਜ਼ੀ ਨਾਲ ਹਰਾ ਫੇਰੀ ਕਰਦੇ ਹਨ । ਇਸੇ ਤਰ੍ਹਾਂ ਜਿਹੜੀ ਖੰਡ ਹੈ ਉਸ ਵਿਚ ਵੀ ਸੂਜੀ ਅਤੇ ਆਟੇ ਦੀ ਮਿਲਾਵਟ ਕੀਤੀ ਜਾਂਦੀ ਹੈ । ਖਾਣ ਵਾਲੀ ਕੋਈ ਵੀ ਚੀਜ਼ ਲੈ ਲਓ ਉਸ ਵਿਚ ਮਿਲਾਵਟ ਕੀਤੀ ਹੁੰਦੀ ਹੈ । ਇਥੋਂ ਤੱਕ ਕਿ ਜਿਹੜੀਆਂ ਦਵਾਈਆਂ ਹਨ, ਜਿਸ ਨਾਲ ਕਿ ਮਰੀਜ਼ ਨੇ ਠੀਕ ਹੋਣਾ ਹੁੰਦਾ ਹੈ ਉਹ ਵੀ ਨੰਬਰ ਦੋ ਦੀਆਂ ਮਿਲਦੀਆਂ ਹਨ । ਜਿਸ ਨਾਲ ਮਰੀਜ਼ਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ ।

*10.58 ਵਜੇ ਪੂਰਵ ਦੁਪਹਿਰ

*(ਇਸ ਵੇਲੇ ਕੁਮਾਰੀ ਸਰਲਾ ਪਰਾਸ਼ਰ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬਾ, ਇਹ ਜਿਹੜੀ ਸ਼ਰਾਬ ਹੈ ਇਹ ਵੀ ਸ਼ੁੱਧ ਨਹੀਂ ਮਿਲਦੀ । ਤੁਹਾਨੂੰ ਪਤਾ ਹੈ ਕਿ ਪਿਛੇ ਇਸ ਵਿਚ ਮਿਲਾਵਟ ਕਰਨ ਨਾਲ ਲੋਕਾਂ ਦਾ ਕੀ ਹਾਲ ਹੋਇਆ ਹੈ । ਇਸ ਵਿਚ ਵੀ ਕਈ ਨਸ਼ੀਲੀਆਂ ਗੋਲੀਆਂ ਸਟਿਕਨੀ ਵਗੈਰਾ ਦੀਆਂ ਮਿਲਾਈਆਂ ਜਾਂਦੀਆਂ ਹਨ । ਪਰ, ਚੇਅਰਮੈਨ ਸਾਹਿਬਾ, ਇਹ ਸਰਕਾਰ ਹੁਣ ਤੱਕ ਇਸ ਨੂੰ ਬੰਦ ਕਰਨ ਦਾ ਕੋਈ ਇੰਤਜ਼ਾਮ ਨਹੀਂ ਕਰ ਸਕੀ । ਪਹਿਲੇ ਇਨ੍ਹਾਂ ਨੇ ਇਸ ਨੂੰ ਚੈਕ ਕਰਨ ਵਾਸਤੇ ਸੈਨੇਟਰੀ ਇਨਸਪੈਕਟਰਜ਼ ਲਾਏ ਸਨ ਪਰ ਉਨ੍ਹਾਂ ਨੇ ਹਰ ਦੁਕਾਨਦਾਰ ਨਾਲ ਆਪਣਾ ਮਹੀਨਾ ਬੰਨ ਲਿਆ । ਇਸ ਦਾ ਨਤੀਜਾ ਇਹ ਹੋਇਆ ਕਿ ਉਹ ਮਿਲਾਵਟ ਦੂਰ ਨਹੀਂ ਹੋਈ, ਸਗੋਂ ਵਧ ਗਈ । ਉਨ੍ਹਾਂ ਨੂੰ ਆਪਣਾ ਮਹੀਨਾਂ ਮਿਲ ਜਾਂਦਾ ਸੀ ਔਰ ਉਹ ਕੁਝ ਨਹੀਂ ਸਨ ਕਰਦੇ । ਇਸ ਤੋਂ ਬਾਅਦ ਇਨ੍ਹਾਂ ਨੇ ਇਸ ਨੂੰ ਚੈਕ ਕਰਨ ਵਾਸਤੇ ਡਾਕਟਰ ਲਾਏ । ਜਦੋਂ ਡਾਕਟਰ ਲਾਏ ਤਾਂ ਉਨ੍ਹਾਂ ਨੇ ਵੀ ਦੁਕਾਨਦਾਰਾਂ ਨਾਲ, ਹਲਵਾਈਆਂ ਨਾਲ ਮਹੀਨੇ ਬੰਨ ਲਏ । ਇਸ ਨਾਲ ਹੋਰ ਵੀ ਮਿਲਾਵਟ ਵਧ ਗਈ ਕਿਉਂਕਿ ਪਹਿਲੇ ਸਿਰਫ ਇਨਸਪੈਕਟਰ ਹੀ ਮਹੀਨਾ ਲੈਂਦੇ ਸਨ ਪਰ ਫਿਰ ਡਾਕਟਰ ਵੀ ਮਹੀਨਾ ਲੈਣ ਲੱਗ ਪਏ । ਇਸ ਤਰ੍ਹਾਂ ਨਾਲ ਇਹ ਘਪਲਾ ਹੋਰ ਵੀ ਵਧ ਗਿਆ । ਇਸ ਤੋਂ ਬਾਅਦ ਇਨ੍ਹਾਂ ਨੇ ਹੈਲਥ ਅਫਸਰ ਲਾ ਦਿੱਤੇ । ਉਨ੍ਹਾਂ ਨੇ ਵੀ ਦੁਕਾਨਦਾਰਾਂ ਨਾਲ ਆਪਣਾ ਮਹੀਨਾ ਬੰਨ ਲਿਆ । ਇਸ ਤਰ੍ਹਾਂ ਨਾਲ ਹੋਰ ਵੀ ਜ਼ਿਆਦਾ ਹੇਰਾਫੇਰੀ ਹੋਣ ਲੱਗ ਪਈ ।

ਇਸ ਲਈ ਮੈਂ ਇਹ ਸੁਝਾਓ ਦਿੰਦਾ ਹਾਂ ਕਿ ਇਸ ਮਿਲਾਵਟ ਨੂੰ ਰੋਕਣ ਵਾਸਤੇ ਇਕ ਹਾਊਸ ਦੇ ਮੈਂਬਰਾਂ ਦੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ । ਜਿਹੜੀ ਕਿ ਇਸ ਸਾਰੀ ਚੀਜ਼ ਨੂੰ ਚੈਕ ਕਰੇ । ਚੇਅਰਮੈਨ ਸਾਹਿਬਾ, ਬਾਹਰਲੇ ਮੁਲਕਾਂ ਵਿਚ, ਰਸ਼ੀਆ ਆਦਿ ਵਿਚ ਪਿਛਲੇ 25 ਸਾਲਾਂ ਤੋਂ ਲੋਕਾਂ ਦੇ ਕੱਦ ਕਾਠ ਉਸੇ ਤਰ੍ਹਾਂ ਹੀ ਹਨ । ਉਥੇ ਲੋਕ ਤਕੜੇ ਹਨ । ਇਸ ਦਾ ਸਿਰਫ਼ ਇਹੋ ਕਾਰਣ ਹੈ ਕਿ ਉਥੇ ਚੀਜ਼ਾਂ ਵਿਚ ਮਿਲਾਵਟ ਨਹੀਂ ਹੁੰਦੀ । ਇਸ ਲਈ ਮੇਰਾ ਇਹ ਸੁਝਾਓ ਹੈ ਕਿ ਇਕ ਕਮੇਟੀ ਬਣਾਈ ਜਾਣੀ ਚਾਹੀਦੀ ਹੈ । ਚੇਅਰਮੈਨ ਸਾਹਿਬਾ, ਮੈਂ ਸਰਕਾਰ ਕੋਲ ਬੇਨਤੀ ਕਰਾਂਗਾ ਕਿ ਇਸ ਸਬੰਧੀ ਵਿਧਾਨ ਸਭਾ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਇਸ ਮਿਲਾਵਟ ਨੂੰ ਚੈਕ ਕਰ ਸਕੇ

ਅਤੇ ਸਰਕਾਰ ਵਲੋਂ ਇਸ ਦੀ ਰੋਕਥਾਮ ਲਈ ਚੰਗੀ ਤਰ੍ਹਾਂ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਤਾਕਿ ਜਿਹੜੀਆਂ ਨਸ਼ੀਲੀਆਂ ਗੋਲੀਆਂ ਅਤੇ ਅਫੀਮ ਦੀ ਮਿਲਾਵਟ ਹੋ ਰਹੀ ਹੈ ਇਸ ਨੂੰ ਰੋਕਿਆ ਜਾ ਸਕੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਦਾ ਸਮਰਥਨ ਕਰਦਾ ਹੈ।

ਸਰਦਾਰ ਬੀਰਪਾਲ ਸਿੰਘ (ਲੁਧਿਆਣਾ-ਰੂਰਲ) : ਚੇਅਰਮੈਨ ਸਾਹਿਬਾ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਲਈ ਵਕਤ ਦਿੱਤਾ ਹੈ। ਇਸ ਹਾਊਸ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਚੰਗੇ ਚੰਗੇ ਸੁਝਾਓ ਦਿੱਤੇ ਹਨ। ਮੈਂ ਵੀ ਕੁਝ ਅਰਜ਼ ਕਰਨੀ ਜ਼ਰੂਰੀ ਸਮਝਦਾ ਹਾਂ। ਸਾਡੇ ਦੇਸ਼ ਅੰਦਰ ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਹੋ ਰਹੀ ਹੈ। ਇਹ ਗੱਲ ਕੁਝ ਹੱਦ ਤਕ ਠੀਕ ਹੈ ਕਿ ਇਸ ਦੇ ਵਿਚ ਮਿਲਾਵਟ ਛੋਟਾ ਦੁਕਾਨਦਾਰ ਨਹੀਂ ਕਰਦਾ। ਇਸ ਦੇ ਵਿਚ ਮਿਲਾਵਟ ਜ਼ਿਆਦਾਤਰ ਵੱਡੇ ਵੱਡੇ ਵਪਾਰੀ ਕਰਦੇ ਹਨ। ਇਹ ਮਿਲਾਵਟ ਸ਼ੁਰੂ ਵਿਚ ਹੀ ਹੋ ਜਾਂਦੀ ਹੈ। ਇਹ ਇਕ ਕਿਸਮ ਦੀ ਲੋਕਾਂ ਨੂੰ ਸਲੋਅ ਪੁਆਇਜ਼ਨਿੰਗ ਦਿੱਤੀ ਜਾ ਰਹੀ ਹੈ ਜਿਸ ਦੇ ਨਾਲ ਲੋਕਾਂ ਦੀ ਸਿਹਤ ਦਿਨੋ ਦਿਨ ਗਿਰਦੀ ਜਾ ਰਹੀ ਹੈ। ਇਸ ਕਰਕੇ ਇਹ ਸਾਡੇ ਦੇਸ਼ ਵਿਚ ਲੋਕਾਂ ਦੀ ਉਮਰ ਘਟਦੀ ਜਾ ਰਹੀ ਹੈ। ਜਿਸ ਤਰ੍ਹਾਂ ਪ੍ਰੋਫੈਸਰ ਦਰਬਾਰੀ ਲਾਲ ਜੀ ਨੇ ਕਿਹਾ ਹੈ ਕਿ ਰੂਸ ਵਿਚ ਲੋਕਾਂ ਦੀ ਉਮਰ ਸਾਡੇ ਦੇਸ਼ ਦੇ ਲੋਕਾਂ ਨਾਲੋਂ ਬਹੁਤ ਜ਼ਿਆਦਾ ਹੈ। ਇਸ ਲਈ ਸਰਕਾਰ ਨੂੰ ਇਸ ਮਿਲਾਵਟ ਨੂੰ ਰੋਕਣ ਲਈ ਸਪੈਸ਼ਲ ਫਲਾਇੰਗ ਸਕਵੈਡ ਬਣਾਉਣੇ ਚਾਹੀਦੇ ਸਨ ਤਾਕਿ ਛਾਪੇ ਮਾਰੇ ਜਾ ਸਕਣ ਅਤੇ ਮਿਲਾਵਟ ਨੂੰ ਦੂਰ ਕੀਤਾ ਜਾ ਸਕੇ। ਇਸ ਦੇ ਲਈ ਸਰਕਾਰ ਨੂੰ ਲੈਜਸਲੇਸ਼ਨ ਲਿਆਉਣੀ ਚਾਹੀਦੀ ਹੈ। ਮੈਂ ਦੱਸਦਾ ਹਾਂ ਕਿ ਇਹ ਮਿਲਾਵਟ ਇਥੋਂ ਤੱਕ ਵਧ ਗਈ ਸੀ ਕਿ ਪਿਛੇ ਗਵਰਨਰੀ ਰਾਜ ਵਿਚ ਛਾਪੇ ਮਾਰੇ ਗਏ ਸਨ ਔਰ ਗਰਮ ਮਸਾਲੇ ਵਿਚੋਂ ਘੋੜੇ ਦੀ ਲਿਦ ਨਿਕਲੀ ਸੀ ਅਤੇ ਕਾਲੀ ਮਿਰਚ ਵਿਚ ਕੋਈ ਹੋਰ ਚੀਜ਼ ਪਾਈ ਗਈ। ਬੀਕਾਸੂਲ ਕੈਪਸੂਲਾਂ ਵਿਚੋਂ ਹਲਦੀ ਪਾਈ ਗਈ ਸੀ। ਲੁਧਿਆਣੇ ਅਤੇ ਜਲੰਧਰ ਵਿਚ ਛਾਪੇ ਮਾਰੇ ਗਏ ਸਨ ਅਤੇ ਬੀਕਾਸੂਲ ਦੇ ਕੈਪਸੂਲ ਫੜੇ ਗਏ ਸਨ ਅਤੇ ਟੈਸਟ ਕਰਣ ਤੋਂ ਪਤਾ ਲਗਾ ਕਿ ਉਨ੍ਹਾਂ ਦੇ ਵਿਚ ਹਲਦੀ ਪਾਈ ਗਈ ਹੈ। ਇਸੇ ਤਰ੍ਹਾਂ ਹੀ ਹੋਰ ਦਵਾਈਆਂ ਵਿਚ ਵੀ ਮਿਲਾਵਟ ਹੁੰਦੀ ਰਹੀ ਹੈ। ਅਗਰ ਦਵਾਈਆਂ ਵਿਚ ਮਿਲਾਵਟ ਹੋਵੇਗੀ ਫਿਰ ਲੋਕਾਂ ਦੀ ਸਿਹਤ ਕਿਸ ਤਰ੍ਹਾਂ ਠੀਕ ਰਹਿ ਸਕਦੀ ਹੈ ਅਤੇ ਦੇਸ਼ ਕਿਸ ਤਰ੍ਹਾਂ ਖੁਸ਼ਹਾਲ ਹੋ ਸਕਦਾ ਹੈ। ਅਗਰ ਅਸੀਂ ਹਿਸ਼ਟਰੀ ਦੇ ਪੰਨਿਆਂ ਤੇ ਨਜ਼ਰ ਮਾਰੀਏ ਤਾਂ ਪਤਾ ਲਗੇਗਾ ਕਿ ਚੰਦਰ ਗੁਪਤ ਮੌਰੀਆ ਦੇ ਰਾਜ ਵਿਚ ਬੜੀਆਂ ਸਖਤ ਸਜ਼ਾਵਾਂ ਹੁੰਦੀਆਂ ਸਨ ਅਤੇ ਲੋਕ ਇਸ ਤਰ੍ਹਾਂ ਦਾ ਕੰਮ ਕਰਨ ਵੇਲੇ ਡਰਦੇ ਸਨ। ਮੈਂ ਕਹਿੰਦਾ ਹਾਂ ਕਿ ਇਹ ਠੀਕ ਹੈ ਡੈਮੋਕਰੇਟਿਕ ਸੈਟਅੱਪ ਵਿਚ ਇਤਨੀਆਂ ਸਖਤ ਸਜ਼ਾਵਾਂ ਨਹੀਂ ਹੋ ਸਕਦੀਆਂ ਪਰ ਇਹ ਜਿਹੜੇ ਵੱਡੇ ਵੱਡੇ ਵਪਾਰੀ ਮਿਲਾਵਟ ਕਰਦੇ ਹਨ ਉਹ ਬਗੈਰ ਸਖ਼ਤੀ ਦੇ ਹਟ ਨਹੀਂ ਸਕਦੇ। ਜਿਸ ਤਰ੍ਹਾਂ "ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ" ਇਸੇ ਤਰ੍ਹਾਂ ਦੀ ਇਨ੍ਹਾਂ ਦੀ ਹਾਲਤ ਹੈ। ਇਸ ਲਈ ਸਰਕਾਰ ਨੂੰ ਕਾਨੂੰਨ ਬਣਾ ਦੇਣਾ ਚਾਹੀਦਾ ਹੈ ਤਾਕਿ ਮਿਲਾਵਟ ਨੂੰ ਚੈਕ ਕੀਤਾ ਜਾ ਸਕੇ। ਖਾਣ ਪੀਣ ਦੀਆਂ ਚੀਜ਼ਾਂ ਸ਼ਹਿਰਾਂ ਵਿਚੋਂ ਪਿੰਡਾਂ ਨੂੰ ਜਾਂਦੀਆਂ ਹਨ। ਜਿਸ ਤਰ੍ਹਾਂ ਕਾਮਰੇਡ ਸਾਹਿਬ ਨੇ ਦੱਸਿਆ ਹੈ ਕਿ ਖੰਡ ਵਿਚ ਬਰੀਕ ਕੱਚ ਮਿਲਾ ਦਿੱਤਾ ਜਾਂਦਾ ਹੈ ਜਾਂ ਸੂਜੀ ਮਿਲਾ ਦਿੱਤੀ

[ਸਰਦਾਰ ਬੀਰ ਪਾਲ ਸਿੰਘ]

ਜਾਂਦੀ ਹੈ ਔਰ ਉਹ ਲੋਕਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਇਸ ਦੇ ਨਾਲ ਲੋਕਾਂ ਦੀ ਸਿਹਤ ਖਰਾਬ ਹੁੰਦੀ ਹੈ। ਦੂਸਰੀ ਗੱਲ ਇਹ ਹੈ ਕਿ ਹੁਣ ਪੈਟਰੋਲ ਪੰਪਾਂ ਵਾਲੇ ਪੈਟਰੋਲ ਅਤੇ ਡੀਜ਼ਲ ਵਿਚ ਵੀ ਮਿਲਾਵਟ ਕਰਨ ਲਗ ਪਏ ਹਨ ਜਿਸ ਦੇ ਨਾਲ ਕਿਸਾਨਾਂ ਦੀ ਮਸ਼ੀਨਰੀ, ਟਰੈਕਟਰ, ਮੋਟਰਾਂ ਆਦਿ ਖਰਾਬ ਹੋ ਜਾਂਦੀਆਂ ਹਨ। ਸਰਕਾਰ ਨੂੰ ਇਨ੍ਹਾਂ ਪੈਟਰੋਲ ਪੰਪਾਂ ਨੂੰ ਚੈਕ ਕਰਨਾ ਚਾਹੀਦਾ ਹੈ ਅਤੇ ਪੈਟਰੋਲ, ਡੀਜ਼ਲ ਆਦਿ ਟੈਸਟ ਵੀ ਕਰਨਾ ਚਾਹੀਦਾ ਹੈ। ਅਗਰ ਮਿਲਾਵਟ ਮਿਲੇ ਤਾਂ ਉਨ੍ਹਾਂ ਦੇ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਜਦ ਤਕ ਇਸ ਨੂੰ ਰੋਕਣ ਲਈ ਕਾਨੂੰਨ ਨਹੀਂ ਬਣਾਇਆ ਜਾਂਦਾ ਉਤਨੀ ਦੇਰ ਤਕ ਇਹ ਲੁੱਟ ਖਸੁੱਟ ਚਲਦੀ ਰਹੇਗੀ। ਸਾਡਾ ਬਹੁਤ ਵੱਡਾ ਦੇਸ਼ ਹੈ। ਇਸ ਦੇ ਵਿਚ ਬਹੁਤ ਵੱਡੇ ਵੱਡੇ ਰਿਫਾਰਮਰਜ਼ ਨੇ ਕੰਮ ਕੀਤਾ ਹੈ ਅਤੇ ਲੋਕਾਂ ਵਿਚ ਪਰਚਾਰ ਵੀ ਕੀਤਾ ਹੈ। ਪਰ ਬਗੈਰ ਸਖਤੀ ਦੇ ਹੁਣ ਕੰਮ ਨਹੀਂ ਚੱਲਣਾ। ਇਸ ਲਈ ਸਖਤੀ ਕਰਨ ਦੀ ਲੋੜ ਹੈ। ਇਸ ਮਿਲਾਵਟ ਦੀ ਬੀਮਾਰੀ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੀਦਾ ਹੈ। ਇਸ ਬਿਮਾਰੀ ਦੀ ਜੜ੍ਹ ਨੂੰ ਫੜ੍ਹਨਾ ਚਾਹੀਦਾ ਹੈ। ਅਗਰ ਜੜ੍ਹ ਖਤਮ ਹੋ ਗਈ ਫਿਰ ਮਿਲਾਵਟ ਵੀ ਖਤਮ ਹੋ ਜਾਵੇਗੀ। ਇਸ ਮਿਲਾਵਟ ਦੀ ਬਿਮਾਰੀ ਕਾਰਨ ਦੇਸ਼ ਦੇ ਲੋਕਾਂ ਦਾ ਸਰੀਰ ਪਤਲਾ ਹੋਈ ਜਾ ਰਿਹਾ ਹੈ, ਉਨ੍ਹਾਂ ਦੀ ਸਿਹਤ ਗਿਰਦੀ ਜਾ ਰਹੀ ਹੈ ਅਤੇ ਉਮਰਾਂ ਘਟਦੀਆਂ ਜਾ ਰਹੀਆਂ ਹਨ। ਸਾਡਾ ਕਿਸਾਨ ਪੰਜਾਬ ਵਿਚ ਇਤਨੀ ਮਿਕਦਾਰ ਵਿਚ ਅਨਾਜ ਪੈਦਾ ਕਰਦਾ ਹੈ। ਇਹ ਆਪਣੀ ਸਿਹਤ ਦੇ ਬਲ ਬੋਤੇ ਉਤੇ ਇਤਨੀ ਪੈਦਾਵਾਰ ਕਰ ਰਿਹਾ ਹੈ। ਉਹ ਸੱਪਾਂ ਦੀਆਂ ਸਿਰੀਆਂ ਨੂੰ ਖੇਤਾਂ ਵਿਚ ਭੰਨਦਾ ਹੈ ਪਰ ਉਸ ਨੂੰ ਜਿਹੜੀ ਖੁਰਾਕ ਮਿਲ ਰਹੀ ਹੈ ਉਸ ਦੇ ਵਿਚ ਮਿਲਾਵਟ ਹੁੰਦੀ ਹੈ। ਉਸ ਨੂੰ ਨੀਂਦ ਦੀਆਂ ਗੋਲੀਆਂ ਦਿੱਤੀਆਂ ਜਾਂਦੀਆਂ ਹਨ; ਅਫੀਮ ਦਿੱਤੀ ਜਾਂਦੀ ਹੈ ਅਤੇ ਸ਼ਰਾਬ ਵਿਚ ਨਸ਼ੀਲੀਆਂ ਗੋਲੀਆਂ ਮਿਲਾਈਆਂ ਜਾਂਦੀਆਂ ਹਨ, ਕੈਪਸੂਲ ਪਾਏ ਜਾਂਦੇ ਹਨ ਅਤੇ ਇਸ ਤਰ੍ਹਾਂ ਲੋਕਾਂ ਦੀ ਸਿਹਤ ਦੇ ਨਾਲ ਇਹ ਮਿਲਾਵਟਖੋਰ ਖੇਲ ਰਹੇ ਹਨ। ਪੰਜਾਬ ਦਾ ਕਿਸਾਨ 73% ਅਨਾਜ ਪੰਜਾਬ ਵਿਚ ਪੈਦਾ ਕਰਦਾ ਹੈ। ਸਾਡੇ ਦੇਸ਼ ਦੇ ਨਾਲ ਇਕ ਇੰਟਰਨੈਸ਼ਨਲ ਸਾਜ਼ਿਸ਼ ਕੀਤੀ ਜਾ ਰਹੀ ਹੈ। ਲੋਕਾਂ ਵਿਚ ਨਸ਼ੀਲੀਆਂ ਗੋਲੀਆਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਨਸ਼ੀਲੀਆਂ ਚੀਜ਼ਾਂ ਖਾਣ ਦੀ ਆਦਤ ਪਾ ਰਹੇ ਹਨ। ਸਾਡੇ ਬਾਰਡਰ ਸੀਲਡ ਨਹੀਂ ਹਨ। ਉਥੇ ਸਮੱਗਲਰ ਅਫੀਮ, ਚਰਸ, ਗਾਂਜਾ, ਡੋਡੇ ਆਦਿ ਵੇਚੀ ਜਾਂਦੇ ਹਨ। ਇਸੇ ਤਰ੍ਹਾਂ ਪੰਜਾਬ ਦੇ ਬਹਾਦਰ ਨੂੰ ਖਤਮ ਕਰਨ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਸਾਡਾ ਪਾਕਿਸਤਾਨ ਨਾਲ ਬਾਰਡਰ ਸੀਲਡ ਨਹੀਂ ਹੈ। ਇਸ ਨੂੰ ਸੀਲ ਕਰ ਦੇਣਾ ਚਾਹੀਦਾ ਹੈ ਤਾਕਿ ਬਾਹਰ ਤੋਂ ਨਸ਼ੀਲੀਆਂ ਗੋਲੀਆਂ ਅਤੇ ਹੋਰ ਚੀਜ਼ਾਂ ਨਾ ਆ ਸਕਣ। ਤੁਹਾਨੂੰ ਪਤਾ ਹੀ ਹੈ ਕਿ ਚੀਨ ਨੇ ਤਿੱਬਤ ਵਿਚ ਉਥੇ ਦੇ ਲੋਕਾਂ ਨੂੰ ਨਸ਼ੀਲੀਆਂ ਚੀਜ਼ਾਂ ਦੇ ਕੇ ਪਹਿਲਾਂ ਆਦੀ ਬਣਾ ਲਿਆ ਸੀ ਉਥੇ ਦੇ ਨੌਜਵਾਨਾਂ ਨੂੰ ਨਸ਼ੀਲੀਆਂ ਚੀਜ਼ਾਂ ਦਿੱਤੀਆਂ ਗਈਆਂ ਅਤੇ ਫਿਰ ਤਿੱਬਤ ਤੇ ਕਬਜ਼ਾ ਕੀਤਾ ਗਿਆ। ਇਸੇ ਤਰ੍ਹਾਂ ਭਾਰਤ ਵਿਚ ਸਾਜ਼ਿਸ਼ ਕੀਤੀ ਜਾ ਰਹੀ ਹੈ। ਸਾਡੀਆਂ ਯੂਨੀਵਰਸਿਟੀਆਂ ਦੇ ਹੋਸਟਲਾਂ, ਗਰਲ ਹੋਸਟਲਾਂ ਵਿਚ ਨਸ਼ੀਲੀਆਂ ਗੋਲੀਆਂ ਆਉਂਦੀਆਂ ਹਨ। ਉਹ ਕਹਿੰਦੇ ਹਨ ਕਿ ਇਸ ਦੇ ਨਾਲ ਨੀਂਦ ਬੜੀ ਅੱਛੀ ਤਰ੍ਹਾਂ ਆਉਂਦੀ ਹੈ। ਪਰ ਇਹ ਨੌਜਵਾਨਾਂ ਦੀ ਸਿਹਤ ਨੂੰ ਖਰਾਬ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਤੇ ਚੈਕ ਰੱਖਣੀ ਚਾਹੀਦੀ ਹੈ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸਰਦਾਰ ਬੀਰਪਾਲ ਸਿੰਘ : ਚੇਅਰਮੈਨ ਸਾਹਿਬਾ, ਕਮ-ਅਜ਼-ਕਮ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਵਿਚ ਮਿਲਾਵਟ ਨਹੀਂ ਹੋਣੀ ਚਾਹੀਦੀ । ਤੁਸੀਂ ਦੇਖਿਆ ਹੋਣਾ ਹੈ ਕਿ ਜੀ.ਟੀ. ਰੋਡ ਦਿੱਲੀ ਤੇ ਇਕ ਛੋਟਾ ਜਿਹਾ ਢਾਬਾ ਹੈ । ਦੇਖਣ ਨੂੰ ਇਸ ਤਰ੍ਹਾਂ ਲਗਦਾ ਹੈ ਕਿ ਉਥੇ ਖਾਣ ਪੀਣ ਨੂੰ ਕੁਝ ਨਹੀਂ ਹੋਣਾ । ਪਰ ਉਥੇ ਲੋਕ ਰੁਕਦੇ ਹਨ ਅਤੇ ਉਨ੍ਹਾਂ ਨੂੰ ਖਾਣ ਲਈ ਅਫੀਮ ਮਿਲਦੀ ਹੈ । ਲੋਕ ਕਹਿੰਦੇ ਹਨ ਕਿ ਇਹ ਖਾਣ ਨਾਲ ਜ਼ਿਆਦਾ ਕੰਮ ਹੋ ਸਕਦਾ ਹੈ, ਨੀਂਦ ਨਹੀਂ ਆਉਂਦੀ ਅਤੇ ਥਕਾਵਟ ਨਹੀਂ ਹੁੰਦੀ । ਇਸੇ ਤਰ੍ਹਾਂ ਪੰਜਾਬ ਵਿਚ ਹੁੰਦਾ ਹੈ । ਸ਼ਰਾਬ ਵਿਚ ਵੀ ਮਿਲਾਵਟ ਹੁੰਦੀ ਹੈ । ਇਸ ਕਾਰਣ ਪੰਜਾਬ ਵਿਚ ਕਈ ਮੌਤਾਂ ਹੋਈਆਂ ਹਨ । ਪਿਛੇ ਹਰਿਆਣੇ ਵਿਚ ਸ਼ਰਾਬ ਦੇ ਵਿਚ ਮਿਲਾਵਟ ਹੋਣ ਦੇ ਕਾਰਨ ਕਈ ਮੌਤਾਂ ਹੋਈਆਂ ਅਤੇ ਸਰਕਾਰ ਨੂੰ ਕਿਸ ਭਾਅ ਵਿਚ ਇਹ ਪਈਆਂ । ਇਨ੍ਹਾਂ ਖਾਣ ਪੀਣ ਵਾਲੀਆਂ ਚੀਜ਼ਾਂ ਦੀ ਚੈਕਿੰਗ ਦੀ ਜ਼ਰੂਰਤ ਹੈ ਅਤੇ ਇਨ੍ਹਾਂ ਦਾ ਟੈਸਟ ਹੋਣਾ ਚਾਹੀਦਾ ਹੈ । ਜਿਹੜੇ ਮਿਲਾਵਟ ਕਰਦੇ ਹਨ ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਉਨ੍ਹਾਂ ਦੇ ਨਾਲ ਕੋਈ ਲਿਹਾਜ਼ ਨਹੀਂ ਹੋਣਾ ਚਾਹੀਦਾ । ਚੰਦਰ ਗੁਪਤ ਮੌਰੀਆ ਦੇ ਰਾਜ ਵਿਚ ਲੋਕ ਆਪਣੇ ਘਰਾਂ ਨੂੰ ਤਾਲੇ ਨਹੀਂ ਲਗਾ ਕੇ ਜਾਂਦੇ ਸਨ । ਉਹ 15-15 ਦਿਨਾਂ ਤੋਂ ਬਾਅਦ ਘਰ ਆਉਂਦੇ ਸਨ । ਪਰ ਕਿਸੇ ਦੀ ਚੋਰੀ ਤੱਕ ਨਹੀਂ ਹੁੰਦੀ ਸੀ ਕਿਉਂਕਿ ਉਸ ਸਮੇਂ ਸਜ਼ਾਵਾਂ ਬਹੁਤ ਸਖਤ ਸਨ ਅਤੇ ਲੋਕ ਡਰਦੇ ਸਨ । ਪਰ ਹੁਣ ਸਜ਼ਾਵਾਂ ਘਟ ਹੋਣ ਕਰਕੇ ਲੋਕ ਡਰਦੇ ਨਹੀਂ ਹਨ ਅਤੇ ਮਿਲਾਵਟ ਕਰੀ ਜਾਂਦੇ ਹਨ । ਲੋਕਾਂ ਵਿਚ ਡਰ ਜ਼ਰੂਰ ਹੋਣਾ ਚਾਹੀਦਾ ਹੈ । ਇਸ ਡਰ ਤੋਂ ਬਗੈਰ ਇਹ ਮਿਲਾਵਟ ਦੂਰ ਨਹੀਂ ਹੋ ਸਕਦੀ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਇਸ ਮਤੇ ਨੂੰ ਮਦੇ ਨਜ਼ਰ ਰੱਖਦੇ ਹੋਏ ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਮਿਲਵਾਟ ਬੰਦ ਕਰਨ ਲਈ ਸਰਕਾਰ ਵਲੋਂ ਉਚੇਚੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਅਤੇ ਕਾਨੂੰਨ ਬਣਾ ਦੇਣਾ ਚਾਹੀਦਾ ਹੈ । ਆਟਾ, ਗਰਮ-ਮਸਾਲਾ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਵਿਚ ਮਿਲਾਵਟ ਹੁੰਦੀ ਹੈ । ਚੇਅਰਮੈਨ ਸਾਹਿਬਾ, ਜ਼ਹਿਰ ਵਿਚ ਵੀ ਮਿਲਾਵਟ ਹੁੰਦੀ ਹੈ । ਇਕ ਵਾਰੀ ਕਿਸੇ ਹਸਬੈਂਡ ਔਰ ਵਾਈਫ ਨੇ ਤੰਗ ਆਕੇ ਰਾਤ ਨੂੰ ਜ਼ਹਿਰ ਖਾ ਲਈ ਪਰ ਸਵੇਰ ਨੂੰ ਉਹ ਦੋਵੇਂ ਫਿਰ ਉਠ ਖੜ੍ਹੇ ਹੋਏ । ਇਹ ਮੁਲਕ ਦਾ ਹਾਲ ਹੋ ਚੁੱਕਾ ਹੈ । ਹਰ ਚੀਜ਼ ਵਿਚ ਮਿਲਾਵਟ ਹੁੰਦੀ ਹੈ । ਇਸ ਕਰਕੇ, ਚੇਅਰਮੈਨ ਸਾਹਿਬਾ, ਮੈਂ ਅਰਜ਼ ਕਰਾਂਗਾ ਕਿ ਇਸ ਬਾਰੇ ਸਖਤ ਕਦਮ ਪੁੱਟੇ ਜਾਣ । ਹਰ ਵਪਾਰੀ ਦੇ ਮਾਲ ਨੂੰ ਦੇਖਿਆ ਜਾਵੇ, ਚਾਹੇ ਉਹ ਵਪਾਰੀ ਛੋਟਾ ਹੈ ਜਾਂ ਵੱਡਾ ਹੈ । ਸਰਕਾਰ ਨੂੰ ਸਖਤ ਲੈਜਿਸਲੇਸ਼ਨ ਲਿਆ ਕੇ ਕੰਮ ਕਰਨਾ ਚਾਹੀਦਾ ਹੈ । ਕਰੜੀ ਤੋਂ ਕਰੜੀ ਸਜ਼ਾ ਮਿਲਾਵਟ ਵਾਲੇ ਨੂੰ ਦਿਤੀ ਜਾਵੇ । ਘੱਟੋ ਘੱਟ ਲਾਈਫ ਇਮਪ੍ਰਿਜ਼ਨਮੈਂਟ ਦੀ ਸਜ਼ਾ ਹੋਣੀ ਚਾਹੀਦੀ ਹੈ । ਇਸ ਨਾਲ ਮਿਲਾਵਟ ਵਿਚ ਕੁਝ ਠੱਲ ਪਏਗੀ ਅਤੇ ਲੋਕਾਂ ਦੀ

**Expunged as ordered by the Chair.

[ਸਰਦਾਰ ਬੀਰਪਾਲ ਸਿੰਘ]

ਸਿਹਤ ਠੀਕ ਰਹੇਗੀ । ਸਾਡੇ ਪੰਜਾਬ ਦੇ ਨੌਜਵਾਨ ਬਾਰਡਰ ਉਤੇ ਖੜ੍ਹੇ ਦੇਸ਼ ਦੀ ਰਖਿਆ ਕਰ ਰਹੇ ਹਨ । ਉਨ੍ਹਾਂ ਨੂੰ ਚੰਗੀ ਚੀਜ਼ ਮਿਲੇਗੀ ਤਾਂ ਉਹ ਹੋਰ ਮਜ਼ਬੂਤੀ ਦੇ ਨਾਲ ਕੰਮ ਕਰ ਸਕਣਗੇ । ਇਸ ਨਾਲ ਚੇਅਰਮੈਨ ਸਾਹਿਬਾ, ਦੇਸ਼ ਮਜ਼ਬੂਤ ਹੋਵੇਗਾ । ਉਨ੍ਹਾਂ ਨੌਜਵਾਨਾਂ ਦੀ ਸਿਹਤ ਦਾ ਧਿਆਨ ਰਖਣਾ ਚਾਹੀਦਾ ਹੈ । ਇਤਨਾ ਕਹਿੰਦਾ ਹੋਇਆ ਮੈਂ ਆਪ ਤੋਂ ਖਿਮਾ ਮੰਗਦਾ ਹਾਂ ਅਤੇ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ।

ਜਥੇਦਾਰ ਗੁਰਬਚਨ ਸਿੰਘ ਲੱਖਮੀਰਵਾਲਾ (ਸੁਨਾਮ) : ਚੇਅਰਮੈਨ ਸਾਹਿਬਾ, ਅੱਜ ਦੇ ਰੈਜ਼ੋਲਿਊਸ਼ਨ ਨੂੰ ਵੇਖ ਕੇ ਖੁਸ਼ੀ ਵੀ ਹੋਈ ਹੈ ਅਤੇ ਗਮੀ ਵੀ ਹੋਈ ਹੈ । ਸਰਕਾਰੀ ਬੈਂਚਾਂ ਦੇ ਮੈਂਬਰਾਂ ਵਲੋਂ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਬੜੀ ਚੰਗੀ ਗੱਲ ਹੈ । ਚੇਅਰਮੈਨ ਸਾਹਿਬਾ, ਮੈਂ ਇਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਮੈਂ ਇਕ ਛੋਟੀ ਜਿਹੀ ਕਿਤਾਬ ਪੜ੍ਹੀ ਸੀ ਜਿਸ ਵਿਚ ਲਿਖਿਆ ਸੀ ਕਿ ਜਨਤਾ ਵਿਚ ਕਿਵੇਂ ਬੋਲਣਾ ਚਾਹੀਦਾ ਹੈ । ਇਕ ਸਟੇਜ ਤੇ ਕਿਸ ਤਰ੍ਹਾਂ ਬੋਲਣਾ ਚਾਹੀਦਾ ਹੈ । ਚੇਅਰਮੈਨ ਸਾਹਿਬਾ, ਅਗਰ ਮੈਂ ਇਥੇ ਪਰਚਾਰ ਕਰਾਂ ਕਿ ਸ਼ਰਾਬ ਨਹੀਂ ਪੀਣੀ ਚਾਹੀਦੀ ਅਤੇ ਸ਼ਾਮ ਨੂੰ ਦੋ ਬੋਤਲਾਂ ਸ਼ਰਾਬ ਦੀਆਂ ਖੋਲ੍ਹ ਕੇ ਪੀਣ ਲਗ ਜਾਵਾਂ ਤਾਂ ਲੋਕ ਮੈਨੂੰ ਕੀ ਕਹਿਣਗੇ ? ਇਸ ਲਈ ਪਹਿਲਾਂ ਆਪਣੇ ਆਪ ਨੂੰ ਤਾਂ ਠੀਕ ਕਰ ਲਓ । ਹਰਿਆਣਾ ਦੇ ਅਸੈਂਬਲੀ ਦੇ ਮੈਂਬਰਜ਼ ਕੀ ਕਹਿੰਦੇ ਹਨ ? (ਵਿਘਨ) (ਸ਼ੋਰ) ਤੁਸੀਂ ਮੈਨੂੰ ਛੇੜੋ ਨਾ । ਜੇ ਮੈਨੂੰ ਛੇੜਿਆ ਤਾਂ ਮੈਂ ਦੂਜੇ ਪਾਸੇ ਹੋ ਜਾਵਾਂਗਾ । ਪਹਿਲਾਂ ਤੁਸੀਂ ਨੀਲੀਆਂ ਪੱਗਾਂ ਬੰਨਦੇ ਸੀ ਪਰ ਹੁਣ ਚਿੱਟੀਆਂ ਪੱਗਾਂ ਬੰਨਣੀਆਂ ਸ਼ੁਰੂ ਕਰ ਦਿਤੀਆਂ ਹਨ । ਚੇਅਰਮੈਨ ਸਾਹਿਬਾ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰ ਚੀਜ਼ ਵਿਚ ਮਿਲਾਵਟ ਹੁੰਦੀ ਹੈ । ਵੱਡੀਆਂ ਫੈਕਟਰੀਆਂ ਤੋਂ ਮਾਲ ਸੀਲ ਬੰਦ ਹੋ ਕੇ ਚਲਦਾ ਹੈ ਅਤੇ ਛੋਟੇ ਦੁਕਾਨਦਾਰ ਉਸ ਨੂੰ ਸੇਲ ਕਰਦੇ ਹਨ । ਪਰ ਜੇਕਰ ਉਸ ਸੀਲ ਬੰਦ ਵਿਚ ਮਾਲ ਠੀਕ ਨਾ ਹੋਵੇ ਤਾਂ ਉਪਰਲੀਆਂ ਵੱਡੀਆਂ ਫੈਕਟਰੀਆਂ ਨੂੰ ਜੁਰਮਾਨਾ ਹੋਣਾ ਚਾਹੀਦਾ ਹੈ । ਛੋਟੇ ਦੁਕਾਨਦਾਰਾਂ ਦਾ ਉਸ ਵਿਚ ਕੋਈ ਕਸੂਰ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਤੰਗ ਨਹੀਂ ਕਰਨਾ ਚਾਹੀਦਾ । ਫਿਰ ਇਥੇ ਤੇਲ ਦਾ ਜ਼ਿਕਰ ਕੀਤਾ ਗਿਆ ਹੈ । ਅਸੀਂ ਕੱਲ ਹੀ ਗੱਡੀ ਵਿਚ ਤੇਲ ਪਆਇਆ ਸੀ । ਮੇਰੇ ਦੋਸਤ ਨੇ ਅਗਾਂਹ ਸ਼ਿਮਲੇ ਕਿਸੇ ਕੰਮ ਲਈ ਜਾਣਾ ਸੀ । ਜਦੋਂ ਉਹ ਸ਼ਿਮਲੇ ਤੋਂ ਵਾਪਿਸ ਆਇਆ ਤਾਂ ਉਸ ਨੇ ਮੈਨੂੰ ਕਿਹਾ ਕਿ ਮੈਂ ਲੁੱਟਿਆ ਗਿਆ ਹਾਂ, ਤੇਲ ਵਿਚ ਮਿਲਾਵਟ ਸੀ । ਪੁਰਜੇ ਵੀ, ਚੇਅਰਮੈਨ ਸਾਹਿਬਾ, ਨਕਲੀ ਹੁੰਦੇ ਹਨ । ਜਿਮੀਂਦਾਰਾਂ ਨੂੰ ਦੁਕਾਨਦਾਰ ਵੇਚਣ ਵੇਲੇ ਤਾਂ ਵਧੀਆ ਪੁਰਜੇ ਦਿਖਾਉਂਦੇ ਹਨ ਜੋ ਕਿ ਜਾਪਾਨ ਅਤੇ ਦੂਸਰੇ ਮੁਲਕਾਂ ਤੋਂ ਆਏ ਹੁੰਦੇ ਹਨ ਪਰ ਬਾਅਦ ਵਿਚ ਮਿਲਾਵਟ ਵਾਲੇ ਪੁਰਜੇ ਉਸ ਨੂੰ ਦਿੰਦੇ ਹਨ । ਇਸ ਬਾਰੇ ਸਭ ਨੂੰ ਪਤਾ ਹੈ । ਚੇਅਰਮੈਨ ਸਾਹਿਬਾ, ਮੰਥਲੀਆਂ ਬੰਨੀਆਂ ਹੋਈਆਂ ਹੁੰਦੀਆਂ ਹਨ । ਜਿਹੜਾ ਪੈਸਾ ਦੇ ਦਿੰਦਾ ਹੈ, ਉਹ ਬਚ ਜਾਂਦਾ ਹੈ ਅਤੇ ਜਿਹੜਾ ਪੈਸਾ ਨਹੀਂ ਦਿੰਦਾ, ਉਹ ਫਸ ਜਾਂਦਾ ਹੈ । ਅਮੀਰ ਪੈਸੇ ਦੇ ਕੇ ਬਚ ਜਾਂਦੇ ਹਨ । ਪਿਛੇ ਚੇਅਰਮੈਨ ਸਾਹਿਬਾ ਸੋਨੇ ਦਾ ਕੀ ਹਾਲ ਹੋਇਆ ਹੈ ? ਗਰੀਬ ਆਦਮੀ ਦੀ ਜਿਤਨੀ ਤਾਕਤ ਹੋਵੇ, ਉਸ ਮੁਤਾਬਿਕ ਉਹ ਤੋਲਾ ਜਾਂ ਇਸ ਤੋਂ ਘੱਟ ਵੱਧ ਸੋਨਾ ਖਰੀਦਦਾ ਹੈ । ਚੇਅਰਮੈਨ ਸਾਹਿਬਾ, ਡਿਸਾਈ ਨੇ ਉਹ ਸੋਨਾ ਬੰਦ ਕਰ ਦਿਤਾ ਸੀ । ਅੱਜ ਇਕ ਤੋਲੇ ਸੋਨੇ ਦਾ ਭਾਅ 1800-1900 ਰੁਪਿਆ ਹੈ । ਜੇਕਰ ਇੱਕ ਤੋਲਾ ਸੋਨਾ ਖਰੀਦੋ ਤਾਂ ਕੋਈ ਵੀ ਸੁਨਿਆਰ ਰਸੀਦ ਨਹੀਂ ਦਿੰਦਾ ਅਤੇ ਜੇਕਰ

ਰਸੀਦ ਮੰਗੋ ਤਾਂ ਕਹਿੰਦਾ ਹੈ ਕਿ ਇਹ ਧੰਦਾ ਹੀ ਬੰਦ ਕੀਤਾ ਹੋਇਆ ਹੈ । ਚੇਅਰਮੈਨ ਸਾਹਿਬਾ, ਇਸ ਦੇ ਵਿਚ ਬਹੁਤ ਵੱਡੀ ਲੁੱਟ ਹੋ ਰਹੀ ਹੈ । ਇੱਕ ਗਰੀਬ ਆਦਮੀ ਇਕ ਤੋਲਾ ਸੋਨਾ 1,800-1,900 ਰੁਪਏ ਨੂੰ ਖਰੀਦਦਾ ਹੈ । ਉਹ ਸੁਨਿਆਰ ਰਸੀਦ ਦੇਣ ਨੂੰ ਤਿਆਰ ਨਹੀਂ ਅਤੇ ਜੇਕਰ ਉਹੀ ਸੋਨਾ ਗਰੀਬ ਆਦਮੀ ਵੇਚਣ ਲਈ ਬਾਜ਼ਾਰ ਵਿਚ ਜਾਂਦਾ ਹੈ ਤਾਂ ਉਹੀ ਸੁਨਿਆਰ ਉਸ ਨੂੰ ਖੋਟ ਦੱਸਕੇ ਅੱਧੇ ਪੈਸੇ ਵੀ ਦੇਣ ਨੂੰ ਤਿਆਰ ਨਹੀਂ ਹੁੰਦਾ । ਜੇਕਰ ਉਹ ਗਰੀਬ ਆਦਮੀ ਕਹਿੰਦਾ ਹੈ ਕਿ ਮੈਂ ਇਹ ਸੋਨਾ ਤੇਰੇ ਕੋਲੋਂ ਹੀ ਖਰੀਦਿਆ ਸੀ ਤਾਂ ਉਸ ਦੀ ਕੋਈ ਸੁਣਨ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਉਸ ਗਰੀਬ ਆਦਮੀ ਪਾਸ ਕੋਈ ਰਸੀਦ ਵਗੈਰਾ ਨਹੀਂ ਹੁੰਦੀ । ਦੂਜਾ ਚੇਅਰਮੈਨ ਸਾਹਿਬਾ, ਪਿੰਡਾਂ ਵਿਚ ਨਸ਼ੀਲੀਆਂ ਗੋਲੀਆਂ ਵੇਚੀਆਂ ਜਾਂਦੀਆਂ ਹਨ । ਮੰਤਰੀ ਸਾਹਿਬ, ਇਥੇ ਬੈਠੇ ਹਨ । ਮੇਰੇ ਹਲਕੇ ਵਿਚ ਗੜ੍ਹੂਆਂ ਪਿੰਡ ਹੈ । ਉਥੋਂ ਦੀ ਪੰਚਾਇਤ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਕਿ ਪਿੰਡ ਵਿਚ ਨਸ਼ੀਲੀਆਂ ਗੋਲੀਆਂ ਨਹੀਂ ਵੇਚਣ ਦੇਣੀਆਂ । ਉਹ ਐਸ.ਐਚ.ਓ. ਕੋਲ ਥਾਣੇ ਵਿਚ ਜਾ ਕੇ ਮਦਦ ਮੰਗਦੇ ਹਨ ਪਰ ਉਨ੍ਹਾਂ ਨੂੰ ਕੋਈ ਮਦਦ ਨਹੀਂ ਦਿਤੀ ਜਾਂਦੀ । ਪੰਜਾਬ ਸਰਕਾਰ ਨੂੰ ਨਸ਼ੀਲੀਆਂ ਗੋਲੀਆਂ ਵੇਚਣ ਤੇ ਪਾਬੰਦੀ ਲਾਉਣ ਲਈ ਮਦਦ ਦੇਣੀ ਚਾਹੀਦੀ ਹੈ । ਇਸ ਦੇ ਲਈ ਸਰਕਾਰ ਨੂੰ ਸਖਤ ਹੁਕਮ ਦੇਣਾ ਚਾਹੀਦਾ ਹੈ । ਉਸ ਪੰਚਾਇਤ ਦੀ ਇਸ ਕੰਮ ਵਿਚ ਪੂਰੀ ਮਦਦ ਸਰਕਾਰ ਨੂੰ ਕਰਨੀ ਚਾਹੀਦੀ ਹੈ । ਗੱਡੀ ਵਿਚ ਅਸੀਂ ਸਫਰ ਕਰਨ ਵੇਲੇ ਵੇਖਦੇ ਹਾਂ ਕਿ ਬੰਦਿਆਂ ਨੇ ਕਈ ਕਿਸਮ ਦੀਆਂ ਗੋਲੀਆਂ ਖਾਧੀਆਂ ਹੁੰਦੀਆਂ ਹਨ । ਮੈਨੂੰ ਤਾਂ ਉਨ੍ਹਾਂ ਗੋਲੀਆਂ ਦਾ ਨਾਂ ਤਕ ਵੀ ਨਹੀਂ ਪਤਾ । ਚੇਅਰਮੈਨ ਸਾਹਿਬਾ, ਉਹ ਬੰਦੇ ਕਦੀ ਇਸ ਪਾਸੇ ਸੜਕ ਦੇ ਅਤੇ ਕਦੀ ਦੂਜੇ ਪਾਸੇ ਸੜਕ ਦੇ ਗਿਰਦੇ ਫਿਰਦੇ ਹਨ । ਇਸ ਲਈ ਸਿਰਫ ਰੈਜ਼ੋਲਿਊਸ਼ਨ ਨੂੰ ਪਾਸ ਕਰਨ ਨਾਲ ਅਤੇ ਲਿਖਣ ਨਾਲ ਕੁਝ ਨਹੀਂ ਬਣਦਾ । ਐਮ.ਐਲ.ਏਜ਼. ਹੋਸਟਲ ਵਿਚ ਚੇਅਰਮੈਨ ਸਾਹਿਬਾ, ਤਿੰਨ ਚਾਰ ਜਗ੍ਹਾ ਤੇ ਲਿਖਿਆ ਹੋਇਆ ਹੈ ਕਿ ਇਥੇ ਸਿਗਰਟ ਪੀਣਾ ਮਨ੍ਹਾ ਹੈ, ਇਥੇ ਸ਼ਰਾਬ ਪੀਣਾ ਮਨ੍ਹਾ ਹੈ । ਪਰ ਹਰ ਕਮਰੇ ਦੇ ਬਾਹਰ ਖਲੋ ਕੇ ਵੇਖ ਲਵੋ ਕਿ ਜਦੋਂ ਸਵੇਰੇ ਸਵੀਪਰ ਸਫ਼ਾਈ ਕਰਦਾ ਹੈ ਤਾਂ ਬਹੁਤ ਸਾਰੇ ਸਿਗਰਟਾਂ ਦੇ ਟੋਟੇ ਅਤੇ ਸ਼ਰਾਬ ਦੀਆਂ ਖਾਲੀ ਬੋਤਲਾਂ ਨਜ਼ਰ ਆਉਂਦੀਆਂ ਹਨ । (ਵਿਘਨ) (ਸ਼ੋਰ) ਤੁਸੀਂ ਕਿਸੇ ਦੀ 7.00 ਵਜੇ ਰਾਤ ਨੂੰ ਉਥੇ ਡਿਊਟੀ ਲਗਾ ਦਿਉ ਕਿ ਕਿਹੜੇ ਕਿਹੜੇ ਕਮਰੇ ਵਿਚ ਸ਼ਰਾਬ ਨਹੀਂ ਪੀਤੀ ਜਾਂਦੀ ਜਾਂ ਸਿਗਰਟਾਂ ਨਹੀਂ ਪੀਤੀਆਂ ਜਾਂਦੀਆਂ । ਇਸ ਲਈ ਰੈਜ਼ੋਲਿਊਸ਼ਨ ਲਿਆਉਣ ਨਾਲ ਜਾਂ ਰੈਜ਼ੋਲਿਊਸ਼ਨ ਨੂੰ ਪਾਸ ਕਰਨ ਨਾਲ ਗੱਲ ਨਹੀਂ ਬਣਦੀ ਜਦ ਤੱਕ ਕਿ ਇਸ ਨੂੰ ਅਮਲ ਵਿਚ ਨਾ ਲਿਆਂਦਾ ਜਾਵੇ । ਮੈਂਬਰ ਸਾਹਿਬਾਨ ਮੁੱਖ ਮੰਤਰੀ ਜੀ ਨੂੰ ਕਹਿਣ ਕਿ ਇਨ੍ਹਾਂ ਗੱਲਾਂ ਵੱਲ ਉਹ ਫੌਰਨ ਧਿਆਨ ਦੇਣ ਤਾਂ ਹੀ ਕੁਝ ਸੁਧਾਰ ਆ ਸਕੇਗਾ । ਵੱਡਾ ਆਦਮੀ ਵੱਢੀ ਦੇ ਕੇ ਬਚ ਜਾਂਦਾ ਹੈ । ਅੱਜ ਵੀ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਅਤੇ ਮੈਂ ਇਨ੍ਹਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਮੁੱਖ ਮੰਤਰੀ ਜੀ ਨੇ ਜਿੰਨੇ ਵੀ ਵਜ਼ੀਰ ਲਏ ਹਨ ਉਹ ਸਾਰੇ ਨੇਕ ਲਏ ਹਨ (ਥੰਪਿੰਗ) ਦੂਜਿਆਂ ਨੂੰ ਵੀ ਸੁਧਾਰ ਕਰਨਾ ਚਾਹੀਦਾ ਹੈ। ਮੇਰੇ ਤੋਂ ਪਹਿਲਾਂ ਹੋਰ ਕਈ ਵੀਰਾਂ ਨੇ ਦੱਸਿਆ ਹੈ । ਚਾਹੇ ਛੋਟੀ ਚੀਜ਼ ਲੈ ਲਵੋ ਜਿਵੇਂ ਕਾਲੀ ਮਿਰਚ ਹੈ । ਇਸ ਵਿਚ ਵੀ ਰਿੰਡ ਦੇ ਖਰਬੂਜ਼ੇ ਦੀਆਂ ਗਿਟਕਾਂ ਪੀਸੀਆਂ ਜਾਂਦੀਆਂ ਹਨ । ਛੋਟੀ ਤੋਂ ਛੋਟੀ ਚੀਜ਼ ਵਿਚ ਮਿਲਾਵਟ ਹੈ ਅਤੇ ਉਹ ਮਹਿੰਗੀਆਂ ਹੋ ਰਹੀਆਂ ਹਨ । ਜੇਕਰ ਇਨ੍ਹਾਂ ਵਿਚ ਮਿਲਾਵਟ ਨੂੰ ਰੋਕਣਾ ਹੈ ਤਾਂ ਕੋਈ ਚੰਗੀ ਗੱਲ ਕਰੋ । ਇਹ ਨਾ ਕਹੋ ਕਿ

[ਜਥੇਦਾਰ ਗੁਰਬਚਨ ਸਿੰਘ]

ਪਹਿਲਾਂ ਕੁਝ ਨਹੀਂ ਹੋਇਆ । ਜੇਕਰ ਪਹਿਲਾਂ ਨਹੀਂ ਹੋਇਆ ਤਾਂ ਹੁਣ ਕਰ ਲਉ । ਇੱਕ ਵਾਰੀ ਅਕਬਰ ਬਾਦਸ਼ਾਹ ਨੇ ਬੀਰਬਲ ਨੂੰ ਕਿਹਾ ਕਿ ਆਹ ਲੈ ਮੈਂ ਲਕੀਰ ਖਿਚਦਾ ਹਾਂ ਤੂੰ ਵੀ ਖਿਚ । ਬੀਰਬਲ ਨੇ ਉਸ ਤੋਂ ਵੱਡੀ ਲਕੀਰ ਖਿਚ ਦਿੱਤੀ । ਸੋ ਇਹ ਨਹੀਂ ਹੋਣਾ ਚਾਹੀਦਾ ਕਿ ਜੇਕਰ ਪਹਿਲਾਂ ਕੰਮ ਨਹੀਂ ਹੋਇਆ ਤਾਂ ਤੁਸੀਂ ਹੋਰ ਵੀ ਜ਼ਿਆਦਾ ਮਾੜਾ ਕੰਮ ਕਰੋ । ਬਾਕੀ ਜੇਕਰ ਕੋਈ ਚੰਗਾ ਕੰਮ ਕਰਦੇ ਹੋ ਤਾਂ ਉਸ ਨੂੰ ਬਾਰ ਬਾਰ ਸੁਣਾਉਣ ਦੀ ਕੋਈ ਲੋੜ ਨਹੀਂ ਹੈ । 'ਨੇਕੀ ਕਰ ਔਰ ਕੂਏ ਮੇਂ ਡਾਲ' । ਚੰਗਾ ਕੰਮ ਕਰਕੇ ਭੁਲ ਜਾਣਾ ਚਾਹੀਦਾ ਹੈ । 9 ਮਹੀਨੇ ਦੇ ਕਰੀਬ ਹੋ ਗਏ ਹਨ ਇਸ ਸਰਕਾਰ ਬਣੇ ਨੂੰ, ਔਰ ਜਿਹੜੇ ਕੰਮ ਇਸ ਸਰਕਾਰ ਨੇ ਕੀਤੇ ਹਨ, ਉਹ ਸਾਰੀ ਦੁਨੀਆਂ ਨੂੰ ਪਤਾ ਹੈ । ਫਿਰ ਮੁੜ ਘਿੜ ਕੇ ਇਹ ਕਹੀ ਜਾਣਾ ਕਿ ਅਕਾਲੀਆਂ ਨੇ ਕੁਝ ਨਹੀਂ ਕੀਤਾ, ਇਹ ਕੋਈ ਚੰਗੀ ਗਲ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਤੁਸੀਂ ਤਾਂ ਕੁਝ ਕਰਕੇ ਦਿਖਾਉ ਔਰ ਜੇਕਰ ਤੁਸੀਂ ਚੰਗਾ ਕੰਮ ਕਰੋਗੇ ਤਾਂ ਲੋਕ ਤੁਹਾਨੂੰ ਕਹਿਣਗੇ ਕਿ ਤੁਸੀਂ ਚੰਗੇ ਕੰਮ ਕੀਤੇ ਹਨ । ਇਥੇ ਹੀ ਬਸ ਨਹੀਂ ਮੈਨੂੰ ਇਸ ਗੱਲ ਤੇ ਵੀ ਗਿਲਾ ਹੈ ਕਿ ਜਿਹੜਾ ਪੈਸਾ ਗਲੀਆਂ, ਨਾਲੀਆਂ ਪੱਕੀਆਂ ਕਰਨ ਵਾਸਤੇ ਰਖਿਆ ਹੈ, ਉਹ ਇਹ ਵਜ਼ੀਰ ਆਪਣੇ ਹਲਕੇ ਵਿਚ ਹੀ ਖਰਚ ਕਰੀ ਜਾਂਦੇ ਹਨ ਔਰ ਦੂਸਰਿਆਂ ਦੇ ਹਲਕਿਆਂ ਵਿਚ ਇਸ ਪਾਸੇ ਬਹੁਤ ਥੋੜਾ ਕੰਮ ਕੀਤਾ ਜਾਂਦਾ ਹੈ । ਵਜ਼ੀਰ ਦੇ ਹਲਕੇ ਵਿਚ ਇਸ ਕੰਮ ਲਈ 27-27 ਜਾਂ 28-28 ਪਿੰਡ ਲਏ ਜਾਂਦੇ ਹਨ ਜਦ ਕਿ ਸਾਡੇ ਵਰਗੇ ਮੈਂਬਰਾਂ ਦੇ ਹਲਕਿਆ ਵਿਚ ਸਿਰਫ ਇਕ ਅੱਧ ਪਿੰਡ ਹੀ ਲਿਆ ਜਾਂਦਾ ਹੈ । ਹਰ ਵਜ਼ੀਰ ਆਪਣੇ ਹਲਕੇ ਨੂੰ ਮਾਲ ਖਿਚਦਾ ਹੈ । ਚਾਹੇ ਗਲੀਆਂ ਪੱਕੀਆਂ ਕਰਨੀਆਂ ਹਨ, ਚਾਹੇ ਨਾਲੀਆਂ ਪੱਕੀਆਂ ਕਰਨੀਆਂ ਹਨ ਔਰ ਚਾਹੇ ਸਕੂਲ ਅਪਗਰੇਡ ਕਰਨੇ ਹਨ ਜਾਂ ਸੜਕਾਂ ਬਣਾਉਣੀਆਂ ਹਨ । ਇਹ ਸਾਰੇ ਕੰਮ ਵਜ਼ੀਰ ਆਪਣੇ ਹਲਕੇ ਵਿਚ ਹੀ ਕਰਨਾ ਚਾਹੁੰਦਾ ਹੈ । ਜਦੋਂ ਪਿਛੇ ਜਿਹੇ ਗਰੀਬਾਂ ਵਿਚ ਪੈਸਾ ਵੰਡਣਾ ਸੀ ਤਾਂ ਉਸ ਵੇਲੇ ਵੀ ਚੀਫ ਮਨਿਸਟਰ ਸਾਹਿਬ ਨੇ ਆਪਣਾ ਹਲਕਾ ਹੀ ਚੁਣਿਆ । ਗਰੀਬਾਂ ਦੇ ਵਿਚ ਇਹ ਪੈਸਾ ਵੰਡਣਾ ਚਾਹੀਦਾ ਹੈ । ਜਿਹੜਾ ਵਜ਼ੀਰ ਬਣ ਜਾਂਦਾ ਹੈ ਉਹ ਆਪ ਹੀ ਸਾਰਾ ਪੈਸਾ ਇਸ ਤਰ੍ਹਾਂ ਹੜੱਪ ਕਰਨ ਦੀ ਕੋਸ਼ਿਸ਼ ਕਰਦਾ ਹੈ । ਜਿਸ ਤਰ੍ਹਾਂ ਕਿ ਜਿਹੜਾ ਮੁਸਾਫਰ ਬੱਸ ਵਿਚ ਚੜ੍ਹ ਜਾਂਦਾ ਹੈ ਉਹ ਬਾਕੀ ਜਿਹੜੇ ਮੁਸਾਫਰ ਚੜ੍ਹਨ ਵਾਲੇ ਹੁੰਦੇ ਹਨ ਉਨ੍ਹਾ ਨੂੰ ਕਹਿੰਦਾ ਹੈ ਕਿ ਤੂੰ ਮਗਰਲੀ ਬੱਸ ਵਿਚ ਆ ਜਾਈਂ ਇਸ ਵਿਚ ਤਾਂ ਜਗ੍ਹਾ ਨਹੀਂ ਹੈ । ਜਿਸ ਤਰ੍ਹਾਂ ਕਿ ਉਸ ਨੇ ਹੀ ਸਫਰ ਕਰਨਾ ਹੁੰਦਾ ਹੈ ਔਰ ਦੂਸਰਿਆਂ ਨੇ ਸਫਰ ਨਹੀਂ ਕਰਨਾ ਹੁੰਦਾ ।

ਅੱਜ ਮਾਇਆ ਲੈਣ ਬਾਰੇ ਬੜੀ ਦੌੜ ਭੱਜ ਲਗੀ ਹੋਈ ਹੈ ਔਰ ਸਾਡੇ ਮੁਲਕ ਵਿਚ ਸ਼ਾਂਤੀ ਨਹੀਂ ਹੈ । ਚਾਹੇ ਉਧਰ ਦੇ ਪਾਸੇ ਦੇ ਹੋਣ, ਚਾਹੇ ਇਧਰ ਦੇ ਪਾਸੇ ਦੇ ਹੋਣ । ਜਿਸ ਨੂੰ 500/- ਮਿਲ ਗਿਆ ਹੈ, ਉਹ 5,000/- ਲੈਣਾ ਚਾਹੁੰਦਾ ਹੈ ਔਰ ਜਿਸ ਨੂੰ 5,000/- ਮਿਲ ਗਿਆ ਹੈ ਉਹ 14,000/- ਲੈਣਾ ਚਾਹੁੰਦਾ ਹੈ । ਇਹ ਸ਼ਾਂਤੀ ਤਾਂ ਆਵੇਗੀ ਜੇਕਰ ਇਸ ਨੂੰ ਉਪਰਲੀ ਸਤਹਿ ਤੋਂ ਸ਼ੁਰੂ ਕੀਤਾ ਜਾਏ । ਜੇਕਰ ਮਕਾਨ ਦੀ ਸਫਾਈ ਕਰਨੀ ਹੈ ਤਾਂ ਮਕਾਨ ਦੇ ਉਪਰ ਤੋਂ ਇਹ ਕੰਮ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਹੇਠ ਨੂੰ ਆਉਣਾ ਚਾਹੀਦਾ ਹੈ । ਇਸ ਨਾਲ ਮਕਾਨ ਦੀ ਚੰਗੀ ਤਰ੍ਹਾਂ ਨਾਲ ਸਫਾਈ ਹੋ ਸਕਦੀ ਹੈ । ਇਸ ਲਈ ਜਿੰਨੀ ਦੇਰ ਤੱਕ ਉਪਰੋਂ ਟੀਪ ਕਲਾ ਨਹੀਂ ਹੁੰਦੀ ਉਤਨੀ ਦੇਰ ਤੱਕ ਇਹ ਮਿਲਾਵਟ ਦਾ ਕੰਮ ਖਤਮ ਨਹੀਂ ਹੋ ਸਕਦਾ ਹੈ ।

ਇਹ ਕਹਿੰਦੇ ਹਨ ਕਿ ਅਸੀਂ ਆਨੰਦਪੁਰ ਸਾਹਿਬ ਸੌਂਹ ਖਾਕੇ ਕੁਝ ਨਹੀਂ ਕੀਤਾ। ਮੈਂ ਕਹਿੰਦਾ ਹਾਂ ਕਿ ਇਹ ਗੰਗਾ ਜੀ ਚਲੇ ਜਾਣ ਅਤੇ ਉਥੇ ਕਸਮ ਖਾ ਲੈਣ ਕਿ ਅਸੀਂ ਅੱਜ ਤੋਂ ਕੋਈ ਕੁਰੱਪਸ਼ਨ ਨਹੀਂ ਕਰਾਂਗੇ। ਪਰ ਇਹ ਤਾਂ ਕਿਤੇ ਜਾਕੇ ਕਸਮ ਖਾਣ ਨੂੰ ਤਿਆਰ ਨਹੀਂ ਹਨ।

ਸਰਦਾਰਨੀ ਰਾਜਿੰਦਰ ਕੌਰ : ਆਨ ਏ ਪੁਆਇੰਟ ਆਫ ਆਰਡਰ ਸਰ। ਇਹ ਮੈਂਬਰ ਸਾਹਿਬ ਬੜੇ ਬਜ਼ੁਰਗ ਹਨ ਔਰ ਮੇਰੇ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਇਨ੍ਹਾਂ ਨੇ ਮਿਲਾਵਟ ਦੇ ਬਾਰੇ ਵਿਚ ਗੱਲ ਕੀਤੀ ਸੀ ਪਰ ਹਵਾਲਾ ਇਨ੍ਹਾਂ ਨੇ ਹਰਿਆਣੇ ਬਾਰੇ ਦਿੱਤਾ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਹਮੇਸ਼ਾਂ ਉਹ ਗੱਲ ਠੀਕ ਲਗਦੀ ਹੈ ਜਿਹੜੀ ਕਰਨ ਤੋਂ ਪਹਿਲਾਂ ਆਪਣੇ ਮੰਜੇ ਥਲੇ ਸੋਟੀ ਮਾਰ ਲਈ ਜਾਏ। ਅਗਰ ਇਹ ਦੱਸ ਦਿੰਦੇ ਕਿ ਸੀ. ਪੀ. ਆਈ., ਸੀ. ਪੀ. ਐਮ. ਔਰ ਅਕਾਲੀਆਂ ਵਿਚ ਕਿੰਨੀ ਮਿਲਾਵਟ ਹੈ, ਤਾਂ ਚੰਗਾ ਹੁੰਦਾ।

ਜੱਥੇਦਾਰ ਗੁਰਬਚਨ ਸਿੰਘ : ਅਗਰ ਸਾਡੇ ਅੰਦਰ ਮਿਲਾਵਟ ਹੈ ਤਾਂ ਫਿਰ ਤੁਸੀਂ ਕਿਉਂ ਸਾਡੀ ਰੀਸ ਕਰਨ ਲਗੇ ਹੋ ? ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਹਾਡੇ ਕਹਿਣ ਅਨੁਸਾਰ ਜੇਕਰ ਅਸੀਂ ਮਾੜੇ ਕੰਮ ਕੀਤੇ ਹਨ ਤਾਂ ਫਿਰ ਤੁਸੀਂ ਕਿਉਂ ਮਾੜੇ ਕੰਮ ਕਰਦੇ ਹੋ। ਮਿਲਾਵਟ ਤਾਂ ਖ਼ਤਮ ਹੋ ਸਕਦੀ ਹੈ ਅਗਰ ਸਾਡੇ ਪ੍ਰਾਈਮ ਮਨਿਸਟਰ ਔਰ ਚੀਫ ਮਨਿਸਟਰ ਇਸ ਗਲ ਦੀ ਕਸਮ ਖਾਕੇ ਕਹਿਣ, ਚਾਹੇ ਕਸਮ ਖਾਣ ਲਈ ਹਰਮੰਦਰ ਸਾਹਿਬ ਚਲੇ ਜਾਣ, ਚਾਹੇ ਗੰਗਾ ਜੀ ਚਲੇ ਜਾਣ ਔਰ ਚਾਹੇ ਮਹਾਤਮਾ ਗਾਂਧੀ ਦੀ ਸਮਾਧੀ ਤੇ ਚਲੇ ਜਾਣ, ਇਹ ਉਥੇ ਜਾ ਕੇ ਕਸਮ ਖਾਣ ਕਿ ਅੱਜ ਤੋਂ ਬੇਈਮਾਨੀ ਛੱਡ ਦੇਣੀ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਅੱਧੀ ਮਿਲਾਵਟ ਕਲ ਨੂੰ ਹੀ ਖਤਮ ਹੋ ਜਾਏਗੀ।

ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਔਰ ਆਸ ਰਖਦਾਂ ਹਾਂ ਕਿ ਜੇਕਰ ਮਿਲਾਵਟ ਨੂੰ ਖ਼ਤਮ ਕਰਨਾ ਹੈ ਤਾਂ ਇਹ ਵੱਡਿਆਂ ਤੋਂ ਖ਼ਤਮ ਕਰਨੀ ਸ਼ੁਰੂ ਕਰੋ। (ਵਿਘਨ) (ਸ਼ੋਰ)

ਸ੍ਰੀ ਭਗਵਾਨ ਦਾਸ : ਇਹ ਮੰਦਰਾਂ ਜਾਂ ਗੁਰੂਦਵਾਰਿਆਂ ਵਿਚ ਜਾਂਦੇ ਹਨ ਅਤੇ ਕਸਮਾਂ ਖਾਂਦੇ ਹਨ। ਅਸੀਂ ਤਾਂ ਪਹਿਲਾ ਹੀ ਲੋਕਾ ਦੀ ਸੇਵਾ ਕਰਨ ਦੀ ਕਸਮ ਖਾਕੇ ਆਏ ਹਾਂ।

Sardar Dalip Singh Pandhi : ** ** **

Madam Chairman : This is no Point of Order.

ਸਰਦਾਰਨੀ ਰਾਜਿੰਦਰ ਕੌਰ : ਇਨ੍ਹਾਂ ਨੇ ** ਬੋਲਣ ਦਾ ਠੇਕਾ ਲਿਆ ਹੋਇਆ ਹੈ। (ਵਿਘਨ) ਕਾਰ ਸਾਡੀ ਹੈ ਔਰ ਅਸੀਂ ਉਸ ਨੂੰ ਵਰਤ ਸਕਦੇ ਹਾਂ।

**Expunged as ordered by the Chair.

ਸ੍ਰੀ ਸਭਾਪਤੀ : ** ਲਫ਼ਜ਼ ਐਕਸਪੰਜ ਕੀਤਾ ਜਾਂਦਾ ਹੈ । ਮੈਂ ਸਾਰੇ ਮਾਨਯੋਗ ਮੈਂਬਰਾਂ ਅੱਗੇ ਬੇਨਤੀ ਕਰਦੀ ਹਾਂ ਕਿ ਇਸ ਰੈਜ਼ੋਲਿਊਸ਼ਨ ਦੀ ਸਪਿਰਟ ਨੂੰ ਮੱਦੇ ਨਜ਼ਰ ਰਖਦੇ ਹੋਏ ਉਹ ਆਪਣੇ ਵਿਚਾਰ ਦੇਣ, ਜੋ ਕਿ ਇਸ ਪ੍ਰਕਾਰ ਹੈ :—

'This House recommends to the Government to enlist the co-operation of Voluntary Welfare Organisations so as to check and detect food adulteration in the State'.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਇਹ ਬੜਾ ਅੱਛਾ ਮਤਾ ਹੈ ਔਰ ਇਸ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ਤਾਂ ਕਿ ਹੋਰ ਮਤੇ ਆ ਜਾਣ । ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮਿਲਾਵਟ ਬਹੁਤ ਹੋ ਰਹੀ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਿਲਾਵਟ ਨੂੰ ਚੈਕ ਕਰਨ ਲਈ ਜਿੰਨੇ ਤਰੀਕੇ ਅਪਨਾਉਣੇ ਚਾਹੀਦੇ ਸਨ ਉਹ ਅਪਣਾਏ ਨਹੀਂ ਜਾ ਰਹੇ । ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਹਰਿਆਣਾ ਔਰ ਦਿੱਲੀ ਵਿਚ ਸ਼ਰਾਬ ਪੀਣ ਨਾਲ ਕਿੰਨੇ ਆਦਮੀ ਮਰੇ ਹਨ ਔਰ ਉਸ ਨਾਲ ਸਾਰੇ ਦੇਸ਼ ਦਾ ਸਿਰ ਨੀਵਾਂ ਹੋਇਆ ਹੈ । ਅੱਜ ਕੋਈ ਸ਼ੁੱਧ ਚੀਜ਼ ਨਹੀਂ ਮਿਲ ਰਹੀ ਹੈ । (ਵਿਘਨ) ਆਪਣੇ ਹਾਊਸ ਵਿਚ ਸੁਧਾਰ ਨਹੀਂ ਹੋ ਸਕਿਆ । ਹੋਸਟਲ ਵਿਚ ਸ਼ਰਾਬ ਪੀਤੀ ਜਾ ਰਹੀ ਹੈ । ਸਟੇਟ ਦੇ ਹਿੱਤ ਦੀ ਗੱਲ ਕਰਨੀ ਚਾਹੀਦੀ ਹੈ ।

1972 ਵਿਚ ਰਾਸ਼ਟਰਪਤੀ ਰੂਲ ਸਮੇਂ ਇਥੇ ਸ੍ਰੀ ਧਰਮਵੀਰ ਗਵਰਨਰ ਸਨ । ਉਨ੍ਹਾਂ ਨੇ ਦੁਕਾਨਾਂ ਤੇ ਛਾਪੇ ਮਰਵਾਏ ਸਨ ਅਤੇ ਦਾਲਾਂ ਵਿਚ ਮਿਲਾਵਟ ਪਕੜੀ ਸੀ । ਘੀ ਵਿਚ ਮਿਲਾਵਟ ਪਕੜੀ ਸੀ । ਇਥੋਂ ਤੱਕ ਕਿ ਕਈ ਚੀਜ਼ਾਂ ਵਿਚ ਘੋੜਿਆਂ ਦੀ ਲਿੱਦ ਦੀ ਮਿਲਾਵਟ ਕੀਤੀ ਗਈ ਪਕੜੀ ਸੀ । ਇਹ ਸਰਕਾਰ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੀ । ਅਫੀਮ ਬੰਦ ਕੀਤੀ ਹੈ ਪਰ ਫਿਰ ਵੀ ਇਹ ਮਿਲਦੀ ਹੈ । ਜਿਹੜੇ ਅਜਿਹੀਆਂ ਹਰਕਤਾਂ ਕਰਦੇ ਹਨ ਉਨ੍ਹਾਂ ਨੂੰ ਪਕੜਨਾ ਚਾਹੀਦਾ ਹੈ । ਨਾਜਾਇਜ਼ ਸ਼ਰਾਬ ਵੇਚੀ ਜਾਂਦੀ ਹੈ ਅਤੇ ਅਫੀਮ ਵੇਚੀ ਜਾਂਦੀ ਹੈ ਉਨ੍ਹਾਂ ਨੂੰ ਫੜਨਾ ਚਾਹੀਦਾ ਹੈ । 'ਇੰਡੀਅਨ ਐਕਸਪ੍ਰੈਸ' ਅਖਬਾਰ ਵਿਚ ਆਇਆ ਹੈ ਕਿ ਸਰਕਾਰ ਸ਼ਰਾਬ ਦੀ ਪਾਲਿਸੀ ਬਦਲ ਨਹੀਂ ਸਕੀ । ਰੈਲੀ ਸਮੇਂ ਇਲਜ਼ਾਮ ਲਗੇ ਸੀ ਕਿ ਇਨ੍ਹਾਂ ਨੇ 20 ਲੱਖ ਰੁਪਏ ਲਏ । (ਵਿਘਨ) (ਸ਼ੋਰ) ਪੁਲਿਟੀਕਲ ਆਦਮੀ ਜਿਹੜੇ ਸ਼ਰਾਬ ਦੇ ਠੇਕਿਆ ਨਾਲ ਸਬੰਧਤ ਹਨ ਉਹ ਰਲ ਮਿਲਕੇ ਮਿਲਾਵਟ ਕਰਦੇ ਹਨ । ਇਸ ਚੀਜ਼ ਨੂੰ ਰੋਕਣਾ ਚਾਹੀਦਾ ਹੈ । ਸ਼ਰਾਬ ਬੰਦੀ ਨੂੰ ਠੀਕ ਤਰ੍ਹਾਂ ਲਾਗੂ ਕਰਨਾ ਚਾਹੀਦਾ ਹੈ । ਦੋ ਦਿਨ ਸ਼ਰਾਬ ਬੰਦ ਕੀਤੀ ਸੀ ਪਰ, ਉਨ੍ਹਾਂ ਦਿਨਾਂ ਵਿਚ ਵੀ ਸ਼ਰਾਬ ਵਿਕਦੀ ਰਹੀ ਹੈ । ਪੁਲਿਸ ਵਾਲੇ ਸ਼ਰਾਬ ਵੇਚਣ ਵਾਲਿਆਂ ਨੂੰ ਕੁਝ ਨਹੀਂ ਕਹਿੰਦੇ । ਉਹ ਉਨ੍ਹਾਂ ਨਾਲ ਮਿਲੇ ਹੁੰਦੇ ਹਨ । ਜਿਹੜੇ ਪੀਣ ਦੇ ਆਦੀ ਹੁੰਦੇ ਹਨ ਉਨ੍ਹਾਂ ਨੂੰ ਉਹ ਫੜਕੇ ਕੁੱਟਦੇ ਹਨ । ਜਿਹੜੇ ਸ਼ਰਾਬ ਦੇ ਠੇਕੇਦਾਰ ਬੰਦ ਦੇ ਦਿਨ ਵੀ ਸ਼ਰਾਬ ਵੇਚਦੇ ਹਨ ਉਨ੍ਹਾਂ ਦੇ ਚਲਾਨ ਕਰਨੇ ਚਾਹੀਦੇ ਹਨ । ਕਾਨੂੰਨ ਦੇ ਮੁਤਾਬਿਕ ਉਨ੍ਹਾਂ ਤੇ ਕਾਰਵਾਈ ਕਰਨੀ ਚਾਹੀਦੀ ਹੈ । ਅੱਜ ਦੁੱਧ ਵਿਚ ਮਿਲਾਵਟ ਹੁੰਦੀ ਹੈ । ਕੋਕੇ ਕੋਲੇ, ਕੈਂਪੇ ਕੋਲੇ ਅਤੇ ਦਵਾਈਆਂ ਵਿਚ ਮਿਲਾਵਟ ਹੁੰਦੀ ਹੈ । ਜੇ ਕੋਈ ਮਿਲਾਵਟ ਕਰਦਾ ਫੜਿਆ ਵੀ ਜਾਂਦਾ ਹੈ ਤਾਂ ਕੋਈ ਐਕਸ਼ਨ ਨਹੀਂ ਹੁੰਦਾ । ਇਸ ਕਰਕੇ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਚੇਅਰਮੈਨ ਸਾਹਿਬਾ, ਨੀਮ ਹਕੀਮ ਖਤਰਾ ਜਾਨ

**Expunged as ordered by the Chair.

ਵਾਲੀ ਗੱਲ ਹੈ । ਪਿੰਡਾਂ ਵਿਚ ਕੁਐਕਸ ਬੜੇ ਹਨ । ਉਹ ਲੋਕਾਂ ਦੀਆਂ ਜਾਨਾਂ ਨਾਲ ਖੇਡ ਰਹੇ ਹਨ। ਹਰ ਪਾਸੇ ਮਿਲਾਵਟ ਹੋ ਰਹੀ ਹੈ । ਕੁਐਕਸ ਜਿਹੜੇ ਹਨ ਉਹ ਗਲਤ ਟੀਕਿਆਂ ਨਾਲ ਲੋਕਾਂ ਨੂੰ ਮਾਰ ਰਹੇ ਹਨ । ਪਿਉਰ ਫੂਡ ਐਕਟ ਦੇ ਥੱਲੇ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ । ਜਦੋਂ ਕਾਰਖਾਨਿਆਂ ਵਿਚੋਂ ਚੀਜ਼ਾਂ ਨਿਕਲਦੀਆਂ ਹਨ ਉਥੇ ਦੇਖਣਾ ਚਾਹੀਦਾ ਹੈ ਕਿ ਕਿਤੇ ਮਿਲਾਵਟ ਤਾਂ ਨਹੀਂ ਹੋ ਰਹੀ। ਪਿਉਰ ਫੂਡ ਐਕਟ ਦੇ ਥੱਲੇ ਜੇ ਡਾਕਟਰ ਦੁਕਾਨ ਤੇ ਛਾਪਾ ਮਾਰਨ ਜਾਂਦਾ ਹੈ ਤਾਂ ਦੁਕਾਨਦਾਰ ਦੁਕਾਨ ਬੰਦ ਕਰ ਲੈਂਦਾ ਹੈ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਤੇਲ ਬਣਦਾ ਹੈ, ਜਿਥੇ ਘੀ ਬਣਦਾ ਹੈ, ਜਿਥੇ ਦਵਾਈਆਂ ਬਣਦੀਆਂ ਹਨ ਉਥੇ ਛਾਪੇ ਮਾਰੇ ਜਾਣ । ਇਹ ਕਰਿਆਨਾ ਮਰਚੈਂਟਸ ਨੂੰ ਫੜ ਲੈਂਦੇ ਹਨ। ਉਹ ਕਹਿੰਦਾ ਹੈ ਮੇਰਾ ਕੀ ਦੋਸ਼ ਹੈ, ਉਪਰ ਤੋਂ ਹੀ ਅਜਿਹੀਆਂ ਚੀਜ਼ਾਂ ਆਉਂਦੀਆਂ ਹਨ । ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਵੱਡਿਆਂ ਨੂੰ ਪਕੜੋ, ਛੋਟਿਆਂ ਨੂੰ ਪਕੜਨ ਦਾ ਕੀ ਫਾਇਦਾ ਹੈ । ਛੋਟੀਆਂ ਮੱਛੀਆਂ ਨਹੀਂ, ਵੱਡੀਆਂ ਮੱਛੀਆਂ ਪਕੜੋ। ਵੱਡੇ ਵੱਡੇ ਮਨਾਪਲਿਸਟਸ ਜਿਹੜੇ ਹਨ ਉਹ ਅਫਸਰਾਂ ਤੇ ਕਾਬਜ਼ ਹਨ। ਉਹ ਕੁਝ ਨਹੀਂ ਕਰਨ ਦਿੰਦੇ । ਇਸੇ ਕਰਕੇ ਮੁਲਕ ਦੇ ਹਾਲਾਤ ਖਰਾਬ ਹਨ । ਇਹੀ ਵਜ੍ਹਾ ਹੈ ਕਿ ਘੀ ਵਿਚ ਮਿਲਾਵਟ ਹੁੰਦੀ ਹੈ, ਦਾਲਾਂ ਵਿਚ ਮਿਲਾਵਟ ਹੁੰਦੀ ਹੈ । ਚੀਨੀ ਵਿਚ ਸਲਫਰ ਮਿਲੀ ਹੁੰਦੀ ਹੈ। ਇਸ ਕਰਕੇ ਇਸ ਪਾਸੇ ਸਖ਼ਤੀ ਨਾਲ ਚਲਣ ਦੀ ਲੋੜ ਹੈ। ਲੋਕਾਂ ਨੂੰ ਚੀਜ਼ਾਂ ਸਸਤੇ ਰੇਟ ਤੇ ਮਿਲਣੀਆਂ ਚਾਹੀਦੀਆਂ ਹਨ ਅਤੇ ਸ਼ੁੱਧ ਮਿਲਣੀਆਂ ਚਾਹੀਦੀਆਂ ਹਨ । ਹਸਪਤਾਲਾਂ ਵਿਚ ਦਵਾਈਆਂ ਨਹੀਂ ਮਿਲਦੀਆਂ । ਜੇ ਮਿਲਦੀਆਂ ਵੀ ਹਨ ਤਾਂ ਸਬਸਟੈਂਡਰਡ ਮਿਲਦੀਆਂ ਹਨ । ਜਿਹੜੇ ਸਬਸਟੈਂਡਰਡ ਦਵਾਈਆਂ ਬਣਾਉਂਦੇ ਹਨ ਉਨ੍ਹਾਂ ਨੂੰ ਅੰਦਰ ਬੰਦ ਕਰੋ । ਦਵਾਈਆਂ ਠੀਕ ਦੇਣੀਆਂ ਚਾਹੀਦੀਆਂ ਹਨ । ਸਟੇਸ਼ਨਾਂ ਤੇ ਅਤੇ ਬੱਸ ਸਟੈਂਡਾਂ ਤੇ ਮਿਲਾਵਟ ਵਾਲੀਆਂ ਚੀਜ਼ਾਂ ਵਿਕਦੀਆਂ ਹਨ । ਉਹ ਠੇਕਾ ਦਿੰਦੇ ਹਨ ਅਤੇ ਮਹਿੰਗੇ ਭਾਅ ਤੇ ਚੀਜ਼ਾਂ ਵੇਚਦੇ ਹਨ । ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਇੰਦਰਾ ਗਾਂਧੀ ਨੇ 25 ਪੈਸੇ ਦਾ ਚਾਹ ਦਾ ਕੱਪ ਕੀਤਾ ਸੀ । ਹੁਣ 60 ਪੈਸੇ ਦਾ ਚਾਹ ਦਾ ਕੱਪ ਮਿਲਦਾ ਹੈ ਪਰ ਉਹ ਵੀ ਚਾਹ ਠੀਕ ਨਹੀਂ ਹੁੰਦੀ । ਬੱਸ ਸਟੈਂਡਾਂ ਤੇ ਮੱਖੀਆਂ ਬਹੁਤ ਹੁੰਦੀਆਂ ਹਨ ਅਤੇ ਖਾਣ ਪੀਣ ਵਾਲੀਆਂ ਚੀਜ਼ਾਂ ਖਰਾਬ ਕਰਦੀਆਂ ਹਨ । ਦੁਕਾਨਦਾਰ ਇਸ ਦਾ ਕੋਈ ਖਿਆਲ ਨਹੀਂ ਕਰਦੇ ਮਿਲਾਵਟ ਵਾਲੀਆਂ ਚੀਜ਼ਾਂ ਵੇਚੀਆਂ ਜਾਂਦੀਆਂ ਹਨ । ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਸਟੇਸ਼ਨਾਂ ਤੇ ਪਿਉਰ ਫੂਡ ਨਹੀਂ ਮਿਲਦੀ। ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਸਖ਼ਤੀ ਕਰਨੀ ਚਾਹੀਦੀ ਹੈ।

ਯੂਨੀਵਰਸਿਟੀਆਂ ਅਤੇ ਕਾਲਜਾਂ ਦਾ ਸਰਵੇ ਕਰਨਾ ਚਾਹੀਦਾ ਹੈ । ਉਥੋਂ ਦੇ ਯੂਥ ਤਬਕੇ ਵਿਚ ਕੈਪਸੂਲਾਂ ਦੀ ਬੜੀ ਵਰਤੋਂ ਹੁੰਦੀ ਹੈ । ਕੈਪਸੂਲ ਜੇਲ੍ਹਾਂ ਵਿਚ ਵੀ ਮਿਲਦੇ ਹਨ ਜਿਸ ਨਾਲ ਬੜੀਆਂ ਮੌਤਾਂ ਹੋ ਰਹੀਆਂ ਹਨ । ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਯੂਥ ਕੈਪਸੂਲਾਂ ਦਾ ਆਦੀ ਹੋ ਰਿਹਾ ਹੈ । ਉਹ ਹਿੱਪੀ ਟਾਈਪ ਬਣਦਾ ਜਾ ਰਿਹਾ ਹੈ । ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਪਿੰਡਾਂ ਵਿਚ ਪਹਿਲੇ ਲੋਕੀਂ ਦੁੱਧ ਘੀ ਪੀਂਦੇ ਖਾਂਦੇ ਸਨ ਪਰ ਅੱਜ ਇਹ ਨਹੀਂ ਮਿਲ ਰਿਹਾ । ਲੋਕੀਂ ਇਹ ਚੀਜ਼ਾਂ ਵੇਚਣ ਲੱਗ

[ਸਰਦਾਰ ਦਲੀਪ ਸਿੰਘ ਪਾਂਧੀ]

ਗਏ ਹਨ । ਪਿੰਡਾਂ ਵਿਚ ਚਾਰ ਦੀ ਘਾਟ ਹੈ । ਘੀ ਨਹੀਂ ਮਿਲਦਾ। ਇਸ ਪਾਸੇ ਵੀ ਸਰਕਾਰ ਨੂੰ ਸਟੈਪਸ ਲੈਣੇ ਚਾਹੀਦੇ ਹਨ । ਮੈਂ ਕਹਾਂਗਾ ਕਿ ਜਿਹੜੇ ਸਿਆਣੇ ਨਾਨ ਪੁਲਿਟੀਕਲ ਲੋਕ ਹਨ ਉਨ੍ਹਾਂ ਦੀ ਕਮੇਟੀ ਬਣਾਈ ਜਾਵੇ ਅਤੇ ਉਹ ਕਮੇਟੀ ਸਰਵੇ ਕਰਕੇ ਸਰਕਾਰ ਨੂੰ ਆਪਣੇ ਸੁਝਾਓ ਦੇਵੇ । ਪਿਉਰ ਫੂਡ ਐਕਟ ਦੇ ਥੱਲੇ ਜਿਹੜੀਆਂ ਤਾਕਤਾਂ ਹਨ ਉਹ ਹੋਰ ਅਫ਼ਸਰਾਂ ਨੂੰ ਦੇਣੀਆਂ ਚਾਹੀਦੀਆਂ ਹਨ ਅਤੇ ਠੀਕ ਤਰੀਕੇ ਨਾਲ ਚਲਾਨ ਹੋਣੇ ਚਾਹੀਦੇ ਹਨ । ਪੰਜਾਬ ਦੀ ਜਵਾਨੀ ਨੂੰ ਤਬਾਹ ਨਾ ਕੀਤਾ ਜਾਵੇ ।

ਸਾਡੀ ਸਰਕਾਰ ਸ਼ਰਾਬ ਦੀ ਪਾਲਿਸੀ ਵਾਲੇ ਪਾਸੇ ਢਿੱਲ ਕਰ ਰਹੀ ਹੈ । ਸਰਕਾਰ ਸ਼ਰਾਬ ਦੀ ਪਾਲਿਸੀ ਨੂੰ ਬਦਲ ਨਹੀਂ ਰਹੀ । ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੋਣੀ ਹੈ । ਸ਼ਰਾਬ ਦੇ ਠੇਕਿਆਂ ਵਾਲੇ ਲਾਊਡ ਸਪੀਕਰ ਲਾ ਕੇ ਉੱਚੀ ਉੱਚੀ ਬੋਲਕੇ ਸ਼ਰਾਬ ਵੇਚੀ ਜਾ ਰਹੇ ਹਨ ਅਤੇ ਮਿਲਾਵਟ ਵਾਲੀ ਸ਼ਰਾਬ ਵੇਚੀ ਜਾ ਰਹੇ ਹਨ । ਇਸ ਪਾਸੇ ਧਿਆਨ ਕਰਨਾ ਚਾਹੀਦਾ ਹੈ । ਐਕਸਾਈਜ਼ ਪਾਲਿਸੀ ਬਦਲਣੀ ਚਾਹੀਦੀ ਹੈ । ਇਹ ਠੀਕ ਹੈ ਕਿ ਇਸ ਵਿਚੋਂ 27% ਦਾ ਲਾਭ ਹੈ ਜਾਂ ਐਨੀ ਇਨਕਮ ਹੈ, ਪਰ ਇਸ ਪਾਲਿਸੀ ਨੂੰ ਬੰਦ ਕਰਨਾ ਚਾਹੀਦਾ ਹੈ। ਪਿਛਲੀ ਸਰਕਾਰ ਦਾ ਫੈਸਲਾ ਸੀ ਕਿ ਦੋ ਤਿੰਨ ਦਿਨ ਸ਼ਰਾਬ ਦੇ ਠੇਕੇ ਬੰਦ ਰੱਖਣੇ ਹਨ ਪਰ ਹੁਣ ਖੁਲ੍ਹੀ ਇਜਾਜ਼ਤ ਹੈ । ਕੋਈ ਪੁੱਛਦਾ ਨਹੀਂ ਹੈ । ਇਹ ਵੀ ਫੈਸਲਾ ਹੋਇਆ ਸੀ ਕਿ ਸਕੂਲਾਂ ਦੇ ਨੇੜੇ, ਧਰਮ ਅਸਥਾਨਾਂ ਆਦਿ ਦੇ ਨੇੜੇ ਇਹ ਠੇਕੇ ਨਹੀਂ ਖੁਲ੍ਹ ਸਕਦੇ ਪਰ ਅੱਜ ਇਸ ਤਰ੍ਹਾਂ ਹੋ ਰਿਹਾ ਹੈ । ਸਕੂਲਾਂ ਦੇ ਨੇੜੇ ਠੇਕੇ ਖੁਲ੍ਹੇ ਹੋਏ ਹਨ ਅਤੇ ਬੜੀ ਘਟੀਆ ਸ਼ਰਾਬ ਵਿਕਦੀ ਹੈ । ਮਹਿਕਮੇ ਵਾਲੇ ਕਹਿੰਦੇ ਹਨ ਕਿ ਇਸ ਤੋਂ ਇਨਕਮ ਆਉਂਦੀ ਹੈ । ਇਨ੍ਹਾਂ ਠੇਕਿਆਂ ਵੱਲ ਬਹੁਤ ਸਾਰੇ ਸਰਕਾਰ ਦੇ ਬਕਾਏ ਹਨ । ਜੇ ਉਹ ਬਕਾਏ ਉਗਰਾਹੇ ਜਾਣ ਤਾਂ ਉਸ ਨਾਲ ਬਹੁਤ ਸਾਰੇ ਹਸਪਤਾਲਾਂ ਦੀਆਂ ਅਤੇ ਸਕੂਲਾਂ ਦੀਆਂ ਬਿਲਡਿੰਗਾਂ ਬਣ ਸਕਦੀਆਂ ਹਨ । 1967-68 ਅਤੇ 1969 ਤੋਂ ਕਰੋੜਾਂ ਰੁਪਏ ਦੇ ਬਕਾਏ ਸ਼ਰਾਬ ਦੇ ਠੇਕੇਦਾਰਾਂ ਵਲ ਬਕਾਇਆ ਹਨ । ਉਹ ਮੂੰਹ ਜ਼ਬਾਨੀ ਹੋਰਨਾਂ ਦੇ ਨਾਵਾਂ ਤੇ ਠੇਕੇ ਲੈ ਰਹੇ ਹਨ । ਉਨ੍ਹਾਂ ਨੇ ਬੜੀਆਂ ਜਾਇਦਾਦਾਂ ਟਰਾਂਸਫਰ ਕਰ ਲਈਆਂ ਹਨ । ਐਸਟੀਮੇਟਸ ਕਮੇਟੀ ਅਤੇ ਪੀ.ਏ.ਸੀ. ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਇਹ ਬਕਾਏ ਵਸੂਲ ਕਰੋ । (ਵਿਘਨ)

ਸਰਦਾਰ ਪ੍ਰਿਥੀਪਾਲ ਸਿੰਘ : ਇਨ੍ਹਾਂ ਨੇ ਸ੍ਰੀਮਤੀ ਇੰਦਿਰਾ ਗਾਂਧੀ ਦੇ ਬਾਰੇ ਜਿਹੜਾ ਕਿਹਾ ਹੈ ਉਹ ਲਫ਼ਜ਼ ਇਨ੍ਹਾਂ ਤੋਂ ਵਾਪਸ ਕਰਾਉ ਅਤੇ ਐਕਸਪੰਜ ਕਰਾਓ ਜੀ ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਜਿਹੜਾ ਰੇਜ਼ੋਲਿਊਸ਼ਨ ਰਾਹੀਂ ਇਸ ਪਾਸੇ ਸੁਧਾਰ ਕਰ ਰਹੇ ਹਨ, ਇਸ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ । ਇਹ ਨਹੀਂ ਹੋਣਾ ਚਾਹੀਦਾ ਕਿ ਇਹ ਪਾਸ ਕਰਕੇ ਇਥੇ ਹੀ ਪਿਆ ਰਹੇ । ਰੇਜ਼ੋਲਿਊਸ਼ਨ 1951-52 ਤੋਂ ਪਾਸ ਹੋਏ ਪਏ ਹਨ । ਪਰ ਕੋਈ ਅਮਲ ਨਹੀਂ ਹੁੰਦਾ । ਜੇ ਸਰਕਾਰ ਚਾਹੁੰਦੀ ਹੈ ਤਾਂ ਉਹ ਆਪ ਇਸ ਬਾਰੇ ਮਤਾ ਲਿਆਵੇ ਅਤੇ ਉਹ ਮਤਾ ਲਿਆਕੇ ਪਾਸ ਕਰਵਾਕੇ ਉਸ ਨੂੰ ਲਾਗੂ ਕਰੇ । ਇਹ ਜਿਹੜਾ ਮਤਾ ਅਸੀਂ ਅੱਜ ਪਾਸ ਕਰ ਰਹੇ ਹਾਂ ਇਹ ਰਿਕਮੈਂਡੇਟਰੀ ਹੈ ਇਸ ਨੂੰ ਸਰਕਾਰ ਮੰਨੇ ਜਾਂ ਨਾ ਮੰਨੇ ਇਹ ਸਰਕਾਰ ਦੀ ਮਰਜ਼ੀ ਹੈ । ਅੱਜ ਕਿਸ ਤਰ੍ਹਾਂ ਗਲਿਆ ਸੜਿਆ ਫਲ ਫਰੂਟ ਵਿੱਕ ਰਿਹਾ ਹੈ ਇਸ ਪਾਸੇ ਧਿਆਨ ਦਿਉ । ਮੈਂ ਕਹਿਣਾ ਚਾਹੁੰਦਾ ਹਾਂ ਕਿ ਬਲਾਕ ਪੱਧਰ ਤੇ, ਡਿਸਟ੍ਰਿਕਟ ਪੱਧਰ ਤੇ ਨਾਨ-ਪੁਲਿਟੀਕਲ ਆਦਮੀਆਂ ਦੀਆਂ ਕਮੇਟੀਆਂ ਬਣਾਉਣੀਆਂ

ਚਾਹੀਦੀਆਂ ਹਨ । ਉਹ ਆਪ ਜਾ ਕੇ ਦੁਕਾਨਾਂ ਤੇ ਦੇਖਣ ਕਿ ਆਇਆ ਠੀਕ ਚੀਜ਼ਾਂ ਮਿਲ ਰਹੀਆਂ ਹਨ ਜਾਂ ਨਹੀਂ । ਪੰਜਾਬ ਵਿਚ ਬਾਹਰ ਤੋਂ ਲੇਬਰ ਬੜੀ ਆਈ ਹੈ ਅਤੇ ਆ ਰਹੀ ਹੈ । ਉਹ ਇਥੇ ਬਹੁਤ ਸਾਰੀਆਂ ਬਿਮਾਰੀਆਂ ਪੈਦਾ ਕਰ ਰਹੇ ਹਨ । ਸਾਡੀ ਆਪਣੀ ਪਾਪੂਲੇਸ਼ਨ ਵਿਚ ਐਡੱਲਟਰੇਸ਼ਨ ਹੋ ਰਹੀ ਹੈ । ਉਹ ਲੋਕ ਸਾਨੂੰ ਬਿਮਾਰੀ ਲਾ ਰਹੇ ਹਨ । ਦਿੱਲੀ ਦੀ ਰੈਲੀ ਵਿਚੋਂ ਬਹੁਤ ਸਾਰੇ ਲੋਕ ਬਿਮਾਰੀਆਂ ਲੈ ਕੇ ਆਏ ਹਨ । ਦਿੱਲੀ ਵਿਚ ਪਿਉਰ ਫੂਡ ਨਹੀਂ ਮਿਲਦਾ । ਪਹਿਲਾਂ ਉਨ੍ਹਾਂ ਨੂੰ ਪਟਿਆਲੇ ਵਿਚ ਬਿਮਾਰੀ ਲਗੀ ਫਿਰ ਉਥੇ ਵੀ ਬਿਮਾਰ ਹੋਏ । ਇਸ ਕਰਕੇ ਗਿਆਨੀ ਜ਼ੈਲ ਸਿੰਘ ਜੀ ਨੇ ਜੋ ਮੈਡੀਕਲ ਮੰਥਨ ਸ਼ੁਰੂ ਕੀਤਾ ਸੀ ਉਹ ਲਾਗੂ ਹੋਣਾ ਚਾਹੀਦਾ ਹੈ । ਇਹ ਬੜੀ ਅੱਛੀ ਗਲ ਹੈ ਔਰ ਪਿੰਡ ਪਿੰਡ ਵਿਚ ਜਾ ਕੇ ਮੁਆਇਨਾ ਹੋਣਾ ਚਾਹੀਦਾ ਹੈ । ** ** **

ਸ੍ਰੀ ਸਭਾਪਤੀ: ਮੇਰਾ ਖਿਆਲ ਹੈ ਕਿ ਤੁਹਾਨੂੰ ਜਿਹੜਾ ਸਬਜੈਕਟ ਅੰਡਰ ਡਿਸਕਸ਼ਨ ਹੈ ਉਸ ਤੇ ਹੀ ਬੋਲਣਾ ਚਾਹੀਦਾ ਹੈ ਇਹ ਸਬਜੈਕਟ ਅੰਡਰ ਡਿਸਕਸ਼ਨ ਨਹੀਂ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ** **

ਸ੍ਰੀ ਸਭਾਪਤੀ : ਪਾਂਧੀ ਸਾਹਿਬ, ਇਹ ਸਬਜੈਕਟ ਅੰਡਰ ਡਿਸਕਸ਼ਨ ਨਹੀਂ ਹੈ । ਇਹ ਚੀਜ਼ ਐਕਸਪੰਜ ਕਰ ਦਿੱਤੀ ਜਾਵੇ । ਜਿਹੜੀਆਂ ਦੂਜੀਆਂ ਗੱਲਾਂ ਫੂਡ ਅਡੱਲਟਰੇਸ਼ਨ ਨਾਲ ਸਬੰਧ ਨਹੀਂ ਰਖਦੀਆਂ ਉਹ ਲਫਜ਼ ਕੱਟ ਦਿੱਤੇ ਜਾਣ । (ਘੰਟੀ) ਪਾਂਧੀ ਸਾਹਿਬ, ਵਾਈਂਡ ਅੱਪ ਕਰੋ ਹੁਣ ।

ਸਰਦਾਰ ਦਲੀਪ ਸਿੰਘ ਪਾਂਧੀ : ਨਾ ਪਿਉਰ ਫੂਡ ਮਿਲਦਾ ਹੈ, ਨਾ ਘਿਓ ਮਿਲਦਾ ਹੈ ਨਾ ਪਿਉਰ ਦਵਾਈ ਮਿਲਦੀ ਹੈ ਅਤੇ ਨਾ ਪਿਉਰ ਬੰਦੇ ਮਿਲਦੇ ਹਨ । ਸਾਰੇ ਇਮਪਿਊਰ ਹੋ ਗਏ ਹਨ । ਇਸ ਲਈ ਹਾਲਾਤ ਬੜੇ ਭੈੜੇ ਹਨ । ਜੇ ਇਹ ਵਾਇਦਾ ਕਰਨ ਚੀਜ਼ਾਂ ਪਿਉਰ ਕਰਨ ਵਾਸਤੇ ਤਾਂ ਅਸੀਂ ਸਰਵਸੰਮਤੀ ਨਾਲ ਇਸ ਨੂੰ ਪਾਸ ਕਰਨ ਨੂੰ ਤਿਆਰ ਹਾਂ। ਇਹ ਫੂਡ ਅਡੱਲਟਰੇਸ਼ਨ ਨੂੰ ਠੀਕ ਕਰਨ । ਪਰ ਇਨ੍ਹਾਂ ਨੇ ਕਰਨੀ ਨਹੀਂ । ਇਨ੍ਹਾਂ ਨੇ ਠੇਕੇਦਾਰ ਤੋਂ 20 ਲੱਖ ਰੁਪਿਆ ਲੈ ਲਿਆ ਹੈ ਔਰ ਪੰਜਾਬ ਦੀ ਐਕਸਾਈਜ਼ ਪਾਲਿਸੀ ਨੂੰ ਖ਼ਰਾਬ ਕੀਤਾ ਹੈ । (ਘੰਟੀ) ਇਸ ਲਈ ਇਹ ਮਤਾ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ । ਮੈਂ ਇਸ ਦੇ ਨਾਲ ਹੀ ਇਹ ਕਹਾਂਗਾ ਕਿ ਜਿੰਨੇ ਲੋਕ ਰੈਲੀ ਵਿਚ ਜ਼ਬਰਦਸਤੀ ਇਹ ਲੈ ਕੇ ਗਏ ਹਨ ਉਨ੍ਹਾਂ ਦਾ ਮੁਆਇਨਾ ਕਰਵਾਇਆ ਜਾਵੇ ਤਾਂ ਕਿ ਸਾਨੂੰ ਇਹ ਬਿਮਾਰੀ ਨਾ ਲਾ ਦੇਣ । ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਗੁਰਨੈਬ ਸਿੰਘ ਬਰਾੜ : (ਫਿਰੋਜ਼ਪੁਰ ਛਾਉਣੀ) : ਮੈਡਮ ਚੇਅਰਮੈਨ ਸਾਹਿਬਾ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜੋ ਸਰਦਾਰ ਲਾਲ ਸਿੰਘ ਜੀ ਵਲੋਂ ਮਤਾ ਪੇਸ਼ ਕੀਤਾ ਗਿਆ ਹੈ ਕਿ ਇਹ ਸਦਨ ਸਰਕਾਰ ਨੂੰ ਸਵੈ-ਇੱਛਕ ਭਲਾਈ ਸੰਸਥਾਵਾਂ ਦਾ ਮਿਲਵਰਤਣ ਪ੍ਰਾਪਤ ਕਰਨ ਲਈ ਸਿਫਾਰਸ਼ ਕਰਦਾ ਹੈ ਤਾਂ ਜੋ ਰਾਜ ਵਿਚ ਖੁਰਾਕ ਵਿਚਲੀ

**Expunged as ordered by the Chair.

[ਸਰਦਾਰ ਗੁਰਨੈਬ ਸਿੰਘ ਬਰਾੜ]

ਮਿਲਾਵਟ ਨੂੰ ਰੋਕਿਆ ਅਤੇ ਉਸ ਦਾ ਪਤਾ ਲਗਾਇਆ ਜਾ ਸਕੇ, ਉਸ ਤੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ। ਇਸ ਗਲ ਵਿਚ ਕੋਈ ਸ਼ਕ ਨਹੀਂ ਕਿ ਮਿਲਾਵਟ ਦੀ ਜੋ ਪ੍ਰੰਪਰਾ ਚਲਦੀ ਹੈ ਇਹ ਬੜੀ ਖਤਰਨਾਕ ਹੈ। ਜੋ ਲੋੜੀਂਦੀਆਂ ਵਸਤੂਆਂ ਹਨ, ਖਾਣ ਪੀਣ ਦੀਆਂ ਉਨ੍ਹਾਂ ਵਿਚੋਂ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਦੇ ਰਾਜ ਵਿਚ ਬੜੀ ਵੱਧ ਚੜ੍ਹ ਕੇ ਮਿਲਾਵਟ ਹੁੰਦੀ ਰਹੀ। ਇਹ ਮੇਰੇ ਭਰਾ ਨਾ ਮਿਲਾਵਟ ਕਰਨ ਵਾਲੇ ਨੂੰ ਫੜਦੇ ਸੀ ਅਤੇ ਨਾ ਉਨ੍ਹਾਂ ਨੂੰ ਕੁਝ ਕਹਿੰਦੇ ਸੀ। ਇਨ੍ਹਾਂ ਨੇ ਇਸ ਗੱਲ ਵਲ ਕੋਈ ਧਿਆਨ ਨਹੀਂ ਦਿੱਤਾ। ਪਰ ਸਾਡੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਜਦੋਂ ਬਣੀ ਤੁਸੀਂ ਦੇਖਿਆ ਹੋਵੇਗਾ ਕਿ ਸਰਦਾਰ ਦਰਬਾਰਾ ਸਿੰਘ ਜੀ ਨੇ ਇਕ ਮੁਹਿਮ ਚਲਾਈ ਐਂਟੀ ਸੋਸ਼ਲ ਐਲੀਮੈਂਟ ਦੇ ਖਿਲਾਫ ਅਤੇ ਇਸ ਦੇ ਵਿਚ ਸਮੱਗਲਰ ਵੀ ਆ ਜਾਂਦੇ ਹਨ ਅਤੇ ਅਡੱਲਟਰੇਸ਼ਨ ਕਰਨ ਵਾਲੇ ਵੀ ਆ ਜਾਂਦੇ ਹਨ। ਤੁਸੀਂ ਦੇਖਿਆ ਹੋਣਾ ਹੈ ਕਿ 3 ਹਜ਼ਾਰ ਦੇ ਕਰੀਬ ਰੇਡ ਕੀਤੇ ਗਏ ਹਨ ਔਰ 292 ਬੰਦਿਆਂ ਦੇ ਖਿਲਾਫ ਕੇਸ ਚਲਾਏ ਗਏ ਹਨ। ਬਹੁਤ ਸਾਰੇ ਕੇਸਿਜ਼ ਫੜੇ ਹਨ ਪਰ ਇਨ੍ਹਾਂ ਦੇ ਰਾਜ ਵਿਚ ਅਸੈਂਨਸ਼ੀਅਲ ਕਮੋਡਿਟੀ ਐਕਟ ਦੇ ਥੱਲੇ ਕੋਈ ਚਲਾਨ ਨਹੀਂ ਸੀ ਹੋਏ। ਇਥੇ ਪਾਂਧੀ ਸਾਹਿਬ ਗਲ ਕਰਦੇ ਸੀ ਕਿ ਸਾਡਾ ਮੁਆਇਨਾ ਕਰਵਾ ਲਓ ਕਿ ਅਸੀਂ ਪਿਓਰ ਹਾਂ ਜਾਂ ਨਹੀਂ। ਮੈਂ ਜ਼ਾਤੀ ਤੌਰ ਤੇ ਕਹਿ ਸਕਦਾ ਹਾਂ ਕਿ ਇਹ ਹੰਡਰਡ ਪਰਸੈਂਟ ਪਿਓਰ ਹੋਣਗੇ। ਪਰ ਇਨ੍ਹਾਂ ਨੂੰ ਜੋ ਆਦਤ ਪਈ ਹੋਈ ਹੈ ਗਲਤ ਖ਼ਬਰਾਂ ਦੇਣ ਦੀ ਇਹ ਮਾੜੀ ਹੈ। ਸਵੇਰੇ ਤੜਕੇ ਉਠਦੇ ਹੀ ਬਲਾਤਕਾਰਾਂ ਬਾਰੇ ਅਖ਼ਬਾਰਾਂ ਵਿਚ ਖ਼ਬਰਾਂ ਪੜਦੇ ਹਨ। ਚੇਅਰਮੈਨ ਸਾਹਿਬਾ, ਭੈਣ ਦੇ ਖਿਲਾਫ ਇਨ੍ਹਾਂ ਨੇ ਕਹਿ ਦਿੱਤਾ। ਇਨ੍ਹਾਂ ਨੇ ਦੇਖਿਆ ਕੁਝ ਨਹੀਂ ਪਰ ਸੁਣੀ ਸੁਣਾਈ ਇਨ੍ਹਾਂ ਨੇ ਗਲ ਕਹਿ ਦਿੱਤੀ।

ਮੈਂ ਇਨ੍ਹਾਂ ਨੂੰ ਇਹ ਸੁਝਾਉ ਦਿਆਂਗਾ ਕਿ ਇਹ ਮਨ ਘੜਤ ਗੱਲਾਂ ਨਾ ਕਰਿਆ ਕਰਨ ਅਤੇ ਨਾ ਰੇਪ ਦੀਆਂ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਕਰਿਆ ਕਰਨ (ਵਿਘਨ)।

ਚੇਅਰਮੈਨ ਸਾਹਿਬਾ, ਮੈਂ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਅਡੱਲਟਰੇਸ਼ਨ ਨੂੰ ਚੈਕ ਕਰਨਾ ਚਾਹੀਦਾ ਹੈ। ਇਸ ਅਡੱਲਟਰੇਸ਼ਨ ਦੇ ਖ਼ਤਰਨਾਕ ਸਿੱਟੇ ਨਿਕਲਦੇ ਹਨ। ਪਿਛੇ ਜਿਹੇ ਘਿਉ ਦੇ ਵਿਚ ਗਰੀਸ ਦੀ ਮਿਲਾਵਟ ਹੁੰਦੀ ਰਹੀ। ਹੋਰ ਖਾਣ ਪੀਣ ਦੀਆਂ ਚੀਜ਼ਾਂ ਅਤੇ ਮਸਾਲਿਆਂ ਆਦਿ ਵਿਚ ਮਿਲਾਵਟ ਹੁੰਦੀ ਰਹੀ। ਜਿਹੜਾ ਵੱਡਾ ਮੈਨੂਫੈਕਚਰਰ ਹੈ ਉਸ ਦੇ ਵਿਰੁੱਧ ਐਕਸ਼ਨ ਲੈਣਾ ਚਾਹੀਦਾ ਹੈ। ਜਿਹੜੇ ਵਿਚਾਰੇ ਛੋਟੇ ਦੁਕਾਨਦਾਰ ਹਨ ਉਹ ਜੋ ਚੀਜ਼ਾਂ ਖਰੀਦਦੇ ਹਨ ਉਨ੍ਹਾਂ ਦੀ ਚੈਕਿੰਗ ਵਗੈਰਾ ਹੁੰਦੀ ਹੈ ਅਤੇ ਉਨ੍ਹਾਂ ਨੂੰ ਹੈਰਾਸਮੈਂਟ ਹੁੰਦੀ ਹੈ। ਇਸ ਦੀ ਬਜਾਏ ਮੇਰੀ ਸੁਜੈਸ਼ਨ ਹੈ ਕਿ ਮੈਨੂਫੈਕਚਰਜ਼ ਦੀ ਚੈਕਿੰਗ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ। ਸਾਡੇ ਚੀਫ ਮਨਿਸਟਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਕ ਬਿਆਨ ਵੀ ਦਿੱਤਾ ਸੀ ਕਿ ਜਿਹੜੇ ਛੋਟੇ ਦੁਕਾਨਦਾਰ ਹਨ ਉਨ੍ਹਾਂ ਨੂੰ ਤੰਗ ਨਾ ਕੀਤਾ ਜਾਵੇ, ਹੈਰਾਸ ਨਾ ਕੀਤਾ ਜਾਵੇ। ਜਿਹੜਾ ਮੈਨੂਫੈਕਚਰਰ ਹੈ ਜੋ ਘਿਉ ਬਣਾਉਂਦਾ ਹੈ, ਜਾਂ ਹੋਰ ਚੀਜ਼ਾਂ ਮਸਾਲੇ ਵਗੈਰਾ ਵੀ ਪੀਸੇ ਆਉਂਦੇ ਹਨ ਉਸ ਦੇ ਵਿਚ ਮਿਲਾਵਟ ਦੇ ਉਥੇ ਚਾਂਸਿਜ਼ ਜ਼ਿਆਦਾ ਹੁੰਦੇ ਹਨ ਔਰ ਉਨ੍ਹਾਂ ਦੇ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਡੱਲਟਰੇਸ਼ਨ ਕਾਨੂੰਨ ਵੀ ਬੜਾ ਟੈਕਨੀਕਲ ਹੈ। ਪਾਂਧੀ

ਸਾਹਿਬ ਵੀ ਵਕੀਲ ਰਹੇ ਹਨ । ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਜਿਹੜੇ ਅਡੱਲਟਰੇਸ਼ਨ ਕਰਦੇ ਹਨ ਉਹ ਟੈਕਨੀਕਲ ਪੁਆਇੰਟਸ ਤੇ ਅਦਾਲਤ ਵਿਚੋਂ ਬਰੀ ਹੋ ਜਾਂਦੇ ਹਨ । ਕਈ ਵਾਰੀ ਦੋ ਦੋ, ਤਿੰਨ-ਤਿੰਨ ਸਾਲ ਕੇਸਿਜ਼ ਚਲਦੇ ਰਹਿੰਦੇ ਹਨ ਅਤੇ ਫਿਰ ਟੈਕਨੀਕਲ ਪੁਆਇੰਟ ਤੇ ਉਨ੍ਹਾਂ ਕੇਸਾਂ ਵਿਚ ਲੋਕੀਂ ਬਰੀ ਹੋ ਜਾਂਦੇ ਹਨ । ਫਿਰ ਇਸ ਦੇ ਵਿਚ ਜਿਹੜੀ ਸਜ਼ਾ ਹੈ ਉਹ ਵੀ ਬੜੀ ਘੱਟ ਹੈ । ਮੈਂ ਇਸ ਦੇ ਲਈ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਬੜੀ ਡੈਟਰੈਂਟ ਪਨਿਸ਼ਮੈਂਟ ਹੋਣੀ ਚਾਹੀਦੀ ਹੈ । ਜੇ ਪੰਜ ਚਾਰ ਸੌ ਰੁਪਿਆ ਜਾਂ ਹਜ਼ਾਰ ਦੋ ਹਜ਼ਾਰ ਰੁਪਿਆ ਜੁਰਮਾਨਾ ਇਨ੍ਹਾਂ ਲੋਕਾਂ ਨੂੰ ਹੋ ਜਾਵੇ ਤਾਂ ਇਸ ਦੇ ਨਾਲ ਉਨ੍ਹਾਂ ਦੀ ਸਿਹਤ ਤੇ ਅਸਰ ਨਹੀਂ ਹੁੰਦਾ । ਦੂਸਰਿਆਂ ਦੀ ਜ਼ਿੰਦਗੀ ਦੇ ਨਾਲ ਜੋ ਆਦਮੀ ਖੇਲਦਾ ਹੈ ਉਸ ਦੇ ਲਈ ਡੈਟਰੈਂਟ ਸਜ਼ਾ ਹੋਣੀ ਚਾਹੀਦੀ ਹੈ । ਕੋਈ ਲਾਈਫ ਇਮਪਰਿਜ਼ਨ-ਮੈਂਟ ਦੀ ਜਾਂ ਇਸ ਤਰ੍ਹਾਂ ਦੀ ਕੋਈ ਡੈਟਰੈਂਟ ਸਜ਼ਾ ਹੋਵੇ ਜਿਸ ਦੇ ਨਾਲ ਉਸ ਨੂੰ ਅਹਿਸਾਸ ਹੋਵੇ ਔਰ ਉਹ ਇਨ੍ਹਾਂ ਕੰਮਾਂ ਤੋਂ ਗੁਰੇਜ਼ ਕਰੇ । ਇਸ ਵੇਲੇ ਇਸ ਚੀਜ਼ ਨੂੰ ਸੀਰੀਅਸਲੀ ਇਹ ਨਹੀਂ ਲੈਂਦੇ ਟੈਕਨੀਕਲ ਤੌਰ ਤੇ ਜਿਹੜੇ ਲੋਕ ਬਰੀ ਹੋ ਜਾਂਦੇ ਹਨ, ਸਰਕਾਰ ਨੂੰ ਚਾਹੀਦਾ ਹੈ ਕਿ ਲਾਅ ਵਿਚ ਜੋ ਖਾਮੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ ਅਡੱਲਟਰੇਸ਼ਨ ਨੂੰ ਸਖਤੀ ਨਾਲ ਦਬਾਇਆ ਜਾਵੇ । ਅਡੱਲਟਰੇਸ਼ਨ ਨਾਲ ਲੋਕਾਂ ਵਿਚ ਬੜੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ । ਪਰ ਹੁਣ ਤਾਂ ਦਵਾਈਆਂ ਵਿਚ ਵੀ ਅਡੱਲਟਰੇਸ਼ਨ ਸ਼ੁਰੂ ਹੋ ਗਈ ਹੈ । ਜਿਹੜੀਆਂ ਲਾਈਫ ਸੇਵਿੰਗ ਡਰੱਗਜ਼ ਹਨ ਉਨ੍ਹਾਂ ਵਿਚ ਵੀ ਅਡੱਲਟਰੇਸ਼ਨ ਕਾਰਨ ਲਾਈਫ ਬਚਾਉਣ ਦੀ ਬਜਾਏ ਉਹ ਲਾਈਫ ਲੈ ਲੈਂਦੀਆਂ ਹਨ । ਮੈਂ ਇਸ ਬਾਰੇ ਸੁਝਾਓ ਦਿਆਂਗਾ ਕਿ ਸ਼ਹਿਰਾਂ ਵਿਚ, ਪਿੰਡਾਂ ਵਿਚ ਅਤੇ ਮੁਹੱਲਿਆਂ ਵਿਚ ਵਾਲੰਟਰੀ ਕਮੇਟੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਜਿਹੜੀਆਂ ਇਹ ਵੇਖਣ ਕਿ ਕੋਈ ਅਡੱਲਟਰੇਸ਼ਨ ਤਾਂ ਨਹੀਂ ਹੋ ਰਹੀ । ਅਗਰ ਉਹ ਕੋਈ ਕੇਸ ਪਕੜਵਾਉਂਦੀਆਂ ਹਨ ਤਾਂ ਉਨ੍ਹਾਂ ਨੂੰ ਇਨਾਮ ਤੱਕ ਵੀ ਦਿੱਤੇ ਜਾਣੇ ਚਾਹੀਦੇ ਹਨ । ਸਾਡੇ ਵਿਚ ਕਈ ਸੋਸ਼ਲ ਬੰਦੇ ਹਨ । ਉਨ੍ਹਾਂ ਨੂੰ ਉਨ੍ਹਾਂ ਸੋਸਾਇ-ਟੀਆਂ ਵਿਚ ਸ਼ਾਮਲ ਕੀਤਾ ਜਾਵੇ ਤਾਕਿ ਉਹ ਸਰਕਾਰ ਦਾ ਕੰਮ ਸੁਖਾਲਾ ਬਣਾ ਸਕਣ । ਇਹ ਕਮੇਟੀਆਂ ਜ਼ਿਲ੍ਹਾ ਪੱਧਰ ਤੇ, ਬਲਾਕ ਪੱਧਰ ਤੇ ਬਣਾਈਆਂ ਜਾਣੀਆਂ ਚਾਹੀਦੀਆਂ ਹਨ । ਅਗਰ ਇਹ ਕਮੇਟੀਆਂ ਬਣ ਜਾਣਗੀਆਂ ਤਾਂ ਸਰਕਾਰ ਨੂੰ ਵੀ ਸਹਾਇਤਾ ਮਿਲਦੀ ਰਿਹਾ ਕਰੇਗੀ । ਮੁਲਾਜ਼ਮ ਜਿਹੜੇ ਚੈਕਿੰਗ ਦੇ ਕੰਮ ਤੇ ਲਗਾਏ ਹੋਏ ਹਨ ਉਨ੍ਹਾਂ ਨੇ ਕਈ ਥਾਵਾਂ ਤੇ ਮੰਥਲੀਆਂ ਬੰਨ੍ਹੀਆਂ ਹੋਈਆਂ ਹਨ । ਉਹ ਉਧਰ ਰੇਡ ਕਰਦੇ ਹੀ ਨਹੀਂ । ਦੁਧ ਵਾਲਿਆਂ ਦੀ ਮਿਸਾਲ ਲੈ ਲਓ । ਅਗਰ ਕੋਈ ਮੰਥਲੀ ਦੇ ਕਰ ਦਿੰਦਾ ਹੈ ਤਾਂ ਉਸ ਦਾ ਸੈਂਪਲ ਨਹੀਂ ਭਰਿਆ ਜਾਂਦਾ ਬਲਕਿ ਉਧਰ ਜਾਂਦੇ ਹੀ ਨਹੀਂ ਔਰ ਜਿਹੜੇ ਨਹੀਂ ਦਿੰਦੇ ਉਧਰ ਹੀ ਉਹ ਤੁਰੇ ਰਹਿੰਦੇ ਹਨ । ਇਸ ਲਈ ਮੈਂ ਕਹਾਂਗਾ ਕਿ ਸਰਕਾਰੀ ਚੈਕਿੰਗ ਪਾਰਟੀ ਨਾਲ ਪਬਲਿਕ ਦੇ ਬੰਦੇ ਸ਼ਾਮਲ ਕਰ ਲਏ ਜਾਣ ਤਾਂ ਚੰਗਾ ਹੋਵੇਗਾ । ਇਸ ਦੇ ਨਾਲ ਹੀ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਮਹੀਨੇ ਵਿਚ ਇੰਨੇ ਵਾਰੀ ਇਧਰ ਚੈਕਿੰਗ ਕਰਨੀ ਹੈ ਅਤੇ ਇੰਨੇ ਵਾਰੀ ਇਧਰ । ਇਸ ਦੇ ਨਾਲ ਹੀ ਕੋਈ ਨਾ ਕੋਈ ਗਜ਼ਟਿਡ ਅਫਸਰ ਵੀ ਸ਼ਾਮਲ ਕੀਤਾ ਜਾਏ ਅਤੇ ਇਹ ਵੀ ਵੇਖਿਆ ਜਾਏ ਕਿ ਜਿਹੜਾ ਛੋਟਾ ਦੁਕਾਨਦਾਰ ਹੈ ਜਾਂ ਪੇਟੀ ਸ਼ਾਪਕੀਪਰ ਹੈ ਉਸ ਨੂੰ ਤੰਗ ਨਾ ਕੀਤਾ ਜਾਏ । ਧੰਨਵਾਦ ।

ਸ੍ਰੀ ਭਗਵਾਨ ਦਾਸ (ਕੋਟਕਪੂਰਾ) : ਚੇਅਰਮੈਨ ਸਾਹਿਬਾ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਇਸ ਰੈਜ਼ੋਲਿਊਸ਼ਨ ਤੇ, ਜਿਹੜਾ ਕਿ ਮਾਨਵਤਾ ਨਾਲ ਫਰਾਡ ਹੋ ਰਿਹਾ ਹੈ, ਤੁਸੀਂ ਮੈਨੂੰ ਉਸ ਤੇ ਬੋਲਣ ਦਾ ਮੌਕਾ ਦਿਤਾ ਹੈ। ਚੇਅਰਮੈਨ ਸਾਹਿਬਾ, ਇਹ ਅਡੱਲਟਰੇਸ਼ਨ ਜਿਹੜੀ ਹੈ ਇਹ ਹਰ ਇਕ ਚੀਜ਼ ਦੇ ਵਿਚ ਹੋ ਰਹੀ ਹੈ। ਚਾਹੇ, ਆਟਾ ਹੈ, ਘਿਓ ਹੈ ਜਾਂ ਦੁਧ ਹੈ, ਇਸ ਦੀ ਜਿੰਨੀ ਵੀ ਨਖੇਧੀ ਕੀਤੀ ਜਾਏ ਉਤਨੀ ਥੋਹੜੀ ਹੈ। ਹਰ ਦੇਸ਼ ਨਿਵਾਸੀ ਇਹ ਸਮਝਦਾ ਹੈ ਕਿ ਮਾਨਵਤਾ ਨਾਲ ਫਰਾਡ ਕੀਤਾ ਜਾ ਰਿਹਾ ਹੈ। ਉਹ ਲੋਕ ਜਿਹੜੇ ਅਡੱਲ-ਟਰੇਸ਼ਨ ਵਿਚ ਵਿਸ਼ਵਾਸ ਰੱਖਦੇ ਹਨ, ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਰੋਕਣ ਵਾਸਤੇ ਸਖ਼ਤ ਤੋਂ ਸਖ਼ਤ ਕਦਮ ਚੁਕਣੇ ਚਾਹੀਦੇ ਹਨ। ਚੇਅਰਮੈਨ ਸਾਹਿਬਾ, ਜਿਹੜੇ ਪਿੰਡਾਂ ਵਿਚ ਛੋਟੇ ਛੋਟੇ ਦੁਕਾਨਦਾਰ ਹਨ, ਜਿਨ੍ਹਾਂ ਦੀਆਂ ਦੁਕਾਨਾਂ ਵਿਚ 100 ਰੁਪਏ ਦਾ ਮਾਲ ਤੱਕ ਨਹੀਂ ਹੁੰਦਾ, ਉਨ੍ਹਾਂ ਦੇ ਸੈਂਪਲ ਭਰੇ ਜਾਂਦੇ ਹਨ। ਇਹ ਉਸ ਦੁਕਾਨਦਾਰ ਨਾਲ ਧਕਾ ਹੈ। ਮੈਂ ਇਸ ਬਾਰੇ ਸੁਝਾਓ ਦਿਆਂਗਾ ਕਿ ਸੈਂਪਲ ਉਥੇ ਭਰਨ ਜਿਥੇ ਮਾਲ ਤਿਆਰ ਹੁੰਦਾ ਹੈ। ਜਿਥੇ ਘਿਓ ਦੇ ਡੱਬੇ ਭਰੇ ਜਾਂਦੇ ਹਨ। ਜਾਂ ਜਿਥੇ ਮਿਸਾਲੇ ਤਿਆਰ ਕੀਤੇ ਜਾਂਦੇ ਹਨ। ਛੋਟਾ ਦੁਕਾਨਦਾਰ ਤਾਂ ਬੰਦ ਡਿੱਬਾ ਹੀ ਵੇਚਦਾ ਹੈ। ਉਸ ਦਾ ਇਸ ਵਿਚ ਕੋਈ ਕਸੂਰ ਨਹੀਂ। ਉਹ ਕੋਈ ਫਰਾਡ ਨਹੀਂ ਕਰਦਾ। ਇਸ ਬਾਰੇ ਲਾਅ ਵਿਚ ਤਰਮੀਮ ਕੀਤੀ ਜਾਏ।

ਇਥੇ ਵਾਲੰਟਰੀ ਆਰਗੇਨਾਈਜ਼ੇਸ਼ਨਜ਼ ਦੀ ਮੱਦਦ ਲੈਣ ਦੀ ਗੱਲ ਕੀਤੀ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਹਰ ਆਦਮੀ ਆਪਣੇ ਆਪਨੂੰ ਇਸ ਦੇ ਲਈ ਆਫਰ ਕਰੇ। ਮੈਂ ਕਹਿੰਦਾ ਹਾਂ ਕਿ ਗੌਰਮਿੰਟ ਫੈਸਲਾ ਕਰੇ ਅਤੇ 5, 7 ਆਦਮੀਆਂ ਦੀ ਇਕ ਕਮੇਟੀ ਬਣਾਈ ਜਾਵੇ ਔਰ ਉਹ ਕਮੇਟੀ ਚਕਿੰਗ ਕਰੇ ਅਗਰ ਕਿਸੇ ਛੋਟੇ ਦੁਕਾਨਦਾਰ ਦੀ ਕੋਈ ਚੀਜ਼ ਅਡੱਲਟਰੇਟਿਡ ਪਾਈ ਜਾਵੇ ਤਾਂ ਉਸ ਨੂੰ ਉਥੇ ਹੀ ਡਿਸਟਰਾਏ ਕੀਤਾ ਜਾਵੇ ਨਾ ਕਿ ਉਸ ਨੂੰ ਅਦਾਲਤ ਵਿਚ ਭੇਜ ਕੇ ਹੈਰਾਸ ਕੀਤਾ ਜਾਏ। ਮੈਂ ਸਮਝਦਾ ਹਾਂ ਕਿ ਜਦੋਂ ਦੁਕਾਨਦਾਰ ਦੇ ਧਨ ਦਾ ਨੁਕਸਾਨ ਹੁੰਦਾ ਹੈ ਤਾਂ ਉਹ ਬਹੁਤ ਮਹਿਸੂਸ ਕਰਦਾ ਹੈ। ਉਹ ਅਗੇ ਤੋਂ ਵਿਚਾਰ ਕਰੇਗਾ ਅਤੇ ਕੋਈ ਅਡੱਲਟਰੇਟਿਡ ਚੀਜ਼ ਨਹੀਂ ਰਖੇਗਾ।

ਇਥੇ ਬਾਰ ਬਾਰ ਗੱਲ ਕਹੀ ਗਈ ਹੈ ਕਿ ਐਮ. ਐਲ. ਏਜ਼. ਹੋਸਟਲ ਵਿਚ ਲਿਖਿਆ ਹੋਇਆ ਹੈ ਕਿ ਇਥੇ ਸ਼ਰਾਬ ਨਹੀਂ ਪੀਣੀ ਚਾਹੀਦੀ। ਜੇਕਰ ਉਸ ਅਹਾਤੇ ਵਿਚ ਸ਼ਰਾਬ ਪੀਤੀ ਜਾਂਦੀ ਹੈ ਤਾਂ ਠੀਕ ਨਹੀਂ। ਇਸ ਬਾਰੇ ਵੀ ਗੌਰ ਹੋਣਾ ਚਾਹੀਦਾ ਹੈ।

ਚੇਅਰਮੈਨ ਸਾਹਿਬਾ, ਛੋਟੇ ਦੁਕਾਨਦਾਰ ਨੂੰ ਐਵੇਂ ਖਰਾਬ ਕੀਤਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਇਕ ਲੈਬਾਟਰੀ ਹੋਣੀ ਚਾਹੀਦੀ ਹੈ ਜਿਸ ਵਿਚ ਉਸ ਦਾ ਮਾਲ ਟੈਸਟ ਕੀਤਾ ਜਾਵੇ। ਜੇਕਰ ਖਰਾਬ ਨਿਕਲੇ ਤਾਂ ਡਿਸਟਰਾਏ ਕੀਤਾ ਜਾਵੇ। ਮੈਂ ਦੁਬਾਰਾ ਕਹਿੰਦਾ ਹਾਂ ਕਿ 5, 7 ਬੰਦਿਆਂ ਦੀ ਕਮੇਟੀ ਨੂੰ ਅਧਿਕਾਰ ਨਹੀਂ ਹੋਣਾ ਚਾਹੀਦਾ ਕੋਈ ਚੀਜ਼ ਡਸਟਰਾਏ ਕਰਨ ਦਾ ਬਲਕਿ ਲੈਬਾਟਰੀ ਵਿਚ ਟੈਸਟ ਕਰਕੇ ਉਹ ਚੀਜ਼ ਡਸਟਰਾਏ ਹੋਵੇ, ਜੋ ਖਰਾਬ ਨਿਕਲੇ।

ਚੇਅਰਮੈਨ ਸਾਹਿਬਾ, ਮੇਰੀ ਦੂਸਰੀ ਬੇਨਤੀ ਇਹ ਹੈ ਕਿ ਜਿਹੜਾ ਮੋਟਾ ਅਨਾਜ ਹੈ ਜਿਵੇਂ ਕਣਕ, ਚਣੇ ਜਾਂ ਜੌਂ। ਇਨ੍ਹਾਂ ਦੇ ਵੀ ਸੈਂਪਲ ਭਰੇ ਜਾਂਦੇ ਹਨ। ਇਹ ਲੋਕਾਂ ਨਾਲ ਅਨਿਆਇ ਹੈ। ਮੈਂ ਸਮਝਦਾ ਹਾਂ ਕਿ ਕਣਕ, ਮੂੰਗੀ, ਚਣੇ ਆਦਿ ਚੀਜਾਂ ਵਿਚ ਮਿਲਾਵਟ ਨਹੀਂ ਹੋ ਸਕਦੀ।

ਇਹ ਚੀਜ਼ਾਂ ਕਈ ਕੁਆਲਿਟੀ ਦੀਆਂ ਹੁੰਦੀਆਂ ਹਨ ਅੌਰ ਸਾਹਮਣੇ ਪਈਆ ਹੁੰਦੀਆਂ ਹਨ ਅੌਰ ਇਨ੍ਹਾਂ ਦੇ ਵੱਖ ਵੱਖ ਰੇਟ ਹੁੰਦੇ ਹਨ । ਉਸ ਵਿਚ ਅਡੱਲਟਰੇਸ਼ਨ ਨਹੀਂ ਹੋ ਸਕਦੀ । ਪਰ ਇੰਨਸਪੈਕਟਰ ਜਾਂਦੇ ਹੀ ਸੈਂਪਲ ਭਰਨ ਲਗ ਜਾਂਦਾ ਹੈ । ਇਹ ਠੀਕ ਨਹੀਂ ।

ਇਕ ਹੋਰ ਗੱਲ ਇਹ ਹੈ ਕਿ ਜਿਹੜੇ ਮਿਰਚ ਮਸਾਲੇ ਹਨ ਇਹ ਆਪ ਪੀਸ ਕੇ ਦੁਕਾਨਦਾਰ ਵੇਚ ਨਹੀਂ ਸਕਦਾ । ਇਹ ਕੰਫ਼ਰਮਡ ਅਜੈਂਸੀਆਂ ਵਲੋਂ ਬੰਦ ਪੈਕਟ ਹੀ ਆਉਂਦੇ ਹਨ । ਜਿਹੜੇ ਕਿ ਛੋਟੇ ਦੁਕਾਨਦਾਰ ਅੱਗੇ ਵੇਚਦੇ ਹਨ । ਅਗਰ ਕੋਈ ਬੰਦ ਡਿੱਬਾ ਅਡੱਲਟਰੇਟਿਡ ਪਾਇਆ ਜਾਂਦਾ ਹੈ ਤਾਂ ਉਸ ਵਿਚ ਦੁਕਾਨਦਾਰ ਦਾ ਕਸੂਰ ਨਹੀਂ, ਜਿਸ ਅਜੈਂਸੀ ਜਾਂ ਕਾਰਖਾਨੇ ਦਾ ਮਾਲ ਹੈ ਉਸ ਨੂੰ ਪਕੜਨਾ ਚਾਹੀਦਾ ਹੈ । ਇਸ ਤਰ੍ਹਾਂ ਅਸੀਂ ਲੋਕਾਂ ਵਿਚ ਵਿਸ਼ਵਾਸ ਪੈਦਾ ਕਰ ਸਕਾਂਗੇ ਅੌਰ ਅਡੱਲਟਰੇਸ਼ਨ ਦੀ ਬੀਮਾਰੀ ਤੋਂ ਲੋਕਾਂ ਨੂੰ ਛੁਟਕਾਰਾ ਦਿਲਵਾ ਸਕਾਂਗੇ । ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਰੈਜ਼ੋਲਿਊਸ਼ਨ ਦੀ ਪੁਰਜ਼ੋਰ ਤਾਈਦ ਕਰਦਾ ਹਾਂ । (ਧੰਨਵਾਦ)

ਕਾਮਰੇਡ ਦਯਾ ਸਿੰਘ (ਕੁੰਮਕਲਾਂ-ਐਸ.ਸੀ.) : ਚੇਅਰਮੈਨ ਸਾਹਿਬਾ, ਇਹ ਜਿਹੜਾ ਮਤਾ ਪੇਸ਼ ਹੋਇਆ ਹੈ ਮੈਂ ਇਸ ਦੀ ਹਮਾਇਤ ਕਰਦਾ ਹਾਂ । ਅਗੇ ਵੀ ਬਹੁਤ ਸਾਰੇ ਐਸੇ ਮਤੇ ਆਉਂਦੇ ਰਹੇ ਹਨ ਜਿਹੜੇ ਪਬਲਿਕ ਦੇ, ਮੁਲਕ ਦੇ ਅਤੇ ਦੇਸ਼ ਦੇ ਹੱਕ ਵਿਚ ਹੁੰਦੇ ਹਨ । ਪਰ ਦੁਖ ਦੀ ਗੱਲ ਇਹ ਹੈ ਕਿ, ਉਹ ਮਤੇ ਪਾਸ ਤਾਂ ਹੋ ਜਾਂਦੇ ਹਨ ਪਰ ਉਨ੍ਹਾਂ ਤੇ ਅਮਲ ਨਹੀਂ ਹੁੰਦਾ । ਉਹ ਪਾਸ ਕਰੇ ਕਰਾਏ ਰਹਿ ਜਾਂਦੇ ਹਨ । ਤੁਸੀਂ ਇਕ ਐਂਟੀ-ਕੁਰੱਪਸ਼ਨ ਦਾ ਮਹਿਕਮਾ ਬਣਾਇਆ ਸੀ । ਚੇਅਰਮੈਨ ਸਾਹਿਬਾ ਤੁਸੀਂ ਆਪ ਜਾ ਕੇ ਪਤਾ ਕਰ ਸਕਦੇ ਹੋ । ਸਾਰੇ ਮੈਂਬਰ ਸਾਹਿਬਾਨ ਜਾਂ ਮਨਿਸਟਰ ਸਾਹਿਬਾਨ ਜਾ ਕੇ ਪਤਾ ਕਰ ਸਕਦੇ ਹਨ ਕਿ ਜਿਹੜੇ ਅਫ਼ਸਰ ਉਸ ਮਹਿਕਮੇ ਵਿਚ ਲਾਏ ਜਾਂਦੇ ਹਨ ਉਹ ਕੁਰੱਪਸ਼ਨ ਕਰਨ ਵਾਲਿਆਂ ਨਾਲ ਆਪ ਮਿਲ ਕੇ ਰਿਸ਼ਵਤ ਲੈਣ ਲਗ ਜਾਂਦੇ ਹਨ । ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਜਿਹੜਾ ਮੱਤਾ ਪਾਸ ਹੋਵੇ ਉਸ ਤੇ ਅਮਲ ਕਰਨਾ ਚਾਹੀਦਾ ਹੈ, ਤਾਂ ਹੀ ਸਾਡੇ ਦੇਸ਼ ਦਾ, ਮੁਲਕ ਦਾ, ਸਾਡੇ ਪੰਜਾਬੀ ਨੌਜਵਾਨ ਦਾ ਭਵਿਖ ਠੀਕ ਹੋ ਸਕਦਾ ਹੈ ਨਹੀਂ ਤਾਂ ਕੋਈ ਫ਼ਾਇਦਾ ਨਹੀਂ । ਅੱਜ ਕੋਈ ਵੀ ਚੀਜ਼ ਲੈ ਲਵੋ ਉਸ ਵਿਚ ਮਿਲਾਵਟ ਪਾਈ ਜਾਂਦੀ ਹੈ । ਮਿਲਾਵਟ ਕਰਨ ਵਾਲੇ ਪੈਸੇ ਕਮਾਉਣ ਮਗਰ ਹੀ ਰਹਿੰਦੇ ਹਨ । ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਲੋਕਾਂ ਦਾ ਕਿੰਨਾਂ ਨੁਕਸਾਨ ਹੁੰਦਾ ਹੈ . . . . . ।

ਸਿਰਫ ਉਨ੍ਹਾਂ ਨੂੰ ਲਾਲਚ ਹੈ ਪੈਸੇ ਦਾ । ਪੈਸੇ ਕਮਾਉਣ ਦੀ ਖਾਤਰ ਉਹ ਲੋਕਾਂ ਦੀਆਂ ਜਾਨਾਂ ਨਾਲ ਖੇਡਦੇ ਹਨ । ਇਥੇ ਸ਼ਰਾਬ ਦੀ ਮਿਲਾਵਟ ਦੀ ਗਲ ਵੀ ਚੱਲੀ ਸੀ । ਨਕਲੀ ਸ਼ਰਾਬ ਪੀਣ ਨਾਲ ਦਿੱਲੀ ਅਤੇ ਹਰਿਆਣੇ ਵਿਚ ਬਹੁਤ ਬੰਦੇ ਮਰ ਗਏ ਹਨ । ਇਕ ਪਾਸੇ ਤਾਂ ਜੇ ਕੋਈ ਆਦਮੀ ਕਿਸੇ ਨੂੰ ਮਾਰ ਦਿੰਦਾ ਹੈ ਤਾਂ ਉਸਨੂੰ ਫਾਂਸੀ ਤਕ ਹੋ ਜਾਂਦੀ ਹੈ ਪਰ ਦੂਜੇ ਪਾਸੇ ਜਿਹੜਾ ਮਿਲਾਵਟ ਕਰਦਾ ਹੈ ਅਤੇ ਹਜ਼ਾਰਾਂ ਆਦਮੀਆਂ ਦੀ ਮੌਤ ਦਾ ਕਾਰਣ ਬਣ ਸਕਦਾ ਹੈ ਅਤੇ ਕਈ ਵਾਰੀ ਬਣ ਜਾਂਦਾ ਹੈ, ਉਹ ਇਤਨਾ ਵੱਡਾ ਜੁਰਮ ਕਰਦਾ ਹੈ ਪਰ ਉਸਨੂੰ ਕੁਝ ਨਹੀਂ ਕਿਹਾ ਜਾਦਾ । ਇਥ ਫਿਰੋਜ਼ਪੁਰ ਦੇ ਮੈਂਬਰ ਨੇ ਕਿਹਾ ਹੈ ਕਿ ਸਰਦਾਰ ਦਰਬਾਰਾ ਸਿੰਘ ਨੇ 3,000 ਛਾਪੇ ਮਾਰੇ ਪਰ ਚਲਾਨ ਸਿਰਫ 200 ਬੰਦਿਆਂ ਦੇ ਕੀਤੇ ਗਏ । ਕੈਦ ਇਤਨੇ ਬੰਦੇ ਹੋਏ, ਇਹ ਸਭ ਨੂੰ ਪਤਾ ਹੈ। ਜਦੋਂ ਪਿਛਲੀ ਪੰਜਾਬ ਸਰਕਾਰ ਟੁੱਟੀ ਸੀ ਤਾਂ ਗਵਰਨਰ ਸਾਹਿਬ

[ਕਾਮਰੇਡ ਭਾਗ ਸਿੰਘ]

ਨੇ ਛਾਪੇ ਮਾਰੇ ਸਨ ਅਤੇ ਇਹ ਵੇਖਿਆ ਗਿਆ ਕਿ ਕੋਈ ਵੀ ਚੀਜ਼ ਐਸੀ ਨਹੀਂ ਸੀ ਜਿਸ ਵਿਚ ਮਿਲਾਵਟ ਨਾ ਹੋਵੇ ਜੇ ਮਿਲਾਵਟ ਪਕੜੀ ਜਾਂਦੀ ਹੈ ਤਾਂ ਸਰਕਾਰ ਕਿਉਂ ਨਹੀਂ ਐਕਸ਼ਨ ਲੈਂਦੀ। ਕਈ ਅਫ਼ਸਰ ਅਤੇ ਐਮ. ਐਲ. ਏ. ਐਸੇ ਹਨ ਜਿਹੜੇ ਕਿ ਮਿਲਾਵਟ ਕਰਨ ਵਾਲਿਆਂ ਦੀ ਮੱਦਦ ਕਰਦੇ ਹਨ। ਅੱਜ ਹਰ ਚੀਜ਼ ਵਿਚ ਮਿਲਾਵਟ ਹੁੰਦੀ ਹੈ। ਦੁੱਧ ਵਿਚ ਵੀ ਮਿਲਾਵਟ ਕੀਤੀ ਜਾਂਦੀ ਹੈ ਦੁੱਧ ਵਿਚ ਕਈ ਵਾਰੀ ਛੱਪੜਾਂ ਦਾ ਪਾਣੀ ਵੀ ਪਾ ਦਿੱਤਾ ਜਾਂਦਾ ਹੈ। ਕਈ ਵਾਰੀ ਦੁੱਧ ਵਿਚ ਮੱਛੀਆਂ ਅਤੇ ਹੋਰ ਨਿੱਕੇ ਨਿੱਕੇ ਜਾਨਵਰ ਵੀ ਹੁੰਦੇ ਹਨ। ਪਿਛਲੇ ਇਜਲਾਸ ਵਿਚ ਇਥੇ ਇਕ ਬੋਤਲ ਲਿਆਂਦੀ ਗਈ ਸੀ ਜਿਸਦੇ ਵਿਚ ਨਿੱਕੇ ਨਿੱਕੇ ਜਾਨਵਰ, ਮੱਖੀਆਂ ਵਗੈਰਾ ਪਈਆਂ ਹੋਈਆਂ ਸਨ। ਇਹ ਗੱਲਾਂ ਸਿਰਫ ਉਹੀ ਲੋਕ ਕਰ ਸਕਦੇ ਹਨ, ਜੋ ਵੱਡੇ ਵੱਡੇ ਆਦ-ਮੀਆਂ ਨਾਲ ਮਿਲੇ ਹੋਏ ਹਨ। ਜਿਥੇ ਚੀਜ਼ਾਂ ਬਣਦੀਆ ਹਨ ਉਥੇ ਹੀ ਮਿਲਾਵਟ ਕੀਤੀ ਜਾਂਦੀ ਹੈ। ਇਥੇ ਇਕ ਐਮ. ਐਲ. ਏ ਸਾਹਿਬ ਨੇ ਕਿਹਾ ਹੈ ਕਿ ਛੋਟੇ ਦੁਕਾਨਦਾਰ ਦੇ ਚਾਲਾਨ ਹੁੰਦੇ ਹਨ ਚਾਹੇ ਉਹ ਬੰਦ ਚੀਜ਼ ਹੀ ਵੇਚਦਾ ਹੋਵੇ। ਮੈਂ ਤੁਹਾਨੂੰ ਇਕ ਪਿੰਡ ਦੀ ਗੱਲ ਦਸਦਾ ਹਾਂ। ਉਥੇ ਇਕ ਛੋਟੇ ਦੁਕਾਨਦਾਰ ਦਾ ਚਲਾਨ ਕਰ ਦਿੱਤਾ ਗਿਆ ਉਹ ਚੀਜ਼ ਆਪ ਤਾਂ ਬਣਾਉਂਦਾ ਨਹੀਂ। ਉਹ ਵੱਡੇ ਦੁਕਾਨਦਾਰ ਤੋਂ ਚੀਜ਼ ਲਿਆ ਕੇ ਵੇਚਦਾ ਹੈ ਅਤੇ ਵੱਡਾ ਦੁਕਾਨਦਾਰ ਕਾਰਖਾਨੇ ਵਿਚੋਂ ਲਿਆਂਦਾ ਹੈ। ਇਸ ਲਈ ਛਾਪੇ ਉਨ੍ਹਾਂ ਕਾਰਖਾਨੇਦਾਰਾਂ ਤੇ ਲਗਣੇ ਚਾਹੀਦੇ ਹਨ ਜਿਥੇ ਇਹ ਮਿਲਾਵਟ ਹੁੰਦੀ ਹੈ ਮਿਲਾਵਟ ਨਾਲ ਮੁਲਕ ਦਾ ਬਹੁਤ ਨੁਕਸਾਨ ਹੁੰਦਾ ਹੈ। ਇਸ ਨੂੰ ਰੋਕਣ ਦੀ ਖਾਤਰ ਸਰਕਾਰ ਨੂੰ ਸਖਤੀ ਨਾਲ ਕਦਮ ਚੁੱਕਣੇ ਚਾਹੀਦੇ ਹਨ। ਜ਼ਿਲ੍ਹਾ ਲੈਵਲ ਤੇ ਸ਼ਿਕਾਇਤ ਕਮੇਟੀਆਂ ਬਣੀਆਂ ਹੋਈਆਂ ਹਨ। ਉਥੇ ਵੀ ਇਸ ਤਰ੍ਹਾਂ ਦੀਆਂ ਗਲਾਂ ਆਉਂਦੀਆਂ ਹਨ। ਹੇਰਾਫੇਰੀਆਂ, ਬਲੈਕ ਮਾਰਕਿਟ ਅਤੇ ਮਿਲਾਵਟ ਬਾਰੇ ਉਥੇ ਗਲਾਂ ਹੁੰਦੀਆਂ ਹਨ। ਪਰ ਇਨ੍ਹਾਂ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕਿਆ ਜਾਂਦਾ। ਮੈਂ ਇਥੇ ਲੁਧਿਆਣੇ ਦੀ ਇਕ ਮਿਸਾਲ ਪੇਸ਼ ਕਰਦਾ ਹਾਂ ਉਥੇ ਇਕ ਬੰਦਾ ਹੈ ਜਿਸ ਨੇ ਸ਼ਹਿਰ ਦੀ ਜ਼ਮੀਨ ਤੇ ਕਬਜ਼ਾ ਕਰ ਲਿਆ ਹੈ ਉਹ ਆਦਮੀ ਵਿੰਗੇ ਟੇਡੇ ਤਰੀਕੇ ਨਾਲ ਅਫ਼ਸਰਾਂ ਨਾਲ ਮਿਲ ਕੇ ਕਬਜ਼ਾ ਕਰਕੇ ਇਸ ਜਾਇਦਾਦ ਦੇ ਪੈਸੇ ਕਮਾਉਣਾ ਚਾਹੁੰਦਾ ਹੈ। ਮੈਂ ਦੋ ਦਫ਼ਾ ਅਸੈਂਬਲੀ ਵਿਚ ਇਹ ਮਸਲਾ ਉਠਾਇਆ ਹੈ। ਸ਼ਹਿਰ ਦਾ ਕਮਿਸ਼ਨਰ ਵੀ ਮੰਨ ਚੁੱਕਾ ਹੈ ਕਿ ਵਾਕਈ ਸ਼ਹਿਰ ਦੀ ਜਾਇਦਾਦ ਤੇ ਉਸਨੇ ਕਬਜ਼ਾ ਕੀਤਾ ਹੋਇਆ ਹੈ।

*12.01 ਵਜੇ ਬਾਅਦ ਦੁਪਹਿਰ

(*ਇਸ ਵੇਲੇ ਸ੍ਰੀ ਰਾਮ ਲਾਲ ਚਿੱਟੀ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ।)

ਇਸ ਦਾ ਮਤਲਬ ਤਾਂ ਇਹ ਹੈ ਕਿ ਅਫ਼ਸਰਸ਼ਾਹੀ ਤੋਂ ਲੈ ਕੇ ਮਨਿਸਟਰ ਤੱਕ ਸਾਰੇ ਇਨ੍ਹਾਂ ਚੀਜ਼ਾਂ ਨੂੰ ਰੋਕਣ ਲਈ ਕੁਝ ਨਹੀਂ ਕਰਦੇ ਜਿਸ ਕਰਕੇ ਸਾਰੀਆਂ ਚੀਜ਼ਾਂ ਨੰਗੀਆਂ ਹੋਣ ਦੇ ਬਾਵਜੂਦ ਵੀ ਐਕਸ਼ਨ ਤੋਂ ਬੱਚ ਜਾਂਦੀਆਂ ਹਨ। ਉਨ੍ਹਾਂ ਲੋਕਾ ਨੂੰ ਬਿਲਕੁਲ ਛੱਡ ਦਿੱਤਾ ਜਾਂਦਾ ਹੈ, ਮੈਂ ਇਕ ਧਿਆਨ ਦਿਵਾਊ ਮਤਾ ਵੀ ਰਖਿਆ ਸੀ ਪਰ ਸਪੀਕਰ ਸਾਹਿਬ ਨੇ ਉਹ ਰੱਦ ਕਰ ਦਿੱਤਾ ਹੈ। ਮੈਂ ਅੱਗੇ ਵੀ ਦਸਿਆ ਸੀ ਕਿ ਮਹਿਕਮਾ ਜੰਗਲਾਤ ਦੇ ਅਫ਼ਸਰ ਨੇ ਰਲ ਕੇ ਦੋ ਦਰੱਖਤ ਜਿਹੜੇ ਕਿ 20 ਸਾਲ ਦੇ ਲਗਾਏ ਹੋਏ ਸਨ, ਉਨ੍ਹਾਂ ਨੂੰ ਵੱਢਾ ਕੇ ਲੈ ਗਏ ਹਨ। ਅਗਰ ਇਨ੍ਹਾਂ ਚੀਜ਼ਾਂ ਤੇ ਰੋਕ ਪਾਈ ਜਾਵੇਗੀ ਤਾਂ ਹੀ ਮੁਲਕ ਤਰੱਕੀ ਕਰ ਸਕਦਾ ਹੈ। ਇਸ ਸਿਲਸਿਲੇ ਵਿਚ ਉਪਰ ਤੋਂ ਲੈ ਕੇ, ਚੀਫ ਮਨਿਸਟਰ, ਪ੍ਰਾਇਮ ਮਨਿਸਟਰ ਤੋਂ ਲੈ ਕੇ ਥੱਲੇ ਅਫ਼ਸਰਾਂ ਤੱਕ ਹਰੇਕ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਸਟਾਲਿਨ ਵੀ ਰਸ਼ੀਆ ਦਾ ਪ੍ਰਾਈਮ ਮਨਿਸਟਰ ਸੀ। ਉਸਨੇ

ਆਪਣੇ ਬੱਚਿਆਂ ਦੀ ਪ੍ਰਵਾਹ ਨਾ ਕਰਕੇ ਦੇਸ਼ ਦੀ ਪ੍ਰਵਾਹ ਕੀਤੀ । ਅੱਜ ਪਤਾ ਲਗਾ ਹੈ ਕਿ ਉਹਦੇ ਬੱਚੇ ਬਾਹਰਲੇ ਮੁਲਕਾਂ ਵਿਚ ਧੱਕੇ ਖਾਂਦੇ ਫਿਰਦੇ ਹਨ । ਉਸਨੇ ਕੋਈ ਲਾਲਚ ਨਹੀਂ ਕੀਤਾ । ਉਸਨੇ ਆਪਣਾ ਸਾਰਾ ਧਿਆਨ ਮੁਲਕ ਦੀ ਹਾਲਤ ਨੂੰ ਸੁਧਾਰਣ ਵੱਲ ਲਾਇਆ । ਪਰ ਇਥੇ ਅਫਸਰ ਮਿਲਾਵਟ ਕਰਨ ਵਾਲਿਆਂ ਨਾਲ ਰੱਲ ਜਾਂਦੇ ਹਨ ਅਤੇ ਪੈਸੇ ਕਮਾਉਂਦੇ ਹਨ ਉਥੇ ਗਰੀਬ ਲੋਕਾਂ ਦਾ ਬੁਰਾ ਹਾਲ ਹੁੰਦਾ ਹੈ । ਅਜਿਹੇ ਲੋਕ ਤਾਂ ਅਮੀਰ ਬਣੀ ਜਾਂਦੇ ਹਨ, ਉਹ ਕੋਠੀਆਂ ਪਾਈ ਜਾਂਦੇ ਹਨ ਅਤੇ ਦੂਜ ਪਾਸੇ ਗਰੀਬ ਲੋਕਾਂ ਦਾ ਬੁਰਾ ਹਾਲ ਹੋ ਰਿਹਾ ਹੈ । ਘਿਓ ਵਿਚ ਗਰੀਸ ਮਿਲਾਈ ਜਾਂਦੀ ਹੈ । ਮਸਾਲਿਆਂ ਵਿਚ ਲਿੱਦ ਮਿਲਾਈ ਜਾਂਦੀ ਹੈ । ਕੋਈ ਚੀਜ਼ ਐਸੀ ਨਹੀਂ ਜਿਸਦੇ ਵਿਚ ਮਿਲਾਵਟ ਨਾ ਹੁੰਦੀ ਹੋਵੇ । ਇਸ ਨੂੰ ਤੱਦ ਹੀ ਰੋਕਿਆ ਜਾ ਸਕਦਾ ਹੈ ਅਗਰ ਉਪਰ ਤੋਂ ਲੈ ਕੇ ਥੱਲੇ ਤੱਕ ਸਾਰੇ ਆਪਣੀ ਜ਼ਿਮੇਂਵਾਰੀ ਸਮਝਣ । ਇਲਾਕਾ ਪੱਧਰ ਤੇ, ਬਲਾਕ ਪੱਧਰ ਤੇ ਕਮੇਟੀਆਂ ਬਣਾਈਆਂ ਜਾਣ ਅਤੇ ਸਾਰੀਆਂ ਪਾਰਟੀਆਂ ਦੇ ਬੰਦਿਆਂ ਨੂੰ ਇਸ ਦੇ ਵਿਚ ਸ਼ਾਮਲ ਕੀਤਾ ਜਾਵੇ ਤਾਂ ਹੀ ਹੇਰਾਫੇਰੀ ਰੁਕ ਸਕਦੀ ਹੈ, ਬਲੈਕ ਮਾਰਕੀਟਿੰਗ ਰੁਕ ਸਕਦੀ ਹੈ ਕਈ ਆਦਮੀ ਅਜਿਹੇ ਲੋਕਾਂ ਦੀ ਮਦਦ ਕਰਦੇ ਹਨ । ਫਿਰ ਇਹ ਵੀ ਪਤਾ ਲਗ ਜਾਵੇਗਾ ਕਿ ਕਿਹੜਾ ਐਮ. ਐਲ. ਏ. ਅਜਿਹੇ ਬੰਦਿਆਂ ਦੀ ਮਦਦ ਕਰਦਾ ਹੈ । ਕਮੇਟੀਆਂ ਦੀ ਨਿਗਰਾਨੀ ਵਿਚ ਇਸਦੀ ਰੋਕ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਤਦ ਹੀ ਮੁਲਕ ਦਾ ਭਲਾ ਹੋ ਸਕਦਾ ਹੈ । ਤਦ ਹੀ ਹਿੰਦੁਸਤਾਨ ਤਕੜਾ ਹੋ ਸਕਦਾ ਹੈ । ਅੱਜ ਕੀ ਹੋ ਰਿਹਾ ਹੈ । ਅਮੀਰ ਲੋਕ ਹੋਰ ਅਮੀਰ ਹੋਈ ਜਾਂਦੇ ਹਨ ਅਤੇ ਗਰੀਬ ਲੋਕ ਹੋਰ ਗਰੀਬ ਹੋਈ ਜਾਂਦੇ ਹਨ । ਮੁਲਕ ਵਿਚ ਗਰੀਬੀ ਅਤੇ ਅਮੀਰੀ ਦਾ ਪਾੜਾ ਵੱਧ ਰਿਹਾ ਹੈ, ਬੇਈਮਾਨੀ ਹੋਰ ਵੱਧ ਰਹੀ ਹੈ । ਇਸ ਲਈ ਮੇਰਾ ਸੁਝਾਓ ਹੈ ਕਿ ਇਸਨੂੰ ਰੋਕਣ ਲਈ ਉਪਰ ਤੋਂ ਲੈ ਕੇ ਥੱਲੇ ਤੱਕ ਕਮੇਟੀਆਂ ਬਣਾਈਆਂ ਜਾਣ । ਮੈਂ ਇਸ ਮਤੇ ਦੀ ਡੱਟ ਕੇ ਪੁਰਜ਼ੋਰ ਸ਼ਬਦਾਂ ਨਾਲ ਹਮਾਇਤ ਕਰਦਾ ਹਾਂ ।

ਸਰਦਾਰ ਹਰਚਰਨ ਸਿੰਘ ਹੀਰੋ (ਜ਼ੀਰਾ) : ਚੇਅਰਮੈਨ ਸਾਹਿਬ, ਇਹ ਜੋ ਮਤਾ ਸਰਦਾਰ ਲਾਲ ਸਿੰਘ ਨੇ ਲਿਆਂਦਾ ਹੈ, ਇਹ ਬਹੁਤ ਅੱਛਾ ਹੈ । ਮੈਂ ਇਸਦੀ ਹਮਾਇਤ ਕਰਦਾ ਹਾਂ । ਜੇ ਸਰਕਾਰ ਮਿਲਾਵਟ ਨੂੰ ਰੋਕਣਾ ਚਾਹੇ ਤਾਂ ਇਹ ਇੱਕ ਦਿਨ ਵਿਚ ਹੀ ਖਤਮ ਹੋ ਸਕਦੀ ਹੈ । ਸਰਕਾਰ ਦੀ ਢਿੱਲੀ ਪਾਲਿਸੀ ਦੇ ਕਾਰਣ ਹੀ ਇਹ ਵੱਧਦੀ ਜਾਂਦੀ ਹੈ । ਮਿਲਾਵਟ ਕਿਉਂ ਹੁੰਦੀ ਹੈ ? ਇਹ ਇਸ ਲਈ ਹੁੰਦੀ ਹੈ ਕਿਉਂਕਿ ਜਿਹੜੀ ਮਸ਼ੀਨਰੀ ਮਿਲਾਵਟ ਨੂੰ ਰੋਕਣ ਵਾਸਤੇ ਹੈ, ਉਹ ਕੰਮ ਨਹੀਂ ਕਰਦੀ । ਇਹ ਅਫਸਰ ਵੱਡੇ ਵੱਡੇ ਮਿੱਲ ਮਾਲਕਾ ਨਾਲ, ਦੁਕਾਨਦਾਰਾਂ ਨਾਲ ਹਿੱਸਾ ਪੱਤੀ ਰੱਖੀ ਬੈਠੇ ਹਨ । ਅਗਰ ਇਹ ਹਿੱਸੇ ਪੱਤੀਆਂ ਬੰਦ ਕਰ ਦਿੱਤੀਆਂ ਜਾਣ ਤਾਂ ਅਡੱਲਟਰੇਸ਼ਨ ਨਹੀਂ ਹੋ ਸਕਦੀ । ਇਸਦੇ ਵਿਚ ਹਮੇਸ਼ਾ ਗੌਰਮਿੰਟ ਦਾ ਹੱਥ ਹੁੰਦਾ ਹੈ । ਅਗਰ ਗੌਰਮਿੰਟ ਅਡੱਲਟਰੇਸ਼ਨ ਨਹੀਂ ਰੋਕ ਸਕਦੀ ਤਾਂ ਫਿਰ ਉਹ ਆਪਣੇ ਕਰਤਵ ਵਿਚ ਢੇਲ੍ਹ ਹੈ । ਇਸ ਲਈ ਗੌਰਮਿੰਟ ਨੂੰ ਚਾਹੀਦਾ ਹੈ ਕਿ ਮਿਲਾਵਟ ਨੂੰ ਰੋਕਣ ਲਈ ਸਖਤ ਤੋਂ ਸਖਤ ਕਾਨੂੰਨ ਬਣਾਇਆ ਜਾਵੇ । ਪਹਿਲੀ ਵਾਰੀ ਹੋਇਆ ਹੈ ਕਿ ਸਾਡੇ ਹੈਲਥ ਮਨਿਸਟਰ, ਜਿਹੜੇ ਬੜੇ ਸ਼ਰੀਫ ਆਦਮੀ ਹਨ, ਉਨ੍ਹਾਂ ਨੇ ਕਿਹਾ ਹੈ ਕਿ ਮਿਲਾਵਟ ਨੂੰ ਮਿੱਲ ਪੱਧਰ ਤੇ ਰੋਕਿਆ ਜਾਵੇਗਾ । ਇਨ੍ਹਾਂ ਦਾ ਬਿਆਨ ਵੀ ਆਇਆ ਹੈ । ਅਸੈਂਬਲੀ ਵਿਚ ਵੀ ਇਨ੍ਹਾਂ ਨੇ ਬਿਆਨ ਦਿੱਤਾ ਹੈ । ਅਸੀਂ ਇਸਦੀ ਸਲਾਘਾ ਕਰਦੇ ਹਾਂ । ਕਰਿਆਨਾ ਮਰਚੈਂਟਸ ਯੂਨੀਅਨ ਦੀ ਇਹ ਮੰਗ ਸੀ । ਹੈਲਥ ਮਨਿਸਟਰ ਨੇ ਆਪਣਾ ਬਿਆਨ ਦੇ ਕੇ

[ਸਰਦਾਰ ਹਰਚਰਨ ਸਿੰਘ ਹੀਰੋ]

ਇਹ ਮੰਗ ਪੂਰੀ ਕਰ ਦਿੱਤੀ ਹੈ ਕਿ ਜਿਥੇ ਜਿਥੇ ਚੀਜ਼ ਤਿਆਰ ਹੁੰਦੀ ਹੈ, ਉਥੇ ਹੀ ਮਿਲਾਵਟ ਨੂੰ ਰੋਕਿਆ ਜਾਵੇਗਾ । ਜੇ ਹੁਣ ਕਿਸੇ ਛੋਟੇ ਦੁਕਾਨਦਾਰ ਕੋਲੋਂ ਕੋਈ ਬੰਦ ਚੀਜ਼ ਫੜੀ ਜਾਵੇ ਅਤੇ ਉਸ ਵਿਚ ਮਿਲਾਵਟ ਨਿਕਲੇ ਤਾਂ ਫਿਰ ਹੈਲਥ ਮਨਿਸਟਰ ਦੇ ਬਿਆਨ ਅਨੁਸਾਰ ਮਿਲ ਵਾਲੇ ਨੂੰ ਫੜਿਆ ਜਾਵੇਗਾ । ਇਸ ਗੱਲ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ । ਜਿਸ ਤਰ੍ਹਾਂ ਇਨ੍ਹਾਂ ਨੇ ਆਪਣੀ ਜ਼ਿਮੇਂਵਾਰੀ ਦਾ ਅਹਿਸਾਸ ਕੀਤਾ ਹੈ, ਇਸੇ ਤਰ੍ਹਾਂ ਜਿਹੜੇ ਅਫਸਰ ਇਸ ਲਈ ਜ਼ਿਮੇਂਵਾਰ ਹਨ, ਉਨ੍ਹਾਂ ਨੂੰ ਵੀ ਆਪਣੀ ਜ਼ਿਮੇਂਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਸਾਨੂੰ ਸੋਚਣਾ ਚਾਹੀਦਾ ਹੈ ਕਿ ਮਿਲਾਵਟ ਕਰਨ ਨਾਲ ਕੀ ਭਿਆਨਕ ਸਿੱਟੇ ਨਿਕਲ ਸਕਦੇ ਹਨ । ਇਥੇ ਇਕ ਐਮ.ਐਲ.ਏ. ਸਾਹਿਬ ਨੇ ਦਸਿਆ ਹੈ ਕਿ ਮਿਲਾਵਟ ਕਾਰਣ ਕਿੰਨੀਆਂ ਮੌਤਾਂ ਹੋਈਆਂ ਹਨ । ਕੀ ਗੌਰਮਿੰਟ ਨੂੰ ਪਤਾ ਨਹੀਂ ਹੈ ਕਿ ਸ਼ਰਾਬ ਦੀ ਅਡੱਲਟਰੇਸ਼ਨ ਹੁੰਦੀ ਹੈ ? ਇਸ ਨੂੰ ਸਭ ਪਤਾ ਹੈ ਪਰ ਇਹ ਰੋਕਦੀ ਨਹੀਂ, ਕਿਉਂਕਿ ਠੇਕੇ ਵਾਲਿਆਂ ਨਾਲ ਇਨ੍ਹਾਂ ਦੇ ਮਹੀਨੇ ਬੰਨ੍ਹੇ ਹੋਏ ਹਨ । ਇਸਦਾ ਸਭ ਨੂੰ ਪਤਾ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਚੀਜ਼ਾਂ ਦੀ ਰੋਕ ਥਾਮ ਲਈ ਸੋਸ਼ਲ ਸੁਸਾਇਟੀਆਂ ਬਣਾ ਕੇ ਉਨ੍ਹਾਂ ਦੀ ਮਦਦ ਲੈਣੀ ਚਾਹੀਦੀ ਹੈ । ਪਰ ਵੇਖਣਾ ਇਹ ਹੈ ਕਿ ਉਨ੍ਹਾਂ ਕੋਲ ਅਖਤਿਆਰ ਕੀ ਹਨ ? ਕੀ ਤਾਕਤਾਂ ਇਨ੍ਹਾਂ ਕਮੇਟੀਆਂ ਨੂੰ ਸਰਕਾਰ ਦੇਵੇਗੀ ਜਿਨ੍ਹਾਂ ਨੂੰ ਵਰਤ ਕੇ ਉਹ ਮਿਲਾਵਟ ਰੋਕ ਸਕਣ ? ਜੇ ਕੋਈ ਸੋਸ਼ਲ ਵਰਕਰ ਇਹ ਇਤਲਾਹ ਦਿੰਦਾ ਹੈ ਕਿ ਫਲਾਣੀ ਜਗ੍ਹਾ ਮਿਲਾਵਟ ਹੁੰਦੀ ਹੈ ਤਾਂ ਉਸ ਦੀ ਇਤਲਾਹ ਤੇ ਐਕਸ਼ਨ ਲੈਣਾ ਚਾਹੀਦਾ ਹੈ । ਜ਼ਿਲ੍ਹਾ ਹੈਡਕੁਆਰਟਰਜ਼ ਤੇ ਦਫਤਰ ਖੋਲ੍ਹੇ ਜਾਣ ਜਿਥੇ ਉਹ ਇਤਲਾਹ ਦੇ ਸਕਣ । ਜੇ ਅਸੀਂ ਇਨ੍ਹਾਂ ਕਮੇਟੀਆਂ ਨੂੰ ਤਾਕਤ ਨਹੀਂ ਦੇਵਾਂਗੇ ਤਾਂ ਫਿਰ ਇਹ ਮਿਲਾਵਟ ਰੁਕ ਨਹੀਂ ਸਕਦੀ । ਜੇ ਗੌਰਮਿੰਟ ਚਾਹੇ ਤਾਂ ਮਿਲਾਵਟ ਰੋਕ ਸਕਦੀ ਹੈ । ਇਸ ਲਈ ਜੋ ਸਖਤ ਕਾਨੂੰਨ ਬਣਾਉਣ ਦੀ ਜ਼ਰੂਰਤ ਹੋਵੇ ਤਾਂ ਉਹ ਬਣਾਉਣਾ ਚਾਹੀਦਾ ਹੈ ; ਆਪਣੇ ਅਫ਼ਸਰਾਂ ਨੂੰ ਚੈਕ ਕਰਨਾ ਚਾਹੀਦਾ ਹੈ ।

ਹੁਣ ਕਿਸ ਨੂੰ ਨਹੀਂ ਪਤਾ, ਸਭ ਨੂੰ ਪਤਾ ਹੈ ਕਿ ਕਿਹੜਾ ਕਿਹੜਾ ਅਫ਼ਸਰ, ਕਿਹੜੀਆਂ ਕਿਹੜੀਆਂ ਦੁਕਾਨਾਂ ਤੋਂ ਪੈਸੇ ਲੈਂਦਾ ਹੈ, ਕਿਹੜੀ ਕਿਹੜੀ ਮਿੱਲ ਤੋਂ ਪੈਸੇ ਲੈਂਦਾ ਹੈ । ਪਰ ਕਰਨਾ ਕਿਸੇ ਨੇ ਕੁਝ ਨਹੀਂ ਹੈ । ਮੈਂ ਅੱਗੇ ਵੀ ਕਿਹਾ ਹੈ ਕਿ ਇਹ ਕਹਿੰਦੇ ਹਨ ਕਿ ਅਸੀਂ ਛਾਪੇ ਮਾਰੇ ਹਨ ਔਰ ਐਂਟੀ-ਸੋਸ਼ਲ ਅਨਸਰ ਨੂੰ ਫੜਿਆ ਹੈ । ਠੀਕ ਹੈ, ਫੜਿਆ ਹੋਣਾ ਹੈ । ਪਰ ਉਨ੍ਹਾਂ ਨੂੰ ਫੜਿਆ ਹੈ ਜਿਹੜੇ ਥੋਹੜਾ ਬਹੁਤਾ ਇਹ ਮਾੜਾ ਧੰਦਾ ਕਰਦੇ ਹਨ । ਪਰ ਜਿਹੜੇ ਵੱਡੇ ਵੱਡੇ ਠੇਕੇਦਾਰ ਹਨ, ਜਿਹੜੇ ਵੱਡੇ ਵੱਡੇ ਠੇਕੇ ਲੈਂਦੇ ਹਨ ਸ਼ਰਾਬ ਦੇ ਔਰ ਉਸ ਵਿਚ ਕੈਪਸੂਲ ਵਗੈਰਾ ਮਿਕਸ ਕਰਕੇ ਵੇਚਦੇ ਹਨ ਉਨ੍ਹਾਂ ਨੂੰ ਨਹੀਂ ਫੜਿਆ । ਹੁਣੇ ਹੈਲਥ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਹ ਵੱਡਿਆਂ ਨੂੰ ਵੀ ਹੱਥ ਪਾਉਣਗੇ । ਮੈਂ ਇਹ ਕਹਿੰਦਾ ਹਾਂ ਕਿ ਜਦੋਂ ਤੱਕ ਉਨ੍ਹਾਂ ਵੱਡੇ ਵੱਡੇ ਲੋਕਾਂ ਨੂੰ ਹੱਥ ਨਹੀਂ ਪਾਇਆ ਜਾਂਦਾ ਮਿਲਾਵਟ ਨਹੀਂ ਰੁਕ ਸਕਦੀ । ਜਿੱਥੇ ਇਹ ਰੇਜ਼ੋਲਿਊਸ਼ਨ ਪਾਸ ਕਰਨਾ ਹੈ ਉਥੇ ਇਹ ਵੀ ਹੋਣਾ ਚਾਹੀਦਾ ਹੈ ਕਿ ਜਿਹੜਾ ਮਿਲਾਵਟ ਕਰਨ ਵਾਲੇ ਨੂੰ ਫੜਨ ਵਿਚ ਮਦਦ ਦਿੰਦਾ ਹੈ, ਜਿਹੜਾ ਸਰਕਾਰ ਨੂੰ ਇਤਲਾਹ ਦਿੰਦਾ ਹੈ ਮਿਲਾਵਟ ਕਰਨ ਵਾਲੇ ਦੀ ਤਾਂ ਉਸ ਨੂੰ ਅਵਾਰਡ ਵੀ ਦੇਣਾ ਚਾਹੀਦਾ ਹੈ । ਅੱਗੇ ਅਡੱਲਟਰੇਸ਼ਨ ਨਾਲ, ਜਾਹਲੀ ਦਵਾਈਆਂ ਨਾਲ ਕਈ ਮੌਤਾਂ ਹੋ ਚੁਕੀਆਂ ਹਨ ।

ਚੇਅਰਮੈਨ ਸਾਹਿਬ, ਖਾਣ ਪੀਣ ਦੀਆਂ ਚੀਜ਼ਾਂ ਤੋਂ ਇਲਾਵਾ ਹੋਰ ਵੀ ਕਈ ਪਾਸੇ ਅਡੱਲਟਰੇਸ਼ਨ ਹੁੰਦੀ ਹੈ। ਡੀਜ਼ਲ ਭਾਵੇਂ ਖਾਣ ਪੀਣ ਦੀਆਂ ਚੀਜ਼ਾਂ ਵਿਚ ਨਹੀਂ ਆਉਂਦਾ ਪਰ ਜ਼ਿਮੀਂਦਾਰ ਦੀ ਮਸ਼ੀਨਰੀ ਦਾ ਇਸ ਵਿਚ ਮਿਲਾਵਟ ਕਾਰਣ ਭੱਠਾ ਬੈਠ ਜਾਂਦਾ ਹੈ। ਮਸ਼ੀਨਰੀ ਤਬਾਹ ਹੋ ਜਾਂਦੀ ਹੈ ਜੇਕਰ ਉਸ ਨੂੰ ਮਾੜਾ ਡੀਜ਼ਲ ਦਿੱਤਾ ਜਾਵੇ। ਜਿਹੜਾ ਸੜਿਆ ਹੋਇਆ ਮੋਬਿਲ ਆਇਲ ਹੁੰਦਾ ਹੈ ਉਸ ਨੂੰ ਫੈਕਟਰੀ ਵਿਚ ਮੁੜਕੇ ਰੀਫਾਈਨ ਕਰਕੇ ਵੇਚਿਆ ਜਾਂਦਾ ਹੈ। ਇਹ ਇਕ ਐਸੀ ਅਡੱਲਟਰੇਸ਼ਨ ਹੈ ਜਿਸ ਨਾਲ ਜ਼ਿਮੀਂਦਾਰ ਦਾ ਭਾਰੀ ਨੁਕਸਾਨ ਹੁੰਦਾ ਹੈ। ਇਸ ਲਈ ਇਸ ਪਾਸੇ ਵੀ ਗੌਰਮਿੰਟ ਨੂੰ ਧਿਆਨ ਦੇਣਾ ਚਾਹੀਦਾ ਹੈ। ਪੈਟਰੋਲ, ਡੀਜ਼ਲ ਔਰ ਮੋਬਿਲ ਆਇਲ ਵਿਚ ਅਡੱਲਟਰੇਸ਼ਨ ਨੂੰ ਰੋਕਿਆ ਜਾਣਾ ਚਾਹੀਦਾ ਹੈ। ਬਾਕੀ ਜਿਹੜੀ ਦਵਾਈਆਂ ਵਿਚ ਅਡੱਲਟਰੇਸ਼ਨ ਹੁੰਦੀ ਹੈ, ਜਿਹੜੇ ਕੈਪਸੂਲ ਬਣਾਏ ਜਾਂਦੇ ਹਨ ਔਰ ਉਹ ਕੈਪਸੂਲ ਸਕੂਲਾਂ ਕਾਲਜਾਂ ਵਿਚ ਜਾਂਦੇ ਹਨ, ਸਾਡੇ ਬੱਚੇ ਬੱਚੀਆਂ ਦੀਆਂ ਸਿਹਤਾਂ ਖਰਾਬ ਕਰਦੇ ਹਨ, ਉਨ੍ਹਾਂ ਤੇ ਵੀ ਕੋਈ ਨਾ ਕੋਈ ਚੈਕ ਲਾਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਦੀ ਸਿਹਤ ਖਰਾਬ ਨਾ ਹੋ ਸਕੇ। ਜਿਹੜੀਆਂ ਸਬ-ਸਟੈਂਡਰਡ ਦਵਾਈਆਂ ਬਣਦੀਆਂ ਹਨ ਉਨ੍ਹਾਂ ਨੂੰ ਚੈਕ ਕੀਤਾ ਜਾਵੇ। ਹੈਲਥ ਮਨਿਸਟਰ ਸਾਹਿਬ ਬੈਠੇ ਹਨ। ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਜਿੱਥੇ ਦਵਾਈਆਂ ਬਣਾਈਆਂ ਜਾਂਦੀਆਂ ਹਨ ਉਥੇ ਜ਼ਬਰਦਸਤ ਚੈਕਿੰਗ ਹੋਵੇ, ਉਥੇ ਵੀ ਅਡੱਲਟਰੇਸ਼ਨ ਰੋਕੋ। ਜਿਹੜੀ ਸ਼ਰਾਬ ਵਿਚ ਅਡੱਲਟਰੇਸ਼ਨ ਹੁੰਦੀ ਹੈ ਜਿਹੜੇ ਕੈਪਸੂਲ ਸ਼ਰਾਬ ਵਿਚ ਘੋਲ ਦਿੱਤੇ ਜਾਂਦੇ ਹਨ ਔਰ ਕਈ ਵਾਰੀ ਵੱਧ ਮਿਕਦਾਰ ਵਿਚ ਕੈਪਸੂਲ ਘੋਲੇ ਜਾਂਦੇ ਹਨ ਤੇ ਸ਼ਰਾਬ ਜ਼ਹਿਰੀਲੀ ਬਣ ਜਾਂਦੀ ਹੈ, ਉਸ ਨੂੰ ਵੀ ਰੋਕੋ। ਦਵਾਈਆਂ ਵਿਚ ਵੀ ਅਡੱਲਟਰੇਸ਼ਨ ਹੁੰਦੀ ਹੈ, ਉਸ ਨੂੰ ਵੀ ਰੋਕੋ। ਇਸੇ ਤਰ੍ਹਾਂ ਪੈਟਰੋਲ, ਡੀਜ਼ਲ ਤੇ ਮੋਬਿਲ ਆਇਲ ਵਿਚ ਅਡੱਲਟਰੇਸ਼ਨ ਹੁੰਦੀ ਹੈ, ਉਸ ਨੂੰ ਵੀ ਰੋਕੋ, ਖਾਣ ਪੀਣ ਦੀਆਂ ਚੀਜ਼ਾਂ ਵਿਚ ਅਡੱਲਟਰੇਸ਼ਨ ਹੁੰਦੀ ਹੈ, ਉਸ ਨੂੰ ਵੀ ਰੋਕਿਆ ਜਾਣਾ ਚਾਹੀਦਾ ਹੈ। ਜਿਹੜੀਆਂ ਸੋਸ਼ਲ ਸਰਵਿਸ ਸੋਸਾਇਟੀਆਂ ਹਨ ਉਨ੍ਹਾਂ ਨੂੰ ਵੀ ਚਾਹੀਦਾ ਹੈ ਔਰ ਹਰ ਇਕ ਬੰਦੇ ਨੂੰ ਚਾਹੀਦਾ ਹੈ ਕਿ ਉਹ ਅਡੱਲਟਰੇਸ਼ਨ ਕਰਨ ਵਾਲੇ ਬਾਰੇ ਸਰਕਾਰ ਨੂੰ ਇਤਲਾਹ ਦੇਵੇ ਔਰ ਸਰਕਾਰ ਉਸ ਤੇ ਐਕਸ਼ਨ ਲਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ-ਦੱਖਣ) : ਚੇਅਰਮੈਨ ਸਾਹਿਬ, ਮੈਂ ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਜਿਹੜਾ ਮਤਾ ਲਾਲ ਸਿੰਘ ਜੀ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਚੇਅਰਮੈਨ ਸਾਹਿਬ, ਮੈਂ ਵਜ਼ੀਰ ਸਾਹਿਬ ਦਾ ਬੜਾ ਧੰਨਵਾਦੀ ਹਾਂ ਕਿਉਂਕਿ ਇਹ ਸਾਡੇ ਨਾਲ ਵਚਨਬੱਧ ਸਨ ਕਿ ਅਸੀਂ ਅਡੱਲਟਰੇਸ਼ਨ ਨੂੰ ਰੋਕਣ ਵਾਸਤੇ ਕਮੇਟੀਆਂ ਬਣਾਵਾਂਗੇ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜੀ ਵੀ ਅਡੱਲਟਰੇਸ਼ਨ ਦੇ ਮੁਤੱਲਕ ਬਾਜ਼ਾਰ ਦੇ ਲੋਕਾਂ ਦੀ ਕਮੇਟੀ ਬਣੀ ਹੋਈ ਹੋਵੇਗੀ, ਉਸ ਨੂੰ ਕਾਨਫੀਡੈਂਸ ਵਿਚ ਲੈ ਕੇ ਸਰਕਾਰ ਛਾਪੇ ਮਾਰੇਗੀ। ਇਨ੍ਹਾਂ ਨੇ ਆਪਣਾ ਉਹ ਵਾਇਦਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਨੂੰ ਇਕ ਬੇਨਤੀ ਕਰਾਂਗਾ ਕਿ ਪਿਛਲੀ ਸਰਕਾਰ ਨੇ ਘਿਓ ਦੀਆਂ ਜਿਹੜੀਆਂ ਵੱਡੀਆਂ ਵੱਡੀਆਂ ਮਿੱਲਾਂ ਹਨ ਉਨ੍ਹਾਂ ਤੇ ਛਾਪੇ

[ਸਰਦਾਰ ਪ੍ਰਿਥੀਪਾਲ ਸਿੰਘ]

ਨਹੀਂ ਮਾਰੇ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜਾ ਵੱਡਾ ਮੈਨੂਫੈਕਚਰਰ ਹੈ, ਘਿਓ ਦਾ ਹੈ ਜਾਂ ਦੂਜੀਆਂ ਚੀਜ਼ਾਂ ਦਾ ਹੈ, ਉਸ ਤੇ ਛਾਪੇ ਮਾਰੇ ਔਰ ਛਾਪੇ ਮਾਰ ਕੇ ਉਨ੍ਹਾਂ ਦੇ ਨਮੂਨੇ ਭਰਨ । ਪਰ ਨਮੂਨਿਆਂ ਤੇ ਲੇਬਲ ਇਸ ਤਰ੍ਹਾਂ ਦੇ ਲਗਾਏ ਜਾਣ ਕਿ ਇਹ ਬਿਲਕੁਲ ਹੀ ਪਤਾ ਨਾ ਲਗ ਸਕੇ । ਫਲਾਣੀ ਮਿੱਲ ਦਾ ਕਿਹੜਾ ਨਮੂਨਾ ਹੈ ਤਾਂਕਿ ਮਿੱਲ ਵਾਲੇ ਲੈਬਾਰਟਰੀ ਵਿਚ ਅਪ੍ਰੋਚ ਨਾ ਕਰ ਸਕਣ ਔਰ ਇਹ ਨਾ ਕਹਿ ਸਕਣ ਕਿ ਸਾਡਾ ਨਮੂਨਾ ਪਾਸ ਕਰ ਦਿਓ । ਅਗਰ ਇਸ ਤਰ੍ਹਾਂ ਦੀ ਸੀਕਰੇਸੀ ਨਾ ਰੱਖੀ ਗਈ ਤਾਂ ਸਰਕਾਰ ਦੀ ਅਡੱਲਟਰੇਸ਼ਨ ਨੂੰ ਰੋਕਣ ਦੀ ਪਾਲਿਸੀ ਠੀਕ ਢੰਗ ਨਾਲ ਨਹੀਂ ਚਲ ਸਕੇਗੀ ।

ਚੇਅਰਮੈਨ ਸਾਹਿਬ, ਪਿੱਛੇ ਜਿਹੇ ਸਾਡੇ ਅੰਮ੍ਰਿਤਸਰ ਸ਼ਹਿਰ ਵਿਚ ਜਾਹਲੀ ਮੋਬਿਲ ਆਇਲ ਬਣਾਉਣ ਵਾਲੀ ਫੈਕਟਰੀ ਫੜੀ ਗਈ । ਪੁਲਿਸ ਨੇ ਕੇਸ ਫੜ ਲਿਆ, ਗ੍ਰਿਫਤਾਰੀਆਂ ਵੀ ਹੋਈਆਂ । ਪਰ ਅਫਸੋਸ ਦੀ ਗੱਲ ਹੈ ਕਿ ਉਥੇ ਦੇ ਇਕ ਲੋਕਲ ਲੀਡਰ ਨੇ ਵਿਚ ਪੈਕੇ ਉਸ ਕੇਸ ਨੂੰ ਰਫਾ ਦਫਾ ਕਰਵਾ ਦਿੱਤਾ ਔਰ ਅਜੇ ਤੱਕ ਕੋਰਟ ਵਿਚ ਕੇਸ ਨਹੀਂ ਗਿਆ । ਇਸੇ ਤਰ੍ਹਾਂ ਹੀ ਜਾਹਲੀ ਸ਼ਰਾਬ ਬਣਾਉਣ ਦੀ ਗੁਰਦਾਸਪੁਰ ਵਿਚ ਇਕ ਫੈਕਟਰੀ ਫੜੀ ਗਈ . . . .

ਸਰਦਾਰ ਦਰਸ਼ਨ ਸਿੰਘ ਕੇ. ਪੀ. : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ । ਚੇਅਰਮੈਨ ਸਾਹਿਬ, ਅਡੱਲਟਰੇਸ਼ਨ ਨੂੰ ਰੋਕਣ ਵਾਸਤੇ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਪੇਸ਼ ਹੈ । ਇਸ ਸਮੇਂ ਹਾਊਸ ਵਿਚ ਮਨਿਸਟਰ ਸਾਹਿਬ ਤਾਂ ਬੈਠੇ ਹਨ ਪਰ ਸਟੇਟ ਦਾ ਕੋਈ ਵੀ ਅਫਸਰ ਇਥੇ ਹਾਜ਼ਰ ਨਹੀਂ ਹੈ ਜਿਹੜਾ ਕਿ ਸਾਡੀ ਗੱਲ ਨੂੰ ਸੁਣੇ । ਅਡੱਲਟਰੇਸ਼ਨ ਕਰਨ ਵਾਲਿਆਂ ਨੂੰ ਅਸੀਂ ਤਾਂ ਨਹੀਂ ਫੜਨਾ, ਉਨ੍ਹਾਂ ਨੇ ਹੀ ਫੜਨਾ ਹੈ । ਇਸ ਲਈ ਅਫਸਰਾਂ ਨੂੰ ਇਥੇ ਬੈਠਣਾ ਚਾਹੀਦਾ ਹੈ ।

ਸ੍ਰੀ ਸਭਾਪਤੀ (ਸ੍ਰੀ ਰਾਮ ਲਾਲ ਚਿੱਟੀ) : ਵਜ਼ੀਰ ਸਾਹਿਬ, ਬੁਲਾਓ ਜੀ ਅਫਸਰਾਂ ਨੂੰ ।

ਸਿਹਤ ਮੰਤਰੀ (ਸ੍ਰੀ ਸਰਦਾਰੀ ਲਾਲ ਕਪੂਰ) : ਚੇਅਰਮੈਨ ਸਾਹਿਬ, ਅਫਸਰ ਤਾਂ ਬੈਠੇ ਹਨ, ਪਰ ਦੂਜੇ ਪਾਸੇ ਬੈਠੇ ਹਨ ।

ਸ੍ਰੀ ਸਭਾਪਤੀ : ਠੀਕ ਹੈ, ਕੇ. ਪੀ. ਸਾਹਿਬ, ਅਫਸਰ ਤਾਂ ਬੈਠੇ ਹਨ ।

ਸਰਦਾਰ ਪ੍ਰਿਥੀਪਾਲ ਸਿੰਘ : ਚੇਅਰਮੈਨ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਗੁਰਦਾਸਪੁਰ ਵਿਚ ਸ਼ਰਾਬ ਦੀ ਜਾਹਲੀ ਫੈਕਟਰੀ ਫੜੀ ਗਈ । ਪੁਲਿਸ ਨੇ ਫੜ ਲਈ, ਕੇਸ ਰਜਿਸਟਰ ਹੋ ਗਿਆ ਪਰ ਜਿਹੜਾ ਅਸਲੀ ਠੇਕੇਦਾਰ ਸੀ ਉਸ ਨੇ ਜਦੋਂ ਕੇਸ ਰਜਿਸਟਰ ਹੋਣ ਲੱਗਾ ਤਾਂ ਕਿਸੇ ਹੋਰ ਠੇਕੇਦਾਰ ਦਾ ਨਾਉਂ ਲਿਖਾ ਦਿੱਤਾ ਜਿਹੜਾ ਵਿਚਾਰਾ ਇਸ ਕੰਮ ਵਿਚ ਜ਼ਿੰਮੇਵਾਰ ਹੀ ਨਹੀਂ ਹੈ । ਮੇਰਾ ਮਤਲਬ ਹੈ ਕਿ ਜਿਹੜੇ ਸ਼ਰਾਬ ਦੇ ਠੇਕੇਦਾਰ ਹਨ ਉਹ ਇਸ ਤਰ੍ਹਾਂ ਦੇ ਜਾਹਲੀ ਕੰਮ ਤਾਂ ਆਪ ਕਰਦੇ ਹਨ ਪਰ ਜਦੋਂ ਫੜੇ ਜਾਂਦੇ ਹਨ ਤਾਂ ਹੋਰ ਕਿਸੇ ਦੇ ਨਾਉਂ ਲਾ ਦਿੰਦੇ ਹਨ । ਮੈਂ ਵਜ਼ੀਰ ਸਾਹਿਬ ਨੂੰ ਇਹ ਵੀ ਕਹਾਂਗਾ ਕਿ ਖਾਣ ਪੀਣ ਵਿਚ ਜਿਹੜੀ ਮਿਲਾਵਟ ਹੁੰਦੀ ਹੈ ਉਹ ਪੀਸੀਆਂ ਹੋਈਆਂ ਚੀਜ਼ਾਂ ਵਿਚ ਹੁੰਦੀ ਹੈ । ਹਲਦੀ ਵਿਚ ਮਿਲਾਵਟ ਤਾਂ ਹੋ ਸਕਦੀ ਹੈ ਜੇਕਰ ਉਹ ਪੀਸੀ ਹੋਈ ਹੋਵੇ ਪਰ ਸਾਬਤ ਹਲਦੀ ਵਿਚ ਨਹੀਂ

ਹੋ ਸਕਦੀ । ਕਈ ਇਨਸਪੈਕਟਰ ਜਾ ਕੇ ਸਾਬਤ ਹਲਦੀ ਰੱਖਣ ਵਾਲਿਆਂ ਦੁਕਾਨਦਾਰਾਂ ਨੂੰ ਵੀ ਤੰਗ ਕਰਦੇ ਹਨ ਜਿਹੜੇ ਕਿ ਪੀਸ ਕੇ ਨਹੀਂ ਵੇਚਦੇ । ਚਾਹ ਵਿਚ ਮਿਲਾਵਟ ਹੋ ਸਕਦੀ ਹੈ, ਮਸਾਲੇ ਵਿਚ ਮਿਲਾਵਟ ਹੋ ਸਕਦੀ ਹੈ, ਪੀਸੀ ਹੋਈ ਹਲਦੀ ਵਿਚ ਮਿਲਾਵਟ ਹੋ ਸਕਦੀ ਹੈ ਔਰ ਇਹ ਕਰਦੇ ਵੀ ਵੱਡੇ ਵੱਡੇ ਆਦਮੀ ਹਨ । ਇਸ ਲਈ ਉਨ੍ਹਾਂ ਨੂੰ ਹੱਥ ਪਾਇਆ ਜਾਣਾ ਚਾਹੀਦਾ ਹੈ । ਇਕ ਗੱਲ ਮੈਂ ਜ਼ਰੂਰ ਗੌਰਮਿੰਟ ਨੂੰ ਕਹਾਂਗਾ ਕਿ ਜਿਹੜੇ ਡਰੱਗ ਇਨਸਪੈਕਟਰ ਹਨ ਉਨ੍ਹਾਂ ਨੇ ਮਹੀਨੇ ਬੰਨ੍ਹੇ ਹੋਏ ਹਨ ਦੁਕਾਨਦਾਰਾਂ ਨਾਲ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਦੁਕਾਨਦਾਰਾਂ ਨੂੰ ਜਾਹਲੀ ਦਵਾਈਆਂ ਰੁਪਏ ਲੈ ਕੇ ਵੇਚਣ ਤੋਂ ਨਹੀਂ ਰੋਕਦੇ । ਵਜ਼ੀਰ ਸਾਹਿਬ ਨੇ ਅਡੱਲਟਰੇਸ਼ਨ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਹੈ, ਇਹ ਬਹੁਤ ਚੰਗੀ ਗੱਲ ਹੈ । ਇਹ ਬੜਾ ਚੰਗਾ ਰੈਜ਼ੋਲਿਊਸ਼ਨ ਹੈ । ਚੇਅਰਮੈਨ ਸਾਹਿਬ, ਬਹੁਤ ਕੁਝ ਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ, ਐਸ. ਸੀ.) : ਚੇਅਰਮੈਨ ਸਾਹਿਬ, ਅੱਜ ਜਿਹੜਾ ਮਤਾ ਪੇਸ਼ ਹੋਇਆ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਸਾਰਿਆ ਤੋਂ ਪਹਿਲਾਂ ਸਾਡੇ ਸਿਹਤ ਮੰਤਰੀ ਜੀ ਦਾ ਮੈਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਮਸਲੇ ਨੂੰ ਸਚਿਆਈ ਨਾਲ ਹੱਥ ਪਾਇਆ ਹੈ । ਮੈਂ ਇਹ ਨਹੀਂ ਕਹਿੰਦਾ ਕਿ ਇਧਰਲੇ ਪਾਸੇ ਦੀ ਸਰਕਾਰ ਹੋਵੇ ਜਾਂ ਉਧਰਲੇ ਪਾਸੇ ਦੀ ਹੋਵੇ ਤਾਂ ਚੰਗੀ ਹੈ । ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜਾ ਚੰਗੇ ਕੰਮ ਕਰੇਗਾ ਉਹ ਚੰਗਾ ਹੈ । ਜਿਹੜੀ ਸਰਕਾਰ ਚੰਗੇ ਕੰਮ ਕਰਦੀ ਹੈ, ਉਹ ਸਰਕਾਰ ਚੰਗੀ ਹੁੰਦੀ ਹੈ । ਚੇਅਰਮੈਨ ਸਾਹਿਬ, ਅੱਜ ਮਿਲਾਵਟ ਤਾਂ ਇਥੋਂ ਤੱਕ ਵੱਧ ਗਈ ਹੈ ਕਿ ਮਿਲਾਵਟ ਕਰਨ ਵਾਲੇ ਇਸ ਦੀ ਛੇਤੀ ਕੀਤੇ ਤਾਂ ਛਾਣ-ਬੀਣ ਹੋਣ ਨਹੀਂ ਦਿੰਦੇ । ਮੈਨੂੰ ਇਕ ਮਿਸਾਲ ਯਾਦ ਆ ਗਈ ਹੈ । ਇਕ ਆਦਮੀ ਨੇ ਚਾਰ ਆਨੇ ਦਾ ਦੁੱਧ ਲਿਆ ਔਰ ਉਸ ਦੇ ਵਿਚੋਂ ਇਕ 'ਡੱਡੀ' ਨਿਕਲੀ । ਉਸ ਨੇ ਦੋਧੀ ਨੂੰ ਕਿਹਾ, 'ਭਾਈ ਇਸ ਵਿਚੋਂ ਤਾਂ ਇਹ ਡੱਡੀ ਨਿਕਲੀ ਹੈ' ਤਾਂ ਉਹ ਅੱਗੋਂ ਕਹਿਣ ਲੱਗਾ ਕਿ ਹੋਰ ਚਵਾਨੀ ਦੇ ਦੁੱਧ ਵਿਚੋਂ ਕੋਈ ਝੋਟੀ ਨਿਕਲਣੀ ਸੀ । (ਹਾਸਾ) ਇਸ ਤਰ੍ਹਾਂ ਸ਼ਰਾਬ ਵਿਚ ਵੀ ਮਿਲਾਵਟ ਹੁੰਦੀ ਹੈ, ਦਵਾਈਆਂ ਵਿਚ ਵੀ ਹੁੰਦੀ ਹੈ । ਸਰਦਾਰ ਪ੍ਰਿਥੀਪਾਲ ਸਿੰਘ ਜੀ ਨੇ ਦੱਸਿਆ ਹੈ ਕਿ ਪੀਸੀਆਂ ਹੋਈਆਂ ਚੀਜ਼ਾਂ ਵਿਚ ਮਿਲਾਵਟ ਹੁੰਦੀ ਹੈ । ਮਸਾਲੇ ਵਿਚ ਵੀ ਮਿਲਾਵਟ ਹੁੰਦੀ ਹੈ । ਜਦੋਂ ਉਸ ਨੂੰ ਪੀਸਿਆ ਜਾਂਦਾ ਹੈ ਤਾਂ ਮਿਲਾਵਟ ਹੋ ਸਕਦੀ ਹੈ । ਹਲਦੀ ਬਾਰੇ ਉਨ੍ਹਾਂ ਨੇ ਕਿਹਾ ਹੈ ਕਿ ਸਾਬਤ ਗੱਠੀਆਂ ਵਿਚ ਮਿਲਾਵਟ ਨਹੀਂ ਕੀਤੀ ਜਾ ਸਕਦੀ । ਇਹ ਠੀਕ ਹੈ । ਪਰ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਹੜੇ ਹਲਦੀ ਪੀਸਦੇ ਹਨ, ਜਿਹੜੇ ਮਸਾਲੇ ਪੀਸਦੇ ਹਨ ਉਨ੍ਹਾਂ ਨੂੰ ਚਕ ਕਰਨਾ ਚਾਹੀਦਾ ਹੈ ਤਾਂਕਿ ਉਹ ਮਿਲਾਵਟ ਨਾ ਕਰ ਸੁਕਣ । ਕਾਮਰੇਡ ਦਯਾ ਸਿੰਘ ਨੇ ਕਿਹਾ ਸੀ ਕਿ ਜਿਹੜਾ ਇਕ ਕਤਲ ਕਰਦਾ ਹੈ ਉਸ ਨੂੰ ਭਾਰੀ ਸਜ਼ਾ ਮਿਲਦੀ ਹੈ ਪਰ ਜਿਹੜੇ ਮਿਲਾਵਟ ਕਰਨ ਨਾਲ ਇਤਨੇਂ ਕਤਲ ਕਰ ਦਿੰਦੇ ਹਨ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਮਿਲਦੀ । ਕਿਉਂ ਸਜ਼ਾ ਨਹੀਂ ਮਿਲਦੀ ? ਚੇਅਰਮੈਨ ਸਾਹਿਬ, ਸਾਡੇ ਸਾਰਿਆਂ ਵਿਚ ਹੀ ਕਿਵੇਂ ਨਾ ਕਿਵੇਂ ਸੱਚਾਈ ਦਾ ਅੰਸ਼ ਹੀ ਨਹੀਂ ਰਹਿ ਜਾਂਦਾ । ਪਹਿਲਾਂ ਤਾਂ ਇਥੇ ਵੀ ਔਰ ਬਾਹਰ ਵੀ ਰੌਲਾ ਪਾਇਆ ਜਾਂਦਾ ਹੈ ਕਿ ਮਿਲਾਵਟ ਕਰਨ ਵਾਲੇ ਨੂੰ ਫੜੋ ਔਰ ਜਦੋਂ ਉਸ ਨੂੰ ਫੜਿਆ ਜਾਂਦਾ ਹੈ ਤਾਂ ਫ਼ਿਰ ਵੇਖਿਆ ਜਾਂਦਾ ਹੈ ਕਿ ਇਹ ਆਦਮੀ ਮੇਰੇ ਨੇੜੇ ਹੈ ਇਸ ਲਈ ਉਸ ਨੂੰ

[ਗਿਆਨੀ ਕੁੰਦਨ ਸਿੰਘ ਪਤੰਗ]

ਛੁਡਾਉਣ ਵਾਸਤੇ ਕੋਸ਼ਿਸ਼ ਹੁੰਦੀ ਹੈ । ਉਹ ਲੋਕ ਫਿਰ ਵਜ਼ੀਰ ਸਾਹਿਬ ਨੂੰ ਘੇਰ ਲੈਂਦੇ ਹਨ, ਅਫ਼ਸਰਾਂ ਨੂੰ ਘੇਰ ਲੈਂਦੇ ਹਨ । ਜਿਹੜੇ ਪੈਸੇ ਵਾਲੇ ਹਨ ਉਹ ਪੈਸੇ ਭੀ ਖਰਚ ਦਿੰਦੇ ਹਨ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਾਡੇ ਆਪਣੇ ਵਿਚ ਪਹਿਲਾਂ ਸਚਾਈ ਹੋਣੀ ਚਾਹੀਦੀ ਹੈ ਤਾਂਕਿ ਸਰਕਾਰ ਸਖਤਾਈ ਨਾਲ ਪੇਸ਼ ਆਵੇ ਔਰ ਮਿਲਾਵਟ ਕਰਨ ਵਾਲੇ ਨੂੰ ਠੀਕ ਤਰ੍ਹਾਂ ਸਜ਼ਾ ਮਿਲ ਸਕੇ । ਇਕ ਮੈਨੂੰ ਗੱਲ ਯਾਦ ਆ ਗਈ ਹੈ । ਉਸ ਵੇਲੇ ਮਹਾਰਾਜ ਸ਼ੇਰ ਸਿੰਘ ਜੀ ਦਾ ਰਾਜ ਸੀ ਤਾਂ ਉਨ੍ਹਾਂ ਨੇ ਇਕ ਦਿਨ ਵੇਖਿਆ ਕਿ ਉਸ ਦੀ ਇਕ ਕੰਪਨੀ ਊਠ ਚਾਰਨ ਲਈ ਜਾ ਰਹੇ ਸਨ । ਉਨ੍ਹਾਂ ਨੇ ਪੁਛਿਆ ਕਿ ਇਹ ਊਠ ਤੁਸੀਂ ਕਿਥੇ ਲੈ ਜਾ ਰਹੇ ਹੋ । ਉਨ੍ਹਾਂ ਨੇ ਦਸਿਆ ਕਿ ਜੀ ਇਥੋਂ ਚੋਰ ਖੋਲ੍ਹ ਕੇ ਲੈ ਜਾਂਦੇ ਹਨ । ਇਸ ਲਈ ਚੋਰੀ ਤੋਂ ਬਚਾਉਣ ਲਈ ਅਸੀਂ ਇਨ੍ਹਾਂ ਨੂੰ ਲੈ ਕੇ ਜਾ ਰਹੇ ਹਾਂ । ਇਸ ਗੱਲ ਤੇ ਮਹਾਰਾਜਾ ਸ਼ੇਰ ਸਿੰਘ ਨੇ ਕਿਹਾ ਕਿ ਸ਼ੇਰ ਸਿੰਘ ਦਾ ਰਾਜ ਹੋਵੇ ਔਰ ਫਿਰ ਚੋਰੀ ਹੋ ਜਾਵੇ । ਤੁਸੀਂ ਇਥੇ ਹੀ ਇਨ੍ਹਾਂ ਊਠਾਂ ਨੂੰ ਰਹਿਣ ਦਿਓ, ਕੋਈ ਚੋਰੀ ਨਹੀਂ ਹੋਵੇਗੀ। ਉਸ ਤੋਂ ਬਾਅਦ ਕਹਿੰਦੇ ਹਨ ਕਿ ਵਾਕਿਆ ਹੀ ਉਥੇ ਚੋਰੀ ਨਾ ਹੋਈ । ਮੇਰੇ ਕਹਿਣ ਦਾ ਭਾਵ ਹੈ ਕਿ ਜੇਕਰ ਸਰਕਾਰ ਦਾ ਜ਼ਰਾ ਦਬਦਬਾ ਹੋਵੇ ਤਾਂ ਕੋਈ ਗੱਲ ਨਹੀਂ ਹੈ ਕਿ ਮਿਲਾਵਟ ਨਾ ਹੱਟ ਸਕੇ । ਪਰ ਜਦੋਂ ਦੁਕਾਨਦਾਰ ਨੂੰ ਇਹ ਪਤਾ ਹੈ ਕਿ ਮੈਨੂੰ ਕਿਸੇ ਦਾ ਡਰ ਨਹੀਂ ਹੈ ਤਾਂ ਉਸ ਨੇ ਮਿਲਾਵਟ ਤਾਂ ਆਪੇ ਹੀ ਕਰਨੀ ਹੈ । ਇਸ ਲਈ ਉਸ ਦੇ ਵਾਸਤੇ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ । ਚੋਰੀ ਭਾਵੇਂ ਲੱਖ ਦੀ ਹੋਵੇ ਭਾਵੇਂ ਕੱਖ ਦੀ, ਵੱਡੀ ਹੋਵੇ ਜਾਂ ਛੋਟੀ, ਚੋਰੀ ਤਾਂ ਚੋਰੀ ਹੀ ਹੈ ਇਸ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ । ਕਹਿੰਦੇ ਹਨ ਕਿ ਜੰਮਦੀ ਸੂਲ ਦਾ ਮੂੰਹ ਤਿੱਖਾ ਹੁੰਦਾ ਹੈ ਇਸ ਲਈ ਮੈਂ ਸਮਝਦਾ ਹਾਂ ਕਿ ਜਿਹੜਾ ਛੋਟਾ ਆਦਮੀ ਹੈ ਜੇ ਉਹ ਇਹੀ ਚੋਰੀ ਕਰਦਾ ਹੈ ਤਾਂ ਉਸ ਨੂੰ ਵੀ ਫੜਨਾ ਚਾਹੀਦਾ ਹੈ । ਜੇ ਘਰ ਦਾ ਕੋਈ ਬੱਚਾ ਰੁਪਿਆ ਜਾਂ ਚਵੱਨੀ ਚੁੱਕ ਹੀ ਲੈ ਜਾਂਦਾ ਹੈ ਤਾਂ ਉਸ ਨੂੰ ਸ਼ੁਰੂ ਤੋਂ ਹੀ ਦਬਾਉਣਾ ਚਾਹੀਦਾ ਹੈ ਨਹੀਂ ਤਾਂ ਉਹ ਵੱਡਾ ਹੋ ਕੇ ਵੱਡਾ ਚੋਰ ਬਣੇਗਾ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਦਵਾਈਆਂ ਵਿਚ ਜਾਂ ਖੁਰਾਕ ਵਿਚ ਮਿਲਾਵਟ ਹੁੰਦੀ ਹੈ ਉਹ ਤਾਂ ਹੀ ਹੁੰਦੀ ਹੈ ਜੇ ਉਸ ਦੇ ਪਿਛੇ ਕੋਈ ਤਾਕਤ ਹੋਵੇ, ਉਸ ਨੂੰ ਕੋਈ ਹਮਾਇਤ ਹੋਵੇ । ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਅਫ਼ਸਰ ਹੀ ਮਾੜੇ ਹਨ ਜਾਂ ਸਾਰੇ ਵਜ਼ੀਰ ਹੀ ਮਾੜੇ ਹਨ । ਪੰਜੇ ਉਂਗਲਾਂ ਇਕਸਾਰ ਨਹੀਂ ਹੁੰਦੀਆਂ । ਗਲ ਤਾਂ ਸਿਰਫ ਸਾਡੇ ਧਰਮ ਦੀ ਹੈ । ਜੇ ਅਸੀਂ ਧਰਮ ਨੂੰ ਮੰਨਦੇ ਹੋਵਾਂਗੇ ਤਾਂ ਇਮਾਨਦਾਰ ਹੋਵਾਂਗੇ । ਜੇ ਸਾਡੇ ਵਿਚ ਧਰਮ ਹੋਵੇ ਤਾਂ ਅਸੀਂ ਬੇਈਮਾਨੀ ਕਰਨ ਦੀ ਹਿੰਮਤ ਹੀ ਨਹੀਂ ਕਰ ਸਕਦੇ । ਸਾਡਾ ਜਿਹੜਾ ਧਰਮ ਹੈ ਉਹ ਸਾਨੂੰ ਇਹ ਇਜਾਜ਼ਤ ਨਹੀਂ ਦਿੰਦਾ ਕਿ ਇਸ ਤਰ੍ਹਾਂ ਦੇ ਮਾੜੇ ਕੰਮ ਕਰੀਏ ।

ਮੈਨੂੰ ਇਕ ਗੱਲ ਯਾਦ ਆ ਗਈ ਹੈ ਕਿ ਜਿਹੜੀ ਧਰਮ ਦੀ ਕਮਾਈ ਹੁੰਦੀ ਹੈ ਉਸ ਵਿਚ ਬਰਕਤ ਹੁੰਦੀ ਹੈ ਔਰ ਜਿਹੜੀ ਪਾਪ ਦੀ ਕਮਾਈ ਹੁੰਦੀ ਹੈ ਉਸ ਵਿਚ ਬਰਕਤ ਨਹੀਂ ਰਹਿੰਦੀ । ਚੇਅਰਮੈਨ ਸਾਹਿਬ, ਆਦਮੀ ਦੁੱਧ ਵੇਚਦਾ ਹੁੰਦਾ ਸੀ । ਦੁੱਧ ਵੇਚਦੇ ਵੇਚਦੇ ਉਸ ਨੇ ਬਹੁਤ ਪੈਸੇ ਇਕੱਠੇ ਕਰ ਲਏ ਕਿਉਂਕਿ ਉਸ ਵਿਚ ਉਹ ਮਿਲਾਵਟ ਕਰਦਾ ਸੀ । ਜਦੋਂ ਬਹੁਤ ਸਾਰੇ ਪੈਸੇ ਇਕੱਠੇ ਹੋ ਗਏ ਤਾਂ ਉਸ ਨੇ ਉਨ੍ਹਾਂ ਨੂੰ ਇਕ ਗੁਥਲੀ ਵਿਚ ਬੰਨ੍ਹ ਲਿਆ ਅਤੇ ਬਾਹਰ ਜਾ ਰਿਹਾ ਸੀ । ਉਨ੍ਹਾਂ ਦਿਨਾਂ ਵਿਚ ਚਾਂਦੀ ਦੇ ਰੁਪਏ ਹੁੰਦੇ ਸਨ । ਜਦੋਂ

ਉਹ ਜਾ ਰਿਹਾ ਸੀ ਤਾਂ ਰਸਤੇ ਵਿਚ ਇਕ ਨਦੀ ਤੇ ਇਸ਼ਨਾਨ ਕਰਨ ਲੱਗ ਪਿਆ । ਉਸਦੀ ਗੁਥਲੀ ਬਾਂਦਰ ਚੁੱਕ ਕੇ ਲੈ ਗਿਆ । ਉਹ ਬਾਂਦਰ ਨਦੀ ਦੇ ਕਿਨਾਰੇ ਇਕ ਦਰੱਖਤ ਤੇ ਜਾ ਚੜ੍ਹਿਆ । ਹੁਣ ਉਹ ਦੁਧ ਵੇਚਣ ਵਾਲਾ ਤਾਂ ਥੱਲੇ ਹੱਥ ਬੰਨ੍ਹ ਕੇ ਖੜ੍ਹਾ ਸੀ ਕਿ ਉਹ ਪੈਸੇ ਉਸ ਨੂੰ ਦੇ ਦੇਵੇ । ਉਸ ਬਾਂਦਰ ਨੇ ਕੀ ਕੀਤਾ ਕਿ ਗੁਥਲੀ ਵਿਚੋਂ ਦੋ ਰੁਪਏ ਕੱਢ ਲਏ ਤੇ ਇਕ ਰੁਪਿਆ ਥੱਲੇ ਸੁਟ ਦਿੱਤਾ ਅਤੇ ਇਕ ਰੁਪਿਆ ਨਦੀ ਵਿਚ ਸੁੱਟ ਦਿੱਤਾ । ਇਸ ਤਰ੍ਹਾਂ ਨਾਲ ਉਸ ਨੇ ਅੱਧੇ ਰੁਪਏ ਤਾਂ ਥੱਲੇ ਸੁਟ ਦਿੱਤੇ ਅਤੇ ਅੱਧੇ ਰੁਪਏ ਨਦੀ ਵਿਚ ਸੁੱਟ ਦਿੱਤੇ । ਇਹ ਵੇਖ ਕੇ ਉਹ ਕਹਿਣ ਲਗਾ ਕਿ —

"ਸਾਹਿਬ ਮੇਰੇ ਨਿਆਂ ਵਿਚਾਰਿਆ ਬਾਂਦਰ ਕੇ ਘਟ ਮਾਹੀਂ,
ਦੂਧ ਕੇ ਦੂਧ ਮੇਂ ਰਹਿ ਗਏ, ਜਲ ਕੇ ਜਲ ਮਾਹੀਂ ।"

ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜਿਹੜੇ ਮਿਲਾਵਟ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਜ਼ਰੂਰ ਦੇਣੀ ਚਾਹੀਦੀ ਹੈ । ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਕੋਈ ਵੀ ਸਰਕਾਰ ਆਏ ਉਸ ਨੂੰ ਲੋਕਾਂ ਨੂੰ ਧਰਮ ਦੀ ਜਾਣ ਪਛਾਣ ਜ਼ਰੂਰੀ ਕਰਾਉਣੀ ਚਾਹੀਦੀ ਹੈ ਤਾਂਕਿ ਜਿਹੜੇ ਲੋਕ ਹਨ ਉਹ ਸਮਝ ਸਕਣ ਕਿ ਜਿਹੜੀ ਪਾਪ ਦੀ ਕਮਾਈ ਹੈ ਉਸ ਵਿਚ ਬਰਕਤ ਨਹੀਂ ਹੁੰਦੀ । ਪਰ ਅੱਜ ਕੀ ਹੋ ਰਿਹਾ ਹੈ ? ਅੱਜ ਤਾਂ ਇਹ ਦੌੜ ਲਗੀ ਹੋਈ ਹੈ ਕਿ ਕੌਣ ਮਾਇਆ ਨੂੰ ਜ਼ਿਆਦਾ ਜੋੜਦਾ ਹੈ । ਇਸ ਲਈ ਇਹ ਕੋਈ ਨਹੀਂ ਵੇਖਦਾ ਕਿ ਕਿਹੜੀ ਧਰਮ ਦੀ ਕਮਾਈ ਹੈ ਅਤੇ ਕਿਹੜੀ ਪਾਪ ਦੀ ਕਮਾਈ ਹੈ । ਹਮੇਸ਼ਾ ਹੱਕ ਦੀ ਕਮਾਈ ਵਿਚ ਬਰਕਤ ਹੁੰਦੀ ਹੈ । ਪਰ ਹੁਣ ਤਾਂ ਕਲਯੁਗ ਆ ਗਿਆ ਹੈ, ਕੋਈ ਇਸ ਦੀ ਪਰਵਾਹ ਹੀ ਨਹੀਂ ਕਰਦਾ । ਚੇਅਰਮੈਨ ਸਾਹਿਬ, ਮੈਨੂੰ ਇਕ ਗੱਲ ਹੋਰ ਯਾਦ ਆ ਗਈ ਹੈ ਕਿ ਇਕ ਦਿਨ ਪੰਜੇ ਪਾਂਡੋ ਕਹਿਣ ਲਗੇ ਕਿ ਅੱਜ ਅਸੀਂ ਵੱਖਰੇ ਵੱਖਰੇ ਜਾਣਾ ਹੈ ਅਤੇ ਇਹ ਵੇਖਣਾ ਹੈ ਕਿ ਕੌਣ ਨਵੀਂ ਗੱਲ ਲੱਭ ਕੇ ਲਿਆਉਂਦਾ ਹੈ । ਉਸ ਦਿਨ ਉਹ ਪੰਜੇ ਪਾਂਡੋ ਬਾਹਰ ਚਲੇ ਗਏ । ਪਹਿਲੇ ਨੇ ਇਹ ਵੇਖਿਆ ਕਿ ਬੜਾ ਵੱਡਾ ਪੱਥਰ ਕਿਸੇ ਪਹਾੜ ਤੋਂ ਥੱਲੇ ਰਿੜ੍ਹਿਆ ਆਉਂਦਾ ਹੈ ਅਤੇ ਉਸ ਦੇ ਆਉਂਦੇ ਹੋਏ ਵੱਡੇ ਵੱਡੇ ਦਰੱਖਤ ਵੀ ਟੁਟਦੇ ਜਾਂਦੇ ਹਨ । ਪਰ ਰਸਤੇ ਵਿਚ ਥੋੜ੍ਹੀ ਜਿਹੀ ਘਾਹ ਨਾਲ ਲਗ ਕੇ ਉਹ ਪੱਥਰ ਰੁੱਕ ਜਾਂਦਾ ਹੈ । ਉਹ ਬੜਾ ਹੈਰਾਨ ਹੋਇਆ ਕਿ ਐਨਾ ਵੱਡਾ ਪੱਥਰ ਦਰੱਖਤਾਂ ਨੂੰ ਤੋੜ ਕੇ ਥੱਲੇ ਰਿੜ੍ਹਦਾ ਆਇਆ ਪਰ ਥੋੜ੍ਹੇ ਜਿਹੇ ਘਾਹ ਨਾਲ ਕਿਵੇਂ ਰੁੱਕ ਗਿਆ । ਦੂਜੇ ਨੇ ਰਸਤੇ ਵਿਚ ਇਹ ਵੇਖਿਆ ਕਿ ਇਕ ਹਾਥੀ ਤੁਰਿਆ ਜਾਂਦਾ ਹੈ ਔਰ ਉਸ ਦੀਆਂ ਦੋ ਸੁੰਢਾਂ ਹਨ । ਉਹ ਥਲਿਉਂ ਵੀ ਕੁਤੇ ਬਿਲੇ ਖਾਈ ਜਾਂਦਾ ਹੈ ਅਤੇ ਉਪਰੋਂ ਵੀ ਜਿਹੜੇ ਪੰਛੀ ਜਾਂਦੇ ਹੋਣ ਉਨ੍ਹਾਂ ਨੂੰ ਵੀ ਖਾਈ ਜਾਂਦਾ ਹੈ । ਉਹ ਬੜਾ ਹੈਰਾਨ ਹੋਇਆ । ਤੀਜੇ ਨੇ ਰਸਤੇ ਵਿਚ ਤਿੰਨ ਚਸ਼ਮੇ ਵੇਖੇ । ਦੋ ਚਸ਼ਮਿਆਂ ਦਾ ਪਾਣੀ ਨੇੜੇ ਦੇ ਚਸ਼ਮੇ ਵਿਚ ਨਹੀਂ ਪੈ ਰਿਹਾ ਸੀ । ਪਰ ਜਿਹੜਾ ਦੂਰ ਦਾ ਚਸ਼ਮਾ ਸੀ ਉਸ ਦਾ ਪਾਣੀ ਨੇੜੇ ਦੇ ਚਸ਼ਮੇ ਨਾਲੋਂ ਜਲਦੀ ਆ ਕੇ ਉਸ ਚਸ਼ਮੇਂ ਵਿਚ ਪੈਂਦਾ ਸੀ । ਉਹ ਬੜਾ ਹੈਰਾਨ ਹੋਇਆ ।

ਚੌਥੇ ਨੇ ਇਹ ਵੇਖਿਆ ਕਿ ਇਕ ਗਊ ਵੱਛੀ ਨੂੰ ਚੁੰਘ ਰਹੀ ਹੈ । ਅੱਗੇ ਤਾਂ ਵੱਛੀ ਗਊ ਨੂੰ ਚੁੰਘਿਆ ਕਰਦੀ ਸੀ ਪਰ ਹੁਣ ਗਊ ਵੱਛੀ ਨੂੰ ਚੁੰਘਣ ਲਗ ਪਈ ਹੈ । ਉਹ ਵੀ ਬੜਾ ਹੈਰਾਨ ਹੋਇਆ ।

[ਗਿਆਨੀ ਕੁੰਦਨ ਸਿੰਘ ਪਤੰਗ]

ਪੰਜਵੇਂ ਨੇ ਇਹ ਵੇਖਿਆ ਕਿ ਜਿਹੜਾ ਹੰਸ ਹੈ ਉਹ ਮੋਤੀ ਨਹੀਂ ਖਾ ਰਿਹਾ ਬਲਕਿ ਕੀੜੇ ਖਾਈ ਜਾਂਦਾ ਹੈ । ਉਹ ਬੜਾ ਹੈਰਾਨ ਹੋਇਆ ।

ਇਹ ਪੰਜੇ ਪਾਂਡੋ ਜਦੋਂ ਸ਼ਾਮ ਨੂੰ ਇਕੱਠੇ ਹੋਏ ਤਾਂ ਸਭ ਨੇ ਆਪਣੀ ਆਪਣੀ ਗੱਲ ਦੱਸੀ । ਪਰ ਉਨ੍ਹਾਂ ਵਿਚੋਂ ਕੋਈ ਇਨ੍ਹਾਂ ਨੂੰ ਨਾ ਸਮਝ ਸਕਿਆ । ਸਭ ਨੇ ਇਹ ਕਿਹਾ ਕਿ ਚਲੋ ਕ੍ਰਿਸ਼ਨ ਭਗਵਾਨ ਕੋਲ ਚਲੀਏ । ਜਦੋਂ ਉਹ ਪਾਂਡੋ ਕ੍ਰਿਸ਼ਨ ਭਗਵਾਨ ਕੋਲ ਗਏ ਅਤੇ ਉਨ੍ਹਾਂ ਨੇ ਆਪਣੀ ਆਪਣੀ ਕਹਾਣੀ ਦਸੀ ਤਾਂ ਉਹ ਕਹਿਣ ਲੱਗੇ ਕਿ ਜਾਂ ਤਾਂ ਕਲਯੁਗ ਆ ਗਿਆ ਹੈ ਜਾਂ ਆਉਣ ਵਾਲਾ ਹੈ, ਕਿਉਂਕਿ ਜਿਹੜਾ ਤੁਸੀਂ ਕਹਿੰਦੇ ਹੋ ਕਿ ਇਕ ਐਡਾ ਵੱਡਾ ਪਹਾੜ ਰੁੜ੍ਹਦਾ ਹੋਇਆ ਆ ਕੇ ਘਾਹ ਦੇ ਸਹਾਰੇ ਨਾਲ ਰੁਕ ਗਿਆ । ਇਸ ਦਾ ਮਤਲਬ ਇਹ ਹੈ ਕਿ ਕਲਯੁਗ ਵਿਚ ਪਾਪ ਦਾ ਪਹਾੜ ਬਣੇਗਾ ਔਰ ਉਸ ਵੇਲੇ ਜੇ ਕਿਸੇ ਵਿਚ ਥੋੜ੍ਹਾ ਜਿਹਾ ਵੀ ਧਰਮ ਹੋਵੇਗਾ ਤਾਂ ਉਹ ਉਸ ਪਾਪ ਨੂੰ ਰੋਕ ਲਏਗਾ ।

ਦੂਜਾ ਜਿਹੜਾ ਤੁਸੀਂ ਕਹਿੰਦੇ ਹੋ ਕਿ ਹਾਥੀ ਦੀਆਂ ਦੋ ਸੁੰਡਾਂ ਸਨ । ਇਸ ਦਾ ਮਤਲਬ ਇਹ ਹੈ ਕਿ ਕਲਯੁਗ ਵਿਚ ਇਸ ਤਰ੍ਹਾਂ ਦੇ ਰਾਜੇ ਹੋਣਗੇ ਜਿਹੜੇ ਉਪਰੋਂ ਵੀ ਪਾਪ ਦੀ ਕਮਾਈ ਖਾਣਗੇ ਅਤੇ ਹੇਠਲੇ ਵੀ ਖਾਣਗੇ ।

ਤੀਜਾ ਜਿਹੜਾ ਤੁਸੀਂ ਕਹਿੰਦੇ ਹੋ ਕਿ ਦੂਰ ਦੇ ਚਸ਼ਮੇ ਦਾ ਪਾਣੀ ਨੇੜੇ ਦੇ ਚਸ਼ਮੇ ਨਾਲੋਂ ਪਹਿਲੇ ਆ ਡਿਗਦਾ ਸੀ । ਇਸ ਦਾ ਮਤਲਬ ਇਹ ਹੈ ਕਿ ਕਲਯੁਗ ਵਿਚ ਜਿਹੜਾ ਦੂਰ ਦਾ ਰਿਸ਼ਤੇਦਾਰ ਹੋਵੇਗਾ ਉਹ ਤਾਂ ਤੁਹਾਡੇ ਨਾਲ ਰਲ ਜਾਵੇਗਾ ਔਰ ਜਿਹੜਾ ਨੇੜੇ ਦਾ ਰਿਸ਼ਤੇਦਾਰ ਹੋਵੇਗਾ ਉਹ ਨਹੀਂ ਰਲੇਗਾ ।

ਚੌਥਾ ਜਿਹੜਾ ਤੁਸੀਂ ਕਹਿੰਦੇ ਹੋ ਕਿ ਗਊ ਵੱਛੀ ਨੂੰ ਚੁੰਘ ਰਹੀ ਸੀ । ਇਸ ਦਾ ਮਤਲਬ ਇਹ ਹੈ ਕਲਯੁਗ ਵਿਚ ਲੋਕ ਧੀਆਂ ਦੇ ਪੈਸੇ ਵੱਟਣਗੇ ਅਤੇ ਉਨ੍ਹਾਂ ਦੇ ਸੌਦੇ ਆਪ ਕਰਨਗੇ ।

ਪੰਜਵਾਂ ਜਿਹੜਾ ਤੁਸੀਂ ਇਹ ਕਹਿੰਦੇ ਹੋ ਕਿ ਹੰਸ ਕੀੜੇ ਖਾ ਰਿਹਾ ਸੀ । ਇਸ ਦਾ ਮਤਲਬ ਇਹ ਹੈ ਕਿ ਕਲਯੁਗ ਵਿਚ ਜਿਹੜੇ ਸੰਤ ਹੋਣਗੇ ਉਹ ਵੇਖਣ ਨੂੰ ਤਾਂ ਸੰਤ ਹੋਣਗੇ ਪਰ ਕੰਮ ਉਹ ਮੰਦੇ ਕਰਨਗੇ ।

ਇਸ ਲਈ ਮੈਂ ਇਹੋ ਕਹਿੰਦਾ ਹਾਂ ਕਿ ਕਲਯੁਗ ਵਿਚ ਹੁਣ ਸਿਰਫ਼ ਇਕੋ ਹੀ ਚੀਜ਼ ਰਹਿ ਗਈ ਹੈ, ਉਹ ਹੈ ਧਰਮ ਦਾ ਪਰਚਾਰ । ਜੇ ਤੁਸੀਂ ਸਿਰਫ ਧਰਮ ਦਾ ਪਰਚਾਰ ਹੀ ਕਰੋਗੇ ਤਾਂ ਜਿਹੜੀ ਪਾਪ ਦੀ ਵੱਡੀ ਤੋਂ ਵੱਡੀ ਕਮਾਈ ਵੀ ਹੈ ਉਹ ਵੀ ਖਤਮ ਹੋ ਜਾਵੇਗੀ । ਜੇ ਇਨ੍ਹਾਂ ਦੀਆਂ ਨੀਅਤਾਂ ਚੰਗੀਆਂ ਹੋਣਗੀਆਂ। ਤਾਂ ਆਪੇ ਹੀ ਸਾਰੇ ਕੰਮ ਠੀਕ ਹੋ ਜਾਣੇ ਹਨ ।

"ਨਾ ਰੱਬ ਮਿਲਦਾ ਮੰਦਰਾਂ ਦੁਆਰਾਂ, ਨਾ ਰੱਬ ਵਿਚ ਮਸੀਤਾਂ,
ਰੱਬ ਉਨ੍ਹਾਂ ਨੂੰ ਮਿਲਦਾ ਬੁਲ੍ਹਿਆ, ਸਾਫ਼ ਜਿਨ੍ਹਾਂ ਦੀਆਂ ਨੀਅਤਾਂ ।"

ਜਦੋਂ ਸਾਡੀ ਸਰਕਾਰ ਦੀ ਨੀਅਤ ਸਾਫ਼ ਹੋਵੇਗੀ ਤਾਂ ਉਸ ਵੇਲੇ ਮਿਲਾਵਟ ਵੀ ਖ਼ਤਮ ਹੋ ਜਾਵੇਗੀ । ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਪਹਿਲਾਂ ਆਪਣੀਆਂ ਨੀਅਤਾਂ ਸਾਫ਼ ਕਰਨੀਆਂ ਚਾਹੀਦੀਆਂ ਹਨ ਤਾਂ ਹੀ ਲੋਕਾਂ ਦੀ ਸੇਵਾ ਕੀਤੀ ਜਾ ਸਕਦੀ ਹੈ । ਪਰ ਸਾਡੀ ਸਰਕਾਰ ਤਾਂ ਕਿਰਾਏ ਵਧਾਉਣ ਦੇ ਯਤਨ ਕਰਦੀ ਹੈ ਹੋਰ ਕੁਝ ਨਹੀਂ ਕਰਦੀ । ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ ।

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਲੰਧਰ-ਦੱਖਣ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਸਿਹਤ ਚੰਗੀ ਰਖਣ ਵਾਸਤੇ ਚੰਗੇ ਚੰਗੇ ਡਾਕਟਰ ਔਰ ਚੰਗੇ ਚੰਗੇ ਅਫਸਰ ਲਾਏ ਹਨ ਔਰ ਇਸ ਦੇ ਨਾਲ ਹੀ ਚੰਗੀ ਸਿਹਤ ਰਖਣ ਲਈ ਇਹੋ ਜਿਹੇ ਰੈਜ਼ੋਲਿਊਸ਼ਨ ਲਿਆ ਕੇ ਪਰਚਾਰ ਵੀ ਕੀਤਾ ਜਾਂਦਾ ਹੈ । ਚੇਅਰਮੈਨ ਸਾਹਿਬ, ਪਿਛੇ 28 ਮਹੀਨੇ ਇਥੇ ਅਕਾਲੀ-ਜਨਤਾ ਸਰਕਾਰ ਵੀ ਰਹੀ ਹੈ । ਉਨ੍ਹਾਂ ਤਾਂ ਕਦੀ ਇਹੋ ਜਿਹਾ ਰੈਜ਼ੋਲਿਊਸ਼ਨ ਨਹੀਂ ਲਿਆਂਦਾ ਸੀ । ਗਿਆਨੀ ਕੁੰਦਨ ਸਿੰਘ ਪਤੰਗ ਜੀ ਵੀ ਬੋਲੇ ਹਨ । ਠੀਕ ਹੈ ਉਹ ਬੜੇ ਗੁਰਮੁੱਖ ਸੱਜਣ ਹਨ । ਪਰ ਜਦੋਂ ਉਨ੍ਹਾਂ ਦੀ ਸਰਕਾਰ ਸੀ ਤਾਂ ਉਹ ਇਹੋ ਜਿਹਾ ਰੈਜ਼ੋਲਿਊਸ਼ਨ ਨਹੀਂ ਸਨ ਲਿਆ ਸਕੇ । ਇਹ ਸਾਡੀ ਸਰਕਾਰ ਹੀ ਹੈ ਜਿਸ ਨੇ ਆਪਣੇ ਐਮ.ਐਲ.ਏ. ਰਾਹੀਂ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ । ਕਪੂਰ ਸਾਹਿਬ ਸਾਡੇ ਬੜੇ ਸਿਆਣੇ ਵਜ਼ੀਰ ਹਨ । ਉਹ ਸਭ ਕੁਝ ਸੁਣ ਰਹੇ ਹਨ ਅਤੇ ਜਵਾਬ ਦੇਣਗੇ । ਉਨ੍ਹਾਂ ਨੇ ਤਾਂ ਇਹ ਫੈਸਲਾ ਕੀਤਾ ਹੋਇਆ ਹੈ ਕਿ ਜਿਸ ਤਰ੍ਹਾਂ ਮੇਰੇ ਵਿਚ ਮਿਲਾਵਟ ਨਹੀਂ ਇਸੇ ਤਰ੍ਹਾਂ ਉਨ੍ਹਾਂ ਨੇ ਕਿਸੇ ਚੀਜ਼ ਵਿੱਚ ਵੀ ਮਿਲਾਵਟ ਨਹੀਂ ਰਹਿਣ ਦੇਣੀ ਔਰ ਸਾਨੂੰ ਪੂਰਾ ਯਕੀਨ ਹੈ ਕਿ ਇਹ ਜਿਹੜੀ ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਹੁੰਦੀ ਹੈ ਇਹ ਇਸ ਨੂੰ ਖ਼ਤਮ ਹੀ ਕਰ ਦੇਣਗੇ । ਇਸ ਲਈ ਮੈਂ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜੇ ਤੇਲ ਵਿਚ ਮਿਲਾਵਟ ਹੁੰਦੀ ਹੈ ਤਾਂ ਜਿਥੋਂ ਤੇਲ ਨਿਕਲਦਾ ਹੈ ਉਥੇ ਹੀ ਉਸ ਨੂੰ ਚੈਕ ਕਰਨ ਲਈ ਉਥੇ ਬੰਦਾ ਬਿਠਾ ਦੇਣਾ ਚਾਹੀਦਾ ਹੈ ਔਰ ਇਸੇ ਤਰ੍ਹਾਂ ਜਿਥੇ ਵੀ ਕੋਈ ਚੀਜ਼ ਵਿੱਚ ਮਿਲਾਵਟ ਹੁੰਦੀ ਹੈ ਉਹ ਚੀਜ਼ ਜਿਥੇ ਬਣਦੀ ਹੈ ਉਥੇ ਹੀ ਬੰਦਾ ਬਿਠਾ ਦੇਣਾ ਚਾਹੀਦਾ ਹੈ । ਸਰਕਾਰ ਨੇ ਬੜਾ ਯਤਨ ਕਰਕੇ ਦਵਾਈਆਂ ਵਿਚ ਮਿਲਾਵਟ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਕਈ ਡਰੱਗ ਇਨਸਪੈਕਟਰ ਲਾਏ ਹਨ । ਹਸਪਤਾਲਾਂ ਵਿਚ ਦਵਾਈਆਂ ਨਹੀਂ ਮਿਲਦੀਆਂ । ਡਾਕਟਰ ਜਿਹੜੀਆਂ ਦਵਾਈਆਂ ਲਿਖਦੇ ਹਨ ਉਹ ਦਵਾਈਆਂ ਮਾਰਕਿਟ ਵਿਚ ਨਹੀਂ ਮਿਲਦੀਆਂ । ਪਰ ਨਕਲੀ ਕੰਪਨੀਆਂ ਦੀਆਂ ਦਵਾਈਆਂ ਮਿਲ ਜਾਂਦੀਆਂ ਹਨ ਜਿਨ੍ਹਾਂ ਤੇ ਬੋਗਸ ਫਰਮਾਂ ਦੀ ਮੋਹਰ ਲਗੀ ਹੁੰਦੀ ਹੈ । ਇਸੇ ਤਰ੍ਹਾਂ ਡੰਗਰਾਂ ਦੇ ਹਸਪਤਾਲਾਂ ਦੇ ਵਿੱਚ ਵੀ ਦਵਾਈਆਂ ਨਹੀਂ ਮਿਲਦੀਆਂ । ਇਸ ਦੇ ਜਿਹੜੇ ਟੀਕੇ ਹਨ ਉਹ ਨਹੀਂ ਮਿਲਦੇ, ਨਕਲੀ ਕੰਪਨੀਆਂ ਦੇ ਟੀਕੇ ਮਿਲ ਜਾਂਦੇ ਹਨ । ਇਸ ਚੀਜ਼ ਨੂੰ ਚੈਕ ਕਰਨ ਦੀ ਲੋੜ ਹੈ । ਇਹ ਨਕਲੀ ਟੀਕੇ ਬਿਮਾਰੀ ਦਾ ਇਲਾਜ ਨਹੀਂ ਕਰ ਸਕਦੇ ਸਗੋਂ ਬਿਮਾਰੀ ਵੱਧਦੀ ਜਾਂਦੀ ਹੈ । ਇਹ ਮਿਲਾਵਟ, ਹੱਲਦੀ, ਮਿਰਚਾਂ, ਗਰਮ ਮਸਾਲੇ, ਦਾਲਾਂ, ਕਣਕ, ਆਟਾ, ਖੰਡ ਵਿਚ ਹੋਣ ਲਗ ਗਈ ਹੈ । ਗਰਮ ਮਸਾਲਿਆਂ ਵਿਚ ਘੋੜੇ ਦੀ ਲਿੱਦ ਪਾ ਦਿੰਦੇ ਹਨ । ਸਭ ਤੋਂ ਵੱਡੀ ਸਜ਼ਾ ਜਿਹੜੀ ਸਮਾਜ ਦੇ ਸਕਦਾ ਹੈ ਉਹ ਇਹ ਹੈ ਕਿ 5-7 ਮਿਲਾਵਟ ਖੋਰਾਂ ਨੂੰ ਪਕੜ ਕੇ ਚੌਕ ਵਿਚ ਖੜ੍ਹਾ ਕਰਕੇ ਸਜ਼ਾ ਦਿਓ ਤਾਂ ਕਿ ਦੂਜਿਆਂ ਨੂੰ ਸਬਕ ਮਿਲ ਸਕੇ । ਇਹ ਠੀਕ ਹੈ ਕਿ ਸਰਕਾਰ ਬਲੈਕ-ਮਾਰਕੀਟੀਆਂ ਨੂੰ ਪਕੜ ਰਹੀ ਹੈ ਪਰ ਇਸ ਦੇ ਨਾਲ ਹੀ ਮਿਲਾਵਟਖੋਰਾਂ ਨੂੰ ਵੀ ਪਕੜਨਾ ਚਾਹੀਦਾ ਹੈ । ਇਹ ਮਿਲਾਵਟ ਕਰਨ ਵਾਲੇ ਸ਼ਰਾਬ ਵਿਚ ਮਿਲਾਵਟ ਕਰਦੇ ਹਨ, ਨਕਲੀ ਅਫ਼ੀਮਾਂ ਬਣਾਉਂਦੇ ਹਨ ਅਤੇ ਵੇਚਦੇ ਹਨ । ਇਸ ਤਰ੍ਹਾਂ ਨਾਲ ਉਹ ਇਨਸਾਨੀ ਜ਼ਿੰਦਗੀ ਦੇ ਨਾਲ ਖੇਲ ਰਹੇ ਹਨ । ਇਸ ਚੀਜ਼ ਨੂੰ ਰੋਕਣ ਦੀ ਲੋੜ ਹੈ । ਘਿਓ ਵਿਚ ਮਿਲਾਵਟ ਹੁੰਦੀ, ਤੇਲ ਵਿੱਚ ਵੀ ਮਿਲਾਵਟ ਹੁੰਦੀ ਹੈ । ਇਕ ਕਿਸਮ ਨਾਲ ਹਰ ਜਗ੍ਹਾਂ ਮਿਲਾਵਟ ਹੋਣ ਲਗ ਗਈ ਹੈ । ਅਗਰ

[ਸਰਦਾਰ ਦਰਸ਼ਨ ਸਿੰਘ ਕੇ.ਪੀ.]
ਇਸ ਨੂੰ ਵੇਲੇ ਸਿਰ ਚੈਕ ਨਾ ਕੀਤਾ ਗਿਆ ਤਾਂ ਇਸ ਦੇ ਨਤੀਜੇ ਗਲਤ ਨਿਕਲਣਗੇ। ਫੇਰ ਜਿਹੜਾ ਦੁੱਧ ਦੇ ਜਾਂ ਕਿਸੇ ਹੋਰ ਚੀਜ਼ ਦੇ ਸਾਡੇ ਅਫਸਰ ਸੈਂਪਲ ਭਰਦੇ ਹਨ ਉਹ ਲੈਬਾਰਟਰੀਆਂ ਵਿਚ ਜਾ ਕੇ ਫੇਲ੍ਹ ਹੋ ਜਾਂਦੇ ਹਨ। ਇਹ ਫੇਲ੍ਹ ਕਿਉਂ ਹੋ ਜਾਣ? ਅਗਰ ਕਿਸੇ ਅਫਸਰ ਦਾ ਭਰਿਆ ਹੋਇਆ ਸੈਂਪਲ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਅਫਸਰ ਨੂੰ ਉਥੇ ਨਹੀਂ ਰਹਿਣਾ ਚਾਹੀਦਾ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਉਮੀਦ ਕਰਦਾ ਹਾਂ ਕਿ ਕਪੂਰ ਸਾਹਿਬ, ਇਸ ਮਿਲਾਵਟ ਨੂੰ ਰੋਕਣ ਲਈ ਸਖਤ ਕਦਮ ਚੁੱਕਣਗੇ।

ਸ੍ਰੀ ਸੁਰਿੰਦਰ ਕਪੂਰ (ਬਠਿੰਡਾ): ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਮਿਲਾਵਟ ਦੂਰ ਕਰਨ ਲਈ ਪੇਸ਼ ਕੀਤਾ ਗਿਆ ਹੈ ਇਹ ਬੜਾ ਇੰਪਾਰਟੈਂਟ ਮਤਾ ਹੈ। ਇਹ ਮਿਲਾਵਟ ਸਾਡੇ ਸਮਾਜ ਵਿਚ ਘਰ ਕਰ ਗਈ ਹੈ ਅਤੇ ਹੁਣ ਇਹ ਬਹੁਤ ਦੂਰ ਤੱਕ ਪਹੁੰਚ ਗਈ ਹੈ। ਸਾਡੀ ਹਰ ਇਨਸਾਨੀ ਜ਼ਿੰਦਗੀ ਵਿਚ ਮਿਲਾਵਟ ਹੀ ਮਿਲਾਵਟ ਨਜ਼ਰ ਆਉਂਦੀ ਹੈ। ਖਾਣ ਪੀਣ ਵਾਲੀਆਂ ਚੀਜ਼ਾਂ, ਦੁੱਧ, ਘਿਓ, ਤੇਲ, ਦਾਲਾਂ ਵਿਚ ਮਿਲਾਵਟ ਹੀ ਮਿਲਾਵਟ ਹੁੰਦੀ ਹੈ। ਇਸ ਦੇ ਨਾਲ ਹੀ ਹੁਣ ਕਰੰਸੀ ਨੋਟਾਂ ਵਿਚ ਵੀ ਮਿਲਾਵਟ ਹੋਣ ਲਗ ਗਈ ਹੈ। ਉਹ ਵੀ ਡੁਪਲੀਕੇਟ ਛਪਣ ਲਗ ਗਏ ਹਨ। ਇਸ ਨੂੰ ਚੈਕ ਕਰਨ ਦੀ ਲੋੜ ਹੈ। ਇਹ ਮਿਲਾਵਟਖੋਰ ਜਿਹੜੇ ਸਮਾਜ ਦੀ ਜ਼ਿੰਦਗੀ ਦੇ ਨਾਲ ਖਿਲਵਾੜ ਕਰ ਰਹੇ ਹਨ ਉਨ੍ਹਾਂ ਨੂੰ ਨੱਥ ਪਾਉਣ ਦੀ ਲੋੜ ਹੈ। ਅਗਰ ਇਸ ਨੂੰ ਵੇਲੇ ਸਿਰ ਚੈਕ ਨਾ ਕੀਤਾ ਗਿਆ ਫਿਰ ਇਹ ਸਮਾਜ ਲਈ ਇਕ ਕੈਂਸਰ ਦੀ ਬਿਮਾਰੀ ਵਾਂਗ ਚੰਬੜ ਜਾਵੇਗੀ। ਇਕ ਵਾਰੀ ਇਕ ਦੋਧੀ ਦੁੱਧ ਦੇਣ ਗਿਆ ਤਾਂ ਇਕ ਮਾਈ ਨੇ ਦੋਧੀ ਕੋਲੋਂ ਦੁੱਧ ਲੈ ਲਿਆ। ਚੂੰਕਿ ਦੋਧੀ ਦੁੱਧ ਵਿਚ ਛਪੜ ਦਾ ਪਾਣੀ ਮਿਲਾਉਂਦੇ ਹਨ ਅਤੇ ਛਪੜ੍ਹ ਦੇ ਪਾਣੀ ਨਾਲ ਉਸ ਦੇ ਡੋਲ ਵਿਚ ਡੱਡੂ ਵੀ ਚਲੇ ਜਾਂਦੇ ਹਨ। ਮਾਈ ਨੇ 8 ਆਨੇ ਦਾ ਦੁੱਧ ਦੋਧੀ ਕੋਲੋਂ ਲਿਆ। ਦੋਧੀ ਦੇ ਡੋਲ ਵਿਚ ਜਿਹੜਾ ਡੱਡੂ ਸੀ ਉਹ ਵੀ ਮਾਈ ਦੀ ਗੜਵੀ ਵਿਚ ਆ ਗਿਆ। ਜਦ ਮਾਈ ਨੇ ਦੋਧੀ ਨੂੰ ਕਿਹਾ ਕਿ ਦੁੱਧ ਵਿਚ ਡੱਡੂ ਕਿਥੋਂ ਆ ਗਿਆ ਤਾਂ ਉਹ ਕਹਿਣ ਲਗਾ ਕਿ 8 ਆਨੇ ਦੇ ਦੁੱਧ ਵਿਚ ਡੱਡੂ ਹੀ ਆਏਗਾ, ਕੋਈ ਘੋੜਾ-ਹਾਥੀ ਥੋੜ੍ਹਾ ਆਵੇਗਾ। ਮਿਲਾਵਟ ਦੀ ਤਾਂ ਹੱਦ ਹੋ ਚੁੱਕੀ ਹੈ। ਇਥੋਂ ਤੱਕ ਕਿ ਜ਼ਹਿਰ ਵਿਚ ਵੀ ਮਿਲਾਵਟ ਹੁੰਦੀ ਹੈ। ਸ਼ਹਿਰ ਵਿਚ ਇਕ ਆਦਮੀ ਨੇ ਜ਼ਹਿਰ ਖਾ ਲਈ ਅਤੇ ਜ਼ਹਿਰ ਖਾ ਕੇ ਚਾਦਰ ਤਾਣ ਕੇ ਸੌਂ ਗਿਆ। ਪਰ ਚੂੰਕਿ ਜ਼ਹਿਰ ਵਿਚ ਮਿਲਾਵਟ ਸੀ ਇਸ ਲਈ ਉਹ ਮਰਿਆ ਨਹੀਂ, ਸਵੇਰੇ ਜ਼ਿੰਦਾ ਜਾਗ ਪਿਆ। ਮਿਲਾਵਟ-ਖੋਰ ਜ਼ਹਿਰ ਵਿਚ ਵੀ ਮਿਲਾਵਟ ਕਰ ਰਹੇ ਹਨ। ਬਾਕੀ ਖਾਣ ਪੀਣ ਵਾਲੀਆਂ ਚੀਜ਼ਾਂ ਬਾਰੇ ਤਾਂ ਪੁਛੋ ਹੀ ਨਾ। ਇਸ ਨੂੰ ਚੈਕ ਕਰਨ ਦੀ ਲੋੜ ਹੈ। ਜਿਹੜੇ ਸੈਂਪਲ ਲਏ ਜਾਂਦੇ ਹਨ ਔਰ ਜਿਹੜੀ ਸਾਡੀ ਟੀਮ ਸੈਂਪਲ ਲੈਂਦੀ ਹੈ ਉਹ ਚੰਗੀ ਨੀਅਤ ਨਾਲ ਸੈਂਪਲ ਨਹੀਂ ਲੈਂਦੀ ਜਿਸ ਕਰਕੇ ਉਹ ਸੈਂਪਲ ਲੈਬਾਰਟਰੀ ਵਿਚ ਪਾਸ ਹੋ ਜਾਂਦੇ ਹਨ। ਸੈਂਪਲਾਂ ਵਿਚ ਵੀ ਕੁਰੱਪਸ਼ਨ ਹੁੰਦੀ ਹੈ। ਇਹ ਸੈਂਪਲ ਭਰਨ ਵਾਲੀ ਟੀਮ ਵਾਲੇ ਛੋਟੇ ਛੋਟੇ ਦੁਕਾਨਦਾਰਾਂ ਨੂੰ ਤੰਗ ਕਰਦੇ ਹਨ ਅਤੇ ਸ਼ਹਿਰਾਂ ਵਿਚ ਦਹਿਸ਼ਤ ਫੈਲਾ ਰਹੇ ਹਨ। ਉਹ ਗਰੀਬ ਦੁਕਾਨਦਾਰ ਸ਼ਟਰ ਬੰਦ ਕਰਕੇ ਭੱਜ ਜਾਂਦੇ ਹਨ ਜਦੋਂ ਕਿ ਇਹ ਮਿਲਾਵਟ ਵੱਡੇ ਵੱਡੇ ਦੁਕਾਨਦਾਰ, ਵਪਾਰੀ ਕਰਦੇ ਹਨ। ਉਨ੍ਹਾਂ ਨੂੰ ਫੜਨਾ ਚਾਹੀਦਾ ਹੈ। ਚੈਕਿੰਗ ਕਰਨ ਵਾਲੀ ਟੀਮ ਵਾਲੇ ਕਹਿੰਦੇ ਹਨ ਕਿ ਸਾਡਾ ਸੈਂਪਲ ਭਰਨ ਦਾ ਕੋਟਾ ਹੁੰਦਾ ਹੈ। ਇਸ ਨੂੰ ਅਸੀਂ ਪੂਰਾ ਕਰ ਰਹੇ ਹਾਂ। ਇਸ ਤਰ੍ਹਾਂ ਦਾ ਸਿਸਟਮ ਹੋਣਾ ਚਾਹੀਦਾ ਹੈ ਜਿਸ ਦੇ ਨਾਲ ਨਾ ਸੈਂਪਲ ਭਰਨ ਵਾਲੇ ਨੂੰ ਤਕਲੀਫ

ਹੋਵੇ ਅਤੇ ਨਾ ਹੀ ਭਰਾਉਣ ਵਾਲੇ ਨੂੰ ਤੰਗੀ ਹੋਵੇ ਅਤੇ ਜਿਹੜਾ ਅਸਲ ਵਿਚ ਮਿਲਾਵਟ ਕਰਨ ਵਾਲਾ ਹੈ ਉਹ ਫੜਿਆ ਜਾ ਸਕੇ । ਇਹ ਮਿਲਾਵਟ ਸਾਡੇ ਸਮਾਜ ਨੂੰ ਨਸ਼ਟ ਕਰੀ ਜਾਂਦੀ ਹੈ ।

ਚੇਅਰਮੈਨ ਸਾਹਿਬ, ਸਮਾਜ ਵਿਚ ਇਕ ਤਰ੍ਹਾਂ ਰੇਸ ਲਗੀ ਹੋਈ ਹੈ ਕਿ ਪੈਸਾ ਇਕੱਠਾ ਕਰ ਲਈਏ । ਮਨੀ-ਮੇਕਿੰਗ ਦੀ ਰੇਸ ਚਲ ਪਈ ਹੈ । ਇਸ ਮਨੀ-ਮੇਕਿੰਗ ਲਈ ਚਾਹੇ ਉਸ ਨੂੰ ਸਮਾਜ ਦੀ ਇਨਸਾਨੀ ਜ਼ਿੰਦਗੀ ਨਾਲ ਕਿਉਂ ਨਾ ਖੇਲਣਾ ਪਵੇ, ਪਰ ਉਹ ਮਨੀ ਦੀ ਭੁੱਖ ਵਿਚ ਲਗਾ ਹੋਇਆ ਹੈ ਤੇ ਜਦ ਕਿਸੇ ਪਰਿਵਾਰ ਦੇ ਬਿਮਾਰ ਮੈਂਬਰ ਲਈ ਦਵਾਈ ਲਿਆਈ ਜਾਂਦੀ ਹੈ ਤਾਂ ਦਵਾਈ ਕੰਮ ਨਹੀਂ ਕਰਦੀ ਕਿਉਂਕਿ ਦਵਾਈ ਵਿਚ ਮਿਲਾਵਟ ਹੁੰਦੀ ਹੈ ਅਤੇ ਪਰਿਵਾਰ ਦਾ ਉਹ ਬਿਮਾਰ ਮੈਂਬਰ ਮਰ ਜਾਂਦਾ ਹੈ । ਇਸ ਤਰ੍ਹਾਂ ਦੇ ਮਿਲਾਵਟਖੋਰਾਂ ਨੂੰ ਪਕੜਨਾ ਚਾਹੀਦਾ ਹੈ । ਉਨ੍ਹਾਂ ਦਵਾਈਆਂ ਵਿਚ ਜ਼ਹਿਰ ਘੋਲੀ ਹੁੰਦੀ ਹੈ ਅਤੇ ਇਹ ਜ਼ਹਿਰ ਇਨਸਾਨੀ ਜ਼ਿੰਦਗੀ ਨੂੰ ਖ਼ਤਮ ਕਰ ਦਿੰਦੀ ਹੈ । ਇਸ ਚੀਜ਼ ਨੂੰ ਰੋਕਣ ਲਈ ਸਰਕਾਰ ਨੂੰ ਉਚੇਚੇ ਕਦਮ ਚੁੱਕਣੇ ਚਾਹੀਦੇ ਹਨ । ਸਰਕਾਰ ਨੂੰ ਮਿਲਾਵਟਖੋਰਾਂ ਦੇ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਸਾਰੀਆਂ ਚੀਜ਼ਾਂ ਦੀ ਚੈਕ-ਅਪ ਕਰਨ ਦੀ ਜ਼ਰੂਰਤ ਹੈ । ਜੋ ਇੰਡਸਟਰੀਜ਼ ਹਨ, ਜੋ ਮੈਨੂਫੈਕਚਰਿੰਗ ਕਰਦੀਆਂ ਹਨ । ਅਗਰ ਉਹ ਮਿਲਾਵਟ ਕਰਦੇ ਹਨ ਤਾਂ ਉਨ੍ਹਾਂ ਨਾਲ ਸਖਤੀ ਨਾਲ ਨਿਪਟਣਾ ਚਾਹੀਦਾ ਹੈ । ਭਾਵੇਂ ਕਿੱਡਾ ਵੱਡਾ ਵੀ ਆਦਮੀ ਕਿਉਂ ਨਾ ਹੋਵੇ ਔਰ ਕਿੱਡਾ ਵੱਡਾ ਵੀ ਸਮਾਏਦਾਰ ਕਿਉਂ ਨਾ ਹੋਵੇ, ਉਸ ਦੀ ਗਿੱਚੀ ਮਰੋੜਨੀ ਚਾਹੀਦੀ ਹੈ ਜੇ ਉਹ ਮਿਲਾਵਟ ਕਰਦਾ ਹੈ ਤਾਕਿ ਮਿਲਾਵਟ ਗਰੀਬ ਆਦਮੀ ਦਾ ਨੁਕਸਾਨ ਨਾ ਕਰ ਸਕੇ । ਹਰਿਆਣੇ ਵਿਚ ਨਕਲੀ ਸ਼ਰਾਬ ਦੇ ਨਾਲ ਬਹੁਤ ਸਾਰੀਆਂ ਮੌਤਾਂ ਹੋ ਗਈਆਂ । ਪੰਜਾਬ ਵਿਚ ਰਾਮਾਮੰਡੀ ਕੋਲ ਕਮਾਲੂ ਪਿੰਡ ਵਿਚ ਇੱਕ ਆਦਮੀ ਨੂੰ ਪਕੜਿਆ ਗਿਆ ਹੈ । ਇਹ ਪਿੰਡ ਡਿਸਟ੍ਰਿਕਟ ਬਠਿੰਡੇ ਵਿਚ ਪੈਂਦਾ ਹੈ । ਉਥੇ ਲੇਬਲ ਵੀ ਡੁਪਲੀਕੇਟ ਪਕੜੇ ਗਏ । ਉਥੋਂ ਢੋਲ ਵੀ ਪਕੜੇ ਗਏ ਸਨ । ਉਸ ਆਦਮੀ ਨੂੰ, ਚੇਅਰਮੈਨ ਸਾਹਿਬ, ਪਕੜ ਲਿਆ ਗਿਆ । ਮੈਂ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਸ ਪਾਸੇ ਕਦਮ ਚੁੱਕਿਆ ਹੈ । ਜਿਹੜੇ ਲੋਕ, ਲੋਕਾਂ ਦੀ ਜਿੰਦਗੀ ਦੇ ਨਾਲ ਖੇਡਦੇ ਹਨ, ਉਨ੍ਹਾਂ ਨੂੰ ਜ਼ਰੂਰ ਪਕੜਨਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਮੈਂ ਗੋਡਾਊਨਜ਼ ਦੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਵਿਚ ਖਾਣ ਪੀਣ ਦਾ ਮਾਲ ਭਰਿਆ ਜਾਂਦਾ ਹੈ । ਉਨ੍ਹਾਂ ਦੀ ਦੇਖਭਾਲ ਕਰਨੀ ਨਿਹਾਇਤ ਹੀ ਜ਼ਰੂਰੀ ਹੈ । ਜਿਨ੍ਹਾਂ ਗੋਡਾਊਨਜ਼ ਵਿਚ ਚੌਲ ਭਰੇ ਜਾਂਦੇ ਹਨ ਉਥੇ ਮੈਂ ਅਖੀਂ ਦੇਖਿਆ ਹੈ ਕਿ ਚੌਲ ਕੱਢਕੇ ਕਬੂਤਰਾਂ ਦੀਆਂ ਬਿਠਾਂ ਪਾਈਆਂ ਜਾਂਦੀਆਂ ਹਨ ਜਾਂ ਪਾਣੀ ਸੁੱਟਿਆ ਜਾਂਦਾ ਹੈ ਤਾਕਿ ਵਜ਼ਨ ਭਾਰੀ ਹੋ ਜਾਵੇ । ਇਸ ਲਈ ਇਨ੍ਹਾਂ ਗੋਡਾਊਨਜ਼ ਦੀ ਦੇਖਭਾਲ ਕਰਨੀ ਬਹੁਤ ਹੀ ਜ਼ਰੂਰੀ ਹੈ । ਹਲਦੀ, ਮਿਰਚ ਅਤੇ ਹੋਰ ਚੀਜ਼ਾਂ ਵਿਚ ਮਿਲਾਵਟ ਹੋ ਰਹੀ ਹੈ । ਇਨ੍ਹਾਂ ਦੀ ਸਪੈਸ਼ਲ ਚੈਕਿੰਗ ਕਰਨ ਦੀ ਜ਼ਰੂਰਤ ਹੈ । ਜਿਸ ਵੇਲੇ ਚੈਕਿੰਗ ਕੀਤੀ ਜਾਵੇ ਉਸ ਵੇਲੇ ਸੋਸ਼ਲ ਵਰਕਰਾਂ ਨੂੰ ਅਤੇ ਵਾਲੰਟਰੀ ਆਰਗੇਨਾਈਜ਼ੇਸ਼ਨਜ਼ ਦੇ ਲੋਕਾਂ ਨੂੰ ਨਾਲ ਲਿਆ ਜਾਵੇ ਅਤੇ ਸੈਂਪਲ ਭਰਿਆ ਜਾਵੇ । ਇਸ ਨਾਲ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਹੋਵੇਗੀ ਕਿਉਂਕਿ ਜਦੋਂ ਸੈਂਪਲ ਭਰੇ ਜਾਂਦੇ ਹਨ ਤਾਂ ਬਾਅਦ ਵਿਚ ਟੀਕਾ ਟਿਪਣੀ ਹੁੰਦੀ ਹੈ । ਲੋਕਾਂ ਨੂੰ ਸ਼ੁਧ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ । ਸ਼੍ਰੀ ਭਗਵਾਨ ਦਾਸ ਜੀ ਨੇ ਕਿਹਾ ਹੈ ਕਿ ਮੂੰਗੀ, ਰਾਜਮਾਹ ਆਦਿ ਦੇ ਸੈਂਪਲ ਭਰਨ ਦੀ ਜ਼ਰੂਰਤ ਹੀ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਚੀਜ਼ਾਂ ਵਿਚ ਕੂੜਾ ਕਰਕਟ ਮਿਲਾਇਆ ਜਾਂਦਾ ਹੈ । ਘਿਉ ਵਿੱਚ ਗਰੀਸ

[ਸ੍ਰੀ ਸੁਰਿੰਦਰ ਕਪੂਰ]

ਮਿਲਾਈ ਜਾਂਦੀ ਹੈ ਅਤੇ ਕਈਆਂ ਚੀਜ਼ਾਂ ਵਿਚ ਪਾਣੀ ਆਦਿ ਮਿਲਾਇਆ ਜਾਂਦਾ ਹੈ । (ਘੰਟੀ) ਚੇਅਰਮੈਨ ਸਾਹਿਬ, ਕਈ ਦਫਾ ਦੁੱਧ ਦਾ ਸੈਂਪਲ ਭਰਿਆ ਜਾਂਦਾ ਹੈ । ਪਰ ਦੁੱਧ ਠੀਕ ਹੋਣ ਦੇ ਬਾਵਜੂਦ ਵੀ ਫੈਟ ਦੀ ਪੂਰੀ ਪਰਸੈਂਟੇਜ ਨਹੀਂ ਨਿਕਲਦੀ । ਸੈਸ਼ਨ ਜੱਜ ਨੇ ਖੁਦ ਮੱਝ ਦਾ ਦੁੱਧ ਸਾਹਮਣੇ ਚੁਆ ਕੇ ਫੈਟ ਦੀ ਪਰਸੈਂਟੇਜ ਦੇਖੀ ਤਾਂ ਵੀ ਪਰਸੈਂਟੇਜ ਪੂਰੀ ਨਹੀਂ ਆ ਸਕੀ । ਇਸ ਤਰ੍ਹਾਂ, ਚੇਅਰਮੈਨ ਸਾਹਿਬ, ਕਈ ਬੇਗੁਨਾਹਾਂ ਨੂੰ ਜੇਲ੍ਹਾਂ ਅੰਦਰ ਕਰ ਦਿੱਤਾ ਜਾਂਦਾ ਹੈ । ਇਸ ਚੀਜ਼ ਦਾ ਖਿਆਲ ਰਖਣਾ ਚਾਹੀਦਾ ਹੈ ਕਿ ਕਿਸੇ ਵੀ ਗਰੀਬ ਬੇਗੁਨਾਹ ਆਦਮੀ ਨੂੰ ਸਜ਼ਾ ਨਾ ਮਿਲੇ । ਬਠਿੰਡੇ ਵਿਚ ਜੋ ਲੈਬਾਰੇਟਰੀ ਸੈਂਪਲ ਟੈਸਟ ਕਰਨ ਦੀ ਹੈ ਉਸ ਤੇ ਪੰਜਾਬ ਸਰਕਾਰ ਦਾ ਢਾਈ-ਤਿੰਨ ਲੱਖ ਰੁਪਿਆ ਲਗਿਆ ਹੈ । ਇਹ ਲੈਬਾਰੇਟਰੀ 1972 ਵਿਚ ਲਗੀ ਸੀ ਪਰ 1976 ਵਿਚ ਇਸ ਵਿਚ ਕੰਮ ਹੋਣਾ ਸ਼ੁਰੂ ਹੋ ਗਿਆ । 1978 ਵਿਚ ਇਹ ਲੈਬਾਰੇਟਰੀ ਫਿਰ ਬੰਦ ਹੋ ਗਈ ਕਿਉਂਕਿ ਐਨਾਲਿਸਟ ਉਥੇ ਨਹੀਂ ਪਹੁੰਚ ਸਕਿਆ । ਗੌਰਮਿੰਟ ਨੇ ਕਾਫੀ ਰੁਪਿਆ ਉਥੇ ਇਨਵੈਸਟ ਕੀਤਾ ਹੋਇਆ ਹੈ । ਇਸ ਲਈ ਉਥੇ ਸਟਾਫ ਭੇਜਣ ਦੀ ਖੇਚਲ ਕਰਨ ਤਾਕਿ ਉਥੇ ਦੀ ਲੈਬਾਰੇਟਰੀ ਵਿਚ ਸੈਂਪਲ ਟੈਸਟ ਹੋ ਸਕਣ ।

ਸਰਦਾਰ ਗੁਰਦੇਵ ਸਿੰਘ ਬਾਦਲ : (ਪੰਜ ਗਰਾਈਂ, ਐਸ. ਸੀ.) ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ । ਅੱਜ ਪੰਜਾਬ ਦੀ ਸਰਕਾਰ ਵਿਚ ਕੇਵਲ ਇੱਕੋ ਇੱਕ ਮੰਤਰੀ ਹੈ ਜਿਸ ਦਾ ਲੋਕ ਸਤਿਕਾਰ ਕਰਦੇ ਹਨ ਅਤੇ ਜਿਸ ਨੂੰ ਪਿਆਰ ਕਰਦੇ ਹਨ । ਲੋਕਾਂ ਨੂੰ ਇਸ ਮੰਤਰੀ ਤੇ ਬੜਾ ਹੀ ਭਰੋਸਾ ਹੈ । ਇਨ੍ਹਾਂ ਨੇ ਇਹ ਇੱਕ ਚੰਗਾ ਕਦਮ ਉਠਾਇਆ ਹੈ । ਇਥੇ ਬਹੁਤ ਰੌਲਾ ਪਾਇਆ ਗਿਆ ਕਿ ਪੀਸੀਆਂ ਹੋਈਆਂ ਚੀਜ਼ਾਂ ਵਿਚ ਮਿਲਾਵਟ ਬਹੁਤ ਜ਼ਿਆਦਾ ਹੁੰਦੀ ਹੈ ! ਮੈਨੂੰ ਪੂਰਾ ਵਿਸ਼ਵਾਸ ਹੋ ਗਿਆ ਹੈ ਕਿ ਪੀਸੀਆਂ ਹੋਈਆਂ ਚੀਜ਼ਾਂ ਵਿਚ ਹੁਣ ਮਿਲਾਵਟ ਨਹੀਂ ਹੋਵੇਗੀ ਕਿਉਂਕਿ ਬਿਜਲੀ ਦਾ ਤਾਂ ਬੋਲੇ ਸੋ ਨਿਹਾਲ ਹੋ ਗਿਆ ਹੈ । ਹੁਣ ਨਾ ਚੱਕੀਆਂ, ਚੇਅਰਮੈਨ ਸਾਹਿਬ, ਚਲਣ ਅਤੇ ਨਾ ਹੀ ਮਿਲਾਵਟ ਹੋਵੇ । ਜਦੋਂ ਚੱਕੀਆਂ ਹੀ ਨਹੀਂ ਚਲਣਗੀਆਂ ਤਾਂ ਮਿਲਾਵਟ ਕਿਸ ਤਰ੍ਹਾਂ ਹੋਵੇਗੀ । ਮੇਰੇ ਦੋਸਤਾਂ ਨੂੰ ਇਸ ਗੱਲ ਦਾ ਗੁਸਾ ਜ਼ਰੂਰ ਆਵੇਗਾ । ਚੇਅਰਮੈਨ ਸਾਹਿਬ, ਸਾਡਾ ਹਾਊਸ ਚਲਦੇ ਨੂੰ ਕਾਫੀ ਸਮਾਂ ਹੋ ਗਿਆ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮਿਲਾਵਟ ਦੀ ਜੜ੍ਹ ਕੌਣ ਹੈ । ਜਿਥੇ ਲੋਕ ਸਾਨੂੰ ਵੋਟਾਂ ਪਾਕੇ ਇਥੇ ਚੁਣ ਕੇ ਭੇਜਦੇ ਹਨ ਉਥੇ ਕਈ ਸਾਡੇ ਦੋਸਤ ਇਲੈਕਸ਼ਨਾਂ ਵੇਲੇ ਸਾਨੂੰ ਆਪਣੀਆਂ ਜੀਪਾਂ ਦਿੰਦੇ ਹਨ, ਪੈਟਰੋਲ ਅਤੇ ਡੀਜ਼ਲ ਵੀ ਦਿੰਦੇ ਹਨ । ਇਸ ਬਾਰੇ, ਚੇਅਰਮੈਨ ਸਾਹਿਬ, ਸਭ ਨੂੰ ਪਤਾ ਹੈ । ਜਦੋਂ ਅਸੀਂ ਇਲੈਕਟ ਹੋ ਕੇ ਇਥੇ ਅਸੈਂਬਲੀ ਵਿਚ ਆਉਂਦੇ ਹਾਂ ਤਾਂ ਫਿਰ ਇੱਕ, ਦੋ ਮਹੀਨਿਆਂ ਵਿਚ ਹੀ ਫੀਏਟ ਕਾਰ ਮਿਲ ਜਾਂਦੀ ਹੈ । ਉਹ ਫੀਏਟ ਕਾਰ ਤੁਹਾਨੂੰ ਕੌਣ ਦਿੰਦਾ ਹੈ । ਪਿੰਡਾਂ ਵਿਚ 80-85 % ਲੋਕ ਗਰੀਬ ਜਿਹੜੇ ਰਹਿੰਦੇ ਹਨ, ਉਹ ਫੀਏਟ ਕਾਰ ਨਹੀਂ ਦਿੰਦੇ । ਕੋਈ ਗਰੀਬ ਜੱਟ ਜਾਂ ਖੇਤੀਬਾੜੀ ਕਰਨ ਵਾਲਾ ਫੀਏਟ ਕਾਰ ਨਹੀਂ ਸਾਨੂੰ ਦਿੰਦਾ ਨਾ ਹੀ ਕਈ ਛੋਟਾ ਮੁਲਾਜ਼ਮ ਜਾਂ ਦੁਕਾਨਦਾਰ ਦੇ ਸਕਦਾ ਹੈ । ਉਹ ਫੀਏਟ ਕਾਰ ਕੌਣ ਦਿੰਦਾ ਹੈ ? ਜਿਹੜਾ ਕਿ ਘਿਉ ਵਿਚ ਗਰੀਸ ਮਿਲਾਉਂਦਾ ਹੈ ਜਾਂ ਜਿਹੜੇ ਵੱਡੇ ਵੱਡੇ ਫੈਕਟਰੀਆਂ ਵਾਲੇ ਹਨ ਜਿਹੜੇ ਮਿਲਾਵਟ ਕਰਦੇ ਹਨ, ਉਹ ਫੀਏਟ ਕਾਰ ਦਿੰਦੇ ਹਨ । ਬਟਾਲਾ ਅਤੇ ਪਠਾਨਕੋਟ ਵਿਚ ਚੋਲਾਂ ਦੀ ਫੱਕ ਨੂੰ ਰੰਗ ਕੇ ਚਾਹ ਬਣ ਰਹੀ ਸੀ । ਉਸ ਫੈਕਟਰੀ ਤੇ ਛਾਪਾ ਮਾਰਿਆ ਗਿਆ ਪਰ ਕੋਈ ਸਜ਼ਾ ਫੈਕਟਰੀ ਦੇ ਮਾਲਕ ਨੂੰ ਨਹੀਂ ਹੋਈ ਕਿਉਂਕਿ, ਚੇਅਰਮੈਨ ਸਾਹਿਬ,

ਸਰਕਾਰ ਦੇ ਕਾਨੂੰਨ ਢਿੱਲੇ ਹਨ । ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਮਿਲਾਵਟ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ । ਉਨ੍ਹਾਂ ਨੂੰ ਸਖਤ ਸਜ਼ਾ ਦੇਣ ਲਈ ਬਿਲ ਹਾਊਸ ਵਿਚ ਲਿਆਓ ਅਤੇ ਉਸ ਨੂੰ ਪਾਸ ਕਰੋ । ਕੋਈ ਵੀ ਮਿਲਾਵਟ ਕਰਨ ਵਾਲਾ ਜੇ ਪਕੜਿਆ ਜਾਵੇ ਤਾਂ ਉਸ ਨੂੰ ਇਕ ਕਾਤਲ ਤੋਂ ਵੱਧ ਸਜ਼ਾ ਮਿਲੇ ਅਤੇ ਕਿਸੇ ਦਾ ਕੋਈ ਵੀ ਲਿਹਾਜ਼ ਨਾ ਕੀਤਾ ਜਾਵੇ । ਜੇਕਰ ਕੋਈ ਮਿਲਾਵਟ ਕਰਨ ਵਾਲੇ ਦਾ ਸਾਥ ਦਿੰਦਾ ਹੈ ਤਾਂ ਉਸ ਨੂੰ ਉਸ ਤੋਂ ਵੀ ਵੱਧ ਸਜ਼ਾ ਦਿਤੀ ਜਾਵੇ ਤਾਂ, ਚੇਅਰਮੈਨ ਸਾਹਿਬ, ਕਿਸੇ ਦੀ ਵੀ ਜੁਰਅਤ ਨਹੀਂ ਹੋਵੇਗੀ ਕਿ ਉਹ ਮਿਲਾਵਟ ਕਰ ਸਕੇ । ਚੇਅਰਮੈਨ ਸਾਹਿਬ, ਕਾਫੀ ਸਮੇਂ ਤੋਂ ਹਾਊਸ ਚਲ ਰਿਹਾ ਹੈ ਅਤੇ ਮੈਂ ਗੌਰ ਨਾਲ ਵੇਖ ਰਿਹਾ ਹਾਂ ਕਿ ਅੱਜ ਸੂਟ ਹੋਰ ਪਾਇਆਂ ਹੈ ਅਤੇ ਕੱਲ੍ਹ ਨੂੰ ਹੋਰ ਸੂਟ ਪਾਇਆ ਹੈ ਅਤੇ ਪਰਸੋਂ ਹੋਰ ਅਤੇ ਚੌਥੇ ਹੋਰ । ਇਸ ਗੱਲ ਦਾ ਸਾਹਮਣੇ ਬੈਠੇ ਭਰਾਵਾਂ ਨੂੰ ਗੁੱਸਾ ਲਗੇਗਾ । ਇੱਕ ਸ਼ਰਾਬ ਬਣਾਉਣ ਵਾਲੀ ਜਾਹਲੀ ਫੈਕਟਰੀ ਉਥੇ ਪਕੜੀ ਗਈ ਹੈ । ਮੈਂ, ਚੇਅਰਮੈਨ ਸਾਹਿਬ, ਸ਼ਰਾਬ ਪੀਂਦਾ ਨਹੀਂ ਹਾਂ । ਮੈਂ ਸਦਨ ਵਿਚ ਵੀ ਬੜੇ ਮਾਣ ਨਾਲ ਕਹਿੰਦਾ ਹਾਂ ਕਿ, ਇਥੇ ਬੜੇ ਪੁਰਾਣੇ ਸੱਜਣ ਐਮ. ਐਲ. ਏਜ਼. ਬੈਠੇ ਹਨ ਇਨ੍ਹਾਂ ਨੂੰ ਪਤਾ ਹੈ ਕਿ ਮੈਂ ਪੁਰਾਣਾ ਐਮ.ਐਲ.ਏ. ਹਾਂ ਔਰ ਜਿੰਨੀ ਵਾਰੀ ਮੈਂ ਇਲੈਕਸ਼ਨ ਲੜੇ ਹਨ ਉਤਨੀ ਵਾਰੀ ਹੀ ਵਾਹਿਗੁਰੂ ਦੀ ਕ੍ਰਿਪਾ ਨਾਲ ਮੈਂ ਜਿੱਤ ਕੇ ਆਇਆ ਹਾਂ, ਮੈਨੂੰ ਇਸ ਗਲ ਦਾ ਮਾਣ ਹੈ ਕਿ ਸ਼ਰਾਬ ਦਾ ਮੈਨੂੰ ਸਵਾਦ ਤਕ ਨਹੀਂ ਪਤਾ ਕਿ ਇਹ ਕਿਹੋ ਜਿਹਾ ਹੁੰਦਾ ਹੈ । ਲੁਧਿਆਣਾ ਵਿਚ ਸ਼ਰਾਬ ਬਣਾਉਣ ਵਾਲੀ ਜਾਹਲੀ ਫੈਕਟਰੀ ਪਕੜੀ ਗਈ ਹੈ (ਵਿਘਨ)

ਕਾਮਰੇਡ ਦਯਾ ਸਿੰਘ : ** ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਗੁਰਦੇਵ ਸਿਘ ਬਾਦਲ : ਮੈਂ ਦੱਸ ਰਿਹਾ ਸੀ ਕਿ ਮੈਂ ਸ਼ਰਾਬ ਆਪ ਪੀਂਦਾ ਨਹੀਂ ਹਾਂ ਪਰ ਲੁਧਿਆਣਾ ਵਿਚ ਇੱਕ ਜਾਹਲੀ ਸ਼ਰਾਬ ਬਣਾਉਣ ਵਾਲੀ ਫੈਕਟਰੀ ਪਕੜੀ ਗਈ ਹੈ ਔਰ ਜੇਕਰ ਹੁਕਮ ਕਰੋ ਤਾਂ ਦੱਸਾਂ ਕਿ ਕਿਹੜੇ ਕਿਹੜੇ ਬੰਦਿਆਂ ਨੂੰ ਲੁਧਿਆਣੇ ਵਿਖੇ ਛੁੜਵਾਇਆ ਗਿਆ ਹੈ । ਜੇਕਰ ਆਗਿਆ ਹੋਵੇ ਤਾਂ ਮੈਂ ਉਨ੍ਹਾਂ ਦੇ ਨਾਂ ਲੈ ਦਿਆਂ । ਤੁਹਾਡਾ ਹੁਕਮ ਨਹੀਂ ਇਸ ਲਈ ਮੈਂ ਨਾਂ ਨਹੀਂ ਲੈਂਦਾ । ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਅੰਮ੍ਰਿਤਸਰ ਵਿਚ.... (ਵਿਘਨ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਆਨ ਏ ਪੁਆਇੰਟ ਆਫ ਆਰਡਰ, ਸਰ । ਇਥੇ ਇਨ੍ਹਾਂ ਨੇ ਲੁਧਿਆਣੇ ਦਾ ਜ਼ਿਕਰ ਕੀਤਾ ਹੈ । ਬਾਦਲ ਸਾਹਿਬ ਨੇ ਕੋਈ ਗਲਤ ਗਲ ਨਹੀਂ ਕੀਤੀ । ਮੈਂ ਅਰਜ਼ ਕਰਨ ਲਗਿਆ ਹਾਂ ਕਿ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਲੁਧਿਆਣਾ ਵਿਚ ਕੁਝ ਬੰਦਿਆਂ ਨੂੰ ਜੋ ਕਿ ਨਾਜਾਇਜ਼ ਸ਼ਰਾਬ ਦਾ ਧੰਦਾ ਕਰਦੇ ਸਨ ਉਨ੍ਹਾਂ ਨੂੰ ਛੁੜਵਾਇਆ ਗਿਆ ਹੈ । ਇਸ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਲੁਧਿਆਣਾ ਦਾ ਰਹਿਣ ਵਾਲਾ ਹਾਂ । ਕਪੂਰ ਸਾਹਿਬ ਵੀ ਬੈਠੇ ਹਨ, ਇਹ ਵੀ ਲੁਧਿਆਣਾ ਦੇ ਰਹਿਣ ਵਾਲੇ ਹਨ । ਇਸ ਦਾ ਰਿਫਲੈਕਸ਼ਨ ਸਾਡੇ ਤੇ ਆ ਸਕਦਾ ਹੈ । ਇਸ ਲਈ ਇਹ ਨਾਂ ਲੈ ਦੇਣ, ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ ।

**Expunged as ordered by the Chair.

ਸ੍ਰੀ ਸਭਾਪਤੀ : ਇਨ੍ਹਾਂ ਦਾ ਇਸ਼ਾਰਾ ਤੁਹਾਡੇ ਵੱਲ ਨਹੀਂ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਸਮਝਦਾ ਹਾਂ ਕਿ ਸ੍ਰੀ ਸਰਦਾਰੀ ਲਾਲ ਕਪੂਰ ਜੋ ਕਿ ਬਹੁਤ ਹੀ ਅੱਛੇ ਆਦਮੀਂ ਹਨ, ਇਨ੍ਹਾਂ ਵਲ ਕੌਣ ਇਸ਼ਾਰਾ ਕਰ ਸਕਦਾ ਹੈ । ਹੋਰ ਬੜੇ ਗੰਗ ਹਨ । (ਵਿਘਨ) ਗੁਪਤਾ ਜੀ ਵੀ ਚੰਗੇ ਆਦਮੀਂ ਹਨ । ਇਨ੍ਹਾਂ ਨੇ ਆਪਣੇ ਆਪ ਨੂੰ ਐਵੇਂ ਹੀ ਸ਼ੱਕ ਵਿਚ ਪਾ ਦਿੱਤਾ ਹੈ । ਮੈਂ ਗੁਪਤਾ ਜੀ ਦਾ ਨਾਂ ਨਹੀਂ ਲਿਆ । ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਟੀਕੇ ਵੀ ਜਾਲ੍ਹੀ ਬਣ ਗਏ ਹਨ । ਤੁਸੀਂ ਸੁਣ ਕੇ ਦੁੱਖ ਮਹਿਸੂਸ ਕਰੋਗੇ ਕਿ ਸਾਡੇ ਇੱਕ ਨੌਜਵਾਨ, ਹੋਣਹਾਰ ਮੈਂਬਰ ਸਰਦਾਰ ਜਸਮਤ ਸਿੰਘ ਢਿਲੋਂ ਦੀ ਮਾੜਾ ਟੀਕਾ ਲਗਣ ਕਾਰਣ ਮੌਤ ਹੋਈ । ਉਨ੍ਹਾਂ ਨੂੰ ਜਿਹੜਾ ਟੀਕਾ ਉਸ ਵੇਲੇ ਲਗਾਇਆ ਗਿਆ ਉਹ ਮਾੜਾ ਸੀ । ਇਸ ਕਰਕੇ ਇਹੋ ਜਿਹੀਆਂ ਘਟਨਾਵਾਂ ਜਿਹੜੀਆਂ ਵਾਪਰਦੀਆਂ ਹਨ ਉਹ ਵੀ ਮਿਲਾਵਟ ਦੀ ਵਜ੍ਹਾ ਕਰਕੇ ਹੀ ਹੁੰਦੀਆਂ ਹਨ ।

ਗੁਲੂਕੋਸ ਜਾਨ ਬਚਾਉਣ ਵਾਸਤੇ ਹੁੰਦਾ ਹੈ । ਇਹ ਖੂਨ ਦੀ ਘਾਟ ਕਰਕੇ ਜਾਂ ਪਾਣੀ ਦੀ ਘਾਟ ਕਰਕੇ ਵੀ ਮਰੀਜ਼ ਨੂੰ ਲਗਾਇਆ ਜਾਂਦਾ ਹੈ । ਉਸ ਵਿਚ ਵੀ ਮਿਲਾਵਟ ਨਿਕਲੇ ਤਾਂ ਮੈਂ ਸਮਝਦਾ ਹਾਂ ਕਿ ਇਹ ਇਕ ਲਾਹਨਤ ਹੈ । ਪੈਸਾ ਕਿਸੇ ਹੋਰ ਢੰਗ ਨਾਲ ਕਮਾਇਆ ਜਾ ਸਕਦਾ ਹੈ । ਪਰ ਜਿਹੜਾ ਲੋਕਾਂ ਦੀਆਂ ਜਾਨਾਂ ਨਾਲ ਖੇਲ੍ਹ ਕੇ ਪੈਸਾ ਕਮਾਇਆ ਜਾਂਦਾ ਹੈ ਉਨ੍ਹਾਂ ਦੀ ਔਲਾਦ ਚੰਗੀ ਨਹੀਂ ਹੋ ਸਕਦੀ ਹੈ ਔਰ ਜਦੋਂ ਉਨ੍ਹਾਂ ਦਾ ਪਾਪ ਦਾ ਬੇੜਾ ਭਰ ਜਾਂਦਾ ਹੈ ਤਾਂ ਸਾਰਾ ਬੇੜਾ ਹੀ ਉਨ੍ਹਾਂ ਦਾ ਗਰਕ ਹੋ ਜਾਂਦਾ ਹੈ । ਇਸ ਨੂੰ ਰੋਕਣ ਲਈ ਮੈਂ ਆਪਣੇ ਭਾਈਚਾਰੇ ਨੂੰ ਕਹਾਂਗਾ ਕਿ ਇਸ ਵਿਚ ਦਖਲ ਨਾ ਦਿਆ ਕਰਨ । ਲੁਧਿਆਣਾ ਵਿਚ ਸਿਧਵਾਂ ਬੇਟ ਵਿਚ ਥਾਣਾ ਹੈ । ਉਥੇ ਇਕ ਟਰੱਕ ਡੋਡਿਆਂ ਦਾ ਪਕੜਿਆ ਗਿਆ । ਨਾਜਾਇਜ਼ ਸ਼ਰਾਬ ਬਣਾਉਣ ਵਾਸਤੇ ਗੁੜ ਦੇ ਟਰੱਕ ਭਰੇ ਜਾਂਦੇ ਹਨ ਪਰ ਉਨ੍ਹਾਂ ਨੂੰ ਕੋਈ ਨਹੀਂ ਰੋਕਦਾ । ਉਨ੍ਹਾਂ ਨੂੰ ਕੋਈ ਹੱਥ ਨਹੀਂ ਪਾਉਂਦਾ, ਇਨ੍ਹਾਂ ਲੋਕਾਂ ਦੀ ਐਪਰੋਚ ਪੁਲਿਸ ਤੋਂ ਲੈ ਕੇ ਵੱਡੇ ਵੱਡੇ ਆਦਮੀਆਂ ਤੱਕ ਹੁੰਦੀ ਹੈ । ਇਹ ਸਾਰੇ ਲੋਕਾਂ ਨੂੰ ਮਾਰ ਰਹੇ ਹਨ । ਇਹ ਜੋ ਘਟਨਾਵਾਂ ਵਾਪਰ ਰਹੀਆਂ ਹਨ, ਇਸ ਨੂੰ ਰੋਕਣ ਵਾਸਤੇ ਸਾਨੂੰ ਤਕੜੇ ਹੋ ਕੇ ਸਟੈਂਡ ਲੈਣਾ ਚਾਹੀਦਾ ਹੈ । ਪਰ ਬਦਕਿਸਮਤੀ ਦੀ ਗੱਲ ਹੈ ਕਿ ਜੋ ਵੀ ਸਮੇਂ ਦਾ ਚੀਫ ਮਨਿਸਟਰ ਹੁੰਦਾ ਹੈ ਜਦੋਂ ਇਹ ਮਿਲਾਵਟ ਕਰਨ ਵਾਲੇ ਲੋਕ ਪਕੜੇ ਜਾਂਦੇ ਹਨ ਤਾਂ ਇਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਫੀਏਟ ਕਾਰਾਂ ਪਹਿਲਾਂ ਹੀ ਦਿੱਤੀਆਂ ਹੋਈਆਂ ਹੁੰਦੀਆਂ ਹਨ । ਅਗਰ ਇਨ੍ਹਾਂ ਤੇ ਫਿਰ ਵੀ ਕੋਈ ਐਕਸ਼ਨ ਲਿਆ ਜਾਂਦਾ ਹੈ ਤਾਂ ਉਹ ਇਥੋਂ ਤੱਕ ਕਹਿ ਦਿੰਦੇ ਹਨ ਕਿ ਉਸ ਨੇ ਚੀਫ ਮਨਿਸਟਰੀ ਤੋਂ ਲਹਿਣਾ ਹੈ ਜਾਂ ਰਹਿਣਾ ਹੈ । ਕੋਈ ਵਜ਼ੀਰ ਹੁੰਦਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਤੂੰ ਵਜ਼ੀਰ ਰਹਿਣਾ ਹੈ ਜਾਂ ਨਹੀਂ । ਐਮ. ਐਲ. ਏਜ਼. ਉਸ ਨੂੰ ਕਹਿੰਦੇ ਹਨ ਕਿ ਤੇਰੀ ਕਾਰ ਅੱਗੇ ਝੰਡੀ ਸਾਡੇ ਕਰਕੇ ਹਿਲਦੀ ਹੈ । ਇਸ ਕਰਕੇ ਇਹ ਲੋਕ ਵਜ਼ੀਰ ਨੂੰ ਕਹਿੰਦੇ ਹਨ ਕਿ ਤੈਨੂੰ ਇਹ ਝੰਡੀ ਵਾਲੀ ਕਾਰ ਚਾਹੀਦੀ ਹੈ ਜਾਂ ਨਹੀਂ । ਇਸੇ ਤਰ੍ਹਾਂ ਹੀ ਲੋਕ ਐਮ. ਐਲ. ਏਜ਼. ਨੂੰ ਕਹਿੰਦੇ ਹਨ ਕਿ ਤੂੰ ਐਮ.ਐਲ.ਏ. ਰਹਿਣਾ ਹੈ ਜਾਂ ਨਹੀਂ । ਅਸੀਂ ਤੈਨੂੰ ਚੁਣ ਕੇ ਭੇਜਿਆ ਹੈ । ਇਸ ਲਈ ਤੈਨੂੰ ਸਾਡੀ ਮਦਦ ਕਰਨੀ ਚਾਹੀਦੀ ਹੈ । ਜੇਕਰ ਇਸ ਤਰ੍ਹਾਂ ਦੀ ਮਿਲਾਵਟ ਨੂੰ ਦੂਰ ਕੀਤਾ ਜਾਏਗਾ ਤਾਂ ਹੀ ਕੁਝ ਹੋ ਸਕਦਾ ਹੈ ਔਰ ਲੋਕਾਂ ਦੀਆਂ ਜਾਨਾਂ ਵੀ ਬਚ ਸਕਦੀਆਂ ਹਨ ।

ਅਨੀ ਬੋਲਣ ਦੀ ਬੇਨਤੀ ਕਰਕੇ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ ।

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਵ) : ਚੇਅਰਮੈਨ ਸਾਹਿਬ, ਸਾਡੇ ਸਾਹਮਣੇ ਇਹ ਇਕ ਬੜਾ ਇੰਪਾਰਟੈਂਟ ਮਤਾ ਆਇਆ ਹੈ ਜਿਹੜਾ ਕਿ ਅਡੱਲਟਰੇਸ਼ਨ ਦੇ ਬਾਰੇ ਵਿੱਚ ਹੈ । ਮੇਰੇ ਸਾਥੀਆਂ ਨੇ ਬਹੁਤ ਸਾਰੀਆਂ ਗੱਲਾਂ ਤੁਹਾਡੇ ਸਾਹਮਣੇ ਰਖੀਆਂ ਹਨ । ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਅਡੱਲਟਰੇਸ਼ਨ ਬਾਰੇ ਇਥੇ ਅੱਗੇ ਹੀ ਕਾਫੀ ਕੁਝ ਕਿਹਾ ਗਿਆ ਹੈ । ਮੈਂ ਵੀ ਮਿਰਚਾਂ ਔਰ ਮਸਾਲਿਆਂ ਦੀ ਗੱਲ ਕਰਨਾ ਚਾਹੁੰਦਾ ਹਾਂ । ਚੇਅਰਮੈਨ ਸਾਹਿਬ, ਪੰਜਾਬ ਵਿਚ ਐਨੀਆਂ ਫੈਕਟਰੀਆਂ ਲਗੀਆਂ ਹਨ । ਮੈਂ ਪੀਸੀ ਹੋਈ ਹਲਦੀ ਦੇ ਬਾਰੇ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਪੀਸੀ ਹੋਈ ਹਲਦੀ ਸਸਤੀ ਮਿਲਦੀ ਹੈ ਅਤੇ ਹਲਦੀ ਦੀ ਗੱਠ ਮਹਿੰਗੀ ਮਿਲਦੀ ਹੈ । ਇਸ ਦੀ ਵਜ੍ਹਾ ਇਹ ਹੈ ਕਿ ਕੋਈ ਵੀ ਪੀਸੀ ਹੋਈ ਚੀਜ਼ ਲੈ ਲਓ ਉਸ ਵਿਚ ਅਡੱਲਟਰੇਸ਼ਨ ਕੀਤੀ ਹੋਈ ਹੋਵੇਗੀ । ਇਸ ਲਈ ਮੈਂ ਖਾਣ ਪੀਣ ਦੀਆਂ ਚੀਜ਼ਾਂ ਦੀ ਗੱਲ ਨਹੀਂ ਕਰਦਾ । ਮੈਂ ਤਾਂ ਇਹ ਕਹਿੰਦਾ ਹਾਂ ਕਿ ਸੀਮਿੰਟ ਹੀ ਲੈ ਲਓ । ਇਸ ਵਿਚ ਵੀ ਕਾਫੀ ਅਡੱਲਟਰੇਸ਼ਨ ਹੈ । ਪਿਛੇ ਜਿਹੇ ਇਕ ਮਕਾਨ ਜੋ ਕਿ ਸੀਮਿੰਟ ਨਾਲ ਬਣਿਆ ਹੋਇਆ ਸੀ ਉਸ ਦੀ ਛੱਤ ਗਿਰਨ ਨਾਲ ਸਾਰੇ ਬੰਦੇ ਮਰ ਗਏ ਪਰ ਕੋਈ ਵੀ ਆਦਮੀ ਗਰਿਫਤਾਰ ਨਹੀਂ ਕੀਤਾ ਗਿਆ । ਪਤਾ ਨਹੀਂ ਕੀ ਗੱਲ ਹੈ, ਉਸ ਕੇਸ ਦਾ ਕੀ ਬਣਿਆ ? ਅਜਿਹੇ ਕੇਸਿਜ਼ ਵਿੱਚ ਸਾਰੇ ਪੁਲੀਟੀਕਲ ਆਦਮੀ ਪੈ ਜਾਂਦੇ ਹਨ ਔਰ ਉਨ੍ਹਾਂ ਦੀ ਮੱਦਦ ਕਰਦੇ ਹਨ । ਇਹ ਟਰੇਡ ਦੁਬਾਰਾ ਸ਼ੁਰੂ ਹੋ ਗਈ ਹੈ । ਸਰਦਾਰ ਦਰਬਾਰਾ ਸਿੰਘ ਨੇ ਬੜੀ ਕੋਸ਼ਿਸ਼ ਕੀਤੀ ਕਿ ਇਹ ਟਰੇਡ ਨਾ ਚਲੇ ਮਗਰ ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸੀਮਿੰਟ ਦੀ ਟਰੇਡ ਫਿਰ ਉਸੇ ਤਰ੍ਹਾਂ ਚਲ ਰਹੀ ਹੈ, ਜਾਲ੍ਹੀ ਸੀਮਿੰਟ ਬਣ ਰਿਹਾ ਹੈ । ਸੀਮਿੰਟ ਮਿਸਯੂਜ਼ ਹੋ ਜਾਂਦਾ ਹੈ । ਪਿਛੇ ਜਿਹੇ 26 ਹਜ਼ਾਰ ਬੋਰੀ ਫੜੀ ਗਈ । ਉਸ ਦਾ ਮੁਕੱਦਮਾ ਚੱਲਿਆ ਪਰ ਹੁਣ ਪਤਾ ਲੱਗਾ ਹੈ ਕਿ ਮੁਕੱਦਮਾ ਛੁਡਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਹ ਜਿਹੜੀ ਅਡੱਲਟਰੇਸ਼ਨ ਹੁੰਦੀ ਹੈ ਇਸ ਵਿਚ ਸਾਡੇ ਪੁਲੀਟੀਕਲ ਆਦਮੀ ਜਾ ਕੇ ਸ਼ੇਅਰ-ਹੋਲਡਰ ਹੋ ਜਾਂਦੇ ਹਨ । ਉਹ ਉਨ੍ਹਾਂ ਦੀ ਮੱਦਦ ਕਰਦੇ ਹਨ ਜਿਸ ਦਾ ਨਤੀਜਾ ਇਹ ਹੋਂਦਾ ਹੈ ਕਿ ਸਾਰੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਹੁੰਦੀ ਹੈ। ਤੁਸੀਂ ਆਈਸ-ਕਰੀਮ ਵੱਲ ਹੀ ਵੇਖ ਲਵੋ । ਸਕੂਲਾਂ ਦੇ ਬੱਚੇ ਇਸ ਨੂੰ ਖਾਂਦੇ ਹਨ । ਆਈਸ-ਕਰੀਮ ਬੰਦ ਕੀਤੀ ਜਾਂਦੀ ਹੈ ਪਰ ਫਿਰ ਇਹ ਚੱਲਣ ਲੱਗ ਪੈਂਦੀ ਹੈ । ਚੇਅਰਮੈਨ ਸਾਹਿਬ, ਬੇਸਿਕ ਗੱਲ ਇਹ ਹੈ ਕਿ ਅਜੇ ਤੱਕ ਸਾਡੀ ਇਕਨਾਮਿਕ ਹਾਲਤ ਦੀ ਸੈਟਿੰਗ ਨਹੀਂ ਹੋ ਸਕੀ । ਇਕਨਾਮਿਕ ਹਾਲਤ ਦੇ ਨਤੀਜੇ ਵਜੋਂ ਦੋ ਚੀਜ਼ਾਂ ਹੁੰਦੀਆਂ ਹਨ ਇਕ ਤਾਂ ਇਹ ਕਿ ਜਿਸ ਨੇ ਪੈਸਾ ਕਮਾਉਣਾ ਹੁੰਦਾ ਹੈ ਉਹ ਗਲਤ ਕੰਮ ਕਰਦਾ ਹੈ । ਫਿਰ ਪੈਸੇ ਦਾ ਲਾਲਚ ਵੱਧ ਜਾਂਦਾ ਹੈ ਅਤੇ ਫਿਰ ਉਹ ਹੋਰ ਕਮਾਈ ਕਰਦਾ ਹੈ । ਫਿਰ ਗਲਤ ਤਰੀਕੇ ਨਾਲ ਜ਼ਿਆਦਾ ਪੈਸਾ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਇਥੇ ਅਫੀਮ ਦੀ ਅਡੱਲਟਰੇਸ਼ਨ ਦੀ ਗੱਲ ਚਲੀ ਸੀ । ਅਕਾਲੀ ਰਾਜ ਵੇਲੇ ਅਫੀਮ ਫੜੀ ਗਈ ਸੀ ।

[ਸ੍ਰੀ ਓਮ ਪ੍ਰਕਾਸ਼ ਗੁਪਤਾ]

(ਵਿਘਨ) ਇਕ ਅਫਸਰ ਦੀ ਕਾਰ ਵਿਚੋਂ ਦੋ ਕੁਇੰਟਲ ਅਫੀਮ ਫੜੀ ਗਈ ਅਤੇ ਉਹ ਕਾਰ ਵੀ ਸਰਕਾਰੀ ਸੀ। ਹੁਣ ਉਸ ਨੂੰ ਗੁੜ ਬਣਾਇਆ ਜਾ ਰਿਹਾ ਹੈ। (ਤਾੜੀਆਂ) ਇਹ ਅਫੀਮ ਜਦ ਲੈਬਾਰੇਟਰੀ ਵਿਚ ਜਾਂਦੀ ਹੈ ਤਾਂ ਪਤਾ ਨਹੀਂ ਉਥੇ ਜਾ ਕੇ ਇਹ ਕਿਸ ਤਰ੍ਹਾਂ ਗੁੜ ਬਣ ਜਾਂਦੀ ਹੈ। ਫਿਰ ਅਫੀਮ ਬਾਜ਼ਾਰ ਵਿਚ ਮਿਲਦੀ ਹੈ ਅਤੇ ਮਿਲਾਵਟ ਵਾਲੀ ਮਿਲਦੀ ਹੈ। ਅਮਲੀ ਆਦਮੀ ਇਸ ਨੂੰ ਵਰਤਕੇ ਮਰ ਰਹੇ ਹਨ ਕਿਉਂਕਿ ਇਸ ਵਿਚ ਮਿਲਾਵਟ ਹੁੰਦੀ ਹੈ।

ਕੁਦਰਤ ਨੇ ਸਾਡੀ ਹੋਰ ਅਡੱਲਟਰੇਸ਼ਨ ਸ਼ੁਰੂ ਕਰ ਦਿੱਤੀ ਹੈ। ਅੱਜ ਏਅਰ ਪਾਲਿਊਸ਼ਨ ਹੋ ਰਹੀ ਹੈ। ਹਵਾ ਵਿਚ ਅਡੱਲਟਰੇਸ਼ਨ ਹੋ ਰਹੀ ਹੈ। ਪਾਣੀ ਵਿਚ ਅਡੱਲਟ-ਰੇਸ਼ਨ ਹੋ ਰਹੀ ਹੈ। ਹਵਾ ਅਤੇ ਪਾਣੀ ਜਿਹੜੇ ਕਿ ਇਨਸਾਨ ਵਾਸਤੇ ਅਤੇ ਜਾਨਵਰਾਂ ਵਾਸਤੇ ਬਹੁਤ ਜ਼ਰੂਰੀ ਹਨ ਉਨ੍ਹਾਂ ਦੋਨਾਂ ਵਿਚ ਅਡਲਟਰੇਸ਼ਨ ਹੋ ਰਹੀ ਹੈ। ਇਹ ਅਡੱਲਟਰੇਸ਼ਨ ਕੌਣ ਕਰ ਰਿਹਾ ਹੈ ? ਇਹ ਅਡੱਲਟਰੇਸ਼ਨ ਇਨਸਾਨ ਕਰ ਰਿਹਾ ਹੈ। ਇਸ ਨੂੰ ਰੋਕਣਾ ਚਾਹੀਦਾ ਹੈ। ਜੇ ਦੋ ਤਿੰਨ ਸਾਲ ਇਸੇ ਤਰ੍ਹਾਂ ਰਿਹਾ ਹੈ ਤਾਂ ਹਵਾ ਵਿੱਚ ਦੀ, ਪਾਣੀ ਵਿੱਚ ਦੀ ਜ਼ਹਿਰ ਇਨਸਾਨ ਵਿੱਚ ਆ ਜਾਵੇਗੀ।

ਸਰਦਾਰ ਗੁਰਦੇਵ ਸਿੰਘ ਬਾਦਲ: ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਗੁਪਤਾ ਜੀ ਕਹਿ ਰਹੇ ਹਨ ਕਿ ਹਵਾ ਵਿੱਚ ਜ਼ਹਿਰ ਫੈਲ ਰਹੀ ਹੈ ਅਤੇ ਪਾਣੀ ਵਿੱਚ ਵੀ ਜ਼ਹਿਰ ਫੈਲ ਰਹੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਵਜ਼ੀਰ ਬਣਨਾ ਹੈ ਉਨ੍ਹਾਂ ਦੇ ਹੌਕਿਆਂ ਨਾਲ ਜ਼ਹਿਰ ਫੈਲ ਗਈ ਹੈ। (ਥੰਪਿੰਗ)।

ਸ੍ਰੀ ਓਮ ਪ੍ਰਕਾਸ਼ ਗੁਪਤਾ: ਇਹ ਜਿਹੜੀਆਂ ਸਬਜ਼ੀਆਂ ਆਦਿ ਤੇ ਦਵਾਈਆਂ ਛਿੜਕੀਆਂ ਜਾਂਦੀਆਂ ਹਨ ਉਨ੍ਹਾਂ ਵਿਚ ਮਿਲਾਵਟ ਹੁੰਦੀ ਹੈ। ਜ਼ਹਿਰ ਹੁੰਦੀ ਹੈ ਅਤੇ ਸਬਜ਼ੀਆਂ ਆਦਿ ਰਾਹੀਂ ਇਨਸਾਨ ਵਿਚ ਜ਼ਹਿਰ ਫੈਲ ਰਹੀ ਹੈ। ਜੇ ਇਸੇ ਤਰ੍ਹਾਂ ਕੰਮ ਚਲਦਾ ਰਿਹਾ ਤਾਂ ਫਿਰ ਇਨਸਾਨ ਦੀ ਜ਼ਿੰਦਗੀ ਦਾ ਕੀ ਬਣੇਗਾ ? ਸਰਕਾਰ ਨੂੰ ਇਸ ਪਾਸੇ ਸੋਚਣ ਦੀ ਲੋੜ ਹੈ। ਇਥੇ ਮੇਰੇ ਸਾਥੀ ਬੈਠੇ ਨਹੀਂ ਹਨ, ਉਨ੍ਹਾਂ ਨੇ ਕਿਹਾ ਸੀ ਕਿ ਦਵਾਈ ਵਿਚ ਅਡੱਲਟਰੇਸ਼ਨ ਹੋਣ ਕਰਕੇ ਇਕ ਸ਼ਖਸ ਦੀ ਮੌਤ ਹੋ ਗਈ ਸੀ। ਇਹ ਠੀਕ ਹੈ ਦਵਾਈਆਂ ਨਕਲੀ ਮਿਲਦੀਆਂ ਹਨ ਚਾਹੇ ਉਹ ਹਸਪਤਾਲ ਵਿਚ ਹਨ ਜਾਂ ਪ੍ਰਾਈਵੇਟ ਡਾਕਟਰਾਂ ਕੋਲ ਹਨ। ਦਵਾਈਆਂ ਦੀ ਚੈਕਿੰਗ ਨਹੀਂ ਹੁੰਦੀ। ਇਥੇ ਕਿਹਾ ਜਾਂਦਾ ਹੈ ਕਿ ਪ੍ਰਾਈਵੇਟ ਏਜੰਸੀਆਂ ਦੀ ਕੋਆਪਰੇਸ਼ਨ ਲੈਣੀ ਚਾਹੀਦੀ ਹੈ। ਸਾਡੇ ਲੋਕ ਪ੍ਰਾਈਵੇਟ ਏਜੰਸੀਆਂ ਨਾਲ ਰਲ ਜਾਂਦੇ ਹਨ। ਇਸ ਲਈ ਸਰਕਾਰ ਦੀ ਪਾਲਿਸੀ ਸਟਰੌਂਗ ਹੋਣੀ ਚਾਹੀਦੀ ਹੈ ਤਾਕਿ ਅਡੱਲਟਰੇਸ਼ਨ ਨਾ ਹੋਵੇ। ਅਨਇੰਪਲਾਇਮੈਂਟ ਬਿਜਲੀ ਨਾਲ ਦੂਰ ਹੋਣੀ ਹੈ। ਅੱਜ ਬਿਜਲੀ ਦੀ ਪੰਜਾਬ ਵਿਚ ਕੀ ਹਾਲਤ ਹੈ, ਹਰਿਆਣਾ ਵਿਚ ਕੀ ਹਾਲਤ ਹੈ ਅਤੇ ਦਿੱਲੀ ਵਿਚ ਕੀ ਹਾਲਤ ਹੈ ? ਇਨ੍ਹਾਂ ਦੇ ਰਾਜ ਵਿਚ ਬਿਜਲੀ ਦੀ ਘਾਟ ਸੀ ਅਤੇ ਅਸੀਂ ਦਿੱਲੀ ਅਤੇ ਰਾਜਿਸਥਾਨ ਜਾ ਕੇ ਕੁਝ ਬਿਜਲੀ ਲਿਆਂਦੀ ਸੀ ਜਿਸ ਦੀ ਵਜ੍ਹਾ ਨਾਲ ਅਨਇੰਪਲਾਇ-ਮੈਂਟ ਘਟੀ। ਜੇ ਬਿਜਲੀ ਪੂਰੀ ਮਿਲੇ ਅਤੇ ਕਾਰਖਾਨੇ ਆਦਿ ਠੀਕ ਤਰ੍ਹਾਂ ਚੱਲਣ ਤਾਂ ਪੂਰੀ ਪਰੋਡਕਸ਼ਨ ਹੋਵੇਗੀ ਅਤੇ ਫਿਰ ਆਦਮੀ ਅਡੱਲਟਰੇਸ਼ਨ ਵੀ ਨਹੀਂ ਕਰਨਗੇ। ਪਰ

ਇਸ ਪਾਸੇ ਸਖਤੀ ਨਾਲ ਚੱਲਣ ਦੀ ਲੋੜ ਹੈ। ਅੱਗੇ ਗੰਦੇ ਪਾਣੀ ਨੂੰ ਜ਼ਿਮੀਂਦਾਰ ਖੁਸ਼ੀ ਨਾਲ ਲੈਂਦੇ ਸੀ ਕਿਉਂਕਿ ਉਸ ਨਾਲ ਉਪਜ ਵਿਚ ਵਾਧਾ ਹੁੰਦਾ ਸੀ। ਪਰ ਹੁਣ ਪਤਾ ਨਹੀਂ ਉਸ ਪਾਣੀ ਵਿਚ ਕੀ ਮਿਲਾਵਟ ਹੁੰਦੀ ਹੈ ਕਿ ਉਸ ਨਾਲ ਜਾਨਵਰ ਵੀ ਮਰਦੇ ਹਨ ਅਤੇ ਖੇਤੀਬਾੜੀ ਵੀ ਖਰਾਬ ਹੁੰਦੀ ਹੈ। ਚਾਹ ਜਿਹੜੀ ਅਸੀਂ ਰੋਜ਼ ਪੀਂਦੇ ਹਾਂ ਇਸ ਦੇ ਬਾਰੇ ਮੈਂ ਦੱਸਦਾ ਹਾਂ। ਅੰਮ੍ਰਿਤਸਰ ਵਿਚ ਬਨਾਉਟੀ ਚਾਹ ਦੇ ਵੱਡੇ ਵੱਡੇ ਕਾਰਖਾਨੇ ਲੱਗੇ ਹੋਏ ਹਨ ਅਤੇ ਉਥੇ ਬਨਾਉਟੀ ਚਾਹ ਬਣਦੀ ਹੈ। ਉਸ ਵਿਚ ਅਡੱਲਟਰੇਸ਼ਨ ਹੁੰਦੀ ਹੈ। ਲੁਧਿਆਣੇ ਚਾਹ ਦਾ ਕਾਰਖਾਨਾ ਨਹੀਂ ਹੈ।

ਹੋਰ ਮੈਂ ਦੱਸਦਾ ਹਾਂ ਕਿ ਇਹ ਜਿਹੜਾ ਟਰਾਂਸਪੋਰਟ ਵਾਲਿਆਂ ਦਾ ਕਾਲਾ ਤੇਲ ਹੈ ਇਹ ਸੈਂਕੜੇ ਟੱਨਾਂ ਵਿਚ ਨਿਕਲਦਾ ਹੈ। ਉਹ ਕੀ ਕਰਦੇ ਹਨ ? ਉਹ ਡੀਲਰਾਂ ਨੂੰ ਇਹ ਵੇਚ ਦਿੰਦੇ ਹਨ। ਡੀਲਰ ਪਤਾ ਨਹੀਂ ਕਿਸ ਤਰ੍ਹਾਂ ਉਸ ਨੂੰ ਸਾਫ ਕਰਕੇ ਫਿਰ ਵੇਚ ਦਿੰਦੇ ਹਨ। ਪਿਛੇ ਲੁਧਿਆਣੇ ਵਿਚ ਬਹੁਤ ਸਾਰੇ ਅਜਿਹੇ ਕੇਸ ਫੜੇ ਗਏ। ਪਤਾ ਨਹੀਂ ਉਨ੍ਹਾਂ ਦਾ ਕੀ ਬਣਿਆਂ? ਉਹ ਤੇਲ ਫਿਰ ਮੋਟਰਾਂ ਵਿਚ ਆ ਕੇ ਪੈਂਦਾ ਹੈ ਅਤੇ ਮੋਟਰਾਂ ਖਰਾਬ ਹੋ ਜਾਂਦੀਆਂ ਹਨ। ਇਸ ਤਰ੍ਹਾਂ ਸਾਡੀ ਟਰਾਂਸਪੋਰਟ ਖਰਾਬ ਹੋ ਜਾਂਦੀ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਸਰਕਾਰ ਦੇ ਐਕਸਚੈਕਰ ਤੇ, ਸਾਡੇ ਤੇ ਇਸ ਦਾ ਭਾਰ ਪੈਂਦਾ ਹੈ। (ਤਾੜੀਆਂ) ਚੇਅਰਮੈਨ ਸਾਹਿਬ, ਮੈਂ ਬਹੁਤਾ ਸਮਾਂ ਨਾ ਲੈਂਦਾ ਹੋਇਆ ਬੇਨਤੀ ਕਰਾਂਗਾ ਕਿ ਇਸ ਦੇ ਵਾਸਤੇ ਕੋਈ ਸਟਰੌਂਗ ਐਕਟ ਬਣਾਇਆ ਜਾਵੇ ਜਿਹੜਾ ਅਡੱਲਟ-ਰੇਸ਼ਨ ਨੂੰ ਰੋਕੇ। ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਇਨਸਾਨ ਨੂੰ ਬਚਾਉਣ ਲਈ, ਇਨਸਾਨੀਅਤ ਨੂੰ ਬਚਾਉਣ ਲਈ ਅਡੱਲਟਰੇਸ਼ਨ ਕਰਨ ਵਾਲਿਆਂ ਦੇ ਮੂੰਹ ਕਾਲੇ ਕੀਤੇ ਜਾਣ। (ਤਾੜੀਆਂ)

ਕੁਮਾਰੀ ਸਰਲਾ ਪ੍ਰਾਸ਼ਰ (ਨੰਗਲ): ਚੇਅਰਮੈਨ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਰਖਿਆ ਗਿਆ ਹੈ ਇਹ ਬਹੁਤ ਇਮਪਾਰਟੈਂਟ ਹੈ ਕਿਉਂਕਿ ਅਗਲੀ ਜੈਨਰੇਸ਼ਨ ਔਰ ਅੱਜ ਦੀ ਜੈਨਰੇਸ਼ਨ ਦਾ ਤੱਲਕ ਇਸ ਦੇ ਨਾਲ ਹੈ। ਕੁਝ ਐਮ. ਐਲ. ਏਜ਼. ਦੀ ਆਪਸ ਵਿਚ ਇਥੇ ਨੋਕ ਝੋਕ ਹੋਈ ਹੈ। ਮੈਨੂੰ ਇਸ ਗਲ ਦਾ ਇਮਪਰੈਸ਼ਨ ਹੋਇਆ ਹੈ ਕਿ ਇਸ ਸਬਜੈਕਟ ਨੂੰ ਖਹੁਤਾ ਕੋਈ ਸੀਰੀਅਸਲੀ ਲਿਆ ਨਹੀਂ ਜਾ ਰਿਹਾ। ਇਸ ਰੈਜ਼ੋਲਿਊਸ਼ਨ ਵਿਚ ਸਰਕਾਰ ਨੂੰ ਇਹ ਕਿਹਾ ਗਿਆ ਹੈ ਕਿ ਕਲਿਆਣਕਾਰੀ ਸੰਸਥਾਵਾਂ ਜੋ ਹਨ ਉਨ੍ਹਾਂ ਦਾ ਉਹ ਸਹਿਯੋਗ ਪ੍ਰਾਪਤ ਕਰੇ ਤਾਕਿ ਖਾਣ ਪੀਣ ਦੀਆਂ ਜੋ ਚੀਜ਼ਾਂ ਹਨ ਉਨ੍ਹਾਂ ਵਿਚ ਮਿਲਾਵਟ ਜੋ ਹੁੰਦੀ ਹੈ, ਖਾਣ ਪੀਣ ਦੀਆਂ ਚੀਜ਼ਾਂ ਵਿਚ ਅਡੱਲਟਰੇਸ਼ਨ ਜੋ ਹੁੰਦੀ ਹੈ ਉਸ ਨੂੰ ਰੋਕਿਆ ਜਾਵੇ। ਸੀਮਿੰਟ ਵਿੱਚ ਜੋ ਅਡੱਲਟਰੇਸ਼ਨ ਹੁੰਦੀ ਹੈ ਉਸ ਦਾ ਵੀ ਨੁਕਸਾਨ ਹੁੰਦਾ ਹੈ ਪਰ ਖਾਣ ਪੀਣ ਦੀਆਂ ਜੋ ਵਸਤੂਆਂ ਹਨ ਉਨ੍ਹਾਂ ਵਿਚ ਮਿਲਾਵਟ ਨੂੰ ਰੋਕਣ ਵਾਸਤੇ ਵਲੰਟਰੀ ਆਰਗੇਨਾਈਜ਼ੇਸ਼ਨਜ਼ ਅਤੇ ਸਮਾਜਕ ਸੰਸਥਾਵਾਂ ਜੋ ਹਨ ਉਨ੍ਹਾਂ ਦਾ ਸਰਕਾਰ ਕਿਸੇ ਤਰੀਕੇ ਨਾਲ ਸਹਿਯੋਗ ਲਵੇ। ਮੈਂ ਸਰਕਾਰ ਨੂੰ ਇਸ ਦੇ ਬਾਰੇ ਸੁਜੈਸ਼ਨ ਦੇਣਾ ਚਾਹੁੰਦੀ ਹਾਂ। ਮੇਰੀ ਮਿਨਿਸਟਰ ਸਾਹਿਬ ਦੇ ਅਗੇ ਰਿਕੁਐਸਟ ਹੈ ਕਿ ਜ਼ਰਾ ਗੌਰ ਨਾਲ ਮੇਰੇ ਸੁਜੈਸ਼ਨ ਨੂੰ ਸੁਣਨ। ਚੇਅਰਮੈਨ ਸਾਹਿਬ, ਡੈਮੋਕਰੇਸੀ ਦੇ ਵਿੱਚ, ਲੋਕ ਰਾਜ ਦੇ ਵਿੱਚ ਲੋਕਾਂ ਦੇ ਸਹਿਯੋਗ ਤੋਂ ਬਗੈਰ ਕੋਈ ਚੀਜ਼ ਕਰਨੀ ਪਾਸੀਬਲ ਨਹੀਂ ਹੋ ਸਕਦੀ ਕਿਉਂਕਿ ਇਹ ਵੋਟਾਂ ਦਾ ਰਾਜ

[ਕੁਮਾਰੀ ਸਰਲਾ ਪ੍ਰਾਸ਼ਰ]

ਹੈ ਅਤੇ ਅਸੀਂ ਲੋਕਾਂ ਤੋਂ ਵੋਟਾਂ ਲੈਣੀਆਂ ਹੁੰਦੀਆਂ ਹਨ । ਕੋਈ ਵੀ ਕੰਮ ਕਰਨ ਵਾਸਤੇ ਲੋਕਾਂ ਦਾ ਸਹਿਯੋਗ ਲੈਣਾ ਬੜਾ ਜ਼ਰੂਰੀ ਹੋ ਜਾਂਦਾ ਹੈ । ਉਨ੍ਹਾਂ ਦੀ ਮਰਜ਼ੀ ਤੋਂ ਬਗੈਰ ਅਸੀਂ ਕਿਸੇ ਚੀਜ਼ ਵਿਚ ਕਾਮਯਾਬ ਨਹੀਂ ਹੋ ਸਕਦੇ । ਇਸ ਲਈ ਇਸ ਰੈਜ਼ੋਲਿਊਸ਼ਨ ਵਿੱਚ ਸਮਾਜਕ ਸੰਸਥਾਵਾਂ ਦਾ ਸਹਿਯੋਗ ਲੈਣ ਲਈ ਅਤੇ ਉਨ੍ਹਾਂ ਦਾ ਸਹਿਯੋਗ ਲੈ ਕੇ ਫੂਡ ਅਡੱਲ-ਟਰੇਸ਼ਨ ਨੂੰ ਰੋਕਣ ਵਾਸਤੇ ਕਿਹਾ ਗਿਆ ਹੈ । ਇਸ ਲਈ ਮੈਂ ਮਨਿਸਟਰ ਸਾਹਿਬ ਦੀ ਸੇਵਾ ਵਿਚ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦੀ ਹਾਂ ਕਿ ਵਲੰਟਰੀ ਆਰਗੇਨਾਈਜ਼ੇਸ਼ਨਜ਼ ਜੋ ਹਨ, ਸਮਾਜਿਕ ਸੰਸਥਾਵਾਂ ਜੋ ਹਨ ਜੋ ਆਲਰੈਡੀ ਕੰਮ ਕਰ ਰਹੀਆਂ ਹਨ ਉਨ੍ਹਾਂ ਨੂੰ ਕੋਈ ਇਨਸੈਂਟਿਵਜ਼ ਦੇ ਕੇ ਇਸ ਮਸਲੇ ਦੇ ਵਿਚ ਇਨਵਾਲਵ ਕਰ ਸਕਦੇ ਹਾਂ । ਜਦੋਂ ਤੱਕ ਤੁਸੀਂ ਇਨ੍ਹਾਂ ਸੰਸਥਾਵਾਂ ਨੂੰ ਪੂਰੇ ਅਧਿਕਾਰ ਨਹੀਂ ਦਿਉਗੇ ਉਦੋਂ ਤਕ ਇਹ ਵਲੰਟਰੀ ਆਰਗੇਨਾਈਜ਼ੇਸ਼ਨਜ਼ ਇਫੈਕਟਿਵ ਨਹੀਂ ਹੋ ਸਕਦੀਆਂ । ਅਡੱਲਟਰੇਸ਼ਨ ਨੂੰ ਰੋਕਣ ਵੇਲੇ ਜਿਹੜੇ ਅਫਸਰ ਇਨਵਾਲਵਡ ਹੁੰਦੇ ਹਨ ਉਨ੍ਹਾਂ ਦੀ ਇੰਟਰਫੀਅਰੈਂਸ ਹੁੰਦੀ ਹੈ, ਜਿਹੜੇ ਵਪਾਰੀ ਇਨਵਾਲਵਡ ਹੁੰਦੇ ਹਨ ਉਨ੍ਹਾਂ ਦੀ ਇੰਟਰਫੀਅਰੈਂਸ ਹੁੰਦੀ ਹੈ । ਇਸ ਲਈ ਜਦ ਤੱਕ ਇਨ੍ਹਾਂ ਸਮਾਜਿਕ ਸੰਸਥਾਵਾਂ ਨੂੰ ਸਰਕਾਰ ਦੀ ਕੋਈ ਪ੍ਰੋਟੈਕਸ਼ਨ ਨਹੀਂ, ਕੋਈ ਇਨ੍ਹਾਂ ਨੂੰ ਅਧਿਕਾਰ ਨਹੀਂ ਦਿੱਤੇ ਜਾਂਦੇ, ਕੋਈ ਅਥਾਰਿਟੀ ਨਹੀਂ ਦਿੱਤੀ ਜਾਂਦੀ ਮੈਨੂੰ ਸ਼ੱਕ ਹੈ ਕਿ ਇਹ ਸਮਾਜਿਕ ਸੰਸਥਾਵਾਂ ਜੋ ਹਨ ਉਹ ਇਫੈਕਟਿਵ ਨਹੀਂ ਹੋ ਸਕਦੀਆਂ । ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗੀ ਕਿ ਉਹ ਇਸ ਦੇ ਬਾਰੇ ਸੀਰੀਅਸਲੀ ਸੋਚਣ ਔਰ ਇਨ੍ਹਾਂ ਵਲੰਟਰੀ ਆਰਗੇਨਾਈਜ਼ੇਸ਼ਨਜ਼ ਨੂੰ, ਇਨ੍ਹਾਂ ਸਮਾਜਿਕ ਸੰਸਥਾਵਾਂ ਨੂੰ ਵਿਸ਼ੇਸ਼ ਅਥਾਰਿਟੀ ਦੇ ਕੇ, ਪੂਰੀ ਤਰ੍ਹਾਂ ਅਧਿਕਾਰ ਦੇ ਕੇ ਫੂਡ ਅਡੱਲਟਰੇਸ਼ਨ ਦੇ ਮਾਮਲੇ ਵਿਚ ਸਰਕਾਰ ਆਪਣੇ ਵਲੋਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਪ੍ਰੋਟੈਕਸ਼ਨ ਦੇਵੇ ਤਾਂਕਿ ਇਹ ਸੰਸਥਾਵਾਂ ਆਪਣਾ ਪੂਰਾ ਮਿਲਵਰਤਣ ਦੇਣ । ਮੇਰੀ ਬੇਨਤੀ ਹੈ ਕਿ ਜਦੋਂ ਤੱਕ ਇਨ੍ਹਾਂ ਸੰਸਥਾਵਾਂ ਦਾ ਸਹਿਯੋਗ ਨਹੀਂ ਮਿਲਦਾ, ਲੋਕਾਂ ਦਾ ਮਿਲਵਰਤਣ ਨਹੀਂ ਮਿਲਦਾ ਤਦ ਤਕ ਇਹ ਫੂਡ ਅਡੱਲਟਰੇਸ਼ਨ ਨਹੀਂ ਰੋਕੀ ਜਾ ਸਕਦੀ । ਇਸ ਲਈ ਮੈਂ ਸਿਰਫ ਇਤਨਾ ਹੀ ਕਹਿਣਾ ਚਾਹੁੰਦੀ ਹਾਂ ਕਿ ਜਿਹੜੀਆਂ ਸਮਾਜਿਕ ਸੰਸਥਾਵਾਂ ਹਨ, ਜਿਹੜੀਆਂ ਵਲੰਟਰੀ ਆਰਗੇਨਾਈਜ਼ੇਸ਼ਨਜ਼ ਹਨ ਉਨ੍ਹਾਂ ਨੂੰ ਵਿਸ਼ੇਸ਼ ਅਥਾਰਿਟੀ ਦੇ ਕੇ ਇਫੈਕਟਿਵ ਬਣਾਓ ਔਰ ਸਰਕਾਰ ਫੂਡ ਅਡੱਲਟਰੇਸ਼ਨ ਨੂੰ ਰੋਕਣ ਵਾਸਤੇ ਉਨ੍ਹਾਂ ਦੀ ਮਦਦ ਲਏ । ਜੈ ਹਿੰਦ ।

*1.15 P.M. *ਇਸ ਸਮੇਂ ਸਰਦਾਰ ਬੀਰਦਵਿੰਦਰ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਿਹਤ ਮੰਤਰੀ (ਸ੍ਰੀ ਸਰਦਾਰੀ ਲਾਲ ਕਪੂਰ): ਮਾਨਯੋਗ ਚੇਅਰਮੈਨ ਸਾਹਿਬ, ਅੱਜ ਜਿਹੜਾ ਰੈਜ਼ੋਲਿਊਸ਼ਨ ਇਸ ਹਾਊਸ ਵਿਚ ਜਿਸ ਦੋਸਤ ਨੇ ਪੇਸ਼ ਕੀਤਾ ਹੈ ਮੈਂ ਉਸ ਦਾ ਮਸ਼ਕੂਰ ਹਾਂ । ਮੈਂ ਸਮਝਦਾ ਹਾਂ ਕਿ ਕੋਈ ਆਦਮੀ ਕਿਸੇ ਨੂੰ ਛੁਰੇ ਨਾਲ ਮਾਰਦਾ ਹੈ ਜਾਂ ਕੋਈ ਗੋਲੀ ਨਾਲ ਮਾਰਦਾ ਹੈ ਤਾਂ ਉਸ ਦੇ ਲਈ ਉਸ ਨੂੰ ਮੌਤ ਦੀ ਸਜ਼ਾ ਲਿਖੀ ਹੈ ਪਰ ਇਹ ਅਫਸੋਸ ਦਾ ਮੁਕਾਮ ਹੈ ਕਿ ਲੋਕੀ ਅਡੱਲਟਰੇਸ਼ਨ ਕਰਕੇ ਹੌਲੀ ਹੌਲੀ ਲੋਕਾਂ ਨੂੰ ਮਾਰਦੇ ਹਨ, ਉਹ ਮੌਤ ਇਸ ਕਿਸਮ ਦੀ ਹੁੰਦੀ ਹੈ ਕਿ ਹੌਲੀ ਹੌਲੀ ਉਸ ਦਾ ਜੀਵਨ ਖਰਾਬ ਕਰਦੀ ਹੈ । ਜਿਹੜੇ ਸਾਡੇ ਛੋਟੇ ਛੋਟੇ ਬੱਚੇ ਹਾਲੀਂ ਪਨਪਦੇ ਹਨ, ਜਿਹੜੇ ਫੁੱਲ ਵਰਗੇ ਹਨ ਉਨ੍ਹਾਂ ਨੂੰ

ਜਿਹੜੀਆ ਦਵਾਈਆਂ ਵਿੱਚ ਮਿਲਾਵਟ ਹੁੰਦੀ ਹੈ ਜਾਂ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਹੁੰਦੀ ਹੈ ਜਾਂ ਦੁੱਧ ਵਿੱਚ ਮਿਲਾਵਟ ਹੁੰਦੀ ਹੈ ਉਸ ਦੇ ਨਾਲ ਉਨ੍ਹਾਂ ਦਾ ਬਰੇਨ ਵੀ ਨਹੀਂ ਪਨਪਦਾ ਅਤੇ ਉਨ੍ਹਾਂ ਦਾ ਸਰੀਰ ਵੀ ਨਹੀਂ ਪਨਪਦਾ ਹੌਲੀ ਹੌਲੀ ਉਨ੍ਹਾਂ ਦਾ ਜੀਵਨ ਤਬਾਹ ਹੋ ਜਾਂਦਾ ਹੈ। ਕੀ ਉਸ ਦੇ ਲਈ ਤੁਸੀਂ ਸਜ਼ਾ ਦੇ ਸਕਦੇ ਹੋ। ਕੀ ਇੱਕਲੀ ਸਜ਼ਾ ਦੇਣ ਨਾਲ ਇਹ ਚੀਜ਼ ਹੱਟ ਜਾਵੇਗੀ? ਮੇਰਾ ਖਿਆਲ ਹੈ ਕਿ ਜਦ ਤੱਕ ਸਾਰਾ ਸਮਾਜ ਖਿਆਲ ਨਾ ਕਰੇ ਤਦ ਤੱਕ ਕੁਝ ਨਹੀਂ ਹੋ ਸਕਦਾ। (ਥੰਪਿੰਗ) ਸਾਰੇ ਸਮਾਜ ਨੂੰ ਇਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਅਸੀਂ ਗੁਰਦੁਆਰਿਆਂ ਵਿਚ ਗੁਰੂ ਮਹਾਰਾਜ ਨੂੰ ਜਾ ਕੇ ਮੰਨਦੇ ਹਾਂ। ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਨੂੰ ਅਸੀਂ ਸਾਰੇ ਮੰਨਦੇ ਹਾਂ, ਉਨ੍ਹਾਂ ਦਾ ਨਾਮ ਲੈਂਦੇ ਹਾਂ। ਸਮਾਜ ਦੇ ਬੰਦਿਆਂ ਨੂੰ ਆਪਣੀਆਂ ਤਕਰੀਰਾਂ ਵਿਚ ਇਹ ਗਲ ਕਹਿਣੀ ਚਾਹੀਦੀ ਹੈ ਕਿ ਜੋ ਇਹੋ ਜਿਹੇ ਲੋਕ ਹਨ, ਜੋ ਮਿਲਾਵਟ ਕਰਦੇ ਹਨ ਉਨ੍ਹਾਂ ਦਾ ਬਾਈਕਾਟ ਕਰੋ। (ਥੰਪਿੰਗ) ਅਸੀਂ ਵੀ ਸਖਤੀ ਨਾਲ ਐਕਸ਼ਨ ਲਵਾਂਗੇ। ਜਦੋਂ ਸਾਨੂੰ ਪਤਾ ਲਗ ਜਾਵੇ ਕਿ ਇਹ ਮਿਲਾਵਟ ਕਰਨ ਵਾਲਾ ਹੈ ਅਸੀਂ ਉਸ ਦਾ ਨਾਮ ਅਖਬਾਰ ਵਿਚ ਕਢਾਂਗੇ (ਥੰਪਿੰਗ) ਨਾਲ ਦੀ ਨਾਲ ਇਹ ਵੀ ਦੱਸਾਂਗੇ ਕਿ ਇਸ ਦੇ ਕੋਲੋਂ ਕੋਈ ਚੀਜ਼ ਨਹੀਂ ਲੈਣੀ ਚਾਹੀਦੀ। ਦੂਸਰੀ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ, ਅਡੱਲਟਰੇਸ਼ਨ ਦੇ ਸਿਲਸਿਲੇ ਵਿਚ ਕਿ ਜਿਹੜੇ ਲੋਕ ਚੀਜ਼ਾਂ ਬਣਾਉਂਦੇ ਹਨ, ਜਿਹੜੇ ਮੈਨੂੰਫੈਕਚਰਰ ਹਨ ਅਸੀਂ ਉਨ੍ਹਾਂ ਨੂੰ ਵੀ ਪਕੜਨਾ ਸ਼ੁਰੂ ਕੀਤਾ ਹੈ। ਅਗੇ ਨਹੀਂ ਸੀ ਇਹ ਗਲ। ਇਕ ਗਲ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੋ ਮੈਨੂੰਫੈਕਚਰਰ ਹਨ ਜਿਸ ਤਰ੍ਹਾਂ ਘਿਉ ਦੀਆਂ ਮਿਲਾਂ ਹਨ ਜੇ ਉਨ੍ਹਾਂ ਤੋਂ ਕੋਈ ਨਮੂਨਾ ਲਈਏ ਤਾਂ ਕਾਨੂੰਨੀ ਤੌਰ ਤੇ ਸ਼ਾਇਦ ਸੁਪਰੀਮ ਕੋਰਟ ਨੇ ਕੋਈ ਲਾਅ ਪਾਸ ਕੀਤਾ ਹੈ ਕਿ ਉਨ੍ਹਾਂ ਤੋਂ 3 ਪੀਪਿਆਂ ਤੋਂ ਘੱਟ ਨਹੀਂ ਲੈ ਸਕਦੇ। ਜੇ ਅਸੀਂ ਇਸ ਤਰ੍ਹਾਂ ਤਿੰਨ ਤਿੰਨ ਪੀਪੇ ਲੈਣੇ ਸ਼ੁਰੂ ਕਰ ਦਈਏ ਤਾਂ ਮੇਰਾ ਖਿਆਲ ਹੈ ਕਿ ਸਾਡਾ ਬਜਟ ਤਾਂ ਇਸ ਦੇ ਵਿਚ ਹੀ ਖਤਮ ਹੋ ਜਾਵੇਗਾ : ਇਹ ਵੀ ਇਕ ਮੁਸ਼ਕਲ ਹੈ। ਫਿਰ ਜਿਹੜੇ ਲੋਕ ਉਨ੍ਹਾਂ ਕੋਲੋਂ ਪੀਪੇ ਲੈ ਕੇ ਵੇਚਦੇ ਹਨ ਜੇ ਤਾਂ ਬੰਦ ਪੀਪਾ ਹੋਵੇ ਫਿਰ ਤਾਂ ਠੀਕ ਹੈ ਪਰ ਜੇ ਉਹ ਖੋਲ੍ਹ ਕੇ ਵੇਚਦੇ ਹਨ ਅਤੇ ਜਦੋਂ ਪੀਪਾ ਖੁਲ੍ਹ ਗਿਆ ਤਾਂ ਲਾਜ਼ਮੀ ਤੌਰ ਤੇ ਉਸ ਨੂੰ ਦੇਖਣਾ ਪਵੇਗਾ ਕਿ ਇਸ ਦੇ ਵਿਚ ਕੋਈ ਮਿਲਾਵਟ ਤਾਂ ਨਹੀਂ ਕੀਤੀ। ਜੇ ਅਡੱਲਟਰੇਸ਼ਨ ਹੈ ਇਸ ਦੇ ਮੁਤੱਲਕ ਮੈਂ ਤੁਹਾਨੂੰ ਇਕ ਹਾਸੇ ਦੀ ਗਲ ਸੁਣਾਉਣਾ ਚਾਹੁੰਦਾ ਹਾਂ। ਸਾਡੇ ਲੁਧਿਆਣੇ ਵਿਚ ਚੌੜ ਬਜ਼ਾਰ ਵਿਚ ਲੋਕੀ ਸ਼ਰਬਤ ਬਣਾ ਕੇ ਵੇਚਦੇ ਹਨ। ਗਰਮੀਆਂ ਵਿਚ ਲੋਕੀਂ, ਜਿਨ੍ਹਾਂ ਨੂੰ ਪਿਆਸ ਲਗੀ ਹੁੰਦੀ ਹੈ, ਉਹ ਵਿਚਾਰੇ ਉਥੇ ਪੀਂਦੇ ਹਨ। ਉਹ ਬੜੇ ਲਾਲ ਲਾਲ ਕਪੜੇ ਆਪਣਿਆਂ ਮਟਕਿਆਂ ਦੇ ਦੁਆਲੇ ਸਜਾ ਕੇ ਰਖਦੇ ਹਨ। ਮੈਨੂੰ ਕਿਸੇ ਨੇ ਆ ਕੇ ਕਿਹਾ ਕਿ ਇਸ ਸ਼ਰਬਤ ਵਿਚ ਸਾਰੀ ਦੀ ਸਾਰੀ ਸਕਰੀਨ ਪਾਈ ਹੁੰਦੀ ਹੈ। ਇਸ ਦੇ ਵਿਚ ਖੰਡ ਦਾ ਕੋਈ ਕੰਮ ਨਹੀਂ। ਇਥੇ ਫੂਡ ਇਨਸਪੈਕਟਰ ਗਿਆ ਅਤੇ ਸਾਰਿਆਂ ਦੇ ਨਮੂਨੇ ਸ਼ਰਬਤ ਦੇ ਲੈ ਕੇ ਆ ਗਿਆ। ਬਾਜ਼ਉਕਾਤ ਇਨਸਪੈਕਟਰ ਇਮਾਨਦਾਰ ਵੀ ਹੁੰਦਾ ਹੈ, ਭਾਵੇਂ ਸਾਰੇ ਨਹੀਂ ਹੁੰਦੇ। ਉਸ ਨੇ ਉਹ ਸਾਰੇ ਨਮੂਨੇ ਅਨੈਲਸਿਜ਼ ਵਾਸਤੇ ਭੇਜ ਦਿੱਤੇ ਔਰ ਸਾਰੇ ਦੇ ਸਾਰੇ ਉਹ ਨਮੂਨੇ ਪਾਸ ਹੋ ਗਏ। ਹੁਣ ਇਹ ਤਾਂ ਹੋ ਨਹੀਂ ਸਕਦਾ ਕਿ ਸਾਰਿਆਂ ਨੇ ਪੰਜ, ਪੰਜ ਸੌ ਰੁਪਏ ਦੇ ਕੇ ਪਾਸ ਕਰਵਾ ਲਏ ਹੋਣ। ਇਹ ਚੀਜ਼ ਤਾਂ ਨਾਮੁਮਕਿਨ ਜਿਹੀ ਹੈ। ਇਸ ਗਲ ਵਾਸਤੇ ਮਨ ਵੀ ਨਹੀਂ ਮੰਨਦਾ। ਮੈਂ ਪੁੱਛਿਆ ਕਿ ਗੱਲ ਕੀ ਹੈ। (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ: ਕੀ ਵਜ਼ੀਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਸਿੱਧਵਾਂ ਬੇਟ ਨਹਿਰ ਜੋ ਹੈ ਉਥੇ ਆਮ ਪਸ਼ੂ ਪਾਣੀ ਪੀ ਲੈਂਦੇ ਹਨ ਅਤੇ ਜਿਹੜੇ ਜਵਾਕ ਸਕੂਲ ਪੜ੍ਹਨ ਜਾਂਦੇ ਹਨ ਉਹ ਵੀ ਉਥੋਂ ਪਾਣੀ ਪੀ ਲੈਂਦੇ ਹਨ ਪਰ ਉਸ ਨਹਿਰ ਦੇ ਵਿਚ ਲੁਧਿਆਣੇ ਦਾ ਸਾਰਾ ਸੀਵਰੇਜ ਦਾ ਪਾਣੀ ਸੁੱਟਿਆ ਜਾਂਦਾ ਹੈ ਅਤੇ ਜਿੰਨੇ ਵੀ ਉਥੇ ਮਕਾਨ ਬਣਦੇ ਹਨ ਉਨ੍ਹਾਂ ਦਾ ਸਾਰਾ ਆਊਟ-ਲੈਟ ਵੀ ਉਸ ਨਹਿਰ ਵਿਚ ਆ ਰਿਹਾ ਹੈ, ਕੀ ਵਜ਼ੀਰ ਸਾਹਿਬ ਇਸ ਦਾ ਵੀ ਕੋਈ ਇਲਾਜ ਕਰਨਗੇ?

ਸਿਹਤ ਮੰਤਰੀ: ਮੈਂ ਉਸ ਗੱਲ ਵਲ ਵੀ ਆਉਂਦਾ ਹਾਂ। ਮੈਨੂੰ ਕੁਝ ਕਹਿ ਤਾਂ ਲੈਣ ਦਿਓ। (ਵਿਘਨ) ਮੈਨੂੰ ਸੁਣ ਤਾਂ ਲਓ ਆਰਾਮ ਨਾਲ।

ਚੇਅਰਮੈਨ ਸਾਹਿਬ, ਸਾਰਾ ਸ਼ਰਬਤ ਜੋ ਸੀ ਉਹ ਦਰੁਸਤ ਸੀ। ਮੈਂ ਪੁੱਛਿਆ ਕਿ ਕੀ ਗੱਲ ਹੈ। ਪਤਾ ਲਗਿਆ ਕਿ ਜਿਹੜੇ ਲਾਲ ਪਾਣੀ ਦੇ ਮਟਕੇ ਪਏ ਹੋਏ ਹਨ ਉਨ੍ਹਾਂ ਮਟਕਿਆਂ ਵਿਚ ਸਕਰੀਨ ਮਿਲਾਈ ਹੋਈ ਹੈ। ਹੁਣ ਮਟਕਿਆਂ ਦਾ ਪਾਣੀ ਤਾਂ ਚੈਕ ਸਾਰਾ ਨਹੀਂ ਕਰ ਸਕਦੇ। ਲੋਕ ਇਤਨੇ ਇੰਟੈਲੀਜੈਂਟ ਬਣ ਗਏ ਹਨ। ਆਦਮੀ ਆਪ ਅਡੱਲਟਰੇਟਿਡ ਹੋ ਗਿਆ ਹੈ। ਇਨਸਾਨੀਅਤ ਰਹੀ ਨਹੀਂ, ਸ਼ੈਤਾਨੀਅਤ ਆ ਗਈ ਹੈ। ਇਸ ਨੂੰ ਚੈਕ ਕਰਨਾ ਆਸਾਨ ਨਹੀਂ ਹੈ। ਇਹ ਸਾਰੀ ਸੋਸਾਇਟੀ ਦਾ ਕੰਮ ਹੈ। ਜਦ ਤੱਕ ਸਾਰਾ ਸਮਾਜ ਇਸ ਕੰਮ ਲਈ ਜੁੱਟ ਨਾ ਜਾਏ ਤਦ ਤੱਕ ਕੰਮ ਨਹੀਂ ਬਣਦਾ।

ਖਾਲਸਾ ਜੀ ਨੇ ਗੱਲ ਕਹੀ ਹੈ ਸੀਵਰੇਜ ਦੀ। ਮੈਂ ਦਸਦਾ ਹਾਂ ਕਿ ਸੀਵਰੇਜ ਇਸ ਲਈ ਲਗਾਇਆ ਸੀ ਕਿ ਗੰਦ ਨਾ ਪਵੇ ਔਰ ਸੀਵਰੇਜ ਦਾ ਪਾਣੀ ਪਹਿਲਾਂ ਬੁੱਢੇ ਨਾਲੇ ਵਿਚ ਜਾਂਦਾ ਸੀ, ਫਿਰ ਨਹਿਰ ਵਿਚ ਜਾਣ ਲਗ ਪਿਆ। ਜਦੋਂ ਇਸਦਾ ਪਤਾ ਲਗਾ ਤਾਂ ਆਰਡਰ ਕਰ ਦਿਤੇ ਕਿ ਨਹਿਰ ਵਿਚ ਬੰਦ ਕਰ ਦਿਤਾ ਜਾਏ।

ਸਰਦਾਰ ਬਸੰਤ ਸਿੰਘ ਖਾਲਸਾ: ਮਨਿਸਟਰ ਸਾਹਿਬ, ਹਾਲੇ ਬੰਦ ਨਹੀਂ ਕੀਤਾ ਜਾ ਰਿਹਾ ਹੈ।

ਮੰਤਰੀ: ਮੈਂ ਫਿਰ ਵੇਖ ਲਵਾਂਗਾ, ਜੇਕਰ ਬੰਦ ਨਾ ਕੀਤਾ ਹੋਇਆ ਤਾਂ ਬੰਦ ਕਰਾ ਦਿਆਂਗਾ।

ਗੁਪਤਾ ਜੀ ਨੇ ਅਡੱਲਟਰੇਸ਼ਨ ਦੀ ਗੱਲ ਕੀਤੀ ਹੈ ਔਰ ਉਹ ਠੀਕ ਕੀਤੀ ਹੈ। ਮੈਂ ਦਸਦਾ ਹਾਂ ਕਿ ਜਿਹੜੇ ਕਾਰਖਾਨੇ ਹਨ ਉਨ੍ਹਾਂ ਦਾ ਸਾਰਾ ਪਾਣੀ ਜ਼ਮੀਨ ਵਿਚ ਜਾਂਦਾ ਹੈ। ਅਗਰ ਲੁਧਿਆਣਾ ਵਿਚ ਐਂਟਰ ਕਰੋ ਤਾਂ ਬਦਬੂ ਆਉਂਦੀ ਹੈ, ਉਥੋਂ ਲੰਘਿਆ ਨਹੀਂ ਜਾਂਦਾ ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਬਾਰੇ ਅਸੀਂ ਕਾਰਖਾਨਿਆਂ ਵਾਲਿਆਂ ਦੀ ਪ੍ਰਾਸੀਕਿਊਸ਼ਨ ਸ਼ੁਰੂ ਕਰ ਦਿਤੀ ਹੈ। ਕਰੋੜ ਪਤੀਆਂ ਨੂੰ ਕਿਹਾ ਹੈ ਕਿ ਆਪਣੇ ਪਲਾਂਟ ਲਾਵੋ ਤਾਕਿ ਲੋਕਾਂ ਨੂੰ ਤਕਲੀਫ ਨਾ ਹੋਵੇ। ਉਹ ਲਿਖ ਕੇ ਭੇਜ ਰਹੇ ਹਨ ਕਿ ਅਸੀਂ 5 ਲੱਖ ਰੁਪਏ ਦਾ ਆਪਣਾ ਪਲਾਂਟ ਲਗਾ ਰਹੇ ਹਾਂ ਜਿਸ ਨਾਲ ਹੋਰ ਪਾਲਿਊਸ਼ਨ ਨਹੀਂ ਹੋਵੇਗੀ।

ਅਡੱਲਟਰੇਸ਼ਨ ਦੇ ਮੁਤਅੱਲਕ ਮੈਂ ਅਰਜ਼ ਕਰਦਾ ਹਾਂ ਕਿ ਭਾਵੇਂ ਦੁਕਾਨਦਾਰ ਛੋਟਾ ਹੈ ਤੇ ਭਾਵੇਂ ਵੱਡਾ, ਆਫਟਰ ਆਲ ਚੀਜ਼ ਤਕਸੀਮ ਤਾਂ ਕਰਦਾ ਹੈ ਉਹ ਸਾਰਿਆਂ ਨੂੰ। ਜਿਹੜਾ ਡੱਬਾ ਬੰਦ ਹੈ ਔਰ ਉਹਦੀ ਗਾਰੰਟੀ ਔਰ ਵਾਰੰਟੀ ਹੈ ਉਸ ਦੇ ਕੋਲ ਅਤੇ ਅਗਰ

ਉਸ ਚੀਜ਼ ਦਾ ਸੈਂਪਲ ਗਲਤ ਨਿਕਲਦਾ ਹੈ ਤਾਂ ਮੈਨੂਫੈਕਚਰਰ ਨੂੰ ਗ੍ਰਿਫਤਾਰ ਕੀਤਾ ਜਾਏਗਾ ਅਤੇ ਉਸ ਦੀ ਸਜ਼ਾ ਉਹ ਭੁਗਤੇਗਾ। ਅਗਰ ਉਸ ਕੋਲ ਕੋਈ ਗਾਰੰਟੀ ਜਾਂ ਵਾਰੰਟੀ ਨਹੀਂ ਹੈ ਤਾਂ ਫਿਰ ਦੁਕਾਨਦਾਰ ਹੀ ਸਫ਼ਰ ਕਰੇਗਾ। ਇਸ ਤੋਂ ਇਲਾਵਾ ਹੋਰ ਕੋਈ ਤਰਕੀਬ ਨਹੀਂ। ਤੁਸੀਂ ਜਿਧਰ ਮਰਜ਼ੀ ਚਲੇ ਜਾਵੋ ਲੋਕ ਅਡੱਲਟਰੇਸ਼ਨ ਵਿਚ ਬਿਜ਼ੀ ਹਨ। ਮਿਰਚ, ਮਸਾਲੇ, ਹਲਦੀ ਆਦਿ ਸਭ ਰਾਤ ਨੂੰ ਚੱਕੀਆਂ ਤੇ ਪੀਸੇ ਜਾਂਦੇ ਹਨ। ਚੱਕੀ ਵਾਲਿਆਂ ਕੋਲ ਅਸਲ ਨਾਮ ਨਹੀਂ ਹੁੰਦਾ। ਅਸੀਂ ਚੱਕੀ ਵਾਲਿਆਂ ਨੂੰ ਕਿਹਾ ਹੈ ਕਿ ਜਿਸ ਦਾ ਮਾਲ ਆਇਆ ਹੈ ਉਸਦੀ ਰਜਿਸਟਰੇਸ਼ਨ ਕਰੋ ਔਰ ਅਗਰ ਰਜਿਸਟਰੇਸ਼ਨ ਨਹੀਂ ਕਰੋਗੇ ਤੇ ਮਾਲ ਖਰਾਬ ਨਿਕਲਿਆ ਤਾਂ ਖਮਿਆਜ਼ਾ ਤੁਹਾਨੂੰ ਭੁਗਤਣਾ ਪਏਗਾ ਔਰ ਅਸੀਂ ਤੁਹਾਨੂੰ ਗ੍ਰਿਫਤਾਰ ਕਰਾਂਗੇ।

ਇਸ ਦੇ ਮੁਤਅੱਲਕ ਮੈਂ ਹਾਊਸ ਕੁਝ ਆਂਕੜੇ ਦੇਣੇ ਚਾਹੁੰਦਾ ਹਾਂ। ਅਸੀਂ 1979 ਵਿਚ ਕੁੱਲ 3555 ਨਮੂਨੇ ਭਰੇ ਸਨ। ਜਿਨ੍ਹਾਂ ਵਿਚੋਂ 729 ਅਡੱਲਟਰੇਟਿਡ ਨਿਕਲੇ ਇਨ੍ਹਾਂ ਦੀ ਪਰਸੈਂਟੇਜ 19.78 ਬੈਠਦੀ ਹੈ। ਇਨ੍ਹਾਂ ਵਿਚੋਂ 563 ਕੇਸ ਚਲ ਰਹੇ ਹਨ, 166 ਵਿਚ ਕਨਵਿਕਸ਼ਨ ਹੋ ਚੁੱਕੀ ਹੈ। 1980 ਵਿਚ 3171 ਨਮੂਨੇ ਭਰੇ ਜਿਨ੍ਹਾਂ ਵਿਚੋਂ 517 ਅਡੱਲਟਰੇਟਿਡ ਨਿਕਲੇ। ਇਨ੍ਹਾਂ ਦੀ ਪਰਸੈਂਟੇਜ 16.5 ਬਣੀ। ਅਗੇ ਨਾਲੋਂ ਘੱਟੀ ਹੈ ਅਗੇ ਨੂੰ ਹੋਰ ਘੱਟਣਗੇ।

ਇਕ ਗੱਲ ਮੈਂ ਹੋਰ ਦਸਦਾ ਹਾਂ ਕਿ ਅਗੇ ਤਾਂ ਐਨਾਲਿਸਟ ਨੂੰ ਪਤਾ ਲਗ ਜਾਂਦਾ ਸੀ ਕਿ ਇਹ ਨਮੂਨਾ ਕਿਥੋਂ ਆਇਆ ਹੈ, ਪਰ ਹੁਣ ਅਸੀਂ ਐਸੀ ਤਰਕੀਬ ਕੱਢੀ ਹੈ ਕਿ ਐਨਾਲਿਸਟ ਨੂੰ ਵੀ ਪਤਾ ਨਹੀਂ ਲਗ ਸਕਦਾ ਕਿ ਇਹ ਨਮੂਨਾ ਕਿਥੋਂ ਆਇਆ ਹੈ। ਅਸਾਂ ਬੇਈਮਾਨੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕ ਹੱਥ ਤੋਂ ਦੂਜੇ ਹੱਥ ਵਿਚ ਚੀਜ਼ ਚਲੀ ਜਾਏ ਤਾਂ ਬੇਈਮਾਨੀ ਹੋ ਜਾਂਦੀ ਹੈ। ਪਰ ਇਸ ਚੀਜ਼ ਨੂੰ ਰੋਕਣ ਵਾਸਤੇ ਇਕੱਲੀ ਗੌਰਮਿੰਟ ਕੁਝ ਨਹੀਂ ਕਰ ਸਕਦੀ। ਇਸ ਦੇ ਲਈ ਜਿਹੜੀਆਂ ਸਾਡੀਆਂ ਸੋਸ਼ਲ ਆਰਗੇਨਾਈਜ਼ੇਸ਼ਨਜ਼ ਹਨ ਉਨ੍ਹਾਂ ਦੀ ਮਦਦ ਦੀ ਲੋੜ ਹੈ।

ਮੈਂ ਦਸਦਾ ਹਾਂ ਕਿ ਪਿਛਲੇ ਦਿਨਾਂ ਵਿਚ ਸਾਡੇ ਮਹਾਂ ਮੰਤਰੀ ਨੇ ਇਕ ਫੰਕਸ਼ਨ ਅਟੈਂਡ ਕੀਤਾ ਸੀ। ਮੇਰਾ ਖਿਆਲ ਹੈ ਕਿ ਉਥੇ ਜੈਨ ਮੱਤ ਦੇ ਤੁਲਸੀ ਮੁਨੀ ਜੀ ਆਏ ਹੋਏ ਸਨ। ਉਸ ਨੇ ਦੁਕਾਨਦਾਰ ਲੋਕਾਂ ਕੋਲੋਂ ਉਦੋਂ ਕਸਮਾਂ ਚੁਕਾਈਆਂ ਕਿ ਅਸੀਂ ਅਡੱਲਟਰੇਸ਼ਨ ਨਹੀਂ ਕਰਾਂਗੇ। ਇਸ ਤਰ੍ਹਾਂ ਜਿਹੜੇ ਲੋਕ ਗੁਰਦਵਾਰਿਆਂ, ਮੰਦਰਾਂ ਤੇ ਮਸਜਿਦਾਂ ਵਿਚ ਜਾਂਦੇ ਹਨ ਉਨ੍ਹਾਂ ਲੋਕਾਂ ਨੂੰ ਕਹੋ ਕਿ ਲੋਕਾਂ ਦੀਆਂ ਜਾਨਾਂ ਨਾਲ ਨਾ ਖੇਲੋ। ਮੈਂ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ ਜਿਥੋਂ ਤੱਕ ਸਾਡੇ ਮਹਿਕਮੇ ਦਾ ਤੁਅੱਲਕ ਹੈ ਗੌਰਮਿੰਟ ਕਦੇ ਕਿਸੇ ਜਗ੍ਹਾ ਤੇ ਪਿਛੇ ਨਹੀਂ ਰਹੇਗੀ। ਅਡੱਲਟਰੇਸ਼ਨ ਨੂੰ ਰੋਕਣ ਵਾਸਤੇ ਜਿਹੜਾ ਤੁਸੀਂ ਸੁਝਾਓ ਦਿਉਗੇ, ਗੌਰਮਿੰਟ ਉਸਤੇ ਅਮਲ ਕਰੇਗੀ। ਅਡੱਲਟਰੇਸ਼ਨ ਇਕ ਐਸੀ ਚੀਜ਼ ਹੈ ਜਿਸ ਦੇ ਨਾਲ ਮੌਤ ਅਗੇ ਖੜ੍ਹੀ ਹੁੰਦੀ ਹੈ। ਮੈਂ ਅਖੀਰ ਵਿਚ ਇਹ ਪ੍ਰਾਰਥਨਾ ਕਰਦਾ ਹਾਂ ਸਾਰੇ ਮੈਂਬਰ ਸਾਹਿਬਾਨ ਨੂੰ ਜਿਹੜੇ ਇਥੇ ਅਸੈਂਬਲੀ ਵਿਚ ਬੈਠੇ ਹਨ ਜਾਂ ਬਾਹਰ ਹਨ, ਕਿ ਅਗਰ ਕੋਈ ਐਸੀ ਚੀਜ਼ ਹੈ ਤਾਂ ਤੁਸੀਂ ਸਿਵਲ ਸਰਜਨ ਨੂੰ ਲਿਖ ਕੇ ਦਿਓ ਔਰ ਉਸ ਦੀ ਇਕ ਕਾਪੀ ਮੈਨੂੰ ਭੇਜ ਦਿਓ। ਮੈਂ ਵੇਖਾਂਗਾ ਕਿ ਕਿਸ ਤਰ੍ਹਾਂ ਐਕਸ਼ਨ ਨਹੀਂ ਲਿਆ ਜਾਂਦਾ। ਕੋਈ ਐਸਾ ਆਦਮੀ ਨਹੀਂ ਬਖਸ਼ਿਆ ਜਾਏਗਾ ਜਿਹੜਾ ਪੰਜਾਬ ਵਿਚ ਅਡੱਲਟਰੇਸ਼ਨ ਕਰਕੇ ਲੋਕਾਂ ਦੀਆਂ ਜਾਨਾਂ ਨਾਲ ਖੇਲ੍ਹਦਾ ਹੋਵੇਗਾ। ਕੋਈ ਅਜਿਹਾ

[ਸਿਹਤ ਮੰਤਰੀ]

ਕੇਸ ਮੇਰੇ ਕੋਲ ਆਇਆ ਤਾਂ ਉਸ ਨੂੰ ਨੰਬਰ ਇਕ ਤੇ ਪ੍ਰੀਆਰਟੀ ਦਿਤੀ ਜਾਏਗੀ। ਉਹ ਲੋਕ ਸਮਾਜ ਦੇ, ਇਨਸਾਨੀਅੱਤ ਦੇ ਦੁਸ਼ਮਨ ਹਨ ਅਤੇ ਪਰਮਾਤਮਾ ਦੀ ਦਰਗਾਹ ਵਿਚ ਵੀ ਮੁਆਫ਼ ਨਹੀਂ ਕੀਤੇ ਜਾਣਗੇ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ) : ਚੇਅਰਮੈਨ ਸਾਹਿਬ, ਇਹ ਜਿਹੜਾ ਮਿਲਾਵਟ ਨੂੰ ਦੂਰ ਕਰਨ ਲਈ ਮੈਂ ਰੈਜ਼ੋਲਿਊਸ਼ਨ ਮੂਵ ਕੀਤਾ ਸੀ ਔਰ ਖਾਸ ਕਰਕੇ ਸਮਾਜਿਕ ਸੰਸਥਾਵਾਂ ਦੀ ਸਹਾਇਤਾ ਅਤੇ ਸਹਿਯੋਗ ਲੈ ਕੇ ਇਸ ਵਿਚ ਕਾਮਯਾਬੀ ਹਾਸਿਲ ਕੀਤੀ ਜਾ ਸਕੇਗੀ, ਕਿਉਂਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਇਹ ਚੀਜ਼ ਬੜੀ ਵਧੀ ਹੋਈ ਹੈ ਔਰ ਆਮ ਜ਼ਿੰਦਗੀ ਵਿਚ ਰੁਕਾਵਟ ਪਾਈ ਹੋਈ ਹੈ। ਮੈਂ ਬੜਾ ਧੰਨਵਾਦ ਕਰਦਾ ਹਾਂ ਮੈਂਬਰ ਸਾਹਿਬਾਨ ਦਾ ਜਿਨ੍ਹਾਂ ਨੇ ਇਸ ਦਾ ਸਮੱਰਥਨ ਕੀਤਾ ਹੈ। ਜਿਹੜੇ ਲੋਕ ਮਿਲਾਵਟ ਕਰਦੇ ਹਨ ਉਹ ਸਮਾਜ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਉਹ ਲੋਕ ਜਿਹੜੇ ਕਿਸੇ ਨੂੰ ਕਤਲ ਕਰਦੇ ਹਨ ਉਨ੍ਹਾਂ ਨੂੰ ਐਗਜ਼ੈਂਪਲਰੀ ਸਜ਼ਾਵਾਂ ਮਿਲਦੀਆਂ ਹਨ। ਇਨ੍ਹਾਂ ਮਿਲਾਵਟ ਕਰਨ ਵਾਲਿਆਂ ਨੂੰ ਵੀ ਇਸ ਕਿਸਮ ਦੀ ਸਜ਼ਾ ਮਿਲਣੀ ਚਾਹੀਦੀ ਹੈ ਕਿਉਂਕਿ ਇਹ ਇਨਸਾਨੀ ਜ਼ਿੰਦਗੀ ਨਾਲ ਬਹੁਤ ਵੱਡਾ ਧੋਖਾ ਕਰਦੇ ਹਨ। ਇਹ ਇਕ ਐਸਾ ਜ਼ਹਿਰ ਹੈ ਜਿਹੜਾ ਆਹਿਸਤਾ-ਆਹਿਸਤਾ ਕੰਮ ਕਰਦਾ ਹੈ। ਸਾਡੀ ਸਟੇਟ ਵਿਚ ਪੁਰਾਣੇ ਵਕਤ ਤੋਂ ਇਸ ਤਰ੍ਹਾਂ ਦੀ ਮੁਸ਼ਕਿਲ ਰਹੀ ਹੈ। ਮੈਂ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਔਰ ਅਰਜ਼ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ।

Mr. Chairman (Sardar Birdevinder Singh) : First I will put the amendment to this resolution to the vote of the House.

Mr. Chairman : Question is—

1. That in line 4, the following words be deleted—
"so as"
2. That at the end, the following words be added after deleting the "full-stop"—"so that people can get pure food".

The motion was lost.

Mr. Chairman : Question is—

This House recommends to the Government to enlist the co-operation of Voluntary Welfare Organisations so as to check and detect food adulteration in the State.

The motion was carried.

Mr. Chairman : The House stands adjourned till 9.00 A.M. on Friday, the 27th February, 1981.

*1.30 P.M. (*The Sabha then adjourned till 9.00 A.M. on Friday, the 27th February, 1981*).

APPENDIX

TO

PUNJAB VIDHAN SABHA DEBATES

Dated 26th February, 1981

Vol. II—No. 24

STARRED QUESTIONS AND ANSWERS

FOUNDATION STONE FOR A 25-BED HOSPITAL IN VILLAGE BHAKNA

*810. **Comrade Darshan Singh Jhabal** : Will the Minister for Health and Family Welfare be pleased to state whether the foundation stone of a 25-bed hospital was laid in village Bhakna Block Gandiwind, District Amritsar in the beginning of 1980; if so, the time by which its construction is expected to be taken in hand ?

ਸ਼੍ਰੀ ਸਰਦਾਰੀ ਲਾਲ ਕਪੂਰ : ਹਾਂ ਜੀ । ਇਮਾਰਤ ਲਈ ਟੈਂਡਰ ਜਿਨ੍ਹਾਂ ਦੀ ਪਹੁੰਚਣ ਦੀ ਆਖਰੀ ਮਿਤੀ 24 ਫਰਵਰੀ, 1981 ਸੀ, ਪ੍ਰਾਪਤ ਹੋ ਚੁਕੇ ਹਨ । ਪ੍ਰਵਾਨ ਉਪਰੰਤ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ।

CONSTRUCTION OF BUILDING FOR THE DISPENSARY IN VILLAGE MAKAUR SAHIB, DISTRICT SANGRUR

*815 (1) **Comrade Amar Singh**
(2) **Comrade Baldev Singh Loomba** : Will the Minister for Health and Family Welfare be pleased to state whether it is a fact that the construction of the building for the Dispensary in village Makaur Sahib, Block Lehragaga, District Sangrur has since been completed by the Panchayat; if so, the time by which the required staff is expected to be posted there ?

ਸ਼੍ਰੀ ਸਰਦਾਰੀ ਲਾਲ ਕਪੂਰ : ਸਰਕਾਰ ਸੁਚੇਤ ਹੈ ਕਿ ਗਰਾਮ ਪੰਚਾਇਤ ਮਕੌੜ ਸਾਹਿਬ, ਬਲਾਕ ਲਹਿਰਾ ਗਾਗਾ, ਜ਼ਿਲ੍ਹਾ ਸੰਗਰੂਰ ਨੇ ਡਿਸਪੈਂਸਰੀ ਦੀ ਇਮਾਰਤ ਉਸਾਰੀ ਹੈ ਪਰ ਇਹ ਅਜੇ ਮੁਕੰਮਲ ਨਹੀਂ ਹੋਈ । ਕਿਉਂਕਿ ਸਰਕਾਰ ਨੇ ਮਕੌੜ ਸਾਹਿਬ ਲਈ ਕੋਈ ਸਬ-ਸੀਡਿਅਰੀ ਹੈਲਥ ਸੈਂਟਰ ਪ੍ਰਵਾਨ ਨਹੀਂ ਕੀਤਾ । ਇਸ ਲਈ ਉਥੇ ਸਟਾਫ ਦੀ ਨਿਯੁਕਤੀ ਦਾ ਸਵਾਲ ਪੈਦਾ ਨਹੀਂ ਹੁੰਦਾ ।

UNSTARRED QUESTION AND ANSWER

BLOCK DEVELOPMENT AND PANCHAYAT OFFICER IN KHARAR BLOCK

110 Sardar Atma Singh Will the Minister for Development be pleased to State :—

(a) the name of the Block Development and Panchayat Officer who worked in the Kharar Block during the period from 1968 to 1971 alongwith the exact dates of the period for which he remained there

(b) whether any special audit of the acconnts of the said officer was got done by the then Deputy Commissioner, if so, the details of the Audit Report alongwith the datails of the action, if any, taken there on ?

(ੳ) **ਸਰਦਾਰ ਸੰਤੋਖ ਸਿੰਘ ਰੰਧਾਵਾ** :

1.	ਰਣਜੀਤ ਸਿੰਘ ਮਾਂਗਟ	ਮਿਤੀ 17 ਜੁਲਾਈ, 1967 ਤੋਂ 16 ਅਕਤੂਬਰ, 1970 ਤਕ
2.	ਸ: ਇੰਦਰ ਸਿੰਘ (ਸਮਾਜਿਕ ਸਿਖਿਆ ਤੇ ਪੰਚਾਇਤ ਅਫਸਰ ਨੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦੀ ਆਸਾਮੀ ਦਾ ਆਰਜ਼ੀ ਚਾਰਜ ਸੰਭਾਲਿਆ) ।	ਮਿਤੀ 16 ਅਕਤੂਬਰ, 1970 ਤੋਂ 2 ਨਵੰਬਰ, 1970 ਤਕ
3.	ਸ: ਅਰੀਦਮਨ ਸਿੰਘ ਢਿਲੋਂ	ਮਿਤੀ 2 ਨਵੰਬਰ, 1970 ਤੋਂ 18 ਮਈ, 1971 ਤਕ
4.	ਸ: ਆਤਮਾ ਸਿੰਘ	ਮਿਤੀ 18 ਮਈ, 1971 ਤੋਂ 27 ਮਈ, 1972 ਤਕ ।

(ਅ) ਡਿਪਟੀ ਕਮਿਸ਼ਨਰ, ਰੂਪਨਗਰ ਦੀ ਰਿਪੋਰਟ ਅਨੁਸਾਰ ਟੈਕਸੇਸ਼ਨ ਅਫਸਰ, ਜ਼ਿਲਾ ਪਰੀਸ਼ਦ, ਅੰਬਾਲਾ ਵਲੋਂ ਮਿਤੀ 21 ਜੂਨ, 1966 ਤੋਂ 28 ਜੂਨ, 1966 ਤੱਕ ਪੰਚਾਇਤ ਸੰਮਤੀ, ਖਰੜ ਦੇ ਲੇਖਿਆਂ ਦੀ ਸਪੈਸ਼ਲ ਇੰਨਸਪੈਕਸ਼ਨ ਕੀਤੀ ਗਈ ਸੀ, ਜਿਸਦੇ ਅਤੇ ਹੋਰ ਇੰਨਸਪੈਕਸ਼ਨ ਰਿਪੋਰਟਾਂ ਦੇ ਅਧਾਰ ਤੇ ਸ: ਰਣਜੀਤ ਸਿੰਘ ਮਾਂਗਟ, ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਖਰੜ, ਨੂੰ ਡਿਪਟੀ ਕਮਿਸ਼ਨਰ, ਰੋਪੜ ਵਲੋਂ ਉਨ੍ਹਾਂ ਦੇ ਪੱਤਰ ਨੰਬਰ 3039/ਡੀ.ਏ., ਮਿਤੀ 1 ਮਈ, 1970 (ਕਾਪੀ ਅਨੁਲਗ-13) ਰਾਹੀਂ ਤਰੁੱਟੀਆਂ ਸਬੰਧੀ ਆਪਣੀ ਸਥਿਤੀ ਸਪਸ਼ਟ ਕਰਨ ਲਈ ਲਿਖਿਆ ਗਿਆ ਸੀ । ਬਲਾਕ ਵਿਕਾਸ ਤੇ ਪੰਚਾਇਤ ਅਫਸਰ ਖਰੜ, ਵਲੋਂ ਆਪਣਾ ਜਵਾਬ ਮਿਤੀ 2 ਜੂਨ, 1970 ਨੂੰ ਭੇਜਿਆ ਦਸਿਆ ਗਿਆ ਹੈ । ਡਿਪਟੀ ਕਮਿਸ਼ਨਰ, ਰੂਪਨਗਰ ਨੇ ਅੱਗੇ ਦਸਿਆ ਹੈ ਕਿ ਉਸ ਵੇਲੇ ਦੇ ਉਪ ਸਕੱਤਰ, ਪੰਜਾਬ

ਸਰਕਾਰ, ਵਿਕਾਸ ਵਿਭਾਗ ਵਲੋਂ ਤਰੁਟੀਆਂ/ਅਣਗਹਿਲੀਆਂ ਬਾਰੇ ਇੰਨਕੁਆਰੀ ਆਰੰਭ ਕੀਤੀ ਗਈ ਸੀ, ਪਰੰਤੂ ਉਪ ਸਕੱਤਰ ਦੀ ਰਿਪੋਰਟ ਨਾ ਤਾਂ ਡਿਪਟੀ ਕਮਿਸ਼ਨਰ, ਰੂਪਨਗਰ ਦੇ ਰਿਕਾਰਡ ਵਿੱਚ ਅਤੇ ਨਾ ਹੀ ਸਟੇਟ ਹੈਡਕੁਆਟਰ ਤੇ ਉਪਲਬਧ ਹੈ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ, ਮਾਮਲੇ ਵਿੱਚ ਯੋਗ ਕਾਰਵਾਈ ਕਰਨ ਲਈ ਹੁਣ ਨਵੇਂ ਸਿਰਿਉ ਇੰਨਕੁਆਰੀ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਅਨੁਲਗ-I

ਵਲੋਂ

ਕੈਪਟਨ ਗੁਰਦਰਸ਼ਨ ਸਿੰਘ, ਆਈ.ਏ.ਐਸ.
ਡਿਪਟੀ ਕਮਿਸ਼ਨਰ, ਰੋਪੜ।

ਸੇਵਾ ਵਿਖੇ

ਸ੍ਰੀ ਰਣਜੀਤ ਸਿੰਘ ਮਾਂਗਟ,
ਕਾਰਜ ਸਾਧਕ ਅਫ਼ਸਰ,
ਪੰਚਾਇਤ ਸੰਮਤੀ, ਖਰੜ।

ਨੰ: 3039/ਡੀ.ਏ., ਮਿਤੀ 1 ਮਈ, 1970

ਵਿਸ਼ਾ:—ਪੰਚਾਇਤ ਸੰਮਤੀ ਖਰੜ ਦੇ ਫੰਡਜ਼ ਵਿਚ ਹੇਰਾ ਫੇਰੀ।

ਯਾਦ ਪੱਤਰ

ਆਪ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਪੰਚਾਇਤ ਸੰਮਤੀ ਖਰੜ ਦੇ ਕੰਮਾਂ ਵਿਚ ਸਰਕਾਰ ਦੇ ਬਣਾਏ ਹੋਏ ਨਿਯਮਾਂ ਦੀ ਅਤੇ ਉਨ੍ਹਾਂ ਵਲੋਂ ਜਾਰੀ ਹੋਏ ਹੁਕਮਾਂ ਦੀ ਦਿਨੋ ਦਿਨ ਉਲੰਘਣਾ ਹੋ ਰਹੀ ਹੈ, ਜਿਸਦੇ ਕਾਰਨ ਪੰਚਾਇਤ ਸੰਮਤੀ ਫੰਡ ਦੀ ਨਜ਼ਾਇਜ ਵਰਤੋਂ ਹੋਣ ਤੋਂ ਉਪਰੰਤ ਹੋਰ ਭੀ ਗੰਭੀਰ ਤਰੁਟੀਆਂ ਅਤੇ ਅਣਗਹਿਲੀਆਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਸੰਮਤੀ ਦੀ ਐਡ ਮਨਿਸਟਰੇਸ਼ਨ ਖਰਾਬ ਹੋ ਰਹੀ ਹੈ ਜਿਸਦੇ ਸਬੰਧ ਵਿਚ ਕੁਝ ਗਭੀਰ ਤਰੁਟੀਆਂ ਅਤੇ ਅਣਗਹਿਲੀਆਂ ਹੇਠ ਲਿਖੀਆਂ ਜਾਂਦੀਆਂ ਹਨ:—

(1) ਅਧੀਨ ਸਕੱਤਰ, ਪੰਜਾਬ ਸਰਕਾਰ ਵਿਕਾਸ ਵਿਭਾਗ ਦੀ ਚਿਠੀ ਨੰ: 414-1 ਸੀ.ਡੀ. 11-70/685, ਮਿਤੀ 13 ਮਾਰਚ, 1970 ਅਤੇ ਇਸ ਦਫ਼ਤਰ ਦੀ ਚਿਠੀ ਨੰ: 2442/ਡੀ.ਏ., ਮਿਤੀ 2 ਅਪ੍ਰੈਲ, 1970 ਦੇ ਅਨੁਸਾਰ ਤੁਸੀਂ ਮੁੱਖ ਕਲਰਕ ਦੀਆਂ ਅਣਗਹਿਲੀਆਂ ਬਾਰੇ ਉਸਦਾ ਜੁਆਬ ਲੈ ਕੇ ਹੁਣ ਤਕ ਇਸ ਦਫ਼ਤਰ ਨੂੰ ਨਹੀਂ ਭੇਜਿਆਂ ਹਾਲਾਂ ਕਿ ਇਹ ਜੁਆਬ 9 ਅਪ੍ਰੈਲ, 1970 ਤਕ ਇਸ ਦਫ਼ਤਰ ਵਿਚ ਪੁਜ ਜਾਣਾ ਚਾਹੀਦਾ ਸੀ।

(2) ਵਿਧਾਨ ਸਭਾ ਦਾ ਤਾਰੇ ਮਾਰਕ ਪ੍ਰਸ਼ਨ ਨੰ: 1936 ਬਾਬਤ ਖਰੜ ਬਲਾਕ ਦੇ ਕਿਸਾਨਾਂ ਦੀ ਸਟੱਡੀ ਟੀਮ 1969 [ਜਿਸਦੀ ਇਕ ਕਾਪੀ ਆਪ ਨੂੰ ਵਿਕਾਸ ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ, ਵਿਕਾਸ ਅਤੇ ਪੰਚਾਇਤ ਵਿਭਾਗ ਵਲੋਂ

ਉਨ੍ਹਾਂ ਦੇ ਦਫ਼ਤਰ ਦੇ ਯਾਦ ਪੱਤਰ ਨੰ: 1268 ਈ. ਡੀ. (2)-70/2421 ਮਿਤੀ 26 ਮਾਰਚ, 1970 ਰਾਹੀਂ ਮਿਲੀ ਹੋਈ ਹੈ) ਦੇ ਉਤਰ ਦੀ ਇਕ ਕਾਪੀ ਇਸ ਦਫਤਰ ਨੂੰ ਆਪ ਵਲੋਂ ਨਹੀਂ ਮਿਲੀ ਅਤੇ ਨਾ ਹੀ ਤੁਸੀਂ ਇਸ ਉਤਰ ਦੀ ਕਾਪੀ ਇਸ ਦਫ਼ਤਰ ਦੇ ਵਿਕਾਸ ਸਹਾਇਕ ਨੂੰ ਬਲਾਕ ਦਫ਼ਤਰ ਖਰੜ ਵਿਚ 7 ਅਪ੍ਰੈਲ, 1970 ਨੂੰ ਜਾਣ ਤੇ ਵੀ ਦਿਤੀ ਹੈ, ਜਿਹੜੀ ਕਿ ਬਹੁਤ ਜ਼ਰੂਰੀ ਸੀ। ਮਾਲੂਮ ਹੁੰਦਾ ਹੈ ਕਿ ਤੁਸੀਂ ਜੋ ਉਤਰ ਸਰਕਾਰ ਨੂੰ ਭੇਜਿਆ ਹੈ ਉਹ ਇਸ ਦਫ਼ਤਰ ਕੋਲੋਂ ਪੁਛਣਾ ਚਾਹੁੰਦੇ ਹੋ ਤਾਂ ਕਿ ਸਰਕਾਰ ਨੂੰ ਇਸ ਸਟੱਡੀ ਟੂਰ ਬਾਰੇ ਕੀਤੀਆਂ ਗਈਆਂ ਹੇਰਾ ਫੇਰੀਆਂ ਦਾ ਪਤਾ ਨਾ ਲਗ ਸਕੇ।

(3) ਜਨ-ਸ਼ਕਤੀ ਪਰੋਗਰਾਮ ਖਰੜ ਬਲਾਕ ਵਿਚ ਮਿਤੀ 30 ਜੁਲਾਈ, 1969 ਨੂੰ ਉਪ ਡਾਇਰੈਕਟਰ (ਭੂਮੀ ਵਿਕਾਸ) ਨਾਲ ਹਈ ਗਲਬਾਤ ਤੇ ਤਤਕਰੇ ਦੇ ਨਿਰੀਖਣ ਨੋਟ ਵਿਚ ਦਰਜ ਹੋਈਆਂ ਤਰੁਟੀਆਂ ਨੂੰ ਦੂਰ ਕਰਨ ਵਾਸਤੇ ਕੀਤੀ ਗਈ ਲੋੜੀਂਦੀ ਕਾਰਵਾਈ ਤੋਂ ਨਾ ਹੀ ਆਪਨੇ ਸਰਕਾਰ ਨੂੰ ਇਹ ਸੂਚਨਾ ਭੇਜੀ ਹੈ ਅਤੇ ਨਾ ਹੀ ਇਸ ਦਫ਼ਤਰ ਨੂੰ ਇਸ ਸਬੰਧ ਵਿਚ ਕੋਈ ਪਤਾ ਦਿਤਾ ਹੈ। ਹਾਲਾਂ ਕਿ ਆਪ ਨੂੰ ਸ੍ਰੀ ਰਾਜਿਨ ਕੈਸ਼ਿਯਪ, ਆਈ.ਏ. ਐਸ, ਉਪ ਸਕੱਤਰ, ਪੰਜਾਬ ਸਰਕਾਰ ਵਿਕਾਸ(ਪ.ਤੇਵ) ਵਿਭਾਗ ਦੇ ਅ.ਸ.ਨੰ: 5254 -II-4-69/17556, ਮਿਤੀ 25 ਨਵੰਬਰ, 1969 ਦਾ ਇਕ ਉਤਾਰਾ ਆਪ ਨੂੰ ਇਸ ਦਫ਼ਤਰ ਦੇ ਪਿਠ ਅੰਕਣ ਨੰ: 9997, ਮਿਤੀ 30 ਦਸੰਬਰ, 1969 ਰਾਹੀਂ ਭੇਜ ਕੇ 10 ਦਿਨਾਂ ਦੇ ਅੰਦਰ ਰਿਪੋਰਟ ਕਰਨ ਲਈ ਹਦਾਇਤ ਕੀਤੀ ਸੀ। ਅਤੇ ਇਸ ਤੋਂ ਉਪਰੰਤ ਆਪ ਨੂੰ ਇਸ ਦਫ਼ਤਰ ਵਲੋਂ ਚਿਤਾਵਨੀ ਪੱਤਰ ਨੰਬਰ 1746/ਡੀ.ਏ., ਮਿਤੀ 2 ਮਾਰਚ, 1970 ਵੀ ਭੇਜਿਆ ਗਿਆ ਸੀ। ਪਰ ਬਾਵਜੂਦ ਇਸ ਗਲ ਦੇ ਕਿ ਤੁਸੀਂ ਆਪਣੇ ਪੱਤਰ ਨੰਬਰ: 341, ਮਿਤੀ 17 ਫਰਵਰੀ, 1970 ਰਾਹੀਂ ਇਸਦਾ ਜੁਆਬ 20 ਫ਼ਰਵਰੀ, 1970 ਤਕ ਭੇਜਣ ਦਾ ਯਕੀਨ ਦਿਵਾਇਆ ਸੀ, ਹੁਣ ਤਕ ਤੁਹਾਡੇ ਵਲੋਂ ਕੋਈ ਰਿਪੋਰਟ ਨਹੀਂ ਆਈ।

(4) ਉਪ ਸਕੱਤਰ, ਪੰਜਾਬ ਸਰਕਾਰ, ਵਿਕਾਸ ਵਿਭਾਗ (1) ਦੇ ਦਫ਼ਤਰ ਦੇ ਯਾਦ ਪੱਤਰ ਨੰ: 7880- 5ਤੀ.ਸੀ.ਡੀ.-1-69/17277, ਮਿਤੀ 17 ਨਵੰਬਰ, 1969 ਦੇ ਅਨੁਸਾਰ ਤੁਸੀਂ ਪਿਛਲੇ ਆਡਿਟ ਨੋਟਾਂ ਅਤੇ ਨਰੀਖਣ ਨੋਟਾਂ ਦਾ ਹੁਣ ਤਕ ਨਿਪਟਾਰਾ ਨਹੀਂ ਕੀਤਾ। ਹਾਲਾਂਕਿ ਇਸ ਸਬੰਧ ਵਿਚ ਆਪ ਨੂੰ 13 ਫਰਵਰੀ, 1970 ਨੂੰ ਵੀ ਹਦਾਇਤ ਕੀਤੀ ਗਈ ਸੀ।

(5) ਸੰਮਤੀ ਦੇ ਕੰਮਾਂ ਤੇ ਮੇਰੇ ਵਲੋਂ ਕੀਤੀ ਗਈ ਪੜਤਾਲ ਦੇ ਨਰੀਖਣ ਨੋਟ 13 ਫਰਵਰੀ, 1970 ਦੀ ਵੀ ਤੁਸੀਂ ਹੁਣ ਤਕ ਕੋਈ ਐਨੋਟੇਟਿਡ ਕਾਪੀ ਨਹੀਂ ਭੇਜੀ ਅਤੇ ਨਾ ਹੀ ਕੋਈ ਜੁਆਬ ਦਿੱਤਾ ਹੈ। ਹਾਲਾਂ ਕਿ ਇਸ ਨਰੀਖਣ ਨੋਟ ਦੀ ਐਨੋਟੇਟਿਡ ਕਾਪੀ 19 ਅਪ੍ਰੈਲ, 1970 ਤਕ ਇਸ ਦਫ਼ਤਰ ਵਿਚ ਅਗਲੀ ਕਾਰਵਾਈ ਕਰਨ ਵਾਸਤੇ ਪੁਜਣੀ ਚਾਹੀਦੀ ਸੀ।

(6) ਟੈਕਸੇਸ਼ਨ ਅਫਸਰ, ਜ਼ਿਲਾ ਪਰੀਸ਼ਦ ਦੇ ਨਰੀਖਣ ਨੋਟ ਜੂਨ, 1966 ਅਤੇ ਜੁਲਾਈ, 1969 ਵਿਚ ਦਰਜ ਕੀਤੀਆਂ ਗਈਆਂ ਗੰਭੀਰ ਤਰੁਟੀਆਂ (ਸੰਮਤੀ ਫੰਡ ਦੀ ਨਜਾਇਜ਼ ਵਰਤੋਂ, ਗਬਨ ਅਤੇ ਅਧਿਕਾਰਾਂ ਦੀ ਨਜਾਇਜ਼ ਵਰਤੋਂ) ਵੱਲ ਵੀ ਆਪਨੇ ਕੋਈ ਧਿਆਨ ਨਹੀਂ ਦਿਤਾ। ਹਾਲਾਂਕਿ ਇਸ ਸਬੰਧ ਵਿਚ ਮੇਰੇ ਦਫਤਰ ਵਲੋਂ ਅਤੇ ਜ਼ਿਲਾ ਪਰੀਸ਼ਦ ਵਲੋਂ ਆਪ ਨੂੰ ਕਈ ਚਿਤਾਵਨੀ ਪੱਤਰ ਭੇਜੇ ਗਏ ਹੋਏ ਹਨ ਅਤੇ ਵਿਕਾਸ ਕਮਿਸ਼ਨਰ ਸਾਹਿਬ ਪੰਜਾਬ ਨੇ ਵੀ ਆਪਣੇ ਦਫਤਰ ਦੇ ਪਤਰ ਨੰ: 1281-ਏ.ਯੂ.ਡੀ.-67/15039 ਮਿਤੀ 2 ਜੂਨ, 1967 ਅਤੇ ਪੱਤਰ ਨੰਬਰ 3773 ਬੀ ਏ.ਸੀ.ਵੀ-69/5296, ਮਿਤੀ 11 ਅਗਸਤ, 1969 ਰਾਹੀਂ ਆਪ ਨੂੰ ਹਦਾਇਤ ਕੀਤੀ ਹੋਈ ਹੈ।

(7) ਹੇਠ ਲਿਖੀਆਂ ਰਕਮਾਂ ਆਪ ਦੇ ਹੇਠ ਕੰਮ ਕਰ ਰਹੇ ਕਰਮਚਾਰੀਆਂ ਨੇ ਗਬਨ ਕੀਤੀਆਂ ਹੋਈਆਂ ਹਨ ਅਤੇ ਤੁਸੀਂ ਹੁਣ ਤਕ ਨਾ ਹੀ ਤੇ ਉਨ੍ਹਾਂ ਕੋਲੋਂ ਇਹ ਰਕਮਾਂ ਵਸੂਲ ਕੀਤੀਆਂ ਹਨ ਅਤੇ ਨਾ ਹੀ ਉਨ੍ਹਾਂ ਦੇ ਵਿਰੁਧ ਨਿਯਮ 70 (5) ਪੰਜਾਬ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪਰੀਸ਼ਦ (ਜਨਰਲ) ਫਾਈਨੈਂਨਸ਼ਲ ਬਜਟ ਆਡਿਟ ਅਤੇ ਅਕਾਊਂਟਸ ਰੂਲ 1964 ਦੇ ਅਧੀਨ ਜ਼ਰੂਰੀ ਕਾਰਵਾਈ ਕਰਨ ਵਾਸਤੇ ਪੁਲਿਸ ਕੇਸ ਨੂੰ ਭੇਜੇ ਹਨ। ਹਾਲਾਂ ਕਿ ਇਸ ਸਬੰਧ ਵਿਚ ਟੈਕਸੇਸ਼ਨ ਅਫ਼ਸਰ ਜ਼ਿਲਾ ਪਰੀਸ਼ਦ ਨੇ ਆਪਣੇ ਨਰੀਖਣ ਨੋਟ ਜੂਨ, 1966 ਅਤੇ 12 ਮਾਰਚ, 1968 ਵਾ 7 ਜੁਲਾਈ, 1969 ਵਿਚ ਇਹ ਗਬਨ ਹੋਈਆਂ ਰਕਮਾਂ ਆਪ ਨੂੰ ਲਿਖੀਆਂ ਹੋਈਆਂ ਹਨ ਅਤੇ ਵਿਕਾਸ ਕਮਿਸ਼ਨਰ ਸਾਹਿਬ, ਪੰਜਾਬ ਵਲੋਂ ਵੀ ਇਨ੍ਹਾਂ ਕੇਸਾਂ ਬਾਰੇ ਲੋੜੀਂਦੀ ਕਾਰਵਾਈ ਕਰਨ ਵਾਸਤੇ ਆਪਣੇ ਦਫਤਰ ਦੇ ਪੱਤਰ ਨੰਬਰ 1999-ਬੀ.ਏ. ਐਂਡ ਸੀ-68-ਵੀ/3958, ਮਿਤੀ 3 ਅਪ੍ਰੈਲ, 1968 ਅਤੇ ਨੰ: 3773-ਬੀ.ਏ. ਐਂਡ ਸੀ.ਵੀ-69/5296, ਮਿਤੀ 11 ਅਗਸਤ, 1969 ਅਤੇ ਨੰਬਰ 1281-ਏ.ਯੂ.ਡੀ-67/15039, ਮਿਤੀ 2 ਜੂਨ, 1967 ਵਿਚ ਆਪ ਨੂੰ ਹਦਾਇਤ ਕੀਤੀ ਹੋਈ ਹੈ। ਪਰ ਤੁਹਾਡੇ ਵਲੋਂ ਇਨ੍ਹਾਂ ਗਬਨ ਦੇ ਕੇਸਾਂ ਬਾਰੇ ਹੁਣ ਤਕ ਕੋਈ ਕਾਰਵਾਈ ਕੀਤੀ ਗਈ ਮਾਲੂਮ ਨਹੀਂ ਹੁੰਦੀ। ਐਸੀਆਂ ਰਕਮਾਂ ਦਾ ਵੇਰਵਾ ਨਿਮਨ ਲਿਖਿਤ ਹੈ :—

ਵਸੂਲੀ ਦੀ ਤਰੀਖ	ਰਸੀਦਾਂ ਦੇ ਨੰ:	ਰਕਮ	ਤਫ਼ਸੀਲ ਵਸੂਲੀ	ਨਾਮ ਕਰਮਚਾਰੀ
20-5-63	1-22725	6.60 ਪੈਸੇ	ਸਾਈਕਲ ਟੈਕਸ	ਸ੍ਰੀ ਵੇਦ ਪ੍ਰਕਾਸ਼, ਸਾਬਕਾ ਕਲਰਕ।
		13.00	ਰੈਸਟ ਹਾਊਸ ਫ਼ੀਸ	ਚੌਕੀਦਾਰ।
20-4-65 ਤੋਂ 10-8-65	1-42/232	138.60	ਸਾਈਕਲ ਟੈਕਸ	ਸ੍ਰੀ ਮੇਵਾ ਸਿੰਘ, ਪੰਚਾਇਤ ਸਕੱਤਰ।
8-10-68 ਤੋਂ 4-12-68	1-13/25	26.00	ਸਾਈਕਲ ਟੈਕਸ	ਸ੍ਰੀ ਮੇਵਾ ਸਿੰਘ, ਪੰਚਾਇਤ ਸਕੱਤਰ।

(8) ਇਸ ਤੋਂ ਉਪਰੰਤ ਟੈਕਸ਼ੇਸ਼ਨ ਅਫਸਰ, ਜ਼ਿਲ੍ਹਾ ਪਰੀਸ਼ਦ ਦੇ ਨਰੀਖਣ ਨੋਟਾਂ ਤੋਂ ਪਤਾ ਲਗਦਾ ਹੈ ਕਿ ਕਈ ਕਰਮਚਾਰੀਆਂ ਨੇ ਸੰਮਤੀ ਫੰਡ ਦੀ ਵਸੂਲੀ ਕਰਕੇ ਰਕਮਾਂ ਆਪਣੇ ਪਾਸ ਰਖ ਲਈਆਂ ਅਤੇ ਤਕਰੀਬਨ ਸਾਲ ਸਾਲ ਬਾਅਦ ਜਮ੍ਹਾਂ ਕਰਾਈਆਂ। ਪਰ ਤੁਸੀਂ ਉਨ੍ਹਾਂ ਕਰਮਚਾਰੀਆਂ ਦੇ ਵਿਰੁਧ ਕੋਈ ਕਾਰਵਾਈ ਨਾ ਕੀਤੀ ਹਾਲਾਂ ਕਿ ਐਸੇ ਕੇਸ ਤੁਹਾਡੇ ਨੋਟਿਸ ਵਿਚ ਲਾਏ ਗਏ ਸਨ। ਇਸੇ ਤਰ੍ਹਾਂ ਸ੍ਰੀ ਸ਼ਮਸ਼ੇਰ ਸਿੰਘ, ਸਾਬਕਾ ਟੈਕਸ ਕੁਲੈਕਟਰ ਨੇ 31 ਮਈ, 1967 ਅਤੇ 3 ਜੂਨ, 1967 ਨੂੰ ਰਸੀਦ ਨੰ: 1-19/574 ਦੇ ਰਾਹੀਂ 202/- ਰੁਪਏ ਪਰੋਫੈਸ਼ਨਲ ਟੈਕਸ ਵਸੂਲ ਕਰਕੇ ਗਬਨ ਕਰ ਲਿਆ ਸ਼ੀ ਅਤੇ ਹੈਡ ਕਲਰਕ ਬਣ ਕੇ ਰੋਪੜ ਚਲਾ ਗਿਆ ਸੀ। ਇਹ ਰਕਮ ਟੈਕਸੇਸ਼ਨ ਅਫਸਰ, ਜਿਲ੍ਹਾ ਪਰੀਸ਼ਦ ਦੇ 21 ਦਸੰਬਰ, 1967 ਨੂੰ ਲਿਖਣ ਤੇ ਉਸ ਨੇ 8 ਜਨਵਰੀ, 1968 ਨੂੰ ਸੰਮਤੀ ਫੰਡ ਵਿੱਚ ਜਮ੍ਹਾਂ ਕਰਵਾਈ। ਪਰ ਤੁਸੀਂ ਇਸ ਦੇ ਵਿਰੁੱਧ ਵੀ ਕੋਈ ਕਾਰਵਾਈ ਨਾ ਕੀਤੀ।

(9) ਆਲੂਆਂ ਦੇ ਬੀਜ ਦੀ ਬਾਕੀ ਰਕਮ 16,377.23 ਪੈਸੇ ਤੁਸੀਂ ਨਾ ਹੀ 13 ਫਰਵਰੀ, 1970 ਤਕ ਸੰਮਤੀ ਫੰਡ ਵਿਚ ਜਮ੍ਹਾਂ ਵਿਖਾਈ ਹੈ ਅਤੇ ਨਾ ਹੀ ਇਹ ਬੀਜ ਤਕਸੀਮ ਕਰਨ ਦੀ ਕੋਈ ਤਾਰੀਖ ਅਤੇ ਵਸੂਲ ਕਰਨ ਵਾਲਿਆਂ ਦੀਆਂ ਰਸੀਦਾਂ ਅਤੇ ਤਕਸੀਮ ਕਰਨ ਵਾਲਿਆਂ ਦੇ ਅਧਿਕਾਰ ਸੰਮਤੀ ਦੇ ਨਰੀਖਣ ਦੇ ਦੌਰਾਨ ਵਿਖਾਏ ਹਨ ਅਤੇ ਨਾ ਹੀ ਇਹ ਕਾਗਜ਼ਾਤ ਤੁਸੀਂ ਆਡੀਟਰਾਂ ਨੂੰ ਵਿਖਾਏ ਹਨ ਜੈਸਾ ਕਿ ਉਨ੍ਹਾਂ ਦੇ ਆਡਿਟ ਨੋਟਾਂ ਤੋਂ ਸਪਸ਼ਟ ਹੁੰਦਾ। ਇਹ ਕੇਸ ਵੀ 1966 ਤੋਂ ਚਲ ਰਿਹਾ ਹੈ ਅਤੇ ਇਸ ਬਾਰੇ ਵੀ ਵਿਕਾਸ ਕਮਿਸ਼ਨਰ, ਪੰਜਾਬ ਅਤੇ ਇਸ ਦਫ਼ਤਰ ਵਲੋਂ ਆਪ ਨੂੰ ਕਈ ਹਦਾਇਤਾਂ ਹੋ ਚੁਕੀਆਂ ਹਨ। ਪਰ ਤੁਸੀਂ ਇਸ ਰਕਮ ਦੀ ਵਸੂਲੀ ਵੱਲ ਕੋਈ ਧਿਆਨ ਨਹੀਂ ਦਿੱਤਾ। ਜਿਹੜਾ ਕਿ ਸੰਮਤੀ ਹਿੱਤ ਦੇ ਵਿਰੁਧ ਹੈ। ਇਸ ਸਬੰਧ ਵਿਚ ਇਸੇ ਆਲੂਆਂ ਦੇ ਬੀਜ ਦੀ ਵਸੂਲੀ ਕੀਤੀ ਹੋਈ ਰਕਮ 2,500 ਰੁਪਏ ਗਬਨ ਦਾ ਕੇਸ ਸੰਮਤੀ ਦੇ ਜ਼ਿੰਮੇਵਾਰ ਕਰਮਚਾਰੀ ਦੀ ਸੁਸਤੀ ਦੇ ਕਾਰਨ ਅਦਾਲਤ ਵਿਚ ਚਲ ਰਿਹਾ ਹੈ।

(10) 15 ਸਤੰਬਰ, 1969 ਤੋਂ 5 ਅਕਤੂਬਰ, 1969 ਤਕ ਸੰਮਤੀ ਵਲੋਂ ਬਿਨਾਂ ਪ੍ਰਵਾਨਗੀ ਸਰਕਾਰ ਕੀਤੇ ਗਏ ਸਟੱਡੀ ਟੂਰ ਵਿਚ 49 ਪੁਰਸ਼/ਔਰਤਾਂ ਸ਼ਾਮਲ ਹੋਣ ਵਾਲਿਆਂ ਕੋਲੋਂ 125/-ਰੁਪਏ ਫੀ ਸੀਟ ਦੇ ਹਿਸਾਬ ਤੇ ਉਨ੍ਹਾਂ ਦੇ ਕਿਰਾਏ ਅਤੇ ਖੁਰਾਕ ਤੇ ਕੀਤੇ ਗਏ ਖਰਚ ਦੇ ਹਿੱਸੇ ਦਾ ਆਪ ਨੇ ਵਸੂਲ ਕੀਤਾ ਹੋਇਆ ਹੈ। ਪਰ ਇਹ ਰਕਮ 13 ਫਰਵਰੀ, 1970 ਤਕ ਸੰਮਤੀ ਫੰਡ ਵਿਚ ਜਮ੍ਹਾਂ ਹੋਈ ਨਹੀਂ ਵਿਖਾਈ ਸੀ। ਤੇ ਨਾ ਹੀ ਤੁਸੀਂ ਇਸ ਦਾ ਕੋਈ ਹਿਸਾਬ ਕਿਤਾਬ ਨਰੀਖਣ ਦੇ ਦੌਰਾਨ ਵਿਖਾਇਆ ਸੀ। ਇਸ ਤੋਂ ਉਪਰੰਤ ਇਸ ਵਸੂਲੀ ਬਾਰੇ ਤੁਸੀਂ ਆਪਣੇ ਦਫ਼ਤਰ ਵਲੋਂ ਕੋਈ ਰਸੀਦਾਂ ਵੀ ਜਾਰੀ ਨਹੀਂ ਕੀਤੀਆਂ ਮਾਲੂਮ ਹੁੰਦੀਆਂ। ਹਾਲਾਂ ਕਿ ਇਹ ਰਕਮ ਸੰਮਤੀ ਮਤਾ ਨੰ: 15 ਮਿਤੀ 7 ਅਗਸਤ, 1969 ਅਤੇ ਤੁਹਾਡੇ ਦਫ਼ਤਰ ਦੀ ਚਿੱਠੀ ਨੰ: 435-59 ਮਿਤੀ 14 ਅਗਸਤ, 1969 ਦੇ ਅਧੀਨ ਸੰਮਤੀ ਫੰਡ ਵਿਚ ਜਮ੍ਹਾਂ

ਹੋਣੀ ਚਾਹੀਦੀ ਸੀ । ਇਸ ਬਾਰੇ ਮੈਨੇ ਜੋ ਸੰਮਤੀ ਦੇ ਕੰਮਾਂ ਦੇ ਨਰੀਖਣ ਮਿਤੀ 12-13 ਫ਼ਰਵਰੀ, 1970 ਦੇ ਨਰੀਖਣ ਨੋਟ ਵਿਚ ਜੋ ਇਹ ਇਤਰਾਜ਼ ਦਰਜ ਕੀਤਾ ਹੋਇਆ ਹੈ, ਉਸ ਦਾ ਵੀ ਤੁਸੀਂ ਹੁਣ ਤਕ ਕੋਈ ਉੱਤਰ ਨਹੀਂ ਦਿਤਾ । ਮਾਲੂਮ ਹੁੰਦਾ ਹੈ ਕਿ ਇਸ ਫੰਡ ਵਿਚ ਕਾਫੀ ਹੇਰਾ ਫੇਰੀ ਹੈ ।

(11) ਤੁਸੀਂ ਸੰਮਤੀ ਫੰਡ ਵਿਚੋਂ ਸਟੱਡੀ ਟੂਰ 15 ਸਤੰਬਰ, 1969 ਤੋਂ 5 ਅਕਤੂਬਰ, 1969 ਤੇ 4,000/-ਰੁਪਏ 10 ਸਤੰਬਰ, 1969 ਵਾ 5 ਅਕਤੂਬਰ, 1969 ਨੂੰ ਨਜਾਇਜ਼ ਖਰਚ ਕੀਤਾ, ਹਾਲਾਂ ਕਿ ਸੰਮਤੀ 1 ਸਤੰਬਰ, 1969 ਤੋਂ ਟੁਟ ਚੁਕੀ ਸੀ ਅਤੇ ਆਪ ਨੂੰ ਇਹ ਰਕਮ ਖਰਚ ਕਰਨ ਦਾ ਕੋਈ ਅਧਿਕਾਰ ਨਹੀਂ ਸੀ । ਇਸ ਤੋਂ ਉਪਰੰਤ ਸਰਕਾਰ ਦੀਪ੍ਰਵਾਨਗੀ ਤੋਂ ਬਗੈਰ ਸਟੱਡੀ ਟੂਰ ਵੀ ਸੰਮਤੀ ਟੁਟ ਜਾਣ ਤੇ ਜਾਰੀ ਨਹੀਂ ਕਰਨਾ ਚਾਹੀਦਾ ਸੀ ਕਿਉਂਕਿ ਇਹ ਗਲ ਆਪ ਦੇ ਨੋਟਿਸ ਵਿਚ ਸੀ ਕਿ ਸਰਕਾਰ ਨੇ ਸੰਮਤੀ ਦਾ ਸਟੱਡੀ ਟੂਰ 1965 ਦੇ ਕਰਨ ਬਾਰੇ ਪਹਿਲੇ ਹੀ ਇਤਰਾਜ਼ ਕੀਤਾ ਹੋਇਆ ਹੈ ਜੈਸਾ ਕਿ ਸੰਮਤੀ ਦੇ ਮਤਾ ਨੰਬਰ 2 ਮਿਤੀ 4 ਜਨਵਰੀ, 1968 ਤੋਂ ਸਪਸ਼ਟ ਹੁੰਦਾ ਹੈ ।

(12) 11 ਮਾਰਚ, 1968 ਅਤੇ 22 ਅਕਤੂਬਰ, 1969 ਨੂੰ ਸੰਮਤੀ ਫੰਡ ਵਿਚੋਂ 3,175/-ਰੁਪਏ ਅਤੇ 1,150/-ਰੁਪਏ ਡਰਿਲਾਂ ਆਦਿ ਦੀ ਖਰੀਦ ਦੇ ਸਬੰਧ ਵਿਚ ਖਰਚ ਹੋਇਆ ਵਿਖਾਇਆ ਹੈ । ਹਾਲਾਂ ਕਿ ਇਸ ਸ ਬੰਧ ਵਿਚ ਇਸ ਰਕਮ ਦੀਆਂ ਖ਼ਰੀਦ ਕੀਤੀਆਂ ਹੋਈਆਂ ਚੀਜ਼ਾਂ ਅਤੇ ਉਨ੍ਹਾਂ ਦੀ ਤਕਸੀਮ ਦਾ ਕੋਈ ਹਿਸਾਬ ਕਿਤਾਬ ਨਰੀਖਣ ਦੇ ਦੌਰਾਨ ਨਹੀਂ ਵਿਖਾਇਆ ਅਤੇ ਨਾ ਹੀ ਇਸ ਰਕਮ ਦਾ ਜ਼ਿਮੀਂਦਾਰਾਂ ਕੋਲੋਂ ਵਸੂਲ ਕੀਤਾ ਗਿਆ ਹਿੱਸਾ ਸੰਮਤੀ ਫੰਡ ਵਿਚ ਜਮਾਂ ਵਿਖਾਇਆ ਹੈ ।

(13) ਜ਼ਿਲ੍ਹਾ ਪਰੀਸ਼ਦ ਦੇ ਪਸ਼ੂ ਹਸਪਤਾਲ ਵਿਚ ਸਰਕਾਰ ਵਲੋਂ ਸਪਲਾਈ ਕੀਤਾ ਗਿਆ ਰੈਫਰੀਜਰੇਟਰ ਹੁੰਦਿਆਂ ਹੋਇਆਂ ਨਵਾਂ ਰੈਫਰੀਜੀਰੇਟਰ ਖਰੀਦਣ ਵਾਸਤੇ ਸੰਮਤੀ ਫੰਡ ਵਿਚੋਂ 1,499-07 ਪੈਸੇ ਨਿਯਮਾਂ ਦੇ ਵਿਰੁਧ ਖਰਚ ਕੀਤੇ ਹੋਏ ਹਨ । ਪਰ ਹਸਪਤਾਲ ਦੇ ਪਹਿਲੇ ਰੈਫਰੀਜੀਰੇਟਰ ਦੇ ਨਾ ਮਿਲਣ ਬਾਰੇ ਅਜੇ ਤਕ ਕੋਈ ਰਿਪੋਰਟ ਨਹੀਂ ਕੀਤੀ । ਹਾਲਾਂ ਕਿ ਇਹ ਕੇਸ ਵੀ ਆਪ ਪਾਸ 1966 ਤੋਂ ਚਲ ਰਿਹਾ ਹੈ ।

(14) 13 ਮਈ, 1968 ਤੋਂ ਸੰਮਤੀ ਫੰਡ ਵਿਚੋਂ 1000/- ਰੁਪਇਆ ਆਪ ਨੇ ਆਪਣੇ ਦਫ਼ਤਰ ਦੇ ਹੈਡ ਕਲਰਕ ਸ੍ਰੀ ਸੁਚਾ ਸਿੰਘ ਨੂੰ ਮੁਰਗੀਆਂ ਬੱਚੇ ਖ਼ਰੀਦਣ ਵਾਸਤੇ ਨਜਾਇਜ਼ ਦਿਤੇ ਜਿਸ ਦਾ ਕਿ ਆਪ ਨੂੰ ਇਹ ਰਕਮ ਦੇਣ ਦਾ ਕੋਈ ਅਧਿਕਾਰ ਨਹੀਂ ਸੀ ਅਤੇ ਇਹ ਰਕਮ ਤੁਸੀਂ 13 ਫਰਵਰੀ, 1970 ਤਕ ਉਸ ਕੋਲੋਂ ਵਸੂਲ ਨਾ ਕਰਕੇ ਸੰਮਤੀ ਫੰਡ ਵਿਚ ਜਮਾਂ ਨਹੀਂ ਕਰਵਾਈ । ਇਸ ਤੋਂ ਉਪਰੰਤ ਸ੍ਰੀ ਸੁੱਚਾ ਸਿੰਘ ਹੈਡ ਕਲਰਕ ਦੇ ਨਾਂ ਤੇ 720/-ਰੁਪਏ ਪੇਸ਼ਗੀ ਰਕਮਾਂ 10 ਮਾਰਚ, 1965 ਤੋਂ 2 ਫਰਵਰੀ, 1968 ਤਕ ਵਿਖਾਈਆਂ ਹੋਈਆਂ ਹਨ । ਜਿਸਦਾ ਉਸਨੇ ਨਾ ਹੀ ਹੁਣ ਤਕ ਕੋਈ ਹਿਸਾਬ ਦਿੱਤਾ ਹੈ ਅਤੇ ਨਾ ਹੀ ਇਹ ਰਕਮਾਂ ਵਾਪਸ ਕੀਤੀਆਂ ਹਨ ।

(15) ਮੁਰਗੀਆਂ ਦੇ ਬੱਚੇ ਅਤੇ ਸੂਰ ਖਰੀਦਣ ਵਾਸਤੇ ਪੋਲਟਰੀ ਇੰਨਸਪੈਕਟਰ ਨੂੰ ਸੰਮਤੀ ਫੰਡ ਵਿਚੋਂ ਹੇਠ ਲਿਖੀਆਂ ਰਕਮਾਂ ਦਿਤੀਆਂ ਗਈਆਂ ਹੋਈਆਂ ਹਨ। ਪਰ ਇਹਨਾਂ ਰਕਮਾਂ ਦੇ ਖ਼ਰਚ ਕਰਨ ਦੀਆਂ ਰਸੀਦਾਂ ਪੇਸ਼ ਨਹੀਂ ਕੀਤੀਆਂ ਗਈਆਂ ਅਤੇ ਨਾ ਹੀ ਹੁਣ ਤਕ ਇਸ ਦਫ਼ਤਰ ਨੂੰ ਇਸ ਸ਼ਬੰਧ ਵਿਚ ਕੋਈ ਰਿਪੋਰਟ ਮਿਲੀ ਹੈ।

ਤਾਰੀਖ ਰਕਮ ਦੇਣ ਦੀ		ਰਕਮ ਜੋ ਦਿਤੀ ਗਈ
10-3-1964	..	3000/-ਰੁਪਏ
2-9-1968	..	3937.50 ਰੁਪਏ
2-9-1968	..	3600/- ਰੁਪਏ
22-11-1968	..	400/- ਰੁਪਏ
ਜੋੜ	..	10937-50 ਪੈਸੇ

ਇਸ ਤੋਂ ਉਪਰੰਤ 7 ਜੁਲਾਈ, 1969 ਨੂੰ ਜੋ 3750/-ਰੁਪਏ ਅਸਿਸਟੈਂਟ ਪੋਲਟਰੀ ਅਫਸਰ, ਪਟਿਆਲਾ ਨੂੰ ਦਿਤਾ ਗਿਆ ਵਿਖਾਇਆ ਹੈ ਉਸ ਦੀਆਂ ਆਈਆਂ ਮੁਰਗੀਆਂ ਜਾਂ ਬੱਚੇ ਅਤੇ ਉਨ੍ਹਾਂ ਦੀ ਤਕਸੀਮ ਦਾ ਕੋਈ ਹਿਸਾਬ ਕਿਤਾਬ ਨਹੀਂ ਦਿਖਾਇਆ ਗਿਆ ਅਤੇ 10 ਮਾਰਚ, 1964 ਦੇ 3,000/-ਰੁਪਏ ਦੀ ਰਕਮ ਬਾਰੇ ਆਪ ਨੂੰ 1966 ਤੋਂ ਹੀ ਲਿਖਿਆ ਜਾ ਰਿਹਾ ਹੈ ਪਰ ਤੁਸੀਂ ਇਸ ਵਲ ਕੋਈ ਧਿਆਨ ਨੂੰ ਦੇਣ ਦੀ ਜ਼ਰੂਰਤ ਨਹੀਂ ਸਮਝੀ

(16) ਪੈਰਾ 1 ਅਤੇ 6 ਤੋਂ ਇਹ ਸਿੱਧ ਹੁੰਦਾ ਹੈ ਕਿ ਤੁਸੀਂ ਆਡਿਟ ਅਤੇ ਨਰੀਖਣ ਨੋਟਾਂ ਵਿਚ ਦਰਜ ਕੀਤੀਆਂ ਗਈਆਂ ਤਰੁਟੀਆਂ ਨੂੰ ਦੂਰ ਕਰਕੇ ਐਨੋਟਟਿਡ ਕਾਪੀਆਂ ਨਿਯਮ 105, 107 ਅਤੇ 115 ਫਾਈਨੇਨਸ਼ਲ ਰੂਲਜ਼, 1964 ਦੇ ਅਧੀਨ ਭੇਜਣ ਵਿਚ ਅਤੇ ਸਰਕਾਰ ਵਲੋਂ ਜਾਰੀ ਹੋਏ ਹੁਕਮਾਂ ਦੀ ਪਾਲਣਾ ਕਰਨ ਵਿਚ ਪੂਰੀ ਅਣਗਹਿਲੀ ਦਾ ਸਬੂਤ ਦਿਤਾ ਹੈ ਅਤੇ ਪੈਰਾ 7 ਤੋਂ 14 ਤੋਂ ਸੰਮਤੀ ਫੰਡ ਦੀ ਨਜਾਇਜ਼ ਵਰਤੋਂ ਸਪਸ਼ਟ ਹੁੰਦੀ ਹੈ ਇਸ ਤੋਂ ਉਪਰੰਤ ਗੰਭੀਰ ਤਰੁਟੀਆਂ ਹੋਰ ਵੀ ਕਾਫੀ ਹਨ ਜਿੰਨ੍ਹਾਂ ਦਾ ਵੇਰਵਾ ਕਿ ਮੈਂ ਆਪਣੇ ਨਰੀਖਣ ਨੋਟ 13 ਫਰਵਰੀ, 1970 ਵਿਚ ਲਿਖਿਆ ਹੋਇਆ ਹੈ। ਜਿੰਨ੍ਹਾਂ ਦੇ ਨਿਪਟਾਰੇ ਬਾਰੇ ਤੁਹਾਡੇ ਵਲੋਂ ਹੁਣ ਤਕ ਕੋਈ ਉਤਰ ਨਹੀਂ ਆਇਆ

ਮਾਲੂਮ ਹੁੰਦਾ ਹੈ ਕਿ ਤੁਸੀਂ ਜਾਂ ਤੇ ਸਰਕਾਰੀ ਕੰਮਾਂ ਦੇ ਨਿਪਟਾਰੇ ਬਾਰੇ ਮਿਲਵਰਤਣ ਨਾ ਦੇਣਾ ਚਾਹੁੰਦੇ ਹੋ ਜਾਂ ਬਲਾਕ ਸੰਮਤੀ ਦੇ ਕਰਮਚਾਰੀਆਂ ਤੇ ਤੁਹਾਡਾ ਕੋਈ ਕੰਟਰੋਲ ਨਹੀਂ। ਮੈਂ ਇਸ ਸਬੰਧ ਵਿਚ ਆਪ ਨੂੰ ਇਕ ਵਾਰੀ ਹੋਰ ਹਦਾਇਤ ਕਰਦਾ ਹਾਂ ਕਿ ਤੁਸੀਂ ਉਪਰੋਕਤ ਲਿਖੀਆਂ ਅਣਗਹਿਲੀ ਅਤੇ ਤਰੁਟੀਆਂ ਦੇ ਨਿਪਟਾਰੇ ਬਾਰੇ 7 ਦਿਨਾਂ ਦੇ ਅੰਦਰ ਉਤਰ ਦੇਣ ਦੀ ਖੇਚਲ ਕਰੋ ਨਹੀਂ ਤਾਂ ਇਸ ਸਬੰਧ ਵਿਚ ਧਾਰਾ 101 ਪੰਜਾਬ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰੀਸ਼ਦ ਐਕਟ 1961 ਅਤੇ ਨਿਯਮ 70 (5) ਫਾਈਨੈਨਸ਼ਲ ਰੂਲਜ਼, 1964 ਅਤੇ ਧਾਰਾ 107 ਐਕਟ ਮਜ਼ਕੂਰ ਦੇ ਅਧੀਨ ਇਸ ਦਫ਼ਤਰ ਵਲੋਂ ਕਾਰਵਾਈ ਕਰਨੀ ਪਵੇਗੀ। ਮੈਂ ਆਸ ਕਰਦਾ ਹਾਂ ਕਿ ਤੁਸੀਂ ਇਹ ਐਕਸ਼ਨ ਲੈਣ ਤਕ ਨੌਬਤ ਨਹੀਂ ਆਉਣ ਦਿਓਗੇ।

ਸਹੀ/-

ਗੁਰਦਰਸ਼ਨ ਸਿੰਘ

ਡਿਪਟੀ ਕਮਿਸ਼ਨਰ, ਰੋਪੜ।

1932—9-3-81—325—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।



1981

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA


DEBATES

27th February, 1981

(Forenoon Sitting)

Vol. II—No. 25

OFFICIAL REPORT



CONTENTS

Friday, the 27th February, 1981

(Forenoon Sitting)

Punjab Vidhan Sabha Secretariat, Chandigarh.

Price : Rs. 53-00

PUNJAB VIDHAN SABHA

Friday, the 27th February, 1981

(Fore noon sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕਲ ਵਾਲੇ ਸਵਾਲ ਨੰ: 791 ਦਾ ਕੀ ਬਣਿਆ? ਆਪ ਜੀ ਦੀ ਅਸ਼ੋਰੈਂਸ ਤੇ ਅਸੀਂ ਵਾਪਸ ਆ ਗਏ ਸੀ।

ਸ੍ਰੀ ਸਪੀਕਰ : ਖਾਲਸਾ ਜੀ, ਤੁਸੀਂ ਬੈਠੋ; ਮੈਂ ਹੁਣੇ ਦਸ ਦਿੰਦਾ ਹਾਂ !

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮਾਮਲਾ ਇਕ ਮੈਂਬਰ ਦਾ ਸੀ। ਅਸੀਂ ਰਿਕੁਐਸਟ ਕੀਤੀ ਸੀ... ...

ਸ੍ਰੀ ਸਪੀਕਰ : ਕੱਲ ਮੈਂ ਹਾਊਸ ਨੂੰ ਇਹ ਆਸ਼ਵਾਸਨ ਦਿੱਤਾ ਸੀ ਕਿ ਜੇ ਮੈਨੂੰ ਰੂਲਜ਼ ਪਰਮਿਟ ਕਰਨਗ ਤਾਂ ਮੈਂ ਇਸ ਨੂੰ ਕਲ ਲੈ ਆਵਾਂਗਾ। ਮੈਂ ਰੂਲਜ਼ ਵੇਖੇ ਹਨ। ਦੋ ਚੀਜ਼ ਸਾਹਮਣੇ ਆਈਆਂ ਹਨ।

ਸਰਦਾਰ ਬਸੰਤ ਸਿੰਘ ਖਾਲਸਾ : ਰਲਜ਼ ਅਸੀਂ ਹੀ ਬਣਾਏ ਹੋਏ ਹਨ। ਜਦੋਂ ਐਗਰੀਮੈਂਟ ਹੋ ਜਾਵੇ, ਫਿਰ ਤਾਂ ਇਹ ਹੋ ਜਾਣਾ ਚਾਹੀਦਾ ਹੈ। ਇਕ ਦਿਨ ਦੇ ਸੁਆਲ ਤੁਸੀਂ ਦੂਜੇ ਦਿਨ ਤੇ ਲੈ ਹੀ ਜਾਂਦੇ ਹੋ।

ਸ੍ਰੀ ਸਪੀਕਰ : ਮੈਂ ਤੁਹਾਨੂੰ ਦਸ ਰਿਹਾ ਸੀ ਕਿ ਦੋ ਚੀਜ਼ਾਂ ਸਾਡ ਸਾਹਮਣੇ ਆਈਆਂ ਹਨ। ਇਕ ਇਹ ਸੀ ਕਿ ਅੱਜ ਦੇ ਸਾਰੇ ਸਵਾਲਾਂ ਦੇ ਖਤਮ ਹੋ ਜਾਣ ਦੇ ਬਾਅਦ ਮੈਂ ਇਹ ਟੇਕ-ਅੱਪ ਕਰ ਲਵਾਂ ਪਰ ਚੂੰਕਿ ਸਵਾਲ ਅੱਜ ਸ਼ਾਇਦ ਖਤਮ ਨਾ ਹੋ ਸਕਣ, ਇਸ ਲਈ ਇਹ ਸ਼ਾਇਦ ਟੇਕ-ਅੱਪ ਕੁਐਸ਼ਚਨ ਆਵਰ ਵਿਚ ਨਾ ਕੀਤਾ ਜਾ ਸਕੇ। ਦੂਜਾ ਰਸਤਾ ਇਹ ਹੈ ਕਿ ਮੈਂ ਸ਼ਾਰਟ ਨੋਟਿਸ ਕੁਐਸ਼ਚਨ ਐਡਮਿਟ ਕਰ ਲਵਾਂ। ਜਿਸ ਮੈਂਬਰ ਦਾ ਇਹ ਸਵਾਲ ਸੀ ਮੈਂ ਉਸ ਨੂੰ ਬੇਨਤੀ ਕੀਤੀ ਸੀ ਕਿ 7 ਵਜੇ ਤੱਕ ਮੈਨੂੰ ਇਹ ਸਵਾਲ ਦੇ ਦੇਵੇ ਤਾਂ ਕਿ ਉਹ ਅੱਜ ਇਸ ਹਾਊਸ ਵਿਚ ਆ ਜਾਵੇ। ਉਨ੍ਹਾਂ ਨੇ ਕੱਲ ਮੈਨੂੰ ਇਹ ਕਿਹਾ ਸੀ ਕਿ ਉਹ ਸਵਾਲ ਦੇ ਦੇਣਗੇ ਪਰ ਅਜੇ ਤਕ ਉਹ ਸਵਾਲ ਮੇਰੇ ਕੋਲ ਨਹੀਂ ਆਇਆ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਉਹ ਪਬਲਿਕ ਇੰਟਰੈਸਟ ਦੀ ਗੱਲ ਹੈ। ਸੁਆਲ ਪੱਟ ਕਰ ਦਿਤਾ ਗਿਆ ਸੀ। ਸਪਲੀਮੈਂਟਰੀ ਕਰਨ ਹੀ ਨਹੀਂ ਦਿੱਤੀ। ਕੀ ਇਹ ਜ਼ਰੂਰੀ ਹੈ ਕਿ ਉਹ ਹੀ ਲਿਖ ਕ ਦੇਵੇ ? ਉਹ ਮੈਂਬਰ ਅੱਜ ਵੀ ਗੈਰ-ਹਾਜ਼ਰ ਹੈ।

ਸ੍ਰੀ ਸਪੀਕਰ : ਕੁਐਸ਼ਚਨ ਆਵਰ ਵਿਚ ਪਹਿਲਾਂ ਅੱਜ ਦੇ ਕੁਐਸਚਨ ਹੋ ਜਾਣ ਦਿਓ

ਸਰਦਾਰ ਬਸੰਤ ਸਿੰਘ ਖਾਲਸਾ : ਕੀ ਇਹ ਜ਼ਰੂਰੀ ਹੈ ਕਿ ਉਹੀ ਮੈਂਬਰ ਸਵਾਲ ਦੇਵੇ ?

ਸ੍ਰੀ ਸਪੀਕਰ : ਹਾਂ ਜੀ ।

ਸਰਦਾਰ ਬਸੰਤ ਸਿੰਘ ਖਾਲਸਾ : ਜੇ ਅਸੀਂ ਲਿਖ ਕੇ ਦੇਈਏ ਤਾਂ ਕੀ ਤੁਸੀਂ ਇਹ ਲੈ ਆਓਗੇ ?

ਸ੍ਰੀ ਸਪੀਕਰ : ਮੈਂ ਫਿਰ ਤੁਹਾਡਾ ਸਵਾਲ ਮਨਿਸਟਰ ਕਨਸਰੰਡ ਨੂੰ ਭੇਜ ਦੇਵਾਂਗਾ ।

RAI SIKH COMMUNITY

* **837. Shri Manga Singh :** Will the Minister for Welfare be pleased to state :—

(a) whether the Rai Sikh Community is covered by the list of the Vimukat Jatis;

(b) if the reply to part (a) above be in the affirmative, whether the Rai Sikh community is allowed all the facilities being provided to the Vimukat Jatis; if not, the reasons therefor ?

ਚੌਧਰੀ ਜਗਤ ਰਾਮ : (ੳ) ਰਾਏ ਸਿੱਖ, ਅਸਲ ਵਿਚ ਜਿਨ੍ਹਾਂ ਨੂੰ ਪਹਿਲਾਂ ਮਾਹਤਮ ਵੀ ਕਿਹਾ ਜਾਂਦਾ ਸੀ ਜੋ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਪੁਲੀਸ ਸਟੇਸ਼ਨ ਫਾਜ਼ਿਲਕਾ ਅਤੇ ਮਮਦੋਟ ਵਿਚ ਹਨ, ਵਿਮੁਕਤ ਜਾਤੀਆਂ ਦੀ ਲਿਸਟ ਵਿਚ ਸ਼ਾਮਲ ਹਨ ।

(ਅ) ਰਾਏ ਸਿੱਖ ਜਾਂ ਮਾਹਤਮ ਜੋ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਪੁਲੀਸ ਸਟੇਸ਼ਨ ਫਾਜ਼ਿਲਕਾ ਅਤੇ ਮਮਦੋਟ ਦੇ ਵਾਸੀ ਹਨ, ਉਨ੍ਹਾਂ ਨੂੰ ਵਿਮੁਕਤ ਜਾਤੀਆਂ ਵਾਲੀਆਂ ਸਾਰੀਆਂ ਰਿਆਇਤਾਂ ਮਿਲ ਸਕਦੀਆਂ ਹਨ । ਰਾਏ ਸਿੱਖ ਜਾਤੀ ਪੰਜਾਬ ਰਾਜ ਵਿਚ ਪਛੜੀ ਜਾਤੀ ਕਰਾਰ ਦਿੱਤੀ ਗਈ ਹੈ । ਇਸ ਲਈ ਪਛੜੀਆਂ ਜਾਤੀਆਂ ਵਾਲੀਆਂ ਰਿਆਇਤਾਂ ਪ੍ਰਾਪਤ ਕਰ ਸਕਦੇ ਹਨ

ਸ੍ਰੀ ਮੰਗਾ ਸਿੰਘ : ਸਪੀਕਰ ਸਾਹਿਬ, ਇਹ ਜਿਹੜੀ ਕਿਤਾਬ ਛਪੀ ਹੈ ਇਸਦੇ ਵਿਚ ਵਿਮੁਕਤ ਜਾਤੀਆਂ ਦੀ ਲਿਸਟ ਵਿਚ ਰਾਏ ਸਿਖਾਂ ਦਾ ਨਾਂ ਨਹੀਂ ਹੈ । ਪਹਿਲਾਂ ਰਾਏ ਸਿੱਖਾਂ ਨੂੰ ਵਿਮੁਕਤ ਜਾਤੀਆਂ ਦੀ ਲਿਸਟ ਵਿਚ ਸ਼ਾਮਲ ਕੀਤਾ ਗਿਆ ਸੀ । ਸੈਂਟਰ ਵਿੱਚ ਵੀ ਇਹ ਫੈਸਲਾ ਹੋ ਗਿਆ ਹੈ ਕਿ ਰਾਏ ਸਿੱਖਾਂ ਨੂੰ ਵਿਮੁਕਤ ਜਾਤੀਆਂ ਵਿਚ ਲਿਆ ਜਾਵੇ । ਇਹ ਕਿਤਾਬ ਗਲਤ ਛਪੀ ਹੈ । ਰਾਏ ਸਿੱਖਾਂ ਦਾ ਨਾਂ ਵਿਮਕਤ ਜਾਤੀਆਂ ਦੀ ਲਿਸਟ ਵਿੱਚ ਸਾਮਲ ਹੋਣਾ ਚਾਹੀਦਾ ਹੈ

ਮੰਤਰੀ : ਐਸੀ ਕੋਈ ਗੱਲ ਨਹੀਂ ਹੈ । ਜੇ ਇਨ੍ਹਾਂ ਨੂੰ ਕੋਈ ਖ਼ਦਸ਼ਾ ਹੈ ਤਾਂ ਮੈਨੂੰ ਦੱਸ ਦੇਣ, ਮੈਂ ਵੇਖ ਲਵਾਂਗਾ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜੋ ਜਵਾਬ ਦਿੱਤਾ ਹੈ, ਉਹ ਗਲਤ ਦਿੱਤਾ ਹੈ । ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਰਾਏ ਸਿੱਖ ਸਿਰਫ ਫ਼ਾਜ਼ਿਲਕਾ ਅਤੇ ਮਮਦੋਟ ਵਿੱਚ ਵਸਦੇ ਹਨ । ਮੈਂ ਦਸਣਾ ਚਾਹੁੰਦਾ ਹਾਂ ਕਿ ਰਾਏ ਸਿੱਖ ਸਾਰੇ ਪੰਜਾਬ ਵਿਚ ਵਸਦੇ ਹਨ । ਇਹ ਸੁਲਤਾਨਪੁਰ, ਕਪੂਰਥਲਾ, ਨਕੋਦਰ, ਫ਼ਾਜ਼ਿਲਕਾ, ਮਮਦੋਟ, ਗੁਰੂ ਹਰਸਹਾਏ ਵਿੱਚ ਵਸਦੇ ਹਨ । ਇਹ ਦਰਿਆਵਾਂ ਦੇ ਮੰਡਾਂ ਤੇ ਰਹਿੰਦੇ ਹਨ । ਇਹ ਝੁਗੀਆਂ ਵਿੱਚ, ਛੱਪੜਾਂ ਵਿੱਚ ਰਹਿੰਦੇ ਹਨ ਅਤੇ ਇਨ੍ਹਾਂ ਦੀ ਮਾਲੀ ਹਾਲਤ ਸ਼ਡਿਊਲਡ ਕਾਸਟਸ ਨਾਲੋਂ ਵੀ ਮਾੜੀ ਹੈ। ਇਸ ਗੱਲ ਨੂੰ ਮੁੱਖ ਰਖਦੇ ਹੋਏ ਪਿਛਲੀ ਸਰਕਾਰ ਨੇ ਇਕ ਡੀ. ਓ. ਲੈਟਰ ਨੰ: 442-ਐਸ ਡਬਲਿਊ ਏ/3/79, ਮਿਤੀ 26 ਮਾਰਚ, 1979 ਭਾਰਤ ਸਰਕਾਰ ਦੇ ਗ੍ਰਹਿ ਮੰਤਾਲੇ ਨੂੰ ਲਿਖਿਆ ਸੀ ਕਿ 8 ਜਾਤੀਆਂ-ਰਾਏ ਸਿੱਖ, ਗੱਜਰ, ਕੰਡੀਲਾ, ਨੱਟ, ਸਾਂਸੀ ਆਦਿ ਨੂੰ ਵਿਮੁਕਤ ਜਾਤੀਆਂ ਵਿਚੋਂ ਕਢ ਕੇ ਸ਼ਡਿਊਲਡ ਕਾਸਟਸ ਵਿਚ ਸ਼ਾਮਲ ਕੀਤਾ ਜਾਵੇ ਅਤੇ ਤਮਾਮ ਉਹ ਸਹੂਲਤਾਂ ਦਿੱਤੀਆਂ ਜਾਣ ਜੋ ਸ਼ਡਿਊਲਡ ਕਾਸਟਸ ਨੂੰ ਦਿਤੀਆਂ ਜਾਂਦੀਆਂ ਹਨ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਭਾਰਤ ਸਰਕਾਰ ਨੂੰ ਇਹ ਰਿਕਮੈਂਡੇਸ਼ਨ ਕੀਤੀ ਸੀ, ਕੀ ਉਸ ਨੂੰ ਪ੍ਰਵਾਨ ਕਰਾਉਣ ਦੀ ਖ਼ਾਤਰ ਇਨ੍ਹਾਂ ਨੇ ਕੋਈ ਕਾਰਵਾਈ ਕੀਤੀ ਹੈ ?

ਮੰਤਰੀ : ਸਪੀਕਰ ਸਾਹਿਬ, ਬਾਬੂ ਆਤਮਾ ਸਿੰਘ ਬੜੇ ਸੀਨੀਅਰ ਅਤੇ ਸੁਲਝੇ ਹੋਏ ਆਦਮੀ ਹਨ । ਮੇਰਾ ਖ਼ਿਆਲ ਹੈ ਕਿ ਜਦੋਂ ਮੈਂ ਜਵਾਬ ਦੇ ਰਿਹਾ ਸੀ ਤਾਂ ਇਨ੍ਹਾਂ ਦਾ ਧਿਆਨ ਕਿਧਰੇ ਹੋਰ ਪਾਸੇ ਸੀ । ਮੈਂ ਇਹ ਜਵਾਬ ਦਿੱਤਾ ਸੀ ਕਿ ਰਾਏ ਸਿੱਖਾਂ ਦੀ ਅਬਾਦੀ ਸਾਰੇ ਪੰਜਾਬ ਵਿਚ ਬਿਖਰੀ ਹੋਈ ਹੈ ਪਰ ਜ਼ਿਆਦਾਤਰ ਇਹ ਫ਼ਾਜ਼ਿਲਕਾ ਅਤੇ ਮਮਦੋਟ ਵਿੱਚ ਰਹਿੰਦੇ ਹਨ । ਰਾਏ ਸਿੱਖਾਂ ਨੂੰ ਪਹਿਲਾਂ ਮਾਹਤਮ ਕਿਹਾ ਜਾਂਦਾ ਸੀ ਅਤੇ ਇਸ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ । ਇਸ ਲਈ ਇਨ੍ਹਾਂ ਦਾ ਇਹ ਕਹਿਣਾ ਕਿ ਮੈਂ ਗਲਤ ਜਵਾਬ ਦਿੱਤਾ ਹੈ, ਇਹ ਗੱਲ ਠੀਕ ਨਹੀਂ ਹੈ । ਇਨ੍ਹਾਂ ਨੇ ਇਹ ਕਿਹਾ ਹੈ ਕਿ ਬਾਦਲ ਸਾਹਿਬ ਨੇ ਇੱਕ ਚਿੱਠੀ ਸੈਂਟਰ ਦੀ ਸਰਕਾਰ ਨੂੰ ਲਿਖੀ ਸੀ । ਸੈਂਟਰ ਦੀ ਸਰਕਾਰ ਨੇ ਇਸ ਦੀ ਮਨਜ਼ੂਰੀ ਦੇਣੀ ਸੀ ਪਰ ਇਹ ਇਨ੍ਹਾਂ ਕੋਲੋਂ ਉਸ ਵੇਲੇ ਨਹੀਂ ਲਿਆਂਦੀ ਗਈ । ਹੁਣ ਅਸੀਂ ਦੁਬਾਰਾ ਫ਼ਰਵਰੀ ਵਿਚ ਹਿੰਦ ਸਰਕਾਰ ਨੂੰ ਲਿਖ ਕੇ ਭੇਜਿਆ ਹੈ ਕਿ ਇਸ ਤੇ ਨਜ਼ਰਸਾਨੀ ਕੀਤੀ ਜਾਵੇ ਅਤੇ ਵਿਮੁਕਤ ਜਾਤੀਆਂ ਵਿਚੋਂ ਰਾਏ ਸਿੱਖਾਂ ਨੂੰ ਕੱਢ ਕੇ ਸ਼ਡਿਊਲਡ ਕਾਸਟਸ ਵਿਚ ਸ਼ਾਮਲ ਕੀਤਾ ਜਾਵੇ । ਪਰ ਸੈਂਟਰ ਦੀ ਸਰਕਾਰ ਵਲੋਂ ਅਜੇ ਕੋਈ ਜਵਾਬ ਨਹੀਂ ਆਇਆ ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਥੇ ਉਸ ਚਿਠੀ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਹੜੀ ਹੋਮ ਮਨਿਸਟਰੀ ਨੇ ਸਟੇਟ ਗੌਰਮਿੰਟ ਨੂੰ ਭੇਜੀ ਹੈ ।
Sir, there are instructions sent by the Ministry of Home Affairs, Government of India, to the State Government to circulate to District Authorities the revised list of Vimukat Jatis of Punjab. This was issued *vide* Deputy Secretary, Ministry of Home Affairs Government of India, No. BC-170011/8/80-PCR dt. 31st October, 1980.

Mr. Speaker : Don't give information, please ask supplementary question.

Sardar Gurnaib Singh Brar : The instructions were for circulation to the District Authorities. This letter was addressed to Shri Tejinder Khanna, Secretary, Social Welfare Department. ਕੀ ਇਸ ਤੇ ਕੋਈ ਕਾਰਵਾਈ ਕੀਤੀ ਗਈ ਹੈ ਜਾਂ ਨਹੀਂ ?

ਮੰਤਰੀ : ਇਸ ਦਾ ਮੈਨੂੰ ਅਲਹਿਦਾ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਰਾਏ ਸਿੱਖਾਂ ਨੂੰ ਵਿਮੁਕਤ ਜਾਤੀਆਂ ਵਿਚੋਂ ਕੱਢ ਕੇ ਸ਼ਡਿਊਲਡ ਕਾਸਟਸ ਵਿਚ ਸ਼ਾਮਲ ਕਰਨ ਲਈ ਜੋ ਚਿੱਠੀ ਲਿਖੀ ਗਈ ਸੀ, ਉਸਦਾ ਕੀ ਬਣਿਆ ? ਉਦੋਂ ਪਾਰਲੀਮੈਂਟ ਵਿਚ ਇਕ ਸੂਰਜ ਭਾਨ ਕਮੇਟੀ ਬਣੀ ਸੀ, ਜਿਸਨੂੰ ਇਹ ਕੰਮ ਸੌਂਪਿਆ ਗਿਆ ਸੀ । ਬਾਅਦ ਵਿਚ ਉਹ ਕਮੇਟੀ ਟੁੱਟ ਗਈ । ਕੀ ਇਹ ਦੁਬਾਰਾ ਚਿੱਠੀ ਲਿਖਣਗੇ ਕਿ ਇਹ ਜਾਤੀਆਂ ਸ਼ਡਿਊਲਡ ਟਰਾਈਬਜ਼ ਵਿੱਚ ਸ਼ਾਮਲ ਕੀਤੀਆਂ ਜਾਣ ? ਨੰਬਰ ਦੋ ਮੇਰਾ ਸਵਾਲ ਇਹ ਹੈ ਕਿ ਵਿਮੁਕਤ ਜਾਤੀਆਂ ਵਿਚ ਸ਼ਾਮਲ ਹੋਣ ਲਈ ਇਨ੍ਹਾਂ ਨੇ ਬੜੀ ਜੱਦੋ ਜਹਿਦ ਕੀਤੀ ਸੀ । ਪਿੱਛੇ ਭੁੱਖ ਹੜਤਾਲ ਵਿੱਚ ਇੱਕ ਆਦਮੀ ਉਨ੍ਹਾਂ ਦਾ ਮਰ ਵੀ ਗਿਆ ਸੀ । ਸੀ. ਐਮ. ਸਾਹਿਬ ਉਦੋਂ ਕਾਂਗਰਸ ਦੇ ਪ੍ਰਧਾਨ ਸਨ । ਸਰਦਾਰ ਬੇਅੰਤ ਸਿੰਘ ਨੇ ਅਤੇ ਇਨ੍ਹਾਂ ਨੇ ਬੜੇ ਬੁਸ ਬੁਸੇ ਮੂੰਹ ਨਾਲ ਕਿਹਾ ਸੀ ਕਿ ਤੁਹਾਡੇ ਨਾਲ ਧੱਕਾ ਹੋਇਆ ਹੈ, ਅਸੀਂ ਤੁਹਾਡੀ ਮਦਦ ਕਰਾਂਗੇ ।

ਸ੍ਰੀ ਸਪੀਕਰ : ਇਹ ਬੁਸ ਬੁਸੇ ਮੂੰਹ ਵਾਲਾ ਸ਼ਬਦ ਠੀਕ ਨਹੀਂ ਹੈ ।

ਸਰਦਾਰ ਬਸੰਤ ਸਿੰਘ ਖਾਲਸਾ : ਚਲੋ ਜੀ, ਮੈਂ ਹਮਦਰਦੀ ਨਾਲ ਕਹਿ ਦਿੰਦਾ ਹਾਂ।

ਇਨ੍ਹਾਂ ਨੇ ਬੜੀ ਹਮਦਰਦੀ ਨਾਲ ਕਿਹਾ ਸੀ ਕਿ ਅਸੀਂ ਤੁਹਾਡੀ ਮੱਦਦ ਕਰਾਂਗੇ ਲੇਕਿਨ ਸੀ. ਐਮ. ਸਾਹਿਬ ਨੂੰ ਪਤਾ ਹੋਣਾ ਹੈ ਕਿ ਉਹ ਫਿਰ ਭੁੱਖ ਹੜਤਾਲ ਤੇ ਬੈਠੇ ਹਨ । ਉਨ੍ਹਾਂ ਦਾ ਇਕ ਬੰਦਾ ਚੁੱਕ ਕੇ ਲੈ ਗਏ ਹਨ ਅਤੇ ਹੋਰ ਬੰਦੇ ਭੁਖ ਹੜਤਾਲ ਤੇ ਬੈਠੇ ਹਨ । ਇਸ ਲਈ ਕੀ ਇਹ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਪੂਰਾ ਕਰੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਰਜ਼ ਹੈ ਕਿ ਸ਼ਾਇਦ ਮੈਂਬਰ ਸਾਹਿਬ ਨੇ ਇਹ ਅਦਮ-ਪਤੇ ਵਾਲੀ ਗੱਲ ਕੀਤੀ ਹੈ ਕਿਉਂਕਿ ਜਿਹੜਾ ਇਹ ਕਹਿੰਦੇ ਹਨ ਕਿ ਉਨ੍ਹਾਂ ਦਾ ਇਨ੍ਹਾਂ ਪਾਸੋਂ ਬੰਦਾ ਮਰ ਗਿਆ ਹੈ, ਉਦੋਂ ਇਹ ਇਥੇ ਨਹੀਂ ਸਨ । (ਵਿਘਨ) ਜੇ ਤੁਹਾਡੀ ਕਿਰਪਾ ਰਹੀ ਤਾਂ ਉਨ੍ਹਾਂ ਦਾ ਬੰਦਾ ਰਹਿਣਾ ਹੀ ਕੋਈ ਨਹੀਂ ਹੈ । (ਹਾਸਾ) ਅਰਜ਼ ਹੈ ਕਿ ਉਨ੍ਹਾਂ ਨਾਲ, ਸਪੀਕਰ ਸਾਹਿਬ, ਸਾਡੀ ਹਮਦਰਦੀ ਹੈ । ਜਿਹੜਾ ਇਨ੍ਹਾਂ ਨੇ ਕਨਫਿਊਜ਼ਨ ਕਰੀਏਟ ਕੀਤਾ ਹੈ ਮੈਂ ਉਹ ਦੂਰ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਉਹ ਵਿਮੁਕਤ ਜਾਤੀਆਂ-ਸਾਂਸੀ ਜਾਂ ਹੋਰ ਜਿਹੜੀਆਂ ਪੰਜ ਛੇ ਕਲਾਸਾਂ ਹਨ ਉਹ ਕਹਿੰਦੇ ਹਨ ਕਿ ਸਾਨੂੰ ਸ਼ਡਿਊਲਡ ਕਾਸਟਸ ਨਹੀਂ ਬਲਕਿ ਸ਼ਡਿਊਲਡ ਟਰਾਈਬਜ਼ ਵਿਚ ਸ਼ਾਮਲ ਕੀਤਾ ਜਾਵੇ । ਮੈਂ ਚਿੱਠੀ ਲਿਖ ਰਿਹਾ ਹਾਂ ਕਿ ਉਨ੍ਹਾਂ ਨੂੰ ਉਸ ਵਿਚ ਸ਼ਾਮਲ ਕੀਤਾ ਜਾਵੇ ਤਾਕਿ ਉਨ੍ਹਾਂ ਨੂੰ ਰਿਆਇਤਾਂ ਮਿਲ ਸਕਣ ।

(ਥੰਪਿੰਗ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੰਗਾ ਸਿੰਘ ਨੇ ਕਿਹਾ ਸੀ ਕਿ ਮੇਰੇ ਸਵਾਲ ਦਾ ਜਵਾਬ ਮਨਿਸਟਰ ਸਾਹਿਬ ਨੇ ਠੀਕ ਨਹੀਂ ਦਿੱਤਾ ਜੀ। (ਵਿਘਨ)

WELFARE OF THE DISABLED PERSONS

*656. **Master Chand Singh**: Will the Minister for Welfare be pleased to state whether any plan has been chalked out by the Government for the welfare of disabled persons during 1981; the International Year for the Disabled; if so, the detail thereof ?

ਚੌਧਰੀ ਜਗਤ ਰਾਮ: ਪਲਾਨ ਆਫ ਐਕਸ਼ਨ ਤਿਆਰ ਕਰਨ ਸਬੰਧੀ ਮੁਆਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਫਿਰ ਵੀ ਸਰਕਾਰ ਦੀ ਅੰਗਹੀਣਾਂ ਦੇ ਅੰਤਰ-ਰਾਸ਼ਟਰੀ ਵਰ੍ਹੇ ਦੌਰਾਨ ਹੇਠ ਲਿਖੀਆਂ ਸਕੀਮਾਂ ਨੂੰ ਲਾਗੂ ਕਰਨ ਦੀ ਤਜਵੀਜ਼ ਹੈ :—

1) ਅੰਗਹੀਣਾਂ ਲਈ ਸੇਵਾਵਾਂ ਵਿਚ 3% ਤੱਕ ਅਸਾਮੀਆਂ ਰਾਖਵੀਆਂ ਰੱਖਣੀਆਂ;
2) ਜਿਸਮਾਨੀ ਤੌਰ ਤੇ ਅੰਗਹੀਣਾਂ ਲਈ ਇਕ ਵੋਕੇਸ਼ਨਲ ਰਿਹੈਬਲੀਟੇਸ਼ਨ ਸੈਂਟਰ ਦੀ ਸਥਾਪਨਾ;
3) ਪੋਲੀਓ ਵਾਲੇ ਬੱਚਿਆਂ ਦੀ ਦੇਖ ਰੇਖ ਅਤੇ ਇਲਾਜ਼ ਲਈ ਹੋਮ ਸਥਾਪਤ ਕਰਨਾ; ਅਤੇ
4) ਪੱਕੇ ਤੌਰ ਤੇ ਨਕਾਰਾ ਅੰਗਹੀਣਾਂ ਨੂੰ 50 ਰੁਪਏ ਪ੍ਰਤਿ ਮਹੀਨਾ ਪ੍ਰਤਿ ਵਿਅੱਕਤੀ ਪੈਨਸ਼ਨ ਦੇਣਾ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਇਹ ਅੰਤਰ-ਰਾਸ਼ਟਰੀ ਵਰ੍ਹ ਬਾਰੇ ਜਿਹੜੀਆਂ ਸ਼ਕੀਮਾਂ ਲਾਗੂ ਕਰਨ ਦੀ ਤਜਵੀਜ਼ ਹੈ, ਉਨ੍ਹਾਂ ਬਾਰੇ ਦੱਸਿਆ ਗਿਆ ਹੈ ਲਾਗੂ ਨਹੀਂ ਕਰਨੀਆਂ ਬਲਕਿ ਲਾਗੂ ਕਰਨ ਦੀ ਤਜਵੀਜ਼ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੱਕੇ ਤੌਰ ਤੇ 50 ਰੁਪਏ ਪਰ ਵਿਅਕਤੀ ਪਰ ਮੰਥ ਪੈਨਸ਼ਨ ਦੇਣਗੇ ਜਾਂ ਇਹ ਤਾਂ ਨਹੀਂ ਕਰਨਗੇ ਕਿ ਜਿਸ ਤਰ੍ਹਾਂ ਬੁਢਾਪਾ ਪੈਨਸ਼ਨ ਵਾਸਤੇ 60 ਸਾਲ ਜਾਂ 65 ਸਾਲ ਦੀ ਉਮਰ ਰਖੀ ਹੈ, ਕੋਈ ਇਸ ਤਰ੍ਹਾਂ ਦੀ ਸ਼ਰਤ ਤਾਂ ਨਹੀਂ ਰੱਖਣਗ ? ਜਾਂ ਇਸ ਤਰ੍ਹਾਂ ਤਾਂ ਨਹੀਂ ਕਰਨਗੇ ਕਿ ਪਹਿਲਾਂ ਪੈਨਸ਼ਨ ਲਗਾ ਦੇਣਗ ਅਰ ਬਾਅਦ ਵਿਚ ਹਟਾ ਦੇਣਗੇ ਕਿ ਤੁਸੀਂ ਬੁਢਾਪਾ ਪੈਨਸ਼ਨ ਲਈ ਹੁਣ ਐਪਲਾਈ ਕਰੋ ?

ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਤਾਂ ਇਨ੍ਹਾਂ ਨੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਪੜ੍ਹਿਆ ਹੋਣਾਂ ਹੈ। ਅਸੀਂ ਇਸ ਤੇ ਜਲਦੀ ਕਾਰਵਾਈ ਕਰਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ: ਥਰੈਸ਼ਰਾਂ ਨਾਲ ਪੰਜਾਬ ਵਿਚ ਮਜ਼ਦੂਰਾਂ ਦਾ ਬਹੁਤ ਨੁਕਸਾਨ ਹੁੰਦਾ ਹੈ, ਬਹੁਤ ਸਾਰੇ ਅੰਗਹੀਣ ਹੋ ਜਾਂਦੇ ਹਨ ਪਰ ਉਨ੍ਹਾਂ ਦੇ ਗੁਜ਼ਾਰੇ ਲਈ ਕੋਈ ਕਾਨੂੰਨ ਨਹੀਂ ਹੈ ਉਨ੍ਹਾਂ ਵਾਸਤੇ ਕੋਈ ਬਜਟ ਨਹੀਂ ਹੈ ਸਰਕਾਰ ਪਾਸ ਜਿਸ ਨਾਲ ਕਿ ਸਰਕਾਰ ਉਨ੍ਹਾਂ ਦੀ ਮੱਦਦ ਕਰ ਸਕੇ। ਕੀ ਉਨ੍ਹਾਂ ਨੂੰ ਵੀ ਕੋਈ ਪੈਨਸ਼ਨ ਸਰਕਾਰ ਦੇਵੇਗੀ ? (ਵਿਘਨ) ਸਰ, ਉਹ ਡਿਸਏਬਲਡ ਹੋ ਰਹੇ ਹਨ। ਜੇਕਰ ਕੋਈ ਮੋਟਰ ਐਕਸੀਡੈਂਟ ਹੁੰਦਾ ਹੈ ਤਾਂ ਉਸ ਦੇ ਡਰਾਈਵਰ ਨੂੰ ਜਾਂ ਕੰਡਕਟਰ ਨੂੰ ਸਰਕਾਰ ਮੁਆਵਜ਼ਾ ਦਿੰਦੀ ਹੈ ਪਰ ਜਿਹੜੇ ਲੋਕ ਐਗਰੀਕਲਚਰਲ ਲੇਬਰਰਜ਼ ਹਨ, ਐਗਰੀਕਲਚਰਲ ਇੰਡਸਟਰੀ ਥੱਲੇ ਆਕੇ ਉਹ ਹੈਂਡੀ-ਕੇਪਡ ਹੋ ਜਾਂਦੇ ਹਨ ਸਰਕਾਰ ਉਨ੍ਹਾਂ ਨੂੰ ਵੀ ਮੁਆਵਜ਼ਾ ਦੇਵੇ ਤਾਕਿ ਉਨ੍ਹਾਂ ਦੇ ਵਾਰਸ ਵੀ ਚੰਗਾ ਜੀਵਨ ਗੁਜ਼ਾਰ ਸਕਣ ?

ਮੰਤਰੀ: ਸਪੀਕਰ ਸਾਹਿਬ, ਜਿਹੜੇ ਅੰਗਹੀਣ ਹਨ, ਉਨ੍ਹਾਂ ਬਾਰੇ ਤਾਂ ਮੈਂ ਬਿਲਕੁਲ ਦੱਸ ਦਿੱਤਾ ਹੈ ਕਿ 50 ਰੁਪਏ ਮਹੀਨਾ ਦਿੱਤਾ ਜਾਇਆ ਕਰੇਗਾ। ਬਾਕੀ ਹੋਰ ਵੀ ਇਸ ਢੰਗ ਦੇ ਜਿਹੜੇ ਅੰਗ-ਹੀਣ ਹੋਣਗੇ, ਉਨ੍ਹਾਂ ਬਾਰੇ ਵੀ ਵਿਚਾਰ ਕਰ ਲਿਆ ਜਾਵੇਗਾ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮਰੀ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ ਜੀ। If you are satisfied ਤਾਂ ਠੀਕ ਹੈ।

ਸ੍ਰੀ ਸਪੀਕਰ: ਜਵਾਬ ਆ ਗਿਆ ਹੈ, ਤੁਸੀਂ ਬੈਠੋ। ਮਾਸਟਰ ਚੰਦ ਸਿੰਘ ਜੀ ਨੂੰ ਸਪਲੀਮੈਂਟਰੀ ਕਰਨ ਦਿਉ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਜਿਹੜਾ ਮੈਂ ਸਵਾਲ ਕੀਤਾ ਸੀ ਉਸ ਦਾ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਜਲਦੀ ਕਾਰਵਾਈ ਕਰਨ ਦੀ ਇਹ ਕੋਸ਼ਿਸ਼ ਕਰਨਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾ ਕਿ ਕੀ ਇਹ ਇਸ ਕਾਰਵਾਈ ਵਾਸਤੇ ਕੋਈ ਡੇਟ ਨਿਸ਼ਚਤ ਕਰਨਗੇ?

ਨੰਬਰ ਦੋ ਇਹ ਕਿ ਪੰਜਾਬ ਸਰਕਾਰ ਵੱਲੋਂ ਹੈਡਜ਼ ਆਫ ਦੀ ਡਿਪਾਰਟਮੈਂਟਸ ਨੂੰ ਆਰਡਰ ਇਸ਼ੂ ਹੋਇਆ ਹੋਇਆ ਹੈ ਕਿ ਜਿਹੜੇ ਅੰਗ-ਹੀਣ ਹਨ ਉਨ੍ਹਾਂ ਨੂੰ ਨਕਰੀ ਵਿਚ ਜੇਕਰ ਜਗਾਹ ਖਾਲੀ ਹੋਵੇ, ਤਾਂ ਪਹਿਲ ਦਿੱਤੀ ਜਾਵੇ, ਉਸ ਨੂੰ ਪ੍ਰਾਇਰਟੀ ਬਸਿਜ਼ ਤੇ ਲਗਾਇਆ ਜਾਵੇ ਪਰ ਸਰਕਾਰ ਦਾ ਉਹ ਆਰਡਰ ਲਾਗੂ ਨਹੀਂ ਹੋ ਰਿਹਾ। ਕੀ ਸਰਕਾਰ ਉਸ ਤਰ੍ਹਾਂ ਦਾ ਦੁਬਾਰਾ ਆਰਡਰ ਇਸ਼ੂ ਕਰੇਗੀ, ਜੇਕਰ ਕਰੇਗੀ, ਤਾਂ ਕਦੋਂ ਤੱਕ ਕਰ ਦੇਵੇਗੀ?

ਮੰਤਰੀ: ਸਪੀਕਰ ਸਾਹਿਬ, ਇਮੀਜੀਏਟਲੀ ਕਾਰਵਾਈ ਕਰਾਂਗੇ। ਇਸ ਵਿਚ ਡੇਟ ਫਿਕਸ ਕਰਨ ਦਾ ਸਵਾਲ ਨਹੀਂ ਹੈ। ਛੇਤੀ ਤੋਂ ਛੇਤੀ ਕਾਰਵਾਈ ਕਰਾਂਗੇ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮਰੇ ਦੂਜ ਸਵਾਲ ਦਾ ਜਵਾਬ ਨਹੀਂ ਦਿੱਤਾ। ਸਰਕਾਰ ਵੱਲੋਂ ਇਹ ਹੁਕਮ ਜਾਰੀ ਕੀਤਾ ਹੋਇਆ ਹੈ ਕਿ ਜਿਹੜ ਅੰਗ-ਹੀਣ ਵਿਅਕਤੀ ਹਨ, ਰੁਜ਼ਗਾਰ ਵਿਚ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇ ਔਰ ਕਈ ਥਾਵਾਂ ਤੇ ਪਹਿਲ ਮਿਲੀ ਵੀ ਹੈ ਪਰ ਕਈ ਡਿਪਾਰਟਮੈਂਟਸ ਇਸ ਵਾਸਤੇ ਅਣਗਹਿਲੀ ਕਰਦੇ ਹਨ ਔਰ ਅੰਗ-ਹੀਣਾਂ ਨੂੰ ਨੌਕਰੀ ਨਹੀਂ ਦਿੰਦੇ। ਇਸ ਲਈ ਕੀ ਸਰਕਾਰ ਦੁਬਾਰਾ ਆਰਡਰ ਕਰੇਗੀ ਤਾਕਿ ਉਨ੍ਹਾਂ ਅੰਗਹੀਣਾਂ ਨੂੰ ਨੌਕਰੀ ਮਿਲ ਸਕੇ?

ਮੰਤਰੀ: ਤੁਸੀਂ ਮੇਰੇ ਨੋਟਿਸ ਵਿਚ ਲਿਆ ਦਿਓ ਕਿ ਕਿਹੜਾ ਮਹਿਕਮਾ ਅਣਗਹਿਲੀ ਕਰਦਾ ਹੈ, ਫਿਰ ਵੇਖ ਲਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਪਹਿਲਾਂ ਤਾਂ ਇਕ ਮਹਿਕਮਾ ਖੋਲ੍ਹੋ, ਜਿਹੜਾ ਸਾਰੀਆਂ ਗੱਲਾਂ ਇਨ੍ਹਾਂ ਦੇ ਨੋਟਿਸ ਵਿਚ ਲਿਆਇਆ ਕਰ। (ਹਾਸਾ)

ਸ੍ਰੀ ਸੁਰਿੰਦਰ ਕਪੂਰ: ਸਪੀਕਰ ਸਾਹਿਬ, ਅੰਗ-ਹੀਣਾਂ ਲਈ ਜਿਹੜੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ ਉਹ ਕਦੋਂ ਤਕ ਲਾਗੂ ਕੀਤੀਆਂ ਜਾਣਗੀਆਂ, ਇਕ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ? ਇਕ ਇਹ ਕਿ ਤਿੰਨ ਪਰਸੈਂਟ ਜਿਹੜੀ ਇੰਪਲਾਇਮੈਂਟ ਵਿਚ ਰਿਆਇਤ ਦੇਣੀ ਹੈ ਉਸ ਬਾਰੇ ਮੈਂ ਪੁਛਣਾ ਚਾਹੁੰਦਾ ਹਾਂ ਕਿ ਆਈ. ਟੀ. ਆਈ. ਦੇ ਦੋ ਇੰਸਟਰੱਕਟਰ

ਅੰਗ-ਹੀਣ ਹਨ, ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਨੇ ਪਹਿਲਾਂ ਵੀ ਅਪਲਾਈ ਕੀਤਾ ਸੀ ਪਰ ਉਨ੍ਹਾਂ ਨੂੰ ਇੰਪਲਾਇਮੈਂਟ ਨਹੀਂ ਮਿਲੀ। ਸਰਕਾਰ ਨੇ ਹੈਂਡੀਕੈਪਡ ਲਈ ਪ੍ਰਾਇਰਿਟੀ ਦੇਣ ਲਈ ਆਰਡਰ ਵੀ ਜਾਰੀ ਕੀਤਾ ਹੋਇਆ ਹੈ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਨੂੰ ਇੰਪਲਾਇਮੈਂਟ ਦੇਣ ਦਾ ਯਤਨ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਅਸੀਂ ਇਹ ਕੇਸ ਬਹੁਤ ਹਮਦਰਦੀ ਨਾਲ ਵੇਖਾਂਗੇ। ਸਾਨੂੰ ਅੰਗ-ਹੀਣਾ ਦਾ ਬੜਾ ਖਿਆਲ ਹੈ।

ਸ੍ਰੀ ਚਮਨ ਲਾਲ: ਸਪੀਕਰ ਸਾਹਿਬ, ਜਿਹੜੇ ਮਜ਼ਦੂਰਾਂ ਦੇ ਇੰਡਸਟਰੀ ਵਿਚ ਕੰਮ ਕਰਦੇ ਹੋਏ ਹੱਥ ਕੱਟੇ ਜਾਂਦੇ ਹਨ ਜਾਂ ਐਗਰੀਕਲਚਰਲ ਮਸ਼ੀਨਰੀ ਨਾਲ ਹੱਥ ਕੱਟੇ ਜਾਂਦੇ ਹਨ ਔਰ ਉਹ ਹੈਂਡੀਕੈਪਡ ਹੋ ਜਾਂਦੇ ਹਨ, ਕੀ ਸਰਕਾਰ ਉਨ੍ਹਾਂ ਨੂੰ ਵੀ ਕੋਈ ਮੁਆਵਜ਼ਾ ਦੇਵੇਗੀ ?

ਮੰਤਰੀ: ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੋਇਆ ਹੈ ਕਿ ਅੰਗ-ਹੀਣ ਮਜ਼ਦੂਰਾਂ ਦਾ ਹਮਦਰਦੀ ਨਾਲ ਖ਼ਿਆਲ ਕੀਤਾ ਜਾਵੇ। ਸਰਕਾਰ ਨੂੰ ਮਜ਼ਦੂਰਾਂ ਨਾਲ ਬਹੁਤ ਹਮਦਰਦੀ ਹੈ, ਜਿਨ੍ਹਾਂ ਨੇ ਕਿ ਭਾਖੜਾ ਵਰਗੇ ਵੱਡੇ ਵਡੇ ਡੈਮ ਖੜੇ ਕਰ ਦਿੱਤੇ ਹਨ।

ਸ੍ਰੀ ਓਮ ਪਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ 3% ਹੈਂਡੀਕੈਪਡ ਲਈ ਰਿਜ਼ਰਵੇਸ਼ਨ ਕੀਤੀ ਹੈ, ਕੀ ਇਹ ਅੰਗਹੀਣਾਂ ਵਾਸਤੇ ਕੋਈ ਵੇਟਿੰਗ ਲਿਸਟ ਵਗੈਰਾ ਬਣਾਉਣਗੇ ? ਕੀ ਇਹ ਫੈਕਟਰੀਆਂ ਤੇ ਕੋਈ ਇਸ ਕਿਸਮ ਦੀ ਪਾਬੰਦੀ ਲਗਾਉਣਗੇ ਕਿ ਜਿਹੜੀ ਫੈਕਟਰੀ 50 ਆਦਮੀ ਇੰਪਲਾਏ ਕਰਦੀ ਹੈ ਉਹ ਤਿੰਨ ਪਰਸੈਂਟ ਦੇ ਹਿਸਾਬ ਨਾਲ ਅੰਗ-ਹੀਣਾਂ ਨੂੰ ਕੰਪਲਸਰੀ ਤੌਰ ਤੇ ਇੰਪਲਾਏ ਕਰੇਗੀ ਤਾਕਿ ਜਿਹੜੇ ਅੰਗਹੀਣ ਹਨ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ ? ਬਜਾਏ ਇਸ ਦੇ ਕਿ ਉਨ੍ਹਾਂ ਨੂੰ 50 ਰੁ. ਮਹੀਨਾ ਭੱਤਾ ਦੇ ਕੇ ਉਨ੍ਹਾਂ ਨੂੰ ਭੀਖ-ਮੰਗੇ ਕਰ ਦਿੱਤਾ ਜਾਵੇ, ਕੀ ਕੋਈ ਐਸਾ ਕਾਨੂੰਨ ਬਣਾਉਣਗੇ ਜਿਸ ਨਾਲ ਫੈਕਟਰੀਆਂ ਤੇ ਪਾਬੰਦੀ ਲੱਗੇ ਕਿ ਉਨ੍ਹਾਂ ਹੈਂਡੀਕੈਪਡ ਆਦਮੀਆਂ ਨੂੰ ਕੰਪਲਸਰੀ ਤੌਰ ਤੇ 3% ਦੇ ਹਿਸਾਬ ਨਾਲ ਇੰਪਲਾਏ ਕਰਨ ?

ਮੰਤਰੀ: ਇਸ ਤੇ ਵਿਚਾਰ ਕਰ ਲਵਾਂਗੇ।

ਸਰਦਾਰ ਗੁਰਦੇਵ ਸਿੰਘ ਬਾਦਲ ਸਪੀਕਰ ਸਾਹਿਬ, ਜਿਹੜੇ ਆਦਮੀ ਥਰੈਸ਼ਰਾਂ ਤੇ ਕੰਮ ਕਰਦੇ ਹਨ ਉਨ੍ਹਾਂ ਨੂੰ ਜਿਹੜੇ ਮਾਲਕ ਹੁੰਦੇ ਹਨ ਉਹ ਅਫ਼ੀਮ ਵਗੈਰਾ ਚਾਹ ਵਿਚ ਪਾ ਕੇ ਦੇ ਦਿੰਦੇ ਹਨ, ਤਾਕਿ ਉਹ ਰਾਤ ਦਿਨ ਕੰਮ ਵਿਚ ਲੱਗੇ ਰਹਿਣ। ਇਸ ਤਰ੍ਹਾਂ ਨਾਲ ਕਈ ਵਾਰ ਉਨ੍ਹਾਂ ਦੀਆਂ ਬਾਹਾਂ ਉਨ੍ਹਾਂ ਥਰੈਸ਼ਰਾਂ ਵਿਚ ਆਕੇ ਕਟੀਆਂ ਜਾਂਦੀਆਂ ਹਨ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਜਵਾਬ ਦੇ ਰਹੇ ਹਨ ਇਹ ਤਸੱਲੀਬਖਸ਼ ਨਹੀਂ ਹੈ। ਜਿਸ ਦੀ ਬਾਂਹ ਕੱਟੀ ਜਾਂਦੀ ਹੈ ਉਸ ਦੀ ਜ਼ਿਮੇਵਾਰੀ ਨਾ ਤਾਂ ਉਹ ਜ਼ਿਮੀਦਾਰ ਲੈਂਦਾ ਹੈ ਅਤੇ ਨਾ ਹੀ ਸਰਕਾਰ ਲੈਂਦੀ ਹੈ। ਕੀ ਸਰਕਾਰ ਇਸ ਦਾ ਕੋਈ ਇੰਤਜ਼ਾਮ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਜੋ ਕਿਹਾ ਹੈ ਇਹ ਬਿਲਕੁਲ ਦਰੁਸਤ ਕਿਹਾ ਹੈ। ਜਦੋਂ ਤੱਕ ਲੇਬਰ ਦੀ ਭਲਾਈ ਨਹੀਂ ਕੀਤੀ ਜਾਂਦੀ ਸਚਮੁਚ ਸਾਡੀ ਸਟੇਟ ਅਗੇ ਨਹੀਂ ਵਧ ਸਕਦੀ। ਅਸੀਂ ਇਸ ਬਾਰੇ ਗੌਰ ਕਰਾਂਗੇ

ਕਾਮਰੇਡ ਬਲਦੇਵ ਸਿੰਘ ਲੂੰਬਾ : ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ 4 ਸਕੀਮਾਂ ਦਾ ਜ਼ਿਕਰ ਕੀਤਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਜਿਹੜੀ ਦੂਜੀ ਔਰ ਤੀਜੀ ਸਕੀਮ ਹੈ ਉਸ ਲਈ ਕੀ ਕੋਈ ਪੈਸਾ ਬਜਟ ਵਿਚ ਰਖਿਆ ਹੈ ਔਰ ਜੇ ਰਖਿਆ ਹੈ ਤਾਂ ਕਿੰਨਾ ਰਖਿਆ ਹੈ ?

ਮੰਤਰੀ : ਇਨ੍ਹਾਂ ਸਕੀਮਾਂ ਵਾਸਤੇ ਪੈਸੇ ਰਖੇ ਹਨ। ਕੋਈ ਐਸੀ ਗੱਲ ਨਹੀਂ ਹੈ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੇਰਾ ਕੁਐਸਚਨ ਬੜਾ ਸਪੈਸਿਫਿਕ ਸੀ ਕਿ ਇਨ੍ਹਾਂ ਸਕੀਮਾਂ ਵਾਸਤੇ ਕਿੰਨਾ ਪੈਸਾ ਰਖਿਆ ਹੈ ? (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਬੈਠ ਜਾਓ। ਮੈਂ ਸਭ ਨੂੰ ਸਮਾਂ ਦੇਵਾਂਗਾ। (ਵਿਘਨ)

ਚੌਧਰੀ ਸਾਹਿਬ, ਲੂੰਬਾ ਸਾਹਿਬ ਨੇ ਇਕ ਸਵਾਲ ਕੀਤਾ ਹੈ ਕਿ ਜੋ ਇਨ੍ਹਾਂ ਸਕੀਮਾਂ ਵਾਸਤੇ ਕੋਈ ਪੈਸਾ ਰਖਿਆ ਹੈ ਤਾਂ ਕਿੰਨਾ ਰਖਿਆ ਹੈ ? (ਥਪਿੰਗ) (ਸ਼ੋਰ)

ਮੰਤਰੀ : ਸਪੀਕਰ ਸਾਹਿਬ, ਇਹ ਮੇਰਾ ਜਵਾਬ ਸੁਣ ਲੈਣ। ਮੈਂ ਇਹ ਦੱਸਿਆ ਹੈ ਕਿ ਇਨ੍ਹਾਂ ਸਕੀਮਾਂ ਵਾਸਤੇ ਪੈਸਾ ਰਖਿਆ ਹੈ। ਜਿਹੜੀ ਨੇਤਰਹੀਨ ਦੀ ਸਕੀਮ ਹੈ, ਇਸ ਵਾਸਤੇ 1.99 ਲੱਖ ਰੁਪਿਆ ਰਖਿਆ ਹੈ ਅਤੇ ਜਿਹੜੀ ਅੰਗਹੀਣਾਂ ਵਾਲੀ ਸਕੀਮ ਹੈ ਇਸ ਵਾਸਤੇ 1.63 ਲੱਖ ਰੁਪਿਆ ਹੈ। (ਵਿਘਨ) (ਸ਼ੋਰ)

Mr. Speaker : Please sit down.

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਚੁੱਪ ਕਰਾਓ। ਅਸੀਂ ਇਨ੍ਹਾਂ ਸਕੀਮਾਂ ਤੋਂ ਇਲਾਵਾ ਅਕਲਹੀਣਾਂ ਵਾਸਤੇ ਵੀ ਪੈਸਾ ਰਖਿਆ ਹੈ।। (ਵਿਘਨ) (ਸ਼ੋਰ)

Mr. Speaker : Please sit down. Next question (*Interruptions*) (*Noise*)

ਤੁਸੀਂ ਬੈਠ ਜਾਓ। ਮੁੱਖ ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਉਲਝ ਗਿਆ ਹੈ। ਸਵਾਲ ਤਾਂ ਸਿਰਫ ਇਹ ਸੀ ਕਿ ਜਿਨ੍ਹਾਂ ਲੇਬਰਰਜ਼ ਦੀਆਂ ਬਾਹਾਂ ਥਰੈਸ਼ਰਾਂ ਵਿਚ ਆ ਕੇ ਕੱਟ ਜਾਂਦੀਆਂ ਹਨ ਉਨ੍ਹਾਂ ਬਾਰੇ ਕੀ ਕਰਨਾ ਹੈ। ਇਸ ਬਾਰੇ ਜਦੋਂ ਇਹ ਜਨਰਲ ਪਾਲਿਸੀ ਤੇ ਗੱਲ ਕਰਨਗੇ ਤਾਂ ਜਵਾਬ ਦੇ ਦੇਵਾਂਗੇ। (ਵਿਘਨ) ਸਪੀਕਰ ਸਾਹਿਬ, ਇਕ ਗੱਲ ਮੈਂ ਹਾਊਸ ਨੂੰ ਪੁੱਛਦਾ ਹਾਂ ਕਿ ਜਦੋਂ ਕੋਈ ਆਦਮੀ ਲੇਬਰਰ ਨੂੰ ਆਪਣੇ ਥਰੈਸ਼ਰ ਤੇ ਕੰਮ ਕਰਨ ਵਾਸਤੇ ਲਾਉਂਦਾ ਹੈ ਤਾਂ ਉਨ੍ਹਾਂ ਦੋਨਾਂ ਵਿਚੋਂ ਕਿਸੇ ਦੀ ਵੀ ਅਣਗਹਿਲੀ ਕਾਰਨ ਜੇ ਉਸ ਦੀ ਬਾਂਹ ਕੱਟੀ ਜਾਂਦੀ ਹੈ ਤਾਂ ਉਸ ਲਈ ਕੌਣ ਜ਼ਿੰਮੇਵਾਰ ਹੈ ? ਉਸ ਦਾ ਮਾਲਕ ਜ਼ਿੰਮੇਵਾਰ ਹੈ ਜਾਂ ਸਰਕਾਰ ਜ਼ਿੰਮੇਵਾਰ ਹੈ ? (ਵਿਘਨ) ਸਪੀਕਰ ਸਾਹਿਬ, ਅਸੀਂ ਤਾਂ ਇਸ ਵਾਸਤੇ ਸਿਰਫ ਇਕ ਗਲ ਕਰ ਸਕਦੇ ਹਾਂ ਜਿਹੜੇ ਥਰੈਸ਼ਰ ਬਣਾਉਂਦੇ ਹਨ ਉਨ੍ਹਾਂ ਨੂੰ ਇਹ ਕਿਹਾ ਜਾਵੇ ਕਿ ਉਹ ਇਸ ਦੇ ਨਾਲ ਅਜਿਹੀ ਕੋਈ ਸੇਫਟੀ ਲਾਉਣ ਜਿਸ ਨਾਲ ਕਿ ਉਨ੍ਹਾਂ ਦੀ ਬਾਂਹ ਅੱਗੇ ਨਾ ਜਾ ਸਕੇ। ਇਸ ਤਰ੍ਹਾਂ ਨਾਲ ਅਸੀਂ ਉਨ੍ਹਾਂ ਦੀ ਮੱਦਦ ਕਰ ਸਕਦੇ ਹਾਂ। ਜੇ ਸਾਨੂੰ ਹਾਊਸ ਇਹ

ਕਹੇ ਕਿ ਇਸ ਵਾਸਤੇ ਕੋਈ ਬਿਲ ਲਿਆਈਏ ਜਿਸ ਨਾਲ ਕਿ ਜਿਹੜਾ ਆਦਮੀ ਕਿਸੇ ਨੂੰ ਇਸ ਕੰਮ ਤੇ ਲਾਉਂਦਾ ਹੈ ਉਸਦੀ ਜ਼ਿਮੇਵਾਰੀ ਫਿਕਸ ਕੀਤੀ ਜਾਵੇ ਤਾਂ ਉਹ ਬਿਲ ਲਿਆਇਆ ਜਾ ਸਕਦਾ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪਹਿਲੇ ਅਜਿਹਾ ਇਕ ਬਿਲ ਆਇਆ ਸੀ ਪਰ ਸਰਕਾਰ ਨੇ ਫਿਰ ਉਹ ਵਾਪਸ ਲੈ ਲਿਆ ਸੀ। (ਵਿਘਨ)

Mr. Speaker : Next question (*Interruption*) please sit down.

ਮੁੱਖ ਮੰਤਰੀ : ਅਸੀਂ ਕੋਈ ਅਜਿਹਾ ਬਿਲ ਵਾਪਸ ਨਹੀਂ ਕੀਤਾ, ਨਾ ਹੀ ਆਇਆ ਹੈ। (ਵਿਘਨ) ਪਾਂਧੀ ਸਾਹਿਬ ਨੇ ਕਿਹਾ ਹੈ ਕਿ ਆਰਡੀਨੈਂਸ ਕਰ ਲਵੋ। ਜੇ ਹਾਊਸ ਚਾਹੁੰਦਾ ਤਾਂ ਆਰਡੀਨੈਂਸ ਕੀਤਾ ਜਾ ਸਕਦਾ ਹੈ। ਉਮਰ ਦੀ ਕੋਈ ਹੱਦ ਨਹੀਂ ਹੋ ਸਕਦੀ।

ਜਲਾਲਾਬਾਦ ਚੋਣ ਹਲਕੇ ਵਿਚ ਸਕੂਲਾਂ ਦੀ ਗਿਣਤੀ

*838. **ਸ੍ਰੀ ਮੰਗਾ ਸਿੰਘ** : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲਾਲਾਬਾਦ ਚੋਣ ਹਲਕੇ ਵਿਚ ਵਰਤਮਾਨ ਪ੍ਰਾਇਮਰੀ, ਮਿਡਲ ਤੇ ਹਾਈ ਸਕੂਲ ਦੀ ਵਖਰੀ ਵਖਰੀ ਗਿਣਤੀ ਕਿੰਨੀ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ : ਇਹ ਸੂਚਨਾ ਸਪਲਾਈ ਨਹੀਂ ਕੀਤੀ ਜਾ ਸਕਦੀ ਕਿਉਂਕਿ ਰਿਕਾਰਡ ਜ਼ਿਲੇਵਾਰ ਰੱਖਿਆ ਜਾਂਦਾ ਹੈ ਨਾ ਕਿ ਚੋਣ ਹਲਕੇ ਅਨੁਸਾਰ।

Mr. Speaker : Next question (*Interruption*)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਅਸੀਂ ਸਪਲੀਮੈਂਟਰੀ ਕਰਨੀ ਹੈ, 5 ਸਪਲੀ-ਮੈਂਟਰੀ ਪੁੱਛੇ ਜਾ ਸਕਦੇ ਹਨ। (ਵਿਘਨ)

ਸ੍ਰੀ ਸਪੀਕਰ : ਜਿਸ ਕਾਨਸਟੀਚਿਊਐਂਸੀ ਨੂੰ ਇਹ ਸਵਾਲ ਰਿਲੇਟ ਕਰਦਾ ਹੈ ਅਤੇ ਜਿਨ੍ਹਾਂ ਨੇ ਸਵਾਲ ਦਿੱਤਾ ਹੈ, ਉਹ ਤਾਂ ਅੱਗੇ ਕੋਈ ਸਪਲੀਮੈਂਟਰੀ ਪੁੱਛਣਾ ਨਹੀਂ ਚਾਹੁੰਦੇ। (ਵਿਘਨ)

ਮੈਂ ਨੈਕਸਟ ਕੁਐਸਚਨ ਕਾਲ ਅਪਾਨ ਕਰ ਲਿਆ ਹੈ। ਇਸ ਵਿਚ ਸਾਰੇ ਮੈਂਬਰਜ਼ ਦਾ ਇੰਟਰੈਸਟ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਸਵਾਲ ਪੁੱਟ ਹੋ ਸਕਣ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਜਿਸ ਵੇਲੇ ਤੁਸੀਂ ਕਐਸਚਨ ਨੂੰ ਐਡਮਿਟ ਕਰ ਲਿਆ ਤਾਂ ਫੇਰ ਉਹ ਸਵਾਲ ਹਾਊਸ ਦੀ ਕਾਰਵਾਈ ਦਾ ਹਿੱਸਾ ਬਣ ਜਾਂਦਾ ਹੈ। ਜਦੋਂ ਵੀ ਮੈਂਬਰਾਂ ਵਲੋਂ ਅਪਣੇ ਹਲਕੇ ਸਬੰਧੀ ਕੋਈ ਸਵਾਲ ਪੁੱਟ ਕੀਤਾ ਜਾਂਦਾ ਹੈ ਤਾਂ ਉਸ ਦਾ ਜਵਾਬ ਸਰਕਾਰ ਵਲੋਂ ਘੜਿਆ ਘੜਾਇਆ ਮਿਲ ਜਾਂਦਾ ਹੈ ਕਿ ਇਨਫਰਮੇਸ਼ਨ ਜ਼ਿਲ੍ਹੇਵਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। 1972 ਵਿਚ ਪਹਿਲਾਂ ਹਲਕਾਬੰਦੀ ਹੋਈ ਸੀ ਅਤੇ ਹੁਣ 2002 ਵਿਚ ਹਲਕਾਬੰਦੀ ਹੋਣੀ ਹੈ। ਸਰਕਾਰ ਨੂੰ ਹਲਕੇਬੰਦੀ ਅਨੁਸਾਰ ਇਨਫਰਮੇਸ਼ਨ ਰਖਣੀ ਚਾਹੀਦੀ ਹੈ। ਤੁਸੀਂ ਸਰਕਾਰ ਨੂੰ ਹੁਕਮ ਜਾਰੀ ਕਰੋ ਕਿ ਜਵਾਬ ਹਲਕੇਬੰਦੀ ਅਨੁਸਾਰ ਵੀ ਦਿੱਤਾ ਜਾਇਆ ਕਰੇ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਸ ਤਰੀਕੇ ਨਾਲ ਹਾਊਸ ਦਾ ਕੁਐਸ਼ਚਨ ਆਵਰ ਖਰਾਬ ਹੋ ਰਿਹਾ ਹੈ। ਤੁਸੀਂ ਅਗਲਾ ਸਵਾਲ ਪੁੱਟ ਕਰਨ ਦੀ ਇਜਾਜ਼ਤ ਦਿਓ।

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ......

Sardar Dalip Singh Pandhi: One should be relevant....

(*Interruptions and noise, nothing was audible*)

STADIUM AT MANSA

*753. (1) **Comrade Buta Singh**
(2) **Comrade Amar Singh** : Will the Minister for Education be pleased to state whether the Government has any proposal under its consideration to set up a stadium at Mansa, if so, details thereof ?

Sarda Harcharan Singh Ajnala : Yes, details are under consideration. r

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ, ਨੇ ਜਵਾਬ ਦਿੱਤਾ ਹੈ ਕਿ ਇਹ ਵਿਚਾਰ ਅਧੀਨ ਹੈ। ਕੀ ਇਹ 1981-82 ਵਿਚ ਇਸ ਤਜਵੀਜ਼ ਨੂੰ ਸਿਰੇ ਚੜ੍ਹਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ 1975 ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਮਾਨਸਾ ਵਿਖੇ ਇਕ ਸਪੋਰਟਸ ਸਟੇਡੀਅਮ ਬਣਾਇਆ ਜਾਵੇ। ਉਸ ਦਾ ਸਾਈਟ ਪਲਾਨ ਵੀ ਬਣਾਇਆ ਗਿਆ ਸੀ ਅਤੇ ਐਸਟੀਮੇਟ ਵੀ ਬਣਿਆ ਸੀ। ਮਾਨਸਾ ਮਿਊਂਸਪਲ ਕਮੇਟੀ ਨਾਲ ਇਹ ਟੇਕ ਅੱਪ ਵੀ ਕੀਤਾ ਗਿਆ ਸੀ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ 1977 ਤੋਂ 1980 ਤਕ ਇਨ੍ਹਾਂ ਦੀ ਅਕਾਲੀ ਸਰਕਾਰ ਨੇ ਕੋਈ ਉਥੇ ਕਾਰਵਾਈ ਨਹੀਂ ਕੀਤੀ ਜਦ ਕਿ ਭੂੰਦੜ ਜੀ ਖੁਦ ਮਨਿਸਟਰ ਸਨ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਜ਼ਮੀਨ ਮਿਊਂਸਪਲ ਕਮੇਟੀ ਨੇ ਸਾਨੂੰ ਇਸ ਕੰਮ ਲਈ ਦੇਣੀ ਸੀ ਉਹ ਅਸੀਂ ਲੈ ਲਈ ਹੈ। ਉਸ ਜ਼ਮੀਨ ਦਾ ਲੈਵਲ ਉੱਚਾ ਨੀਵਾਂ ਸੀ। ਅਸੀਂ ਉਸ ਜ਼ਮੀਨ ਦੇ ਲੈਵਲ ਨੂੰ ਠੀਕ ਕਰਵਾ ਲਿਆ ਹੈ। ਇਸ ਸਟੇਡੀਅਮ ਨੂੰ ਬਣਾਉਣ ਲਈ ਡੇਢ ਲੱਖ ਰੁਪਿਆ ਰਖਿਆ ਗਿਆ ਹੈ ਇਹ ਰੁਪਿਆ ਕਮੇਟੀ ਨੂੰ ਉਦੋਂ ਰਿਲੀਜ਼ ਕੀਤਾ ਜਾਵੇਗਾ ਜਦੋਂ ਕਮੇਟੀ ਕੁਝ ਫਾਰਮੈਲਿਟੀਜ਼ ਨੂੰ ਪੂਰਾ ਕਰ ਲਵੇਗੀ। ਫਿਰ ਇਸ ਪ੍ਰਾਜੈਕਟ ਤੇ ਕੰਮ ਸ਼ੁਰੂ ਹੋ ਜਾਵੇਗਾ। ਅਸੀਂ ਉਨ੍ਹਾਂ ਨੂੰ ਲਿਖਿਆ ਵੀ ਹੈ ਕਿ ਜਲਦੀ ਤੋਂ ਜਲਦੀ ਫਾਰਮੈਲਿਟੀਜ਼ ਨੂੰ ਪੂਰਾ ਕੀਤਾ ਜਾਵੇ। ਅਸੀਂ ਸਪੋਰਟਸ ਲਈ ਠੋਸ ਕਦਮ ਚੁੱਕ ਰਹੇ ਹਾਂ ਅਤੇ ਉਨ੍ਹਾਂ ਕਦਮਾਂ ਵਿਚੋਂ ਇਹ ਵੀ ਕਦਮ ਹੈ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਮਾਨਸਾ ਮਿਊਂਸਪਲ ਕਮੇਟੀ ਨੂੰ ਇਹ ਚਿੱਠੀ ਕਿਸ ਤਾਰੀਖ ਨੂੰ ਲਿਖੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਹੁਣ ਤਾਰੀਖ ਤਾਂ ਨਹੀਂ ਦੱਸ ਸਕਦਾ ਪਰ ਅਸੀਂ ਲਿਖੀ ਜ਼ਰੂਰ ਹੈ। ਇਹ ਉਥੋਂ ਪਤਾ ਕਰ ਲੈਣ ਅਤੇ ਜਾ ਕੇ ਜਲਦੀ ਫਾਰਮੈਲਿਟੀਜ਼ ਨੂੰ ਪੂਰਾ ਕਰਵਾ ਦੇਣ। ਫਿਰ ਅਸੀਂ ਕਾਰਵਾਈ ਸ਼ੁਰੂ ਕਰਵਾ ਦੇਵਾਂਗੇ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਰਾਮਪੁਰਾ ਫੂਲ ਵਿਚ ਸਪੋਰਟਸ ਸਟੇਡੀਅਮ ਬਣਾਉਣ ਦਾ ਵਿਚਾਰ ਬਾਦਲ ਸਰਕਾਰ ਵੇਲੇ ਵੀ ਅੰਡਰ ਕੰਸੀਡਰੇਸ਼ਨ ਸੀ ਤਾਕਿ ਉਥੋਂ ਦੇ ਸਟੂਡੈਂਟਸ ਨੂੰ ਫਾਇਦਾ ਹੋ ਸਕੇ। ਕੀ ਇਹ ਸਰਕਾਰ ਉਥੇ ਸਟੇਡੀਅਮ ਬਣਾਏਗੀ ?

ਮੰਤਰੀ : ਸਪੀਕਰ ਸਾਹਿਬ, ਇਹ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਚੰਗੀਆਂ ਚੰਗੀਆਂ ਥਾਵਾਂ ਤੇ ਸਪੋਰਟਸ ਸਟੇਡੀਅਮ ਬਣਾਏ ਜਾਣ। ਇਨ੍ਹਾਂ ਦਾ ਕੇਸ ਵੀ ਅੰਡਰ ਕੰਸੀਡਰੇਸ਼ਨ ਹੋ ਸਕਦਾ ਹੈ।

It can be examined from all angles. ਪਰ ਇਨ੍ਹਾਂ ਦੇ ਸਵਾਲ ਦਾ ਮਾਨਸਾ ਸਪੋਰਟਸ ਸਟੇਡੀਅਮ ਨਾਲ ਕੋਈ ਸਬੰਧ ਨਹੀਂ ਹੈ।

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਬਾਰਡਰ ਅਤੇ ਬੇਟ ਏਰੀਆ ਦੀ ਤਰੱਕੀ ਲਈ ਤੀਬਰ ਇੱਛਾ ਪ੍ਰਗਟ ਕੀਤੀ ਹੈ। ਇਨ੍ਹਾਂ ਨੇ ਬੇਟ ਏਰੀਆ ਡਿਵੈਲਪਮੈਂਟ ਕਮੇਟੀ ਦੇ ਵਿਚ ਵੀ ਕਿਹਾ ਸੀ ਕਿ ਸਰਕਾਰ ਇਸ ਪਾਸੇ ਧਿਆਨ ਦੇਵੇਗੀ ਅਤੇ ਬੇਟ ਏਰੀਆ, ਬਾਰਡਰ ਏਰੀਆ ਵਿਚ ਸਪੋਰਟਸ ਸਟੇਡੀਅਮ ਬਣਾਏ ਜਾਣਗੇ ਜਿਸ ਨਾਲ ਉਥੋਂ ਦੇ ਮਜ਼ਦੂਰਾਂ ਅਤੇ ਖੇਤ ਮਜ਼ਦੂਰਾਂ ਦੇ ਬੱਚਿਆਂ ਨੂੰ ਫਾਇਦਾ ਹੋ ਸਕੇ। ਕੀ ਸਰਕਾਰ ਇਸ ਤੇ ਕਾਰਵਾਈ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ 1972-77 ਦੀ ਕਾਂਗਰਸ ਸਰਕਾਰ ਨੇ ਮੁਖਤਲਿਫ ਬੈਕਵਰਡ ਏਰੀਆਜ਼, ਬੇਟ ਏਰੀਆਜ਼, ਬਾਰਡਰ ਏਰੀਆਜ਼ ਅਤੇ ਨੀਮ ਪਹਾੜੀ ਇਲਾਕਿਆਂ ਵਿਚ ਕੁਝ ਸਕੀਮਾਂ ਚਲਾਈਆਂ ਸਨ ਪਰ ਇਨ੍ਹਾਂ (ਆਪੋਜ਼ੀਸ਼ਨ ਵਲ ਇਸ਼ਾਰਾ) ਦੀ ਸਰਕਾਰ ਵੇਲੇ ਇਹ ਸਕੀਮਾਂ ਬੰਦ ਕਰ ਦਿੱਤੀਆਂ ਗਈਆਂ। ਜਿਨ੍ਹਾਂ ਨੂੰ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਰੀਵਾਈਵ ਕੀਤਾ ਹੈ। (ਵਿਘਨ) ਮੈਂ ਮੈਂਬਰ ਸਾਹਿਬਾਨ ਨੂੰ, ਸਪੀਕਰ ਸਾਹਿਬ, ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਜਿਹੜਾ ਬੈਕਵਰਡ ਏਰੀਆ ਹੈ ਅਤੇ ਬੇਟ ਦਾ ਏਰੀਆ ਹੈ, ਉਨ੍ਹਾਂ ਨੂੰ ਹਰ ਮਸਲੇ ਤੇ ਪ੍ਰੈਫਰੈਂਸ ਦੇਂਦੇ ਹਾਂ ਅਤੇ ਸਪੋਰਟਸ ਮਹਿਕਮੇ ਵਿਚ ਵੀ ਉਸੇ ਤਰ੍ਹਾਂ ਪ੍ਰੈਫਰੈਂਸ ਦਿੰਦੇ ਹਾਂ। (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਫਤਿਹਗੜ੍ਹ ਸਬ ਡਿਵੀਜ਼ਨ ਹੈਡ-ਕੁਆਟਰ ਹੈ। ਉਥੇ ਸਰਕਾਰ ਨੇ ਸਟੇਡੀਅਮ ਬਣਾਉਣਾ ਸ਼ੁਰੂ ਕੀਤਾ ਹੋਇਆ ਹੈ। ਉਹ ਸਟੇਡੀਅਮ ਕਦੋਂ ਤਕ ਪੰਜਾਬ ਸਰਕਾਰ ਕੰਪਲੀਟ ਕਰ ਦੇਵੇਗੀ ? ਦੂਜਾ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਬੇਟ ਏਰੀਏ ਨੂੰ ਪ੍ਰੈਫਰੈਂਸ ਦਿੱਤੀ ਜਾਵੇਗੀ, ਕੀ ਮਨਿਸਟਰ ਸਾਹਿਬ ਬੇਟ ਏਰੀਏ ਨੂੰ ਵੀ ਪ੍ਰੈਫਰੈਂਸ ਦੇਣ ਲਈ ਤਿਆਰ ਹਨ ? (ਹਾਸਾ) (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਮਾਨਸਾ ਸਟੇਡੀਅਮ ਨਾਲ ਤੁਅੱਲਕ ਰਖਦਾ ਹੈ ਅਤੇ ਫਤਿਹਗੜ੍ਹ ਸਬ ਡਿਵੀਜ਼ਨ ਨਾਲ ਤੁਅੱਲਕ ਨਹੀਂ ਰੱਖਦਾ। ਫਿਰ ਵੀ ਮੈਂ ਇਸ ਕੇਸ ਨੂੰ ਐਗਜ਼ਾਮਿਨ ਕਰਾ ਲਵਾਂਗਾ। ਅਗਰ ਕਿਸੇ ਕਿਸਮ ਦੀ ਵੀ ਕਮੀ ਹੋਵੇਗੀ, ਉਸ

[ਵਿਦਿਆ ਮੰਤਰੀ]

ਨੂੰ ਦੂਰ ਕੀਤਾ ਜਾਵੇਗਾ। ਸਪੀਕਰ ਸਾਹਿਬ, ਸਪੋਰਟਸ ਦੇ ਮਸਲੇ ਵਿਚ ਅਸੀਂ ਤਰੱਕੀ ਕਰਨੀ ਹੈ। ਇਕ ਲੱਖ ਰੁਪਿਆ ਖਰਚ ਕੇ ਅਸੀਂ ਸਰਦਾਰ ਆਤਮਾ ਸਿੰਘ ਜੀ ਨੂੰ ਅਤੇ ਜਥੇਦਾਰ ਉਮਰਾਨੰਗਲ ਜੀ ਨੂੰ ਆਸਟ੍ਰੇਲੀਆ ਵਿਚ ਭੇਜਿਆ ਸੀ ਅਤੇ ਚਾਰ ਮੈਡਲ ਜਿੱਤ ਕੇ ਲਿਆਏ ਸੀ। (ਵਿਘਨ) (ਹਾਸਾ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮਾਨਸਾ ਦੀ ਆਬਾਦੀ ਤਕਰੀਬਨ 40,000 ਹੋ ਚੁੱਕੀ ਹੈ। ਉਥੇ ਦੋ ਕਾਲਜ ਹਨ—ਇਕ ਲੜਕੀਆਂ ਦਾ ਅਤੇ ਇਕ ਲੜਕਿਆਂ ਦਾ। ਤਿੰਨ ਹਾਈ ਸਕੂਲ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਟੇਡੀਅਮ ਲਈ ਕਿਤਨੀ ਜ਼ਮੀਨ ਹੈ? ਕੀ ਉਹ ਸਟੇਡੀਅਮ ਲਈ ਕਾਫੀ ਹੈ ਜਾਂ ਥੋੜ੍ਹੀ ਹੈ, ਜੇ ਥੋੜ੍ਹੀ ਹੈ ਤਾਂ ਕੀ ਹੋਰ ਜ਼ਮੀਨ ਦਾ ਪ੍ਰਬੰਧ ਕਰਨਗੇ? (ਵਿਘਨ) (ਸ਼ੋਰ)

ਮੰਤਰੀ : ਸਪੀਕਰ ਸਾਹਿਬ, ਇਹ ਇਸ ਸਵਾਲ ਬਾਰੇ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਮੰਤਰੀ ਜੀ ਰਕਬਾ ਦੱਸ ਦਿਉ ਕਿ ਕਿਤਨਾ ਹੈ?

ਮੰਤਰੀ : ਸਪੀਕਰ ਸਾਹਿਬ, ਸਟੇਡੀਅਮ ਲਈ ਜਿਤਨਾ ਰਕਬਾ ਪ੍ਰੈਸਕਰਾਈਬਡ ਹੈ, ਉਤਨੀ ਜ਼ਮੀਨ ਹੈ। (ਵਿਘਨ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਇਹ ਸਾਰੀ ਇਨਫਰਮੇਸ਼ਨ ਗਲਤ ਹੈ। (ਵਿਘਨ) (ਸ਼ੋਰ)

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਉਹ ਮੈਨੂੰ ਸਪੈਸੀਫਿਕ ਚੀਜ਼ ਦੱਸ ਦੇਣ। (ਵਿਘਨ)

ARRANGEMENTS FOR THE CLEANLINESS OF EVERY BUS

*821. (1) **Jathedar Gurbachan Singh Lakhmirwala**
(2) **Sardar Hardipinder Singh** } : Will the Chief Minister be pleased to state whether any arrangements exist at every main bus stand for the cleanliness of every incoming and outgoing bus; if so, the details of such arrangements?

ਸਰਦਾਰ ਦਰਬਾਰਾ ਸਿੰਘ : ਹਾਂ, ਜੀ। ਬੱਸਾਂ ਦੀ ਸਫਾਈ ਲਈ ਰਾਜ ਦੇ ਮੇਨ ਬਸ ਸਟੈਂਡਾਂ ਤੇ ਸਵੀਪਰ/ਕਲੀਨਰ ਨਿਯੁਕਤ ਕੀਤੇ ਗਏ ਹਨ। ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਸਬੰਧ ਵਿਚ ਸਟੈਂਡਾਂ ਤੇ ਨਿਯੁਕਤ ਕੀਤੇ ਸਵੀਪਰ/ਕਲੀਨਰਾਂ ਦੀ ਗਿਣਤੀ ਕ੍ਰਮਵਾਰ ਅਨੁਲੱਗ 'ਏ' ਅਤੇ 'ਬੀ' ਤੇ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ।

ANNEXURE 'A'

Number of Sweepers/Cleaners Posted for Cleanliness of Buses in respect of Punjab Roadways

Name of bus stands	No. of Sweepers
1	2
Batala ..	1
Tarn Taran ..	3
Hoshiarpur ..	8
Ludhiana ..	10
Muktsar ..	4
Nawanshehar ..	1
Pathankot ..	2
Chandigarh ..	8
Amritsar ..	4
Jullundur ..	6
Ferozepur ..	2
Dera Baba Nanak ..	1
Fazilka ..	2
Zira ..	1
Patti ..	2
Total ..	55

ANNEXURE 'B'

Number of Sweepers/Cleaners Posted for Cleanliness of Buses in respect of Pepsu Road Transport Corportion

Name of bus stands	No. of sweepers/ cleaners
1	2
Patiala ..	6
Sangrur ..	4
Barnala ..	2
Budhlada ..	1
Mansa ..	1
Bhatinda ..	4
Faridkot ..	3
Kapurthala ..	3
Phagwara ..	1
Rajpura ..	1
Chandigarh ..	3
Malerkotla ..	1
Nabha ..	1
Total ..	31

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਸਵੀਪਰ ਅਤੇ ਕਲੀਨਰ ਬਸਾਂ ਦੀ ਸਫਾਈ ਲਈ ਬੱਸ ਸਟੈਂਡਾਂ ਤੇ ਨਿਯੁਕਤ ਕੀਤੇ ਗਏ ਹਨ। ਮੇਰਾ ਮੁੱਖ ਮੰਤਰੀ ਜੀ ਨੂੰ ਕਹਿਣ ਦਾ ਭਾਵ ਇਹ ਹੈ ਕਿ ਬੱਸਾਂ ਦੀ ਸਫਾਈ ਬਿਲਕੁਲ ਨਹੀਂ ਹੁੰਦੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬਸਾਂ ਦੀ ਸਫਾਈ ਬਾਰੇ ਉਚੇਚਾ ਧਿਆਨ ਦੇਣਗੇ ? ਦੂਸਰਾ ਜਿਸ ਤਰ੍ਹਾਂ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਬੱਸਾਂ ਦੀ ਹਾਲਤ ਬਹੁਤ ਬੁਰੀ ਹੁੰਦੀ ਹੈ। ਬੱਸਾਂ ਵਿਚ ਮੂੰਗਫਲੀਆਂ ਦੇ ਛਿਲਕੇ ਵਗੈਰਾਂ ਪਏ ਹੁੰਦੇ ਹਨ ਅਤੇ ਤੇਲ ਨਾਲ ਲੋਕਾਂ ਦੇ ਕਪੜੇ ਖਰਾਬ ਹੋ ਜਾਂਦੇ ਹਨ। ਸਵੀਪਰ/ਕਲੀਨਰ ਮਹਿਕਮੇ ਦੇ ਅਫਸਰਾਂ ਦੇ ਘਰਾਂ ਵਿਚ ਜਾ ਕੇ ਸਫਾਈ ਕਰਦੇ ਹਨ। (ਵਿਘਨ) (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਐਸੀ ਕੋਈ ਗੱਲ ਨਹੀਂ ਹੈ। ਪਿਛਲੇ ਸਮੇਂ ਤੋਂ ਬਾਅਦ ਹੁਣ ਬੱਸਾਂ ਦੀ ਬਿਹਤਰੀ ਲਈ ਕਾਫੀ ਕਦਮ ਚੁੱਕੇ ਗਏ ਹਨ। ਹੋਰ ਵੀ ਇੰਤਜ਼ਾਮ ਕੀਤਾ ਗਿਆ ਹੈ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਪੀਪਾ ਟਰਾਂਸਪੋਰਟ ਨੂੰ ਬਦਲ ਦੇਵਾਂਗੇ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬੱਸਾਂ ਦੀ ਸਫਾਈ ਲਈ ਕੀ ਪ੍ਰਬੰਧ ਕੀਤੇ ਗਏ ਹਨ ? (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਦਾ ਮੁੱਖ ਮੰਤਰੀ ਜੀ ਨੇ ਰਾਜ ਭਾਗ ਸੰਭਾਲਿਆ ਹੈ ਉਦੋਂ ਤੋਂ ਟਰਾਂਸਪੋਰਟ ਲਈ ਕੀ ਠੋਸ ਕਦਮ ਚੁੱਕੇ ਗਏ ਹਨ ਤਾਕਿ ਟਰਾਂਸਪੋਰਟ ਦਾ ਸੁਧਾਰ ਹੋ ਸਕੇ ? ਬੱਸਾਂ ਦੀ ਸਫਾਈ ਲਈ ਕੀ ਪ੍ਰਬੰਧ ਕੀਤੇ ਗਏ ਹਨ ? (ਵਿਘਨ)

Chief Minister : I would like to bring to your kind notice that I will confine myself to the question to be replied. If anybody ask a general question, he should give notice of it and I will give reply to that.

ਸਰਦਾਰ ਹਰਦੀਪਿੰਦਰ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜੋ ਸਵਾਲ ਦਾ ਜਵਾਬ ਦਿੱਤਾ ਹੈ...... (ਵਿਘਨ) (ਸ਼ੋਰ) ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਹਰ ਬੱਸ ਮੈਲੀ ਅਤੇ ਕਸੈਲੀ ਹੈ। ਮਹਿਕਮਾ ਇਨ੍ਹਾਂ ਬੱਸਾਂ ਦੀ ਸਫਾਈ ਵਲ ਕੋਈ ਧਿਆਨ ਨਹੀਂ ਦਿੰਦਾ। ਕੀ ਮੁੱਖ ਮੰਤਰੀ ਜੀ ਬੱਸਾਂ ਦੀ ਸਫਾਈ ਲਈ ਕੋਈ ਕਨਕਰੀਟ ਸਟੈਪਸ ਚੁੱਕਣ ਲਈ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬੱਸਾਂ ਦੀ ਸਫਾਈ ਲਈ ਸਵੀਪਰ/ਕਲੀਨਰ ਰੱਖੇ ਜਾਂਦੇ ਹਨ ਅਤੇ ਬਕਾਇਦਾ ਤੌਰ ਤੇ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਂਦੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਡਿਪਾਰਟਮੈਂਟ ਇਸ ਨੂੰ ਚੈਕ ਕਰਦਾ ਹੈ ਜਾਂ ਨਹੀਂ ਅਤੇ ਬੱਸਾਂ ਦੀ ਸਫਾਈ ਹੁੰਦੀ ਹੈ ਜਾਂ ਨਹੀਂ ? (ਵਿਘਨ)

ਸ੍ਰੀ ਰਾਮ ਲਾਲ ਚਿਟੀ : ਸਪੀਕਰ ਸਾਹਿਬ, ਇਹ ਸੱਚ ਹੈ ਕਿ ਕਿਸੇ ਵੀ ਬੱਸ ਦੀ ਪੂਰੀ ਤਰ੍ਹਾਂ ਸਫਾਈ ਨਹੀਂ ਹੁੰਦੀ। ਸਵੀਪਰ ਮਹਿਕਮੇ ਦੇ ਅਫਸਰਾਂ ਦੇ ਘਰਾਂ ਦੀ ਸਫਾਈ ਕਰਦੇ ਹਨ। (ਵਿਘਨ) (ਸ਼ੋਰ) ਬੱਸ ਸਟੈਂਡਾਂ ਤੋਂ ਬੱਸਾਂ ਚੱਲਣ ਤੋਂ ਪਹਿਲਾਂ ਬੱਸ ਦੀ ਸਫਾਈ ਕਰਕੇ ਉਸਨੂੰ ਚੱਲਣ ਦਿੱਤਾ ਜਾਵੇ।

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬੱਸਾਂ ਦੀ ਸਫਾਈ ਐਨੀ ਹੋ ਗਈ ਹੈ ਕਿ ਅੱਧੀਆਂ ਸੀਟਾਂ ਬੱਸਾਂ ਵਿਚ ਨਹੀਂ ਰਹੀਆਂ ਹਨ ਔਰ ਲੋਕ ਫੱਟਿਆਂ ਤੇ ਬੈਠ ਕੇ ਸਫਰ ਕਰਦੇ ਹਨ। ਨਾ ਬਸਾਂ ਦੇ ਟਾਇਰ ਹਨ ਔਰ ਨਾ ਹੀ ਸੀਟਾਂ ਹਨ, ਕੀ ਇਸ ਬਾਰੇ ਇਹ ਲੋੜੀਂਦਾ ਪਰਬੰਧ ਕਰਾਉਣਗੇ ?

ਮੁੱਖ ਮੰਤਰੀ : ਮੈਂਬਰ ਸਾਹਿਬ ਨੇ ਕਿਹਾ ਹੈ ਕਿ ਨਾ ਬਸਾਂ ਵਿਚ ਬੈਠਣ ਨੂੰ ਸੀਟਾਂ ਹਨ ਔਰ ਨਾ ਬਸਾਂ ਦੇ ਟਾਇਰ ਹਨ ਪਰ ਫਿਰ ਵੀ ਇਹ ਚੜ੍ਹ ਕੇ ਇਥੇ ਆਉਂਦੇ ਹਨ। ਇਹ ਮੈਨੂੰ ਪਤਾ ਨਹੀਂ ਇਹ ਕਿਸ ਤੇ ਚੜ੍ਹ ਕੇ ਇਥੇ ਆਉਂਦੇ ਹਨ ?

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਬਸਾਂ ਦੇ ਸਟਾਫ ਨੂੰ ਕੰਡਕਟਰਜ਼ ਔਰ ਡਰਾਈਵਰਜ਼ ਨੂੰ ਹਦਾਇਤਾਂ ਜਾਰੀ ਕਰਨਗੇ ਕਿ ਉਹ ਯਾਤਰੀਆਂ ਨਾਲ ਚੰਗਾ ਸਲੂਕ ਕਰਿਆ ਕਰਨ ਤਾਂ ਕਿ ਯਾਤਰੀਆਂ ਨੂੰ ਕਿਸੇ ਕਿਸਮ ਦਾ ਕਸ਼ਟ ਨਾ ਹੋਵੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਕਪੂਰ ਸਾਹਿਬ ਨੇ ਕਿਹਾ ਹੈ, ਇਸ ਸਬੰਧੀ ਹਦਾਇਤਾਂ ਪਹਿਲਾਂ ਹੀ ਜਾਰੀ ਕੀਤੀਆਂ ਹੋਈਆਂ ਹਨ। ਇਨ੍ਹਾਂ ਲਈ ਅਸੀਂ ਰਿਫਰੈਸ਼ਰ ਕੋਰਸਿਜ਼ ਵੀ ਰੱਖੇ ਹੋਏ ਹਨ। ਉਹ ਇਸ ਲਈ ਕਿ ਇਸ ਗੱਲ ਦਾ ਧਿਆਨ ਰਖਿਆ ਜਾਏ ਕਿ ਸਵਾਰੀ ਨਾਲ ਕਿਸ ਤਰ੍ਹਾਂ ਨਾਲ ਤਹਿਜ਼ੀਬ ਨਾਲ ਬੋਲਣਾ ਹੈ। ਜੇਕਰ ਬੱਸ ਵਿਚ ਸੀਟ ਨਹੀਂ ਤਾਂ ਸਵਾਰੀ ਨੂੰ ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਸਾਡੇ ਪਾਸ ਸੀਟ ਨਹੀਂ ਹੈ। ਇਹ ਨਹੀਂ ਕਿ ਅਨਕਲਚਰਲਡ ਲੈਂਗੂਏਜ ਨਾਲ ਸਵਾਰੀਆਂ ਨਾਲ ਬੋਲਿਆ ਜਾਏ। ਜਿਥੇ ਕੋਈ ਇਨ੍ਹਾਂ ਹਦਾਇਤਾਂ ਤੇ ਅਮਲ ਨਹੀਂ ਕਰ ਰਿਹਾ ਉਹ ਗੱਲ ਸਾਡੇ ਨੋਟਿਸ ਵਿਚ ਲਿਆਂਦੀ ਜਾਏ ਅਸੀਂ ਕਾਰਵਾਈ ਕਰਾਂਗੇ।

MANUFACTURE OF TRUCKS, BUSES, TEMPOS, ETC. IN PUNJAB

*833. **Sardar Balwant Singh** : Will the Chief Minister be pleased to state :

(a) whether any project to manufacture trucks, buses, tempos, etc. in Punjab, has been approved by the Central Government, if so, the total cost thereof and the location of the project (inclusive equity capital, share capital and institutional finance);

(b) whether necessary financial arrangements in this connection have been made;

(c) the approximate date by which the project is expected to be commissioned ?

ਸਰਦਾਰ ਦਰਬਾਰਾ ਸਿੰਘ: (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰ ਬਲਵੰਤ ਸਿੰਘ: ਇਨ੍ਹਾਂ ਨੇ ਕਈ ਦਫਾ ਆਪਣੀਆਂ ਸਪੀਚਾਂ ਵਿਚ ਕਿਹਾ ਹੈ ਕਿ ਲਾਈਟ ਵਹੀਕਲਜ਼ ਕਮਰਸ਼ੀਅਲ ਮੋਟਰਾਂ ਬਣਾਉਣ ਦੀ ਫੈਕਟਰੀ ਪੰਜਾਬ ਲਈ ਮਨਜ਼ੂਰ ਹੋ ਚੁੱਕੀ ਹੈ। ਕੀ ਇਨ੍ਹਾਂ ਦੀ ਇਹ ਜਿਹੜੀ ਸਟੇਟਮੈਂਟ ਆਉਂਦੀ ਰਹੀ ਹੈ, ਇਹ ਵਾਧੂ ਸੀ ? ਇਹ ਕਿਹੜੇ ਡਰੀਮ ਵਰਲਡ ਵਿਚ ਰਹਿੰਦੇ ਹੋਏ ਇਹ ਸਟੇਟਮੈਂਟ ਦਿੰਦੇ ਰਹੇ ?

ਮੁੱਖ ਮੰਤਰੀ: ਇਥੇ ਗਰੀਨ ਪਗੜੀ ਬੰਨ੍ਹਣ ਨਾਲ ਗਰੀਨ ਨਹੀਂ ਹੋ ਜਾਂਦਾ (ਵਿਘਨ)

ਇਕ ਆਵਾਜ਼: ਉਨ੍ਹਾਂ ਨੇ ਡਰੀਮ ਵਰਲਡ ਦੀ ਗੱਲ ਕੀਤੀ ਹੈ।

ਮੁੱਖ ਮੰਤਰੀ: ਮੈਨੂੰ ਡਰੀਮ ਨਹੀਂ ਆਉਂਦੇ (ਵਿਘਨ) ਅਸੀਂ ਸੈਂਟਰਲ ਗੌਰਮਿੰਟ ਤੋਂ ਮੰਗ ਕੀਤੀ ਹੈ। ਮੈਂ ਹੁਣ ਵੀ ਕਹਿੰਦਾ ਹਾਂ ਕਿ ਇਨ੍ਹਾਂ ਦੇ ਵੇਲੇ 1975 ਵਿਚ ਇਕ ਤਜਵੀਜ਼ ਗਈ ਸੀ। ਪੀ.ਐਸ.ਆਈ.ਡੀ.ਸੀ. ਵਲੋਂ ਅਪਲਾਈ ਕੀਤਾ ਗਿਆ ਸੀ ਕਿ letter of intent for the manufacturing of commercial vehicles in early 1975 ਜਾਰੀ ਕੀਤਾ ਜਾਏ। ਗੌਰਮਿੰਟ ਆਫ਼ ਇੰਡੀਆ ਨੇ ਕਾਫੀ ਚਿਰ ਤੋਂ ਬਾਅਦ 1976 ਵਿਚ ਇਹ ਰਿਜੈਕਟ ਕਰ ਦਿੱਤਾ । ਫਿਰ 1980 ਵਿਚ ਲਿਖਿਆ ਗਿਆ। ਗੌਰਮਿੰਟ ਆਫ ਇੰਡੀਆ ਨੇ ਯੂਨੀਅਨ ਪਬਲਿਕ ਸੈਕਟਰ ਵਿਚ ਇਹ ਰਖ ਕੇ ਚਲਾਉਣੀ ਹੈ । ਪਰ ਉਸ ਦੇ ਇਕੁਇਪਮੈਂਟ ਵਾਸਤੇ ਸਾਨੂੰ ਭਰੋਸਾ ਦਿੱਤਾ ਗਿਆ ਹੈ ਕਿ ਲਾਈਟ ਕਮਰਸ਼ੀਅਲ ਵਹੀਕਲਜ਼ ਦਾ ਹਿੱਸਾ ਮਿਲੇਗਾ ।

ਸਰਦਾਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਟਰੈਕਟਰਜ਼ ਵਿਚ ਲਾਈਟ ਵਹੀਕਲਜ਼ ਬਣਾਉਣ ਲਈ ਇਨਫਰਾਸਟ੍ਰੱਕਚਰ ਅਵੇਲੇਬਲ ਹੈ ਔਰ ਹੋਰ ਮਸ਼ੀਨਾਂ ਵੀ ਅਵੇਲੇਬਲ ਹਨ, ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਜਿਸ ਤਰ੍ਹਾਂ ਹਰਿਆਣਾ ਵਿਚ ਮਾਰੂਤੀ ਕੰਪਨੀ ਸ਼ਿਫਟ ਹੋ ਰਹੀ ਹੈ ਕੀ ਉਸੇ ਤਰ੍ਹਾਂ ਪੰਜਾਬ ਵਿਚ ਲਾਈਟ ਵਹੀਕਲਜ਼ ਬਣਾਉਣ ਲਈ ਲਾਈਸੰਸ ਲਿਆ ਜਾਏਗਾ ?

ਮੁੱਖ ਮੰਤਰੀ: ਮਾਰੂਤੀ ਬਾਰੇ ਸਾਨੂੰ ਆਸ ਹੈ ਕਿ ਉਸ ਵਿਚੋਂ ਕੁਝ ਹਿੱਸਾ ਸ਼ਾਇਦ ਸਾਨੂੰ ਮਿਲੇ ।

ਸਰਦਾਰ ਦਲੀਪ ਸਿੰਘ ਪਾਂਧੀ: ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਮਾਰੂਤੀ ਬਾਰੇ ਇਨ੍ਹਾਂ ਨੂੰ ਆਸ ਹੈ ਕਿ ਇਹ ਪੰਜਾਬ ਵਿਚ ਬਣਾਉਣਗੇ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦੇ ਹਿੱਤ ਵਿਚ ਗੱਲ ਹੈ। ਕੀ ਇਹ ਇਸ ਮਾਮਲੇ ਲਈ ਆਪੋਜ਼ੀਸ਼ਨ ਨੂੰ ਨਾਲ ਲੈਕੇ ਸੈਂਟਰ ਤੋਂ ਛੇਤੀ ਇਸ ਬਾਰੇ ਫੈਸਲਾ ਕਰਾਉਣਗੇ ? ਇਸ ਬਾਰੇ ਸਰਕਾਰ ਕੀ ਸਟੈਪਸ ਲੈ ਰਹੀ ਹੈ ਕਿ ਇਹ ਮਨਜ਼ੂਰੀ ਛੇਤੀ ਮਿਲ ਸਕੇ ?

ਮੁੱਖ ਮੰਤਰੀ: ਗੌਰਮਿਟ ਆਫ ਇੰਡੀਆ ਹਾਲੇ ਮੈਨੂੰਫੈਕਚਰਿੰਗ ਸੈਂਟਰ ਨੈਸ਼ਨੇਲਾਈਜ਼ ਲਿਮਿਟਿਡ ਕੰਪਨੀ ਵਿਚ ਫਾਈਨੇਲਾਈਜ਼ ਸਟੇਜ ਵਿਚ ਆ ਰਿਹਾ ਹੈ । ਅਸੀਂ ਇਸ ਪਰਾਸੈਸ ਵਿਚ ਲਗੇ ਹਾਂ ਤਾਂ ਕਿ ਵਧ ਤੋਂ ਵਧ ਕੰਮ ਸਾਨੂੰ ਪੰਜਾਬ ਨੂੰ ਮਿਲ ਸਕੇ ।

ELECTIONS TO THE ZILA PARISHADS IN THE STATE

*688. **Sardar Mohinder Singh Sarupwali** : Will the Minister for Development be pleased to state whether there is any proposal under the consideration of the Government to hold the elections to the *Zila* Parishads in the State; if so, the time by which the same are likely to be held. ?

ਸਰਦਾਰ ਸੰਤੋਖ ਸਿੰਘ ਰੰਧਾਵਾ : ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਜੋ ਕਿ ਮਾਰਚ, 1981 ਪਿਛੋਂ ਕਰਵਾਈਆਂ ਜਾ ਰਹੀਆਂ ਹਨ, ਤੋਂ ਬਾਅਦ ਕਰਵਾਈਆਂ ਜਾਣਗੀਆਂ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਇਹ ਠੀਕ ਹੈ ਕਿ ਸਰਕਾਰ ਨੇ ਤਿੰਨ ਟਾਇਰ ਸਿਸਟਮ ਚਾਲੂ ਕਰਨਾ ਹੈ ਔਰ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਉਪਰੰਤ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹੋਣੀਆਂ ਹਨ । ਪਹਿਲਾਂ ਸੰਮਤੀਆਂ ਦੀਆਂ ਚੋਣਾਂ ਕਰਾਉਣ ਵਿਚ ਇਕ ਨੁਮਾਇੰਦਾ ਮਾਰਕਿਟ ਕਮੇਟੀਆਂ ਵਲੋਂ ਆਉਣਾ ਹੈ ਔਰ 2 ਨੁਮਾਇੰਦੇ ਕੋਆਪਰੇਟਿਵ ਸੁਸਾਇਟੀਆਂ ਵਲੋਂ ਆਉਣੇ ਹਨ । 4, 5 ਕੋਆਪਰੇਟਿਵ ਸੁਸਾਇਟੀਆਂ ਬਣਾ ਕੇ ਲੀਡ ਸੁਸਾਇਟੀਆਂ ਬਣਾਈਆਂ ਜਾਣਗੀਆਂ । ਫਿਰ ਇਕ ਇਕ ਪਿੰਡ ਵਿਚ ਲੀਡ ਸੁਸਾਇਟੀ ਬਣਾਈ ਜਾਏਗੀ । ਮੈਨੂੰ ਡਰ ਹੈ ਕਿ ਇਸ ਸਮੇਂ ਦੌਰਾਨ ਇਲੈਕਸ਼ਨਜ਼ ਨਹੀਂ ਕਰਾਏ ਜਾਣਗੇ ਕਿਉਂਕਿ ਇਹੋ ਜਿਹੀਆਂ ਕੁਝ ਅੜਚਣਾਂ ਹਨ । ਇਸ ਬਾਰੇ ਦੱਸਿਆ ਜਾਏ ?

ਮੰਤਰੀ : ਜਦੋਂ ਪਿਛੇ ਜਿਹੇ ਬਿਲ ਪੇਸ਼ ਕੀਤਾ ਸੀ ਉਦੋਂ ਮੈਂ ਕਿਹਾ ਸੀ ਕਿ ਸਾਨੂੰ ਹੋਮ ਡਿਪਾਰਟਮੈਂਟ ਦਾ ਲੈਟਰ ਆਇਆ ਜਿਸ ਕਰਕੇ ਅਸੀਂ ਇਲੈਕਸ਼ਨਜ਼ ਨਹੀਂ ਕਰਾਏ ਨਹੀਂ ਤਾਂ ਇਲੈਕਸ਼ਨਜ਼ ਦਾ ਪ੍ਰੋਗਰਾਮ ਮੇਰੇ ਕੋਲ ਹੈ । 15 ਨਵੰਬਰ, 1980 ਤੋਂ ਲੈ ਕੇ 1 ਮਾਰਚ, 1981 ਤਕ ਅਸੀਂ ਇਲੈਕਸ਼ਨਜ਼ ਮੁਕੰਮਲ ਕਰਾ ਲੈਣੇ ਸੀ । ਉਸਦੇ ਵਿਚ ਦੋ ਮੈਂਬਰਜ਼ ਰਿਪਰਜ਼ੈਂਟਿੰਗ ਕੋਆਪਰੇਟਿਵ ਸੁਸਾਇਟੀਜ਼ ਹਨ । ਇਸ ਵਿਚ ਇਹ ਨਹੀਂ ਮੈਨਸ਼ਨ ਕੀਤਾ ਕਿ ਕਿਹੜੀਆਂ ਕੋਆਪਰੇਟਿਵ ਸੁਸਾਇਟੀਆਂ ਹੋਣਗੀਆਂ । ਇਸ ਲਈ ਕੋਆਪਰੇਟਿਵ ਸੁਸਾਇਟੀਆਂ ਕੋਈ ਵੀ ਹੋਣ, ਦੋ ਮੈਂਬਰਜ਼ ਲਏ ਜਾ ਸਕਦੇ ਹਨ । ਉਸਦੇ ਬਾਅਦ ਆਉਣਾ ਹੈ Election of two primary members representing Co-operative Societies ਉਸਦੇ ਬਾਅਦ ਆਉਣਾ ਹੈ election of one primary member from amongst the producer members of Market Committee. ਐਨਾ ਕੁਝ ਹੈ ਪਰ ਪਿਛੇ ਤਾਂ ਇਲੈਕਸ਼ਨਜ਼ ਦੀ ਬਜਾਏ ਪੰਚਾਇਤ ਸੰਮਤੀਆਂ ਹੀ ਖਤਮ ਕਰ ਦਿੱਤੀਆਂ ਸਨ ਔਰ ਉਸ ਦੀ ਜਗ੍ਹਾ ਇਕ ਡਿਵੈਲਪਮੈਂਟ ਕਮੇਟੀ ਬਨਾਉਣ ਦਾ ਪ੍ਰੋਗਰਾਮ ਸੀ ! ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਇਲੈਕਸ਼ਨ ਬਹੁਤ ਜਲਦੀ ਕਰ ਦਿਆਂਗੇ । ਉਸ ਦੇ ਲਈ ਪਹਿਲੇ ਸਟਾਫ ਰੱਖਿਆ ਹੈ । ਅੱਗੇ ਸਟਾਫ ਦੀ ਐਕਸਟੈਨਸ਼ਨ ਲੈ ਲਈ ਹੈ । ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਬਹੁਤ ਜਲਦੀ ਤੋਂ ਜਲਦੀ ਇਸ ਦੇ ਇਲੈਕਸ਼ਨ ਕਰਵਾ ਦਿੱਤੇ ਜਾਣਗੇ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਸੰਮਤੀਆਂ ਤੋੜੀਆਂ ਸਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਵੀ ਸਰਕਾਰ ਆਉਂਦੀ ਹੈ ਉਹ ਪੰਚਾਇਤੀ ਰਾਜ ਸਿਸਟਮ ਵਿਚ ਦਖਲ ਦਿੰਦੀ ਹੈ। ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਕਿ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਇਲੈਕਸ਼ਨ ਫੇਅਰ ਹੋਣ, ਕੀ ਸਰਕਾਰ ਦਾ ਵਿਚਾਰ ਹੈ ਕਿ ਇਹ ਇਲੈਕਸ਼ਨਾਂ ਚੋਣ ਕਮਿਸ਼ਨ ਨੂੰ ਦਿੱਤੀਆਂ ਜਾਣ?

ਮੰਤਰੀ: ਹਮੇਸ਼ਾਂ ਲੋਕਲ ਬਾਡੀਜ਼ ਦੀਆਂ ਇਲੈਕਸ਼ਨਾਂ, ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਗੌਰਮਿੰਟ ਕਰਵਾਉਂਦੀ ਰਹੀ ਹੈ। ਜੋ ਪਰੋਸੀਜਰ ਅੱਗੇ ਰਿਹਾ ਹੈ ਉਸ ਦੇ ਮੁਤਾਬਿਕ ਹੀ ਅੱਗੇ ਇਲੈਕਸ਼ਨ ਹੋਣਗੇ। ਉਸ ਪਰੋਸੀਜਰ ਵਿਚ ਕੋਈ ਰੁਕਾਵਟ ਨਹੀਂ ਆਉਂਦੀ ਰਹੀ।

ਸਰਦਾਰ ਸੁਖਜਿੰਦਰ ਸਿੰਘ ਖੈਰਾ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨੋਟੀਫਾਈਡ ਏਰੀਆ ਕਮੇਟੀਜ਼ ਸੁਪਰਸੀਡ ਹੋਈਆਂ ਹਨ ਕੀ ਉਨ੍ਹਾਂ ਦੀਆਂ ਇਲੈਕਸ਼ਨਾਂ ਪਹਿਲਾਂ ਹੋ ਜਾਣਗੀਆਂ ?

ਮੰਤਰੀ: ਜਿਹੜੀਆਂ ਨੋਟੀਫਾਈਡ ਏਰੀਆ ਕਮਟੀਆਂ ਤੋੜੀਆਂ ਗਈਆਂ ਸਨ ਉਨ੍ਹਾਂ ਦੇ ਇਲੈਕਸ਼ਨ ਇਸ ਤੋਂ ਪਹਿਲਾਂ ਕਰਵਾ ਦਿਆਂਗੇ।

Mr. Speaker: Question hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

SCANDAL OF SPURIOUS FERTILIZER UNEARTHED AT MANSA

*726. **Comrade Buta Singh**: Will the Minister for Agriculture and Forests be pleased to state whether any scandal of spurious fertilizer was unearthed at Mansa in 1979, if so, the details thereof and the action taken or proposed to be taken ?

ਚੌਧਰੀ ਕਾਂਸ਼ੀ ਰਾਮ: (ੳ) ਹਾਂ ਜੀ। ਖਾਦ ਦਾ ਇਕ ਡੀਲਰ ਡੀ. ਏ. ਪੀ. ਖਾਦ ਬਿਨਾਂ ਲਾਇਸੈਂਸ ਵੇਚਦਾ ਫੜਿਆ ਗਿਆ। ਜਿਸ ਦੇ ਵਿਰੁਧ ਖੇਤੀ ਬਾੜੀ ਵਿਭਾਗ ਨੇ ਪੁਲਿਸ ਕੋਲ ਮਾਮਲਾ ਦਰਜ਼ ਕਰਵਾ ਦਿੱਤਾ ਸੀ। ਪੁਲਿਸ ਨੇ 19 ਜਨਵਰੀ, 1980 ਨੂੰ ਡੀਲਰ ਦੇ ਵਿਰੁਧ ਚਾਲਾਨ ਚੀਫ਼ ਜੁਡੀਸ਼ਲ ਮੈਜਿਸਟਰੇਟ ਮਾਨਸਾ ਦੀ ਅਦਾਲਤ ਵਿਚ ਪੇਸ਼ ਕਰ ਦਿੱਤਾ ਹੈ ਅਤੇ ਇਹ ਮਾਮਲਾ ਹਾਲੇ ਅਦਾਲਤ ਵਿਚ ਚਲ ਰਿਹਾ ਹੈ।

QUALITY-WISE RATE OF BRICKS SOLD FROM BRICK KILNS

***820.(1) Jathedar Gurbachan Singh Lakhmirwala**
(2) Sardar Hardipinder Singh } Will the Chief Minister be pleased to state the quality-wise rate of Bricks sold from bricks kilns during the year 1978, and during the 4th quarter of 1980 and whether any concrete steps are being taken by the Government to stabilise the price of bricks ?

Sardar Darbara Singh: Reply is laid on the Table of the House.

ਇੱਟਾਂ ਦੇ ਕੁਆਲਟੀ-ਵਾਰ ਕੰਟਰੋਲਡ ਭਾਅ ਜੋ 1978 ਦੌਰਾਨ ਸਨ, ਹੇਠ ਦਿਤੇ ਜਾਂਦੇ ਹਨ :—

ਸਮਾਂ	ਇੱਟਾਂ ਦੀ ਕੈਟੇਗਰੀ	ਐਕਸ ਕਿਲਨ ਪ੍ਰਤੀ ਹਜ਼ਾਰ ਇੱਟ ਦੇ ਭਾਅ ਸੇਲ ਟੈਕਸ ਅਤੇ ਹੋਰਨਾਂ ਟੈਕਸਾਂ ਤੋਂ ਇਲਾਵਾ (ਪ੍ਰਤੀ ਹਜ਼ਾਰ)		
		ਪਹਿਲਾ ਦਰਜਾ	ਦੂਜਾ ਦਰਜਾ	ਤੀਜਾ ਦਰਜਾ
1	2	3	4	5
		ਰੁ.	ਰੁ.	ਰੁ.
27-11-78 ਤੱਕ	ਸਪਾਂਸਰਡ ਕੋਲੇ ਤੋਂ ਬਣੀਆਂ ਇੱਟਾਂ	95.50	78.00	51.00
28-11-78 ਤੋਂ ਅੱਗੇ	—ਓਹੀ—	97.00	81.00	53.00
15-5-78 ਤੋਂ 27-11-78 ਤੱਕ	ਨਾਨ-ਸਪਾਂਸਰਡ ਕੋਲੇ ਤੋਂ ਬਣੀਆਂ ਇੱਟਾਂ	118.00	80.00	52.00
28-11-78 ਤੋਂ 25-4-79	—ਓਹੀ—	140.00	118.00	77.00

1980 ਦੇ ਚੌਥੇ ਕੁਆਟਰ ਵਿਚ ਅਤੇ ਇਸ ਤੋਂ ਪਿਛੋਂ ਸਪਾਂਸਰਡ ਕੋਲੇ ਤੋਂ ਬਣਾਈਆਂ ਜਾਣ ਵਾਲੀਆਂ ਇੱਟਾਂ ਦੇ ਕੰਟਰੋਲ ਰੇਟਾਂ ਵਿਚ ਕੋਈ ਤਬਦੀਲੀ ਨਹੀਂ ਆਈ ।

[ਮੁੱਖ ਮੰਤਰੀ]

2. ਜਿਥੋਂ ਤੱਕ ਨਾਨ-ਸਪਾਂਸਰਡ ਕੋਲੇ ਤੋਂ ਬਣੀਆਂ ਇੱਟਾਂ ਦਾ ਸਬੰਧ ਹੈ ਉਨ੍ਹਾਂ ਉਪਰ ਕੋਈ ਕੰਟਰੋਲ ਨਹੀਂ । ਵੱਖ ਵੱਖ ਜ਼ਿਲ੍ਹਿਆਂ ਵਿਚ ਸਪਲਾਈ ਅਤੇ ਮੰਗ ਨੂੰ ਮੁੱਖ ਰੱਖਦੇ ਹੋਏ ਵੱਖ ਵੱਖ ਭਾਅ ਹੋਣ ਕਾਰਣ 1980 ਦੇ ਚੌਥੇ ਕੁਆਟਰ ਵਿਚ ਭੱਠੇ ਤੇ ਭਾਅ 290 ਰੁਪਏ ਤੋਂ 300 ਰੁਪਏ ਤਕ ਰਹੇ । ਕੋਲੇ ਦੀ ਕੀਮਤ, ਰੇਲਵੇ ਭਾੜਾ ਅਤੇ ਮਜ਼ਦੂਰੀ ਦੇ ਵਾਧੇ, ਇੱਟਾਂ ਦੀ ਕੀਮਤ ਵਿਚ ਵਾਧੇ ਦੇ ਕਾਰਣ ਬਣੇ । ਰਾਜ ਵਿਚ ਪਿਛੇ ਜਿਹੇ ਲਗਾਤਾਰ ਬਾਰਸ਼ਾਂ ਨੇ ਇੱਟਾਂ ਦੇ ਖੁਲ੍ਹੇ ਮਾਰਕਿਟ ਭਾਅ ਹੋਰ ਵੀ ਚੁੱਕ ਦਿੱਤੇ ਕਿਉਂਕਿ ਕਾਫੀ ਮਾਤਰਾ ਵਿਚ ਪਕਾਉਣ ਲਈ ਪੱਥੀਆਂ ਹੋਈਆਂ ਕੱਚੀਆਂ ਇੱਟਾਂ ਦੇ ਨੁਕਸਾਨ ਕਾਰਨ, ਇੱਟਾਂ ਦੀ ਉਪਜ ਦੇ ਪ੍ਰੋਗਰਾਮ ਨੂੰ ਕਾਫੀ ਧੱਕਾ ਲੱਗਾ । ਭਾਰੀ ਬਾਰਸ਼ਾਂ ਦੇ ਸਿੱਟੇ ਵਜੋਂ ਭੱਠੇ ਵਾਲਿਆਂ ਕੋਲ ਕਿਤੇ ਕਿਤੇ ਹੀ ਇੱਟਾਂ ਦੇ ਸੀਮਤ ਸਟਾਕ ਸਨ ਅਤੇ ਭਾਰੀ ਮੰਗ ਕਾਰਨ ਕੀਮਤਾਂ ਵਿਚ ਵਾਧਾ ਵਾਪਰਿਆ ।

3. ਇਹ ਦਸਿਆ ਜਾਂਦਾ ਹੈ ਕਿ ਰੇਲ ਰਾਹੀਂ ਲਿਆਏ ਜਾਣ ਵਾਲੇ ਸਪਾਂਸਰਡ ਸਲੈਕ ਕੋਲੇ ਦਾ ਪੰਜਾਬ ਦਾ ਮਾਸਿਕ ਕੋਟਾ 96 ਰੈਕ ਹੈ । ਇਸ ਕੋਟੇ ਵਿਰੁੱਧ ਸਪਾਂਸਰਡ ਸਲੈਕ ਕੋਲ ਦੀ ਜੋ ਅਸਲ ਪ੍ਰਾਪਤੀ ਹੋਈ ਉਹ ਕੇਵਲ $9\frac{1}{2}$ ਰੈਕ 1979 ਵਿਚ ਅਤੇ $3\frac{1}{2}$ ਰੈਕ ਸਾਰੇ 1980 ਵਿਚ ਹਨ ।

4. ਇੱਟਾਂ ਦੇ ਭਾਵਾਂ ਨੂੰ ਸਥਿਰ ਰਖਣ ਸਬੰਧੀ ਅਤੇ ਸਰਕਾਰੀ ਕੰਮਾਂ ਲਈ ਇੱਟਾਂ ਉਚਿਤ ਦਰਾਂ ਤੇ ਉਪਲੱਬਧ ਕਰਾਉਣ ਲਈ ਸਰਕਾਰ ਵਲੋਂ ਹੇਠ ਲਿਖੇ ਕਦਮ ਉਠਾਏ ਗਏ ਹਨ :—

(i) ਸੰਨ 1978 ਸਲੈਕ ਕੋਲੇ ਦੀ ਰੇਲ ਰਾਹੀਂ ਬਹੁਤ ਘੱਟ ਪ੍ਰਾਪਤੀ ਨੂੰ ਮੁੱਖ ਰਖਦਿਆਂ ਹੋਇਆਂ ਭੱਠੇ ਵਾਲਿਆਂ ਨੂੰ ਕੋਲ-ਫੀਲਡ ਤੋਂ ਸੜਕ ਰਾਹੀਂ ਨਾਨ-ਸਪਾਂਸਰਡ ਕੋਲਾ ਲਿਆਉਣ ਦੀ ਆਗਿਆ ਦਿੱਤੀ ਗਈ । ਨਾਨ-ਸਪਾਂਸਰਡ ਕੋਲੇ ਤੋਂ ਬਣਾਈਆਂ ਜਾਣ ਵਾਲੀਆਂ ਇੱਟਾਂ ਦੇ ਨਿਯਤ ਕੀਤੇ ਗਏ ਭਾਅ ਜਿਵੇਂ ਉਪਰ ਦਿੱਤੇ ਗਏ ਹਨ 25 ਅਪਰੈਲ, 1979 ਤੱਕ ਲਾਗੂ ਰਹੇ । ਫਿਰ ਭੱਠੇ ਵਾਲਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਕੋਲਾ ਲਿਆਉਣ ਲਈ ਉਤਸਾਹਤ ਕਰਨ ਲਈ ਅਤੇ ਇੱਟਾਂ ਦੀ ਉਪਜ ਅਤੇ ਉਪਲਬਧੀ ਵਧਾਉਣ ਖਾਤਰ ਨਾਨ-ਸਪਾਂਸਰਡ ਕੋਲੇ ਤੋਂ ਬਣਾਈਆਂ ਜਾਣ ਵਾਲੀਆਂ ਇੱਟਾਂ ਦੀ ਵਿਕਰੀ ਅਤੇ ਵੰਡ ਤੇ ਕੰਟਰੋਲ ਉਠਾ ਲੈਣ ਦਾ ਅਪਰੈਲ, 1979 ਵਿਚ ਫੈਸਲਾ ਕੀਤਾ ਗਿਆ, ਤਾਂ ਕਿ ਉਪਜ ਨੂੰ ਵਧਾਕੇ ਸਪਲਾਈ ਅਤੇ ਮੰਗ ਦੀ ਤਾਕਤਾਂ ਵਿਚਕਾਰ ਸੰਤੁਲਨ ਲਿਆਕੇ ਕੀਮਤਾਂ ਥੱਲੇ ਰਖੀਆਂ ਜਾਣ ।

(ii) ਨਾਨ-ਸਪਾਂਸਰਡ ਕੋਲੇ ਤੋਂ ਬਣਾਈਆਂ ਜਾਣ ਵਾਲੀਆਂ ਇੱਟਾਂ ਤੋਂ ਕੰਟਰੋਲ ਉਠਾ ਲੈਣ ਵੇਲੇ ਭੱਠੇ ਵਾਲਿਆਂ ਵਲੋਂ ਸਰਕਾਰੀ ਵਿਭਾਗਾਂ ਦੀ ਲੋੜ ਪੂਰੀ ਕਰਨ ਲਈ ਰਜਾਕਰਾਨਾ ਤੌਰ ਤੇ 25% ਇੱਟਾਂ 147/- ਰੁਪਏ ਪ੍ਰਤੀ ਹਜ਼ਾਰ ਇੱਟ, ਰੋਆਲਟੀ ਅਤੇ ਹੋਰਨਾ ਟੈਕਸਾਂ ਤੋਂ ਇਲਾਵਾ, ਦੇਣ ਦੀ ਸਹਿਮਤੀ ਦਿੱਤੀ ਗਈ ਸੀ । ਕੋਲੇ ਦੀ ਕੀਮਤ, ਰੇਲਵੇ ਭਾੜੇ ਅਤੇ ਮਜ਼ਦੂਰੀ ਵਿਚ ਵਾਧਾ ਹੋ ਜਾਣ ਕਾਰਨ ਜੋ ਸਟੈਚੂਟਰੀ ਚਾਰਜਜ਼ ਹਨ ਭੱਠੇਦਾਰਾਂ ਵਲੋਂ 147 ਰੁਪਏ ਪ੍ਰਤੀ ਹਜਾਰ

ਹਜ਼ਾਰ ਇੱਟਾਂ ਦੀ ਰਜ਼ਾਕਰਾਨਾਂ ਤੌਰ ਤੇ ਦਿੱਤੀ ਗਈ ਸਹਿਮਤੀ ਵਿਰੁੱਧ ਇੱਟਾਂ ਦੇ ਭਾਅ ਵਧਾਉਣ ਦੀ ਮੰਗ ਕੀਤੀ ਗਈ ਅਤੇ ਮਾਮਲਾ ਵਿਚਾਰ ਅਧੀਨ ਹੈ।

(iii) ਸਪਾਂਸਰਡ ਕੋਲੇ ਤੋਂ ਬਣਾਈਆਂ ਜਾਣ ਵਾਲੀਆਂ ਇੱਟਾਂ ਨਾ ਉਪਲਬਧ ਹੋਣ ਕਾਰਨ ਸਰਕਾਰੀ ਵਿਭਾਗਾਂ ਨੂੰ ਖੁਲ੍ਹੀ ਮਾਰਕਿਟ ਵਿਚੋਂ ਇੱਟਾਂ ਟੈਂਡਰਾਂ ਰਾਹੀਂ ਖਰੀਦ ਕੇ ਆਪਣੀ ਲੋੜ ਪੂਰੀ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ ਜਿਸ ਮੰਤਵ ਲਈ ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰ ਤੇ ਕਮੇਟੀਆਂ ਬਣਾਈਆਂ ਗਈਆਂ ਹਨ।

(iv) ਰੇਲਵੇ ਅਤੇ ਇਨਰਜੀ ਮੰਤਰਾਲੇ ਨੂੰ ਪ੍ਰਤੀ ਮਾਸ 96 ਰੈਕ ਦੇ ਨਿਯਤ ਕੀਤੇ ਗਏ ਕੋਟੇ ਵਿਰੁੱਧ ਸਪਾਂਸਰਡ ਕੋਲੇ ਦੀ ਘੱਟੋ ਘੱਟ ਸਪਲਾਈ ਦੀ ਉਚਿਤ ਮਿਕਦਾਰ ਨੂੰ ਯਕੀਨੀ ਬਣਾਉਣ ਲਈ ਉਚ ਪੱਧਰ ਤੇ ਵਾਰ ਵਾਰ ਜ਼ੋਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਪਨਸਪ ਨੂੰ ਵੀ ਭਿੰਨ ਭਿੰਨ ਸਰਕਾਰੀ ਵਿਭਾਗਾਂ ਲਈ ਸਲੈਕ ਕੋਲੇ ਦੀ ਆਯਾਤ ਦਾ ਕੰਮ ਸੌਂਪਿਆ ਗਿਆ ਸੀ ਤਾਂ ਜੋ ਵਿਭਾਗ ਆਪਣੇ ਪੱਧਰ ਤੇ ਇੱਟਾਂ ਭੱਠੇ ਵਾਲਿਆਂ ਤੋਂ ਬਣਵਾ ਸਕਣ। ਪਨਸਪ ਵਲੋਂ ਤਕਰੀਬਨ 23,000 ਟਨ ਸਲੈਕ ਕੋਲਾ, ਸੜਕ ਰਾਹੀਂ ਪੰਜਾਬ ਵਿਚ ਲਿਆਂਦਾ ਗਿਆ। ਇਹ ਸਕੀਮ ਹੁਣ ਸੜਕ ਰਾਹੀਂ ਵੱਧ ਭਾੜਾ ਹੋਣ ਕਾਰਨ ਹੋਂਦ ਵਿਚ ਨਹੀਂ ਹੈ।

EVICTION OF RESIDENTS OF VILLEGES FALLING IN THE JURISDICTION OF S. A. S. NAGAR (MOHALI)

*840. **Sardar Jagat Singh**: Will the Chief Minister be pleased to state :—

(a) whether there is any proposal under the consideration of the Govt. to evict the residents of villages falling in the jurisdiction of S. A. S. Nagar (Mohali);

(b) if the reply to part (a) above be in the affirmative, whether the Govt. propose to make alternative arrangements for the rehabilitation of the persons referred to part in (a) above, if so, the details thereof ?

ਸਰਦਾਰ ਦਰਬਾਰਾ ਸਿੰਘ : (ੲ) ਜੀ ਹਾਂ।

(ਬੀ) ਓਸਟੀਜ਼ ਨੂੰ ਐਸ. ਏ. ਐਸ. ਨਗਰ ਵਿਖੇ ਮੌਜੂਦਾ ਪਾਲਿਸੀ ਅਨੁਸਾਰ ਰਹਾਇਸ਼ੀ ਪਲਾਟ ਦਿੱਤੇ ਜਾਣਗੇ।

METALLING OF ROAD AND PROVISION OF STREET LIGHTS

*843. **Shri Chaman Lal**: Will the Chief Minisier be pleased to state whether there is any proposal under the consideration of the Government to metal and provide street lights on the road passing near Sujanpur Railway Station which is at present under the control of Zila Parishad; if so, when ?

Sardar Darbara Singh: Yes Sir. The proposal to metal the road passing near Sujanpur Railway Station is under consideration of the Government. However, there is no proposal under consideration of the State Government to provide street lights on this road.

INCOMPLETE ROADS IN DISTRICT SANGRUR

*712. **Master Chand Singh**: Will the Chief Minister be pleased to state whether it is a fact that the following roads in district Sangrur are lying incomplete; if so, the time by which these are likely to be completed :—

(i) from Village Sandaur to Village Kasba Bharal;

(ii) from Village Ghanauri Kalan to Village Badshahpur;

(iii) from Village Kheri Chahilan to Village Guram;

(iv) from Village Katran to Village Farwahi;

(v) from Village Kuthala to Village Khurd;

(vi) from Village Bari to Village Sherpur;

(vii) from Village Ram Nagar Chhan to Village Sherpur; and

(viii) from Village Kalyan to Village Jalwana in Tehsil Malerkotla?

ਸਰਦਾਰ ਦਰਬਾਰਾ ਸਿੰਘ : ਇਨ੍ਹਾਂ ਸੜਕਾਂ ਦੀ ਬਣਤਰ ਦਾ ਕੰਮ ਪ੍ਰਗਤੀ ਅਧੀਨ ਹੈ। ਇਨ੍ਹਾਂ ਸੜਕਾਂ ਨੂੰ ਛੇਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਮੁਕੰਮਲ ਕਰਨ ਦੀ ਤਜਵੀਜ਼ ਹੈ।

ENQUIRY AGAINST THE DIRECTOR OF PUBLIC INSTRUCTIONS SCHOOL

*694. **Shri Sewa Ram** : Will the Chief Minister be pleased to state :

(a) whether any enquiry is pending with the Vigilance Department Punjab against the Director of Public Instructions (Schools), Punjab;

(b) if the reply to part (a) above be in the affirmative the details of the charges and allegations against the said officer;

(c) the date since when the enquiry has been pending and the time by which it is likely to be completed ?

ਸਰਦਾਰ ਦਰਬਾਰਾ ਸਿੰਘ: (ੲ) ਹਾਂ ਜੀ ।

(ਬੀ) ਅਨੁਲਗ (ੲ) ਵਿਚ ਇਨਕੁਆਇਰੀਆਂ ਦਾ ਵੇਰਵਾ ਅਤੇ ਹਰ ਇਕ ਇਨਕੁਆਇਰੀ ਵਿਚ ਲਗਾਏ ਦੋਸ਼, ਦੂਸ਼ਨ ਦਿਤੇ ਗਏ ਹਨ ।

(ਸੀ) ਅਨੁਲਗ (ੲ) ਵਿਚ ਹਰ ਇਕ ਇਨਕੁਆਇਰੀ ਬਾਰੇ ਮਿਤੀ ਜਦ ਤੋਂ, ਇਹ ਲੰਬਿਤ ਹੈ, ਦਰਸਾਈ ਗਈ ਹੈ । ਇਨ੍ਹਾਂ ਇਨਕੁਆਇਰੀਆਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ ।

ਅਨੁਲਗ (ੲ)

ਸ੍ਰੀ ਸੁਖਮਿੰਦਰ ਸਿੰਘ, ਡਾਇਰੈਕਟਰ, ਪਬਲਿਕ ਇਨਸਟਰਕਸ਼ਨਜ਼, ਪੰਜਾਬ ਵਿਰੁਧ ਦਰਜ ਹੋਈਆਂ ਇਨਕੁਆਇਰੀਆਂ ਜੋ ਵਿਜੀਲੈਂਸ ਬਿਓਰੋ/ਵਿਭਾਗ ਵਿਚ ਪੈਂਡਿੰਗ ਹਨ।

ਲੜੀ ਨੰ:	ਇਨਕੁਆਇਰੀ ਦਾ ਨੰ: ਅਤੇ ਮਿਤੀ ਜਿਸ ਤੋਂ ਪੈਂਡਿੰਗ ਹੈ	ਜ਼ਿਲ੍ਹਾ	ਅਫ਼ਸਰ ਦਾ ਨਾਂ ਜਿਸ ਦਾ ਚਾਲਚਲਣ ਤਫਤੀਸ਼ ਅਧੀਨ ਹੈ	ਦੂਸ਼ਣਾਂ ਦਾ ਵੇਰਵਾ
1	2	3	4	5
1.	8/76 7-5-76	ਸੰਗਰੂਰ	ਸ੍ਰੀ ਸੁਖਮਿੰਦਰ ਸਿੰਘ	1. ਨਰਿੰਦਰਾ ਵੀਵਿੰਗ ਫੈਕਟਰੀ, ਸੰਗਰੂਰ ਪਾਸੋਂ ਟਾਟਾਂ ਦੀ ਖਰੀਦ ਵਿਚ ਕਮਿਸ਼ਨ ਖਾਧਾ। ਇਹ ਟਾਟ ਜੇਲ੍ਹ ਵਿਭਾਗ ਤੋਂ ਖਰੀਦਣੇ ਚਾਹੀਦੇ ਸਨ। ਮਾਹ ਅਪਰੈਲ, 1969 ਵਿਚ ਟਾਟ 5 ਜ਼ਿਲ੍ਹਿਆਂ ਨੂੰ ਤਕਸੀਮ ਕਰਨੇ ਰਿਕਾਰਡ ਵਿਚ ਦਿਖਾਏ ਗਏ ਜਦ ਕਿ ਮਾਹ ਜੁਲਾਈ, 1969 ਵਿਚ 6352 ਮੀਟਰ ਟਾਟ ਮਹਾਂ ਲੇਖਾਕਾਰ, ਪੰਜਾਬ ਦੀ ਪਾਰਟੀ ਨੇ ਦਫਤਰ ਵਿਚ ਬਿਨਾ ਵਰਤਿਆ ਪਿਆ ਦੇਖਿਆ। 2. ਸਕੂਲਾਂ ਲਈ ਵੱਧ ਰੇਟ ਤੇ ਸਾਇੰਸ ਦਾ ਸਾਮਾਨ ਬਿਨਾਂ ਰੇਟ ਕੰਟਰੈਕਟ ਨੂੰ ਧਿਆਨ ਵਿਚ ਰਖਦੇ ਹੋਏ ਖਰੀਦਿਆ ਅਤੇ ਕਮਿਸ਼ਨ ਖਾਧਾ। ਨਿਯਮਾਂ ਅਨੁਸਾਰ ਉਸ ਨੂੰ 500 ਰੁਪਏ ਤੋਂ ਵੱਧ ਦੀ ਲੋਕਲ ਪਰਚੇਜ਼ ਕਰਨ ਦਾ ਅਧਿਕਾਰ ਨਹੀਂ ਸੀ। 3. ਮਾਹ ਫਰਵਰੀ, ਮਾਰਚ, 1974 ਵਿਚ 1178.32 ਪੈਸੇ

ਦੇ ਗੈਰ ਮਨਜ਼ੂਰਸ਼ੁਦਾ ਚਾਰਟ ਅਤੇ 3131.20 ਪੈਸੇ ਦੇ ਗੈਰ ਮਨਜ਼ੂਰਸ਼ੁਦਾ ਨਕਸ਼ੇ ਬਿਨਾ ਅਧਿਕਾਰ ਤੋਂ ਖਰੀਦ ਕੇ ਘਪਲੇਬਾਜ਼ੀ ਕੀਤੀ ।

4. 5000 ਰੁ: ਦਾ ਖੇਡਾਂ ਦਾ ਘਟੀਆ ਸਮਾਨ ਬਹੁਤ ਵੱਧ ਰੇਟ ਤੇ ਖਰੀਦਿਆ ਅਤੇ ਕਮਿਸ਼ਨ ਖਾਧਾ । ਇਹ ਖਰੀਦ ਅਨਅਧਿਕਾਰਤ ਤੌਰ ਤੇ ਕੀਤੀ ਗਈ ।

5. 75,000 ਰੁ: ਦਾ ਉਦਯੋਗਿਕ ਸਿਖਿਆ ਲਈ ਸਮਾਨ ਵੱਧ ਰੇਟ ਤੇ ਖਰੀਦ ਕੇ ਕਮਿਸ਼ਨ ਖਾਧਾ ।

6. [redacted] ਉਸ ਨੇ ਮੰਦ ਭਾਵਨਾ ਨਾਲ ਪ੍ਰਭਾਤ ਗੈਸਾਂ ਦੀ ਖਰੀਦ ਦੱਸੀ ਜਦ ਕਿ ਅਸਲ ਵਿਚ ਪ੍ਰਭਾਤ ਟਾਇਪ ਗੈਸ ਖਰੀਦੇ ਗਏ ।

7. ਸ਼੍ਰੀ ਸੁਖਮਿੰਦਰ ਸਿੰਘ ਦਲੀਆ ਸਕੈਂਡਲ ਕੇਸ ਵਿਚ ਸ਼ਾਮਲ ਸੀ, ਜਿਸ ਵਿਚ ਦੋ ਮਾਸਟਰ ਦਲੀਆ ਵੇਚਦੇ ਰੰਗੀ ਹੱਥੀਂ ਫੜੇ ਗਏ ਸਨ ।

8. ਸ਼੍ਰੀ ਸੁਖਮਿੰਦਰ ਸਿੰਘ ਨੇ ਰੈਡ ਕਰਾਸ ਦੀਆਂ ਟਿਕਟਾਂ ਵੇਚਣ ਵਿਚ 13,000 ਰੁ: ਦਾ ਗਬਨ ਕੀਤਾ ।

9. ਸਰਕਾਰੀ ਗੱਡੀ ਦੀ ਅਯੋਗ ਵਰਤੋਂ ਕਰਨਾ ਅਤੇ ਆਪ ਆਪਣੀ ਪਦਵੀ ਦਾ ਨਜਾਇਜ਼ ਫਾਇਦਾ ਉਠਾ ਕੇ ਜਾਹਲੀ ਟੀ.ਏ. ਡੀ.ਏ.; ਹਾਸਲ ਕਰਨਾ ।

ਲੜੀ ਨੰ:	ਇਨਕੁਆਇਰੀ ਦਾ ਨੰ: ਅਤੇ ਮਿਤੀ ਜਿਸ ਤੋਂ ਪੈਂਡਿੰਗ ਹੈ	ਜ਼ਿਲ੍ਹਾ	ਅਫਸਰ ਦਾ ਨਾਂ ਜਿਸ ਦਾ ਚਾਲਚਲਨ ਤਫਤੀਸ਼ ਅਧੀਨ ਹੈ	ਦੂਸ਼ਣਾਂ ਦਾ ਵੇਰਵਾ
1	2	3	4	5
2.	12/78 22-3-78	ਜਲੰਧਰ	ਸ੍ਰੀ ਸੁਖਮਿੰਦਰ ਸਿੰਘ	1. ਸਾਲ 1975-76 ਵਿਚ ਸ੍ਰੀ ਸੁਖਮਿੰਦਰ ਸਿੰਘ ਨੇ 10 ਲੱਖ ਰੁਪਏ ਦੇ ਟੀਨ ਦੇ ਬਕਸੇ ਮਿਆਰ ਤੋਂ ਛੋਟੇ ਬਣਵਾ ਕੇ 2 ਲੱਖ ਰੁਪਿਆ ਕਮਾਇਆ ਅਤੇ ਚੌਧਰੀ ਗੁਰਮੇਲ ਸਿੰਘ ਉਸ ਸਮੇਂ ਦੇ ਵਿਦਿਆ ਮੰਤਰੀ ਨੂੰ ਦੇ ਕੇ ਡਾਇਰੈਕਟਰ ਪਬਲਿਕ ਇਨਸਟਰਕਸ਼ਨਜ਼ ਦੇ ਅਹੁਦੇ ਦੀ ਇਹ ਤਰੱਕੀ ਆਪਣੇ ਤੋਂ ਤਿੰਨ ਸੀਨੀਅਰ ਅਫਸਰਾਂ ਨੂੰ ਪਿਛੇ ਸੁਟ ਕੇ ਲਈ । 2. ਸਾਲ 1972-73 ਵਿਚ ਪ੍ਰਾਇਮਰੀ ਸਕੂਲਾਂ ਲਈ ਲਕੜ ਦੇ ਪਟੜੇ ਖਰੀਦਣ ਦੀ ਸਕੀਮ ਵਿਚ ਸ੍ਰੀ ਸੁਖਮਿੰਦਰ ਸਿੰਘ ਨੇ ਇਕ ਹੋਰ ਅਫਸਰ ਅਤੇ ਵਿਦਿਆ ਮੰਤਰੀ ਨਾਲ ਮਿਲਕੇ 40,000 ਰੁਪਏ ਦਾ ਗਬਨ ਕੀਤਾ ਇਸ ਸਬੰਧਤ ਫਾਇਲ ਹੁਣ ਡਾਇਰੈਕਟੋਰੇਟ ਦੇ ਵਿਚ ਨਹੀਂ ਮਿਲ ਰਹੀ ਅਤੇ ਕਹਿੰਦੇ ਸੀ ਕਿ ਇਹ ਗੁੰਮ ਹੋ ਗਈ ਹੈ ।
3.	26/78 11-8-78	ਪਟਿਆਲਾ	ਸ੍ਰੀ ਸੁਖਮਿੰਦਰ ਸਿੰਘ	1. ਸ੍ਰੀ ਸੁਖਮਿੰਦਰ ਸਿੰਘ ਨੇ ਆਪਣੇ ਜੂਨੀਅਰ ਅਫ਼ਸਰ ਸ੍ਰੀ ਐਸ. ਐਸ. ਕਿਸ਼ਨਪੁਰੀ ਵਿਰੁੱਧ ਆਪਣੇ ਚਹੇਤਿਆਂ ਪਾਸੋਂ ਝੂਠੀਆਂ ਸ਼ਿਕਾਇਤਾਂ ਕਰਵਾਈਆ । 2. ਸ੍ਰੀ ਐਸ. ਐਸ. ਕਿਸ਼ਨਪੁਰੀ ਨੂੰ ਅਪਰੈਲ, 1975 ਵਿਚ

ਬਿਨ੍ਹਾਂ ਪੜਤਾਲ ਕੀਤੇ ਸ੍ਰੀ ਸੁਖਮਿਦਰ ਸਿੰਘ ਦੀ ਜੂਨ, 1974 ਦੀ ਝੂਠੀ ਰਿਪੋਰਟ ਦੇ ਆਧਾਰ ਤੇ ਚਾਰਜਸ਼ੀਟ ਕੀਤਾ ਗਿਆ ਇਹ ਕਾਰਵਾਈ ਉਸ ਦੀ ਨਿਪੁੰਨਤਾ ਰੋਕ/ਤਰੱਕੀ ਵਿਚ ਰੁਕਾਵਟ ਪਾਉਣ ਲਈ ਕੀਤੀ ।

3. ਸ੍ਰੀ ਸੁਖਮਿੰਦਰ ਸਿੰਘ ਨੇ ਸ੍ਰੀ ਉਜਾਗਰ ਸਿੰਘ ਏ.ਈ.ਓ. ਦੀ ਨਜਾਇਜ਼ ਮਦਦ ਕਰਕੇ ਉਸ ਦੀ ਬਤੌਰ ਲੈਕਚਰਾਰ ਤਰੱਕੀ ਕਰਵਾਈ ਜਦਕਿ ਉਸ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਭੈੜੀਆਂ ਸਨ ।

4. ਸ੍ਰੀ ਸੁਖਮਿੰਦਰ ਸਿੰਘ ਨੇ ਸ੍ਰੀ ਐਸ. ਐਸ. ਕਿਸ਼ਨਪੁਰੀ ਨੂੰ ਸਰਕਾਰ ਬਨਾਮ ਰਾਜਾ ਸਿੰਘ ਦੇ ਚੋਰੀ ਦੇ ਕੇਸ ਵਿਚ ਝੂਠਾ ਫਸਾਉਣ ਦੀ ਕੋਸ਼ਿਸ਼ ਕੀਤੀ । ਜੂਡੀਸ਼ੀਅਲ ਮੈਜਿਸਟਰੇਟ ਨਾਭਾ ਨੇ ਰਾਜਾ ਸਿੰਘ ਦੋਸ਼ੀ ਨੂੰ ਮਾਹ ਅਗਸਤ, 1977 ਵਿਚ ਬਰੀ ਕੀਤਾ ਅਤੇ ਸ੍ਰੀ ਸੁਖਮਿੰਦਰ ਸਿੰਘ ਨੇ ਸ੍ਰੀ ਐਸ. ਐਸ. ਕਿਸ਼ਨਪੁਰੀ ਦੇ ਚਲਨ ਤੇ ਗੰਭੀਰ ਪਰੇਖਣ ਕੀਤਾ ।

5. ਸ੍ਰੀ ਸੁਖਮਿੰਦਰ ਸਿੰਘ ਨੇ ਸ੍ਰੀ ਐਸ. ਐਸ. ਕਿਸ਼ਨਪੁਰੀ ਵਿਰੁੱਧ ਆਪਣੇ ਆਦਮੀਆਂ ਤੋਂ ਜਿਹੜੀਆਂ ਝੂਠੀਆਂ ਸ਼ਕਾਇਤਾਂ ਕਰਵਾਈਆਂ ਉਨ੍ਹਾਂ ਦੀਆਂ ਤਸਦੀਕ ਸ਼ੁਦਾ ਨਕਲਾਂ ਦੀਆਂ ਕਾਪੀਆਂ ਸ੍ਰੀ ਕਿਸ਼ਨਪੁਰੀ ਨੂੰ ਸਪਲਾਈ ਕਰਨ ਬਾਰੇ ਕੋਈ ਪ੍ਰਵਾਹ ਨਾ ਕੀਤੀ ।

ਲੜੀ ਨੰ:	ਇਨਕੁਆਇਰੀ ਦਾ ਨੰ: ਅਤੇ ਮਿਤੀ ਜਿਸ ਤੋਂ ਪੈਂਡਿੰਗ ਹੈ	ਜ਼ਿਲ੍ਹਾ	ਅਫਸਰ ਦਾ ਨਾਂ ਜਿਸ ਦਾ ਚਾਲਚਲਣ ਤਫਤੀਸ਼ ਅਧੀਨ ਹੈ	ਦੂਸ਼ਣਾਂ ਦਾ ਵੇਰਵਾ
1	2	3	4	5
				6. ਸ੍ਰੀ ਸੁਖਮਿੰਦਰ ਸਿੰਘ ਜਦੋਂ ਉਹ ਡਿਪਟੀ ਡਾਇਰੈਕਟਰ (ਸਕੂਲ) ਲਗੇ ਹੋਏ ਸਨ ਤਾਂ ਉਹਨਾਂ ਨੇ ਬੀ. ਈ. ਓ. ਦੇ ਕੇਸਾਂ ਜਿਨ੍ਹਾਂ ਵਿਚ ਰਿਸ਼ਵਤ ਖੋਰੀ ਅਤੇ ਜਾਲ੍ਹਬਾਜ਼ੀ ਦੇ ਦੋਸ਼ ਸਨ ਬਿਨਾਂ ਕਿਸੇ ਯੋਗ ਕਾਰਵਾਈ ਦੇ ਦਾਖਲ ਦਫਤਰ ਕਰ ਦਿਤੇ, ਜਦ ਕਿ ਇਨ੍ਹਾਂ ਅਫਸਰਾਂ ਨੂੰ ਅਦਾਲਤ ਤੋਂ ਸਜ਼ਾ ਹੋ ਸਕਦੀ ਸੀ ਅਤੇ ਉਹ ਸਰਵਿਸ ਤੋਂ ਡਿਸਮਿਸ ਹੋ ਸਕਦੇ ਸਨ ।
				7. ਸ੍ਰੀ ਸੁਖਮਿੰਦਰ ਸਿੰਘ ਨੇ ਸ੍ਰੀ ਬਲਦੇਵ ਸਿੰਘ ਡੀ. ਈ. ਓ. ਬਠਿੰਡਾ ਵਿਰੁੱਧ ਬੀਬੀ ਸੁਰਿੰਦਰ ਮੋਹਣੀ ਪਾਸੋਂ ਇਕ ਝੂਠੀ ਸ਼ਿਕਾਇਤ ਕਰਵਾਈ ਜਿਸ ਦੇ ਆਧਾਰ ਤੇ ਸ੍ਰੀ ਬਲਦੇਵ ਸਿੰਘ ਸਸਪੈਂਡ ਕੀਤਾ ਗਿਆ ।
				8. ਸ੍ਰੀ ਸੁਖਮਿੰਦਰ ਸਿੰਘ ਨੇ ਆਪਣੇ ਅਹੁਦੇ ਦੀ ਕੁਵਰਤੋਂ ਕਰਦੇ ਹੋਏ ਲੇਡੀ ਟੀਚਰਾਂ ਦੇ ਤਬਾਦਲੇ ਰੂਲਾਂ ਦੀ ਉਲਘਣਾ ਕਰਦੇ ਹੋਏ ਕੀਤੇ ।

				9. ਸ੍ਰੀ ਸੁਖਮਿੰਦਰ ਸਿੰਘ ਨੇ ਆਪਣੇ ਅਹੁਦੇ ਦੀ ਕੁਵਰਤੋਂ ਕਰਕੇ ਸ੍ਰੀ ਐਸ. ਐਸ. ਕ੍ਰਿਸ਼ਨਪੁਰੀ ਦੀ ਬਜਾਏ ਸ੍ਰੀ ਮਨਮੋਹਨ ਸਿੰਘ ਨੂੰ ਸੀ. ਈ. ਓ., ਨਾਭਾ ਲਗਾਇਆ । ਇਸੇ ਤਰ੍ਹਾਂ ਸ੍ਰੀ ਪੀ. ਐਲ. ਬਾਕਾਂ ਨੂੰ ਇਗਨੋਰ ਕਰਕੇ ਮਿਸ ਐਸ. ਅਰੋੜਾ ਨੂੰ ਡਿਪਟੀ ਡਾਇਰੈਕਟਰ ਨਿਯੁਕਤ ਕਰਵਾਇਆ ਅਤੇ ਸ੍ਰੀ ਕ੍ਰਿਸ਼ਨਪੁਰੀ ਨੂੰ ਪਟਿਆਲਾ ਤੋਂ ਬਦਲਨ ਬਾਅਦ ਕੋਈ ਪੋਸਟਿੰਗ ਆਰਡਰ ਨਹੀਂ ਦਿੱਤੇ ।
4.	1/79 23-1-79	ਅੰਮ੍ਰਿਤਸਰ	ਸ੍ਰੀ ਸੁਖਮਿੰਦਰ ਸਿੰਘ, ਡਾਇਰੈਕਟਰ ਪਬਲਿਕ ਇਨਸਟਰਕਸ਼ਨਜ਼ (ਸਕੂਲਜ਼)	1. ਸ੍ਰੀ ਸੁਖਮਿੰਦਰ ਸਿੰਘ, ਡਾਇਰੈਕਟਰ ਪਬਲਿਕ ਇਨਸਟਰਕਸ਼ਨਜ਼ (ਸਕੂਲਜ਼) ਲੇਡੀ ਕਰਮਚਾਰੀਆਂ ਨੂੰ ਐਕਸਪਲਾਇਟ ਕਰਦਾ ਹੈ ਅਤੇ ਉਸ ਦਾ ਚਾਲਚਲਣ ਅੱਛਾ ਨਹੀਂ ਹੈ ।
				2. ਸ੍ਰੀ ਰਾਜ ਸਿੰਘ ਜੋਸ਼ੀ, ਪੀ.'ਟੀ. ਆਈ., ਸਰਕਾਰੀ ਮਿਡਲ ਸਕੂਲ, ਖਨਾਲ ਕਲਾਂ, ਜ਼ਿਲ੍ਹਾ ਸੰਗਰੂਰ ਛੇ ਮਹੀਨੇ ਤੋਂ ਵੱਧ ਸਮੇਂ ਤੋਂ ਡਿਊਟੀ ਤੋਂ ਗੈਰਹਾਜ਼ਰ ਰਿਹਾ ਅਤੇ ਉਸ ਦੀਆਂ ਸੇਵਾਵਾਂ ਡੀ. ਈ. ਓ., ਸੰਗਰੂਰ ਨੇ ਖਤਮ ਕਰ ਦਿੱਤੀਆਂ ਇਸ ਫੈਸਲੇ ਵਿਰੁੱਧ ਸ੍ਰੀ ਜੋਸ਼ੀ ਨੇ ਹਾਈਕੋਰਟ ਵਿਚ ਰਿਟ ਕੀਤੀ ਜੋ ਡਿਸਮਿਸ ਹੋ ਗਈ । ਸ੍ਰੀ ਸੁਖਮਿੰਦਰ ਸਿਘ ਨੇ ਮਿਤੀ 3-10-1977 ਨੂੰ ਡੀ. ਈ. ਓ., ਸੰਗਰੂਰ ਨੂੰ ਬਹਾਲ ਕਰਨ ਲਈ ਹਦਾਇਤ ਕੀਤੀ ਜਿਸ ਦੇ ਆਧਾਰ ਤੇ ਸ੍ਰੀ ਜੋਸ਼ੀ ਮਿਤੀ 6-10-1977 ਨੂੰ ਬਹਾਲ ਹੋਇਆ । ਸ੍ਰੀ ਸੁਖਮਿੰਦਰ ਸਿੰਘ ਦਾ ਇਹ ਹੁਕਮ ਮੰਦ ਭਾਵਨਾ ਅਤੇ ਰਿਸ਼ਵਤ ਲੈ ਕੇ ਦੇਣਾ ਜ਼ਾਹਿਰ ਕਰਦਾ ਹੈ ।

ਅਨੁਲਗ (ੲ)—ਸਮਾਪਤ

ਸ਼੍ਰੀ ਸੁਖਮਿੰਦਰ ਸਿੰਘ, ਡਾਇਰੈਕਟਰ, ਪਬਲਿਕ ਇਨਸਟਰਕਸ਼ਨਜ਼, ਪੰਜਾਬ, ਵਿਰੁੱਧ ਦਰਜ ਹੋਈਆਂ ਇਨਕੁਆਰੀਆਂ ਜੋ ਵਿਜੀਲੈਂਸ ਬਿਓਰੋ/ਵਿਭਾਗ ਵਿਚ ਪੈਂਡਿੰਗ ਹਨ

ਲੜੀ ਨੰ:	ਇਨਕੁਆਰੀ ਦਾ ਨੰ: ਅਤੇ ਮਿਤੀ ਜਿਸ ਤੋਂ ਪੈਂਡਿੰਗ ਹੈ ।	ਜ਼ਿਲ੍ਹਾ	ਅਫਸਰ ਦਾ ਨਾਂ ਜਿਸ ਦਾ ਚਾਲਚਲਣ ਤਫਤੀਸ਼ ਅਧੀਨ ਹੈ	ਦੂਸ਼ਣਾਂ ਦਾ ਵੇਰਵਾ
1	2	3	4	5
4.	1/79 23-1-79	ਅੰਮ੍ਰਿਤਸਰ	ਸ਼੍ਰੀ ਸੁਖਮਿੰਦਰ ਸਿੰਘ, ਡਾਇਰੈਕਟਰ, ਪਬਲਿਕ ਇਨਸਪੈਕਟਰ (ਸਕੂਲਜ਼)	3. ਸਰਕਾਰੀ ਗੱਡੀ ਦੀ ਕੁਵਰਤੋਂ ਕਰਨੀ । 4. ਉਹ ਗਿਆਨੀ ਜ਼ੈਲ ਸਿੰਘ, ਸਾਬਕਾ ਮੁੱਖ ਮੰਤਰੀ, ਪੰਜਾਬ ਅਤੇ ਚੌਧਰੀ ਗੁਰਮੇਲ ਸਿੰਘ, ਸਾਬਕਾ ਸਿਖਿਆ ਮੰਤਰੀ, ਪੰਜਾਬ ਦੇ ਗਰੁਪ ਨਾਲ ਨਜ਼ਦੀਕੀ ਤੌਰ ਤੇ ਸਬੰਧਤ ਹੈ । 5. ਸ਼੍ਰੀ ਸੁਖਮਿੰਦਰ ਸਿੰਘ ਨੇ ਸ਼੍ਰੀ ਬਲਦੇਵ ਸਿੰਘ, ਡਾਇਰੈਕਟਰ, ਪਬਲਿਕ ਇਨਸਟਰਕਸ਼ਨਜ਼, ਪ੍ਰਾਇਮਰੀ ਸਕੂਲਜ਼ (ਰਿਟਾ-ਇਰਡ) ਵਿਰੁੱਧ ਝੂਠੀ ਸ਼ਿਕਾਇਤ ਕਰਵਾ ਕੇ ਸਸਪੈਂਡ ਕਰਵਾਇਆ ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

GRANT/SUBSIDY GIVEN TO THE COOPERATIVE CONSUMERS STORES IN THE STATE

*846. **Shri Surinder Kapur**: Will the Chief Minister be pleased to state—

(a) whether any grant/subsidy has been given to the Co-operative Consumers Stores in the State during the current financial year 1980-81; if so, the details thereof ?

ਸਰਦਾਰ ਦਰਬਾਰਾ ਸਿੰਘ: (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

CONSTRUCTION OF A BRIDGE ON BAJJUMAN DRAIN IN BLOCK MAJITHA

*644. **Sardar Parkash S ngh Majitha** : Will the Chief Minister be pleased to state whether there is any scheme under the consideration of the Government to construct a bridge on Bajjuman drain crossing the road from Kotli Dholoshah to village Kadarabad and Kotli Mallian in Black Majitha; if so, the time by which it is likely to be completed ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ । ਸਵਾਲ ਪੈਦਾ ਨਹੀਂ ਹੁੰਦਾ ।

CONSTRUCTION OF A BRIDGE ON KASUR NULLAH

*737 **Sardar Mohinder Singh Sarupwali**: Will the Chief Minister be pleased to state whether there is any proposal under the consideration of the Government to construct a bridge on Kasur Nullah between villages Hassanpur Kalan and Hassanpur Khurad in Tehsil Batala, district Gurdaspur; if so, the time by which it is likely to be constructed?

ਸਰਦਾਰ ਦਰਬਾਰਾ ਸਿੰਘ : ਹਾਂ ਜੀ, । ਜ਼ਰੂਰੀ ਕਾਰਵਾਈਆਂ ਪੂਰੀਆਂ ਹੋਣ ਤੇ ਇਹ ਪੁੱਲ ਬਣਾਇਆ ਜਾਵੇਗਾ ।

PERMITS ISSUED OR RENEWED TO PRIVATE TRANSPORTERS ON THREE MONTHS BASIS IN THE STATE

*691. **Shri Sewa Ram** : Will the Chief Minister be pleased to state whether the Government have issued or renewed permits to private transporters in the state on three months basis during the period from June, 1980 to date; if so, the names of the companies and reasons for issuing permits on three months basis ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ ।

STARRED QUESTION NO. 844

(Extension was asked for in respect of Starred Question No. 844).

Darbara Singh
Chief Minister

D.O. No. AQ-844 BRII (I)-81/
Dated, Chandigarh, the
26th February, 1981.

Dear Shri Brij Bhushan ji,

The answer to Starred Punjab Vidhan Sabha Question No. 844 appearing in the list of Questions, for 27th February, 1981 in the name of Sh. Chaman Lal, M.L.A., is not ready. The requisite information is being collected from the quarters concerned. I am, therefore, to request that time for answering this Question may kindly be extended to any date after 13th March, 1981.

Yours sincerely,

Sd/-

(Darbara Singh)

Shri Brij Bhushan Mehra,
Speaker, Punjab Vidhan Sabha.

COMPLETION OF ROAD BETWEEN VILLAGES CHHOTI DHARAK AND BARI DHARAK IN KHARAR ASSEMBLY CONSTITUENCY

*834. **Sardar Jagat Singh**: Will the Chief Minister be pleased to state whether it is a fact that a portion of Kharar Chuni Road between the villages Chhoti Dharak and Bari Dharak in the Kharar Assembly Constituency has not so far been completed; if so, the time by which it is likely to be completed ?

Sardar Darbara Singh: (1) The road which connect villages Chhoti Dharak and Bari Dharak is not a portion of Kharar Chuni road. Chhoti Dharak village lies at the 7th KM. of link road Badala Cholta Majat. A separate link road connects villages Chhoti Dharak and Bari Dharak.

(2) The link road which connects Chhoti Dharak and Bari Dharak has been constructed up to the stage of metal consolidation. Its tarring will be completed upto 31st March, 1981.

CONSTRUCTION OF BRIDGE ON KHALCHIAN DRAIN IN BLOCK TARSIKKA, DISTRICT AMRITSAR

*645. **Sardar Parkash Singh Majitha**: Will the Chief Minister be pleased to state whether there is any scheme to construct a bridge on Khalchian drain passing through villages Singpur and village Kor Hayat, block Tarsikka district Amritsar; if so, the time by which it is likely to be constructed ?

ਸਰਦਾਰ ਦਰਬਾਰਾ ਸਿੰਘ: ਹਾਂ ਜੀ। ਇਹ ਪ੍ਰੋਜੈਕਟ ਛੇਵੀਂ ਯੋਜਨਾ ਦੌਰਾਨ ਪੂਰਾ ਹੋਣ ਦੀ ਆਸ ਹੈ।

POINTS OF ORDER RE. NUMBER OF SUPPLEMENTARIES AND EXPUNCTION

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੁਐਸਚਨ ਆਵਰ ਇਕ ਐਨਾ ਇੰਪਾਰਟੈਂਟ ਸਮਾਂ ਹੈ ਜਿਸ ਦੇ ਵਿਚ ਸਾਰੇ ਮੈਂਬਰ ਸਾਹਿਬਾਨ ਆਪਣੇ ਹਲਕਿਆਂ ਦੀਆਂ ਪ੍ਰਾਬਲਮਜ਼ ਔਰ ਸਮੁੱਚੇ ਪੰਜਾਬ ਦੇ ਲੋਕਾਂ ਦੀਆਂ ਪ੍ਰਾਬਲਮਜ਼ ਨੂੰ ਲੈ ਕੇ ਕੁਐਸਚਨ ਦਿੰਦੇ ਹਨ। ਮੈਂ ਤੁਹਾਡੇ ਕੋਲ ਬੇਨਤੀ ਕਰਾਂਗਾ ਕਿ ਅੱਜ ਦੀ ਜੋ ਲਿਸਟ ਸੀ ਇਸ ਤੇ 20 ਕੁਐਸਚਨ ਸਨ ਜਿਨ੍ਹਾਂ ਵਿਚੋਂ 7 ਕੁਐਸਚਨ ਲਏ ਗਏ ਹਨ, ਇਹ ਇਕ ਤਿਹਾਈ ਸਵਾਲ ਬਣਦੇ ਹਨ। ਮੈਂ ਸਮਝਦਾ ਹਾਂ ਕਿ ਇਸ ਹਿਸਾਬ ਨਾਲ ਸਵਾਲਾਂ ਦੀ ਸਾਰੀ ਲਿਸਟ ਸ਼ਾਇਦ ਕਦੇ ਵੀ ਪੂਰੀ ਨਾ ਅਸੀਂ ਕਰ ਸਕੀਏ। ਇਸ ਤਰ੍ਹਾਂ ਇਹ ਮੈਂਬਰ ਸਾਹਿਬਾਨ ਦੇ ਹੱਕਾਂ ਤੇ ਬੜਾ ਭਾਰੀ ਛਾਪਾ ਹੈ। ਮੈਂ ਬੇਨਤੀ ਕਰਾਂਗਾ ਕਿ ਬੇਸ਼ੱਕ ਸਾਰੀਆਂ ਪਾਰਟੀਆਂ ਦੇ ਲੀਡਰ ਸਾਹਿਬਾਨ ਨੂੰ ਬੁਲਾਕੇ ਇਸ ਬਾਰੇ ਮੀਟਿੰਗ ਕਰਕੇ ਫੈਸਲਾ ਕਰ ਲਿਆ ਜਾਵੇ ਕਿਉਂਕਿ ਸੈਸ਼ਨ ਖਤਮ ਹੋਣ ਵਾਲਾ ਹੈ ਅਤੇ ਦੋ ਸਿਟਿੰਗਜ਼ ਹੋਰ ਰਹਿ ਗਈਆਂ ਹਨ। ਇਸ ਲਈ ਆਉਣ ਵਾਲੇ ਸਮੇਂ ਵਿਚ ਇਸ ਬਾਰੇ ਕੋਈ ਫੈਸਲਾ ਕਰ ਲਿਆ ਜਾਵੇ। ਜਿਸ ਮੈਂਬਰ ਨੇ ਸਵਾਲ ਦਿੱਤਾ ਹੁੰਦਾ ਹੈ ਉਸ ਨੂੰ 2 ਸਪਲੀਮੈਂਟਰੀਜ਼ ਕਰਨ ਦਾ ਰਾਈਟ ਹੈ ਪਰ ਤੁਸੀਂ ਵੱਧ ਵੀ ਅਲਾਊ ਕਰ ਦਿੰਦੇ ਹੋ। ਇਸ ਤਰ੍ਹਾਂ 15-15 ਮਿੰਟ ਇਕ ਸਵਾਲ ਤੇ ਲੱਗ ਜਾਂਦੇ ਹਨ। ਮੈਂ ਦੇਖਿਆ ਹੈ ਕਿ ਮੇਰੇ ਸਵਾਲ ਲਿਸਟ ਵਿਚ ਅਖੀਰ ਵਿਚ ਰੱਖੇ ਜਾਂਦੇ ਹਨ। (ਵਿਘਨ) ਮੇਰੇ ਸਿਰਫ 1-2 ਸਵਾਲ ਹੀ ਲਏ ਗਏ ਹਨ। ਇਸੇ ਤਰ੍ਹਾਂ ਹੀ ਬਾਕੀ ਮੈਂਬਰ ਸਾਹਿਬਾਨ ਦਾ ਹਾਲ ਹੋਵੇਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਅਸੀਂ ਇਕ ਐਸਾ ਪ੍ਰੋਸੀਜਰ ਬਣਾ ਦੇਈਏ ਜਿਸ ਨਾਲ ਵੱਧ ਤੋਂ ਵੱਧ ਸਵਾਲ ਲਏ ਜਾਣ ਅਤੇ ਉਨ੍ਹਾਂ ਦਾ ਹਾਊਸ ਵਿਚ ਜਵਾਬ ਆ ਜਾਵੇ। ਇਸ ਤੇ ਤੁਸੀਂ ਚੰਗੀ ਤਰ੍ਹਾਂ ਪੜਚੋਲ ਕਰ ਲਵੋ ਅਤੇ ਫੈਸਲਾ ਕਰ ਲਵੋ ਕਿ ਐਨੇ ਸਪਲੀਮੈਂਟਰੀਜ਼ ਤੋਂ ਵੱਧ ਇਕ ਸਵਾਲ ਤੇ ਸਪਲੀਮੈਂਟਰੀਜ਼ ਨਹੀਂ ਹੋਣਗੇ।

ਸ੍ਰੀ ਸਪੀਕਰ : ਠੀਕ ਹੈ, ਮੈਂ ਜਨਰਲ ਪਰਪਜ਼ਿਜ਼ ਕਮੇਟੀ ਵਿਚ ਇਹ ਪੁਆਇੰਟ ਰੱਖਾਂਗਾ।

ਮੁੱਖ ਮੰਤਰੀ : ਮੈਂਬਰ ਸਾਹਿਬਾਨ ਦੀ ਤਜਵੀਜ਼ ਬਹੁਤ ਅੱਛੀ ਹੈ। ਸਪੀਕਰ ਸਾਹਿਬ, ਤੁਸੀਂ ਇਕ ਸਵਾਲ ਤੇ 5 ਸਪਲੀਮੈਂਟਰੀਜ਼ ਪੁੱਛਣ ਦੀ ਆਗਿਆ ਦਿੱਤੀ ਹੈ। ਅਗਰ ਤੁਸੀਂ ਇਸ ਨੂੰ ਐਡਹੀਅਰ ਟੂ ਕਰੋ ਤਾਂ ਇਹ ਜਿਹੜੀ ਮੈਂਬਰ ਸਾਹਿਬਾਨ ਦੀ ਸ਼ਿਕਾਇਤ ਹੈ ਕਿ ਉਨ੍ਹਾਂ ਦੇ ਬਹੁਤ ਸਾਰੇ ਸਵਾਲ ਪੈਂਡਿੰਗ ਰਹਿ ਜਾਂਦੇ ਹਨ ਤਾਂ ਫਿਰ ਉਸ ਦੇ ਵਿਚ ਕੋਈ ਗੁੰਜਾਇਸ਼ ਨਹੀਂ ਰਹਿੰਦੀ ਕਿ ਉਹ ਆਪਣੇ ਸਵਾਲ ਤੇ ਕੋਈ ਸਪਲੀਮੈਂਟਰੀ ਪੁੱਛ ਸਕਣ। ਇਸ ਲਈ ਕ੍ਰਿਪਾ ਕਰਕੇ ਇਸ ਨੂੰ ਸਟਰਿਕਟਲੀ ਐਡਹੀਅਰ ਟੂ ਕਰੋ।

ਕਾਮਰੇਡ ਰਾਜ ਕੁਮਾਰ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਕਲ ਜਿਸ ਵਕਤ ਤੁਸੀਂ ਬੜੀ ਹਿਸਟਾਰੀਕਲ ਰੂਲਿੰਗ ਦਿੱਤੀ ਸੀ ਤਾਂ ਮੈਂ ਤੁਹਾਡੇ ਸਾਹਮਣੇ ਕੁਝ ਰੂਲਜ਼ ਰੱਖੇ ਸਨ । ਉਸ ਦੇ ਬਾਅਦ ਮੈਂ ਤੁਹਾਨੂੰ ਚੈਂਬਰ ਵਿਚ ਮਿਲਿਆ ਸੀ ਅਤੇ ਮੈਂ ਕੋਸ਼ਿਸ਼ ਕੀਤੀ ਸੀ ਕਿ ਮੈਂ ਤੁਹਾਨੂੰ ਆਪਣੇ ਵਿਊ ਪੁਆਇੰਟਸ ਡਿਟੇਲ ਵਿਚ ਦੱਸਾਂ । ਸਪੀਕਰ ਸਾਹਿਬ, ਖੁਸ਼ੀ ਦੀ ਗੱਲ ਹੈ ਕਿ ਇਸ ਕਿਸਮ ਦੇ ਮਾਮਲੇ ਉਤੇ ਲੋਕ ਸਭਾ ਦੇ ਵਿਚ ਮਾਨਯੋਗ ਸਪੀਕਰ ਨੇ ਇਕ ਰੂਲਿੰਗ ਦਿੱਤੀ ਸੀ । ਉਹ ਲਗ ਭਗ ਤੁਹਾਡੀ ਰੂਲਿੰਗ ਦੇ ਵਿਸ਼ੇ ਨਾਲ ਸਬੰਧਤ ਸੀ । (ਵਿਘਨ) ਸਪੀਕਰ ਸਾਹਿਬ, ਤੁਸੀਂ ਕੱਲ ਜਿਹੜੀ ਰੂਲਿੰਗ ਦਿੱਤੀ ਸੀ ਮੈਂ ਬੇਨਤੀ ਕੀਤੀ ਸੀ ਕਿ ਤੁਸੀਂ ਪੁਆਇੰਟ ਆਫ ਆਰਡਰ ਨੂੰ ਓਵਰ ਰੂਲ ਕਰ ਸਕਦੇ ਹੋ । ਪੁਆਇੰਟ ਆਫ ਆਰਡਰ ਦੇ ਸਬੰਧ ਵਿਚ ਬੋਲਣ ਵਾਲੇ ਮੈਂਬਰ ਸਾਹਿਬ ਦੇ ਐਸੇ ਲਫਜ਼ ਜਿਹੜੇ ਡੈਰੋਗੇਟਰੀ ਹੋਣ ਜਾਂ ਅਨਪਾਰਲੀਮੈਂਟਰੀ ਹੋਣ ਤਾਂ ਉਹ ਤੁਸੀਂ ਐਕਸਪੰਜ ਕਰਵਾ ਸਕਦੇ ਹੋ । ਲੇਕਿਨ ਤੁਸੀਂ ਪੁਆਇੰਟ ਆਫ ਆਰਡਰ ਦੇ ਲਫਜ਼ ਐਕਸਪੰਜ ਐਜ਼ ਸੱਚ ਕਰਵਾ ਦਿਓ, ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ । ਮੈਂਬਰ ਸਾਹਿਬਾਨ ਨੇ ਬੜੇ ਜ਼ਰੂਰੀ ਮਸਲੇ ਹਾਊਸ ਵਿਚ ਰੱਖਣੇ ਹੁੰਦੇ ਹਨ । ਜੇ ਤੁਸੀਂ ਇਸੇ ਤਰ੍ਹਾਂ ਐਕਸਪੰਜ ਕਰਵਾਈ ਜਾਵੋਗੇ ਤਾਂ ਜਿਹੜੇ ਮੈਂਬਰ ਸਾਹਿਬਾਨ ਨੇ ਮਹੱਤਵਪੂਰਨ ਮਾਮਲੇ ਇਥੇ ਰੱਖਣੇ ਹੁੰਦੇ ਹਨ ਉਹ ਬੰਦ ਹੋ ਜਾਣਗੇ । ਮੈਂ ਬੇਨਤੀ ਕੀਤੀ ਸੀ ਕਿ ਕਈ ਵਾਰੀ ਐਸੀ ਸਿਚੂਏਸ਼ਨ ਪੈਂਦਾ ਹੋ ਜਾਂਦੀ ਹੈ ਜਾਂ ਐਸੀ ਇੰਪਾਰਟੈਂਟ ਹੈਪਨਿੰਗ ਹੋ ਜਾਂਦੀ ਹੈ ਜਿਸ ਦੇ ਬਾਰੇ ਨੋਟਿਸ ਦੇਣਾ ਮੁਮਕਿਨ ਨਹੀਂ ਹੁੰਦਾ ਤਾਂ ਇਸ ਬਾਰੇ ਤੁਹਾਡੇ ਕੋਲ ਵਾਈਡ ਅਧਿਕਾਰ ਹਨ ਕਿ ਤੁਸੀਂ ਵਿਦਆਊਟ ਨੋਟਿਸ ਦੇ ਅਜਿਹੇ ਮਾਮਲੇ ਨੂੰ ਇਥੇ ਸੁਣ ਲਵੋ । ਜੇ ਉਹ ਮੁਨਾਸਿਬ ਗੱਲ ਹੋਵੇ ਤਾਂ ਸੁਣ ਲਵੋ ਨਹੀਂ ਤਾਂ ਕਟਾ ਦਿਓ । (ਵਿਘਨ) ਤੁਹਾਡੀ ਜਿਹੜੀ ਕੱਲ ਦੀ ਰੂਲਿੰਗ ਹੈ ਉਸ ਦੇ ਬਾਰੇ ਤੁਸੀਂ ਐਕਸ-ਪੰਕਸ਼ਨ ਦੇ ਰੂਲ ਦੇਖ ਲਵੋ । ਰੂਲਜ਼ ਆਫ ਪਰੋਸੀਜਰ ਦੇ ਰੂਲ 109 (1) ਵਿਚ ਦੱਸਿਆ ਗਿਆ ਹੈ ਕਿ ਕਿਹੜੇ ਸ਼ਬਦ ਕਾਰਵਾਈ ਵਿਚੋਂ ਕੱਟੇ ਜਾ ਸਕਦੇ ਹਨ । ਇਹ ਰੂਲ ਇਸ ਤਰ੍ਹਾਂ ਹੈ :—

> "If the Speaker is of opinion that a word or words has or have been used in debate which is or are defamatory or indecent or un-parliamentary or undignified, he may, in his discretion order that such word or words be expunged from the proceedings of the House."

ਇਸ ਤੋਂ ਅਗੇ, ਸਪੀਕਰ ਸਾਹਿਬ, ਕਿਤੇ ਇਹ ਗੱਲ ਨਹੀਂ ਲਿਖੀ ਕਿ ਤੁਸੀਂ ਸਾਰੇ ਪੁਆਇੰਟ ਆਫ ਆਰਡਰ ਨੂੰ ਹੀ ਕਟਾ ਦਿਓ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਆਪਣੇ ਫੈਸਲੇ ਨੂੰ ਰੀਕੰਸਿਡਰ ਕਰੋ । ਮੈਨੂੰ ਪਤਾ ਹੈ ਕਿ 1972 ਵਿਚ ਜਦੋਂ ਸਾਡੇ ਹੁਣ ਦੇ ਐਫ. ਐਮ. ਸਾਹਿਬ ਤੁਹਾਡੀ ਇਸ ਕੁਰਸੀ ਤੇ ਸਨ ਤਾਂ ਉਨ੍ਹਾਂ ਨੇ ਇਸ ਕਿਸਮ ਦੀ ਸਿਚੂਏਸ਼ਨ ਦੇ ਸਬੰਧ ਵਿਚ ਕੁਝ ਰੂਲਿੰਗਜ਼ ਦਿੱਤੀਆਂ ਸਨ । ਇਸ ਲਈ ਉਸ ਨੂੰ ਬੇਸ ਬਣਾ ਕੇ ਜਾਂ ਉਸ ਦੀ ਰੌਸ਼ਨੀ ਵਿਚ Rules of Procedure and Conduct of Business ਸਾਰਾ ਰੀਕਾਸਟ ਹੋ ਜਾਵੇ । ਮੈਂ ਪਹਿਲਾਂ ਵੀ ਕਿਹਾ ਸੀ ਕਿ ਸਾਰੇ ਰੂਲਜ਼ ਇਨਕਾਰਪੋਰੇਟ ਹੋ ਜਾਣ । ਇਸ ਬਾਰੇ ਕਮੇਟੀ ਬਿਠਾ ਦਿਓ ਅਤੇ ਉਹ ਇਸ ਤੇ ਵਿਚਾਰ ਕਰ ਲਵੇ ਨਹੀਂ ਤਾਂ ਉਤਨੀ ਦੇਰ ਤੱਕ ਜਿਹੜੀ ਸਿਹਤਮੰਦ ਪ੍ਰਥਾ ਹੈ ਉਸ ਨੂੰ ਕਾਇਮ ਰੱਖਿਆ ਜਾਵੇ । ਬਾਕੀ ਮੈਂ ਮਜੀਠਾ ਜੀ ਨਾਲ ਸਹਿਮਤ ਹਾਂ । ਅਸੀਂ ਐਸ਼ੋਰੈਂਸ ਦਿੰਦੇ ਹਾਂ ਕਿ ਕੁਐਸ਼ਚਨਜ਼ ਦੇ ਸਿਲਸਿਲੇ ਵਿਚ ਜਿਹੜੀ ਕੋਈ ਚੰਗੀ ਪ੍ਰਥਾ ਅਪਣਾਈ ਜਾਵੇਗੀ, ਅਸੀਂ

ਤੁਹਾਡੇ ਨਾਲ ਸ਼ਾਮਲ ਹੋਵਾਂਗੇ। ਉਸ ਨੂੰ ਅਸੀਂ ਪੂਰਾ ਅਬਾਈਡ ਕਰਾਂਗੇ। ਮੈਂ ਬੇਨਤੀ ਕਰਾਂਗਾ ਕਿ ਮੇਰੀ ਪਹਿਲੀ ਵਾਲੀ ਗਲ ਤੇ ਗੌਰ ਕੀਤਾ ਜਾਵੇ।

ਸ੍ਰੀ ਸਪੀਕਰ: ਮੇਰੇ ਨਾਲ ਚੈਂਬਰ ਵਿਚ ਤੁਹਾਡੀ ਗਲ ਹੋਈ ਸੀ। (ਵਿਘਨ) ਮੇਰੀ ਗਲ ਤੁਸੀਂ ਪਹਿਲਾਂ ਸੁਣ ਲਓ।

ਕਾਮਰੇਡ ਰਾਜ ਕੁਮਾਰ ਜੀ ਨੇ ਜੋ ਇਥੇ ਪੁਆਇੰਟ ਆਫ ਆਰਡਰ ਦੇ ਬਾਰੇ ਗਲ ਕੀਤੀ ਹੈ ਇਸ ਬਾਰੇ ਇਨ੍ਹਾਂ ਨੇ ਮੇਰੇ ਨਾਲ ਚੈਂਬਰ ਵਿੱਚ ਵੀ ਗਲ ਕੀਤੀ ਸੀ। ਮੈਂ ਸਾਰੇ ਰੂਲਜ਼ ਫਿਰ ਦੇਖੇ ਹਨ। ਇਨ੍ਹਾਂ ਨੇ ਰੂਲ 109 (1) ਇਥੇ ਪੜ੍ਹਿਆ ਹੈ, ਇਸ ਤੋਂ ਅਗੇ ਰੂਲ 109-ਏ ਦੇ ਥਲੇ ਇਸ ਤਰ੍ਹਾਂ ਲਿਖਿਆ ਹੋਇਆ ਹੈ :—

> "If a member speaks or interrupts without the permission of the Speaker those words which have been spoken without the permission shall not form part of the proceedings."

Comrade Raj Kumar : I agree with it, Sir.

Mr. Speaker : Regarding Point of Order it has been written at Page 797 (Second Edition 1972) of the book titled Practice & Procedure of Parliament by Kaul and Shakdher :—

> "It has now become a practice that before a member is permitted to raise a point of order, he is required to quote the particular article of the Constitution, Rule, Direction or Ruling or Practice which was being infringed or violated. Member who fail to quote the Rule etc., are not allowed to raise the point of order."

ਹੁਣ ਇਕ ਗੱਲ ਤਾਂ ਇਹ ਹੈ ਜੋ ਰੂਲਜ਼ ਕਹਿੰਦੇ ਹਨ ਲੇਕਿਨ ਰੂਲਜ਼ ਦੇ ਨਾਲ ਮੈਂ ਸਟਰਿਕਟਲੀ ਨਹੀਂ ਚਲਦਾ ਰਿਹਾ। ਜੇ ਅਸੀਂ ਰੂਲਾਂ ਨਾਲ ਹੀ ਚਲੀਏ ਤਾਂ ਇਸ ਦਾ ਮਤਲਬ ਇਹ ਹੈ ਕਿ ਜੇ ਕੋਈ ਮਾਨਯੋਗ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੇ ਤਾਂ ਇਹ ਚੀਜ਼ਾਂ ਪਹਿਲਾਂ ਦੱਸੇ ਤਾਂ ਫਿਰ ਉਹ ਪੁਆਇੰਟ ਆਫ ਆਰਡਰ ਰੇਜ਼ ਕਰ ਸਕਦਾ ਹੈ। ਹਾਊਸ ਦੀ ਇਹ ਪ੍ਰਥਾ ਬਣ ਗਈ ਸੀ ਕਿ ਮਾਨਯੋਗ ਮੈਂਬਰਜ਼ ਪੁਆਇੰਟ ਆਫ ਆਰਡਰ ਕਹਿ ਕੇ ਖੜੇ ਹੋ ਜਾਂਦੇ ਸਨ ਅਤੇ ਮੈਂ ਅਲਾਓ ਕਰ ਦਿੰਦਾ ਸੀ। ਉਸ ਦੇ ਵਿਚ ਬਜਾਏ ਉਹ ਇਹ ਚੀਜ਼ਾਂ ਦੱਸਣ ਦੇ ਉਹ ਜਿਹੜਾ ਵੀ ਉਨ੍ਹਾਂ ਦਾ ਕੋਈ ਮਾਮਲਾ ਹੈ ਉਹ ਆਪਣੀ ਗੱਲ ਇਸ ਦੇ ਵਿਚ ਕਹਿ ਜਾਂਦੇ ਸਨ। ਟਰੇਜ਼ਰੀ ਬੈਂਚਿਜ਼ ਵਲੋਂ ਵੀ ਇਹ ਕਈ ਵਾਰੀ ਕਿਹਾ ਗਿਆ ਕਿ ਇਸ ਤਰ੍ਹਾਂ ਰੂਲਜ਼ ਦੀ ਉਲੰਘਣਾ ਹੁੰਦੀ ਹੈ। ਮੈਂ ਉਹ ਪੁਆਇੰਟ ਆਫ਼ ਆਰਡਰ ਓਵਰ ਰੂਲ ਕਰ ਦਿੰਦਾ ਸੀ ਜਿਸ ਦਾ ਮਤਲਬ ਇਹ ਹੁੰਦਾ ਹੈ ਕਿ ਇਹ ਜੋ ਕੁਝ ਕਿਹਾ ਹੈ ਉਹ ਰਿਕਾਰਡ ਨਹੀਂ ਹੋਵੇਗਾ, ਉਹ ਸਾਰਾ ਐਕਸਪੰਜਡ ਹੈ। (ਕੁਝ ਆਵਾਜ਼ਾਂ : ਨੋ, ਨੋ) ਮੇਰੀ ਗੱਲ ਤਾਂ ਸੁਣ ਲਓ। ਲੇਕਿਨ ਅਗਰ ਕੋਈ ਐਸੀ ਗੱਲ ਹੈ ਤਾਂ ਇਹ ਰੂਲਜ਼ ਆਫ ਬਿਜ਼ਨੈਸ ਕੋਈ ਫਾਈਨਲ ਨਹੀਂ ਇਹ ਸਾਡੇ ਆਪਣੇ ਹੀ ਬਣਾਏ ਹੋਏ ਹਨ, ਇਹ ਅਮੈਂਡ ਹੋ ਸਕਦੇ ਹਨ। ਜਿਸ ਤਰ੍ਹਾਂ ਕੰਸਟੀਚਿਊਸ਼ਨ ਲਚਕਦਾਰ ਹੈ ਇਸ ਤਰ੍ਹਾਂ ਰੂਲਜ਼ ਵੀ ਲਚਕਦਾਰ ਹਨ। ਜੋ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਗੱਲ ਕਹੀ ਹੈ ਇਹ ਮੈਂ ਹਾਊਸ ਨੂੰ ਪਹਿਲਾਂ ਵੀ ਕਈ ਵਾਰੀ ਕਹੀ ਹੈ ਕਿ ਕੁਐਸਚਨ ਆਵਰ ਸਭ ਤੋਂ ਜ਼ਿਆਦਾ ਸੈਕਰੋਸੈਂਕਟ ਹੈ, ਮਾਨਯੋਗ ਮੈਂਬਰਜ਼ ਦੀਆਂ ਫੀਲਿੰਗਜ਼ ਇਸ ਦੇ ਵਿਚ

[Mr. Speaker]

ਰਿਫਲੈਕਟ ਕਰਦੀਆਂ ਹਨ, ਉਸ ਦੀ ਇਕ ਘੜੀ ਵੀ ਜ਼ਾਇਆ ਨਾ ਹੋਵੇ । ਲੇਕਿਨ ਇਨ੍ਹਾਂ ਨੇ ਜੋ ਗੱਲ ਕਹੀ ਹੈ ਇਹ ਸਾਰੀ ਚੀਜ਼ ਰੂਲਜ਼ ਕਮੇਟੀ ਵਿਚ ਲੈ ਆਉਂਦੇ ਹਾਂ । ਜਿਸ ਤਰ੍ਹਾਂ ਵੀ ਡੈਮੋਕਰੇਸੀ ਦਾ, ਪ੍ਰਜਾਤੰਤਰ ਦਾ ਮਜ਼ਬੂਤ ਪ੍ਰਗਟਾ ਹੋ ਸਕੇ, ਉਪਹਾਰ ਹੋ ਸਕੇ, ਉਸ ਦੇ ਮੁਤਾਬਿਕ ਰੂਲਜ਼ ਨੂੰ ਅਸੀਂ ਕਰ ਸਕਦੇ ਹਾਂ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਮਾਮਲੇ ਨੂੰ ਹੁਣ ਕਲੋਜ਼ ਕੀਤਾ ਜਾਵੇ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਤੁਸੀਂ ਠੀਕ ਫੁਰਮਾਇਆ ਹੈ ।

ਆਵਾਜ਼ਾਂ : ਹੁਣ ਤਾਂ ਗੱਲ ਮੁੱਕ ਗਈ ਹੈ । (ਵਿਘਨ)

ਵਿੱਤ ਮੰਤਰੀ : ਮੇਰੀ ਗੱਲ ਤਾਂ ਸੁਣ ਲਓ । ਸਪੀਕਰ ਸਾਹਿਬ, ਤੁਸੀਂ ਠੀਕ ਫਰਮਾਇਆ ਹੈ । ਪੁਆਇੰਟ ਆਫ ਆਰਡਰ ਦੇ ਸਬੰਧ ਵਿਚ ਕੌਲ ਐਂਡ ਸ਼ਕਦਰ ਦੀ ਜੋ ਪਾਰਲੀਮੈਂਟਰੀ ਪ੍ਰੈਕਟਿਸ ਹੈ ਉਸ ਦਾ ਰੈਫਰੈਂਸ ਦੇ ਕੇ ਤੁਸੀਂ ਬਿਲਕੁਲ ਠੀਕ ਦੱਸਿਆ ਹੈ ਜੋ ਕੁਝ ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਹੈ ਉਸ ਦੇ ਮੁਤੱਲਕ ਰੂਲਜ਼ ਆਫ ਪ੍ਰੋਸੀਜਰ ਦਾ ਰੂਲ 105 (1) ਬਿਲਕੁਲ ਕਲੀਅਰ ਕਹਿੰਦਾ ਹੈ । ਉਹ ਇਸ ਤਰ੍ਹਾਂ ਹੈ :—

> "A point of order shall relate to the interpretation or enforcement of these Rules or such Articles of the Constitution as regulate the business of the House and shall raise a question which is within the cognizance of the Speaker."

ਤੁਸੀਂ ਜੋ ਕੌਲ ਐਂਡ ਸ਼ਕਦਰ ਦੀ ਕਿਤਾਬ ਦਾ ਰੈਫਰੈਂਸ ਦਿੱਤਾ ਹੈ ਉਹ ਬਿਲਕੁਲ ਠੀਕ ਹੈ । ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਾਮਰੇਡ ਰਾਜ ਕੁਮਾਰ ਜੀ ਨੇ ਰੂਲ 109(1) ਪੜ੍ਹ ਕੇ ਦੱਸਿਆ ਹੈ, ਉਸ ਰੂਲ ਵਿਚ ਡੀਬੇਟ ਦਾ ਪੋਰਸ਼ਨ ਐਕਸਪੰਜ ਕਰਨ ਵਾਸਤੇ ਕਿਹਾ ਹੈ ਕਿ ਕੋਈ ਅਨ-ਪਾਰਲੀਮੈਂਟਰੀ ਜਾਂ ਅਨਡਿਗਨੀਫਾਈਡ ਲਫਜ਼ ਹੋਵੇ ਤਾਂ ਉਹ ਐਕਸਪੰਜ ਕਰ ਦਿਓ ।

ਕਾਮਰੇਡ ਰਾਜ ਕੁਮਾਰ : ਹੋਰ ਦੱਸ ਦਿਓ ਜੇ ਕੋਈ ਐਕਸਪੰਕਸ਼ਨ ਵਾਸਤੇ ਹੈ ਤਾਂ ।

ਵਿੱਤ ਮੰਤਰੀ : ਸਪੀਕਰ ਸਾਹਿਬ, ਰੂਲ 109—ਏ ਦਾ ਹਵਾਲਾ ਤੁਸੀਂ ਦਿੱਤਾ ਹੈ । ਜੇ ਤੁਹਾਡੀ ਇਜਾਜ਼ਤ ਦੇ ਬਗੈਰ ਕੁਝ ਕਿਹਾ ਜਾਵੇ ਤਾਂ ਉਹ ਤੁਸੀਂ ਐਕਸਪੰਜ ਕਰ ਸਕਦੇ ਹੋ । ਰੂਲਜ਼ ਦੇ ਮੁਤਾਬਿਕ ਤੁਹਾਨੂੰ ਇਸ ਦੀ ਇਜਾਜ਼ਤ ਹੈ । ਮੈਂ ਇਹ ਅਰਜ਼ ਕਰਨੀ ਚਾਹਾਂਗਾ ਕਿ ਅੱਜ ਸੈਸ਼ਨ ਹੈ ਔਰ ਕੱਲ ਇਹ ਖਤਮ ਹੋਣ ਵਾਲਾ ਹੈ ਪਰ ਪਿਛਲੇ ਸਾਰੇ ਸੈਸ਼ਨ ਵਿਚ ਤੁਸੀਂ ਲਿਬਰਲੀ ਪੁਆਇੰਟਸ ਆਫ ਆਰਡਰ ਦੀ ਇਜਾਜ਼ਤ ਦਿੱਤੀ । ਅਸੀਂ ਵੀ ਮਹਿਸੂਸ ਕਰਦੇ ਹਾਂ ਕਿ ਜੋ ਕੁਝ ਮਾਨਯੋਗ ਮੈਂਬਰ ਦੇ ਮਨ ਵਿਚ ਹੁੰਦਾ ਹੈ ਉਹ ਸਾਰੀ ਗੱਲ ਆਪਣੀ ਇਸ ਤਰ੍ਹਾਂ ਕਹਿ ਜਾਂਦਾ ਹੈ । ਜਿਹੜੇ ਰੂਲਜ਼ ਹਨ ਉਨ੍ਹਾਂ ਦੇ ਮੁਤਾਬਿਕ ਹਾਊਸ ਨੇ ਚਲਣਾ ਹੈ ਔਰ ਰੂਲਜ਼ ਦੇ ਮੁਤਾਬਿਕ ਤੁਸੀਂ ਹਾਊਸ ਨੂੰ ਚਲਾਉਣਾ ਹੈ । ਅਗਰ ਹਾਊਸ ਦੀ ਕਾਰਵਾਈ ਰੂਲਜ਼ ਦੇ ਮੁਤਾਬਿਕ ਨਹੀਂ ਚਲਦੀ ਤਾਂ ਹਾਊਸ ਦਾ ਜੋ ਡੈਕੋਰਮ ਹੈ, ਡਿਗਨਿਟੀ ਹੈ, ਉਹ ਨਹੀਂ ਰਹਿ ਸਕਦੀ ਕਿਉਂਕਿ ਰੂਲਜ਼ ਆਫ ਪ੍ਰੋਸੀਜਰ ਦੇ ਰੂਲ 105 (6) ਵਿਚ ਲਿਖਿਆ ਹੋਇਆ ਹੈ :—

---

*Expunged as ordered by the chair.

"A Member shall not raise a point of order :—

(a) to ask for information, or
(b) to explain his position.

* * * * * *

Further, a point of order is not a point of privilege.

ਇਸ ਕਰਕੇ ਮੈਂ ਅਰਜ਼ ਕਰਨੀ ਚਾਹਾਂਗਾ ਕਿ ਪੁਆਇੰਟ ਆਫ਼ ਆਰਡਰ ਦੀ ਇੰਟਰ-ਪ੍ਰੇਟੇਸ਼ਨ ਜੋ ਰੂਲਜ਼ ਵਿੱਚ ਹੈ ਔਰ ਜੋ ਕੁਝ ਕੌਲ ਐਂਡ ਸ਼ਕਦਰ ਦੀ ਪਾਰਲੀਮੈਂਟਰੀ ਪ੍ਰੈਕਟਿਸ ਐਂਡ ਪ੍ਰੋਸੀਜਰ ਵਿਚ ਲਿਖਿਆ ਗਿਆ ਹੈ ਉਸ ਦੇ ਮੁਤਾਬਿਕ ਨਹੀਂ ਹੁੰਦੀ ਰਹੀ। ਜਨਰਲੀ ਪੁਆਇੰਟ ਆਫ ਆਰਡਰ ਜੋ ਸੀ ਉਹ ਪੁਆਇੰਟ ਆਫ ਡਿਸਆਰਡਰ ਹੁੰਦਾ ਸੀ। ਤੁਸੀਂ ਕੱਲ ਵੀ ਫਰਮਾਇਆ ਸੀ। ਜੋ ਕੁਝ ਕਾਮਰੇਡ ਰਾਜ ਕੁਮਾਰ ਜੀ ਨੇ ਫਰਮਾਇਆ ਹੈ, ਮੈਂ ਵੀ ਅਰਜ਼ ਕਰਨਾ ਚਾਹੁੰਦਾ ਹਾਂ। (ਵਿਘਨ) ਸੌ ਫੀਸਦੀ ਪੁਆਇੰਟਸ ਆਫ਼ ਆਰਡਰ ਜੋ ਹਨ ਉਹ No point of order ਨਹੀਂ ਜਾਂ Point of disorder ਨਹੀਂ ਹੁੰਦੇ। ਅਸੀਂ ਵੀ ਹੁਣ ਪੁਆਇੰਟ ਆਫ਼ ਆਰਡਰ ਤੇ ਹੀ ਬੋਲੇ ਹਾਂ। ਮੇਰਾ ਮਤਲਬ ਹੈ ਕਿ ਸੌ ਫੀਸਦੀ ਨਹੀਂ, ਮੈਜਾਰਿਟੀ ਵਿਚ ਪੁਆਇੰਟ ਆਫ ਆਰਡਰ ਜੋ ਹੁੰਦੇ ਹਨ ਉਹ ਪੁਆਇੰਟ ਆਫ ਡਿਸਆਰਡਰ ਹੁੰਦੇ ਹਨ। ਇਸ ਦੇ ਨਾਲ ਇਹ ਮਹਿਸੂਸ ਕੀਤਾ ਗਿਆ ਹੈ ਕਿ ਮਾਨਯੋਗ ਮੈਂਬਰਜ਼ ਆਪਣੀ ਗੱਲ ਕਹਿਣ ਵਾਸਤੇ ਪੁਆਇੰਟਸ ਆਫ ਆਰਡਰ ਉਠਾਉਂਦੇ ਹਨ ਔਰ ਆਪਣੀ ਕੋਈ ਵੀ ਗੱਲ ਹੋਵੇ ਕਿਤੇ ਦੀ ਗੱਲ ਹੋਵੇ ਉਸ ਨਾਲ ਉਹ ਕਹਿ ਜਾਂਦੇ ਹਨ। ਉਹ ਰੂਲਜ਼ ਨੂੰ ਵਾਇਓਲੇਟ ਕਰਦੇ ਹਨ, ਉਹ ਆਪਣੀਆਂ ਵਿਸ਼ਿਜ਼ ਨੂੰ ਵੈਨਟੀਲੇਟ ਕਰਦੇ ਹਨ। ਮੈਂ ਇਕ ਸੁਝਾਓ ਦੇਣਾ ਚਾਹੁੰਦਾ ਹਾਂ। ਇਸ ਦੇ ਮੁਤੱਲਕ ਤੁਸੀਂ ਬਿਲਕੁਲ ਠੀਕ ਕਿਹਾ ਹੈ ਕਿ ਰੂਲਜ਼ ਕਮੇਟੀ ਵਿਚ ਇਹ ਮਾਮਲਾ ਲਿਆਂਦਾ ਜਾਵੇ। ਮੈਂ ਸੁਜੈਸ਼ਨ ਦੇਣਾ ਚਾਹਾਂਗਾ ਕਿ ਵੈਸਟ ਬੰਗਾਲ ਵਿਚ......(ਵਿਘਨ) ਪਾਂਧੀ ਸਾਹਿਬ, ਤੁਹਾਨੂੰ ਇਹ ਕੀ ਆਦਤ ਹੈ ? ਸਪੀਕਰ ਸਾਹਿਬ, ਵੈਸਟ ਬੰਗਾਲ ਵਿਚ ਜੋ Rules of Procedure and conduct of Business ਹੈ ਉਸ ਦੇ ਵਿਚ ਇਸ ਗੱਲ ਦਾ ਪ੍ਰੋਵੀਜ਼ਨ ਹੈ ਕਿ ਸਟੇਟ ਦੇ ਵਿਚ ਕੁਝ ਐਸੀਆਂ ਚੀਜ਼ਾਂ ਹੋ ਰਹੀਆਂ ਹਨ.... (ਵਿਘਨ)

Sardar Dalip Singh Pandhi : Sir, there is a Rules Committee..... (interruptions and noise.)

Finance Minister : Please ask him to sit. Why is he interrupting ? He is in the habit of interrupting. (Interruption)

Mr. Speaker : Please sit down.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜੇ ਅਸੀਂ ਕਿਤਾਬਾਂ ਫਰੋਲਣ ਲਗਦੇ ਹਾਂ ਤਾਂ ਤੁਸੀਂ ਸਾਨੂੰ ਇਜਾਜ਼ਤ ਨਹੀਂ ਦਿੰਦੇ। ਜਦੋਂ ਇਹ ਇਧਰ ਸਨ ਤਾਂ ਕੀ ਇਹ ਇਨ੍ਹਾਂ ਰੂਲਾਂ ਦੀ ਪਾਲਣਾ ਕਰਦੇ ਹੁੰਦੇ ਸਨ ? (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਪਾਂਧੀ ਸਾਹਿਬ ਨੂੰ ਇੰਟਰੱਪਟ ਕਰਨ ਦੀ ਆਦਤ ਪੈ ਗਈ ਹੈ (ਵਿਘਨ) ਸਪੀਕਰ ਸਾਹਿਬ, ਮੈਂ ਇਸ ਗੱਲ ਨੂੰ ਮਹਿਸੂਸ ਕੀਤਾ ਹੈ। ਪਿਛਲੇ ਸੈਸ਼ਨ ਵਿਚ ਤੁਸੀਂ ਵੇਖਿਆ ਹੈ ਕਿ ਮਾਨਯੋਗ ਮੈਂਬਰਜ਼ ਆਪਣੀ ਗੱਲ ਕਹਿਣ ਲਈ ਜ਼ਰੂਰ ਅਪਰਚੂਨਿਟੀ ਚਾਹੁੰਦੇ ਹਨ ਅਗਰ ਨਾ ਦਿੱਤੀ ਜਾਏ ਤਾਂ ਉਹ ਪੁਆਇੰਟ ਆਫ਼ ਆਰਡਰ ਤੇ ਆਪਣੀ ਗੱਲ ਕਹਿ ਜਾਂਦੇ ਹਨ। ਮੈਂ ਅਰਜ਼ ਕਰਾਂ ਕਿ ਇਸ ਬਾਰੇ ਵੈਸਟ ਬੰਗਾਲ ਵਿਚ ਰੂਲਜ਼ ਹਨ, ਉਹ ਮੰਗਾ ਕੇ ਵੇਖ ਲੈਣੇ ਚਾਹੀਦੇ ਹਨ। ਉਨ੍ਹਾਂ ਵਿਚ ਪ੍ਰੋਵੀਜ਼ਨ ਹੈ ਕਿ ਜਿਹੜੇ ਮਾਨਯੋਗ ਮੈਂਬਰਜ਼ ਆਪਣੀ ਗੱਲ ਕਹਿਣਾ ਚਾਹੁੰਦੇ ਹਨ ਉਹ ਪਹਿਲਾਂ ਹੀ ਨੋਟਿਸ ਦੇ ਦਿੰਦੇ ਹਨ ਔਰ ਉਸ ਦੇ ਬਾਅਦ ਸਪੀਕਰ ਸਾਹਿਬ ਉਨ੍ਹਾਂ ਨੂੰ ਅਲਾਓ ਕਰ ਦਿੰਦੇ ਹਨ। ਇਨ੍ਹਾਂ ਮੈਂਬਰਾਂ ਦੀ ਗਿਣਤੀ 5, 6 ਜਾਂ 7, 8 ਹੁੰਦੀ ਹੈ। ਉਹ ਮੈਂਬਰ ਦੋ ਤਿੰਨ ਲਾਈਨਾਂ ਦੇ ਵਿਚ ਆਪਣੀ ਗੱਲ ਕਹਿਕੇ ਬੈਠ ਜਾਂਦੇ ਹਨ। ਗੌਰਮਿੰਟ ਜਵਾਬ ਦੇਣਾ ਚਾਹੇ ਤਾਂ ਦੇ ਵੀ ਸਕਦੀ ਹੈ ਅਗਰ ਨਾ ਦੇਣਾ ਚਾਹੇ ਤਾਂ ਨਾ ਦੇਵੇ। ਮੈਂ ਦੱਸਦਾ ਹਾਂ ਕਿ ਉਹ ਰੂਲਜ਼ ਮੰਗਾ ਕੇ ਰੂਲਜ਼ ਕਮੇਟੀ ਵਿਚ ਲਿਆ ਕੇ ਰੂਲਜ਼ ਵਿਚ ਇਨਕਾਰਪੋਰੇਟ ਹੋ ਸਕਦੇ ਹਨ ਇਸ ਤਰ੍ਹਾਂ ਜ਼ਿਆਦਾ ਹੈਲਦੀ ਡੈਮੋਕਰੇਸੀ ਕਰੀਏਟ ਹੋ ਸਕਦੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਪੀਕਰ : ਇਹ ਸਾਰਾ ਐਕਸਪੰਜ ਕਰ ਦਿੱਤਾ ਜਾਏ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਪੀਕਰ : ਇਹ ਸਾਰਾ ਐਕਸਪੰਜ ਕਰ ਦਿੱਤਾ ਜਾਏ।

(ਇਸ ਸਮੇਂ ਹਾਊਸ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਅਤੇ ਸ਼ੋਰ ਜ਼ਿਆਦਾ ਹੋਣ ਕਾਰਣ ਕੁਝ ਸੁਣਾਈ ਨਹੀਂ ਸੀ ਦੇ ਰਿਹਾ। ** ** **)

ਸ੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਜ਼ਾਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਏ। (ਵਿਘਨ) (ਸ਼ੋਰ)

ਵੈਦ ਕਰਤਾਰ ਸਿੰਘ : ** ** **

ਸ੍ਰੀ ਸਪੀਕਰ : ਇਹ ਸਾਰਾ ਐਕਸਪੰਜ ਕਰ ਦਿੱਤਾ ਜਾਏ। (ਵਿਘਨ) (ਸ਼ੋਰ)

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ੍ਰੀ ਸਪੀਕਰ : ਮੇਰੀ ਇਜਾਜ਼ਤ ਤੋਂ ਬਿਨਾਂ ਜੋ ਕੁਝ ਕਿਹਾ ਜਾ ਰਿਹਾ ਹੈ ਉਹ ਐਕਸਪੰਜ ਕਰ ਦਿੱਤਾ ਜਾਏ। (ਵਿਘਨ) ਹੁਣ ਸ੍ਰੀ ਜੋਗਿੰਦਰ ਪਾਲ ਪਾਂਡੇ ਜੀ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ। (ਵਿਘਨ)

---

*Expunged/Not recorded as ordered by the chair.

PRESENTATION OF REPORT OF THE COMMITTEE ON PUBLIC UNDERTAKINGS

Chairman, Committee on Public Undertakings (Shri Joginder Pal Pandey): Sir, I beg to present the Twenty-First Report of the Committee on Public Undertakings on the Audit Paras appearing in the Report of Comptroller and Auditor General of India for the year 1973-74 (Commercial) relating to the Punjab State Industrial Development Corporation Limited and Subsidiaries thereof.

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਆਪਣੀ ਮੋਸ਼ਨ ਮੂਵ ਕਰੋ । (ਵਿਘਨ) (ਸ਼ੋਰ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਉਨ੍ਹਾਂ ਦੀ ਥਾਂ ਤੇ ਮੈਂ ਮੋਸ਼ਨ ਮੂਵ ਕਰ ਦਿੰਦਾ ਹਾਂ.... (ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ ਖੈਹਰਾ : ** **

Mr. Speaker : All this is expunged. (Interruption) (Noise).

ਸਰਦਾਰ ਸੁਖਜਿੰਦਰ ਸਿੰਘ ਖੈਹਰਾ : ** ** **

ਸ੍ਰੀ ਸਪੀਕਰ : ਇਹ ਐਕਸਪੰਜ ਕਰ ਦਿਤਾ ਜਾਏ (ਵਿਘਨ) (ਸ਼ੋਰ) ਹਾਂ ਜੀ, ਪਾਂਧੀ ਸਾਹਿਬ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਬੜੇ ਸੀਰੀਅਸ ਐਲੀਗੇਸ਼ਨਜ਼ ਲੱਗੇ ਹਨ.... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਆਪਣੀ ਮੋਸ਼ਨ ਮੂਵ ਕਰੋ (ਵਿਘਨ) (ਸ਼ੋਰ)

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਪੀਕਰ : ਇਹ ਐਕਸਪੰਜ ਕਰ ਦਿੱਤਾ ਜਾਏ । ਪਾਂਧੀ ਸਾਹਿਬ, ਤੁਸੀਂ ਮੋਸ਼ਨ ਮੂਵ ਕਰੋ । (ਵਿਘਨ) (ਸ਼ੋਰ)

ਵਿੱਤ ਮੰਤਰੀ : ** ** **

WALK-OUTS

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਨਹੀਂ ਤਾਂ ਅਸੀਂ ਵਾਕ-ਆਊਟ ਕਰਾਂਗੇ । (ਵਿਘਨ) (ਸ਼ੋਰ)

**Expunged as Ordered by the Chair and under the orders of Speaker.

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਅਸੀਂ ਵਾਕਆਊਟ ਕਰਦੇ ਹਾਂ (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਐਲ) ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ, ਸਿਵਾਏ ਸਰਦਾਰ ਦਲੀਪ ਸਿੰਘ ਪਾਂਧੀ ਦੇ ਵਾਕ ਆਊਟ ਕਰ ਗਏ ਅਤੇ ਜਾਂਦੇ ਹੋਏ ਨਾਹਰੇ ਲਗਾ ਰਹੇ ਸਨ ** **)

ਸ੍ਰੀ ਸਪੀਕਰ : ਕੋਈ ਚੀਜ਼ ਜੋ ਮੇਰੀ ਪਰਮਿਸ਼ਨ ਤੋਂ ਬਗੈਰ ਕਹੀ ਜਾ ਰਹੀ ਹੈ, ਉਹ ਨੋਟ ਨਾ ਕੀਤੀ ਜਾਏ। (ਵਿਘਨ) (ਸ਼ੋਰ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਅਸੀਂ ਵੀ ਵਾਕ-ਆਊਟ ਕਰਦੇ ਹਾਂ (ਵਿਘਨ) (ਸ਼ੋਰ)

(ਇਸ ਸਮੇਂ ਭਾਰਤੀ ਕਮਿਊਨਿਸਟ ਪਾਰਟੀ (ਮਰਕਸਿਸਟ) ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ।)

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਸਟੇਟਮੈਂਟ ਦੇਣੀ ਹੈ। ਸਪੀਕਰ ਸਾਹਿਬ, ਇਹ ਮਸਲਾ ਗਰਮਾ-ਗਰਮੀ ਵਿਚ ਨਜਿੱਠਣ ਦਾ ਨਹੀਂ ਹੈ। ਮੈਂ ਸਾਰੀ ਗੱਲ ਆਰਾਮ ਨਾਲ ਸੁਣੀ ਹੈ। ਜੋ ਕੁਝ ਇਨ੍ਹਾਂ ਨੇ ਮੇਰੇ ਮਨਿਸਟਰ ਦੇ ਬਾਰੇ ਕਿਹਾ ਹੈ, ਉਹ ਮੈਂ ਵੇਖ ਲਵਾਂਗਾ। ਪਰ ਫਿਰ ਮੈਨੂੰ ਸਾਰੀਆਂ ਇਨਕੁਆਇਰੀਆਂ ਕਰਵਾਉਣੀਆਂ ਪੈਣਗੀਆਂ। ਇਥੇ ਤਲਵੰਡੀ ਗਰੁੱਪ ਦੇ ਲੀਡਰ ਨੇ ਇਲਜ਼ਾਮ ਲਗਾ ਕੇ ਦਿੱਤੇ ਹੋਏ ਹਨ....

ਡਾਕਟਰ ਭਗਤ ਸਿੰਘ : ਤੁਸੀਂ ਸ਼੍ਰੋਮਣੀ ਅਕਾਲੀ ਦਲ ਕਹੋ, ਤਲਵੰਡੀ ਗਰੁੱਪ ਨਾ ਕਹੋ।

ਮੁੱਖ ਮੰਤਰੀ : ਮੈਂ ਸ਼੍ਰੋਮਣੀ ਅਕਾਲੀ ਦਲ ਕਹਿ ਦਿੰਦਾ ਹਾਂ। ਸਪੀਕਰ ਸਾਹਿਬ, ਇਹ ਕੋਈ ਤਰੀਕਾ ਨਹੀਂ ਕਿ ਜੋ ਕੁਝ ਕਿਸੇ ਦੇ ਜੀਅ ਵਿਚ ਆਵੇ ਉਹ ਇਥੇ ਕਹਿ ਦੇਵੇ। ਜੇ ਕੋਈ ਚਾਰਜ ਲਾਉਂਦਾ ਹੈ ਤਾਂ ਉਸ ਨੂੰ ਸਬਸਟਾਂਸ਼ੀਏਟ ਵੀ ਕਰਨਾ ਚਾਹੀਦਾ ਹੈ। ਇਨ੍ਹਾਂ ਨੇ ਜੋ ਵੀ ਗੱਲ ਕਹੀ ਹੈ ਉਹ ਮੈਨੂੰ ਲਿਖ ਕੇ ਦੇ ਦੇਣ। ਮੈਂ ਸਾਰੀ ਇਨਕੁਆਇਰੀ ਕਰਵਾ ਲਵਾਂਗਾ।

(ਇਸ ਸਮੇਂ ਸਰਦਾਰ ਦਲੀਪ ਸਿੰਘ ਪਾਂਧੀ ਬੋਲਣ ਲਈ ਖੜੇ ਹੋਏ)

I am on my legs. I won't give way. You may be doing anything. I won't allow you to speak, This is not the way.

Sardar Dalip Singh Pandhi : I am only standing for the resolution. You are threatening me. Mr. Speaker, you have called me to read the resolution, but C.M. is threatening me.

Chief Minister : If you don't accede to my request, I will have to ask the Speaker to take action against you.

Finance Minister : Leader of the House has every right to intervene. You have no right to speak like this.

**Not recorded as Ordered by the Chair.

ਮੁੱਖ ਮੰਤਰੀ : ਫਿਰ ਇਥੇ, ਸਪੀਕਰ ਸਾਹਿਬ, ਕਾਫੀ ਕੁਝ ਕਿਹਾ ਗਿਆ । ਮੈਂ ਸਾਰੇ ਮੈਂਬਰਾਂ ਨੂੰ ਰਿਕੁਐਸਟ ਇਸ ਬਾਰੇ ਕੀਤੀ ਸੀ । ਜਿਸ ਵੇਲੇ ਅਕਾਲੀ ਪਾਰਟੀ ਦੇ ਮੈਂਬਰਾਂ ਵੱਲੋਂ ਇਹ ਮਾਮਲਾ ਲਿਆਂਦਾ ਗਿਆ ਸੀ ਤਾਂ ਮੈਂ ਚੁੱਪ ਚਾਪ ਬੈਠਾ ਸਾਰੀ ਗੱਲ ਸੁਣਦਾ ਰਿਹਾ । ਸਾਡੇ ਐਗਰੀਕਲਚਰ ਮਨਿਸਟਰ ਨੇ ਕਿਹਾ ਸੀ ਕਿ ਸਾਡੇ ਕੋਲ ਕਾਗਜ਼ ਆ ਗਿਆ ਹੈ, ਅਸੀਂ ਇਸ ਦੀ ਇਨਕੁਆਇਰੀ ਕਰਾ ਲਵਾਂਗੇ । ਇਹ ਰੋਜ਼ ਇਥੇ ਇਹੀ ਕੰਮ ਕਰਦੇ ਹਨ, ਇਹ ਚੰਗੀ ਚੀਜ਼ ਨਹੀਂ ਹੈ । ਇਹ ਨਾ ਹੋਵੇ ਕਿ ਅਸੀਂ ਸਿਰਫ ਇਨਕੁਆਇਰੀ ਅਫ਼ਸਰ ਹੀ ਬਣ ਜਾਈਏ । ਜੇ ਮੈਂਬਰਾਂ ਨੇ ਕਿਸੇ ਹੋਰ ਕੰਮ ਇਥੋਂ ਉਠ ਕੇ ਬਾਹਰ ਜਾਣਾ ਹੈ ਤਾਂ ਅਲਹਿਦਾ ਗੱਲ ਹੈ । ਇਹ ਰੋਜ਼ ਇਥੇ ਐਲੀਗੇਸ਼ਨ ਲਗਾਉਂਦੇ ਹਨ । ਇਹ ਮੈਨੂੰ ਲਿਖ ਕੇ ਦੇ ਦੇਣ, ਅਸੀਂ ਇਨਕੁਆਇਰੀ ਕਰਾ ਲਵਾਂਗੇ । ਪਰ ਇਸ ਦੇ ਨਾਲ ਹੀ ਇਹ ਆਪ ਵੀ ਤਿਆਰ ਰਹਿਣ । ਫਿਰ ਮੈਨੂੰ ਇਹ ਨਾ ਕਹਿਣ ਕਿ ਫਲਾਣੇ ਦੀ ਇਨਕੁਆਇਰੀ ਨਾ ਕੀਤੀ ਜਾਵੇ । ਇਥੇ ਰੋਜ਼ ਰੌਲਾ ਇਸ ਲਈ ਪਾਉਣਾ ਕਿ ਅਖਬਾਰਾਂ ਵਿਚ ਇਹ ਗੱਲ ਆ ਜਾਵੇ, ਠੀਕ ਨਹੀਂ ਹੈ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ (ਸਰਦਾਰ ਦਲੀਪ ਸਿੰਘ ਪਾਂਧੀ ਵੱਲ ਇਸ਼ਾਰਾ) ਇਨਕੁਆਇਰੀ ਕਰਾ ਲੈਣ । ਜੇ ਇਨ੍ਹਾਂ ਦਾ ਐਲੀਗੇਸ਼ਨ ਗਲਤ ਨਿਕਲਿਆ ਤਾਂ ਫਿਰ ਵੇਖ ਲਵਾਂਗੇ । ਪਰ ਇਸ ਤੋਂ ਪਹਿਲਾਂ ਅਸੀਂ ਇਨ੍ਹਾਂ ਦਾ ਅਸਤੀਫਾ ਵੀ ਰੱਖਾ ਲੈਣਾ ਹੈ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮੈਂ ਵੀ ਕੁਝ ਕਹਿਣਾ ਚਾਹੁੰਦਾ ਹਾਂ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਮੇਰੇ ਬਾਰੇ ਕਿਹਾ ਹੈ । ਮੈਂ ਵੀ ਕੁਝ ਕਹਿਣਾ ਹੈ ।

ਸ੍ਰੀ ਸਪੀਕਰ : ਡਾਕਟਰ ਸਾਹਿਬ ਨੂੰ ਪਹਿਲਾਂ ਆਪਣੀ ਗੱਲ ਕਹਿ ਲੈਣ ਦਿਓ ।

ਵਿੱਤ ਮੰਤਰੀ : ** ** **

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਮੇਰੇ ਬਾਰੇ ਕੁਝ ਕਿਹਾ ਹੈ । ਵੈਦ ਜੀ ਨੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਹੈ....

Mr. Speaker : I won't allow any discussion on this issue. Now I call upon Sardar Dalip Singh Pandhi to move the motion.

(ਇਸ ਸਮੇਂ ਬਹੁਤ ਸਾਰੇ ਆਨਰੇਬਲ ਮੈਂਬਰਜ਼ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਮੋਸ਼ਨ ਮੂਵ ਕਰੋ ।

**Expunged under the orders of speaker.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਵੈਦ ਕਰਤਾਰ ਸਿੰਘ ਨੇ ਇਸੇ ਇਸ਼ੂ ਤੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਹੋਈ ਹੈ । ਇਸ ਦੀ ਤੁਸੀਂ ਇਨਕੁਆਇਰੀ ਕਰਵਾ ਲਓ । ਜੇ ਮੈਨੂੰ ਕਹੋ ਤਾਂ ਮੈਂ ਇਨਕੁਆਇਰੀ ਕਰਵਾ ਲਵਾਂਗਾ । ਮੈਨੂੰ ਕਹੋ ਤਾਂ ਮੈਂ ਤੁਹਾਨੂੰ ਅਸਤੀਫਾ ਹੁਣੇ ਲਿਖ ਕੇ ਦੇ ਦਿੰਦਾ ਹਾਂ । ਇਹ ਵੀ (ਵਿੱਤ ਮੰਤਰੀ ਵੱਲ ਇਸ਼ਾਰਾ) ਆਪਣਾ ਅਸਤੀਫਾ ਦੇ ਦੇਣ, ਜੋ ਫੈਸਲਾ ਬਾਅਦ ਵਿੱਚ ਹੋਵੇਗਾ, ਉਹ ਮੈਨੂੰ ਪ੍ਰਵਾਨ ਹੈ ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਨੂੰ ਇਕ ਗਲ ਦੀ ਬੜੀ ਖੁਸ਼ੀ ਹੈ ਕਿ ਜੋ ਐਲੀਗੇਸ਼ਨ ਇਕ ਆਨਰੇਬਲ ਮੈਂਬਰ ਨੇ ਕੌਂਸਿਲ ਆਫ ਮਨਿਸਟਰਜ਼ ਦੇ ਇਕ ਮਨਿਸਟਰ ਦੇ ਖਿਲਾਫ਼ ਲਗਾਏ ਹਨ ਉਸ ਤੇ ਵਿੱਤ ਮੰਤਰੀ ਜੀ ਨੇ ਬੜੀ ਕਲੀਅਰ ਗੱਲ ਕਰਕੇ ਇਨਕੁਆਇਰੀ ਉਸ ਦੀ ਮੰਨੀ ਹੈ। ਇਸ ਤੋਂ ਅੱਗੇ ਲਾਲਾ ਕੇਵਲ ਕ੍ਰਿਸ਼ਨ ਨੇ ਇਹ ਗੱਲ ਵੀ ਮੰਨੀ ਹੈ ਕਿ ਜੋ ਵੀ ਇਨਕੁਆਇਰੀ ਹੋਵੇਗੀ ਉਸ ਦਾ ਰਿਜ਼ਲਟ ਮੈਨੂੰ ਮਨਜ਼ੂਰ ਹੈ । ਇਸ ਦਾ ਸਹੀ ਜ਼ਾਬਤਾ ਇਹ ਹੈ ਕਿ ਇਹ ਵੀ ਲਿਖ ਕੇ ਦੇਣ, ਹਾਊਸ ਦੀ ਮਨਜ਼ੂਰੀ ਨਾਲ ਤੁਸੀਂ ਕਮੇਟੀ ਐਪੁਆਇੰਟ ਕਰ ਦਿਓ । ਐਵੇਂ ਚੈਲੰਜ ਬਾਜ਼ੀ ਵਿਚ ਟਾਈਮ ਵੇਸਟ ਨਹੀਂ ਕਰਨਾ ਚਾਹੀਦਾ ।

ਸ੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਨੇ 'ਲਾਲਾ ਕੇਵਲ ਕ੍ਰਿਸ਼ਨ' ਕਿਹਾ ਹੈ । ਇਹ 'ਡਾਕਟਰ ਕੇਵਲ ਕ੍ਰਿਸ਼ਨ' ਕਹਿਣ ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਇਸ ਹਾਊਸ ਵਿਚ ਬੜੇ ਵੱਡੇ ਵੱਡੇ ਐਲੀਗੇਸ਼ਨਜ਼ ਲੱਗੇ ਹਨ । ਕੁਰੱਪਸ਼ਨ ਦੇ ਚਾਰਜਿਜ਼ ਹਾਈ ਕੋਰਟ ਦੇ ਜੱਜਾਂ ਨੇ ਸਾਬਤ ਕੀਤੇ ਹਨ । ਤਿੰਨ ਰਿਪੋਰਟਾਂ ਵੀ ਉਨ੍ਹਾਂ ਨੇ ਦਿੱਤੀਆਂ ਹਨ । ਛੰਗਾਣੀ ਕਮਿਸ਼ਨ ਦੀ ਰਿਪੋਰਟ ਵੀ ਸਰਕਾਰ ਕੋਲ ਹੈ ਅਤੇ ਸਰਦਾਰ ਗੁਰਦੇਵ ਸਿੰਘ ਕਮਿਸ਼ਨ ਆਫ ਇਨਕੁਆਇਰੀ ਦੀ ਰਿਪੋਰਟ ਵੀ ਸਰਕਾਰ ਕੋਲ ਹੈ । ਗੌਰਮਿੰਟ ਇਸ ਤੇ ਕਿਉਂ ਨਹੀਂ ਐਕਸ਼ਨ ਲੈਂਦੀ ?

ਮਾਸਟਰ ਕੁੰਦਨ ਸਿੰਘ : ** ** **

ਸ੍ਰੀ ਸਪੀਕਰ : ਇਹ ਐਕਸਪੰਜ ਕੀਤਾ ਜਾਂਦਾ ਹੈ । ਮੈਂ ਇਹ ਅਲਾਓ ਨਹੀਂ ਕਰਦਾ । (ਵਿਘਨ) (ਸ਼ੋਰ)

ਸ੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਸਰਦਾਰ ਪ੍ਰੇਮ ਸਿੰਘ ਲਾਲਪੁਰਾ ਨੇ ਗਵਰਨਰ ਨੂੰ ਅਕਾਲੀ ਸਰਕਾਰ ਦੇ ਮਨਿਸਟਰਾਂ ਦੇ ਖਿਲਾਫ ਮੈਮੋਰੰਡਮ ਦਿੱਤਾ ਸੀ। ਉਸ ਦੀ ਵੀ ਇਨਕੁਆਰੀ ਕੀਤੀ ਜਾਵੇ। ਫਿਰ ਸਭ ਨੂੰ ਪਤਾ ਲੱਗ ਜਾਵੇਗਾ ਕਿ ਉਸ ਵਿਚੋਂ ਕੀ ਨਿਕਲਦਾ ਹੈ । (ਵਿਘਨ) (ਸ਼ੋਰ)

(ਇਸ ਸਮੇਂ ਮਾਨਯੋਗ ਮੈਂਬਰ, ਸ੍ਰੀ ਸੁਰਿੰਦਰ ਕਪੂਰ, ਇਕ ਕਾਗਜ਼ ਹੱਥ ਵਿੱਚ ਫੜ ਕੇ ਉਸ ਨੂੰ ਲਹਿਰਾਉਂਦੇ ਹੋਏ ਸਦਨ ਦੀ ਮੇਜ਼ ਤੇ ਰੱਖ ਗਏ । ਉਹ ਕੁਝ ਬੋਲ ਰਹੇ ਸਨ । ** ** **)

**Expunged as Ordered by the Chair.

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। ਇਸ ਤਰ੍ਹਾਂ ਕਰਨ ਦਾ ਕੋਈ ਫਾਇਦਾ ਨਹੀਂ ਹੈ। ਕੋਈ ਚੀਜ਼ ਰਿਕਾਰਡ ਤੇ ਨਹੀਂ ਆਉਣੀ। (ਵਿਘਨ) (ਸ਼ੋਰ) Please sit down. ਹਾਊਸ ਨੂੰ ਬੜੇ ਕਲੀਅਰ ਸ਼ਬਦਾਂ ਵਿਚ ਇਹ ਦੱਸ ਦਿੱਤਾ ਗਿਆ ਹੈ ਕਿ ਜੇ ਕੋਈ ਫੈਕਟਸ ਹਨ, ਕੋਈ ਮੁਤਾਲਬਾ ਹੈ ਜਾਂ ਕੋਈ ਕੰਪਲੇਂਟ ਹੈ ਜਾਂ ਜਿਸ ਤਰ੍ਹਾਂ ਕੁਰਪਸ਼ਨ ਦੇ ਮੁਤਲਿਕ ਜ਼ਿਕਰ ਕੀਤਾ ਗਿਆ ਹੈ, ਉਹ ਚੀਫ ਮਨਿਸਟਰ ਸਾਹਿਬ ਨੂੰ ਦੇ ਦਿਓ, ਉਹ ਉਸ ਦੀ ਇਨਕੁਆਇਰੀ ਕਰਵਾ ਲੈਣਗੇ। ਇਸ ਤੋਂ ਬਾਅਦ ਇਹ ਮਾਮਲਾ ਇਸ ਤਰ੍ਹਾਂ ਹਾਊਸ ਵਿਚ ਡਿਸਕਸ ਕਰਨਾ ਸ਼ੋਭਦਾ ਨਹੀਂ। ਜੋ ਕੁਝ ਤੁਹਾਨੂੰ ਕੰਪਲੇਂਟ ਹੈ, ਤੁਸੀਂ ਲਿਖ ਕੇ ਸੀ. ਐਮ. ਸਾਹਿਬ ਨੂੰ ਦੇ ਦਿਓ, ਸੀ. ਐਮ. ਸਾਹਿਬ ਉਸ ਦੀ ਇਨਕੁਆਇਰੀ ਕਰਵਾ ਲੈਣਗੇ। (ਥੰਪਿੰਗ) ਹੁਣ ਮਾਨਯੋਗ ਮੈਂਬਰ ਬੈਠ ਜਾਣ। ਅਗਰ ਕੋਈ ਗੱਲ ਹਾਊਸ ਵਿਚ ਲਿਆਉਣੀ ਹੋਵੇ ਤਾਂ ਜਿਸ ਤਰ੍ਹਾਂ ਮੈਂਬਰ ਕਹਿ ਰਹੇ ਸਨ, ਇਹ ਕੋਈ ਠੀਕ ਤਰੀਕਾ ਨਹੀਂ ਹੈ। ਇਹ ਸਬਸਟਾਂਟਿਵ ਮੋਸ਼ਨ ਲਿਆਉਣ, ਨੋਟਿਸ ਦੇ ਦੇਣ, ਤਾਂ ਉਹ ਮਾਮਲਾ ਡਿਸਕਸ ਹੋ ਸਕਦਾ ਹੈ। ਇਸ ਤਰ੍ਹਾਂ ਹਾਊਸ ਵਿਚ ਉਠ ਕੇ ਕਹਿ ਦੇਣਾ ਕਿ ਫਲਾਣੇ ਨੇ ਇਹ ਕਰ ਦਿੱਤਾ ਹੈ, ਇਹ ਨਹੀਂ ਸ਼ੋਭਦਾ। ਸਾਰੇ ਮਾਨਯੋਗ ਮੈਂਬਰ ਅਤੇ ਸਾਰੇ ਮਾਨਯੋਗ ਮਨਿਸਟਰ ਈਮਾਨਦਾਰ ਹਨ ਲੇਕਿਨ ਹਾਊਸ ਵਿਚ ਕੋਈ ਮਸਲਾ ਉਠਾਉਣ ਵਾਸਤੇ ਜਿਹੜਾ ਰੂਲਜ਼ ਆਫ ਪ੍ਰੋਸੀਜਰ ਹੈ, ਉਹ ਰਸਤਾ ਦਸਦਾ ਹੈ ਕਿ ਕਿਸ ਤਰ੍ਹਾਂ ਨਾਲ ਮਾਮਲਾ ਡਿਸਕਸ ਕਰਨਾ ਚਾਹੀਦਾ ਹੈ। ਪਰ ਕਿਸੇ ਮਨਿਸਟਰ ਤੇ ਇਸ ਤਰ੍ਹਾਂ ਉਠ ਕੇ ਐਲੀਗੇਸ਼ਨ ਲਗਾ ਦੇਣਾ ਕੋਈ ਗੱਲ ਸ਼ੋਭਦੀ ਨਹੀਂ। ਕਿਸੇ ਪਾਰਲੀਮੈਂਟਰੀ ਅਫੇਅਰਜ਼ ਵਿਚ ਇਹ ਗੱਲ ਚਲਦੀ ਨਹੀਂ। ਜੇ ਐਮ. ਐਲ. ਏਜ਼ ਚਾਹੁੰਦੇ ਹਨ ਤਾਂ ਉਹ ਸਬਸਟਾਂਟਿਵ ਮੋਸ਼ਨ ਲੈ ਆਉਣ, ਮੈਂ ਡਿਸਕਸ ਕਰਵਾ ਲਵਾਂਗਾ ਪਰ ਇਸ ਤਰ੍ਹਾਂ ਹਾਊਸ ਦਾ ਵਕਤ ਜ਼ਾਇਆ ਨਹੀਂ ਕੀਤਾ ਜਾ ਸਕਦਾ। ਉਹ ਸਾਰੀ ਕਾਰਵਾਈ ਜੋ ਇਸ ਮਸਲੇ ਤੇ ਹੋਈ ਹੈ ਉਹ ਮੈਂ ਐਕਸਪੰਜ ਕਰ ਦਿੱਤੀ ਹੈ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਤਾਂ ਪਹਿਲਾਂ ਹੀ ਕਹਿ ਰਹੇ ਹੋ ਕਿ ਕੱਲ ਨੂੰ ਸਬਸਟਾਂਟਿਵ ਮੋਸ਼ਨ ਲਿਆਓ ਮੈਂ ਡਿਸਕਸ ਕਰਵਾ ਲਵਾਂਗਾ :

Mr. Speaker : I will examine it.

DISCUSSION ON ANNUAL REPORT OF THE PUNJAB PUBLIC SERVICE COMMISSION FOR THE YEAR 1978-79.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.) : ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ ਕਿ ਸਾਲ 1978-79 ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜੋ 30 ਜਨਵਰੀ, 1981 ਨੂੰ ਸਦਨ ਦੀ ਮੇਜ਼ ਤੇ ਰੱਖੀ ਗਈ ਸੀ, ਤੇ ਬਹਿਸ ਕੀਤੀ ਜਾਵੇ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਕਮਿਸ਼ਨ ਦੀ ਰਿਪੋਰਟ 1 ਅਪ੍ਰੈਲ, 1978 ਤੋਂ ਲੈ ਕੇ 31 ਮਾਰਚ, 1979 ਤੱਕ ਹੈ, ਜਿਸ ਤੇ ਕਿ ਅੱਜ ਇਸ ਹਾਊਸ ਵਿਚ ਵਿਚਾਰ ਹੋ ਰਹੀ ਹੈ। ਸਾਨੂੰ ਖੁਸ਼ੀ ਹੈ ਕਿ ਇਹ ਉਸ ਵਕਤ ਦੀ ਰਿਪੋਰਟ ਹੈ ਜਦੋਂ ਪੰਜਾਬ ਵਿਚ ਅਕਾਲੀ ਦਲ ਦਾ ਰਾਜ ਸੀ। ਉਸ ਸਮੇਂ ਵਿਚ ਇਸ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੰਤ ਰਾਏ ਬਾਂਸਲ ਸੀ ਔਰ ਨਿਰੰਜਨ ਸਿੰਘ ਮਿੱਠਾ ਵਰਗੇ ਮੈਂਬਰ ਸਨ। ਇਹ ਸਪੀਕਰ ਸਾਹਿਬ, ਇਕ ਕਾਂਸਟੀਚਿਊਸ਼ਨਲ ਬਾਡੀ ਹੈ ਉਸ ਸਮੇਂ ਦੌਰਾਨ ਪੰਜਾਬ ਦੀ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਲਿਖਿਆ ਸੀ।

Shri Gopal Krishan Chatrath : On a Point of Order. Sir. I have given in writing that I should be supplied all material in English. May I know the circumstances under which I have not been supplied the copy of the Punjab Public Service Commission in English? I have also asked again and again. Though I know Punjabi but it is very easy for me to go through the material in English. May I know the circumstances why I have been deprived of my constitutional right ?

ਸ੍ਰੀ ਸਪੀਕਰ : ਮੈਂ ਚੈਕ ਅੱਪ ਕਰ ਰਿਹਾ ਹਾਂ । I will tell you.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਉਸ ਸਮੇਂ ਵਿਚ ਕਮਿਸ਼ਨ ਦੇ ਚੇਅਰਮੈਨ ਔਰ ਮੈਂਬਰਾਂ ਦੇ ਖਿਲਾਫ ਸ਼ਿਕਾਇਤਾਂ ਸਨ ਕਿ ਪੈਸੇ ਲੈ ਕੇ ਨਿਯੁਕਤੀਆਂ ਹੁੰਦੀਆਂ ਹਨ ਲੇਕਿਨ ਅਫਸੋਸ ਦੀ ਗੱਲ ਹੈ ਕਿ ਭਾਰਤ ਸਰਕਾਰ ਨੇ ਪੰਜਾਬ ਦੀ ਸਰਕਾਰ ਦੇ ਲਿਖਣ ਤੇ ਕੋਈ ਕਾਰਵਾਈ ਨਾ ਕੀਤੀ ਔਰ ਕਮਿਸ਼ਨ ਦਾ ਕੰਮ ਉਸੇ ਤਰ੍ਹਾਂ ਹੀ ਚਲਦਾ ਰਿਹਾ । ਪੀ. ਸੀ. ਐਸ. (ਐਗਜ਼ੈਕਟਿਵ) ਤਹਿਸੀਲਦਾਰਾਂ ਤੋਂ ਬਣਨੇ ਸਨ ਔਰ ਤਹਿਸੀਲਦਾਰਾਂ ਤੋਂ 50-50 ਹਜ਼ਾਰ ਰੁਪਿਆ ਲਿਆ ਗਿਆ ਪਰ ਜਦੋਂ ਕਿਸੇ ਦਾ ਕੰਮ ਨਾ ਬਣਿਆ, ਕੋਈ ਸੌਦਾ ਜ਼ਿਆਦਾ ਹੋ ਗਿਆ ਤਾਂ 25-25 ਹਜ਼ਾਰ ਰੁਪਿਆ ਵਾਪਿਸ ਮੋੜਿਆ ਗਿਆ । ਉਥੇ ਕਮਿਸ਼ਨ ਵਿਚ ਉਹ ਮੈਂਬਰ ਹਨ ਜਿਹੜੇ ਕਿ ਪਹਿਲਾਂ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਵਿਚ ਜਾਂ ਬਿਜਲੀ ਬੋਰਡ ਵਿਚ ਕੰਮ ਕਰਦੇ ਸੀ । ਉਹ ਚੇਅਰਮੈਨ ਨਹੀਂ ਬਣ ਸਕਦੇ । ਉਥੇ ਕੰਸਪੀਰੇਸੀ ਹੁੰਦੀ ਹੈ । ਹੁਣ ਉਥੇ ਸੌਦੇ ਅਲਹਿਦਾ ਅਲਹਿਦਾ ਹੁੰਦੇ ਹਨ । ਪਹਿਲਾਂ ਇਕ ਇਕੱਠਾ ਸੌਦਾ ਹੁੰਦਾ ਸੀ । ਸਪੀਕਰ ਸਾਹਿਬ, ਉਥੇ 50-50, 60-60 ਹਜ਼ਾਰ ਰੁਪਏ ਤੇ ਐਗਜ਼ੈਕਟਿਵ ਨੌਕਰੀਆਂ ਵਿਕਦੀਆਂ ਹਨ । ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਬੜੇ ਇਨਸਾਫ ਪਸੰਦ ਆਦਮੀ ਹਨ, ਉਹ ਇਸ ਮਾਮਲੇ ਦੀ ਪੜਤਾਲ ਕਰਨ ਔਰ ਸੈਂਟਰ . ਨਾਲ ਕੇਸ ਟੇਕ ਅੱਪ ਕਰਨ । ਸਪੀਕਰ ਸਾਹਿਬ, ਜਿਹੜੇ ਆਦਮੀ ਪਹਿਲਾਂ ਕਮਿਸ਼ਨ ਵਿਚ ਸਨ ਉਨ੍ਹਾਂ ਨੂੰ ਇਹ ਲਾਭ ਹੋਇਆ ਹੈ ਕਿ ਉਹ ਦਿੱਲੀ ਲਗ ਗਏ ਹਨ । ਉਨ੍ਹਾਂ ਦੇ ਲੜਕੇ ਨੂੰ, ਜਿਹੜਾ ਕਿ ਗਰੈਜੂਏਟ ਸੀ, ਉਸ ਨੂੰ ਐਗਜ਼ੈਕਟਿਵ ਮੈਜਿਸਟ੍ਰੇਟ ਲਾਇਆ ਗਿਆ ਹੈ । ਪੰਜਾਬ ਦੇ ਲੱਖਾਂ ਪੜ੍ਹੇ ਲਿਖੇ ਨੌਜਵਾਨ ਫਿਰਦੇ ਹਨ ਪਰ ਕੋਈ ਪੁਛਦਾ ਨਹੀਂ ਹੈ ਲੇਕਿਨ ਉਨ੍ਹਾਂ ਦੇ ਲੜਕੇ ਨੂੰ ਮੈਜਿਸਟ੍ਰੇਟ ਲਾਇਆ ਗਿਆ ਹੈ । ਮਾਮਲਾ ਹਾਈਕੋਰਟ ਵਿਚ ਔਰ ਸੁਪ੍ਰੀਮ ਕੋਰਟ ਵਿੱਚ ਗਿਆ । ਸਪੀਕਰ ਸਾਹਿਬ, ਉਥੇ ਬੜੀ ਫੇਵਰੇਟਿਜ਼ਮ ਹੁੰਦੀ ਹੈ । ਸਿਫਾਰਸ਼ਾਂ ਗਲਤ ਹੁੰਦੀਆਂ ਹਨ ਔਰ ਹੁੰਦੀਆਂ ਰਹੀਆਂ ਹਨ ।

ਸਪੀਕਰ ਸਾਹਿਬ, ਅੱਜ ਕਲ ਨਿਯੁਕਤੀਆਂ ਕਰਨ ਲਈ ਟੈਸਟਾਂ ਦੇ ਅੰਗਰੇਜ਼ੀ ਦੇ ਪਰਚੇ ਘਰਾਂ ਵਿਚ ਜਾ ਕੇ ਹੱਲ ਹੁੰਦੇ ਹਨ ਔਰ ਇਸ ਚੀਜ਼ ਦੀ ਕੋਈ ਪੜਤਾਲ ਨਹੀਂ ।...

(ਵਿਘਨ)

ਸਰਦਾਰ ਜਗਦੇਵ ਸਿਘ ਜੱਸੋਵਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਪਾਂਧੀ ਸਾਹਿਬ ਸਿੱਖਾਂ ਦੇ ਧਾਰਮਿਕ ਅਨੰਦ ਕਾਰਜ ਦੇ ਬਾਰੇ ਇਥੇ ਗਲਾਂ ਕਰਕੇ ਮਖੌਲ ਉਡਾ ਰਹੇ ਹਨ । ਇਹ ਵਰਡ ਐਕਸਪੰਜ ਹੋਣੇ ਚਾਹੀਦੇ ਹਨ । ਜੇ ਇਹ ਕਹਿਣਾ ਚਾਹੁੰਦੇ ਹਨ ਤਾਂ ਬਾਹਰ ਕਹਿਣ ਜਿਥੇ ਇਸ ਦਾ ਰਿਐਕਸ਼ਨ ਹੋਵੇ ।

(ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਕਿਸੇ ਵਿਅਕਤੀ ਦੀ ਸ਼ਾਦੀ ਬਾਰੇ ਇਥੇ ਬਿਆਨ ਕਰਨਾ ਠੀਕ ਨਹੀਂ ਹੈ । ਜੇ ਇਹ ਸੋਚਦੇ ਹਨ ਕਿ ਉਹ ਮੈਰਿਜ ਇਲਲੀਗਲ ਹੈ ਤਾਂ ਇਹ ਅਦਾਲਤ ਵਿਚ ਜਾ ਸਕਦੇ ਹਨ । ਤੁਸੀਂ ਕਿਸੇ ਆਦਮੀ ਨੂੰ ਮੈਲਾਈਨ ਨਹੀਂ ਕਰ ਸਕਦੇ । (ਵਿਘਨ)

ਸ੍ਰੀ ਸੰਤ ਰਾਮ ਸਿੰਗਲਾ ; ਇਨ੍ਹਾਂ ਨੇ ਆਪ ਦੋ ਸ਼ਾਦੀਆਂ ਕੀਤੀਆਂ ਹਨ, ਜਿਹੜਾ ਕਿ ਔਫੈਂਸ ਹੈ । (ਵਿਘਨ) ਇਹ ਇਸ ਤਰ੍ਹਾਂ ਦੂਜਿਆਂ ਦੇ ਅਨੰਦ ਕਾਰਜ ਬਾਰੇ ਕੁਝ ਨਹੀਂ ਕਹਿ ਸਕਦੇ ।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । ਮੈਂ ਇਹ ਐਗਜ਼ਾਮਿਨ ਕਰ ਲਵਾਂਗਾ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਨਿਯੁਕਤੀਆਂ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਕੀਤੀਆਂ ਜਾਂਦੀਆਂ ਹਨ ਇਨ੍ਹਾਂ ਵਿਚ ਸ਼ਡਿਊਲਡ ਕਾਸਟਸ ਨੂੰ ਪੂਰੀ ਰਿਜ਼ਰਵੇਸ਼ਨ ਨਹੀਂ ਦਿੱਤੀ ਜਾਂਦੀ । ਅਸੀਂ ਇਸ ਵਾਸਤੇ ਕਈ ਵਾਰ ਇਥੇ ਰਿਜ਼ਰਵੇਸ਼ਨ ਦਾ ਐਕਟ ਬਣਾਉਣ ਲਈ ਕਿਹਾ ਹੈ (ਸਰਦਾਰ ਜਗਦੇਵ ਸਿੰਘ ਜੱਸੋਵਾਲ ਵਲੋਂ ਵਿਘਨ)

ਸ੍ਰੀ ਸਪੀਕਰ : ਜੱਸੋਵਾਲ ਸਾਹਿਬ, ਤੁਸੀਂ ਬੈਠ ਜਾਓ । ਮੈਂ ਕਿਹਾ ਹੈ ਕਿ ਮੈਂ ਇਸ ਨੂੰ ਐਗਜ਼ਾਮਿਨ ਕਰ ਲਵਾਂਗਾ । (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਰਿਜ਼ਰਵੇਸ਼ਨ ਦਾ ਬਿਲ ਹੈ ਇਹ ਸਰਕਾਰ ਇਥੇ ਲਿਆਉਣਾ ਨਹੀਂ ਚਾਹੁੰਦੀ । ਮੈਂ ਇਸ ਬਾਰੇ ਗਵਰਨਰ ਸਾਹਿਬ ਨੂੰ ਵੀ ਲਿਖ ਕੇ ਦਿਤਾ ਹੈ । ਸ਼ਡਿਊਲਡ ਕਾਸਟਸ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ ਲੇਕਿਨ ਮੈਨੂੰ ਅਫ਼ਸੋਸ ਹੈ ਕਿ ਪੰਜਾਬ ਸਰਕਾਰ ਇਸ ਪਾਸੇ ਕੁਝ ਨਹੀਂ ਕਰ ਰਹੀ । ਸਰਕਾਰ ਨੂੰ ਇਹ ਅਖ਼ਤਿਆਰ ਹੈ ਕਿ ਉਹ ਇਹ ਐਕਟ ਬਣਾ ਸਕਦੀ ਹੈ ਪਰ ਇਹ ਇਸ ਮਾਮਲੇ ਨੂੰ ਟੇਕ ਅੱਪ ਨਹੀਂ ਕਰ ਰਹੇ ।

ਸ੍ਰੀ ਸਪੀਕਰ : ਜੱਸੋਵਾਲ ਸਾਹਿਬ, ਤੁਸੀਂ ਬੈਠ ਜਾਓ ।

(ਸਰਦਾਰ ਜਗਦੇਵ ਸਿੰਘ ਜੱਸੋਵਾਲ ਵਲੋਂ ਵਿਘਨ)

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਮੈਂ ਪਾਂਧੀ ਸਾਹਿਬ ਨੂੰ ਪੁੱਛਦਾ ਹਾਂ ਕਿਸੇ ਦੇ ਨਿਕਾਹ ਜਾਂ ਅਨੰਦ ਕਾਰਜ ਦੀ ਰਸਮ ਕੋਈ ਕਰਾ ਦੇਵੇ ਤਾਂ ਇਨ੍ਹਾਂ ਨੂੰ ਕੀ ਇਤਰਾਜ਼ ਹੈ ? ਕੀ ਇਹ ਗੁਨਾਹ ਹੈ ?

ਕਈ ਆਵਾਜ਼ਾਂ : ਕੋਈ ਗੁਨਾਹ ਨਹੀਂ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਫਿਰ ਇਹ ਕਿਉਂ ਕਿਸੇ ਦੇ ਅਨੰਦ ਕਾਰਜ ਨੂੰ ਕੋਟ ਕਰ ਰਹੇ ਹਨ ? (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਕਿਸੇ ਦੇ ਖਿਲਾਫ ਕੁਝ ਨਹੀਂ ਕਿਹਾ । ਮੈਂ ਕੋਈ ਐਲੀਗੇਸ਼ਨ ਨਹੀਂ ਲਗਾਏ । ਤੁਸੀਂ ਨਾਂ ਲੈਣ ਦੀ ਇਜਾਜ਼ਤ ਨਹੀਂ ਦਿੰਦੇ। ਜੇ ਇਜਾਜ਼ਤ ਹੋਵੇ ਤਾਂ ਮੈਂ ਨਾ ਲੈ ਦਿੰਦਾ ਹਾਂ। (ਵਿਘਨ) ਮੈਂ ਤਾਂ ਸਿਰਫ ਆਈਡੈਂਟੀਫਿਕੇਸ਼ਨ ਦਿੱਤੀ ਹੈ । ਮੈਨੂੰ ਖੁਸ਼ੀ ਹੈ ਜੇ ਕਿਸੇ ਦਾ ਅਨੰਦਕਾਰਜ ਹੋਵੇ...(ਵਿਘਨ)

ਸਰਦਾਰ ਜਗਦੇਵ ਸਿੰਘ ਜੱਸੋਵਾਲ : ਫਿਰ ਤੁਸੀਂ ਸਿੱਖਾਂ ਦੇ ਰਸਮੋ-ਰਿਵਾਜ ਦਾ ਮਜ਼ਾਕ ਕਿਉਂ ਉਡਾ ਰਹੇ ਹੋ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । ਮੈਂ ਵੇਖ ਲਵਾਂਗਾ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਵੀਕਰ ਸੈਕਸ਼ਨ ਦੇ ਬੰਦਿਆਂ ਨੂੰ ਕੋਈ ਪੁੱਛਦਾ ਹੀ ਨਹੀਂ ਔਰ ਇਸ ਵਾਸਤੇ ਕੋਈ ਬਿਲ ਨਹੀਂ ਲਿਆ ਰਹੇ । ਇਹ ਐਕਟ ਬਣਾਉਣ ਦੀ ਕਾਂਸਟੀਚਿਊਸ਼ਨ ਵਿਚ ਪਰੋਵੀਜ਼ਨ ਹੈ । ਸਪੀਕਰ ਸਾਹਿਬ, ਇਸ ਰਿਪੋਟ ਦੇ ਪੰਜ ਤਿੰਨ ਤੇ ਪੈਰ੍ਹਾ ਦੋ ਵਿਚ ਇਹ ਲਿਖਿਆ ਹੋਇਆ ਹੈ ਕਿ 586 ਬੰਦੇ ਨਹੀਂ ਆ ਸਕੇ ਕਿਉਂਕਿ ਉਹ ਕੁਆਲੀਫਿਕੇਸ਼ਨਜ਼ ਪੂਰੀਆਂ ਨਹੀਂ ਸਨ ਕਰਦੇ । ਮੈਂ ਅਰਜ਼ ਕਰਦਾ ਹਾਂ ਕਿ ਕਰਨਾਟਕਾ ਅਤੇ ਕੇਰਲਾ ਵਿਚ ਵੀਕਰ ਸੈਕਸ਼ਨ ਨੂੰ ਨੁਮਾਇੰਦਗੀ ਦੇਣ ਲਈ ਇਸ ਤਰ੍ਹਾਂ ਦਾ ਪਰੋਵੀਜ਼ਨ ਕੀਤਾ ਹੈ । ਉਨ੍ਹਾਂ ਨੂੰ ਐਪੁਆਇੰਟਮੈਂਟ ਦੇ ਦਿੱਤੀ ਜਾਂਦੀ ਹੈ ਅਤੇ ਬਾਅਦ ਵਿਚ ਉਨ੍ਹਾਂ ਨੂੰ ਟਰੇਨਿੰਗ ਵਗੈਰਾ ਦੇਕੇ ਉਨ੍ਹਾਂ ਦੀ ਕੁਆਲੀਫਿਕੇਸ਼ਨ ਪੂਰੀ ਕੀਤੀ ਜਾਂਦੀ ਹੈ। ਇਹ ਵੀ ਇਸ ਤਰ੍ਹਾਂ ਦਾ ਕੋਈ ਪਰੋਵੀਜ਼ਨ ਇਸ ਵਿਚ ਕਰ ਸਕਦੇ ਹਨ । ਜੇ ਇਹ ਇਸ ਤਰ੍ਹਾਂ ਨਹੀਂ ਕਰਨਗੇ ਤਾਂ ਇਹ ਜਿਹੜੀ 25% ਰਿਜ਼ਰਵੇਸ਼ਨ ਕਰਨੀ ਹੈ ਇਹ 10 ਸਾਲਾਂ ਵਿਚ ਵੀ ਪੂਰੀ ਨਹੀਂ ਕਰ ਸਕਣਗੇ । ਸਪੀਕਰ ਸਾਹਿਬ, ਪਰਮੋਸ਼ਨ ਦੇ ਕੇਸਿਜ਼ ਵਿਚ ਵੀ ਉਨ੍ਹਾਂ ਨਾਲ ਬੜਾ ਧੱਕਾ ਕੀਤਾ ਜਾਂਦਾ ਹੈ । ਇਸ ਰਿਪੋਟ ਦੇ ਆਖਿਰ ਵਿਚ ਇਹ ਲਿਖਿਆ ਹੈ ਕਿ ਇਕ ਜ਼ਿਲ੍ਹੇਦਾਰ ਨੂੰ ਉਪ ਕੁਲੈਕਟਰ ਵਜੋਂ ਆਰਜ਼ੀ ਤੌਰ ਤੇ ਮਿਤੀ 12 ਮਈ, 1970 ਨੂੰ ਤਰੱਕੀ ਦਿੱਤੀ ਗਈ ਸੀ । ਉਸ ਦਾ ਕੇਸ ਸੇਵਾ ਰਿਕਾਰਡ ਸਮੇਤ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਲੋੜੀਂਦੀ ਪ੍ਰਵਾਨਗੀ ਲਈ ਭੇਜਿਆ ਗਿਆ । ਇਹ ਮਾਮਲਾ 30 ਜੂਨ, 1977 ਤਕ ਕਮਿਸ਼ਨ ਦੇ ਵਿਚਾਰ ਅਧੀਨ ਰਿਹਾ । ਉਸ ਤੋਂ ਬਾਅਦ ਕਮਿਸ਼ਨ ਨੇ ਸੂਚਿਤ ਕੀਤਾ ਕਿ ਉਹ ਇਸ ਅਸਾਮੀ ਦੇ ਯੋਗ ਨਹੀਂ ਹੈ। ਇਸ ਦੇ ਸਿੱਟੇ ਵਜੋਂ ਉਸ ਨੂੰ 8 ਜੁਲਾਈ, 1977 ਨੂੰ ਜ਼ਿਲ੍ਹੇਦਾਰ ਦੀ ਅਸਾਮੀ ਤੇ ਲਾ ਦਿਤਾ ਗਿਆ । ਇਸ ਲਈ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਜਿਹੜੇ ਵੀਕਰ ਸੈਕਸ਼ਨ ਦੇ ਲੋਕ ਹਨ੍ ਉਨ੍ਹਾਂ ਦੀ ਪਰਮੋਸ਼ਨ ਵਿਚ ਵੀ ਉਨ੍ਹਾਂ ਨਾਲ ਧੱਕਾ ਕੀਤਾ ਜਾਂਦਾ । ਜੇ ਇਹੀ ਹਾਲ ਰਿਹਾ ਤਾਂ ਜਿਹੜੀ 25% ਸ਼ਡਿਊਲਡ ਕਾਸਟਸ ਔਰ 5% ਬੈਕਵਰਡ ਕਲਾਸਿਜ਼ ਲਈ ਭਰਤੀ ਕਰਨੀ ਹੈ ਉਹ ਇਹ ਪੂਰੀ ਨਹੀਂ ਕਰ ਸਕਣਗੇ। ਇਹ ਜਿਹੜੀਆਂ ਨਿਯੁਕਤੀਆਂ ਹਨ ਇਹ ਪਾਰਟੀਬਾਜ਼ੀ ਤੋਂ ਉਪਰ ਉਠਕੇ ਕਰਨੀਆਂ ਚਾਹੀਦੀਆਂ ਹਨ । ਪਬਲਿਕ ਵਿਚ ਇਨ੍ਹਾਂ ਗੱਲਾਂ ਦੀ ਬੜੀ ਰਿਜ਼ੈਂਟਮੈਂਟ ਹੈ ਕਿਉਂਕਿ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਰਿਹਾ । ਇਸ ਕਰਕੇ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਨ੍ਹਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਸ ਵੱਲ ਧਿਆਨ ਦੇਣ ਤਾਂ ਹੀ ਰਿਜ਼ਰਵੇਸ਼ਨ ਪੂਰੀ ਕੀਤੀ ਜਾ ਸਕਦੀ ਹੈ । ਸਪੀਕਰ ਸਾਹਿਬ, ਤੁਸੀਂ ਤਾਂ ਹਾਊਸ ਦੇ ਕਸਟੋਡੀਅਨ ਹੋ । ਮੈਂ ਸਮਝਦਾ ਹਾਂ ਕਿ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਈ ਜਾਣੀ ਚਾਹੀਦੀ ਹੈ, ਚਾਹੇ ਤੁਸੀਂ ਉਸ ਵਿਚ ਆਪਣੀ ਪਾਰਟੀ ਦੇ ਹੀ ਮੈਂਬਰ ਰੱਖ ਲਵੋ

ਸਾਨੂੰ ਕੋਈ ਇਤਰਾਜ਼ ਨਹੀਂ, ਜਿਹੜੀ ਕਿ ਇਹ ਜਿਹੜੀਆਂ ਨਿਯੁਕਤੀਆਂ ਹੁੰਦੀਆਂ ਹਨ ਉਨ੍ਹਾਂ ਦੀ ਜਾਂਚ ਕਰੇ। ਪਰ, ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਹ ਤਾਂ ਬਿਊਰੋਕਰੇਸੀ ਤੇ ਡਿਪੈਂਡ ਕਰਦੇ ਹਨ ਔਰ ਅਫ਼ਸਰਾਂ ਨੇ ਇਸ ਵਿਚ ਬਹੁਤ ਕੁਰੱਪਸ਼ਨ ਕੀਤੀ ਹੋਈ ਹੈ। ਇਨ੍ਹਾਂ ਨੂੰ ਤਾਂ ਇਹ ਗੱਲਾਂ ਵੇਖਣ ਦਾ ਟਾਈਮ ਹੀ ਨਹੀਂ। (ਵਿਘਨ) ਇਹ ਤਾਂ ਦਿੱਲੀ ਹੀ ਫਿਰਦੇ ਰਹਿੰਦੇ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਇਹ ਕਮੇਟੀ ਜ਼ਰੂਰ ਬਣਾਈ ਜਾਣੀ ਚਾਹੀਦੀ ਹੈ ਜਿਸ ਨੂੰ ਕਿ ਸੁਪਰਵੀਜ਼ਨ ਕਰਨ ਦਾ ਅਧਿਕਾਰ ਹੋਵੇ।

ਸ੍ਰੀ ਸਪੀਕਰ : ਵਾਈਂਡ ਅਪ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਕਮੇਟੀ ਜ਼ਰੂਰ ਬਣਾਈ ਜਾਣੀ ਚਾਹੀਦੀ ਹੈ ਲੇਕਿਨ ਸਰਕਾਰ ਦਾ ਜੋ ਇਸ ਵੇਲੇ ਰਵੱਈਆ ਹੈ ਇਹ ਠੀਕ ਨਹੀਂ। ਇਸ ਸਬੰਧ ਵਿਚ ਇਥੇ ਕਈ ਸਵਾਲ ਵੀ ਦਿੱਤੇ ਗਏ ਹਨ। ਮੈਂ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਸੀ ਜਿਸ ਵਿਚ ਮੈਂ ਗੜ੍ਹਸ਼ੰਕਰ ਦੇ ਏਰੀਏ ਬਾਰੇ ਜ਼ਿਕਰ ਕੀਤਾ ਸੀ ਲੇਕਿਨ ਸਰਕਾਰ ਕੋਈ ਕਾਰਵਾਈ ਨਹੀਂ ਕਰ ਰਹੀ। ਇਹ ਸਰਕਾਰ ਤਾਂ ਬਿਊਰੋਕਰੇਸੀ ਦੇ ਮਾਤਹਿਤ ਹੈ। ਇਨ੍ਹਾਂ ਨੂੰ ਗਲਤ ਇਨਫਰਮੇਸ਼ਨਜ਼ ਦਿੱਤੀਆਂ ਜਾਂਦੀਆਂ ਹਨ। (ਵਿਘਨ)

ਸ੍ਰੀ ਸਪੀਕਰ : ਤੁਸੀਂ ਕਿਸੇ ਬਾਰੇ ਬਾਈ ਨੇਮ ਕੁਝ ਨਹੀਂ ਕਹਿ ਸਕਦੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਕਿਸੇ ਦੀ ਕੁਰੱਪਸ਼ਨ ਦੇ ਬਾਰੇ ਰਿਪੋਟ ਵਿਚ ਕੋਈ ਜ਼ਿਕਰ ਨਹੀਂ। ਇਸ ਕਰਕੇ ਇਨ੍ਹਾਂ ਨੂੰ ਕਿਸੇ ਤੇ ਇਲਜ਼ਾਮ ਨਹੀਂ ਲਾਉਣਾ ਚਾਹੀਦਾ। ਇਨ੍ਹਾਂ ਨੇ ਜਿਹੜੇ ਵੀ ਇਲਜ਼ਾਮ ਲਗਾਏ ਹਨ, ਉਹ ਐਕਸਪੰਜ ਹੋਣੇ ਚਾਹੀਦੇ ਹਨ......।

Sardar Dalip Singh Pandhi : Whether he has a right to interrupt me like this because he is a Minister.

Mr. Speaker : Please go on.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ 1969 ਤੋਂ ਮੈਂਬਰ ਚਲਿਆ ਆ ਰਿਹਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕਮਿਸ਼ਨ ਵਿਚ ਪਾਰਟੀਬਾਜ਼ੀ ਚਲ ਰਹੀ ਹੈ ਇਸ ਨੂੰ ਖ਼ਤਮ ਕਰਨਾ ਚਾਹੀਦਾ ਹੈ। ਜਿਹੜੀ ਇਸ ਦੇ ਵਿਚ ਰਿਸ਼ਵਤ ਖੋਰੀ ਚੱਲ ਰਹੀ ਹੈ, ਇਸ ਤੇ ਚੈਕ ਰੱਖਣ ਦੀ ਲੋੜ ਹੈ।

ਸ੍ਰੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ।

ਸ੍ਰੀ ਸੰਤ ਰਾਮ ਸਿੰਗਲਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਦਾ ਸਟੇਟਸ ਜੱਜਾਂ ਵਾਂਗ ਹੁੰਦਾ ਹੈ। ਉਨ੍ਹਾਂ ਨੂੰ ਕਾਂਸਟੀਚਿਊਸ਼ਨ ਦੀ ਪ੍ਰੋਟੈਕਸ਼ਨ ਹੁੰਦੀ ਹੈ ਤਾਂਕਿ ਉਹ ਇਮਪਾਰਸ਼ਲ ਰਹਿਣ। ਇਹ ਜਿਹੜੇ ਪਾਂਧੀ ਸਾਹਿਬ ਕਮਿਸ਼ਨ ਦੇ ਮੈਂਬਰਾਂ ਤੇ ਐਲੀਗੇਸ਼ਨਜ਼ ਲਗਾ ਰਹੇ ਹਨ, ਇਹ ਬਿਲਕੁਲ ਬੇਬੁਨਿਆਦ ਹਨ। ਇਨ੍ਹਾਂ ਐਲੀਗੇਸ਼ਨਜ਼ ਨੂੰ ਹਾਊਸ ਦੀ ਕਾਰਵਾਈ ਵਿਚੋਂ ਕੱਢ ਦੇਣਾ ਚਾਹੀਦਾ ਹੈ।

Mr. Speaker : I will examine the matter.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਇਸ ਕਰਕੇ ਬੋਲ ਰਹੇ ਹਨ ਕਿਉਂਕਿ ਇਨ੍ਹਾਂ ਨੇ ਉਨ੍ਹਾਂ ਕੋਲੋਂ ਆਪਣੀ ਮਨਮਰਜ਼ੀ ਦੀਆਂ ਸਿਲੈਕਸ਼ਨਾਂ ਕਰਵਾਉਣੀਆਂ ਹੁੰਦੀਅ ਹਨ । ਇਸ ਕਮਿਸ਼ਨ ਦੀ ਰਿਪੋਰਟ ਹਾਊਸ ਨੂੰ ਮਿਸਲੀਡ ਕਰ ਰਹੀ ਹੈ । ਤੁਸੀਂ ਇਸ ਰਿਪੋਰਟ ਦੇ ਪੇਜ 3 ਤੇ ਪੈਰਾ 2 ਵਿਚ ਦੇਖੋ (ਵਿਘਨ) ਇਸ ਦਾ ਜਵਾਬ ਸਰਕਾਰ ਵੱਲੋਂ ਆਉਣਾ ਚਾਹੀਦਾ ਹੈ । ਜਦ ਸਰਕਾਰ ਇਸ ਕਮਿਸ਼ਨ ਤੇ ਖਰਚ ਕਰਦੀ ਹੈ ਫਿਰ ਸਰਕਾਰ ਇਸ ਤੇ ਚੈਕ ਕਿਉਂ ਨਹੀਂ ਰੱਖ ਸਕਦੀ ? ਤੁਸੀਂ, ਸਪੀਕਰ ਸਾਹਿਬ, ਵਿਧਾਨ ਸਭਾ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦਿਉ ਜਿਹੜੀ ਇਸ ਤੇ ਚੈਕ ਰੱਖ ਸਕੇ । ਇਸ ਨੂੰ ਚੈਕ ਕਰਨ ਦਾ ਅਧਿਕਾਰ ਵਿਧਾਨ ਸਭਾ ਦੀ ਕਮੇਟੀ ਨੂੰ ਹੋਣਾ ਚਾਹੀਦਾ ਹੈ । ਇਸ ਦੀ ਵਰਕਿੰਗ ਤੇ ਚੈਕ ਹੋਣਾ ਚਾਹੀਦਾ ਹੈ Whether they are above the House, which is supreme. We are loyal to the Constitution of India. ** ਇਸ ਦੀ ਨਿਗਰਾਨੀ ਕਰਨ ਦਾ ਹੱਕ ਹਰ ਇਕ ਨੂੰ ਹੋਣਾ ਚਾਹੀਦਾ ਹੈ । ਇਸ ਕਮਿਸ਼ਨ ਦੇ ਮੈਂਬਰ ਕਾਬਲ ਹੋਣੇ ਚਾਹੀਦੇ ਹਨ । ਇਨ੍ਹਾਂ ਤੇ ਸਰਕਾਰ 50 ਲੱਖ ਰੁਪਿਆ ਖਰਚ ਕਰਦੀ ਹੈ । ਇਸ ਕਮਿਸ਼ਨ ਵਿਚ ਰਿਸ਼ਵਤ ਚਲ ਰਹੀ ਹੈ, ਇਸ ਨੂੰ ਚੈਕ ਕਰਨਾ ਚਾਹੀਦਾ ਹੈ ।

ਸ੍ਰੀ ਸੱਤ ਰਾਮ ਸਿੰਗਲਾ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਨ੍ਹਾਂ ਨੇ ਉਨ੍ਹਾਂ ਦੇ ਖਿਲਾਫ ਜਿਹੜੇ ਐਲੀਗੇਸ਼ਨਜ਼ ਲਗਾਏ ਹਨ, ਉਹ ਬਿਲਕੁਲ ਵੇਗ ਹਨ !

Sardar Dalip Singh Pandhi : Mr. Speaker this gentleman has no political carrier. I know him because he is my friend.

ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

Mr. Speaker : Motion moved—

That the Annual Report of the Punjab Public Service Commission for the year 1978-79, which was laid on the Table of the House on the 30th January, 1981, be discussed.

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੇਰੀ ਗੈਰ-ਹਾਜ਼ਰੀ ਵਿਚ ਮੇਰੇ ਸਬੰਧ ਵਿਚ ਕੁਝ ਇਥੇ ਕਿਹਾ ਗਿਆ ਹੈ । ਮੈਂ ਉਸ ਬਾਰੇ ਆਪਣੀ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਵੈਦ ਜੀ, ਮੈਂ ਗੱਲ ਨੂੰ ਐਕਸਪੰਜ ਕਰ ਦਿੱਤਾ ਸੀ । ਉਹ ਕਾਰਵਾਈ ਦਾ ਹਿੱਸਾ ਨਹੀਂ ਬਣੇਗੀ ।

ਸ੍ਰੀ ਸੇਵਾ ਰਾਮ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਪਾਂਧੀ ਸਾਹਿਬ, ਨੇ ਇਧਰ ਸਾਡੇ ਮੈਂਬਰਾਂ ਵੱਲ ਇਸ਼ਾਰਾ ਕਰਕੇ ਕਿਹਾ ਸੀ ਕਿ ਇਹ ** ਬੋਲਦੇ ਹਨ । ** ਲਫਜ਼ ਅਨ ਪਾਰਲੀਮੈਂਟਰੀ ਹੈ । ਇਸ ਲਫਜ਼ ਨੂੰ ਐਕਸਪੰਜ ਕਰ ਦਿਤਾ ਜਾਵੇ ।

Mr. Speaker : The word ** is expunged.

**Expunged as ordered by the Chair.

ਸਰਦਾਰ ਬਸੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਇੰਦਰਾ ਗਾਂਧੀ ਬਾਰੇ ਕੁਝ ਕਿਹਾ ਹੈ, ਇਹ ਲਫ਼ਜ਼ ਵੀ ਐਕਸਪੰਜ ਹੋਣੇ ਚਾਹੀਦੇ ਹਨ ।

Mr. Speaker : These are expunged.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇੰਦਰਾ ਗਾਂਧੀ ਬਾਰੇ ਕੋਈ ਗਲਤ ਗੱਲ ਨਹੀਂ ਕਹੀ । ਮੈਂ ਇੰਦਰਾ ਗਾਂਧੀ ਦੀ ਤਾਰੀਫ਼ ਕਰਦਾ ਹਾਂ । ** ** ** ।

ਸ੍ਰੀ ਸਪੀਕਰ : ਪਾਂਧੀ ਸਾਹਿਬ ਬੈਠੋ । ਇਹ ਜਿਹੜੇ ਲਫ਼ਜ਼ ਇਨ੍ਹਾਂ ਨੇ ਮੇਰੀ ਇਜਾਜ਼ਤ ਤੋਂ ਬਗੈਰ ਇਸਤੇਮਾਲ ਕੀਤੇ ਹਨ, ਉਹ ਰਿਕਾਰਡ ਨਾ ਕੀਤੇ ਜਾਣ ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਦੀ ਰਿਪੋਰਟ ਤੇ ਕਾਫ਼ੀ ਅਰਸੇ ਤੋਂ ਬਾਅਦ ਇਸ ਹਾਊਸ ਵਿਚ ਡਿਸਕਸ਼ਨ ਹੋਣ ਲਗੀ ਹੈ, ਭਾਵੇਂ ਇਹ ਪਬਲਿਕ ਸਰਵਿਸ ਕਮਿਸ਼ਨ ਦੀ ਸਟੈਚਿਊਟਰੀ ਪਾਵਰ ਹੈ ਕਿ ਉਹ ਆਪਣੀ ਕਾਰਗੁਜ਼ਾਰੀ ਦੀ ਰਿਪੋਰਟ ਇਸ ਹਾਊਸ ਵਿਚ ਪੇਸ਼ ਕਰੇ । ਇਹ ਬੜਾ ਭਾਰੀ ਮਜ਼ਾਕ ਰਿਹਾ ਹੈ ਕਿ ਪਿਛਲੇ 6 ਸਾਲਾਂ ਤੋਂ ਇਸ ਹਾਊਸ ਵਿਚ ਇਸ ਦੀ ਰਿਪੋਰਟ ਤੇ ਡਿਸਕਸ਼ਨ ਨਹੀਂ ਹੋ ਸਕੀ।

11.08 (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਡਿਪਟੀ ਸਪੀਕਰ ਸਾਹਿਬ, ਪਿਛਲੇ 32 ਸਾਲਾਂ ਤੋਂ ਲੋਕਾਂ ਨੂੰ ਇਸ ਕਮਿਸ਼ਨ ਦੇ ਪ੍ਰਸ਼ਾਸਨ ਤੋਂ ਕੋਈ ਫਾਇਦਾ ਨਹੀਂ ਹੋਇਆ । ਸਾਰੇ ਮੁਲਕ ਵਿਚ ਇਨ੍ਹਾਂ ਕਮਿਸ਼ਨਾਂ ਤੇ ਲੋਕਾਂ ਦਾ ਵਿਸ਼ਵਾਸ ਨਹੀਂ ਰਿਹਾ ।

ਸ੍ਰੀ ਸੱਤ ਰਾਮ ਸਿੰਗਲਾ : ** ** ** ।

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਰਾਜ ਕੁਮਾਰ : ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਵੀ ਇਹ ਸਮਝਦਾ ਹਾਂ ਕਿ ਸਾਡੇ ਦੇਸ਼ ਵਰਗਾ ਦੁਨੀਆਂ ਵਿਚ ਕੋਈ ਦੇਸ਼ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਜੇਕਰ ਥੋੜ੍ਹੀ ਜਿਹੀ ਇੰਟਰੱਪਸ਼ਨ ਹੋ ਜਾਵੇ ਤਾਂ ਮੈਂ ਸਾਈਡ ਟਰੈਕ ਹੋ ਜਾਂਦਾ ਹਾਂ । (ਵਿਘਨ) ਮੈਂ ਕਿਸੇ ਦੀ ਸਪੀਚ ਵਿਚ ਕੋਈ ਦਖਲ ਨਹੀਂ ਦਿੰਦਾ । ਮੈਂ, ਡਿਪਟੀ ਸਪੀਕਰ ਸਾਹਿਬ, ਕੁਝ ਸੁਝਾਓ ਦੇਣ ਲੱਗਾ ਹਾਂ ਜੇਕਰ ਪੰਜਾਬ ਸਰਕਾਰ ਨੂੰ ਉਹ ਸੁਝਾਓ ਚੰਗੇ ਲਗਣ ਤਾਂ ਮੰਨ ਲੈਣ ਜੇ ਚੰਗੇ ਨਾ ਲਗਣ ਤਾਂ ਨਾਂ ਮੰਨਣ । ਡਿਪਟੀ ਸਪੀਕਰ ਸਾਹਿਬ, 1977 ਦਾ ਸਾਲ ਪਬਲਿਕ ਸਰਵਿਸ ਕਮਿਸ਼ਨ ਦੀ ਜ਼ਿੰਦਗੀ ਵਿਚ ਯਾਦ ਕੀਤਾ ਜਾਵੇਗਾ । (ਵਿਘਨ) ਸਾਰੇ ਹਿੰਦੁਸਤਾਨ ਵਿਚੋਂ ਕਿਸੇ ਵੀ ਸੂਬੇ ਵਿਚ ਉਥੋਂ ਦੇ ਪਬਲਿਕ ਸਰਵਿਸ ਕਮਿਸ਼ਨ ਨੂੰ ਇਤਨੀ ਦੌਲਤ ਨਹੀਂ

**Expunged as ordered by the Chair.

[ਕਾਮਰੇਡ ਰਾਜ ਕੁਮਾਰ]

ਉਠਾਉਣੀ ਪਈ ਜਿਤਨੀ ਕਿ ਪੰਜਾਬ ਦੇ ਪਬਲਿਕ ਸਰਵਿਸ ਕਮਿਸ਼ਨ ਨੂੰ 1977 ਵਿਚ ਉਠਾਉਣੀ ਪਈ ਹੈ। ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਅਤੇ ਚੇਅਰਮੈਨ ਦੇ ਖਿਲਾਫ ਕੋਰਟ ਵਿਚੋਂ ਆਰਡਰ ਲਏ ਗਏ ਹਨ। ਪਬਲਿਕ ਸਰਵਿਸ ਕਮਿਸ਼ਨ ਦਾ ਰਿਕਾਰਡ ਸੀਲ ਕੀਤਾ ਗਿਆ। ਇਸ ਗੱਲ ਦੀ ਕਿਸੇ ਨੂੰ ਵੀ ਖੁਸ਼ੀ ਨਹੀਂ ਹੋਵੇਗੀ। ਪਬਲਿਕ ਸਰਵਿਸ ਕਮਿਸ਼ਨ ਇਕ ਐਸਾ ਅਦਾਰਾ ਹੈ ਜਿਸ ਨੂੰ ਬਹੁਤ ਉੱਚੀ ਪਰੋਟੈਕਸ਼ਨ ਹਾਸਲ ਹੈ। ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਅਤੇ ਚੇਅਰਮੈਨ ਦੀ ਐਪੁਆਇੰਟਿੰਗ ਅਥਾਰਿਟੀ ਗਵਰਨਰ ਸਾਹਿਬ ਹਨ। ਅਗਰ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਅਤੇ ਚੇਅਰਮੈਨ ਨੂੰ ਹਟਾਉਣਾ ਹੋਵੇ ਤਾਂ, ਡਿਪਟੀ ਸਪੀਕਰ ਸਾਹਿਬ, ਪ੍ਰੈਜ਼ੀਡੈਂਟ ਤੋਂ ਬਗੈਰ ਹੋਰ ਕੋਈ ਨਹੀਂ ਹਟਾ ਸਕਦਾ। ਪਬਲਿਕ ਸਰਵਿਸ ਕਮਿਸ਼ਨ ਨੂੰ ਇਕ ਉੱਚੀ ਸੁੱਚੀ ਸ਼ਖਸੀਅਤ ਗਿਣਿਆ ਜਾਂਦਾ ਹੈ। (ਵਿਘਨ) ਪਬਲਿਕ ਸਰਵਿਸ ਕਮਿਸ਼ਠ ਦੇ ਚੇਅਰਮੈਨ ਨੂੰ ਕੰਸਟੀਚਿਊਸ਼ਨ ਵਿਚ ਪ੍ਰੋਟੈਕਸ਼ਨ ਦਿੱਤੀ ਗਈ ਹੈ ਲੇਕਿਨ, ਡਿਪਟੀ ਸਪੀਕਰ ਸਾਹਿਬ, ਬੜਾ ਹੀ ਅਫਸੋਸ ਹੈ ਕਿ ਇਤਨਾ ਕੁਝ ਹੁੰਦਿਆਂ ਹੋਇਆ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਅਤੇ ਚੇਅਰਮੈਨ ਦੇ ਖਿਲਾਫ ਕੋਰਟ ਵਿਚ ਕੇਸਿਜ਼ ਗਏ। ਇਸ ਬਾਰੇ ਸਦਨ ਦੇ ਮੈਂਬਰਾਂ ਨੂੰ ਬੜੀ ਹੀ ਚਿੰਤਾ ਹੈ ਅਤੇ ਮੈਨੂੰ ਵੀ ਬੜੀ ਚਿੰਤਾ ਹੈ। ਇਸ ਲਈ ਮੈਂ ਇਸ ਬਾਰੇ ਕੁਝ ਸ਼ਬਦ ਕਹਿਣ ਲਗਾ ਹਾਂ ਜੋ ਕਿ ਬਿਲਕੁਲ ਵੀ ਮੇਰਾ ਦਿਲ ਕਹਿਣ ਨੂੰ ਨਹੀਂ ਕਰਦਾ। (ਵਿਘਨ) (ਸ਼ੋਰ)

ਸ੍ਰੀ ਸੰਤ ਰਾਮ ਸਿੰਗਲਾ : ਸਪੀਕਰ ਸਾਹਿਬ, ਇਹ ਚੀਜ਼ ਮੈਂਬਰਾਂ ਤੇ ਰਿਫਲੈਕਸ਼ਨ ਨਹੀਂ ਹੈ ਬਲਕਿ ਉਸ ਵੇਲੇ ਦੀ ਸਰਕਾਰ ਤੇ ਰਿਫਲੈਕਸ਼ਨ ਹੈ। (ਵਿਘਨ) (ਸ਼ੋਰ)

ਕਾਮਰੇਡ ਰਾਜ ਕੁਮਾਰ: ਡਿਪਟੀ ਸਪੀਕਰ ਸਾਹਿਬ, ਇਹ ਗੱਲ ਜੇਕਰ ਸਰਕਾਰ ਨੂੰ ਰਿਫਲੈਕਸ਼ਨ ਕਰਦੀ ਹੈ ਤਾਂ ਉਸ ਵੇਲੇ ਦੀ ਸਰਕਾਰ ਨੂੰ ਅਵਾਇਡ ਕਰਨਾ ਚਾਹੀਦਾ ਸੀ ਤਾਕਿ ਸਰਕਾਰ ਤੇ ਕੋਈ ਰਿਫਲੈਕਸ਼ਨ ਨਾ ਆਵੇ ਇਹ, ਡਿਪਟੀ ਸਪੀਕਰ ਸਾਹਿਬ, ਬਿਲਕੁਲ ਫੈਕਟਸ ਹਨ ਅਤੇ ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਕ ਗੋਲਡ ਮੈਡਲਿਸਟ ਨੂੰ ਇਗਨੋਰ ਕਰਕੇ ਗਰੈਜੂਏਟ ਥਰਡ ਕਲਾਸ ਨੂੰ ਚੁਣਿਆ ਗਿਆ। ਕੀ, ਡਿਪਟੀ ਸਪੀਕਰ ਸਾਹਿਬ, ਇਹ ਚਿੰਤਾ ਵਾਲੀ ਗੱਲ ਨਹੀਂ ? ਅੱਜ ਪਬਲਿਕ ਸਰਵਿਸ ਕਮਿਸ਼ਨ ਦੀ ਰਿਪੋਰਟ ਡਿਸਕਸ ਹੋ ਰਹੀ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਪਬਲਿਕ ਸਰਵਿਸ ਕਮਿਸ਼ਨ ਦੀ ਰਿਪੋਰਟ ਹਰ ਸਾਲ ਇਥੇ ਹਾਊਸ ਵਿਚ ਡਿਸਕਸ ਹੋਣੀ ਚਾਹੀਦੀ ਹੈ। ਅੱਜ ਕੱਲ ਪਬਲਿਕ ਸਰਵਿਸ ਕਮਿਸ਼ਨ ਬਾਰੇ ਲੋਕਾਂ ਵਿਚ ਇਹ ਚਰਚਾ ਹੈ ਕਿ ਇਹ ਨੈਪੋਟੀਜ਼ਮ ਦੀ ਇੰਸਟੀ-ਚਿਊਸ਼ਨ ਬਣਦੀ ਜਾ ਰਹੀ ਹੈ। ਲੋਕਾਂ ਨੂੰ ਤਵੱਕੋ ਦੀ ਬਜਾਏ ਫਰੱਸਟਰੇਸ਼ਨ ਹੋ ਰਹੀ ਹੈ। ਇਹ ਸਾਰੀ ਚੀਜ਼ ਫੈਕਟ ਹੈ। ਡਿਪਟੀ ਸਪੀਕਰ ਸਾਹਿਬ, ਬੇਸ਼ੱਕ ਇਨਕੁਆਇਰੀ ਕਰ ਲਵੋ। ਗਰੈਜੂਏਟ ਥਰਡ ਕਲਾਸ ਨੂੰ ਸਿਲੈਕਟ ਕਰ ਲਿਆ ਗਿਆ ਹੈ। ਇਸ ਨੂੰ ਸਿਲੈਕਟ ਕਿਉਂ ਕੀਤਾ ਗਿਆ ਹੈ ? ਕਿਉਂਕਿ ਇਹ ਸ਼ਖਸ ਕਮਿਸ਼ਨ ਵਿਚ ਸਭ ਤੋਂ ਉੱਚੇ ਦਰਜੇ ਦੇ ਆਦਮੀ ਦਾ ਰਿਸ਼ਤੇਦਾਰ ਸੀ। ਮੈਂ ਇਹ ਚੀਜ਼ ਰਿਸਪਾਂਸੀਬਿਲਟੀ ਨਾਲ ਕਹਿ ਰਿਹਾ ਹਾਂ। ਪਬਲਿਕ ਸਰਵਿਸ ਕਮਿਸ਼ਨ ਦਾ ਕਰੈਡਿਟ ਲੋਕਾਂ ਵਿਚ ਘਟਦਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, 650 ਨੰਬਰ ਰਿਟਨ ਟੈਸਟ ਦੇ ਹੁੰਦੇ ਹਨ ਅਤੇ 200 ਨੰਬਰ ਵਾਈਵਾ ਦੇ ਹੁੰਦੇ ਹਨ।

ਜਿਹੜਾ ਸ਼ਖਸ ਰਿਟਨ ਟੈਸਟ ਵਿਚ 50-55% ਨੰਬਰ ਲੈਂਦਾ ਹੈ ਇੰਟਰਵਿਊ ਵੇਲੇ ਉਸ ਸ਼ਖਸ ਨੂੰ 20 ਨੰਬਰ ਤੋਂ ਵੀ ਘੱਟ ਦਿੱਤੇ ਜਾਂਦੇ ਹਨ। ਜਿਹੜਾ ਰਿਟਨ ਟੈਸਟ ਵਿਚ ਜ਼ਿਆਦਾ ਨੰਬਰ ਲੈਂਦਾ ਹੈ ਤਾਂ ਉਸ ਨੂੰ ਇੰਟਰਵਿਊ ਵਿਚ, ਵਾਈਵਾ ਵਿਚ ਇਤਨੇ ਘੱਟ ਨੰਬਰ ਕਿਉਂ ਦਿੱਤੇ ਜਾਂਦੇ ਹਨ ? ਇਸ ਵਿਚ ਵੀ ਕੋਈ ਖਾਸ ਗੱਲ ਹੈ। ਜਿਹੜਾ ਸ਼ਖਸ ਹਾਈਲੀ ਕੁਆਲੀਫਾਈਡ ਹੈ, ਉਸ ਨੂੰ ਇਗਨੋਰ ਕੀਤਾ ਜਾਂਦਾ ਹੈ ਅਤੇ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਅਤੇ ਚੇਅਰਮੈਨ ਆਪਣੀਆਂ ਪਾਵਰਾਂ ਦਾ ਅੰਨ੍ਹੇਵਾਹ ਇਸਤੇਮਾਲ ਕਰਦੇ ਹਨ। (ਵਿਘਨ) ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇੱਕ ਮਿਸਾਲ ਦਿੰਦਾ ਹਾਂ। ਇਕ ਕੈਂਡੀਡੇਟ ਦੇ 650 ਨੰਬਰਾਂ ਵਿਚੋਂ 281 ਨੰਬਰ ਰਿਟਨ ਟੈਸਟ ਵਿਚੋਂ ਆਉਂਦੇ ਹਨ ਪਰ ਵਾਈਵਾ ਵਿਚੋਂ ਅਤੇ ਜਦੋਂ ਇੰਟਰਵਿਊ ਹੁੰਦੀ ਹੈ ਤਾਂ ਉਸ ਨੂੰ 200 ਨੰਬਰਾਂ ਵਿਚੋਂ ਸਿਰਫ 15 ਨੰਬਰ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਕਰਕੇ, ਡਿਪਟੀ ਸਪੀਕਰ ਸਾਹਿਬ, ਡੀਜ਼ਰਵਿੰਗ ਕੈਂਡੀਡੇਟਸ ਸਿਲੈਕਟ ਨਹੀਂ ਹੁੰਦੇ ਅਤੇ ਨਾਨ-ਡੀਜ਼ਰਵਿੰਗ ਕੈਂਡੀਡੇਟਸ ਸਿਲੈਕਟ ਹੋ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਵਿਚ ਜਿਹੜਾ ਟੈਕਨੀਕਲ ਐਕਸਪਰਟ ਅਫਸਰ ਹੁੰਦਾ ਹੈ, ਉਸ ਨੂੰ ਅਖਤਿਆਰ ਹੁੰਦਾ ਹੈ ਕਿ ਉਹ ਨੰਬਰ ਦੇ ਸਕੇ ਪਰ ਉਹ ਟੈਕਨੀਕਲ ਐਕਸਪਰਟ ਅਫ਼ਸਰ ਸਿਰਫ ਏ. ਬੀ. ਸੀ. ਅਤੇ ਡੀ. ਗਰੇਡ ਹੀ ਦਿੰਦਾ ਹੈ। ਉਸ ਤੋਂ ਬਾਅਦ ਕਮਿਸ਼ਨ ਦੇ ਮੈਂਬਰਾਂ ਅਤੇ ਚੇਅਰਮੈਨਾਂ ਨੂੰ ਆਪਣੀਆਂ ਪਾਵਰਾਂ ਵਰਤਕੇ ਸਿਲੈਕਟ ਕਰਨ ਦਾ ਅਖਤਿਆਰ ਹੁੰਦਾ ਹੈ। ਟੈਕਨੀਕਲ ਐਕਸਪਰਟ ਦੇ ਅਖਤਿਆਰਾਤ ਨੂੰ ਖਤਮ ਕਰ ਦਿੱਤਾ ਹੈ। ਇਸ ਦਾ ਨਤੀਜਾ, ਡਿਪਟੀ ਸਪੀਕਰ ਸਾਹਿਬ, ਇਹ ਹੁੰਦਾ ਹੈ ਕਿ ਨਾਨ-ਡੀਜ਼ਰਵਿੰਗ ਕੈਂਡੀਡੇਟਸ ਸਿਲੈਕਟ ਹੋ ਜਾਂਦੇ ਹਨ। ਮੈਰਿਟ ਵਾਲੇ ਕੈਂਡੀਡੇਟਸ ਰਹਿ ਜਾਂਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਰਿਟ ਵਾਲਿਆਂ ਨੂੰ ਇਗਨੋਰ ਕੀਤਾ ਜਾਂਦਾ ਹੈ। ਪਬਲਿਕ ਸਰਵਿਸ ਕਮਿਸ਼ਨ ਵਿਚ ਟੈਕਨੀਕਲ ਐਕਸਪਰਟ ਹੀ ਬੈਠਾ ਡਾਕਟਰਜ਼, ਇੰਜੀਨੀਅਰਜ਼ ਵਗੈਰਾ ਨੂੰ ਠੀਕ ਤਰ੍ਹਾਂ ਜੱਜ ਕਰ ਸਕਦਾ ਹੈ। ਲੇਕਿਨ ਟੈਕਨੀਕਲ ਐਕਸਪਰਟ ਦੀ ਐਡਵਾਈਸ ਨੂੰ ਕੋਈ ਮਹਾਨਤਾ ਨਹੀਂ ਦਿਤੀ ਜਾਂਦੀ ਅਤੇ ਫਾਲਸ ਕੰਮ ਕੀਤੇ ਜਾਂਦੇ ਹਨ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਇਕ ਕੈਂਡੀਡੇਟ ਐਮ. ਬੀ. ਬੀ. ਐਸ., ਜਿਹੜਾ ਕਿ ਪੀ. ਸੀ. ਐਮ. ਐਸ. ਦੀ ਇੰਟਰਵਿਊ ਵਾਸਤੇ ਆਇਆ ਸੀ, ਤਾਂ ਉਸ ਨੂੰ ਪਬਲਿਕ ਸਰਵਿਸ ਕਮਿਸ਼ਨ ਨੇ ਚੁਣ ਲਿਆ ਪਰ ਜਦੋਂ ਉਹੀ ਸ਼ਖਸ ਐਮ. ਬੀ. ਬੀ. ਐਸ. ਤੋਂ ਬਾਅਦ ਮਾਸਟਰ ਆਫ ਸਰਜਰੀ ਕਰਕੇ ਇੰਟਰਵਿਊ ਦੇਣ ਲਈ ਪਬਲਿਕ ਸਰਵਿਸ ਕਮਿਸ਼ਨ ਦੇ ਸਾਹਮਣੇ ਆਇਆ ਤਾਂ ਸਿਲੈਕਟ ਨਹੀਂ ਕੀਤਾ ਗਿਆ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਟੈਕਨੀਕਲ ਐਕਸਪਰਟ ਦੀ ਐਡਵਾਈਸ ਕੋਈ ਮੁਲ ਨਹੀਂ ਰਖਦੀ। ਕਮਿਸ਼ਨ ਦੇ ਮੈਂਬਰ ਅਤੇ ਚੇਅਰਮੈਨ ਆਪਣੀਆਂ ਪਾਵਰਾਂ ਦਾ ਗਲਤ ਇਸਤੇਮਾਲ ਕਰਦੇ ਹਨ। ਹੁਣ ਇਸ ਕਿਸਮ ਦੀ ਸਿਚੂਏਸ਼ਨ ਬਣ ਚੁਕੀ ਹੈ ਕਿ ਇਸ ਨੂੰ ਠੀਕ ਕਰਨਾ ਮੁਸ਼ਕਲ ਹੋ ਗਿਆ ਹੈ। (ਵਿਘਨ) ਜੇਕਰ ਸਾਰੀ ਚੀਜ਼ ਨੂੰ ਠੀਕ ਕੀਤਾ ਜਾਵੇ ਤਾਂ ਕੁਝ ਤਰੱਕੀ ਹੋ ਸਕਦੀ ਹੈ। ਮਿਸਾਲ ਦੇ ਤੌਰ ਤੇ ਕਾਂਸਟੀਚਿਊਸ਼ਨ ਨੇ ਰਿਸਪਾਂਸੀਬਿਲਿਟੀ ਰਖੀ ਹੈ ਕਿ ਜਿਸ ਵਕਤ ਉਹ ਮੈਂਬਰਜ਼ ਐਪੁਆਇੰਟ ਕੀਤੇ ਜਾਣ ਤਾਂ ਉਨ੍ਹਾਂ ਦਾ ਕੁਝ ਸਟੈਂਡਰਡ ਹੋਣਾ ਚਾਹੀਦਾ ਹੈ। ਮੈਂ ਕਿਸੇ ਤੇ ਐਸਪਰਸ਼ਨ ਨਹੀਂ ਕਰਨਾ ਚਾਹੁੰਦਾ ਲੇਕਿਨ ਜਿਸ ਕਮਿਸ਼ਨ ਨੇ ਸਾਡੀ ਸਟੇਟ ਦੀ ਸਰਵਿਸ ਨੂੰ ਸਿਲੈਕਟ ਕਰਨਾ ਹੈ ਉਸ ਨੂੰ ਸਿਲੈਕਟ ਕਰਨ

[ਕਾਮਰੇਡ ਰਾਜ ਕੁਮਾਰ]

ਵਾਲੇ ਆਦਮੀ ਕੋਈ ਐਕਸਪਰਟ ਚਾਹੀਦੇ ਹਨ; ਉਨ੍ਹਾਂ ਵਿਚ ਕਾਬਲੀਅਤ ਚਾਹੀਦੀ ਹੈ। ਇਕ ਪੀ. ਸੀ. ਐਸ. ਬਣਾਉਣ ਵਾਸਤੇ ਕਿਸੇ ਮੈਂਬਰ ਨੂੰ, ਜੋ ਕਿ ਆਰਡੀਨਰੀ ਪਬਲਿਸਿਟੀ ਅਫ਼ਸਰ ਹੋਵੇ, ਉਸਨੂੰ ਮੈਂਬਰ ਬਣਾਇਆ ਜਾਏ ਤਾਂ ਉਹ ਕੋਈ ਬਹੁਤ ਵੱਡੀ ਖਿਦਮਤ ਨਹੀਂ ਕਰ ਸਕਦਾ। ਚੋਣ ਵੇਲੇ ਚੰਗੇ ਆਦਮੀਆਂ ਨੂੰ ਚੁਣਿਆ ਜਾਏ, ਇਸ ਵਾਸਤੇ ਬਹੁਤ ਜ਼ਰੂਰੀ ਹੈ ਕਿ ਜੋ ਬੰਦੇ ਐਪੁਆਇੰਟ ਕੀਤੇ ਜਾਣ ਉਹ ਰਿਟਾਇਰਡ ਅਫਸਰ ਜਾਂ ਰਿਜੈਕਟਿਡ ਪਾਲਿਟੀਸ਼ੀਅਨਜ਼ ਨਾ ਹੋਣ ਬਲਕਿ ਮੈਚਿਉਰਡ ਆਦਮੀ ਹੋਣ ਜਿਨ੍ਹਾਂ ਕੋਲ ਕੁਝ ਐਕਸਪਰਟਾਈਜ਼ ਹੋਵੇ, ਜਿਨ੍ਹਾਂ ਦਾ ਕੋਈ ਸਟੈਂਡਰਡ ਹੋਵੇ, ਕੋਈ ਨਾਨ-ਪਬਲਿਕ ਇੰਟੈ-ਗਰਿਟੀ ਹੋਵੇ। ਪਰ ਅੱਜ ਇਸ ਚੀਜ਼ ਦੀ ਘਾਟ ਹੈ। ਜਿਸ ਢੰਗ ਨਾਲ ਇੰਟਰਵਿਊਜ਼ ਹੋ ਰਹੀਆਂ ਹਨ ਉਸ ਨੇ ਸਾਡੇ ਸਾਹਮਣੇ ਬੜੇ ਅਜੀਬ ਹਾਲਾਤ ਪੈਦਾ ਕਰ ਦਿੱਤੇ ਹਨ। ਆਬਜ਼ੈਕਟਿਵ ਕਿਸਮ ਦੀਆਂ ਇੰਟਰਵਿਊਜ਼ ਨਹੀਂ ਹੋ ਰਹੀਆਂ। ਅਗਰ ਆਬਜ਼ੈਕਟਿਵ ਕਿਸਮ ਦੀਆਂ ਇੰਟਰਵਿਊਜ਼ ਹੋਣ ਤਾਂ ਮੈਂਬਰ ਸਾਹਿਬਾਨ ਆਪਣੀ ਡਿਸਕਰੀਸ਼ਨ ਨੂੰ ਗਲਤ ਤਰੀਕੇ ਨਾਲ ਇਸਤੇਮਾਲ ਨਹੀਂ ਕਰ ਸਕਦੇ। (ਵਿਘਨ) ਇਸ ਬਾਰੇ ਪਰੋਪੋਜ਼ਲ ਚੱਲ ਰਹੀ, ਹੈ ਪਰ ਇਸ ਵਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਪੀ. ਸੀ. ਐਸ. ਕਾਡਰ ਦੀਆਂ ਚੋਣਾਂ ਹੁੰਦੀਆਂ ਹਨ। ਇਸ ਵਾਸਤੇ ਉਥੇ ਕੋਈ ਸੀਨੀਅਰ ਮੋਸਟ ਆਈ. ਏ. ਐਸ. ਅਫਸਰ ਹੋਣਾ ਜ਼ਰੂਰੀ ਹੈ। ਮੇਰੀ ਆਪਣੀ ਰਾਏ ਵਿਚ ਚੀਫ ਸੈਕਟਰੀ ਤੋਂ ਘਟ ਰੈਂਕ ਦਾ ਅਫਸਰ ਇਸ ਲਈ ਨਹੀਂ ਹੋਣਾ ਚਾਹੀਦਾ। ਪਬਲਿਕ ਸਰਵਿਸ ਕਮਿਸ਼ਨ ਜਿਸ ਵੇਲੇ ਪੀ. ਸੀ. ਐਸ. ਕਾਡਰ ਦੀ ਸਿਲੈਕਸ਼ਨ ਕਰੇ ਤਾਂ ਇਨ੍ਹਾਂ ਦੀ ਸਿਲੈਕਟਿਡ ਐਡਵਾਈਸ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ। ਇਨ੍ਹਾਂ ਦਾ ਉਸ ਵੇਲੇ ਮੌਜੂਦ ਹੋਣਾ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਦੀ ਡਿਸ-ਪੋਜ਼ਲ ਉਤੇ 50% ਮਾਰਕਸ ਹੋਣੇ ਚਾਹੀਦੇ ਹਨ। ਜੋ ਐਕਸਪਰਟ ਉਥੇ ਮੌਜੂਦ ਹੁੰਦਾ ਹੈ, ਉਸਦਾ ਉਥੇ ਇਫੈਕਟਿਵਲੀ ਮੌਜੂਦ ਹੋਣਾ ਬਹੁਤ ਜ਼ਰੂਰੀ ਹੈ। ਬਾਕੀ ਇਸ ਦਾ ਇਕ ਹੋਰ ਇਲਾਜ ਹੈ ਕਿ ਜਦੋਂ ਪੈਨਲ ਬਣਦਾ ਹੈ ਕਮਿਸ਼ਨ ਵਲੋਂ, ਫਰਜ਼ ਕਰੋ ਇਰੀਗੇਸ਼ਨ ਡਿਪਾਰਟਮੈਂਟ ਲਈ, ਫਾਰੇਸਟ ਡਿਪਾਰਟਮੈਂਟ ਲਈ ਜਾਂ ਰੈਵੇਨਿਊ ਡਿਪਾਰਟਮੈਂਟ ਲਈ ਅਫਸਰ ਚੁਣਨੇ ਹੁੰਦੇ ਹਨ ਤਾਂ ਉਸ ਲਈ ਜੋ ਪੈਨਲ ਬਣਦੇ ਹਨ, ਇਹ ਪੈਨਲ ਸਬੰਧਤ ਡਿਪਾਰਟ-ਮੈਂਟ ਨਾਲ ਕਨਸਲਟੇਸ਼ਨ ਕਰਕੇ ਫਿਰ ਬਣਾਉਣੇ ਚਾਹੀਦੇ ਹਨ। ਜਿਸ ਢੰਗ ਨਾਲ ਅੱਜ ਪੈਨਲ ਬਣਾਏ ਜਾ ਰਹੇ ਹਨ, ਇਹ ਢੰਗ ਗਲਤ ਹੈ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੀ. ਸੀ. ਐਸ. ਨੂੰ ਇਫੈਕਟਿਵ ਅਦਾਰਾ ਬਣਾਉਣ ਵਾਸਤੇ ਰਿਜ਼ਲਟ ਕਾਰਡ ਨਹੀਂ ਭੇਜਣੇ ਚਾਹੀਦੇ ਬਲਕਿ ਰਿਜ਼ਲਟ ਸ਼ਾਇਆ ਕੀਤਾ ਜਾਣਾ ਚਾਹੀਦਾ ਹੈ। ਇੰਟਰਵਿਊਜ਼ ਔਰ ਵਾਈਵਾ ਦਾ ਵੀ ਰਿਜ਼ਲਟ ਸ਼ਾਇਆ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਕਿਸੇ ਹੱਦ ਤਕ ਪੁਜ਼ੀਸ਼ਨ ਠੀਕ ਹੋ ਸਕਦੀ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ ਜੀ।

ਕਾਮਰੇਡ ਰਾਜ ਕੁਮਾਰ: ਡਿਪਟੀ ਸਪੀਕਰ ਸਾਹਿਬ, ਜਿਹੜਾ ਮੈਂਬਰ ਬਣਾਇਆ ਜਾਏ ਉਸਦੇ ਅੰਦਰ ਕੁਝ ਕੰਟੇਨਮੈਂਟ ਜ਼ਰੂਰ ਚਾਹੀਦੀ ਹੈ ਐਵੇਂ ਮੈਂਬਰ ਬਣਾ ਦਿੱਤਾ ਜਾਏ, ਇਹ ਸ਼ਾਇਦ ਕਾਂਸਟੀਚਿਊਸ਼ਨ ਦਾ ਕੋਈ ਮਕਸਦ ਨਹੀਂ ਹੈ। ਬਲਕਿ ਇਨ੍ਹਾਂ ਦੇ ਦਿਮਾਗ ਵਿਚ ਕੁਝ ਹੋਏ ਜਿਨ੍ਹਾਂ ਨੇ ਭਰਤੀ ਕਰਨੀ ਹੈ ਕਿ ਕਿਸ ਮਕਸਦ ਨਾਲ ਭਰਤੀ ਕਰਨੀ

ਹੈ । ਜਿੰਨਾ ਚਿਰ ਉਨ੍ਹਾਂ ਮੈਂਬਰਾਂ ਦੇ ਦਿਮਾਗ ਵਿਚ ਇਹ ਚੀਜ਼ਾਂ ਨਹੀਂ ਹੋਣਗੀਆਂ ਉਤਨਾ ਚਿਰ ਸਿਲੈਕਸ਼ਨ ਠੀਕ ਨਹੀਂ ਹੋਏਗੀ ਅੌਰ ਇਹ ਸਟਾਪ ਗੈਪ ਅਰੇਂਜਮੈਂਟ ਬਣ ਕੇ ਹੀ ਰਹਿ ਜਾਏਗਾ । ਮੈਂ ਗੌਰਮਿੰਟ ਨੂੰ ਕਹਾਂਗਾ ਕਿ ਇਸ ਸਬੰਧ ਵਿਚ ਗੌਰਮਿੰਟ ਆਪਣਾ ਫਰਜ਼ ਸਮਝੇ ਅੌਰ ਇਸ ਲਈ ਰਿਕਰੂਟਿੰਗ ਏਜੰਸੀ ਨੂੰ ਠੀਕ ਤਰ੍ਹਾਂ ਬਣਾਉਣ ਲਈ ਕਦਮ ਚੁੱਕੇ । ਹਾਲੇ ਤਕ ਅੱਛੀ ਰਿਕਰੂਟਿੰਗ ਏਜੰਸੀ ਕਾਇਮ ਕਰਨ ਵਿਚ ਇਹ ਫੇਲ੍ਹ ਹੋਏ ਹਨ । 1976 ਵਿਚ, ਡਿਪਟੀ ਸਪੀਕਰ ਸਾਹਿਬ, ਇਕ ਸਿਲੈਕਸ਼ਨ ਹੋਈ ਇੰਟਰਵਿਊਜ਼ ਹੋਈਆਂ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੀ. ਸੀ. ਐਸ. ਕਾਡਰ ਲਈ 1976 ਵਿਚ ਇੰਟਰਵਿਊਜ਼ ਸ਼ੁਰੂ ਕਰਕੇ 1978 ਵਿਚ ਪੀ. ਸੀ. ਐਸ. (ਐਗਜ਼ੈਕਟਿਵ) ਦੀ ਭਰਤੀ ਕਰਨਾ, ਇਹ ਕਿਥੋਂ ਤੱਕ ਠੀਕ ਬਣਦਾ ਹੈ । (ਵਿਘਨ) ਮੈਂ ਐਗਜ਼ੈਕਟ ਡੇਟਸ ਦੱਸਦਾ ਹਾਂ । ਅਗਸਤ, 1976 ਵਿਚ ਉਨ੍ਹਾਂ ਦਾ ਰਿਟਨ ਟੈਸਟ ਹੋਇਆ ਅੌਰ ਦਸੰਬਰ, 1978 ਵਿਚ ਵਾਈਵਾ ਹੋਇਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦੋ ਸਾਲ ਦੇ ਪੀਰੀਅਡ ਵਿਚ ਕੁਝ ਨਹੀਂ ਕੀਤਾ ਗਿਆ, ਇਹ ਕਿਸ ਦੀ ਇੰਟਰਵੈਨਸ਼ਨ ਦਾ ਰਿਜ਼ਲਟ ਹੈ ? ਇਹ ਦੋ ਸਾਲ ਕੰਮ ਰੁਕਿਆ ਰਹਿਣਾ ਜ਼ਾਹਿਰ ਕਰਦਾ ਹੈ ਕਿ ਕੋਈ ਨਾ ਕੋਈ ਸਿੰਪਟਮ ਹੈ ਜਿਸ ਕਾਰਨ ਇਹ ਕੰਮ ਰੁਕੇ ਰਹੇ । ਗੌਰਮਿੰਟ ਹੋਰ ਕਈ ਮਾਮਲਿਆਂ ਵਿਚ ਪੂਰੀਆਂ ਵਕੈਂਸੀਜ਼ ਨੋਟੀਫਾਈ ਨਹੀਂ ਕਰਦੀ ਅੌਰ ਜਿਥੋਂ ਤਕ ਮੁਮਕਿਨ ਹੋ ਸਕੇ ਪਬਲਿਕ ਸਰਵਿਸ ਕਮਿਸ਼ਨ ਨੂੰ ਐਵਾਇਡ ਕੀਤਾ ਜਾਂਦਾ ਹੈ । ਇਸੇ ਤਰ੍ਹਾਂ ਹੀ ਪਬਲਿਕ ਸਰਵਿਸ ਕਮਿਸ਼ਨ ਵੀ ਵਾਚ ਕਰਦਾ ਹੈ ਗੌਰਮਿੰਟ ਦੇ ਬੀਹੇਵੀਅਰ ਨੂੰ ਅੌਰ ਉਹ ਸਮਝਦਾ ਹੈ ਕਿ ਜਦੋਂ ਸਾਨੂੰ ਸਰਕਾਰ ਐਵਾਇਡ ਕਰਦੀ ਹੈ ਤਾਂ ਜੋ ਸਾਡੇ ਤੇ ਰਿਸਪਾਂਸੀਬਿਲਟੀ ਹੈ ਉਸ ਨੂੰ ਅਸੀਂ ਐਵਾਇਡ ਕਰੀਏ । ਇਸ ਦਾ ਨਤੀਜਾ ਇਹ ਹੋਇਆ ਹੈ ਕਿ ਪਬਲਿਕ ਸਰਵਿਸ ਕਮਿਸ਼ਨ ਲੋਕਾਂ ਦੀਆਂ ਨਜ਼ਰਾਂ ਵਿਚ ਆਪਣੀ ਇੰਟੇ-ਗਰਿਟੀ ਖੋਹ ਬੈਠਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਇਸ ਗੱਲ ਦਾ ਜਿਊਂਦਾ ਜਾਗਦਾ ਸਬੂਤ ਹੈ ਕਿ ਅੱਜ ਦਰੁਸਤ ਆਦਮੀ ਉਥੇ ਨਹੀਂ ਹਨ ਜਿਸ ਕਰਕੇ ਐਸੀ ਅਵਸਥਾ ਆ ਗਈ ਹੈ ਕਿ ਸਾਨੂੰ ਆਪਣੇ ਕੰਨਾਂ ਨਾਲ ਸੁਣਨਾ ਪੈ ਰਿਹਾ ਹੈ ਕਿ ਜੇਕਰ ਕਿਸੇ ਨੇ ਪੀ. ਸੀ. ਐਸ. ਵਾਸਤੇ ਭਰਤੀ ਹੋਣਾ ਹੈ ਤਾਂ ਇਸ ਲਈ ਰੇਟਸ ਮੁਕੱਰਰ ਹਨ । ਪੀ. ਸੀ. ਐਸ. ਦੀਆਂ ਮੁਖਤਲਿਫ ਪੋਸਟਾਂ ਦੀ ਭਰਤੀ ਵਾਸਤੇ ਰੇਟਸ ਮੁਕੱਰਰ ਹਨ । ਮੈਂ ਆਪਣੇ ਵਲੋਂ ਕੁਝ ਨਹੀਂ ਕਹਿ ਸਕਦਾ ਕਿਉਂਕਿ ਮੇਰੇ ਕੋਲ ਕਨਕਰੀਟ ਸਬੂਤ ਕਿਸੇ ਦੇ ਖਿਲਾਫ ਐਲੀਗੇਸ਼ਨ ਲਗਾਉਣ ਵਾਸਤੇ ਇਸ ਵੇਲੇ ਨਹੀਂ ਹੈ । ਪਰ ਆਖਿਰ ਜਿਹੜਾ ਚਰਚਾ ਚਲ ਰਿਹਾ ਹੈ ਇਸ ਦੇ ਪਿਛੇ ਕੋਈ ਚੀਜ਼ ਹੈ । ਇਸ ਲਈ ਮੇਰੀ ਡੀਮਾਂਡ ਹੈ ਕਿ ਪਬਲਿਕ ਸਰਵਿਸ ਕਮਿਸ਼ਨ ਅੰਦਰ ਜੋ ਕੁਝ ਪਿਛਲੇ ਛੇ ਸਾਲਾਂ ਅੰਦਰ ਹੋਇਆ ਹੈ ....(ਵਿਘਨ)

ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਾਡੀ ਪਾਰਟੀ ਦੀ ਮੈਜਾਰਿਟੀ ਹੈ । ਇਨ੍ਹਾਂ ਨੂੰ ਐਨਾ ਟਾਈਮ ਦਿੱਤਾ ਜਾ ਰਿਹਾ ਹੈ । ਸਾਨੂੰ ਵੀ ਟਾਈਮ ਮਿਲਣਾ ਚਾਹੀਦਾ ਹੈ (ਵਿਘਨ) (ਸ਼ੋਰ)

ਇਕ ਆਵਾਜ਼ : ਤੁਹਾਡੀ ਕੋਈ ਮੈਜਾਰਟੀ ਨਹੀਂ ਹੈ । ਇਸ ਵੇਲੇ ਗਿਣਤੀ ਦੇ ਮੈਂਬਰ ਸਾਹਿਬਾਨ ਤੁਹਾਡੀ ਪਾਰਟੀ ਦੇ ਇਥੇ ਬੈਠੇ ਹਨ । (ਵਿਘਨ) ।

ਕਾਮਰੇਡ ਰਾਜ ਕੁਮਾਰ : ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਰਿਪੋਟਾਂ ਤੇ ਬਹਿਸ ਨਹੀਂ ਕੀਤੀ ਗਈ। ਇਸ ਲਈ ਮੈਂ ਚਾਹਵਾਂਗਾ ਕਿ ਜੋ ਰਿਪੋਰਟਾਂ ਇਸ ਹਾਊਸ ਵਿਚ ਪੇਸ਼ ਹੋਣ ਉਨ੍ਹਾਂ ਤੇ ਡਿਸਕਸ਼ਨ ਹੋਇਆ ਕਰੇ। ਇਸ ਲਈ ਇਸ ਹਾਊਸ ਦੀ ਰਿਸਪਾਂਸੀਬਿਲਿਟੀ ਹੈ। ਮੈਂ ਕਹਿੰਦਾ ਹਾਂ ਕਿ ਗੁਰਦੇਵ ਸਿੰਘ ਕਮਿਸ਼ਨ ਦੀ ਰਿਪੋਟ ਹੈ, ਜਿਸ ਨੂੰ ਕਿ ਮਾਨਯੋਗ ਮੁੱਖ ਮੰਤਰੀ ਜੀ ਨੇ ਪੇਸ਼ ਕੀਤਾ ਪਰ ਅੱਜ ਤਕ ਉਸ ਰਿਪੋਰਟ ਤੇ ਡਿਸਕਸ਼ਨ ਨਹੀਂ ਹੋਈ। (ਵਿਘਨ) ਲੱਖਾਂ ਰੁਪਏ ਖਰਚ ਕਰਨ ਤੋਂ ਬਾਅਦ ਵੀ ਇਹ ਇਨ੍ਹਾਂ ਰਿਪੋਰਟਾਂ ਤੇ ਡਿਸਕਸ਼ਨ ਕਰਨ ਨੂੰ ਤਿਆਰ ਨਹੀਂ ਹਨ। (ਸ੍ਰੀ ਸੰਤ ਰਾਮ ਸਿੰਗਲਾ ਵਲੋਂ ਵਿਘਨ) ਜਦੋਂ ਵੀ ਗੁਰਦੇਵ ਸਿੰਘ ਕਮਿਸ਼ਨ ਦੀ ਗੱਲ ਆਉਂਦੀ ਹੈ ਤਾਂ ਸਿੰਗਲਾ ਜੀ ਬੋਲ ਪੈਂਦੇ ਹਨ। ਛਾਗਾਨੀ ਕਮਿਸ਼ਨ ਦੀ ਰਿਪੋਰਟ ਤੇ ਵੀ ਬਹਿਸ ਕਰਾਓ ਅਤੇ ਗੁਰਦੇਵ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਵੀ ਬਹਿਸ ਕਰਾਓ। (ਵਿਘਨ) ਇਹ ਨਹੀਂ ਕਿ ਜਦੋਂ ਸੂਟ ਕੀਤਾ ਤਾਂ ਇਨਕੁਆਇਰੀ ਕਰਵਾ ਲਈ। (ਵਿਘਨ)

Mr. Deputy Speaker: Please wind up.

ਕਾਮਰੇਡ ਰਾਜ ਕੁਮਾਰ: ਪਬਲਿਕ ਸਰਵਿਸ ਕਮਿਸ਼ਨ ਦੇ ਅੰਦਰ ਬੜੀ ਚਿੰਤਾਜਨਕ ਹਾਲਤ ਪੈਦਾ ਹੋਈ ਹੋਈ ਹੈ। ਇਸ ਸਾਰੀ ਅਵਸਥਾ ਨੂੰ ਦੇਖਣਾ ਚਾਹੀਦਾ ਹੈ। ਗਵਰਨਰ ਐਪੁਆਇਂਟਡ ਬਾਡੀ ਹੈ। ਉਸ ਨੂੰ ਅਸੀਂ ਹਟਾ ਨਹੀਂ ਸਕਦੇ। ਪਬਲਿਕ ਸਰਵਿਸ ਕਮਿਸ਼ਨ ਵਿਚ ਇਸ ਹਾਊਸ ਦੀ ਇੰਟਰਵੈਨਸ਼ਨ ਵਧਾਉਣੀ ਚਾਹੀਦੀ ਹੈ। ਹਾਊਸ ਦੀ ਕਮੇਟੀ ਬਣਾਈ ਜਾਵੇ ਜਿਹੜੀ ਕਿ ਪਬਲਿਕ ਸਰਵਿਸ ਕਮਿਸ਼ਨ ਵਿਚ ਜੋ ਕੁਝ ਹੋ ਰਿਹਾ ਹੈ, ਉਸ ਦੀ ਜੋ ਫੰਕਸ਼ਨਿੰਗ ਹੈ ਉਸ ਦੀ ਉਹ ਕਮੇਟੀ ਬਾਰੇ ਇਨਕੁਆਇਰੀ ਕਰੇ। (ਘੰਟੀ) ਐਨਾ ਕੁਝ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ (ਬਟਾਲਾ): ਡਿਪਟੀ ਸਪੀਕਰ ਸਾਹਿਬ, ਅਸੀਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ 1978-79 ਸਾਲ ਦੀ ਰਿਪੋਰਟ ਤੇ ਬਹਿਸ ਕਰ ਰਹੇ ਹਾਂ। ਇਹ ਉਸ ਪੀਰੀਅਡ ਦੀ ਰਿਪੋਰਟ ਹੈ ਜਿਸ ਵੇਲੇ ਪੰਜਾਬ ਵਿਚ ਅਕਾਲੀ-ਜਨਤਾ ਪਾਰਟੀਆਂ ਦਾ ਰਾਜ ਸੀ। ਡਿਪਟੀ ਸਪੀਕਰ ਸਾਹਿਬ, 7 ਲੱਖ ਰੁਪਏ ਤੋਂ ਉਪਰ ਅਸੀਂ ਉਨ੍ਹਾਂ ਦੀ ਸੈਲਰੀ ਤੇ ਖਰਚ ਕੀਤਾ ਹੈ। 1894 ਪੋਸਟਾਂ ਐਡਵਰਟਾਈਜ਼ ਕੀਤੀਆਂ ਸਨ ਪਰ ਇਨ੍ਹਾਂ ਵਿਚੋਂ ਭਰੀਆਂ ਗਈਆਂ 1389 ਪੋਸਟਾਂ। 505 ਪੋਸਟਾਂ ਛੱਡ ਦਿੱਤੀਆ ਗਈਆਂ, ਉਹ ਭਰੀਆਂ ਨਹੀਂ ਗਈਆਂ। ਇਹ 505 ਪੋਸਟਾਂ ਕਿਹੜੀਆਂ ਸਨ? ਮੈਂ ਦੱਸਦਾ ਹਾਂ ਕਿ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਲਈ ਰਿਜ਼ਰਵੇਸ਼ਨ ਹੈ। ਸ਼ਡਿਊਲਡ ਕਾਸਟਸ ਵਾਸਤੇ ਰਿਜ਼ਰਵੇਸ਼ਨ 25% ਹੈ, ਬੈਕਵਰਡ ਕਲਾਸਿਜ਼ ਲਈ ਰਿਜ਼ਰਵੇਸ਼ਨ 5% ਹੈ ਅਤੇ ਐਕਸ-ਮਿਲਟਰੀਮੈਨ ਲਈ ਰਿਜ਼ਰਵੇਸ਼ਨ 20% ਹੈ। ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਨੇ ਪੋਸਟਾਂ ਭਰਨੀਆਂ ਹੀ ਨਹੀਂ ਤਾਂ ਰਿਜ਼ਰਵੇਸ਼ਨ ਕਿਸ ਚੀਜ਼ ਦੀ ਹੋਈ? ਇਥੇ ਸ਼ਡਿਊਲਡ ਕਾਸਟਸ ਮੈਂਬਰ ਸਾਹਿਬਾਨ ਜਿਵੇਂ ਕਿ ਚੌਧਰੀ ਜਗਜੀਤ ਸਿੰਘ, ਸਰਦਾਰ ਦਰਸ਼ਨ ਸਿੰਘ ਕੇ. ਪੀ. ਧੰਨੋਵਾਲੀਆ ਜੀ ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਸਵਾਲ ਕੀਤਾ ਸੀ ਕਿ ਸਰਵਿਸਿਜ਼ ਵਿਚ ਕਿੰਨੇ ਹਰੀਜਨ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਭਰਤੀ ਹੀ ਨਹੀਂ ਕਰਨੀ ਤਾਂ ਹਰੀਜਨਾਂ ਦੀ ਗਿਣਤੀ ਕਿਵੇਂ ਵੱਧ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਕੰਸਟੀਚਿਊਸ਼ਨ ਦੀ ਕਰੀਏਸ਼ਨ ਹੈ ਜਿਹੜਾ ਇਸ ਦਾ ਮੈਂਬਰ ਬਣ ਜਾਵੇ ਉਸ ਨੂੰ ਅਸੀਂ ਕਰਿਟੀਸਾਈਜ਼ ਨਹੀਂ ਕਰਦੇ।

ਜੇ ਅਸੀਂ ਉਸ ਨੂੰ ਕਢਣਾ ਹੋਵੇ ਤਾਂ ਉਸ ਨੂੰ ਇੰਪੀਚ ਕਰਕੇ ਉਸ ਦੇ ਖਿਲਾਫ ਮੋਸ਼ਨ ਦੇ ਕੇ ਉਸ ਦਾ ਕਿਰਦਾਰ ਡਿਸਕੱਸ ਕਰਕੇ ਉਸ ਨੂੰ ਕੱਢਿਆ ਜਾ ਸਕਦਾ ਹੈ । ਪਰ ਇਹ ਵੀ ਸਾਡੀ ਅਥਾਰਟੀ ਵਿਚ ਨਹੀਂ ਹੈ । ਸਾਡੇ ਕੋਲ ਰਿਕਮੈਂਡਿੰਗ ਅਥਾਰਟੀ ਹੈ । ਪਰ ਇਹ ਕੁਝ ਕਿਉਂ ਨਹੀਂ ਹੋਇਆ, ਇਸ ਦਾ ਕਾਰਨ ਕੀ ਸੀ । (ਵਿਘਨ) ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਦੇ ਦਿਮਾਗ ਵਿਚ ਇਹ ਸੀ ਕਿ ਪਬਲਿਕ ਸਰਵਿਸ ਕਮਿਸ਼ਨ ਦੇ ਜਿਹੜੇ ਮੈਂਬਰ ਹਨ ਉਹ ਕਾਂਗਰਸ ਦੇ ਵੇਲੇ ਦੇ ਭਰਤੀ ਕੀਤੇ ਹੋਏ ਸਨ । (ਵਿਘਨ) ਇਥੇ ਰਾਜ ਕੁਮਾਰ ਨੇ ਠੀਕ ਕਿਹਾ ਹੈ ਕਿ ਟੈਸਟ ਹੋ ਗਿਆ ਪਰ ਇੰਟਰਵਿਊ ਨਹੀਂ ਕੀਤੀ । ਬੀ. ਡੀ. ਓਜ਼ ਦੀਆਂ 13 ਪੋਸਟਾਂ ਸਨ, ਟੈਸਟ ਹੋ ਗਿਆ, 195 ਬੰਦੇ ਪਾਸ ਹੋ ਗਏ ਪਰ, ਡਿਪਟੀ ਸਪੀਕਰ ਸਾਹਿਬ, ਇੰਟਰਵਿਊ ਨਹੀਂ ਹੋਈ । ਅਸਿਸਟੈਂਟ ਡਿਸਟ੍ਰਿਕਟ ਇੰਡਸਟਰੀਜ਼ ਆਫੀਸਰ, ਡਿਸਟ੍ਰਿਕਟ ਇੰਡਸਟਰੀਜ਼ ਆਫੀਸਰ ਅਤੇ ਅਸਿਸਟੈਂਟ ਡਾਇਰੈਕਟਰ ਇੰਡਸਟਰੀਜ਼ ਦੀਆਂ 11 ਪੋਸਟਾਂ ਹਨ, ਟੈਸਟ ਹੋ ਗਿਆ ਪਰ ਇੰਟਰਵਿਊ ਨਹੀਂ ਹੋਈ । ਇੰਟਰਵਿਊ ਕਿਉਂ ਨਹੀਂ ਹੋਈ ? ਇਸ ਦੇ ਪਿਛੇ ਵੀ ਕੋਈ ਟੈਂਡੈਂਸੀ ਸੀ । (ਵਿਘਨ) ਮੈਂ ਪਹਿਲਾਂ ਵੀ ਦੱਸਿਆ ਹੈ ਕਿ 1894 ਪੋਸਟਾਂ ਐਡਵਰਟਾਈਜ਼ ਕੀਤੀਆਂ ਗਈਆਂ ਪਰ 505 ਪੋਸਟਾਂ ਭਰੀਆਂ ਨਹੀਂ ਗਈਆਂ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪਿਛਲੀ ਸਾਡੀ ਸਰਕਾਰ ਨੇ 150 ਦੇ ਕਰੀਬ ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਐਡਹਾਕ ਬੇਸਿਜ਼ ਤੇ ਭਰਤੀ ਕੀਤੇ ਸਨ । ਉਹ ਪਬਲਿਕ ਸਰਵਿਸ ਕਮਿਸ਼ਨ ਨੂੰ ਜਾਣੇ ਸੀ ਪਰ ਨਹੀਂ ਘੱਲੇ ਗਏ । ਇਸ ਦਾ ਵੀ ਕੋਈ ਮਤਲਬ ਹੈ । ਪਹਿਲੇ ਤਾਂ ਪੂਰੀਆਂ ਪੋਸਟਾਂ ਪਬਲਿਕ ਸਰਵਿਸ ਕਮਿਸ਼ਨ ਨੂੰ ਰੈਫਰ ਨਹੀਂ ਹੋਈਆਂ ਪਰ ਜੇ ਹੋਈਆਂ ਤਾਂ ਭਰੀਆਂ ਨਹੀਂ ਗਈਆਂ । ਇਸ ਤਰ੍ਹਾਂ ਹਰੀਜਨਾਂ ਨੂੰ ਰਿਜ਼ਰਵੇਸ਼ਨ ਜਿਹੜੀ ਮਿਲਣੀ ਸੀ ਉਹ ਖਾਲੀ ਰਹੀ । ਟੈਸਟ ਹੋ ਗਿਆ ਪਰ ਇੰਟਰਵਿਊ ਨਹੀਂ ਹੋਈ । ਡਿਪਟੀ ਸਪੀਕਰ ਸਾਹਿਬ, ਕੁਝ ਪੋਸਟਾਂ ਪਬਲਿਕ ਸਰਵਿਸ ਕਮਿਸ਼ਨ ਦੇ ਪਰਵਿਊ ਵਿਚੋਂ ਕੱਢਣ ਦਾ ਯਤਨ ਕੀਤਾ ਗਿਆ । ਇਕ ਪਲਾਂਡ ਤਰੀਕੇ ਨਾਲ ਕੈਂਪੇਨ ਸ਼ੁਰੂ ਹੋਈ । (ਵਿਘਨ) ਡਿਪਟੀ ਸਪੀਕਰ ਸਾਹਿਬ, ਕਿਸੇ ਨੇ ਪੁਛਿਆ ਕਿ ਪ੍ਰਾਪੇਗੰਡਾ ਕੀ ਹੁੰਦਾ ਹੈ ਤਾਂ ਉਸ ਨੇ ਕਿਹਾ ਕਿ ਐਨੀ ਵਾਰੀ ਝੂਠ ਬੋਲੋ ਕਿ ਲੋਕ ਝੂਠ ਨੂੰ ਸੱਚ ਮੰਨਣ ਲੱਗ ਪੈਣ । ਇਹ ਇਨ੍ਹਾਂ ਦੀ ਗੱਲ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਕ ਕੈਂਪੇਨ ਸ਼ੁਰੂ ਹੋਈ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਦੇ ਮੁਤੱਲਕ ਅਤੇ ਉਨ੍ਹਾਂ ਨੂੰ ਲੈਟ ਡਾਊਨ ਕਰਨ ਦੀ ਕੋਸ਼ਿਸ਼ ਕੀਤੀ ਗਈ । ਫਿਰ ਦਲਾਲ ਫਿਰਨੇ ਸ਼ੁਰੂ ਹੋਏ । ਉਹ ਲੋਕਾਂ ਨੂੰ ਕਹਿਣ ਲਗੇ ਕਿ ਅਸੀਂ ਤੁਹਾਡਾ ਕੰਮ ਕਰਾ ਦਿਆਂਗੇ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਕੁਝ ਲੋਕ ਜਿਹੜੇ ਉਸ ਵੇਲੇ ਦੀ ਸਰਕਾਰ ਦੇ ਵਿਚ ਸਨ ਉਹ ਉਥੇ ਯਾਰਾਂਦਾਰੀ ਦੇ ਵਿਚ ਫਿਰਦੇ ਰਹਿੰਦੇ ਸਨ ਅਤੇ ਲੋਕਾਂ ਨੂੰ ਕਹਿੰਦੇ ਸਨ ਕਿ ਪਬਲਿਕ ਸਰਵਿਸ ਕਮਿਸ਼ਨ ਨੇ ਕੀ ਕਰਨਾ ਹੈ ਅਸੀਂ ਤੁਹਾਨੂੰ ਭਰਤੀ ਕਰਾ ਦਿਆਂਗੇ । (ਵਿਘਨ) ਲੋਕਾਂ ਨੂੰ ਕਿਹਾ ਗਿਆ ਕਿ ਸਾਡੇ ਆਖੇ ਨਹੀਂ ਲਗੋਗੇ ਤਾਂ ਅਸੀਂ ਇੰਟਰਵਿਊ ਨਹੀਂ ਹੋਣ ਦਿਆਂਗੇ । ਡਿਪਟੀ ਸਪੀਕਰ ਸਾਹਿਬ, ਇੰਪਾਰਟੈਂਟ ਪੋਸਟਾਂ ਦੇ ਇੰਟਰਵਿਊ ਹੋਏ ਅਤੇ ਸੌਦੇ ਹੋਏ । ਮੈਂ ਕਿਸੇ ਮੈਂਬਰ ਦਾ ਨਾਮ ਨਹੀਂ ਲੈਂਦਾ । (ਵਿਘਨ) ਮੈਂ ਇਹ ਨਹੀਂ ਕਹਿੰਦਾ ਕਿ ਉਹ ਸਾਰੇ ਦੇਵਤੇ ਹਨ ਪਰ ਬਦਕਿਸਮਤੀ ਦੀ ਗੱਲ ਹੈ ਕਿ ਅੱਜ ਕੀ ਮਹੌਲ ਬਣ ਗਿਆ ਹੈ । ਅੱਜ ਲੋਕਾਂ ਨੂੰ ਪਬਲਿਕ ਸਰਵਿਸ ਕਮਿਸ਼ਨ ਤੋਂ ਇਨਸਾਫ ਦੀ ਤਵੱਕੋ ਹੱਟ ਗਈ ਹੈ । ਲੋਕਾਂ ਦੇ ਦਿਮਾਗ ਵਿਚ ਵਹਿਮ ਪੈਦਾ ਹੋ ਗਿਆ ਹੈ । ਲੋਕ ਐਪਲੀਕੇਸ਼ਨ ਦਿੰਦਿਆਂ ਸਾਰ ਹੀ, ਇੰਟਰਵਿਊ ਦਿੰਦਿਆਂ ਸਾਰ ਹੀ ਤੁਰ ਪੈਂਦੇ ਹਨ ਕਿ ਕੋਈ

[ਸ਼੍ਰੀ ਗੋਪਾਲ ਕ੍ਰਿਸ਼ਨ ਚਤੱਰਥ]

ਸਿਫਾਰਸ਼ ਲੱਭੀਏ ਔਰ ਆ ਕੇ ਸੌਦਾ ਕਰਨ ਦਾ ਯਤਨ ਕਰਦੇ ਹਨ । ਇਹ ਅਨਫਾਰਚੂਨੇਟ ਹਾਲਤ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਤਰ੍ਹਾਂ ਪਬਲਿਕ ਸਰਵਿਸ ਕਮਿਸ਼ਨ ਵਿਚ ਕਰ ਦਿਉ । ਇਸ ਦੇ ਮੈਂਬਰ ਵਧਾ ਦਿਓ । ਇੰਟਰਵਿਊ ਵਾਲੇ ਦਿਨ ਕਿਸੇ ਬੰਦੇ ਨੂੰ ਪਤਾ ਨਹੀਂ ਹੋਣਾ ਚਾਹੀਦਾ ਕਿ ਉਸ ਨੇ ਕਿਸ ਮੈਂਬਰ ਦੇ ਪੇਸ਼ ਹੋਣਾ ਹੈ । ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਇਕ ਮੈਂਬਰ ਦਾ ਕੋਰਮ ਹੈ। ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵਿਚ ਕੀ ਹੁੰਦਾ ਹੈ ਕਿ ਕੈਂਡੀਡੇਟ ਨੂੰ ਪਤਾ ਨਹੀਂ ਹੁੰਦਾ ਕਿ ਉਸ ਨੇ ਕਿਸ ਮੈਂਬਰ ਦੇ ਪੇਸ਼ ਹੋਣਾ ਹੈ ਫਿਰ ਉਹ ਸੌਦਾ ਕਿਸ ਨਾਲ ਕਰੇਗਾ । ਉਹ ਦਲਾਲ ਕਿਸ ਤਰ੍ਹਾਂ ਲੱਭੇਗਾ । ਇਸ ਤਰ੍ਹਾਂ ਹੀ ਸਾਡੇ ਪਬਲਿਕ ਸਰਵਿਸ ਕਮਿਸ਼ਨ ਵਿਚ ਵੀ ਹੋਣਾ ਚਾਹੀਦਾ ਹੈ । ਸਾਡਾ ਪਬਲਿਕ ਸਰਵਿਸ ਕਮਿਸ਼ਨ ਲੋਕਾਂ ਵਿਚ ਕੰਫੀਡੈਂਸ ਪੈਦਾ ਕਰੇ । ਕਲਾਸ ਵੰਨ ਅਤੇ ਕਲਾਸ ਟੂ ਦੇ ਅਫਸਰਾਂ ਦੀ ਜਿਹੜੀ ਭਰਤੀ ਹੁੰਦੀ ਹੈ, ਉਨ੍ਹਾਂ ਵਿਚ ਜਿਹੜੇ ਕੁਰੱਪਟ ਅਫ਼ਸਰ ਹੁੰਦੇ ਹਨ ਉਹ ਕਹਿੰਦੇ ਹਨ ਕਿ ਅਸੀਂ 50 ਹਜ਼ਾਰ ਰੁਪਿਆ ਦੇ ਕੇ ਲੱਗੇ ਹਾਂ ਇਸ ਲਈ ਅਸੀਂ ਹੁਣ ਇਹ ਪੂਰਾ ਕਰਨਾ ਹੈ । ਇਸ ਪਾਸੇ ਧਿਆਨ ਕਰਨਾ ਚਾਹੀਦਾ ਹੈ । ਸਾਡੇ ਵੀ ਇਥੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਤਰ੍ਹਾਂ ਹੋਣਾ ਚਾਹੀਦਾ ਹੈ । ਸਾਡੇ ਮਨਿਸਟਰ ਸਾਹਿਬ ਬੈਠੇ ਹਨ, ਮੈਂ ਉਨ੍ਹਾਂ ਨੂੰ ਸੁਝਾਓ ਦਿਆਂਗਾ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਤਰ੍ਹਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਵਧਾ ਦਿਓ । ਜਿਸ ਦਿਨ ਇੰਟਰਵਿਊ ਹੋਣੀ ਹੁੰਦੀ ਹੈ ਉਸ ਦਿਨ ਅੱਧੇ ਘੰਟੇ ਤੋਂ ਪਹਿਲਾਂ ਕੈਂਡੀਡੇਟ ਨੂੰ ਪਤਾ ਨਾ ਲਗੇ ਕਿ ਉਸ ਨੇ ਕਿਸ ਮੈਂਬਰ ਦੇ ਪੇਸ਼ ਹੋਣਾ ਹੈ । ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵਿਚ ਕੀ ਹੁੰਦਾ ਹੈ ਕਿ ਉਥੇ 11-12 ਮੈਂਬਰ ਬੈਠੇ ਹੁੰਦੇ ਹਨ, ਉਹ ਲਾਟਰੀ ਕੱਢਦੇ ਹਨ, ਜਿਸ ਮੈਂਬਰ ਕੋਲ ਜਿਸ ਕੈਂਡੀਡੇਟ ਦਾ ਨਾਮ ਆਉਂਦਾ ਹੈ ਉਸ ਕੋਲ ਉਸ ਨੂੰ ਭੇਜ ਦਿੰਦੇ ਹਨ । ਸਾਡੇ ਵੀ ਇਥੇ ਇਸ ਪਾਸੇ ਧਿਆਨ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਐਕਸ-ਆਰਮੀਮੈਨ, ਜਿਵੇਂ ਕਿ ਕੈਪਟਨ ਅਤੇ ਮੇਜਰ ਰਿਟਾਇਰ ਹੋ ਕੇ ਕਈ ਕਲਰਕ ਲੱਗੇ ਹੋਏ ਹਨ ਅਤੇ ਕਈ ਸਕੂਲ ਮਾਸਟਰ ਲੱਗੇ ਹੋਏ ਹਨ । ਦੂਜੇ ਪਾਸੇ ਪੋਸਟਾਂ ਖਾਲੀ ਪਈਆਂ ਹਨ । ਐਕਸ-ਆਰਮੀਮੈਨ ਜਿਹੜਾ 10-15 ਸਾਲ ਦੀ ਸਰਵਿਸ ਕਰਕੇ ਕੈਪਟਨ ਰਿਹਾ ਜਾਂ ਮੇਜਰ ਰਿਹਾ ਕੀ ਉਹ ਆ ਕੇ 700-800 ਦੀ ਪੋਸਟ ਦੇ ਯੋਗ ਨਹੀਂ ? ਚੰਗੀਆਂ ਦਰਜੀਆਂ ਪੋਸਟਾਂ ਨਿਕਲਦੀਆਂ ਹਨ, ਪੋਸਟਾਂ ਖਾਲੀ ਹਨ, ਉਨ੍ਹਾਂ ਦਾ ਟੈਸਟ ਲਵੋ ਅਤੇ ਜਿਹੜੇ ਟੈਸਟ ਵਿਚੋਂ ਪਾਸ ਹੋਣ ਉਨ੍ਹਾਂ ਨੂੰ ਮੈਰਿਟ ਦੇ ਮੁਤਾਬਿਕ ਲਗਾਉਣ ਚਾਹੀਦਾ ਹੈ । ਜਿਹੜੇ ਐਕਸ-ਆਰਮੀਮੈਨ ਸ਼ਡਿਊਲਡ ਕਾਸਟਸ ਹਨ, ਬੈਕਵਰਡ ਕਲਾਸਿਜ਼ ਦੇ ਹਨ ਉਨ੍ਹਾਂ ਨੂੰ ਸਰਵਿਸ ਦੇਣ ਲਈ ਖਾਸ ਤੌਰ ਤੇ ਯਤਨ ਕਰਨੇ ਚਾਹੀਦੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਕਰਨਾ ਚਾਹੁੰਦਾ ਹਾ । ਮੇਰੇ ਮਾਨਯੋਗ ਸਾਥੀ ਨੇ ਇਥੇ ਇਹ ਗਲ ਕਹੀ ਸੀ ਕਿ ਡੀਪਾਰਟਮੈਂਟਲ ਨਾਮੀਨੀ ਜਾਂਦਾ ਹੈ । ਮੈਂ ਰਿਕੁਐਸਟ ਕਰਾਂਗਾ ਕਿ ਇਹ ਪ੍ਰੋਵੀਜ਼ਨ ਹੈ ਕਿ ਬਾਹਰੋਂ ਐਕਸਪਰਟ ਮੰਗਵਾ ਸਕਦੇ ਹਾਂ । ਜੇ ਕੋਈ ਡੀਪਾਰਟਮੈਂਟਲ ਐਕਸਪਰਟ ਜਾਂਦਾ ਹੈ ਤਾਂ ਉਹ ਜਿਸ ਕਿਸੇ ਵਿਚ ਇੰਟਰਸਟਿਡ ਹੁੰਦਾ ਹੈ ਉਸ ਨੂੰ 'ਏ' ਕਲਾਸ ਅਤੇ ਦੂਜਿਆਂ ਨੂੰ 'ਬੀ' ਕਲਾਸ ਦੇ ਦਿੰਦਾ ਹੈ । ਪਹਿਲਾਂ 5 ਨੰਬਰ ਦੇਣ ਦੀ ਗੱਲ ਸੀ ਹੁਣ ਕਲਾਸੀਫੀਕੇਸ਼ਨ ਕਰ ਦਿੱਤੀ ਗਈ ਹੈ । ਪਹਿਲਾਂ ਤਾਂ ਉਹ ਸਿਰਫ ਸੁਜੈਸ਼ਨ ਦੇ

ਸਕਦਾ ਸੀ, ਆਪਣੀ ਓਪੀਨੀਅਨ ਦੇ ਸਕਦਾ ਸੀ ਹੁਣ ਉਸ ਨੂੰ ਵੀਟੋ ਪਾਵਰ ਦੇ ਦਿੱਤੀ ਗਈ ਹੈ। ਇਸ ਵੀਟੋ ਪਾਵਰ ਦੇਣ ਦੇ ਨਾਲ ਸਤਿਆਨਾਸ ਕਰ ਦਿੱਤਾ ਹੈ। ਉਹ ਡੀ-ਕਲਾਸੀਫਾਈ ਕਰ ਦਿੰਦਾ ਹੈ। ਭਾਵੇਂ ਕਿਸੇ ਨੂੰ ਪਬਲਿਕ ਸਰਵਿਸ ਕਮਿਸ਼ਨ ਜਿਤਨੇ ਮਰਜ਼ੀ ਨੰਬਰ ਦੇਵੇ ਪਰ ਉਹ ਡੀਪਾਰਟਮੈਂਟਲ ਨਾਮੀਨੀ ਡੀਕਲਾਸੀਫਾਈ ਕਰ ਸਕਦਾ ਹੈ (ਵਿਘਨ) It is hundred per cent correct. ਮੈਂ ਅਰਜ਼ ਕਰਾਂਗਾ ਕਿ ਕਾਮਰੇਡ ਰਾਜ ਕੁਮਾਰ ਜੀ ਨੇ ਜੋ ਕੁਝ ਕਿਹਾ ਹੈ ਮੈਂ ਉਨ੍ਹਾਂ ਨਾਲ ਸਹਿਮਤ ਹਾਂ ਕਿ ਡੀਪਾਰਟਮੈਂਟਲ ਨਾਮੀਨੀ ਨੂੰ ਨੰਬਰ ਦੇਣ ਵਾਸਤੇ ਦਿਓ ਤਾਕਿ ਉਹ ਨੰਬਰ ਦੇ ਸਕੇ, ਪਰ ਜਿਸ ਤਰ੍ਹਾਂ ਮੈਂ ਉਪਰ ਦੱਸਿਆ ਹੈ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਬੜਾ ਰੌਲਾ ਹੈ ਕਿ ਇੰਪਲਾਈਜ਼ ਦੇ ਜੋ ਸਰਵਿਸ ਰੂਲਜ਼ ਬਣਦੇ ਹਨ ਉਨ੍ਹਾਂ ਦੀ ਪਬਲਿਕ ਸਰਵਿਸ ਕਮਿਸ਼ਨ ਅਪਰੂਵਲ ਦਿੰਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਹੈਰਾਨ ਰਹਿ ਜਾਂਦਾ ਹਾਂ ਇਹ ਦੇਖ ਕੇ ਜਿਹੜੇ ਰੂਲਜ਼ ਹਨ ਉਹ ਬਦਕਿਸਮਤੀ ਨਾਲ ਨੋਟੀਫਾਈ ਜਿਹੜੇ ਹੋ ਗਏ ਅਗਰ ਉਸ ਦੇ ਵਿਚ ਕੋਈ ਅਮੈਂਡਮੈਂਟ ਲਿਆਉਣੀ ਹੋਵੇ ਤਾਂ ਉਸ ਦੇ ਲਈ ਪਬਲਿਕ ਸਰਵਿਸ ਕਮਿਸ਼ਨ ਦੀ ਓਪੀਨੀਅਨ ਦੀ ਲੋੜ ਪੈਂਦੀ ਹੈ, ਉਸ ਦੀ ਅਪਰੂਵਲ ਦੀ ਲੋੜ ਪੈਂਦੀ ਹੈ ਔਰ ਇਹ ਓਪੀਨੀਅਨ ਜਾਂ ਅਪਰੂਵਲ ਲੈਣ ਵਿਚ ਬਹੁਤ ਦੇਰ ਲਗ ਜਾਂਦੀ ਹੈ। ਮੈਂ ਐਗਜ਼ੈਂਪਲ ਇਸ ਸਿਲਸਿਲੇ ਵਿੱਚ ਇਕ ਦੇਣੀ ਚਾਹੁੰਦਾ ਹਾਂ। ਉਹ ਐਗਜ਼ੈਂਪਲ ਕੀ ਹੈ? ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਪਤਾ ਹੋਣਾ ਹੈ ਕਿ ਮੁਲਾਜ਼ਮਾਂ ਦੇ ਗਰੇਡ 1979 ਵਿਚ ਰਿਵਾਈਜ਼ ਹੋਏ ਸੀ ਔਰ ਉਹ 1 ਜਨਵਰੀ, 1978 ਤੋਂ ਲਾਗੂ ਹੋਏ ਸੀ। ਖਾਸ ਤੌਰ ਤੇ ਟੀਚਰਜ਼ ਦੀ ਮੈਂ ਗੱਲ ਕਰਨਾ ਚਾਹੁੰਦਾ ਹਾਂ ਕਿ ਨਵੇਂ ਗਰੇਡਾਂ ਵਿਚ ਕਈਆਂ ਦੀ ਐਫੀਸ਼ੈਂਸੀ ਬਾਰ ਆਉਂਦੀ ਸੀ। ਇਕ ਲੱਖ ਆਦਮੀ ਹੈ ਜਿਨ੍ਹਾਂ ਦੇ ਵਿਚ ਐਫੀਸ਼ੈਂਸੀ ਬਾਰ ਆ ਗਈ। ਉਹ ਸਾਰੀਆਂ ਪਾਵਰਜ਼ ਡੀ. ਪੀ. ਆਈ. ਕੋਲ ਹਨ ਔਰ ਉਨ੍ਹਾਂ ਪਾਵਰਾਂ ਨੂੰ ਥੱਲੇ ਯਾਨੀ ਹੇਠਲੇ ਲੈਵਲ ਤੇ ਦੇਣ ਲਈ ਪਬਲਿਕ ਸਰਵਿਸ ਕਮਿਸ਼ਨ ਦੀ ਲੋੜ ਹੈ। ਮੈਂ ਵਜ਼ੀਰ ਸਾਹਿਬ ਨੂੰ ਇਸ ਸਬੰਧ ਵਿਚ ਬੇਨਤੀ ਕਰਾਂਗਾ ਕਿ ਉਹ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਸਾਹਿਬ ਨੂੰ ਲਿਖਣ। ਇਹ ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿਉਂਕਿ ਇਸ ਦੇ ਨਾਲ ਇੰਪਲਾਈਜ਼ ਦੇ ਵਿੱਚ ਫਰੱਸਟਰੇਸ਼ਨ ਆਉਂਦੀ ਹੈ, ਮੁਲਾਜ਼ਮਾਂ ਦੇ ਵਿਚ ਅਸ਼ਾਂਤੀ ਆਉਂਦੀ ਹੈ ਕਿ ਜਿਨ੍ਹਾਂ ਦੇ ਗਰੇਡ 1979 ਵਿਚ ਰੀਵਾਈਜ਼ ਹੋਏ ਅਤੇ ਉਹ ਐਫੀਸ਼ੈਂਸੀ ਬਾਰ ਕਰਾਸ ਕਰ ਗਏ। ਇਨ੍ਹਾਂ ਗਰੇਡ ਰਿਵੀਜ਼ਨਜ਼ ਦੇ 1 ਜਨਵਰੀ, 1978 ਤੋਂ ਲਾਗੂ ਹੋਣ ਨਾਲ ਉਨ੍ਹਾਂ ਦੀਆਂ ਤਨਖਾਹਾਂ ਕੱਟੀਆਂ ਜਾ ਰਹੀਆਂ ਹਨ। ਜਿਹੜੀ ਪਬਲਿਕ ਸਰਵਿਸ ਕਮਿਸ਼ਨ ਨੇ ਓਪੀਨੀਅਨ ਦੇਣੀ ਹੈ, ਉਹ ਅਪਰੂਵਲ ਦੇਣੀ ਹੈ ਉਹ ਜਲਦੀ ਦੇਵੇ। ਜਿਹੜੀਆਂ ਪਾਵਰਜ਼ ਡੀ. ਪੀ. ਆਈ. ਕੋਲ ਹਨ ਉਹ ਪਾਵਰਾਂ ਲੋਅਰ ਰੈਂਕ ਤੇ ਦੇਣ ਦੀ ਮਨਜ਼ੂਰੀ ਪਬਲਿਕ ਸਰਵਿਸ ਕਮਿਸ਼ਨ ਨੇ ਦੇਣੀ ਹੈ। ਇਹੋ ਜਿਹੀਆਂ ਗੱਲਾਂ ਦੀ ਮਨਜ਼ੂਰੀ ਜਲਦੀ ਆਉਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਕੁਝ ਇਨ੍ਹਾਂ ਨੇ ਸਰਵਿਸ ਰੂਲਜ਼ ਜੋ ਹਨ ਉਹ ਪਿਛਲੇ ਸਾਲ ਮਨਜ਼ੂਰ ਕੀਤੇ ਹਨ ਲੇਕਿਨ ਉਹ ਕਿਹੜੇ ਕੀਤੇ ਹਨ? ਉਹ ਸਰਵਿਸ ਰੂਲਜ਼ ਹਨ ਜੋ 10-10, 20-20 ਜਾਂ 50-50 ਦੀ ਕੈਟੇਗਰੀਜ਼ ਦੇ ਹਨ। ਇਹ ਠੀਕ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਨੇ ਇਸ ਸਬੰਧ ਵਿਚ ਕੁਝ ਨਹੀਂ ਕੀਤਾ ਪਰ ਹੁਣ ਮੈਂ ਡਾਕਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਮੁਲਾਜ਼ਮਾਂ ਦੇ ਜੋ ਸਰਵਿਸ ਰੂਲਜ਼ ਹਨ ਉਹ

[ਸ੍ਰੀ ਗੋਪਾਲ ਕ੍ਰਿਸ਼ਨ ਚਤੱਰਥ]

ਜਲਦੀ ਤੋਂ ਜਲਦੀ ਕਰਵਾਉਣ । ਹੁਣ ਪੁਲਿਸ ਡੀਪਾਰਟਮੈਂਟ ਦੇ ਕੁਝ ਰੂਲਜ਼ ਬਣੇ ਹਨ । ਪੁਲਿਸ ਦਾ ਪੰਜਾਬ ਮੈਨੂੰਅਲ ਤਿਆਰ ਹੈ । ਇਹ ਨਾ ਹੋਵੇ ਕਿ ਪਹਿਲਾਂ ਪੰਜ ਸਾਲ ਡੀਪਾਰਟਮੈਂਟ ਨੇ ਲਾ ਦਿੱਤੇ ਔਰ ਹੁਣ ਉਹ ਸਾਲ ਆਪਣੇ ਕੋਲ ਲੈ ਕੇ ਬਹਿ ਜਾਣ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਰਿਕੁਐਸਟ ਕਰਾਂਗਾ ਕਿ ਰੂਲਜ਼ ਜਿਹੜੇ ਹਨ ਉਹ ਛੇਤੀ ਤੋਂ ਛੇਤੀ ਲਾਗੂ ਕਰਨ ।

ਇਕ ਹੋਰ ਅਰਜ਼, ਡਿਪਟੀ ਸਪੀਕਰ ਸਾਹਿਬ, ਮੈਂ ਕਰਨਾ ਚਾਹੁੰਦਾ ਹਾਂ ਪਿਛਲੇ ਦਿਨਾਂ ਵਿੱਚ ਇਸ ਗੱਲ ਦਾ ਜ਼ਿਕਰ ਆਇਆ ਸੀ ਕਿ ਇਕ ਅਫ਼ਸਰ ਜ਼ਿਲ੍ਹੇ ਦਾ ਸੀ ਉਸ ਦੀ ਅਪਰੂਵਲ ਦਾ ਕੇਸ ਉਸ ਵੇਲੇ ਦੀ ਸਰਕਾਰ ਨੇ ਭੇਜਿਆ ਸੀ । 1978 ਵਿਚ ਉਸ ਸਰਕਾਰ ਨੇ ਪਬਲਿਕ ਸਰਵਿਸ ਕਮਿਸ਼ਨ ਨੂੰ ਲਿਖ ਕੇ ਘੱਲਿਆ ਸੀ ਔਰ ਪਬਲਿਕ ਸਰਵਿਸ ਕਮਿਸ਼ਨ ਨੇ ਲਿਖਿਆ ਸੀ ਕਿ ਇਹ ਬੰਦਾ ਇਸ ਯੋਗ ਨਹੀਂ ਹੈ, ਇਸ ਨੂੰ ਨਾ ਲਾਇਆ ਜਾਵੇ । ਲੇਕਿਨ, ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਦੀ ਮਰਹੂਮ ਸਰਕਾਰ ਨੇ ਉਸ ਨੂੰ ਐਪੁਆਇੰਟਮੈਂਟ ਦੇ ਦਿੱਤੀ । ਇਹ ਬੜਾ ਸੀਰੀਅਸ ਮੈਟਰ ਹੈ । ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪਿਛਲੇ 2-3 ਸਾਲਾਂ ਵਿਚ ਪਬਲਿਕ ਸਰਵਿਸ ਕਮਿਸ਼ਨ ਦੀ ਐਡਵਾਈਸ ਦੇ ਉਲਟ ਜੋ ਐਪੁਆਇੰਟਮੈਂਟਸ ਹੋਈਆਂ ਹਨ ਉਨ੍ਹਾਂ ਨੂੰ ਦੁਬਾਰਾ ਦੇਖ ਲਿਆ ਜਾਵੇ । ਇਸ ਦੇ ਇਲਾਵਾ ਪ੍ਰੋਮੋਸ਼ਨਜ਼ ਦੇ ਕੇਸਿਜ਼ ਵਿੱਚ ਵੀ ਮੈਨੂੰ ਪਤਾ ਹੈ ਅਤੇ ਮੇਰੀ ਰੰਧਾਵਾ ਸਾਹਿਬ ਨਾਲ ਗੱਲ ਵੀ ਹੋਈ ਸੀ, ਡੀਪਾਰਮੈਂਟ ਦੇ ਬੰਦਿਆਂ ਦੇ ਪ੍ਰੋਮੋਸ਼ਨ ਦੇ ਕੇਸਿਜ਼ ਪਏ ਹਨ ਅਤੇ ਉਥੇ ਦੇ ਦਫ਼ਤਰ ਦੇ ਬੰਦੇ ਜੋ ਡੀਲ ਕਰਦੇ ਹਨ ਉਹ ਐਕਸਪੈਕਟ ਕਰਦੇ ਹਨ ਕਿ ਗਜ਼ਟਿਡ ਅਫ਼ਸਰ ਉਨ੍ਹਾਂ ਦੇ ਕੋਲ ਆਉਣ ਤਾਂ ਉਨ੍ਹਾਂ ਦੇ ਪ੍ਰੋਮੋਸ਼ਨ ਦੇ ਕੇਸਿਜ਼ ਘਲਾਂਗੇ । ਮੈਂ ਤੁਹਾਡੇ ਰਾਹੀਂ ਫਿਰ ਰਿਕੁਐਸਟ ਕਰਾਂਗਾ Either they should reject or they should accept. ਇਸ ਦੇ ਲਈ ਕੋਈ ਰੂਲ ਬਣਾ ਦਿਉ ਕਿ ਪਰਟੀਕੂਲਰ ਟਾਈਮ ਤਕ ਅਗਰ ਕੇਸਿਜ਼ ਵਾਪਿਸ ਨਹੀਂ ਆਉਂਦੇ, ਵਿਦਆਊਟ ਐਨੀ ਰੀਮਾਰਕਸ ਤਾਂ ਇਹੀ ਸਮਝਿਆ ਜਾਵੇ ਕਿ ਹੋ ਗਿਆ ਹੈ। ਫਿਰ ਜਿਹੜੇ ਓਬਜੈਕਸ਼ਨਜ਼ ਲਾਉਂਦੇ ਹਨ ਉਹ ਵੀ ਪੀਸ ਮੀਲ ਨਹੀਂ ਲਗਣੇ ਚਾਹੀਦੇ । ਜੇ ਇਹ ਓਬਜੈਕਸ਼ਨਜ਼ ਪੀਸ ਮੀਲ ਲਗਣ ਤਾਂ ਇਸ ਵਿਚ ਗੜ ਬੜ ਹੁੰਦੀ ਹੈ। ਓਬਜੈਕਸ਼ਨਜ਼ ਜੋ ਹਨ ਉਹ ਇਕੋ ਵਾਰੀ ਲਗਣ ਅਤੇ ਜੋ ਓਬਜੈਕਸ਼ਨਜ਼ ਲਗਣ ਉਹ ਜਦੋਂ ਦੂਰ ਹੋ ਕੇ ਚਲੇ ਜਾਣ ਤਾਂ within 30 days Public Service Commission must approve that. ਮੈਂ ਕਹਿੰਦਾ ਹਾਂ ਕਿ ਇਸ ਦੇ ਨਾਲ ਪਬਲਿਕ ਸਰਵਿਸ ਕਮਿਸ਼ਨ ਦਾ ਜੋ ਇਮੇਜ ਹੈ ਉਹ ਵੱਧਦਾ ਹੈ ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗਲ ਕਹਿਣਾ ਚਾਹੁੰਦਾ ਹਾਂ ਇੰਜੀਨੀਅਰਜ਼ ਔਰ ਡਾਕਟਰਜ਼ ਦੇ ਮੁਤੱਲਕ । ਇਸ ਵੇਲੇ ਸਾਡੇ ਕਿੰਨੇ ਹੀ ਵੈਟਰਨਰੀ ਹਸਪਤਾਲ ਖਾਲੀ ਪਏ ਹਨ ਅਤੇ ਉਹ ਪੋਸਟਾਂ ਵੀ ਪਬਲਿਕ ਸਰਵਿਸ ਕਮਿਸ਼ਨ ਨੇ ਭਰਨੀਆਂ ਹਨ । ਇਸ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਬੈਕ ਲਾਗ ਹੈ ਉਹ ਪੂਰਾ ਕੀਤਾ ਜਾਵੇ । ਇਕ ਸਾਲ ਵਿਚ 1800 ਭਰਤੀ ਕੀਤੇ ਗਏ ਹਨ । ਢਾਈ ਤਿੰਨ ਸਾਲ ਤੋਂ ਵੱਧ ਅਰਸਾ ਹੋ ਗਿਆ ਹੈ ਬਹੁਤ ਸਾਰੀਆਂ ਪੋਸਟਾਂ ਖਾਲੀ ਪਈਆਂ ਹਨ ਔਰ ਉਥੇ ਕੋਈ ਟੈਂਪਰੇਰੀ ਅਰੇਂਜਮੈਂਟ ਵੀ ਨਹੀਂ ਹੈ । ਇਸ ਲਈ ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ

ਸਾਹਿਬ, ਇਹ ਰਿਕੁਐਸਟ ਕਰਾਂਗਾ ਕਿ ਕੋਈ ਡੀਪਾਰਟਮੈਂਟਲ ਕਮੇਟੀ ਬਣਾ ਕੇ ਇਹ ਸਾਰੇ ਕੇਸਿਜ਼ ਪ੍ਰੋਸੈਸ ਕਰਵਾਏ । ਜਿਥੇ ਪਬਲਿਕ ਸਰਵਿਸ ਕਮਿਸ਼ਨ ਤੋਂ ਹੋਣ ਵਾਲੇ ਹਨ ਉਹ ਉਨ੍ਹਾਂ ਤੋਂ ਕਰਵਾਏ ਅਤੇ ਜਿਥੇ ਉਸ ਦੇ ਆਪਣੇ ਕਰਨ ਵਾਲੇ ਹਨ ਉਹ ਉਨ੍ਹਾਂ ਤੋਂ ਕਰਵਾਏ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਦਾ ਜੋ ਬੈਕ ਲਾਗ ਹੈ ਉਹ ਵੀ ਪੂਰਾ ਕੀਤਾ ਜਾਵੇ। ਉਨ੍ਹਾਂ ਦੀਆਂ ਕੁਆਲੀਫੀਕੇਸ਼ਨਜ਼ ਜੋ ਹਨ ਉਹ ਰਿਲੈਕਸ ਕਰਕੇ ਜਲਦੀ ਹੀ ਬੈਕ ਲਾਗ ਪੂਰਾ ਕਰ ਦਿਓ । ਜਦੋਂ ਤੁਸੀਂ ਹੁਣ ਹਰੀਜਨਾਂ ਨਾਲ ਨਹੀਂ ਭਰਨੀਆਂ ਤਾਂ ਉਨ੍ਹਾਂ ਵਿਚ ਫਰੱਸਟ੍ਰੇਸ਼ਨ ਹੁੰਦੀ ਹੈ । ਜਦੋਂ ਫਿਰ 8-10 ਸਾਲ ਬਾਅਦ ਭਰੀਆਂ ਜਾਣੀਆਂ ਹਨ ਤਾਂ ਉਸ ਵੇਲੇ ਫਿਰ ਕੋਈ ਜੂਨੀਅਰ ਬੰਦਾ ਉਪਰ ਹੋਵੇ ਤਾਂ ਉਸ ਵੇਲੇ ਫਰੱਸਟੇਸ਼ਨ ਹੋਵੇਗੀ । ਇਸ ਲਈ ਮੇਰੀ ਅਰਜ਼ ਹੈ ਕਿ ਇਧਰ ਧਿਆਨ ਦਿੱਤਾ ਜਾਵੇ । ਅਸੀਂ ਇਕ ਵਾਤਾਵਰਣ ਮੁਲਕ ਵਿਚ ਪੈਦਾ ਕਰਨਾ ਹੈ। ਮੈਨੂੰ ਖੁਸ਼ੀ ਹੈ ਕਿ ਅਕਾਲੀ ਮੈਂਬਰਜ਼ ਜੋ ਸਾਡੇ ਹਰੀਜਨ ਭਰਾ ਹਨ ਉਨ੍ਹਾਂ ਨੇ ਗੈਰਮਿੰਟ ਇੰਪਲਾਈਜ਼ ਦੀ ਬੜੀ ਗਲ ਕੀਤੀ ਹੈ ਕਿ ਹਰ ਕੈਟੇਗਰੀ ਵਿੱਚ ਜੋ ਸ਼ਡਿਊਲਡ ਕਾਸਟਸ ਨੂੰ ਬੀਲੌਂਗ ਕਰਦੇ ਹਨ ਉਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਕਰਨੀ ਚਾਹੀਦੀ ਹੈ । ਉਨ੍ਹਾਂ ਨੇ ਸ਼ਡਿਊਲਡ ਕਾਸਟਸ ਦੇ ਲਈ ਬੜਾ ਸਟੈਂਡ ਲਿਆ ਹੈ ਪਰ ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਤਿੰਨ ਸਾਲ ਪੰਜਾਬ ਵਿੱਚ ਰਹੀ ਹੈ ਉਦੋਂ ਇਨ੍ਹਾਂ ਦਾ ਇਹ ਸਟੈਂਡ ਕਿਥੇ ਗਿਆ ਸੀ ? ਉਦੋਂ ਪ੍ਰੋਮੋਸ਼ਨਾਂ ਕਿਉਂ ਨਹੀਂ ਦਿੱਤੀਆਂ, ਉਦੋਂ ਸਟੈਂਡ ਕਿਉਂ ਨਹੀਂ ਲਿਆ ? ਹਰੀਜਨਾਂ ਦੀਆਂ, ਸ਼ਡਿਊਲਡ ਕਾਸਟਸ ਦੀਆਂ ਜੋ ਪੋਸਟਾਂ ਖਾਲੀ ਰਖੀਆਂ ਗਈਆਂ ਸਨ ਉਹ ਇਨ੍ਹਾਂ ਨੇ ਜਾਣ ਬੁਝ ਕੇ ਖਾਲੀ ਰਖੀਆਂ ਸਨ । ਮੈਂ, ਡਿਪਟੀ ਸਪੀਕਰ ਸਾਹਿਬ, ਐਗਜ਼ੈਂਪਲ ਦੇਣਾ ਚਾਹੁੰਦਾ ਹਾਂ । ਫਿਜ਼ੀਕਲ ਐਜੂਕੇਸ਼ਨ ਵਿਚ ਲੈਕਚਰਰਜ਼ ਦੀਆਂ ਭਰਤੀ ਕਰਨ ਵਾਸਤੇ 36 ਪੋਸਟਾਂ ਸਨ ਜਿਹੜੀਆਂ ਹਰੀਜਨ ਮੈਂਬਰਜ਼ ਵਾਸਤੇ ਰਿਜ਼ਰਵ ਸਨ। 18 ਪੋਸਟਾਂ ਭਰੀਆਂ ਗਈਆਂ ਅਤੇ 19ਵੀਂ ਪੋਸਟ ਤੇ ਕਿਹਾ ਗਿਆ ਕਿ ਇਹ ਪੋਸਟ ਅਸੀਂ ਬਾਲਮੀਕੀ ਨਾਲ ਭਰਨੀ ਹੈ । ਇਸ ਕਰਕੇ ਬਾਕੀ ਖਾਲੀ ਰੱਖੀਆਂ ਗਈਆਂ । ਜੇ ਬਾਲਮੀਕੀ ਨਹੀਂ ਮਿਲਿਆ ਤਾਂ ਦੂਸਰੇ ਹਰੀਜਨਾਂ ਵਿਚੋਂ ਜਿਹੜੀ ਪੋਸਟ ਖਾਲੀ ਹੈ, ਉਹ ਭਰ ਦਿੱਤੀ ਜਾਵੇ (ਵਿਘਨ) (ਘੰਟੀ) ਮੈਂ ਡਾਕਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਇਹ ਕੇਸ ਮੰਗਵਾ ਕੇ ਦੇਖ ਲੈਣ। ਪੋਸਟਾਂ ਖਾਲੀ ਪਈਆਂ ਹਨ ਔਰ ਬੰਦੇ ਜੋ ਹਨ ਉਹ ਪਬਲਿਕ ਸਰਵਿਸ ਕਮਿਸ਼ਨ ਤੋਂ ਸਿਲੈਕਟ ਹੋ ਗਏ ਹਨ ਲੇਕਿਨ ਉਨ੍ਹਾਂ ਨੂੰ ਲਾਇਆ ਨਹੀਂ ਗਿਆ, ਪੋਸਟਾਂ ਭਰੀਆਂ ਨਹੀਂ ਗਈਆਂ ਜੇ ਕੋਈ ਬਾਲਮੀਕੀ ਭਰਾ ਮਿਲਦਾ ਹੈ ਤਾਂ ਉਸ ਨੂੰ ਲਾ ਦਿਓ । ਬਾਲਮੀਕੀ ਨੂੰ ਦੇਣ ਦੀ ਵਜ੍ਹਾ ਕਰਕੇ ਉਸ ਦੇ ਬਾਵਜੂਦ 18 ਪੋਸਟਾਂ ਖਾਲੀ ਪਈਆਂ ਹਨ ਤਾਂ ਕੀ ਵਜ੍ਹਾ ਹੈ ਕਿ ਜਦੋਂ ਉਹ ਟੈਸਟ ਪਾਸ ਕਰ ਗਏ ਹਨ, ਕੁਆਲੀਫੀਕੇਸ਼ਨਜ਼ ਪੂਰੀਆਂ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਉਂ ਨਾ ਲਾਇਆ ਜਾਵੇ ? ਮੈਂ ਇਹ ਇਕ ਐਗਜ਼ੈਂਪਲ ਦਿੱਤੀ ਹੈ । ਡਿਪਟੀ ਸਪੀਕਰ ਸਾਹਿਬ, ਇਨ ਸ਼ਾਰਟ ਮੈਂ ਇਹ ਗੱਲ ਕਹਾਂਗਾ ਕਿ ਆਓ ਯਤਨ ਕਰੀਏ ਕਿ ਜਿਹੜਾ ਪਬਲਿਕ ਸਰਵਿਸ ਕਮਿਸ਼ਨ ਦਾ ਇਮੇਜ ਹੈ ਲੋਕਾਂ ਦੀਆਂ ਨਜ਼ਰਾਂ ਵਿੱਚ ਉਸ ਨੂੰ ਉੱਚਾ ਕਰੀਏ । ਕੁਝ ਉਨ੍ਹਾਂ ਦੇ ਮੈਂਬਰਜ਼ ਵਧਾ ਦਿਓ ਔਰ ਉਹ ਬੜੇ ਐਕਸਪੀਰੀਐਂਸਡ ਮੈਂਬਰਜ਼ ਹੋਣੇ ਚਾਹੀਦੇ ਹਨ। (ਵਿਘਨ) ਮੈਂ ਅਰਜ਼ ਕਰਾਂਗਾ ਕਿ ਇਕ ਹਾਊਸ ਦੀ ਕਮੇਟੀ ਪਬਲਿਕ ਸਰਵਿਸ ਕਮਿਸ਼ਨ ਦੀ ਵਰਕਿੰਗ ਨੂੰ ਇੰਪਰੂਵ ਕਰਨ ਵਾਸਤੇ ਬਣਾ ਦਿੱਤੀ ਜਾਏ ਔਰ ਲੋਕਾਂ ਦੇ ਸੁਝਾਓ ਲੈਣੇ ਚਾਹੀਦੇ

[ਸ਼੍ਰੀ ਗੋਪਾਲ ਕ੍ਰਿਸ਼ਨ ਚਤੱਰਥ]

ਹਨ। ਜਿਹੜੀਆਂ ਪੋਸਟਾਂ ਇਹ ਫਿਲ ਅੱਪ ਨਹੀਂ ਕਰ ਸਕਦੇ ਜਿਸ ਤਰ੍ਹਾਂ ਅਸਿਸਟੈਂਟ ਡਿਸਟ੍ਰਿਕਟ ਅਟਾਰਨੀਜ਼ ਹਨ, ਬੀ. ਡੀ. ਪੀ. ਓਜ਼ ਹਨ, ਅਸਿਸਟੈਂਟ ਡਾਇਰੈਕਟਰਜ਼ ਹਨ, ਕਾਲਜ ਦੇ ਲੈਕਚਰਰਜ਼ ਹਨ, ਤਹਿਸੀਲਦਾਰ ਹਨ, ਨਾਇਬ ਤਹਿਸੀਲਦਾਰ ਹਨ, ਮੈਨੂੰ ਪਤਾ ਹੈ ਕਿ ਨਾਇਬ ਤਹਿਸੀਲਦਾਰਾਂ ਦਾ ਕੇਸ ਪਰੂਵਲ ਲਈ ਗਿਆ ਹੋਇਆ ਹੈ, 5 ਸਾਲ ਹੋ ਗਏ ਹਨ, ਇਹ ਪੋਸਟਾਂ ਪਬਲਿਕ ਸਰਵਿਸ ਕਮਿਸ਼ਨ ਦੇ ਪਰਵਿਊ ਵਿਚੋਂ ਕੱਢ ਲੈਣੀਆਂ ਚਾਹੀਦੀਆਂ ਹਨ। ਪੱਕੇ ਤੌਰ ਤੇ ਇਸ ਦੇ ਮੈਂਬਰਜ਼ ਵਧਾ ਕੇ ਪਬਲਿਕ ਸਰਵਿਸ ਕਮਿਸ਼ਨ ਦੀ ਵਰਕਿੰਗ ਵਿਚ ਚੇਂਜ ਕਰ ਦਿਓ। ਕਿਸੇ ਮੈਂਬਰ ਨੂੰ ਪਤਾ ਨਹੀਂ ਹੋਣਾ ਚਾਹੀਦਾ.... (ਵਿਘਨ)

Sardar Baldev Singh Maan : Sir, on a point of order....

Shri Gopal Krishan Chatrath : I do not give way. He can not ask information from me. He is no body to ask information from me.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਤਾਂ ਮੈਂਬਰ ਦਾ ਰਾਈਟ ਹੈ, ਉਸ ਨੂੰ ਇਜਾਜ਼ਤ ਮਿਲਣੀ ਚਾਹੀਦੀ ਹੈ।

ਸ੍ਰੀ ਡਿਪਟੀ ਸਪੀਕਰ : ਮਾਨ ਸਾਹਿਬ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

ਸਰਦਾਰ ਬਲਦੇਵ ਸਿੰਘ ਮਾਨ : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ, ਸ਼ੁਰੂ ਵਿਚ ਇਹ ਕਿਹਾ ਕਿ ਅਕਾਲੀ ਸਰਕਾਰ ਨੇ ਕੁਝ ਪੋਸਟਾਂ ਪਬਲਿਕ ਸਰਵਿਸ ਕਮਿਸ਼ਨ ਦੇ ਪਰਵਿਊ ਵਿਚੋਂ ਕੱਢ ਲਈਆਂ ਇਹ ਨਹੀਂ ਹੋਣਾ ਚਾਹੀਦਾ ਸੀ। (ਵਿਘਨ) ਪਰ ਹੁਣ ਇਹ ਕਹਿ ਰਹੇ ਹਨ ਕਿ ਪਬਲਿਕ ਸਰਵਿਸ ਕਮਿਸ਼ਨ ਦੇ ਪਰਵਿਊ ਵਿਚੋਂ ਕੁਝ ਪੋਸਟਾਂ ਕੱਢ ਲੈਣੀਆਂ ਚਾਹੀਦੀਆਂ ਹਨ। ਇਹ ਕੰਟਰਾਡਿਕਟਰੀ ਸਟੇਟਮੈਂਟ ਦੇ ਰਹੇ ਹਨ, ਇਨ੍ਹਾਂ ਨੂੰ ਕਹੋ ਕਿ ਇਕ ਗੱਲ ਤੇ ਸਟੈਂਡ ਕਰਨ।

ਸ੍ਰੀ ਗੋਪਾਲ ਕ੍ਰਿਸ਼ਨ ਚਤੱਰਥ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਏ. ਡੀ. ਏਜ਼. ਨੂੰ ਪੋਸਟ ਕੀਤਾ ਹੈ। ਉਹ ਇਨ੍ਹਾਂ ਦੀ ਜਾਨ ਨੂੰ ਰੋਂਦੇ ਫਿਰਦੇ ਹਨ। ਨਾ ਉਨ੍ਹਾਂ ਨੂੰ ਇਨ੍ਹਾਂ ਨੇ ਪੱਕਾ ਕੀਤਾ ਅਤੇ ਨਾ ਹੀ ਕੱਚਾ ਕੀਤਾ ਹੈ। ਉਨ੍ਹਾਂ ਦੀ 3-3 ਸਾਲਾਂ ਦੀ ਸਰਵਿਸ ਹੋ ਗਈ ਹੈ। ਮੈਂ ਕਹਿੰਦਾ ਹਾਂ ਕਿ ਇਕ ਸਿਲੈਕਸ਼ਨ ਕਮੇਟੀ ਬਣਾ ਕੇ ਉਨ੍ਹਾਂ ਨੂੰ ਲਗਾ ਦਿੱਤਾ ਜਾਏ। ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਹੱਕ ਦੀ ਗੱਲ ਕੀਤੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਕੇ ਬੈਠ ਜਾਂਦਾ ਹਾਂ।

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਬੜੇ ਅੱਛੇ ਮਾਹੌਲ ਵਿਚ ਪਬਲਿਕ ਸਰਵਿਸ ਕਮਿਸ਼ਨ ਦੀ ਰਿਪੋਰਟ ਤੇ ਬਹਿਸ ਚਲ ਰਹੀ ਹੈ। ਚਤੱਰਥ ਸਾਹਿਬ ਨੇ, ਰਾਜ ਕੁਮਾਰ ਜੀ ਨੇ ਅਤੇ ਪਾਂਧੀ ਸਾਹਿਬ ਨੇ ਵੀ ਬੜੇ ਅੱਛੇ ਸੁਝਾਓ ਦਿੱਤੇ ਹਨ ਪਰ ਇਹ ਜਿਹੜਾ ਕਿਸੇ ਦਾ ਨਾਂ ਲੈ ਕੇ ਅਟੈਕ ਕੀਤਾ ਜਾਂਦਾ ਹੈ ਉਸ ਸਬੰਧ ਵਿਚ ਮੈਂ ਇਕ ਰੂਲ

ਪੜ੍ਹਨਾ ਚਾਹੁੰਦਾ ਹਾਂ ਕਿ ਅਗਰ ਕਿਸੇ ਦਾ ਨਾਂ ਲੈ ਕੇ ਗੱਲ ਕੀਤੀ ਜਾਏ ਤਾਂ ਉਸੇ ਵਕਤ ਮਨਿਸਟਰ ਜਵਾਬ ਨਹੀਂ ਦੇ ਸਕਦਾ ਜਿੰਨਾ ਚਿਰ ਉਸ ਨੂੰ ਪਹਿਲੋਂ ਇਤਲਾਹ ਨਾ ਹੋਵੇ। ਰੂਲ 93-ਏ ਵਿਚ ਦਿੱਤਾ ਹੋਇਆ ਹੈ ਕਿ ਜਿਸ ਦਾ ਨਾਂ ਲੈਣਾ ਹੋਵੇ ਉਸ ਬਾਰੇ ਮਨਿਸਟਰ ਸਾਹਿਬ ਨੂੰ ਪਹਿਲਾਂ ਦੱਸਣਾ ਚਾਹੀਦਾ ਹੈ ਪਰ ਇਸੇ ਤਰ੍ਹਾਂ ਨਾਂ ਲੈਣਾ ਚੰਗੀ ਗੱਲ ਨਹੀਂ। ਹੁਣ ਮੈਂ ਰੂਲ 93-ਏ ਪੜ੍ਹ ਦਿੰਦਾ ਹਾਂ:—

"No allegation of a defamatory or incriminatory nature shall be made by a member against any person unless the member has given intimation at least one clear day in advance to the Speaker and also to the Minister concerned so that the Minister may be able to make an investigation into the matter for the purposes of a reply."

ਸੋ ਇਸ ਦਾ ਰਿਪਲਾਈ ਮਨਿਸਟਰ ਨਹੀਂ ਦੇ ਸਕਦਾ ਜਿੰਨਾ ਚਿਰ ਪਹਿਲਾਂ ਨਾ ਦੱਸਿਆ ਜਾਏ। ਇਸ ਤਰ੍ਹਾਂ ਨਾ ਕਰਕੇ ਇਹ ਕੋਈ ਚੰਗਾ ਪ੍ਰੀਸੀਡੈਂਟ ਕਾਇਮ ਨਹੀਂ ਕਰ ਰਹੇ। ਅੱਗੇ ਵਾਸਤੇ ਇਹ ਗੱਲ ਨਹੀਂ ਹੋਣੀ ਚਾਹੀਦੀ ਔਰ ਜੋ ਰਿਮਾਰਕਸ ਪਹਿਲਾਂ ਦਿੱਤੇ ਜਾ ਚੁੱਕੇ ਹਨ ਉਹ ਐਕਸਪੰਜ ਹੋਣੇ ਚਾਹੀਦੇ ਹਨ।

ਸ਼੍ਰੀ ਸੰਤ ਰਾਮ ਸਿੰਗਲਾ (ਸਮਾਣਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਪਬਲਿਕ ਸਰਵਿਸ ਕਮਿਸ਼ਨ ਕਾਂਸਟੀਚਿਊਸ਼ਨ ਵਿਚ ਪ੍ਰਵਾਈਡਿਡ ਹੈ। ਮੈਂ ਦੱਸਦਾ ਹਾਂ ਕਿ ਇਹ ਕਿਉਂ ਬਣਾਉਣ ਦੀ ਲੋੜ ਪਈ ? ਇਹ ਇਸ ਲਈ ਬਣਾਉਣ ਦੀ ਲੋੜ ਪਈ ਕਿਉਂਕਿ ਜਿਹੜੇ ਮੁਲਾਜ਼ਮ ਸਨ ਉਹ ਐਟ ਵਿੱਲ ਰੱਖੇ ਜਾਂਦੇ ਸਨ ਅਤੇ ਟਰਮੀਨੇਟ ਕੀਤੇ ਜਾਂਦੇ ਸਨ ਚੰਗੇ ਤਰੀਕੇ ਨਾਲ ਪੜ੍ਹੇ ਲਿਖੇ ਲੋਕ ਮੈਰਿਟ ਤੇ ਸਿਲੈਕਟ ਕੀਤੇ ਜਾਣ ਇਸ ਕਰਕੇ ਇਹ ਪਬਲਿਕ ਸਰਵਿਸ ਕਮਿਸ਼ਨ ਵਜੂਦ ਵਿਚ ਆਇਆ। ਪਾਂਧੀ ਸਾਹਿਬ ਨੇ ਇਸ ਦੀ ਵਰਕਿੰਗ ਤੇ ਅਤੇ ਐਪੁਆਇੰਟਮੈਂਟਸ ਤੇ ਟੀਕਾ ਟਿਪਣੀ ਕੀਤੀ ਹੈ। ਮੈਂ ਦੱਸਦਾ ਹਾਂ ਕਿ 1972 ਤੋਂ 1977 ਤੱਕ ਕਾਂਗਰਸ ਸਰਕਾਰ ਪੰਜਾਬ ਵਿਚ ਰਹੀ, ਗਿਆਨੀ ਜ਼ੈਲ ਸਿੰਘ ਜੀ ਮੁੱਖ ਮੰਤਰੀ ਸਨ। ਉਸ ਵਕਤ ਪੰਜਾਬ ਦਾ ਨਾਂ ਸਾਰੇ ਹਿੰਦੁਸਤਾਨ ਵਿਚ ਹਰ ਲਿਹਾਜ਼ ਵਿਚ ਹਰ ਸ਼ੋਭੇ ਵਿਚ ਚਮਕਿਆ। ਉਸ ਵਕਤ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਜਿਹੜੇ ਸਨ, ਉਹ ਉਸ ਤੋਂ ਪਹਿਲਾਂ ਡਾਇਰੈਕਟਰ, ਲੈਂਗੂਏਜ ਡਿਪਾਰਟਮੈਂਟ ਸਨ, ਉਨ੍ਹਾਂ ਦਾ ਨਾਂ ਗਿਆਨੀ ਲਾਲ ਸਿੰਘ ਸੀ। ਪੰਜਾਬ ਵਿਚ ਉਨ੍ਹਾਂ ਨੇ ਪੰਜਾਬੀ ਨੂੰ ਉਚਾ ਸਥਾਨ ਦਿਵਾਇਆ ਸੀ। ਉਹ ਪੰਜਾਬੀ ਦੇ ਇਤਿਹਾਸ ਤੋਂ ਪੂਰੀ ਪੂਰੀ ਵਾਕਫੀਅਤ ਰੱਖਦੇ ਸਨ। ਇਸ ਤੋਂ ਇਲਾਵਾ ਉਹ ਪੰਜਾਬੀ ਰਿਲੀਜਨ ਅਤੇ ਦੂਜੇ ਰਿਲੀਜਨ ਦੀ ਵੀ ਵਾਕਫੀਅਤ ਰੱਖਦੇ ਸਨ। ਉਹ ਇਕ ਮਹਾਨ ਸ਼ਖਸੀਅਤ ਸਨ ਜਿਨ੍ਹਾਂ ਨੂੰ ਚੇਅਰਮੈਨ ਬਣਾਇਆ ਗਿਆ ਸੀ। ਦੂਸਰੇ ਚੇਅਰਮੈਨ ਸਨ ਪ੍ਰੋਫੈਸਰ ਯਸ਼ਵੰਤ ਰਾਏ ਬਾਂਸਲ, ਜਿਹੜੇ ਕਿ ਪ੍ਰਜਾ ਮੰਡਲ ਮੂਵਮੈਂਟ ਵਿਚ ਰਹੇ ਸਨ, ਜਿਨ੍ਹਾਂ ਨੇ ਸਟੇਟਾਂ ਦੇ ਖਿਲਾਫ, ਰਜਵਾੜਾਸ਼ਾਹੀ ਦੇ ਖਿਲਾਫ ਲੜਾਈ ਕੀਤੀ ਸੀ। ਤੀਸਰੇ ਚੇਅਰਮੈਨ ਹਨ ਸ੍ਰੀਮਤੀ ਸੰਤੋਸ਼ ਚੌਧਰੀ। ਉਹ ਇਕ ਹਰੀਜਨ ਨੌਜਵਾਨ ਲੇਡੀ ਹੈ, ਉਹ ਬੜੀ ਸੂਝਵਾਨ ਹੈ। ਪਹਿਲੀ ਵਾਰੀ ਪੰਜਾਬ ਵਿਚ ਇਕ ਹਰੀਜਨ ਲੇਡੀ ਨੂੰ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਲਗਾਇਆ। ਇਹ ਅਦਾਰਾ ਬਦਨਾਮ ਕਿਉਂ ਹੋਇਆ ? ਇਹ ਮੈਂ

[ਸ੍ਰੀ ਸੰਤ ਰਾਮ ਸਿੰਗਲਾ]

ਦੱਸਣਾ ਚਾਹੁੰਦਾ ਹਾਂ । 1970 ਵਿਚ ਜਦੋਂ ਕਾਂਗਰਸ ਦੀ ਸਰਕਾਰ ਪੰਜਾਬ ਵਿਚ ਟੁੱਟੀ ਅਤੇ ਅਕਾਲੀ ਜਨਤਾ ਪਾਰਟੀਆਂ ਦੀ ਸਰਕਾਰ ਆਈ ਤਾਂ ਉਸ ਨੇ ਜਿੰਨੇ ਕੰਮ ਪਹਿਲੀ ਸਰਕਾਰ ਨੇ ਕੀਤੇ ਸੀ ਉਨ੍ਹਾਂ ਨੂੰ ਕ੍ਰਿਟੀਸਾਈਜ਼ ਕਰਨਾ ਸ਼ੁਰੂ ਕਰ ਦਿੱਤਾ । ਜਿਹੜਾ ਪਹਿਲਾ ਚੇਅਰਮੈਨ ਸੀ ਜਾਂ ਮੈਂਬਰ ਸਨ ਉਨ੍ਹਾਂ ਸਾਰਿਆਂ ਨੂੰ ਹਟਾ ਦਿੱਤਾ ਸੀ । ਜਿਹੜਾ ਪਬਲਿਕ ਸਰਵਿਸ ਕਮਿਸ਼ਨ ਦਾ ਅਦਾਰਾ ਸੀ ਜਿਹੜਾ ਪੰਜਾਬ ਸਰਕਾਰ ਦਾ ਹਿੱਸਾ ਨਹੀਂ ਸੀ ਬਣ ਸਕਦਾ ਅਕਾਲੀ ਜਨਤਾ ਪਾਰਟੀਆਂ ਦੇ ਲੀਡਰਾਂ ਨੇ, ਚੀਫ ਮਨਿਸਟਰ ਸਾਹਿਬ ਨੇ ਉਨ੍ਹਾਂ ਦੇ ਖਿਲਾਫ ਝੂਠੇ ਮੁਕੱਦਮੇ ਰਜਿਸਟਰ ਕੀਤੇ ਔਰ ਇਸ ਤੋਂ ਇਲਾਵਾ ਸੈਂਕੜੇ ਝੂਠੇ ਮੁਕੱਦਮੇ ਕਾਂਗਰਸ ਦੇ ਲੀਡਰਾਂ ਅਤੇ ਵਰਕਰਾਂ ਤੇ ਕੀਤੇ ਗਏ । ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਅਤੇ ਚੇਅਰਮੈਨ ਦੀ ਪੋਜ਼ੀਸ਼ਨ ਇਕ ਜੱਜ ਵਰਗੀ ਸੀ । ਉਨ੍ਹਾਂ ਨੂੰ ਵੀ ਮੁਆਫ ਨਹੀਂ ਕੀਤਾ ਗਿਆ ਅਤੇ ਕੇਸ ਰਜਿਸਟਰ ਕੀਤੇ ਗਏ ਤਾਕਿ ਉਹ ਪਬਲਿਕ ਸਰਵਿਸ ਕਮਿਸ਼ਨ ਦੇ ਅਦਾਰੇ ਤੋਂ ਰਿਜ਼ਾਈਨ ਕਰ ਦੇਣ । ਜਿਹੜੇ ਮੈਂਬਰਜ਼ ਔਰ ਚੇਅਰਮੈਨ ਸਨ ਉਹ ਫੀਅਰਲੈੱਸ ਸਨ । ਉਹ ਗਰੀਡਲੈੱਸ ਅਤੇ ਹਰ ਕਿਸਮ ਦੇ ਲਾਲਚ ਤੋਂ ਉਪਰ ਸਨ । ਗਿਆਨੀ ਜ਼ੈਲ ਸਿੰਘ ਨੇ ਇਹੋ ਜਿਹੇ ਬੰਦੇ ਚੁਣ ਕੇ ਲਗਾਏ ਸਨ । ਪਰ ਅਕਾਲੀ-ਜਨਤਾਂ ਪਾਰਟੀਆਂ ਦੀ ਸਰਕਾਰ ਨੇ ਉਨ੍ਹਾਂ ਤੇ ਜਿੰਨਾ ਤਸ਼ੱਦਦ ਹੋ ਸਕਦਾ ਸੀ, ਕੀਤਾ । ਜਿਹੜੇ ਝੂਠੇ ਮੁਕੱਦਮੇ ਉਨ੍ਹਾਂ ਦੇ ਖਿਲਾਫ ਕੀਤੇ ਸਨ ਉਨ੍ਹਾਂ ਦਾ ਉਨ੍ਹਾਂ ਨੇ ਡੱਟ ਕੇ ਮੁਕਾਬਲਾ ਕੀਤਾ ਉਹ ਕਚਹਿਰੀਆਂ ਵਿਚ ਮੁਕੱਦਮੇ ਲੜੇ । ਅਕਾਲੀ-ਜਨਤਾ ਪਾਰਟੀਆਂ ਦੀ ਸਰਕਾਰ ਨੇ ਮੁਕੱਦਮੇ ਬਣਾ ਕੇ ਦਿੱਲੀ ਭੇਜੇ ਜਿੱਥੇ ਜਨਤਾ ਪਾਰਟੀ ਦੀ ਸਰਕਾਰ ਸੀ । ਉਨ੍ਹਾਂ ਨੇ ਰਾਸ਼ਟਰਪਤੀ ਤੋਂ ਇੰਪੀਚ ਕਰਾਉਣ ਦੀ ਕੋਸ਼ਿਸ਼ ਕੀਤੀ । ਲੇਕਿਨ ਚੂੰਕਿ ਝੂਠੇ ਮੁਕੱਦਮੇ ਸਨ ਇਸ ਲਈ ਹਿੰਦੁਸਤਾਨ ਦੀ ਸਰਕਾਰ ਨੇ ਉਨ੍ਹਾਂ ਮੁਕੱਦਮਿਆਂ ਤੇ ਕੋਈ ਗੌਰ ਨਾ ਕੀਤਾ ਔਰ ਉਨ੍ਹਾਂ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਅਤੇ ਜਿਹੜੇ ਮੈਂਬਰ ਸਨ ਅਤੇ ਚੇਅਰਮੈਨ ਸਨ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਇਆ । ਇਸ ਗੱਲ ਦਾ ਸਾਨੂੰ ਫਖਰ ਹੈ ।

ਡਿਪਟੀ ਸਪੀਕਰ ਸਾਹਿਬ, ਇਥੇ ਕੁਝ ਸੁਝਾਓ ਵੀ ਦਿੱਤੇ ਗਏ ਹਨ । ਇਥੇ ਕਿਹਾ ਗਿਆ ਹੈ ਕਿ ਕੁਝ ਪੋਸਟਾਂ ਸਾਨੂੰ ਪਬਲਿਕ ਸਰਵਿਸ ਕਮਿਸ਼ਨ ਦੇ ਪਰਵਿਊ ਵਿਚੋਂ ਕੱਢ ਲੈਣੀਆਂ ਚਾਹੀਦੀਆਂ ਹਨ । ਮੈਂ ਇਸ ਗੱਲ ਦੇ ਹੱਕ ਵਿੱਚ ਨਹੀਂ । ਇਸ ਅਦਾਰੇ ਨੂੰ ਕਮਜ਼ੋਰ ਨਹੀਂ ਕਰਨਾ ਚਾਹੀਦਾ । ਇਸ ਨੂੰ ਸਗੋਂ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ । ਜੇ ਕੋਈ ਇਸ ਦੀ ਫੰਕਸ਼ਨਿੰਗ ਵਿੱਚ ਤਰੁੱਟੀ ਹੈ ਤਾਂ ਉਸ ਨੂੰ ਦੂਰ ਕਰਨਾ ਚਾਹੀਦਾ ਹੈ । ਮੇਰੇ ਵੀਰ ਚਤੁੱਰਥ ਜੀ ਨੇ ਸੁਝਾਓ ਦਿੱਤਾ ਹੈ ਕਿ ਕਿਸੇ ਵੀ ਨੌਜਵਾਨ ਨੂੰ ਇਹ ਪਤਾ ਨਹੀਂ ਹੋਣਾ ਚਾਹੀਦਾ ਕਿ ਉਸ ਨੇ ਕਿਹੜੇ ਮੈਂਬਰ ਸਾਹਮਣੇ ਇੰਟਰਵਿਊ ਲਈ ਪੇਸ਼ ਹੋਣਾ ਹੈ । ਅਜਿਹਾ ਫਾਰਮੂਲਾ ਜ਼ਰੂਰ ਬਣਾਉਣਾ ਚਾਹੀਦਾ ਹੈ ਕਿ ਜਿਸ ਨੌਜਵਾਨ ਦੀ ਇੰਟਰਵਿਊ ਹੋਵੇ ਉਸਨੂੰ ਪਤਾ ਹੀ ਨਾ ਹੋਵੇ ਕਿ ਉਸ ਨੇ ਕਿਹੜੇ ਮੈਂਬਰ ਦੇ ਸਾਹਮਣੇ ਇੰਟਰਵਿਊ ਲਈ ਪੇਸ਼ ਹੋਣਾ ਹੈ । ਬਾਕੀ ਇੰਟਰਵਿਊ ਦੇ ਨੰਬਰ ਵੀ ਘੱਟ ਕਰ ਦੇਣੇ ਚਾਹੀਦੇ ਹਨ ਤਾਂਕਿ ਡਿਸਕਰੀਸ਼ਨ ਬਹੁਤ ਜ਼ਿਆਦਾ ਜੁਡੀਸ਼ੀਅਸਲੀ ਐਕਸਰਸਾਈਜ਼ ਹੋਵੇ ਅਤੇ ਉਸ ਦਾ ਏਰੀਆ ਵੀ ਸੀਮਤ ਹੋ ਜਾਵੇ । ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ . ਪਬਲਿਕ ਸਰਵਿਸ ਕਮਿਸ਼ਨ ਦੇ ਦਾਇਰੇ ਵਿਚੋਂ ਕੁਝ ਪੋਸਟਾਂ ਕੱਢ ਲਵਾਂਗੇ ਤਾਂ ਫਿਰ ਉਨ੍ਹਾਂ ਪੋਸਟਾ ਦੀਆਂ ਐਪੁਆ-ਇੰਟਮੈਂਟਸ ਵਿੱਚ ਪੁਲੀਟੀਕਲ ਪ੍ਰੈਸ਼ਰ ਚਲੇਗਾ । ਇਹ ਗਲਤ ਗੱਲ ਹੋਵੇਗੀ । ਪੀ. ਸੀ. ਐਸ.

ਅਤੇ ਦੂਸਰੇ ਐਡਮਨਿਸਟਰੇਸ਼ਨ ਨੂੰ ਚਲਾਉਣ ਵਾਲੇ ਅਫ਼ਸਰਾਂ ਦੀ ਨਿਯੁਕਤੀ ਇਮਪਾਰਸ਼ਲ ਤਰੀਕੇ ਨਾਲ ਹੋਣੀ ਚਾਹੀਦੀ ਹੈ ਤਾਂ ਕਿ ਉਹ ਸਾਰੇ ਲੋਕਾਂ ਨੂੰ ਇੱਕ ਰੂਪ ਵਿੱਚ ਵੇਖ ਸਕਣ ਅਤੇ ਉਨ੍ਹਾਂ ਦਾ ਵਿਉਹਾਰ ਸੱਭ ਨਾਲ ਇੱਕੋ ਜਿਹਾ ਹੋਵੇ । ਦੂਸਰੀ ਗੱਲ ਮੈਂ ਪਬਲਿਕ ਸਰਵਿਸ ਕਮਿਸ਼ਨ ਦੀ ਫੰਕਸ਼ਨਿੰਗ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਸਰਵਿਸਿਜ਼ ਤੁਹਾਡੇ ਸਾਹਮਣੇ ਹਨ । ਪੰਜਾਬ ਦੀਆਂ ਸਰਵਿਸਿਜ਼ ਬਹਾਦਰ, ਇਮਾਨਦਾਰ ਅਤੇ ਬਾਈ ਐਂਡ ਲਾਰਜ ਕਾਬਲ ਹਨ ਉਸ ਦੇ ਸਦਕਾ ਹੀ ਪੰਜਾਬ ਦਾ ਬਹੁਤ ਵੱਡਾ ਨਾਂ ਪੈਦਾ ਹੋਇਆ ਹੈ । ਇਹ ਅਫ਼ਸਰ ਇਸੇ ਪਬਲਿਕ ਸਰਵਿਸ ਕਮਿਸ਼ਨ ਨੇ ਚੁਣੇ ਹਨ ਜਿਸ ਨੂੰ ਮੇਰੇ ਵੀਰਾਂ ਨੇ ਕ੍ਰਿਟੀਸਾਈਜ਼ ਕੀਤਾ ਹੈ । ਜੇ ਅਜਿਹੇ ਚੰਗੇ ਅਤੇ ਕਾਬਲ ਅਫ਼ਸਰ ਨਾ ਚੁਣੇ ਗਏ ਹੁੰਦੇ ਤਾਂ ਪੰਜਾਬ ਵਿੱਚ ਹਰ ਪੱਖੋਂ ਤਰੱਕੀ ਕਿਸ ਤਰ੍ਹਾਂ ਹੋ ਸਕਦੀ ਸੀ । ਪਬਲਿਕ ਸਰਵਿਸ ਕਮਿਸ਼ਨ ਵਿੱਚ ਕੁਰੱਪਸ਼ਨ ਦੇ ਹੋਣ ਦਾ ਰੌਲਾ ਅਕਾਲੀ-ਜਨਤਾ ਸਰਕਾਰ ਵੇਲੇ ਪਾਇਆ ਗਿਆ ਸੀ ਤਾਂ ਕਿ ਲੋਕਾਂ ਵਿੱਚ ਅਜਿਹੀ ਹਵਾ ਪੈਦਾ ਕੀਤੀ ਜਾਵੇ ਕਿ ਪਬਲਿਕ ਸਰਵਿਸ ਕਮਿਸ਼ਨ ਕੁਰੱਪਟ ਹੈ, ਇਸ ਦੇ ਵਿਚ ਪੈਸੇ ਚਲਦੇ ਹਨ । ਅਜਿਹੀਆਂ ਗੱਲਾਂ ਕਰਨ ਦੀ ਬਜਾਏ ਕੋਈ ਸਬਸਟਾਂ-ਸ਼ੀਅਲ ਗੱਲ ਇਨ੍ਹਾਂ ਨੂੰ ਕਰਨੀ ਚਾਹੀਦੀ ਹੈ । ਇਹ ਲਿਖ ਕੇ ਦੇਣ ਕਿ ਫਲਾਣਾ ਬੰਦਾ ਕੁਰੱਪਟ ਹੈ, ਉਹ ਪੈਸੇ ਲੈਂਦਾ ਹੈ । ਮੈਂ ਉਮੀਦ ਕਰਦਾ ਹਾਂ ਕਿ ਸਾਡੀ ਸਰਕਾਰ ਉਸ ਆਦਮੀ ਦਾ ਲਿਹਾਜ਼ ਨਹੀਂ ਕਰੇਗੀ ਅਤੇ ਲਾਅ ਦੇ ਹੱਥ ਇਤਨੇ ਸਟਰੌਂਗ ਹਨ ਕਿ ਕੁਰੱਪਟ ਆਦਮੀ ਨੂੰ ਸਪੇਅਰ ਨਹੀਂ ਕੀਤਾ ਜਾਵੇਗਾ ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਦੇ ਬਾਰੇ ਮੇਰੇ ਸਾਥੀਆਂ ਨੇ ਬੜੇ ਚੰਗੇ ਵਿਚਾਰ ਪ੍ਰਗਟ ਕੀਤੇ ਹਨ । ਮੈਂ ਵੀ ਇਸ ਬਹਿਸ ਵਿੱਚ ਥੋੜਾ ਜਿਹਾ ਹਿੱਸਾ ਪਾਉਣਾ ਚਾਹੁੰਦਾ ਹਾਂ । ਸੱਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਆਪਣੇ ਸਾਰੇ ਸਮਾਜ ਦੇ ਅੰਦਰ ਅਤੇ ਖਾਸ ਕਰਕੇ ਪੰਜਾਬ ਦੇ ਸਮਾਜ ਦੇ ਅੰਦਰ ਜੋ ਕੁਰੱਪਸ਼ਨ ਚਲ ਰਹੀ ਹੈ, ਉਹ ਸਾਰੀ ਇਸ ਪਬਲਿਕ ਸਰਵਿਸ ਕਮਿਸ਼ਨ ਦਾ ਹੀ ਪਰਛਾਵਾਂ ਹੈ । ਜਿਤਨੇ ਵੀ ਅਫ਼ਸਰ ਚੁਣੇ ਗਏ ਹਨ ਉਹ ਸਾਰੇ ਇਸੇ ਕਮਿਸ਼ਨ ਨੇ ਚੁਣੇ ਹਨ । ਇਨ੍ਹਾਂ ਅਫ਼ਸਰਾਂ ਨੇ ਆਪਣੀ ਸਿਲੈਕਸ਼ਨ ਵੇਲੇ ਸੌਦੇ ਕੀਤੇ । ਉਸ ਤੋਂ ਬਾਅਦ ਜਦੋਂ ਉਹ ਲੱਗ ਜਾਂਦੇ ਹਨ ਤਾਂ ਫਿਰ ਉਹ ਰਿਸ਼ਵਤ ਲੈਣਾ ਆਪਣਾ ਰਾਈਟ ਸਮਝਦੇ ਹਨ । ਉਹ ਅੱਜ ਮੂੰਹ ਨਾਲ ਪੈਸੇ ਮੰਗਦੇ ਹਨ । ਉਹ ਕਹਿੰਦੇ ਹਨ ਕਿ ਜੇ ਪੈਸੇ ਦਿਉਗੇ ਤਾਂ ਕੰਮ ਕਰਾਂਗੇ । ਇਸ ਦਾ ਇਲਾਜ ਕੀ ਹੋ ਸਕਦਾ ਹੈ ? ਇਸ ਦਾ ਇਲਾਜ ਇਹ ਹੈ ਕਿ ਰਾਜਾਂ ਨੂੰ ਵੱਧ ਅਧਿਕਾਰ ਦੇਣੇ ਚਾਹੀਦੇ ਹਨ । ਜੇਕਰ ਰਾਜਾਂ ਨੂੰ ਵਧੇਰੇ ਅਧਿਕਾਰ ਨਹੀਂ ਦਿੱਤੇ ਜਾਣਗੇ ਤਾਂ ਕੁਰੱਪਸ਼ਨ ਇਸੇ ਤਰ੍ਹਾਂ ਹੀ ਚਲਦੀ ਰਹੇਗੀ । ਇਹ ਜਿਹੜਾ ਕਮਿਸ਼ਨ ਬਣਦਾ ਹੈ, ਇਸ ਦੇ ਮੈਂਬਰਾਂ ਅਤੇ ਚੇਅਰਮੈਨ ਦੀ ਤਨਖਾਹ ਸਟੇਟ ਦੇ ਐਕਸਚੈਕਰ ਵਿਚੋਂ ਹੀ ਜਾਂਦੀ ਹੈ । ਉਨ੍ਹਾਂ ਦੀ ਨਿਯੁਕਤੀ ਵੀ ਸਾਡਾ ਗਵਰਨਰ ਕਰਦਾ ਹੈ । ਪਰ ਉਹ ਨਿਯੁਕਤੀ ਤੋਂ ਬਾਅਦ ਮਹਾਂਰਥੀ ਬਣ ਜਾਂਦੇ ਹਨ । ਅਸੀਂ ਉਨ੍ਹਾਂ ਦਾ ਵਾਲ ਤਕ ਵਿੰਗਾ ਨਹੀਂ ਕਰ ਸਕਦੇ । ਅਗਰ ਉਨ੍ਹਾਂ ਤੇ ਸਾਡੀ ਸਟੇਟ ਦਾ ਕੰਟਰੋਲ ਹੋਵੇ ਤਾਂ ਫਿਰ ਕਮਿਸ਼ਨ ਦੀ ਫੰਕਸ਼ਨਿੰਗ ਨੂੰ ਦਰੁਸਤ ਕੀਤਾ ਜਾ ਸਕਦਾ ਹੈ । ਅਸੀਂ ਇਥੋਂ ਰੈਜ਼ੋਲਿਊਸ਼ਨ ਪਾਸ ਕਰਕੇ ਸੈਂਟਰ ਵਾਲਿਆਂ ਨੂੰ ਕਹਿ ਦਿੰਦੇ ਹਾਂ ਪਰ ਉਹ ਸਾਡੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਦਿੰਦੇ । ਕਿਉਂਕਿ ਰਾਜਾਂ ਨੂੰ ਵਧੇਰੇ ਅਧਿਕਾਰ ਸੈਂਟਰ ਦੀ ਸਰਕਾਰ ਨਹੀਂ ਦੇ ਰਹੀ, ਇਸ ਨਤੀਜੇ ਦੇ ਫਲਸਵਰੂਪ ਇਥੇ ਵੱਡੇ ਵੱਡੇ ਘਪਲੇ ਹੋ ਰਹੇ ਹਨ । ਜਿਨ੍ਹਾਂ ਆਦਮੀਆਂ ਨੇ ਗਰੀਬ ਲੋਕਾਂ ਦੇ ਹੱਕਾਂ ਦੀ ਰਾਖੀ ਕਰਨੀ ਹੁੰਦੀ ਹੈ, ਉਹ ਉਥੇ ਜਾ ਕੇ

[ਪ੍ਰੋਫੈਸਰ ਬਲਵੰਤ ਸਿੰਘ]

ਕੁਰੱਪਸ਼ਨ ਕਰਨ ਲਗ ਜਾਂਦੇ ਹਨ। ਇਥੇ ਆਨਰੇਬਲ ਮੈਂਬਰਾਂ ਨੇ ਕਿਹਾ ਹੈ ਕਿ ਕੁਰੱਪਟ ਆਦਮੀਆਂ ਦੀ ਕੋਈ ਮਿਸਾਲ ਦੇਵੇ ਅਤੇ ਜੇ ਉਹ ਸਬਸਟਾਂਸ਼ੀਅਲ ਹੋਵੇ ਤਾਂ ਪੰਜਾਬ ਦੀ ਸਰਕਾਰ ਉਸ ਆਦਮੀ ਦੇ ਖਿਲਾਫ ਐਕਸ਼ਨ ਲੈਣ ਲਈ ਵਚਨਬੱਧ ਹੈ। ਮੈਂ ਇਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਨਹੀਂ ਕਿ ਪੰਜਾਬ ਦੇ ਅੰਦਰ 15, 20 ਘਰਾਣੇ ਐਸੇ ਹਨ ਜਿਨ੍ਹਾਂ ਵਿਚੋਂ ਹੀ ਐਸ. ਡੀ. ਐਮ. ਅਤੇ ਬਾਕੀ ਦੂਜੇ ਵੱਡੇ ਵੱਡੇ ਅਫਸਰ ਤਹਿਸੀਲਦਾਰ ਵਗੈਰਾ ਬਣਦੇ ਹਨ। ਕੀ ਉਥੇ ਜ਼ਿਆਦਾ ਜ਼ਰਖੇਜ਼ ਜ਼ਮੀਨ ਹੈ ਅਤੇ ਹੋਰ ਕਿਸੇ ਜਗ੍ਹਾ ਇਹ ਪੈਦਾ ਨਹੀਂ ਹੋ ਸਕਦੇ ਕੀ ਬਾਕੀ ਥਾਵਾਂ ਤੇ ਅਜਿਹੇ ਬੱਚੇ ਨਹੀਂ ਜੰਮ ਸਕਦੇ ? ਇਹ ਇਸ ਲਈ ਹੈ ਕਿਉਂਕਿ ਉਨ੍ਹਾਂ ਨੂੰ ਚੋਰ ਰਸਤਿਆਂ ਦਾ ਪਤਾ ਹੁੰਦਾ ਹੈ ਅਤੇ ਉਹ ਇਸ ਤਰ੍ਹਾਂ ਮੈਨੇਜ ਕਰ ਲੈਂਦੇ ਹਨ। ਮੈਂ ਬੇਨਤੀ ਕਰ ਰਿਹਾ ਸੀ ਕਿ ਮੈਂਬਰਾਂ ਦੀ ਐਪੁਆਇੰਟਮੈਂਟ ਤੋਂ ਬਾਅਦ ਉਨ੍ਹਾਂ ਤੇ ਕੰਟਰੋਲ ਸੈਂਟਰ ਦੀ ਸਰਕਾਰ ਕੋਲ ਚਲਾ ਜਾਂਦਾ ਹੈ। ਅਸੀਂ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ। ਜੇ ਉਨ੍ਹਾਂ ਦੀਆਂ ਸਰਵਿਸਿਜ਼ ਸਾਡੇ ਕੰਟਰੋਲ ਵਿੱਚ ਹੋਣ, ਐਮ. ਐਲ. ਏਜ਼ ਦੀ ਕੋਈ ਕਮੇਟੀ ਉਸ ਦੇ ਕੰਮ ਨੂੰ ਚੈਕ-ਅੱਪ ਕਰਨ ਦਾ ਅਧਿਕਾਰ ਰਖਦੀ ਹੋਵੇ, ਤਾਂ ਫਿਰ ਇਹ ਕੰਮਕਾਰ ਠੀਕ ਹੋ ਸਕਦਾ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਜੇ 10 ਪੋਸਟਾਂ ਹੁੰਦੀਆਂ ਹਨ ਅਤੇ ਫਰਜ਼ ਕਰੋ 5 ਹੀ ਕਮਿਸ਼ਨ ਦੇ ਮੈਂਬਰ ਹਨ ਤਾਂ ਉਹ ਕਹਿੰਦੇ ਹਨ ਕਿ ਦੋ, ਦੋ ਪੋਸਟਾਂ ਵੰਡ ਲਓ। ਉਥੇ ਢੇਰੀਆਂ ਪਾਈਆਂ ਜਾਂਦੀਆਂ ਹਨ। ਅਜਿਹੇ ਪ੍ਰਬੰਧ ਵਿੱਚ ਅਵਾਮ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਜੇਕਰ ਸੈਂਟਰ ਦੀ ਸਰਕਾਰ ਰਾਜਾਂ ਨੂੰ ਵੱਧ ਅਧਿਕਾਰ ਦੇ ਦੇਵੇ....

ਸ੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ।

ਪ੍ਰੋਫੈਸਰ ਬਲਵੰਤ ਸਿੰਘ: ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਸੈਂਟਰ ਦੀ ਸਰਕਾਰ ਵੱਧ ਅਧਿਕਾਰ ਰਾਜਾਂ ਨੂੰ ਦੇ ਦੇਵੇ ਤਾਂ ਸਾਰੇ ਮਸਲੇ ਹੱਲ ਹੋ ਜਾਣਗੇ। ਫਿਰ ਇਥੇ ਕਿਹਾ ਜਾਂਦਾ ਹੈ ਕਿ ਪਟਵਾਰੀ ਬੜੀ ਰਿਸ਼ਵਤ ਲੈਂਦਾ ਹੈ। ਕਡਕਟਰ ਬੜੀ ਰਿਸ਼ਵਤ ਲੈਂਦਾ ਹੈ। ਅਸੀਂ ਉਨ੍ਹਾਂ ਦੇ ਦੁਆਲੇ ਹੋ ਜਾਂਦੇ ਹਾਂ। ਅਸੀਂ ਇਥੇ ਬਹੁਤਾ ਸਮਾਂ ਗਊ ਹੱਤਿਆ ਦੀ ਰੋਕ ਤੇ ਅਤੇ ਰੁੱਖਾਂ ਦੀ ਸੰਭਾਲ ਤੇ ਲਾਇਆ ਹੈ। ਇਥੇ ਹਾਊਸ ਵਿੱਚ ਪਸ਼ੂਆਂ ਦੀਆਂ ਅਤੇ ਰੁੱਖਾਂ ਦੀਆਂ ਪ੍ਰਾਬਲਮਜ਼ ਡਿਸਕਸ ਹੋਈਆਂ ਸਨ। ਪਰ ਜਿਹੜੇ ਇਨਸਾਨ ਨੂੰ ਲੁੱਟ ਰਹੇ ਹਨ ਉਨ੍ਹਾਂ ਦੀ ਕੋਈ ਗੱਲ ਨਹੀਂ ਕੀਤੀ ਜਾਂਦੀ। ਇਥੇ ਡਿਪਟੀ ਸਪੀਕਰ ਸਾਹਿਬ, ਇਹ ਵੀ ਕਿਹਾ ਜਾਂਦਾ ਹੈ ਕਿ ਹਰੀਜਨ ਦੀਆਂ ਪੋਸਟਾਂ ਪੁਰ ਨਹੀਂ ਕੀਤੀਆਂ ਗਈਆਂ। ਮੈਂ ਕਹਿੰਦਾ ਹਾਂ ਕਿ ਸ਼ਡਿਊਲਡ ਕਾਸਟਸ ਬੰਦੇ ਲਾਜ਼ਮੀ ਪੂਰੇ ਸਰਵਿਸਿਜ਼ ਵਿੱਚ ਹੋਣੇ ਚਾਹੀਦੇ ਹਨ। ਰਿਜ਼ਰਵੇਸ਼ਨ ਐਕਟ ਇਥੇ ਲਾਗੂ ਹੋਣਾ ਚਾਹੀਦਾ ਹੈ। ਪਰ ਸਵਾਲ ਇਹ ਹੈ ਕਿ ਇਹ ਪੋਸਟਾਂ ਪੂਰੀਆਂ ਕਿਸ ਤਰ੍ਹਾਂ ਭਰੀਆਂ ਜਾ ਸਕਦੀਆਂ ਹਨ ? ਹਰੀਜਨਾਂ ਵਿਚ ਵੀ ਕੁਝ ਪਰਿਵਾਰ ਐਸੇ ਬਣ ਗਏ ਹਨ ਜਿਨ੍ਹਾਂ ਦੇ ਵਿਚੋਂ ਹੀ ਆਈ. ਏ. ਐਸ. ਅਤੇ ਪੀ. ਸੀ. ਐਸ. ਵੱਡੇ ਵੱਡੇ ਅਫ਼ਸਰ ਬਣਦੇ ਹਨ। 10-15 ਪਰਿਵਾਰਾਂ ਨੇ ਪੰਜਾਬ ਦੀ ਸਾਰੀ ਰਿਜ਼ਰਵੇਸ਼ਨ ਨੂੰ ਹੜੱਪ ਕੀਤਾ ਹੋਇਆ ਹੈ। (ਘੰਟੀ) ਜਿਹੜੇ ਪੰਜਾਬ ਦੇ ਬਾਕੀ ਗਰੀਬ ਹਰੀਜਨ ਹਨ ਉਨ੍ਹਾਂ ਤਕ ਅਜੇ ਤਕ ਇਹ ਸਹੂਲਤਾਂ ਨਹੀਂ ਪਹੁੰਚੀਆਂ। ਉਨ੍ਹਾਂ ਗਰੀਬ ਹਰੀਜਨਾਂ ਦੇ ਵਿਹੜਿਆਂ ਵਿੱਚ ਅਜੇ ਇਸ ਰੋਸ਼ਨੀ ਦੀਆਂ ਕਿਰਨਾਂ ਪਹੁੰਚਣੀਆਂ ਬਾਕੀ ਹਨ।

ਸ੍ਰੀ ਡਿਪਟੀ ਸਪੀਕਰ: ਹਾਂ ਜੀ, ਕੇ. ਪੀ. ਸਾਹਿਬ ਤੁਸੀਂ ਸ਼ੁਰੂ ਕਰੋ ।

ਪ੍ਰੋਫੈਸਰ ਬਲਵੰਤ ਸਿੰਘ: ਡਿਪਟੀ ਸਪੀਕਰ ਸਾਹਿਬ, ਇਕ ਹਾਉਸ ਦੀ ਕਮੇਟੀ ਹੋਵੇ....

ਸ੍ਰੀ ਡਿਪਟੀ ਸਪੀਕਰ: ਕਾਮਰੇਡ ਸਾਹਿਬ, ਤੁਸੀਂ ਹੁਣ ਬੈਠੋ ।

ਪ੍ਰੋਫੈਸਰ ਬਲਵੰਤ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਹੀ ਅਰਜ਼ ਕਰਨੀ ਹੈ ਕਿ ਇਹ ਜ਼ਰੂਰੀ ਹੈ ਕਿ ਇਸ ਹਾਊਸ ਦੀ ਇਕ ਕਮੇਟੀ ਹੋਵੇ ਔਰ ਉਹ ਕਮੇਟੀ ਕਮਿਸ਼ਨ ਦੇ ਕੰਮ ਨੂੰ ਸੁਪਰਵਾਈਜ਼ ਕਰੇ ।

ਸਰਦਾਰ ਦਰਸ਼ਨ ਸਿੰਘ ਕੇ. ਪੀ.: (ਜਲੰਧਰ ਦੱਖਣ, ਐਸ. ਸੀ.) ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਬਿਜਲੀ ਬੋਰਡ ਦੀ ਰਿਪੋਰਟ ਪੇਸ਼ ਕੀਤੀ ਗਈ ਹੈ, ਮੈਂ ਪੰਜਾਬ ਸਰਕਾਰ ਦਾ ਉਸ ਲਈ ਧੰਨਵਾਦ ਕਰਦਾ ਹਾਂ ।

ਵਿੱਤ ਮੰਤਰੀ: ਬਿਜਲੀ ਬੋਰਡ ਦੀ ਰਿਪੋਰਟ ਨਹੀਂ, ਪਬਲਿਕ ਸਰਵਿਸ ਕਮਿਸ਼ਨ ਦੀ ਰਿਪੋਰਟ ਪੇਸ਼ ਹੋਈ ਹੈ ।

ਸਰਦਾਰ ਦਰਸ਼ਨ ਸਿੰਘ ਕੇ. ਪੀ.: ਹਾਂ ਜੀ, ਡਿਪਟੀ ਸਪੀਕਰ ਸਾਹਿਬ, ਜਿਹੜਾ ਪਬਲਿਕ ਸਰਵਿਸ ਕਮਿਸ਼ਨ ਹੈ, ਇਹ ਗਜ਼ਟਿਡ ਅਫ਼ਸਰਾਂ ਨੂੰ ਰੱਖਦਾ ਹੈ ਜਿਹੜੇ ਕਿ ਸਾਰੇ ਪੰਜਾਬ ਦੇ ਕਮ ਕਾਰ ਨੂੰ ਚਲਾਉਂਦੇ ਹਨ । ਡਿਪਟੀ ਸਪੀਕਰ ਸਾਹਿਬ, ਨੁਕਤਾਚੀਨੀ ਕਰ ਲੈਣੀ ਬੜੀ ਆਸਾਨ ਹੁੰਦੀ ਹੈ ਜਦੋਂ ਕੰਮ ਬਣਿਆ ਹੋਇਆ ਹੋਵੇ, ਕੰਮ ਚਲਦਾ ਹੋਵੇ ਉਸ ਵੇਲੇ ਨੁਕਤਾਚੀਨੀ ਕਰਨੀ ਬੜੀ ਆਸਾਨ ਹੁੰਦੀ ਹੈ ਪਰ ਢਾਂਚਾ ਬਣਾਉਣਾ ਔਖਾ ਹੁੰਦਾ ਹੈ । ਇਹ ਤਿੰਨ ਸਾਲ ਸਰਕਾਰ ਵਿੱਚ ਰਹੇ ਹਨ, ਕਿਸੇ ਨੂੰ ਤਰੱਕੀ ਨਹੀਂ ਦਿੱਤੀ, ਸਰਕਾਰ ਦੇ ਕੰਮ ਨੂੰ ਚਲਣ ਹੀ ਨਹੀਂ ਦਿੱਤਾ । ਇਸ ਵਾਸਤੇ ਹੀ ਪੀ. ਸੀ. ਐਸ. ਅਫ਼ਸਰ ਇੰਜੀਨੀਅਰਜ਼ ਔਰ ਪ੍ਰਿੰਸੀਪਲ ਵਗੈਰਾ ਰੁਲਦੇ ਫਿਰਦੇ ਹਨ । ਹੁਣ ਕਾਂਗਰਸ ਦੀ ਸਰਕਾਰ ਆਈ ਹੈ ਔਰ ਉਨ੍ਹਾਂ ਲੋਕਾਂ ਦੀ ਸੁਣਵਾਈ ਹੋਣ ਲੱਗੀ ਹੈ । ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਹੋਵੇ, ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਹੋਵੇ ਜਾਂ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਹੋਵੇ ਉਹ ਸਾਰੇ ਹੀ ਸਰਕਾਰ ਦੇ ਕੰਮ ਚਲਾਉਣ ਵਾਸਤੇ ਇੰਪਲਾਈਜ਼ ਨੂੰ ਔਰ ਅਫ਼ਸਰਾਂ ਨੂੰ ਰੱਖਦੇ ਹਨ ਔਰ ਉਹ ਆਪਣਾ ਆਪਣਾ ਕੰਮ ਚਲਾ ਰਹੇ ਹਨ । ਜੇਕਰ ਉਨ੍ਹਾਂ ਦੇ ਕੰਮ ਕਾਰ ਵਿੱਚ ਕੋਈ ਨੁਕਸ ਹੋਵੇ ਤਾਂ ਅਸੀਂ ਆਪਣੀ ਰਾਏ ਦੇ ਸਕਦੇ ਹਾਂ । ਇਕ ਗੱਲ ਮੈਂ ਕਹਾਂਗਾ ਕਿ ਜਦੋਂ ਰਿਜ਼ਰਵੇਸ਼ਨ ਰੱਖੀ ਹੋਈ ਹੈ ਤਾਂ ਉਸ ਵੱਲ ਇਮਾਨਦਾਰੀ ਨਾਲ ਧਿਆਨ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਰਿਜ਼ਰਵੇਸ਼ਨ ਦੇ ਸਬੰਧ ਵਿਚ ਬੜੇ ਤੌਖਲੇ ਹਨ । ਬੜੀਆਂ ਸਰਕਾਰਾਂ ਮੈਂ ਵੇਖਦਾ ਰਿਹਾ ਹਾਂ ਮਗਰ ਮੈਂ ਸਮਝਦਾ ਹਾਂ ਕਿ ਲੋਕਾਂ ਦੀ ਨੀਅਤ ਸਾਫ ਨਹੀਂ ਹੈ । ਨੀਅਤ ਸਾਫ ਤਾਂ ਹੁੰਦੀ ਹੈ ਜੇਕਰ ਅਸੀਂ ਇਸ ਅਸੈਂਬਲੀ ਨੂੰ ਇਕ ਮੰਦਰ ਸਮਝੀਏ ਔਰ ਆਪਣੇ ਆਪ ਨੂੰ ਲੋਕਾਂ ਦੇ ਸਹੀ ਨੁਮਾਇੰਦੇ ਸਮਝੀਏ । ਫਿਰ ਜਿਸ ਕੰਸਟੀਚਿਊਸ਼ਨ ਦੇ ਤਹਿਤ ਸਾਰੇ ਹਿੰਦੁਸਤਾਨ ਦਾ ਕੰਮ ਚਲ ਰਿਹਾ ਹੈ ਉਸ ਵਿਚ ਸਾਡੇ ਵਾਸਤੇ ਅਧਿਕਾਰ ਰੱਖੇ ਗਏ ਹਨ । ਜੇਕਰ ਸਾਡੇ ਪੜ੍ਹੇ ਲਿਖੇ ਬੰਦੇ ਮਿਲਦੇ ਹੋਣ ਤਾਂ ਫਿਰ ਇਗਨੋਰ ਕਿਉਂ ਕੀਤੇ ਜਾਣ । (ਘੰਟੀ) ਜਿਹੜਾ ਸਾਡਾ ਬੈਕ ਲਾਗ ਹੈ ਉਹ ਪੂਰਾ ਅਸੀਂ ਕਰ ਸਕਦੇ ਹਾਂ ਪਰ ਜੇ ਕਰਨਾ ਹੋਵੇ ਤਾਂ ਹੀ

[ਸਰਦਾਰ ਦਰਸ਼ਨ ਸਿਘ ਕੇ. ਪੀ.]

ਹੋ ਸਕਦਾ ਹੈ । ਹਾਈ ਕੋਰਟ ਅਤੇ ਸੁਪਰੀਮਕੋਰਟ ਦੇ ਫੈਸਲੇ ਹਨ ਕਿ 25% ਸ਼ਡਿਊਲਡ ਕਾਸਟਸ ਅਤੇ 5% ਬੈਕਵਰਡ ਕਲਾਸਿਜ਼ ਨੂੰ ਅਤੇ 20% ਦੂਸਰਿਆਂ ਨੂੰ ਰਿਜ਼ਰਵੇਸ਼ਨ ਦਿੱਤੀ ਜਾ ਸਕਦੀ ਹੈ ਅਤੇ ਇਹ ਸਾਰੀ 50% ਤੋਂ ਵੱਧਣੀ ਨਹੀਂ ਚਾਹੀਦੀ । ਸਪੀਕਰ ਡਿਪਟੀ ਸਾਹਿਬ, ਕੇਰਲਾ ਗੌਰਮਿੰਟ ਵਿਚ ਇਕ ਪ੍ਰੋਮੋਸ਼ਨ ਦਾ ਕੇਸ ਐਸਾ ਹੋਇਆ ਹੈ, ਉਸ ਵਿਚ ਸੁਪਰੀਮਕੋਰਟ ਨੇ ਪਾਸ ਕੀਤਾ ਹੈ ਕਿ ਸਟੇਟ ਨੂੰ ਅਖਤਿਆਰ ਹੈ ਅਤੇ ਉਸ ਨੂੰ ਜ਼ਰੂਰਤ ਹੈ, ਇਸ ਲਈ ਉਹ 50% ਨਹੀਂ ਬਲਕਿ ਜ਼ਿਆਦਾ ਵੀ ਰਿਜ਼ਰਵੇਸ਼ਨ ਦੇ ਸਕਦੀ ਹੈ । ਉਥੇ 75-76% ਰਿਜ਼ਰਵੇਸ਼ਨ ਹੋਈ ਹੈ ।

ਸ੍ਰੀ ਡਿਪਟੀ ਸਪੀਕਰ: ਤੁਸੀਂ ਵਾਈਂਡ ਅੱਪ ਕਰੋ ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਨਹੀਂ ਜੀ, ਡਿਪਟੀ ਸਪੀਕਰ ਸਾਹਿਬ, ਮੈਂ ਸ਼ਡਿਊਲਡ ਕਾਸਟਸ ਦੀ ਗੱਲ ਕਰ ਰਿਹਾ ਹਾਂ । ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੀ ਸਰਕਾਰ ਨੇ ਕੰਸਟੀਚਿਊਸ਼ਨ ਬਣਾਇਆ ਅਤੇ ਪਬਲਿਕ ਸਰਵਿਸ ਕਮਿਸ਼ਨ ਬਣਾਏ ਹਨ । ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਨਹੀਂ ਬਣਾ ਸਕੇ, ਅਸੀਂ ਬਣਾਏ ਹਨ ਅਤੇ ਜਿਹੜੀਆਂ ਕੋਈ ਖਾਮੀਆਂ ਹਨ ਉਨ੍ਹਾਂ ਨੂੰ ਵੀ ਅਸੀਂ ਦੂਰ ਕਰਨਾ ਹੈ । ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਡਾਕਟਰ ਸਾਹਿਬ (ਵਿੱਤ ਮੰਤਰੀ ਵੱਲ ਇਸ਼ਾਰਾ) ਉਥੇ ਕਮਿਸ਼ਨ ਵਿੱਚ ਕੰਮ ਬਹੁਤ ਜ਼ਿਆਦਾ ਪਿਆ ਹੈ, ਕੰਮ ਦਾ ਬਹੁਤ ਰਸ਼ ਹੈ । ਦੋ ਡੀ. ਐਸ. ਪੀਜ਼. ਦੇ ਕੇਸ ਹਨ ਪੋਸਟਾਂ ਪਈਆਂ ਹਨ, ਇਸ ਲਈ ਤੁਸੀਂ ਉਹ ਪੂਰ ਕਰੋ । (ਘੰਟੀ) ਇਸ ਤਰ੍ਹਾਂ ਹੀ 13 ਸਬ-ਜੱਜਾਂ ਵਾਸਤੇ ਹਾਈ ਕੋਰਟ ਨੇ ਮੰਗ ਕੀਤੀ ਹੈ, ਪੋਸਟਾਂ ਖਾਲੀ ਪਈਆਂ ਹਨ । ਸ਼ਡਿਊਲਡ ਕਾਸਟਸ ਵਾਸਤੇ ਪੋਸਟਾਂ ਹਨ ਫਿਰ ਪੰਜਾਬ ਸਰਕਾਰ ਉਨ੍ਹਾਂ ਨੂੰ ਕਿਉਂ ਨਹੀਂ ਭਰਦੀ ?

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਹਰਚਰਨ ਸਿੰਘ ਹੀਰੋ ਖੜੇ ਹੋਏ)

ਸ੍ਰੀ ਡਿਪਟੀ ਸਪੀਕਰ: ਹਾਂ ਜੀ, ਹੀਰੋ ਸਾਹਿਬ, ਤੁਸੀਂ ਸ਼ੁਰੂ ਕਰੋ । ਕੇ. ਪੀ. ਸਾਹਿਬ ਤੁਸੀਂ ਬੈਠੋ ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਡਿਪਟੀ ਸਪੀਕਰ ਸਾਹਿਬ, ਕੀ ਇਨ੍ਹਾਂ ਨੇ ਇਹ ਪੁਆਇੰਟ ਆਫ ਆਰਡਰ ਰੇਜ਼ ਕਰਨਾ ਹੈ ?

ਸ੍ਰੀ ਡਿਪਟੀ ਸਪੀਕਰ ਨਹੀਂ, ਕੇ.ਪੀ. ਸਾਹਿਬ, ਉਨ੍ਹਾਂ ਨੇ ਬੋਲਣਾ ਹੈ । ਤੁਸੀਂ ਹੁਣ ਬੈਠੋ ।

ਸਰਦਾਰ ਦਰਸ਼ਨ ਸਿਘ ਕੇ. ਪੀ.: ਡਿਪਟੀ ਸਪੀਕਰ ਸਾਹਿਬ, ਮੈਨੂੰ ਗੱਲ ਤਾਂ ਕਰ ਲੈਣ ਦਿਓ । ਮੈਨੂੰ ਖਤਮ ਕਰ ਲੈਣ ਦਿਓ, ਸਾਹਿਬ ਬਹਾਦਰ । ਡਿਪਟੀ ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਡਾਕਟਰ ਕੇਵਲ ਕ੍ਰਿਸ਼ਨ ਜੀ ਅਤੇ ਸਰਦਾਰ ਦਰਬਾਰਾ ਸਿਘ ਜੀ ਤੋਂ ਮੈਂ ਉਮੀਦ ਕਰਦਾ ਹਾਂ ਕਿ ਇਹ ਰਿਜ਼ਰਵੇਸ਼ਨ ਐਕਟ ਵੀ ਲਿਆਉਣਗੇ ਅਤੇ ਜ਼ਰੂਰ ਲਿਆਉਣਗੇ । ਮੈਂ ਇਹ ਮੰਗ ਕਰਦਾ ਹਾਂ ਕਿ ਜਿਹੜੀਆਂ ਸਾਡੀ ਸਰਵਿਸਿਜ਼ ਵਿਚ ਖਾਲੀ ਗਜ਼ਟਿਡ ਪੋਸਟਾਂ ਹਨ ਉਨ੍ਹਾਂ ਨੂੰ ਭਰਨ ਵਿਚ ਦੇਰੀ ਨਾ ਕਰੋ । ਪੀ. ਸੀ. ਐਸ. ਦੀਆਂ ਪੋਸਟਾਂ ਹਨ, ਜੁਡੀਸ਼ੀਅਰੀ ਦੀਆਂ ਹਨ ਜਾਂ ਡੀ. ਐਸ. ਪੀਜ਼ ਦੀਆਂ ਹਨ, ਉਨ੍ਹਾਂ ਖਾਲੀ ਪੋਸਟਾਂ ਨੂੰ ਛੇਤੀ ਭਰਿਆ ਜਾਵੇ । ਉਥੇ ਪਬਲਿਕ ਸਰਵਿਸ ਕਮਿਸ਼ਨ ਵਿੱਚ ਬਹੁਤ ਰਸ਼ ਹੈ । ਜਿਸ ਤਰ੍ਹਾਂ ਚਤਰਥ ਸਾਹਿਬ ਨੇ ਕਿਹਾ

ਹੈ, ਤਹਿਸੀਲਦਾਰ ਹਨ, ਨਾਇਬ ਤਹਿਸੀਲਦਾਰ ਹਨ, ਈ. ਓਜ਼ ਹਨ ਜਾਂ ਦੂਸਰੇ ਜਿਹੜੇ ਇਸ ਤਰ੍ਹਾਂ ਦੇ ਅਫਸਰ ਹਨ ਉਨ੍ਹਾਂ ਵਾਸਤੇ ਕੋਈ ਸਬਾਰਡੀਨੇਟ ਬੋਰਡ ਜਾਂ ਸਿਲੈਕਸ਼ਨ ਕਮੇਟੀ ਬਣਾ ਲਓ ਔਰ ਉਹ ਪੋਸਟਾਂ ਭਰੀਆਂ ਜਾਣ ਤਾਕਿ ਜਿਹੜੇ ਪੜੇ ਲਿਖੇ ਮੁੰਡੇ ਵਿਹਲੇ ਫਿਰਦੇ ਹਨ ਉਨ੍ਹਾਂ ਨੂੰ ਵੀ ਰੁਜ਼ਗਾਰ ਮਿਲੇ । ਧੰਨਵਾਦ ।

ਸਰਦਾਰ ਹਰਚਰਨ ਸਿੰਘ ਹੀਰੋ : (ਜ਼ੀਰਾ) ਡਿਪਟੀ ਸਪੀਕਰ ਸਾਹਿਬ, ਲੋਕ ਸੇਵਾ ਕਮਿਸ਼ਨ ਦੀ ਰਿਪੋਰਟ ਛੇ ਸਾਲ ਬਾਅਦ ਇਥੇ ਡਿਸਕਸ ਹੋਈ ਹੈ । ਇਸ ਗਲ ਦੀ ਖੁਸ਼ੀ ਹੈ ਕਿ ਇਥੇ ਇਹ ਰਿਪੋਰਟ ਡਿਸਕਸ ਹੋ ਰਹੀ ਹੈ । ਬਹੁਤ ਸਾਰੇ ਮੈਂਬਰਾਂ ਨੇ ਜੋ ਕੁਝ ਉਥੇ ਹੋਇਆ ਹੈ, ਉਸ ਬਾਰੇ ਦੱਸਿਆ ਹੈ। ਸਿੰਗਲਾ ਸਾਹਿਬ ਨੇ ਵੀ ਕਿਹਾ ਹੈ । ਮੈਂ ਕਹਿੰਦਾ ਹਾਂ ਕਿ ਪਤਾ ਸਾਰਿਆਂ ਨੂੰ ਹੀ ਹੈ ਕਿ ਉਥੇ ਕੀ ਹੋ ਰਿਹਾ ਹੈ । ਇਨ੍ਹਾਂ ਦੇ ਰਾਜ ਭਾਗ ਵਿਚ ਜਿਹੜੀ ਕਮਿਸ਼ਨ ਦੀ ਫਾਰਮੇਸ਼ਨ ਹੋਈ ਹੈ ਉਸ ਨੇ ਪੀ.ਸੀ.ਐਸ. ਅਫਸਰਾਂ ਦੀਆਂ ਸਿਲੈਕਸ਼ਨਾਂ ਕੀਤੀਆਂ ਹਨ, ਉਨ੍ਹਾਂ ਵਿਚ 90 ਹਜ਼ਾਰ ਰੁਪਿਆ ਇਕ ਮੇਰੇ ਹੀ ਹਲਕੇ ਦੇ ਮੁੰਡੇ ਤੋਂ ਲੈ ਕੇ ਉਸ ਨੂੰ ਪੀ.ਸੀ.ਐਸ. ਸਿਲੈਕਟ ਕੀਤਾ ਹੈ । ਮੇਰਾ ਇਕ ਆਪਣਾ ਰਿਸ਼ਤੇਦਾਰ 25 ਹਜ਼ਾਰ ਰੁਪਿਆ ਦੇ ਕੇ ਪੀ.ਸੀ.ਐਸ. ਸਿਲੈਕਟ ਹੋਇਆ ਹੈ । (ਇਕ ਆਵਾਜ਼ : ਕਿਹੜੇ ਸਾਲ ਵਿਚ ?) ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਨ੍ਹਾਂ ਵਿਚਾਰਿਆਂ ਦੇ ਵੱਸ ਕੁਝ ਨਹੀਂ ਹੈ । (ਵਿਘਨ) ਸੁਣ ਤਾਂ ਲਵੋ । ਪੰਜਾਬ ਸਰਕਾਰ ਬੋਰਡ ਜ਼ਰੂਰ ਬਣਾ ਦਿੰਦੀ ਹੈ, ਕਮਿਸ਼ਨ ਜ਼ਰੂਰ ਬਣਾ ਦਿੰਦੀ ਹੈ, ਪਰ ਉਸ ਤੋਂ ਬਾਅਦ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲੈ ਸਕਦੀ । ਇਨ੍ਹਾਂ ਤੋਂ ਹੁਣ ਵੀ ਕੋਈ ਐਕਸ਼ਨ ਨਹੀਂ ਲਿਆ ਜਾ ਸਕਣਾ ਕਿਉਂਕਿ ਸਾਡੇ ਪਾਸ ਕਿਸੇ ਨੂੰ ਹਟਾਉਣ ਦਾ ਕੋਈ ਅਧਿਕਾਰ ਨਹੀਂ ਹੈ । ਕਾਮਰੇਡ ਰਾਜ ਕੁਮਾਰ ਜੀ ਨੇ ਔਰ ਚਤੱਰਥ ਜੀ ਨੇ ਕਿਹਾ ਹੈ ਕਿ ਹਾਊਸ ਦੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ । ਮੈਂ ਵੀ ਇਹ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੀ ਹਾਊਸ ਦੇ ਮੈਂਬਰਾਂ ਦੀ ਕਮੇਟੀ ਹੋਵੇ ਜੋ ਕਿ ਕਮਿਸ਼ਨ ਦੇ ਕੰਮ ਕਾਰ ਨੂੰ ਵੇਖੇ ਕਿ ਕਿਸ ਤਰ੍ਹਾਂ ਨਿਯੁਕਤੀਆਂ ਹੋਈਆਂ ਹਨ, ਕੀ ਇਸ ਤਰ੍ਹਾਂ ਤਾਂ ਨਹੀਂ ਹੋਇਆ ਕਿ ਮੈਟ੍ਰਿਕ ਜਾਂ ਬੀ. ਏ. ਥਰਡ ਕਲਾਸ ਪਾਸ ਹੋ ਗਿਆ ਹੋਵੇ ਔਰ ਮੈਰਿਟ ਵਾਲਾ ਮੁੰਡਾ ਛੱਡ ਦਿੱਤਾ ਗਿਆ ਹੋਵੇ । ਇਨ੍ਹਾਂ ਚੀਜ਼ਾਂ ਦੀ ਇਨਕੁਆਇਰੀ ਕਰਨ ਵਾਸਤੇ ਹਾਊਸ ਦੀ ਕਮੇਟੀ ਜ਼ਰੂਰ ਬਣਾਉਣੀ ਚਾਹੀਦੀ ਹੈ । ਇਹ ਬੜੀ ਹੀ ਜ਼ਰੂਰੀ ਗੱਲ ਹੈ । ਗੌਰਮਿੰਟ ਇਹ ਦਾਅਵਾ ਕਰਦੀ ਹੈ ਕਿ ਕੁਰੱਪਸ਼ਨ ਨੂੰ ਦੂਰ ਕਰਨਾ ਹੈ ਔਰ ਕਲੀਨ ਐਡਮਨਿਸਟ੍ਰੇਸ਼ਨ ਦੇਣੀ ਹੈ । ਡਿਪਟੀ ਸਪੀਕਰ ਸਾਹਿਬ, ਜਿਹੜਾ ਦੇਂਦਾ 90 ਹਜ਼ਾਰ ਰੁਪਿਆ ਦੇ ਕੇ ਪੀ. ਸੀ. ਐਸ. ਅਫ਼ਸਰ ਸਿਲੈਕਟ ਹੁੰਦਾ ਹੈ, ਉਹ ਉਸ 90 ਹਜ਼ਾਰ ਨੂੰ ਕਿਥੋਂ ਪੂਰਾ ਕਰੇਗਾ ? ਉਹ ਕਹਿੰਦਾ ਹੈ ਕਿ ਮੈਂ ਵੀ ਤਾਂ ਇਥੋਂ ਹੀ ਪੂਰਾ ਕਰਨਾ ਹੈ, ਫਿਰ ਉਹ ਕਿਉਂ ਨਹੀਂ ਕੁਰੱਪਸ਼ਨ ਕਰੇਗਾ । ਉਸ ਨੂੰ ਤਾਂ ਕੁਰੱਪਸ਼ਨ ਕਰਨ ਦਾ ਲਾਈਸੰਸ ਹੀ ਮਿਲ ਗਿਆ ਹੈ, ਪਬਲਿਕ ਸਰਵਿਸ ਕਮਿਸ਼ਨ ਉਸ ਨੂੰ ਲਾਈਸੰਸ ਦੇ ਦਿੰਦਾ ਹੈ ਕਿ ਤੂੰ ਸਾਨੂੰ ਇਤਨਾ ਪੈਸਾ ਦੇ ਜਾਹ ਤੇ ਤੂੰ ਅੱਗੋਂ ਜਿਸ ਤਰ੍ਹਾਂ ਮਰਜ਼ੀ ਹੈ ਕਰ । . .

ਸਰਦਾਰ ਦਰਸ਼ਨ ਸਿੰਘ ਕੇ.ਪੀ. : ਤੁਸੀਂ ਪੈਸਿਆਂ ਤੇ ਮੋਹਰ ਲਗਾ ਦਿਓ । ਜਿਹੜੇ ਪੈਸੇ ਲੈਂਦੇ ਹਨ ਉਨ੍ਹਾਂ ਨੂੰ ਫੜਾਓ, ਫੜਾਉਂਦੇ ਕਿਉਂ ਨਹੀਂ ਹੋ ?

ਸਰਦਾਰ ਹਰਚਰਨ ਸਿੰਘ ਹੀਰੋ : ਡਿਪਟੀ ਸਪੀਕਰ ਸਾਹਿਬ, ਮੈਂ ਚੈਲੰਜ ਕੀਤਾ ਹੈ ਪਰ ਇਹ ਕੀ ਕਰ ਸਕਦੇ ਹਨ, ਇੰਨ੍ਹਾਂ ਪਾਸ ਤਾਕਤ ਹੀ ਕੀ ਹੈ ? ਕਿਸੇ ਨੂੰ ਹਟਾ ਇਹ ਨਹੀਂ ਸਕਦੇ, ਕਿਸੇ ਦੇ ਖਿਲਾਫ ਐਕਸ਼ਨ ਇਹ ਨਹੀਂ ਲੈ ਸਕਦੇ । ਇਸ ਲਈ ਮੈਂ ਕਹਿੰਦਾ ਹਾਂ ਕਿ ਹਾਊਸ ਦੀ ਕਮੇਟੀ ਬਣਾਓ, ਉਹ ਜਾ ਕੇ ਸਾਰੇ ਮਸਲੇ ਨੂੰ ਵੇਖੇ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਬੜਾ ਸੀਰੀਅਸ ਮਸਲਾ ਹੈ ਇਸ ਬਾਰੇ ਮੈਂਬਰਾਂ ਨੇ ਸਵਾਲ ਉਠਾਇਆ ਹੈ, ਉਥੇ ਕਰੱਪਸ਼ਨ ਹੁੰਦੀ ਹੈ; ਇਸ ਲਈ ਕੁਰੱਪਸ਼ਨ ਨੂੰ ਹਟਾਉਣ ਲਈ ਕੋਈ ਨ ਕੋਈ ਸਟੈਪਸ ਜ਼ਰੂਰ ਚੁਕਣੇ ਚਾਹੀਦੇ ਹਨ

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਸਾਲ 1978-79 ਦੀ ਰਿਪੋਰਟ ਹਾਊਸ ਵਿੱਚ ਡਿਸਕਸ ਹੋਈ ਹੈ । ਮਾਨਯੋਗ ਮੈਂਬਰਾਂ ਨੇ ਉਸ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ।

ਡਿਪਟੀ ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਹਿੰਦੁਸਤਾਨ ਦੇ ਕਾਂਸਟੀਚਿਊਸ਼ਨ ਦੇ ਮੁਤਾਬਿਕ ਹੀ ਬਣਾਇਆ ਜਾਂਦਾ ਹੈ । (ਵਿਘਨ) ਭਈ ਤੂੰ ਜ਼ਰੂਰ ਉਠਣਾ ਹੁੰਦਾ ਹੈ ਜਦੋਂ ਮੈਂ ਬੋਲਣ ਲੱਗਾਂ ? (ਹਾਸਾ)

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਮਨਿਸਟਰ ਸਾਹਿਬ ਬੋਲਣ ਲਗ ਪਏ ਹਨ । ਹਾਲੇ ਇਕ ਹੋਰ ਰਿਪੋਰਟ ਵੀ ਡਿਸਕਸ ਹੋਣੀ ਹੈ । ਇਹ ਬਾਅਦ ਵਿਚ ਇਕੱਠਾ ਜਵਾਬ ਦੇ ਲੈਣ ।

ਵਿੱਤ ਮੰਤਰੀ : ਉਸ ਦੇ ਬਾਰੇ ਸੀ. ਐਮ. ਸਾਹਿਬ ਜਵਾਬ ਦੇਣਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦੇ ਹੋ । ਤੁਹਾਨੂੰ ਸਾਡੇ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਮਹਾਨ ਹਿੰਦੁਸਤਾਨ ਦਾ ਕਾਂਸਟੀਚਿਊਸ਼ਨ 1950 ਵਿਚ ਲਿਖਿਆ ਗਿਆ ਸੀ ਅੌਰ ਉਸ ਵਿਚ ਇਹ ਪਰੋਵਾਈਡ ਕੀਤਾ ਗਿਆ ਸੀ ਕਿ ਸਰਵਿਸਿਜ਼ ਲਈ ਸੈਂਟਰ ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਅਤੇ ਸੂਬਿਆਂ ਵਿਚ ਪਬਲਿਕ ਸਰਵਿਸ ਕਮਿਸ਼ਨ ਬਣਾਏ ਜਾਣ। ਆਰਟੀਕਲ 315 ਦੇ ਚੈਪਟਰ 2 ਵਿੱਚ ਇਸ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਇਹ ਕਮਿਸ਼ਨ ਹੋਣੇ ਚਾਹੀਦੇ ਹਨ ਅਤੇ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਇਤਨੀ ਤਨਖਾਹ ਤਕ ਉਹ ਨਿਯੁਕਤੀਆਂ ਕਰ ਸਕਦੇ ਹਨ । ਡਿਪਟੀ ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਵਿਚ ਵੀ ਪਬਲਿਕ ਸਰਵਿਸ ਕਮਿਸ਼ਨ ਕੰਮ ਕਰ ਰਿਹਾ ਹੈ । ਇਸ ਕਮਿਸ਼ਨ ਨੇ ਬੜੇ ਚੰਗੇ ਅਫਸਰ ਸਿਲੈਕਟ ਕਰਕੇ ਲਾਏ ਹਨ । ਕਾਂਸਟੀਚਿਊਸ਼ਨ ਵਿਚ ਡਾਕਟਰ ਅੰਬੇਦਕਰ ਨੇ ਇਹ ਲਿਖਿਆ ਹੈ ਕਿ ਗੌਰਮਿੰਟ ਸਰਵਿਸਿਜ਼ ਵਿੱਚ ਠੀਕ ਤਰ੍ਹਾਂ ਚੰਗੇ ਆਦਮੀ ਲਾਉਣ ਵਾਸਤੇ ਇਹ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਅਤੇ ਪਬਲਿਕ ਸਰਵਿਸ ਕਮਿਸ਼ਨ ਬਣਾਏ ਜਾਣੇ ਚਾਹੀਦੇ ਹਨ ਅੌਰ ਉਸ ਵਿਚ ਕਿਸੇ ਵੀ ਗੌਰਮਿੰਟ ਦੀ ਕੋਈ ਇੰਟਰਫੀਅਰੈਂਸ ਨਹੀਂ ਹੋ ਸਕਦੀ । ਇਹ ਇਸ ਲਈ ਪਰੋਵੀਜ਼ਨ ਕੀਤੀ ਗਈ ਹੈ ਤਾਕਿ ਜਿਹੜਾ ਸਰਵਿਸਿਜ਼ ਦਾ ਮਾਮਲਾ ਹੈ ਇਸ ਵਿਚ ਕੋਈ ਕਿਸੇ ਗੌਰਮਿੰਟ ਦੀ ਇੰਟਰਫੀਅਰੈਂਸ ਨਾ ਹੋਵੇ ਅੌਰ ਉਹ ਨਿਰਪੱਖ ਹੋ ਕੇ ਸੇਵਾ ਕਰ ਸਕਣ ।

Doctor Bhagat Singh : On a point of order, Sir. This Constitution of India is a temple. Devils have got to demolish it.

Finance Minister : I have never said 'temple'. I have praised the Constitution.

ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਸ ਕਮਿਸ਼ਨ ਵਾਸਤੇ ਕਾਂਸਟੀਚਿਊਸ਼ਨ ਵਿੱਚ ਲਿਖਿਆ ਹੋਇਆ ਹੈ । ਪਰ, ਡਿਪਟੀ ਸਾਹਿਬ, ਜਿਥੇ ਇਸ ਸਬੰਧ ਵਿਚ ਕਾਂਸਟੀਚਿਊਸ਼ਨ ਵਿੱਚ ਆਰਟੀਕਲ 315 ਅਤੇ 316 ਦਿੱਤੇ ਹੋਏ ਹਨ ਉਥੇ ਇਸੇ ਕਾਂਸਟੀਚਿਊਸ਼ਨ ਵਿੱਚ ਆਰਟੀਕਲ 317 ਵੀ ਪ੍ਰੋਵਾਈਡ ਕੀਤਾ ਗਿਆ ਹੈ । ਉਹ ਇਹ ਹੈ ਕਿ ਅਗਰ ਇਹ ਸਮਝਿਆ ਜਾਵੇ ਕਿ ਕਮਿਸ਼ਨ ਦਾ ਚੇਅਰਮੈਨ ਜਾਂ ਮੈਂਬਰ ਕੁਰੱਪਟ ਹੋ ਗਏ ਹਨ ਜਾਂ ਕੋਈ ਉਨ੍ਹਾਂ ਵਿਚੋਂ ਕੋਈ ਇਕ ਕੁਰੱਪਟ ਹੋ ਗਿਆ ਹੈ ਤਾਂ ਉਸ ਨੂੰ ਰੀਮੂਵ ਵੀ ਕੀਤਾ ਜਾ ਸਕਦਾ ਹੈ। ਆਰਟੀਕਲ 317 ਵਿਚ ਇਹ ਲਿਖਿਆ ਗਿਆ ਹੈ ਕਿ ਪ੍ਰੈਜ਼ੀਡੈਂਟ ਇਸ ਕਮਿਸ਼ਨ ਦੇ ਕਿਸੇ ਵੀ ਮੈਂਬਰ ਨੂੰ ਡਿਸਮਿਸ ਕਰ ਸਕਦਾ ਹੈ। ਜਿਹੜਾ ਸਟੇਟ ਦਾ ਗਵਰਨਰ ਹੈ ਉਹ ਜੇ ਕਿਸੇ ਮੈਂਬਰ ਤੇ ਇਲਜ਼ਾਮ ਹੋਵੇ ਤਾਂ ਉਸ ਨੂੰ ਸਸਪੈਂਡ ਕਰ ਸਕਦਾ ਹੈ । ਕਾਂਸਟੀਚਿਊਸ਼ਨ ਦੀ ਆਰਟੀਕਲ 317 ਦੀ ਕਲਾਜ਼ (4) ਵਿਚ ਇਹ ਲਿਖਿਆ ਹੋਇਆ ਹੈ ।

> "If the Chairman or any other member of a Public Service Commission is or becomes in anyway concerned or interested in any contract or agreement made by or on behalf of the Government of India or the Government of a State or participates in any way in the profit thereof or in any benefit or emolument arising therefrom otherwise than as a member and in common with the other members of an incorporated company, he shall, for the purposes of clause (1), be deemed to be guilty of misbehaviour."

ਤੋ, ਡਿਪਟੀ ਸਪੀਕਰ ਸਾਹਿਬ, ਇਸ ਆਰਟੀਕਲ ਦੇ ਮੁਤਾਬਿਕ ਅਗਰ ਕੋਈ ਮੈਂਬਰ ਜਾਂ ਚੇਅਰਮੈਨ ਕੁਰੱਪਟ ਪਰੈਕਟਿਸ ਕਰਦਾ ਹੋਵੇ ਤਾਂ ਉਸ ਨੂੰ ਰੀਮੂਵ ਕਰਨ ਦਾ ਅਧਿਕਾਰ ਪਰੈਜ਼ੀਡੈਂਟ ਨੂੰ ਦਿੱਤਾ ਗਿਆ ਹੈ ਅਤੇ ਸਸਪੈਂਡ ਕਰਨ ਦਾ ਅਧਿਕਾਰ ਗਵਰਨਰ ਸਾਹਿਬ ਨੂੰ ਦਿੱਤਾ ਗਿਆ ਹੈ। ਲੇਕਿਨ, ਡਿਪਟੀ ਸਪੀਕਰ ਸਾਹਿਬ, ਹਰ ਵਕਤ ਇਥੇ ਕੁਰੱਪਸ਼ਨ ਲਈ ਕਹੀ ਜਾਣਾ, ਜੇ ਕਿਸੇ ਦਾ ਕੋਈ ਬੰਦਾ ਸਿਲੈਕਟ ਨਹੀਂ ਹੋਇਆ ਔਰ ਕੋਈ ਹੋਰ ਹੋ ਗਿਆ ਤਾਂ ਇਹ ਕਹਿਣਾ ਕਿ ਪੈਸੇ ਲੈ ਕੇ ਉਸ ਨੂੰ ਰੱਖ ਲਿਆ ਗਿਆ ਹੈ, ਇਹ ਠੀਕ ਨਹੀਂ । ਹਾਂ, ਜੇ ਕੋਈ ਸਹੀ ਮਹਿਨਿਆਂ ਵਿਚ ਚਾਰਜਿਜ਼ ਹੋਣ ਤਾਂ ਮਾਨਯੋਗ ਮੈਂਬਰਜ਼ ਠੀਕ ਤਰੀਕੇ ਨਾਲ ਐਫੀਡੇਵਿਟ ਦੇ ਕੇ ਚਾਰਜ ਲਗਾ ਸਕਦੇ ਹਨ । ਪਰ ਜਿਸ ਤਰੀਕੇ ਨਾਲ ਇਥੇ ਚਾਰਜਿਜ਼ ਲਗਾਏ ਗਏ ਹਨ, ਠੀਕ ਹੈ ਕਿਸੇ ਦਾ ਨਾਂ ਨਹੀਂ ਲਿਆ ਗਿਆ, ਲੇਕਿਨ, ਡਿਪਟੀ ਸਪੀਕਰ ਸਾਹਿਬ, ਇਸ ਕਮਿਸ਼ਨ ਦਾ ਇਕ ਚੇਅਰਮੈਨ ਹੁੰਦਾ ਹੈ ਔਰ ਬਾਕੀ ਥੋੜ੍ਹੇ ਜਿਹੇ ਮੈਂਬਰ ਹੁੰਦੇ ਹਨ । ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਤੇ ਹੀ ਇਹ ਐਲੀਗੇਸ਼ਨ ਲਗਾਏ ਗਏ ਹਨ ਹਾਲਾਂਕਿ ਇਸ ਬਾਰੇ ਵਿੱਚ ਕਈ ਵਾਰ ਓਬਜੈਕਟ ਵੀ ਕੀਤਾ ਗਿਆ ਸੀ ਕਿ ਇਸ ਤਰ੍ਹਾਂ ਦੇ ਇਲ-ਜ਼ਾਮ ਲਗਾਉਣੇ ਠੀਕ ਨਹੀਂ, ਲੇਕਿਨ ਫਿਰ ਵੀ ਉਹ ਚਾਰਜਿਜ਼ ਲਗਾਏ ਗਏ । ਡਿਪਟੀ ਸਪੀਕਰ ਸਾਹਿਬ, ਅਗਰ ਇਹ ਸਚਮੁੱਚ ਚਾਹੁੰਦੇ ਹਨ ਕਿ ਕਲੀਨ ਐਡਮਨਿਸਟਰੇਸ਼ਨ ਹੋਵੇ ਔਰ ਕੁਰੱਪਸ਼ਨ ਨਾ ਹੋਵੇ ਤਾਂ ਇਨ੍ਹਾਂ ਨੂੰ ਗੌਰਮਿੰਟ ਦਾ ਸਾਥ ਦੇਣਾ ਚਾਹੀਦਾ ਹੈ । ਜਿਹੜੇ ਇਹ ਇਲਜ਼ਾਮ ਲਗਾਉਂਦੇ ਹਨ ਕਿ ਪੈਸੇ ਲਏ ਹਨ, ਇਹ ਉਸ ਬਾਰੇ ਐਫੀਡੇਵਿਟ ਦੇਣ ਔਰ ਸਪੈਸਿਫਿਕ ਚਾਰਜ ਲਗਾਉਣ, ਮੈਂ ਇਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਪੰਜਾਬ ਸਰਕਾਰ ਉਹ ਕੇਸ ਜ਼ਰੂਰ ਗਵਰਨਰ ਸਾਹਿਬ ਨੂੰ ਇਨਕੁਆਇਰੀ ਵਾਸਤੇ ਭੇਜੇਗੀ । ਲੇਕਿਨ ਵੇਗ ਐਲੀਗੇਸ਼ਨ ਲਗਾਉਣਾ ਮੈਂ ਸਮਝਦਾ ਹਾਂ ਕਿ ਠੀਕ ਨਹੀਂ ।

ਸਰਦਾਰ ਦਲੀਪ ਸਿੰਘ ਪਾਂਧੀ: ਡਿਪਟੀ ਸਪੀਕਰ ਸਾਹਿਬ, ਜਿਹੜਾ ਕਾਂਗਰਸ ਦੇ ਜਨਰਲ ਸੈਕਟਰੀ ਦੇ ਖਿਲਾਫ ਕੇਸ ਦਰਜ ਹੋਇਆ ਸੀ, ਉਹ ਕਿਉਂ ਵਾਪਸ ਲੈ ਲਿਆ ? ਉਸ ਕੇਸ ਵਿੱਚ ਪੈਸਾ ਲੁਟਿਆ ਗਿਆ ਹੈ । . . (ਵਿਘਨ)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਚਾਹੀਦਾ ਹੈ ਕਿ ਜੇ ਇਹ ਸਚਮੁਚ ਚਾਰਜਿਜ਼ ਲਗਾਉਂਦੇ ਹਨ ਤਾਂ ਇਨ੍ਹਾਂ ਨੂੰ ਐਫੀਡੇਵਿਟ ਦੇ ਕੇ ਸਪੈਸਿਫਿਕ ਚਾਰਜ ਲਗਾਉਣੇ ਚਾਹੀਦੇ ਹਨ । (ਵਿਘਨ)

ਸਰਦਾਰ ਹਰਚਰਨ ਸਿੰਘ ਹੀਰੋ: ਡਿਪਟੀ ਸਪੀਕਰ ਸਾਹਿਬ, ਐਫ.ਐਮ. ਸਾਹਿਬ ਇਹ ਕਹਿ ਰਹੇ ਹਨ ਕਿ ਜੇ ਕੋਈ ਚਾਰਜ ਲਗਾਉਣਾ ਹੈ ਤਾਂ ਐਫੀਡੇਵਿਟ ਦਿਓ। ਮੈਂ ਇਹ ਪੁੱਛਦਾ ਹਾਂ ਕਿ ਜੇ ਕੋਈ ਚਾਰਜ ਕਿਸੇ ਦੇ ਖਿਲਾਫ ਲਾ ਕੇ ਇਨ੍ਹਾਂ ਨੂੰ ਐਫੀਡੇਵਿਟ ਦਿੱਤਾ ਜਾਂਦਾ ਹੈ ਤਾਂ ਕੀ ਇਹ ਐਸ਼ੋਰ ਕਰਨਗੇ ਕਿ ਉਸ ਅਫ਼ਸਰ ਦੇ ਖਿਲਾਫ਼ ਵਿੰਡਿਕਟਿਵ ਤਾਂ ਨਹੀਂ ਹੋਣਗੇ ?

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਅਗਰ ਕਿਸੇ ਦੇ ਖਿਲਾਫ ਐਫੀਡੇਵਿਟ ਦੇ ਕੇ ਚਾਰਜਿਜ਼ ਲਗਾਉਂਦੇ ਹਨ ਤਾਂ ਐਕਸ਼ਨ ਜ਼ਰੂਰ ਲਿਆ ਜਾਂਦਾ ਹੈ । ਪਰ ਇਹ ਨਾ ਹੋਵੇ ਕਿ ਗਲਤ ਐਫੀਡੇਵਿਟ ਦੇ ਕੇ ਕਿਸੇ ਨੂੰ ਡੀਫੇਮ ਜਾਂ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾਵੇ । ਜੇ ਕੋਈ ਗਲਤ ਐਫੀਡੇਵਿਟ ਦੇਵੇਗਾ ਤਾਂ ਉਸ ਦੇ ਖਿਲਾਫ ਵੀ ਐਕਸ਼ਨ ਜ਼ਰੂਰ ਲਿਆ ਜਾਵੇਗਾ ।

ਸਰਦਾਰ ਗੁਰਦੇਵ ਸਿੰਘ ਬਾਦਲ : ** ** **

Mr. Deputy Speaker : This is no Point of Order.

ਵਿੱਤ ਮੰਤਰੀ : ਇਕ ਗੱਲ ਮੈਂ ਇਹ ਕਹਿਣੀ ਚਾਹਵਾਂਗਾ ਕਿ ਡੈਮੋਕਰੈਟਿਕ ਸਟ-ਅੱਪ ਵਿਚ ਕਲੀਨ ਐਡਮਨਿਸਟਰੇਸ਼ਨ ਬਹੁਤ ਜ਼ਰੂਰੀ ਹੈ, ਚਾਹੇ ਉਹ ਪਬਲਿਕ ਲਾਈਫ ਵਿੱਚ ਹੋਵੇ ਜਾਂ ਪੁਲਿਟੀਕਲ ਲਾਈਫ ਵਿੱਚ ਹੋਵੇ । ਜਿਨਾ ਚਿਰ ਕੋਈ ਇਮਾਨਦਾਰ ਔਰ ਨਿਰਪੱਖ ਹੋ ਕੇ ਲੋਕਾਂ ਦੇ ਸਾਹਮਣੇ ਨਹੀਂ ਆਉਂਦਾ ਲੋਕ ਉਸ ਨੂੰ ਪੁੱਛਦੇ ਨਹੀਂ । ਉਸ ਨੂੰ ਚੁਣ ਕੇ ਇਥੇ ਨਹੀਂ ਭੇਜਦੇ । ਉਸ ਤੇ ਇਤਬਾਰ ਨਹੀਂ ਕਰਦੇ ।

ਡੈਮੋਕਰੇਸੀ ਵਿਚ ਹੀ ਦਾਸ ਕਮਿਸ਼ਨ ਬੈਠਾ ਸੀ ਅਤੇ ਛੰਗਾਨੀ ਕਮਿਸ਼ਨ ਬੈਠਾ ਸੀ । ਉਨ੍ਹਾਂ ਨੇ ਵੱਡੇ ਵੱਡੇ ਲੋਕਾਂ ਨੂੰ ਆਪਣੀਆਂ ਰਿਪੋਰਟਾਂ ਵਿੱਚ ਨੰਗਾ ਕੀਤਾ ਸੀ । ਇਹ ਡੈਮੋਕਰੇਸੀ ਵਿੱਚ ਹੀ ਹੋ ਸਕਦਾ ਹੈ, ਕਿਸੇ ਹੋਰ ਸਿਸਟਮ ਵਿੱਚ ਨਹੀਂ ਹੋ ਸਕਦਾ । ਸੰਵਿਧਾਨ ਦੇ ਆਰਟੀਕਲ 320 ਦੇ ਮੁਤਾਬਿਕ ਇਸ ਕਮਿਸ਼ਨ ਦੀ ਰਿਪੋਰਟ ਹਾਊਸ ਵਿਚ ਲੇ ਹੋਣੀ ਹੁੰਦੀ ਹੈ ਔਰ ਇਹ ਹਾਊਸ ਇਸ ਰਿਪੋਰਟ ਤੇ ਆਪਣੇ ਵਿਚਾਰ ਦੇ ਸਕਦਾ ਹੈ । ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਔਰ ਜਿਹੜੀਆਂ ਇਸ ਰਿਪੋਰਟ ਵਿਚ ਕਮੀਆਂ ਸਨ ਉਨ੍ਹਾਂ ਨੂੰ ਸਾਹਮਣੇ ਲਿਆਂਦਾ ਹੈ । ਇਹ ਜਿਹੜੀਆਂ ਕਮੀਆਂ ਪੁਆਇੰਟ ਆਊਟ ਕੀਤੀਆਂ ਗਈਆਂ ਹਨ, ਅਗਰ ਇਸ ਦੀਆਂ ਕਮੀਆਂ ਨੂੰ ਪੁਆਇੰਟ ਆਊਟ ਨਾ ਕੀਤਾ ਜਾਂਦਾ ਤਾਂ ਫਿਰ ਇਸ ਤੇ ਬਹਿਸ ਅਧੂਰੀ ਰਹਿਣੀ ਸੀ । ਇਸ

**Expunged as ordered by the Chair.

ਰਿਪੋਰਟ ਦੇ ਪੈਰਾ 22-23, ਪੇਜ 6 ਤੇ it has been Stated that the Government has made a number of adhoc appointments. In this connection, I would like to refer para 23 at page 6 of the Report. ਪਿਛਲੀ ਸਰਕਾਰ ਵੇਲੇ ਇਹ ਐਡਹਾਕ ਅਪੁਆਇੰਟਮੈਂਟਸ ਕਰਦੇ ਰਹੇ ਹਨ ਔਰ ਇਨ੍ਹਾਂ ਨੇ ਪਿੱਕ ਐਂਡ ਚੂਜ਼ ਦੀ ਪਾਲਿਸੀ ਅਖਤਿਆਰ ਕੀਤੀ ਹੋਈ ਸੀ ਜਿਸ ਨੂੰ ਮਰਜ਼ੀ ਰੱਖ ਲੈਂਦੇ ਸਨ ਅਤੇ ਜਿਸ ਨੂੰ ਮਰਜ਼ੀ ਕੱਢ ਦਿੰਦੇ ਸਨ ਜਿਸ ਦੇ ਨਾਲ ਮੁਲਾਜ਼ਮਾਂ ਦੇ ਸਿਰ ਤੇ ਇਕ ਤਰ੍ਹਾਂ ਤਲਵਾਰ ਲਟਕਦੀ ਰਹਿੰਦੀ ਸੀ। ਇਹ ਅਡਹਾਕ ਐਪੁਆਇੰਟਮੈਂਟ ਇਕ ਤਰ੍ਹਾਂ ਨਾਲ ਕੁਰੱਪਸ਼ਨ ਦਾ ਘਰ ਹੈ ਪਰ ਇਸ ਚੀਜ਼ ਵੱਲ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਧਿਆਨ ਦਿਤਾ ਹੈ। ਅਸੀਂ ਐਡਹਾਕ ਐਪੁਆਇੰਟਮੈਂਟਸ ਨੂੰ ਬੰਦ ਕੀਤਾ ਹੈ ਤਾਕਿ ਇਸ ਦੇ ਵਿਚ ਚਲ ਰਹੀ ਫੇਵਰੇਟਿਜ਼ਮ ਅਤੇ ਨੈਪੋਟਿਜ਼ਮ ਨੂੰ ਖਤਮ ਕੀਤਾ ਜਾ ਸਕੇ। ਇਸੇ ਤਰ੍ਹਾਂ ਪੈਰਾ 30 ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਅਜੇ ਤਕ ਰੂਲਜ਼ ਨੂੰ ਫਰੇਮ ਨਹੀਂ ਕੀਤਾ ਗਿਆ। ਚਤਰੱਥ ਸਾਹਿਬ ਅਤੇ ਹੋਰ ਮੈਂਬਰਾਂ ਨੇ ਇਸ ਦਾ ਜ਼ਿਕਰ ਕੀਤਾ ਸੀ ਅਤੇ ਕਿਹਾ ਸੀ ਕਿ ਸਰਵਿਸ ਰੂਲਜ਼ ਬਣਾਉਣ ਵਿਚ ਬੜੀ ਦੇਰ ਲਗਦੀ ਹੈ। ਇਹ ਰਿਪੋਰਟ 1978-79 ਦੀ ਹੈ, ਇਹ ਪਿਛਲੀ ਸਰਕਾਰ ਨਾਲ ਸਬੰਧ ਰੱਖਦੀ ਹੈ। ਇਸ ਦੇ ਵਿੱਚ ਪਿਛਲੀ ਸਰਕਾਰ ਨੇ ਵਾਕਿਅਈ ਅਣਗਹਿਲੀ ਵਰਤੀ ਹੈ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਸ ਮਾਮਲੇ ਨੂੰ ਇੰਪਾਰਟੈਂਸ ਦੇ ਕੇ 60% ਤੋਂ ਜ਼ਿਆਦਾ ਡਿਪਾਰਟਮੈਂਟਸ ਦੇ ਸਰਵਿਸ ਰੂਲਜ਼ ਬਣਾ ਕੇ ਕਮਿਸ਼ਨ ਨੂੰ ਭੇਜ ਦਿੱਤੇ ਹਨ। ਇਹ ਠੀਕ ਹੈ ਕਿ ਰੂਲਜ਼ ਤਿਆਰ ਕਰਨ ਵੇਲੇ ਕਾਫੀ ਦੇਰ ਲਗਦੀ ਹੈ ਕਿਉਂਕਿ ਇਸ ਨੂੰ ਏ. ਡੀ. ਦੀ ਪਰਪੋਜ਼ਲ ਤੋਂ ਬਾਦ ਚੀਫ ਸੈਕਟਰੀ ਦਾ ਪਰਸੋਨਲ ਡਿਪਾਰਟਮੈਂਟ ਦੇਖਦਾ ਹੈ। ਫਿਰ ਐਫ. ਡੀ. ਅਤੇ ਐਲ. ਆਰ. ਕੋਲ ਜਾਣਾ ਹੁੰਦਾ ਹੈ। ਇਸ ਦਾ ਚੈਨਲ ਲੰਬਾ ਹੈ। ਮੈਂ ਸਰਕਾਰ ਵਲੋਂ ਆਸ਼ਵਾਸਨ ਦਿੰਦਾ ਹਾਂ ਕਿ ਪੰਜਾਬ ਸਰਕਾਰ ਇਸ ਮਾਮਲੇ ਵਿਚ ਦੇਰ ਨਹੀਂ ਕਰੇਗੀ ਤਾਕਿ ਜਲਦੀ ਤੋਂ ਜਲਦੀ ਸਰਵਿਸ ਰੂਲਜ਼ ਬਣਾਏ ਜਾ ਸਕਣ। ਇਸ ਨੂੰ ਫਿਰ ਪਬਲਿਕ ਸਰਵਿਸ ਕਮਿਸ਼ਨ ਕੋਲ ਭੇਜਦੇ ਹਾਂ। ਪੈਰਾ 38 ਵਿਚ ਆਇਆ ਹੈ ਕਿ ਜਿਹੜੇ ਸਪੋਰਟਸ ਡਿਪਾਰਟਮੈਂਟ ਵਲੋਂ ਸਰਟੀਫੀਕੇਟ ਇਸ਼ੂ ਕੀਤੇ ਜਾਂਦੇ ਹਨ ਉਹ ਮੁਨਾਸਿਬ ਨਹੀਂ ਹੁੰਦੇ। ਇਨ੍ਹਾਂ ਸਰਟੀਫੀਕੇਟਾਂ ਨੂੰ ਸਾਰੀਆਂ ਯੂਨੀਵਰਸਿਟੀਆਂ ਰਿਕੂਗਨਾਈਜ਼ ਕਰਨਗੀਆਂ ਔਰ ਕਮਿਸ਼ਨ ਇਸ ਨੂੰ ਮਨਜ਼ੂਰ ਕਰੇਗਾ। ਇਸ ਸਬੰਧ ਵਿਚ ਅਸੀਂ 9 ਮਈ, 1980 ਨੂੰ ਇਕ ਚਿੱਠੀ ਭੇਜੀ ਹੈ। ਹਾਲੇ ਤੱਕ ਸਾਨੂੰ ਉਸ ਦਾ ਜਵਾਬ ਨਹੀਂ ਆਇਆ। ਡਿਪਟੀ ਸਪੀਕਰ ਸਾਹਿਬ, ਇਸ ਰਿਪੋਰਟ ਦੇ ਪੈਰਾ 33 ਵਿਚ ਕਿਹਾ ਗਿਆ ਹੈ ਕਿ ਇਸ ਮਾਮਲੇ ਤੇ ਸਰਕਾਰ ਐਕਸ਼ਨ ਨਹੀਂ ਲੈ ਸਕਦੀ। ਸਰਕਾਰ ਨੇ ਨਵੰਬਰ, 1980 ਵਿਚ ਇਸ ਸਬੰਧ ਵਿਚ ਕਮਿਸ਼ਨ ਨੂੰ ਲਿਖਿਆ ਸੀ। ਇਸ ਦੇ ਵਿਚ 2-3 ਗੱਲਾਂ ਬੜੀਆਂ ਅਹਿਮ ਹਨ। ਇਸ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਜਿਹੜੇ ਸਾਡੇ ਸ਼ਡਿਊਲਡ ਕਾਸਟਸ ਭਰਾ ਹਨ ਉਨ੍ਹਾਂ ਨੂੰ ਪੂਰਾ ਇਨਸਾਫ ਨਹੀਂ ਮਿਲਦਾ। ਵਾਕਈ ਇਹ ਅਫਸੋਸ ਦੀ ਗੱਲ ਹੈ ਕਿ 1894 ਪੋਸਟਾਂ ਵਿਚੋਂ 586 ਪੋਸਟਾਂ ਸ਼ਡਿਊਲਡ ਕਾਸਟਸ ਦੀਆਂ ਬਣਦੀਆਂ ਸਨ ਪਰ ਇਹ ਭਰੀਆਂ ਗਈਆਂ ਸਿਰਫ 80 ਔਰ 506 ਨੂੰ ਸਰਵਿਸ ਵਿਚ ਨਹੀਂ ਲਿਆ ਗਿਆ ਕਿਉਂਕਿ ਉਹ ਕੁਆਲੀਫੀਕੇਸ਼ਨਜ਼ ਪੂਰੀਆਂ ਨਹੀਂ ਕਰਦੇ ਸਨ। ਇਹ ਬੜਾ ਗੰਭੀਰ ਮਾਮਲਾ ਹੈ। ਇਸ ਸਬੰਧ ਵਿਚ ਪੰਜਾਬ ਸਰਕਾਰ ਬੜੀ ਸਤੱਰਕ ਹੈ, ਜਿਸ ਤਰ੍ਹਾਂ ਆਈ. ਏ. ਐਸ. ਦੇ ਕੰਪੀਟੀਸ਼ਨ ਵਾਸਤੇ ਪੰਜਾਬ ਦੇ ਨੌਜਵਾਨ ਜਾਂਦੇ ਹਨ ਪਰ ਉਹ ਕੰਪੀਟ ਨਹੀਂ ਕਰ ਸਕਦੇ

[ਵਿੱਤ ਮੰਤਰੀ]

ਇਸ ਲਈ ਉਨ੍ਹਾਂ ਗਰੀਬ ਹਰੀਜਨ ਬੱਚਿਆਂ ਲਈ ਸਰਕਾਰ ਵਲੋਂ ਮੁਫਤ ਕੋਚਿੰਗ ਸੈਂਟਰ ਖੋਲ੍ਹਿਆ ਗਿਆ ਹੈ ਤਾਕਿ ਉਹ ਆਪਣੀ ਪੜ੍ਹਾਈ ਦੀ ਕਮੀ ਨੂੰ ਪੂਰਾ ਕਰ ਸਕਣ । (ਥੰਪਿੰਗ) ਇਸ ਕੋਚਿੰਗ ਸੈਂਟਰ ਵਿਚ 3,600 ਰੁਪਏ ਦੀ ਆਮਦਨੀ ਤੋਂ ਘੱਟ ਵਾਲੇ ਲੋਕਾਂ ਨੂੰ ਅਤੇ ਹਰੀਜਨਾਂ ਦੇ ਬੱਚਿਆਂ ਨੂੰ ਮੁਫਤ ਵਿਦਿਆ ਪ੍ਰਾਪਤ ਹੋਵੇਗੀ ਤਾਕਿ ਉਨ੍ਹਾਂ ਬੱਚਿਆਂ ਦੀ ਕੁਆਲੀਫੀਕੇਸ਼ਨ ਪੂਰੀ ਹੋ ਸਕੇ । ਜਿਹੜਾ ਸਰਵਿਸਿਜ਼ ਵਿਚ ਸ਼ਡਿਊਲਡ ਕਾਸਟਸ ਦਾ ਬੈਕਲਾਗ ਹੈ ਇਸ ਨੂੰ ਪੂਰਾ ਕਰਨ ਲਈ ਸਰਕਾਰ ਯਤਨ ਕਰੇਗੀ ਅਤੇ ਭਰਤੀ ਵੇਲੇ ਰਿਜ਼ਰਵੇਸ਼ਨ ਦਾ ਪੂਰਾ ਧਿਆਨ ਰੱਖਿਆ ਜਾਵੇਗਾ । ਹਰੀਜਨਾਂ ਲਈ 25% ਅਤੇ ਬੈਕਵਰਡ ਕਲਾਸਿਜ਼ ਲਈ 5% ਦਾ ਬੈਕਲਾਗ ਪੂਰਾ ਕੀਤਾ ਜਾਵੇਗਾ। ਇਸ ਤੇ ਇਮਾਨਦਾਰੀ ਨਾਲ ਅਮਲ ਕੀਤਾ ਜਾਵੇਗਾ ਔਰ ਜਿਥੇ ਸ਼ਡਿਊਲਡ ਕਾਸਟਸ ਅਵੇਲੇਬਲ ਨਹੀਂ ਹੋਵੇਗਾ ਉਥੇ ਜਨਰਲ ਕੈਟੇਗਰੀ ਦੇ ਆਦਮੀ ਨੂੰ ਟੈਂਪਰੇਰੀ ਰੱਖਿਆ ਜਾਵੇਗਾ, ਉਸ ਨੂੰ ਪਰਮਾਨੈਂਟ ਨਹੀਂ ਰੱਖਿਆ ਜਾਵੇਗਾ । ਇਸ ਦਾ ਇਸ ਤਰ੍ਹਾਂ ਬੰਦੋਬਸਤ ਕਰਾਂਗੇ । ਅਗਰ ਫਿਰ ਵੀ ਸ਼ਡਿਊਲਡ ਕਾਸਟਸ ਭਰਾਵਾਂ ਦੀ ਤਸੱਲੀ ਨਹੀਂ ਹੋਵੇਗੀ ਤਾਂ ਫਿਰ ਇਸ ਨੂੰ ਲਾਗੂ ਕਰਨ ਲਈ ਸਰਕਾਰ ਕਾਨੂੰਨ ਬਣਾਵੇਗੀ ਤਾਕਿ ਇਹ ਰਿਜ਼ਰਵੇਸ਼ਨ ਪੂਰੀ ਹੋ ਸਕੇ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਡਿਪਟੀ ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਤੋਂ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ । ਇਸ ਹਾਊਸ ਵਿਚ ਹਰ ਰੋਜ਼ ਰਿਜ਼ਰਵੇਸ਼ਨ ਬਾਰੇ ਸਰਕਾਰ ਕਹਿੰਦੀ ਹੈ ਅਤੇ ਇਹ ਕਹਿੰਦੇ ਹਨ ਕਿ ਸਾਡੀ ਸਰਕਾਰ 3,600 ਰੁਪਏ ਦੀ ਆਮਦਨੀ ਵਾਲਿਆਂ ਦੀ ਅਤੇ ਸ਼ਡਿਊਲਡ ਕਾਸਟਸ ਦੀ ਬੜੀ ਤਰਜਮਾਨੀ ਕਰਦੀ ਹੈ । ਅਸੀਂ ਵੀ ਇਸ ਗੱਲ ਨੂੰ ਸਪੋਰਟ ਕਰਦੇ ਹਾਂ । ਫਿਰ ਇਹ ਹੁਣੇ ਹਾਊਸ ਵਿਚ ਐਲਾਨ ਕਰ ਦੇਣ ਕਿ ਇਹ ਰਿਜ਼ਰਵੇਸ਼ਨ ਦੀ ਘਾਟ ਇਤਨੇ ਸਮੇਂ ਵਿਚ ਕੰਪਲੀਟ ਕਰ ਦੇਵਾਂਗੇ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਆਮ ਤੌਰ ਤੇ ਮਨਿਸਟਰ ਦੀ ਸਪੀਚ ਖਤਮ ਹੋਣ ਤੋਂ ਬਾਦ ਕਲੈਰੀਫੀਕੇਸ਼ਨ ਲਈ ਜਾ ਸਕਦੀ ਹੈ ਪਰ ਇਹ ਇਤਨੇ ਸਿਆਣੇ ਮੈਂਬਰ ਹੋਣ ਦੇ ਬਾਵਜੂਦ ਸਪੀਚ ਦੇ ਵਿਚ ਹੀ ਕਲੈਰੀਫੀਕੇਸ਼ਨ ਲਈ ਜਾਂਦੇ ਹਨ । ਇਸ ਰਿਪੋਰਟ ਤੇ ਸਰਕਾਰ ਵਿਚਾਰ ਕਰੇਗੀ । ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਤਰ੍ਹਾਂ ਦਾ ਕੋਈ ਕਾਨੂੰਨ ਹਾਊਸ ਵਿਚ ਲਿਆ ਸਕੀਏ । ਇਸ ਰਿਪੋਰਟ ਦੇ ਵਿਚ ਇਕ ਬੜੀ ਵੱਡੀ ਗਲੇਅਰਿੰਗ ਚੀਜ਼ ਹੈ ਜਿਹੜੀ ਬੜੀ ਦੁਖਦਾਈ ਹੈ। ਉਹ ਇਹ ਕਿ ਜਿਹੜੇ ਸਾਡੇ ਨੌਜਵਾਨ ਮਿਲਟਰੀ ਵਿਚ ਸਰਵਿਸ ਕਰਦੇ ਹਨ, ਜੋ ਲਦਾਖ ਅਤੇ ਵਾਘਾ ਬਾਰਡਰ ਤੇ ਸਰਵਿਸ ਕਰਦੇ ਹਨ ਅਤੇ ਜਿਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ ਹਨ, ਜਿਸ ਤਰ੍ਹਾਂ ਬੰਗਲਾ ਦੇਸ਼ ਵੇਲੇ ਬਾਰਡਰ ਉਤੇ ਫੌਜੀਆਂ ਨੇ ਕੁਰਬਾਨੀਆਂ ਕੀਤੀਆਂ ਹਨ, ਜਦੋਂ ਇਕ ਫੌਜੀ ਆਪਣੀ ਨੌਕਰੀ ਪੂਰੀ ਕਰ ਲੈਂਦਾ ਹੈ ਅਤੇ ਵਾਪਿਸ ਆਉਂਦਾ ਹੈ ਤਾਂ ਉਹ ਫਿਰ ਇਥੇ ਨੌਕਰੀ ਢੂੰਡਦਾ ਹੈ। ਇਸ ਰਿਪੋਰਟ ਵਿਚ ਦੱਸਿਆ ਹੈ ਕਿ ਉਨ੍ਹਾਂ ਲਈ 20% ਰਿਜ਼ਰਵੇਸ਼ਨ ਸੀ । ਡਿਪਟੀ ਸਪੀਕਰ ਸਾਹਿਬ, 1894 ਵੇਕੈਂਸੀਜ਼ ਸਨ ਪਰ ਬੜੇ ਅਫਸੋਸ ਦੀ ਗੱਲ ਹੈ ਕਿ 1894 ਵਿਚੋਂ 294 ਪੋਸਟਾਂ ਮਿਲੀਆਂ ਪਰ 294 ਪੋਸਟਾਂ ਵਿਚੋਂ ਸਿਰਫ 13 ਪੋਸਟਾਂ ਹੀ ਭਰੀਆਂ ਗਈਆਂ ਹਨ ਅਤੇ ਇਸ ਤਰ੍ਹਾਂ 281 ਪੋਸਟਾਂ ਦੇ ਕਰੀਬ ਖਾਲੀ ਰਹਿ ਗਈਆਂ ਹਨ । ਐਕਸ-ਸਰਵਿਸਮੈਨ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ..(ਵਿਘਨ) ਡਿਪਟੀ ਸਪੀਕਰ

ਸਾਹਿਬ, ਪਾਂਧੀ ਜੀ ਨੂੰ ਪਤਾ ਨਹੀਂ ਕਿ ਕੀ ਤਕਲੀਫ ਹੈ ? Why is he interrupting ? It is his habit. ਡਿਪਟੀ ਸਪੀਕਰ ਸਾਹਿਬ, ਹਾਊਸ ਵਿਚ ਬੈਠੇ ਬੈਠੇ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੂੰ ਨਹੀਂ ਬੋਲਣਾ ਚਾਹੀਦਾ ਅਤੇ ਹਾਊਸ ਦਾ ਡੈਕੋਰਮ ਕਾਇਮ ਰੱਖਣਾ ਚਾਹੀਦਾ ਹੈ । ਇਨ੍ਹਾਂ ਨੂੰ ਆਪਣੇ ਆਪ ਨੂੰ ਸੰਭਾਲਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਅਸੀਂ ਐਕਸ-ਸਰਵਿਸਮੈਨ ਕਾਰਪੋਰੇਸ਼ਨ ਕਾਇਮ ਕੀਤੀ ਹੈ ਤਾਕਿ ਫੌਜੀ ਆਪਣੀ ਸੇਵਾ ਤੋਂ ਬਾਅਦ ਧੱਕੇ ਨਾ ਖਾਏ ਅਤੇ ਜੇਕਰ ਉਸ ਨੂੰ ਕੋਈ ਜਗ੍ਹਾ ਨਾ ਮਿਲੇ ਤਾਂ ਇਹ ਬੜੀ ਅਫਸੋਸਨਾਕ ਅਤੇ ਸ਼ਰਮਨਾਕ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਅਸੀਂ ਕਾਰਪੋਰੇਸ਼ਨ ਦੀ ਡਿਊਟੀ ਲਗਾਵਾਂਗੇ ਕਿ ਜਿਹੜੇ ਫੌਜੀ ਰਿਟਾਇਰ ਹੁੰਦੇ ਹਨ ਉਨ੍ਹਾਂ ਦੀ ਰਜਿਸਟਰੇਸ਼ਨ ਕੀਤੀ ਜਾਵੇ ਅਤੇ ਉਨ੍ਹਾਂ ਦੀਆਂ ਕੁਆਲੀਫਿਕੇਸ਼ਨਜ਼ ਵਗੈਰਾ ਲਿਖਣ ਤਾਕਿ ਉਹ ਕੰਪੀਟੀਸ਼ਨ ਅਤੇ ਇੰਟਰਵਿਊ ਵਗੈਰਾ ਵਿਚ ਜਾ ਸਕਣ । ਇਸ ਚੀਜ਼ ਦਾ ਖਿਆਲ ਰੱਖਿਆ ਜਾਵੇਗਾ ਕਿ ਐਕਸ-ਸਰਵਿਸਮੈਨ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ । ਇਸ ਲਈ, ਡਿਪਟੀ ਸਪੀਕਰ ਸਾਹਿਬ, ਇਸ ਚੀਜ਼ ਦੀ ਸਖਤ ਜ਼ਰੂਰਤ ਸੀ । (ਵਿਘਨ) ਇਥੇ ਕੁਝ ਹੋਰ ਗੱਲਾਂ ਪ੍ਰੋਫੈਸਰ ਬਲਵੰਤ ਸਿੰਘ ਹੋਰਾਂ ਨੇ ਅਤੇ ਦੂਜੇ ਸਾਥੀਆਂ ਨੇ ਕੀਤੀਆਂ ਹਨ ਅਤੇ ਇਲਜ਼ਾਮ ਲਗਾਏ ਹਨ । ਇਹ ਕਿਹਾ ਗਿਆ ਕਿ ਵਿਆਹ ਤਦ ਹੋਇਆ ਜਦ ਉਸ ਨੂੰ ਜਗ੍ਹਾ ਮਿਲ ਗਈ । ਅਗਰ ਇਨ੍ਹਾਂ ਐਲੀਗੇਸ਼ਨਜ਼ ਵਿਚ ਸਚਾਈ ਹੈ ਤਾਂ ਮੈਂ ਸਮਝਦਾ ਹਾਂ ਕਿ ਵੇਗ ਐਲੀਗੇਸ਼ਨਜ਼ ਦੀ ਬਜਾਏ ਸਪੈਸੀਫਿਕ ਐਲੀਗੇਸ਼ਨਜ਼ ਲਗਾਉਣ ਅਤੇ ਉਨ੍ਹਾਂ ਐਲੀਗੇਸ਼ਨਜ਼ ਨੂੰ ਪਰੂਵ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ । (ਵਿਘਨ) Criticism for the sake of criticism ਵਾਲੀ ਗੱਲ ਨਹੀਂ ਹੋਣੀ ਚਾਹੀਦੀ । ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਸੂਰਤ ਵਿਚ ਕੁਰੱਪਸ਼ਨ ਨਹੀਂ ਹੋਣ ਦਿੱਤੀ ਜਾਵੇਗੀ ਚਾਹੇ ਉਹ ਪੁਲਿਟੀਕਲ ਸਾਈਡ ਤੋਂ ਹੋਵੇ, ਚਾਹੇ ਕਿਸੇ ਹੋਰ ਸਾਈਡ ਤੋਂ ਹੋਵੇ, ਪਰ ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਫੈਸਲਾ ਕੀਤਾ ਕਿ ਸਟੇਟ ਨੂੰ ਕਲੀਨ ਐਡਮਨਿਸਟਰੇਸ਼ਨ ਦੇਣੀ ਹੈ । ਜਿਹੜੇ ਸਮਗਲਰ ਹਨ ਅਤੇ ਬਦਮਾਸ਼ ਹਨ, ਉਨ੍ਹਾਂ ਤੇ ਐਕਸ਼ਨ ਲੈਕੇ ਗਰੀਬ ਆਦਮੀ ਦੀ ਜਾਨ ਦੀ ਰਖਿਆ ਕੀਤੀ ਜਾਵੇਗੀ । (ਥੰਪਿੰਗ) ਪਬਲਿਕ ਸਰਵਿਸ ਕਮਿਸ਼ਨ ਦੇ ਕੰਮ ਨੂੰ ਸੁਧਾਰਨ ਵਾਸਤੇ ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਪੰਜਾਬ ਸਰਕਾਰ ਨੂੰ ਸਹਿਯੋਗ ਦੇਣ । ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਡਿਪਟੀ ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਕਿਹਾ ਹੈ ਕਿ 586 ਪੋਸਟਾਂ ਸ਼ਡਿਊਲਡ ਕਾਸਟਸ ਦੀਆਂ ਬਣਦੀਆਂ ਸਨ । ਉਨ੍ਹਾਂ ਵਿਚੋਂ 80 ਪੋਸਟਾਂ ਭਰੀਆਂ ਗਈਆਂ । ਬਾਕੀ ਪੋਸਟਾਂ ਬਾਰੇ ਮੈਂ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ । ਕੀ ਸ਼ਡਿਊਲਡ ਕਾਸਟਸ ਕੁਆਲੀਫਿਕੇਸ਼ਨਜ਼ ਪੂਰੀਆ ਨਹੀਂ ਸੀ ਕਰਦੇ ਜਦੋਂ ਕਿ ਕੁਆਲੀਫਿਕੇਸ਼ਨ ਗਰੈਜੂਏਟ ਰੱਖੀ ਹੈ ਅਤੇ ਫਸਟ, ਸੈਕਿੰਡ ਅਤੇ ਥਰਡ ਡਵੀਜ਼ਨ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ ? (ਵਿਘਨ) ਇਹ ਪੋਸਟਾਂ ਕਿਉਂ ਨਹੀਂ ਭਰੀਆਂ ਗਈਆਂ ? ਦੂਜਾ ਐਫ. ਐਮ. ਸਾਹਿਬ ਨੇ ਕਿਹਾ ਕਿ ਅਸੀਂ ਸ਼ਡਿਊਲਡ ਕਾਸਟਸ ਦੀ ਬਿਹਤਰੀ ਲਈ ਬਿਲ ਲਿਆਉਣ ਤੇ ਵੀ, ਜੇ ਲੋੜ ਪਈ, ਤਾਂ ਗੁਰੇਜ਼ ਨਹੀਂ ਕਰਾਂਗੇ । ਮੈਂ, ਡਿਪਟੀ ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਬਿਲ ਲਿਆਉਣ ਦੀ ਸਖਤ ਜ਼ਰੂਰਤ ਹੈ ਅਤੇ ਐਕਟ ਬਣਨਾ ਚਾਹੀਦਾ

[ਸ੍ਰੀ ਪਿਆਰਾ ਰਾਮ ਧੰਨੋਵਾਲੀਆ]

ਹੈ । (ਵਿਘਨ) ਅਹਿਮਦਾਬਾਦ ਵਿਚ ਕੀ ਹਾਲਤ ਹੈ ? ਡਿਪਟੀ ਸਪੀਕਰ ਸਾਹਿਬ, ਨਾਨ-ਸ਼ਡਿਊਲਡ ਕਾਸਟਸ ਇੰਪਲਾਈਜ਼ ਨੇ ਧਮਕੀਆਂ ਦਿੱਤੀਆਂ ਹੋਈਆਂ ਹਨ । ਇਸ ਲਈ ਐਸੇ ਹਾਲਾਤ ਨੂੰ ਠੀਕ ਕਰਨਾ ਚਾਹੀਦਾ ਹੈ ।

ਸ੍ਰੀ ਸੇਵਾ ਰਾਮ : ਡਿਪਟੀ ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਵਿਚ ਜਿਸ ਡਿਪਾਰਟਮੈਂਟ ਦੀਆਂ ਪੋਸਟਾਂ ਹੋਣ, ਉਸ ਡਿਪਾਰਟਮੈਂਟ ਦਾ ਹੈਡ ਕਮਿਸ਼ਨ ਵਿਚ ਜ਼ਰੂਰ ਹੁੰਦਾ ਹੈ ਅਤੇ ਇਹ ਰਿਵਾਇਤ ਹੈ । ਹੁਣ ਪਬਲਿਕ ਸਰਵਿਸ ਕਮਿਸ਼ਨ ਵਿਚ, 850 ਡਾਕਟਰਾਂ ਦੀ ਇੰਟਰਵਿਊ ਹੋ ਰਹੀ ਹੈ ਪਰ ਕਮਿਸ਼ਨ ਵਿਚ ਹੈਡ ਆਫ ਦੀ ਡਿਪਾਰਟਮੈਂਟ ਦਾ ਕੋਈ ਬੰਦਾ ਨਹੀਂ ਹੈ । ਕੀ ਐਫ. ਐਮ. ਸਾਹਿਬ ਦੱਸਣਗੇ ਕਿ ਇਹ ਰਿਵਾਇਤ ਬਦਲ ਗਈ ਹੈ ? ਹੈਡ ਆਫ ਦੀ ਡਿਪਾਰਟਮੈਂਟ ਦਾ ਐਕਸਪਰਟ ਬੰਦਾ ਕਮਿਸ਼ਨ ਵਿਚ ਜ਼ਰੂਰ ਹੋਣਾ ਚਾਹੀਦਾ ਹੈ । ਕੀ ਮੰਤਰੀ ਜੀ ਦਸਣਗੇ ਕਿ ਕੋਈ ਨਵੇਂ ਰੂਲਜ਼ ਬਣ ਗਏ ਹਨ ?

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਦੱਸਿਆ ਹੈ ਕਿ 3,600 ਰੁਪਏ ਤੋਂ ਘੱਟ ਆਮਦਨ ਵਾਲਿਆਂ ਨੂੰ ਪ੍ਰੈਫਰੈਂਸ ਦਿੱਤੀ ਜਾਵੇਗੀ । ਕੀ ਐਫ. ਐਮ. ਸਾਹਿਬ 3,600 ਰੁਪਏ ਤੋਂ ਲਿਮਿਟ ਵੱਧਾ ਕੇ 6,000 ਰੁਪਏ ਤਕ ਕਰਨ ਦੀ ਖੇਚਲ ਕਰਨਗੇ ਤਾਕਿ 6,000 ਰੁਪਏ ਤਕ ਦੀ ਆਮਦਨ ਵਾਲਿਆਂ ਨੂੰ ਵੀ ਇਸ ਵਿਚ ਇਨਕਲੂਡ ਕਰ ਲਿਆ ਜਾਵੇ ?

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਦਾ ਬਿਲ ਸਾਡੀ ਸਰਕਾਰ ਵੇਲੇ ਤਿਆਰ ਹੋ ਗਿਆ ਸੀ ਪਰ ਅਸੀਂ ਪਾਸ ਨਹੀਂ ਕਰ ਸਕੇ । ਮੈਂ ਆਰਟੀਕਲ 207 ਥੱਲੇ ਆਪਣੀ ਰਿਕਮੈਂਡੇਸ਼ਨ ਦੇਣੀ ਹੈ ਭਾਵੇਂ ਪੰਜਾਬ ਸਰਕਾਰ ਉਸ ਨੂੰ ਮੰਨੇ ਜਾਂ ਨਾ ਮੰਨੇ । (ਵਿਘਨ) ਜੇਕਰ ਪ੍ਰਾਈਵੇਟ ਤੌਰ ਤੇ ਬਿਲ ਲਿਆਂਦਾ ਗਿਆ ਤਾਂ ਗੌਰਮਿੰਟ ਰਿਜੈਕਟ ਕਰ ਦੇਵੇਗੀ । ਕੀ ਪੰਜਾਬ ਸਰਕਾਰ ਕੋਈ ਬਿਲ ਇਸ ਤਰ੍ਹਾਂ ਦਾ ਸ਼ਡਿਊਲਡ ਕਾਸਟਸ ਦੀ ਬਿਹਤਰੀ ਲਈ ਲਿਆਉਣ ਲਈ ਤਿਆਰ ਹੈ ਔਰ ਜੇਕਰ ਸਰਕਾਰ ਬਿਲ ਨਹੀਂ ਲਿਆ ਸਕਦੀ ਤਾਂ ਆਰਡੀਨੈਂਸ ਜਾਰੀ ਕਰ ਦੇਵੇ ?

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਸ੍ਰੀ ਪਿਆਰਾ ਰਾਮ ਧੰਨੋਵਾਲੀਆ ਜੀ ਨੇ ਕੁਆਲੀਫਿਕੇਸ਼ਨਜ਼ ਦਾ ਜ਼ਿਕਰ ਕੀਤਾ ਹੈ । ਜਦੋਂ ਪੋਸਟਾਂ ਐਡਵਰਟਾਈਜ਼ ਹੁੰਦੀਆਂ ਹਨ ਇੰਜੀਨੀਅਰਜ਼, ਡਾਕਟਰਜ਼ ਜਾਂ ਹੋਰ ਕਿਸੇ ਕੈਟੇਗਰੀ ਦੀਆਂ, ਤਾਂ ਬਕਾਇਦਾ ਕੁਆਲੀਫਿਕੇਸ਼ਨਜ਼ ਲਿਖੀਆਂ ਹੁੰਦੀਆਂ ਹਨ । ਕਿਸੇ ਕੈਟੇਗਰੀ ਲਈ ਐਲ. ਐਲ. ਬੀ., ਕਿਸੇ ਲਈ ਬੀ. ਐਸ. ਸੀ. ਜਾਂ ਹੋਰ ਸਪੈਸੀਫਿਕ ਕੁਆਲੀਫਿਕੇਸ਼ਨਜ਼ ਹੁੰਦੀਆਂ ਹਨ । ਇਹ ਜ਼ਰੂਰੀ ਨਹੀਂ ਕਿ ਹਰ ਇਕ ਲਈ ਬੀ. ਏ. ਹੀ ਜ਼ਰੂਰੀ ਹੈ । ਡਿਪਟੀ ਸਪੀਕਰ ਸਾਹਿਬ, ਇਹ ਗਲ ਕਹਿਣਾ ਮੁਨਾਸਿਬ ਨਹੀਂ ਹੈ ।

ਜਿਹੜਾ ਉਨ੍ਹਾਂ ਨੇ ਐਕਟ ਦੇ ਬਾਰੇ ਜ਼ਿਕਰ ਕੀਤਾ ਹੈ, ਉਸ ਬਾਰੇ ਮੈਂ ਮੈਂਬਰ ਸਾਹਿਬ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਰਿਕਰੂਟਮੈਂਟ ਪੂਰੀ ਕਰਨ ਲਈ ਉਪਰਾਲੇ ਕਰਾਂਗੇ । ਮੈਂ ਕੋਈ ਇਕੱਲਾ ਫੈਸਲਾ ਨਹੀਂ ਕਰ ਸਕਦਾ । ਸਾਰੀ ਚੀਜ਼ ਪੰਜਾਬ ਸਰਕਾਰ ਨੇ ਕਰਨੀ ਹੈ ਅਤੇ

ਕੈਬਨਿਟ ਵਿਚ ਡਿਸਕਸ ਹੋਣਾ ਹੈ । ਹਾਊਸ ਦੇ ਮੈਂਬਰਾਂ ਨੇ ਆਪਣਾ ਖਦਸ਼ਾ ਜ਼ਾਹਿਰ ਕੀਤਾ ਹੈ ਅਤੇ ਇਸ ਤੋਂ ਪਹਿਲਾਂ ਵੀ ਕੀਤਾ ਸੀ। (ਵਿਘਨ) ਸ਼ਡਿਊਲਡ ਕਾਸਟਸ ਦਾ ਬੈਕ ਲਾਗ ਬਹੁਤ ਘੱਟ ਹੈ । ਅਸੀਂ ਹਾਊਸ ਦੇ ਮੈਂਬਰਾਂ ਦੇ ਸੈਂਟੀਮੈਂਟਸ ਅਤੇ ਜਜ਼ਬਾਤ ਨੂੰ ਮੁੱਖ ਰਖਦੇ ਹੋਏ ਜ਼ਰੂਰੀ ਕਦਮ ਚੁਕਾਂਗੇ । ਡਿਪਟੀ ਸਪੀਕਰ ਸਾਹਿਬ, ਜੇਕਰ ਐਗਜ਼ੈਕਟਿਵ ਆਰਡਰ ਕਰਕੇ ਬੈਕਲਾਗ ਪੂਰਾ ਨਾ ਹੋਇਆ ਤਾਂ ਅਸੀਂ ਐਕਟ ਲਿਆਉਣ ਤੋਂ ਬਿਲਕੁਲ ਗੁਰੇਜ਼ ਨਹੀਂ ਕਰਾਂਗੇ । (ਵਿਘਨ)

ਡਿਪਟੀ ਸਪੀਕਰ ਸਾਹਿਬ, ਸਾਹਮਣੇ ਬੈਠੇ ਭਰਾਵਾਂ ਦਾ ਵੀ ਢਾਈ ਤਿੰਨ ਸਾਲ ਰਾਜ ਰਿਹਾ ਪਰ ਇਹ ਬਿਲ ਨਹੀਂ ਲਿਆ ਸਕੇ । ਜੇਕਰ ਇਹ ਬਿਲ ਲਿਆਉਂਦੇ ਤਾਂ ਅਸੀਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਪਰ ਜੇਕਰ ਹੁਣ ਬਿਲ ਅਸੀਂ ਲਿਆਵਾਂਗੇ ਤਾਂ ਇਸ ਦਾ ਕ੍ਰੈਡਿਟ ਸਾਨੂੰ ਜਾਵੇਗਾ । (ਵਿਘਨ) ਸ੍ਰੀ ਸੇਵਾ ਰਾਮ ਜੀ ਨੇ, ਡਿਪਟੀ ਸਪੀਕਰ ਸਾਹਿਬ, 850 ਡਾਕਟਰਾਂ ਦੀਆਂ ਪੋਸਟਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੀ ਪਬਲਿਕ ਸਰਵਿਸ ਕਮਿਸ਼ਨ ਵਿਚ ਇੰਟਰਵਿਊ ਹੋ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਪਬਲਿਕ ਸਰਵਿਸ ਕਮਿਸ਼ਨ ਵਿਚ ਸਬੰਧਤ ਮਹਿਕਮੇ ਵਲੋਂ ਐਕਸਪਰਟਸ ਅਫਸਰ ਦੀ ਜ਼ਰੂਰਤ ਹੁੰਦੀ ਹੈ । ਇਸ ਚੀਜ਼ ਦਾ ਪਤਾ ਕਰ ਲਵਾਂਗੇ ਕਿ ਐਕਸਪਰਟਸ ਨੂੰ ਬੁਲਾਇਆ ਜਾਂਦਾ ਹੈ ਕਿ ਨਹੀਂ । ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਜ਼ਰੂਰ ਪਤਾ ਕਰਾਂਗੇ ਤਾਂਕਿ ਰੂਲਜ਼ ਦੇ ਮੁਤਾਬਿਕ ਹੀ ਸਾਰਾ ਕੁਝ ਹੋ ਸਕੇ ।

ਪਾਂਧੀ ਸਾਹਿਬ ਨੇ ਜ਼ਿਕਰ ਕੀਤਾ ਅੌਰ ਪ੍ਰੋਫੈਸਰ ਸਾਹਿਬ ਨੇ ਵੀ ਕੁਝ ਕਿਹਾ ਹੈ ਅੌਰ 3,600 ਰੁਪਏ ਵਾਲੀ ਗਲ ਕੀਤੀ ਹੈ । ਮੈਂ ਇਹ ਕਿਹਾ ਹੈ ਕਿ ਸ਼ਡਿਊਲਡ ਕਾਸਟਸ ਦੇ ਬੱਚਿਆਂ ਨੂੰ ਪਬਲਿਕ ਸਰਵਿਸ ਕਮਿਸ਼ਨ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਨ ਲਈ ਕੋਚਿੰਗ ਸੈਂਟਰਜ਼ ਜਾਂ ਕਲਾਸਿਜ਼ ਸ਼ੁਰੂ ਕੀਤੀਆਂ ਗਈਆਂ ਹਨ । ਇਸ ਦੇ ਨਾਲ ਨਾਲ ਜਿਹੜੇ ਕਮਜ਼ੋਰ ਹਨ ਪਰ ਉਨ੍ਹਾਂ ਦੇ ਬੱਚੇ ਲਾਇਕ ਹਨ ਉਨ੍ਹਾਂ ਦੀ ਮੱਦਦ ਵਾਸਤੇ ਆਲ ਇੰਡੀਆ ਟਾਰਗੈਟ 3,000 ਰੁਪਏ ਸਾਲਾਨਾ ਆਮਦਨੀ ਦਾ ਹੈ ਪਰ ਪੰਜਾਬ ਵਿਚ ਇਹ 3,600 ਰੁਪਏ ਸਾਲਾਨਾ ਆਮਦਨ ਦਾ ਟਾਰਗੈਟ ਫਿਕਸ ਕੀਤਾ ਗਿਆ ਹੈ । ਜਿਹੜੇ ਲੋਕ ਇਸ ਆਮਦਨ ਵਿਚ ਆਉਂਦੇ ਹਨ ਉਨ੍ਹਾਂ ਨੂੰ ਗਰੀਬੀ ਦੀ ਸਤਾਹ ਤੋਂ ਥੱਲੇ ਸਮਝਿਆ ਜਾਏਗਾ । ਅੌਰ ਉਨ੍ਹਾਂ ਦੀ ਮਦਦ ਕੀਤੀ ਜਾਏਗੀ ।ਪਾਂਧੀ ਸਾਹਿਬ ਨੇ ਕਿਹਾ ਹੈ ਕਿ ਅਕਾਲੀ ਸਰਕਾਰ ਨੇ ਸਕੀਮ ਤਿਆਰ ਕਰ ਲਈ ਸੀ । ਇਨ੍ਹਾਂ ਨੇ ਕਿਹਾ ਹੈ ਕਿ ਗਵਰਨਰ ਸਾਹਿਬ ਨੂੰ ਇਨ੍ਹਾਂ ਨੇ ਲਿਖਿਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਖਿਆਲ ਬਹੁਤ ਅੱਛਾ ਹੈ (ਵਿਘਨ) ਪਰ ਜੇਕਰ ਇਹ ਕੁਝ ਕਰ ਜਾਂਦੇ ਤਾਂ ਠੀਕ ਸੀ । ਹੁਣ ਅਸੀਂ ਕਰਾਂਗੇ ।

Mr. Deputy Speaker : Next item, Sardar Dalip Singh Pandhi.

DISCUSSION ON ANNUAL FINANCIAL STATEMENTS (BUDGET ESTIMATES) OF THE PUNJAB STATE ELECTRICITY BOARD FOR THE YEAR 1980-81 (VOLUMES I & II)

ਸਰਦਾਰ ਦਲੀਪ ਸਿੰਘ ਪਾਂਧੀ (ਆਮਲੋਹ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਟਾਈਮ ਥੋੜ੍ਹਾ ਹੈ, ਇਸ ਲਈ ਟਾਈਮ ਵਧਾਉਣਾ ਪਵੇਗਾ । ਮੈਂ ਮੂਵ ਕਰਦਾ ਹਾਂ ਕਿ ਸਾਲ 1980-81 ਲਈ ਪੰਜਾਬ ਰਾਜ ਬਿਜਲੀ ਬੋਰਡ ਦੇ ਸਾਲਾਨਾ ਵਿੱਤੀ ਵਿਵਰਣ (ਬਜਟ ਅਨੁਮਾਨ)

[ਸਰਦਾਰ ਦਲੀਪ ਸਿੰਘ ਪਾਂਧੀ]

(ਜਿਲਦਾਂ I ਅਤੇ II) ਜੋ 3 ਫਰਵਰੀ, 1981 ਨੂੰ ਸਦਨ ਦੀ ਮੇਜ਼ ਤੇ ਰੱਖੇ ਗਏ ਸਨ, ਤੇ ਬਹਿਸ ਕੀਤੀ ਜਾਵੇ ।

ਮੈਨੂੰ ਬੜੀ ਖੁਸ਼ੀ ਹੈ ਕਿ ਇਹ ਬੜਾ ਇੰਪਾਰਟੈਂਟ ਮਾਮਲਾ ਵਿਚਾਰਿਆ ਜਾ ਰਿਹਾ ਹੈ । ਮੈਨੂੰ ਇਹ ਵੀ ਖੁਸ਼ੀ ਹੈ ਕਿ ਤੁਸੀਂ ਇਸ ਕੁਰਸੀ ਤੇ ਬਿਰਾਜਮਾਨ ਹੋ ਅਤੇ ਤੁਸੀਂ ਵੀ ਚਾਹੁੰਦੇ ਹੋ ਕਿ ਸਾਡੇ ਪਛੜੇ ਵਰਗ ਦੀ ਗੱਲ ਹੋਵੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਵਿਚ ਰਿਜ਼ਰਵੇਸ਼ਨ ਨਹੀਂ ਹੈ । ਥੀਨ ਡੈਮ ਦਾ ਬੜਾ ਰੌਲਾ ਪਾਇਆ ਜਾ ਰਿਹਾ ਹੈ । ਪਰ ਸਾਨੂੰ ਸਮਝ ਨਹੀਂ ਆ ਰਹੀ ਕਿ ਇਹ ਬਣੇਗਾ ਵੀ ਕਿ ਨਹੀਂ ਕਿਉਂਕਿ ਇਨ੍ਹਾਂ ਨੇ ਇਸ ਬਾਰੇ ਇਹ ਕਿਹਾ ਹੈ ਕਿ it has been technically cleared by the Central Water and Power Commission but the final approval is awaited. ਬਿਜਲੀ ਬੋਰਡ ਵਾਲਿਆਂ ਨੇ ਇਸ ਸਾਲ ਇਸ ਲਈ ਕੇਵਲ 30 ਲੱਖ ਰੁਪਿਆ ਰਖਿਆ ਹੈ ਜਦ ਕਿ ਅਗਲੇ ਸਾਲ ਲਈ ਕੋਈ ਪੈਸਾ ਨਹੀਂ ਰੱਖਿਆ । ਪਤਾ ਨਹੀਂ ਪੰਜਾਬ ਸਰਕਾਰ ਨੇ ਸ਼ਾਇਦ 12 ਕਰੋੜ ਰੁਪਿਆ (ਵਿਘਨ) ਚਲੋ 22 ਕਰੋੜ ਕਹਿ ਲਓ, ਐਨਾ ਰੁਪਿਆ ਰੱਖਿਆ ਹੈ । ਪਰ ਉਸ ਦਾ ਪਤਾ ਨਹੀਂ ਕਿਥੇ ਗਿਆ, ਖ਼ਰਚ ਹੋਇਆ ਜਾਂ ਨਹੀਂ ਹੋਇਆ । ਇਸ ਬਾਰੇ ਤਾਂ ਐਸਟੀਮੇਟਸ ਕਮੇਟੀ ਹੀ ਜਾਂਚ ਕਰੇਗੀ । ਜਿਸ ਤਰ੍ਹਾਂ ਦਾਸ ਕਮਿਸ਼ਨ ਬਣਿਆ, ਗੁਰਦੇਵ ਸਿੰਘ ਕਮਿਸ਼ਨ ਬਣਿਆ, ਮੋਟਰ ਵਾਸਤੇ ਕਮਿਸ਼ਨ ਬਣਿਆ, ਇਸੇ ਤਰ੍ਹਾਂ ਹੀ ਇਸ ਲਈ ਵੀ ਕਮਿਸ਼ਨ ਬਣੇਗਾ ਅਤੇ ਪਤਾ ਕਰੇਗਾ ਕਿ ਇਹ ਰੁਪਿਆ ਕਿਥੇ ਗਿਆ । (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਬੋਰਡ ਤੇ ਬੋਲ ਰਿਹਾ ਹਾਂ । ਮੈਂ ਬੜੇ ਅਦਬ ਨਾਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਦਸੰਬਰ, 1977 ਵਿਚ ਇਕ ਕਮੇਟੀ ਬਣਾਈ ਸੀ ਜਿਸ ਬਾਰੇ ਟੰਡਨ ਸਾਹਿਬ ਨੇ 1979 ਵਿਚ ਰਿਪੋਰਟ ਪੰਜਾਬ ਸਰਕਾਰ ਨੂੰ ਪੇਸ਼ ਕੀਤੀ ਸੀ । ਜੇਕਰ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਤੇ ਮਿਹਰਬਾਨੀ ਕਰਨਾ ਚਾਹੁੰਦੀ ਹੈ ਤਾਂ ਮੈਂ ਬੇਨਤੀ ਕਰਾਂਗਾ ਕਿ ਉਹ ਰਿਪੋਰਟ ਪਬਲਿਸ਼ ਹੋਣੀ ਚਾਹੀਦੀ ਹੈ ਅਤੇ ਪਬਲਿਸ਼ ਕਰਕੇ ਇਹ ਰਿਪੋਰਟ ਸਾਨੂੰ ਦੇਣੀ ਚਾਹੀਦੀ ਹੈ, ਪੰਜਾਬ ਦੇ ਲੋਕਾਂ ਨੂੰ ਦੇਣੀ ਚਾਹੀਦੀ । ਉਹ ਇਕ ਤਰ੍ਹਾਂ ਦਾ ਮਾਸਟਰ ਪੀਸ ਹੈ । ਅਗਰ ਪੰਜਾਬ ਸਰਕਾਰ ਇਸ ਰਿਪੋਰਟ ਨੂੰ ਮੰਨ ਲਏ ਤਾਂ ਸਾਰਾ ਸੰਸਾਰ ਇਨ੍ਹਾਂ ਦਾ ਰਿਣੀ ਹੋਏਗਾ । ਜਿਸ ਤਰ੍ਹਾਂ ਸਾਡਾ ਕਾਂਸਟੀਚਿਊਸ਼ਨ ਬਣਾਉਣ ਵਿਚ ਡਾਕਟਰ ਅੰਬੇਦਕਰ ਨੇ ਮਿਹਨਤ ਕੀਤੀ ਉਸੇ ਤਰ੍ਹਾਂ ਹੀ ਸਰਦਾਰ ਆਰ.ਐਸ. ਗਿੱਲ ਨੇ ਮਿਹਨਤ ਕੀਤੀ । ਉਸ ਰਿਪੋਰਟ ਵਿਚ ਹੈ ਕਿ ਬਿਜਲੀ ਐਨੀ ਹੋਏਗੀ, ਘਾਟ ਨਹੀਂ ਹੋਏਗੀ। ਉਹ ਪਬਲਿਸ਼ ਨਹੀਂ ਹੋਈ ਅਤੇ ਪੰਜਾਬ ਸਰਕਾਰ ਨੇ ਉਸ ਰਿਪੋਰਟ ਨੂੰ ਮੰਨਿਆ ਨਹੀਂ । ਜਿਹੜੀ ਸਾਡੀ ਸਰਕਾਰ ਸੀ, ਜਿਸ ਨੂੰ ਇਹ ਮਾੜਾ ਕਹਿੰਦੇ ਹਨ, ਬਾਦਲ ਸਾਹਿਬ ਨੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਉਹ ਕਮੇਟੀ ਬਣਾਈ ਸੀ । ਉਸ ਰਿਪੋਰਟ ਨੂੰ ਪਬਲਿਸ਼ ਕਰ ਦੇਣਾ ਚਾਹੀਦਾ ਹੈ । ਇਸ ਬਿਜਲੀ ਬੋਰਡ ਵਿਚ ਜਬਰ ਜਨਾਹ ਹੋਏ ਹਨ । ਉਥੇ ਦੇ ਐਸ.ਡੀ.ਓ. ਦੇ ਖਿਲਾਫ ਮੁਲਾਜ਼ਮਾਂ ਨੂੰ ਬੜੀ ਭਾਰੀ ਸ਼ਿਕਾਇਤ ਹੈ ਪਰ ਅੱਜ ਤਕ ਉਸ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਗਿਆ । ਉਸ ਸਬੰਧੀ ਮੁਲਾਜ਼ਮਾਂ ਨੇ ਰੋਸ ਪ੍ਰਗਟ ਕੀਤਾ ਹੈ । (ਵਿਘਨ) ਬਠਿੰਡਾ ਥਰਮਲ ਪਲਾਂਟ ਜਿਹੜਾ ਕਿ ਅਕਾਲੀ ਸਰਕਾਰ ਨੇ ਬਣਾਇਆ ਸੀ (ਵਿਘਨ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਾਰਾ ਦਿਨ ਤੁਹਾਨੂੰ ਬਲਾਤਕਾਰ ਹੀ ਯਾਦ ਆਉਂਦੇ ਰਹਿੰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਕੀ ਕਰਦਾ ਹੈ ? (ਵਿਘਨ)।

ਸਰਦਾਰ ਦਲੀਪ ਸਿੰਘ ਪਾਂਧੀ : ਸੈਕਟਰ-36 ਵਿਚ ਔਰ ਸੈਕਟਰ-3 ਵਿਚ ਤੁਸੀਂ ਲੋਕ ਕੀ ਕਰਦੇ ਹੋ, ਇਹ ਸਾਰਿਆਂ ਨੂੰ ਪਤਾ ਹੈ। ਬਿਜਲੀ ਬੋਰਡ ਦੇ ਮੁਤੱਲਕ ਮੈਨੂੰ ਪਰਸਨਲ ਨਾਲਿਜ ਹੈ। ਮੈਂ ਪਟਿਆਲੇ ਦਾ ਰਹਿਣ ਵਾਲਾ ਹਾਂ, ਜੋ ਜ਼ੁਲਮ ਤਸ਼ੱਦਦ ਉਥੇ ਹੁੰਦੇ ਹਨ, ਉਹ ਸਾਨੂੰ ਪਤਾ ਹੈ। ਰਿਜ਼ਰਵੇਸ਼ਨ ਦਾ ਉਥੇ ਕੀ ਹਾਲ ਹੈ, ਉਸ ਬਾਰੇ ਵੀ ਸਾਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਡੇ ਸਦਰ ਹੋ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਵੀ ਸੈਂਟਰ ਵਿਚ ਸਪੀਕਰ ਬਣੋ। ਉਸ ਥਰਮਲ ਪਲਾਂਟ ਵਿਚ ਜੋ ਚੋਰੀਆਂ ਹੋਈਆਂ ਹਨ ਉਨ੍ਹਾਂ ਬਾਰੇ ਇਨਕੁਆਇਰੀ ਕਰਾਉਣੀ ਚਾਹੀਦੀ ਹੈ। ਰੋਪੜ ਵਿਖੇ ਵੀ ਸੀਮਿੰਟ, ਲੋਹਾ ਆਦਿ ਦੀ ਚੋਰੀ ਹੋ ਰਹੀ ਹੈ। ਮੈਂ ਅੱਗੇ ਵੀ ਕਹਿ ਚੁੱਕਾ ਹਾਂ ਕਿ ਇਥੇ ਅਟਾਨੋਮਿਕ ਐਨਰਜੀ ਦਾ ਪਲਾਂਟ ਲਗਾਉਣਾ ਚਾਹੀਦਾ ਹੈ। ਇਹ ਥਰਮਲ ਪਲਾਂਟ ਰੋਪੜ ਲੈ ਗਏ ਹਨ ਜਦ ਕਿ ਇਹ ਪਲਾਂਟ ਮੇਨ ਲਾਈਨ ਤੇ ਲਗਾਉਣਾ ਚਾਹੀਦਾ ਹੈ, ਮੇਨ ਸੜਕ ਤੇ ਜਾਂ ਨੈਸ਼ਨਲ ਹਾਈਵੇ ਤੇ ਲਗਾਉਣਾ ਚਾਹੀਦਾ ਹੈ। ਉਥੇ ਕੋਲੇ ਦੀ ਮੁਸ਼ਕਲ ਪੇਸ਼ ਆਉਂਦੀ ਹੈ ਔਰ ਉਹ ਘਾਟੇ ਵਿਚ ਜਾ ਰਿਹਾ ਹੈ। ਕੋਲੇ ਔਰ ਲੇਬਰ ਦੀ ਪ੍ਰਾਬਲਮ ਰਹਿੰਦੀ ਹੈ। 6 ਚੀਫ਼ ਇੰਜੀਨੀਅਰਜ਼ ਉਥੇ ਬੈਠੇ ਹੋਏ ਹਨ। ਸਰਦਾਰ ਸੁਖਮਿੰਦਰ ਸਿੰਘ ਗਿੱਲ, ਐ.ਡੀ.ਓ. ਗੁਰਾਏ ਲਗਿਆ ਹੋਇਆ ਹੈ। 20 ਵਾਰੀ ਉਸਦੀ ਬਦਲੀ ਹੋ ਚੁੱਕੀ ਹੈ। ਗੁਰੂ ਰਾਮ ਦਾਸ ਮਿਲ ਅੰਮ੍ਰਿਤਸਰ ਵਿਖੇ ਲੱਗੀ ਹੋਈ ਹੈ। ਇਸ ਸਬੰਧ ਵਿਚ ਮੈਂ ਕਿਸੇ ਐਸ. ਪੀ. ਦਾ ਨਾਂ ਨਹੀਂ ਲੈਣਾ ਚਾਹੁੰਦਾ। ਉਸ ਮਿਲ ਨੂੰ 24 ਘੰਟੇ ਬਿਜਲੀ ਮਿਲਦੀ ਰਹਿੰਦੀ ਹੈ। ਹੋਰ ਜਗ੍ਹਾ ਤੇ ਬਿਜਲੀ ਬੰਦ ਰਹਿੰਦੀ ਹੈ, ਜਿਸ ਨਾਲ ਚੋਰਾਂ ਨੂੰ ਮੌਜ ਹੋ ਗਈ ਹੈ ਔਰ ਚੋਰੀਆਂ ਬਹੁਤ ਹੋਣ ਲਗ ਪਈਆਂ ਹਨ। ਪੰਜਾਬ ਵਿਚ ਲਾਈਟ ਸਿਰਫ 6 ਘੰਟੇ ਆਉਂਦੀ ਹੈ। ਲਾਈਟ ਨਾ ਹੋਣ ਕਰਕੇ ਚੋਰਾਂ ਨੂੰ ਔਰ ਰੇਪਿਸਟਸ ਨੂੰ ਮੌਜਾਂ ਹੋ ਗਈਆਂ ਹਨ (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਇਨ੍ਹਾਂ ਨੇ ਬਲਾਤਕਾਰ ਦੀ ਗਲ ਨਹੀਂ ਕੀਤੀ ਉਹ ਵੀ ਕਰ ਦੇਣ (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਟੰਡਨ ਸਾਹਿਬ ਨੇ ਆਪਣੀ ਰਿਪੋਰਟ ਵਿਚ ਕਈ ਸਿਫਾਰਸ਼ਾਂ ਕੀਤੀਆਂ। ਉਨ੍ਹਾਂ ਨੇ ਦੱਸਿਆ ਹੈ ਕਿ 1975-76 ਵਿਚ 4,564 ਕਿਲੋਵਾਟ ਬਿਜਲੀ ਪੈਦਾ ਕੀਤੀ ਗਈ, 1976-77 ਵਿਚ 4,905 ਕਿਲੋਵਾਟ ਬਿਜਲੀ ਪੈਦਾ ਕੀਤੀ ਗਈ ਔਰ 1977-78 ਵਿਚ 4,123 ਕਿਲੋਵਾਟ ਬਿਜਲੀ ਪੈਦਾ ਕੀਤੀ ਗਈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਜਿਹੜਾ ਬੋਰਡ ਦਾ ਥਰਮਲ ਪਲਾਂਟ ਹੈ ਇਸ ਦੀ ਸਰਵਿਸ ਠੀਕ ਨਹੀਂ ਹੈ। ਸਾਰੀਆਂ ਸਟੇਟਸ ਵਿਚ ਅਜਿਹੇ 15 ਥਰਮਲ ਪਲਾਂਟਸ ਚਲ ਰਹੇ ਹਨ, ਉਨ੍ਹਾਂ ਨਾਲ ਕੰਪੇਅਰ ਕਰਕੇ ਦਸਿਆ ਹੈ :—

"P.S.E.B. should keep a figure of 55,000 KWH/KW installed for the Bhatinda Thermal supply as this short term objective and in the long term progressive work towards 6,000 and above.

The system losses in the P.S.E.B. estimates a percentage of the unit dispatch for sale for the years 1970-71 to 1977-78."

[ਸਰਦਾਰ ਦਲੀਪ ਸਿੰਘ ਪਾਂਧੀ]

ਉਨ੍ਹਾਂ ਨੇ ਬੜੀ ਸਟੱਡੀ ਕੀਤੀ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਇਹ ਜਿਹੜੇ 6 ਚੀਫ ਇੰਜੀਨੀਅਰ ਹਨ ਅਤੇ 40 ਐਸ.ਈਜ਼. ਹਨ ਇਹ ਬਹੁਤ ਜ਼ਿਆਦਾ ਹਨ, ਇਹ ਥੋੜ੍ਹੇ ਹੋਣ ਚਾਹੀਦੇ ਹਨ। (ਵਿਘਨ) ਪ੍ਰਕਾਸ਼ ਟੰਡਨ, ਡਾਇਰੈਕਟਰ ਜਨਰਲ ਆਫ ਨੈਸ਼ਨਲ ਕੌਂਸਿਲ ਆਫ ਐਪਲਾਈਡ ਇਕਨਾਮਿਕਸ ਰਿਸਰਚ ਬੜੇ ਸਿਆਣੇ ਹਨ। ਉਨ੍ਹਾਂ ਨੇ ਰਿਪੋਰਟ ਕੀਤੀ ਹੈ। ਉਸ ਦੇ ਮੁਤਾਬਿਕ ਚੱਲਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, 1977-78 ਤੋਂ ਟੈਰਿਫ ਘਟ ਰਿਹਾ ਹੈ। ਪਾਵਰ ਦੇ ਚਾਰਜਿਜ਼ ਬਾਰੇ ਮੈਂ ਦੱਸਦਾ ਹਾਂ, ਜੋ ਅਸੀਂ ਲੈਂਦੇ ਹਾਂ ਉਹ ਹੈ ਪ੍ਰਤੀ ਯੂਨਿਟ 23.10 ਪੈਸੇ। ਇਰੀਗੇਸ਼ਨ ਵਾਸਤੇ 18.30 ਪੈਸੇ ਹੈ। ਹਾਈ ਟੈਨਸ਼ਨ ਇੰਡਸਟਰੀ ਲਈ 18.70 ਹੈ। ਲੋ ਟੈਨਸ਼ਨ ਇੰਡਸਟਰੀ ਲਈ 25.90 ਪੈਸੇ ਹੈ। ਮੀਡੀਅਮ ਸਪਲਾਈ ਲਈ 22.41 ਪੈਸੇ ਹੈ। ਪਬਲਿਕ ਲਾਈਟਨਿੰਗ ਲਈ 30.80 ਹੈ। ਡੋਮੈਸਟਿਕ ਵਾਸਤੇ 31.48 ਪੈਸੇ ਹੈ ਅਤੇ ਕਮਰਸ਼ੀਅਲ ਵਾਸਤੇ 46.6 ਪੈਸੇ ਹੈ। ਐਗਰੀਕਲਚਰ ਤੇ 40% ਖ਼ਰਚ ਹੁੰਦਾ ਹੈ। ਇੰਡਸਟਰੀ ਤੇ 33% ਖ਼ਰਚ ਹੁੰਦਾ ਹੈ। ਡੋਮੈਸਟਿਕ ਅਤੇ ਕਮਰਸ਼ੀਅਲ ਤੇ 15% ਖ਼ਰਚ ਹੁੰਦਾ ਹੈ। (ਵਿਘਨ) ਇਹ ਜਿਹੜਾ ਬਿਜਲੀ ਬੋਰਡ ਹੈ ਇਹ ਵ੍ਹਾਈਟ ਐਲੀਫੈਂਟ ਹੈ। ਇਸ ਤੇ ਪੂਰੀ ਤਰ੍ਹਾਂ ਕੰਟਰੋਲ ਕਰਨ ਦੀ ਲੋੜ ਹੈ। ਫਿਰ ਹਾਈਡਲ ਇਸ ਦੇ ਅਧੀਨ ਹੋਣੇ ਚਾਹੀਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਕਿਸੇ ਬਿਜਲੀ ਬੋਰਡ ਦੇ ਚੇਅਰਮੈਨ ਨੂੰ 2 ਸਾਲ ਬਾਅਦ ਹਟਾ ਦਿੰਦੇ ਹਨ ਕਿਸੇ ਨੂੰ ਸਾਲ ਬਾਅਦ ਹਟਾ ਦਿੰਦੇ ਹਨ ਅਤੇ ਕਿਸੇ ਨੂੰ 6 ਮਹੀਨਿਆਂ ਬਾਅਦ ਹਟਾ ਦਿੰਦੇ ਹਨ। ਇਨ੍ਹਾਂ ਨੇ ਹੁਣ ਤੱਕ 11 ਸਾਲਾਂ ਵਿਚ 12 ਚੇਅਰਮੈਨ ਹਟਾਏ ਹਨ। ਮੈਂ ਪਹਿਲਾਂ ਵੀ ਕਿਹਾ ਸੀ ਕਿ ਜਦ ਇਨ੍ਹਾਂ ਦਾ ਰਾਜ ਆਇਆ ਤਾਂ ਇਨ੍ਹਾਂ ਦਿੱਲੀ ਤੋਂ ਆਦਮੀ ਲਿਆਕੇ ਇਸ ਦਾ ਚੇਅਰਮੈਨ ਲਗਾ ਦਿਤਾ ਅਤੇ ਰਿਕੁਮੈਂਡ ਕਰ ਦਿਤਾ ਇਹ ਚੇਅਰਮੈਨ 5 ਸਾਲ ਰਹੇ। ਇਸੇ ਤਰ੍ਹਾਂ ਮੈਂਬਰ 5 ਸਾਲ ਰਹਿਣ। ਇਸ ਤਰ੍ਹਾਂ ਕੰਮ ਕਿਸ ਤਰ੍ਹਾਂ ਠੀਕ ਚੱਲੇਗਾ। ਉਥੇ ਟੈਕਨੀਕਲ ਆਦਮੀ ਲਾਉਣੇ ਚਾਹੀਦੇ ਹਨ। ਫਿਰ ਉਸ ਵਿਚ ਸਰਕਾਰ ਦੀ ਇੰਟਰਫੀਅਰੈਂਸ ਨਾ ਹੋਵੇ। ਪਰ ਹੁੰਦਾ ਕੀ ਹੈ ਕਿ ਸਰਕਾਰ ਇੰਟਰਫੀਅਰ ਕਰਦੀ ਹੈ ਜੋ ਕਿ ਠੀਕ ਗੱਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਕ ਬੜਾ ਇੰਪਾਰਟੈਂਟ ਮਾਮਲਾ ਹੈ। 220 ਕੇ.ਵੀ. ਦੇ ਸਾਰੇ ਸਬ ਸਟੇਸ਼ਨ ਬੀ.ਐਮ.ਬੀ. ਦੇ ਕੰਟਰੋਲ ਵਿਚ ਹਨ। ਫਿਰ ਭਾਖੜੇ ਤੋਂ ਡਾਇਰੈਕਟ ਸਪਲਾਈ ਦਿੱਲੀ ਨੂੰ ਜਾਂਦੀ ਹੈ। ਦਿੱਲੀ ਵਿਚ ਤਾਂ ਇਕ ਮਿੰਟ ਬਿਜਲੀ ਨਹੀਂ ਜਾਂਦੀ ਪਰ ਸਾਡੇ ਇਥੇ ਬਿਜਲੀ ਮਿਲਦੀ ਨਹੀਂ ਹੈ। ਥੀਨ ਡੈਮ ਦਾ ਮਸਲਾ ਹੈ। ਇਸ ਦਾ ਬਟਵਾਰਾ ਹੋ ਗਿਆ। ਇਹ ਤਾਂ ਉਹ ਗੱਲ ਹੋਈ ਕਿ ਮੁੰਡਾ ਹਾਲਾਂ ਜੰਮਿਆਂ ਨਹੀਂ ਪਰ ਮੰਗਤੇ ਪਹਿਲਾਂ ਹੀ ਆ ਗਏ। ਮੈਂ ਪਹਿਲਾਂ ਵੀ ਕਿਹਾ ਸੀ ਕਿ ਥੀਨ ਡੈਮ ਵਾਸਤੇ ਸਾਡਾ ਪੈਸਾ ਭਾਰਤ ਸਰਕਾਰ ਦੇਵੇ। ਪੰਜਾਬ ਸਰਕਾਰ ਇਸ ਨੂੰ ਬਣਾਵੇ ਅਤੇ ਬਿਜਲੀ ਪੰਜਾਬ ਆਪਣੀ ਮਰਜ਼ੀ ਨਾਲ ਦੇਵੇ। (ਵਿਘਨ) ਸੈਂਟਰ ਨੂੰ ਅਸੀਂ ਕਿੰਨਾ ਹੀ ਪੈਸਾ ਦਿੰਦੇ ਹਾਂ। ਕਈ ਕਿਸਮ ਦੇ ਟੈਕਸਾਂ ਤੋਂ ਪੈਸਾ ਸੈਂਟਰ ਨੂੰ ਦਿੰਦੇ ਹਾਂ ਜਿਵੇਂ ਕਿ ਵੈਲਥ ਟੈਕਸ, ਐਸਟੇਟ ਡਿਊਟੀ, ਮੌਤ ਟੈਕਸ ਆਦਿ ਪਰ ਸੈਂਟਰ ਤੋਂ ਸਾਨੂੰ ਬਹੁਤ ਥੋੜ੍ਹਾ ਪੈਸਾ ਮਿਲਦਾ ਹੈ। ਜੇ ਕਿਹਾ ਕਿ ਚੰਡੀਗੜ੍ਹ ਨੂੰ ਲੁਧਿਆਣਾ ਨਾਲ ਮਿਲਾ ਦਿਓ ਤਾਂ ਇਹ ਨਹੀਂ ਕੀਤਾ। ਜੇ ਰਾਜਪੁਰੇ ਤੋਂ ਕਿਹਾ ਗਿਆ ਤਾਂ ਨਹੀਂ ਹੋਇਆ। ਰੈਲੀਆਂ ਜਿੰਨੀਆਂ ਮਰਜ਼ੀ ਹੈ ਕਰਾ ਲਓ ਇਸ ਵਾਸਤੇ ਤਾਂ ਗੱਡੀਆਂ ਮਿਲਦੀਆਂ ਹਨ। (ਵਿਘਨ) (ਸ਼ੋਰ) ਲੋਕਾਂ ਨੂੰ ਬਿਜਲੀ ਨਹੀਂ ਮਿਲ ਰਹੀ। ਸੈਂਟਰ ਵਿਚ ਕੋਈ ਵੀ ਸਰਕਾਰ ਹੋਵੇ ਉਹ ਪੰਜਾਬ ਦਾ ਖਿਆਲ ਨਹੀਂ ਕਰਦੀ। (ਵਿਘਨ) ਪਿੰਡਾਂ ਵਿਚ ਲੋਕ ਮਰ ਰਹੇ ਹਨ, ਲੇਬਰ ਮਰ ਰਹੀ ਹੈ, ਮਜ਼ਦੂਰ ਮਰ ਰਿਹਾ ਹੈ। ਇੰਡਸਟਰੀ ਨਹੀਂ

ਚੱਲ ਰਹੀ । ਬਿਜਲੀ ਨਹੀਂ ਮਿਲ ਰਹੀ । (ਵਿਘਨ) ਸ਼ਡਿਊਲਡ ਕਾਸਟਸ ਮਰ ਰਹੇ ਹਨ । ਜੇ ਅਸੀਂ ਵਿਧਾਨ ਸਭਾ ਵਿਚ ਲੋਕਾਂ ਦੀਆਂ ਤਕਲੀਫਾਂ ਨਹੀਂ ਦੱਸ ਸਕਦੇ, ਉਨ੍ਹਾਂ ਬਾਰੇ ਇਥੇ ਆਵਾਜ਼ ਨਹੀਂ ਉਠਾ ਸਕਦੇ ਤਾਂ ਅਸੀਂ ਇਥੇ ਕਿਸ ਵਾਸਤੇ ਬੈਠੇ ਹਾਂ ।

ਸ੍ਰੀ ਸੁਰਿੰਦਰ ਕਪੂਰ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਰੈਲੀ ਦਾ ਜ਼ਿਕਰ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਰੈਲੀ ਦੇ ਫੋਬੀਏ ਨਾਲ ਮਰ ਜਾਣਾ ਹੈ । (ਹਾਸਾ) (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਬਿਜਲੀ ਨਾ ਮਿਲਣ ਕਰਕੇ ਪੰਜਾਬ ਵਿਚ ਹਨੇਰਾ ਹੋ ਗਿਆ ਹੈ । ਐਗਰੀਕਲਚਰ ਫੇਲ ਹੋ ਗਈ ਹੈ, ਇੰਡਸਟਰੀ ਫੇਲ੍ਹ ਹੋ ਗਈ ਹੈ । ਅਸਰ ਰਸੂਖ ਵਾਲੇ ਬੰਦੇ ਬਿਜਲੀ ਲੈ ਜਾਂਦੇ ਹਨ । ਇਨ੍ਹਾਂ ਦੀ ਪਾਰਟੀ ਦਾ ਕੈਸ਼ੀਅਰ ਗੋਬਿੰਦਗੜ੍ਹ ਵਿਚ ਕਾਰਖਾਨਾ ਚਲਾ ਰਿਹਾ ਹੈ । ਉਸ ਨੂੰ ਤਾਂ ਬਿਜਲੀ ਮਿਲ ਰਹੀ ਹੈ ਪਰ ਹੋਰ ਕਿਸੇ ਨੂੰ ਨਹੀਂ ਮਿਲ ਰਹੀ । ਅਸਰ ਰਸੂਖ ਵਾਲੇ ਬਿਜਲੀ ਲੈ ਜਾਂਦੇ ਹਨ । ਜਿਹੜੀ ਮੈਨ ਪਾਵਰ ਹੈ ਉਹ 69% ਰੇਜ਼ ਕਰ ਗਈ ਹੈ । (ਵਿਘਨ) ਜਿਸ ਦਾ ਕੋਈ ਵਾਲੀ ਵਾਰਸ ਨਹੀਂ ਉਸ ਨੂੰ ਬਿਜਲੀ ਬੋਰਡ ਵਿਚ ਭਰਤੀ ਕਰ ਦਿੰਦੇ ਹਨ । ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦੇ ਐਕਟ ਦੀ ਧਾਰਾ 5 ਦੇ ਥੱਲੇ ਬੋਰਡ ਵਿਚ ਪੁਲਿਟੀਕਲ ਇੰਟਰਫੀਅਰੈਂਸ ਨਹੀਂ ਹੋਣੀ ਚਾਹੀਦੀ ਲੇਕਿਨ ਪੁਲਿਟੀਕਲ ਇੰਟਰਫੀਅਰੈਂਸ ਹੋ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਹੁਣ ਤਾਂ ਹੋਰ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਨੇ ਉਥੇ ਆਈ.ਏ.ਐਸ. ਅਫਸਰ ਲਗਾ ਦਿਤੇ ਹਨ । (ਵਿਘਨ) ਇਹ ਜਿਹੜਾ ਸਾਹਮਣੇ ਬੈਠਾ ਮੇਰਾ ਸਾਥੀ ਬੋਲ ਰਿਹਾ ਹੈ ਜੇ ਇਹ ਇਕ ਰਾਤ ਮਜ਼ਬੀਆਂ ਦੇ ਘਰ ਰਹੇ ਤਾਂ ਇਹ ਸਫੋਕੇਸ਼ਨ ਨਾਲ ਮਰ ਜਾਵੇਗਾ । ਪਿੰਡਾਂ ਵਿਚ ਬਿਜਲੀ ਨਹੀਂ ਮਿਲਦੀ । ਇਨ੍ਹਾਂ ਨੇ ਬਿਜਲੀ ਬੋਰਡ ਵਿਚ ਬਿਊਰੋਕਰੇਟ ਲਗਾ ਦਿੱਤੇ ਹਨ । ਮੈਂ ਕਹਾਂਗਾ ਕਿ ਉਥੇ ਭਾਟੀਏ ਵਰਗੇ, ਗਿੱਲ ਵਰਗੇ ਆਦਮੀ ਲਗਾਓ । ਉਥੇ ਸਮਝਦਾਰ ਆਦਮੀ ਲਗਾਓ । ਉਥੇ ਟੈਕਨੀਕਲ ਆਦਮੀ ਲਗਾਓ । (ਵਿਘਨ) ਜਿਹੜਾ ਇਨ੍ਹਾਂ ਨੇ ਉਸ ਬੋਰਡ ਦਾ ਪਿਛੇ ਚੇਅਰਮੈਨ ਲਗਾਇਆ ਉਸ ਨੇ 1 ਲੱਖ 30 ਹਜ਼ਾਰ ਰੁਪਏ ਦੀ ਇੰਪੋਰਟਡ ਕਾਰ ਲਈ । ਉਹ ਗਰੈਜੂਏਸ਼ਨ ਨਹੀਂ ਕਰ ਸਕਿਆ। (ਵਿਘਨ) ਇਨ੍ਹਾਂ ਨੇ ਨਾਨ-ਟੈਕਨੀਕਲ ਆਦਮੀ ਉਥੇ ਲਗਾ ਦਿਤਾ । (ਵਿਘਨ) ਇਹ ਸਰਕਾਰ ਚਾਹੁੰਦੀ ਹੈ ਕਿ ਸਾਡੀ ਮਰਜ਼ੀ ਨਾਲ ਸਾਰੇ ਅਫਸਰ ਚੱਲਣ । ਸਾਡੀ ਹਕੂਮਤ ਨਾਲ ਸਾਰੇ ਚੱਲਣ । (ਵਿਘਨ) ਸਾਨੂੰ ਅਫਸੋਸ ਇਸ ਗੱਲ ਦਾ ਹੈ ਕਿ ਸਾਡੇ ਤੇ ਬਿਊਰੋਕਰੈਟਿਕ ਕਾਬਜ਼ ਹੋ ਗਏ ਹਨ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਪਾਂਧੀ ਜੀ ਨੇ ਕਪੂਰ ਜੀ ਨੂੰ ਕਿਹਾ ਹੈ ਕਿ ਉਹ ਮਜ਼ਬੀਆਂ ਦੇ ਘਰ ਰਹਿਕੇ ਵਿਖਾਉਣ ਉਹ ਸਫੋਕੇਸ਼ਨ ਨਾਲ ਮਰ ਜਾਣਗੇ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਪ ਤਾਂ ਸਰਕਟ ਹਾਊਸ ਰਿਜ਼ਰਵ ਕਰਾਕੇ ਰਹਿੰਦੇ ਹਨ ਇਹ ਆਪ ਮਜ਼ਹਬੀਆਂ ਦੇ ਘਰ ਰਹਿਣ । (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਬੋਰਡ ਦੇ 1967 ਵਿਚ ਹੋਂਦ ਵਿਚ ਆਉਣ ਤੇ ਇਸ ਦੀ ਟੋਟਲ ਇਨਵੈਸਟਮੈਂਟ 680 ਕਰੋੜ ਰੁਪਏ ਦੀ ਸੀ ਜੋ ਕਿ 1982-83 ਵਿਚ 1,245 ਕਰੋੜ ਰੁਪਏ ਹੋ ਜਾਣੀ ਹੈ । ਇਸ ਲਈ ਇਸ ਦਾ ਪ੍ਰਬੰਧ ਠੀਕ ਹੋਣਾ ਚਾਹੀਦਾ ਹੈ । ਇਸ ਦੀ ਵਰਕਿੰਗ ਦੀ ਚੈਕਿੰਗ ਹੋਣੀ ਚਾਹੀਦੀ ਹੈ । ਇਸ ਵਿਚ ਗੱਡੀਆਂ ਦੀ ਦੁਰਵਰਤੋਂ ਹੋ ਰਹੀ ਹੈ । (ਵਿਘਨ) ਸਸਤੇ ਭਾਅ ਤੇ ਖਰੀਦ ਕੇ

[ਸਰਦਾਰ ਦਲੀਪ ਸਿੰਘ ਪਾਂਧੀ]

ਮਹਿੰਗੇ ਭਾਅ ਤੇ ਵੇਚੀਆਂ ਜਾ ਰਹੀਆਂ ਹਨ। ਲੋਕਾਂ ਨੂੰ ਬਿਜਲੀ ਨਹੀਂ ਮਿਲ ਰਹੀ। ਰੋਮ ਸੜ ਮਰ ਰਿਹਾ ਹੈ ਪਰ ਨੀਰੋ ਬੰਸਰੀ ਵਜਾ ਰਿਹਾ ਹੈ। ਪੰਜਾਬ ਦੀ ਸਰਕਾਰ ਚੁੱਪ ਬੈਠੀ ਹੈ, ਨਾ ਕਣਕ ਹੋ ਰਹੀ ਹੈ ਅਤੇ ਨਾ ਕੋਈ ਹੋਰ ਫਸਲ ਹੋ ਰਹੀ ਹੈ। ਗੜੇ ਪੈ ਗਏ ਹਨ। ਇੰਡਸਟਰੀ ਫੇਲ੍ਹ ਹੋ ਗਈ ਹੈ। ਸਾਰਾ ਲੁਧਿਆਣਾ ਰੋ ਰਿਹਾ ਹੈ। ਉਥੋ ਦੇ ਮੈਂਬਰ ਸਾਹਿਬਾਨ ਨੂੰ ਬੋਲਣਾ ਚਾਹੀਦਾ ਹੈ ਕਿ ਲੁਧਿਆਣੇ ਦੀ ਕੀ ਹਾਲਤ ਹੈ। ਪੰਜਾਬ ਦੀ ਕੀ ਹਾਲਤ ਹੋ ਰਹੀ ਹੈ? ਇਧਰੋਂ ਪੰਜਾਬ ਦੀ ਸਰਕਾਰ ਨੇ ਕਿਰਾਏ ਵਧਾ ਦਿੱਤੇ ਹਨ, ਨਾ ਉਥੇ ਕੋਈ ਬਸ ਜਾਂਦੀ ਹੈ ਅਤੇ ਨਾ ਕੋਈ ਟਰੱਕ ਜਾਂਦਾ ਹੈ। ਜੇ ਕੋਈ ਜਾਣ ਦਾ ਜ਼ਰੀਆ ਨਹੀਂ, ਉਪਜ ਨਹੀਂ ਹੋਣੀ ਅਤੇ ਇੰਡਸਟਰੀ ਦੀ ਪ੍ਰੋਡਕਸ਼ਨ ਨਹੀਂ ਹੋਣੀ ਤਾਂ ਇਹ ਸਾਰਾ ਕੰਮ ਕਿਵੇਂ ਚਲੇਗਾ ? ਇਸ ਲਈ ਮੈਂ ਤਾਂ ਇਹੀ ਕਹਿੰਦਾ ਹਾਂ ਕਿ ਬਿਜਲੀ ਬੋਰਡ ਵਿਚ ਸੁਧਾਰ ਲਿਆਂਦਾ ਜਾਵੇ। ਜੇ ਬਿਜਲੀ ਬੋਰਡ ਨੂੰ ਸੁਧਾਰਿਆ ਗਿਆ ਤਾਂ ਹੀ ਸਾਰਾ ਕੰਮ ਹੋ ਸਕਦਾ ਹੈ। ਕਾਰਖਾਨਿਆਂ ਨੂੰ ਬਿਜਲੀ ਨਹੀਂ ਮਿਲਦੀ, ਟਿਊਬਵੈਲਾਂ ਨੂੰ ਬਿਜਲੀ ਨਹੀਂ ਮਿਲਦੀ। ਸਾਨੂੰ ਖੁਸ਼ੀ ਹੈ ਕਿ ਇਹ ਥਰਮਲ ਪਲਾਂਟ ਲਗਾ ਰਹੇ ਹਨ। ਉਥੇ ਬੰਦੇ ਲਿਜਾ ਕੇ ਉਦਘਾਟਨ ਕਰਵਾ ਦਿੱਤਾ ਪਰ ਹੋਇਆ ਉਥੇ ਕੁਝ ਵੀ ਨਹੀਂ। ਮੈਂ ਕਹਿੰਦਾ ਹਾਂ ਕਿ ਥਰਮਲ ਪਲਾਂਟ ਜਲਦੀ ਜਲਦੀ ਬਣਾਓ; ਪਰ ਕੋਲਾ ਨਹੀਂ ਆ ਰਿਹਾ। ਕੋਲੇ ਵਾਸਤੇ ਵੀ ਕੋਸ਼ਿਸ਼ ਕਰੋ ਤਾਂ ਹੀ ਇਸ ਦਾ ਕੋਈ ਫਾਇਦਾ ਹੈ। ਫਿਰ ਭਾਖੜਾ ਮੈਨੇਜਮੈਂਟ ਬੋਰਡ ਦਾ ਜੋ ਕੰਟਰੋਲ ਹੈ ਉਹ ਆਪਣੇ ਹੱਥਾਂ ਵਿਚ ਲਓ। 440 ਕੇ.ਵੀ. ਜਿਹੜੀ ਸਿੱਧੀ ਪਾਨੀਪਤ ਨੂੰ ਜੋੜ ਦਿੱਤੀ ਉਸ ਨੂੰ ਤਾਂ ਲੈ ਲਓ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਸ ਸਰਕਾਰ ਦੀ ਹਕੂਮਤ ਦੀ ਵਾਗਡੋਰ ਸਿਧੀ ਦਿੱਲੀ ਵਿਚ ਹੈ। ਸਰਦਾਰ ਦਰਬਾਰਾ ਸਿੰਘ ਦਾ ਤਾਂ ਇਥੇ ਨਾਮ ਹੀ ਲੈਂਦੇ ਹਨ ਅਸਲ ਵਿਚ ਤਾਂ ਇਹ ਇੰਦਰਾ ਗਾਂਧੀ ਦੀ ਸਰਕਾਰ ਹੈ ਜਿਸ ਨੇ ਰੈਲੀ ਕਰਵਾਈ, ਹੋਰ ਜੋ ਕੁਝ ਕਰਵਾਇਆ, ਕੋਈ ਬੰਦਾ ਉਸ ਦੇ ਸਾਹਮਣੇ ਬੋਲ ਨਹੀਂ ਸਕਦਾ। ਉਸ ਨੇ ਲੋਕਾਂ ਦੀ ਜ਼ਬਾਨ ਬੰਦ ਕਰ ਦਿੱਤੀ। (ਵਿਘਨ) ਚੀਫ ਮਨਿਸਟਰ ਸਾਹਿਬ ਦਿਲੀ ਜਾਂਦੇ ਹਨ ਮਨਜ਼ੂਰੀ ਲਿਆਉਂਦੇ ਹਨ ਪਰ ਮਨਿਸਟਰੀ ਵਧਦੀ ਨਹੀਂ। ਇਨ੍ਹਾਂ ਦੇ ਮੈਂਬਰਾਂ ਵਿਚ ਬੜੀ ਮਾਯੂਸੀ ਹੈ। ਸਾਨੂੰ ਖੁਸ਼ੀ ਹੈ ਕਿ ਸਾਡੇ ਬੜੇ ਬੜੇ ਸਿਆਣੇ ਮੈਂਬਰ ਬੈਠੇ ਹਨ ਔਰ ਉਨ੍ਹਾਂ ਸਿਆਣੇ ਸਿਆਣੇ ਮੈਂਬਰਾਂ ਨੂੰ ਵਜ਼ੀਰ ਬਣਾਉਣਾ ਚਾਹੀਦਾ ਹੈ। ਅਸੀਂ ਆਪਣੀ ਵਜ਼ਾਰਤ ਵੇਲੇ ਵੀ ਕਹਿੰਦੇ ਸੀ ਪਰ ਸਾਡੀ ਵਜ਼ਾਰਤ ਵੇਲੇ ਵੀ ਸਾਨੂੰ ਵਜ਼ੀਰ ਚੰਗਾ ਨਹੀਂ ਮਿਲਿਆ। ਫਿਰ ਅਸੀਂ ਆਪਣੀ ਸਰਕਾਰ ਦੇ ਖਿਲਾਫ ਵਾਕ-ਆਊਟ ਕੀਤੀ ਸੀ। ਇਥੇ ਪੁਰਾਣੇ ਕਈ ਮਾਨਯੋਗ ਮੈਂਬਰਜ਼ ਬੈਠੇ ਹਨ, ਕੇ.ਪੀ. ਸਾਹਿਬ ਬੈਠੇ ਹਨ ਇਨ੍ਹਾਂ ਨੂੰ ਯਾਦ ਹੋਵੇਗਾ ਕਿ ਜਦੋਂ 1971-72 ਵਿਚ ਵੀਕਰ ਸੈਕਸ਼ਨ ਨਾਲ ਜ਼ਮੀਨਾਂ ਦੇ ਮਾਮਲੇ ਵਿਚ, ਬਿਜਲੀ ਦੇ ਮਾਮਲੇ ਵਿਚ ਕੋਈ ਜ਼ਿਆਦਤੀ ਹੋਈ ਸੀ ਤਾਂ ਅਸੀਂ ਵਾਕ-ਆਊਟ ਕੀਤਾ ਸੀ। ਉਸ ਵੇਲੇ ਮੈਂ ਲੀਡ ਕੀਤਾ ਸੀ ਔਰ ਅਸੀਂ ਕਿਹਾ ਕਿ ਇਨ੍ਹਾਂ ਲੋਕਾਂ ਦੇ ਹੱਕ ਦਿੱਤੇ ਜਾਣ। ਹੁਣ ਇਹ (ਟਰੈਜ਼ਰੀ ਬੈਂਚਿਜ਼ ਵਲ ਇਸ਼ਾਰਾ) ਵਿਚਾਰੇ ਡਰਦੇ ਹਨ ਔਰ ਡਰਦੇ ਮਾਰੇ ਵਿਚਾਰੇ ਕੁਝ ਬੋਲਦੇ ਹੀ ਨਹੀਂ। (ਵਿਘਨ) ਇਥੇ ਸਾਨੂੰ ਰਿਪ੍ਰੇਜ਼ੈਂਟੇਸ਼ਨ ਦੇਣੀ ਚਾਹੀਦੀ ਹੈ। ਇਥੇ ਕਮੇਟੀਆਂ ਬਣਾਈਆਂ ਜਾਣ। (ਵਿਘਨ) (ਇਕ ਆਵਾਜ਼: ਕਮੇਟੀਆਂ ਤਾਂ ਬਣ ਗਈਆਂ ਹਨ) ਇਹ ਆਪਣੇ ਮੈਂਬਰਾਂ ਨੂੰ ਖੁਸ਼ ਤਾਂ ਕਰਨ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਤੇ ਸਾਰੀ ਗਲ ਮੁਨੱਸਰ ਹੈ। ਬਿਜਲੀ ਬੋਰਡ ਦਾ ਸੁਧਾਰ ਕਰੋ। ਅਟਾਮਿਕ ਅਨਰਜੀ ਪਲਾਂਟ ਲਾਉਣੇ ਚਾਹੀਦੇ ਹਨ, ਬਿਜਲੀ ਦੇ ਥਰਮਲ ਪਲਾਂਟ ਲਾਉਣੇ ਚਾਹੀਦੇ ਹਨ। ਪਰ ਇਹ ਚਲ ਨਹੀਂ ਸਕਦੇ ਕਿਉਂਕਿ ਸਾਨੂੰ ਕੋਲਾ ਨਹੀਂ ਮਿਲ ਰਿਹਾ, ਕੋਲੇ ਵਾਸਤੇ ਕੋਈ ਕੋਸ਼ਿਸ਼

ਨਹੀਂ ਹੋ ਰਹੀ । ਇਸ ਲਈ ਕੋਲੇ ਨੂੰ ਲਿਆਉਣ ਵਾਸਤੇ ਆਪਣਾ ਧਿਆਨ ਦਿਓ ਅਤੇ ਬਿਜਲੀ ਜੇਨਰੇਟ ਕਰਨ ਵਾਸਤੇ ਥਰਮਲ ਪਲਾਂਟ ਲਗਾਓ । ਮੁਲਾਜ਼ਮ ਜਿਹੜੇ ਇਸ ਵਿਚ ਹਨ ਉਹ 1973-74 ਵਿਚ 26,161 ਸਨ ਅੰਤ 1977-78 ਵਿਚ 44,110 ਹੋ ਗਏ । ਮੁਲਾਜ਼ਮ ਤਾਂ ਬਹੁਤ ਹਨ ਪਰ ਕੰਮ ਕੋਈ ਨਹੀਂ ਹੋ ਰਿਹਾ । ਫਿਰ ਜਿਹੜਾ ਚੇਅਰਮੈਨ ਲਾਇਆ ਹੈ ਉਹ ਬਾਹਰੋਂ ਲਿਆ ਕੇ ਲਾ ਲਿਆ । ਚੇਅਰਮੈਨ ਉਹ ਲਾਉਣਾ ਚਾਹੀਦਾ ਹੈ ਜਿਸ ਨੂੰ ਕੋਈ ਇਸ ਦੀ ਵਾਕਫੀਅਤ ਹੋਵੇ । ਦਿਲੀ ਤੋਂ ਲਿਆ ਕੇ ਉਸ ਨੂੰ ਲਾ ਦਿੱਤਾ ਕੋਈ ਪਿੰਡ ਦਾ ਲਾਉਂਦੇ, ਕੋਈ ਪਟਿਆਲੇ ਦਾ ਲਾਉਂਦੇ, ਲੁਧਿਆਣੇ ਦਾ ਲਾਉਂਦੇ, ਬਠਿੰਡੇ ਦਾ ਲਾਉਂਦੇ ਅਤੇ ਕੋਈ ਟੇਕਨੀਕਲ ਬੰਦਾ ਲਾਉਂਦੇ । ਪੋਲੀਟੀਕਲੀ ਐਪੁਆਇੰਟਮੈਂਟਸ ਹੋ ਰਹੀਆਂ ਹਨ । ਤੁਹਾਨੂੰ ਪਤਾ ਹੈ ਕਿ previously, all roads were leading to Malerkotla. (*Interruption*) ਲਾਈਨਾਂ ਗਲਤ ਹਨ । ਉਨ੍ਹਾਂ ਨੂੰ ਰਿਪਲੇਸ ਕਰਨ ਵਾਸਤੇ ਬਹੁਤ ਪੈਸਾ ਰੱਖਿਆ ਗਿਆ ਹੈ । ਹਰੀਜਨ ਬਸਤੀਆਂ ਨੂੰ ਜੋ ਬਿਜਲੀ ਦਿੱਤੀ ਗਈ ਹੈ ਉਨ੍ਹਾਂ ਨੇ ਇਸ ਬਿਜਲੀ ਨੂੰ ਕੀ ਕਰਨਾ ਹੈ ਜਦ ਕਿ ਤਾਰਾਂ ਸਾਰੀਆਂ ਨੰਗੀਆਂ ਪਈਆਂ ਹਨ । ਬਿਜਲੀ ਦਿੱਤੀ ਕਿਸ ਤਰ੍ਹਾਂ ? ਸੋਟੀਆਂ ਤੇ ਤਾਰ ਬੰਨ੍ਹ ਦਿੱਤੀਆਂ । ਸੈਂਟਰ ਦੀ ਸਰਕਾਰ ਨੇ ਪੈਸੇ ਦਿੱਤੇ ਹਨ ਕਿ ਬਸਤੀਆਂ ਵਿਚ ਬਿਜਲੀ ਲਾਓ ਪਰ ਸਰਕਾਰ ਨੇ ਉਹ ਪੈਸਾ ਠੀਕ ਵਰਤੋਂ ਵਿਚ ਨਹੀਂ ਲਿਆਂਦਾ । ਡਾਇਰੈਕਟਰ, ਸ਼ਡਿਊਲਡ ਕਾਸਟਸ ਕੋਲ ਪੈਸਾ ਪਿਆ ਹੈ, ਪ੍ਰਾਪਰ ਯੂਟੇਲਾਈਜ਼ ਨਹੀਂ ਹੋਇਆ । ਤਾਰਾਂ ਕਿਵੇਂ ਲਾਈਆਂ ? ਸੋਟੀਆਂ ਖੜੀਆਂ ਕਰਕੇ ਤਾਰਾ ਲਾ ਦਿੱਤੀਆਂ ਅਤੇ ਤਾਰਾਂ ਨੰਗੀਆਂ ਹਨ ! ਇਕ ਪਾਸੇ ਤਾਂ ਇਹ ਕਰ ਰਹੇ ਹਨ ਅਤੇ ਇਧਰ ਬਿਜਲੀ ਰੇਪ ਕਰ ਰਹੀ ਹੈ । ਲੋਕਾਂ ਦੀਆਂ ਮੌਤਾਂ ਹੋ ਗਈਆਂ ਹਨ । ਗਰੀਬਾਂ ਦੇ ਬੱਚਿਆਂ ਦੀਆਂ ਨੰਗੀਆਂ ਤਾਰਾਂ ਹੋਣ ਕਾਰਨ ਮੌਤਾਂ ਹੋ ਗਈਆਂ ਹਨ । (ਵਿਘਨ) ਉਨ੍ਹਾਂ ਵਿਚਾਰਿਆਂ ਨੂੰ ਕੋਈ ਕੰਪਨਸੇਸ਼ਨ ਨਹੀਂ ਮਿਲ ਰਿਹਾ । ਗਰੀਬ ਲੋਕ ਵਿਚਾਰਿਆ ਨੇ ਕਿਥੇ ਜਾਣਾ ਹੈ, ਉਹ ਵਿਚਾਰੇ ਪੜ੍ਹੇ ਲਿਖੇ ਘੱਟ ਹਨ । ਅਸੀਂ ਵੀ ਗਰੀਬ ਆਦਮੀ ਬਾਹਾਂ ਖੜੀਆਂ ਕਰਨ ਵਾਸਤੇ ਹਾਂ । (ਵਿਘਨ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਪਾਂਧੀ ਸਾਹਿਬ ਨੂੰ ਰੇਪ ਐਕਸਪਰਟ ਕਹਿਣਾ ਚਾਹੀਦਾ ਹੈ । (ਵਿਘਨ) ਇਹ ਕੋਈ ਨਾ ਕੋਈ ਗਲ ਰੇਪ ਦੀ ਲੈ ਆਉਂਦੇ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਐਗਰੀਕਲਚਰ ਦੀ ਗੱਲ ਕਰਨੀ ਚਾਹੁੰਦਾ ਹਾਂ । Agriculturist is the main customer of the Electricity Board. ਫਸਲਾਂ ਤਾਂ ਐਤਕੀਂ ਗੜਿਆਂ ਨੇ ਮਾਰ ਦਿੱਤੀਆਂ । ਮੀਂਹ ਵੀ ਐਤਕੀਂ ਬਹੁਤ ਪਿਆ ਹੈ । ਮੀਂਹ ਨੇ ਵੀ ਮਾਰ ਲਿਆ । ਕੁਦਰਤ ਦੀ ਵੀ ਤੁਸੀਂ ਗਲ ਦੇਖੋ, ਇੰਦਰਾ ਗਾਂਧੀ ਦੇ ਰਾਜ ਵਿਚ ਤੁਸੀਂ ਦੇਖ ਲਓ ਕਿ ਕੁਦਰਤ ਵੀ ਤਬਾਹੀ ਲਿਆ ਰਹੀ ਹੈ । ਇਸ ਮੌਸਮ ਵਿਚ ਕਦੇ ਵੀ ਇਤਨੀਆਂ ਬਾਰਸ਼ਾਂ ਨਹੀਂ ਪਈਆਂ, ਕਦੇ ਵੀ ਇਤਨੇ ਗੜੇ ਨਹੀਂ ਪਏ, ਕਦੇ ਇਤਨੀ ਸਰਦੀ ਨਹੀਂ ਪਈ ਪਰ ਕੁਦਰਤੀ ਆਫਤਾਂ ਵੀ ਇਸ ਰਾਜ ਵਿਚ ਆ ਰਹੀਆਂ ਹਨ । ਕੁਦਰਤ ਵੀ ਇਨ੍ਹਾਂ ਦੇ ਫੇਵਰ ਵਿਚ ਨਹੀਂ ਹੈ । 'ਯਥਾ ਰਾਜਾ ਤਥਾ ਪਰਜਾ' ਐਸਾ ਬੋਲ ਬਾਲਾ ਹੈ ਕਿ ਕੁਦਰਤੀ ਆਫਤਾਂ ਵੀ ਆ ਰਹੀਆਂ ਹਨ । ਕੁਦਰਤੀ ਆਫਤਾਂ ਨਾਲ ਪੰਜਾਬ ਦੇ ਲੋਕ ਮਰ ਰਹੇ ਹਨ ਪਰ ਇਨ੍ਹਾਂ ਕੋਲ ਪੈਸੇ ਦੇਣ ਨੂੰ ਨਹੀਂ । (ਵਿਘਨ) ।

(ਇਕ ਆਵਾਜ਼ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਵਿਚ ਤਾਂ ਸੋਕਾ ਹੋ ਗਿਆ ਜੀ ।

ਸ਼੍ਰੀ ਡਿਪਟੀ ਸਪੀਕਰ : ਪਾਂਧੀ ਸਾਹਿਬ, ਹੁਣ ਵਾਈਂਡ ਅੱਪ ਕਰ ਦਿਓ ।

ਸਰਦਾਰ ਦਲੀਪ ਸਿੰਘ ਪਾਂਧੀ : ਸਰ, ਮੈਂ ਮੋਸ਼ਨ ਮੂਵ ਕੀਤੀ ਹੈ, ਤੁਸੀਂ ਮੈਨੂੰ ਖੁਲ੍ਹਾ ਟਾਈਮ ਦਿਓ । ਸਾਡੇ ਕਿਸੇ ਹੋਰ ਮੈਂਬਰ ਨੇ ਨਹੀਂ ਬਲਣਾ ।

ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦੀ ਜਿਹੜੀ ਸਪਲਾਈ ਹੈ ਇਹ ਬਹੁਤ ਹੋਣੀ ਚਾਹੀਦੀ ਹੈ ਔਰ ਸਰਕਾਰ ਨੂੰ ਇਸ ਪਾਸੇ ਆਪਣਾ ਧਿਆਨ ਦੇਣਾ ਚਾਹ ਦਾ ਹੈ । ਇਸ ਦੇ ਲਈ ਬਹੁਤ ਸਾਰੀਆਂ ਕਮੇਟੀਆਂ ਬਣੀਆਂ ਸਨ । ਸੈਂਟਰਲ ਪੱਧਰ ਤੇ ਸਾਰੇ ਬੋਰਡਜ਼ ਨੂੰ ਟੋਨ ਅੱਪ ਕਰਨਾ ਚਾਹੀਦਾ ਹੈ । ਇਕ ਵੈਂਕਟਾ ਰਮਨ ਕਮੇਟੀ ਬਣੀ ਸੀ । ਉਸ ਦੀਆਂ 1964 ਦੀਆਂ ਸਿਫਾਰਸ਼ਾਂ ਹਾਲਾਂ ਤੱਕ ਲਾਗੂ ਨਹੀਂ ਹੋਈਆਂ । 1970 ਵਿਚ ਬਿਜਲੀ ਬੋਰਡ ਦੇ ਰੂਲਜ਼ ਬਣਾਏ ਗਏ ਹਨ, ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਗਿਆ । ਇਹ ਚੀਜ਼ਾਂ ਇਸ ਕਰਕੇ ਲਾਗੂ ਨਹੀਂ ਹੋ ਰਹੀਆਂ ਕਿਉਂਕਿ ਇਸ ਦੇ ਵਿਚ ਪੋਲਿਟੀਕਲ ਇੰਟਰਫੀਅਰੈਂਸ ਬਹੁਤ ਹੈ ਜਿਸ ਕਰਕੇ ਬਿਜਲੀ ਬੋਰਡ ਦਾ ਕੰਮ ਠੀਕ ਨਹੀਂ ਚਲ ਰਿਹਾ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਸਾਰਿਆਂ ਸਟੇਟਾਂ ਨਾਲ ਕੰਪੇਰੀਜ਼ਨ ਕਰੀਏ । ਜੇ ਮੈਂ ਤੁਹਾਨੂੰ ਮੈਂਬਰਾਂ ਦੀ ਗਿਣਤੀ ਦੱਸਾਂ ਤਾਂ ਤੁਸੀਂ ਇਸ ਤੋਂ ਆਪ ਹੀ ਅੰਦਾਜ਼ਾ ਲਗਾ ਲੈਣਾ । ਜਿਹੜੇ ਮੈਂਬਰਜ਼ ਹਨ ਮੋਰ ਦੈਨ ਫੋਰ ਈਅਰਜ਼, ਉਹ ਟੈਕਨੀਕਲ ਮੈਂਬਰ ਇਕ ਹੈ ਅਤੇ ਫਾਈਨਾਂਸ ਮੈਂਬਰ ਤਿੰਨ ਹਨ । ਮੋਰ ਦੈਨ ਟੂ ਈਅਰਜ਼ ਟੈਕਨੀਕਲ ਮੈਂਬਰ 4 ਅਤੇ ਐਡ-ਮਨਿਸਟਰੇਟਿਵ ਮੈਂਬਰ 4, ਫਾਈਨੈਂਸ ਵਾਲਾ ਕੋਈ ਵੀ ਨਹੀਂ । ਮੋਰ ਦੈਨ ਵੰਨ ਈਅਰ ਲਈ ਟੈਕਨੀਕਲ ਮੈਂਬਰ 2 ਔਰ ਪ੍ਰਬੰਧਕੀ ਮੈਂਬਰ ਵੀ 2 ਅਤੇ ਫਾਈਨਾਂਸ ਮੈਂਬਰ ਵੀ 2, ਇਸੇ ਤਰ੍ਹਾਂ ਲੈਸ ਦੈਨ ਵੰਨ ਈਅਰ ਵਿਚ ਇਕ ਟੈਕਨੀਕਲ ਮੈਂਬਰ ਹਟਾ ਦਿੱਤਾ, ਪ੍ਰਬੰਧਕੀ ਮੈਂਬਰ 4 ਹਟਾ ਦਿੱਤੇ ਔਰ ਇਕ ਫਾਈਨਾਂਸ ਮੈਂਬਰ ਹਟਾ ਦਿੱਤਾ । ਇਸ ਤਰ੍ਹਾਂ 11 ਸਾਲਾਂ ਵਿਚ ਇਸ ਕਿਸਮ ਦੀਆਂ ਐਪੁਆਇੰਟਮੈਂਟ ਹੋਈਆਂ ਹਨ ਕਿ ਕਿਸੇ ਨੂੰ ਕੰਮ ਕਰਨ ਦਾ ਸਮਾਂ ਹੀ ਨਹੀਂ ਦਿੱਤਾ ਜਾਂਦਾ ਰਿਹਾ । ਇਹ ਨਹੀਂ ਦੇਖਣਾ ਚਾਹੀਦਾ ਕਿ ਕਿਸ ਦਾ ਰਾਜ ਭਾਗ ਹੈ । ਅਫਸਰ ਤਾਂ ਉਹੀ ਹਨ ਔਰ ਸਰਕਾਰ ਵੀ ਉਹੀ ਹੈ । ਇਹ ਅਫਸਰ ਸਾਹਿਬਾਨ ਕੀ ਕਰਦੇ ਹਨ ਕਿ ਸਰ, ਸਰ ਕਹਿਕੇ ਮਨਿਸਟਰ ਸਾਹਿਬਾਨ ਨੂੰ ਕਨਫਿਊਜ਼ ਕਰ ਦਿੰਦੇ ਹਨ । ਬਜਟ ਵਿਚ ਜੋ ਪਰੋਵੀਜ਼ਨ ਹੁੰਦੀ ਹੈ ਉਹ ਪੂਰੀ ਲਾਗੂ ਨਹੀਂ ਕਰਦੇ । ਸਰਕਾਰ ਪੈਸਾ ਨਹੀਂ ਖ਼ਰਚ ਕਰਦੀ, ਸਰਪਲੱਸ ਕਰਦੀ ਹੈ, ਇਸ ਤਰ੍ਹਾਂ ਪੈਸਾ ਲੈਪਸ ਹੁੰਦਾ ਹੈ । ਸਟੇਟ ਦੇ ਇੰਟਰੈਸਟ ਵਾਸਤੇ ਜੋ ਪੈਸਾ ਰਖਿਆ ਜਾਂਦਾ ਹੈ ਉਹ ਖ਼ਰਚ ਹੋਣਾ ਚਾਹੀਦਾ ਹੈ । ਇਹ ਹਾਊਸ ਸੁਪਰੀਮ ਹੈ । ਅਸੀਂ ਇਥੇ ਪੈਸਾ ਪਾਸ ਕਰਦੇ ਹਾਂ ਪਰ ਪਾਸ ਕੀਤਾ ਹੋਇਆ ਪੈਸਾ ਪੂਰਾ ਖ਼ਰਚ ਨਹੀਂ ਹੁੰਦਾ. । (ਵਿਘਨ) ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਫਾਰਸ਼ਾਂ ਜਿਹੜੀਆਂ ਹਨ ਉਹ ਬਹੁਤ ਅੱਛੀਆਂ ਹਨ ਉਨ੍ਹਾਂ ਦਾ ਅਨੈਲੇਸਿਜ਼ ਕੀਤਾ ਜਾਵੇ ਔਰ ਇਸ ਬਿਜਲੀ ਬੋਰਡ ਨੂੰ ਟੋਨ ਅੱਪ ਕੀਤਾ ਜਾਵੇ । ਕੋਈ ਐਕਸਪਰਟਸ ਦੀ ਕਮੇਟੀ ਬਣਾ ਦਿਓ ਜਿਹੜੀ ਦੇਖੇ ਕਿ ਇਨ੍ਹਾਂ ਦਾ ਪ੍ਰਬੰਧ ਕੀ ਹੈ । ਹੁਣ ਕਿਸੇ ਐਸ. ਈ. ਜਾਂ ਚੀਫ ਇੰਜਨੀਅਰ ਦੇ ਹਲਕੇ ਨੂੰ ਲੈ ਲਵੋ, ਇਹ ਨਹੀਂ ਪਤਾ ਲਗਦਾ ਕਿ ਬਿਜਲੀ ਜਾਣੀ ਕਦੋਂ ਹੈ ਅਤੇ ਆਉਣੀ ਕਦੋਂ ਹੈ । ਇਸ ਗੱਲ ਦਾ ਕੋਈ ਪ੍ਰਬੰਧ ਨਹੀਂ ਹਾਲਾਂਕਿ ਰਿਪੋਰਟ ਵਿਚ ਦੱਸਿਆ ਹੈ ਕਿ ਲੋਕਾਂ ਨੂੰ ਦੱਸੋ ਕਿ ਇਹ ਬਿਜਲੀ ਕਦੋਂ ਜਾਇਗੀ ਔਰ ਕਦੋਂ ਆਏਗੀ

ਤਾਕਿ ਲੋਕ ਆਪਣਾ ਪ੍ਰਬੰਧ ਕਰਨ । ਲਾਸਿਜ਼ ਸਭ ਤੋਂ ਵੱਧ ਬਿਜਲੀ ਬੋਰਡ ਵਿਚ ਹੀ ਹੁੰਦੇ ਹਨ । ਇਹ ਜਿਹੜਾ ਇਲੈਕਟਰੀਕਲ ਸਟੈਟਿਸਟਿਕਲ ਬਲੈਟਨ 1972 ਦਾ ਹੈ ਇਹ ਸਾਰਾ ਪੜ੍ਹਨ ਤਾਂ ਇਨ੍ਹਾਂ ਨੂੰ ਪਤਾ ਲਗ ਜਾਏਗਾ ਕਿ ਕਿਸ ਤਰ੍ਹਾਂ ਕੰਮ ਹੋਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਬਿਜਲੀ ਬੋਰਡ ਦਾ ਟੋਟਲ 43 ਕਰੋੜ ਰੁਪਏ ਦਾ ਬਜਟ ਹੈ, ਇਨ੍ਹਾਂ ਨੇ ਪੈਸਾ ਹੋਰ ਵੀ ਲੈਣਾਂ ਹੈ ਅਤੇ ਅਸੀਂ ਦੇਣਾ ਹੈ । ਇਨ੍ਹਾਂ ਦੇ ਰੈਸਟ ਹਾਊਸਿਜ਼ ਵੇਖ ਲਵੋ, ਇਥੇ ਵੀ ਅਤੇ ਦਿਲੀ ਵੀ ਤੁਹਾਨੂੰ ਪਤਾ ਲਗ ਜਾਏਗਾ । ਪੰਜਾਬ ਭਵਨ ਵਿਚ ਸਾਨੂੰ ਕਮਰੇ ਨਹੀਂ ਮਿਲਦੇ, ਬੜੀ ਪ੍ਰਾਬਲਮ ਹੋ ਗਈ ਹੈ । ਉਥੇ ਇਕ ਆਰ. ਕੇ. ਗੁਪਤਾ ਹੈ, ਉਸ ਨੇ ਸਾਨੂੰ ਰੋਟੀ ਨਹੀਂ ਖਾਣ ਦਿੱਤੀ । ਉਹ ਕਹਿੰਦੇ ਹਨ ਕਿ ਚੀਫ ਮਨਿਸਟਰ ਸਾਹਿਬ ਦਾ ਹੁਕਮ ਹੈ । ਉਹ ਇਕ ਸੁਪਰ ਚੀਫ ਮਨਿਸਟਰ ਬਣਿਆ ਹੋਇਆ ਹੈ । ਇਕ ਹੋਰ ਸੁਪਰ ਚੀਫ ਮਨਿਸਟਰ ਗੋਬਿੰਦਗੜ੍ਹ ਵਿਚ ਹੈ । ਉਹ ਕਹਿੰਦਾ ਹੈ ਕਿ ਮੇਰੇ ਨਾਲ ਸੌਦਾ ਕਰੋ । ਇਸੇ ਤਰ੍ਹਾਂ ਬਠਿੰਡਾ ਦੇ ਦੋ ਸਾਬਕਾ ਵਿਧਾਇਕ ਹਨ, ਉਹ ਸੁਪਰ ਸੀ. ਐਮ. ਬਣੇ ਹੋਏ ਹਨ । ਉਹ ਕਹਿੰਦੇ ਹਨ ਸਾਨੂੰ ਦੱਸੋ ਅਸੀਂ ਸੌਦਾ ਕਰਵਾਉਂਦੇ ਹਾਂ । ਥਾਂ ਥਾਂ ਤੇ ਸੁਪਰ ਸੀ. ਐਮ. ਬੈਠੇ ਹਨ, ਇਨ੍ਹਾਂ ਨੂੰ ਹਟਾਓ । ਇਹ ਜਿਹੜੀਆਂ ਦੁਕਾਨਾਂ ਉਗਰਾਹੀ ਕਰਨ ਵਾਲੀਆਂ ਖੋਲ੍ਹੀਆਂ ਹਨ ਇਨ੍ਹਾਂ ਨੂੰ ਬੰਦ ਕਰੋ । ਸ਼ਰਾਬ ਦੀ ਪਾਲਿਸੀ ਦਾ ਹਾਲੇ ਤਕ ਫੈਸਲਾ ਨਹੀਂ ਹੋ ਰਿਹਾ । 31 ਮਾਰਚ ਤੱਕ ਠੇਕੇ ਹੁੰਦੇ ਹਨ, ਇਹ ਕਹਿੰਦੇ ਹਨ ਕਿ ਅਪਰੈਲ ਤਕ ਚਲੀ ਜਾਵੇ । ਮੌਜ ਕਰੋ, ਲੁਟੋ, ਖਾਓ ਪੀਓ .... (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕੋਈ ਬਿਜਲੀ ਦਾ ਨਵਾਂ ਕੁਨੈਕਸ਼ਨ ਨਹੀਂ ਮਿਲ ਰਿਹਾ । 31 ਮਾਰਚ, 1978 ਤੋਂ ਬਾਦ ਕੋਈ ਕੁਨੈਕਸ਼ਨ ਨਹੀਂ ਦਿਤਾ ਗਿਆ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸਮਾਂ ਨਹੀਂ ਲੈਣਾ ਚਾਹੁੰਦਾ । (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ ਪਾਂਧੀ ਸਾਹਿਬ ਬਾਰ ਬਾਰ ਤੁਹਾਨੂੰ ਐਡਰੈਸ ਕਰਕੇ ਕਈ ਵਾਰੀ ਇਨਸਲਟਿਵ ਲੈਂਗੂਏਜ ਵਰਤਦੇ ਰਹੇ ਹਨ ਔਰ ਉਹ ਵੀ ਇਨਸਲਟਿਵ ਵੇ ਨਾਲ । ਦੂਸਰੇ ਇਹ ਐਸੇ ਮੈਂਬਰਾਂ ਤੇ ਇਲਜ਼ਾਮ ਲਗਾ ਰਹੇ ਹਨ ਜਿਹੜੇ ਕਿ ਇਸ ਹਾਊਸ ਦੇ ਮੈਂਬਰ ਨਹੀਂ । ਇਸ ਤਰ੍ਹਾਂ ਇਹ ਹਾਊਸ ਦਾ ਪ੍ਰੀਸ਼ੀਅਸ ਸਮਾਂ ਜ਼ਾਇਆ ਕਰ ਰਹੇ ਹਨ । (ਵਿਘਨ) ਇਨ੍ਹਾਂ ਨੂੰ ਕਹੋ ਕਿ ਰੈਲੇਵੈਂਟ ਰਹਿਣ ।

ਸਰਦਾਰ ਦਲੀਪ ਸਿੰਘ ਪਾਂਧੀ : ਮੈਨੂੰ ਸਭ ਪਤਾ ਹੈ, ਮੈਨੂੰ ਸਰਹਿੰਦ ਦਾ ਵੀ ਪਤਾ ਹੈ, ਤੇਰਾ ਵੀ ਪਤਾ ਹੈ । ਤੂੰ ਸਾਡਾ ਛੋਟਾ ਭਾਈ ਹੈਂ । ਮੈਂ ਕਹਿਣਾ ਨਹੀਂ ਚਾਹੁੰਦਾ ਤੂੰ ਸਾਡਾ ਸਾਥੀ ਰਿਹਾ ਹੈਂ । ਮੈਨੂੰ ਸਾਰਾ ਪਤਾ ਹੈ । ਅਸੀਂ ਤੇਰੀ ਮੱਦਦ ਕੀਤੀ ਕਿ ਇਸ ਨੂੰ ਵਜ਼ੀਰ ਬਣਾਓ । ਅਸੀਂ ਕਿਹਾ ਕਿ ਇਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਅਸਤੀਫਾ ਦਿਤਾ ਹੈ ਇਸ ਦੀ ਗੱਲ ਮੰਨੀ ਜਾਣੀ ਚਾਹੀਦੀ ਹੈ । ਇਸ ਦਾ ਬਾਪ ਨੈਕਸੇਲਾਈਟਸ ਨੇ ਮਾਰ ਦਿੱਤਾ ਸੀ । ਅਸੀਂ ਇਸ ਦੀ ਮੱਦਦ ਕੀਤੀ । ਇਸ ਦੇ ਭਾਈ ਨੂੰ ਇਨਸਪੈਕਟਰ ਲਗਵਾਇਆ । (ਵਿਘਨ) ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਿਹੜੇ ਮੈਂ ਸੁਝਾਓ ਦਿੱਤੇ ਹਨ, ਉਨ੍ਹਾਂ ਨੂੰ ਤਸਲੀਮ ਕਰਕੇ ਲਾਗੂ ਕਰੋ ।

Mr. Deputy Speaker : Motion moved.

That the Annual Financial Statements (Budget Estimates) of the Punjab State Electricity Board for the year 1980-81 (Volumes I & II), which were laid on the Table of the House on the 3rd February, 1981, be discussed.

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬ, ਮੇਰੇ ਸਾਥੀ ਨੇ ਬਿਜਲੀ ਬੋਰਡ ਦੀ ਰਿਪੋਰਟ ਦੀ ਡਿਸਕਸ਼ਨ ਵਾਸਤੇ ਇਕ ਰੇਜ਼ੋਲਿਊਸ਼ਨ ਦਿੱਤਾ ਹੈ । ਉਸ ਤੇ ਬੜੀਆਂ ਥੋੜ੍ਹੀਆਂ ਗੱਲਾਂ ਹੋਣੀਆਂ ਚਾਹੀਦੀਆਂ ਸਨ, ਮਗਰ ਮੇਰੇ ਸਾਥੀ ਪਾਂਧੀ ਸਾਹਿਬ ਦੀ ਆਦਤ ਬਣ ਗਈ ਹੈ ਅਤੇ ਉਨ੍ਹਾਂ ਦੀ ਤਕਰੀਰ ਦਾ ਨਿਚੋੜ ਇਹ ਨਿਕਲਦਾ ਹੈ ਕਿ ਉਹ ਰੇਪ ਐਕਸਪਰਟ ਬਣ ਗਏ ਹਨ ਜਾਂ ਉਹ ਰੌਲਾ ਰੱਪਾ ਪਾਉਣ ਦੇ ਐਕਸਪਰਟ ਬਣ ਗਏ ਹਨ । ਅਸਲ ਗੱਲ ਤਾਂ ਬਿਜਲੀ ਬੋਰਡ ਦੀ ਅਤੇ ਸਾਡੀ ਸਟੇਟ ਦੀ ਹੈ । ਅੱਜ ਬਿਜਲੀ ਦੀ ਬਹੁਤ ਅਹਿਮੀਅਤ ਹੈ । ਇਹ ਸਾਡੀ ਜ਼ਿੰਦਗੀ ਦਾ ਇਕ ਅੰਗ ਬਣ ਚੁੱਕੀ ਹੈ ਔਰ ਇਸ ਪੰਜਾਬ ਦੀ ਇਕਨੌਮੀ ਹੈ । ਜਦੋਂ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਤਾਂ ਇਥੇ ਛੋਟੇ ਛੋਟੇ ਕਾਰਖਾਨੇ ਹੁੰਦੇ ਸਨ । ਜਿਹੜੀ ਬਿਜਲੀ ਸੀ ਉਹ ਸ਼ਹਿਰਾਂ ਵਿਚ ਬੜੇ ਬੜੇ ਲੋਕਾਂ ਨੂੰ ਜਾਂ ਸ਼ਾਹੂਕਾਰਾਂ ਨੂੰ ਦਿੱਤੀ ਜਾਂਦੀ ਸੀ, ਪਰ ਇੰਡਸਟਰੀ ਲਈ ਕੋਈ ਬਿਜਲੀ ਨਹੀਂ ਸੀ ਦਿੱਤੀ ਜਾਂਦੀ । ਆਜ਼ਾਦੀ ਤੋਂ ਥੋੜ੍ਹੀ ਦੇਰ ਬਾਦ ਜਦੋਂ ਪੰਜਾਬ ਵਿਚ ਸਾਡੀ ਸਰਕਾਰ ਬਣੀ ਔਰ ਮਜ਼ਬੂਤੀ ਨਾਲ ਚਲੀ ਤਾਂ ਫੈਸਲਾ ਕੀਤਾ ਕਿ ਰਾਅ-ਮੈਟੀਰੀਅਲ ਤਾਂ ਸਾਰੇ ਮਿਲ ਜਾਂਦੇ ਹਨ, ਪਰ ਬਿਜਲੀ ਇਕ ਐਸੀ ਚੀਜ਼ ਹੈ ਜਿਹੜੀ ਕਿ ਨਹੀਂ ਮਿਲ ਸਕਦੀ, ਅਸੀਂ ਡਿਸਕਸ਼ਨ ਕੀਤੀ ਅਤੇ ਬਿਜਲੀ ਬੋਰਡ ਕਾਇਮ ਕੀਤਾ । ਇਸ ਦਾ ਬਹੁਤ ਹੀ ਅਹਿਮ ਪਾਰਟ ਸੀ । ਇਹ ਰਾਅ-ਮੈਟੀਰੀਅਲ ਹਰ ਇਕ ਵਾਸਤੇ ਜ਼ਰੂਰੀ ਸੀ । ਇਸ ਵੱਲ ਧਿਆਨ ਦਿੰਦੇ ਹੋਏ ਪਿਛਲੇ 30 ਸਾਲਾਂ ਵਿਚ ਜਦੋਂ ਕਾਂਗਰਸ ਦਾ ਰਾਜ ਸੀ, ਵਿਚ ਦੀ ਇਨ੍ਹਾਂ ਵੀਰਾਂ ਦੇ ਇਕ ਦੋ ਸਾਲ ਰਾਜ ਦੇ ਰਹੇ ਹਨ, ਅਸੀਂ ਕਾਫੀ ਡਿਵੈਲਪਮੈਂਟ ਕੀਤੀ, ਕਿਉਂਕਿ ਇਹ ਸਾਡੇ ਦੇਸ਼ ਲਈ ਬੜਾ ਅਸੈਂਸ਼ੀਅਲ ਰਾ-ਮੈਟੀਰੀਅਲ ਸੀ । ਮੈਨੂੰ ਯਾਦ ਹੈ ਕਿ 1954 ਵਿਚ ਮੈਂ ਨੈਸ਼ਨਲ ਡਿਵੈਲਪਮੈਂਟ ਇੰਡਸਟਰੀਜ਼ ਬੋਰਡ ਵਿਚ ਸੀ ਅਤੇ ਅਸੀਂ ਉਥੇ ਸੁਜੈਸਟ ਕੀਤਾ ਸੀ ਕਿ ਸਾਡੇ ਕਾਰਖਾਨਿਆਂ ਲਈ ਅਗਰ ਕੋਈ ਰਾਅ-ਮੈਟੀਰੀਅਲ ਨਾ ਮਿਲੇ ਤਾਂ ਅਸੀਂ ਮਾਰਕੀਟ ਵਿਚੋਂ ਬਲੈਕ ਵਿਚ ਲੈ ਸਕਦੇ ਹਾਂ । ਜੇ ਕਰ ਪੈਸਾ ਨਾ ਮਿਲੇ ਤਾਂ ਕਿਸੇ ਬੈਂਕ ਤੋਂ ਜਾਂ ਕਿਸੇ ਸ਼ਾਹੂਕਾਰ ਤੋਂ ਲੈ ਸਕਦੇ ਹਾਂ । ਐਗਰੀਕਲਚਰ ਵਾਸਤੇ ਅਗਰ ਫਰਟੇਲਾਈਜ਼ਰ ਦੀ ਲੋੜ ਹੈ ਜਾਂ ਕਿਸੇ ਹੋਰ ਚੀਜ਼ ਦੀ ਲੋੜ ਹੈ ਤਾਂ ਅਸੀਂ ਕਿਸੇ ਕੋਆਪ੍ਰੇਟਿਵ ਅਦਾਰੇ ਤੋਂ ਜਾਂ ਸ਼ਾਹੂਕਾਰ ਤੋਂ ਪੈਸਾ ਲੈ ਕੇ ਕੰਮ ਚਲਾ ਸਕਦੇ ਹਾਂ, ਪਰ ਬਿਜਲੀ ਸਾਨੂੰ ਕਿਤੋਂ ਨਹੀਂ ਮਿਲ ਸਕਦੀ । ਇਸ ਵਾਸਤੇ ਬਿਜਲੀ ਵੱਲ ਜ਼ਿਆਦਾ ਧਿਆਨ ਦਿੱਤਾ । ਹੁਣ ਮੈਂ ਦੱਸਦਾ ਹਾਂ ਕਿ ਸਾਡੇ ਬਿਜਲੀ ਬੋਰਡ ਨੇ ਸਾਡੀ ਸਟੇਟ ਵਿਚ 30 ਸਾਲਾਂ ਵਿਚ ਕੀ ਉਨਤੀ ਕੀਤੀ । 1979-80 ਵਿਚ ਇੰਸਟਾਲਡ ਕਪੈਸਿਟੀ 1600 ਮੈਗਾਵਾਟ ਦੇ ਕਰੀਬ ਸੀ । ਇਸ ਦੇ ਨਾਲ ਜਿਹੜੀ ਜੈਨਰੇਟ ਹੋਈ ,ਪਾਂਧੀ ਸਾਹਿਬ ਮੈਗਾਵਾਟ ਕਹੀ ਜਾਂਦੇ ਸਨ, ਮਿਲੀਅਨ ਕਿਲੋਵਾਟ ਹੁੰਦੀ ਹੈ, ਇਹ 64,000 ਕੇ. ਡਬਲਿਊ. ਐਚ. ਹੋਈ । ਇਸ ਦੇ ਨਾਲ ਸਾਡੀ ਐਗਰੀਕਲਚਰ ਪਰੋਡਕਸ਼ਨ 1,850 ਕਰੋੜ ਰੁਪਏ ਦੀ ਹੋਈ ਔਰ ਇੰਡਸਟਰੀਅਲ ਪ੍ਰੋਡਕਸ਼ਨ 600 ਕਰੋੜ ਰੁਪਏ ਦੀ ਹੋਈ, ਕਨਸਟਰੱਕਸ਼ਨ ਮੈਟੀਰੀਅਲ 150 ਕਰੋੜ ਰੁਪਏ ਦੇ ਕਰੀਬ ਹੋਈ । ਟਰਾਂਸਪੋਰਟ, ਸਟੋਰੇਜ ਔਰ ਬਾਕੀ ਦੀਆਂ ਚੀਜ਼ਾਂ ਜਿਹੜੀਆਂ ਬਿਜਲੀ ਨਾਲ ਚਲਦੀਆਂ ਹਨ ਉਹ 1,000 ਕਰੋੜ ਰੁਪਏ ਦੇ ਕਰੀਬ ਦੀਆਂ ਇਸ ਤਰ੍ਹਾਂ ਇਹ ਸਾਰੀਆਂ ਚੀਜ਼ਾਂ 3,600 ਕਰੋੜ ਰੁਪਏ ਦੇ ਕਰੀਬ ਦੀਆਂ ਹੋਈਆਂ ।

Mr. Deputy Speaker. The House stands adjourned till 4.00 P.M. to-day;

* * *

*1.30 P.M.	(*The Sabha then adjourned till 4.00 P.M. on the 27th February, 1981*).

2007—6-10-81—325—ਪੰਜਾਬ ਸਰਕਾਰ ਪਰੈਸ, ਪਟਿਆਲਾ ।

APPENDIX
TO
PUNJAB VIDHAN SABHA DEBATES

Dated the 27th February, 1981 (*F.N.*)

Vol. II—No. 25

STARRED QUESTION AND ANSWER

LINK ROADS IN SUJANPUR ASSEMBLY CONSTITUENCY

***844 Shri Chaman Lal**: Will the Chief Minister be pleased to State :—

(a) the number of villages and Harijan Basties, in the Sujanpur Assembly Contituency which are without link roads, separately;

(b) whether the Government propose to provide link roads to all the villages and basties referred to in part (a) above; if so, by what time ?

Sardar Darbara Singh: (a) One village and 15 Harijan Basties are without link roads in Sujanpur Assembly Constituency.

(b) As per Government Policy, the link roads lead upto the main village abadi and not to individual Harijan Basties. Steps to complete missing first links during 1981-82 are in hand.



Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

27th February, 1981
(Afternoon Sitting)

Vol. II—No. 26

OFFICIAL REPORT



CONTENTS

Friday, the 27th February, 1981
(*Afternoon Sitting*)

Punjab Vidhan Sabha Secretariat, Chandigarh.

Price : Rs. 40-15

PUNJAB VIDHAN SABHA

Friday, the 27th February, 1981

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh at 4.00 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

ਹਿਸਾਬ ਦੇ ਮਾਸਟਰਾਂ ਦੀ ਕਮੀ

*338. **ਮਾਸਟਰ ਬਾਬੂ ਸਿੰਘ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਪਤਾ ਹੈ ਕਿ ਰਾਜ ਦੇ ਸਰਕਾਰੀ ਹਾਈ/ਹਾਇਰ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਿਸਾਬ ਪੜ੍ਹਾਉਣ ਲਈ ਹਿਸਾਬ ਦੇ ਮਾਸਟਰਾਂ ਦੀ ਕਮੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਕਮੀ ਨੂੰ ਪੂਰਾ ਕਰਨ ਲਈ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ : ਹਾਂ ਜੀ । ਖਾਲੀ ਆਸਾਮੀਆਂ, ਜੋ ਕਲ ਆਸਾਮੀਆਂ ਦੀ ਥੋੜ੍ਹੀ ਪ੍ਰਤੀਸ਼ੱਤਤਾ ਹੈ, ਨੂੰ ਭਰਨ ਸਬੰਧੀ ਲੋੜੀਂਦੇ ਕਦਮ ਉਠਾਏ ਜਾ ਰਹੇ ਹਨ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਵਿਦਿਆ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੁਲ ਕਿਤਨੀਆਂ ਪੋਸਟਾਂ ਹਾਲੇ ਖਾਲੀ ਪਈਆਂ ਹਨ ? ਇਸ ਦੇ ਨਾਲ ਹੀ ਜਿਹੜੇ ਨਿਊਲੀ ਅਪਗਰੇਡਿਡ ਸਕੂਲ ਹਨ, ਜਿਨ੍ਹਾਂ ਦੀ ਲਿਸਟ ਜਾਰੀ ਕਰ ਦਿੱਤੀ ਹੈ ਜਾਂ ਜਾਰੀ ਕਰਨ ਵਾਲੇ ਹਨ, ਉਸ ਦੇ ਨਾਲ ਹੋਰ ਪੋਸਟਾਂ ਬਣਨਗੀਆਂ । ਇਸ ਲਈ ਕਦੋਂ ਤਕ ਇਹ ਸਾਰੀਆ ਪੋਸਟਾਂ ਭਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਸਵਾਲ ਦੇ ਜਵਾਬ ਵਿੱਚ ਬੇਨਤੀ ਕੀਤੀ ਹੈ । ਕੁਲ ਪੋਸਟਾਂ 3,372 ਸਨ, ਜਿਨ੍ਹਾਂ ਵਿਚੋਂ ਕੇਵਲ 102 ਪੋਸਟਾਂ ਖਾਲੀ ਹਨ । ਉਨ੍ਹਾਂ ਨੂੰ ਭਰਨ ਦੇ ਉਪਰਾਲੇ ਕਰ ਰਹੇ ਹਾਂ ਅਤੇ ਜਲਦੀ ਭਰ ਦੇਵਾਂਗੇ । ਇਨ੍ਹਾਂ ਪੋਸਟਾਂ ਨੂੰ ਭਰਨ ਦੀ ਗੌਰਮਿੰਟ ਵਲੋਂ ਇਜਾਜ਼ਤ ਆ ਗਈ ਹੈ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 102 ਪੋਸਟਾਂ ਖਾਲੀ ਪਈਆਂ ਹਨ । ਮੈਂ ਸਮਝਦਾ ਹਾਂ ਕਿ ਇਸ ਦਾ ਮਤਲਬ ਇਹ ਹੈ ਕਿ 102 ਸਕੂਲਾਂ ਵਿਚ ਮੈਥੇਮੈਟਿਕਸ ਦੇ ਟੀਚਰ ਨਹੀਂ ਹਨ । ਮੈਥੇਮੈਟਿਕਸ ਅਤੇ ਸਾਇੰਸ ਦੋਨੋਂ ਐਸੇ ਜ਼ਰੂਰੀ ਸਬਜੈਕਟਸ ਹਨ ਜਿਹੜੇ ਕਿ ਸਾਨੂੰ ਕੰਪੀਟੀਸ਼ਨਾਂ ਵਿਚ ਬੈਠਣ ਲਈ ਕਾਬਲ ਬਣਾਉਂਦੇ ਹਨ । ਕੀ ਇਨ੍ਹਾਂ ਪੋਸਟਾਂ ਨੂੰ ਭਰਨ ਲਈ ਕੋਈ ਐਡਵਰਟਿਜ਼ਮੈਂਟ ਇਨ੍ਹਾਂ ਨੇ ਦਿੱਤੀ ਹੈ ਜਾਂ ਐਡਹਾਕ ਬੇਸਿਜ਼ ਤੇ ਭਰਨ ਲਈ ਡੀ. ਓ. ਲੈਵਲ ਤੇ ਇਨ੍ਹਾਂ ਨੂੰ ਭਰਨਗੇ ਜਾਂ ਫਿਰ ਡਿਪਾਰਟਮੈਂਟਲ ਕਮੇਟੀ ਜਿਹੜੀ ਹੁੰਦੀ ਹੈ, ਉਸ ਦੇ ਰਾਹੀਂ ਭਰਨਗੇ ? ਇਹ ਕੀ ਉਪਰਾਲੇ ਕਰ ਰਹੇ ਹਨ ?

ਮੰਤਰੀ : ਇਸ ਸਪਲੀਮੈਂਟਰੀ ਦਾ ਸਵਾਲ ਨਾਲ ਤਾਂ ਤੁਅੱਲਕ ਨਹੀਂ ਹੈ । ਇਨ੍ਹਾਂ ਨੇ ਹੁਣ ਪੁਛਿਆ ਹੈ ਕਿ ਮੋਡ ਆਫ ਰਿਕਰੂਟਮੈਂਟ ਕੀ ਹੋਵੇਗਾ, ਕਿਸ ਤਰ੍ਹਾਂ ਇਹ ਪੋਸਟਾਂ ਫਿਲ ਅਪ ਕੀਤੀਆਂ ਜਾਣਗੀਆਂ । ਇਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲਾਂ ਦੇ ਹੈਡਜ਼ ਹਨ, ਉਨ੍ਹਾਂ ਦੇ ਕੋਲ ਵੇਰੀਅਸ ਸਬਜੈਕਟਸ ਦੇ ਕੰਬੀਨੇਸ਼ਨ ਵਾਲੇ ਟੀਚਰ ਹੁੰਦੇ ਹਨ ਅਤੇ ਉਸ ਦੇ ਮੁਤਾਬਿਕ ਹੀ ਉਨ੍ਹਾਂ ਨੇ 102 ਸਕੂਲਾਂ ਵਿਚ ਮੈਥੇਮੈਟਿਕਸ ਪੜ੍ਹਾਉਣ ਦਾ ਇੰਤਜ਼ਾਮ ਕੀਤਾ ਹੋਇਆ ਹੈ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਦੂਜੇ ਟੀਚਰ ਇਹ ਸਬਜੈਕਟ ਪੜ੍ਹਾ ਦਿੰਦੇ ਹਨ । ਸਰਕਾਰ ਨੇ ਐਡਹਾਕ ਐਪੁਆਇੰਟਮੈਂਟਾਂ ਬੰਦ ਕੀਤੀਆਂ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਬੈਨ ਸਰਕਾਰ ਖੋਲ੍ਹ ਦੇਵੇਗੀ ਅਤੇ ਕਦੋਂ ਤਕ ਇਹ ਪੋਸਟਾਂ ਭਰਣਗੇ ?

ਮੰਤਰੀ : ਸਰ, ਮੈਂ ਪਹਿਲਾ ਹੀ ਦੱਸ ਚੁਕਾ ਹਾਂ ਕਿ ਗੌਰਮਿੰਟ ਵਲੋਂ ਇਜਾਜ਼ਤ ਮਿਲ ਗਈ ਹੈ । ਅਸੀਂ ਇ ı ਨੂੰ ਜਲਦੀ ਭਰਨ ਦੇ ਯਤਨ ਕਰ ਰਹੇ ਹਾਂ । ਮੈਂ ਜਵਾਬ ਬੜਾ ਸਪੱਸ਼ਟ ਦਿੱਤਾ ਸੀ ।

ਸਰਦਾਰ ਦਲੀਪ ਸਿੰਘ ਪਾਂਧੀ ; ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬ ਦਾ ਸਰਵੇ ਕਰਵਾਇਆ ਹੈ, ਮੇਰੇ ਕੋਲ ਇਸ ਦੀ ਕਾਪੀ ਇਸ ਵੇਲੇ ਹੈ ਨਹੀਂ । ਬਕਾਇਦਾ ਇੰਪਲਾਇਮੈਂਟ ਐਕਸਚੈਂਜਾਂ ਕਲ ਟਰੇਂਡ ਮਾਸਟਰਜ਼ ਹਨ । ਪੋਸਟਾਂ ਵੇਕੈਂਟ ਪਈਆਂ ਰਹਿਣ ਕਾਰਨ ਐਜੂਕੇਸ਼ਨ ਦਾ ਨੁਕਸਾਨ ਹੋ ਰਿਹਾ ਹੈ । ਇਸਨੂੰ ਮੱਦੇਨਜ਼ਰ ਰਖਦੇ ਹੋਏ ਕੀ ਇੰਪਲਾਇਮੈਂਟ ਐਕਸਚੇਂਜਾਂ ਰਾਹੀਂ ਕੈਂਡੀਡੇਟ ਐਡਹਾਕ ਬੇਸਿਜ਼ ਤੇ ਭਰਨ ਦਾ ਜੋ ਬੈਨ ਲਗਿਆ ਸੀ, ਉਸ ਨੂੰ ਹਟਾ ਕੇ ਅਤੇ ਰੇਜ਼ਰਵੇਸ਼ਨ ਪਾਲਿਸੀ ਦੇ ਮੁਤਾਬਿਕ ਇਹ ਪੋਸਟਾਂ ਭਰਨ ਦਾ ਮੁਕਾਬਲਾ ਕਰਨਗੇ ?

ਮੰਤਰੀ : ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਐਡਹਾਕ ਐਪੁਆਇੰਟਮੈਂਟਾਂ ਤੇ ਬੈਨ ਲਗਾ ਹੋਇਆ ਸੀ, ਇਸ ਵਾਸਤੇ ਇਹ ਪੋਸਟਾਂ ਫਿਲ ਅਪ ਨਹੀਂ ਕੀਤੀਆਂ ਜਾ ਸਕਦੀਆਂ । ਹੁਣ ਅਸੀਂ ਸਰਕਾਰ ਤੋਂ ਇਜਾਜ਼ਤ ਲੈ ਲਈ ਹੈ । ਅਸੀਂ ਲੋਕਲ ਇੰਪਲਾਇਮੈਂਟ ਐਕਸਚੇਂਜਾਂ ਕੋਲੋਂ ਵੀ ਨਾ ਮੰਗਾਂਗੇ । ਮੈਂ ਕਦ ਕਿਹਾ ਹੈ ਕਿ ਟਰੇਂਡ ਟੀਚਰਜ਼ ਦੀ ਸ਼ਾਰਟੇਜ ਹੈ । ਅਸੀਂ ਜਲਦੀ ਹੀ ਇਹ ਫ਼ਿਲ ਅਪ ਕਰ ਦੇਵਾਂਗੇ ।

CHANGE OF NAME OF A SCHOOL

***811. Comrade Darshan Singh Jhabal** : Will the Minister for Education be pleased to state whether in the year 1969-70 the Government decided to rename the Government High School Bhakna after the name of a great patriot Baba Sohan Singh Bhakna if so, the steps so far taken in this regard ?

ਸਰਦਾਰ ਹਰਚਰਨ ਸਿੰਘ ਅਜਨਾਲਾ : ਨਹੀਂ ਜੀ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਤੁਸੀਂ ਸਵਾਲ ਜ਼ਰੂਰ ਪੜ੍ਹ ਲਿਆ ਹੋਵੇਗਾ । ਬਾਬਾ ਸੋਹਣ ਸਿੰਘ ਭਕਨਾ ਜੰਗੇ ਆਜ਼ਾਦੀ ਦੇ ਲੀਡਰ ਸਨ । ਉਨ੍ਹਾਂ ਦੇ ਨਾਂ ਤੇ ਪਿਛਲੀ ਫਰੰਟ ਮਨਿਸਟਰੀ ਵੇਲੇ ਇਸ ਸਕੂਲ ਦਾ ਨਾਂ ਬਦਲਿਆ ਗਿਆ ਸੀ । ਅਸੀਂ ਕਾਫੀ ਉਗਰਾਹੀ ਕਰਕੇ ਉਨ੍ਹਾਂ ਦੇ ਨਾਂ ਤੇ ਇਹ ਸਕੂਲ ਚਾਲੂ ਕਰਵਾਇਆ ਸੀ ਉਥੇ ਉਨ੍ਹਾਂ ਦੇ ਨਾਂ ਦਾ ਬੋਰਡ ਵੀ ਲੱਗਾ ਸੀ । ਉਹ ਵੀ ਹੁਣ ਹਟਾ ਦਿੱਤਾ ਗਿਆ ਹੈ । ਕੀ ਵਜ਼ੀਰ ਸਾਹਿਬ, ਇਸ ਗਲ ਦੀ ਇਨਕੁਆਇਰੀ ਕਰਾਉਣਗੇ ਕਿ ਇਹ ਕਿਉਂ ਹਟਾਇਆ ਗਿਆ ਹੈ ? ਦੂਜਾ ਸਵਾਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਾਬਾ ਸੋਹਣ ਸਿੰਘ ਭਕਨਾ ਦੇ ਨਾਂ ਤੇ ਇਸ ਸਕੂਲ ਦਾ ਨਾਂ ਹੁਣ ਰਖਣਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਕਾਮਰੇਡ ਦਰਸ਼ਨ ਸਿੰਘ ਝਬਾਲ ਬੜੇ ਨੇਕ, ਸੱਚੇ ਅਤੇ ਸੁਚੱਜੇ ਇਨਸਾਨ ਹਨ । ਬੜੇ ਸਾਦੇ ਵੀ ਹਨ । ਇਨ੍ਹਾਂ ਨੇ ਕਿਹਾ ਹੈ ਕਿ ਫਰੰਟ ਦੀ ਸਰਕਾਰ ਵੇਲੇ ਇਸ ਸਕੂਲ ਦਾ ਨਾਂ ਬਦਲ ਕੇ ਬਾਬਾ ਸੋਹਣ ਸਿੰਘ ਭਕਨਾ ਸਕੂਲ ਰਖਿਆ ਗਿਆ ਸੀ । ਇਨ੍ਹਾਂ ਨੂੰ ਹੁਣ ਤਕ ਇਹ ਹੀ ਨਹੀਂ ਪਤਾ ਕਿ ਫਰੰਟ ਦੀ ਸਰਕਾਰ ਨੇ ਕਿਸੇ ਸਮੇਂ ਵੀ ਇਸ ਸਕੂਲ ਦਾ ਨਾਂ ਇਨ੍ਹਾਂ ਦੀ ਮਰਜ਼ੀ ਮੁਤਾਬਿਕ ਨਹੀਂ ਸੀ ਰਖਿਆ, ਇਹ 1969-70 ਦੀ ਗਲ ਹੈ । ਉਦੋਂ ਫਰੰਟ ਸਰਕਾਰ ਵਾਕਈ ਇਥੇ ਸੀ । ਪਰ ਉਨ੍ਹਾਂ ਨੇ ਬਾਬਾ ਜੀ ਦੇ ਨਾਂ ਤੇ ਇਸ ਸਕੂਲ ਦਾ ਨਾਂ ਨਹੀਂ ਸੀ ਰਖਿਆ । ਇਨ੍ਹਾਂ ਨੂੰ ਇਹ ਭੁਲੇਖਾ ਹੈ । ਵੈਸੇ ਇਹ ਬੜੇ ਨੇਕ ਬੰਦੇ ਹਨ ।

ਸ੍ਰੀ ਸਪੀਕਰ : ਉਨ੍ਹਾਂ ਨੇ ਇਹ ਸਵਾਲ ਪੁਛਿਆ ਹੈ ਕਿ ਕੀ ਹੁਣ ਉਸ ਸਕੂਲ ਦਾ ਨਾਂ ਬਦਲ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 1972 ਵਿਚ ਜਦੋਂ ਸਾਡੀ ਸਰਕਾਰ ਆਈ ਸੀ ਤਾਂ ਗਿਆਨੀ ਜ਼ੈਲ ਸਿੰਘ ਨੇ ਡੀ. ਪੀ. ਆਈ. ਨੂੰ ਹੁਕਮ ਦਿੱਤਾ ਅਤੇ ਉਸ ਦੇ ਹੁਕਮ ਮੁਤਾਬਿਕ ਇਸ ਸਕੂਲ ਦਾ ਨਾਂ ਬਾਬਾ ਸੋਹਣ ਸਿੰਘ ਭਕਨਾ ਹਾਈ ਸਕੂਲ ਰਖਿਆ ਗਿਆ । ਇਸ ਵਿਚ ਥੋੜ੍ਹੀਆਂ ਜਿਹੀਆਂ ਕੰਪਲੀਕੇਸ਼ਨਜ਼ ਵੀ ਆਈਆਂ । ਜਿਹੜੇ ਟਰੇਜ਼ਰੀ ਅਫ਼ਸਰ ਸਨ ਉਨ੍ਹਾਂ ਨੇ ਅਤੇ ਅਕਾਉਂਟੈਂਟ ਜਨਰਲ ਨੇ ਕਿਹਾ ਸੀ ਕਿ ਇਸ ਲਈ ਗੌਰਮਿੰਟ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ ਤਾਂ ਹੀ ਇਸ ਸਕੂਲ ਦਾ ਨਾਂ ਬਦਲਿਆ ਜਾ ਸਕਦਾ ਹੈ । ਅਮਲੀ ਤੌਰ ਤੇ ਸਕੂਲ ਦਾ ਨਾਂ ਬਾਬਾ ਜੀ ਦੇ ਨਾਂ ਤੇ ਹੀ ਹੈ ਪਰ ਜਿਹੜੇ ਬਿਲਜ਼ ਵਗੈਰਾ ਡਰਾ ਕਰਦੇ ਹਨ, ਉਹ ਗੌਰਮਿੰਟ ਹਾਈ ਸਕੂਲ ਭਕਨਾ ਦੇ ਨਾਂ ਤੇ ਕੀਤੇ ਜਾਂਦੇ ਹਨ । ਇਹ ਦੋਵੇਂ ਚੀਜ਼ਾਂ ਡਿਪਾਰਟਮੈਂਟ ਦੇ ਨੋਟਿਸ ਵਿਚ ਹਨ । ਮੈਂ ਸਾਰੀ ਚੀਜ਼ ਐਗਜ਼ਾਮਿਨ ਕਰਵਾ ਰਿਹਾ ਹਾਂ । ਬਾਬਾ ਸੋਹਣ ਸਿੰਘ ਭਕਨਾ ਜੀ ਬੜੇ ਦੇਸ਼ ਭਗਤ ਸਨ ? ਸਾਨੂੰ ਉਨ੍ਹਾਂ ਦਾ ਪੂਰਾ ਸਤਿਕਾਰ ਹੈ । ਅਸੀਂ ਇਸ ਬਾਰੇ ਵਿਚਾਰ ਕੇ ਫੈਸਲਾ ਕਰਾਂਗੇ ।

HOUSES FOR GOVERNMENT EMPLOYEES

*738 **Sardar Mohinder Singh Sarupwali** : Will the Chief Minister be pleased to state :—

Whether there is any scheme under the consideration of the Government to construct residential. houses for Government employees. working at Focal Point Sarupwali, District Gurdaspur. If so, the time by which those houses are likely to be constructed.

Doctor Kewal Krishan (Finance Minister) : Yes Sir. These houses are likely to be completed by March, 1982.

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਸਪੀਕਰ ਸਾਹਿਬ, ਇਸ ਫੋਕਲ ਪੁਆਇੰਟ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਕੰਮ ਸ਼ੁਰੂ ਹੋਇਆ ਸੀ। ਇੱਟਾਂ ਅਤੇ ਸੀਮਿੰਟ ਵੀ ਗਿਆ ਹੋਇਆ ਹੈ। (ਵਿਘਨ) ਗੱਲ ਤਾਂ ਸੁਣੋ। ਉਥੋਂ ਸੀਮਿੰਟ ਵੀ ਚੁਕਿਆ ਗਿਆ ਹੈ। ਜਦੋਂ ਸਾਡੀ ਸਰਕਾਰ ਟੁੱਟੀ ਸੀ ਤਾਂ ਉਸ ਤੋਂ ਬਾਅਦ ਉਥੋਂ ਸੈਂਕੜੇ ਬੋਰੀਆਂ ਸੀਮਿੰਟ ਦੀਆਂ ਚੁੱਕ ਲਈਆਂ। ਉਥੇ ਇੱਟਾਂ ਪਈਆਂ ਹਨ ਔਰ ਇਨ੍ਹਾਂ ਨੇ ਜਵਾਬ ਦਿੱਤਾ ਮਕਾਨ ਮਾਰਚ, 1982 ਤਕ ਬਣ ਜਾਣਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਪਹਿਲਾਂ ਇਹ ਇਨਕੁਆਇਰੀ ਕਰਵਾਏਗੀ ਕਿ ਉਥੋਂ ਸੀਮਿੰਟ ਕਿਉਂ ਚੁਕਿਆ ਗਿਆ ਹੈ ਔਰ ਜਲਦੀ ਤੋਂ ਜਲਦੀ ਇਹ ਕਦੋਂ ਤਕ ਉਥੇ ਕੰਮ ਸ਼ੁਰੂ ਕਰਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਇਹ ਮੈਟੀਰੀਅਲ ਫੋਕਲ ਪੁਆਇੰਟ ਵਾਸਤੇ ਸੀ ਔਰ ਮੈਂ ਕਿਹਾ ਹੈ ਕਿ ਮਾਰਚ, 1982 ਤਕ ਕੰਮ ਮੁਕੰਮਲ ਕਰ ਦੇਵਾਂਗੇ। ਪਿਛਲੇ ਸਾਲ ਬਜਟ ਵਿਚ 45 ਲੱਖ ਰੁਪਿਆ ਰੱਖਿਆ ਸੀ ਅਤੇ ਇਸ ਸਾਲ ਇਨ੍ਹਾਂ ਕੰਮਾਂ ਵਾਸਤੇ 1 ਕਰੋੜ 31 ਲੱਖ ਰੁਪਿਆ ਰੱਖਿਆ ਗਿਆ ਹੈ। ਇਸ ਲਈ ਹੀ ਮੈਂ ਕਿਹਾ ਹੈ ਕਿ ਮਾਰਚ, 1982 ਤਕ ਕੰਮ ਹੋ ਜਾਵੇਗਾ।

ਬਾਕੀ ਜਿਹੜਾ ਇਨ੍ਹਾਂ ਨੇ ਸੀਮਿੰਟ ਚੁਕਣ ਵਾਲੀ ਗੱਲ ਕਹੀ ਹੈ, ਉਸ ਬਾਰੇ ਜ਼ਰੂਰ ਪਤਾ ਕਰ ਲਵਾਂਗੇ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਸਪੀਕਰ ਸਾਹਿਬ, ਇਸ ਵਿਚ ਬਜਟ ਤਾਂ ਇਨਵਾਲਵ ਨਹੀਂ ਹੁੰਦਾ। ਉਥੇ ਤਾਂ ਇੱਟਾਂ ਪਈਆਂ ਹਨ, ਸੀਮਿੰਟ ਪਿਆ ਸੀ, ਉਥੇ ਪੈਸੇ ਦਾ ਮਸਲਾ ਤਾਂ ਖੜਾ ਹੀ ਨਹੀਂ ਹੁੰਦਾ। ਪੈਸੇ ਦਾ ਮਸਲਾ ਤਾਂ ਪੈਦਾ ਹੁੰਦਾ ਹੈ ਜੇਕਰ ਕੋਈ ਨਵਾਂ ਕੰਮ ਸ਼ੁਰੂ ਕਰਨਾ ਹੋਵੇ, ਪਰ ਉਥੇ ਤਾਂ ਇੱਟਾਂ ਗਈਆਂ, ਸੀਮਿੰਟ ਗਿਆ ਸੀ ਪਰ ਉਹ ਚੁੱਕਿਆ ਗਿਆ ਹੈ। ਕਿਤੇ ਇਸ ਕਰਕੇ ਤਾਂ ਨਹੀਂ ਚੁਕਿਆ ਗਿਆ ਕਿਉਂਕਿ ਮੈਂ ਉਥੋਂ ਅਕਾਲੀ ਮੈਂਬਰ ਚੁਣ ਕੇ ਆਇਆ ਹਾਂ ?

ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਮਾਰਚ, 1982 ਤਕ ਕੰਮ ਹੋ ਜਾਵੇਗਾ। ਜੇਕਰ ਉਥੋਂ ਸੀਮਿੰਟ ਚੁਕ ਲਿਆ ਹੈ ਤਾਂ ਫਿਰ ਭੇਜ ਦਿਤਾ ਜਾਵੇਗਾ।

CONSTRUCTION OF 3 MORE BLOCKS OF FLUSH LATRINES IN BABA BAKALA

*581. **Jathedar Jiwan Singh Umranangal**: Will the Chief Minister be pleased to state :—

(a) whether it is a fact that at least 3 more blocks of flush latrines are required to be constructed in Baba Bakala;

(b) If the reply to part (a) above be in affirmative, the time by which the said blocks are likely to be constructed ?

Doctor. Kewal Krishan (Finance Minister): As per present assessment, two more lavatory blocks are required to be constructed at village Baba Bakala. The phasing of this project is under consideration.

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਸਪੀਕਰ ਸਾਹਿਬ, ਬਾਬਾ ਬਕਾਲਾ ਪਿੰਡ ਬਹੁਤ ਵੱਡਾ ਹੈ, ਪਰ ਉਥੇ ਸੀਵਰੇਜ ਦਾ ਕੰਮ ਬਹੁਤ ਅਧੂਰਾ ਪਿਆ ਹੈ। ਦੂਸਰੇ ਉਸ ਪਿੰਡ ਦੇ ਪਾਣੀ ਦੇ ਨਿਕਾਸ ਦਾ ਸਵਾਲ ਹੈ, ਅੱਧੇ ਪਿੰਡ ਦੇ ਪਾਣੀ ਦਾ ਨਿਕਾਸ ਇਕ ਪਾਸੇ ਹੈ ਔਰ ਅੱਧੇ ਦਾ ਦੂਸਰੇ ਪਾਸੇ ਹੈ। ਉਹ ਇਤਿਹਾਸਿਕ ਔਰ ਧਾਰਮਿਕ ਜਗ੍ਹਾ ਹੈ ਔਰ ਬਹੁਤ ਸਾਰੇ ਯਾਤਰੀ ਉਥੇ ਜਾਂਦੇ ਹਨ, ਇਸ ਲਈ ਉਥੇ ਸਫਾਈ ਦਾ ਪ੍ਰਬੰਧ ਬੜਾ ਜ਼ਰੂਰੀ ਹੋਣਾ ਚਾਹੀਦਾ ਹੈ। ਜਿਹੜੀ ਉਥੇ ਸੀਵਰੇਜ ਦੇ ਦੋ ਹੋਰ ਲੈਵੇਟਰੀ ਬਲਾਕ ਚਾਹੀਦੇ ਹਨ, ਕੀ ਉਨ੍ਹਾਂ ਨੂੰ ਸਰਕਾਰ ਛੇਤੀ ਬਣਾ ਦੇਵੇਗੀ?

ਮੰਤਰੀ: ਸਪੀਕਰ ਸਾਹਿਬ, ਇਸ ਨਗਰ ਦੀ ਧਾਰਮਿਕ ਤੇ ਇਤਿਹਾਸਕ ਮਹੱਤਤਾ ਨੂੰ ਸਾਹਮਣੇ ਰੱਖਦੇ ਹੋਏ, ਉਥੇ ਇਹ ਕੰਮ ਆਉਣ ਵਾਲੇ ਸਾਲ ਵਿਚ ਮੁਕੰਮਲ ਹੋ ਸਕੇਗਾ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਸੰਨ 1972 ਤੋਂ ਸਰਕਾਰ ਦੀ ਇਹ ਨੀਤੀ ਰਹੀ ਹੈ ਕਿ ਪੰਜਾਬ ਦੇ ਧਾਰਮਿਕ-ਸਥਾਨ ਜਿਹੜੇ ਹਨ, ਚਾਹੇ ਉਹ ਸਿੱਖਾਂ ਦੇ ਹੋਣ, ਹਿੰਦੂਆਂ ਦੇ ਹੋਣ, ਜਾਂ ਮੁਸਲਮਾਨਾਂ ਦੇ ਹੋਣ, ਉਨ੍ਹਾਂ ਧਾਰਮਿਕ-ਸਥਾਨਾਂ ਤੇ ਯਾਤਰੀਆਂ ਨੂੰ ਪੂਰੀਆਂ ਸਹੂਲਤਾਂ ਦਿੱਤੀਆਂ ਜਾਇਆ ਕਰਨ। ਕੀ ਜਿਹੜੇ ਧਾਰਮਿਕ-ਸਥਾਨਾਂ ਵਿਚ ਐਸੀਆਂ ਸਹੂਲਤਾਂ ਯਾਤਰੀਆਂ ਵਾਸਤੇ ਨਹੀਂ ਹਨ, ਜਿਹੜੀਆਂ ਕਿ ਹੋਣੀਆਂ ਚਾਹੀਦੀਆਂ ਹਨ, ਕੀ ਸਰਕਾਰ ਉਨ੍ਹਾਂ ਬਾਰੇ ਸਰਵੇ ਕਰਵਾ ਕੇ ਉਥੇ ਵੀ ਯਾਤਰੀਆਂ ਲਈ ਸਹੂਲਤਾਂ ਦੇਣ ਦਾ ਪ੍ਰਬੰਧ ਕਰੇਗੀ?

ਮੰਤਰੀ ਪੰਜਾਬ ਸਰਕਾਰ ਇਤਿਹਾਸਕ ਔਰ ਧਾਰਮਿਕ ਸਥਾਨਾਂ ਵੱਲ ਧਿਆਨ ਹੀ ਨਹੀਂ ਦੇਵੇਗੀ ਬਲਕਿ ਉਥੇ ਡਿਵੈਲਪਮੈਂਟ ਦੇ ਕੰਮ ਸ਼ੁਰੂ ਕਰਕੇ ਉਨ੍ਹਾਂ ਨੂੰ ਪੂਰਾ ਵੀ ਕਰੇਗੀ। (ਥੰਪਿੰਗ)

PARKS WITH THE MUNICIPAL CORPORATION, LUDHIANA

***407. Shri Om Parkash Gupta:** Will the Minister for Finance be pleased to state —

(a) the total number of Parks belonging to the Municipal Corporation, Ludhiana;

(b) the number of Green Parks transferred to the Corporation Ludhiana. —

from

(i) Industries Department,

(ii) Nazul Lands,

(iii) Improvement Trust and

(iv) Panchayat Land now vesting in the Corporation of villages which came under its jurisdiction on the extension of limits.

(c) whether any of the parks or land is in illegal possession of any person, if so, details thereof?

Doctor Kewal Krishan: (a) .. 335

(b) (i) Industries Department .. 31

(ii) Nazul Lands .. 62

(iii) Improvement Trust .. 53

(iv) Panchyat Lands .. Nil

(c) Yes, A list is placed on the table of the house.

LIST OF ENCROACHMENTS IN THE PARK

I. T.P. Scheme Uttam Singh & Others

Sr. No.	Name of the Encroachers	Encroachment
1.	Sh. Kuldip Sethi S/o Harbans Lal, Mahavir Jain Colony.	25′ x 45′
2.	Sh. Surinder Kumar s/o Mangat Ram, P. No. 102	25′ x 45′
3.	Masat Ram Jain, Property Dealer	$\frac{71' \times 20' \times 30'}{2}$
4.	Sh. Ajit Singh, Amrit Industry, P. No. 56	45′ x 40′
5.	Foundation Mahavir Jain Colony	25′—6″ x 40′
II.	**T.P. Scheme in Tagore Nagar Part—C**	
1.	Sheela Charitable Hospital	$\frac{205'\text{—}6'' \times 120' + 125}{2}$
III.	**T.P. Scheme of M.M. Nath & Others**	
1.	Govt. Model High School	$1 \times 325 \times \frac{80+81}{2}$ 1x81x20 $(1 \times 420 \times \frac{80+84)}{2}$
IV.	**T.P. Scheme Ibsan Road Part—B**	
1.	Sudarshan Singh s/o Jeewan Singh	110′x28′
V.	**T.P. Scheme Model Gram**	
1.	Gurdwara Shri Guru Singh Sabha Park	210′x112′
VI.	**T.P Scheme Ram Park**	
1	Khalsa Girls School	1.147′x60′ 2.152′x60′

VII.	**T.P. Scheme Area No. 2 Part—3**	
1.	Krishana Mandir	Approx: 118'x111'—6"
VIII.	**T.P. Scheme-Tagore Nagar Part—D**	
1.	Lt. Col. Pritpal Singh, H. No. 906, Tagore Nagar	80'x50'
IX.	**T.P. Scheme Vidya Sagar & Others**	
1,	Rattan Chand Oswal, H. No. 534	130'—120' / 2 66'x47' / 2
X.	**T.P. Scheme Kundan Puri**	
1.	Encroachments have been made in the Park by the 15 persons	
XI.	**T.P. Scheme Area No. 2 Part I**	
1.	S. Jarnail Singh, H. No. 566	28'—0"+26'—0" / 2 x71'—8"
2.	Smt. Leel Wati Kapoor (Kapoor Bhawan)	80'—0"x88'—0"
3.	Sh. Balraj Singh, Dildar Singh, H. No. 546	64'—0"+50' / 2 x71'—0"
4.	Sh. Raj Kumar s/o Sohan Singh 545	59'—0"x70'
XII.	**T.P. Scheme of Area No. 2 Part 2**	
1.	Surjit Singh, Mohinder Singh	61'—2"x68'—5"
2.	Karam Singh	12'—0"x48'—9"
3.	S. Dalip Singh	10'x12'
4.	S. Gulzar Singh	32'—0"x36'—3"
5.	Avtar Singh	65'—0"x30'—8"
6.	Pritam Singh	73'—3"x66'—0"
7.	Prem Singh & Karam Kaur	51'—8"x49'—10"
8.	Ram Singh	11'—3"x51'—0"
9.	Joginder Singh	59'—10"x36'—0"
10.	Maj. Kehar Singh	104'—0"x38'—0"
11.	Labh Singh	196'—0"x19'—0"
12.	Mangal Dass	14'—6"x11'—0"
13.	Narinder Singh	172'—0"x8'—0"
XIII.	**T.P. Scheme Lajwanti**	
1.	M/s Vidya Sagar & Sons	73'x52'+64 / 2
2.	Banarsi Devi Oswal & Others	190'x20'

[Finance Minister]

XIV. T.P. Scheme Sheep Shank Road Part C

1.	Principal G.G.N. Khalsa College	$175' \times \frac{66+110'}{2}$
		$\frac{80'+55'}{2} \times \frac{25'+60'}{2}$

XV. T P. Scheme Dr. Hira Singh Road

1.	Sh. R L. Gupta	16'x125'
2.	Kishan Partap	1. $\frac{105'+95''}{2} \times \frac{32'+35'}{2}$
		2. $\frac{30'+22'}{2} \times \frac{145'+152''}{2}$
2,	Jahangir Singh	105'×40'

XVI. Area No. 6 Part 3-A Part 3-A

1,	Sh. Kulzar Rai s/o Wathru Ram	35'× 25'—4"
2.	Sh. Ramji Dass s/o Jai Ram	$35'\text{—}8'' \times \frac{9'+8'}{2}$
3.	Smt. Leelawanti w/o Lajya Ram	7'—9"×40'
4.	Surinder Singh s/o L.R. Jawahar	18'×40'
5.	S. Jaspal Singh	30'×40'
6.	S. Mangal Singh	31' 29'—10"×45'
7.	S. Partap Singh	29'—3"×52'—2"
8,	Sita Devi w/o Lt. Raj Kumar	24'×55'—10"
9.	Smt. Bhagwanti w/o Partap Singh	6'×56

XVII. T.P. Scheme Gurdev Nagar Part-2

1.	M/s Dunlop Tyres	$45' \times \frac{55'+80'}{2}$
2.	Sh, Salig Ram Iron Yard & Co., Arti Cinema	105'× 145'

XVIII. Gurdev Nagar Part-A

1.	Smt. Gurdev Kaur	75'× 80'
2	Puran Singh	99'×80'
3.	Sh. Lachhman Singh	$\frac{80'+130'}{2} \times \frac{75'+125'}{2}$

XIX. Sheep Shank Part-B. T.P. Scheme

1.	Rajpaul Oswal	$100' \times \frac{20'+15'}{2}$

XX. T,P. Scheme of Area No. 2 Part-3 (Suppl. 2)

1,	Owner of this land has not implemented. the scheme	

XXI. T.P. Scheme of Rose Garden (Prem Nagar)

1.	Isher Singh	104′×30′

XXII. T.P. Scheme of M.N. Nath Suppl. P-2

1.	One park encroached by Sh. Ram Nath Sehgal Advocate & the area surrounded by other park is not implemented by the owner	

XXIII. T.P. Scheme of Sheep Shank Road Part-A Suppl-

1.	Romesh Chander Sandal	65′×149′

XXIV. T.P. Scheme of Shingar Cinema

1.	Sh. Om Parkash	20′—0″× 45′—0″
2.	Sh. Lachhman	40′—3″×45′
3.	Sh. Kishan Lal	24′×45′
4.	Sh. not known	36′×50′
5.	Sh. Jait Lal	20′—6″× 50′
6.	Sh. Subash	33′—6″x50′

XXV. T.P. Scheme of Salem Tabri Area

1.	Som Nath s/o Mohan Lal	20′x50′
2.	Shiv Mohan Pl. No. 340, Kartar Nagar	20′x45′
3	Ashok Kumar s/o Natha Ram, H.No. R-21/347/149 Kartar Nagar	18′x50′
4.	Prem Nath s/o Dev Raj	42′x62′
5.	Gurnam Lal s/o Gurbachan Lal	18′x50′
6.	Bissi w/o Dhanna Ram	50′x55″
7.	Raj Rani w/o, H. No. 124-B, Laxmi puri	12′—6″x12′—6″
8,	Mohinder Dass, P. No. 124 „ „	20′x50′
9.	Mukhtiar Singh, P. No. 122, „ „	12′—6″x40′
10.	Bakhsish Singh, Driver, P. No. 113 Laxmi Puri	20′x50′
11.	Diwan Chand, Laxmi Puri	20′x50′
12.	Surjit Kaur w/o Davinder Singh, P. No. 310 Laxmi Puri	20′x50′
13.	Inder Singh, P.N. 129, Laxmi Puri	18′x50′
14.	Surjit Singh s/o Dhanna Singh	20′x22′—10″

[Finance Minister]

15.	Raj Kumar, Laxmi Puri	20′x50′
16.	Govt. Primiary School, Pirubanda	15′—5″x50′—5″
17.	Raj Kumar (Raj Mental Box)	60′x60′
18.	J.P. Kohli & Ram Parkash, P.No. 13,14 Bhagwan Dass Kohli	35′x80′
19.	Tilak Raj, Embrioder	45′x53′
20.	Krishan Lal, Netaji Nagar	28′x65′
21.	Bali Corporation employees	34′—5″x65′
22.	Jagdish Chander s/o Ved Parkash	20′x50′
23.	Radhe Sham s/o Inder Lal, Diary owner	63′x50′
24.	Sudarshan s/o Inderjit	20′x50′

XXVI. Gurudwara Sabzi Mandi

1. Encroachment on Municipal Park adjoining M.C. Office. Case is in the Court.

XXVII. Dresi Ground :Out of this land two plots were leased out by the Municipal Committee, Ludhiana to M/S. Shiva Ditta Mal & Hakym Rai. Lease was cancelled by the Commissioner, Municipal Corporation, Ludhiana, but the lessee still occupying the land. Corporation has filled and Eviction application agains the encroacher in the S.D.M. Court.

List Encroachers in the Green Belt Opposit Preet Palace Cinema, Model Town, Ludhiana

1. Sh. Darshan Singh Raggi, Link Road, Opp. Preet Palace
2. Sh. Sita Ram Bhatia, Opp. Preet Palace
3. Sh. Karam Singh s/o Naurate ,, ,,
4. Sh. Surjit Singh ,, ,,
5. Sh. Bari & Co. ,, ,,
6. Sh. Banta Singh ,, ,,
7. Sh. Mohinder Paul, Joginder Paul & Rajinder Pal, Preet Palace
8. Smt. Tarawanti Preet Palace
9. Sh. Kehar Singh ,, ,,
10. Sh. Labh Singh ,, ,,
11. Sh. Kartar Singh ,, ,,
12. M/s. Sarwan Service Station ,, ,,
13. Sh. Davinder Bibra, Ved Bibra ,,
14. Sh. Balwant Rai ,, ,,
15. Sh. Roop Lal ,, ,,
16. Sh. Harnam Dass ,, ,,
17. Sh. Rajinder Singh ,, ,,
18. Vacant Plot ,, ,,
19. ,, ,, ,, ,,
20. Sh. Malwinder Singh ,, ,,
21. Vacant Plot ,, ,,

22.	Doctor Mohan Lal Batra ..	Preet Palace
23.	Shri Wariam Singh ..	Ditto
24.	Shri Karnail Singh ..	Ditto
25.	Shri Goverhdan Kumar ..	Ditto
26.	Shri Baldev Singh ..	Ditto
27.	Vacant Plot ..	Ditto
28.	Ditto ..	Ditto
29.	Shri Jagjit Lal ..	Ditto
30.	Shrimati Tarlochan Kaur ..	Ditto
31.	Shri Tara Singh ..	Ditto
32.	Ownership of M. C. Ldh. ..	Ditto
33.	Ditto ..	Ditto
34.	Shri Lal Chand Sodhi ..	Ditto
35.	Shri Raj Kumar ..	Ditto
36.	Shri Joginder Sehgal (Mulakh Raj Buta Ram) Opp. ..	Ditto
37.	Shri Iqbal Singh ..	Ditto
38.	Shri Nazer Singh ..	Ditto
39.	Shrimati Vidya Wanti ..	Ditto
40.	Shri Om Parkash Sood ..	Ditto
41.	Shri Mukand Singh ..	Ditto
42.	Sarbjit & Amrjit Singh ..	Ditto
43.	Shri Piare Lal ..	Ditto
44.	Shri Kaka Singh ..	Ditto
45.	Shri Dharam Singh, Sadhu Singh ..	Ditto
46.	Shrimati Jaswant Kaur ..	Ditto

Sr. No.	Name of the Scheme	Total Parks	Fully Encro-ached	Partial encro-ached	Description
1.	Industrial Area	13	—	—	1. Municipal Corporation has constructed shops & Booths to rehabilitate Khokha owners sitting in the Green Belts. 2. One Park was leased out Pahwa Hospital with the approval of the Government. 3. In the Green Belt opposite to Manju Cinema near about 10 Houses exist before the transfer of Green Belt to the Corporation.

[Finance Minister]

Sr. No.	Name of the Scheme	Total Parks	Fully Encro-ached	Partially encro-ached	Description
1	2	3	4	5	6
					4. In so many other cases to remove the encroachments in the Green Belt. The Encroachers have obtained stay orders from the Court. Moreover they have the copies of the Saledeed from the previously a meeting was called and District Manager Ludhiana was asked to supply the copies to ward by which land under Green Belts was acquired by the Industries Department which is still awaited.
2.	Industrial Area 'A'	9	—	—	1. Out of these nine parks two parks were sold by the Industries Department to M/s. Kabir Woollen Mills & New Engineer Woollen mills. They have sale deed from the Government regarding the ownership of the land.
					2. One & a half was leased out by the Industries Department to the Punjab State Electricity Board for installation of Sub-station.
					3. In two parks Corporation has constructed quarters for the 4th class employees.
					4. Two Green Belts are encroached by the illegal Encroachers. These were demolished many a times, but they again construct the huts- Moreover, many of them have obtained stay orders from the Court.
3.	Industrial Estate	9	—	—	They are near about 200 in Nos.

PARK IN LUDHIANA IMPROVEMENT TRUST TRANSFERRED TO M. C. LUDHIANA.

1	2	3	4	5	6
1.	Kidwai Nagar ..	11	3	1	These four parks were enroached before handing over this scheme to the Corporation Ldh. Improvement Trust was asked to give the detailed report regarding ownership of land under open spaces from the last 2 years, reply is still awaited.
2.	Sarabha Nagar ..	14	—	—	
3.	Shastri Nagar ..	7	—	—	
4.	Udham Singh Nagar ..	9	—	—	
5.	Atam Nagar ..	9	—	—	
6.	Ind. Area 'A' Extension	3	—	—	In the Green Belt along byepass some encroachments made by the public for which the Ludhiana Improvement Trust was asked to report regarding the ownership of this land reply is still awaited.

ਗਰਾਮ ਪੰਚਾਇਤ ਦੀ ਜ਼ਮੀਨ ਜੋ ਮਿਊਂਸਪਲ ਕਮੇਟੀ ਨੂੰ ਟਰਾਂਸਫਰ ਹੋ ਚੁਕੀ ਹੈ । ਉਸ ਜ਼ਮੀਨ ਤੇ ਨਜਾਇਜ਼ ਕਬਜ਼ੇ ਦੀ ਲਿਸਟ ਜਿਨ੍ਹਾਂ ਖਿਲਾਫ ਨਗਰ ਨਿਗਮ ਵਲੋਂ ਐਸ. ਡੀ. ਐਮ. ਦੀ ਅਦਾਲਤ ਵਿਚ ਕੇਸ ਫਾਈਲ ਕੀਤੇ ਹੋਏ ਹਨ ।

ਲੜੀ ਨੰ:	ਪਿੰਡ ਦਾ ਨਾਉਂ	ਖਸਰਾ ਨੰ :	ਰਕਬਾ	ਨਜਾਇਜ਼ ਕਾਬਜ਼ ਦਾ ਨਾਉਂ
1	2	3	4	5
1.	ਜਵੱਦੀ	39/9/3, 11/2, 12/2, 19-20	ਕੇ ਐਮ 12-12	ਬਲਵੰਤ ਸਿੰਘ ਪੁਤਰ ਸ੍ਰੀ ਪ੍ਰੀਤਮ ਸਿੰਘ, ਸਾਕਨ ਜਵੱਦੀ ।
2.	,,	484	0— 17	1. ਜਸਵੰਤ ਸਿੰਘ ਪੁੱਤਰ ਸ੍ਰੀ ਗੋਪਾਲ ਸਿੰਘ । 2. ਮਹਿੰਦਰ ਸਿੰਘ ਪੁੱਤਰ ਸ੍ਰੀ ਮੰਗਾ ਰਾਮ । 3. ਗੁਰਦਿਆਲ ਸਿੰਘ ਪੁਤਰ ਸ੍ਰੀ ਮੰਗਾ ਰਾਮ

1	2	3	4	5
3.	ਗਿਆਸਪੁਰਾ	156	3—1	ਕਰਤਾਰ ਸਿੰਘ, ਮਿਸਤਰੀ, ਸ ਕਨ ਦੇਹ ।
4.	ਗਿਆਸਪੁਰ	96	14—11	ਗੱਜਣ ਸਿੰਘ ਫੌਜੀ ।
5.	ਸ਼ੇਰ ਪੁਰ ਖੁਰਦ	42	4—8	ਐਮ.ਐਲ. ਮੋਟਰ ਜੈਨ ਐਂਡ ਕੰਪਨੀ ਦੀ ਬਿਲਡਿੰਗ ਮੌਕਾ ਪਰ ਬਣੀ ਹੋਈ ਹੈ ।
6.	ਸ਼ੇਰ ਪੁਰ ਕਲਾਂ	112	1—3	1. ਜਰਨੈਲ ਸਿੰਘ ਪੁਤਰ ਬਿਜਲੀ ਲਾਲ । 2. ਮ. ਧਰਮ ਸਿੰਘ ਪੁੱਤਰ ਬਾਰੂ ਰਾਮ । 3. ਭਗਵਾਨ ਸਿੰਘ ਫੌਜੀ ਪੁਤਰ ਬਾਬੂ ਸਿੰਘ । 4. ਸਤਪਾਲ ਸਿੰਘ ਪੁਤਰ ਹਰਨਾਮ ਸਿੰਘ । 5. ਰਣਧੀਰ ਸਿੰਘ ਪੁਤਰ ਬਾਬੂ ਸਿੰਘ ।
7.	ਸ਼ੇਰ ਪੁਰ ਕਲਾਂ	152	0—2	ਸ੍ਰੀ ਅਰਜਨ ਸਿੰਘ ਪੁਤਰ ਹਰਨਾਮ ਸਿੰਘ
8.	ਢੰਡਾਰੀ ਕਲਾਂ	60/27	16—16	1. ਹਰਬੰਸ ਸਿੰਘ ਪੁਤਰ ਈਸ਼ਰ ਸਿੰਘ । 2. ਬਾਵਾ ਸਿੰਘ ਪੁਤਰ ਮੇਠਾ ਸਿੰਘ । 3. ਛੋਟਾ ਪੁਤਰ ਭਾਨ ਸਿੰਘ ।
9.	ਢੰਡਾਰੀ ਕਲਾਂ	40/28		ਨਛੱਤਰ ਸਿੰਘ ਪੁਤਰ ਬਖਸ਼ੀਸ਼ ਸਿੰਘ ।
10.	ਢੰਡਾਰੀ ਕਲਾਂ	69/6/1, 6X70/60/2	9—19	ਅਰਜਨ ਸਿੰਘ ਪੁੱਤਰ ਜੀਵਾ ਸਿੰਘ, ਸਾਕਨ ਢੰਡਾਰੀ ।
11.	ਢੰਡਾਰੀ ਕਲਾਂ	58/12/1, 58/19	4—6	ਰਲਾ ਸਿੰਘ, ਸੁੰਦਰ ਸਿੰਘ, ਬਿਸ਼ਨਾ ਪੁੱਤਰ ਰਪਾ ।

1	2	3	4	5
12.	ਢੰਡਾਰੀ ਕਲਾਂ	96	22—1	ਰਣਜੀਤ ਸਿੰਘ ਗਰਵਾਲ, ਪੋਲ-ਟਰੀ ਫਾਰਮ।
13.	ਢੰਡਾਰੀ ਕਲਾਂ	99		ਰਾਮ ਸਿੰਘ, ਫੌਜੀ।
14.	ਬਾੜੇਵਾਲ ਅਵਾਣਾ	728/1	3-12—0	ਰਾਮ ਨਾਵਲ ਪੁੱਤਰ ਵਿਦਿਆ ਪੁਤਰ ਰਾਜ ਕੁਮਾਰ।
15.	ਬਾੜੇਵਾਲ ਅਵਾਣਾ	745	4-0-0	ਪਰਕਾਸ਼ ਰਾਮ ਪੁਤਰ ਕੇਸਰ ਦਾਸ ਪੁਤਰ ਬਤਾਰਾ ਰਾਮ।
		746	4-0-0	
			8-0-0	
16.	ਬਾੜੇਵਾਲ ਅਵਾਣਾ	372/1	0-5-12	ਚੰਨਣ ਸਿੰਘ ਪੁਤਰ ਈਸ਼ਰ ਸਿੰਘ ਪੁਤਰ ਨਿਹਾਲ ਸਿੰਘ।
		573/3	2-15-1	
		574/1	1-1-9	
			4-2-2	
17.	ਬਾੜੇਵਾਲ ਅਵਾਣਾ	744	4-1-0	ਤਰਸੇਮ ਲਾਲ ਪੁਤਰ ਚਰਨ ਦਾਸ ਪੁਤਰ ਕੇਸਰ ਦਾਸ।
		753	3-0-0	
			7-1-0	
18.	ਬਾੜੇਵਾਲ ਅਵਾਣਾ	750/3	0-13-15	ਨਾਗਰ ਦਾਸ ਪੁੱਤਰ ਕੇਸਰ ਦਾਸ, ਬਤਾਰਾ ਰਾਮ।
		751/1	0-0-3	
		755/1	0-16-0	
		757	0-4-0	
		758	3-16-0	
		759	0-18-0	
		556/3	2-12-19	
			17-18-17	

[ਵਿੱਤ ਮੰਤਰੀ]

ਸੂਚੀ ਪਿੰਡਵਾਰ ਰਕਬਾ ਪੰਚਾਇਤ ਜੋ ਨਵੀਂ ਵਧੀ ਹਦੂਦ ਅੰਦਰ ਆਇਆ ਹੈ।

ਲੜੀ ਨੰ:	ਪਿੰਡ ਦਾ ਨਾਂ	ਰਕਬਾ	ਮਜਰੂਆ	ਗੈਰ ਮੁਮਕਿਨ	ਰਸਤੇ	ਮੇ.ਮ.	ਮੜੀਆਂ
1	2	3	4	5	6	7	8
1.	ਜਵੱਦੀ ..	183-16	35-16	31-17	93-3	13-3	11-17
2.	ਸ਼ੇਰਪੁਰ ਖੁਰਦ ..	190-1	—	97-5	87-18	14-4	10-4
3.	ਸ਼ੇਰਪੁਰ ਕਲਾਂ ..	333-3	—	149-2	94-8	28-7	61-1
4.	ਸੁਨੇਤ ..	74-1	—	11-16	49-13	12-12	—
5.	ਬਾੜੇਵਾਲ ਅਵਾਣਾ ..	301-19-9	1-2-0	300-7-17	0-9-2	—	—
6.	ਹਬੋਵਾਲ ਕਲਾਂ ..	496-17	166-9	152-15	152-5	8-0	36-18
7.	ਹਬੋਵਾਲ ਖੁਰਦ ..	75-18	—	75-18	—	—	—
8.	ਢੰਡਾਰੀ ਕਲਾਂ ..	474-11	82-3	69-9	258-3	23-8	41-6
9.	ਖੁੰਡੀਆਂ ਕਲਾਂ ..	10-66	—	12-86	—	—	—
10.	ਡਾਬਾ ..	21-0-16	10-3-13	—	10-1-19	0-16-5	—
11.	ਗਿਆਸ ਪੁਰ ..	354-18	166-6	—	132-9	45-16	10-7
12.	ਭੋਰਾ ..	33-14-11	—	—	16-6-17	17-7-14	—

ਲਿਸਟ ਨਜ਼ੂਲ ਜਿਹੜੇ ਨਗਰ ਨਿਗਮ ਟਰਾਂਸਫਰ ਹੋ ਚੁਕੇ ਹਨ।

ਲੜੀ ਨੰ:	ਨਜ਼ੂਲ ਨੰਬਰ	ਰਕਬਾ ਵਰਗ ਗਜ਼	ਜਿੰਨਾ ਰਕਬਾ ਨਗਰ ਨਿਗਮ ਨੂੰ ਮਿਲਿਆ ਹੈ	ਕੈਫੀਅਤ
1	2	3	4	5
1.	3	107-2/3	107-2/3	ਸ਼ਾਮਲ ਸੜਕ ਹੋ ਚੁਕਾ ਹੈ।
2.	4/7	176-4/9	176-4/9	,,
3.	4/8	101-1/9	101-1/9	,,
4.	5	68-8/9	68-3/9	ਨਜ਼ਾਇਜ਼ ਕਬਜ਼ਾ ਹੈ।

1	2	3	4	5
5.	6	5-1/3	5-1/3	ਨਜਾਇਜ ਕਬਜ਼ਾ ਹੈ ।
6.	7	5-2/3	5-2/3	ਸ਼ਾਮਲ ਗਲੀ ਹੈ ।
7.	11/1	266-5/9	266-5/9	ਮੌਕਾ ਤੇ ਖਾਲੀ ਪਿਆ ਹੈ ।
8.	13	3-1/3	3-1/3	ਸ਼ਾਮਲ ਗਲੀ ਹੈ ।
9.	14	59.11	59.11	ਨਜਾਇਜ਼ ਕਬਜ਼ਾ ਹੈ ।
10.	19/3	7.33	7.33	ਸ਼ਾਮਲ ਗਲੀ ਹੈ ।
11.	21	20	20	ਸ਼ਾਮਲ ਗਲੀ ਹੈ ।
12.	22	35	35	ਸ਼ਾਮਲ ਗਲੀ ਹੈ ।
13.	29	33-7/7	11.25	ਸ਼ਾਮਲ ਗਲੀ ਹੈ ।
14.	32	21.67	31.67	ਨਜਾਇਜ਼ ਕਬਜ਼ਾ ਹੈ ।
15.	33	416	236	ਮੌਕਾ ਤੇ ਖਾਲੀ ਪਿਆ ਹੈ ।
16.	35	276-1/9	42	ਸ਼ਾਮਲ ਗਲੀ ਹੈ ।
17.	36	150-1/9	150-1/9	ਸ਼ਾਮਲ ਗਲੀ ਹੈ ।
18.	39	220	101.78	ਸ਼ਾਮਲ ਸੜਕ ਹੋ ਚੁੱਕਾ ਹੈ ।
19.	40	57-7/9	57-7/9	ਗਲੀ ਵਿਚ ਸ਼ਾਮਲ ਹੋ ਚੁੱਕਾ ਹੈ ।
20.	40/1	5.33	5.33	ਨਾਜਇਜ਼ ਕਬਜ਼ਾ ਹੈ ।
21.	50	42.78	42.78	ਨਜਾਇਜ਼ ਕਬਜ਼ਾ ਹੈ ।
22.	54	120.42	61.75	ਸ਼ਾਮਲ ਸੜਕ ਹੋ ਚੁਕਾ ਹੈ
23.	73	112.45	112·45	ਸ਼ਾਮਲ ਸੜਕ ਹੋ ਚੁਕਾ ਹੈ ।
24.	75	61-1/9	61-1/9	ਸ਼ਾਮਲ ਸੜਕ ਹੋ ਚੁਕਾ ਹੈ ।
25.	90	6-2/3	6-2/3	ਗਲੀ ਵਿਚ ਸ਼ਾਮਲ ਹੋ ਚੁਕਾ ਹੈ ।

[ਵਿੱਤ ਮੰਤਰੀ]

1	2	3	4	5
26.	95	3.56	3.56	ਗਲੀ ਵਿਚ ਸ਼ਾਮਲ ਹੋ ਚੁਕਾ ਹੈ।
27.	96	5-4/9	5-4/9	ਉਹੀ
28.	97	13-1/3	13-1/3	ਉਹੀ
29.	100	8	8	ਉਹੀ
30.	105	18	18	ਉਹੀ
31.	120	31.11	80	ਉਹੀ
32.	121	172.22	172.22	ਉਹੀ
33.	122	63	63	ਉਹੀ
34.	123	25.66	25.66	ਸ਼ਾਮਲ ਗਲੀ ਹੋ ਚੁਕਾ ਹੈ।
35.	135	23.11	23.11	ਉਹੀ
36.	168	336	221	ਉਹੀ
37.	169	42	42	ਉਹੀ
38.	170	566	57	ਸ਼ਾਮਲ ਸੜਕ ਹੋ ਚੁਕਾ ਹੈ।
39.	171	1599	38.27	ਸ਼ਾਮਲ ਗਲੀ ਹੋ ਚੁਕਾ ਹੈ।
40.	178	3686	3686	ਸ਼ਾਮਲ ਸੜਕ ਹੋ ਚੁਕਾ ਹੈ।
41.	180	8090.66	8090.66	ਇਸ ਵਿਚ ਗਵਰਨਮੈਂਟ ਸਕੂਲ ਹੈ।
42.	196	41.67	41.67	ਮੌਕਾ ਤੇ ਖਾਲੀ ਪਿਆ ਹੈ।
43.	197	143	92	ਨਜਾਇਜ਼ ਕਬਜ਼ਾ ਹੈ।
44.	204	155	155	ਸ਼ਾਮਲ ਗਲੀ ਹੋ ਚੁਕਾ ਹੈ।

1	2	3	4	5
45.	222	48	48	ਸ਼ਾਮਲ ਗਲੀ ਹੋ ਚੁਕਾ ਹੈ ।
46.	224	320.22	132.67	ਮੌਕਾ ਤੇ ਖਾਲੀ ਪਿਆ ਹੈ ।
47.	256	298.22	266	ਸੜਕ ਵਿਚ ਸ਼ਾਮਲ ਹੈ ।
48	410	2398	2398	ਉਹੀ
49.	418	132	123	ਉਹੀ
50.	422 423	563.33	164	ਸ਼ਾਮਲ ਸੜਕ ਹੋ ਚੁਕਾ ਹੈ ।
51.	340	65.78	3.90	ਉਹੀ
52.	417	227.11	51.00	2.67 ਵਰਗ ਗਜ਼ ਜਗ੍ਹਾ ਕੱਚਾ ਹੈ । 48.33 ਵਰਗ ਗਜ਼ ਸ਼ਾਮਲ ਸੜਕ ਹੈ ।
53.	266	334.22	109.00	ਜ਼ੇਰੇਆਮ ਗਲੀ ਹੈ ।
54.	283	79	23.44	ਸ਼ਾਮਲ ਸੜਕ ਹੋ ਚੁਕਾ ਹੈ ।
			3.50	ਸ਼ਾਮਲ ਕੂਚਾ ਹੋ ਚੁਕਾ ਹੈ ।
55.	301	37	4-5/9	ਸ਼ਾਮਲ ਸੜਕ ਹੋ ਚੁਕਾ ਹੈ ।
56.	303	86.67	2-1/67 1-7/9	ਸ਼ਾਮਲ ਸੜਕ ਹੋ ਚੁਕਾ ਹੈ । ਉਹੀ
57.	306	52	4.00	ਸ਼ਾਮਲ ਕੂਚਾ ਹੋ ਚੁਕਾ ਹੈ ।
			8.67	ਸ਼ਾਮਲ ਸੜਕ ਹੋ ਚੁਕਾ ਹੈ ।
58.	319	52·11	5.44	ਉਹੀ
59·	329	46.67	8-1/3	ਉਹੀ
			1-2/3	ਸ਼ਾਮਲ ਕੂਚਾ ਹੋ ਚੁਕਾ ਹੈ ।
60.	333	32.44	32.44	ਸ਼ਾਮਲ ਸੜਕ ਹੋ ਚੁਕਾ ਹੈ ।
61.	388	133·78	28·67	ਸ਼ਾਮਲ ਸੜਕ ਹੋ ਚੁਕਾ ਹੈ ।
62.	387	68	3.33 1 33	ਸ਼ਾਮਲ ਸੜਕ ਹੋ ਚੁਕਾ ਹੈ ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਲੁਧਿਆਣੇ ਵਿਚ ਨਜਾਇਜ਼ ਕਬਜ਼ਿਆਂ ਦੀ ਲਿਸਟ ਜਵਾਬ ਦੇ ਨਾਲ ਨੱਥੀ ਕੀਤੀ ਹੈ। ਜਿਹੜੇ ਨਜਾਇਜ਼ ਕਬਜ਼ੇ ਟਾਊਨ ਪਲਾਨਿੰਗ ਸਕੀਮ ਦੇ ਥਲੇ ਹੋਏ ਹੋਏ ਹਨ, ਉਹ ਕੋਈ 100 ਦੇ ਕਰੀਬ ਹਨ ਔਰ ਜਿਸ ਜਗ੍ਹਾ ਦੀ ਕੀਮਤ ਕੋਈ ਤਿੰਨ ਚਾਰ ਕਰੋੜ ਦੇ ਕਰੀਬ ਬਣਦੀ ਹੈ। ਇਕ ਜਿਥੇ ਕਮੇਟੀ ਦਾ ਆਪਣਾ ਦਫਤਰ ਹੈ, ਉਥੇ ਵੀ ਜਗ੍ਹਾ ਤੇ ਨਜਾਇਜ਼ ਕਬਜ਼ਾ ਹੋਇਆ ਹੋਇਆ ਹੈ। ਇਸ ਤਰ੍ਹਾਂ ਹੀ ਪ੍ਰੀਤ ਸਿਨਮੇ ਦੇ ਸਾਹਮਣੇ ਗਰੀਨ ਬੈਲਟ ਦੀ ਜਗ੍ਹਾ ਤੇ ਕੋਈ 50 ਨਜਾਇਜ਼ ਕਬਜ਼ੇ ਹਨ, ਇਥੇ ਭਾਵੇਂ ਘੱਟ ਦੱਸੇ ਹਨ ਔਰ ਉਸ ਜਗ੍ਹਾ ਦੀ ਕੀਮਤ ਕੋਈ ਪੰਜ ਸੱਤ ਕਰੋੜ ਰੁਪਏ ਦੀ ਬਣਦੀ ਹੈ। ਫ਼ਿਰ ਇੰਡਸਟਰੀਅਲ ਏਰੀਆ ਹੈ, ਇੰਡਸਟਰੀਅਲ ਐਸਟੇਟ ਹੈ, ਕਿਦਵਾਈ ਨਗਰ ਹੈ ਅਤੇ ਹੋਰ ਵੀ ਇਸ ਤਰ੍ਹਾਂ ਦੀਆਂ ਕਈ ਜਗ੍ਹਾ ਹਨ ਜਿੱਥੇ ਕਿ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਔਰ ਇਹ ਕੋਈ 20 ਕਰੋੜ ਰੁਪਏ ਦੀ ਮਾਲੀਅਤ ਦੀ ਜਗ੍ਹਾ ਹੈ। ਦਸ ਸਾਲ ਦੇ ਕਰੀਬ ਇਨ੍ਹਾਂ ਜਗ੍ਹਾਂ ਤੇ ਨਜਾਇਜ਼ ਕਬਜ਼ੇ ਹਨ।

ਸ੍ਰੀ ਸਪੀਕਰ: ਤੁਸੀਂ ਸਵਾਲ ਪੁਛੋ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਹਾਂ ਜੀ, ਮੈਂ ਸਵਾਲ ਹੀ ਪੁੱਛਣ ਲੱਗਾ ਹਾਂ। ਉਥੇ, ਸਪੀਕਰ ਸਾਹਿਬ, ਜਿਹੜੇ ਅਫਸਰਾਂ ਨੇ ਜਾਂ ਮੁਲਾਜ਼ਮਾਂ ਨੇ ਜਾਂ ਹੋਰ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਉਹ ਹਟਾਉਣ ਵਾਸਤੇ ਪਿਛਲੀ ਸਰਕਾਰ ਨੇ ਵੀ ਕੁਝ ਨਹੀਂ ਕੀਤਾ। ਆਇਆ ਸਰਕਾਰ ਉਨ੍ਹਾਂ ਨਜਾਇਜ਼ ਕਬਜ਼ਿਆਂ ਤੋਂ ਉਸ ਜ਼ਮੀਨ ਨੂੰ ਖਾਲੀ ਕਰਵਾਵੇਗੀ ?

ਮੰਤਰੀ: ਸਪੀਕਰ ਸਾਹਿਬ, ਇਹ ਸਮੱਸਿਆ ਵਾਕਿਆ ਹੀ ਗੰਭੀਰ ਹੈ ਲੁਧਿਆਣਾ ਦੀ, ਜਿਸ ਦੇ ਬਾਰੇ ਕਿ ਗੁਪਤਾ ਜੀ ਨੇ ਸਵਾਲ ਕੀਤਾ ਹੈ। ਕਰੋੜਾਂ ਰੁਪਏ ਦੀ ਜਗ੍ਹਾ ਉਥੇ ਲੋਕਾਂ ਦੇ ਨਜਾਇਜ਼ ਕਬਜ਼ੇ ਵਿਚ ਹੈ ਔਰ ਕਈਆਂ ਸਾਲਾਂ ਤੋਂ ਹੈ .. .. (ਆਵਾਜ਼ਾਂ : ਜਲੰਧਰ ਅਤੇ ਅੰਮ੍ਰਿਤਸਰ ਵੀ ਨਾਲ ਹੀ ਲੈ ਲਵੋ।)

ਮੰਤਰੀ: ਠੀਕ ਹੈ, ਸਪੀਕਰ ਸਾਹਿਬ, ਜਲੰਧਰ ਔਰ ਅੰਮ੍ਰਿਤਸਰ ਵੀ ਇਹ ਪ੍ਰਾਬਲਮ ਹੈ। ਇਕ ਤਾਂ ਇਹ ਹੈ ਕਿ ਉਨ੍ਹਾਂ ਜਗ੍ਹਾਂ ਤੇ ਲੋਕਾਂ ਦੇ ਕਬਜ਼ੇ ਕੋਈ 12-12, 15-15 ਸਾਲਾਂ ਤੋਂ ਹਨ, ਉਹ ਉਥੇ ਬੈਠੇ ਹਨ। ਇਕ ਤਾਂ ਹੱਲ ਇਹ ਹੈ ਕਿ ਉਨ੍ਹਾਂ ਲੋਕਾਂ ਨੂੰ ਜਿਹੜੇ ਇਸ ਤਰ੍ਹਾਂ ਬੈਠੇ ਹਨ ਉਨ੍ਹਾਂ ਨੂੰ ਦੇ ਦਿੱਤੀ ਜਾਵੇ ਤੇ ਜਾਇਜ਼ ਕੀਮਤ ਲੈ ਲਈ ਜਾਵੇ, ਗਲੀਆਂ ਔਰ ਨਾਲੀਆਂ ਲਈ ਜਗ੍ਹਾ ਜ਼ਰੂਰ ਰਹਿ ਜਾਵੇ, ਮਸ਼ਰੂਮ ਗਰੋਥ ਨਾ ਹੋਵੇ। ਇਹ ਮੈਂ ਵੀ ਮੰਨਦਾ ਹਾਂ ਕਿ ਉਨ੍ਹਾਂ ਕਾਲੋਨੀਜ਼ ਵੱਲ ਧਿਆਨ ਦੇਣਾ ਜ਼ਰੂਰ ਚਾਹੀਦਾ ਹੈ। ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਇਸ ਪਾਸੇ ਧਿਆਨ ਹੀ ਨਹੀਂ ਕਰੇਗੀ ਬਲਕਿ ਜਿਹੜੀਆਂ ਪਬਲਿਕ ਪਲੇਸਿਜ਼ ਤੇ ਐਨਕਰੋਚਮੈਂਟਸ ਹਨ, ਉਨ੍ਹਾਂ ਨੂੰ ਦੂਰ ਕਰ ਦੇਵੇਗੀ।

ਸ੍ਰੀ ਸਪੀਕਰ: ਤਿੰਨ ਸ਼ਹਿਰਾਂ ਦੀ ਗੱਲ ਕਰਦੇ ਹੋ ਨਾ ?

ਮੰਤਰੀ: ਹਾਂ ਜੀ, ਤਿੰਨਾਂ ਹੀ ਸ਼ਹਿਰਾਂ ਵਿਚ ਕੋਸ਼ਿਸ਼ ਕਰਾਂਗੇ ਕਿ ਜਿਹੜੀਆਂ ਜਗ੍ਹਾ ਤੇ ਨਜਾਇਜ਼ ਕਬਜ਼ ਹਨ, ਉਹ ਖਾਲੀ ਹੋਣ। ਲੇਕਿਨ ਸਰਕਾਰ ਇਹ ਜ਼ਰੂਰ ਵੇਖੇਗੀ ਕਿ ਜਿਹੜੇ

ਬਹੁਤ ਦੇਰ ਤੋਂ ਕਿਸੇ ਜਗ੍ਹਾਂ ਤੇ ਬੈਠੇ ਹਨ, ਉਨ੍ਹਾਂ ਦੇ ਵਸਣ ਲਈ ਕੋਈ ਜਗ੍ਹਾ ਉਨ੍ਹਾਂ ਨੂੰ ਮਿਲ ਸਕੇ ਤਾਂ ਕਿ ਪਬਲਿਕ ਵਿਚ ਕੋਈ ਹਾਹਾਕਾਰ ਨਾ ਪੈਦਾ ਹੋਵੇ। ਲੇਕਿਨ ਫਿਰ ਵੀ ਜਿਹੜੀ ਜਗ੍ਹਾ ਖਾਲੀ ਕਰਾਉਣੀ ਜ਼ਰੂਰੀ ਹੋਈ, ਉਹ ਖਾਲੀ ਕਰਵਾਵਾਂਗੇ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਵਿੱਤ ਮੰਤਰੀ ਸਾਹਿਬ ਵਿਚ ਕੰਮ ਕਰਨ ਦੀ ਬੜੀ ਹੀ ਸਪਿਰਟ ਹੈ ਔਰ ਇਹ ਜ਼ਰੂਰ ਕੋਸ਼ਿਸ਼ ਕਰਨਗੇ। ਸਪੀਕਰ ਸਾਹਿਬ, ਗਰੀਵੈਂਸਿਜ਼ ਕਮੇਟੀ ਦੀ ਵੀ ਮੇਰੀ ਇਤਲਾਹ ਹੈ ਕਿ ਕਈਆਂ ਦੇ ਕੋਰਟਾਂ ਵਿਚ ਕੇਸ ਵੀ ਚਲਦੇ ਹਨ ਔਰ ਬਹੁਤ ਸਾਰੀਆਂ ਸਰਕਾਰੀ ਫਾਈਲਾਂ ਹੀ ਚੋਰੀ ਹੋ ਗਈਆਂ ਹਨ। ਕੀ ਫਾਇਨਾਂਸ ਮਨਿਸਟਰ ਸਾਹਿਬ ਕਿਸੇ ਇਮਾਨਦਾਰ ਅਫਸਰ ਨੂੰ, ਕਿਸੇ ਇਨਟੈਗਰਿਟੀ ਵਾਲੇ ਅਫਸਰ ਨੂੰ ਭੇਜ ਕੇ ਇਹ ਪੜਤਾਲ ਕਰਾਉਣਗੇ ਕਿ ਜਿਹੜੀਆਂ ਫਾਈਲਾਂ ਗੁੰਮ ਹੋਈਆਂ ਹਨ, ਉਨ੍ਹਾਂ ਵਾਸਤੇ ਕਿਹੜੇ ਮੁਲਾਜ਼ਮ ਜ਼ਿਮੇਵਾਰ ਹਨ ਔਰ ਕੀ ਉਨ੍ਹਾਂ ਮੁਲਾਜ਼ਮਾਂ ਦੇ ਵਿਰੁਧ ਸਰਕਾਰ ਕਾਰਵਾਈ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਖਾਸ ਸਮੱਸਿਆ ਵੱਲ ਧਿਆਨ ਦਿਵਾ-ਇਆ ਹੈ। ਅਸੀਂ ਇਸ ਸਬੰਧ ਵਿਚ ਜ਼ਿਮੇਦਾਰ ਇਕ ਅਫਸਰ ਦਾ ਨਹੀਂ ਬਲਕਿ ਕੁਝ ਅਫਸਰਾਂ ਦਾ ਸੈਲ ਬਣਾਵਾਂਗੇ ਔਰ ਉਸ ਦੀ ਪੜਤਾਲ ਕਰਨ ਦੀ ਡਿਊਟੀ ਲਗਾਵਾਂਗੇ ਤਾਕਿ ਠੀਕ ਪੜਤਾਲ ਹੋ ਸਕੇ। ਅਗਰ ਕਿਸੇ ਅਫਸਰ ਦੀ ਅਣਗਹਿਲੀ ਨਾਲ ਇਹ ਕੰਮ ਹੋਇਆ ਹੋਇਆ ਤਾਂ ਜਿਹੜਾ ਵੀ ਜ਼ਿਮੇਵਾਰ ਹੋਵੇਗਾ, ਉਸ ਨੂੰ ਜ਼ਰੂਰ ਸਜ਼ਾ ਦੇਵਾਂਗੇ।

ਸ੍ਰੀ ਰਾਮ ਲਾਲ ਚਿੱਟੀ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਯਕੀਨ ਦਿਵਾ-ਇਆ ਹੈ ਕਿ ਲੋਕਾਂ ਪਾਸ ਨਜਾਇਜ਼ ਕਬਜ਼ੇ ਵਿਚ ਜਿਹੜੀ ਜ਼ਮੀਨ ਹੈ, ਉਸ ਨੂੰ ਛੁੜ-ਵਾਇਆ ਜਾਵੇਗਾ। ਸਪੀਕਰ ਸਾਹਿਬ, ਇਹ ਵੀ ਹੁੰਦਾ ਹੈ ਕਿ ਜਿਹੜੇ ਪਬਲਿਕ ਪਾਰਕ ਹਨ, ਉਨ੍ਹਾਂ ਨੂੰ ਲੀਜ਼ ਤੇ ਦਿੱਤਾ ਜਾਂਦਾ ਹੈ ਔਰ ਬਾਅਦ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਤਰ੍ਹਾਂ ਨਾਲ ਅੱਗੇ ਤੋਂ ਪਬਲਿਕ ਪਾਰਕਾਂ ਨੂੰ ਲੀਜ਼ ਤੇ ਨਹੀਂ ਦੇਵੇਗੀ, ਔਰ ਜਿਹੜੇ ਦਿੱਤੇ ਹੋਏ ਹਨ, ਉਨ੍ਹਾਂ ਨੂੰ ਛੁੜਾਉਣ ਦਾ ਯਤਨ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜੀ ਸਮੱਸਿਆ ਵੱਲ ਧਿਆਨ ਦਿਵਾਇਆ ਹੈ, ਸਰਕਾਰ ਉਸ ਵੱਲ ਜ਼ਰੂਰ ਧਿਆਨ ਦੇਵੇਗੀ।

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਸ਼ਹਿਰ ਦੇ ਬਾਹਰ ਵਾਰ ਕੁਝ ਸਕੀਮਾਂ ਹਨ, ਕੁਝ ਕਾਰਪੋਰਸ਼ਨ ਦੀਆਂ ਹਨ। ਮੇਰੇ ਹਲਕੇ ਅੰਮ੍ਰਿਤਸਰ ਵਿਚ ਹਨ ਔਰ ਪ੍ਰੋਫੈਸਰ ਦਰਬਾਰੀ ਲਾਲ ਜੀ ਦੇ ਹਲਕੇ ਵਿਚ ਵੀ ਹਨ ਔਰ ਕੁਝ ਤੁਹਾਡੇ ਹਲਕੇ ਵਿਚ ਵੀ ਹੋਣਗੀਆਂ। ਉਥੇ ਸਕੂਲ ਬਹੁਤ ਹਨ ਪਰ ਬੱਚਿਆਂ ਦੇ ਖੇਡਣ ਲਈ ਉਥੇ ਗਰਾਊਂਡ ਨਹੀਂ ਹਨ। ਕੀ ਸਰਕਾਰ ਜਿੱਥੇ ਜਗ੍ਹਾ ਬੱਚਿਆਂ ਦੇ ਖੇਡਣ ਵਾਸਤੇ ਮਿਲ ਸਕਦੀ ਹੋਵੇ, ਲੈ ਕੇ ਗਰਾਊਂਡ ਬਣਾ ਕੇ ਦੇਵੇਗੀ ਤਾਕਿ ਬੱਚੇ ਉਥੇ ਖੇਡ ਸਕਣ ?

ਮੰਤਰੀ : ਇਸ ਪਰਪੋਜ਼ਲ ਤੇ ਵਿਚਾਰ ਕਰ ਲਿਆ ਜਾਵੇਗਾ ਜੀ।

ਸ੍ਰੀ ਗੁਰਦਿਆਲ ਸਿੰਘ ਸੈਣੀ: ਸਪੀਕਰ ਸਾਹਿਬ, ਮਿਊਂਸਪਲ ਕਮੇਟੀਆਂ ਜਾਂ ਮਿਊਂਸਪਲ ਕਾਰਪੋਰੇਸ਼ਨ ਦੇ ਪਾਸ ਬਹੁਤ ਸਾਰੇ ਕੰਮ ਹਨ, ਉਨ੍ਹਾਂ ਪਾਸ ਤਾਕਤਾਂ ਵੀ ਬਹੁਤ ਸਾਰੀਆਂ ਹਨ, ਪਰ ਉਨ੍ਹਾਂ ਪਾਸ ਫੰਡਜ਼ ਨਹੀਂ ਹਨ, ਜਿਸ ਕਰਕੇ ਉਹ ਡਿਵੈਲਪਮੈਂਟ ਦੇ ਕੰਮ ਨਹੀਂ ਕਰ ਸਕਦੀਆਂ। ਮਿਊਂਸਪਲ ਕਾਰਪੋਰੇਸ਼ਨ, ਜਲੰਧਰ ਨੂੰ 31 ਲੱਖ ਰੁਪਿਆ ਘਾਟਾ ਟਰਾਂਸਪੋਰਟ ਦਾ ਪਿਆ ਹੈ। ਟਰਾਂਸਪੋਰਟ ਜ਼ਰੂਰੀ ਵੀ ਹੈ ਲੇਕਿਨ ਉਸ ਪਾਸ ਆਮਦਨ ਵਾਸਤੇ ਕੋਈ ਖਾਸ ਜ਼ਰੀਆ ਨਹੀਂ ਹੈ। ਇਸ ਲਈ ਸਲੱਮ ਕਲੀਅਰੈਂਸ ਦੀਆਂ ਸਕੀਮਾਂ ਤੇ ਅਮਲ ਨਹੀਂ ਹੋ ਰਿਹਾ। ਇਸ ਲਈ ਪੰਜਾਬ ਸਰਕਾਰ ਐਸਿਆਂ ਸ਼ਹਿਰਾਂ ਨੂੰ ਪੈਸੇ ਦੇਵੇ ਤਾਕਿ ਡਿਵੈਲਪਮੈਂਟ ਹੋ ਸਕੇ। ਬਾਕੀ, ਸਪੀਕਰ ਸਾਹਿਬ, ਜਿਹੜੇ ਲੋਕ 30-30 ਸਾਲਾਂ ਤੋਂ ਕਿਸੇ ਜਗ੍ਹਾ ਤੇ ਬੈਠੇ ਹਨ, ਉਨ੍ਹਾਂ ਨੂੰ ਉਥੋਂ ਉਜਾੜਨ ਲੱਗਿਆਂ ਉਨ੍ਹਾਂ ਦਾ ਖਿਆਲ ਰੱਖਿਆ ਜਾਵੇ ਔਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਲੋਕਾਂ ਨੂੰ ਜਿਹੜੀ ਬੜੀ ਦੇਰ ਤੋਂ ਕਿਸੇ ਜਗ੍ਹਾ ਤੇ ਬੈਠੇ ਹਨ, ਉਨ੍ਹਾਂ ਨੂੰ ਹੋਰ ਥਾਂ ਵਸਾਉਣ ਲਈ ਸਰਕਾਰ ਯਤਨ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪਹਿਲੀ ਦਫ਼ਾ ਸ਼ਹਿਰਾਂ ਦੀ ਸਲੱਮ ਕਲੀਅਰੈਂਸ ਵਲ ਧਿਆਨ ਦਿਤਾ ਹੈ ਔਰ ਇਸ ਵਾਸਤੇ ਕੋਈ 35 ਲੱਖ ਰੁਪਿਆ ਛੋਟੀਆਂ ਔਰ ਦਰਮਿਆਨੀ ਮਿਊਂਸਪਲ ਕਮੇਟੀਆਂ ਵਾਸਤੇ ਰਖਿਆ ਹੈ। ਇਸ ਕਰਕੇ ਇਹ ਰੁਪਿਆ ਰਖਿਆ ਹੈ ਕਿ ਜਿਹੜੀਆਂ ਗਰੀਬ ਆਦਮੀਆਂ ਦੀਆਂ ਬਸਤੀਆਂ ਹਨ ਉਥੇ ਇਹ ਪਾਰਕ ਬਣਾਏ ਜਾਣ। ਦੂਜਾ ਜਿਹੜਾ ਇਨ੍ਹਾਂ ਨੇ ਐਨਕਰੋਚਮੈਂਟ ਦੇ ਬਾਰੇ ਕਿਹਾ ਹੈ, ਇਸ ਵਾਸਤੇ ਤਾਂ ਇਹ ਹੋ ਸਕਦਾ ਹੈ ਕਿ ਜਿਹੜੇ 12 ਸਾਲਾਂ ਦੇ ਬੈਠੇ ਹਨ ਉਨ੍ਹਾਂ ਨੂੰ ਤਾਂ ਕਿਤੇ ਐਡਜਸਟ ਕਰਨ ਦੀ ਕੋਸ਼ਿਸ ਕੀਤੀ ਜਾਵੇਗੀ ਔਰ ਬਾਕੀ ਐਨਕਰੋਚਮੈਂਟ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਰਦਾਰ ਬਸੰਤ ਸਿੰਘ ਖਾਲਸਾ : ਲੁਧਿਆਣਾ ਸ਼ਹਿਰ ਦੇ ਨਾਲ ਜਿਹੜੇ 10-12 ਸਾਲ ਪਹਿਲੇ ਪਿੰਡ ਹੁੰਦੇ ਸਨ, ਉਹ ਹੁਣ ਸ਼ਹਿਰ ਬਣੇ ਹੋਏ ਹਨ। ਉਥੇ ਪਹਿਲੇ ਜਿਹੜੀ ਜਗ੍ਹਾ ਤੇ ਪਾਰਕ ਬਣਨੇ ਸਨ, ਉਥੇ ਹੁਣ ਵਡੀਆਂ ਵਡੀਆਂ ਬਿਲਡਿੰਗਾਂ ਬਣ ਗਈਆਂ ਹਨ। ਬਿਲਡਿੰਗਾਂ ਦਾ ਨਕਸ਼ਾ ਵੀ ਪਾਸ ਹੋ ਚੁੱਕਾ ਹੈ। ਹੁਣ ਉਨ੍ਹਾਂ ਬਿਲਡਿੰਗਾਂ ਦੇ ਮਾਲਕਾਂ ਨੂੰ ਮਿਊਂਸਪਲ ਕਮੇਟੀ ਵਲੋਂ ਨੋਟਿਸ ਜਾ ਰਹੇ ਹਨ ਕਿ ਇਹ ਜਗ੍ਹਾ ਤਾਂ ਪਾਰਕ ਵਾਸਤੇ ਰਖੀ ਗਈ ਸੀ। ਕੀ ਵਜ਼ੀਰ ਸਾਹਿਬ ਉਨ੍ਹਾਂ ਨੂੰ ਕੁਝ ਰਾਹਤ ਦਿਵਾਉਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਖਾਲਸਾ ਜੀ ਨੇ ਜਿਹੜੀ ਗਲ ਵਲ ਧਿਆਨ ਦਿਵਾਇਆ ਹੈ ਉਸ ਤੇ ਵਿਚਾਰ ਕੀਤਾ ਜਾਵੇਗਾ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਜਲੰਧਰ, ਲੁਧਿਆਣਾ ਔਰ ਅੰਮ੍ਰਿਤਸਰ ਜਦੋਂ ਕਾਰਪੋਰੇਸ਼ਨਾਂ ਬਣਾਈਆਂ ਗਈਆਂ ਸਨ ਤਾਂ ਇਨ੍ਹਾਂ ਦੀਆਂ ਹੱਦਾਂ ਦੇ ਨਾਲ 20-30 ਪਿੰਡ ਲਗਾਏ ਗਏ ਸਨ। ਕੀ ਵਜ਼ੀਰ ਸਾਹਿਬ ਉਨ੍ਹਾਂ ਪਿੰਡਾਂ ਵਿਚ ਵੀ ਉਹ ਤਮਾਮ ਸਹੂਲਤਾਂ ਦੇਣ ਲਈ ਤਿਆਰ ਹਨ ਜਿਹੜੀਆਂ ਕਿ ਕਾਰਪੋਰੇਸ਼ਨ ਵਲੋਂ ਸ਼ਹਿਰ ਨੂੰ ਦਿੱਤੀਆਂ ਜਾ ਰਹੀਆਂ ਹਨ ?

ਮੰਤਰੀ : ਜਿਹੜੇ ਪਿੰਡ ਇਨ੍ਹਾਂ ਕਾਰਪੋਰੇਸ਼ਨਾਂ ਦੀਆਂ ਹੱਦਾਂ ਵਿਚ ਸ਼ਾਮਲ ਕੀਤੇ ਗਏ ਹਨ, ਉਨ੍ਹਾਂ ਵਿਚ ਇਹ ਸਹੂਲਤਾਂ ਦੇਣ ਲਈ ਕਹਿ ਦਿੱਤਾ ਗਿਆ ਹੈ। ਜਲਦੀ ਤੋਂ ਜਲਦੀ ਯਤਨ ਕਰਾਂਗੇ ਕਿ ਉਨ੍ਹਾਂ ਪਿੰਡਾਂ ਨੂੰ ਸਹੂਲਤਾਂ ਮਿਲ ਸਕਣ।

———

SEWERAGE SCHEME OF MUNICIPAL COMMITTEE, MAJITHA

***646. Sardar Parkash Singh Majitha** : Will the Minister for Finance be pleased to state :—

(a) whether it is a fact that a sewerage scheme was approved by the Municipal Committee, Majitha in the year 1961 ;

(b) if the reply to part (a) above be in the affirmative whether the said scheme has since been implemented ; if not, the time by which it is likly to be implemented ?

Doctor Kewal Krishan : (a) Yes, Sir.

(b) No Sir. The scheme has been partially implemented for want of funds. The completion of the scheme depends on availability of funds from the Committee.

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 19-20 ਸਾਲ ਪਹਿਲੇ ਮਿਉਂਸਪਲ ਕਮੇਟੀ ਨੂੰ ਸੁਪਰਸੀਡ ਕੀਤਾ ਗਿਆ ਸੀ, ਜਿਸ ਵੇਲੇ ਮੈਂ ਉਥੇ ਪ੍ਰੈਜ਼ੀਡੈਂਟ ਸੀ । ਉਸ ਵੇਲੇ ਸਰਕਾਰ ਨੇ ਸਾਢੇ 5 ਲੱਖ ਰੁਪਿਆ ਗਰਾਂਟ ਦਾ ਸੀਵਰੇਜ ਵਾਸਤੇ ਦਿੱਤਾ ਸੀ । ਉਸ ਵਿਚੋਂ ਕੁਝ ਰੁਪਿਆ ਤਾਂ ਖਰਚ ਹੋ ਗਿਆ ਸੀ ਪਰ ਬਕਾਇਆ ਰਕਮ ਬਾਅਦ ਵਿਚ ਸੀਵਰੇਜ ਬੋਰਡ ਬਣਿਆ ਤਾਂ ਉਸ ਨੂੰ ਦੇ ਦਿੱਤੀ ਗਈ । ਉਹ ਸਾਰਾ ਰੁਪਿਆ ਇਸ ਸਕੀਮ ਤੇ ਲਗਾ ਨਹੀਂ । ਅੱਜ ਤਕ ਤਕਰੀਬਨ ਪੌਣੇ 2 ਲੱਖ ਰੁਪਿਆ ਪਿਆ ਹੈ । ਉਥੋਂ ਦੀ 'ਸੀ' ਕਲਾਸ ਮਿਉਂਸਪੈਲਟੀ ਹੈ, ਕੀ ਇਹ ਉਸ ਮਿਉਂਸ-ਪੈਲਿਟੀ ਨੂੰ ਉਹ ਰੁਪਿਆ ਦਿਵਾ ਕੇ ਜਾਂ ਉਸ ਡਿਪਾਰਟਮੈਂਟ ਨੂੰ ਕਹਿ ਕੇ ਉਹ ਸਕੀਮ ਫਿਰ ਚਾਲੂ ਕਰਵਾਉਣਗੇ ਔਰ ਇਸ ਦੇ ਨਾਲ ਹੀ ਜਿਹੜਾ ਇੰਟਰੈਸਟ ਉਸ ਰੁਪਏ ਤੇ ਬਣਦਾ ਹੈ, ਉਹ ਵੀ ਉਥੇ ਖਰਚ ਕਰਵਾਉਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਕੀਮ 1961 ਵਿਚ ਅਪਰੂਵ ਕੀਤੀ ਗਈ ਸੀ ਔਰ ਕੋਈ 1964-65 ਤਕ ਇਸ ਸਕੀਮ ਤੇ ਕੰਮ ਹੋਇਆ । ਕੁਝ ਰੁਪਿਆ ਖਰਚ ਕੀਤਾ ਗਿਆ ਸੀ ਅਤੇ ਬਾਕੀ ਅੱਜੇ ਤਕ ਸੀਵਰੇਜ ਬੋਰਡ ਕੋਲ ਪਿਆ ਹੈ । ਇਕ ਲੱਖ ਕੁਝ ਹਜ਼ਾਰ ਰੁਪਿਆ ਖਰਚ ਕੀਤਾ ਗਿਆ ਸੀ । ਪਰ ਅਸਲ ਗਲ ਇਹ ਹੈ ਕਿ ਹੁਣ ਇਸ ਸਕੀਮ ਤੇ ਕੋਈ 18.17 ਲੱਖ ਰੁਪਿਆ ਖਰਚ ਹੋਣਾ ਹੈ । ਇਸ ਤੋਂ ਬਾਅਦ ਇਥੇ 1977-78, 1978-79 ਵਿਚ ਜਿਹੜੀ ਸਰਕਾਰ ਰਹੀ ਉਸ ਨੇ ਇਸ ਸਕੀਮ ਵਲ ਕੋਈ ਧਿਆਨ ਨਾ ਦਿੱਤਾ । ਹੁਣ ਇਹ ਸਰਕਾਰ ਕੋਲ ਜਿਹੜਾ ਰੁਪਿਆ ਪਿਆ ਹੈ ਜਾਂ ਤਾਂ ਉਹ ਵਾਪਸ ਕਰਾਏਗੀ ਜਾਂ ਸੀਵੇਰਜ ਡਿਪਾਰਟਮੈਂਟ ਨੂੰ ਕਹਿ ਕੇ ਇਹ ਸਕੀਮ ਸ਼ੁਰੂ ਕਰਾਵਾਂਗੇ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕੁਝ ਸਮਾਂ ਪਹਿਲਾਂ ਇਥੇ ਜਿਹੜੇ ਡਿਸਪੋਜ਼ਲ ਦੇ ਪੰਪ ਲਗਾਏ ਗਏ ਸਨ, ਉਨ੍ਹਾਂ ਦੇ ਰਾਹੀਂ ਸਾਰਾ ਗੰਦਾ ਪਾਣੀ ਡਰੇਨ ਵਿਚ ਸੁੱਟ ਦਿਤਾ ਜਾਂਦਾ ਸੀ । ਪਰ ਹੁਣ ਇਹ ਸਕੀਮ ਚਾਲੂ ਹੋਣ ਨਾਲ ਉਸ ਡਰੇਨ ਨੂੰ ਬੰਦ ਕਰ ਦਿੱਤਾ ਗਿਆ ਸੀ । ਕੀ ਮਨਿਸਟਰ ਸਾਹਿਬ ਉਸ ਸਿਸਟਮ ਨੂੰ ਜਿਹੜਾ ਪਹਿਲੇ ਚਾਲੂ

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਸੀ, ਉਸ ਨੂੰ ਮੁੜ ਚਾਲੂ ਕਰਾਉਣ ਦੀ ਕੋਸ਼ਿਸ਼ ਕਰਨਗੇ ? ਉਥੋਂ ਦੀ 'ਸੀ' ਕਲਾਸ ਦੀ ਮਿਉਂਸਪੈਲਿਟੀ ਹੈ ਔਰ ਉਨ੍ਹਾਂ ਕੋਲ ਕੋਈ ਹੋਰ ਸੋਰਸ ਵੀ ਨਹੀਂ ਹਨ। ਜੋ ਜਿਸ ਤਰ੍ਹਾਂ ਪਹਿਲੇ ਇਕ ਰੂਰਲ ਡਿਵੈਲਪਮੈਂਟ ਸਕੀਮ ਬਣੀ ਸੀ ਕਿ ਇਨ੍ਹਾਂ ਛੋਟੇ ਕਸਬਿਆਂ ਨੂੰ ਡਿਵੈਲਪ ਕਰਨ ਵਾਸਤੇ ਸਰਕਾਰ ਉਚੇਚਾ ਧਿਆਨ ਦੇਵੇਗੀ, ਕੀ ਉਸੇ ਤਰ੍ਹਾਂ ਇਹ ਉਸ ਕਸਬੇ ਨੂੰ ਹੋਰ ਡਿਵੈਲਪ ਕਰਨ ਦੀ ਕੋਸ਼ਿਸ਼ ਕਰਨਗ ?

ਮੰਤਰੀ : ਜਿੰਨਾ ਪੈਸਾ ਇਸ ਲਈ ਸੀਵਰੇਜ ਬੋਰਡ ਕੋਲ ਬਕਾਇਆ ਹੈ, ਉਹ ਫੌਰਨ ਖਰਚ ਕਰਕੇ ਜਿਹੜਾ ਗੰਦਾ ਪਾਣੀ ਪਹਿਲੇ ਜਿਹੜੇ ਗੰਦੇ ਨਾਲੇ ਵਿਚ ਪੈਂਦਾ ਸੀ, ਉਥੇ ਪਾਇਆ ਜਾਵੇਗਾ। ਬਾਕੀ ਡਿਵੈਲਪਮੈਂਟ ਕਰਨ ਵਾਸਤੇ 100% ਰੁਪਿਆ ਤਾਂ ਸਟੇਟ ਗੌਰਮਿੰਟ ਖਰਚ ਨਹੀਂ ਕਰ ਸਕਦੀ, ਇਸ ਲਈ ਇਹ ਵਖਾਂਗੇ ਕਿ ਐਲ. ਆਈ. ਸੀ. ਤੋਂ ਕਿੰਨਾ ਕਰਜ਼ਾ ਮਿਲਦਾ ਹੈ ਔਰ ਉਸ ਮੁਤਾਬਿਕ ਆਉਣ ਵਾਲੇ 4 ਸਾਲਾਂ ਵਿਚ ਪੰਜਾਬ ਦੇ 50% ਕਸਬਿਆਂ ਵਿਚ ਡਿਵੈਲਪਮੈਂਟ ਕੀਤੀ ਜਾਵੇਗੀ।

ਸਰਦਾਰ ਲੱਖਾ ਸਿੰਘ : ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਪਿੰਡ ਸੁਲਤਾਨ ਵਿੰਡ ਵਿਚ ਜਨਤਾ ਰਾਜ ਦੇ ਸਮੇਂ ਜਿਹੜੇ ਮਾੜੇ ਜ਼ਿਮੀਂਦਾਰ ਸਨ, ਉਨ੍ਹਾਂ ਦੀਆਂ ਜ਼ਮੀਨਾਂ ਤੇ ਤਾਂ ਕਬਜ਼ਾ ਕਰ ਲਿਆ ਸੀ ਪਰ ਜਿਹੜੇ ਤਕੜੇ ਜ਼ਿਮੀਦਾਰ ਸਨ, ਉਨ੍ਹਾਂ ਨੂੰ ਛੱਡ ਦਿੱਤਾ ਗਿਆ ਸੀ। ਕੀ ਮਨਿਸਟਰ ਸਾਹਿਬ ਉਨ੍ਹਾਂ ਨੂੰ ਉਹ ਜ਼ਮੀਨਾਂ ਵਾਪਸ ਕਰਾਉਣਗੇ ?

ਮੰਤਰੀ : ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ ਉਸ ਦਾਂ ਇਸ ਨਾਲ ਕੋਈ ਸਬੰਧ ਨਹੀਂ ਹੈ। ਇਹ ਵਖਰਾ ਨੋਟਿਸ ਦੇ ਦੇਣ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਇਹ ਜਿਹੜੀ ਕਾਰਪੋਰੇਸ਼ਨ ਬਣੀ ਹੈ, ਉਸ ਦਾ ਜਿੰਨਾ ਵਾਟਰ ਰੇਟ ਹੈ ਉਤਨਾ ਹੀ ਸੀਵਰੇਜ ਟੈਕਸ ਲਾ ਦਿੱਤਾ ਗਿਆ ਹੈ। ਮਿਸਾਲ ਦੇ ਤੌਰ ਤੇ ਅਗਰ 50 ਰੁਪਏ ਮਹੀਨਾ ਵਾਟਰ ਟੈਕਸ ਹੈ ਤਾਂ 50 ਰੁਪਏ ਹੀ ਸੀਵਰੇਜ ਟੈਕਸ ਦੇਣਾ ਪੈਂਦਾ ਹੈ। ਕੀ ਮਨਿਸਟਰ ਸਾਹਿਬ, ਉਥੋਂ ਦੇ ਲੋਕਾਂ ਨੂੰ ਇਸ ਤੋਂ ਕੁਝ ਰਾਹਤ ਦੇਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸੀਵਰੇਜ ਦੇ ਕੁਨੈਕਸ਼ਨ ਕਈ ਗਰੀਬ ਲੋਕਾਂ ਨੇ ਇਕ ਇਕ ਲਿਆ ਹੋਇਆ ਹੈ ਅਤੇ ਇਸ ਤੋਂ ਉਪਰ ਜਿਨ੍ਹਾਂ ਦੀ ਆਮਦਨੀ 3,600 ਰੁਪਏ ਤੋਂ ਜ਼ਿਆਦਾ ਹੈ ਉਨ੍ਹਾਂ ਨੇ ਕੁਨੈਕਸ਼ਨ ਲਏ ਹਨ। ਉਨ੍ਹਾਂ ਨੂੰ ਸਰਕਾਰ ਰਿਆਇਤ ਦੇ ਰਹੀ ਹੈ ਪਰ ਵੱਡੇ ਅਮੀਰ ਲੋਕਾਂ ਨੂੰ ਨਹੀਂ ਦੇ ਸਕਦੀ।

ਸ਼੍ਰੀ ਚਮਨ ਲਾਲ : ਸਪੀਕਰ ਸਾਹਿਬ, ਜਦੋਂ 1957 ਵਿਚ ਮੈਂ ਆਪਣੇ ਇਲਾਕੇ ਦੀ ਮਿਉਂਸਪਲ ਕਮੇਟੀ ਦਾ ਪ੍ਰੈਜ਼ੀਡੈਂਟ ਸੀ ਉਸ ਸਮੇਂ ਮੈਂ ਇਕ ਪਾਰਕ ਮੁਲ ਲਿਆ ਸੀ ਅਤੇ ਪਾਰਕ ਬਣਾਇਆ ਸੀ, ਪਰ ਉਥੇ ਹੁਣ ਜਿਹੜਾ ਪ੍ਰੈਜ਼ੀਡੈਂਟ ਮਿਉਂਸਪਲ ਕਮੇਟੀ ਦਾ ਹੈ, ਉਹ ਉਸ ਪਾਰਕ ਦੀ ਮਿੱਟੀ ਨੂੰ ਪੁਟਾ ਕੇ 25 ਰੁਪਏ ਟਰੱਕ ਵੇਚ ਰਿਹਾ ਹੈ ਅਤੇ ਪਾਰਕ ਨੂੰ ਉਜਾੜ ਰਿਹਾ ਹੈ। ਕੀ ਸਰਕਾਰ ਉਸ ਪਾਰਕ ਨੂੰ ਬਚਾਉਣ ਦਾ ਯਤਨ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ, ਅਸੀਂ ਜ਼ਰੂਰ ਐਕਸ਼ਨ ਲਵਾਂਗੇ ।

ਸਰਦਾਰ ਸ਼ਮਸ਼ੇਰ ਸਿੰਘ: ਸਪੀਕਰ ਸਾਹਿਬ, ਜਦੋਂ ਦਾ ਸੀਵਰੇਜ ਦਾ ਕੰਮ ਸੀਵਰੇਜ ਬੋਰਡ ਕੋਲ ਆਇਆ ਹੈ ਉਦੋਂ ਤੋਂ ਕਾਫੀ ਇਸ ਵਿਚ ਊਣਤਾਈਆਂ ਆਈਆਂ ਹਨ । ਤਕਰੀਬਨ ਸਵਾ ਸਾਲ ਹੋ ਗਿਆ ਹੈ ਖੰਨਾ ਮਿਉਂਸਪਲ ਕਮੇਟੀ ਨੇ 3 ਲੱਖ ਦੇ ਕਰੀਬ ਰੁਪਿਆ ਸੀਵਰੇਜ ਦੇ ਲਈ ਜਮ੍ਹਾਂ ਕਰਵਾਇਆ ਹੋਇਆ ਹੈ ਪਰ ਹਾਲੇ ਤੱਕ ਉਥੇ ਸੀਵਰੇਜ ਦਾ ਕੰਮ ਸ਼ੁਰੂ ਨਹੀਂ ਹੋਇਆ ਜਦ ਕਿ ਪਹਿਲੇ ਮਿਉਂਸਪਲ ਕਮੇਟੀ ਵਾਲੇ ਉਥੇ ਜਲਦੀ ਸੀਵਰੇਜ ਦਾ ਕੰਮ ਕਰ ਲੈਂਦੇ ਸਨ । ਕੀ ਸਰਕਾਰ ਇਸ ਕੰਮ ਨੂੰ ਜਲਦੀ ਕਰਵਾਏਗੀ ਅਤੇ ਕਦੋਂ ਤੱਕ ਕਰਵਾ ਦੇਵੇਗੀ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਖੰਨੇ ਬਾਰੇ ਧਿਆਨ ਦਿਵਾਇਆ ਹੈ ਅਸੀਂ ਇਸ ਦੀ ਪੜਤਾਲ ਕਰਵਾ ਲਵਾਂਗੇ ਕਿ ਕਿਉਂ ਉਥੇ ਦੇਰ ਹੋ ਰਹੀ ਹੈ ।

ਕਾਮਰੇਡ ਸੋਹਣ ਸਿੰਘ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦਾ ਧਿਆਨ ਵੇਰਕਾ ਹਲਕੇ ਦੇ ਕੁਝ ਹਿੱਸੇ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਹੜਾ ਮਿਉਂਸਪਲ ਕਾਰਪੋਰੇਸ਼ਨ ਅਧੀਨ ਆ ਗਿਆ ਹੋਇਆ ਹੈ । ਇਹ ਪਿੰਡ ਵੱਡਾ ਤੁੰਗ, ਮਸਤਾਬਾਦ ਦੇ ਨਾਲ ਲਗਦੇ ਏਰੀਆ ਵਿਚ ਹੈ, ਕੀ ਉਥੇ ਸੀਵਰੇਜ ਦੇ ਕੁਨੈਕਸ਼ਨ ਦੇਣ ਬਾਰੇ ਯਕੀਨ ਦਿਵਾਉਣਗੇ ਅਤੇ ਕੀ ਉਥੇ ਗਲੀਆਂ ਅਤੇ ਸੜਕਾਂ ਨੂੰ ਖੁਲ੍ਹਾ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਜਿਸ ਏਰੀਆ ਦਾ ਨਾਂ ਲਿਆ ਹੈ ਉਥੋਂ ਦੀਆਂ ਗਲੀਆਂ ਅਤੇ ਸੜਕਾਂ ਨੂੰ ਖੁਲ੍ਹਾ ਕਰਨ ਦੇ ਯਤਨ ਕਰਾਂਗੇ ।

ਸ੍ਰੀ ਸੇਵਾ ਰਾਮ: ਸਪੀਕਰ ਸਾਹਿਬ, ਅੰਮ੍ਰਿਤਸਰ ਮਿਉਂਸਪਲ ਕਾਰਪੋਰੇਸ਼ਨ ਦੇ ਅਧੀਨ ਜਿਹੜੇ ਪਿੰਡ ਸ਼ਾਮਲ ਹੋਏ ਹਨ, ਉਨ੍ਹਾਂ ਪਿੰਡਾਂ ਕੋਲੋਂ ਡਿਵੈਲਪਮੈਂਟ ਚਾਰਜਿਜ਼ ਲਾਏ ਜਾ ਰਹੇ ਹਨ ਔਰ ਉਨ੍ਹਾਂ ਦੇ ਨਾਲ ਵਿਤਕਰਾ ਹੋ ਰਿਹਾ ਹੈ । ਇਕ ਉਨ੍ਹਾਂ ਦੀਆਂ ਜ਼ਮੀਨਾਂ ਕਾਰਪੋਰੇਸ਼ਨ ਦੇ ਅਧੀਨ ਆ ਗਈਆਂ ਹਨ, ਦੂਜੇ ਉਨ੍ਹਾਂ ਕੋਲੋਂ ਡਿਵੈਲਪਮੈਂਟ ਚਾਰਜਿਜ਼ ਵਸੂਲ ਕੀਤੇ ਜਾ ਰਹੇ ਹਨ । ਕੀ ਉਨ੍ਹਾਂ ਕੋਲੋਂ ਡਿਵੈਲਪਮੈਂਟ ਚਾਰਜਿਜ਼ ਲੈਣਾ ਬੰਦ ਕਰਨਗੇ ?

ਮੰਤਰੀ: ਜਿਥੇ ਨਵੀਆਂ ਕੋਲੋਨੀਜ਼ ਬਣਾਈਆਂ ਜਾਂਦੀਆਂ ਹਨ ਜਾਂ ਜਿਥੇ ਇੰਪਰੂਵਮੈਂਟ ਕੀਤੀ ਜਾਂਦੀ ਹੈ, ਜਿਹੜੇ ਪਿੰਡ ਕਾਰਪੋਰੇਸ਼ਨ ਵਿਚ ਆਉਂਦੇ ਹਨ ਉਥੋਂ ਡਿਵੈਲਪਮੈਂਟ ਚਾਰਜਿਜ਼ ਨਹੀਂ ਲਏ ਜਾਂਦੇ ਪਰ ਜਿਥੇ ਨਵੀਆਂ ਸੜਕਾਂ ਬਣਾਉਂਦੇ ਹਾਂ ਉਥੇ ਇਹ ਚਾਰਜਿਜ਼ ਵਸੂਲ ਕੀਤੇ ਜਾਂਦੇ ਹਨ ।

ਸ੍ਰੀ ਸੁਰਿੰਦਰ ਕਪੂਰ: ਸਪੀਕਰ ਸਾਹਿਬ, ਬਠਿੰਡੇ ਵਿਚ ਸੀਵਰੇਜ ਦਾ ਕੰਮ ਚਲ ਰਿਹਾ ਹੈ, ਉਥੇ 1978-79 ਵਿਚ ਬੜੀ ਘਪਲੇਬਾਜ਼ੀ ਹੋਈ ਸੀ ਔਰ ਇਸ ਦੀ ਇਨਕੁਆਇਰੀ ਕਰਵਾਉਣ ਲਈ ਡਿਪਾਰਟਮੈਂਟ ਨੂੰ ਵੀ ਲਿਖਿਆ ਸੀ, ਪਰ ਹਾਲੇ ਤੱਕ ਕੁਝ ਨਹੀਂ ਹੋਇਆ । ਕੀ ਵਜ਼ੀਰ ਸਾਹਿਬ ਇਸ ਦੀ ਇਨਕੁਆਇਰੀ ਕਰਵਾਉਣਗੇ ? ਦੂਜਾ ਪਰਸਰਾਮ ਨਗਰ ਵਿਚ ਇਹ ਕੰਮ ਠੀਕ ਨਹੀਂ ਹੋ ਰਿਹਾ, ਕੀ ਉਥੇ ਠੀਕ ਢੰਗ ਨਾਲ ਕੰਮ ਕਰਵਾਉਣ ਦੀਆਂ ਹਦਾਇਤਾਂ ਜਾਰੀ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਸੁਰਿੰਦਰ ਜੀ ਨੂੰ ਬਠਿੰਡੇ ਦੇ ਨਾਲ ਬੜੀ ਹਮਦਰਦੀ ਹੈ । ਅਸੀਂ ਉਥੇ ਸੀਵਰੇਜ ਦਾ ਕੰਮ ਠੀਕ ਕਰਵਾਵਾਂਗੇ ।

ELECTIONS TO THE PANCHAYAT SAMITIS IN THE STATE

*347. **Master Dalip Chand**: Will the Minister for Development be pleased to state:—

(a) whether the Government propose to complete elections to the Panchayat Samitis in the State up to March, 1981,

(b) whether the Government propose to give more powers to the Panchayats in the State; if so, by what time?

ਸਰਦਾਰ ਸੰਤੋਖ ਸਿੰਘ ਰੰਧਾਵਾ: (ੳ) ਰਾਜ ਵਿਚ ਪੰਚਾਇਤ ਸੰਮਿਤੀਆਂ ਦੀਆਂ ਚੋਣਾਂ ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਵਲੋਂ ਦਿਤੇ ਸੁਝਾਓ ਅਨੁਸਾਰ, ਮਰਦਮਸ਼ੁਮਾਰੀ ਦਾ ਕੰਮ ਪੂਰਾ ਹੋਣ ਤਕ ਅਗੇ ਪਾ ਦਿਤੀਆਂ ਗਈਆਂ ਹਨ । ਚੋਣ ਲਈ ਪ੍ਰੋਗਰਾਮ ਤੇ ਮਾਰਚ, 1981 ਪਿਛੋਂ ਵਿਚਾਰ ਕੀਤੀ ਜਾਵੇਗੀ ।

(ਅ) ਨਹੀਂ ਜੀ ।

ਮਾਸਟਰ ਦਲੀਪ ਚੰਦ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਮਰਦਮ-ਸ਼ੁਮਾਰੀ ਤੋਂ ਬਾਦ ਪੰਚਾਇਤਾਂ ਦੇ ਇਲੈਕਸ਼ਨ ਕਰਵਾ ਦੇਵਾਂਗੇ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਉਣ ਤੋਂ ਪਹਿਲਾਂ ਉਥੇ ਵਾਰਡ ਬਣਾ ਕੇ ਇਲੈਕਸ਼ਨ ਕਰਵਾਉਣਗੇ ਤਾਕਿ ਖ਼ਰਚ ਘੱਟ ਹੋ ਸਕੇ ;

ਮੰਤਰੀ: ਸਪੀਕਰ ਸਾਹਿਬ, ਸਰਕਾਰ ਇਸ ਤੇ ਹਮਦਰਦੀ ਨਾਲ ਵਿਚਾਰ ਕਰੇਗੀ, ਜਿਸ ਨਾਲ ਪੰਚਾਂ ਨੂੰ ਜ਼ਿਆਦਾ ਨੁਮਾਇੰਦਗੀ ਮਿਲ ਸਕੇ ।

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਇਨ੍ਹਾਂ ਨੇ 'ਅ' ਦੇ ਜਵਾਬ ਵਿਚ ਕਿਹਾ ਹੈ 'ਨਹੀਂ ਜੀ' । ਇਸ ਦਾ ਮਤਲਬ ਇਹ ਹੈ ਕਿ ਸਰਕਾਰ ਪੰਚਾਇਤਾਂ ਨੂੰ ਹੋਰ ਅਧਿਕਾਰ ਨਹੀਂ ਦੇਵੇਗੀ, ਜਦ ਕਿ ਸਰਕਾਰ ਟੂ ਤੋਂ ਥਰੀ ਟਾਇਰ ਸਿਸਟਮ ਕਰਨ ਦਾ ਇਰਾਦਾ ਰੱਖਦੀ ਹੈ । ਕੀ ਸਰਕਾਰ ਹੋਰ ਪੰਚਾਇਤਾਂ ਨੂੰ ਅਧਿਕਾਰ ਦੇ ਕੇ ਸ਼ਕਤੀਸ਼ਾਲੀ ਬਣਾਉਣ ਦਾ ਯਤਨ ਕਰੇਗੀ?

ਮੰਤਰੀ: ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮਾਨ ਸਾਹਿਬ ਨੇ ਸਵਾਲ ਨੂੰ ਚੰਗੀ ਤਰ੍ਹਾਂ ਨਾਲ ਪੜ੍ਹਿਆ ਨਹੀਂ ਹੈ । ਇਸ ਸਵਾਲ ਦੇ 'ਬੀ' ਪਾਰਟ ਨੂੰ ਪੜ੍ਹ ਲੈਣ, ਪਤਾ ਲਗ ਜਾਵੇਗਾ । ਉਹ ਇਸ ਤਰ੍ਹਾਂ ਹੈ:—

'Whether the Government propose to give more powers to the Panchayats in the State.'

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਕੀ ਸਰਕਾਰ ਪੰਚਾਇਤ ਸੰਮਿਤੀਆਂ ਨੂੰ ਹੋਰ ਫੰਡਜ਼ ਦੇ ਕੇ ਸ਼ਕਤੀਸ਼ਾਲੀ ਬਣਾਏਗੀ ?

ਮੰਤਰੀ: ਸਪੀਕਰ ਸਾਹਿਬ, ਪੰਚਾਇਤ ਸੰਮਿਤੀਆਂ ਦੇ ਸਬੰਧ ਵਿਚ ਇਹ ਸਵਾਲ ਨਹੀਂ ਹੈ । ਪਰ ਇਹ ਸਰਕਾਰ ਦੇ ਜ਼ੇਰੇ ਗੌਰ ਹੈ ਕਿ ਜਿਵੇਂ ਕੰਟਰੀ ਲੀਕੁਅਰ ਤੇ ਇਕ ਰੁਪਿਆ ਪਰ ਬੋਤਲ ਟੈਕਸ ਅਪ੍ਰੈਲ, 1977 ਤੋਂ ਪਹਿਲਾਂ ਲਗਾ ਹੋਇਆ ਸੀ ਅਤੇ ਬਾਅਦ ਵਿਚ ਇਨ੍ਹਾਂ

ਅਕਾਲੀਆਂ ਨੇ ਆ ਕੇ ਇਹ ਵਿਦਡਰਾ ਕਰ ਲਿਆ ਸੀ, ਹੁਣ ਸਰਕਾਰ ਵਿਚਾਰ ਕਰ ਰਹੀ ਹੈ ਕਿ ਬਜਾਏ ਪੰਚਾਇਤ ਸੰਮਿਤੀ ਸ਼ਰਾਬ ਦੇ ਠੇਕੇਦਾਰਾਂ ਕੋਲੋਂ ਇਹ ਇਕ ਰੁਪਿਆ ਪਰ ਬੋਤਲ ਸ਼ਰਾਬ ਦੀ ਫੀਸ ਉਗਰਾਹੁਣ, ਹੁਣ ਇਹ ਕਰ ਰਹੇ ਹਨ ਕਿ ਜਿੰਨੀਂ ਸ਼ਰਾਬ ਠੇਕੇ ਤੇ ਆਵੇ ਉਸ ਦੇ ਹਿਸਾਬ ਨਾਲ 12 ਆਨੇ ਪਰ ਬੋਤਲ ਦੇ ਪੰਚਾਇਤ ਸੰਮਿਤੀ ਨੂੰ ਦਿਤੇ ਜਾਣ । ਇਸ ਤੇ ਗੌਰ ਹੋ ਰਿਹਾ ਹੈ ।

ਸਰਦਾਰ ਬੀਰਪਾਲ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬਹੁਤ ਸਾਰੀਆਂ ਬੈਠਕਾਂ ਕਢਾ ਕੇ ਸਮਾਂ ਦਿਤਾ । (ਹਾਸਾ) ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪੰਚਾਇਤ ਸੰਮਿਤੀਆਂ ਦੀਆਂ ਇਲੈਕਸ਼ਨਾਂ ਬਾਰੇ ਕੋਈ ਡੇਟ ਵਗੈਰਾ ਨਹੀਂ ਦੱਸੀ । ਸਾਲ 1981 ਚਲ ਰਿਹਾ ਹੈ ਅਤੇ ਮਰਦਮਸ਼ੁਮਾਰੀ ਦਾ ਕੰਮ ਪੂਰਾ ਹੋਣ ਤੋਂ ਬਾਅਦ ਇਹ ਕਦੋਂ ਤਕ ਇਲੈਕਸ਼ਨਜ਼ ਕਰਵਾ ਦੇਣਗੇ?

ਮੰਤਰੀ: ਸਪੀਕਰ ਸਾਹਿਬ, ਅਸੀਂ ਜ਼ਰੂਰ ਕੋਸ਼ਿਸ਼ ਕਰਾਂਗ ।

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਮੈਂ ਇਸ ਨੂੰ ਨਹੀਂ ਮੰਨਦਾ ਅਤੇ ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਇਸ ਲਈ, ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਆਉਣਾ ਚਾਹੀਦਾ ਹੈ !

ਮੰਤਰੀ. ਮੈਂ, ਸਪੀਕਰ ਸਾਹਿਬ, ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ; ਜਦੋਂ ਪੰਚਾਇਤ ਸੰਮਿਤੀਆਂ ਦੇ ਇਲੈਕਸ਼ਨ ਹੁੰਦੇ ਹਨ ਤਾਂ ਕੁਝ ਲੋਕ ਕੋਰਟ ਵਿਚ ਚਲੇ ਜਾਂਦੇ ਹਨ ਅਤੇ ਉਥੋਂ ਸਟੇਅ ਮਿਲ ਜਾਂਦੀ ਹੈ । ਇਸ ਲਈ ਮੈਂ ਇਸ ਪੁਜ਼ੀਸ਼ਨ ਵਿਚ ਨਹੀਂ ਹਾਂ ਕਿ ਡੇਟ ਅਨਾਊਂਸ ਕਰ ਦਿਆਂ । ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਦਿਤਾ ਹੈ ਕਿ ਇਲੈਕਸ਼ਨਾ ਸ਼ੀਘਰ ਕਰਵਾਵਾਂਗੇ ਅਤੇ ਇਸ ਸਾਲ ਕਰਾਉਣ ਦੀ ਕੋਸ਼ਿਸ਼ ਕਰਾਂਗੇ ।

ਸਰਦਾਰ ਅਵਤਾਰ ਸਿੰਘ ਗੱਟਵਾਲੀ: ਸਪੀਕਰ ਸਾਹਿਬ, ਪਿਛੇ ਜੋ ਪੰਚਾਇਤ ਸੰਮਿਤੀਆਂ ਦੀਆਂ ਇਲੈਕਸ਼ਨਾਂ ਹੋਈਆਂ ਸਨ ਤਾਂ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਜਿਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਦੇ ਯੂਨੈਨੀਮਸਲੀ ਇਲੈਕਸ਼ਨ ਹੋਣਗੇ, ਉਨ੍ਹਾਂ ਨੂੰ 5-10 ਹਜ਼ਾਰ ਰੁਪਿਆ ਦਿਤਾ ਜਾਵੇਗਾ । ਪਰ ਸਾਡੇ ਐਕਸ-ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਪਤਾ ਨਹੀਂ ਕੀ ਕਾਰਨ ਸੀ ਕਿ ਮਹਿਲਾ ਮੰਡਲ ਨੂੰ ਪਹਿਲ ਦੇ ਦਿਤੀ ਅਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਪੈਸਾ ਨਹੀਂ ਮਿਲਿਆ, ਜਿਨ੍ਹਾਂ ਦੇ ਯੂਨੈਨੀਮਸਲੀ ਇਲੈਕਸ਼ਨਜ਼ ਹੋਏ ਸਨ । ਕੀ ਸਰਕਾਰ ਹੁਣ ਉਨ੍ਹਾਂ ਪੰਚਾਇਤਾਂ ਨੂੰ ਪੈਸਾ ਦਿਵਾਉਣ ਦੀ ਕ੍ਰਿਪਾ ਕਰੇਗੀ?

ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਇਕ ਬੜਾ ਅੱਛਾ ਸੁਝਾਓ ਦਿਤਾ ਹੈ । ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਗੌਰਮਿੰਟ ਵਲੋਂ ਜੋ ਰੁਪਿਆ ਗਿਆ ਸੀ, ਉਸ ਵਿਚ ਪਿਛਲੀ ਗੌਰਮਿੰਟ ਨੇ ਰੁਕਾਵਟਾਂ ਪਾ ਦਿਤੀਆਂ ਸਨ ਅਤੇ ਮਹਿਲਾ ਮੰਡਲ ਉਤੇ ਖਰਚ ਕਰ ਦਿਤਾ ਸੀ । ਸਪੀਕਰ ਸਾਹਿਬ, ਉਨ੍ਹਾਂ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਰੁਪਿਆ ਭੇਜ ਦਿਤਾ ਹੈ ਅਤੇ ਰੁਕਾਵਟਾਂ ਨੂੰ ਉਡਾ ਦਿਤਾ ਗਿਆ ਹੈ । (ਵਿਘਨ) ਪੰਚਾਇਤਾਂ ਦੀ ਮਰਜ਼ੀ ਹੈ ਕਿ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਜਿਥੇ ਮਰਜ਼ੀ ਖਰਚ ਕਰਨ ।

ਸਰਦਾਰ ਬਸੰਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਵੇਲੇ ਕੋਈ ਨਾ ਕੋਈ ਰੌਲਾ ਪੈ ਜਾਂਦਾ ਹੈ ਕਿ ਮਾਰਕੀਟਿੰਗ ਕਮੇਟੀਆਂ ਨਹੀਂ ਬਣੀਆਂ । ਕੀ ਮੰਤਰੀ ਜੀ ਵਿਸ਼ਵਾਸ਼ ਦਿਵਾਉਣਗੇ ਕਿ ਇਲੈਕਸ਼ਨਾਂ ਜ਼ਰੂਰ ਹੋਣਗੀਆਂ ਅਤੇ ਮਾਰਚ, 1981 ਤੋਂ ਬਾਅਦ ਹੋਣਗੀਆਂ?

ਮੰਤਰੀ: ਸਪੀਕਰ ਸਾਹਿਬ, ਸਰਦਾਰ ਬਸੰਤ ਸਿੰਘ ਜੀ ਦੂਰ ਬੈਠੇ ਹਨ, ਇਸ ਲਈ ਉਨ੍ਹਾਂ ਨੇ ਮੇਰਾ ਜਵਾਬ ਨਹੀਂ ਸੁਣਿਆ । ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਮਾਰਚ, 1981 ਤੋਂ ਬਾਦ ਸ਼ੀਘਰ ਇਲੈਕਸ਼ਨ ਕਰਵਾਵਾਂਗੇ ਅਤੇ ਫੌਰਨ ਕਰਵਾਵਾਂਗੇ ।

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਜੋ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣੇ ਹਨ, ਉਹ ਵੱਧ ਅਧਿਕਾਰ ਕੀ ਹਨ? ਦੂਜਾ ਕੀ ਮਨਿਸਟਰ ਸਾਹਿਬ ਪੰਚਾਇਤ ਸੰਮਿਤੀਆਂ ਦੇ ਇਲੈਕਸ਼ਨਾਂ ਦੀ ਕੋਈ ਡੇਟ ਫਿਕਸ ਕਰਨਗੇ? ਜੇਕਰ ਕੋਈ ਡੇਟ ਹੀ ਫਿਕਸ ਨਹੀਂ ਕਰਨਗੇ ਤਾਂ ਲੋਕ ਕੋਰਟਾਂ ਵਿਚ ਕਿਵੇਂ ਚਲੇ ਜਾਣਗੇ । ਡੇਟ ਫਿਕਸ ਕਰਨ ਤੋਂ ਬਾਅਦ ਹੀ ਕੋਰਟ ਵਿਚ ਕੋਈ ਜਾ ਸਕਦਾ ਹੈ । ਇਸ ਲਈ ਕੀ ਮੰਤਰੀ ਜੀ ਦੱਸਣਗੇ ਕਿ ਕਿਸ ਮਹੀਨੇ ਪੰਚਾਇਤ ਸੰਮਿਤੀਆਂ ਦੇ ਇਲੈਕਸ਼ਨ ਕਰਵਾ ਦੇਣਗੇ?

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਗੌਰਮਿੰਟ ਆਫ ਇੰਡੀਆ ਵਲੋਂ ਲੈਟਰ ਆਇਆ ਹੈ ਕਿ ਮਾਰਚ, 1981 ਤਕ ਕੋਈ ਇਲੈਕਸ਼ਨ ਨਹੀਂ ਕਰਵਾਉਣੇ ਹਨ । ਮਾਰਚ, 1981 ਤੋਂ ਬਾਅਦ ਅਸੀਂ ਜਲਦੀ ਤੋਂ ਜਲਦੀ ਇਲੈਕਸ਼ਨਾਂ ਦੀ ਡੇਟ ਫਿਕਸ ਕਰਾਂਗੇ ਅਤੇ ਇਲੈਕਸ਼ਨ ਕਰਵਾਵਾਂਗੇ ।

PURCHASE OF SPRAY PUMPS

*715. **Sardar Harcharan Singh Hero**: Will the Minister for Agriculture and Forests be pleased to state :—

(a) the number and value of spray pumps Purchased by the Agriculture Department during the financial year 1979-80; from M/s. Sigma Steel Industries, Ludhiana;

(b) whether it is a fact that in the first instance the tenders for these spray pumps were invited by the Controller of Stores, and the said firm quoted lower rates, which were rejected by the representatives of the Agriculture Department;

(c) whether the Agriculture Department invited tenders for the same type of sprayers and purchased the same from the said firm at higher rates than those earlier quoted by the firm to the Controller of Stores tenders;

(d) the extra amount paid to the said firm over and above the lower rates quoted to the Controller of Stores?

Chaudhri Kanshi Ram: (a) 1082 pumps of value of about Rs. 5.41 lakhs.

(b) First part: Yes, for 18 litre and 15 litre pumps. Second part : No.

(c) First part: Yes, for 18 litre and 16 litre pumps. Second part: No.

(d) Question does not arise.

ਸਰਦਾਰ ਹਰਚਰਨ ਸਿੰਘ ਹੀਰੋ: ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ। ਸਪੀਕਰ ਸਾਹਿਬ, ਜੋ ਮੈਂ ਸਵਾਲ ਕੀਤਾ ਸੀ ਉਸ ਦਾ ਜਵਾਬ ਠੀਕ ਨਹੀਂ ਆਇਆ ਔਰ ਮਹਿਕਮੇ ਨੇ ਉਸ ਦਾ ਜਵਾਬ ਗਲਤ ਚੌਧਰੀ ਸਾਹਿਬ ਤੁਹਾਨੂੰ ਦਿਤਾ ਹੈ। ਚੌਧਰੀ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ 21 ਜੁਲਾਈ, 1979 ਨੂੰ ਕੰਟਰੋਲਰ ਆਫ ਸਟੋਰਜ਼ ਨੇ ਰੇਟ ਦਿਤੇ ਐਗਰੀਕਲਚਰ ਡਿਪਾਰਟਮੈਂਟ ਦੇ ਕਹਿਣ ਤੇ ਔਰ ਇਹ ਸਾਰੀ ਚੀਜ਼ ਫਾਈਲ ਵਿਚ ਮੌਜੂਦ ਹੈ। 440 ਰੁਪਏ 18 ਲਿਟਰ ਪੰਪਾਂ ਲਈ ਅਤੇ 420 ਰੁਪਏ 15 ਲਿਟਰ ਪੰਪਾਂ ਲਈ ਜਿਸ ਤੇ ਆਈ. ਐਸ. ਆਈ. ਮਾਰਕ ਸੀ। ਇਨ੍ਹਾਂ ਦੇ ਨੁਮਾਇੰਦੇ ਨੇ ਕਿਹਾ ਕਿ ਸਾਨੂੰ ਆਈ. ਐਸ. ਆਈ. ਦੇ ਪੰਪ ਨਹੀਂ ਚਾਹੀਦੇ। ਇਸ ਲਈ ਇਹ ਟੈਂਡਰ ਨਹੀਂ ਚਾਹੀਦੇ। (ਵਿਘਨ) ਇਹ ਸਾਰੀ ਚੀਜ਼, ਸਪੀਕਰ ਸਾਹਿਬ, ਫਾਈਲ ਵਿਚ ਲਿਖੀ ਹੋਈ ਹੈ ਬੇਸ਼ਕ ਫਾਈਲ ਮੰਗਾਕੇ ਵੇਖ ਲਓ। (ਵਿਘਨ) ਫਿਰ, ਸਪੀਕਰ ਸਾਹਿਬ, ਨਵੇਂ ਟੈਂਡਰ ਲਏ ਗਏ ਅਤੇ ਉਸ ਦਾ ਮੁੱਲ ਆਇਆ 545 ਰੁਪਏ 18 ਲਿਟਰ ਪੰਪਾਂ ਲਈ ਅਤੇ 509 ਰੁਪਏ 15 ਲਿਟਰ ਪੰਪਾਂ ਲਈ ਅਤੇ ਇਹ ਮੁਲ ਜ਼ਿਆਦਾ ਸੀ। ਸਪੀਕਰ ਸਾਹਿਬ, 440 ਰੁਪਏ ਅਤੇ 420 ਰੁਪਏ ਦੇ ਟੈਂਡਰ ਨਹੀਂ ਲਏ ਅਤੇ ਉਸ ਦੀ ਬਜਾਏ 545 ਰੁਪਏ ਅਤੇ 509 ਰੁਪਏ ਦੇ ਟੈਂਡਰ ਮਨਜ਼ੂਰ ਕੀਤੇ। ਇਸ ਤਰ੍ਹਾਂ ਕਰਕੇ ਫੀ ਪੰਪ ਦੇ ਹਿਸਾਬ ਨਾਲ, ਸਪੀਕਰ ਸਾਹਿਬ, ਕੰਪਨੀ ਨੂੰ ਜ਼ਿਆਦਾ ਪੈਸੇ ਦਿਤੇ ਗਏ, ਇਸ ਦਾ ਮੁੱਲ 75,000 ਰੁਪਏ ਬਣਦਾ ਹੈ। ਇਹ ਜ਼ਿਆਦਾ ਰੁਪਏ ਕਿਉਂ ਦਿਤੇ ਗਏ? (ਵਿਘਨ) (ਸ਼ੋਰ) ਸਪੀਕਰ ਸਾਹਿਬ, ਪਹਿਲਾਂ ਕਮਿਸ਼ਨ ਨਹੀਂ ਸੀ ਦਿਤਾ ਅਤੇ ਬਾਅਦ ਵਿਚ ਕਮਿਸ਼ਨ ਦਿਤਾ ਗਿਆ। ਜਿਹੜੇ ਪੰਪ ਲਏ ਗਏ ਹਨ, ਉਹ ਦੋ ਤਿੰਨ ਮਹੀਨਿਆਂ ਵਿਚ ਹੀ ਲਏ ਗਏ ਹਨ। ਕੀ ਇਸ ਗੱਲ ਦਾ ਮਨਿਸਟਰ ਸਾਹਿਬ ਜਵਾਬ ਦੇਣਗੇ?

ਮੰਤਰੀ: ਸਪੀਕਰ ਸਾਹਿਬ, ਇਹ ਇਕ ਐਸਾ ਸਵਾਲ ਕੀਤਾ ਗਿਆ ਹੈ ਜਿਸ ਦੇ ਅੱਠ ਸਪਲਿਟ-ਅਪ ਬਣਦੇ ਹਨ। (ਵਿਘਨ) Just listen why are you so hasty? ਸਪੀਕਰ ਸਾਹਿਬ, ਸਰਦਾਰ ਹਰਚਰਨ ਸਿੰਘ ਹੀਰੋ ਸਾਹਿਬ ਨੇ ਦੱਸਿਆ ਹੈ ਕਿ 21 ਜੁਲਾਈ, 1979 ਨੂੰ ਆਈ. ਐਸ. ਆਈ. ਵਾਲੀ ਜਿਹੜੀ ਕੰਪਨੀ ਸੀ, ਉਸ ਨੂੰ ਨਾਂਹ ਕਰ ਦਿਤੀ। ਇਸ ਬਾਰੇ ਮਾਰਚ ਦੇ ਮਹੀਨੇ ਵਿਚ ਡਿਪਾਰਟਮੈਂਟ ਨੂੰ ਲਿਖਿਆ ਗਿਆ ਸੀ। (ਵਿਘਨ) ਸਪੀਕਰ ਸਾਹਿਬ, ਮਿਤੀ 21-11-1979 ਨੂੰ 545 ਰੁਪਏ ਅਤੇ 509 ਰੁਪਏ ਰੇਟ ਆਇਆ। ਡਿਪਾਰਟਮੈਂਟ ਨੂੰ ਲਿਖਿਆ ਗਿਆ ਹੈ ਕਿ ਤੁਸੀਂ ਆਪ ਖਰੀਦ ਲਓ। This is a letter written by the Controller of Stores to the Department of Agriculture ਸਪੀਕਰ ਸਾਹਿਬ, ਐਗਰੀਕਲਚਰ ਡਿਪਾਰਟਮੈਂਟ ਵਿਚ ਇਕ ਕਮੇਟੀ ਬਣੀ ਹੋਈ ਹੈ, ਜਿਸ ਦੇ ਅੱਠ ਨੁਮਾਇੰਦੇ ਹਨ। ਉਨ੍ਹਾਂ ਅੱਠ ਨੁਮਾਇੰਦਿਆਂ ਵਿਚੋਂ ਇਕ ਨੁਮਾਇੰਦਾ ਕੰਟ੍ਰੋਲਰ ਆਫ ਸਟੋਰਜ਼ ਡਿਪਾਰਟਮੈਂਟ ਦਾ ਹੈ। ਇਹ ਸੈਂਕਸ਼ਨ ਐਗਰੀਕਲਚਰ ਡਿਪਾਰਟਮੈਂਟ ਦੀ ਪਰਚੇਜ਼ ਕਮੇਟੀ ਨੇ ਲਈ ਹੈ। ਸਪੀਕਰ ਸਾਹਿਬ, ਜੋ ਸਰਦਾਰ ਹਰਚਰਨ ਸਿੰਘ ਹੀਰੋ ਸਾਹਿਬ ਨੇ ਦਸਿਆ ਹੈ, ਇਹ ਉਹੀ ਰੇਟ ਹੈ। ਸਪੀਕਰ ਸਾਹਿਬ 21-11-1979 ਨਾਲੋਂ ਇਹ ਵੈਲਿਊ ਉਸ ਤੋਂ ਘੱਟ ਹੈ। ਇਸ ਲਈ, ਸਪੀਕਰ ਸਾਹਿਬ, ਜੋ ਮੈਂ ਕਿਹਾ ਹੈ ਕਿ question does not arise, ਜਵਾਬ ਤੋਂ ਇਹ ਬਿਲਕੁਲ ਸਪੱਸ਼ਟ ਹੈ।

ਸਰਦਾਰ ਹਰਚਰਨ ਸਿੰਘ ਹੀਰੋ : ਮੇਰਾ ਸਵਾਲ ਬਿਲਕੁਲ ਕਲੀਅਰ ਹੈ, ਮਹਿਕਮਾ ਪਹਿਲਾਂ ਟੈਂਡਰ ਕਾਲ ਕਰਦਾ ਹੈ । ਜਿਹੜਾ ਆਈ. ਐਸ. ਆਈ. ਮਾਰਕਡ ਹੋਵੇ ਉਹ ਟਾਪ ਕੁਆਲਿਟੀ ਗਿਣੀ ਜਾਂਦੀ ਹੈ । ਉਥੇ ਐਗਰੀਕਲਚਰਲ ਮਹਿਕਮੇ ਨੇ ਲਿਖ ਕੇ ਦਿੱਤਾ ਹੈ, ਤੁਸੀਂ ਚਾਹੇ ਫਾਈਲ ਮੰਗਵਾ ਕੇ ਦੇਖ ਲਓ । ਉਥੇ ਲਿਖਿਆ ਹੋਇਆ ਹੈ ਕਿ ਆਈ. ਐਸ. ਆਈ. ਪੰਪ ਨਹੀਂ ਚਾਹੀਦੇ । ਉਸ ਲਈ 440/-ਔਰ 420/- ਰੇਟਸ ਨੋਟ ਕੀਤੇ ਗਏ । ਇਸ ਤਰ੍ਹਾਂ ਕਰਨ ਨਾਲ ਜਿਹੜਾ ਗੌਰਮਿੰਟ ਦਾ ਲਾਸ ਹੋਇਆ ਹੈ, ਉਸ ਲਈ ਕੌਣ ਜ਼ਿਮੇਵਾਰ ਹੈ । ਡਾਇਰੈਕਟਰ ਆਫ ਐਗਰੀਕਲਚਰ ਜਿਹੜਾ ਵੀ ਮਨਿਸਟਰ ਆਉਂਦਾ ਹੈ ਉਸ ਦੇ ਸਿਰ ਤੇ ਚੜ੍ਹ ਜਾਂਦਾ ਹੈ ਅਤੇ ਜੋ ਚਾਹੁੰਦਾ ਉਹੀ ਉਸ ਤੋਂ ਕਰਾਉਂਦਾ ਹੈ ।

Minister : Here I want your protection, Mr. Speaker. The hon. members should not think that every functionary of the Government is corrupt. They should be fair in their approach. Whatever reply I have given here is according to the files. When I came to this House as a Member, I brought only a Certificate from the Returning Officer. I am giving reply according to the record of the Government, but the gentleman is not going to believe it. If he can furnish extra information that will be welcomed and a fresh enquiry can be ordered. But I will request very humbly to the members of this august House that they should not, at every time, go on saying that this was a fishy deal or something wrong was there. This is my humble submission.

ਸਰਦਾਰ ਹਰਚਰਨ ਸਿੰਘ ਹੀਰੋ : ਐਗਰੀਕਲਚਰ ਡਿਪਾਰਟਮੈਂਟ ਵਿਚ ਹੇਰਾਫੇਰੀ ਹੋਈ ਹੈ। ਇਸ ਮਹਿਕਮੇ ਵਿਚ ਘਪਲੇਬਾਜ਼ੀ ਹੋਈ ਹੈ । ਉਸ ਲਈ ਇਨਕੁਆਇਰੀ ਕਰਾਉਣੀ ਚਾਹੀਦੀ ਹੈ । ਜਿਹੜੇ ਅਫਸਰ ਇਸ ਵਿਚ ਆਉਂਦੇ ਹਨ, ਉਨ੍ਹਾਂ ਨੂੰ ਸਸਪੈਂਡ ਕਰਨਾ ਚਾਹੀਦਾ ਹੈ ।

Minister : Hero was the Chairman of the Agro-Industries Corporation. If he gives information about that Corporation that can be believed because he was occupying chair of power. Now he is simply talking about the Agriculture Department, for which he is a lay man and the lay man's accusation can not be believed.

ਸਰਦਾਰ ਹਰਚਰਨ ਸਿੰਘ ਹੀਰੋ : ਅਸੀਂ ਐਜ਼ ਐਮ. ਐਲ. ਏ. ਇਥੇ ਕਹਿ ਸਕਦੇ ਹਾਂ ।

ਸ੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਤੁਹਾਨੂੰ ਵਿਸ਼ਵਾਸ਼ ਦਿਲਾਇਆ ਹੈ ਕਿ ਮੈਂ ਫਿਰ ਇਨਕੁਆਇਰੀ ਕਰਾਉਣ ਨੂੰ ਤਿਆਰ ਹਾਂ । ਤੁਹਾਡੇ ਕੋਲ ਜੋ ਫੈਕਟਸ ਹਨ, ਉਹ ਦੇ ਦਿਓ ਇਹ ਜ਼ਰੂਰ ਇਨਕੁਆਇਰੀ ਕਰਾ ਦੇਣਗੇ । ਇਸ ਉਪਰੰਤ ਤੁਹਾਡੀ ਤਸੱਲੀ ਹੋਣੀ ਚਾਹੀਦੀ ਹੈ ।

ਸਰਦਾਰ ਬੀਰਦਵਿੰਦਰ ਸਿੰਘ : ਸਪਰੇ ਪੰਪਸ ਦੀ ਗਲ ਚੱਲੀ ਹੈ ਉਸ ਵਿਚ ਇਹ ਕਿਹਾ ਗਿਆ ਹੈ ਕਿ ਆਈ. ਐਸ. ਆਈ. ਮਾਰਕ ਦੇ ਪੰਪਸ ਨੂੰ ਖਰੀਦਣ ਵਾਸਤੇ ਪਹਿਲਾਂ ਇਨਕਾਰ ਕੀਤਾ ਗਿਆ ਸੀ, ਫਿਰ ਟੈਂਡਰ ਲਏ ਗਏ ਸੀ । ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਕੁਝ ਚੀਜ਼ਾਂ ਵਿਚ ਆਈ. ਐਸ. ਆਈ. ਜ਼ਰੂਰ ਚਾਹੀਦਾ ਹੈ, ਜਿਸ ਤਰ੍ਹਾਂ ਕੀੜੇ ਮਾਰ ਦਵਾਈਆਂ ਹਨ, ਜਿਥੇ ਡੈਥਸ ਇਨਵਾਲਵ ਹੋਵੇ । ਪਰ ਇਹ ਦਵਾਈ ਛਿੜਕਣ ਵਾਲੇ ਪੰਪਸ ਤਾਂ ਪਿਚਕਾਰੀਆਂ ਹੀ ਹਨ । ਪੰਜਾਬ ਕੁਆਲਿਟੀ ਮਾਰਕਿਟਿੰਗ ਅਤੇ ਆਈ. ਐਸ. ਆਈ.

ਮਾਰਕਡ ਪੰਪਸ ਦੇ ਰੇਟਸ ਵਿਚ ਕੋਈ ਡੇਢ ਜਾਂ ਦੋ ਸੌ ਰੁਪਏ ਦਾ ਫਰਕ ਹੈ ਇਸ ਲਈ ਆਈ. ਐਸ. ਆਈ. ਮਾਰਕਡ ਪੰਪਸ ਖਰੀਦ ਕੇ ਕਿਸਾਨਾਂ ਨੂੰ ਲੁਟਣ ਵਾਲੀ ਗੱਲ ਹੈ । ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕੀ ਇਹ ਪੰਜਾਬ ਕੁਆਲਿਟੀ ਮਾਰਕਿਟਿੰਗ ਪੰਪਸ ਖਰੀਦਣਗੇ ਤਾਂ ਕਿ ਕਿਸਾਨਾਂ ਨੂੰ ਨੁਕਸਾਨ ਨਾ ਹੋਵੇ ?

ਮੰਤਰੀ : ਆਈ. ਐਸ. ਆਈ. ਮਾਰਕਡ ਵਾਲਾ ਮੈਟੀਰੀਅਲ ਖਰੀਦਿਆ ਗਿਆ ਸੀ । ਪਰ ਅੱਗੇ ਨੂੰ ਅਗਰ ਸਪੈਸੀਫੀਕੇਸ਼ਨਜ਼ ਔਰ ਮੈਟੀਰੀਅਲ ਪੰਜਾਬ ਕੁਆਲਿਟੀ ਮਾਰਕਿਟਿੰਗ ਦਾ ਆਈ. ਐਸ. ਆਈ. ਵਰਗਾ ਹੋਏਗਾ ਤਾਂ ਵਿਚਾਰ ਕਰ ਲਿਆ ਜਾਏਗਾ ।

ਸਰਦਾਰ ਬਲਦੇਵ ਸਿੰਘ ਮਾਨ : ਇਸ ਹਾਊਸ ਵਿਚ ਬੜੀ ਵਾਰੀ ਰੌਲਾ ਪੈ ਚੁੱਕਾ ਹੈ ਕਦੇ ਪੈਸਟੇਸਾਈਡਜ਼ ਔਰ ਕਦੇ ਸਪਰੇ ਪੰਪਸ ਬਾਰੇ, ਕੀ ਮਨਿਸਟਰ ਸਾਹਿਬ ਇਸ ਹਾਊਸ ਦੇ ਮੈਂਬਰਾਂ ਦੇ ਸੈਂਟੀਮੈਂਟਸ ਨੂੰ ਮੁੱਖ ਰਖਦੇ ਹੋਏ, ਇਸ ਹਾਊਸ ਦੀ ਇਕ ਕਮੇਟੀ ਬਣਾਉਣ ਨੂੰ ਤਿਆਰ ਹਨ, ਜਿਹੜੀ ਕਿ ਇਨ੍ਹਾਂ ਚੀਜ਼ਾਂ ਦੀ ਘੋਖ ਕਰੇ ? ਇਸ ਤਰ੍ਹਾਂ ਕਰਨ ਨਾਲ ਜੋ ਵੀ ਇਸ ਡਿਪਾਰਟਮੈਂਟ ਤੇ ਐਲੀਗੇਸ਼ਨਜ਼ ਲਗੇ ਹਨ ਉਨ੍ਹਾਂ ਬਾਰੇ ਪਤਾ ਲਗ ਜਾਏਗਾ ਅਤੇ ਜੇਕਰ ਕਿਸੇ ਨੇ ਕੁਰੱਪਸ਼ਨ ਕੀਤੀ ਹੋਵੇਗੀ ਤਾਂ ਉਸ ਬਾਰੇ ਵੀ ਪਤਾ ਲਗ ਜਾਏਗਾ ?

Minister: This is a very old narration. Since these chairs have been occupied by the Akali Party.

(Voices from the Opposition that the hon. Minister should speak in Punjabi)

Minister: I am speaking in the prevalent language, which is used by the Indian Government and we also agree that the business of this House can be conducted in English.

(Voices : No, no)

ਮੰਤਰੀ: ਚਲੋ ਮੈਂ ਪੰਜਾਬੀ ਬੋਲ ਲੈਂਦਾ ਹਾਂ । ਅਸੀਂ ਉਨ੍ਹਾਂ ਬੈਂਚਾਂ ਤੇ ਬੈਠੇ ਹੁੰਦੇ ਸੀ, ਉਦੋਂ ਵੀ ਪੈਸਟੇਸਾਈਡਜ਼ ਔਰ ਸਪਰੇ ਪੰਪਾਂ ਦੀਆਂ ਗੱਲਾਂ ਚਲਦੀਆਂ ਸੀ । ਉਸ ਵੇਲੇ ਭੂੰਦੜ ਸਾਹਿਬ ਇਸ ਮਹਿਕਮੇ ਦੇ ਵਜ਼ੀਰ ਸਨ ਔਰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਚੀਫ ਮਨਿਸਟਰ ਸਨ । ਉਦੋਂ ਇਹ ਆਸ਼ਵਾਸਨ ਦਿਵਾਇਆ ਗਿਆ ਸੀ ਕਿ ਮੈਂ ਇਨਕੁਆਇਰੀ ਕਰਾਵਾਂਗਾ (ਵਿਘਨ)

ਸ਼੍ਰੀ ਗੁਰਦਿਆਲ ਸੈਣੀ : ਵਿਜੀਲੈਂਸ ਡਿਪਾਰਟਮੈਂਟ ਤੋਂ ਇਨਕੁਆਇਰੀ ਕਰਾ ਲਓ ।

ਮੰਤਰੀ : ਮਾਨਯੋਗ ਮੈਂਬਰ ਸਾਹਿਬ ਬੜੇ ਉਤਾਵਲੇ ਹੋ ਗਏ ਹਨ । ਸੈਣੀ ਸਾਹਿਬ ਪੁਰਾਣੇ ਮੈਂਬਰ ਹਨ, ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ The enquiry is always conducted by a man higher in authority than the designated person against whom the enquiry is conducted.

ਅਗਰ ਕਿਸੇ ਡਾਇਰੈਕਟਰ ਦੇ ਖਿਲਾਫ ਇਨਕੁਆਇਰੀ ਹੋਏਗੀ ਤਾਂ ਉਹ ਇਨਕੁਆਇਰੀ ਸਕੱਤਰ ਲੈਵਲ ਦਾ ਅਫਸਰ ਕਰੇਗਾ । ਔਰ ਅਗਰ ਸਕੱਤਰ ਦੇ ਖਿਲਾਫ ਇਨਕੁਆਇਰੀ ਹੋਏਗੀ ਤਾਂ ਚੀਫ ਸਕੱਤਰ ਲੈਵਲ ਦਾ ਅਫਸਰ ਇਨਕੁਆਇਰੀ ਕਰੇਗਾ । ਅਗਰ ਕੋਈ ਇਨਕੁਆਇਰੀ ਉਸ ਵੇਲੇ ਕੰਡਕਟ ਹੋਈ ਹੈ ਤਾਂ ਮੈਂ ਦੱਸ ਦਿਆਂਗਾ ।

SHIFTING OF PRESENT GRAIN MARKET SAMRALA TO SOME OTHER PLACE

*752. **Sardar Karam Singh Gill**: Will the Minister for Agriculture and Forests be pleased to state whether threr is any proposal under the consideration of Government to shift the present Grain Market Samrala to some other open place by the Punjab State Agriculture and Marketing Board in view of the fact that the present grain market is a scattered one and farmers find it difficult to sell their produce at different places; if so, the time by which it is likely to be shifted ?

ਚੌਧਰੀ ਕਾਂਸ਼ੀ ਰਾਮ : ਇਸ ਵੇਲੇ ਕੋਈ ਤਜ਼ਵੀਜ਼ ਨਹੀਂ ਹੈ । ਫਿਰ ਵੀ ਨਵੀਂ ਮੰਡੀ ਦੀ ਸਥਾਪਨਾ ਦੀ ਲੋੜ ਨੂੰ ਤਹਿ ਕਰਨ ਹਿੱਤ ਫਸਲ ਦੀ ਆਮਦ ਦੇ ਅੰਕੜੇ ਅਤੇ ਹੋਰ ਸੂਚਨਾ ਇਕੱਤਰ ਕੀਤੀ ਜਾ ਰਹੀ ਹੈ ।

ਸਰਦਾਰ ਸ਼ਮਸ਼ੇਰ ਸਿਘ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਸ ਬਾਰੇ ਕੋਈ ਤਜਵੀਜ ਨਹੀਂ ਹੈ । ਪਰ ਸਮਰਾਲੇ ਵਿਚ ਦੋ ਜਗ੍ਹਾ ਮੰਡੀਆਂ ਬਣੀਆਂ ਹੋਈਆਂ ਹਨ, ਇਕ ਸ਼ਹਿਰ ਤੋਂ ਡੇਢ ਮੀਲ ਦੇ ਫਾਸਲੇ ਤੇ ਹੈ ਔਰ ਇਕ ਪੱਕੀ ਮੰਡੀ ਸ਼ਹਿਰੀ ਵਿਚ ਹੈ । ਦੋਨੋ ਜਗ੍ਹਾ ਤੇ ਕਿਸਾਨਾਂ ਨੂੰ ਜਿਨਸ ਲਿਜਾਣ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ । ਬਾਹਰ ਵੀ ਕੋਈ ਜਗ੍ਹਾ ਨਹੀਂ ਹੈ । ਇਨ੍ਹਾਂ ਨੇ ਪਿਛਲੇ ਸੈਸ਼ਨ ਵਿਚ ਆਸ਼ਵਾਸਨ ਦਿਲਾਇਆ ਸੀ ਕਿ ਉਥੇ ਜਲਦੀ ਮੰਡੀ ਬਣਾ ਦਿੱਤੀ ਜਾਏਗੀ । ਕੀ ਇਹ ਕੋਈ ਸਪੈਸੇਫਿਕ ਟਾਈਮ ਦੱਸਣਗੇ ਕਿ ਕਦੋਂ ਤਕ ਇਹ ਮੰਡੀ ਚਾਲੂ ਕਰ ਦਿੱਤੀ ਜਾਏਗੀ ਤਾਕਿ ਕਿਸਾਨਾਂ ਦੀ ਜਿਨਸ ਰੁਲੇ ਨਾ ?

ਮੰਤਰੀ : ਸਪੀਕਰ ਸਾਹਿਬ, ਇਹ ਬੜਾ ਲੌਅ ਪ੍ਰਾਜੈਕਟ ਹੈ, ਮੰਡੀ ਦੇ ਲਿਹਾਜ਼ ਨਾਲ । ਉਥੇ ਜਿਨਸ ਦੀ ਟਰਾਂਜ਼ੈਕਸ਼ਨ ਹੁੰਦੀ ਹੈ । ਉਥੇ ਕਿਸਾਨ ਦਾ ਮਾਲ ਆਉਂਦਾ ਹੈ । ਕਿਸਾਨ ਦੀ ਕਣਕ ਆਉਂਦੀ ਹੈ, ਝੋਨਾ ਆਉਂਦਾ ਹੈ । ਕੋਈ ਸਖਤ ਡਿਮਾਂਡ ਨਹੀਂ ਆਈ, ਪਰ ਫਿਰ ਵੀ ਕਿਉਂਕਿ ਮਾਨਯੋਗ ਮੈਂਬਰ ਸਾਹਿਬਾਨ ਨੇ ਕਿਹਾ ਹੈ ਇਸ ਲਈ ਇਸ ਦੀ ਇੰਪਾਰਟੈਂਸ ਨੂੰ ਦੇਖਦੇ ਹੋਏ ਅਸੀਂ ਬਿਲਕੁਲ ਕੋਸ਼ਿਸ਼ ਕਰਾਂਗੇ ਕਿ ਉਥੇ ਜਲਦੀ ਮੰਡੀ ਬਣਾਈ ਜਾਵੇ ।

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

STARRED QUESTION NO. 850

(Extension was asked for in respect of Starred Question No. *850)

*For Starred Question No. 850 and reply thereto, please see Appendix to this Debate.

STARRED QUESTION NO. 851

*[Extension was asked for in respect of Starred Question No. 851.)

STARRED QUESTION NO. 732

*[Extension was asked for in respect of Starred Question No. 732.]

CONSTRUCTION OF DHARAMSHALAS IN THE BALACHAUR ASSEMBLY CONSTITUENCY

*348. **Master Dalip Chand**: Will the Minister for Welfare be pleased to state :—

(a) the names of villages in the Balachaur Assembly Constituency wherein the work of construction of Dharamshalas was started during the period 1972 to 1980 together with the number of Dharamshalas which were completely constructed,

(b) the number out of those mentioned in part (a) above which are still lying incomplete together with the reasons therefor ?

ਚੌਧਰੀ ਜਗਤ ਰਾਮ : (ੳ) ਸਾਲ 1971-72 ਤੋਂ 1979-80 ਤੱਕ 123 ਪਿੰਡਾਂ ਵਿਚ 138 ਧਰਮਸ਼ਾਲਾਂ, ਜਿਸ ਵਿਚ ਮੁਰੰਮਤ ਵਾਲੇ ਕੇਸ ਵੀ ਸ਼ਾਮਲ ਹਨ, ਪਰਵਾਨ ਕੀਤੀਆਂ ਗਈਆਂ ਸਨ (ਜਿਨ੍ਹਾਂ ਦੀ ਸੂਚੀ ਅਨੁਲੱਗ 'ਏ' ਤੇ ਹੈ) । 122 ਧਰਮਸ਼ਾਲਾਂ ਬਣਾਉਣ ਲਈ 107 ਪਿੰਡਾਂ ਵਿਚ ਕੰਮ ਚਾਲੂ ਕੀਤਾ ਗਿਆ ਸੀ । ਇਨ੍ਹਾਂ ਵਿਚੋਂ 62 ਧਰਮਸ਼ਾਲਾ ਹਰ ਪੱਖੋਂ ਮੁਕੰਮਲ ਹੋ ਚੁੱਕੀਆਂ ਹਨ (ਸੂਚੀ ਅਨੁਲੱਗ 'ਬੀ' ਤੇ ਹੈ) ।

(ਅ) 60 ਧਰਮਸ਼ਾਲਾਂ ਉਸਾਰੀ ਅਧੀਨ ਹਨ । 12 ਪਿੰਡਾਂ ਵਿਚ ਧਰਮਸ਼ਾਲਾਂ ਬਣਾਉਣ ਲਈ ਪਿੰਡ ਵਲੋਂ ਜਗ੍ਹਾ ਦਿੱਤੀ ਗਈ । ਇਕ ਪਿੰਡ ਦੇ ਅਨੁਸੂਚਿਤ ਜਾਤੀਆਂ ਦੇ ਮੈਂਬਰ ਪਾਰਟੀਬਾਜ਼ੀ ਕਾਰਨ ਗਰਾਂਟ ਨਹੀਂ ਲੈਣਾ ਚਾਹੁੰਦੇ । ਇਕ ਹੋਰ ਪਿੰਡ ਵਿਚ ਅਨੁਸੂਚਿਤ ਜਾਤੀਆਂ ਦੇ ਮੈਂਬਰ ਜ਼ਿਆਦਾ ਗਰਾਂਟ ਮੰਗਦੇ ਹਨ ਅਤੇ ਪਹਿਲਾਂ ਦਿੱਤੀ 7000/- ਰੁਪਏ ਦੀ ਗਰਾਂਟ ਸਵੀਕਾਰ ਕਰਨਾ ਨਹੀਂ ਚਾਹੁੰਦੇ । ਇਕ ਹੋਰ ਕੇਸ ਵਿਚ ਗਰਾਂਟ ਵਾਪਸ ਕੀਤੀ ਜਾ ਰਹੀ ਹੈ ਕਿਉਂ ਜੋ ਉਥੇ ਪਹਿਲਾਂ ਹੀ ਧਰਮਸ਼ਾਲਾ ਹੈ ਅਤੇ ਇਕ ਪਿੰਡ ਹੜ੍ਹ ਨਾਲ ਬਹਿ ਗਿਆ ਹੈ ।

ANNEXURE 'A'

S. No.	Name of the Village	Sr. No.	Name of the Village
1.	Asron	7.	Mangupur
2.	Thopia	8,	Garlowet
3.	Bhaddi	9.	Mandiani
4.	Kangna Wet	10.	Sahiba
5.	Jadli	11.	Balachaur Balmik
6.	Siana	12.	Jogewal

*For Starred Question No. 851 and 732 and reply thereto, please see Appendix to this Debate.

1	2	1	2
13.	Manjot	43.	Kathgarh
14.	Raju Majra	44.	Tundwal
15.	Jiowal Bachhia	45.	Ghamaur
16.	Kolgarh	46.	Malewal
17.	Bachhori	47.	Mehandpur Mandar
18.	Simbal Majra	48.	Chahal
19.	Balewal	49.	Malewal Kohli
20.	Torowal	50.	Golu Majra
21.	Rattewal	51.	Nighi
22.	Chandiani Khurd	52.	Bhale
23.	Mehakpur	53.	Tosan
24.	Jalalpur	54.	Rolu Majra
25.	Natha Nangal	55.	Doul
26.	Saroya	56.	Nawan Pind Taprian
27.	Kalar	57.	Kathgarh East
28.	Khanpur Kulewal	58.	Chankoi
29.	Mojewal	59.	Chhadori
30.	Garh Kanugoya	60.	Begampur
31.	Mohan Majra	61.	Katwara
32.	Makowal	62.	Taprian Khurd
33.	Niana	63.	Rarka Wet
34.	Bagowal	64.	Rurki Kalan
35.	Banan	65.	Sadhra
36.	Paniali Kalan	66.	Rurki Muglan
37.	Bharthla	67.	Gulpur
38.	Chandpur Rurki	68.	Jattpur
39.	Mehandipur	69.	Tkarla
40.	Thanwala	70.	Raipur
41.	Jandi	71.	Railpatti Majra
42.	Rurki Khurd	72.	Thathiala Dhaha

1	2	1	2
73.	Chandiani Kalan	99.	Chuharpur
74.	Alowal	100.	Jainpur
75.	Jagatpur	101.	Akiliana
76.	Firni Majra	102.	Bhanu
77.	Mehandpur	103.	Aima Jattwan
78.	Garle Dhaha	104.	Sahugara
79.	Chankoya	105.	Tajowal
80.	Giatpur Jattan	106.	Oliapur
81.	Sudha Majra	107.	Nurpur Mand
82.	Jagate Wala	108.	Paniali Khurd
83.	Karimpur Chahwala	109.	Lohgarh
84.	Sujowali	110.	Gahun
85.	Khojawet	111.	Tandi
86.	Bakapur	112.	Runho
87.	Atal Majra	113.	Mander
88.	Bhagpur	114.	Nangal
89.	Hasanpur	115.	Lalpur
90.	Kishanpur	116.	Muton
91.	Thathiala wet	117.	Thathiala Bet Bazigar
92.	Hidowet	118.	Kamalpur
93.	Buthgarhi	119.	Ramgarh Paniali
94.	Banga wet	120.	Udlni
95.	Sikanderpur	121.	Mehmudpur
96.	Singhpur	122.	Dugri Bet
97.	Sujawalpur	123.	Pujewal
98.	Paili		

ANNEXURE 'B'

Name of the Villages where Dharmshalas have been completed.

Sr. No.	Name of Village	Sr. No.	Name of Village
1.	Asron	4.	Kangna wet
2.	Thopia	5.	Jadli
3.	Bhaddi	6.	Siana

1	2	1	2
7.	Mangupur	36.	Malewal Kohli
8.	Garlowet	37.	Golu Majra
9.	Mandiani	38.	Bhale
10.	Sahiba	39.	Tosan
11.	Balachaur Balmik	40.	Kathgarh East
12.	Jogewal	41.	Kathgarh West
13.	Majot	42.	Chankoi
14.	Raju Majra	43.	Bachhai
15.	Jiowal Bachhian	44.	Begampur
16.	Kolgarh	45.	Taprian Khurd
17.	Bachhori	46.	Rakra Wet
18.	Simbal Majra	47.	Rurki Kalan
19.	Balewal	48.	Rurki Muglan
20.	Torowal	49.	Tkarla
21.	Rattewal	50.	Thathiala Dhaha
22.	Chandiani Khurd	51.	Firni Majra
23.	Mehatpur	52.	Mehandpur
24.	Jalalpur	53.	Garle Dhaha
25.	Natha Nangal	54.	Chankoya
26.	Saroya	55.	Giatpur Jattan
27.	Khanpur Kulewal	56.	Sujowal
28.	Mojowal	57.	Bkapur
29.	Makowal	58.	Thathiala Wet
30.	Niana	59.	Hidwet
31.	Bagowal	60.	Ramgarh Paniali
32.	Bharthala	61.	Balachaur Ravidas Nagar
33.	Chandpur Rurki	62.	Ratewal Gaushalla Mohalla.
34.	Ghamour		
35.	Mehandpur Mander		

ਰਾਜ ਵਿਚ ਗਰੀਬਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਸਕੀਮ ਅਧੀਨ ਦਿੱਤੀ ਗਈ ਸਹਾਇਤਾ

*750. **ਸਰਦਾਰ ਮਹਿੰਦਰ ਸਿੰਘ ਸਰੂਪਵਾਲੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗਰੀਬਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਸਕੀਮ ਅਧੀਨ ਜ਼ਿਲ੍ਹਾ ਗੁਰਦਾਸਪੁਰ ਵਿਚ ਜਨਵਰੀ, 1979 ਤੋਂ ਜਨਵਰੀ, 1980 ਤੱਕ ਦੇ ਸਮੇਂ ਦੇ ਦੌਰਾਨ ਕਿੰਨੇ ਵਿਅਕਤੀਆਂ ਨੂੰ ਸਹਾਇਤਾ ਦਿੱਤੀ ਗਈ ?

ਸਰਦਾਰ ਦਰਬਾਰਾ ਸਿੰਘ : ਜਨਵਰੀ, 1979 ਤੋਂ ਜਨਵਰੀ, 1980 ਤੱਕ ਦੇ ਸਮੇਂ ਦੌਰਾਨ ਗਰੀਬਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦੇਣ ਦੀ ਸਕੀਮ ਅਧੀਨ ਗੁਰਦਾਸਪੁਰ ਜ਼ਿਲ੍ਹੇ ਵਿਚੂ 44 ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਗਈ ।

ARRESTS OF PERSONS IN THE STATE

*339. **Master Babu Singh** : Will the Chief Minister be pleased to state the total number of persons arrested in the State, district-wise, during the recent student agitation in the month of November, 1980 under various provisions of the Indian Penal Code ?

ਸਰਦਾਰ ਦਰਬਾਰਾ ਸਿੰਘ : ਵਿਦਿਆਰਥੀ ਅੰਦੋਲਨ ਦੇ ਸਬੰਧ ਵਿਚ ਨਵੰਬਰ, 1980 ਦੇ ਦੌਰਾਨ ਕੁਲ 410 ਵਿਅਕਤੀ ਗ੍ਰਿਫਤਾਰ ਕੀਤੇ ਗਏ । ਉਨ੍ਹਾਂ ਵਿਚੋਂ 177 ਹਿੰ: ਡੰ: ਦੇ ਅਧੀਨ ਜਦੋਂ ਕਿ ਬਾਕੀ 233 ਵਿਅਕਤੀ 107/151 ਜ਼ਾਬਤਾ ਫੌਜਦਾਰੀ ਦੇ ਅਧੀਨ ਗ੍ਰਿਫਤਾਰ ਕੀਤੇ ਗਏ । ਇਨ੍ਹਾਂ ਦਾ ਜ਼ਿਲ੍ਹਾਵਾਰ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ :

District wise Details of arrests during the month of November, 1980.

Sr. No.	District		Total arrest	IPC	107/151 Cr. P.C.
1.	Amritsar	..	46	46	—
2.	Bhatinda	..	55	—	55
3.	Ferozepur	..	6	6	—
4.	Faridkot	..	37	12	25
5.	Gurdaspur	..	—	—	—
6.	Hoshiarpur	..	136	27	109
7.	Jullundur	..	50	22	28
8.	Kapurthala	..	—	—	—
9.	Ludhiana	..	8	8	—
10.	Patiala	..	41	41	—
11.	Rupar	..	2	2	—
12.	Sangrur	..	29	13	16
	Total	..	410	177	233

AMOUNT SPENT ON THE SEWERAGE SCHEME OF MUNICIPAL COMMITTEE MAJITHA

*647. **Sardar Parkash Singh Majitha** : Will the Minister for Finance be pleased to state the amount spent by the Municipal Committee, Majitha on the Sewerage Scheme approved by it in the year 1961 together with the grant sanctioned by the Government for the purpose ?

ਡਾਕਟਰ ਕੇਵਲ ਕ੍ਰਿਸ਼ਨ : ਰਾਜ ਸਰਕਾਰ ਵੱਲੋਂ 5,45,945/-ਰੁਪਏ ਦੀ ਗਰਾਂਟ ਦਿੱਤੀ ਗਈ ਸੀ, ਜਿਸ ਵਿਚੋਂ 3,70,536/- ਰੁਪਏ ਇਸ ਸਕੀਮ ਤੇ ਖਰਚ ਕੀਤੇ ਜਾ ਚੁੱਕੇ ਹਨ ।

STARRED QUESTION NO. 780

[EXTENSION WAS ASKED FOR IN RESPECT OF STARRED QUESTION No. 780*)

METALLING OF ROADS/LINK ROADS IN THE VERKA ASSEMBLY CONSTITUENCY

*814. 1. **Comrade Sohan Singh**
2. **Comrade Saghar Singh** : Will the Chief Minister be pleased to state the time by which the following roads/link roads in the Verka Assembly Constituency are likely to be metalled:—

1. Jabbowal to Sarja.
2. Serja to Jodha Nagri.
3. Serja to Deriwala.
4. Tarsikka to Sadhpur Chogawan.
5. Khairanbad link road.
6. Balas Chander link road.
7. Laharka to Gurdwara Reru Sahib.

Sardar Darbara Singh : Link roads mentioned at Serial No. 1, 2,3,5 & 6 have been metalled.

There is no proposal to construct link roads mentioned at Serial No. 4 and 7.

*For Starred Question No. 780 and reply thereto, please see Appendix to this Debate.

SHIFTING OF PRESENT BUS STAND AT SAMRALA TO SOME OTHER PLACE

*751. **Sardar Karam Singh Gill** : Will the Chief Minister be pleased to state whether there is any proposal under consideration of Government to shift the present bus stand at Samrala to some other place; if so, the site selected for the purpose; and the time by which the bus stand is likely to be shifted ?

ਸਰਦਾਰ ਦਰਬਾਰਾ ਸਿੰਘ : ਹਾਂ ਜੀ. ਜਗ੍ਹਾ ਦਾ ਚੁਨਾਵ ਕੀਤਾ ਜਾ ਰਿਹਾ ਹੈ । ਸਟੈਂਡ ਜਲਦੀ ਹੀ ਨਵੀਂ ਜਗ੍ਹਾ ਤੇ ਜ਼ਮੀਨ ਉਪਲੱਬਦ ਹੋ ਜਾਣ ਤੇ ਬਦਲ ਦਿੱਤਾ ਜਾਵੇਗਾ ਅਤੇ ਮੁਢਲੀ ਉਸਾਰੀ ਦਾ ਕੰਮ ਪੂਰਾ ਕੀਤਾ ਗਿਆ ਹੈ ।

FACILITIES TO THE INMATES IN LUDHIANA JAIL

*406. **Shri Om Parkash Gupta** : Will the Chief Minister be pleased to state:—

(a) the details of the amenities provided to the male and female inmates in the Ludhiana Jail during the years 1979 and 1980;

(b) whether the amenities so provided were in accordance with the Jail Manual ?

ਸਰਦਾਰ ਦਰਬਾਰਾ ਸਿੰਘ : ਸਾਲ 1979-80 ਵਿਚ ਲੁਧਿਆਣਾ ਜੇਲ੍ਹ ਦੇ ਮਰਦ ਤੇ ਇਸਤਰੀ ਕੈਦੀਆਂ ਨੂੰ ਦਿੱਤੀਆਂ ਸਹੂਲਤਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਜੀ ਹਾਂ ।

ANNEXURE

List of Amenities

(1) The prisoners are given daily food as per paras 917, 921, 923 (Chapter XXXVI) of the Punjab Jail Manual.

(2) They are given clothing as per paras 967 to 971 (Chapter XXXVIII) of the Punjab Jail Manual.

(3) They are given medical facilities by Medical Officer, if need be, specialised treatment is also given in the Civil Hospital outside.

(4) They are given facility of electric light at night for study.

(5) Pure and sufficient water for drinking and bath is provided according to their requirements.

(6) Every week, interview with their relatives and friends is allowed.

7) One post-card is allowed every week. If a prisoner does not want to take post-card, he is given and additioal interview with his relatives.

[Chief Minister]

(8) Tea is given twice a day.

(9) Vegetable ghee has been allowed in place of sarson oil.

(10) Interview is allowed with no double-gratings in between the prisoners and relatives.

(11) In case of emergency, like death or serious illness of the relative of the prisoner, he is allowed 15 days emergency parole by the Superintendent Jail without referring the case to Government.

(12) If a prisoner keeps good conduct in Jail, he is granted parole upto 6 weeks by the Government after obtaining opinion of the district authorities.

(13) If once a prisoner is allowed parole by the Government, second parole is allowed by the I. G. Prisons without getting opinion of the district authorities or referring the case to the Government.

(14) If a Prisioner keeps goods conduct for three years continuously, he is granted 21 days furlough which is counted towards sentence served, afterwards every year 15 days furlough is allowed in case he does not commit any jail offence.

(15) Those prisoners who perform full labour according to rules are paid gratuity at following rates.

Skilled	..	Rs. 1/- per day.
Semi-skilled	..	Rs. 0-60 ,,
Un-skilled	..	Rs. 0.50 ,,

(16) All the prisoners are allowed to heat their cooked food on 'angithies' provided for this purpose.

(17) All the prisoners are allowed to substantiate their food etc. from jail canteen opened in Jails upto Rs. 50/- per month.

(18) Every prisoner is allowed to visit Gurudwara or Mandir for their prayers recently provided in the Jails.

(19) During the season of summer, facility of fan is given in each barrack and cell.

(20) The pattern of Kurta has been changed. Now each prisoner is given Kurta wirh Coller like free man outside.

(21) All the prisoners are allowed to do exercise in the morning and in the evening.

(22) They are also allowed to play games like Badminton, Volley-ball, Kabaddi, Wrestling and also items of Athletics, according to their liking.

(23) On Festivals like Baisakhi, Dussehra and Dewali, they are allowed holiday and are given special dish like Halwa-Puri, Krah etc. from the canteen funds.

(24) Similarly on national days like Republic day or Independence Day, the prisoners are allowed special diet as mentioned above.

(25) On religious days, Shabad Kirtan or Bhajan Kirtan partiet are called from outside and all the prisioners are allowed to listen to the Shabad Kirtan and Bhajan Kirtan as the case may be.

(26) On national days Cultural Programme is also arranged through Radio Singers or through Artists available on payment from canteen funds.

(27) On Sangrand, i.e., 1st of every Bikrami month. Bhog of Guru Granth Sahab is performed and prisoners are allowed to attend Gurdwara or Mandir as the case may be, and parsad (Krah Prashad or Patasha) is distributed amongst them.

(28) Prisoners are allowed to see picture on T.V.

(29) Cinema Shows are also arranged through Public Relation Department.

(30. All prisones male and female are given training according to their choice in one of the industries run in the Jail.

(31) Children of female prisioners are allowed to remain with their mothers in the jail upto 6 years of age. The children were provided clothing and toys worth Rs. 700/- during 1979 and 1980.

(32) Children of females prisoners are given facilities of entertainment and games in the nursery attached with the jails.

(33) Prisoners are given adult education through a trained teacher.

(34) Prisoners are given facility of reading books from jail Library and are also provided facilities to read daily Newspapers and Periodicals.

UNSTARRED QUESTIONS AND ANSWERS

SERVICE RULES OF EMPLOYEES OF ECONOMIC AND STATISTICAL DEPARTMENT

113. (1) **Comrade Sohan Singh**
(2) **Comrade Sarwan Singh** : Will the Minister for Finance be pleased to state :—

(a) the names of the categories of the employees of the Economic and Statistical Department whose Service Rules have since been published;

(b) the remaining categories of the employees of the said Department whose Service Rules have not yet been published and the time by which those are likely to be published ?

ਡਾਕਟਰ ਕੇਵਲ ਕ੍ਰਿਸ਼ਨ : (ੲ) ਅਰਥ ਅਤੇ ਅੰਕੜਾ ਸੰਗਠਨ, ਪੰਜਾਬ, ਦੇ ਕਰਮਚਾਰੀਆਂ ਦੀਆਂ ਕੈਟੇਗਰੀਆਂ ਦੇ ਨਾਂ ਜਿਨ੍ਹਾਂ ਦੇ ਸੇਵਾ ਨਿਯਮ ਪ੍ਰਕਾਸ਼ਿਤ ਹੋ ਚੁੱਕੇ ਹਨ, ਹੇਠਾਂ ਦਰਸਾਏ ਜਾਂਦੇ ਹਨ—

ਦਰਜਾ-1

1. ਆਰਥਿਕ ਸਲਾਹਕਾਰ, ਪੰਜਾਬ।

2. ਡਾਇਰੈਕਟਰ।

[ਵਿੱਤ ਮੰਤਰੀ]

3. ਮੀਤ ਡਾਇਰੈਕਟਰ ।
4. ਉਪ ਅਰਥ ਤੇ ਅੰਕੜਾ ਸਲਾਹਕਾਰ

ਦਰਜਾ–2

1, ਉਚੇਰਾ ਖੋਜ ਅਫਸਰ
2. ਖੋਜ ਅਫਸਰ ।
3. ਜ਼ਿਲ੍ਹਾ ਅੰਕੜਾ ਅਫਸਰ

ਦਰਜਾ–3

1. ਸੁਪਰਡੈਂਟ ਗਰੇਡ-1
2. ਸੁਪਰਡੈਂਟ ਗਰੇਡ–3
3. ਸਹਾਇਕ
4. ਸੀਨੀਅਰ ਸਕੇਲ ਸਟੈਨੋਗਰਾਫਰ
5. ਜੂਨੀਅਰ ਸਕੇਲ ਸਟੈਨੋਗਰਾਫਰ
6. ਸਟੈਨੋ-ਟਾਈਪਿਸਟ
7. ਸੀਨੀਅਰ ਕਲਰਕ/ਕਲਰਕ
8. ਲਾਇਬਰੇਰੀਅਨ ।
9. ਆਰਟਿਸਟ-ਕਮ-ਡਰਾਫਟਸਮੈਨ
10. ਡਰਾਫਟਸਮੈਨ
11. ਟਰੇਸਰ
12. ਤਕਨੀਕੀ ਸਹਾਇਕ/ਸਕਰੂਟਨੀ ਇਨਸਪੈਕਟਰ
13. ਅੰਕੜਾ ਸਹਾਇਕ/ਇਨਵੈਸਟੀਗੇਟਰ/ਇਨਸਪੈਕਟਰ
14. ਖੇਤਰ ਸਹਾਇਕ ਗਰੇਡ-I ਅਤੇ II
15. ਗਣਕ
16. ਖੇਤੀ ਬਾੜੀ ਸਬ-ਇਨਸਪੈਕਟਰ
17. ਡਰਾਈਵਰ
18. ਜਿਲਦ ਸਾਜ਼ ।

(ਬੀ) ਅਰਥ ਤੇ ਅੰਕੜਾ ਸੰਗਠਨ, ਪੰਜਾਬ, ਦੇ ਕਰਮਚਾਰੀਆਂ ਦੀ ਕੇਵਲ ਇਕ ਕੈਟਾਗਰੀ ਸੀਨੀਅਰ ਆਰਟਿਸਟ, ਦਰਜਾ-2, ਨੂੰ ਪੰਜਾਬ ਅਰਥ ਅਤੇ ਅੰਕੜਾ ਸੰਗਠਨ ਦੇ (ਦਰਜਾ-II) ਦੇ ਨਿਯਮਾਂ ਵਿਚ ਸ਼ਾਮਲ ਕਰਨਾ ਹੈ । ਉਪਰੋਕਤ

ਰੂਲਾਂ ਵਿਚ ਇਸ ਆਸਾਮੀ ਨੂੰ ਸ਼ਾਮਲ ਕਰਨ ਬਾਰੇ ਕਾਰਵਾਈ ਛੇਤੀ ਕੀਤੀ ਜਾ ਰਹੀ ਹੈ ।

RULES OF VARIOUS CATEGORIES/SERVICES OF TRANSPORT DEPARTMENT

115. (1) **Comrade Sohan Singh**
(2) **Comrade Baldev Singh Loomba**
(3) **Comrade Raj Kumar**
(4) **Comrade Sarwan Singh**
: Will the Chief Minister be pleased to state :—

(a) the names of various categories/services of Transport Department whose service rules have been notified ;

(b) the categories of the department whose rules have yet to be finalised/published together with the time within which the same are likely to be finalised ?

ਸਰਦਾਰ ਦਰਬਾਰਾ ਸਿੰਘ : (ੳ) ਮੁੱਖ ਦਫ਼ਤਰ ਅਤੇ ਪੰਜਾਬ ਰੋਡਵੇਜ਼ ਦੀ ਕਲਾਸ-I II ਅਤੇ III ਲਈ ਰੂਲ ਹੇਠ ਲਿਖੇ ਅਨੁਸਾਰ ਨੋਟੀਫਾਈਡ ਕੀਤੇ ਜਾ ਚੁੱਕੇ ਹਨ :—

(1) ਕਲਾਸ-I ਰੂਲਜ਼ ਪੱਤਰ ਨੰ: ਜੀ. ਐਸ. ਆਰ./186/ਕੰਸਟ/ਆਰਟ 309/63, ਮਿਤੀ 18 ਜੁਲਾਈ, 1963 ।

(2) ਕਲਾਸ-II ਰੂਲਜ਼ ਪੱਤਰ ਨੰ: ਜੀ. ਐਸ. ਆਰ./199/ਕੰਸਟ/ਆਰਟ 309/63, ਮਿਤੀ 15 ਅਗਸਤ, 1963 ।

(3) ਕਲਾਸ-III ਰੂਲਜ਼ (ਮੁੱਖ ਦਫਤਰ) ਪੱਤਰ ਨੰ: ਜੀ. ਐਸ. ਆਰ./180/ਕੰਸਟ/ਆਰਟ 309/63, ਮਿਤੀ 3 ਜੁਲਾਈ, 1963 ।

(4) ਕਲਾਸ-III ਰੂਲਜ਼ (ਪੰਜਾਬ ਰੋਡਵੇਜ਼) ਪੱਤਰ ਨੰ: ਜੀ. ਐਸ. ਆਰ./54/ਕੰਸਟ/ਆਰਟ 309/77, ਮਿਤੀ 2 ਜੂਨ, 1977 ਨਿਮਨਲਿਖਤ ਕੈਟਾਗਰੀਆਂ ਲਈ :—

(1) ਪੰਜਾਬ ਰੋਡਵੇਜ਼ (ਵਰਕਸ਼ਾਪ) ਸਟੇਟ ਸਰਵਿਸਿਜ਼ ਕਲਾਸ-III ਰੂਲਜ਼, 1977 ।

(2) ਪੰਜਾਬ ਰੋਡਵੇਜ਼ (ਅਪਰੇਸ਼ਨਲ) ਸਟੇਟ ਸਰਵਿਸਿਜ਼ ਕਲਾਸ-III ਰੂਲਜ਼, 1977 ।

(3) ਪੰਜਾਬ ਰੋਡਵੇਜ਼ (ਮਨਿਸਟਰੀਅਲ) ਸਟੇਟ ਸਰਵਿਸਿਜ਼ ਕਲਾਸ-III ਰੂਲਜ਼, 1977 ।

[ਮੁੱਖ ਮੰਤਰੀ]

(ਅ) ਮਿਤੀ 1 ਫ਼ਰਵਰੀ, 1980 ਤੋਂ ਵਿਭਾਗ ਦੀ ਕਮਰਸ਼ੀਅਲ ਅਤੇ ਨਾਨ-ਕਮਰਸ਼ੀਅਲ ਵਿਚ ਵੰਡ ਹੋ ਜਾਣ ਕਾਰਨ ਕਲਾਸ-I, II ਅਤੇ III ਦੇ ਰੂਲ ਵਿਭਾਗ ਦੇ ਦੋਨਾਂ ਵਿੰਗਾਂ ਨੂੰ ਵੱਖਰੇ ਵੱਖਰੇ ਤੌਰ ਤੇ ਮੁੜ ਸੋਧਿਆ ਜਾਣਾ ਹੈ। ਸੋਧੇ ਹੋਏ ਰੂਲ ਦੇ ਖਰੜਿਆਂ ਨੂੰ ਪ੍ਰਸੋਨਲ ਅਤੇ ਏ. ਆਰ. ਵਿਭਾਗ, ਵਿੱਤ ਵਿਭਾਗ, ਅਤੇ ਲੋਕ ਸੇਵਾ ਕਮਿਸ਼ਨ ਅਤੇ ਕਾਨੂੰਨੀ ਮਸ਼ੀਰ ਦੀ ਰਾਏ ਨਾਲ ਵਿਚਾਰਿਆ ਜਾ ਰਿਹਾ ਹੈ। ਰੂਲਾਂ ਨੂੰ ਨੇਪਰੇ ਚੜ੍ਹਾਉਣ ਦਾ ਤਰੀਕਾ ਬਹੁਤ ਲੰਬਾ ਹੈ, ਇਸ ਲਈ ਇਨ੍ਹਾਂ ਸਬੰਧੀ ਕੋਈ ਨਿਸਚਿਤ ਸਮਾਂ ਨਹੀਂ ਦਿੱਤਾ ਜਾ ਸਕਦਾ। ਜਿਨ੍ਹਾਂ ਕੈਟਾਗਰੀਜ਼ ਦੀਆਂ ਆਸਾਮੀਆਂ ਮੌਜੂਦਾ ਰੂਲਾਂ ਦੀ ਨੋਟੀਫ਼ਿਕੇਸ਼ਨ ਤੋਂ ਬਾਅਦ ਰਚੀਆਂ ਗਈਆਂ, ਨੂੰ ਸੋਧੇ ਹੋਏ ਰੂਲਾਂ ਵਿਚ ਸ਼ਾਮਲ ਕਰ ਲਈਆਂ ਜਾਣਗੀਆਂ

ਫਿਰ ਵੀ ਹੁਣ ਤਕ ਉਪਰ ਦਿੱਤੇ I, II ਅਤੇ III ਤੇ ਦਿੱਤੇ ਰੂਲ ਹੀ ਕਮਰਸ਼ੀਅਲ ਵਿੰਗ ਅਤੇ ਨਾਨ-ਕਮਰਸ਼ੀਅਲ ਵਿੰਗ ਵਿਚ ਲਾਗੂ ਹੁੰਦੇ ਹਨ।

RULES OF VARIOUS SERVICES OF IRRIGATION DEPARTMENT

116. (1) **Comrade Sohan Singh**
(2) **Master Babu Singh**
(3) **Comrade Sarwan Singh**
(4) **Comrade Raj Kumar**
(5) **Comrade Kulwant Singh**

: Will the Chief Minister be pleased to state :—

(a) the names of various services of Irrigation Department whose service rules have been published/notified ;

(b) the names of categories whose service rules have yet to be finalised and the time by which the same are likely to be notified ?

ਸਰਦਾਰ ਦਰਬਾਰਾ ਸਿੰਘ : (ੳ) ਅਤੇ (ਅ) ਸੂਚਨਾ ਅਨੁਲਗ 'ਏ' ਅਤੇ 'ਬੀ' ਵਿਚ ਦਿੱਤੀ ਗਈ ਹੈ। ਸਵਾਲ ਦੇ ਪੈਰਾ 'ਬੀ' ਵਿਚ ਦਰਸਾਈਆਂ ਗਈਆਂ ਸਬੰਧਤ ਸ਼੍ਰੇਣੀਆਂ ਦੇ ਨਿਯਮ ਵਿਚਾਰ ਅਧੀਨ ਹਨ। ਇਨ੍ਹਾਂ ਨੂੰ ਅੰਤਮ ਰੂਪ ਦੇਣ ਵਾਸਤੇ ਕੋਈ ਨਿਸ਼ਚਿਤ ਸਮਾਂ ਦੱਸਣਾ ਸੰਭਵ ਨਹੀਂ ਹੈ।

APPENDIX 'A'

(a) The categories of employees of Irrigation Department whose service rules have been published/Notified are as under :—

1. Punjab P.W.D. Irrigation Branch, Head Office Superintendent (State Service Class II Rules, 1965).

2. Punjab P.W.D. I.B. Head Office Clerical State Service Class III Rules 1965 (Represents Superintendents Grade III, Assistants, Cashier, Senior Scale Stenos, Junior Scale Stenos, Steno typists, Clerks, Restorers and Photedars.)

3. Punjab P.W.D. I.B. Head Office Drivers (State Service Class III Rules 1965).

4. Punjab P.W.D. I.B. Head Office Punjab State Services Class IV Rules, 1963 (Represents all Class IV employees).

5. The Punjab Service of Engineer Class I P.W.D. Irrigation Branch Rules, 1964.

6. Punjab Service of Engineer Class II Rules (P.W.D. Irrigation Branch).

7. Punjab Irrigation Research Class I Service Rules 1963.

8. Punjab Irrigation Research Class II Service Rules, 1963.

9. The Punjab Public Works Department (Irrigation Branch Deputy Collectors State Services Class II Rules, 1965).

10. Punjab Public Works Department (Irrigation Branch) Circles Clerical State Service Class-III Rules, 1955, (Represents Circle Superintendents, Circle Revenue Clerks, Divisional Head Clerks, Accounts Clerks, Sub-Divisional Clerks and Assistant Clerks).

11. Punjab Public Works Department (Irrigation Br.) Research Assistants State Service Class III Rules, 1956.

12. Punjab Public Works Department (Irrigation Branch) Silt Observers and Silt Analysts State Service Class III Rules, 1965.

13. Punjab Public Works Department (Irrigation Branch) Zilladars State Service Class-III Rules, 1965.

14. Punjab Public Works Department (Irrigation Branch) Revenue Clerk State Service Class-III Rules, 1956 (Represents) Assistant Revenue Clerks, Revenue Clerks and Head Revenue Clerks.

15. Punjab Public Works Department (Irrigation Branch) Signallers State Service Class III Rules, 1955.

16. Punjab Public Works Department (Irrigation Branch) Patwaries State Service Class III Rules, 1956.

17. Punjab Public Works Department (Irrigation Branch) Storekeepers State Service Class III Rules, 1955.

18. Punjab Subordinate Service Class IV Rules, 1955.

19. The Punjab Public Works Department (Irrigation Branch) Drafstman and Tracer State Services Class III Rules, 1960.

20. Punjab Public Works Department (Irrigation Branch) Overseers Engineering State Service Class II Rules, 1956.

[ਮੁੱਖ ਮੰਤਰੀ]

APPENDIX 'B'

Categories of posts the service rules of which have not been finalised so far.

1. Foreman
2. Mechanic
3. Blacksmith
4. Turner
5. Welder
6. Electrician
7. Carpenter
8. Work-Mistry
9. Berth Work-Mistry
10. Gangman
11. Chargeman
12. Boatman
13. Foreman Special
14. Cleaner
15. Pump Operator
16. Head Jamadar
17. Regulation Beldar
18. Gauge Reader
19. Fitter
20. Fitter Steel Structure
21. Regulation Jamadar
22. Telephone Attendent
23. Canal Petrol
24. Laboratory Attendent
25. Assistant Laboratory Attendent
26. Tubewell Operators
27. Pump Driver
28. Artificer
29. Computor
30. Photographer
31. Meter Feader
32. Permit Inspector
33. Duplicate Operator
34. Surveyors
35. Legal Assistants

ਜਨ ਸਿਹਤ ਵਿਭਾਗ ਦੇ ਕਰਮਚਾਰੀਆਂ ਦੀਆਂ ਸ੍ਰੇਣੀਆਂ/ਸੇਵਾਵਾਂ

117. (1) ਕਾਮਰੇਡ ਸੋਹਣ ਸਿੰਘ
(2) ਮਾਸਟਰ ਬਾਬੂ ਸਿੰਘ
(3) ਕਾਮਰੇਡ ਸਰਵਣ ਸਿੰਘ
(4) ਕਾਮਰੇਡ ਰਾਜ ਕੁਮਾਰ
(5) ਕਾਮਰੇਡ ਕੁਲਵੰਤ ਸਿੰਘ

: ਕੀ ਮੁੱਖ ਮੰਤਰੀ ਜੀ ਕ੍ਰਿਪਾ ਕਰਕੇ ਦੱਸਣਗੇ ਕਿ :—

(ੳ) ਜਨ ਸਿਹਤ ਵਿਭਾਗ ਵਿਚ ਕੰਮ ਕਰਦੇ ਕਰਮਚਾਰੀਆਂ ਦੀਆਂ ਸ੍ਰੇਣੀਆਂ ਦੇ ਨਾਮ ਜਿਨ੍ਹਾਂ ਦੇ ਸੇਵਾ ਨਿਯਮਾਂ ਨੂੰ ਅੰਤਮ ਰੂਪ ਅਤੇ ਨੋਟੀਫਾਈਡ ਕੀਤਾ ਜਾ ਚੁੱਕਾ ਹੈ;

(ਅ) ਇਹ ਵਿਭਾਗ ਵਿਚ ਕੰਮ ਕਰਦੇ ਕਰਮਚਾਰੀਆਂ ਦੀਆਂ ਸ੍ਰੇਣੀਆਂ ਜਿਨ੍ਹਾਂ ਦੇ ਸੇਵਾ ਨਿਯਮਾਂ ਨੂੰ ਹਾਲੇ ਤੱਕ ਅੰਤਮ ਰੂਪ ਨਹੀਂ ਦਿੱਤਾ ਗਿਆ ।

ਸਰਦਾਰ ਦਰਬਾਰਾ ਸਿੰਘ : (ੳ) 1. ਪੰਜਾਬ ਸਰਵਿਸ ਆਫ਼ ਇੰਜੀਨੀਅਰਜ਼ ਸ਼੍ਰੇਣੀ ਪਹਿਲੀ, ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ)।

2. ਪੰਜਾਬ ਸਰਵਿਸ ਆਫ਼ ਇੰਜੀਨੀਅਰਜ਼ ਸ੍ਰੇਣੀ ਦੂਜੀ, ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ)।

(ਅ) 1. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਸਰਵਿਸਿਜ਼ ਆਫ਼ ਕੈਮਿਸਟ ਸ੍ਰੇਣੀ ਦੂਜੀ।

2. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਮੁੱਖ ਇੰਜੀਨੀਅਰ ਦਾ ਦਫ਼ਤਰ ਸਰਵਿਸ ਆਫ਼ ਰਜਿਟਰਾਰ ਅਤੇ ਸੁਪਰਡੰਟ ਸ੍ਰੇਣੀ ਦੂਜੀ।

3. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਸੈਕਸ਼ਨਲ ਆਫ਼ੀਸਰਜ਼ (ਇੰਜੀਨੀਅਰਜ਼) ਸਟੇਟ ਸੇਵਾ ਸ੍ਰੇਣੀ ਤੀਜੀ ਨਿਯਮ।

4. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਡਰਾਫਟਸਮੈਨ ਅਤੇ ਟਰੇਸਰਜ਼ ਸਟੇਟ ਸੇਵਾ ਸ੍ਰੇਣੀ ਤੀਜੀ ਨਿਯਮ।

5. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਮੁੱਖ ਇੰਜੀਨੀਅਰ, ਦਾ ਦਫ਼ਤਰ (ਸ੍ਰੇਣੀ ਤੀਜੀ—ਮਨਿਸਟੀਰੀਅਲ) ਸੇਵਾ ਨਿਯਮ।

6. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਹਲਕਾ) ਮਨਿਸਟੀਰੀਅਲ ਅਮਲਾ ਸਟੇਟ ਸੇਵਾ ਸ੍ਰੇਣੀ ਤੀਜੀ ਨਿਯਮ।

7. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਸਟੇਟ ਸੇਵਾ ਆਫ਼ ਟੈਕਨੀਸ਼ੀਅਨਜ਼।

8. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਸਟੇਟ ਸਰਵਿਸ ਆਫ਼ ਸਹਾਇਕ ਕਮਿਸ਼ਟ ਅਤੇ ਲਬਾਰੇਟਰੀ ਸਹਾਇਕ ਸ੍ਰੇਣੀ ਤੀਜੀ।

9. ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਸਟੇਟ ਸਰਵਿਸਿਜ਼ ਆਫ਼ ਸਰਵੇਅਰ ਸ੍ਰੇਣੀ ਤੀਜੀ।

SERVICE RULES OF THE SCHOOL LABORATORY STAFF

114. **Comrade Buta Singh** : Will the Minister for Education be pleased to state :—

(a) whether the service rules of the School Laboratory staff have been published;

(b) if the reply to part (a) above be in the negative, the reason therefor and the time by which the said rules are likely to be published ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਜੀ ਨਹੀਂ। ਇਨ੍ਹਾਂ ਨੂੰ ਪੰਜਾਬ ਸਟੇਟ (ਕਲਾਸ ਫੋਰ) ਸਰਵਿਸ ਰੂਲਜ਼, 1963 ਹੀ ਲਾਗੂ ਹੁੰਦੇ ਹਨ।

(ਅ) 'ੳ' ਨੂੰ ਮੁੱਖ ਰੱਖਦੇ ਹੋਏ ਸਵਾਲ ਪੈਦਾ ਨਹੀਂ ਹੁੰਦਾ।

ਸ੍ਰੀ ਸਪੀਕਰ : ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਪਹਿਲਾਂ ਇਹ ਫੈਸਲਾ ਕਰ ਲਿਆ ਜਾਵੇ ਕਿ ਅੱਜ ਸਦਨ ਕਿੰਨੇ ਵਜੇ ਤੱਕ ਚਲਣਾ ਹੈ ? ਕੀ ਇਹ ਸਾਢੇ ਛੇ ਵਜੇ ਤੱਕ ਚਲਣਾ ਹੈ ਜਾਂ 7 ਵਜੇ ਤੱਕ ਚਲਣਾ ਹੈ ?

ਸਰਦਾਰ ਬਸੰਤ ਸਿੰਘ ਖਾਲਸਾ : ਬੇਸ਼ੱਕ ਹੁਣੇ ਹੀ ਛੁੱਟੀ ਕਰ ਦਿਉ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਪ੍ਰੈਕਟਿਸ ਦਸਦੀ ਹੈ ਕਿ ਫੈਸਲਾ ਕਰਕੇ ਫਿਰ ਉਸਨੂੰ ਬਦਲਿਆ ਜਾਂਦਾ ਹੈ। ਹੁਣ ਬਿਜਲੀ ਬੋਰਡ ਤੇ ਬਹਿਸ ਕਟੀਨਿਊ ਕਰਨੀ ਹੈ, ਇਸ ਸਿਟਿੰਗ ਵਿਚ। ਫਿਰ ਪਪਸ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਐਡਮਨਿਸਟਰੇਸ਼ਨ ਰਿਪੋਰਟ ਤੇ ਬਹਿਸ ਹੋਣੀ ਹੈ। ਸਪੀਕਰ ਸਾਹਿਬ, ਤੁਸੀਂ ਆਪ ਹੀ ਇਹ ਫੈਸਲਾ ਕੀਤਾ ਸੀ। ਹੁਣ ਤੁਸੀਂ ਕਿਉਂ ਇਸ ਫੈਸਲੇ ਨੂੰ ਬਦਲ ਰਹੇ ਹੋ। ਅੱਜ ਹਾਊਸ ਨੇ ਸਾਢੇ 8 ਵਜੇ ਤੱਕ ਚਲਣਾ ਹੈ। (ਵਿਘਨ) (ਸ਼ੋਰ) ਤੁਸੀਂ ਤਾਂ ਇਵੇਂ ਕਰ ਰਹੇ ਹੋ ਕਿ ਜਿਸ ਤਰ੍ਹਾਂ ਪਹਿਲਾਂ ਸਕੂਲ ਵਿਚ ਏ.ਡੀ.ਆਈ., ਆਉਂਦਾ ਹੁੰਦਾ ਸੀ ਤਾਂ ਸਕੂਲ ਵਿਚ ਬੱਚਿਆਂ ਨੂੰ ਛੁੱਟੀ ਹੋ ਜਾਂਦੀ ਸੀ। ਇਸ ਲਈ ਕੀ ਤੁਸੀਂ ਅੱਜ ਇਸ ਕਰਕੇ ਤਾਂ ਹੁਣੇ ਨਹੀਂ ਛੁੱਟੀ ਕਰਨਾ ਚਾਹੁੰਦੇ ਕਿ ਇਥੇ ਲੋਕ ਸਭਾ ਦੇ ਸਪੀਕਰ ਆਏ ਹਨ। ਸਪੀਕਰ ਸਾਹਿਬ, ਨਾ ਤਾਂ ਇਹ ਬੱਚਿਆਂ ਦਾ ਸਕੂਲ ਹੈ ਅਤੇ ਨਾ ਇਥੇ ਕੋਈ ਏ.ਡੀ.ਆਈ., ਆਇਆ ਹੈ। (ਵਿਘਨ) (ਸ਼ੋਰ) ਐਨਾ ਖ਼ਰਚ ਕਰਕੇ ਰਿਪੋਟਾਂ ਤਿਆਰ ਕੀਤੀਆਂ ਜਾਂਦੀਆਂ ਹਨ। ਬਿਜਲੀ ਬੋਰਡ ਤੇ ਡਿਸਕਸ਼ਨ ਹੋਣੀ ਹੈ ਅਤੇ ਫਿਰ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਐਡਮਨਿਸਟਰੇਸ਼ਨ ਰਿਪੋਰਟ ਤੇ ਡਿਸਕਸ਼ਨ ਹੋਣੀ ਹੈ। (ਵਿਘਨ) ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਰਦਾਰ ਅਮਰ ਸਿੰਘ ਨੇ ਇਕ ਪ੍ਰਿਵਲਿਜ ਮੋਸ਼ਨ ਦਿੱਤਾ ਸੀ। ਤੁਸੀਂ ਉਸ ਬਾਰ ਕੋਈ ਫੈਸਲਾ ਨਹੀਂ ਦਿੱਤਾ ਕਿ ਉਹ ਠੀਕ ਹੈ ਜਾਂ ਨਹੀਂ ਜਾਂ ਤੁਸੀਂ ਉਸ ਨੂੰ ਐਗਜ਼ਾਮਿਨ ਕਰ ਰਹੇ ਹੋ। (ਵਿਘਨ) ਉਸ ਨੇ ਪੁਆਇੰਟ ਆਫ ਆਰਡਰ ਰੇਜ਼ ਕੀਤਾ ਸੀ, ਪਰ ਤੁਸੀਂ ਉਸ ਨੂੰ ਸੁਣਿਆਂ ਨਹੀਂ।

ਸ੍ਰੀ ਸਪੀਕਰ : ਉਨ੍ਹਾਂ ਦੀ ਪ੍ਰਿਵਲਿਜ਼ ਮਸ਼ਨ ਮਰ ਸਾਹਮਣ ਨਹੀਂ ਆਈ।

ਕਾਮਰੇਡ ਅਮਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੜ੍ਹ ਦਿੰਦਾ ਹਾਂ। (ਵਿਘਨ) ਕੀਰਤੀ ਸ਼ਰਮਾ ਪ੍ਰੋਫੈਸਰ ਆਯੁਰਵੈਦਿਕ ਕਾਲਜ, ਪਟਿਆਲਾ ਨੇ 31 ਦਸੰਬਰ, 1979 ਤੋਂ 11 ਜਨਵਰੀ, 1980 ਤੱਕ ਛੁੱਟੀ ਲਈ, ਮੁੜ 16 ਫਰਵਰੀ, 1980 ਤੱਕ ਵਧਾਉਣ ਲਈ ਬੇਨਤੀ ਕੀਤੀ, ਉਸ ਤੋਂ ਬਾਅਦ ਗੈਰ ਹਾਜ਼ਰ ਹੈ। ਇਸ ਬਾਰੇ ਸਿਹਤ ਸਕੱਤਰ ਨੇ ਪੱਤਰ ਮਿਤੀ 18 ਅਗੱਸਤ 1980 ਨੂੰ ਸ੍ਰੀ ਕੀਰਤੀ ਸ਼ਰਮਾ ਨੂੰ ਪੱਤਰ ਜਾਰੀ ਕੀਤਾ ਕਿ ਉਹ ਗੈਰ ਹਾਜ਼ਰ ਹੈ ਅਤੇ ਕਿਉਂ ਨਾ ਉਸ ਵਿਰੁੱਧ ਕਾਰਵਾਈ ਕੀਤੀ ਜਾਵੇ। ਸਕੱਤਰ ਸਿਹਤ ਵਲੋਂ ਜਾਰੀ ਕੀਤੀ ਚਾਰਜਸ਼ੀਟ ਵਿਚ ਕਿਹਾ ਹੈ ਕਿ 16 ਫਰਵਰੀ 1980 ਤੋਂ ਬਾਅਦ ਗੈਰ ਹਾਜ਼ਰ

ਹੋਣ ਕਰਕੇ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਕੇ ਉਹ ਗੰਭੀਰ ਹੈ। ਇਸ ਲਈ ਸਿਹਤ ਮੰਤਰੀ ਨੇ ਗਲਤ ਉਤਰ ਦੇ ਕੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ, ਜਿਸ ਕਾਰਨ ਸਾਡਾ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਤਾ ਸਵੀਕਾਰ ਕਰਕੇ ਵਿਸ਼ੇਸ਼ ਅਧਿਕਾਰਾਂ ਦੀ ਕਮੇਟੀ ਨੂੰ ਸੌਂਪਣਾ ਚਾਹੀਦਾ ਹੈ। ਮੇਰੇ ਪਾਸ ਫੋਟੋ-ਸਟੇਟ ਕਾਪੀਆਂ ਹਨ।

ਸ੍ਰੀ ਸਪੀਕਰ : ਇਹ ਮੈਂ ਦੇਖਾਂਗਾ। I will examine it. (ਵਿਘਨ) ਹੁਣ ਹਾਊਸ ਦੀ ਕੰਸੈਂਸਿਜ਼ ਲੈ ਲੈਣ ਦਿਓ। ਖਾਲਸਾ ਜੀ ਨੇ ਕਿਹਾ ਸੀ ਕਿ ਹੁਣੇ ਛੁੱਟੀ ਕਰ ਦਿਓ। ਕਾਮਰੇਡ ਰਾਜ ਕੁਮਾਰ ਨੇ ਕਿਹਾ ਸੀ ਕਿ ਡਿਸਕਸ਼ਨ ਹੋ ਜਾਵੇ।

ਸਰਦਾਰ ਪ੍ਰਿਥੀਪਾਲ ਸਿੰਘ : ਸਾਡੇ ਵਲੋਂ ਹੁਣੇ ਖਤਮ ਕਰ ਦਿਓ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਜੇ ਛੇ ਵਜੇ ਡਿਸਕਸ਼ਨ ਖਤਮ ਹੋ ਗਈ ਤਾਂ 6 ਵਜੇ ਹਾਊਸ ਐਡਜਰਨ ਹੋ ਜਾਵੇਗਾ। (ਵਿਘਨ) ਸਰਦਾਰ ਪ੍ਰਿਥੀਪਾਲ ਸਿੰਘ ਹੋਰੀਂ ਕਹਿੰਦੇ ਹਨ ਕਿ ਹੁਣੇ ਛੁੱਟੀ ਕਰ ਦਿਉ। ਡਾਕਟਰ ਸਾਹਿਬ ਨੇ ਅੱਜ ਸ਼ਾਮ ਨੂੰ $6\frac{1}{2}$ ਵਜੇ ਮਨੋਰੰਜਨ ਪ੍ਰੋਗਰਾਮ ਦੇਣਾ ਹੈ, ਇਸ ਲਈ ਹਾਊਸ 6 ਵਜੇ ਐਡਜਰਨ ਹੋ ਜਾਵੇਗਾ।

DISCUSSION ON THE ANNUAL FINANCIAL STATEMENT (BUDGET ESTIMATES) OF THE PUNJAB STATE ELECTRICITY BOARD FOR THE YEAR 1980-81 (VOLUME I & II)

(*Resumption*)

Mr. Speaker : Now the House will resume discussion on the Annual Financial Statement (Budget Estimates) of the Punjab State Electricity Board for the year 1980 81 (Volumes I & II).

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਮੰਜੂ ਬਾਲਾ ਦੇ ਬਾਰੇ ਕਿਹਾ ਸੀ। (ਵਿਘਨ) ਸੀ.ਐਮ. ਨੇ ਕੋਈ ਸਟੇਟਮੈਂਟ ਨਹੀਂ ਦਿਤੀ। (ਵਿਘਨ) ਉਨ੍ਹਾਂ ਨੇ ਕਿਹਾ ਸੀ ਕਿ ਮੈਂ ਇਨਕੁਆਇਰੀ ਕਰਕੇ ਸਟੇਟਮੈਂਟ ਦਿਆਂਗਾ। ਤੁਸੀਂ ਉਨ੍ਹਾਂ ਨੂੰ ਕਹੋ ਕਿ ਉਹ ਇਸ ਬਾਰੇ ਸਟੇਟਮੈਂਟ ਦੇਣ।

ਕਾਮਰੇਡ ਰਾਜ ਕੁਮਾਰ : ** ** **

ਸ੍ਰੀ ਸਪੀਕਰ : ਜੋ ਕੁਝ ਹਾਊਸ ਵਿਚ ਕਿਹਾ ਸੀ, ਉਹ ਮੈਂ ਐਕਸਪੰਜ ਕਰ ਦਿੱਤਾ ਸੀ ਸਿਵਾਏ ਸੀ. ਐਮ. ਸਾਹਿਬ ਦੀ ਸਟੇਟਮੈਂਟ ਦੇ। (ਵਿਘਨ) (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਤੁਸੀਂ ਹਾਊਸ ਦੀ ਮਰਿਆਦਾ ਨੂੰ ਸਾਹਮਣੇ ਰੱਖ ਕੇ ਕਹਿ ਦਿੱਤਾ ਸੀ ਕਿ ਜੋ ਕੁਝ ਇਧਰੋਂ ਕਿਹਾ ਗਿਆ ਸੀ ਜਾਂ ਉਧਰੋਂ ਕਿਹਾ ਗਿਆ ਸੀ, ਉਹ ਸਾਰਾ ਐਕਸਪੰਜਡ ਹੈ। ਮੈਂ ਸਿਰਫ ਇਤਨੀ ਬੇਨਤੀ ਕੀਤੀ ਸੀ ਕਿ ਹਾਊਸ ਵਿਚ ਅਸੀਂ ਮਰਿਆਦਾ ਨੂੰ ਕਾਇਮ ਰਖੀਏ ਅਤੇ ਉਹ ਗੱਲ ਕਰੀਏ ਜਿਸ ਦੇ ਨਾਲ ਜ਼ਿਆਦਾ ਤੱਲਖੀ ਨਾ ਵਧੇ। ਕਿਸੇ ਨੇ ਕੋਈ ਲਿਖ ਕੇ ਦੇਣਾ ਹੈ ਉਹ ਦੇ ਦੇਵੇ, ਉਸ ਦੀ ਇਨਕੁਆਰੀ ਹੋ ਜਾਵੇਗੀ। ਕਾਮਰੇਡ ਰਾਜ ਕੁਮਾਰ ਜੀ ਸ਼ਾਇਦ ਉਸ ਵੇਲੇ ਹਾਜ਼ਰ ਨਹੀਂ ਸੀ।

**Expunged as ordered by the Chair.

ਕਾਮਰੇਡ ਰਾਜ ਕੁਮਾਰ: ਮੈਂ ਤੁਹਾਡੀ ਵੀ ਸਪੀਚ ਸੁਣੀ ਹੈ ਅਤੇ ਡਾਕਟਰ ਸਾਹਿਬ ਦੀ ਵੀ ਸੁਣੀ ਹੈ।

ਮੁੱਖ ਮੰਤਰੀ: ਡਾਕਟਰ ਸਾਹਿਬ ਨੇ ਕਿਹਾ ਹੋਵੇ ਜਾਂ ਕਿਸੇ ਨੇ ਵੀ ਕਿਹਾ ਹੋਵੇ—

All was just expunged by your honour. I only requested that we should keep good and healthy conventions here. Conventions are always good.

Mr. Speaker: Whatever has been said about this stands expunged.

ਜਿਸ ਕਿਸੇ ਨੂੰ ਕੋਈ ਇਨਫਰਮੇਸ਼ਨ ਹੈ, ਜੋ ਉਸ ਨੇ ਭਰਿਸ਼ਟਾਚਾਰ ਦੇ ਮੁਤੱਲਕ ਕੋਈ ਸ਼ਿਕਾਇਤ ਕਰਨੀ ਹੈ ਤਾਂ ਮੁੱਖ ਮੰਤਰੀ ਜੀ ਨੂੰ ਆਪਣੀ ਸ਼ਿਕਾਇਤ ਦੇ ਦੇਣ ਔਰ ਮੁੱਖ ਮੰਤਰੀ ਜੀ ਨੇ ਹਾਊਸ ਨੂੰ ਐਸ਼ੋਰੈਂਸ ਦਿਵਾਈ ਹੈ ਕਿ ਉਸ ਦੀ ਇਨਕੁਆਇਰੀ ਹੋਵੇਗੀ।

ਸਰਦਾਰ ਦਲੀਪ ਸਿੰਘ ਪਾਂਧੀ: ਸਰ, ਕਾਲ ਅਟੈਨਸ਼ਨ ਮੋਸ਼ਨ ਦਿੱਤੀ ਹੋਈ ਹੈ।

ਸ੍ਰੀ ਸਪੀਕਰ: ਉਹ ਅੰਡਰ ਐਗਜ਼ਾਮੀਨੇਸ਼ਨ ਹੈ।

ਸਰਦਾਰ ਦਲੀਪ ਸਿੰਘ ਪਾਂਧੀ: ਸਰ, ਮੰਜੂ ਬਾਲਾ ਦੇ ਕੇਸ ਬਾਰੇ ਵੀ ਮੈਂ ਕਿਹਾ ਸੀ ਉਸ ਦੇ ਬਾਰੇ ਵੀ ਇਹ ਦੱਸ ਦੇਣ

ਮੁੱਖ ਮੰਤਰੀ: ਮੈਨੂੰ ਸਮਝ ਨਹੀਂ ਆਈ ਕਿ ਤੁਸੀਂ ਇਸ ਗੱਲ ਦੇ ਕਿਉਂ ਇਤਨੇ ਸ਼ੁਕੀਨ ਹੋ।

ਸਰਦਾਰ ਦਲੀਪ ਸਿੰਘ ਪਾਂਧੀ: ਇਹ ਸੀਰੀਅਸਲੀ ਲੈਣਾ ਚਾਹੀਦਾ ਹੈ। (ਵਿਘਨ)

Chief Minister (Sardar Darbara Singh): I am taking you not seriously but I am taking the case very seriously. You are the only hon'ble member in this house who is raising such questions. I stick that if the house is in Session, I will certainly make a statement.

Professor Balwant Singh: ** ** **

Mr. Speaker: This is no point of order. It should not be recorded.

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ): ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ..

ਪ੍ਰੋਫੈਸਰ ਬਲਵੰਤ ਸਿੰਘ: ਮੈਨੂੰ ਪ੍ਰੋਟੈਕਸ਼ਨ ਦਿਓ, ਸਰ। (ਵਿਘਨ)

ਸ੍ਰੀ ਸਪੀਕਰ: ਮੈਂ ਤੁਹਾਡਾ ਪੁਆਇੰਟ ਆਫ ਆਰਡਰ ਓਵਰ ਰੂਲ ਕਰ ਦਿੱਤਾ ਹੈ। (ਵਿਘਨ)

ਉਹ ਰਿਕਾਰਡ ਤੇ ਨਹੀਂ ਆਇਆ। ਬੈਠੋ ਹੁਣ ਤੁਸੀਂ।

**Not recorded as ordered by the Chair.

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੀ ਕਾਂਗਰਸ ਦੀ ਸਰਕਾਰ ਨੇ ਆਜ਼ਾਦੀ ਤੋਂ ਬਾਅਦ ਸੈਂਟਰਲ ਸਰਕਾਰ ਦੀ ਕੋਆਪਰੇਸ਼ਨ ਨਾਲ ਸੈਂਟਰ ਸਰਕਾਰ ਦੀ ਮੱਦਦ ਨਾਲ ਮਿਹਨਤ ਕਰਕੇ 1600 ਮੈਗਾਵਾਟ ਦੇ ਕਰੀਬ ਮਸ਼ੀਨਰੀ ਇਨਸਟਾਲ ਕਰਕੇ ਬਿਜਲੀ ਪੈਦਾ ਕੀਤੀ ਔਰ ਉਸ ਦੇ ਵਿਚੋਂ ਜਿਹੜੀ ਜੈਨਰੇਟ ਹੋਈ, ਉਹ ਤਕਰੀਬਨ 6,400 ਮਿਲੀਅਨ ਕੇ.ਵੀ. ਯੂਟਿਲਿਟਿਸ ਹੋਈ ਹੈ ਜਿਸ ਦੇ ਨਾਲ 3,600 ਕਰੋੜ ਰੁਪਏ ਦੀ ਪੈਦਾਵਾਰ ਹੋਈ ਐਗਰੀਕਲਚਰ ਵਿਚ ਔਰ ਇੰਡਸਟਰੀ ਵਿਚ ਔਰ ਹੋਰ ਜਿਹੜੀਆਂ ਚੀਜ਼ਾਂ ਹਨ ਉਸ ਦੇ ਵਿਚ। ਇਤਨੀ ਵੱਡੀ ਤਰੱਕੀ ਕੀਤੀ ਹੈ ਕਾਂਗਰਸ ਦੀ ਸਰਕਾਰ ਨੇ ਪਿਛਲੇ 30 ਸਾਲਾਂ ਦੇ ਵਿਚ। ਮੇਰੇ ਕਾਮਰੇਡ ਸਾਥੀ ਇਥੇ ਕਹਿ ਦਿੰਦੇ ਹਨ ਕਿ ਕਾਂਗਰਸ ਨੇ 30 ਸਾਲਾਂ ਵਿਚ ਕੀ ਤਰੱਕੀ ਕੀਤੀ ਹੈ। ਅੱਜ ਪੰਜਾਬ ਦੀ ਆਮਦਨ 2,600 ਰੁਪਏ ਸਾਲ ਦੀ ਹੈ ਔਰ ਉਹ ਕਾਂਗਰਸ ਸਰਕਾਰ ਦੀ ਮਿਹਰਬਾਨੀ ਨਾਲ ਹੀ ਹੈ। 1947 ਤੋਂ ਪਹਿਲਾਂ ਇਹ 900 ਰੁਪਏ ਦੇ ਕਰੀਬ ਹੁੰਦੀ ਸੀ। ਇਹ ਸਾਰੀ ਚੀਜ਼ ਬਿਜਲੀ ਦੀ ਤਰੱਕੀ ਦੇ ਨਾਲ ਹੋਈ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹਾਲਾਂ ਕਿ ਇਥੇ 4 ਲੜਾਈਆਂ ਹੋਈਆਂ ਹਨ ਔਰ 3-4 ਐਜੀਟੇਸ਼ਨਾਂ ਵੀ ਹੋਈਆਂ ਹਨ ਤੁਹਾਨੂੰ ਪਤਾ ਹੈ ਕਿ ਜਦੋਂ ਕੋਈ ਲੜਾਈ ਝਗੜਾ ਹੋ ਜਾਵੇ ਤਾਂ ਉਸ ਦੇ ਨਾਲ ਸਰਕਾਰ ਤੇ ਭਾਰ ਵਧ ਜਾਂਦਾ ਹੈ ਅਤੇ ਡਿਵੈਲਪਮੈਂਟ ਦੇ ਸਾਰੇ ਕੰਮ ਰੁਕ ਜਾਂਦੇ ਹਨ, ਪਰ ਇਨ੍ਹਾਂ ਲੜਾਈ ਝਗੜਿਆਂ ਦੇ ਬਾਵਜੂਦ ਪੰਜਾਬ ਨੇ ਤਰੱਕੀ ਕੀਤੀ ਹੈ। ਇਸ ਵੇਲੇ ਪੰਜਾਬ ਵਿਚ 50 ਹਜ਼ਾਰ ਦੇ ਕਰੀਬ ਕਾਰਖਾਨੇ ਚਲ ਰਹੇ ਹਨ ਔਰ ਇਨ੍ਹਾਂ ਵਿਚ ਤਕਰੀਬਨ 20 ਲੱਖ ਦੇ ਕਰੀਬ ਆਦਮੀ ਕੰਮ ਕਰ ਰਹੇ ਹਨ। ਮਜ਼ਦੂਰ ਕੰਮ ਕਰ ਰਹੇ ਹਨ। ਕਾਰਖਾਨੇ ਜੋ ਚਲਦੇ ਹਨ, ਜ਼ਿਮੀਦਾਰਾ ਜੋ ਹੁੰਦਾ ਹੈ, ਇਨ੍ਹਾਂ ਸਾਰੀਆਂ ਚੀਜ਼ਾਂ ਦਾ ਕਾਰੋਬਾਰ ਬਿਜਲੀ ਨਾਲ ਚਲਦਾ ਹੈ ਔਰ ਬਿਜਲੀ ਦੇ ਵਿਚ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ। ਇਸ ਵੇਲੇ ਸਾਰੇ ਹਿੰਦੁਸਤਾਨ ਨਾਲੋਂ ਪੰਜਾਬ ਵਿਚ ਬਿਜਲੀ ਦੀ ਖ਼ਪਤ ਜ਼ਿਆਦਾ ਹੈ। ਪੰਜਾਬ ਵਿਚ ਇਹ ਫੀਕਸ 310 ਯੂਨਿਟ ਹੈ ਜੋ ਕਿ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਪੰਜਾਬ ਵਿਚ ਸਭ ਤੋਂ ਜ਼ਿਆਦਾ ਬਿਜਲੀ ਇਸਤੇਮਾਲ ਹੁੰਦੀ ਹੈ। ਅਸੀਂ ਪੁਲੀਟੀਕਲੀ ਗੱਲ ਕਰਦੇ ਹਾਂ। ਸਾਡਾ ਪੁਲੀਟੀਕਲ ਸਟੈਂਡ ਹੈ। ਪੰਜਾਬ ਸਾਡਾ ਹੈ, ਪੰਜਾਬ ਸਭ ਦਾ ਸਾਂਝਾ ਹੈ। ਪੰਜਾਬ ਦੀ ਤਰੱਕੀ ਸਾਡੇ ਬੱਚਿਆਂ ਦੀ ਤਰੱਕੀ ਹੈ, ਸਾਡੀ ਸਭ ਦੀ ਤਰੱਕੀ ਹੈ। ਤੁਹਾਡੀ ਵੀ ਤਰੱਕੀ ਹੈ ਔਰ ਸਾਡੀ ਵੀ ਤਰੱਕੀ ਹੈ। (ਥੰਪਿੰਗ) ਪਰ ਇਸ ਪਾਸੇ ਤੁਸੀਂ ਕੋਈ ਨਹੀਂ ਸੋਚਦੇ। ਸਾਡੀਆਂ ਜਦੋਂ ਇਲੈਕਸ਼ਨਾਂ ਹੁੰਦੀਆਂ ਹਨ ਅਸੀਂ ਲੋਕਾਂ ਦੇ ਸਾਹਮਣੇ ਜਾਂਦੇ ਹਾਂ। ਅਸੀਂ ਵੀ ਪਹਿਲਾਂ ਹਾਰ ਗਏ ਸੀ। ਫਿਰ ਅਸੀਂ ਮਿਹਨਤ ਕੀਤੀ। ਹੁਣ ਤੁਸੀਂ ਹਾਰ ਗਏ ਹੋ। ਤੁਸੀਂ ਵੀ ਮਿਹਨਤ ਕਰੋ ਫਿਰ ਇਸ ਜਗ੍ਹਾ ਤੇ ਆ ਸਕਦੇ ਹੋ। ਜੇ ਤੁਸੀਂ ਪੰਜਾਬ ਦੇ ਭਲੇ ਵਾਸਤੇ ਸੋਚੋਗੇ ਤਾਂ ਫਿਰ ਮੁੜ ਕੇ ਆ ਸਕਦੇ ਹੋ ਨਹੀਂ ਤਾਂ ਤੁਹਾਨੂੰ ਕਿਸੇ ਨੇ ਨਹੀਂ ਪੁੱਛਣਾ। ਜੇ ਪੰਜਾਬ ਦਾ ਭਲਾ ਸੋਚੋਗੇ ਤਾਂ ਫ਼ਿਰ ਸ਼ਾਇਦ ਆ ਜਾਓ ਨਹੀਂ ਤਾਂ ਤੁਸੀਂ ਨਹੀਂ ਆ ਸਕਦੇ। (ਵਿਘਨ) ਬਿਜਲੀ ਬੋਰਡ ਦੇ ਜੋ ਕਰਮਚਾਰੀ ਹਨ, ਉਸ ਵਿਚ ਬਹੁਤ ਸਾਰਾ ਹਿੱਸਾ ਇਮਾਨਦਾਰ ਵੀ ਹੈ ਜਿਨ੍ਹਾਂ ਨੇ ਮਨ ਲਗਾ ਕੇ ਕੰਮ ਕੀਤਾ ਹੈ ਔਰ ਬਿਜਲੀ ਬੋਰਡ ਨੂੰ ਅੱਗੇ ਲਿਆਂਦਾ ਹੈ। ਮੈਂ ਨਹੀਂ ਕਹਿੰਦਾ ਕਿ ਇਸ ਦੇ ਵਿਚ ਕੁਰੱਪਟ ਆਦਮੀ ਨਹੀਂ ਇਸ ਦੇ ਵਿਚ ਕੁਰੱਪਟ ਆਦਮੀ ਵੀ ਜ਼ਰੂਰ ਹੋਣਗੇ। (ਵਿਘਨ)

ਇਕ ਆਵਾਜ਼: ਜਿੰਨੇ ਇਸ ਵਿਚ ਟਰਾਂਸਮਿਸ਼ਨ ਲਾਸਿਜ਼ ਹਨ ਉਹ ਅਨਪ੍ਰੀਸੀਡੈਂਟਿਡ ਹਨ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਉਧਰ ਵੀ ਆ ਰਿਹਾ ਹਾਂ। ਮੈਂ ਅਰਜ਼ ਕਰਾਂਗਾ ਕਿ ਬਿਜਲੀ ਬੋਰਡ ਵਿਚ ਇਮਾਨਦਾਰ ਕਰਮਚਾਰੀ ਹੋਣ ਦੇ ਬਾਵਜੂਦ, ਸਾਡੀ ਪੰਜਾਬ ਸਰਕਾਰ ਬੋਰਡ ਵਿਚ ਮੈਂਬਰ ਭੇਜਦੀ ਹੈ, ਇਸ ਦੇ ਬਾਵਜੂਦ. ਸਾਡਾ ਬਿਜਲੀ ਬੋਰਡ ਜੋ ਹੈ ਉਹ ਲਾਸ ਵਿਚ ਜਾਂਦਾ ਹੈ, ਜੋ ਲਾਈਨ ਲਾਸਿਜ਼ ਹਨ ਉਹ 22% ਹਨ, ਜਿਹੜੇ ਕਿ ਸਾਰੇ ਹਿਦੁਸਤਾਨ ਨਾਲੋਂ ਜ਼ਿਆਦਾ ਹਨ। ਉਹ ਕਿਉਂ ਹੁੰਦਾ ਹੈ ਔਰ ਕਿਸ ਵਾਸਤੇ ਹੋ ਰਿਹਾ ਹੈ ? ਉਹ ਇਸ ਵਾਸਤੇ ਹੋ ਰਿਹਾ ਹੈ ਕਿਉਂਕਿ ਇਸ ਦੀ ਚੋਰੀ ਕੁਝ ਜ਼ਿਮੀਂਦਾਰ ਕਰਦਾ ਹੈ, ਕੁਝ ਕਾਰਖਾਨੇਦਾਰ ਕਰਦਾ ਹੈ, ਕੁਝ ਦੂਸਰਾ ਟਰੇਡਰ ਕਰਦਾ ਹੈ, ਪਰ ਇਹ ਚੋਰੀ ਕਰਮਚਾਰੀਆਂ ਨਾਲ ਮਿਲ ਕੇ ਹੁੰਦੀ ਹੈ। ਇਸ ਦੇ ਨਾਲ ਬੋਰਡ ਨੂੰ ਹਰ ਸਾਲ 22 ਕਰੋੜ ਰੁਪਏ ਦਾ ਨੁਕਸਾਨ ਪਹੁੰਚਦਾ ਹੈ। ਹੁਣ ਇਸ ਤੇ ਚੈਕ ਲਾਉਣ ਦੀ ਲੋੜ ਹੈ। ਅੱਜ ਕਲ ਹਾਲਤ ਇਹ ਹੈ ਕਿ ਇਸ ਦੇ ਬਾਵਜੂਦ ਕਿ ਇੰਨੀ ਕਪੈਸਿਟੀ ਹੈ, ਇਸ ਦੇ ਬਾਵਜੂਦ ਕਿ ਸਾਡੇ ਇੰਜੀਨੀਅਰ ਐਫੀਸ਼ੈਂਟ ਹਨ, ਫਿਰ ਸਮਝ ਨਹੀਂ ਆਉਂਦੀ ਕਿ ਬਿਜਲੀ ਵਾਸਤੇ ਹਾਹਾਕਾਰ ਕਿਉਂ ਮੱਚੀ ਹੋਈ ਹੈ। ਬਿਜਲੀ ਹਰਿਆਣਾ ਵਿਚ ਮਿਲ ਜਾਂਦੀ ਹੈ, ਦਿੱਲੀ ਵਿਚ ਮਿਲ ਜਾਂਦੀ ਹੈ, ਹਿਮਾਚਲ ਇਕ ਛੋਟਾ ਜਿਹਾ ਸੂਬਾ ਹੈ ਉਥੇ ਮਿਲਦੀ ਹੈ, ਚੰਡੀਗੜ੍ਹ ਬਿਜਲੀ ਮਿਲ ਰਹੀ ਹੈ। ਮੈਂ ਛੋਟੀ ਜਿਹੀ ਗਲ ਦਸਦਾ ਹਾਂ ਕਿ ਕਲ੍ਹ ਮੈਂ ਘਰ ਆਪਣੀ ਬੀਵੀ ਨੂੰ ਟੈਲੀਫੂਨ ਕੀਤਾ। ਮੇਰੀ ਬੀਵੀ ਕਹਿੰਦੀ ਹੈ ਕਿ ਤੁਸੀਂ ਤਾਂ ਉਥੇ ਮੌਜਾਂ ਵਿਚ ਬੈਠੇ ਹੋ ਪਰ ਇਥੇ ਬਿਜਲੀ ਬਿਲਕੁਲ ਨਹੀਂ ਹੈ।

ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜਿਹੜਾ ਥਰਮਲ ਪਲਾਂਟ ਬਠਿੰਡੇ ਲਗਾ ਹੈ, ਮੇਰੀ ਇਤਲਾਹ ਦੇ ਮੁਤਾਬਕ ਇਸਦੇ ਚਾਰੋਂ ਯੂਨਿਟਸ ਖਰਾਬ ਹੋ ਚੁਕੇ ਹਨ। ਇਹ ਕੰਮ ਨਹੀਂ ਕਰਦੇ ਕਦੇ ਇਕ ਖਰਾਬ ਹੈ ਤੇ ਕਦੇ ਦੂਜਾ ਤੇ ਫਿਰ ਕਦੇ ਚੌਥਾ। ਪਤਾ ਨਹੀਂ ਇਸ ਦੀ ਵਜ੍ਹਾ ਕੀ ਹੈ ? ਹੋਰ ਥਾਵਾਂ ਤੇ ਵੀ ਥਰਮਲ ਪਲਾਂਟ ਹਨ, ਉਹ ਕਦੇ ਖਰਾਬ ਨਹੀਂ ਹੁੰਦੇ। ਇਥੇ ਪਤਾ ਨਹੀਂ ਕੀ ਗੱਲ ਹੈ ਜਾਂ ਤੇ ਜਿਹੜੀ ਮਸ਼ੀਨਰੀ ਹੈ ਉਹ ਖਰਾਬ ਹੈ, ਜਾਂ ਫਿਰ ਚਲਾਉਣ ਵਾਲਿਆਂ ਵਿਚ ਕੋਈ ਨੁਕਸ ਹੈ। ਇਥੇ 50 ਹਜ਼ਾਰ ਕਾਰਖਾਨੇ ਹਨ, ਉਨ੍ਹਾਂ ਵਿਚ 5, 6 ਲੱਖ ਮਜ਼ਦੂਰ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵੀ ਕੰਮ ਕਰਦੇ ਹਨ। ਦਿਨ ਵਿਚ ਬਿਜਲੀ ਹੋਣ ਦੇ ਬਾਵਜੂਦ 6 ਘੰਟੇ ਬਿਜਲੀ ਮਿਲਦੀ ਹੈ ਅਤੇ ਉਹ ਵੀ ਇੰਟਰੱਪਸ਼ਨਜ਼ ਦੇ ਨਾਲ। ਤੁਸੀਂ ਆਪ ਵੇਖੋ ਕਿ ਕੀ ਹਾਲਤ ਹੋਵੇਗੀ ਕਾਰਖਾਨੇ ਦੇ ਮਜ਼ਦੂਰਾਂ ਦੀ ? ਮੈਂ ਮਜ਼ਦੂਰਾਂ ਦੀਆਂ ਵੋਟਾਂ ਲੈ ਕੇ ਆਇਆ ਹਾਂ। ਮੈਨੂੰ ਪਤਾ ਹੈ ਕਿ ਕਾਰਖਾਨੇਦਾਰ ਮਜ਼ਦੂਰਾਂ ਨਾਲ ਕੀ ਕੁਝ ਕਰਦੇ ਹਨ ? ਅਗਰ ਗੜੇ ਪੈ ਜਾਣ ਤਾਂ ਸਾਰੇ ਜ਼ਿਮੀਂਦਾਰ ਰੌਲਾ ਪਾਉਣ ਲਗ ਜਾਂਦੇ ਹਨ, ਮਾਰੇ ਗਏ ਮਾਰੇ ਗਏ। ਸਰਕਾਰ ਵੀ ਭੱਜਦੀ ਹੈ। ਤਕਾਵੀਆਂ ਮਾਫ਼ ਹੁੰਦੀਆਂ ਹਨ, ਕਰਜ਼ੇ ਬੰਦ ਹੋ ਜਾਂਦੇ ਹਨ। ਮੈਂ ਕਹਿੰਦਾ ਹਾਂ ਕਿ ਸ਼ਹਿਰਾਂ ਵਿਚੋਂ ਸਭ ਨਾਲੋਂ ਜ਼ਿਆਦਾ ਟੈਕਸ ਆਉਂਦਾ ਹੈ। ਸਾਰਾ ਸਰਕਾਰ ਦਾ ਰੈਵੇਨਿਊ ਸ਼ਹਿਰਾਂ ਵਿਚੋਂ ਆਉਂਦਾ ਹੈ, ਪਰ ਜੇ ਕੋਈ ਮੁਸੀਬਤ ਆਉਂਦੀ ਹੈ ਤਾਂ ਕੋਈ ਫਰਿਆਦ ਨਹੀਂ ਸੁਣੀ ਜਾਂਦੀ। ਅੱਜ ਸਾਰੇ ਕਾਰਖਾਨੇ ਬੰਦ ਹੋ ਗਏ ਹਨ ਅਤੇ ਮਜ਼ਦੂਰ ਵੇਹਲੇ ਹਨ। ਮਜ਼ਦੂਰ ਨੂੰ ਰੋਟੀ ਨਹੀਂ ਮਿਲਦੀ ਅਤੇ ਕੋਈ ਉਸਨੂੰ ਚੀਜ਼ ਉਧਾਰ ਨਹੀਂ ਦਿੰਦਾ ਐਨੀਂ ਮਹਿੰਗਾਈ ਹੈ। ਮਜ਼ਦੂਰਾਂ ਦੀ ਰੋਟੀ ਦਾ ਪ੍ਰਬੰਧ ਕੀਤਾ ਜਾਏ। ਮੈਂ ਇਹ ਜਿਹੜੀ

ਗੱਲ ਆਪਣੀ ਸਰਕਾਰ ਨੂੰ ਕਹੀ ਹੈ, ਇਹ ਕੋਈ ਨੁਕਤਾ ਚੀਨੀ ਨਹੀਂ ਬਲਕਿ ਇਸ ਲਈ ਕੀਤੀ ਹੈ ਕਿ ਮੇਰਾ ਫਰਜ਼ ਹੈ ਕਿ ਇਹ ਜਿਹੜੀ ਹਾਹਾਕਾਰ ਮਚੀ ਹੋਈ ਹੈ ਇਹ ਇਨ੍ਹਾਂ ਦੇ ਨੋਟਿਸ ਵਿਚ ਲਿਆਵਾਂ । ਇਹ ਜ਼ਿਮੇਂਵਾਰੀ ਬੋਰਡ ਤੇ ਆਉਣੀ ਹੈ, ਉਨ੍ਹਾਂ ਦੇ ਕਰਮਚਾਰੀਆਂ ਤੇ ਆਉਣੀ ਹੈ, ਸੈਂਟਰ ਤੇ ਆਉਣੀ ਹੈ, ਭਾਖੜਾ ਮੈਨੇਜਮੈਂਟ ਤੇ ਆਉਣੀ ਹੈ, ਸਾਨੂੰ ਕਿਹਾ ਜਾ ਰਿਹਾ ਹੈ ਕਿ ਇੰਜੀਨੀਅਰਜ਼ ਸੈਬੋਟੇਜ ਕਰਦੇ ਹਨ, ਅਗਰ ਕੋਈ ਤਕਲੀਫ਼ ਹੈ ਉਨ੍ਹਾਂ ਨੂੰ ਤਾਂ ਉਨ੍ਹਾਂ ਦੀ ਤਕਲੀਫ਼ ਸੁਣੀ ਜਾਣੀ ਚਾਹੀਦੀ ਹੈ । ਇਹ ਜਿਹੜੇ ਵ੍ਹਾਈਟ ਕਾਲਰਡ ਐਮਪਲਾਈਜ਼ ਹਨ ਸਰਕਾਰ ਦੇ, ਇਨ੍ਹਾਂ ਦੀਆਂ ਆਰਗੇਨਾਈਜ਼ੇਸ਼ਨਜ਼ ਬੜੀਆਂ ਮਜ਼ਬੂਤ ਹੁੰਦੀਆਂ ਹਨ ਬਨਿਸਪਤ ਅਨਆਰਗੇਨਾਈਜ਼ਡ ਲੇਬਰ ਦੇ । ਇਨ੍ਹਾਂ ਦੀਆਂ ਅਗਰ ਜੈਨੂਅੱਨ ਡਿਮਾਂਡਜ਼ ਹਨ ਤਾਂ ਉਨ੍ਹਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ । ਕਈ ਹੋਰ ਐਸੋਸੀਏਸ਼ਨਾਂ ਕੰਮ ਬੰਦ ਕਰੀ ਬੈਠੀਆਂ ਹਨ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸਾਡੀ ਸਰਕਾਰ ਨੂੰ ਪ੍ਰੈਸਟਿਜ਼ ਦਾ ਕੁਐਸਚਨ ਨਹੀਂ ਬਣਾਉਣਾ ਚਾਹੀਦਾ, ਕਰਮਚਾਰੀਆਂ ਨਾਲ ਤਰੀਕੇ ਨਾਲ ਗਲ ਕਰਨੀ ਚਾਹੀਦੀ ਹੈ। ਕਰਮਚਾਰੀਆਂ ਨੂੰ ਵੀ ਸਟੈਂਡ ਤੇ ਅੜੇ ਨਹੀਂ ਰਹਿਣਾ ਚਾਹੀਦਾ ਉਹ ਵੀ ਸਰਕਾਰ ਦਾ ਨਮਕ ਖਾਂਦੇ ਹਨ । ਐਮਪਲਾਈਜ਼ ਨੂੰ ਐਕਸਪਲਾਇਟ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਕਿਸੇ ਦੀ ਐਕਸਪਲਾਇ-ਟੇਸ਼ਨ ਵਿਚ ਨਾ ਆਉਣ, ਇਸ ਦੇ ਨਾਲ ਸਾਡੇ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ । ਜਿਹੜੇ ਉਨ੍ਹਾਂ ਨੂੰ ਐਕਸਪਲਾਇਟ ਕਰਦੇ ਹਨ, ਉਹ ਪੰਜਾਬ ਦੇ ਗੱਦਾਰ ਹਨ । ਇਸ ਲਈ ਮੈਂ ਕਹਿੰਦਾ ਹਾਂ ਕਿ ਅਗਰ ਕਿਸੇ ਕਰਮਚਾਰੀ ਨੂੰ ਕੋਈ ਤਕਲੀਫ਼ ਹੈ, ਸਰਦਾਰ ਦਰਬਾਰਾ ਸਿੰਘ ਜੀ ਬੜੇ ਦੂਰ ਅੰਦੇਸ਼ ਹਨ, ਹਰ ਗੱਲ ਨੂੰ ਇਕ ਮਿੰਟ ਵਿਚ ਸਮਝ ਲੈਂਦੇ ਹਨ, ਉਨ੍ਹਾਂ ਵਾਸਤੇ ਇਸ ਗੱਲ ਨੂੰ ਸੁਲਝਾਉਣਾ ਬੜੀ ਮਾਮੂਲੀ ਜਿਹੀ ਗਲ ਹੈ । ਕਰਮਚਾਰੀਆਂ ਨਾਲ ਗੱਲ ਕਰੋ ਨਹੀਂ ਤਾਂ ਤੁਹਾਡੇ ਕੋਲ ਕਾਨੂੰਨ ਹੈ, ਉਨ੍ਹਾਂ ਦੀਆਂ ਹੜਤਾਲਾਂ ਬੰਦ ਕਰੋ ਤਾਕਿ ਸਾਡੇ ਪੰਜਾਬ ਦੀ ਡਿਵੈਲਪਮੈਂਟ ਨਾ ਰੁਕੇ । ਮੇਰੀ ਅਰਜ਼ ਹੈ ਕਿ ਜਿਹੜੇ ਬੋਰਡ ਦੇ ਐਸਟੀਮੇਟਸ ਆਏ ਹਨ, ਇਨਾਂ ਤੋਂ ਇਲਾਵਾ ਹੋਰ ਵੀ ਆਉਣੇ ਹਨ । ਅਗਰ ਬਿਜਲੀ ਹੋਵੇਗੀ ਪ੍ਰੋਡਕਸ਼ਨ ਤਾਂ ਹੀ ਹੋ ਸਕੇਗੀ । ਇਸ ਦੇ ਲਈ ਇਕ ਤਾਂ ਜਿਹੜੀ ਚੋਰੀ ਹੁੰਦੀ ਹੈ, ਉਸ ਨੂੰ ਘੱਟ ਕੀਤਾ ਜਾਵੇ। ਕਮੇਟੀਆਂ ਵਿਚ ਵੀ ਇਸ ਦੇ ਬਾਰੇ ਕਈ ਸੁਆਲ ਆਏ ਸਨ ਕਿ ਸਾਡੇ ਪੰਜਾਬ ਵਿਚ ਲਾਈਨ ਲੌਸਿਜ਼ ਬਹੁਤ ਜ਼ਿਆਦਾ ਹਨ, ਜਦ ਕਿ ਹੋਰ ਸੂਬਿਆਂ ਵਿਚ ਘਟ ਹਨ । ਸਾਡੇ ਪੰਜਾਬ ਦੇ ਵਿਚ ਐਨੇ ਲਾਈਨ ਲੌਸਿਜ਼ ਕਿਉਂ ਹੁੰਦੇ ਹਨ ? ਜਾਂ ਤੇ ਲਾਪਰਵਾਹੀ ਕਰਕੇ ਹਨ ਜਾਂ ਫਿਰ ਕੋਈ ਹੋਰ ਗੱਲ ਹੈ। ਅੱਜ ਜਿਹੜਾ ਗਰੀਬ ਹੈ, ਉਹ ਪ੍ਰੇਸ਼ਾਨ ਹੈ, ਮਜ਼ਦੂਰ ਪ੍ਰੇਸ਼ਾਨ ਹੈ, ਕਾਰਿੰਦਾ ਪ੍ਰੇਸ਼ਾਨ ਹੈ, ਗਰੀਬ ਅੱਨਆਰਗੇਨਾਈਜ਼ਡ ਲੇਬਰ ਪ੍ਰੇਸ਼ਾਨ ਹੈ ਔਰ ਰਿਕਸ਼ਾ ਵਾਲਾ ਪ੍ਰੇਸ਼ਾਨ ਹੈ। ਪੰਜਾਬ ਦੀ ਗੁਡਜ਼ ਟਰਾਂਸਪੋਰਟ ਬੰਦ ਹੋ ਗਈ ਹੈ । ਕੋਈ ਮਾਲ ਦੀ ਪ੍ਰੋਡਕਸ਼ਨ ਨਹੀਂ ਹੋ ਰਹੀ ਉਹ ਕਿਹੜਾ ਮਾਲ ਲੈ ਕੇ ਜਾਵੇ। ਉਨ੍ਹਾਂ ਨੂੰ ਤਕਲੀਫ਼ ਹੈ ਉਨ੍ਹਾਂ ਨੇ ਟਰਕ ਲੋਨ ਤੇ ਲਏ ਹੋਏ ਹਨ, ਉਨ੍ਹਾਂ ਦਾ ਵਿਆਜ ਦੇਣਾ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਬਿਜਲੀ ਬੋਰਡ ਦਾ ਸੁਧਾਰ ਕਰਨਾ ਚਾਹੀਦਾ ਹੈ, ਮੈਂ ਇਹ ਨਹੀਂ ਕਹਿੰਦਾ ਕਿ ਬੋਰਡ ਤੋੜ ਦਿਤਾ ਜਾਏ ਇਸ ਤੇ ਖਰਬਾਂ ਰੁਪਿਆ ਲਗ ਚੁਕਾ ਹੈ, ਇਸ ਦਾ ਸੁਧਾਰ ਜ਼ਰੂਰ ਹੋਣਾ ਚਾਹੀਦਾ ਹੈ । ਜਿਹੜਾ ਗਰੀਬ ਹੈ, ਉਹ ਪਿਸ ਰਿਹਾ ਹੈ । ਗਰੀਬ ਨੂੰ ਦੋ ਵਕਤ ਦੀ ਰੋਟੀ ਮਿਲਣੀ ਚਾਹੀਦੀ ਹੈ, ਇਸ ਬਾਰੇ ਸਰਕਾਰ ਨੂੰ ਫਿਕਰਮੰਦ ਹੋਣਾ ਚਾਹੀਦਾ ਹੈ । ਬੱਸ ਮੈਂ ਇਕ ਸ਼ੇਅਰ ਨਾਲ ਹੀ ਆਪਣੀ ਸਪੀਚ ਖ਼ਤਮ ਕਰਦਾ

ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਹਾ :—

"ਕਿਆ ਕਹੂੰ ਇਨਸੇ ਕਨ ਸ ਗ਼ਮ ਹੈਂ,
ਦਿਲ ਮੇਰਾ ਖ਼ੂਨ ਕੇ ਅਸ਼ਕ ਰੋਤਾ ਹੈ,
ਕੌਨ ਭਰਤਾ ਹੈ ਆਹੇਂ ਖੁਸ਼ਿਉਂ ਸੇ,
ਚੋਟ ਲਗਤੀ ਹੈ ਦਰਦ ਹੋਤਾ ਹੈ ।"

5-20 ਬਾਅਦ ਦੁਪਹਿਰ

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਐਡਮਿਨਿਸਟ੍ਰੇਸ਼ਨ ਰਿਪੋਰਟ ਹੈ, ਕੀ ਉਸ ਤੇ ਡਿਸਕਸ਼ਨ ਹੋਣੀ ਹੈ ?

ਸ੍ਰੀ ਡਿਪਟੀ ਸਪੀਕਰ : ਹਾਂ ਜੀ, ਹੋਣੀ ਹੈ ।

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੰਜਾਬ ਇਲੈਕਟ੍ਰਿਸਿਟੀ ਬੋਰਡ ਦੀ ਐਨੁਅੱਲ ਰਿਪੋਰਟ ਜਿਹੜੀ ਹਾਊਸ ਦੇ ਸਾਹਮਣੇ ਹੈ, ਤੇ ਬੋਲਣ ਦਾ ਮੌਕਾ ਦਿਤਾ ਹੈ । ਡਿਪਟੀ ਸਪੀਕਰ ਸਾਹਿਬ, ਪਾਕਿਸਤਾਨ ਬਣਨ ਤੋਂ ਪਹਿਲਾਂ ਜਲੰਧਰ ਵਿਚ ਇਕ ਪ੍ਰਾਈਵੇਟ ਕੰਪਨੀ ਹੁੰਦੀ ਸੀ, ਜਿਹੜੀ ਕਿ ਉਸ ਵੇਲੇ ਘਰਾਂ ਨੂੰ ਬਿਜਲੀ ਦੇ ਕੁਨੈਕਸ਼ਨਜ਼ ਦਿੰਦੀ ਸੀ । ਛੋਟੇ ਛੋਟੇ ਕਿਸਾਨਾਂ ਨੂੰ, ਕਾਰਖਾਨਿਆਂ ਨੂੰ ਵੀ ਕੁਨੈਕਸ਼ਨਜ਼ ਦਿੰਦੀ ਹੁੰਦੀ ਸੀ, ਲੇਕਿਨ ਉਹ ਕੰਪਨੀ ਕਦੇ ਘਾਟੇ ਵਿਚ ਨਹੀਂ ਸੀ ਗਈ । ਸਾਡਾ ਬੋਰਡ ਜਿਸ ਦਾ ਅਰਬਾਂ ਰੁਪਏ ਦਾ ਬਜਟ ਹੈ, ਉਹ ਘਾਟੇ ਵਿਚ ਜਾ ਰਿਹਾ ਹੈ । ਕੀ ਕਾਰਨ ਹੈ, ਇਸ ਗੱਲ ਦੀ ਪੜਤਾਲ ਹੋਣੀ ਚਾਹੀਦੀ ਹੈ । ਬੋਰਡ ਨੂੰ ਬੜੀ ਸੂਝ ਬੂਝ ਨਾਲ ਚਲਾਉਣਾ ਚਾਹੀਦਾ ਹੈ ਤਾਕਿ ਬੋਰਡ ਕਿਸੇ ਤਰ੍ਹਾਂ ਫਾਇਦੇ ਵਿਚ ਜਾ ਸਕੇ । ਅਗਰ ਬਿਜਲੀ ਨਾ ਮਿਲੇ ਤਾਂ ਪਜਾਬ ਵਿਚ ਇੰਡਸਟਰੀ ਕਿਸ ਤਰ੍ਹਾਂ ਵੱਧ ਸਕਦੀ ਹੈ । ਅਗਰ ਪੰਜਾਬ ਵਿਚ ਇੰਡਸਟਰੀ ਨਾ ਵੱਧੀ ਤਾਂ ਐਗਰੀਕਲਚਰ ਨਹੀਂ ਵੱਧ ਸਕੇਗੀ, ਕਿਉਂਕਿ ਐਗਰੀਕਲਚਰ ਵਾਸਤੇ ਇੰਡਸਟਰੀ ਨੇ ਬਹੁਤ ਚੀਜ਼ਾਂ ਬਣਾਈਆਂ ਹਨ । ਟਰੈਕਟਰਜ਼ ਹਨ, ਥਰੈਸ਼ਰਜ਼ ਹਨ, ਅਤੇ ਹੋਰ ਕਈ ਇਮਪਲੀਮੈਂਟਸ ਹਨ। ਅਗਰ ਬਿਜਲੀ ਨਹੀਂ ਹੋਵੇਗੀ ਤਾਂ ਇਨ੍ਹਾਂ ਚੀਜ਼ਾਂ ਤੇ ਅਸਰ ਪਏਗਾ । ਅਗਰ ਬਿਜਲੀ ਹੋਵੇਗੀ, ਇੰਡਸਟਰੀ ਵੱਧੇਗੀ ਇਸ ਦੇ ਨਾਲ ਕਿਸਾਨ ਨੂੰ ਵੀ ਫ਼ਾਇਦਾ ਹੋਵੇਗਾ। ਅਗਰ ਬਿਜਲੀ ਨਹੀਂ ਹੋਵੇਗੀ ਤਾਂ ਇੰਡਸਟਰੀ ਕਿਸ ਤਰ੍ਹਾਂ ਵੱਧੇਗੀ। ਇਸ ਦੇ ਵਿਚ ਬਿਜਲੀ ਬੋਰਡ ਦਾ ਬਹੁਤ ਵੱਡਾ ਹਿੱਸਾ ਹੈ । ਅਗਰ ਬਿਜਲੀ ਮਿਲਦੀ ਰਹੇ ਤਾਂ ਸਾਡੀ ਇੰਡਸਟਰੀ ਵਿਚ ਵਾਧਾ ਹੁੰਦਾ ਰਹੇ । ਸਾਡੀ ਪੁਰਾਣੀ ਸਰਕਾਰ ਸੀ, ਉਸ ਨੇ ਇਸ ਵੱਲ ਕੋਈ ਧਿਆਨ ਨਹੀਂ ਦਿਤਾ ਔਰ ਬਿਜਲੀ ਦੀ ਚੋਰੀ ਹੁੰਦੀ ਰਹੀ । ਉਸਦੇ ਕੇਸ ਵੀ ਰਜਿਸਟਰ ਹੋਏ । ਡਿਪਟੀ ਸਪੀਕਰ ਸਾਹਿਬ, ਉਸਦੇ ਬਾਅਦ ਉਹ ਹਾਈ ਕੋਰਟ ਵਿਚੋਂ ਜ਼ਮਾਨਤਾਂ ਲੈ ਆਏ । ਫਿਰ ਪਤਾ ਨਹੀਂ ਬੋਰਡ ਨੇ ਕਿਸ ਤਰ੍ਹਾਂ ਇਹ ਕੇਸ ਵਾਪਸ ਲੈ ਲਿਆ ਜਦੋਂ ਕਿ ਚੋਰੀ ਹੁੰਦੀ ਫੜੀ ਗਈ ਸੀ। ਡਿਪਟੀ ਸਪੀਕਰ ਸਾਹਿਬ, ਸਾਡੀਆਂ ਲੰਬੀਆਂ ਲਾਈਨਾਂ ਜਿਹੜੀਆਂ ਹਨ, ਉਨ੍ਹਾਂ ਤੇ ਲੋਕ ਸਿਧੀਆਂ

ਤਾਰਾਂ ਸੁੱਟ ਦਿੰਦੇ ਹਨ ਅਤੇ ਆਪ ਕੁਨੈਕਸ਼ਨ ਚਾਲੂ ਕਰ ਲੈਂਦੇ ਹਨ । ਇਸ ਤਰ੍ਹਾਂ ਨਾ ਤਾਂ ਉਸਦੀ ਕਨਜ਼ੰਪਸ਼ਨ ਵਿਖਦੀ ਹੈ ਅਤੇ ਨਾ ਹੀ ਬੋਰਡ ਨੂੰ ਉਸਦਾ ਕੋਈ ਪੈਸਾ ਆਉਂਦਾ ਹੈ । ਇਸ ਤਰ੍ਹਾਂ ਚੋਰੀ ਹੁੰਦੀ ਹੈ । ਇਸਦੀ ਪੜਤਾਲ ਕਰਨੀ ਚਾਹੀਦੀ ਹੈ । ਪਿਛਲੀ ਸਰਕਾਰ ਵੇਲੇ ਬਹੁਤ ਸਾਰੇ ਕੰਮ ਇਸ ਤਰ੍ਹਾਂ ਦੇ ਹੋਏ ਸਨ । ਪੰਜਾਬ ਵਿਚ ਪਿਛਲੀ ਕਾਂਗਰਸ ਸਰਕਾਰ ਨੇ ਜੈਨਰੇਟਿੰਗ ਸੈਟ ਖਰੀਦੇ ਸਨ । ਇਹ ਬਾਹਰੋਂ ਮੰਗਵਾਏ ਸਨ ਅਤੇ ਲੱਖਾਂ ਰੁਪਏ ਲਾਏ ਸਨ । ਪਤਾ ਨਹੀਂ ਸਰਕਾਰ ਦੀ ਗਲਤੀ ਸੀ ਜਾਂ ਬੋਰਡ ਦੀ ਗਲਤੀ ਸੀ, ਉਹ ਜੈਨਰੇਟਰ ਚਲੇ ਨਹੀਂ । ਉਨ੍ਹਾਂ ਦੀ ਨਿਲਾਮੀ ਹੋ ਗਈ । ਜਿਸ ਭਾਅ ਤੇ ਉਹ ਆਏ ਸਨ ਉਸਦੇ ਚੌਥੇ ਹਿਸੇ ਤੇ ਉਹ ਜੈਨਰੇਟਰ ਵੇਚੇ ਗਏ । ਜਿਹੜੇ ਉਨ੍ਹਾਂ ਨੂੰ ਸੱਸਤੇ ਭਾਅ ਤੇ ਖਰੀਦ ਕੇ ਗਏ ਸਨ, ਉਨ੍ਹਾਂ ਨੇ ਲੱਖਾਂ ਰੁਪਏ ਪ੍ਰਾਫਿਟ ਤੇ ਉਹ ਵੇਚ ਦਿੱਤੇ । ਇਸਦਾ ਮਤਲਬ ਇਹ ਹੈ ਕਿ ਜੇ ਪ੍ਰਾਈਵੇਟ ਆਦਮੀ ਆਪਣੇ ਪ੍ਰਾਈਵੇਟ ਇੰਜੀਨੀਅਰ ਰੱਖ ਕੇ ਉਸ ਚੀਜ਼ ਨੂੰ ਠੀਕ ਕਰਾ ਸਕਦਾ ਹੈ ਅਤੇ ਲੱਖਾਂ ਰੁਪਏ ਮੁਨਾਫਾ ਕਮਾ ਸਕਦਾ ਹੈ ਤਾਂ ਸਾਡਾ ਬੋਰਡ ਕਿਉਂ ਨਹੀਂ ਸੀ ਕਰ ਸਕਦਾ ਜਦੋਂ ਕਿ ਇਥੇ ਬੜੇ ਸਿਆਣੇ, ਸਮਝਦਾਰ ਅਤੇ ਕੁਆਲੀਫਾਈਡ ਇੰਜੀਨੀਅਰ ਸਾਡੇ ਕੋਲ ਹਨ । ਜੇ ਉਹ ਇਸ ਨੂੰ ਠੀਕ ਕਰਵਾ ਕੇ ਵੇਚਦੇ ਤਾਂ ਬੋਰਡ ਨੂੰ ਇਹ ਘਾਟਾ ਨਾ ਪੈਂਦਾ ।

ਫਿਰ ਡਿਪਟੀ ਸਪੀਕਰ ਸਾਹਿਬ, ਬੋਰਡ ਨੂੰ ਇਕ ਹੋਰ ਕਾਰਣ ਕਰਕੇ ਵੀ ਘਾਟਾ ਪੈਂਦਾ ਹੈ । ਇਹ ਅਡਵਾਂਸ ਵਿਚ ਪੁਰਜ਼ੇ ਲੈ ਲੈਂਦੇ ਹਨ ਅਤੇ ਉਨ੍ਹਾਂ ਨੂੰ ਸਟੋਰ ਕਰ ਲੈਂਦੇ ਹਨ । ਇਹ ਪੁਰਜੇ ਕਈ ਵਾਰੀ, ਤਿੰਨ-ਚਾਰ ਸਾਲ ਪਏ ਰਹਿੰਦੇ ਹਨ ਅਤੇ ਯੂਜ਼ ਨਹੀਂ ਹੁੰਦੇ । ਇਸ ਤਰ੍ਹਾਂ ਬੈਂਕਾਂ ਵਿਚੋਂ ਇਨਾਂ ਪੁਰਜ਼ਿਆਂ ਨੂੰ ਖਰੀਦਣ ਲਈ ਜੋ ਪੈਸਾ ਲਿਆ ਹੁੰਦਾ ਹੈ ਉਸਤੇ ਇੰਟਰੈਸਟ ਪੈਂਦਾ ਹੈ ਅਤੇ ਬੋਰਡ ਨੂੰ ਫਿਰ ਘਾਟਾ ਪਈ ਜਾਂਦਾ ਹੈ । ਇਨ੍ਹਾਂ ਚੀਜ਼ਾਂ ਵੱਲ ਖਾਸ ਤੌਰ ਤੇ ਖਿਆਲ ਰਖਣਾ ਚਾਹੀਦਾ ਹੈ । ਜਿਸ ਚੀਜ਼ ਦੀ ਲੋੜ ਨਹੀਂ ਉਹ ਨਹੀਂ ਖਰੀਦਣੀ ਚਾਹੀਦੀ ਅਤੇ ਕੇਵਲ ਉਹ ਚੀਜ਼ ਖਰੀਦਣੀ ਚਾਹੀਦੀ ਹੈ ਜਿਸ ਦੀ ਸਾਲ ਦੇ ਦੌਰਾਨ ਲੋੜ ਹੋਵੇ। ਇਸ ਤਰ੍ਹਾਂ ਚਾਰ ਚਾਰ ਸਾਲ ਪਏ ਰਹਿਣ ਨਾਲ ਇੰਟਰੈਸਟ ਪੈਂਦਾ ਰਹਿੰਦਾ ਹੈ ਅਤੇ ਬੋਰਡ ਨੂੰ ਘਾਟਾ ਪੈਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਗੱਲ ਹੋਰ ਕਰਨੀ ਚਾਹੁੰਦਾ ਹਾਂ । ਸਾਨੂੰ ਛੇ ਘੰਟੇ ਬਿਜਲੀ ਮਿਲਦੀ ਹੈ । ਪਤਾ ਨਹੀਂ ਇਸ ਵਿਚ ਸਰਕਾਰ ਦਾ ਕਸੂਰ ਹੈ ਜਾਂ ਬੋਰਡ ਦਾ ਕਸੂਰ ਹੈ । ਇੰਜੀਨੀਅਰਜ਼ ਦਾ ਝਗੜਾ ਪਿਆ ਹੋਇਆ ਹੈ । ਅਗਰ ਉਨ੍ਹਾਂ ਦੀਆਂ ਮੰਗਾਂ ਜਾਇਜ਼ ਹਨ ਤਾਂ ਚੀਫ ਮਨਿਸਟਰ ਸਾਹਿਬ ਨੂੰ ਉਹ ਮੰਨ ਲੈਣੀਆਂ ਚਾਹੀਦੀਆਂ ਹਨ । ਸਾਡਾ ਬਹੁਤ ਨੁਕਸਾਨ ਹੋ ਰਿਹਾ ਹੈ । ਉਨ੍ਹਾਂ ਦੀ ਡਿਮਾਂਡ ਤੇ ਛੇਤੀ ਤੋਂ ਛੇਤੀ ਫੈਸਲਾ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਨਾ ਕੇਵਲ ਇੰਡਸਟਰੀ ਦਾ ਨੁਕਸਾਨ ਹੋਵੇਗਾ ਸਗੋਂ ਐਗਰੀ-ਕਲਚਰ ਦਾ ਵੀ ਬੜਾ ਨੁਕਸਾਨ ਹੋਵੇਗਾ । ਰਾਤ ਨੂੰ 10 ਵਜੇ ਬਿਜਲੀ ਆਉਂਦੀ ਹੈ ਅਤੇ ਸਵੇਰੇ ਦੋ ਵਜੇ ਤਕ ਰਹਿੰਦੀ ਹੈ । ਇਸ ਸਮੇਂ ਦੌਰਾਨ ਵੀ ਦੋ, ਤਿੰਨ ਵਾਰੀ ਬਿਜਲੀ ਚਲੀ ਜਾਂਦੀ ਹੈ । ਜਿਹੜਾ ਮਜ਼ਦੂਰ ਇੰਡਸਟਰੀ ਵਿਚ ਕੰਮ ਕਰਦਾ ਹੈ ਉਹ ਚਾਰ, ਪੰਜ ਮੀਲ ਦੀ ਦੂਰੀ ਤੋਂ ਸਾਈਕਲ ਤੇ ਚਲ ਕੇ ਰਾਤ ਨੂੰ 10 ਵਜੇ ਆ ਜਾਂਦਾ ਹੈ ਅਤੇ ਸਵੇਰੇ 2 ਵਜੇ ਵਾਪਸ ਜਾਂਦਾ ਹੈ । ਇਸ ਤਰ੍ਹਾਂ ਉਸ ਨੂੰ ਵੀ ਬੜੀ ਤਕਲੀਫ ਹੁੰਦੀ ਹੈ। ਇੰਡਸਟਰੀ ਦਾ ਜਿਥੇ ਨੁਕਸਾਨ ਹੁੰਦਾ ਹੈ ਉਥੇ ਮਜ਼ਦੂਰ ਦੀ ਵੀ ਰੋਜ਼ੀ ਮਾਰੀ ਜਾਂਦੀ ਹੈ । ਕਈ ਵਾਰੀ ਤਾਂ ਮਾਲਕ ਨੂੰ ਮਜ਼ਦੂਰ

[ਸ੍ਰੀ ਗੁਰਦਿਆਲ ਸੈਣੀ]

ਨੂੰ ਪੈਸੇ ਦੇਣੇ ਪੈਂਦੇ ਹਨ । ਜੇ ਮਜ਼ਦੂਰ ਨੂੰ ਕੰਮ ਨਹੀਂ ਮਿਲੇਗਾ ਤਾਂ ਉਸਨੂੰ ਪੈਸੇ ਵੀ ਨਹੀਂ ਮਿਲਣਗੇ । ਫਿਰ ਉਹ ਰੋਟੀ ਕਿਥੋਂ ਖਾਵੇਗਾ ? ਇਸ ਲਈ ਮੇਰਾ ਇਕ ਸੁਝਾਓ ਇਹ ਵੀ ਹੈ ਕਿ ਜਿਹੜੀ ਛੇ ਘੰਟੇ ਬਿਜਲੀ ਮਿਲਦੀ ਹੈ, ਇਹ ਲਗਾਤਾਰ ਹੀ ਮਿਲਣੀ ਚਾਹੀਦੀ ਹੈ ਅਤੇ ਵਿਚੋਂ ਬੰਦ ਨਹੀਂ ਹੋਣੀ ਚਾਹੀਦੀ । ਜਲੰਧਰ ਵਿਚ ਅਸੀਂ ਐਸ.ਈ., ਬਿਜਲੀ ਬੋਰਡ ਨੂੰ ਸੁਝਾਉ ਦਿੱਤਾ ਸੀ ਕਿ ਜਿਹੜੀਆਂ ਸਾਡੀਆਂ ਸਟਰੀਟ ਲਾਈਟਾਂ ਹਨ, ਘਰਾਂ ਦੇ ਕੁਨੈਕਸ਼ਨ ਹਨ ਅਤੇ ਸਿੰਗਲ ਮੋਟਰ ਦੇ ਕੁਨੈਕਸ਼ਨ ਹਨ, ਉਨ੍ਹਾਂ ਦੇ ਟਾਈਮ ਬੰਨ੍ਹ ਦਿਓ ਕਿ ਇਸ ਵੇਲੇ ਇਤਨੇ ਟਾਈਮ ਲਈ ਬਿਜਲੀ ਆਵੇਗੀ । ਉਸਦੇ ਬਾਅਦ ਫਿਰ ਘਰਾਂ ਦੇ ਕੁਨੈਕਸ਼ਨਾਂ ਨੂੰ ਬਿਜਲੀ ਬੰਦ ਕਰਕੇ ਇੰਡ-ਸਟਰੀਅਲ ਕੁਨੈਕਸ਼ਨਜ਼ ਨੂੰ ਬਿਜਲੀ ਦੇਣੀ ਚਾਹੀਦੀ ਹੈ । ਫਿਰ ਉਹ ਕਹਿਣ ਲੱਗੇ ਕਿ ਸਾਡੇ ਫੀਡਰ ਵੱਖਰੇ ਵੱਖਰੇ ਨਹੀਂ ਹੋ ਸਕਦੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਸ ਨੇ ਕਰਨੇ ਹਨ । ਕੀ ਇਹ ਬੋਰਡ ਦੇ ਚੇਅਰਮੈਨ ਨੇ ਕਰਨੇ ਹਨ । ਬੋਰਡ ਦਾ ਚੇਅਰਮੈਨ ਡਿਪਟੀ ਸਪੀਕਰ ਸਾਹਿਬ, ਬੜਾ ਅੱਛਾ ਤੇ ਭਲਾਮਾਣਸ ਆਦਮੀ ਹੈ, ਉਹ ਕੁਆਲੀਫਾਈਡ ਵੀ ਹੈ । ਇਸ ਪਾਸੇ ਵੱਲ ਧਿਆਨ ਸਰਕਾਰ ਨੂੰ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਥੇ ਸਾਡੀ ਸਰਕਾਰ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਲਗਾ ਰਹੀ ਹੈ, ਰੋਪੜ ਥਰਮਲ ਪਲਾਂਟ ਲਗਾ ਰਹੀ ਹੈ, ਉਥੇ ਪ੍ਰਮਾਣੂ ਬਿਜਲੀ ਘਰ ਵੀ ਇਥੇ ਲਾਉਣੇ ਚਾਹੀਦੇ ਹਨ । ਬਿਜਲੀ ਦੀ ਘਾਟ ਬਾਰੇ ਸਾਨੂੰ ਅੰਦਾਜ਼ਾ ਲਾਉਣਾ ਚਾਹੀਦਾ ਹੈ ਕਿ ਸਾਨੂੰ ਆਉਣ ਵਾਲੇ ਸਾਲਾਂ ਵਿਚ ਇਤਨੀ ਬਿਜਲੀ ਦੀ ਲੋੜ ਪਵੇਗੀ ਅਤੇ ਉਸਦੇ ਮੁਤਾਬਿਕ ਹੀ ਸਾਨੂੰ ਇਸ ਘਾਟ ਨੂੰ ਦੂਰ ਕਰਨ ਲਈ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ । ਅੱਜ ਸਾਨੂੰ ਪੰਜਾਬ ਵਿਚ ਡੇਢ, ਪੌਣੇ ਦੋ ਲੱਖ ਯੂਨਿਟ ਬਿਜਲੀ ਮਿਲ ਰਹੀ ਹੈ ਜਦੋਂ ਸਾਨੂੰ ਰੋਜ਼ ਦੀ ਤਿੰਨ, ਚਾਰ ਲੱਖ ਯੂਨਿਟ ਬਿਜਲੀ ਚਾਹੀਦੀ ਹੈ। ਬਿਜਲੀ ਦੀ ਘਾਟ ਰਹੀ ਤਾਂ ਨਾ ਐਗਰੀਕਲਚਰ ਇਥੇ ਕਾਮਯਾਬ ਹੋਵੇਗੀ ਅਤੇ ਨਾ ਹੀ ਇਥੇ ਇੰਡਸਟਰੀ ਕਾਮਯਾਬ ਹੋਵੇਗੀ । ਸਾਡੇ ਬੋਰਡ ਦੇ ਚੇਅਰਮੈਨ ਸਾਹਿਬ ਅਤੇ ਦੂਸਰੇ ਮੈਂਬਰਾਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਗੱਲ ਹੋਰ ਕਰਨੀ ਚਾਹੁੰਦਾ ਹਾਂ । ਪਰ ਸਾਡੇ ਮਨਿਸਟਰ ਸਾਹਿਬ ਆਪਣੀਆਂ ਗੱਲਾਂ ਵਿਚ ਲੱਗੇ ਹਨ ਅਤੇ ਕਿਸੇ ਦਾ ਇਧਰ ਧਿਆਨ ਨਹੀਂ । ਜਦੋਂ ਅਕਾਲੀ ਸਰਕਾਰ ਦਾ ਰਾਜ ਸੀ ਤਾਂ ਉਦੋਂ 100 ਐਸ.ਡੀ.ਓਜ਼. ਦੀ ਭਰਤੀ ਹੋਈ । 25,25 ਹਜ਼ਾਰ ਰੁਪਏ ਲੈ ਕੇ ਉਨ੍ਹਾਂ ਨੂੰ ਭਰਤੀ ਕੀਤਾ ਗਿਆ । ਇਸ ਦੀ ਬੇਸ਼ਕ ਇਨਕੁਆਇਰੀ ਕਰਵਾ ਲਓ । ਉਨ੍ਹਾਂ ਗਰੀਬ ਲੜਕਿਆਂ ਕੋਲੋਂ 25,25 ਹਜ਼ਾਰ ਰੁਪਿਆ ਲੈ ਕੇ ਖਾਧਾ ਗਿਆ । ਇਸੇ ਤਰ੍ਹਾਂ ਉਸ ਵੇਲੇ ਸਰਕਾਰ ਨੇ 300 ਹੋਰ ਮੁਲਾਜ਼ਮ ਰਖੇ ।

ਕਾਮਰੇਡ ਬਲਦੇਵ ਸਿੰਘ ਲੁੰਬਾ : ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਬੜੇ ਸੋਹਣੇ ਸੁਝਾਓ ਦੇ ਰਹੇ ਹਨ । ਠੀਕ ਗੱਲਾਂ ਕਹਿ ਰਹੇ ਹਨ । ਪਰ ਸਾਡੇ ਮਨਿਸਟਰ ਸਾਹਿਬਾਨ ਵੇਹਲੇ ਨਹੀਂ । ਉਹ ਸਾਰੇ ਮੀਟਿੰਗਾਂ ਕਰ ਰਹੇ ਹਨ ਅਤੇ ਮੈਂਬਰ ਸਾਹਿਬ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ ।

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪਿਛਲੀ ਅਕਾਲੀ ਸਰਕਾਰ ਵੇਲੇ 100 ਐਸ.ਡੀ.ਓਜ਼. ਭਰਤੀ ਕੀਤੇ ਗਏ । ਉਨ੍ਹਾਂ ਮੁੰਡਿਆਂ ਤੋਂ 25, 25 ਹਜ਼ਾਰ ਰੁਪਏ ਲੈ ਕੇ ਉਨ੍ਹਾਂ ਨੂੰ ਭਰਤੀ ਕੀਤਾ ਗਿਆ । ਜੇ ਉਹ ਇਸ ਤਰ੍ਹਾਂ ਪੈਸੇ ਦੇ

ਜਦੋਂ ਨੌਕਰੀ ਤੇ ਲਗਣਗੇ ਤਾਂ ਉਹ ਕਿਵੇਂ ਕੁਰੱਪਸ਼ਨ ਨਹੀਂ ਕਰਨਗੇ । ਉਹ ਕਿਵੇਂ ਕਿਸਾਨਾਂ ਨਾਲ ਰੱਲ ਕੇ ਗਲਤ ਕੰਮ ਨਹੀਂ ਕਰਨਗੇ । ਗਰੀਬ ਆਦਮੀ ਆਪਣੇ ਬੱਚੇ ਨੂੰ ਪੜ੍ਹਾ ਕੇ ਫਿਰ 25, 30 ਹਜ਼ਾਰ ਰੁਪਿਆ ਕਿਥੋਂ ਲਿਆ ਕੇ ਦੇਵੇ । ਸਾਡੀ ਸਰਕਾਰ ਨੇ ਆਰਡਰ ਕੀਤੇ ਸਨ ਕਿ ਕਿਸੇ ਨੂੰ ਵੀ ਐਡਹਾਕ ਬੇਸਿਜ਼ ਤੇ ਨਾ ਰਖਿਆ ਜਾਵੇ। ਲੇਕਿਨ ਬੋਰਡ ਵਾਲਿਆਂ ਨੇ ਹੁਣ ਫਿਰ 400 ਐਸ.ਏ.ਐਸ. ਰੱਖੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬੋਰਡ ਸੁਪਰੀਮ ਹੈ ਜਾਂ ਸਰਕਾਰ ਸੁਪਰੀਮ ਹੈ । ਇਸ ਬਾਰੇ ਵੀ ਸੋਚਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਰਾਜਸਥਾਨ ਵਿਚ ਵੇਖ ਕੇ ਆਇਆ ਹਾਂ ਕਿ ਦਰਿਆ ਚੰਬਲ ਉਤੇ ਢੇਡ ਮੀਲ ਦੇ ਏਰੀਏ ਵਿਚ ਚਾਰ ਪ੍ਰਾਜੈਕਟ ਉਨ੍ਹਾਂ ਨੇ ਲਾਏ ਹਨ । ਇਸੇ ਤਰ੍ਹਾਂ ਹਰਿਆਣੇ ਵਾਲੇ ਵੀ ਲਾਉਣ ਦੀ ਸੋਚ ਰਹੇ ਹਨ ਮੇਰੀ ਬੇਨਤੀ ਹੈ ਕਿ ਚੀਫ ਮਨਿਸਟਰ ਸਾਹਿਬ ਹਿਮਾਚਲ ਸਰਕਾਰ ਨਾਲ ਮਿਲ ਕੇ ਗਲ-ਬਾਤ ਕਰਨ ਅਤੇ ਇਸ ਤਰ੍ਹਾਂ ਦੇ ਪ੍ਰਾਜੈਕਟ ਬਣਾਉਣ ਦਰਿਆਵਾਂ ਦੇ ਕੰਢੇ, ਜਿਸ ਨਾਲ ਪੰਜਾਬ ਵਿਚੋਂ ਬਿਜਲੀ ਦਾ ਸੰਕਟ ਦੂਰ ਹੋਵੇ ਅਤੇ ਇੰਡਸਟਰੀ ਅਤੇ ਐਗਰੀਕਲਚਰ ਦੀ ਤਰੱਕੀ ਹੋਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਸਮਾਂ ਨਹੀਂ ਲੈਣਾ । ਮੈਂ ਦੋ ਤਿੰਨ ਮਿੰਟਾਂ ਵਿਚ ਹੀ ਆਪਣੀ ਗੱਲ ਕਰ ਲੈਣੀ ਹੈ । ਜੋ ਰਿਪੋਰਟ ਅੱਜ ਇਥੇ ਡਿਸਕਸ ਹੋ ਰਹੀ ਹੈ, ਮੈਂ ਇਹ ਪੜ੍ਹੀ ਹੈ । ਇਸਦੇ ਵਿਚ ਖਾਸ ਕਰਕੇ ਉਹ ਆਈਟਮਾਂ ਜਿਹੜੀਆਂ ਥੀਨ ਡੈਮ ਨਾਲ ਡੀਲ ਕਰਦੀਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਮੈਨੂੰ ਹੈਰਾਨੀ ਹੁੰਦੀ ਹੈ ਕਿ ਜਦੋਂ ਇਸ ਹਾਊਸ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਚੀਫ ਮਨਿਸਟਰ ਹੁੰਦੇ ਸਨ ਤਾਂ ਉਹ ਵੀ ਅਜੀਬ ਸਟੇਟਮੈਂਟਾਂ ਦਿੰਦੇ ਰਹੇ ਅਤੇ ਜਦੋਂ ਇਹ ਗੌਰਮਿੰਟ ਆਈ ਹੈ ਤਾਂ ਇਹ ਵੀ ਅਜੀਬ ਸਟੇਟਮੈਂਟਾਂ ਦਿੰਦੀ ਹੈ ਪਰ ਫੈਕਟਸ ਕੁਝ ਹੋਰ ਹੀ ਹਨ । ਇਥੇ ਲਿਖਿਆ ਹੈ :—

"The project envisages the construction of 147 Meter High Dam on River Ravi, 24 Km up steam of Madhopur Head Works. The project is estimated to cost Rs. 38,00,000 thousand and envisages installation of 4 units of 120 MW capacity each in the Power House at the dam site. The project has already been cleared by the Central Electricity Authority. However, its formal sanction is still awaited from the Government of India. The project is likely to be commissioned by the end of 7th plan.,,

ਮੈਂ ਮਹਿਸੂਸ ਕਰਦਾ ਹਾਂ ਕਿ ਹਾਲੇ ਤਕ ਵੀ ਕੋਈ ਪਰਮਿਸ਼ਨ ਇਸ ਦੀ ਇਨ੍ਹਾਂ ਨੂੰ ਨਹੀਂ ਮਿਲੀ । ਜੇ ਮਿਲ ਵੀ ਗਈ ਤਾਂ ਪੈਸਾ ਨਹੀਂ ਮਿਲਣਾ । ਪੈਸਾ ਵੀ ਆਖਿਰਕਾਰ ਮੇਰੀ ਸਟੇਟ ਦਾ ਹੀ ਖਰਚ ਇਸ ਤੇ ਹੋਣਾ ਹੈ। ਇਹ ਪ੍ਰਾਜੈਕਟ ਇੱਕ ਪ੍ਰਾਇਰਿਟੀ ਪ੍ਰਾਜੈਕਟ ਹੈ, ਮੇਰੀ ਸਟੇਟ ਦਾ । ਸੰਨ 1970 ਤਕ ਭਾਰਤ ਸਰਕਾਰ ਅਤੇ ਪਾਕਿਸਤਾਨ ਸਰਕਾਰ ਵਿਚ ਐਗਰੀਮੈਂਟ ਹੋਇਆ ਸੀ ਕਿ ਪਾਕਿਸਤਾਨ ਰਾਵੀ ਦਾ ਪਾਣੀ ਯੂਜ਼ ਕਰ ਸਕਦਾ ਹੈ ਅਤੇ ਉਸਦੇ ਖਿਲਾਫ਼ ਵਿਚ 100 ਕਰੋੜ ਰੁਪਿਆ ਨੈਸ਼ਨਲ ਫੰਡ ਵਿਚੋਂ ਪਾਕਿਸਤਾਨ ਨੂੰ ਦਿੱਤਾ ਗਿਆ ਸੀ । ਅੱਜ 10 ਸਾਲਾਂ ਤੋਂ ਵੀ ਵੱਧ ਹੋ ਗਏ ਹਨ ਅਤੇ ਉਹ ਹੁਣ ਵੀ ਸਾਡਾ ਪਾਣੀ ਇਸਤੇਮਾਲ ਕਰ ਰਿਹਾ ਹੈ । ਦਿੱਲੀ ਦੀ ਸਰਕਾਰ ਇਸ ਮਾਮਲੇ ਤੇ ਬਿਲਕੁਲ ਅੱਖਾਂ ਮੀਟ ਕੇ ਬੈਠੀ ਹੈ ।

[ਡਾਕਟਰ ਭਗਤ ਸਿਘ]

ਪੰਜਾਬ ਦੀਆਂ ਜ਼ਮੀਨਾਂ ਸੁਕੀਆਂ ਪਈਆਂ ਹਨ । ਮੈਂ ਕਹਿਦਾ ਹਾਂ ਕਿ ਸ਼ਿਮਲਾ ਐਗਰੀਮੈਂਟ ਜਿਹੜਾ ਕਿ ਇਕ ਖੁਫੀਆ ਐਗਰੀਮੈਂਟ ਸੀ, ਉਸ ਦੇ ਅਧੀਨ ਹੀ ਇਹ ਸਾਜਸ਼ ਹੈ ਕਿ ਇਹ ਥੀਨ ਡੈਮ ਕੰਪਲੀਟ ਨਾ ਕਰਨ ਦਿਓ । ਜਿਹੜਾ ਰੋਪੜ ਦਾ ਥਰਮਲ ਪਲਾਂਟ ਹੈ, ਮੈਂ ਵਜੀਰਾਂ ਨੂੰ ਵੀ ਡਿਪਟੀ ਸਪੀਕਰ ਸਾਹਿਬ ਮਿਲਿਆ ਹਾਂ, ਮੈਂ ਕਿਹਾ ਕਿ ਸਾਡੇ ਪਾਸੋਂ ਬਠਿੰਡੇ ਵਾਲਾ ਤਾਂ ਥਰਮਲ ਪਲਾਂਟ ਚਲਦਾ ਨਹੀਂ ਹੈ, ਉਸ ਦੇ ਵਾਸਤੇ ਤਾਂ ਬਿਹਾਰ ਤੋਂ ਕੋਲਾ ਆਉਂਦਾ ਹੈ, ਫਿਰ ਗੱਡੀਆਂ ਕੋਲਾ ਲਿਆਉਣ ਵਾਸਤੇ ਨਹੀਂ ਹਨ, ਪੈਟਰੋਲ ਮਹਿੰਗਾ ਹੈ, ਔਰ ਪਟਰੋਲ ਖਰਚ ਕਰਕੇ ਟਰੱਕਾਂ ਰਾਹੀਂ ਕੋਲਾ ਲਿਆਇਆ ਨਹੀਂ ਜਾ ਸਕਦਾ ਇਸ ਲਈ ਤੁਸੀਂ ਸਾਨੂੰ ਕੋਈ ਅਟਾਮਿਕ ਪਲਾਂਟ ਦਿਓ । ਉਹ ਤੁਸੀਂ ਦਿੰਦੇ ਨਹੀਂ ਹੋ, ਅਸਲ ਗੱਲ ਕੀ ਹੈ ? ਉਹ ਕਹਿਣ ਲੱਗੇ ਅਗਰ ਇਮਾਨਦਾਰੀ ਨਾਲ ਗੱਲ ਪੁੱਛੋ ਤਾਂ ਸੁਕੀ ਤੂੜੀ ਔਰ ਭੁਖੀ ਮੱਝ ਵਾਲੀ ਗੱਲ ਹੈ । ਸਾਡੇ ਪਾਸ ਤੂੜੀ ਸੀ ਔਰ ਤੁਸੀਂ ਭੁੱਖੇ ਸੀ । ਅਸੀਂ ਕਿਹਾ ਕਿ ਤੁਸੀਂ ਇਹ ਤੂੜੀ ਲੈ ਜਾਵੋ ਤੇ ਤੁਸੀਂ ਕਿਹਾ ਕਿ ਇਸ ਨਾਲ ਤੁਹਾਡਾ ਪੇਟ ਭਰ ਗਿਆ ਹੈ । (ਹਾਸਾ) ਡਿਪਟੀ ਸਪੀਕਰ ਸਾਹਿਬ, 260 ਕਰੋੜ ਰੁਪਿਆ ਇਸ ਤੇ ਖਰਚ ਆਉਣਾ ਹੈ ਔਰ ਚਲਣਾ ਹੈ ਜਾਂ ਨਹੀਂ ਚਲਣਾ, ਇਸ ਬਾਰੇ ਮੈਂ ਇਸ ਵਲੇ ਕੁਝ ਨਹੀਂ ਕਹਿਦਾ ਪਰ ਇਹ ਜ਼ਰੂਰ ਹੈ ਕਿ ਜਦੋਂ ਨੂੰ ਇਹ ਬਣਨਾ ਹੈ ਇਸ ਦਾ ਖਰਚ 500 ਕਰੋੜ ਰੁਪਏ ਤਕ ਜਾਣਾ ਹੈ । ਮੈਂ ਕਹਿੰਦਾ ਹਾਂ ਕਿ ਤੁਹਾਡੇ ਪਾਸ ਇਕ ਥਰਮਲ ਪਲਾਂਟ ਪਹਿਲਾਂ ਹੈ, ਤੁਸੀਂ ਉਸ ਨੂੰ ਹੀ ਵਧਾ ਲਓ । ਚੀਫ ਮਨਿਸਟਰ ਸਾਹਿਬ ਵੀ ਇਸ ਗੱਲ ਨਾਲ ਸਹਿਮਤ ਹਨ, ਪਰ ਉਨ੍ਹਾਂ ਦਾ ਵੀ ਮੈਂ ਸਮਝਦਾ ਹਾਂ ਕਿ ਵੱਸ ਨਹੀਂ ਚਲਦਾ । ਦਿਲੀ ਦੀ ਸਰਕਾਰ ਉਹ ਹੀ ਕੀਰਤਨ ਹੁਣ ਕਰਦੀ ਹੈ, ਜੋ ਉਹ ਪਹਿਲਾਂ ਅਕਾਲੀ ਸਰਕਾਰ ਵੇਲੇ ਕਰਦੀ ਹੁੰਦੀ ਸੀ । ਇਸ ਵਿਚ ਮੈਂ ਸਮਝਦਾ ਹਾਂ ਕਿ ਕੋਈ ਪਾਰਟੀ ਪਾਲੇਟਿਕਸ ਵਾਲੀ ਗੱਲ ਨਹੀਂ ਹੈ । ਅਸੀਂ ਅਮਨ ਚਾਹੁੰਦੇ ਹਾਂ, ਆਪਣੇ ਪੰਜਾਬ ਨੂੰ ਖੁਸ਼ਹਾਲ ਚਾਹੁੰਦੇ ਹਾਂ । ਅਸੀਂ ਤੁਹਾਡੇ ਨਾਲ ਡੈਪੂਟੇਸ਼ਨ ਲੈ ਕੇ ਜਾਣ ਨੂੰ ਤਿਆਰ ਹਾਂ ਔਰ ਕਹਿਣ ਨੂੰ ਤਿਆਰ ਹਾਂ ਕਿ ਇਹ ਜਿਹੜਾ ਪਲਾਂਟ ਹੈ ਇਹ ਲੈਕੇ ਸਾਡੇ ਤੋਂ ਬਿਹਾਰ ਨੂੰ ਦੇ ਦਿਓ ਤੇ ਸਾਨੂੰ ਦਿਓ ਅਟਾਮਿਕ ਪਲਾਂਟ । ਸਰਕਾਰ ਕਹਿੰਦੀ ਹੈ ਕਿ ਇਸ ਪਲਾਂਟ ਤੇ 23 ਕਰੋੜ ਰੁਪਿਆ ਹੁਣ ਖਰਚ ਹੋਣਾ ਹੈ । ਮੈਂ ਕਹਿੰਦਾ ਹਾਂ ਕਿ ਇਹ ਰੁਪਿਆ ਅਸੀਂ ਗਰੀਬ ਕਿਸਾਨਾਂ ਦਾ ਕਿਉਂ ਖਰਚ ਕਰੀਏ ।

ਤੀਸਰੀ ਗੱਲ ਜਿਹੜੀ ਮੈਂ ਤੁਹਾਡੇ ਸਾਹਮਣੇ ਅਰਜ਼ ਕਰਦਾ ਹਾਂ ਉਹ ਹੈ ਡਿਪਟੀ ਸਪੀਕਰ ਸਾਹਿਬ, ਲੱਖਾ ਪਿੰਡ ਬਾਰੇ । ਲੱਖਾ ਪਿੰਡ ਜਗਰਾਓਂ ਏਰੀਏ ਵਿਚ ਹੈ ਉਥੇ 43 ਬੰਦਿਆਂ ਨੇ ਮਕਾਨ ਬਣਾਏ ਹੋਏ ਹਨ ਔਰ ਉਨ੍ਹਾਂ ਨੇ ਬਿਜਲੀ ਦੇ ਕੁਨੈਕਸ਼ਨਾਂ ਲਈ ਅਪਲਾਈ ਕੀਤਾ ਹੋਇਆ ਹੈ । ਬਿਜਲੀ ਵਾਲਿਆਂ ਨੇ ਉਹ ਤਾਂ ਛੱਡ ਲਏ ਹਨ, ਪਰ ਜਿਨ੍ਹਾਂ ਆਦਮੀਆਂ ਨੇ ਕੋਠੇ ਵੀ ਨਹੀਂ ਬਣਾਏ ਉਨ੍ਹਾਂ ਨੂੰ ਕੁਨੈਕਸ਼ਨ ਦੇ ਦਿਤੇ ਹਨ । ਉਨ੍ਹਾਂ ਨੇ ਅਰਜ਼ੀ ਦਿੱਤੀ ਹੈ ਔਰ ਚੀਫ ਮਨਿਸਟਰ ਸਾਹਿਬ ਨੇ ਉਹ ਉਨ੍ਹਾਂ ਦੀ ਅਰਜ਼ੀ ਚੇਅਰਮੈਨ ਇਲੈਕਟ੍ਰਿਸਿਟੀ ਬੋਰਡ ਨੂੰ ਭੇਜ ਦਿੱਤੀ ਹੈ । ਮੈਂ ਕਹਿੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਇਸ ਤਰ੍ਹਾਂ ਤਾਂ ਅਰਜ਼ੀਆਂ ਅੱਗੇ ਵੀ ਭੇਜੀਆਂ ਜਾਂਦੀਆਂ ਹਨ, ਪਰ ਸਾਲ ਸਾਲ ਭਰ ਜਵਾਬ ਹੀ ਨਹੀਂ ਆਉਂਦੇ ਜਾਂ ਤਾਂ ਇਹ ਕਰ ਦਿਓ ਕਿ ਇਕ ਹਫਤੇ ਤਕ ਜਵਾਬ ਲੈ ਕੇ ਜੋ ਸਹੀ ਚੀਜ਼ ਹੈ, ਉਹ ਕਰੋ ਔਰ ਜੋ ਕਸੂਰਵਾਰ ਹੈ ਉਸ ਨੂੰ ਸਜ਼ਾ ਦਿਓ ।

ਆਖਿਰ ਵਿਚ ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਕਹਿਣੀ ਹੈ ਕਿ ਇਥੇ ਟਰਾਂਸਮਿਸ਼ਨਾਂ ਦੀ ਗੱਲ ਕੀਤੀ ਗਈ ਹੈ। ਮੈਂ ਕਹਿੰਦਾ ਹਾਂ ਕਿ ਟਰਾਂਸਮਿਸ਼ਨ ਲਗ ਸਕਦੇ ਹਨ ਤਾਂ ਲਗਾਓ, ਜਿਹੜਾ ਡਿਪਾਰਟਮੈਂਟ ਦਾ ਕਸੂਰ ਹੈ, ਉਸ ਨੂੰ ਵੇਖੋ। ਔਰ ਇਹ ਟਰਾਂਸਮਿਸ਼ਨ ਦੇ ਲਾਸਿਜ਼ ਨੂੰ ਨਾ ਬਰਦਾਸ਼ਤ ਕਰੋ। ਜਿਹੜੇ ਮੈਂਬਰ ਲੱਗੇ ਹੋਏ ਹਨ ਟੈਕਨੋਕ੍ਰੈਟਸ ਔਰ ਦੂਸਰੇ ਉਨ੍ਹਾਂ ਦਾ ਆਪਸੀ ਝਗੜਾ ਪਿਆ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਇਹ ਪ੍ਰੈਸਟਿਜ਼ ਇਸ਼ੂ ਨਾ ਬਣਾਓ ਔਰ ਇਸ ਤਰ੍ਹਾਂ ਕਿਸਾਨ ਦਾ ਨੁਕਸਾਨ ਨਾ ਕਰੋ। ਅੱਜ ਪਿੰਡਾ ਦੇ ਵਿਚ ਬਿਜਲੀ ਬਿਲਕੁਲ ਨਹੀਂ ਮਿਲਦੀ ਔਰ ਜ਼ਿਮੀਂਦਾਰ ਤੋਂ ਬਿੱਲ ਪੂਰਾ ਲਿਆ ਜਾ ਰਿਹਾ ਹੈ। ਔਰ ਮੈਨੂੰ ਸ਼ੱਕ ਹੈ ਕਿ ਹਾੜੀ ਦੀ ਫਸਲ ਦਾ ਜਿਹੜਾ 14 ਮਿਲੀਅਨ ਟਨ ਦਾ ਅੰਦਾਜ਼ਾ ਲਗਾਇਆ ਹੈ, ਉਹ ਘਟ ਜਾਣਾ ਹੈ ਔਰ ਇਸ ਤਰ੍ਹਾਂ ਨਾਲ ਜ਼ਿਮੀਂਦਾਰ ਨੂੰ ਪੈਸਾ ਘੱਟ ਮਿਲੇਗਾ। ਇਸ ਲਈ ਮੇਰੀ ਰਿਕੂਐਸਟ ਹੈ ਕਿ ਤੁਸੀਂ ਇਸ ਪਾਸੇ ਵੱਲ ਉਚੇਚਾ ਧਿਆਨ ਦਿਓ। ਇਨ੍ਹਾਂ ਸ਼ਬਦਾਂ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸਾਰਾ ਕੁਝ ਤੁਹਾਡੇ ਸਾਹਮਣੇ ਦੱਸਿਆ ਜਾ ਰਿਹਾ ਹੈ ਮੈਂ ਸਮਝਦਾ ਹਾਂ ਕਿ ਅੱਗੇ ਵੀ ਇਹ ਦੱਸਿਆ ਗਿਆ ਸੀ। ਇਸ ਲਈ ਮੈਂ ਇਹ ਕਹਾਂਗਾ ਕਿ ਹੁਣ ਵੀ ਬਹਿਸ ਨੂੰ ਧਿਆਨ ਨਾਲ ਸੁਣਿਆ ਜਾਵੇ। ਅੱਜ ਪੰਜਾਬ ਬਿਜਲੀ ਦੇ ਸੰਕਟ ਦਾ ਸਾਹਮਣਾ ਕਰਨ ਡਹਿਆ ਹੋਇਆ ਹੈ। ਜੇਕਰ ਇਸ ਦਾ ਇੰਤਜ਼ਾਮ ਨਾ ਕੀਤਾ ਗਿਆ ਤਾਂ ਕਿਸਾਨ ਦਾ ਬਹੁਤ ਬੁਰਾ ਹਾਲ ਹੋ ਜਾਣਾ ਹੈ। ਜੇਕਰ ਹਰਿਆਣਾ ਵਿਚ ਅੱਗਾਂ ਲਗਾਈਆਂ ਜਾ ਰਹੀਆਂ ਹਨ ਤਾਂ ਇਥੇ ਵੀ ਇਸ ਤਰ੍ਹਾਂ ਹੋ ਸਕਦਾ ਹੈ। ਜਿਹੜੀ ਪੁਜ਼ੀਸ਼ਨ ਇਸ ਵੇਲੇ ਹੈ, ਉਹ ਤੁਸੀਂ ਡਿਪਟੀ ਸਪੀਕਰ ਸਾਹਿਬ, ਵੇਖੋ, 68 ਕਰੋੜ ਦਾ ਸੰਨ 1980-81 ਵਿਚ ਘਾਟਾ ਪਿਆ ਹੈ ਔਰ 72 ਕਰੋੜ ਦਾ ਨਵੇਂ ਬੱਜਟ ਵਿਚ ਘਾਟਾ ਪੈਣਾ ਹੈ। ਪਿਛਲਿਆਂ ਸਾਲਾਂ ਵਿਚ ਜੋ ਸਰਕਾਰ ਨੇ ਇਸ ਨੂੰ ਦਿੱਤਾ ਹੈ ਉਹ ਵੀ ਵੇਖ ਲਵੋ। ਸੰਨ 1978 ਵਿਚ 14 ਕਰੋੜ ਦਿੱਤਾ ਹੈ, ਸੰਨ 1979 ਵਿਚ 44 ਕਰੋੜ ਦਿੱਤਾ ਹੈ, ਸੰਨ 1980 ਵਿਚ 63 ਕਰੋੜ ਦਿੱਤਾ ਹੈ ਔਰ ਐਤਕੀ ਇਹ ਕਹਿੰਦੇ ਹਨ ਕਿ 59 ਕਰੋੜ ਦਿੱਤਾ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਇਤਨਾ ਸਰਕਾਰੀ ਖਜ਼ਾਨੇ ਵਿਚ ਫਰਕ ਪੈਂਦਾ ਹੈ। ਫਿਰ ਕਿਉਂ ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਮੇਰੀ ਰਾਏ ਹੈ ਕਿ ਇਸ ਵਿਚ ਗਲਤ ਪਲਾਨਿੰਗ ਦੀ ਗੱਲ ਹੈ ਔਰ ਸੈਂਟਰ ਵਲੋਂ ਥੋੜਾ ਜਿਹਾ ਵੀ ਪੰਜਾਬ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਬੋਰਡ ਨੂੰ ਲੱਖਾਂ ਨਹੀਂ ਕਰੋੜਾਂ ਰੁਪਏ ਦਾ ਨੁਕਸਾਨ ਪਰਚੇਜ਼ਿਜ਼ ਵਿਚ ਹੋ ਰਿਹਾ ਹੈ। ਫਿਰ ਆਈ.ਏ.ਐਸ. ਔਰ ਟੈਕਨੋਕ੍ਰੈਟਸ ਨੇ ਝਗੜਾ ਪਾਇਆ ਹੋਇਆ ਹੈ। ਮੁਫਤ ਦੀ ਲੜਾਈ ਖੜੀ ਕੀਤੀ ਹੋਈ ਹੈ। ਇਕ ਦੇ ਜ਼ਿਮੇਂ ਲਗਾਇਆ ਜਾਵੇ। ਚੀਫ ਮਨਿਸਟਰ ਸਾਹਿਬ ਨੂੰ ਮੈਂ ਬਹੁਤ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ 25 ਨੁਕਾਤੀ ਪ੍ਰੋਗਰਾਮ ਵਿਚ ਦਿੱਤਾ ਹੋਇਆ ਹੈ ਕਿ ਪਬਲਿਕ ਅਦਾਰਿਆਂ ਵਿਚ ਹੀ ਨਹੀਂ ਬਲਕਿ ਪ੍ਰਾਈਵੇਟ ਅਦਾਰਿਆਂ ਵਿਚ ਮਜ਼ਦੂਰਾਂ ਨੂੰ ਮਨੇਜਮੈਂਟ ਵਿਚ ਹਿੱਸੇਦਾਰ ਬਣਾਇਆ ਜਾਵੇਗਾ ਔਰ ਇਸ ਤਰ੍ਹਾਂ ਬਿਜਲੀ ਬੋਰਡ ਵਿਚ ਪ੍ਰਬੰਧਕ ਢਾਂਚੇ ਵਿਚ ਵਰਕਰਜ਼ ਨੂੰ ਪਾ ਲੈਣ ਤਾਂ ਜੋ ਅਨੁਰਗਰਦੀ ਚਲਦੀ ਹੈ, ਉਹ ਨਾ ਚਲ ਸਕੇ। ਮੈਂ ਸਮਝਦਾ ਹਾਂ ਕਿ ਜੇਕਰ ਪੂਰਾ ਧਿਆਨ ਸਰਕਾਰ ਇਸ ਪਾਸੇ ਦੇਵੇਗੀ ਤਾਂ

[ਕਾਮਰੇਡ ਕੁਲਵੰਤ ਸਿੰਘ]

ਹੀ ਇਸ ਦਾ ਸੁਧਾਰ ਹੋ ਸਕਦਾ ਹੈ ਨਹੀਂ ਤਾਂ ਨਹੀਂ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਸਾਨੂੰ ਬਿਜਲੀ ਦਾ 520 ਮੈਗਾਵਾਟ ਦਾ ਘਾਟਾ ਹੈ, ਜਿਸ ਨੂੰ ਪੂਰਾ ਕਰਨ ਲਈ ਕੋਈ ਦੂਰ ਦੀ ਪਲਾਨ ਨਹੀਂ ਹੈ। ਜਿਹੜੀ ਪਲਾਨ ਹੈ, ਉਸ ਨਾਲ ਇਹ ਘਾਟਾ ਮੈਂ ਸਮਝਦਾ ਹਾਂ ਕਿ 20 ਸਾਲਾਂ ਵਿਚ ਵੀ ਪੂਰਾ ਨਹੀਂ ਹੋ ਸਕਣਾ। ਔਰ ਇਹ ਘਾਟਾ ਵੱਧਦਾ ਜਾਣਾ ਹੈ। ਵੀਹ ਸਾਲਾਂ ਵਿਚ ਪੰਜਾਬ ਵਿਚ ਅਨ੍ਹੇਰਾ ਹੀ ਅਨ੍ਹੇਰਾ ਦਿਸਦਾ ਹੈ। ਸਾਰੇ ਪੰਜਾਬ ਵਿਚ ਬਿਲਕੁਲ ਹਨੇਰਾ ਹੋਵੇਗਾ, ਤੇ ਕਿਸਾਨ ਔਰ ਇੰਡਸਟਰੀ ਬਿਲਕੁਲ ਤਬਾਹ ਹੋ ਜਾਵੇਗੀ। ਜੇਕਰ ਚੰਗੀ ਤਰ੍ਹਾਂ ਨਾ ਇਸ ਮਸਲੇ ਨੂੰ ਵਿਚਾਰਿਆ ਗਿਆ ਤਾਂ ਬਹੁਤ ਬੁਰਾ ਹਾਲ ਹੋਵੇਗਾ। ਜੋ ਪਲਾਨ ਹੈ, ਜੋ ਇਹ ਦੱਸਦੇ ਹਨ ਉਸ ਦੇ ਮੁਤਾਬਿਕ 22 ਸੌ ਮੈਗਾਵਾਟ ਬਿਜਲੀ 20 ਸਾਲ ਵਿਚ ਤਿਆਰ ਹੋਣੀ ਹੈ ਜਦੋਂ ਕਿ ਆਉਣ ਵਾਲੇ ਸਮੇਂ ਵਿਚ 9 ਹਜ਼ਾਰ ਮੈਗਾਵਾਟ ਚਾਹੀਦੀ ਹੈ। ਇਹ ਘਾਟਾ ਕਿੱਥੋਂ ਪੂਰਾ ਕਰਨਾ ਹੈ ? 1500 ਕਰੋੜ ਰੁਪਿਆ ਚਾਹੀਦਾ ਹੈ, ਉਹ ਕਿੱਥੋਂ ਲਿਆਉਣਾ ਹੈ ? ਇਸ ਲਈ ਸਾਨੂੰ ਡਿਪਟੀ ਸਪੀਕਰ ਸਾਹਿਬ, ਬੜੀ ਹੀ ਦੂਰ ਅੰਦੇਸ਼ੀ ਨਾਲ ਸੋਚਣਾ ਪਏਗਾ। ਸੰਨ 1981-82 ਦੇ ਜਿਹੜੇ ਅਨੁਮਾਨ ਹਨ, ਤੁਸੀਂ ਉਨ੍ਹਾਂ ਨੂੰ ਪੜ੍ਹ ਕੇ ਵੇਖੋ, ਉਨ੍ਹਾਂ ਵਿਚ ਕੋਈ ਗੱਲ ਵੀ ਨਹੀਂ ਦੱਸੀ ਕਿ ਬਠਿੰਡਾ ਥਰਮਲ ਪਲਾਂਟ ਜਿਹੜਾ ਬਹੁਤ ਵੱਡੀ ਚੀਜ਼ ਹੈ ਔਰ 1800 ਮੈਗਾਵਾਟ ਦਾ ਹੈ ਪਰ ਉਸ ਦੀ ਕਪੈਸਿਟੀ ਘਟਾ ਦਿੱਤੀ ਗਈ ਹੈ ਔਰ ਉਹ ਹੁਣ 1451 ਮੈਗਾਵਾਟ ਰਹਿ ਗਈ ਹੈ। ਰੋਪੜ ਥਰਮਲ ਪਲਾਂਟ ਪਤਾ ਨਹੀਂ ਕਦੋਂ ਬਣਦਾ ਹੈ। ਜੇਕਰ ਬਠਿੰਡੇ ਦੇ ਥਰਮਲ ਪਲਾਂਟ ਦੀ ਕਪੈਸਿਟੀ ਘਟਦੀ ਜਾ ਰਹੀ ਹੈ ਤਾਂ ਰੋਪੜ ਦਾ ਕੀ ਹਾਲ ਹੋਵੇਗਾ ?

ਡਿਪਟੀ ਸਪੀਕਰ ਸਾਹਿਬ, ਇਕ ਇਹ ਵੀ ਦੱਸਿਆ ਗਿਆ ਹੈ, ਜਿਸ ਤਰ੍ਹਾਂ ਗੁਪਤਾ ਜੀ ਨੇ ਵੀ ਦੱਸਿਆ ਹੈ ਕਿ 22% ਦੇ ਕਰੀਬ ਬਿਜਲੀ ਲਾਈਨ ਲਾਸਿਜ਼ ਦੇ ਵਿਚ ਜਾਂਦੀ ਹੈ। ਪਰ ਮੈਂ ਕਹਿੰਦਾ ਹਾਂ ਕਿ ਇਹ ਚੋਰੀ ਹੁੰਦੀ ਹੈ ਔਰ ਇਸ ਨੂੰ ਰੋਕਣ ਵਾਸਤੇ ਚੀਫ ਮਨਿਸਟਰ ਸਾਹਿਬ ਧਿਆਨ ਦੇਣ। ਇਹ ਮਹਿਕਮਾਂ ਇਨ੍ਹਾਂ ਪਾਸ ਹੈ। ਫਿਰ ਇਥੇ ਸ਼ੰਟ ਕਪੈਸੀਟਰਜ਼ ਦੀ ਵੀ ਗੱਲ ਦੱਸਦਾ ਹਾਂ। ਘਾਟੇ ਵਾਸਤੇ ਕਿਹਾ ਗਿਆ ਹੈ ਕਿ ਛੋਟੇ ਕਪੈਸੀਟੇਂਟਰਜ਼ ਨਹੀਂ ਲਗਾਏ। ਡਿਪਟੀ ਸਪੀਕਰ ਸਾਹਿਬ, ਕੀ ਛੋਟੇ ਕਪੈਸੀਟੇਟਰਜ਼ ਕਿਸਾਨਾਂ ਨੇ ਲਗਾਉਣੇ ਸਨ ? ਕਿੱਡੀ ਗਲਤ ਗੱਲ ਹੈ ਜਿਹੜੇ ਟੈਕਨੋਕ੍ਰੇਟ ਹਨ, ਮੈਂ ਸਮਝਦਾ ਹਾਂ ਕਿ ਉਹ ਗਰੰਟੀ ਕਰਨ ਇਸ ਗੱਲ ਦੀ ਕਿ ਕਿਸਾਨ ਦੀ ਮੋਟਰ ਉਨ੍ਹਾਂ ਨੇ ਖੜੀ ਨਹੀਂ ਹੋਣ ਦੇਣੀ। ਬਿਜਲੀ ਦੀ ਘਾਟ ਪੂਰੀ ਕਰਨੀ ਸਰਕਾਰ ਦਾ ਕੰਮ ਹੈ। ਮੈਨੂੰ ਸਮਝ ਨਹੀਂ ਆਉਂਦਾ ਕਿ ਅਸਲ ਗੱਲ ਨੂੰ, ਅਸਲ ਕਾਰਣ ਨੂੰ ਕਿਸ ਤਰ੍ਹਾਂ ਛੁਪਾ ਲਿਆ ਜਾਂਦਾ ਹੈ ਔਰ ਗਲਤ ਗੱਲ ਨੂੰ ਕਿਸ ਤਰ੍ਹਾਂ ਕਿਸ ਪਾਸੇ ਕੱਢ ਕੇ ਲੈ ਜਾਇਆ ਜਾਂਦਾ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਸ ਪਾਸੇ ਉਚੇਚਾ ਧਿਆਨ ਦੇਣ। ਜੇਕਰ ਇਹੋ ਜਿਹੇ ਹਾਲਾਤ ਰਹੇ ਤਾਂ ਕਿਸਾਨ ਦੀ ਬੁਰੀ ਹਾਲਤ ਹੋ ਜਾਵੇਗੀ ਮੈਨੂੰ ਆਸ ਹੈ ਕਿ ਜਿਹੜੇ ਮੇਰੇ ਸੁਝਾਓ ਹਨ, ਉਹ ਇਨ੍ਹਾਂ ਵੱਲ ਧਿਆਨ ਦੇਣਗੇ। ਡਿਪਟੀ ਸਪੀਕਰ ਸਾਹਿਬ ਹੁਣ ਮੈਂ ਕੁਝ ਸੁਝਾਵ ਦੇਣਾ ਚਾਹੁੰਦਾ ਹਾਂ। ਔਰ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਨ੍ਹਾਂ ਵਲ ਜ਼ਰੂਰ ਧਿਆਨ ਦੇਣ। ਇਕ ਤਾਂ ਇਹ ਕਿ ਜਿਹੜਾ ਇਹ ਥਰਮਲ ਪਲਾਂਟ ਹੈ, ਉਸ ਦੇ ਬਾਰੇ ਵਿਚ ਲੋਕ ਸਭਾ ਦੇ ਸਪੀਕਰ ਨਾਲ ਵੀ ਗੱਲ ਹੋਈ ਹੈ, ਇਸ ਲਈ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਛੋਟੀ

ਨਾਲ ਇਹ ਮੁਕੰਮਲ ਕਰਨਾ ਚਾਹੀਦਾ ਹੈ । (ਘੰਟੀ) ਦੂਜਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਅਟਾਮਿਕ ਪਲਾਂਟ ਹੈ, ਇਹ ਜਲਦੀ ਲਗਣਾ ਚਾਹੀਦਾ ਹੈ ਔਰ ਇਸ ਵਾਸਤੇ ਜਿਹੜਾ ਬਾਲਣ ਲਈ ਇੰਡੋ-ਸੋਵੀਅਤ ਕਮਿਸ਼ਨ ਬਣਿਆ ਸੀ ਉਨ੍ਹਾਂ ਤੋਂ ਸਹਾਇਤਾ ਲਈ ਜਾ ਸਕਦੀ ਹੈ । (ਘੰਟੀ) ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸੋਲਰ ਐਨਰਜੀ ਦੇ ਕੰਮ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ ਤਾਂਕਿ ਜਿਹੜੀ ਬਿਜਲੀ ਦੀ ਕੰਮੀ ਹੈ, ਉਹ ਪੂਰੀ ਹੋ ਸਕੇ । ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਸਾਰੇ ਮੁਲਕ ਦਾ ਇਕ ਨੈਸ਼ਨਲ ਗਰਿਡ ਬਣ ਜਾਵੇ ਤਾਂ ਇਸ ਨਾਲ ਵੀ ਕਾਫੀ ਫਾਇਦਾ ਹੋ ਸਕਦਾ ਹੈ । ਸਾਰੇ ਹਿੰਦੁਸਤਾਨ ਵਿਚ ਜਿਥੇ ਜਿਸ ਸਟੇਟ ਨੂੰ ਜਿੰਨੀ ਬਿਜਲੀ ਦੀ ਲੋੜ ਹੈ ਉਹ ਮਿਲਣੀ ਚਾਹੀਦੀ ਹੈ ਔਰ ਇਸ ਦੇ ਨਾਲ ਜਿਹੜੀਆਂ ਸਾਡੀ ਸਟੇਟ ਵਿਚ ਹੋਰ ਮਾਈਨਰ ਸਕੀਮਾਂ ਬਿਜਲੀ ਦੀਆਂ ਹਨ, ਉਨ੍ਹਾਂ ਵਲ ਵੀ ਪੂਰਾ ਧਿਆਨ ਕਰਨਾ ਚਾਹੀਦਾ ਹੈ । ਇਕ ਗੱਲ ਮੈਂ ਆਖਰ ਵਿਚ ਜ਼ਰੂਰ ਕਹਾਂਗਾ ਕਿ ਜਿਹੜੀ ਬਿਜਲੀ ਦੀ ਲੀਕੇਜ ਹੁੰਦੀ ਹੈ, ਇਹ ਬਹੁਤ ਜ਼ਿਆਦਾ ਹੈ । ਇਸ ਵੱਲ ਸਾਡੀ ਸਰਕਾਰ ਨੂੰ ਖਾਸ ਧਿਆਨ ਕਰਨਾ ਚਾਹੀਦਾ ਹੈ ਔਰ ਇਸ ਤੇ ਸਖਤੀ ਨਾਲ ਕਦਮ ਚੁਕਣੇ ਚਾਹੀਦੇ ਹਨ ਤਾਂ ਹੀ ਸਾਨੂੰ ਕੁਝ ਫਾਇਦਾ ਹੋ ਸਕਦਾ ਹੈ ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ ਐਸ. ਸੀ.): ਡਿਪਟੀ ਸਪੀਕਰ ਸਾਹਿਬ, ਪੰਜਾਬ ਬਿਜਲੀ ਬੋਰਡ ਦੀ ਰਿਪੋਰਟ ਤੇ ਬਹਿਸ ਹੋ ਰਹੀ ਹੈ ਔਰ ਇਸ ਤੇ ਬਹੁਤ ਸਾਰੇ ਮੈਂਬਰਾਂ ਨੇ ਆਪਣੇ ਵਿਚਾਰ ਹਾਊਸ ਦੇ ਸਾਹਮਣੇ ਰਖੇ ਹਨ । ਅੱਜ ਇਹ ਖੁਸ਼ੀ ਦੀ ਗੱਲ ਹੈ ਕਿ ਬਿਜਲੀ ਨੂੰ ਵਧਾਉਣ ਵਾਸਤੇ ਸਿਰਫ ਆਪੋਜ਼ੀਸ਼ਨ ਨੇ ਹੀ ਨਹੀਂ ਬਲਕਿ ਕਾਂਗ੍ਰਸੀਆਂ ਨੇ ਵੀ ਜ਼ੋਰ ਦਿਤਾ ਹੈ ਅਤੇ ਗੌਰਮਿੰਟ ਨੂੰ ਮਜ਼ਬੂਰ ਕੀਤਾ ਹੈ ਕਿ ਬਿਜਲੀ ਦਾ ਉਤਪਾਦਨ ਵਧਾਇਆ ਜਾਵੇ । ਡਿਪਟੀ ਸਪੀਕਰ ਸਾਹਿਬ, ਸਨੱਤ ਦੀ ਤਰੱਕੀ ਬਿਜਲੀ ਤੇ ਨਿਰਭਰ ਕਰਦੀ ਹੈ । ਜੇ ਬਿਜਲੀ ਨਹੀਂ ਹੋਵੇਗੀ ਤਾਂ ਸਨੱਤ ਦੀ ਤਰੱਕੀ ਹੋ ਸਕਦੀ । ਇਸ ਦੇ ਨਾਲ ਹੀ ਜਿਹੜੀ ਐਗਰੀਕਲਚਰ ਦੀ ਤਰੱਕੀ ਹੈ ਉਹ ਵੀ ਬਿਜਲੀ ਤੇ ਨਿਰਭਰ ਕਰਦੀ ਹੈ । ਤੁਹਾਨੂੰ ਪਤਾ ਹੈ ਕਿ ਪਿਛੇ ਕੁਝ ਤਾਂ ਗੜਿਆਂ ਨਾਲ ਅਤੇ ਬਾਰਸ਼ਾਂ ਨਾਲ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਸਨ ਔਰ ਹੁਣ ਬਿਜਲੀ ਨਹੀਂ ਮਿਲ ਰਹੀ । ਇਸ ਤੋਂ ਇਹ ਖਤਰਾ ਲਗਦਾ ਹੈ ਕਿ ਜਿਹੜੀ ਹਾੜੀ ਦੀ ਫਸਲ ਹੋਣ ਵਾਲੀ ਹੈ, ਉਹ ਵੀ ਤਬਾਹ ਨਾ ਹੋ ਜਾਵੇ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਅੱਜ ਜਿਹੜਾ ਇਹ ਮਾਨ ਨਾਲ ਕਹਿੰਦੇ ਹਨ ਕਿ ਪੰਜਾਬ ਦੇ ਕਿਸਾਨ ਨੇ ਤਰੱਕੀ ਕਰ ਲਈ ਹੈ ਔਰ 73 % ਅਨਾਜ ਸੈਂਟਰ ਵਿਚ ਅਸੀਂ ਪੂਲ ਕਰਦੇ ਹਾਂ, ਪਰ ਇਸ ਦਾ ਕਰੈਡਿਟ ਕਿਸਾਨ ਨੂੰ ਜਾਂਦਾ ਹੈ । ਜਿਸ ਨੇ ਮਹਿੰਗੇ ਬੀਜ, ਮਹਿੰਗੀ ਖਾਦ ਅਤੇ ਮਹਿੰਗੇ ਸੰਦ ਲੈਕੇ ਇਸ ਉਪਜ ਨੂੰ ਵਧਾਇਆ ਹੈ । ਜਿਹੜਾ ਅਸੀਂ ਪਹਿਲੇ ਹੋਰ ਮੁਲਕਾਂ ਤੋਂ ਅਨਾਜ ਲੈਣ ਲਈ ਠੂਠਾ ਲਈ ਫਿਰਦੇ ਸੀ, ਪੰਜਾਬ ਦੇ ਕਿਸਾਨ ਨੇ ਉਸ ਠੂਠੇ ਨੂੰ ਖਤਮ ਕੀਤਾ ਹੈ ਔਰ ਹੁਣ ਸਾਡੇ ਪੰਜਾਬ ਵਿਚ ਸਰਪਲੱਸ ਅਨਾਜ ਹੋਣ ਲਗ ਪਿਆ ਹੈ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਕਿਸਾਨ ਨੇ ਹੀ ਸਾਰਾ ਕੁਝ

[ਕਾਮਰੇਡ ਦਰਸ਼ਨ ਸਿੰਘ ਝਬਾਲ]

ਕੀਤਾ ਹੈ ਆਪਣੇ ਬਾਲ ਬੱਚੇ ਭੁਖੇ ਰਖਕੇ ਵੀ ਉਸ ਨੇ ਐਨੀ ਮਿਹਨਤ ਕੀਤੀ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਕਿਸਾਨ ਦੀ ਇਹ ਹਾਲਤ ਹੈ ਕਿ ਉਸ ਤੇ ਕਰਜ਼ਾ ਵਧਦਾ ਜਾ ਰਿਹਾ ਹੈ। 1958 ਵਿਚ ਜਦੋਂ ਸਰਵੇ ਹੋਈ ਸੀ ਤਾਂ ਉਸ ਵੇਲੇ ਪੰਜਾਬ ਦੇ ਕਿਸਾਨ ਤੇ ਕੁਲ ਕਰਜ਼ਾ 750 ਕਰੋੜ ਰੁਪਏ ਦਾ ਸੀ । ਪਰ ਹੁਣ ਇਹ ਕਰਜ਼ਾ ਵੱਧ ਕੇ ਇਕ ਹਜ਼ਾਰ ਕਰੋੜ ਰੁਪਿਆ ਹੋ ਗਿਆ ਹੈ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਪੰਜਾਬ ਦਾ ਕਿਸਾਨ ਤਬਾਹ ਹੋ ਰਿਹਾ ਹੈ । ਉਸ ਨਾਲ ਹਰ ਪੱਖੋਂ ਵਿਤਕਰਾ ਹੋ ਰਿਹਾ ਹੈ । ਮੈਂ ਤਾਂ ਇਹ ਸਮਝਦਾ ਹਾਂ ਕਿ ਜਿਤਨਾ ਅਨਾਜ ਅਸੀਂ ਪੈਦਾ ਕਰਕੇ ਸੈਂਟਰ ਨੂੰ ਦਿੰਦੇ ਹਾਂ, ਉਤਨਾ ਪੈਸਾ ਸੈਂਟਰ ਤੋਂ ਸਾਨੂੰ ਨਹੀਂ ਮਿਲ ਰਿਹਾ । ਡਿਪਟੀ ਸਪੀਕਰ ਸਾਹਿਬ, ਮੈਂ ਬਿਹਾਰ ਦੀ ਇਕ ਮਿਸਾਲ ਦਿੰਦਾ ਹਾਂ ਕਿ ਉਥੇ ਇਕ ਹਫਤਾਵਾਰ ਅਖਬਾਰ ਨਿਕਲਦਾ ਹੈ । ਉਸ ਅਖਬਾਰ ਵਿਚ ਇਹ ਲਿਖਿਆ ਸੀ ਕਿ ਉਹ 40 ਫੀਸਦੀ ਸੋਮੇ ਦਾ ਹਿੱਸਾ ਸੈਂਟਰ ਦੇ ਪੂਲ ਵਿਚ ਪਾਂਦੇ ਹਨ ਅਤੇ 40 ਫੀਸਦੀ ਹੀ ਹਿੱਸਾ ਉਹ ਲੈਣਾ ਚਾਹੁੰਦੇ ਹਨ । ਇਸ ਤਰ੍ਹਾਂ ਸਾਡੀ ਵੀ ਇਹ ਮੰਗ ਹੋਣੀ ਚਾਹੀਦੀ ਹੈ ਕਿ ਜੇ ਅਸੀਂ 73% ਅਨਾਜ ਦੇ ਪੂਲ ਵਿਚ ਆਪਣਾ ਹਿੱਸਾ ਪਾਂਦੇ ਹਾਂ ਤਾਂ ਸਾਨੂੰ ਹਿੱਸਾ ਵੀ 73 % ਮਿਲਣਾ ਚਾਹੀਦਾ ਹੈ ਤਾਂਕਿ ਜਿਹੜਾ ਸਾਨੂੰ ਘਾਟਾ ਪੈ ਰਿਹਾ ਹੈ ਉਹ ਪੂਰਾ ਹੋਵੇ । ਇਸ ਨਾਲ ਸਾਡੇ ਪੰਜਾਬ ਦੀ ਤਰੱਕੀ ਹੋਵੇਗੀ । ਬਿਜਲੀ ਵੀ ਸਾਨੂੰ ਜ਼ਿਆਦਾ ਮਿਲਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਜੇ ਕਿਸਾਨ ਨੂੰ ਵੀ ਪੂਰੀ ਬਿਜਲੀ ਦਿੱਤੀ ਜਾਵੇ ਤਾਂ ਉਹ ਤਰੱਕੀ ਕਰ ਸਕੇਗਾ ।

ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਬਣਦੇ ਨੂੰ ਅੱਜ 14 ਸਾਲ ਹੋ ਗਏ ਹਨ । 14 ਸਾਲ ਪਹਿਲੇ ਇਸ ਦੇ ਲਈ 70 ਕਰੋੜ ਰੁਪਏ ਦਾ ਐਸਟੀਮੇਟ ਲਾਇਆ ਗਿਆ ਸੀ, ਪਰ ਅਜ ਇਹ ਵੱਧ ਕੇ 350 ਕਰੋੜ ਰੁਪਿਆ ਹੋ ਗਿਆ ਹੈ ਔਰ ਜੇ ਇਹ ਥੀਨ ਡੈਮ ਹੁਣ ਤਕ ਬਣ ਜਾਂਦਾ ਤਾਂ ਜਿਹੜੀ ਪਾਣੀ ਦੀ ਕਮੀ ਗੁਰਦਾਸਪੁਰ ਔਰ ਅੰਮ੍ਰਿਤਸਰ ਜ਼ਿਲੇ ਵਿਚ ਹੈ, ਇਹ ਵੀ ਪੂਰੀ ਹੋ ਜਾਣੀ ਸੀ ਔਰ ਨਾਲ ਹੀ ਬਿਜਲੀ ਵੀ ਵੱਧ ਮਿਕਦਾਰ ਵਿਚ ਮਿਲਣੀ ਸੀ । ਇਹ ਜਿਹੜਾ ਪੰਜਾਬ ਨਾਲ ਵਿਤਕਰਾ ਕੀਤਾ ਹੈ, ਇਹ ਠੀਕ ਨਹੀਂ । (ਘੰਟੀ)

ਇਸ ਦੇ ਨਾਲ ਹੀ ਜਿਹੜੇ ਥਰਮਲ ਪਲਾਂਟ ਹਨ, ਇਨ੍ਹਾਂ ਵਲ ਵੀ ਧਿਆਨ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਪਹਿਲਾਂ ਥਰਮਲ ਪਲਾਂਟ ਜਦੋਂ ਲਗਣ ਲਗਾ ਸੀ ਤਾਂ ਉਸ ਵੇਲੇ ਦੇ ਚੇਅਰਮੈਨ ਨੇ ਕਿਹਾ ਸੀ ਕਿ ਕਿਉਂਕਿ ਕੋਲਾ ਬਹੁਤ ਦੂਰ ਤੋਂ ਆਉਣਾ ਹੈ, ਇਸ ਲਈ ਇਹ ਮਹਿੰਗਾ ਪਵੇਗਾ। ਬਠਿੰਡੇ ਦਾ ਪਲਾਂਟ ਇਹੀ ਵਜ੍ਹਾ ਹੈ ਕਿ ਉਹ ਨਹੀਂ ਚਲ ਰਿਹਾ ਹੈ । ਮੈਂ ਸਰਕਾਰ ਨੂੰ ਇਹ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਬਠਿੰਡਾ ਥਰਮਲ ਪਲਾਂਟ ਦੀ ਹਾਲਤ ਹੋ ਰਹੀ ਹੈ ਇਸੇ ਤਰ੍ਹਾਂ ਜਿਹੜੇ ਹੋਰ ਥਰਮਲ ਪਲਾਂਟ ਲਗ ਰਹੇ ਹਨ, ਚਾਹੇ ਉਹ ਰੋਪੜ ਥਰਮਲ ਪਲਾਂਟ ਹੈ (ਘੰਟੀ) ਜਾਂ ਅਨੰਦਪੁਰ ਦਾ ਪਰੋਜੈਕਟ ਹੈ, ਉਨ੍ਹਾਂ ਦੀ ਇਹ ਹਾਲਤ ਨਾ ਹੋ ਜਾਵੇ। ਇਸ ਲਈ ਸਾਡੀ ਸਰਕਾਰ ਨੂੰ ਇਸ ਵਲ ਜ਼ਰੂਰ ਧਿਆਨ ਕਰਨਾ ਚਾਹੀਦਾ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਖਤਮ ਹੀ ਕਰਨਾ ਲਗਾ ਹਾਂ । ਇਕ ਅਰਜ਼ ਮੈਂ ਇਹ ਕਰਦਾ ਹਾਂ ਕਿ ਜਿਹੜੀ ਲੀਕੇਜ ਬਿਜਲੀ ਦੀ ਹੋ ਰਹੀ ਹੈ, ਇਸਦਾ ਜ਼ਰੂਰ ਕੋਈ ਨਾ ਕੋਈ ਇੰਤਜ਼ਾਮ ਕਰਨਾ ਚਾਹੀਦਾ ਹੈ । (ਘੰਟੀ)

ਡਿਪਟੀ ਸਪੀਕਰ ਸਾਹਿਬ, ਜਿਹੜੇ ਮੁਲਾਜ਼ਮ ਹਨ ਉਨ੍ਹਾਂ ਦੀਆਂ ਕੁਝ ਮੰਗਾਂ ਹਨ, ਉਨ੍ਹਾਂ ਵਲ ਜ਼ਰੂਰ ਧਿਆਨ ਕਰਨਾ ਚਾਹੀਦਾ ਹੈ ਉਨ੍ਹਾਂ ਦੀਆਂ ਉਹ ਜਾਇਜ਼ ਮੰਗਾਂ ਹਨ, ਉਨ੍ਹਾਂ ਨੇ ਸਰਕਾਰ ਨੂੰ ਨੋਟਿਸ ਵੀ ਦਿੱਤਾ ਹੈ। ਉਨ੍ਹਾਂ ਦੀਆਂ ਉਹ ਜਾਇਜ਼ ਮੰਗਾਂ ਜ਼ਰੂਰ ਮੰਨ ਲੈਣੀਆਂ ਚਾਹੀਦੀਆਂ ਹਨ। (ਘੰਟੀ)

ਸ੍ਰੀ ਡਿਪਟੀ ਸਪੀਕਰ : ਤੁਹਾਡਾ ਸਮਾਂ ਖਤਮ ਹੋ ਗਿਆ ਹੈ। ਤੁਸੀਂ ਬੈਠੋ। ਸ੍ਰੀ ਸੁਰਿੰਦਰ ਕਪੂਰ ਜੀ ਬੋਲਣਗੇ।

ਸ੍ਰੀ ਸੁਰਿੰਦਰ ਕਪੂਰ (ਬਠਿੰਡਾ) : ਡਿਪਟੀ ਸਪੀਕਰ ਸਾਹਿਬ, ਸਾਡੀ ਜਿਹੜੀ ਐਗਰੀ-ਕਲਚਰ ਇੰਡਸਟਰੀ ਹੈ, ਇਹ ਬਿਜਲੀ ਤੇ ਹੀ ਨਿਰਭਰ ਕਰਦੀ ਹੈ। ਜੇ ਬਿਜਲੀ ਦਾ ਪ੍ਰਬੰਧ ਠੀਕ ਹੋਵੇਗਾ ਤਾਂ ਅਨਾਜ ਵੱਧ ਪੈਦਾ ਹੋਵੇਗਾ ਔਰ ਜੇ ਬਿਜਲੀ ਪੂਰੀ ਨਾ ਮਿਲੇ ਤਾਂ ਪੰਜਾਬ ਦੀ ਇਕਾਨੋਮੀ ਵੀ ਤਹਿਸ ਨਹਿਸ ਹੋ ਜਾਂਦੀ ਹੈ।

ਡਿਪਟੀ ਸਪੀਕਰ ਸਾਹਿਬ, ਚਾਹੇ ਖੇਤੀਬਾੜੀ ਹੋਵੇ, ਚਾਹੇ ਇੰਡਸਟਰੀ ਹੋਵੇ, ਉਥੇ ਬਿਜਲੀ ਦੀ ਬੜੀ ਲੋੜ ਹੈ। ਇਸ ਬਿਜਲੀ ਦੇ ਨਾਲ ਹੀ ਐਗਰੀਕਲਚਰ ਵਿਚ ਪ੍ਰੋਡਕਸ਼ਨ ਵਧਦੀ ਹੈ ਅਤੇ ਇੰਡਸਟਰੀ ਵਿਚ ਵਾਧਾ ਹੁੰਦਾ ਹੈ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਡਿਪਟੀ ਸਪੀਕਰ ਸਾਹਿਬ, ਸਾਨੂੰ ਵੀ ਟਾਈਮ ਦਿੱਤਾ ਜਾਣਾ ਚਾਹੀਦਾ ਹੈ। ਮੈਨੂੰ ਬੋਲਣ ਲਈ ਟਾਈਮ ਦਿਓ।

ਸ੍ਰੀ ਡਿਪਟੀ ਸਪੀਕਰ : ਜੱਥੇਦਾਰ ਜੀ, ਤੁਹਾਡੀ ਪਾਰਟੀ ਵਿਚੋਂ ਪਾਂਧੀ ਸਾਹਿਬ 40-45 ਮਿੰਟ ਬੋਲ ਚੁੱਕੇ ਹਨ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਇਕੱਲਾ ਹੀ ਆਪਣੀ ਪਾਰਟੀ ਵੱਲੋਂ ਬੋਲਾਂਗਾ। ਇਸ ਲਈ ਤੁਹਾਡੀ ਪਾਰਟੀ ਦਾ ਟਾਈਮ ਪਾਂਧੀ ਸਾਹਿਬ ਨੇ ਲੈ ਲਿਆ ਹੈ ਤੁਸੀਂ ਬੈਠੋ।

ਸ੍ਰੀ ਸੁਰਿੰਦਰ ਕਪੂਰ : ਰੂਰਲ ਏਰੀਆ ਵਿਚ ਪਿਛਲੀ ਕਾਂਗਰਸ ਦੀ ਸਰਕਾਰ ਨੇ ਹਰ ਪਿੰਡ ਵਿਚ ਬਿਜਲੀ ਪਹੁੰਚਾਈ ਸੀ, ਪਰ ਜੋ ਹਾਲ ਹੁਣ ਬਿਜਲੀ ਦਾ ਚਲ ਰਿਹਾ ਹੈ, ਇਹ ਬਹੁਤ ਹੀ ਮੰਦਾ ਹਾਲ ਹੈ। ਮੈਂ ਰੋਜ਼ ਅਖ਼ਬਾਰਾਂ ਵਿਚ ਵੇਖਦਾ ਹਾਂ ਕਿ ਸਾਡੇ ਬਿਜਲੀ ਬੋਰਡ ਦੇ ਇੰਜੀਨੀਅਰਜ਼ ਸਟਰਾਈਕ ਕਰ ਰਹੇ ਹਨ, ਕਦੇ ਪੈਨ ਡਾਊਨ ਸਟਰਾਈਕ ਕਰ ਰਹੇ ਹਨ ਅਤੇ ਕਦੇ ਟੂਲ ਡਾਊਨ ਸਟ੍ਰਾਈਕ ਕਰ ਰਹੇ ਹਨ। ਅਗਰ ਉਨ੍ਹਾਂ ਦੀ ਕੋਈ ਬੇਸਿਕ ਡਿਮਾਂਡ ਜਾਇਜ਼ ਹੈ ਤਾਂ ਉਸ ਨੂੰ ਮੰਨ ਲੈਣਾ ਚਾਹੀਦਾ ਹੈ। ਅਗਰ ਉਹ 3500-3500 ਰੁਪਿਆ ਤਨਖਾਹ ਲੈਣ ਵਾਲੇ ਇੰਜੀਨੀਅਰਜ਼ ਡਿਮਾਂਡ ਰੱਖ ਕੇ ਸਟਰਾਈਕ ਕਰਨ ਅਤੇ ਬਿਜਲੀ ਨੂੰ ਬੰਦ ਕਰਨ ਅਤੇ ਪੰਜਾਬ ਦੀ ਜਨਤਾ ਦੇ ਨਾਲ ਖਿਲਵਾੜ ਕਰਨ ਅਤੇ ਇੰਡਸਟਰੀ ਅਤੇ ਐਗਰੀਕਲਚਰ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਨ ਫਿਰ ਸਰਕਾਰ ਨੂੰ ਉਨ੍ਹਾਂ ਦੀਆਂ ਧਮਕੀਆਂ ਥੱਲੇ ਕਦੇ ਨਹੀਂ ਝੁਕਣਾ ਚਾਹੀਦਾ ਅਤੇ ਸਖਤ ਕਦਮ ਚੁੱਕਣੇ ਚਾਹੀਦੇ ਹਨ। ਸਰਕਾਰ ਨੂੰ ਇਤਨੀ ਵੱਡੀ ਤਨਖਾਹ ਲੈਣ ਵਾਲਿਆਂ ਵੱਲ ਨਹੀਂ ਝੁਕਣਾ ਚਾਹੀਦਾ ਬਲਕਿ ਜਿਹੜੇ, ਗਰੀਬ ਜਨਤਾ, ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ 38% ਜਨਤਾ ਪੰਜਾਬ ਵਿਚ ਰਹਿ ਰਹੀ ਹੈ, ਉਸ ਵੱਲ ਧਿਆਨ ਦੇਣਾ ਚਾਹੀਦਾ ਹੈ। ਔਰ ਜਿਹੜੇ ਮਜ਼ਦੂਰਾਂ ਨੇ

[ਸ਼੍ਰੀ ਸਰਿੰਦਰ ਕਪੂਰ]

ਡੈਮ ਬਣਾਏ ਹਨ ਉਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਇੰਜੀਨੀਅਰਜ਼ ਪੰਜਾਬ ਦੀ ਇੰਡਸਟਰੀ ਦੇ ਦੁਸ਼ਮਣ ਹਨ ਅਤੇ ਐਗਰੀਕਲਚਰ ਦੀ ਉਨਤੀ ਦੇ ਦੁਸ਼ਮਣ ਹਨ। ਇਨ੍ਹਾਂ ਦੇ ਨਾਲ ਸਰਕਾਰ ਨੂੰ ਸਖ਼ਤੀ ਨਾਲ ਨਿਪਟਣਾ ਚਾਹੀਦਾ ਹੈ।

ਅਗਰ ਇੰਜੀਨੀਅਰਜ਼ ਦੀਆਂ ਡਿਮਾਂਡਾਂ ਜਾਇਜ਼ ਅਤੇ ਮੰਨਣਯੋਗ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰ ਦੇ ਨਾਲ ਐਕਰੌਸ ਦੀ ਟੇਬਲ ਬੈਠ ਕੇ, ਡਿਸਕਸ਼ਨ ਕਰਕੇ ਇਸ ਮਸਲੇ ਨੂੰ ਹੱਲ ਕਰਨ। ਪਰ ਇਹ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ ਕਿ ਉਹ ਪੰਜਾਬ ਦੀ ਜਨਤਾ ਨੂੰ ਪਰੇਸ਼ਾਨ ਕਰਨ ਅਤੇ ਪੰਜਾਬ ਦੀ ਇੰਡਸਟਰੀ ਨੂੰ ਫੇਲ੍ਹ ਕਰਨ ਦੀ ਕੋਸ਼ਿਸ਼ ਕਰਨ ਅਤੇ ਕਿਸਾਨ ਨੂੰ ਤੰਗ ਕਰਨ ਔਰ ਬਿਜਲੀ ਬੰਦ ਕਰਕੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਜਾਵੇ। ਇਹ ਕੋਈ ਚੰਗੀ ਗੱਲ ਨਹੀਂ ਹੋਵੇਗੀ। ਲੋਕਾਂ ਵਿਚ ਪਹਿਲੇ ਹੀ ਬੜੀ ਰਿਜ਼ੈਂਟਮੈਂਟ ਹੈ ਕਿ ਇਤਨੀ ਵੱਡੀ ਤਨਖਾਹ ਲੈਣ ਵਾਲੇ ਕਿਸ ਤਰ੍ਹਾਂ ਦੀਆਂ ਡਿਮਾਂਡਾਂ ਰੱਖ ਰਹੇ ਹਨ।

ਹੁਣ ਮੈਂ ਬਠਿੰਡਾ ਗੁਰੂ ਨਾਨਕ ਥਰਮਲ ਪਲਾਂਟ ਬਾਰੇ ਜ਼ਿਕਰ ਕਰਦਾ ਹਾਂ। ਇਸ ਪਲਾਂਟ ਤੇ ਕਰੋੜਾਂ ਰੁਪਏ ਸਰਕਾਰ ਦੇ ਖਰਚ ਹੋਏ ਹਨ। ਲੇਕਿਨ ਇਸ ਪਲਾਂਟ ਦਾ ਕੀ ਹਾਲ ਹੈ, ਇਸ ਵੱਲ ਵੇਖਣ ਦੀ ਲੋੜ ਹੈ। ਕਦੇ ਇਸ ਪਲਾਂਟ ਵਿਚ ਕੋਲੇ ਦੀ ਸ਼ਾਰਟੇਜ ਹੈ। ਅਖਬਾਰ ਵਿਚ ਪੜ੍ਹੋ ਤਾਂ ਪਤਾ ਲਗਦਾ ਹੈ ਕਿ ਇਸ ਪਲਾਂਟ ਦੇ ਚੱਲਣ ਲਈ ਸਿਰਫ ਦੋ ਦਿਨਾਂ ਦਾ ਕੋਲੇ ਦਾ ਸਟਾਕ ਰਹਿ ਗਿਆ ਹੈ ਔਰ ਅਗਰ ਕੋਲਾ ਟਾਈਮ ਸਿਰ ਨਾ ਪੁੱਜਾ ਤਾਂ ਇਹ ਪਲਾਂਟ ਬੰਦ ਹੋ ਜਾਵੇਗਾ। ਕਦੇ ਇਸ ਵਿਚ ਕੋਈ ਟੈਕਨੀਕਲੀ ਖਰਾਬੀ ਹੋ ਜਾਂਦੀ ਹੈ ਅਤੇ ਉਹ ਬੰਦ ਹੋ ਜਾਂਦਾ ਹੈ। ਇਸ ਪਲਾਂਟ ਵਿਚ ਜਿਹੜੇ ਬਿਜਲੀ ਬੋਰਡ ਦੇ ਅਫਸਰ ਬੈਠੇ ਹਨ, ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੇ ਕੋਲ ਕਿੰਨਾ ਸਟਾਕ ਹੈ ਅਤੇ ਇਹ ਕਿੰਨੈ ਦਿਨ ਹੋਰ ਚਲ ਸਕਦਾ ਹੈ। ਹੋਰ ਕਿੰਨਾ ਕੋਲਾ ਚਾਹੀਦਾ ਹੈ ਅਤੇ ਉਸ ਦਾ ਇੰਤਜ਼ਾਮ ਪਹਿਲੇ ਕਰਨਾ ਚਾਹੀਦਾ ਹੈ। ਕਦੇ ਉਸ ਦਾ ਇਕ ਯੂਨਿਟ ਚਲਦਾ ਹੈ, ਕਦੇ ਦੂਸਰਾ ਬੰਦ ਹੁੰਦਾ ਹੈ ਅਤੇ ਕਦੇ ਚਿਮਨੀ ਬੰਦ ਹੈ। (ਘੰਟੀ) ਚੀਫ ਮਨਿਸਟਰ ਸਾਹਿਬ ਨੂੰ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਅਗਰ ਬਿਜਲੀ ਬੋਰਡ ਠੀਕ ਤਰੀਕੇ ਨਾਲ ਕੰਮ ਨਹੀਂ ਕਰ ਸਕਦਾ ਫਿਰ ਇਸ ਬੋਰਡ ਨੂੰ ਤੋੜ ਦੇਣਾ ਚਾਹੀਦਾ ਹੈ ਤਾਕਿ ਬੋਰਡ ਪੰਜਾਬ ਦੀ ਜਨਤਾ ਨਾਲ ਕਿਸੇ ਤਰੀਕੇ ਨਾਲ ਖਿਲਵਾੜ ਨਾ ਕਰ ਸਕਣ (ਥੰਪਿੰਗ) ਔਰ ਪੰਜਾਬ ਦੀ ਇੰਡਸਟਰੀ ਨੂੰ ਤਬਾਹ ਨਾ ਕਰ ਸਕਣ। ਮੈਂ ਸਮਝਦਾ ਹਾਂ ਕਿ ਸਾਡੇ ਪਿੰਡਾਂ ਵਿਚ ਬਿਜਲੀ ਦੀ ਬਹੁਤ ਜ਼ਰੂਰਤ ਹੈ। ਜਿਥੇ ਹਾਲੇ ਵੀ ਹਨੇਰਾ ਹੈ ਉਥੇ ਰੋਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜਿਥੇ ਗਰੀਬਾਂ ਦੀਆਂ ਬਸਤੀਆਂ ਵਿਚ ਬਿਜਲੀ ਨਹੀਂ ਹੈ ਉਥੇ ਬਿਜਲੀ ਪਹੁੰਚਾਉਣੀ ਚਾਹੀਦੀ ਹੈ ਤਾਕਿ ਉਹ ਵੀ ਬਿਜਲੀ ਦਾ ਫਾਇਦਾ ਉਠਾ ਸਕਣ। ਇੰਜੀਨੀਅਰਜ਼ ਨੂੰ ਬਿਜਲੀ ਦੀ ਪੈਦਾਵਾਰ ਵਧਾਉਣ ਵਿਚ ਸਰਕਾਰ ਦੀ ਮੱਦਦ ਕਰਨੀ ਚਾਹੀਦੀ ਹੈ। ਜੇਕਰ ਸਾਡੇ ਇੰਜੀਨੀਅਰਜ਼ ਪੰਜਾਬ ਦੀ ਸੱਚੀ ਸੇਵਾ ਕਰਨਾ ਚਾਹੁੰਦੇ ਹਨ, ਦੇਸ਼ ਦੀ ਸੱਚੀ ਸੇਵਾ ਕਰਨਾ ਚਾਹੁੰਦੇ ਹਨ ਤਾਂ ਫਿਰ ਉਨ੍ਹਾਂ ਨੂੰ ਬਿਜਲੀ ਦੀ ਪੈਦਾਵਾਰ ਵਧਾਉਣੀ ਚਾਹੀਦੀ ਹੈ ਔਰ ਆਪਣੇ ਸੈਲਫ ਇੰਟ੍ਰੈਸਟ ਨੂੰ ਛੱਡਣਾ ਪਵੇਗਾ, ਲਾਲਚ ਨੂੰ ਛੱਡਣਾ ਪਵੇਗਾ।

ਮੈਂ ਹੁਣ ਬਿਜਲੀ ਦੀ ਚੋਰੀ ਬਾਰੇ ਜ਼ਿਕਰ ਕਰਦਾ ਹਾਂ। ਇਹ ਬਿਜਲੀ ਦੀ ਚੋਰੀ ਫੈਕਟਰੀਆਂ ਵਿਚ, ਹੋਟਲਾਂ ਵਿਚ ਹੋ ਰਹੀ ਹੈ। ਇਸ ਨੂੰ ਰੋਕਣ ਲਈ ਸਪੈਸ਼ਲ ਸੈਲ ਕਾਇਮ

ਕਰਨੇ ਚਾਹੀਦੇ ਹਨ ਅਤੇ ਬਿਜਲੀ ਦੀ ਲੀਕੇਜ ਨੂੰ ਰੋਕਣਾ ਚਾਹੀਦਾ ਹੈ ਤਾਕਿ ਸੂਬੇ ਦਾ ਸਰਮਾਇਆ ਬੱਚ ਸਕੇ । ਕਈ ਵਾਰ ਮੀਟਰ ਖੜੇ ਕੀਤੇ ਹੁੰਦੇ ਹਨ ਅਤੇ ਮੀਟਰ ਰੀਡਿੰਗ ਲੈਣ ਵਾਲੇ ਪੈਸੇ ਲੈ ਲੈਂਦੇ ਹਨ, ਇਨ੍ਹਾਂ ਚੀਜ਼ਾਂ ਨੂੰ ਚੈਕ ਕਰਨ ਦੀ ਲੋੜ ਹੈ । (ਘੰਟੀ)

ਮੈਂ ਇਥੇ ਇਕ ਗੱਲ ਫਿਰ ਕਹਿਣ ਲੱਗਾ ਹਾਂ ਜਿਸ ਨੂੰ ਕਿ ਚੀਫ ਮਨਿਸਟਰ ਸਾਹਿਬ ਬੜੇ ਧਿਆਨ ਨਾਲ ਸੁਣਨ ਅਤੇ ਨੋਟ ਕਰ ਲੈਣ । ਮੇਰੇ ਬਠਿੰਡੇ ਜ਼ਿਲ੍ਹੇ ਵਿਚ ਪਰਸ ਰਾਮ ਨਗਰ ਵਿਚ ਬਿਜਲੀ ਦੀਆਂ ਤਾਰਾਂ ਮਕਾਨਾਂ ਦੇ ਉਪਰ ਤੋਂ ਆ ਰਹੀਆਂ ਹਨ, ਜਿਸ ਦੇ ਨਾਲ ਕਈ ਮੌਤਾਂ ਹੋ ਗਈਆਂ ਹਨ । ਪਹਿਲੇ ਇਹ ਏਰੀਆ ਮਿਉਂਸਪਲ ਏਰੀਆ ਦੀ ਲਿਮਿਟ ਤੋਂ ਬਾਹਰ ਸੀ, ਪਰ ਹੁਣ ਇਹ ਉਸ ਲਿਮਿਟ ਵਿਚ ਆ ਗਿਆ ਹੈ । ਇਸ ਸਬੰਧ ਵਿਚ ਮੈਂ ਅਧਿਕਾਰੀਆਂ ਨੂੰ ਵੀ ਮਿਲਿਆ ਹਾਂ ਅਤੇ ਇਹ ਮਸਲਾ ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਵਿਚ ਵੀ ਰੱਖਿਆ ਸੀ ਔਰ ਇਸ ਲਈ ਐਸਟੀਮੇਟ ਵੀ ਬਣਾਇਆ ਗਿਆ ਸੀ । ਇਸ ਉਤੇ ਡੇਢ ਲੱਖ ਰੁਪਏ ਦਾ ਖ਼ਰਚਾ ਹੈ ਔਰ ਇਨ੍ਹਾਂ ਤਾਰਾਂ ਨੂੰ ਕਿਸੇ ਹੋਰ ਥਾਂ ਤੇ ਸ਼ਿਫਟ ਕੀਤਾ ਜਾਵੇ । ਇਹ ਰਕਮ ਸਰਕਾਰ ਜਲਦੀ ਤੋਂ ਜਲਦੀ ਇੰਤਜ਼ਾਮ ਕਰਕੇ, ਇਸ ਕੰਮ ਨੂੰ ਕਰੇ ਔਰ ਇਨਸਾਨੀ ਜ਼ਿੰਦਗੀ ਨੂੰ ਬਚਾਏ । ਇਸ ਰੁਪਏ ਨੂੰ ਨਾ ਬਿਜਲੀ ਬੋਰਡ ਦਿੰਦਾ ਹੈ ਅਤੇ ਨਾ ਮਿਉਂਸਪਲ ਕਮੇਟੀ ਦਿੰਦੀ ਹੈ । ਇਸ ਲਈ ਸਰਕਾਰ ਨੂੰ ਇੰਤਜ਼ਾਮ ਕਰ ਦੇਣਾ ਚਾਹੀਦਾ ਹੈ । ਇਨ੍ਹਾਂ ਤਾਰਾਂ ਨੂੰ ਕਿਸੇ ਹੋਰ ਥਾਂ ਤੇ ਸ਼ਿਫਟ ਕੀਤਾ ਜਾਵੇ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ (ਬਿਆਸ) : ਡਿਪਟੀ ਸਪੀਕਰ ਸਾਹਿਬ, ਤੁਹਾਡੀ ਬੜੀ ਮਿਹਰਬਾਨੀ ਹੈ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ । ਬਿਜਲੀ ਦੀ ਲੋੜ ਹਰ ਖੇਤਰ ਵਿਚ ਹੈ ਜਿਵੇਂ ਖੇਤੀ ਬਾੜੀ ਵਿਚ, ਟਿਊਬਵੈਲਾਂ ਤੇ ਘਰਾਂ ਵਿਚ, ਫੈਕਟਰੀਆਂ ਵਿਚ, ਯਾਨੀ ਜ਼ਿੰਦਗੀ ਦੇ ਹਰ ਪਾਸੇ ਹੁਣ ਸਾਨੂੰ ਬਿਜਲੀ ਦੀ ਲੋੜ ਮਹਿਸੂਸ ਹੁੰਦੀ ਹੈ, ਪਰ ਇਸ ਵਕਤ ਬਿਜਲੀ ਦੀ ਬਹੁਤ ਘਾਟ ਹੈ । ਸਾਡੇ ਕੋਲ ਪਹਿਲੇ ਬਿਜਲੀ ਬਹੁਤ ਸੀ ਅਤੇ ਇਹ ਸਾਨੂੰ ਭਾਖੜਾ ਡੈਮ ਤੋਂ ਮਿਲਦੀ ਸੀ, ਪਰ ਪਿਛਲੀ ਕਾਂਗਰਸ ਸਰਕਾਰਾਂ ਨੇ ਇਹ ਸਾਰੀ ਬਿਜਲੀ ਗੁਆਂਢੀ ਰਾਜਾਂ ਨੂੰ ਦੇ ਦਿੱਤੀ ਅਤੇ ਬਿਜਲੀ ਨੂੰ ਦਿੱਲੀ ਵੇਚ ਦਿੱਤਾ ਹੈ । ਇਹ 5 ਪੈਸੇ ਦੇ ਹਿਸਾਬ ਨਾਲ ਬਿਜਲੀ ਵੇਚ ਰਹੀ ਹੈ ਅਤੇ ਆਪਣੇ ਸੂਬੇ ਵਿਚ ਬਿਜਲੀ ਦੀ ਘਾਟ ਮਹਿਸੂਸ ਹੋ ਰਹੀ ਹੈ ਅਤੇ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

ਡਿਪਟੀ ਸਪੀਕਰ ਸਾਹਿਬ, ਦਿੱਲੀ ਨੂੰ ਪੰਜ ਪੈਸੇ ਦੇ ਹਿਸਾਬ ਨਾਲ ਬਿਜਲੀ ਪੰਜਾਬ ਸਰਕਾਰ ਦਿੰਦੀ ਹੈ । ਪੰਜਾਬ ਨੂੰ ਸੈਂਟਰ ਨੂੰ ਬਿਜਲੀ ਮਹਿੰਗੀ ਦੇਣੀ ਚਾਹੀਦੀ ਹੈ । ਜਿਹੜੀ ਬਿਜਲੀ ਅਸੀਂ ਬਾਹਿਰ ਦਿੰਦੇ ਹਾਂ, ਉਹ ਵਾਪਿਸ ਲੈਣੀ ਚਾਹੀਦੀ ਹੈ । ਗੋਇੰਦਵਾਲ ਤੋਂ ਇਨ੍ਹਾਂ ਨੂੰ ਬਿਜਲੀ ਪੈਦਾ ਕਰਨੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਪਿਛਲੀ ਸਰਕਾਰ ਨੇ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਨਾਲ ਗਲਬਾਤ ਕੀਤੀ ਸੀ । ਉਥੇ, ਡਿਪਟੀ ਸਪੀਕਰ ਸਾਹਿਬ, ਪਾਣੀ ਦੇ ਫਾਲ ਦੇ ਨਾਲ ਉਨ੍ਹਾਂ ਦੇ ਨਾਲ ਮਿਲਕੇ ਤੁਥੇ ਬਿਜਲੀ ਜ਼ਿਆਦਾ ਪੈਦਾ ਕੀਤੀ ਜਾ ਸਕਦੀ ਹੈ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੂੰ ਬਿਜਲੀ ਜ਼ਿਆਦਾ ਪੈਦਾ ਕਰਨ ਲਈ ਯਤਨ ਕਰਨਾ ਚਾਹੀਦਾ ਹੈ । (ਵਿਘਨ) 30 ਸਾਲ ਹੋ ਗਏ ਹਨ ਪਰ ਥੀਨ ਡੈਮ ਬਾਰੇ ਕਲੀਅਰੈਂਸ ਦੀ ਇਕ ਲਾਈਨ ਵੀ ਨਹੀਂ ਲਿਖਵਾ ਸਕੇ । ਪੰਜਾਬ ਸਰਕਾਰ ਨੇ ਅਜੇ ਤਕ ਸੈਂਟਰ

[ਜੱਥੇਦਾਰ ਜੀਵਨ ਸਿੰਘ ਉਮਰਾਨੰਗਲ]

ਵਲੋਂ ਕਲੀਅਰੈਂਸ ਨਹੀਂ ਲਈ। ਪਾਕਿਸਤਾਨ ਨੂੰ 100 ਕਰੋੜ ਰੁਪਿਆ ਕੰਪੈਨਸੇਸ਼ਨ ਦਾ ਦੇ ਚੁਕੇ ਹਨ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਨਾਲ ਧੱਕਾ ਹੋ ਰਿਹਾ ਹੈ ਅਤੇ ਪਿੱਛੇ ਵੀ ਪੰਜਾਬ ਸਰਕਾਰ ਦੇ ਨਾਲ ਧੱਕਾ ਕੀਤਾ ਗਿਆ ਹੈ। ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਵੀ ਕੁਰੱਪਸ਼ਨ ਦੇ ਚਾਰਜਿਜ਼ ਲਗਾਏ ਸਨ।

Mr. Deputy Speaker: Please wind up.

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਡਿਪਟੀ ਸਪੀਕਰ ਸਾਹਿਬ, ਬਿਜਲੀ ਦੀ ਬਹੁਤ ਲੋੜ ਹੈ। ਬਿਜਲੀ ਜ਼ਿਆਦਾ ਪੈਦਾ ਕਰਨ ਵਾਸਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਯਤਨ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਸਾਹਿਬ ਵੀ ਇਸ ਵੱਲ ਖਾਸ ਧਿਆਨ ਦੇਣ ਤਾਕਿ ਪੰਜਾਬ ਦੀ ਡਿਵੈਲਪਮੈਂਟ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਕੋਲ ਪੈਸਾ ਹੈ ਨਹੀਂ ਅਤੇ ਬਜਟ ਬਹੁਤ ਘਾਟੇ ਵਿਚ ਹੈ ਦਿੱਲੀ ਵਾਲੇ ਪੰਜਾਬ ਨੂੰ ਪਿਛਲੇ 30 ਸਾਲਾਂ ਤੋਂ ਲੁੱਟ ਰਹੇ ਹਨ। ਪੰਜਾਬ ਦੀ ਇਕਾਨੋਮੀ ਦਿੱਲੀ ਵਾਲੇ ਲੁੱਟ ਰਹੇ ਹਨ। ਡਿਪਟੀ ਸਪੀਕਰ ਸਾਹਿਬ, 70 ਅਰਬ ਰੁਪਿਆ ਦਿਲੀ ਵਾਲੇ ਪੰਜਾਬ ਤੋਂ ਹਰ ਸਾਲ ਲਿਜਾ ਰਹੇ ਹਨ। ਜਦੋਂ ਤਕ ਪੰਜਾਬ ਦੀ ਇਕਾਨੋਮੀ ਨੂੰ ਬਚਾਉਣ ਦਾ ਯਤਨ ਨਹੀਂ ਕੀਤਾ ਜਾਂਦਾ, ਉਦੋਂ ਤਕ ਪੰਜਾਬ ਦਾ ਭਲਾ ਨਹੀਂ ਹ ਸਕਦਾ। (ਘੰਟੀ) ਪਜਾਬ ਦਾ ਹੋਰ ਕੋਈ ਹੱਲ ਨਹੀਂ ਹੈ। ਇਸ ਕਰਕੇ ਗਰੇਟਰ ਅਟਾਨੋਮੀ ਅਸੀਂ ਮੰਗਦੇ ਹਾਂ। ਪੰਜਾਬੀ ਸਪੀਕਿੰਗ ਦੇ ਜਿਹੜੇ ਇਲਾਕੇ ਹਨ, ਉਹ, ਵੀ ਅਸੀਂ ਮੰਗਦੇ ਹਾਂ। ਪੰਜਾਬ ਦੇ ਟਪਰੀਵਾਸ ਲੋਕ ਫੁੱਟਪਾਥਾਂ ਤੇ ਸੌਂਦੇ ਹਨ। ਚਾਰ ਬੰਦੇ ਮਰ ਗਏ।

ਸ੍ਰੀ ਡਿਪਟੀ ਸਪੀਕਰ: ਵਾਈਂਡ ਅਪ ਕਰੋ। ਮੁੱਖ ਮੰਤਰੀ ਜੀ ਤੁਸੀਂ ਬੋਲੋ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਡਿਪਟੀ ਸਪੀਕਰ ਸਾਹਿਬ, ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਗੈਰ-ਹਾਜ਼ਰ ਸੀ। ਮੈਂ ਉਨ੍ਹਾਂ ਦੀ ਜਿਆਤ ਲਈ ਡਿਪਟੀ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਟਪਰੀਵਾਸ ਲੋਕ ਬੈਠੇ ਸੀ ਅਤੇ ਉਹ ਹੁਣ ਛਡ ਗਏ ਹਨ। ਕਲ੍ਹ ਨੂੰ ਤੁਹਾਨੂੰ ਅਖਬਾਰ ਪੜ੍ਹਨ ਤੋਂ ਪਤਾ ਲੱਗ ਜਾਵਗਾ। ਮੈਂ, ਡਿਪਟੀ ਸਪੀਕਰ ਸਾਹਿਬ, ਸਾਰੇ ਮਾਨਯੋਗ ਮੈਂਬਰਾਂ ਦੀਆਂ ਤਕਰੀਰਾਂ ਗੋਰ ਨਾਲ ਸੁਣੀਆਂ ਹਨ। ਅੱਜ ਬਿਜਲੀ ਦੀ ਘਾਟ ਮਹਿਸੂਸ ਹੋ ਰਹੀ ਹੈ, ਮੈਂ, ਡਿਪਟੀ ਸਪੀਕਰ ਸਾਹਿਬ, ਫੈਕਚੂਅਲ ਪੁਜੀਸ਼ਨ ਦੱਸਣਾ ਚਾਹੁੰਦਾ ਹਾਂ ਔਰ ਇਸ ਤੋਂ ਵੱਧ ਮੈਂ ਅਰਜ਼ ਨਹੀਂ ਕਰਾਂਗਾ। ਇਥੇ ਹਾਊਸ ਵਿਚ ਬਹੁਤ ਕੁਝ ਕਿਹਾ ਗਿਆ ਹੈ ਅਤੇ ਕਈ ਸੁਝਾਓ ਵੀ ਦਿਤੇ ਗਏ ਹਨ। ਮੈਂ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ, ਜਿਨ੍ਹਾਂ ਮੈਂਬਰਾਂ ਨੇ ਸੁਝਾਓ ਦਿਤੇ ਹਨ। ਬਿਜਲੀ ਦੀ ਜ਼ਿਆਦਾ ਪੈਦਾਵਾਰ ਕਰਨ ਵਿਚ ਧਿਆਨ ਦਿੱਤਾ ਜਾਵੇ, ਇਹ ਬਿਲਕੁਲ ਠੀਕ ਹੈ। ਡਿਪਟੀ ਸਪੀਕਰ ਸਾਹਿਬ, ਬਿਜਲੀ ਦੀ ਕਮੀ ਕਾਰਨ ਅੱਜ ਮਜ਼ਦੂਰਾਂ ਨੂੰ ਔਕੜਾ ਪੇਸ਼ ਆ ਰਹੀਆਂ ਹਨ। ਇਹ ਵੀ ਠੀਕ ਹੈ। ਡਿਪਟੀ ਸਪੀਕਰ ਸਾਹਿਬ. ਕਾਰਖਾਨੇ ਵਕਤ ਸਿਰ ਨਾ ਚਲਣ ਕਾਰਣ ਮਜ਼ਦੂਰਾਂ ਨੂੰ ਤਕਲੀਫ ਹੋ ਰਹੀ ਹੈ ਅਤੇ ਪਰੋਡੱਕਸ਼ਨ ਘਟ ਗਈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਵੇਲੇ ਵੀ ਜੈਨਰੇਸ਼ਨ ਘੱਟੀ ਸੀ ਅਤੇ ਡਾਰਕਨੈਸ ਵੀ ਇਸ ਤੋਂ ਜ਼ਿਆਦਾ ਹੋਈ ਸੀ। ਸ੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਇਥੇ ਸਵਾਲ ਉਠਾਇਆ ਸੀ ਅਤੇ ਤੌਖਲਾ ਵੀ

ਜ਼ਾਹਿਰ ਕੀਤਾ ਸੀ ਕਿ ਗੌਰਮਿੰਟ ਨੂੰ ਪ੍ਰੈਸਟਿਜ਼ ਦੇ ਸਵਾਲ ਤੇ ਖੜ੍ਹਾ ਨਹੀਂ ਰਹਿਣਾ ਚਾਹੀਦਾ (ਵਿਘਨ) ਡਿਪਟੀ ਸਪੀਕਰ ਸਾਹਿਬ, ਗੌਰਮਿੰਟ ਸੋਧ ਕਰਨ ਲਈ ਹਰ ਵੇਲੇ ਤਿਆਰ ਹੈ। ਮੈਂ ਪਹਿਲਾਂ ਵੀ ਅਰਜ਼ ਕਰ ਚੁਕਾ ਹਾਂ ਕਿ ਅਸੀਂ ਕੋਈ ਅੜੀ ਨਹੀਂ ਦਿਖਾਈ। ਬਿਜਲੀ ਬੋਰਡ ਦੇ ਇੰਜਨੀਅਰਜ਼ ਇੰਟੈਗਰੇਟਿਡ ਟਾਈਮ ਸਕੇਲ ਮੰਗਦੇ ਹਨ ਜੋ ਕਿ ਚਾਰ, ਪੰਜ ਹਜ਼ਾਰ ਰੁਪਿਆ ਮਹੀਨਾ ਹੈ। ਮਜ਼ਦੂਰਾਂ ਦੀ ਹਾਲਤ ਨੂੰ ਉਹ ਨਹੀਂ ਦੇਖਦੇ ਕਿ ਮਜ਼ਦੂਰਾਂ ਦਾ ਕੀ ਬਣੇਗਾ ? (ਵਿਘਨ) ਡਿਪਟੀ ਸਪੀਕਰ ਸਾਹਿਬ, ਜੋ ਥਰਮਲ ਪਲਾਂਟ ਚਲਦਾ ਹੈ ਉਸ ਦੀ 60-65% ਜੈਨਰੇਸ਼ਨ ਹੁੰਦੀ ਸੀ, ਹੁਣ ਉਹ 25% ਤੇ ਆ ਗਈ ਹੈ। ਟੋਟਲ ਸਾਡੀ ਬਿਜਲੀ ਦੀ ਡਿਮਾਂਡ 1171 ਮੈਗਾਵਾਟ ਹੈ। 1980-81 ਵਿਚ 971 ਮੈਗਾਵਾਟ ਬਿਜਲੀ ਪੈਦਾ ਹੋਈ ਹੈ। ਅਸੀਂ ਸ਼ਾਰਟ ਹਾਂ। ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਉਨ੍ਹਾਂ ਦੀਆਂ ਮੰਗਾਂ ਨੂੰ ਲੋਕਾਂ ਦੇ ਸਾਹਮਣੇ ਰੱਖਣ ਵਿਚ ਕੀ ਮਿਲ ਸਕਦਾ ਹੈ ? ਬਿਜਲੀ ਬੋਰਡ ਦੇ ਚੀਫ ਇੰਜੀਨੀਅਰਜ਼ ਦੀਆਂ ਜੋ ਮੰਗਾਂ ਹਨ, ਉਹ ਮੇਰੇ ਕੋਲ ਹਨ ਅਗਰ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਪੜ੍ਹਿਆ ਜਾਵੇ ਤਾਂ ਬਹੁਤ ਵਕਤ ਲਗੇਗਾ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਪ੍ਰੈਜ਼ੀਡੈਂਟ ਅਤੇ ਸੈਕਟਰੀ ਮੇਰੇ ਕੋਲ ਆਏ ਸਨ ਅਤੇ ਉਨ੍ਹਾਂ ਨੇ ਮੈਨੂੰ ਕਹਿ ਦਿੱਤਾ ਸੀ ਕਿ ਅਸੀਂ ਸਭ ਕੁਝ ਛਡਣ ਲਈ ਤਿਆਰ ਹਾਂ ਅਤੇ ਸਾਡਾ ਫੈਸਲਾ ਕਰ ਦਿਓ। ਮੈਂ ਕਿਹਾ ਜੇਕਰ ਤੁਹਾਡੀ ਕੋਈ ਅਨਾਮਲੀਜ਼ ਹਨ ਤਾਂ ਜ਼ਰੂਰ ਦੇਖ ਲੈਂਦੇ ਹਾਂ ਅੰਰ ਜੇਕਰ ਕੋਈ ਸਿਲੈਕਸ਼ਨ ਗਰੇਡ ਵਿਚ ਸਟੈਗਨੇਸ਼ਨ ਹੈ ਤਾਂ ਅਸੀਂ ਉਹ ਦਰੁਸਤ ਕਰ ਸਕਦੇ ਹਾਂ। ਡਿਪਟੀ ਸਪੀਕਰ ਸਾਹਿਬ, ਜੇਕਰ ਤਨਖਾਹਾਂ ਵਿਚ ਕੋਈ ਥੋੜ੍ਹਾ ਮੋਟਾ ਇਧਰ ਉਧਰ ਹੋਵੇ ਤਾਂ ਵੀ ਅਸੀਂ ਦੇਖ ਲਵਾਂਗੇ। ਇਕ ਦਮ ਇਤਨੀ ਵੱਡੀ ਛਾਲ ਮਾਰਨਾ ਤਾਂ ਪਾਸੀਬਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਚੀਫ ਇੰਜੀਨੀਅਰਜ਼ ਪੀ.ਡਬਲਿਊ.ਡੀ. ਅਤੇ ਚੀਫ ਇੰਜੀਨੀਅਰਜ਼ ਇਰੀਗੇਸ਼ਨ ਨਾਲੋਂ ਬਿਜਲੀ ਬੋਰਡ ਦੇ ਚੀਫ ਇੰਜੀਨੀਅਰਜ਼ ਨੂੰ ਜ਼ਿਆਦਾ ਫੈਸਿਲਿਟੀਜ਼ ਹਨ। ਉਹ ਚੀਫ ਇੰਜਨੀਅਰਜ਼ ਚਾਰ ਪੰਜ ਹਜ਼ਾਰ ਰੁਪਿਆ ਮਹੀਨੇ ਦੀ ਮੰਗ ਕਰਦੇ ਹਨ ਅਤੇ ਇਸ ਤੋਂ ਬਗੈਰ ਉਹ ਕੰਮ ਕਰਨ ਲਈ ਤਿਆਰ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਗੱਦਾਰੀ ਦਾ ਸ਼ਬਦ ਤਾਂ ਨਹੀਂ ਵਰਤਦਾ ਵਰਕ ਟੂ ਰੂਲ ਦਾ ਲਫਜ਼ ਤਾਂ ਬੜਾ, ਡਿਪਟੀ ਸਪੀਕਰ ਸਾਹਿਬ, ਚੰਗਾ ਹੈ। ਇਸ ਤਰ੍ਹਾਂ ਕਰਨ ਨਾਲ ਡੈਫੀਨੇਟਲੀ ਪ੍ਰੋਡਕਸ਼ਨ ਸਲੋ ਡਾਊਨ ਹੋਈ ਹੈ। ਲੋਕ ਖੜੇ ਹੋ ਗਏ ਹਨ ਅਤੇ ਸਾਨੂੰ ਪ੍ਰੋਟੈਕਟਿਵ ਪੁਲਿਸ ਰੱਖਣੀ ਪਵੇਗੀ। ਇਹ ਪਾਵਰ ਦੀ ਜੈਨਰੇਸ਼ਨ ਹੋਣ ਨਹੀਂ ਦਿੰਦੇ।

ਮੈਂ ਇਹ ਅਰਜ਼ ਕਰਦਾ ਹਾਂ ਕਿ ਸਾਡੀ ਕੋਸ਼ਿਸ਼ ਹੈ ਜੇਕਰ ਇਨ੍ਹਾਂ ਤੇ ਗੁਡ ਸੈਂਸ ਪਰੀਵੇਲ ਕਰੇ ਇੰਟੈਗਰੇਟਿਡ ਟਾਇਮ ਬਾਊਂਡ ਸਕੇਲ ਕੋਈ ਵੀ ਸਰਕਾਰ ਚਾਹੇ ਸੈਂਟਰ ਦੀ ਸਰਕਾਰ ਹੋਵੇ ਜਾਂ ਪੰਜਾਬ ਸਰਕਾਰ ਹੋਵੇ ਕੋਈ ਵੀ ਸਰਕਾਰ ਇਹ ਨਹੀਂ ਦੇ ਸਕਦੀ। ਸਾਰੇ ਮੈਂਬਰਾਂ ਨੂੰ ਮੈਂ ਅਲਹਿਦਾ ਅਲਹਿਦਾ ਮਿਲਦਾ ਹਾਂ, ਉਨ੍ਹਾਂ ਨੇ ਕਿਹਾ ਹੈ ਕਿ ਕੋਈ ਹੋਰ ਰਸਤਾ ਕਢੋ ਚਾਰ ਪੰਜ ਹਜ਼ਾਰ ਰੁਪਿਆ ਕੌਣ ਇਨ੍ਹਾਂ ਨੂੰ ਤਨਖਾਹ ਦੇਵੇਗਾ। ਫਿਰ ਉਹ ਕਹਿੰਦੇ ਹਨ ਕਿ ਆਈ.ਏ.ਐਸ. ਅਫਸਰ ਉੱਠਣ ਨਹੀਂ ਦਿੰਦੇ। ਉਨ੍ਹਾਂ ਨੇ ਮੇਰੇ ਨਾਲ ਗੱਲ ਕੀਤੀ ਹੈ। ਜੋ ਕੁਝ ਉਨ੍ਹਾਂ ਨੇ ਕਿਹਾ ਹੈ, ਉਸ ਉਤੇ ਕੀ ਕੀ ਕੀਤਾ ਹੈ ? ਇਨ੍ਹਾਂ ਨੇ 2 ਘੰਟੇ ਧਰਨਾ 17 ਦਸੰਬਰ ਨੂੰ ਦਿੱਤਾ ਹੈ, ਚੇਅਰਮੈਨ ਦੇ ਆਫਿਸ ਥਲੇ। ਟੂਲ ਡਾਊਨ ਹਾਫ ਐਨ ਆਵਰ 26 ਦਸੰਬਰ, 1980 ਨੂੰ ਕੀਤਾ ਹੈ, ਫਿਰ ਪੈਨ ਡਾਊਨ 29 ਦਸੰਬਰ ਨੂੰ

[ਮੁੱਖ ਮੰਤਰੀ]

ਕੀਤਾ ਅੰਰ ਵਰਕ ਟੂ ਰੂਲ ਸਿਸ 2 ਜਨਵਰੀ, 1981 ਸ਼ੁਰੂ ਕੀਤਾ ਹੈ। ਹਾਫ ਡੇ ਧਰਨਾ ਕਰਦੇ ਹਨ। ਕਦੇ ਚੇਨ ਫਾਸਟ ਰੱਖਦੇ ਹਨ ਅੰਰ ਕਦੇ ਵਾਕ ਆਊਟ ਦਫਤਰਾਂ ਤੋਂ ਕਰਦੇ ਹਨ। ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਆਇਆ ਇਹ ਸਟੇਟ ਦੇ ਇੰਟ੍ਰੈਸਟ ਵਿਚ ਹੈ। ਗਲਬਾਤ ਕਰਨ ਵੇਲੇ ਕਹਿੰਦੇ ਹਨ ਸਾਡਾ ਮਸਲਾ ਇਕੱਲਾ ਪੰਜਾਬ ਦਾ ਨਹੀਂ ਹੈ ਬਲਕਿ ਇਹ ਹਰਿਆਣਾ ਅੰਰ ਯੂ. ਪੀ. ਦਾ ਸਾਂਝਾ ਮਸਲਾ ਹੈ। ਅਗਰ ਉਹ ਗੱਲ ਮੇਰੇ ਨਾਲ ਕਰਦੇ ਹਨ ਤਾਂ ਗੱਲ ਮੰਨ ਕੇ ਮੁੜ ਸਟੇਟਮੈਂਟ ਦੇ ਦਿੰਦੇ ਹਨ ਕਿ ਇਹ ਇਕੱਲੇ ਪੰਜਾਬ ਦਾ ਮਸਲਾ ਨਹੀਂ ਹੈ ਬਲਕਿ ਇਹ ਹਰਿਆਣਾ ਅੰਰ ਯੂ.ਪੀ. ਸਾਰਿਆਂ ਦਾ ਸਾਂਝਾ ਮਸਲਾ ਹੈ। ਮੈਂ ਕਹਿੰਦਾ ਹਾਂ ਕਿ ਹਰਿਆਣਾ ਵਿਚ ਜੋ ਚੰਨ ਚੜ੍ਹਿਆ ਹੈ, ਉਹ ਦੇਖ ਲਿਆ ਹੋਣਾ ਹੈ। ਅਗਰ ਇਹ ਸਟਰਾਈਕ ਛੱਡਣ ਅੰਰ ਮੇਰੇ ਨਾਲ ਗੱਲ ਕਰਨ ਜਿੰਨੀ ਜੈਨਰੇਸ਼ਨ ਬਠਿੰਡੇ ਤੋਂ ਪੈਂਦਾ ਹੁੰਦੀ ਹੈ, ਉਸ ਤੋਂ ਇਹ ਦੁਗਣੀ ਅਗਰ ਕਰ ਦੇਣ ਮਤਲਬ 50% ਕਰ ਦੇਣ ਤਾਂ ਦਸ ਤਰੀਕ ਤਕ ਸਿਰਫ ਚਾਰ ਘੰਟੇ ਬਿਜਲੀ ਬੰਦ ਹੋਏਗੀ ਅੰਰ ਬਾਕੀ ਸਮਾਂ ਸਾਰਿਆਂ ਨੂੰ ਬਿਜਲੀ ਮਿਲੇਗੀ (ਥੰਪਿੰਗ) ਇਹ ਕਹਿਣਾ ਕਿ ਉਨ੍ਹਾਂ ਦੀਆਂ ਡਿਮਾਂਡਜ਼ ਅਸਮਾਨ ਨੂੰ ਛੂਹਦੀਆਂ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਆਸਮਾਨ ਨੂੰ ਹੱਥ ਨਹੀਂ ਲਗਾ ਸਕਦਾ ਹੈ। ਟਾਇਮ ਬਾਊਂਡ ਇੰਟੇਗਰੇਟਿਡ ਸਕੇਲ ਦਾ ਮਤਲਬ ਹੋਇਆ ਕਿ ਇਕ ਐਸ.ਡੀ.ਓ.ਹੈ ਅੰਰ ਉਹ ਐਸ.ਡੀ.ਓ. ਹੀ ਚਾਰ ਪੰਜ ਸਾਲਾਂ ਦਾ ਬੈਠਾ ਹੈ ਤਨਖਾਹ ਉਸਦੀ ਵਧੇਗੀ ਅਤੇ ਰਿਟਾਇਰ ਉਹ ਐਸ.ਡੀ.ਓ. ਹੀ ਹੋਏਗਾ, ਪਰ ਤਨਖਾਹ ਉਸ ਦੀ 3,200 ਹੋਣੀ ਚਾਹੀਦੀ ਹੈ। ਚੀਫ ਸੈਕਟਰੀ ਨੂੰ ਵੀ ਐਨੀ ਤਨਖਾਹ ਨਹੀਂ ਮਿਲਦੀ। ਮੈਂ ਦੋਹਾਂ ਦੀ ਰਿਲੇਸ਼ਨ-ਸ਼ਿਪ ਦਾ ਬੈਲੈਂਸ ਕਰਕੇ ਤੁਰਨਾ ਹੈ। ਕਿਸੇ ਇਕ ਦਾ ਨਾ ਮੇਰੇ ਤੇ ਅਸਰ ਹੈ ਅੰਰ ਨਾ ਹੀ ਮੈਂ ਕਿਸੇ ਦਾ ਅਸਰ ਕਬੂਲਦਾ ਹਾਂ। ਮੈਂ ਹਾਊਸ ਨੂੰ ਕਾਨਫੀਡੈਂਸ ਵਿਚ ਲੈਣਾ ਚਾਹੁੰਦਾ ਹਾਂ ਅਤੇ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਟਾਇਮ ਬਾਊਂਡ ਇੰਟੇਗਰੇਟਿਡ ਸਕੇਲ ਦਿਵਾਉਣ ਬਾਰੇ ਮੈਂ ਭਰੋਸਾ ਨਹੀਂ ਦਿਵਾ ਸਕਦਾ ਬਾਕੀ ਸਾਰੀਆਂ ਗੱਲਾਂ ਸੁਣ ਕੇ ਹੱਲ ਕਢਿਆ ਜਾ ਸਕਦਾ ਹੈ। ਪਰ ਜੇਕਰ ਉਹ ਕਹਿਣ ਕਿ ਸੂਬੇ ਵਿਚ ਡਾਰਕਨੈਸ ਕਰ ਦਿਆਂਗੇ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਸੂਬੇ ਵਿਚ ਡਾਰਕਨੈਸ ਨਹੀਂ ਹੋਣ ਦਿਆਂਗੇ (ਥੰਪਿੰਗ) ਤੁਸੀਂ ਆਪਣੇ ਹਲਕੇ ਵਲੋਂ ਕਹਿ ਰਹੇ ਹੋ ਇਸ ਹਾਊਸ ਵਿਚ ਅੰਰ ਮੈਨੂੰ ਵੀ ਪਤਾ ਹੈ ਕਿ ਕੀ ਕੀ ਤਕਲੀਫ ਹੈ, ਕਿਸ ਤਰ੍ਹਾਂ ਨਾਲ ਕਾਰਖਾਨੇ ਬੰਦ ਪਏ ਹਨ ਅੰਰ ਮਜ਼ਦੂਰਾਂ ਨੂੰ ਤਕਲੀਫ ਹੋ ਰਹੀ ਹੈ। ਸਾਰਾ ਕੰਮ ਖੜਾ ਹੈ ਲੇਕਿਨ ਮੈਂ ਇਸ ਹਾਊਸ ਤੋਂ ਮੰਗ ਕਰਦਾ ਹਾਂ ਕਿ ਤੁਹਾਨੂੰ ਮੇਰੇ ਨਾਲ ਸਹਿਮਤ ਹੋਣਾ ਚਾਹੀਦਾ ਹੈ ਕਿ ਜਦੋਂ ਇਹ ਇਸ ਤਰ੍ਹਾਂ ਕਰਕੇ ਸੂਬੇ ਵਿਚ ਡਾਰਕਨੈਸ ਲਿਆਉਣਾ ਚਾਹੁੰਦੇ ਹਨ, ਫੈਕਟਰੀਆਂ ਬੰਦ ਕਰਾਉਣਾ ਚਾਹੁੰਦੇ ਹਨ ਅੰਰ ਇਥੋਂ ਦੇ ਟਿਊਬਵੈਲਜ ਬੰਦ ਕਰਾਉਣਾ ਚਾਹੁੰਦੇ ਹਨ ਤਾਂ ਫਿਰ ਤੁਹਾਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ ਅੰਰ ਜੋ ਉਸ ਵੇਲੇ ਗੌਰਮਿੰਟ ਦਾ ਐਡਮਨਿਸਟ੍ਰੇਟਿਵ ਐਟੀਚਿਊਡ ਹੁੰਦਾ ਹੈ, ਉਸ ਲਈ ਉਸ ਨੂੰ ਖੁਲ੍ਹ ਹੋਣੀ ਚਾਹੀਦੀ ਹੈ। ਇਹ ਕਹਿੰਦੇ ਹਨ ਕਿ ਗੌਰਮਿੰਟ ਆਫ ਇੰਡੀਆ ਨਾਲ ਸਾਡੀ ਗੱਲ ਬਾਤ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਇਹ ਗੌਰਮਿੰਟ ਆਫ ਇੰਡੀਆ ਦਾ ਸਬਜੈਕਟ ਨਹੀਂ ਹੈ ਬਲਕਿ ਇਹ ਸਾਡੀ ਸਟੇਟ ਨਾਲ ਤੁਅੱਲਕ ਰੱਖਣ ਵਾਲਾ ਮਾਮਲਾ ਹੈ। ਇਨ੍ਹਾਂ ਨੂੰ ਸਮਝਾ ਦੇਣਾ ਚਾਹੀਦਾ ਹੈ। ਇਕ ਦੋ ਦਿਨ ਤਾਂ ਦੇਖੇ ਜਾ ਸਕਦੇ ਹਨ। ਪਰ ਤੁਸੀਂ ਦੱਸੋ ਕਿ ਕੀ ਇਸ ਸੂਬੇ ਨੂੰ ਡਾਰਕਨੈਸ

ਵਿਚ ਪਲੰਜ ਕਰ ਦੇਣਾ ਕੋਈ ਚੰਗੀ ਗੱਲ ਹ ? ਇਹ ਕਹਿੰਦੇ ਹਨ ਕਿ ਇਥੇ ਡਾਰਕਨੈਸ ਹੋਵੇਗੀ । ਪੈਨ ਡਾਊਨ ਸਟ੍ਰਾਈਕ ਹੋਏਗੀ, ਟੂਲ ਡਾਊਨ ਸਟ੍ਰਾਈਕ ਹੋਏਗੀ । ਕੀ ਇਹ ਚੰਗੇ ਕੰਮ ਹਨ ? ਇੰਜੀਨੀਅਰਜ਼ ਖਿਚ ਖਿਚ ਕੇ ਬੰਦਿਆਂ ਨੂੰ ਕਹਿੰਦੇ ਹਨ ਕਿ ਚਲੋ ਬਾਹਰ ਤੁਸੀਂ ਕਿਉਂ ਕੰਮ ਕਰਦੇ ਹੋ, ਸੂਬਾ ਜਾਵੇ ਜਹੰਨਮ ਨੂੰ । ਜੋ ਰੋਜ਼ ਰਿਪੋਰਟਾਂ ਸਾਡੇ ਕੋਲ ਆਉਂਦੀਆਂ ਹਨ, ਇਹ ਚੀਜ਼ ਉਸ ਤੇ ਬੇਸ ਕਰਦੀ ਹੈ । ਅਸੀਂ ਕਿਸੇ ਨੂੰ ਦੁੱਖ ਤਕਲੀਫ ਨਹੀਂ ਦਿੱਤੀ । ਮੈਂ ਅੱਜ ਵੀ ਇਨ੍ਹਾਂ ਨੂੰ ਇਸ ਹਾਊਸ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ ਬਾ-ਦਲੀਲ ਗੱਲ ਮੇਰੇ ਨਾਲ ਕਰਨ ਔਰ ਅਗਰ ਇਹ ਸਾਬਤ ਕਰ ਦੇਣ ਕਿ ਐਨੇ ਪੈਸੇ ਇਨ੍ਹਾਂ ਨੂੰ ਮਿਲਣੇ ਚਾਹੀਦੇ ਹਨ ਤਾਂ ਮੈਂ ਦੇਖ ਸਕਦਾ ਹਾਂ। ਪਰ ਇਨ੍ਹਾਂ ਦੇ ਚੀਫ ਇੰਜੀ-ਨੀਅਰ ਨੇ ਕਿਹਾ ਹੈ ਕਿ ਇਨ੍ਹਾਂ ਦੀਆਂ ਡਿਮਾਂਡਜ਼ ਵਾਹੀਯਾਤ ਹਨ । ਸਾਡੇ ਇਸ ਪਿੱਛੇ ਕੋਈ ਹੋਰ ਗੱਲ ਹੈ ਔਰ ਜੇਕਰ ਕੋਈ ਹੋਰ ਗੱਲ ਹੈ ਤਾਂ ਸਰਕਾਰ ਨੂੰ ਉਸ ਨਾਲ ਨਜਿੱਠਣਾ ਆਉਂਦਾ ਹੈ। ਜੇਕਰ ਡਿਮਾਂਡਜ਼ ਦੀ ਗੱਲ ਹੈ ਤਾਂ ਅਸੀਂ ਤਿਆਰ ਹਾਂ ਔਰ ਕੋਈ ਇਸ ਵਿਚ ਪ੍ਰੈਸਟਿਜ ਦਾ ਸਵਾਲ ਨਹੀਂ ਹੈ ।

ਲਾਸਿਜ਼ ਕਿਉਂ ਹਨ ? ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਲਾਸਿਜ਼ ਤਾਂ ਲਾਈਨ ਦੇ ਸ਼ਟ ਪ੍ਰੈਸ਼ਰ ਨਾਲ ਹੁੰਦੇ ਹਨ । ਇਸ ਦਾ ਤੁਅੱਲਕ ਅਨ-ਨਸੈਸਰੀ ਵੇਸਟੇਜ ਨਾਲ ਹੈ । ਜਿੱਥੇ ਲੋਕਾਂ ਨੂੰ ਉਹ ਕਹਿੰਦੇ ਹਨ ਕਿ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਨੇ ਆਪ ਲਾਈਨ ਪਾਉਣੀ ਹੈ। ਉਸ ਲਾਈਨ ਤੇ ਉਹ ਬਿਜਲੀ ਸਪਲਾਈ ਕਰਦੇ ਹਨ । 23% ਉਹ ਲਾਸਿਜ਼ ਹਨ ਔਰ ਇਹ ਲਾਸਿਜ਼ ਨੂੰ ਰਿਡਿਊਸ ਕਰਨ ਵਿਚ ਵੀ ਫਾਇਦਾ ਹੈ। ਇਹ ਬਿਲਕੁਲ ਗਲਤ ਗੱਲ ਕਹੀ ਗਈ ਹੈ ਕਿ ਪਾਕਿਸਤਾਨ ਨਾਲ ਕੋਈ ਸਮਝੌਤਾ ਹੋਇਆ ਸੀ ਕਿ ਥੀਨ ਡੈਮ ਨਹੀਂ ਬਣਨ ਦੇਣਾ । ਇਹ ਕਿਸੇ ਦੀ ਗਲਤ ਗੱਲ ਕਹੀ ਹੋਈ ਨੂੰ ਆਪਣੇ ਸਿਰ ਵਿਚ ਰੱਖਣਾ ਹੈ । ਪਾਕਿਸਤਾਨ ਨਾਲ ਕੋਈ ਖੁਫੀਆ ਸਮਝੌਤਾ ਕਰਨਾ ਬੇਈਮਾਨੀ ਹੈ ਔਰ ਉਹ ਬੇਸਲੈਸ ਗੱਲ ਹੈ, ਜਿਹੜੀ ਕਿ ਮੈਂ ਰਿਫ੍ਰਿਊਟ ਕਰਨਾ ਚਾਹੁੰਦਾ ਹਾਂ । ਪਾਕਿਸਤਾਨ ਕਿੰਨੇ ਚੰਗੇ ਤੁਅੱਲਕਾਤ ਸਾਡੇ ਨਾਲ ਰੱਖ ਰਿਹਾ ਹੈ, ਇਹ ਮੈਂਬਰ ਸਾਹਿਬ ਨੂੰ ਨਹੀਂ ਪਤਾ । ਇਹ ਕਹਿਣਾ ਕਿ ਸਿੱਖਾਂ ਦੀ ਤਰੱਕੀ ਵਾਸਤੇ ਰੋਕ ਪਾਈ ਹੈ, ਇਹ ਬੇਇਨਸਾਫੀ ਹੈ ਸਾਡੇ ਪ੍ਰਾਈਮ-ਮਨਿਸਟਰ ਸਾਹਿਬਾ ਨਾਲ ਔਰ ਹੋਰ ਦੂਸਰਿਆਂ ਨਾਲ । ਇਨ੍ਹਾਂ ਨੇ ਇਸ ਸੂਬੇ ਦੀ ਬਿਹਤਰੀ ਵਾਸਤੇ, ਇਸ ਸੂਬੇ ਦੀ ਹਾਲਤ ਸੁਧਾਰਨ ਵਾਸਤੇ ਬਹੁਤ ਕੁਝ ਕੀਤਾ ਹੈ । ਸਿੱਖਾਂ ਦਾ ਮਸਲਾ ਪੰਜਾਬ ਦਾ ਮਸਲਾ ਨਹੀਂ ਹੈ । ਪੰਜਾਬ ਦਾ ਮਸਲਾ ਸਿੱਖਾਂ ਦਾ ਮਸਲਾ ਨਹੀਂ ਹੈ । ਪੰਜਾਬ ਦਾ ਮਸਲਾ ਪੰਜਾਬੀਆਂ ਦਾ ਮਸਲਾ ਹੈ । ਇਸੇ ਵਿਚ ਹੀ ਸਿੱਖਾਂ ਦੀ, ਹਿੰਦੂਆਂ ਦੀ ਔਰ ਮੁਸਲਮਾਨਾਂ ਦੀ ਤਰੱਕੀ ਹੈ ।

Dr. Bhagat Singh : I have been wrongly quoted. I want to clarify it.

ਮੁੱਖ ਮੰਤਰੀ : ਮੈਂ ਕਿਸੇ ਦਾ ਹਾਲੇ ਨਾਂ ਨਹੀਂ ਲਿਆ। ਮੈਂ ਪਾਰਲੀਮੈਂਟੇਰੀਅਨ ਹਾਂ । ਮੈਨੂੰ ਪਤਾ ਹੈ। ਮੈਂ ਮੱਲੋਮੱਲੀ ਪਰੋਵੋਕ ਕਰਕੇ ਇਸ ਤਰ੍ਹਾਂ ਨਹੀਂ ਕਰਨਾ ਚਾਹੁੰਦਾ ।

ਡਾਕਟਰ ਭਗਤ ਸਿੰਘ : ਮੈਨੂੰ ਕਿਹਾ ਹੈ ਜੀ।

ਮੁੱਖ ਮੰਤਰੀ : ਤੁਸੀਂ ਕਲੈਰੀਫੀਕੇਸ਼ਨ ਵਾਂ ਲਈ ਜੇਕਰ ਮੈਂ ਕਿਹਾ ਹੋਵੇ। ਮੈਂ ਤਾਂ ਇਹ ਕਿਹਾ ਹੈ। The charge made by the hon. Member is absolutely baseless, whosoever has said it.

ਸੂਬੇ ਦੀ ਤਰੱਕੀ ਵਾਸਤੇ ਸਾਰਿਆਂ ਨੂੰ ਪਤਾ ਹੈ ਕਿ ਬਿਜਲੀ ਜ਼ਿਆਦਾ ਹੋਵੇ ਅੌਰ ਪਾਣੀ ਨਾਲ ਸਾਲ ਵਿਚ ਦੋ ਫਸਲਾਂ ਹੁੰਦੀਆਂ ਹਨ। ਉਸ ਨਾਲ ਕਾਮਨ ਪੂਲ ਸੈਂਟਰ ਦੇ ਵਿਚ ਵੱਧ ਤੋਂ ਵੱਧ ਅਨਾਜ਼ ਦਿੱਤਾ ਜਾਂਦਾ ਹੈ।

ਇਹ ਠੀਕ ਹੈ ਕਿ ਇਸ ਵਿਚ ਕੋਈ ਦੋ ਰਾਵਾਂ ਨਹੀਂ ਅਤੇ ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਕਿਸਾਨ ਨੇ ਆਪਣੀ ਅਕਲ ਵਰਤ ਕੇ, ਸਾਧਨ ਵਰਤ ਕੇ ਹਿਦੁਸਤਾਨ ਦੇ ਭੰਡਾਰ ਵਿਚ ਐਨਾ ਵੱਡਾ ਹਿੱਸਾ ਪਾਇਆ ਹੈ। ਭਾਵੇਂ ਛੋਟੇ ਕਿਸਾਨ ਦੇ ਇੰਜਨ ਡੀਜ਼ਲ ਨਾਲ ਚੱਲਦੇ ਹਨ ਅਤੇ ਭਾਵੇਂ ਵੱਡੇ ਕਿਸਾਨ ਦੇ ਟਿਊਬਵੈਲ ਬਿਜਲੀ ਨਾਲ ਚਲਦੇ ਹਨ, ਪਰ ਪੰਜਾਬ ਦੇ ਕਿਸਾਨ ਨੇ ਬਹੁਤ ਤਰੱਕੀ ਕੀਤੀ ਹੈ। ਕੌਣ ਕਹਿੰਦਾ ਹੈ ਕਿ ਪੰਜਾਬ ਦੇ ਕਿਸਾਨ ਨੇ ਤਰੱਕੀ ਨਹੀਂ ਕੀਤੀ ? ਡਿਪਟੀ ਸਪੀਕਰ ਸਾਹਿਬ, ਜੇ ਮੈਂ ਫਿੱਗਰਜ਼ ਵਿਚ ਪੈ ਗਿਆ ਤਾਂ ਇਹ ਮੇਰੇ **ਸਾਥੀ ਉਲਝ ਜਾਣਗੇ** ਕਿ ਇਹ ਫਿੱਗਰਜ਼ ਕਿਹੜੀਆਂ ਦਿੰਦਾ ਹੈ। (ਵਿਘਨ) ਬੱਸ ਮੈਂ ਥੋੜ੍ਹੀ ਜਿਹੀ ਇੰਜੀਨੀਅਰਾਂ ਦੀ ਤਨਖਾਹ ਬਾਰੇ ਅਰਜ਼ ਕਰਨੀ ਹੈ। ਇਸ ਵੇਲੇ ਅਸਿਸਟੈਂਟ ਇੰਜੀਨੀਅਰ ਦਾ ਸਕੇਲ 940-2,000 ਰੁਪਏ ਹੈ। ਐਨਾ ਸਕੇਲ ਹੈ ਪਰ ਇਹ ਕਹਿ ਦੇਣਾ ਕਿ ਇਹ ਕੁਝ ਨਹੀਂ, ਇਹ ਠੀਕ ਨਹੀਂ ਹੈ। (ਵਿਘਨ)

Mr. Deputy Speaker : No interruption.

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਪਟਿਆਲਾ ਹੈਡਕੁਆਟਰਜ਼ ਤੇ ਜਿਹੜਾ ਐਸ. ਈ. ਮਕੈਨੀਕਲ ਹੈ, ਉਸ **ਦੀ** ਤਨਖਾਹ 3,552 ਰੁਪਏ ਹੈ ਅਤੇ ਚੀਫ ਇੰਜੀਨੀਅਰ ਦੀ ਤਨਖਾਹ 4,215 ਰੁਪਏ। ਹੈਡ ਕੰਸਟਰੱਕਸ਼ਨ ਵਿਚ ਐਸ. ਈ. ਦੀ ਤਨਖਾਹ 4,152 ਰੁਪਏ ਹੈ ਅਤੇ ਚੀਫ ਇੰਜੀਨੀਅਰ ਦੀ ਤਨਖਾਹ 4,215 ਰੁਪਏ ਹੈ। ਓਪਰੇਸ਼ਨ ਵਿਚ ਐਸ. ਈ. ਦੀ 3,952 ਰੁਪਏ ਤਨਖਾਹ ਹੈ ਅਤੇ ਚੀਫ ਇੰਜੀਨੀਅਰ ਦੀ ਤਨਖਾਹ 4,215 ਰੁਪਏ ਹੈ। ਥਰਮਲ ਪਲਾਂਟ ਰੋਪੜ ਵਿਚ **ਐਸ. ਈ. ਦੀ** ਤਨਖਾਹ 3,927 ਰੁਪਏ ਹੈ ਅਤੇ ਚੀਫ ਇੰਜੀਨੀਅਰ ਦੀ ਤਨਖਾਹ 4,290 ਰੁਪਏ ਹੈ। ਬਠਿੰਡਾ ਥਰਮਲ ਪਲਾਂਟ ਵਿਚ ਐਸ. ਈ. ਦੀ ਤਨਖਾਹ 3,402 ਰੁਪਏ ਹੈ ਅਤੇ ਚੀਫ ਇੰਜੀਨੀਅਰ ਦੀ ਤਨਖਾਹ 4,409 ਰੁਪਏ ਹੈ। ਅਗਰ ਐਨੀ ਤਨਖਾਹ ਨੂੰ ਵੀ ਕਹਿਣ ਕਿ ਥੋੜ੍ਹੀ ਹੈ ਤਾਂ ਫਿਰ ਸਮਝ ਨਹੀਂ ਆਉਂਦੀ ਕਿ ਇਹ ਥੋੜ੍ਹੀ ਕਿਸ ਤਰ੍ਹਾਂ ਹੈ। ਪਿਛਲੀ ਵਾਰੀ ਬਿਜਲੀ ਬੋਰਡ ਨੂੰ ਦੋ ਸੌ ਕਰੋੜ ਰੁਪਿਆ ਇਸ ਕਰਕੇ ਦਿੱਤਾ ਸੀ ਤਾਕਿ ਇਸ ਦੀ ਟਰਾਂਸਮਿਸ਼ਨ ਵਿਚ ਸੋਧ ਕਰਨ। ਨਵੇਂ ਪ੍ਰਾਜੈਕਟਸ ਆ ਰਹੇ ਹਨ, ਉਨ੍ਹਾਂ ਨੂੰ ਤਿੱਖਾ ਕਰਕੇ ਬਿਜਲੀ **ਦੀ** ਕਮੀ ਪੂਰੀ **ਕੀਤੀ** ਜਾਵੇ। ਇਸ ਕਰਕੇ ਅਨੰਦਪੁਰ, ਸ਼ਾਨਨ ਅਤੇ ਮੁਕੇਰੀਆਂ ਪ੍ਰਾਜੈਕਟ ਜਿਹੜੇ ਹਨ, ਉਨ੍ਹਾਂ ਨੂੰ ਇਕ ਸਾਲ ਐਡਵਾਂਸ ਕੀਤਾ ਹੈ। ਉਥੇ ਬਿਜਲੀ ਤਿਆਰ ਕਰਕੇ ਲੋਕਾਂ ਨੂੰ ਦਿੱਤੀ ਜਾਵੇਗੀ। ਇਹ ਕੰਮ ਬੜੇ ਜ਼ੋਰ ਨਾਲ ਕੀਤਾ ਹੈ। ਇਹ ਕਹਿੰਦੇ ਹਨ ਕਿ ਅਸੀਂ ਪ੍ਰਾਜੈਕਟ ਛੱਡ ਦਿੱਤੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕੰਪਲੀਟ ਕਰਨ ਵਾਸਤੇ ਸਾਡੀ ਕੋਸ਼ਿਸ਼ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਬਹੁਤੀਆਂ ਫਿੱਗਰਜ਼ ਨਹੀਂ ਦੇਣਾ ਚਾਹੁੰਦਾ। ਮੈਂ ਕੁਝ ਮੋਟੀਆਂ ਮੋਟੀਆਂ ਗੱਲਾਂ ਦੱਸਣਾ ਚਾਹੁੰਦਾ ਹਾਂ। ਅਗਰ ਉਨ੍ਹਾਂ ਨੇ ਕੋਈ ਗੱਲ ਕਰਨੀ ਹੈ ਜਾਂ ਉਹ ਇਨ੍ਹਾਂ ਮੈਂਬਰਾਂ ਪਾਸ ਆਉਂਦੇ ਹਨ ਔਰ ਕਹਿੰਦੇ ਹਨ ਕਿ ਸਾਡੇ ਨਾਲ ਬੇਇਨਸਾਫੀ ਹੋਈ ਹੈ ਤਾਂ ਸਾਡੇ ਨਾਲ ਗੱਲ ਕਰ ਲੈਣ। ਅਸੀਂ ਉਨ੍ਹਾਂ ਦੀ ਗੱਲ ਸੁਣਾਂਗੇ ਪਰ ਇੰਟੈਗਰੇਟਿਡ ਟਾਈਮ ਬਾਊਂਡ ਸਕੇਲ ਦੀ ਗੱਲ ਛੱਡਕੇ। ਡਿਪਟੀ ਸਪੀਕਰ ਸਾਹਿਬ, ਇਸ ਨੂੰ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਵੀ ਮੰਨਣਗੇ। ਜੇ ਉਨ੍ਹਾਂ ਦਾ ਸਕੇਲ ਉਨ੍ਹਾਂ ਦੇ ਕਹਿਣ ਦੇ ਮੁਤਾਬਿਕ ਐਨਾ ਜ਼ਿਆਦਾ ਕਰ ਦੇਈਏ ਤਾਂ ਫਿਰ ਪੀ. ਡਬਲਿਊ ਡੀ. ਵਿਚ ਜਿਹੜੇ ਟੈਕਨੀਕਲ ਅਫਸਰ ਹਨ ਜਾਂ ਹੋਰ ਮਹਿਕਮਿਆਂ ਵਿਚ ਟੈਕਨੀਕਲ ਅਫਸਰ ਹਨ, ਉਹ ਕਹਿਣਗੇ ਕਿ ਸਾਨੂੰ ਕਿਉਂ ਉਨ੍ਹਾਂ ਦੇ ਥੱਲੇ ਰੱਖਿਆ ਹੈ। ਮੈਂ ਉਨ੍ਹਾਂ ਦਾ ਆਈ. ਏ. ਐਸ. ਨਾਲ ਮੁਕਾਬਲਾ ਨਹੀਂ ਕਰਦਾ। ਮੈਂ ਤਾਂ ਉਨ੍ਹਾਂ ਦੀ ਗੱਲ ਕਰਦਾ ਹਾਂ ਜਿਹੜੇ ਉਨ੍ਹਾਂ ਵਰਗੇ ਟੈਕਨੀਕਲ ਆਦਮੀ ਹੋਰ ਮਹਿਕਮਿਆਂ ਵਿਚ ਲੱਗੇ ਹੋਏ ਹਨ। ਮੈਂ ਉਨ੍ਹਾਂ ਦੀ ਪੁਜ਼ੀਸ਼ਨ ਜ਼ਾਹਿਰ ਕੀਤੀ ਹੈ। ਅਸੀਂ ਉਨ੍ਹਾਂ ਨੂੰ ਆਪਿਸ ਵਿਚ ਲੜਾਈ ਵਿਚ ਨਹੀਂ ਪਾਉਣਾ ਚਾਹੁੰਦੇ। ਅਸੀਂ ਤਿਆਰ ਹਾਂ ਉਹ ਸਾਡੇ ਨਾਲ ਗੱਲ ਕਰ ਲੈਣ। ਪਰ ਇਕ ਸ਼ਰਤ ਕਰਨ ਕਿ ਇਸ ਤਰ੍ਹਾਂ ਜਿਹੜੀ 25% ਪਰੋਡਕਸ਼ਨ ਲੋ ਹੋਈ ਹੈ, ਉਸ ਨੂੰ ਉਹ 40% ਤੇ ਕਰ ਦੇਣ ਤਾਂ ਮੈਂ ਕਹਿ ਸਕਦਾ ਹਾਂ ਕਿ ਅਗਲੇ ਮਹੀਨੇ ਦੀ 10 ਤਾਰੀਖ ਤੱਕ ਬਿਜਲੀ 24 ਘੰਟਿਆਂ ਵਿਚੋਂ 16 ਘੰਟੇ ਸਾਰਿਆਂ ਨੂੰ ਮਿਲੇਗੀ। (ਥੰਪਿੰਗ) ਪਰ ਫਿਰ ਵੀ ਜੇ ਉਹ ਗੱਲ ਬਾਤ ਕਰਨਾ ਨਹੀਂ ਚਾਹੁੰਦੇ ਤਾਂ ਫਿਰ ਤੁਹਾਨੂੰ ਸਾਨੂੰ ਇਸ ਗੱਲ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਕਿ ਅਸੀਂ ਉਨ੍ਹਾਂ ਨਾਲ ਠੀਕ ਤਰ੍ਹਾਂ ਡੀਲ ਕਰ ਸਕੀਏ। ਕਿਉਂਕਿ ਸਾਢੇ 6 ਵਜੇ ਜਾਣ ਵਾਸਤੇ ਕਿਹਾ ਸੀ, ਇਸ ਲਈ ਮੈਂ ਐਨਾ ਕੁਝ ਕਹਿੰਦਾ ਹੋਇਆ ਬੰਦ ਕਰਦਾ ਹਾਂ।

ਡਾਕਟਰ ਭਗਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ 1970 ਤੱਕ ਪਾਕਿਸਤਾਨ ਨੂੰ ਅਸੀਂ ਸੌ ਕਰੋੜ ਰੁਪਏ ਦਾ ਪਾਣੀ ਦੇ ਚੁੱਕੇ ਹਾਂ। ਹੁਣ 1981 ਆ ਗਿਆ ਹੈ ਅਤੇ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ। ਪੰਜਾਬ ਵਿਚ ਪਾਣੀ ਨਹੀਂ ਮਿਲਦਾ। (ਵਿਘਨ) ਦੂਜੇ ਥੀਨ ਡੈਮ ਦੀ ਗੱਲ ਹੈ। ਇਸ ਨੂੰ ਜਲਦੀ ਤਿਆਰ ਕਰਨਾ ਚਾਹੀਦਾ ਹੈ। (ਵਿਘਨ) ਤੁਸੀਂ ਗੱਲ ਤਾਂ ਸੁਣ ਲਵੋ। ਤੁਸੀਂ ਸਿੱਖਾਂ ਦੇ ਮਸਲੇ ਵਿਚ ਦਖਲ ਨਾ ਦਿਉ। ਸਾਡੇ ਗੁਰਦੁਆਰਿਆਂ ਦੇ ਮਸਲੇ ਵਿਚ ਦਖਲ ਨਾ ਦਿਓ। ਚਾਹੇ ਪੰਜਾਬ ਦੇ ਗੁਰਦੁਆਰੇ ਹਨ ਜਾਂ ਦਿੱਲੀ ਦੇ ਗੁਰਦੁਆਰੇ ਹਨ, ਉਨ੍ਹਾਂ ਵਿਚ ਦਖਲ ਨਾ ਦਿਓ। (ਵਿਘਨ) ਇਹ ਠੀਕ ਹੈ ਪੰਜਾਬ ਇਕੱਲੇ ਸਿੱਖਾਂ ਦਾ ਨਹੀਂ ਹੈ, ਇਹ ਸਾਰੇ ਪੰਜਾਬੀਆਂ ਦਾ ਹੈ ਲੇਕਿਨ ਸਾਡੇ ਗੁਰਦੁਆਰਿਆਂ ਦੇ ਮਾਮਲੇ ਵਿਚ ਦਖਲ ਨਹੀਂ ਦਿੱਤਾ ਜਾਣਾ ਚਾਹੀਦਾ।

ਪ੍ਰੋਫੈਸਰ ਬਲਵੰਤ ਸਿੰਘ : ਸੀ. ਐਮ. ਨੇ ਕਿਹਾ ਹੈ ਕਿ ਇੰਜੀਨੀਅਰਜ਼ ਦੇ ਬਹੁਤ ਅੱਛੇ ਸਕੇਲ ਹਨ ਅਤੇ ਉਨ੍ਹਾਂ ਨੂੰ ਕਾਫੀ ਪੈਸੇ ਮਿਲਦੇ ਹਨ, ਜਿਸ ਤੋਂ ਲਗਦਾ ਹੈ ਕਿ ਉਨ੍ਹਾਂ ਦੀ ਬੜੀ ਭਾਰੀ ਮੱਦਦ ਕੀਤੀ ਜਾ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਪੇ ਫਿਕਸ ਕਰਨ ਦਾ 8 ਫਰਵਰੀ ਨੂੰ ਸਮਝੌਤਾ ਹੋਇਆ ਸੀ ਉਸ ਦੇ ਮੁਤਾਬਿਕ ਇਕ ਐਸ. ਡੀ. ਓ. ਨੂੰ 12 ਸਾਲਾਂ ਵਿਚ 14 ਹਜ਼ਾਰ ਰੁਪਏ ਦਾ ਘਾਟਾ ਪੈਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਘਾਟਾ ਦੂਰ ਕਰਨਗੇ ?

ਕਾਮਰੇਡ ਕੁਲਵੰਤ ਸਿੰਘ : ਮੈਂ ਕਿਹਾ ਸੀ ਕਿ ਵਰਕਰਜ਼ ਜਿਹੜੇ ਹਨ, ਉਨ੍ਹਾਂ ਨੂੰ ਮੈਨੇਜਮੈਂਟ ਵਿਚ ਭਾਈਵਾਲ ਬਣਾਉਣਾ ਚਾਹੀਦਾ ਹੈ । (ਵਿਘਨ) (ਸ਼ੋਰ) ਵਰਕਰਾਂ ਨੇ ਵੀ ਕੁਝ ਡਿਮਾਂਡਜ਼ ਰੱਖੀਆਂ ਹਨ, ਉਸ ਬਾਰੇ ਵੀ ਸੀ.ਐਮ. ਸਾਹਿਬ ਦੱਸ ਦੇਣ ? ਬਾਕੀ ਮੈਂ ਅਟਾਮਿਕ ਪਲਾਂਟ ਬਾਰੇ ਕਿਹਾ ਸੀ, ਉਸ ਬਾਰੇ ਵੀ ਇਹ ਦੱਸ ਦੇਣ ਕਿ ਕੀ ਕਰ ਰਹੇ ਹਨ ? ਵਿਘਨ)

(ਮਾਈਕ ਖਰਾਬ ਹੋਣ ਕਾਰਨ ਸਾਫ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ)

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਪ੍ਰਕਾਸ਼ ਟੰਡਨ ਨੇ ਬਿਜਲੀ ਬੋਰਡ ਦੇ ਬਾਰੇ ਅਪਰੈਲ,1979 ਵਿਚ ਰਿਪੋਰਟ ਦਿੱਤੀ ਸੀ ਦਸੰਬਰ, 1977 ਵਿਚ ਉਸਨੂੰ ਐਪੁਆਇੰਟ ਕੀਤਾ ਸੀ ਅਪਰੈਲ, 1979 ਵਿਚ ਉਸਨੇ ਰਿਪੋਰਟ ਦਿਤੀ, ਪਰ ਪੰਜਾਬ ਸਰਕਾਰ ਨੇ ਅਜੇ ਤਕ ਉਸ ਦੀ ਰਿਪੋਰਟ ਨੂੰ ਲਾਗੂ ਨਹੀਂ ਕੀਤਾ । ਉਸ ਦੀ ਰਪੋਟ ਲਾਗੂ ਕਰਨ ਨਾਲ ਬਿਜਲੀ ਬੋਰਡ ਨੂੰ ਫਾਇਦਾ ਹੋਵੇਗਾ। ਕੀ ਉਸਦੀ ਰਿਪੋਰਟ ਨੂੰ ਇਹ ਲਾਗੂ ਕਰਨਗੇ ?

ਮੁੱਖ ਮੰਤਰੀ: ਡਿਪਟੀ ਸਪੀਕਰ ਸਾਹਿਬ, ਇਥੇ ਪਾਂਧੀ ਜੀ ਨੇ ਪ੍ਰਕਾਸ਼ ਟੰਡਨ ਦੀ ਰਿਪੋਰਟ ਬਾਰੇ ਕਿਹਾ ਹੈ । ਮੈਂ ਉਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਉਸ ਦੀਆਂ 58 ਸਫਾਰਸ਼ਾਂ ਇੰਪਲੀਮੈਂਟ ਕਰ ਦਿੱਤੀਆਂ ਹਨ। ਬਾਕੀ 8-9 ਸਿਫਾਰਸ਼ਾਂ ਰਹਿੰਦੀਆਂ ਹਨ, ਉਨ੍ਹਾਂ ਨੂੰ ਅਸੀਂ ਐਗਜ਼ਾਮਿਨ ਕਰ ਰਹੇ ਹਾਂ ਅਤੇ ਉਨ੍ਹਾਂ ਨੂੰ ਛੇਤੀ ਐਗਜ਼ਾਮਿਨ ਕਰਕੇ ਲਾਗੂ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਪਾਂਧੀ ਜੀ ਤੋਂ ਇਹ ਪੁੱਛ ਦਿਓ ਕਿ ਜਿਹੜਾ ਮੈਂ ਜਵਾਬ ਦਿਤਾ ਹੈ ਕੀ ਉਸ ਵਿਚ ਮੈਂ ਕਿਹਾ ਹੈ ਕਿ ਸਿਫਾਰਸ਼ਾਂ ਮੰਨੀਆਂ ਹਨ ਜਾਂ ਰਿਜੈਕਟ ਕੀਤੀਆਂ ਹਨ। (ਹਾਸਾ) (ਵਿਘਨ) ਮੈਂ ਗੌਰਮਿੰਟ ਆਫ ਇੰਡੀਆ ਨੂੰ ਲਿਖਿਆ ਹੈ । (ਵਿਘਨ) ਮੈਂ ਆਦਮਪੁਰ ਤੋਂ ਆਏ ਮੈਂਬਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਹਾਸੇ ਵਿਚ ਕੋਈ ਗੱਲ ਨਹੀਂ ਕਰਦਾ । ਇਨ੍ਹਾਂ ਨਾਲ ਬਾਹਿਰ ਹਾਸੇ ਵਿਚ ਗੱਲ ਕਰ ਸਕਦਾ ਹਾਂ ਪਰ ਜਿੱਥੋਂ ਤਕ ਪ੍ਰਾਬਲਮ ਦੀ ਸੀਰੀਅਸਨੈਸ ਦਾ ਤਅੱਲਕ ਹੈ, ਉਹ ਮੈਂ ਕਦੇ ਹਾਸੇ ਵਿਚ ਗੱਲ ਨਹੀਂ ਕੀਤੀ । ਮੈਂ ਹੁਣ ਵੀ ਕਹਿੰਦਾ ਹਾਂ ਕਿ ਪਲਾਂਟ ਸਾਨੂੰ ਜ਼ਰੂਰ ਮਿਲੇ । ਇਸ ਦੇ ਨਾਲ ਸਾਨੂੰ ਬਿਜਲੀ ਜ਼ਿਆਦਾ ਮਿਲ ਸਕਦੀ ਹੈ। ਮੈਂ ਸਿਰਫ ਇਤਨਾ ਕਿਹਾ ਸੀ ਅਗਰ ਤੁਸੀਂ ਮੈਨੂੰ 20 ਸਾਲ ਬਾਅਦ ਵੀ ਪੁੱਛੋਗੇ ਤਾਂ ਮੈਂ ਤੁਹਾਨੂੰ ਦੱਸਾਂਗਾ ਕਿ ਮੈਂ ਕੀ ਕਿਹਾ ਸੀ । ਮੈਂ ਇਹ ਕਿਹਾ ਸੀ ਕਿ ਲੋਕੀ ਇਹ ਕਹਿੰਦੇ ਹਨ ਕਿ ਇਸ ਕਰਕੇ ਇਹ ਨਹੀਂ ਚਾਹੀਦੀ ਕਿ ਜੇ ਇਹ ਫੱਟ ਜਾਏ ਤਾਂ ਨੁਕਸਾਨ ਬਹੁਤ ਲੰਮੇ ਚੌੜੇ ਹੋਣਗੇ । ਮੈਨੂੰ ਇਸ ਦਾ ਕੱਤਅਨ ਕੋਈ ਖਿਆਲ ਨਹੀਂ ਮੇਰੀ ਸਪੀਚ ਕਢਾ ਕੇ ਦੇਖ ਲਓ । ਅਸੀਂ ਕਿਹਾ ਹੈ ਕਿ ਚਾਹੀਦੀ ਹੈ ਇਹ ਜਿਸ ਦੇ ਨਾਲ ਸਾਡੀ ਬਿਜਲੀ ਥੋੜੀ ਜਿਹੀ ਪੂਰੀ ਹੋ ਸਕੇ । (ਵਿਘਨ) ਸਾਡੇ ਪ੍ਰੋਜੈਕਟਸ ਲੱਗ ਸਕਦੇ ਹਨ । ਹਿਮਾਚਲ ਪ੍ਰਦੇਸ਼ ਨਾਲ ਸਾਰੀ ਗੱਲ ਕੀਤੀ ਹੈ । ਅਸੀਂ ਕਿਹਾ ਹੈ ਕਿ ਸਾਡਾ ਵੀ ਹਿੱਸਾ ਪਾਓ । ਉਥੇ ਤਿੰਨ ਚਾਰ ਹਜ਼ਾਰ ਮੈਗਾਵਾਟ ਬਿਜਲੀ ਮਿਲ ਸਕਦੀ ਹੈ । ਉਥੇ ਐਸੇ ਪ੍ਰੋਜੈਕਟ ਲਾ ਕੇ ਹਾਈਡਰੋ ਬਿਜਲੀ ਮਿਲ ਸਕਦੀ ਹੈ ਔਰ ਇਹ ਹਾਈਡਰੋ ਬਿਜਲੀ ਸਸਤੀ ਮਿਲ ਸਕਦੀ ਹੈ । ਲੇਕਿਨ ਅਸੀਂ ਇਹ ਵੀ ਇਗਨੋਰ ਨਹੀਂ ਕਰ ਸਕਦੇ ਕਿ ਜੋ ਸਾਡਾ ਥਰਮਲ ਪਲਾਂਟ ਚਲ ਰਿਹਾ ਹੈ ਜਾਂ ਜੋ ਰੋਪੜ ਵਿਚ ਬਣਨ ਵਾਲਾ ਹੈ, ਉਸ ਤੋਂ ਬਿਜਲੀ

ਮਿਲੇ । ਇਹ ਠੀਕ ਹੈ ਕਿ ਥਰਮਲ ਪਲਾਂਟ ਤੋਂ ਬਿਜਲੀ ਮਹਿੰਗੀ ਪੈਂਦੀ ਹੈ ਕਿਉਂਕਿ ਉਹ ਕੋਲੇ ਨਾਲ ਚਲਦਾ ਹੈ ਔਰ ਕੋਲੇ ਨਾਲ ਚਲਣ ਕਾਰਨ ਬਿਜਲੀ ਮਹਿੰਗੀ ਪੈਂਦੀ ਹੈ। ਪਰ ਅਸੀਂ ਚਾਹੁੰਦੇ ਹਾਂ ਕਿ ਬਿਜਲੀ ਦੀ ਜੋ ਘਾਟ ਹੈ, ਉਹ ਥੋੜ੍ਹੀ ਬਹੁਤ ਤਾਂ ਪੂਰੀ ਹੋ ਸਕਦੀ ਹੈ । ਕਿਸੇ ਪਾਸੇ ਵੀ ਹੋਵੇ ਬਿਜਲੀ ਮਿਲਣੀ ਚਾਹੀਦੀ ਹੈ । ਅਸੀਂ ਕੋਈ ਐਸਾ ਐਵੇਨਿਊ ਨਹੀਂ ਛੱਡਣਾ ਚਾਹੁੰਦੇ । ਬੇਸ਼ਕ ਜਿਤਨੀ ਬਿਜਲੀ ਦੀ ਜ਼ਰੂਰਤ ਹੈ, ਉਹ ਪ੍ਰੋਡਿਊਸ ਨਹੀਂ ਇਤਨੀ ਜਲਦੀ ਕਰ ਸਕਦੇ ਪਰ ਜਿਤਨੀ ਜ਼ਿਆਦਾ ਤੋਂ ਜ਼ਿਆਦਾ ਹੋ ਸਕੇ ਸਾਡੀ ਕੋਸ਼ਿਸ਼ ਹੈ ਕਰ ਸਕੀਏ ।

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨ ਲਗਾ ਸੀ ਤੁਸੀਂ ਮੈਨੂੰ ਇਜਾਜ਼ਤ ਨਹੀਂ ਦਿੱਤੀ । (ਵਿਘਨ) ਚੀਫ ਮਨਿਸਟਰ ਸਾਹਿਬ ਨੇ ਵੀ ਕਹਿ ਦਿੱਤਾ ਕਿ ਜੋ ਕੁਝ ਮੈਂ ਕਹਿਣਾ ਹੈ, ਉਹ ਮੈਨੂੰ ਪਤਾ ਹੈ । ਮੇਰੀ ਅਰਜ਼ ਹੈ ਬਿਜਲੀ ਜੋ ਮਿਲਦੀ ਹੈ ਸਾਡੇ ਉਥੇ ਉਹ ਲਗਾਤਾਰ ਨਹੀਂ ਮਿਲਦੀ, ਜਿਸ ਦੇ ਨਾਲ ਬਹੁਤ ਨੁਕਸਾਨ ਹੁੰਦਾ ਹੈ । ਜਿੰਨੀ ਵੀ ਬਿਜਲੀ ਮਿਲੇ ਉਹ ਲਗਾਤਾਰ ਮਿਲੇ ।

DISCUSSION ON THE ADMINISTRATION REPORT OF THE PEPSU ROAD TRANSPORT CORPORATION FOR THE YEAR 1979-80

Comrade Baldev Singh Loomba (Shutrana, S.C.) : Sir, I beg to move—

> That the Administration Report of the Pepsu Road Transport corporation for the year 1979-80, which was laid on the Table of the House on the 29th January, 1981, be discussed.

ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਪੀ. ਆਰ. ਟੀ. ਸੀ. ਦੀਆਂ ਬਸਾਂ ਦਾ ਜੋ ਸਵਾਲ ਹੈ, ਉਸ ਦੇ ਬਾਰੇ ਮੇਰਾ ਖਿਆਲ ਹੈ ਕਿ ਤੁਸੀਂ ਵੀ ਜਾਣਦੇ ਹੋ ਅਤੇ ਜਿਤਨੇ ਹਾਊਸ ਦੇ ਮੈਂਬਰਜ਼ ਬੈਠੇ ਹਨ, ਉਨ੍ਹਾਂ ਨੂੰ ਵੀ ਕੋਈ ਇਸ ਗੱਲ ਦਾ ਭੁਲੇਖਾ ਨਹੀਂ ਕਿ ਇਸ ਵੇਲੇ ਜੋ ਬਸਾਂ ਦੀ ਹਾਲਤ ਹੈ, ਉਹ ਬੜੀ ਭੈੜੀ ਹਾਲਤ ਹੈ। ਬਸਾਂ ਵਿਚ ਲੋਕੀਂ ਉਪਰ ਵੀ ਬੈਠ ਕੇ ਜਾਂਦੇ ਹਨ, ਬਸਾਂ ਉਪਰੋਂ ਵੀ ਸਾਰੀਆਂ ਭਰੀਆਂ ਪਈਆਂ ਹੁੰਦੀਆਂ ਹਨ ਵਿਚੋਂ ਵੀ ਭਰੀਆਂ ਪਈਆਂ ਹੁੰਦੀਆਂ ਹਨ ਅਤੇ ਸਵਾਰੀਆਂ ਪਿਛੇ ਵੀ ਬਹੁਤ ਲਟਕਦੀਆਂ ਰਹਿੰਦੀਆਂ ਹਨ, ਜਿਹੜੀ ਕਿ ਚੀਜ਼ ਬਹੁਤ ਖਤਰਨਾਕ ਹੈ । ਇਸ ਦੇ ਇਲਾਵਾ, ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਬਸਾਂ ਵਿਚ ਸਫਾਈ ਦਾ ਸਵਾਲ ਹੈ । ਅੱਜ, ਸਵੇਰੇ ਵੀ ਸਵਾਲਾਂ ਦੇ ਸਮੇਂ ਵਿਚ ਬੜਾ ਤਗੜਾ ਰੌਲਾ ਪਿਆ ਕਿ ਬਸਾਂ ਦੇ ਵਿਚ ਸਫ਼ਾਈ ਦੀ ਹਾਲਤ ਬਹੁਤ ਬੁਰੀ ਹੈ, ਬਸਾਂ ਵਿਚ ਸਫਾਈ ਦਾ ਹਾਲ ਬਹੁਤ ਭੈੜਾ ਹੈ ਰੂਲਿੰਗ ਪਾਰਟੀ ਦੇ ਮੈਂਬਰਾਂ ਨੇ ਇਹ ਚੀਜ਼ ਲਿਆਂਦੀ ਸੀ ਕਿ ਜਿਹੜੇ ਸਫਾਈਦਾਰ ਰਖੇ ਹੋਏ ਹਨ, ਉਹ ਵੱਡੇ ਵੱਡੇ ਅਫ਼ਸਰਾਂ ਦੇ ਘਰ ਕੰਮ ਕਰਦੇ ਹਨ ਔਰ ਉਹ ਬਸਾਂ ਨੂੰ ਸਾਫ਼ ਨਹੀਂ ਕਰਦੇ । ਇਹੀ ਕਾਰਨ ਹੈ ਕਿ ਬਸਾਂ ਦੀ ਸਫ਼ਾਈ ਨਹੀਂ ਹੁੰਦੀ । ਇਸ ਚੀਜ਼ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਇਸ ਤੋਂ ਇਲਾਵਾ ਮੈਂ ਤੁਹਾਨੂੰ ਕੱਲ੍ਹ ਦੀ ਹੀ ਗੱਲ ਦੱਸਦਾ ਹਾਂ ਕਿ ਮੈਂ ਕੱਲ੍ਹ ਇਕ ਬਸ ਵਿਚ ਜਾ ਰਿਹਾ ਸੀ । ਉਥੇ ਲੋਕੀਂ ਆਪਸ ਵਿਚ ਲੜਨ ਦੀ ਨੌਬਤ ਤਕ ਆ ਗਏ ਸਨ । ਬਸਾਂ ਦੇ ਵਿਚ ਕੋਈ ਦਵਾਈ ਦੀਆਂ ਗੋਲੀਆਂ ਦੇ ਰਿਹਾ ਸੀ ਅਤੇ ਉਹ ਗੋਲੀਆਂ ਠੀਕ ਨਹੀਂ ਸਨ । ਆਪਸ

ਕਾਮਰੇਡ ਬਲਦੇਵ ਸਿੰਘ ਲੁਬਾ]

ਵਿਚ ਉਹ ਲੜ ਪਏ। ਆਖਿਰ ਮੈਨੂੰ ਕਿਸੇ ਬੰਦੇ ਨੇ ਦੇਖਿਆ ਤੇ ਕਹਿਣ ਲਗਾ ਕਿ ਐਮ. ਐਲ. ਏ. ਸਾਹਿਬ ਬੈਠੇ ਹਨ, ਉਨ੍ਹਾਂ ਕੋਲ ਚਲ ਕੇ ਗੱਲ ਕਰੀਏ। (ਵਿਘਨ) ਮੇਰੇ ਕਹਿਣ ਦਾ ਭਾਵ ਹੈ ਕਿ ਜਿੱਥੇ ਬਸਾਂ ਦੀ ਸਫ਼ਾਈ ਦਾ ਸਵਾਲ ਹੈ, ਉਥੇ ਬਸਾਂ ਵਿਚ ਭੈੜੀ ਕਿਸਮ ਦੀਆਂ ਦਵਾਈਆਂ ਵੀ ਲੋਕੀਂ ਵੇਚਦੇ ਹਨ ਜਿਹੜੀਆਂ ਲੋਕਾਂ ਨੂੰ ਮਾਰਨ ਵਾਲੀਆਂ ਹੁੰਦੀਆਂ ਹਨ ਅੌਰ ਭੈੜੇ ਕਿਸਮ ਦਾ ਲਿਟਰੇਚਰ ਬਸਾਂ ਵਿਚ ਵਿਕਦਾ ਹੈ। ਮੈਂ ਸਮਝਦਾ ਹਾਂ ਕਿ ਪ੍ਰਬੰਧਕਾਂ ਨੂੰ ਇਸ ਪਾਸੇ ਵਲ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਫਿਰ ਸਾਡੀਆਂ ਪੰਜਾਬ ਦੀਆਂ ਬਸਾਂ ਦਾ ਕੋਈ ਪਤਾ ਨਹੀਂ ਕਿ ਕਿਥੇ ਟਾਇਰ ਪੰਕਚਰ ਹੋ ਜਾਣ, ਕਿਥੇ ਜਾ ਕੇ ਬਸ ਖੜੀ ਹੋ ਜਾਵੇ। ਡਿਪਟੀ ਸਪੀਕਰ ਸਾਹਿਬ, ਟਾਇਰ ਸਾਡੀਆ ਬਸਾਂ ਦੇ ਠੀਕ ਨਹੀਂ, ਟਿਊਬਾਂ ਸਾਡੀਆਂ ਬਸਾਂ ਦੀਆਂ ਠੀਕ ਨਹੀਂ, ਬਸਾਂ ਦੀ ਹਾਲਤ ਠੀਕ ਨਹੀਂ ਜਿਸ ਕਰਕੇ ਲੋਕ ਪ੍ਰੇਸ਼ਾਨ ਹੁੰਦੇ ਹਨ ਅੌਰ ਲੋਕਾਂ ਲਈ ਇਨ੍ਹਾਂ ਬਸਾਂ ਵਿਚ ਸਫ਼ਰ ਕਰਨਾ ਮੁਸ਼ਕਲ ਹੋ ਗਿਆ ਹੈ। ਇਸ ਦੇ ਨਾਲ ਹੀ ਮੈਂ ਇਕ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਅਨੇਕਾਂ ਹੀ ਦੁਰਘਟਨਾਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਨਾਲ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਮੈਂ ਜ਼ਿਆਦਾ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ। ਜਦੋਂ ਵੀ ਕੋਈ ਦੁਰਘਟਨਾ ਹੁੰਦੀ ਹੈ ਤਾਂ ਇਹ ਆਮ ਕਹਿ ਦਿੰਦੇ ਹਨ ਕਿ ਡਰਾਈਵਰ ਨੇ ਸ਼ਰਾਬ ਪੀਤੀ ਹੋਈ ਸੀ। ਭਾਵੇਂ ਐਕਸੀਡੈਂਟ ਸਵੇਰੇ 8.00 ਵਜੇ ਹੋਵੇ ਤਾਂ ਵੀ ਕਹਿ ਦਿੰਦੇ ਹਨ ਕਿ ਡਰਾਈਵਰ ਨੇ ਸ਼ਰਾਬ ਪੀਤੀ ਹੋਈ ਸੀ। ਮੈਂ ਨਹੀਂ ਕਹਿੰਦਾ ਕਿ ਇਹ ਕਾਰਨ ਨਹੀਂ ਹੋ ਸਕਦਾ। ਇਹ ਵੀ ਐਕਸੀਡੈਂਟ ਦਾ ਕਾਰਨ ਹੋ ਸਕਦਾ ਹੈ ਲੇਕਿਨ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਬਸਾਂ ਨੂੰ ਸੜਕਾਂ ਤੇ ਜ਼ਬਰਦਸਤੀ ਭੇਜ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਬਰੇਕ ਨਹੀਂ ਲਗਦੀ, ਜਿਨ੍ਹਾਂ ਦੀ ਰਿਪੇਅਰ ਹੋਣ ਵਾਲੀ ਹੁੰਦੀ ਹੈ, ਜਿਨ੍ਹਾਂ ਦੇ ਵਿਚ ਹੋਰ ਕੋਈ ਨੁਕਸ ਹੁੰਦਾ ਹੈ। ਡਰਾਈਵਰ ਨੂੰ ਕਿਹਾ ਜਾਂਦਾ ਹੈ ਕਿ ਚੁੱਪ ਕਰਕੇ ਗਡੀ ਲੈ ਜਾ ਨਹੀਂ ਤਾਂ ਤੈਨੂੰ ਸਸਪੈਂਡ ਕਰ ਦੇਵਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਤਨੀ ਦੇਰ ਤਕ ਕਲੀਅਰੈਂਸ ਸਰਟੀਫੀਕੇਟ ਨਾ ਦਿੱਤਾ ਜਾਵੇ ਉਤਨੀ ਦੇਰ ਤਕ ਸਾਡੀ ਸਰਕਾਰ ਨੂੰ ਇਹ ਪਾਬੰਦੀ ਲਾਉਣੀ ਚਾਹੀਦੀ ਹੈ ਕਿ ਬਸਾਂ ਨੂੰ ਸੜਕਾਂ ਤੇ ਨਾ ਆਉਣ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੂੰ ਇਸ ਸਬੰਧ ਵਿਚ ਇਕ ਕਮੇਟੀ ਬਣਾ ਦੇਣੀ ਚਾਹੀਦੀ ਹੈ। ਉਹ ਕਮੇਟੀ ਇਨ੍ਹਾਂ ਐਕਸੀਡੈਂਟਸ ਦੇ ਕਾਰਨ ਦੇਖੇ। ਇਸ ਕਮੇਟੀ ਦੇ ਵਿਚ ਐਕਸਪਰਟ ਡਰਾਈਵਰਜ਼ ਹੋਣ ਅਤੇ ਹੋਰ ਐਕਸਪਰਟ ਬੰਦੇ ਹੋਣ। ਉਸ ਦੀ ਜੋ ਰਿਪੋਰਟ ਹੋਵੇ ਉਹ ਸਰਕਾਰ ਲਾਗੂ ਕਰੇ ਤਾਕਿ ਐਕਸੀਡੈਂਟਸ ਨਾ ਹੋਣ ਅਤੇ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਜੋ ਹੁੰਦਾ ਹੈ, ਉਹ ਰੁਕ ਸਕੇ!

ਇਕ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਰਿਪੋਰਟ ਵਿਚ ਹੈ ਜਿਸ ਤੇ ਅਸੀਂ ਬਹਿਸ ਕਰ ਰਹੇ ਹਾਂ। ਮੈਨੂੰ ਇਹ ਪੜ੍ਹ ਕੇ ਬੜੀ ਹੈਰਾਨੀ ਹੋਈ। ਚੀਫ਼ ਮਨਿਸਟਰ ਸਾਹਿਬ ਇਸ ਬਾਰੇ ਬਿਆਨ ਦੇਣ। ਇਸ ਰਿਪੋਰਟ ਦੇ ਪੇਜ-18 ਤੇ ਨਾਈਟ ਸਰਵਿਸ ਦੇ ਬਾਰੇ ਲਿਖਿਆ ਹੋਇਆ ਹੈ। ਇਸ ਵਿਚ ਲਿਖਿਆ ਹੋਇਆ ਹੈ ਕਿ ਚੰਡੀਗੜ੍ਹ ਤੋਂ ਜਾਖਲ ਨੂੰ ਨਾਈਟ ਸਰਵਿਸ ਚਲਦੀ ਹੈ। ਸਾਨੂੰ ਤਾਂ ਉਹ ਬਸ ਨਾਈਟ ਸਰਵਿਸ ਦੀ ਕਿਧਰੇ ਦਿਸੀ ਨਹੀਂ। ਰਾਹ ਵਿਚ ਪਾਤੜਾਂ, ਸਮਾਣਾ ਵੀ ਆਉਂਦਾ ਹੈ। ਦੂਜਰੇ ਮੈਂਬਰਜ਼ ਜੋ ਉਸ ਸਾਈਡ ਦੇ ਹਨ

ਉਨ੍ਹਾਂ ਵਿਚੋਂ ਵੀ ਕਿਸੇ ਨਹੀਂ ਦੇਖੀ। ਗਲ, ਡਿਪਟੀ ਸਪੀਕਰ ਸਾਹਿਬ, ਇਹ ਸੀ ਕਿ ਜਦੋਂ ਢੀਂਡਸਾ ਸਾਹਿਬ ਟਰਾਂਸਪੋਰਟ ਮਨਿਸਟਰ ਹੁੰਦੇ ਸਨ ਤਾਂ ਉਸ ਵੇਲੇ ਮੈਂ ਅਤੇ ਸਰਦਾਰ ਚਿਤਵੰਤ ਸਿੰਘ ਨੇ ਉਨ੍ਹਾਂ ਕੋਲੋਂ ਰਿਕੁਮੈਂਡੇਸ਼ਨ ਅਸੀਂ ਕਰਵਾ ਕੇ ਲਿਆਂਦੀ ਸੀ ਕਿ ਇਹ ਨਾਈਟ ਸਰਵਿਸ ਜ਼ਰੂਰੀ ਹੈ। ਰਸਤੇ ਵਿਚ ਧੂਰੀ ਅਤੇ ਪਟਿਆਲਾ ਵਗੈਰਾ ਵੀ ਆਉਂਦੇ ਹਨ। (ਘੰਟੀ) ਡਿਪਟੀ ਸਪੀਕਰ ਸਾਹਿਬ, ਕਾਗਜ਼ਾਂ ਵਿਚ ਉਹ ਨਾਈਟ ਸਰਵਿਸ ਲਗ ਗਈ, ਪਰ ਐਕਚੁਅਲੀ ਬਸ ਹੈ ਨਹੀਂ। ਇਹ ਜੋ ਪ੍ਰਬੰਧਕੀ ਢਾਂਚੇ ਦੀ ਰਿਪੋਰਟ ਹੈ, ਉਸ ਦੀ ਗੱਲ ਕਰ ਰਿਹਾ ਹਾਂ। ਇਸ ਤੋਂ ਤੁਸੀਂ ਆਪ ਹੀ ਹੁਣ ਅੰਦਾਜ਼ਾ ਲਗਾ ਲਓ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਕਹਿੰਦੀ ਹੈ ਕਿ ਪੀ. ਆਰ. ਟੀ. ਸੀ. ਘਾਟੇ ਵਿਚ ਜਾਂਦੀ ਹੈ। ਇਹ ਘਾਟੇ ਵਿਚ ਕਿਉਂ ਜਾਂਦੀ ਹੈ, ਇਸ ਦੇ ਬਾਰੇ ਮੈਂ ਕੁਝ ਗਲਾਂ ਦੱਸਣਾ ਚਾਹੁੰਦਾ ਹਾਂ। ਅਖਬਾਰਾਂ ਵਿਚ ਇਹ ਗਲ ਆਈ ਸੀ ਸ਼ਾਇਦ ਤੁਸੀਂ ਪੜ੍ਹਿਆ ਹੋਣਾ ਹੈ। 30 ਜੂਨ, 1980 ਨੂੰ ਇਕ ਆਰਡਰ ਦਿੱਤਾ ਗਿਆ ਸ੍ਰੀ ਅਸ਼ੋਕਾ ਲੇ-ਲੈਂਡ ਵਾਲਿਆਂ ਨੂੰ ਕਿ 18 ਬਸਾਂ ਦੀਆਂ ਚੈਸੀਆਂ ਲੈ ਦਿਓ। ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਸਰਕਾਰ ਵੀ ਵਿਚੋਲੇ ਰਖਦੀ ਹੈ। ਇਹ ਸਿੱਧਾ ਨਹੀਂ ਗੱਡੀਆਂ ਲੈਂਦੀ, ਵਿਚੋਲੇ ਦੇ ਥਰੂ ਲੈਂਦੀ ਹੈ। ਅਸ਼ੋਕਾ ਲੇ-ਲੈਂਡ ਵਾਲੇ ਜੋ ਹਨ ਉਨ੍ਹਾਂ ਦਾ ਨਾਮ ਵੀ ਤਕੜਾ ਹੈ। 18 ਗੱਡੀਆਂ ਉਨ੍ਹਾਂ ਤੋਂ ਮੰਗੀਆਂ ਗਈਆਂ ਔਰ 18 ਬਸਾਂ ਦੇ ਪੈਸੇ ਭਰ ਦਿੱਤੇ ਲੇਕਿਨ ਇਨ੍ਹਾਂ ਨੂੰ ਹੁਣ ਤਕ 16 ਗੱਡੀਆਂ ਮਿਲੀਆਂ ਹਨ ਔਰ 2 ਗੱਡੀਆਂ ਦਾ ਕੋਈ ਪਤਾ ਹੀ ਨਹੀਂ। ਇਸ ਗੱਲ ਦੀ ਪ੍ਰਾਈਵੇਟ ਇਨਕੁਆਇਰੀ ਤੋਂ ਬਾਅਦ ਪਤਾ ਲਗਾ ਕਿ ਉਹ 2 ਗੱਡੀਆਂ ਬਲੈਕ ਵਿਚ ਪ੍ਰਾਈਵੇਟ ਵਾਲਿਆਂ ਨੂੰ ਦੇ ਦਿੱਤੀਆਂ ਹਨ, ਜੋ ਚਲ ਰਹੀਆਂ ਹਨ। ਉਹ ਇਨ੍ਹਾਂ ਨੂੰ ਨਹੀਂ ਦਿੱਤੀਆਂ, ਪਰ ਇਨ੍ਹਾਂ ਤੋਂ ਤਿੰਨ ਲੱਖ ਰੁਪਿਆ ਤਕਰੀਬਨ ਲਿਆ ਹੋਇਆ ਹੈ। ਜੇ ਤੁਸੀਂ ਇਨਟ੍ਰੈਸਟ ਹੀ ਲਾਓ ਤਾਂ ਇਹ ਤਕਰੀਬਨ 13-14 ਹਜ਼ਾਰ ਰੁਪਿਆ ਇਸ ਅਮਾਊਂਟ ਦਾ ਇਨਟ੍ਰੈਸਟ ਦਾ ਹੀ ਬਣ ਜਾਂਦਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਘਾਟਾ ਪੈਂਦਾ ਹੈ, ਘਾਟਾ ਕਿਉਂ ਨਾ ਪਵੇ। ਡਿਪੂ ਮੈਨੇਜਰ 11 ਅਤੇ ਡਿਪੂ 14, ਬਾਰੇ ਮੈਨੇਜਰ ਦੀ ਅਕਾਊਂਟਸ ਬਾਰੇ ਰਿਪੋਰਟ ਆਈ ਹੋਈ ਹੈ ਸੀ. ਐਮ. ਸਾਹਿਬ ਪੜ੍ਹ ਲੈਣ ਉਨ੍ਹਾਂ ਨੂੰ ਪਤਾ ਲਗ ਜਾਏਗਾ ਕਿ ਪੀ. ਆਰ. ਟੀ. ਸੀ. ਕਿਹੜੇ ਤਰੀਕੇ ਨਾਲ ਚਲ ਰਹੀ ਹੈ ਅਤੇ ਇਸ ਵਿਚ ਕਿਸ ਤਰੀਕੇ ਨਾਲ ਗਬਨ ਹੋ ਰਹੇ ਹਨ। (ਘੰਟੀ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਘਾਟਾ ਬੜਾ ਦਿਖਾਇਆ ਹੈ, ਮੈਂ ਇਨ੍ਹਾਂ ਦੀ ਰਿਪੋਰਟ ਵਿੱਚੋਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ 8,07,16,716 ਰੁਪਿਆ ਦਿੱਤਾ ਹੈ ਇਸ ਕਾਰਪੋਰੇਸ਼ਨ ਨੂੰ, ਲੇਕਿਨ ਬਤੌਰ ਟੈਕਸ ਇਕ ਸਾਲ ਵਿਚ 7 ਕਰੋੜ ਰੁਪਿਆ ਲੈ ਲਿਆ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, 1976-77 ਦੀ ਆਡਿਟ ਰਿਪੋਰਟ ਹੈ ਸੀ. ਐਮ. ਸਾਹਿਬ ਪੜ੍ਹ ਲੈਣ ਗੌਰ ਨਾਲ, ਇਨ੍ਹਾਂ ਨੂੰ ਪਤਾ ਲਗ ਜਾਏਗਾ ਕਿ 51 ਲੱਖ ਰੁਪਿਆ ਹੈ ਉਸ ਦਾ ਪਤਾ ਨਹੀਂ ਲਗ ਰਿਹਾ ਕਿ ਉਸਦੇ ਅਕਾਊਂਟਸ ਕਿੱਥੇ ਹਨ। ਇਸੇ ਤਰ੍ਹਾਂ 1,20,00,936 ਰੁਪਏ ਦੀਆਂ ਚੈਸੀਆਂ ਦੀਆਂ ਬਾਡੀਆਂ 40, 45 ਬਣਵਾਈਆਂ ਸਨ, ਉਨ੍ਹਾਂ ਦੇ ਬਿਲ ਨਹੀਂ ਮਿਲ ਰਹੇ। ਇਸ ਦੇ ਇਲਾਵਾ ਡੀਜ਼ਲ ਦੀ ਚੋਰੀ ਹੁੰਦੀ ਹੈ, ਹੋਰ ਕਈ ਕਿਸਮ ਦੇ ਗਬਨ ਹੁੰਦੇ ਹਨ, ਉਨ੍ਹਾਂ ਦਾ ਰਿਕਾਰਡ ਹੀ ਨਹੀਂ ਮਿਲ ਰਿਹਾ, ਆਡਿਟ ਵਾਲਿਆਂ ਨੇ ਅਨ-ਅਡਜਸਟਿਡ ਕਰ ਦਿੱਤਾ। ਸਟੋਰ ਵਿਚ 75,26,213 ਰੁਪਏ ਦੇ ਮਾਲ

[ਕਾਮਰੇਡ ਬਲਦੇਵ ਸਿੰਘ ਲੰਬਾ]

ਦਾ ਪਤਾ ਹੀ ਨਹੀਂ ਲਗ ਰਿਹਾ । ਫਿਜ਼ੀਕਲ ਚੈਕਿੰਗ ਵੇਲੇ ਕੋਈ ਚੀਜ਼ ਸ਼ੋ ਨਹੀਂ ਹੋ ਸਕਦੀ । ਇਸ ਤੋਂ ਇਲਾਵਾ ਇਨ੍ਹਾਂ ਨੇ ਆਪਣੇ ਅਫਸਰਾਂ ਨੂੰ ਲੱਖਾਂ ਰੁਪਏ ਦਿਤੇ, 1972, 1973 ਅਤੇ 1974 ਵਿਚ ਉਹ 1979 ਤਕ ਐਡਜਸਟ ਹੀ ਨਹੀਂ ਹੋਏ । ਕੋਈ ਰਜਿਸਟਰ ਮੇਨਟੇਨ ਨਹੀਂ ਹੈ । ਮੇਰਾ ਖਿਆਲ ਹੈ ਕਿ ਅਗਰ ਸਾਰਾ ਹਿਸਾਬ ਲਿਆ ਜਾਏ ਤਾਂ ਕਰੋੜਾਂ ਰੁਪਏ ਦਾ ਗਬਨ ਨਿਕਲੇਗਾ । ਜਿਹੜੇ ਅਦਾਰੇ ਵਿਚ ਇਤਨਾ ਗਬਨ ਹੋਵੇਗਾ, ਉਸ ਵਿਚ ਮੁਨਾਫ਼ਾ ਕਿਸ ਤਰ੍ਹਾਂ ਹੋਵੇਗਾ । ਮੈਂ ਕੁਝ ਸੁਝਾਅ ਦੇਣਾ ਚਾਹੁੰਦਾ ਹਾਂ । ਪਹਿਲੀ ਗਲ ਇਹ ਹੈ ਕਿ ਗਡੀਆਂ ਆਉਂਦੀਆਂ ਹਨ, ਉਹ ਪ੍ਰਾਈਵੇਟ ਟਰਾਂਸਪੋਰਟਰਜ਼ ਨੂੰ ਵਿਕ ਜਾਂਦੀਆਂ ਹਨ । ਸਪੇਅਰ ਪਾਰਟਸ ਆਉਂਦੇ ਹਨ ਜਿਹੜੇ ਅਸਲੀ ਹੁੰਦੇ ਹਨ, ਉਹ ਪ੍ਰਾਈਵੇਟ ਕੰਪਨੀਆਂ ਨੂੰ ਵਚ ਦਿਤੇ ਜਾਂਦੇ ਹਨ ਅਤੇ ਘਟੀਆ ਸਾਡੀਆ ਗੱਡੀਆਂ ਲਈ ਖਰੀਦ ਕੇ ਪਾ ਦਿਤੇ ਜਾਂਦੇ ਹਨ, ਜਿਸ ਦੇ ਕਾਰਨ ਸਾਡੀਆਂ ਗੱਡੀਆਂ ਖੜੀਆਂ ਰਹਿੰਦੀਆਂ ਹਨ ਅਤੇ ਪ੍ਰਾਈਵੇਟ ਵਾਲਿਆਂ ਦੀਆਂ ਗਡੀਆਂ ਕਦੇ ਨਹੀਂ ਖੜਦੀਆਂ ਕਿਉਂਕਿ ਉਨ੍ਹਾਂ ਕੋਲ ਅਸਲੀ ਪਾਰਟਸ ਹੁੰਦੇ ਹਨ । ਇਸ ਦੇ ਨਾਲ ਹੀ ਟਾਇਰਾ ਦੀ ਗੱਲ ਹੈ । ਜਿਹੜੇ ਪੁਰਾਣੇ ਟਾਇਰ ਹੁੰਦੇ ਹਨ, ਉਹ ਫੂਕ ਦਿਤੇ ਜਾਂਦੇ ਹਨ ਅਤੇ ਕਹਿ ਦਿਤਾ ਜਾਂਦਾ ਹੈ ਕਿ ਨਵੇਂ ਫੂਕੇ ਗਏ ਜਦ ਕਿ ਨਵੇਂ ਟਾਇਰ ਪ੍ਰਾਈਵੇਟ ਕੰਪਨੀਆਂ ਵਾਲਿਆਂ ਨੂੰ ਵੇਚ ਦਿਤੇ ਜਾਂਦੇ ਹਨ । ਸਾਡੇ ਕੋਲ ਟਾਇਰ ਨਹੀਂ ਹੁੰਦੇ ਔਰ ਪ੍ਰਾਈਵੇਟ ਕੰਪਨੀ ਵਾਲਿਆਂ ਕੋਲ ਸਟਿਪਨੀਆਂ ਤਕ ਹੁੰਦੀਆਂ ਹਨ । ਇਸ ਲਈ ਸਾਡੀਆਂ ਗੱਡੀਆ ਖੜੀਆਂ ਰਹਿੰਦੀਆ ਹਨ । ਫਿਰ ਟਾਈਮ ਟੇਬਲ ਦੀ ਗੱਲ ਹੈ । ਜਿਹੜੇ ਅੱਛੇ ਟਾਈਮ ਹਨ ਪ੍ਰਾਈਵੇਟ ਵਾਲੇ ਸਾਡੇ ਅਫਸਰਾਂ ਨਾਲ ਮਿਲ ਕੇ ਆਪ ਲੈ ਜਾਂਦੇ ਹਨ ਔਰ ਮਾੜੇ ਸਾਨੂੰ ਛੱਡ ਦਿੰਦੇ ਹਨ । ਉਨ੍ਹਾਂ ਦੀਆਂ ਗਡੀਆਂ ਭਰੀਆਂ ਜਾਂਦੀਆਂ ਹਨ ਅਤੇ ਸਾਡੀਆਂ ਖਾਲੀ ਖੜਕਦੀਆਂ ਜਾਂਦੀਆਂ ਹਨ । ਸੀ. ਐਮ. ਸਾਹਿਬ, ਇਹ ਟੀ. ਬੀ. ਦੀ ਬਿਮਾਰੀ ਨਹੀਂ ਇਹ ਤਾਂ ਕੈਂਸਰ ਦੀ ਬੀਮਾਰੀ ਲਗ ਚੁਕੀ ਹੈ, ਇਸ ਦਾ ਕੋਈ ਇਲਾਜ ਕਰਨਾ ਚਾਹੀਦਾ ਹੈ । ਪੀ. ਆਰ. ਟੀ. ਸੀ. ਨੂੰ ਜਿੰਨਾ ਮਰਜ਼ੀ ਰੁਪਿਆ ਦੇਈ ਜਾਓ, ਇਸ ਦਾ ਲੋਕਾਂ ਦਾ ਕੋਈ ਫਾਇਦਾ ਨਹੀਂ ਹੋਣਾ । ਮੈਂ ਕਹਿੰਦਾ ਹਾਂ ਕਿ ਜਿਹੜੇ ਵੱਡੇ ਅਫਸਰ ਹਨ, ਉਹ ਪੈਸਾ ਖਾਈ ਜਾਂਦੇ ਹਨ । ਇਸ ਦੀ ਇਨਕੁਆਇਰੀ ਕਰਵਾਓ, ਜ਼ਰੂਰ ਫਾਇਦਾ ਹੋਵੇਗਾ ਔਰ ਟਰਾਂਸਪੋਰਟ ਵਿਚ ਸੁਧਾਰ ਆਏਗਾ । (ਘੰਟੀ) ਮੈਂ ਅਰਜ਼ ਕਰਦਾ ਹਾਂ ਕਿ ਇਹ ਮਤਾ ਜਦ ਪਾਸ ਹੋ ਜਾਏ, ਸੀ. ਐਮ. ਸਾਹਿਬ, ਤੁਸੀਂ ਡੱਟ ਕੇ ਇਸ ਨੂੰ ਲਾਗੂ ਕਰੋ, ਪ੍ਰਾਈਵੇਟ ਟਰਾਂਸਪੋਰਟਰਜ਼ ਅਗੇ ਝਿਜਕਣ ਦੀ ਲੋੜ ਨਹੀਂ, ਇਸ ਦੇ ਲਈ ਅਸੀਂ ਤੁਹਾਡੀ ਡੱਟ ਕੇ ਮੱਦਦ ਕਰਨ ਨੂੰ ਤਿਆਰ ਹਾਂ ਔਰ ਮੱਦਦ ਕਰਾਂਗੇ ਤਾਂਕਿ ਪੰਜਾਬ ਦੇ ਲੋਕਾਂ ਦਾ ਫ਼ਾਇਦਾ ਹੋ ਸਕੇ ।

Mr. Deputy Speaker : Motion moved—

That the Administration Report of the Pepsu Road Transport Corporation for the year 1979-80, whhich was laid on the Table of the House on the 29th January, 1981, be discussed.

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੰਗਰੂਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਇਸ ਹਾਊਸ ਵਿਚ ਇਹ ਜਿਹੜੀ ਪੀ. ਆਰ. ਟੀ. ਸੀ. ਦੀ 1979-80 ਦੀ ਰਿਪੋਰਟ ਪੇਸ਼ ਹੋਈ ਹੈ, ਇਸ ਤੇ ਬੋਲਣ ਦਾ ਮੈਨੂੰ ਮੌਕਾ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਖਾਸ ਕਰਕੇ ਕੁਝ ਸੁਝਾਓ ਅਤੇ ਜੋ ਕੁਝ ਪੁਰਾਣੀ

ਸਰਕਾਰ ਕਰ ਗਈ ਹੈ ਉਸ ਬਾਰੇ ਦੱਸਣਾ ਹੈ । ਇਸ ਦੇ ਦੋ ਪੱਖ ਹਨ। ਇਕ ਪ੍ਰਬੰਧਕੀ ਅਤੇ ਦੂਸਰਾ ਫਾਈਨਾਂਸ਼ਿਅਲ । ਮੈਂ ਪਹਿਲਾਂ ਇਸ ਦੇ ਪ੍ਰਬੰਧਕੀ ਢਾਂਚੇ ਤੇ ਵਿਚਾਰ ਦੇਣੇ ਹਨ । ਮੁੱਖ ਮੰਤਰੀ ਜੀ ਇਨਕੁਆਇਰੀ ਕਰਾ ਲੈਣ ਜਦੋਂ ਮੈਂ ਚਾਰਜ ਲਿਆ ਸੀ ਤਾਂ 1967-68 ਤੋਂ ਬਾਅਦ ਕੋਈ ਐਡਮਨਿਸਟਰੇਟਿਵ ਰਿਪੋਰਟ ਨਹੀਂ ਸੀ ਆਈ, ਇਹ ਮੈਂ ਆ ਕੇ ਸ਼ੁਰੂ ਕੀਤੀ ਸੀ । ਅੱਜ ਉਸੇ ਕਾਰਨ ਕਰਕੇ ਇਥੇ ਹਾਊਸ ਵਿਚ 1979-80 ਦੀ ਇਹ ਰਿਪੋਰਟ ਆਈ ਹੈ, ਜਿਸ ਤੇ ਅਸੀਂ ਡਿਸਕਸ਼ਨ ਕਰ ਰਹੇ ਹਾਂ । (ਥੰਪਿੰਗ) ਇਸ ਦੇ ਇਲਾਵਾ ਜਿੰਨੀ ਦੇਰ ਤਕ ਅੱਛੀ ਐਡਮਨਿਸਟਰੇਸ਼ਨ ਕਿਸੇ ਬੋਰਡ ਜਾਂ ਕਾਰਪੋਰੇਸ਼ਨ ਵਿਚ ਨਾ ਹੋਵੇ ਔਰ ਪੱਕੀ ਨਾ ਹੋਵੇ ਕਾਫੀ ਦੇਰ ਤਕ ਦੀ ਨਾ ਹੋਵੇ ਉਨੀ ਦੇਰ ਤਕ ਇਹ ਪੱਕੇ ਔਰ ਅੱਛੇ ਰਿਜ਼ਲਟ ਨਹੀਂ ਦੇ ਸਕਦੀ । ਅਗਰ ਇਕ ਵੀ ਮਾੜਾ ਆਦਮੀ ਆ ਜਾਏ, ਉਹ 10 ਸਾਲ ਦਾ ਅੱਛਾ ਕੀਤਾ ਕਰਾਇਆ 6 ਮਹੀਨਿਆਂ ਵਿਚ ਖਤਮ ਕਰ ਸਕਦਾ ਹੈ । ਇਹ ਰਿਪੋਰਟ ਦਸਦੀ ਹੈ ਕਿ ਕਿਹੜੇ ਸਾਲ ਵਿਚ ਕਿਹੜੀ ਸਰਕਾਰ ਨੇ ਕੀ ਕੀਤਾ ਔਰ ਕਿਸ ਦੇ ਸਮੇਂ ਵਿਚ ਕਿੰਨੀ ਇਮਪਰੂਵਮੈਂਟ ਹੋਈ । ਮੇਰੇ ਨਾਲ ਮੁੱਖ ਮੰਤਰੀ ਜੀ ਸਹਿਮਤ ਹੋਣਗੇ ਕਿ ਲੋਕਾਂ ਦੀ ਨਿਤ ਵਰਤੋਂ ਲਈ ਟਰਾਂਸਪੋਰਟ ਦੀ ਕਮੀ ਹੈ, ਇਸ ਤੋਂ ਸਾਰੀ ਦੁਨੀਆਂ ਸੈਟਿਸਫਾਈਡ ਨਹੀਂ ਹੋ ਸਕਦੀ ਲੇਕਿਨ ਸਰਕਾਰ ਨੇ ਕਿੰਨੀ ਇਮਪਰੂਵਮੈਂਟ ਲਿਆਂਦੀ, ਇਹ ਚੀਜ਼ ਵੇਖੀ ਜਾ ਸਕਦੀ ਹੈ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਵੀ ਅੱਜ 9 ਮਹੀਨੇ ਹੋ ਗਏ ਹਨ । ਐਤਕੀਂ ਦੂਸਰਾ ਸੈਸ਼ਨ ਆਇਆ ਹੈ । ਸੁਆਲਾਂ ਦੇ ਜਵਾਬ ਆਏ ਸਾਰਿਆਂ ਨੇ ਐਜੀਟੇਟ ਕੀਤਾ ਇਸ ਗਲ ਦੇ ਬਾਵਜੂਦ ਕਿ ਸਰਦਾਰ ਦਰਬਾਰਾ ਸਿੰਘ ਦੇ ਕਹਿਣ ਅਨੁਸਾਰ ਕਾਰਪੋਰੇਸ਼ਨ ਵੱਲ ਜ਼ਿਆਦਾ ਧਿਆਨ ਦਿਤਾ ਹੈ, ਜ਼ਿਆਦਾ ਪੈਸਾ ਦਿੱਤਾ ਹੈ, ਪਰ ਆਮ ਲੋਕਾਂ ਵਿਚ ਅੱਜ ਜਾਓ ਅਤੇ ਪੁੱਛੋ ਸਾਰੇ ਅਸੰਬਲੀ ਦੇ ਮੈਂਬਰਾਂ ਤੋਂ ਪੁੱਛੋ ਤਾਂ ਮਹਿਸੂਸ ਹੋਵੇਗਾ ਕਿ ਕੋਈ ਫਰਕ ਨਹੀਂ ਪਿਆ ।

ਲੇਕਿਨ ਇਹ ਰਿਪੋਰਟਾਂ ਦੱਸਦੀਆਂ ਹਨ ਕਿ ਕਿਹੜੇ ਸਮੇਂ ਵਿਚ ਕਿਤਨਾ ਫਰਕ ਪਿਆ ਹੈ । ਜਦੋਂ ਮੈਂ ਆਇਆ ਤਾਂ ਵੇਖਿਆ ਕਿ ਜਦੋਂ ਦੀ 1956 ਵਿਚ ਇਹ ਕਾਰਪੋਰੇਸ਼ਨ ਬਣੀ ਇਸਦੇ ਚੇਅਰਮੈਨ ਅਤੇ ਜੀ. ਐਮ. ਕਿਤਨੇ ਚੇਂਜ ਹੋਏ । 1956 ਤੋਂ 1977 ਤਕ 29 ਚੇਅਰਮੈਨ ਚੇਂਜ ਹੋਏ ਅਤੇ 17 ਜੀ. ਐਮ. ਚੇਂਜ ਹੋਏ । ਆਉਂਦਿਆਂ ਸਾਰ ਅਸੀਂ ਫੈਸਲਾ ਕੀਤਾ ਕਿ ਇਕ ਹੀ ਚੇਅਰਮੈਨ ਰਹੇ ਅਤੇ ਇਕੋ ਹੀ ਜੀ. ਐਮ. ਰਹੇ । ਦੂਜਾ ਇਥੇ ਕਿਹਾ ਗਿਆ ਹੈ ਕਿ ਪੁਲੀਟੀਕਲ ਕੁਰੱਪਸ਼ਨ ਖਤਮ ਕਰ ਦਿਆਂਗੇ । ਮੈਂ ਕਹਿੰਦਾ ਹਾਂ ਕਿ ਇਹ ਨਹੀਂ ਹੋ ਸਕਦੀ । ਲੇਕਿਨ ਇਹ ਘੱਟ ਜ਼ਰੂਰ ਸਕਦੀ ਹੈ। ਜੇ ਉਪਰਲੇ ਲੈਵਲ ਤਕ ਕੁਰੱਪਸ਼ਨ ਹੋਵੇ ਅਤੇ ਉਹ ਹਿੱਸੇਦਾਰ ਹੋਵੇ ਤਾਂ ਇਹ ਵੱਧੇਗੀ । ਜੇ ਮਨਿਸਟਰ, ਸੈਕਟਰੀ, ਜੀ. ਐਮ., ਚੇਅਰਮੈਨ ਅਤੇ ਡਾਇਰੈਕਟਰ ਦੇ ਲੈਵਲ ਤਕ ਘੱਟੋ ਘੱਟ ਇਹ ਬੰਦ ਹੋ ਜਾਵੇ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕੁਰੱਪਸ਼ਨ ਜ਼ਰੂਰ ਘੱਟ ਜਾਵੇਗੀ । ਮੈਂ ਇਸਦੇ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ । ਅਸੀਂ ਬਾਕੀ ਸਟੇਟਾਂ ਵਿਚ ਵੀ ਗਏ ਅਤੇ ਖਾਸ ਕਰਕੇ ਤਾਮਲਨਾਡੂ ਵਿਚ ਜਾ ਕੇ ਉਨ੍ਹਾਂ ਦਾ ਪ੍ਰਬੰਧ ਵੇਖਿਆ । ਮੇਰੇ ਨਾਲ ਤਿੰਨ ਚਾਰ ਅਫ਼ਸਰ ਵੀ ਗਏ ਸਨ । ਅਸੀਂ ਇਹ ਵੇਖਣ ਗਏ ਸੀ ਕਿ ਉਥੇ ਕਾਰਪੋਰੇਸ਼ਨ ਕਿਉਂ ਮੁਨਾਫ਼ਾ ਕਮਾ ਰਹੀ ਹੈ । ਸਾਡੇ ਇਥੇ ਦੋ, ਦੋ ਸੌ ਬੱਸਾਂ ਪਿੱਛੇ ਇੱਕ ਡੀ. ਐਮ. ਸੀ । ਉਹ ਚੰਗੀ ਤਰ੍ਹਾਂ ਕੰਟਰੋਲ ਨਹੀਂ ਸੀ ਕਰ ਸਕਦਾ । ਅਸੀਂ ਉਥੇ ਵੇਖਿਆ ਕਿ 25, 50 ਬੱਸਾਂ ਪਿੱਛੇ ਡੀ. ਐਮ.

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਲੱਗਾ ਹੋਇਆ ਹੈ । ਅਸੀਂ ਆਉਂਦਿਆਂ ਸਾਰ ਛੇ-ਸੱਤ ਡਿਪੂਆਂ ਤੋਂ ਵਧਾ ਕੇ 11 ਡਿਪੂ ਬਣਾ ਦਿਤੇ । ਜਿਹੜੀਆਂ ਸਾਡੀਆਂ ਵਰਕਸ਼ਾਪਾਂ ਸਨ ਉਨ੍ਹਾਂ ਦੇ ਢਾਂਚੇ ਤੇ ਪੈਸਾ ਬਹੁਤ ਖਰਚ ਆਉਂਦਾ ਸੀ । ਉਥੇ ਥੋੜ੍ਹੇ ਪੈਸੇ ਨਾਲ ਪ੍ਰੀ-ਫੈਬਰੀਕੇਟਿਡ ਢਾਂਚੇ ਦੀਆਂ ਵਰਕਸ਼ਾਪਾਂ ਬਣਾਈਆਂ ਹੋਈਆਂ ਸਨ । ਅਸੀਂ ਵੀ ਫੈਸਲਾ ਕੀਤਾ ਕਿ ਥੋੜ੍ਹੇ ਪੈਸਿਆਂ ਨਾਲ ਬੱਸ ਸਟੈਂਡ ਅਤੇ ਵਰਕਸ਼ਾਪਾਂ ਬਣਾਵਾਂਗੇ । ਇਸਦੇ ਨਾਲ ਵੀ ਫਾਇਦਾ ਹੋਇਆ ।

ਡਿਪਟੀ ਸਪੀਕਰ ਸਾਹਿਬ, ਇਕ ਮੈਂ ਇਹ ਵੇਖਿਆ ਕਿ ਕੰਡਕਟਰ ਅਤੇ ਡਰਾਈਵਰ ਜਿਹੜੇ ਸਸਪੈਂਡ ਹੋ ਗਏ, ਉਨ੍ਹਾਂ ਦੇ ਕੇਸਾਂ ਦੀ ਚਾਰ, ਚਾਰ ਸਾਲ ਇਨਕੁਆਇਰੀ ਹੀ ਨਹੀਂ ਕਰਾਈ ਗਈ । ਨਾ ਉਹ ਡਿਸਮਿਸ ਕੀਤੇ ਗਏ ਅਤੇ ਨਾ ਹੀ ਉਨ੍ਹਾਂ ਨੂੰ ਰੀਇਨਸਟੇਟ ਕੀਤਾ ਗਿਆ । ਅਸੀਂ ਇਹ ਫੈਸਲਾ ਕੀਤਾ ਕਿ 6 ਮਹੀਨੇ ਦੇ ਅੰਦਰ ਅੰਦਰ ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਅਤੇ ਜੇ ਕੋਈ ਟਰਮੀਨੇਟ ਹੋਣਾ ਹੈ ਤਾਂ ਉਸ ਨੂੰ ਟਰਮੀਨੇਟ ਕੀਤਾ ਜਾਵੇ ਅਤੇ ਜੇ ਕੋਈ ਰੀਇਨਸਟੇਟ ਹੋਣਾ ਹੈ, ਉਹ ਰੀਇਨਸਟੇਟ ਕੀਤਾ ਜਾਵੇ । 1977-78 ਵਿਚ 185 ਕੇਸਾਂ ਦੀ ਇਨਕੁਆਇਰੀ ਕੀਤੀ ਗਈ ! 1978-79 ਵਿਚ 399 ਕੇਸਾਂ ਦੀ ਇਨਕੁਆਇਰੀ ਕੀਤੀ ਗਈ ਅਤੇ 1979-80 ਵਿਚ 612 ਕੇਸਾਂ ਦੀ ਇਨਕੁਆਇਰੀ ਅਸੀਂ ਕੀਤੀ । ਇਸਦਾ ਸਾਨੂੰ ਫਾਇਦਾ ਹੋਇਆ ।

ਡਿਪਟੀ ਸਪੀਕਰ ਸਾਹਿਬ, ਬੱਸਾਂ ਘੱਟ ਸਨ । ਅਸੀਂ ਬੱਸਾਂ ਵਧਾਈਆਂ । 1972 ਤੋਂ 1980 ਤਕ ਜਿਤਨੀਆਂ ਬੱਸਾਂ ਆਈਆਂ, ਉਨ੍ਹਾਂ ਵਿਚੋਂ ਅੱਧੀਆਂ ਤੋਂ ਜ਼ਿਆਦਾ ਸਾਡੇ ਤਿੰਨ ਸਾਲ ਦੇ ਰਾਜ ਵਿਚ ਆਈਆਂ । ਇਨ੍ਹਾਂ ਸਾਰੀਆਂ ਮਈਯਰਜ਼ ਦਾ ਇਹ ਫਾਇਦਾ ਹੋਇਆ ਕਿ ਬੱਸਾਂ ਦੀ ਪਰਫਾਰਮੈਂਸ ਵੱਧੀ । ਪਿਛਲੇ ਸੈਸ਼ਨ ਵਿਚ ਮੈਂ ਇਸਦੀਆਂ ਫਿਗਰਜ਼ ਦਿੱਤੀਆਂ ਸਨ । 1977-78 ਵਿਚ ਇਕ ਬੱਸ ਰੋਜ਼ 192 ਕਿਲੋਮੀਟਰ ਚਲਦੀ ਸੀ, ਜਦੋਂ ਨਾਰਮ 208 ਦੀ ਸੀ । ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ ਰਿਪੋਰਟ ਦੇ ਪੇਜ-32 ਨੂੰ ਪੜ੍ਹੋ ਜਿਸ ਵਿਚ ਵੇਹੀਕਲ ਯੂਟੋਲਾਈਜ਼ੇਸ਼ਨ ਬਾਰੇ ਲਿਖਿਆ ਹੈ । 1976-77 ਵਿਚ 185 ਕਿਲੋਮੀਟਰ ਪਰ ਬੱਸ ਪਰ ਡੇ ਚਲਦੀ ਸੀ । 1977-78 ਵਿਚ ਇਹ ਵੱਧ ਕੇ 192 ਹੋ ਗਈ ਅਤੇ 1979-80 ਵਿਚ ਇਹ ਵੱਧ ਕੇ 241 ਕਿਲੋ ਮੀਟਰ ਪਰ ਬੱਸ, ਪਰ ਡੇ ਹੋ ਗਈ । ਪਰ ਡੇ ਪੰਜਾਹ ਕਿਲੋ ਮੀਟਰ ਹਰ ਬੱਸ ਵੱਧ ਚਲਣ ਲੱਗ ਗਈ । ਇਸ ਦਾ ਬਹੁਤ ਫਾਇਦਾ ਹੋਇਆ । ਅਸੀਂ ਇਸਦੇ ਵਿਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ । ਅਸੀਂ ਰੋਡਵੇਜ਼ ਦੀ ਹਾਲਤ ਵੇਖੀ ਅਤੇ ਸਾਨੂੰ ਇਸ ਦਾ ਤਜ਼ਰਬਾ ਹੋਇਆ ਕਿ ਪੀ. ਡਬਲਿਯੂ. ਡੀ. ਕੋਲ ਕਈ ਕਈ ਸਾਲ ਪੈਸੇ ਜਮ੍ਹਾਂ ਰਹਿੰਦੇ ਹਨ, ਪਰ ਨਾ ਵਰਕਸ਼ਾਪਾਂ ਦਾ ਅਤੇ ਨਾ ਹੀ ਬੱਸ ਸਟੈਂਡਾਂ ਦਾ ਕੰਮ ਸ਼ੁਰੂ ਹੁੰਦਾ ਹੈ । ਅਸੀਂ ਇੰਜੀਨੀਅਰਿੰਗ ਸੈਲ ਕਾਰਪੋਰੇਸ਼ਨ ਵਿਚ ਕਾਇਮ ਕੀਤਾ । ਐਸ. ਡੀ. ਓ. ਲਾਏ ਅਤੇ ਕੰਮ ਸ਼ੁਰੂ ਕਰਵਾਇਆ । ਇਸਦੇ ਨਾਲ ਹੀ ਬਾਡੀ ਬਿਲਡਿੰਗ ਦਾ ਕੰਮ ਸ਼ੁਰੂ ਕਰਵਾਇਆ । ਕਈ ਮੇਰੇ ਦੋਸਤਾਂ ਨੇ ਇਸਦੇ ਬਾਰੇ ਸੁਆਲ ਵੀ ਕੀਤੇ ਸਨ । ਮੈਂ ਮੁੱਖ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਕਹਾਂਗਾ ਕਿ ਉਹ ਆਪ ਵੇਖ ਲੈਣ ਕਿ ਜਿਹੜੀਆਂ ਕਾਰਪੋਰੇਸ਼ਨ ਨੇ ਆਪਣੀਆਂ ਬੱਸਾਂ ਦੀਆਂ ਬਾਡੀਆਂ ਬਣਾਈਆਂ ਸਨ, ਉਨ੍ਹਾਂ ਵਿਚ ਅਤੇ ਜਿਹੜੀ ਪ੍ਰਾਈਵੇਟ ਆਦਮੀਆਂ ਕੋਲੋਂ ਬਣਾਈਆਂ ਸਨ, ਉਨ੍ਹਾਂ ਵਿਚ ਕਿਤਨਾ ਫਰਕ ਹੈ । ਘਟੋ ਘਟ ਪੈਸਿਆਂ ਵਿਚ ਵੇਖ ਲੈਣ ਕਿ ਕਿਤਨਾ ਫਰਕ ਹੈ ਮੇਰੇ ਕੋਲ ਇਸ ਸਬੰਧੀ ਫਿਗਰਜ਼ ਤਾਂ ਨਹੀਂ ਹੈ । ਪਰ ਇਸਦਾ ਫਾਇਦਾ ਬਹੁਤ ਹੋਇਆ । ਵਰਕਸ਼ਾਪਾਂ ਦੇ ਸੁਧਾਰ ਨਾਲ ਬਹੁਤ ਫਾਇਦਾ ਹੋਇਆ । ਬ੍ਰੇਕ ਡਾਊਨ ਘੱਟ ਗਏ । 1977-78 ਵਿਚ 10,000 ਕਿਲੋਮੀਟਰ ਪਿੱਛੇ 2.88

ਸੀ ਅਤੇ ਇਹ ਘੱਟ ਕੇ 1.50 ਰਹਿ ਗਈ । ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿ ਇਸ ਨਾਲ ਬ੍ਰੇਕ-ਡਾਊਨਜ਼ ਕਿਤਨੀਆਂ ਘਟੀਆਂ ।

ਸ੍ਰੀ ਚਮਨ ਲਾਲ : ਡਿਪਟੀ ਸਪੀਕਰ ਸਾਹਿਬ, ਪਠਾਨਕੋਟ ਦੇ ਅੱਡੇ ਵਿਚ ਇਨ੍ਹਾਂ ਦੇ ਵਕਤ 12 ਲੱਖ ਰੁਪਏ ਦਾ ਗਬਨ ਮੈਂ ਫੜ ਕੇ ਦਿੱਤਾ ਸੀ । ਉਸਦੇ ਬਾਰੇ ਵੀ ਦੱਸਣ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਹੁਣ ਦੀ ਸਰਕਾਰ ਨੂੰ ਬਣੇ ਨੂੰ 9 ਮਹੀਨੇ ਹੋ ਗਏ ਹਨ । ਜਦੋਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ, ਅੱਜ ਤੋਂ ਛੇ ਸਾਲ ਪਹਿਲਾਂ ਗਬਨ ਹੋਇਆ ਸੀ, ਸਭ ਨੂੰ ਇਸਦਾ ਪਤਾ ਹੈ । ਪਰ ਉਸਦਾ ਅਜੇ ਤਕ ਕੋਈ ਫੈਸਲਾ ਨਹੀਂ ਹੋਇਆ । ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਤਾਂ ਇਕੱਲਾ ਟਰਾਂਸਪੋਰਟ ਦਾ ਮਹਿਕਮਾ ਸੀ । ਮੁੱਖ ਮੰਤਰੀ ਜੀ ਕੋਲ ਤਾਂ ਵਿਜੀਲੈਂਸ ਦਾ ਮਹਿਕਮਾ ਵੀ ਹੈ, ਪੁਲਿਸ ਦਾ ਮਹਿਕਮਾ ਵੀ ਹੈ ਅਤੇ ਟਰਾਂਸਪੋਰਟ ਦਾ ਵੀ ਹੈ । ਹੁਣ ਮੈਂ ਵੇਖਾਂਗਾ ਕਿ ਕਿਤਨੇ ਪੈਸੇ ਇਹ ਨਿਕਲਵਾਉਂਦੇ ਹਨ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਫ਼ਾਈਨਾਂਸ਼ਲ ਪੱਖ ਤੇ ਹੀ ਪੰਜ ਸੱਤ ਮਿੰਟ ਬੋਲਾਂਗਾ, ਜ਼ਿਆਦਾ ਨਹੀਂ ਬੋਲਾਂਗਾ । ਜਿਵੇਂ ਐਡਮਨਿਸਟ੍ਰੇਟਿਵ ਰਿਪੋਰਟਾਂ ਨਹੀਂ ਸਨ ਬਣੀਆਂ ਇਸੇ ਤਰ੍ਹਾਂ ਮੈਂ ਵੇਖਿਆ ਕਿ ਐਨੂਅਲ ਫਾਇਨਾਂਸ਼ਲ ਅਕਾਊਂਟਸ 1967-68 ਤੋਂ ਬਾਅਦ ਨਹੀਂ ਸਨ ਬਣੇ । ਲੇਕਿਨ ਮੇਰੇ ਵੇਲੇ 1976-77 ਤਕ ਅਕਾਊਂਟਸ ਕੰਪਲੀਟ ਹੋ ਗਏ ਸਨ । ਉਸਦੇ ਬਾਅਦ ਵੀ ਕਾਫੀ ਹੋ ਗਏ ਹੋਣੇ ਹਨ । ਮੈਂ ਲੀਹਾਂ ਤੇ ਇਸ ਨੂੰ ਪਾ ਗਿਆ ਸੀ । ਮੈਨੂੰ ਉਮੀਦ ਹੈ ਕਿ 1976-77 ਦੇ ਬਾਅਦ ਦੇ ਅਕਾਊਂਟ ਵੀ ਕੰਪਲੀਟ ਹੋ ਗਏ ਹੋਣੇ ਹਨ ।

ਡਿਪਟੀ ਸਪੀਕਰ ਸਾਹਿਬ, 1969 ਵਿਚ ਟਰਾਂਸਪੋਰਟ ਡਿਵੈਲਪਮੈਂਟ ਕੌਂਸਲ ਨੇ ਇਕ ਫੈਸਲਾ ਕੀਤਾ ਸੀ ਕਿ ਜਿਹੜੀ ਰੇਲਵੇ ਤੇ ਕਾਰਪੋਰੇਸ਼ਨ ਵਿਚ ਰੇਸ਼ੋ ਹੈ ਇਹ 1:4 ਦੀ ਬਜਾਏ 1:2 ਹੋਵੇ । ਲੇਕਿਨ 1977 ਤੱਕ ਕਿਸੇ ਨੇ ਪੈਸਾ ਨਹੀਂ ਮੰਗਿਆ ਉਨ੍ਹਾਂ ਤੋਂ । ਮੇਰੇ ਵੇਲੇ ਅਸੀਂ 1 ਕਰੋੜ ਪੰਜ ਲੱਖ ਰੁਪਿਆ ਰੇਲਵੇ ਤੋਂ ਲਿਆ ਜਿਹੜਾ ਕਿ 1969 ਤੋਂ ਕਿਸੇ ਨੇ ਲੈਣ ਲਈ ਕੋਸ਼ਿਸ਼ ਹੀ ਨਹੀਂ ਕੀਤੀ ਸੀ । ਇਸ ਤੋਂ ਇਲਾਵਾ ਭਾਵੇਂ ਕਾਰਪੋਰੇਸ਼ਨ ਵਿਚ ਕਿਤਨਾ ਵੀ ਘਾਟਾ ਪੈਂਦਾ ਸੀ ਰੇਲਵੇ ਵਾਲੇ ਆਪਣਾ 9% ਸ਼ੇਅਰ ਲੈ ਜਾਂਦੇ ਸਨ । ਉਹ ਇਸ ਕਰਕੇ ਲੈਂਦੇ ਸਨ ਕਿਉਂਕਿ ਸਟੇਟ ਗੌਰਮਿੰਟ ਵੀ 9% ਸ਼ੇਅਰ ਲੈਂਦੀ ਸੀ । ਸਾਡਾ ਕਦੇ ਪੈਸਾ ਵਾਪਿਸ ਨਹੀਂ ਹੋਇਆ ਹੈ । ਸਟੇਟ ਤਾਂ ਪਾਉਂਦੀ ਹੀ ਪਾਉਂਦੀ ਹੈ ਲੇਕਿਨ ਰੇਲਵੇ ਨੇ 9% ਹਰ ਸਾਲ ਲੈ ਲੈਣਾ ਹੈ ਜਿਹੜਾ ਕਿ ਉਨ੍ਹਾਂ ਦਾ ਆਪਣਾ ਸ਼ੇਅਰ ਹੁੰਦਾ ਸੀ । ਅਸੀਂ ਉਹ ਘਟਾ ਕੇ ਸੰਨ 1978 ਵਿਚ ਉਸ ਦਾ ਇੰਟਰੈਸਟ ਸਵਾ ਛੇ ਪਰਸੈਂਟ ਕੀਤਾ ਹੈ, ਜਿਸ ਨਾਲ ਲੱਖਾਂ ਰੁਪਏ ਦਾ ਫਾਇਦਾ ਕਾਰਪੋਰੇਸ਼ਨ ਨੂੰ ਹੋਇਆ ਹੈ ਜਿਹੜਾ ਕਿ ਸਿਰਫ ਰੇਲਵੇ ਨੂੰ ਜਾਂਦਾ ਸੀ । ਇਸ ਕਰਕੇ ਮੈਂ ਇਕ ਬੇਨਤੀ ਹੋਰ ਕਰਨੀ ਹੈ ਜਿਹੜੀ ਕਿ ਅਸੈਸਮੈਂਟ ਬਾਰੇ ਹੈ । ਅਸੈਸਮੈਂਟ ਆਫ ਪੈਸੰਜਰ ਟੈਕਸ ਦਾ ਦੂਸਰੀਆਂ ਸਟੇਟਾਂ ਨਾਲ ਫੈਸਲਾ ਨਹੀਂ ਸੀ ਹੋਇਆ । ਕੋਈ ਕਿਤਨਾਂ ਪੈਸਾ ਮੰਗੀ ਜਾਂਦਾ ਸੀ, ਕੋਈ ਕਿਤਨਾ ਪੈਸਾ ਮੰਗੀ ਜਾਂਦਾ ਸੀ, ਲੇਕਿਨ ਕੋਈ ਅਸੈਸਮੈਂਟ ਨਹੀਂ ਸੀ ਹੋਈ । ਸਾਡੀ ਸਰਕਾਰ ਵੇਲੇ ਇਹ ਅਸੈਸਮੈਂਟ ਵੀ

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਕਰਵਾਈ ਔਰ ਉਨ੍ਹਾਂ ਸਟੇਟਾਂ ਨੂੰ ਇਹ ਫੀਲ ਕਰਵਾਇਆ ਕਿ ਅਸੀਂ ਤੁਹਾਡੇ ਤੋਂ ਲੈਣਾ ਹੀ ਹੈ, ਦੇਣਾ ਨਹੀਂ ਹੈ । ਇਹ ਕਾਰਪੋਰੇਸ਼ਨ ਘਾਟੇ ਵਿਚ ਜਾ ਰਹੀ ਹੈ । ਜਿਸ ਤਰ੍ਹਾਂ ਲੂੰਬਾ ਜੀ ਨੇ ਦਸਿਆ ਹੈ ਕਿ ਪੈਸੰਜਰ ਟੈਕਸ, ਟੋਕਨ ਟੈਸਟ ਵਗੈਰਾ ਨਾਲ ਐਕਸਚੈਕਰ ਵਿਚ ਵਾਧਾ ਜਿਹੜਾ ਕੀਤਾ ਸੀ ਉਹ ਵੀ ਮੈਂ ਦੱਸ ਦਿੰਦਾ ਹਾਂ । ਸੰਨ 1977-78 ਵਿਚ 4 ਕਰੋੜ 64 ਲੱਖ ਸੀ । ਔਰ ਸੰਨ 1978-79 ਵਿਚ ਇਹ ਵੱਧ ਕੇ 5 ਕਰੋੜ 78 ਲੱਖ ਹੋ ਗਿਆ । ਸੰਨ 1979-80 ਵਿਚ 6 ਕਰੋੜ 84 ਲਖ ਹੋ ਗਿਆ । ਇਸ ਤਰ੍ਹਾਂ ਨਾਲ ਕੋਈ ਦੋ ਸਾਲਾਂ ਵਿਚ ਅਸੀਂ ਤਿੰਨ ਕਰੋੜ ਦੇ ਕਰੀਬ ਸਟੇਟ ਐਕਸਚੈਕਰ ਨੂੰ ਵਾਧੂ ਪੈਸਾ ਕਮਾ ਕੇ ਦਿੱਤਾ ਹੈ । (ਘੰਟੀ) ਇਸ ਤੋਂ ਪਤਾ ਲਗਦਾ ਹੈ ਕਿ ਸਾਡੇ ਰਾਜ ਵਿਚ ਕਿਨ੍ਹਾਂ ਚੰਗੀਆਂ ਲੀਹਾਂ ਤੇ ਚਲਾਉਣ ਲਈ ਅਸੀਂ ਇਕ ਇਕ ਕਦਮ ਚੁਕਿਆ ਹੈ ਔਰ ਉਨ੍ਹਾਂ ਕਦਮਾਂ ਨਾਲ ਕੀ ਕੀ ਫਾਇਦਾ ਹੋਇਆ ਹੈ ਔਰ ਅੱਗੇ ਲਈ ਕੀ ਹੋਵੇਗਾ, ਇਹ ਵੀ ਤੁਸੀਂ ਜਾਣਦੇ ਹੋ । ਪਰ ਜਿਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇਥੇ ਦੱਸਿਆ ਗਿਆ ਹੈ ਕਿ ਅਗਰ ਕੋਈ ਵਾਰਸ ਇਕ ਵੀ ਮਾੜਾ ਆ ਜਾਵੇ ਤਾਂ ਉਹ ਕੀਤੇ ਕਰਾਏ ਕੰਮ ਦੀ ਛੇ ਮਹੀਨਿਆਂ ਵਿਚ ਤਬਾਹੀ ਕਰ ਸਕਦਾ ਹੈ । ਇਸ ਲਈ ਮੈਂ ਇਕ ਜ਼ਰੂਰ ਅਪੀਲ ਕਰਾਂਗਾ ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਣਾ ਹੈ, ਮੈਂ ਵੀ ਪੜ੍ਹਿਆ ਹੈ । ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਇਨ੍ਹਾਂ ਨੇ ਇਕ ਟ੍ਰੇਨਿੰਗ ਸੈਂਟਰ ਬਣਾਇਆ ਹੈ, ਰੋਡਵੇਜ਼ ਦੇ ਸਟਾਫ ਨੂੰ ਉਸ ਵਿਚ ਟ੍ਰੇਨਿੰਗ ਦਿੱਤੀ ਜਾਇਆ ਕਰੇਗੀ । ਡਰਾਈਵਰਾਂ ਔਰ ਕੰਡਕਟਰਾਂ ਨੂੰ ਟ੍ਰੇਨਿੰਗ ਦਿੱਤੀ ਜਾਇਆ ਕਰੇਗੀ । ਡਰਾਈਵਰਜ਼ ਦੀ ਟ੍ਰੇਨਿੰਗ ਦਾ ਸੈਂਟਰ ਅਸੀਂ ਵੀ ਬਣਾਇਆ ਸੀ । ਇਹ ਬਹੁਤ ਚੰਗੀ ਗੱਲ ਹੈ । ਰੋਜ਼ ਮੈਂਬਰਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਸਨ ਕਿ ਲੋਕਾਂ ਨਾਲ ਔਰ ਸਾਡੇ ਨਾਲ ਡਰਾਈਵਰ ਔਰ ਕੰਡਕਟਰ ਮਿਸਬੀਹੇਵ ਕਰਦੇ ਹਨ, ਉਨ੍ਹਾਂ ਨੂੰ ਟ੍ਰੇਨਿੰਗ ਦਿੱਤੀ ਜਾਵੇ । ਇਸ ਲਈ ਇਹ ਚੰਗੀ ਗੱਲ ਹੋਈ ਹੈ । ਲੇਕਿਨ ਇਹ ਜ਼ਰੂਰ ਹੋਣਾ ਚਾਹੀਦਾ ਹੈ ਕਿ ਜਦੋਂ ਉਹ ਟ੍ਰੇਨਿੰਗ ਲੈ ਕੇ ਆਉਣ ਤੇ ਫਿਰ ਵੀ ਕੰਡਕਟਰ ਅਗਰ ਮਿਸਬੀਹੇਵ ਕਰਨ ਤਾਂ ਉਨ੍ਹਾਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਕਿਉਂਕਿ ਉਸ ਨੇ ਟ੍ਰੇਨਿੰਗ ਵੀ ਲਈ ਹੈ, ਸਰਕਾਰ ਦਾ ਕੰਮ ਵੀ ਛੱਡਿਆ ਹੈ । ਇਤਨਾਂ ਕਹਿੰਦਾ ਹੋਇਆ ਮੈਂ ਤੁਹਾਡਾ, ਡਿਪਟੀ ਸਪੀਕਰ ਸਾਹਿਬ, ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮੌਕਾ ਦਿੱਤਾ ਹੈ ਔਰ ਜਿਹੜੇ ਮੈਂ ਥੋੜ੍ਹੇ ਬਹੁਤ ਸੁਝਾਓ ਦਿੱਤੇ ਹਨ ਉਮੀਦ ਹੈ ਕਿ ਸਰਕਾਰ ਉਨ੍ਹਾਂ ਤੇ ਵਿਚਾਰ ਕਰੇਗੀ ।

ਸ਼੍ਰੀ ਸੇਵਾ ਰਾਮ (ਅੰਮ੍ਰਿਤਸਰ ਪੱਛਮੀ) : ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਕਾਰਪੋਰੇਸ਼ਨ ਦੀ ਰਿਪੋਰਟ ਸਾਡੇ ਸਾਹਮਣੇ ਡਿਸਕਸ ਹੋ ਰਹੀ ਹੈ । ਟਰਾਂਸਪੋਰਟ ਇਕ ਕੌਮੀ ਅਦਾਰਾ ਹੈ । ਇਹ ਜਨਤਾ ਦੀ ਸਹੂਲਤ ਵਾਸਤੇ ਹੈ । ਇਸ ਕੌਮੀ ਅਦਾਰੇ ਦਾ ਅਕਾਲੀ ਜਨਤਾ ਸਰਕਾਰ ਨੇ ਬੜੀ ਬੁਰੀ ਤਰ੍ਹਾਂ ਨਾਲ ਭੱਠਾ ਬਿਠਾ ਦਿੱਤਾ ਸੀ । ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਸ ਵਿਚ ਸੁਧਾਰ ਕਰਨ ਲਈ ਕਦਮ ਚੁਕੇ ਹਨ । ਨਹੀਂ ਤਾਂ ਇਨ੍ਹਾਂ ਅਕਾਲੀ ਵੀਰਾਂ ਨੇ ਤਾਂ ਇਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਸੀ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ (ਮਾਨਯੋਗ ਮੈਂਬਰ ਸਰਦਾਰ ਸੁਖਦੇਵ ਸਿੰਘ ਢੀਂਡਸਾ ਵੱਲ ਇਸ਼ਾਰਾ) ਕਿਹਾ ਹੈ ਕਿ ਅਸੀਂ ਬੜੇ ਪ੍ਰਬੰਧਕੀ ਸੁਧਾਰ ਕੀਤੇ ਸਨ । ਕੀ ਸੁਧਾਰ ਕੀਤੇ ਸਨ ? ਡਿਪਟੀ ਸਪੀਕਰ ਸਾਹਿਬ, ਇਕ ਸੁਧਾਰ ਇਨ੍ਹਾਂ ਨੇ ਜ਼ਰੂਰ ਕੀਤਾ ਕਿ ਚਾਰ ਡਿਪੂ ਮੈਨੇਜਰ ਇਨ੍ਹਾਂ ਨੇ

ਆਪਣੇ ਵੇਲੇ ਲਗਾਏ ਅੰਰ ਉਨ੍ਹਾਂ ਵਿਚੋਂ ਤਿੰਨ ਉਹ ਆਦਮੀ ਸਨ ਜਿਹੜੇ ਕਿ ਇਰੀਗੇਸ਼ਨ ਡਿਪਾਰਟਮੈਂਟ ਵਿਚੋਂ ਆਏ ਸਨ ਔਰ ਇਕ ਡਿਪੂ ਮੈਨੇਜਰ ਹੋਰ ਕਿਸੇ ਡਿਪਾਰਟਮੈਂਟ ਵਿਚੋਂ ਆਇਆ ਸੀ ਪਰ ਇਹ ਹਕੀਕਤ ਹੈ ਕਿ ਉਹ ਆਦਮੀ ਇਧਰ ਲਗਾਏ ਗਏ ਜਿਨ੍ਹਾਂ ਦੇ ਖਿਲਾਫ ਕੁਰੱਪਸ਼ਨ ਦੇ ਚਾਰਜਿਜ਼ ਉਨ੍ਹਾਂ ਦੇ ਮਹਿਕਮਿਆਂ ਵਿਚ ਪੈਂਡਿੰਗ ਪਏ ਸਨ ਅੰਰ ਬੜੇ ਸੰਗੀਨ ਚਾਰਜਿਜ਼ ਸਨ। ਡਿਪਟੀ ਸਪੀਕਰ ਸਾਹਿਬ, ਜਿਹੜਾ ਆਦਮੀ ਨਹਿਰਾਂ ਦੇ ਮਹਿਕਮੇਂ ਦਾ ਹੋਵੇ, ਉਸ ਨੂੰ ਦੱਸੋ ਟਰਾਂਸਪੋਰਟ ਦਾ ਕੀ ਪਤਾ ਹੈ।

ਸਰਦਾਰ ਬੀਰਪਾਲ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਸੇਵਾ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਉਨ੍ਹਾਂ ਚਾਰ ਆਦਮੀਆਂ ਦੇ ਖਿਲਾਫ ਬੜੇ ਹੀ ਸੰਗੀਨ ਕੁਰੱਪਸ਼ਨ ਦੇ ਇਲਜ਼ਾਮ ਸਨ। ਉਨ੍ਹਾਂ ਨੂੰ ਇਧਰ ਆਣ ਦਾ ਇਹ ਫਾਇਦਾ ਹੋਇਆ ਕਿ ਉਹ ਉਨ੍ਹਾਂ ਇਲਜ਼ਾਮਾਂ ਤੋਂ ਬਚ ਗਏ। ਇਧਰ ਆ ਕੇ ਉਨ੍ਹਾਂ ਨੇ ਆਪਣੀ ਸਕਿੱਨ ਬਚਾਈ ਹੋਰ ਉਨ੍ਹਾਂ ਨੇ ਟਰਾਂਸਪੋਰਟ ਦਾ ਕੀ ਸੁਧਾਰ ਕਰਨਾ ਸੀ ਕਿਉਂਕਿ ਜਿਹੜਾ ਆਦਮੀ ਬਿਜਲੀ ਦਾ ਕੰਮ ਕਰਦਾ ਆਇਆ ਹੈ, ਉਹ ਟਰਾਂਸਪੋਰਟ ਬਾਰੇ ਕੀ ਕੰਮ ਕਰ ਸਕਦਾ ਹੈ ? ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਆਦਮੀਆਂ ਦੇ ਖਿਲਾਫ ਇਤਨੇਂ ਸੰਗੀਨ ਇਲਜ਼ਾਮ ਸਨ ਉਨ੍ਹਾਂ ਨੂੰ ਇਨ੍ਹਾਂ ਨੇ ਇਤਨੀਆਂ ਫੈਸਿਲਿਟੀਜ਼ ਦਿੱਤੀਆਂ, ਇਹ ਤਾਂ ਇਨ੍ਹਾਂ ਨੇ ਟਰਾਂਸਪੋਰਟ ਦਾ ਸੁਧਾਰ ਕੀਤਾ ਹੈ। ਹੁਣ ਦੂਜੇ ਪਾਸੇ ਦੀ ਤਸਵੀਰ ਵੀ ਵੇਖ ਲਵੋ। ਹੋਰ ਜਿਹੜੇ ਡਿਪੂ ਮੈਨੇਜਰ ਇਨ੍ਹਾਂ ਨੇ ਪ੍ਰੋਮੋਟ ਕੀਤੇ, ਉਹ ਸੱਤਾਂ ਦੇ ਸਤ ਹੀ ਅੰਡਰ ਮੈਟ੍ਰਿਕ ਸਨ। ਇਸ ਅਦਾਰੇ ਨੂੰ ਇਨ੍ਹਾਂ ਵੀਰਾਂ ਨੇ ਇਸ ਤਰ੍ਹਾਂ ਹੈਂਡਲ ਕੀਤਾ ਕਿ ਕਿਧਰੇ ਇਹ ਅਦਾਰਾ ਕਾਮਯਾਬ ਨਾ ਹੋ ਜਾਵੇ ਕਿਉਂਕਿ ਇਹ ਆਪ ਟਰਾਂਸਪੋਰਟਰਜ਼ ਸਨ। ਇਸ ਕਰਕੇ ਇਹ ਨਹੀਂ ਸਨ ਚਾਹੁੰਦੇ ਕਿ ਕੌਮੀ ਅਦਾਰਾ ਜਿਸ ਨੂੰ ਨੈਸ਼ਨੇਲਾਈਜ਼ੇਸ਼ਨ ਕਰਨ ਦੀਆਂ ਆਵਾਜ਼ਾਂ ਉਠ ਰਹੀਆਂ ਸਨ, ਕਿਧਰੇ ਕਾਮਯਾਬ ਨਾ ਹੋ ਜਾਵੇ।

PERSONAL EXPLANATION BY SARDAR SUKHDEV SINGH DHINDSA, M.L.A.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਅੱਗੇ ਵੀ ਕਹਿ ਚੁਕਿਆ ਹਾਂ ਕਿ ਮੇਰੀ ਬਿਲਕੁਲ ਕੋਈ ਟਰਾਂਸਪੋਰਟ ਨਹੀਂ ਹੈ। ਇਨ੍ਹਾਂ ਨੇ ਕਿਹਾ ਹੈ ਕਿ ਮੇਰੀ ਆਪਣੀ ਟਰਾਂਸਪੋਰਟ ਹੈ। (ਵਿਘਨ)

DISCUSSION ON THE ADMINISTRATION REPORT OF THE PEPSU ROAD TRANSPORT CORPORATION FOR THE YEAR 1979-80 (*Resumption*)

ਸ਼੍ਰੀ ਡਿਪਟੀ ਸਪੀਕਰ : ਸੇਵਾ ਰਾਮ ਜੀ ਤੁਸੀਂ ਵਾਇੰਡ ਅੱਪ ਕਰੋ।

**Expunged as ordered by the Chair.

ਸ੍ਰੀ ਸੇਵਾ ਰਾਮ : ਬਸ ਜੀ, ਦੋ ਮਿੰਟ ਹੋਰ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਫਿਰ ਡੁਪਲੀਕੇਟ ਪੁਰਜ਼ੇ ਖਰੀਦੇ ਗਏ, ਪਰ ਉਹ ਡੁਪਲੀਕੇਟ ਪੁਰਜ਼ੇ ਵਰਕਰਾਂ ਨੇ ਬੱਸਾਂ ਵਿਚ ਪਾਉਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਜਾਣਦੇ ਸਨ ਕਿ ਇਨ੍ਹਾਂ ਬੱਸਾਂ ਵਿਚ ਇਨਸਾਨੀ ਜ਼ਿੰਦਗੀਆਂ ਸਫਰ ਕਰਦੀਆਂ ਹਨ। ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਸਵਾਲ ਸੀ। (ਘੰਟੀ) ਫਿਰ ਕੀ ਹੋਇਆ ? ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਪੁਰਜ਼ਿਆਂ ਨੂੰ 50% ਘਾਟੇ ਤੇ ਵੇਚਿਆ ਗਿਆ। ਸੋ ਇਸ ਤਰੀਕੇ ਨਾਲ ਕਾਰਪੋਰੇਸ਼ਨ ਨੂੰ ਭਾਰੀ ਘਾਟਾ ਪਿਆ। ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਟਰਾਂਸਪੋਰਟ ਕਾਰਪੋਰੇਸ਼ਨ ਦੇ ਇਤਨੇ ਸਟਾਕ ਖਰੀਦ ਕੇ ਰੱਖੇ ਹੋਏ ਹਨ ਜਿਨ੍ਹਾਂ ਦੀ ਜ਼ਰੂਰਤ ਹੀ ਨਹੀਂ ਹੈ। ਉਹ ਸਟਾਕ ਪੰਜ ਸਾਲ ਪਹਿਲਾਂ ਹੀ ਖਰੀਦ ਕੇ ਰਖ ਲਏ ਗਏ ਹਨ ਤਾਕਿ ਇਸ ਤਰ੍ਹਾਂ ਕਰਨ ਨਾਲ ਕਮਿਸ਼ਨ ਜ਼ਿਆਦਾ ਲਿਆ ਜਾ ਸਕੇ। ਫਿਰ ਡੀਜ਼ਲ ਦੀ ਚੋਰੀ ਹੋਈ, ਉਹ ਚੋਰੀ ਫੜੀ ਗਈ, ਪਰ ਜਿਨ੍ਹਾਂ ਨੇ ਚੋਰੀ ਕੀਤੀ ਉਹ ਡਿਪੂ ਮੈਨੇਜਰ ਇਨ੍ਹਾਂ ਦੇ ਚਹੇਤੇ ਸਨ, ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਾ ਕੀਤੀ ਗਈ। ਕਿਸੇ ਦੇ ਖਿਲਾਫ ਕੋਈ ਐਕਸ਼ਨ ਨਾ ਲਿਆ ਗਿਆ। ਇਨ੍ਹਾਂ ਹਾਲਾਤ ਦੇ ਵਿਚ ਕਿਸ ਤਰ੍ਹਾਂ ਨਾਲ ਕਾਰਪੋਰੇਸ਼ਨ ਕਾਮਯਾਬ ਹੋ ਸਕਦੀ ਸੀ। ਇਕ ਹੋਰ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਇਥੇ ਕਾਰਪੋਰੇਸ਼ਨ ਵਿਚ ਬੱਸ ਨੂੰ ਪੰਜ ਵਰਕਰ ਗਰੀਸ ਕਰਦੇ ਹਨ ਪਰ ਪ੍ਰਾਈਵੇਟ ਵਰਕਸ਼ਾਪਾਂ ਵਿਚ ਇਕ ਬੱਸ ਨੂੰ ਇਕ ਬੰਦਾ ਗਰੀਸ ਕਰ ਦਿੰਦਾ ਹੈ ਔਰ ਜਿਸ ਤੇ ਸਿਰਫ ਪੰਜ ਰੁਪਏ ਖਰਚ ਆਉਂਦੇ ਹਨ। ਤੁਸੀਂ ਅੰਦਾਜ਼ਾ ਲਗਾਓ ਕਿ ਕਾਰਪੋਰੇਸ਼ਨ ਅਗਰ ਗਰੀਸ ਕਰੇ ਤਾਂ ਉਹ ਇਸ ਨੂੰ 200 ਰੁਪਏ ਨੂੰ ਪੈਂਦੀ ਹੈ। ਸਾਨੂੰ ਇਸ ਗੱਲ ਦਾ ਫਖਰ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਇਸ ਢਾਚੇ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਚੈਕਿੰਗ ਕੀਤੀ ਹੈ। ਡਾਕਟਰ ਕੇਵਲ ਕ੍ਰਿਸ਼ਨ ਜੀ ਵੀ ਪਟਿਆਲੇ ਗਏ ਸਨ ਔਰ ਉਥੇ ਦੇ ਡਿਪੂ ਦੀ ਇਨ੍ਹਾਂ ਨੇ ਚੈਕਿੰਗ ਕੀਤੀ ਸੀ ਔਰ ਇਹ ਸਾਬਤ ਹੋਇਆ ਕਿ ਪੁਰਜ਼ੇ ਇਸ਼ੂ ਹੋਏ ਹੋਏ ਸਨ ਪਰ ਡੇਰੀ ਰਿਪੋਰਟ ਦੇ ਮੁਤਾਬਿਕ ਉਹ ਪੁਰਜ਼ੇ ਬੱਸਾਂ ਵਿਚ ਪਾਏ ਨਹੀਂ ਸਨ ਗਏ। ਢੀਂਡਸਾ ਸਾਹਿਬ ਮੇਰੇ ਦੋਸਤ ਹਨ, ਮੈਂ ਇਨ੍ਹਾਂ ਦੀ ਕਦਰ ਕਰਦਾ ਹਾਂ ਪਰ ਕਿਉਂਕਿ ਇਨ੍ਹਾਂ ਦੀ ਪਾਲਿਸੀ ਹੀ ਐਸੀ ਸੀ ਕਿ ਟਰਾਂਸਪੋਰਟ ਨੂੰ ਕੌਮੀ ਕਰਨ ਨਹੀਂ ਕਰਨ ਦੇਣਾ, ਇਸ ਲਈ ਇਹ ਕੀ ਕਰ ਸਕਦੇ ਸਨ ? ਔਰ ਜਦੋਂ ਸਰਕਾਰ ਨੇ ਕੌਮੀ ਕਰਨ ਦਾ ਮਤਾ ਲਿਆਂਦਾ ਤਾਂ ਇਹ ਇਥੇ ਧਰਨਾ ਮਾਰਕੇ ਬੈਠ ਗਏ। ਡਿਪਟੀ ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੂੰ ਟਰਾਂਸਪੋਰਟ ਨਾਲ ਪਿਆਰ ਹੁੰਦਾ ਤਾਂ ਇਹ ਇਸ ਤਰ੍ਹਾਂ ਧਰਨਾ ਮਾਰਕੇ ਨਾ ਬੈਠਦੇ।

ਕਾਮਰੇਡ ਬਲਦੇਵ ਸਿੰਘ ਲੁੰਬਾ : ** ** **

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਬਣਦਾ।

ਸ੍ਰੀ ਸੇਵਾ ਰਾਮ : ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਸ਼ਾਰਟੇਜ ਦੇ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸ਼ਾਰਟੇਜ ਪਿਛੇ ਹੋਈ ਹੈ, ਉਸ ਦਾ ਰਜਿਸਟਰ ਹੀ ਨਹੀਂ ਮਿਲਦਾ। ਉਹ ਰਜਿਸਟਰ ਹੀ ਗੁੰਮ ਕਰ ਦਿੱਤਾ ਗਿਆ ਹੈ। ਨਾ ਉਹ ਸ਼ਾਰਟੇਜ ਦਾ ਰਜਿਸਟਰ ਮਿਲੇ ਔਰ ਨਾ ਹੀ ਵੈਰੀਫਿਕੇਸ਼ਨ ਹੋਵੇ। ਇਸ ਲਈ ਇਹ ਜਿਸ ਤਰ੍ਹਾਂ ਦੀ ਘਪਲੇਬਾਜ਼ੀ ਹੈ, ਇਸ ਨੂੰ ਜ਼ਰੂਰ ਦੂਰ ਕਰਨਾ ਚਾਹੀਦਾ ਹੈ। (ਘੰਟੀ)

**Expunged as ordered by the Chair.

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਸਫਾਈ ਦੇ ਬਾਰੇ ਜ਼ਰੂਰ ਕਹਿਣਾ ਚਾਹੁੰਦਾ ਹਾਂ । ਇਹ ਜਿਹੜੀ ਸਫਾਈ ਬੱਸਾਂ ਦੀ ਹੈ ਇਸ ਦਾ ਜ਼ਰੂਰ ਕੋਈ ਨਾ ਕੋਈ ਇੰਤਜ਼ਾਮ ਕਰਨਾ ਚਾਹੀਦਾ ਹੈ । ਜਿਥੇ ਸੀ.ਐਮ. ਸਾਹਿਬ ਨੇ ਬੱਸਾਂ ਦੀਆਂ ਬਾਡੀਆਂ ਬਣਾਉਣ ਲਈ ਖਾਸ ਤੌਰ ਤੇ ਯਤਨ ਕੀਤਾ ਹੈ, ਉਥੇ ਇਨ੍ਹਾਂ ਨੂੰ ਸਾਫ ਰਖਣ ਦਾ ਵੀ ਯਤਨ ਕਰਨਾ ਚਾਹੀਦਾ ਹੈ । (ਘੰਟੀ) ਬਸ ਜੀ ਮੈਂ ਇਹ ਅਰਜ਼ ਫਿਰ ਕਰਦਾ ਹਾਂ ਕਿ ਬੱਸਾਂ ਦੀ ਸਫਾਈ ਅਤੇ ਬੱਸ ਅੱਡਿਆਂ ਤੇ ਜਿਹੜੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਹਨ, ਉਨ੍ਹਾਂ ਵਲ ਵੀ ਧਿਆਨ ਕਰਨਾ ਚਾਹੀਦਾ ਹੈ । ਇਸ ਦੇ ਨਾਲ ਮੈਨੂੰ ਇਹ ਖੁਸ਼ੀ ਹੈ ਕਿ ਇਨ੍ਹਾਂ ਨੇ ਟਰਾਂਸਪੋਰਟ ਡਿਪਾਰਟਮੈਂਟ ਦੀਆਂ ਵਰਕਰਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਉਨ੍ਹਾਂ ਦੀ ਬੜੀ ਹੌਸਲਾ ਅਫਜ਼ਾਈ ਕੀਤੀ ਹੈ । ਐਨਾ ਕਹਿਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਟ੍ਰਾਂਸਪੋਰਟ ਡਿਪਾਰਟਮੈਂਟ ਦੀ ਰਿਪੋਰਟ ਤੇ ਮੇਰੇ ਸਾਥੀਆਂ ਨੇ ਸੁਝਾਵ ਦਿੱਤੇ ਹਨ, ਮੈਂ ਉਨ੍ਹਾਂ ਸੁਝਾਵਾਂ ਨਾਲ ਵੀ ਮੁਤਫਿਕ ਹਾਂ ਔਰ ਇਸ ਦੇ ਨਾਲ ਹੀ 5-7 ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ । ਪਰ ਐਨਾ ਜ਼ਰੂਰ ਕਹਿੰਦਾ ਹਾਂ ਕਿ ਮੈਨੂੰ ਟੋਕਿਓ ਨਾ । ਡਿਪਟੀ ਸਪੀਕਰ ਸਾਹਿਬ, ਟ੍ਰਾਂਸਪੋਰਟ ਦੀ ਇਹ ਹਾਲਤ ਹੋ ਗਈ ਹੈ ਕਿ ਜਿਵੇਂ ਪਿਛਲੀ ਵਾਰੀ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਇਹ ਪੀਪਾ ਟ੍ਰਾਂਸਪੋਰਟ ਬਣ ਕੇ ਰਹਿ ਗਈ ਸੀ । ਇਨ੍ਹਾਂ ਨੇ ਇਸ ਨੂੰ ਨੈਸ਼ਨੇਲਾਈਜ਼ ਕਰਨ ਲਈ ਇਥੇ ਇਕ ਮਤਾ ਲ ਆਂਦਾ ਸੀ । ਉਹ ਲਿਆਕੇ ਜਿਹੜੇ ਵੱਡੇ ਵੱਡੇ ਟ੍ਰਾਂਸਪੋਰਟਰਜ਼ ਸਨ, ਉਨ੍ਹਾਂ ਤੋਂ 10 ਲੱਖ ਰੁਪਿਆ ਇਕੱਠਾ ਕਰ ਲਿਆ ਕਿਸਾਨ ਰੈਲੀ ਵਾਸਤੇ । (ਵਿਘਨ)

(ਇਸ ਵੇਲੇ ਸਰਦਾਰ ਦਿਲਬਾਗ ਸਿੰਘ ਪੁਆਇੰਟ ਆਫ ਆਰਡਰ ਕਰਨ ਲਈ ਖੜੇ ਹੋਏ)

ਡਿਪਟੀ ਸਪੀਕਰ ਸਾਹਿਬ, ਇਹ ਵੱਡੇ ਟ੍ਰਾਂਸਪੋਰਟਰ ਹਨ ।

ਸਰਦਾਰ ਦਿਲਬਾਗ ਸਿੰਘ : ਡਿਪਟੀ ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਚੰਗੀ ਗੱਲ ਕਹੀ ਹੈ ਕਿ ਮੈਂ ਟ੍ਰਾਂਸਪੋਰਟਰ ਹਾਂ । ਪਰ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 10 ਲੱਖ ਰੁਪਿਆ ਦਿੱਤਾ ਹੈ, ਇਹ ਸਾਬਤ ਕਰ ਦੇਣ । ਇਹ ਵੀ ਐਮ. ਐਲ. ਏ. ਹਨ ਔਰ ਮੈਂ ਵੀ ਐਮ. ਐਲ. ਏ. ਹਾਂ ਜੇ ਇਹ ਸਾਬਤ ਕਰ ਦੇਣ ਤਾਂ ਮੈਂ ਅਸਤੀਫ਼ਾ ਦੇਣ ਲਈ ਤਿਆਰ ਹਾਂ ਨਹੀਂ ਤਾਂ ਇਹ ਆਪ ਅਸਤੀਫਾ ਦੇ ਜਾਣ ।

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਠੀਕ ਹੈ ਹਾਊਸ ਦੀ ਕਮੇਟੀ ਬਣਾ ਦਿੱਤੀ ਜਾਵੇ । ਮੈਂ ਇਨ੍ਹਾਂ ਦਾ ਚੈਲੰਜ ਮੰਨਦਾ ਹਾਂ । ਇਹ ਇਨਕੁਆਰੀ ਕਰਵਾਉਣ । (ਵਿਘਨ) ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਦਸਿਆ ਗਿਆ ਸੀ ਕਿ 60:40 ਦੀ ਰੇਸ਼ੋ ਨਾਲ ਰੂਟਸ ਪਰਮਿਟਸ ਦਿੱਤੇ ਗਏ ਹਨ । ਜਿਹੜੇ ਪ੍ਰਾਈਵੇਟ ਹਨ, ਉਨ੍ਹਾਂ ਨੂੰ 40% ਰੂਟ ਪਰਮਿਟਸ ਅਤੇ ਜਿਹੜੇ ਸਰਕਾਰੀ ਹਨ ਉਨ੍ਹਾਂ ਨੂੰ 60% ਰੂਟ ਪਰਮਿਟਸ ਹਨ । ਪਰ ਮੈਂ ਇਨ੍ਹਾਂ ਤੋਂ ਇਕ ਗੱਲ ਪੁੱਛਦਾ ਹਾਂ ਕਿ ਜਿਸ ਰੇਸ਼ੋ ਨਾਲ ਰੂਟ ਪਰਮਿਟਸ ਦਿੱਤੇ ਹੋਏ ਹਨ ਉਸੇ ਰੇਸ਼ੋ ਨਾਲ ਤੁਹਾਨੂੰ ਜਿਹੜਾ ਪੈਸੰਜਰ ਟੈਕਸ ਹੈ ਕੀ ਉਹ ਵੀ ਆ ਰਿਹਾ ਹੈ ? ਇਹ ਪੜਤਾਲ ਕਰਵਾ ਲੈਣ । ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਕਿਤਨੀ ਘਪਲੇਬਾਜ਼ੀ ਹੋ ਰਹੀ ਹੈ ।

[ਪ੍ਰੋਫੈਸਰ ਬਲਵੰਤ ਸਿੰਘ]

ਅਗਲੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਦਸਦਾ ਹਾਂ ਕਿ ਪਹਿਲੇ ਇਥੇ ਫੋਰਡ ਦੀਆਂ ਗੱਡੀਆਂ ਚਲਦੀਆਂ ਹੁੰਦੀਆਂ ਸਨ, ਉਨ੍ਹਾਂ ਦੇ ਪੁਰਜ਼ੇ ਲੱਖਾਂ ਰੁਪਏ ਦੇ ਹੁਣ ਤਕ ਪਏ ਹਨ। ਡਿਪਟੀ ਸਪੀਕਰ ਸਾਹਿਬ, ਇਸ ਵਿਚ ਇਕ ਆਦਮੀ ਨੇ ਨਹੀਂ ਬਲਕਿ ਕਈ ਆਦਮੀਆਂ ਨੇ ਰਲ ਕੇ ਘਪਲਾ ਕੀਤਾ ਹੋਇਆ ਹੈ। ਇਹ ਇਸ ਦੀ ਪੜਤਾਲ ਕਰਵਾ ਲੈਣ।

ਇਕ ਗੱਲ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਹੋਰ ਦਸਣੀ ਚਾਹੁੰਦਾ ਹਾਂ ਔਰ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਜੇ ਕਿਸੇ ਮੁਲਾਜ਼ਮ ਨੇ ਕੋਈ ਕੁਰੱਪਸ਼ਨ ਕੀਤੀ ਹੋਵੇ ਤਾਂ ਉਸ ਨੂੰ ਸਸਪੈਂਡ ਨਾ ਕਰਨ ਔਰ ਜੇ ਕਿਤੇ ਸਸਪੈਂਡ ਕਰ ਦਿੱਤਾ ਤਾਂ ਉਸ ਨੂੰ ਚਾਰ ਚੰਦ ਲਗ ਜਾਣਗੇ। ਮੈਂ ਦਸਦਾ ਹਾਂ ਕਿ ਐਸ.ਪੀ. ਧੀਰ ਇਨ੍ਹਾਂ ਦੀ ਟ੍ਰਾਂਸਪੋਰਟ ਵਿਚ ਚਪੜਾਸੀ ਹੁੰਦਾ ਸੀ ਜਦੋਂ ਉਸ ਨੂੰ ਕੁਰੱਪਸ਼ਨ ਦੇ ਕੇਸ ਵਿਚ ਸਸਪੈਂਡ ਕੀਤਾ ਤਾਂ ਉਹ ਡਰਾਈਵਰ ਬਣ ਗਿਆ ਔਰ ਫਿਰ ਜਦੋਂ ਡਰਾਈਵਰ ਦੀ ਪੋਸਟ ਤੋਂ ਸਸਪੈਂਡ ਕੀਤਾ ਤਾਂ ਉਹ ਸੁਪਰਵਾਈਜ਼ਰ ਬਣ ਗਿਆ ਔਰ ਫਿਰ ਜਦੋਂ ਸੁਪਰਵਾਈਜ਼ਰ ਦੀ ਪੋਸਟ ਤੋਂ ਸਸਪੈਂਡ ਕੀਤਾ ਤਾਂ ਉਹ ਐਮ.ਈ. ਹੋ ਗਿਆ ਔਰ ਫਿਰ ਜਦੋਂ ਉਸ ਨੂੰ ਐਮ.ਈ. ਦੀ ਪੋਸਟ ਤੋਂ ਸਸਪੈਂਡ ਕੀਤਾ ਗਿਆ ਤਾਂ ਉਹ ਜਨਰਲ ਮੈਨੇਜਰ ਬਣ ਗਿਆ। ਇਸ ਲਈ ਮੈਂ ਹੁਣ ਇਨ੍ਹਾਂ ਨੂੰ ਇਹ ਕਹਿੰਦਾ ਹਾਂ ਕਿ ਹੁਣ ਉਸ ਨੂੰ ਸਸਪੈਂਡ ਨਾ ਕਰਨ ਨਹੀਂ ਤਾਂ ਉਹ ਕਿਤੇ ਸੀ.ਐਮ. ਨਾ ਬਣ ਜਾਵੇ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਦਸਦਾ ਹਾਂ ਕਿ ਇਨ੍ਹਾਂ ਕੋਲ ਇਸ ਟ੍ਰਾਂਸਪੋਰਟ ਦੀਆਂ 900 ਬੱਸਾਂ ਹਨ। ਔਰ ਜਿਹੜੇ ਬਕਸੇ ਬਣਨੇ ਹਨ ਜਿਹੜੇ ਕਿ ਕੰਡਕਟਰਾਂ ਨੂੰ ਮਿਲਦੇ ਹਨ, ਉਹ 10 ਹਜ਼ਾਰ ਬਕਸਿਆਂ ਦਾ ਆਰਡਰ ਦਿੱਤਾ ਗਿਆ ਹੈ। 900 ਬੱਸਾਂ ਦੇ ਨਾਲ 900 ਹੀ ਬਕਸੇ ਚਾਹੀਦੇ ਸਨ, ਪਰ ਉਹ ਐਨੇ ਵੱਧ ਕਿਉਂ ਆਰਡਰ ਦਿੱਤਾ ਗਿਆ ਹੈ। ਇਹ ਇਸ ਦੀ ਪੜਤਾਲ ਕਰਵਾ ਕੇ ਵੇਖ ਲੈਣ।

ਫਿਰ ਡਿਪਟੀ ਸਪੀਕਰ ਸਾਹਿਬ, ਜਿਹੜਾ ਬਸ ਵਿਚ ਡਰਾਈਵਰ ਦੇ ਨਾਲ ਸ਼ੀਸ਼ਾ ਲਗਦਾ ਹੈ ਉਸ ਦੀ ਕੀਮਤ 6 ਰੁਪਏ ਬਾਜ਼ਾਰ ਵਿਚ ਹੈ, ਪਰ ਇਹ ਪੜਤਾਲ ਕਰਵਾ ਕੇ ਵੇਖ ਲੈਣ ਉਹ ਕਿਸ ਭਾਅ ਤੇ ਲਿਆ ਗਿਆ ਹੈ, ਕੋਈ ਚਾਰ ਗੁਣਾ ਤੋਂ ਵੀ ਵੱਧ ਕੀਮਤ ਉਸ ਤੇ ਖਰਚ ਕੀਤੀ ਗਈ ਹੈ।

ਇਹ ਵਜ਼ੀਰ ਤਾਂ ਆਈ.ਏ.ਐਸ. ਅਫਸਰਾਂ ਦੇ ਸਹਾਰੇ ਬੈਠੇ ਹਨ। ਜੋ ਕੁਝ ਉਹ ਕਰਦੇ ਹਨ, ਉਹ ਠੀਕ ਹੈ। ਉਹ ਆਪ ਹੀ ਫੈਸਲੇ ਕਰੀ ਜਾਂਦੇ ਹਨ। ਜੇ ਇਹ ਇਸ ਦੀ ਪੜਤਾਲ ਕਰਾਉਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਐਮ.ਐਲ.ਏਜ਼ ਦੀ ਕਮੇਟੀ ਬਣਾਉਣੀ ਚਾਹੀਦੀ ਹੈ। ਆਈ.ਏ.ਐਸ. ਅਫ਼ਸਰ ਇਨ੍ਹਾਂ ਦੇ ਸਿਰ ਤੇ ਚੜ੍ਹੇ ਹੋਏ ਹਨ। ਜਦੋਂ ਤਕ ਇਹ ਕੋਈ ਕਮੇਟੀ ਨਹੀਂ ਬਣਾਂਦੇ ਉਦੋਂ ਤਕ ਇਹ ਇੰਤਜ਼ਾਮ ਠੀਕ ਨਹੀਂ ਹੋ ਸਕਦਾ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਦਸਦਾ ਹਾਂ ਕਿ ਇਨ੍ਹਾਂ ਨੇ ਖਰਾਦਾਂ ਖਰੀਦ ਲਈਆਂ, ਪਰ ਉਨ੍ਹਾਂ ਨੂੰ ਚਲਾਉਣ ਵਾਲਾ ਇਨ੍ਹਾਂ ਕੋਲ ਕੋਈ ਮਕੈਨਿਕ ਨਹੀਂ ਹੈ। ਇਸ ਤੇ ਇਨ੍ਹਾਂ ਨੇ ਹਜ਼ਾਰਾਂ ਰੁਪਏ ਖਰਚ ਕਰ ਦਿੱਤੇ ਪਰ ਉਨ੍ਹਾਂ ਨੂੰ ਚਲਾਉਣ ਵਾਲਾ ਕੋਈ ਹੈ ਨਹੀਂ। (ਘੰਟੀ) ਡਿਪਟੀ ਸਪੀਕਰ ਸਾਹਿਬ, ਦਿੱਲੀ ਦੀ ਇਕ ਰੁਸਤਮੇ ਕੰਪਨੀ ਹੈ ਉਸ ਤੋਂ ਮਾਲ ਖਰੀਦਿਆ ਜਾ ਰਿਹਾ ਹੈ

ਔਰ ਇਸ ਤਰ੍ਹਾਂ ਨਾਲ ਲੱਖਾਂ ਰੁਪਿਆ ਬਰਬਾਦ ਕੀਤਾ ਜਾ ਰਿਹਾ ਹੈ। ਇਹ ਇਥੇ ਕਹਿ ਦਿੰਦੇ ਹਨ ਕਿ ਬੱਸਾਂ ਦਾ ਕਿਰਾਇਆ ਵਧਾਇਆ ਹੈ ਔਰ ਬਸਾਂ ਦੀ ਹਾਲਤ ਠੀਕ ਕਰਾਂਗੇ। ਪਰ ਹੁੰਦਾ ਕੀ ਹੈ ? ਮੈਂ ਇਸ ਸਬੰਧ ਵਿਚ ਇਕ ਸਵਾਲ ਵੀ ਪੁਛਿਆ ਸੀ ਕਿ ਜਿੰਨਾ ਕਿਰਾਇਆ ਵਧਾਇਆ ਹੈ, ਇਸ ਤੋਂ ਬਾਅਦ ਕੀ ਫਾਇਦਾ ਹੋਇਆ ਹੈ ? ਪਰ ਕੋਈ ਜਵਾਬ ਨਹੀਂ ਆ ਸਕਿਆ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਜਦੋਂ ਕਿਰਾਇਆ ਨਹੀਂ ਵਧਾਇਆ ਸੀ ਤਾਂ ਇਹ ਘਾਟਾ 23 ਲੱਖ ਰੁਪਏ ਦਾ ਸੀ ਔਰ ਜਦੋਂ ਦਾ ਇਹ ਕਿਰਾਇਆ ਵਧਾਇਆ ਹੈ ਇਹ ਘਾਟਾ 40 ਲੱਖ ਰੁਪਏ ਦਾ ਹੋ ਗਿਆ ਹੈ। ਜੇ ਹੋਰ ਕਿਰਾਇਆ ਵਧਾਉਗੇ ਤਾਂ ਹੋਰ ਘਾਟਾ ਪਵੇਗਾ।

ਪਿਛੇ, ਡਿਪਟੀ ਸਪੀਕਰ ਸਾਹਿਬ, ਇਥੇ ਹੰਸ ਰਾਜ ਸ਼ਰਮਾ ਨੇ ਸਿਨਮਿਆਂ ਨੂੰ ਨੈਸ਼ਨੇਲਾਈਜ਼ ਕਰਨ ਲਈ ਮਤਾ ਲਿਆ ਕੇ ਲੱਖਾਂ ਰੁਪਏ ਇਕੱਠੇ ਕਰ ਲਏ ਸਨ ਔਰ ਹੁਣ ਇਨ੍ਹਾਂ ਨੇ ਬਸਾਂ ਨੂੰ ਨੈਸ਼ਨੇਲਾਈਜ਼ ਕਰਨ ਲਈ ਕਹਿ ਕੇ ਪੈਸੇ ਇਕੱਠੇ ਕਰ ਲਏ....(ਵਿਘਨ)

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਜਿਹੜਾ ਮੈਂਬਰ ਇਥੇ ਹਾਜ਼ਰ ਨਹੀਂ, ਉਸ ਨੂੰ ਇਥੇ ਡਿਸਕਸ ਨਹੀਂ ਕਰਨਾ ਚਾਹੀਦਾ।

ਪ੍ਰੋਫੈਸਰ ਬਲਵੰਤ ਸਿੰਘ : ਚਲੋ ਮੈਂ ਉਸ ਦਾ ਨਾਮ ਨਹੀਂ ਲੈਂਦਾ (ਵਿਘਨ) ਜੇ ਇਹ ਬਸਾਂ ਦੀ ਨੈਸ਼ਨੇਲਾਈਜ਼ੇਸ਼ਨ ਕਰਨਾ ਚਾਹੁੰਦੇ ਹਨ ਤਾਂ ਇਹ ਇਸ ਲਈ ਆਰਡੀਨੈਂਸ ਕਰਨ। ਪਰ ਇਸ ਤਰ੍ਹਾਂ ਇਹ ਨਹੀਂ ਕਰਦੇ। ਅਸਲ ਵਿਚ ਇਨ੍ਹਾਂ ਦੇ ਦੋ ਚਿਹਰੇ ਹਨ। (ਘੰਟੀ) ਅੰਤ ਵਿਚ ਮੈਂ ਮਜ਼ਦੂਰਾਂ ਦੀ ਗੱਲ ਕਰਦਾ ਹਾਂ। ਮਜ਼ਦੂਰ ਇਨ੍ਹਾਂ ਨੂੰ ਕੰਮ ਕਰਕੇ ਦਿੰਦਾ ਹੈ।

ਡਿਪਟੀ ਸਪੀਕਰ ਸਾਹਿਬ, ਡਰਾਈਵਰਜ਼ ਵਾਸਤੇ ਨਾ ਡਿਪੂਆਂ ਵਿਚ ਰਹਿਣ ਦਾ ਕੋਈ ਇੰਤਜ਼ਾਮ ਹੈ। ਉਹ ਬੱਸਾਂ ਦੀਆਂ ਛੱਤਾਂ ਤੇ ਸੌਂਦੇ ਹਨ। ਗਰਮੀਆਂ ਵਿਚ ਛੱਤਾਂ ਤੇ ਅਤੇ ਸਰਦੀਆਂ ਵਿਚ ਉਹ ਬੱਸਾਂ ਵਿਚ ਸੌਂਦੇ ਹਨ। ਇਸ ਦੇ ਨਾਲ ਹੀ ਡਰਾਈਵਰਜ਼ ਔਰ ਕੰਡਕਟਰਜ਼ ਲਈ ਡਿਪੂਆਂ ਵਿਚ ਨਾ ਕੋਈ ਦਵਾਈਆਂ ਦਾ ਪ੍ਰਬੰਧ ਹੈ ਅਤੇ ਨਾ ਕੋਈ ਈ.ਐਸ.ਆਈ. ਦਾ ਪ੍ਰਬੰਧ ਹੈ। ਕਾਫੀ ਦੇਰ ਤੋਂ ਮੁਲਾਜ਼ਮਾਂ ਦੀਆਂ ਮੰਗਾਂ ਲਮਕਦੀਆਂ ਆ ਰਹੀਆਂ ਹਨ ਔਰ ਸਰਕਾਰ ਨੇ ਜਿਹੜਾ ਬੱਸਾਂ ਵਿਚ ਕਿਰਾਇਆ ਵਧਾਇਆ ਹੈ, ਉਹ ਵਾਪਿਸ ਲੈ ਲੈਣਾ ਚਾਹੀਦਾ ਹੈ। ਇਹ ਬੱਸ ਸੇਵਾ ਲੋਕਾਂ ਦੀ ਭਲਾਈ ਲਈ ਹੈ।

ਸਰਦਾਰ ਬੀਰਦਵਿੰਦਰ ਸਿੰਘ (ਸਰਹਿੰਦ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਪੀ.ਆਰ.ਟੀ.ਸੀ. ਦੀ ਪ੍ਰਸ਼ਾਸਕੀ ਰਿਪੋਟ ਪੇਸ਼ ਕੀਤੀ ਗਈ ਹੈ ਇਸ ਤੇ ਵਿਚਾਰ ਕਰਨ ਲਈ ਮੈਂ ਖੜਾ ਹੋਇਆ ਹਾਂ। ਮੈਨੂੰ ਖੁਸ਼ੀ ਹੈ ਕਿ ਕਾਫੀ ਮੁਦਤ ਤੋਂ ਬਾਅਦ ਇਹ ਰਿਪੋਟ ਇਸ ਹਾਊਸ ਵਿਚ ਪੇਸ਼ ਕੀਤੀ ਗਈ ਹੈ ਅਤੇ ਇਸ ਤੇ ਡਿਸਕਸ਼ਨ ਹੋਈ ਹੈ। ਢੀਂਡਸਾ ਸਾਹਿਬ ਕਹਿੰਦੇ ਸਨ ਕਿ ਇਹ ਰਿਪੋਟ ਮੈਂ ਆਪ ਤਿਆਰ ਕਰਵਾਈ ਸੀ, ਪਰ ਇਹ ਰਿਪੋਟ ਨੂੰ ਪੇਸ਼ ਨਹੀਂ ਕਰ ਸਕੇ ਸਨ। ਇਹ ਆਪਣੇ ਸਮੇਂ ਰਿਪੋਟ ਕੋਈ ਨਹੀਂ ਪੇਸ਼ ਕਰ ਸਕੇ, ਪਰ ਸਾਡੀ ਸਰਕਾਰ ਨੇ ਪਿਛਲੇ ਸਾਲਾਂ ਦੀਆਂ ਰਿਪੋਰਟਾਂ ਵੀ ਪੇਸ਼ ਕਰ ਦਿੱਤੀਆਂ ਹਨ ਅਤੇ ਇਸ ਤੇ ਖੁਲ੍ਹੀ ਡਿਸਕਸ਼ਨ ਰੱਖੀ ਹੈ। ਜੋ ਇਥੇ ਇਸ ਕਾਰਪੋਰੇਸ਼ਨ ਬਾਰੇ ਇਲਜ਼ਾਮ ਲਾਏ ਗਏ ਹਨ, ਮੈਂ ਇਸ ਦੇ ਵਿਚ ਨਹੀਂ ਜਾਣਾ ਚਾਹੁੰਦਾ। ਹੋ ਸਕਦਾ ਹੈ ਇਹ ਇਲਜ਼ਾਮ ਕੁਝ ਹੱਦ ਤੱਕ ਠੀਕ ਹੋਣ। ਪਰ ਰਿਪੋਰਟ ਤੇ ਵਿਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਇਸ ਦੇ ਵਿਚ

[ਸਰਦਾਰ ਬੀਰਦਵਿੰਦਰ ਸਿੰਘ]

ਕੁਝ ਖਾਮੀਆਂ ਅਫ਼ਸਰਾਂ ਵਲੋਂ ਅਤੇ ਪੁਲੀਟੀਕਲ ਵਿੱਲ ਕਰਕੇ ਵੀ ਹੋਈਆਂ ਹਨ, ਜਿਸ ਕਰਕੇ ਇਸ ਨੂੰ ਘਾਟਾ ਪਿਆ ਹੈ। ਅਗਰ ਫੇਅਰ ਰੇਟ ਦਾ ਦੂਜਿਆਂ ਸਟੇਟਾਂ ਨਾਲ ਕੰਪੈਰੇਜ਼ਨ ਕਰੀਏ ਤਾਂ ਪਤਾ ਲਗਦਾ ਹੈ ਕਿ ਫੇਅਰ ਰੇਟ ਪਰ ਪੈਸਿੰਜਰ ਪਰ ਕਿਲੋਮੀਟਰ 5 ਪੈਸੇ ਸੀ। ਆਂਧਰਾ ਪ੍ਰਦੇਸ਼ ਵਿਚ 6 ਪੈਸੇ, ਬਿਹਾਰ ਵਿਚ 5.50 ਪੈਸੇ, ਕਰਨਾਟਕਾ ਵਿਚ 6.20 ਪੈਸੇ, ਹਰਿਆਣੇ ਵਿਚ 5.5 ਪੈਸੇ, ਯੂ.ਪੀ. ਵਿਚ 5.32 ਪੈਸੇ ਸੀ, ਮੱਧ ਪ੍ਰਦੇਸ਼ ਵਿਚ 5.75 ਪੈਸੇ ਪਰ ਕਿਲੋਮੀਟਰ ਸੀ, ਜਦ ਕਿ ਪੀ.ਆਰ.ਟੀ.ਸੀ. ਵਿਚ 3.90 ਪੈਸੇ ਪਰ ਕਿਲੋਮੀਟਰ ਸੀ ਔਰ ਸਾਡਾ ਐਕਸਪੈਂਡੀਚਰ ਆਂਧਰਾ ਪ੍ਰਦੇਸ਼ ਜਿੰਨਾਂ ਹੀ ਸੀ। ਉਨ੍ਹਾਂ ਦਾ ਐਕਸਪੈਂਡੀਚਰ 1,128.42 ਲੱਖ ਰੁਪਿਆ ਸੀ ਅਤੇ ਸਾਡੀ ਕਾਰਪੋਰੇਸ਼ਨ ਦਾ ਵੀ ਉਤਨਾ ਸੀ ਔਰ ਸਾਡੀ ਰਿਕਵਰੀਜ਼ 948.07 ਲੱਖ ਰੁਪਏ ਸੀ ਔਰ ਆਂਧਰਾ ਪ੍ਰਦੇਸ਼ ਦੀ 1,449 ਲੱਖ ਰੁਪਏ ਸੀ, ਬਿਹਾਰ ਦੀ 1331.58 ਲੱਖ ਰੁਪਏ ਸੀ ਅਤੇ ਕਰਨਾਟਕਾ ਦੀ 1,504.95 ਲੱਖ ਰੁਪਏ ਸੀ। ਹੁਣ ਜਿਹੜਾ ਬੱਸਾਂ ਦਾ ਕਿਰਾਇਆ ਵਧਾਇਆ ਗਿਆ ਹੈ, ਅਗਰ ਇਸ ਨੂੰ ਦੂਜੀਆਂ ਸਟੇਟਾਂ ਦੇ ਕਰਾਇਆਂ ਨੂੰ ਮੁੱਖ ਰੱਖ ਕੇ ਟਾਈਮ ਟੂ ਟਾਈਮ ਵਧਾਇਆ ਜਾਂਦਾ ਫਿਰ ਇਹ ਜਿਹੜਾ ਕਾਰਪੋਰੇਸ਼ਨ ਨੂੰ ਘਾਟਾ ਪਿਆ ਹੈ, ਇਹ ਹੁਣ ਨਾ ਪੈਂਦਾ। ਔਰ ਜੋ ਮੌਜੂਦਾ ਹਾਲਾਤ ਪੈਦਾ ਹੋ ਗਏ ਹਨ, ਇਹ ਪੈਦਾ ਨਾ ਹੁੰਦੇ। ਢੀਂਡਸਾ ਸਾਹਿਬ ਹੋਰਾਂ ਨੇ ਬਸਾਂ ਦਾ ਕਿਰਾਇਆ ਵਧਾਉਣ ਦੀ ਪਰਪੋਜ਼ਲ ਬਣਾਈ, ਪਰ ਇਹ ਹਰ ਸਮੇਂ ਪੁਲੀਟੀਕਲ ਮਾਹੌਲ ਨੂੰ ਵੇਖਦੇ ਹੋਏ ਇਸ ਨੂੰ ਅੱਗੇ ਪਾਉਂਦੇ ਰਹੇ ਹਨ। ਕਦੇ ਇਨ੍ਹਾਂ ਨੇ ਸੋਚਿਆ ਮਿਊਂਸਪਲ ਕਮੇਟੀ ਦੀਆਂ ਇਲੈਕਸ਼ਨਾਂ ਆ ਗਈਆਂ ਹਨ, ਇਸ ਦੇ ਵਧਾਉਣ ਨਾਲ ਮਾੜਾ ਅਸਰ ਪਵੇਗਾ, ਕਦੇ ਅਸੰਬਲੀ ਦੀਆਂ ਇਲੈਕਸ਼ਨਾਂ ਆ ਗਈਆਂ ਔਰ ਕਦੇ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਕਹਿਕੇ ਇਹ ਕਰਾਇਆ ਵਧਾਉਣਾ ਅਗੇ ਪਾ ਦਿੱਤਾ ਔਰ ਜਿਸ ਕਰਕੇ ਫਾਈਲ ਬਾਰ ਬਾਰ ਆਉਂਦੀ ਰਹੀ ਅਤੇ ਪੋਸਟਪੋਨ ਕਰਦੇ ਰਹੇ। ਇਹ ਹਰ ਗੱਲ ਨੂੰ ਸਿਆਸੀ ਨਜ਼ਰੀਏ ਨਾਲ ਵੇਖਦੇ ਹੋਏ ਲੇਟ ਕਰਦੇ ਰਹੇ, ਜਿਸ ਕਰਕੇ ਅਗਲੀ ਸਾਡੀ ਸਰਕਾਰ ਨੂੰ ਆ ਕੇ ਇਸ ਤੇ ਫੈਸਲਾ ਕਰਨਾ ਪਿਆ ਇਸ ਕਰਕੇ ਪੀ.ਆਰ.ਟੀ.ਸੀ. ਦਾ ਘਾਟਾ ਦਿਨੋ ਦਿਨ ਵੱਧਦਾ ਗਿਆ ਅਤੇ ਕਾਰਪੋਰੇਸ਼ਨ ਦੇ ਬਰਬਾਦ ਹੋਣ ਦੀ ਤਲਵਾਰ ਲਟਕਦੀ ਰਹੀ। ਇਸ ਤੇ ਮੈਨੂੰ ਇਕ ਗੱਲ ਯਾਦ ਆ ਗਈ ਹੈ ਕਿ :—

"ਕਿਸੇ ਆਉਣੇ ਵਾਲੇ ਤੂਫਾਨ ਕਾ ਰੋਣਾ ਰੋ ਕਰ,
ਨਾ ਖੁਦ ਮੇ ਸਿਆਲ ਕੋ ਡੋਬਣਾ ਚਾਹਾ।"

ਇਸ ਤਰੀਕੇ ਨਾਲ ਮੈਂ ਸਮਝਦਾ ਹਾਂ ਕਿ ਪਿਛਲੀ ਸਰਕਾਰ ਨੇ ਪੀ.ਆਰ.ਟੀ. ਸੀ. ਨੂੰ ਬਰਬਾਦ ਕੀਤਾ ਔਰ ਇਸ ਦੇ ਵਿਚ ਇਮਪਰੂਵਮੈਂਟ ਨਹੀਂ ਕੀਤੀ। ਇਨ੍ਹਾਂ ਦੇ ਵੇਲੇ ਫਰਾਡ ਕਸਿਜ਼ 1978-79 ਵਿਚ 5,840 ਸਨ ਔਰ 1930-31 ਵਿਚ 937 ਕੇਸਿਜ਼ ਦੀ ਇਨਕੁਆਇਰੀਜ਼ ਕੰਪਲੀਟ ਕੀਤੀਆਂ ਗਈਆਂ। ਫੇਰ ਫਰਾਡ ਕੇਸਿਜ਼ 1979-80 ਵਿਚ 4,347 ਸਨ ਔਰ 1980-81 ਵਿਚ 3,269 ਕੇਸਿਜ਼ ਹੋਏ। ਸਾਡੇ ਟਾਈਮ ਫਰਾਡ ਕੇਸਿਜ਼ ਘੱਟ ਹੋਏ ਹਨ ਅਤੇ ਇਨਕੁਆਇਰੀਜ਼ ਵਿਚ ਐਫੀਸ਼ੈਂਸੀ ਵੱਧੀ ਹੈ। ਅਸੀਂ ਆਪਣੇ ਟਾਈਮ ਵਿਚ 219 ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ। 31 ਦਸੰਬਰ, 1980 ਤੱਕ ਪੀ.ਆਰ.ਟੀ.ਸੀ. ਦੀ ਕੋਈ ਐਸੀ ਬੱਸ ਨਹੀਂ ਸੀ ਜਿਸ ਵਿਚ ਕੋਈ ਨੁਕਸ ਨਾ ਹੋਵੇ ਜਾਂ ਕਿਸੇ ਦੇ ਸ਼ੀਸ਼ੇ ਨਾ ਟੁਟੇ ਹੋਣ। ਇਸ ਗੱਲ ਵੱਲ ਚੀਫ

ਮਨਿਸਟਰ ਸਾਹਿਬ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਸਾਰੀਆਂ ਬੱਸਾਂ ਧੱਕਾ ਸਟਾਰਟ ਹਨ, ਕੋਈ ਬੱਸ ਸੈਲਫ-ਸਟਾਰਟ ਨਹੀਂ ਹੈ। (ਆਪੋਜ਼ੀਸ਼ਨ ਵਲੋਂ ਥੰਪਿੰਗ) (ਘੰਟੀ)

ਮਾਸਟਰ ਚੰਦ ਸਿੰਘ : ** ** **

Mr. Deputy Speaker : No point of order.

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਪਟਿਆਲਾ ਬੱਸ ਸਟੈਂਡ ਬਾਰੇ ਗੱਲ ਦੱਸਣੀ ਚਾਹੁੰਦਾ ਹਾਂ। ਪਟਿਆਲੇ ਬੱਸ ਅੱਡੇ ਤੇ ਇਕ ਬੱਸ ਡਰਾਈਵਰ ਆਪਣੀ ਬੱਸ ਵਿਚ ਤੇਲ ਪਵਾ ਰਿਹਾ ਸੀ। ਉਥੇ ਇਕ ਪਾਸੇ ਤੋਂ ਇਕ ਬਸ ਆਈ ਜਿਸ ਦੀ ਬਰੇਕ ਫੇਲ੍ਹ ਸੀ। ਉਸ ਨੇ ਜਾ ਕੇ ਖੜ੍ਹੀ ਬੱਸ ਵਿਚ ਟੱਕਰ ਮਾਰੀ ਜਿਸ ਨਾਲ ਉਹ ਬੱਸ ਸਟਾਰਟ ਹੋ ਗਈ ਅਤੇ ਉਸ ਸਟਾਰਟ ਹੋਈ ਬੱਸ ਨੇ ਤੀਜੀ ਬੱਸ ਵਿਚ ਟਕਰ ਮਾਰੀ। ਕਿਉਂਕਿ ਉਸ ਬੱਸ ਵਿਚ ਡਰਾਈਵਰ ਨਹੀਂ ਸੀ ਉਹ ਤੀਜੀ ਬੱਸ ਵੀ ਸਟਾਰਟ ਹੋ ਗਈ, ਜਿਸ ਦੇ ਨਾਲ ਸਾਰੇ ਪਟਿਆਲੇ ਵਿਚ ਰੌਲਾ ਪੈ ਗਿਆ ਕਿ ਢੀਂਡਸਾ ਸਾਹਿਬ ਸਟਾਰਟ ਹੋਈ ਫਿਰਦੇ ਹਨ (ਹਾਸਾ) ਹੁਣ ਸਾਡੀ ਇਸ ਕੰਮ ਵਿਚ ਐਫੀਸ਼ੈਂਸੀ ਵੱਧੀ ਹੈ। ਹੁਣ ਸਰਕਾਰ ਨੇ ਕੰਡਕਟਰਾਂ ਅਤੇ ਡਰਾਈਵਰਜ਼ ਲਈ ਟਰੇਨਿੰਗ ਸੈਂਟਰ ਖੋਲ੍ਹੇ ਹਨ, ਜਿਥੇ ਉਨ੍ਹਾਂ ਨੂੰ ਕਰਟਸੀ ਸ਼ੋ ਕਰਨ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

ਡਿਪਟੀ ਸਪੀਕਰ ਸਾਹਿਬ, ਕਿਸੇ ਡਿਪੂ ਤੇ ਹੁਣ ਟੈਲੀਫੂਨ ਕਰੋ ਤਾਂ ਪਹਿਲਾਂ ਉਹ ਨਮਸਕਾਰ ਕਰਦੇ ਹਨ ਅਤੇ ਫਿਰ ਬੱਸ ਦੇ ਆਉਣ ਜਾਣ ਦਾ ਸਮਾਂ ਦਸਦੇ ਹਨ। ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸੰਗਰੂਰ ਤੋਂ ਬੱਸਾਂ ਚਲਦੀਆਂ ਹਨ ਤਾਂ ਮੁਸਾਫਰ ਅਰਦਾਸਾਂ ਕਰਕੇ ਜੈਕਾਰਾ ਬੋਲਦੇ ਹਨ ਤਾਂ ਅੱਡੇ ਤੋਂ ਬੱਸ ਚਲਦੀ ਹੈ। (ਹਾਸਾ) ਮੈਂ, ਡਿਪਟੀ ਸਪੀਕਰ ਸਾਹਿਬ, ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਲੰਬੇ ਰੂਟਸ ਵਾਲੀਆਂ ਬੱਸਾਂ ਦੇ ਡਰਾਈਵਰ ਅਤੇ ਕੰਡਕਟਰਾਂ ਨੂੰ ਪਹਿਲਾਂ ਸਵਾਰੀਆਂ ਦੇ ਨਾਲ ਆਪਣੇ ਆਪ ਨੂੰ ਇੰਟਰੋਡਿਊਸ ਕਰਵਾਉਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ "ਵਾਹਿਗੁਰੂ ਤੁਹਾਡੀ ਯਾਤਰਾ ਸਫਲ ਕਰੇ" ਕਹਿ ਕੇ ਅੱਡੇ ਤੋਂ ਬੱਸ ਚਲਾਉਣੀ ਚਾਹੀਦੀ ਹੈ। ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਨੇ ਦੱਸਿਆ ਹੈ ਕਿ ਪੀ.ਆਰ.ਟੀ.ਸੀ. ਨੇ ਚੰਗੇ ਉਸਾਰੀ ਦੇ ਕਦਮ ਉਠਾਏ ਹਨ। ਡਿਪਟੀ ਸਪੀਕਰ ਸਾਹਿਬ, ਫੈਕਟਸ ਨੂੰ ਇਗਨੋਰ ਨਹੀਂ ਕੀਤਾ ਜਾ ਸਕਦਾ। ਮੈਂ ਇਕ ਗੱਲ, ਡਿਪਟੀ ਸਪੀਕਰ ਸਾਹਿਬ, ਹੋਰ ਕਰਨੀ ਹੈ। ਸਾਡੇ ਨੋਟਿਸ ਵਿਚ ਆਇਆ ਹੈ ਕਿ ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਦੀ ਟਰਾਂਸਪੋਰਟ ਹੈ, ਪਰ ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਕਹਿੰਦੇ ਹਨ ਕਿ ਮੇਰੀ ਕੋਈ ਟਰਾਂਸਪੋਰਟ ਨਹੀਂ ਹੈ। ਸਾਡੇ ਨੋਟਿਸ ਵਿਚ ਹੈ ਕਿ ਜਿਹੜੇ ਪੀਟਰ ਇੰਜਣ ਗਡੀਆਂ ਦੇ ਚਲਦੇ ਹਨ, ਉਨ੍ਹਾਂ ਵਿਚੋਂ ਇਕ ਗੱਡੀ ਇਨ੍ਹਾਂ ਦੀ ਹੈ। (ਹਾਸਾ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੇਰਾ ਇਸ ਸਬੰਧੀ ਇਕ ਰੈਜ਼ੋਲਿਊਸ਼ਨ ਸੀ, ਜਿਸ ਲਈ ਮੈਨੂੰ ਬੋਲਣ ਲਈ ਟਾਈਮ ਦਿਓ।

**Expunged as ordered by the Chair.

ਸ੍ਰੀ ਸੰਤ ਰਾਮ ਸਿੰਗਲਾ (ਸਮਾਣਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸਾਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਵਕਤ ਬਹੁਤ ਹੋ ਗਿਆ ਹੈ ਅਤੇ ਬਾਕੀ ਰਹਿੰਦਾ ਵਕਤ ਵੀ ਬਹੁਤ ਥੋੜ੍ਹਾ ਹੈ। ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਬੋਲੇ ਸਨ ਅਤੇ ਮੈਨੂੰ ਬੜੀ ਖੁਸ਼ੀ ਹੋਈ ਸੀ ਪਰ ਸਰਦਾਰ ਸੁਖਦੇਵ ਸਿੰਘ ਢੀਂਡਸਾ ਸਾਹਿਬ ਜਦੋਂ ਬੋਲਦੇ ਸਨ ਤਾਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਕਿ ਉਹ ਆਪਣੀ ਆਟੋਬਾਇਓਗ੍ਰਾਫੀ ਦਸ ਰਹੇ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦਾ ਨਾਂ ਨਹੀਂ ਲਿਆ ਅਤੇ ਨਾ ਹੀ ਅਕਾਲੀ ਸਰਕਾਰ ਦਾ ਨਾਂ ਲਿਆ ਹੈ। ਮੈਂ ਸਰਦਾਰ ਸੁਖਦੇਵ ਸਿੰਘ ਢੀਂਡਸਾ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1967 ਤੋਂ ਲੈ ਕੇ ਹੁਣ ਤਕ ਰਿਪੋਰਟ ਪੇਸ਼ ਕਿਉਂ ਨਹੀਂ ਕੀਤੀ ਗਈ ? 1967 ਤੋਂ 1972 ਤਕ ਆਪੋਜ਼ੀਸ਼ਨ ਦਾ ਰਾਜ ਰਿਹਾ ਹੈ ਅਤੇ ਇਹ ਸਾਰਾ ਕੁਝ ਹੋਇਆ ਹੈ ਅਤੇ ਇਹ ਉਨ੍ਹਾਂ ਨੇ ਹੀ ਮੈਸ ਕ੍ਰੀਏਟ ਕੀਤਾ ਹੈ। ਉਸ ਵੇਲੇ ਹੀ ਸਾਰਾ ਬੈਕਲਾਗ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, 1947 ਤੋਂ ਪੁਲਿਟੀਕਲ ਫਰੀਡਮ ਮਿਲੀ ਸੀ ਅਤੇ ਇਕਨਾਮਿਕ ਫਰੀਡਮ ਨਹੀਂ ਸੀ ਮਿਲੀ। ਜਿਹੜੀ ਸਟੇਟ ਦੀ ਇਕਾਨੌਮੀ ਸੀ, ਉਹ ਕੈਪੀ-ਟੇਲਿਸਟਿਕ ਸੀ, ਮਨਾਪਲਿਸਟਾਂ ਦੇ ਹੱਥਾਂ ਵਿਚ ਸਾਡੀ ਇਕਾਨੌਮੀ ਸੀ। ਉਸ ਨੂੰ ਤੋੜਨ ਲਈ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਕਈ ਕਦਮ ਚੁਕੇ ਸਨ। ਪਲਾਨਿੰਗ ਚਾਲੂ ਕੀਤੀ, ਲੈਂਡ ਸੀਲਿੰਗ ਐਕਟ ਬਣਾਇਆ ਅਤੇ ਬਾਅਦ ਵਿਚ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਬੈਂਕਾਂ ਨੂੰ ਨੈਸ਼ਨੇਲਾਈਜ਼ ਕੀਤਾ। ਡਿਪਟੀ ਸਪੀਕਰ ਸਾਹਿਬ, ਪੀ.ਆਰ.ਟੀ.ਸੀ. ਨੂੰ ਸਥਾਪਤ ਕਰਨਾ ਵੀ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਵੱਲ ਇੱਕ ਕਦਮ ਸੀ। ਇਹ ਵੀ ਉਸ ਵੱਡੀ ਲੜੀ ਦੀ ਇਕ ਕੜੀ ਸੀ। ਮਨਾਪਲੀ ਨੂੰ ਤੋੜਨ ਲਈ ਇਕ ਕਦਮ ਸੀ। ਡਿਪਟੀ ਸਪੀਕਰ ਸਾਹਿਬ, 25 ਸਾਲ ਪਹਿਲਾਂ ਪੀ.ਆਰ.ਟੀ.ਸੀ. ਬਣੀ ਸੀ। ਇਸ ਤੋਂ ਪਹਿਲਾਂ ਟਰਾਂਸਪੋਰਟ ਮਨਾਪਲਿਸਟਾਂ ਦੇ ਹੱਥ ਵਿਚ ਸੀ। ਉਹ ਡਰਾਈਵਰਾਂ ਨੂੰ ਤਨਖਾਹ ਬਹੁਤ ਘੱਟ ਦਿੰਦੇ ਸਨ। ਪ੍ਰਾਈਵੇਟ ਓਪਰੇਟਰਜ਼ ਲੋਕਾਂ ਨੂੰ ਬੋਰੀਆਂ ਵਾਂਗ ਬੱਸਾਂ ਵਿਚ ਭਰ ਕੇ ਲੈ ਜਾਂਦੇ ਹਨ। ਬੱਸਾਂ ਬੇਟਾਈਮ ਚਲਦੀਆਂ ਸਨ। ਡਿਪਟੀ ਸਪੀਕਰ ਸਾਹਿਬ, ਇਸ ਕਰਕੇ ਪੀ.ਆਰ.ਟੀ.ਸੀ. ਬਣੀ। ਸ਼ੁਰੂ ਵਿਚ ਕਈ ਡਿਫੀਕਲਟੀਜ਼ ਆਈਆਂ। (ਘੰਟੀ) ਸਟੇਬਿਲਿਟੀ ਕਰੀਏਟ ਕਰਨ ਵਿਚ ਕਈ ਡਿਫੀਕਲਟੀਜ਼ ਆਉਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਪੁਲੀਟੀਕਲ ਸਟੇਬਿਲਿਟੀ ਜਾਂ ਐਡਮਨਿਸਟਰੇਸ਼ਨ ਸਟੇਬਿਲਿਟੀ ਤੋਂ ਬਗੈਰ ਕੋਈ ਵੀ ਸੁਧਾਰ ਨਹੀਂ ਹੋ ਸਕਦਾ। ਇਸ ਦੇ ਹੁਣ ਤਕ 26 ਚੇਅਰਮੈਨ ਲੱਗੇ ਹਨ ਅਤੇ 18 ਜਨਰਲ ਮੈਨੇਜਰ ਬਣੇ। (ਘੰਟੀ) ਢੀਂਡਸਾ ਜੀ ਨੇ ਕਰੈਡਿਟ ਲੈਣਾ ਚਾਹਿਆ ਹੈ, ਪਰ ਇਹ ਕਰੈਡਿਟ ਉਨ੍ਹਾਂ ਨੂੰ ਨਹੀਂ ਜਾਂਦਾ ਸਗੋਂ ਚੇਅਰਮੈਨ ਜਾਂ ਜਨਰਲ ਮੈਨੇਜਰਾਂ ਨੂੰ ਜਾਂਦਾ ਹੈ। ਉਨ੍ਹਾਂ ਦੀ ਕੰਪੀਟੈਂਸੀ ਵੱਲ ਜਾਂਦਾ ਹੈ। ਸਾਡੀ ਸਰਕਾਰ ਨੇ ਰੂਲਜ਼ ਵੀ ਸਰਵਿਸ ਵਾਸਤੇ ਬਣਾਏ। ਬੱਸ ਸਟੈਂਡ ਪ੍ਰਾਪਰਲੀ ਮੇਨਟੇਨ ਕੀਤੇ ਗਏ, ਸਾਫ ਬੱਸਾਂ ਚਲਾਈਆਂ ਗਈਆਂ, ਸ਼ੀਸ਼ੇ, ਹਾਰਨ ਅਤੇ ਹੋਰ ਸਾਰੀਆਂ ਚੀਜ਼ਾਂ ਨੂੰ ਠੀਕ ਕਰਨ ਲਈ ਉਪਚਾਲੇ ਕੀਤੇ। ਹਰ ਡਰਾਈਵਰ ਨੂੰ ਇਕ ਇਕ ਬੱਸ ਦੇ ਦਿਤੀ ਤਾਂ ਕਿ ਉਹ ਆਪਣੀ ਬੱਸ ਦੀ ਸੰਭਾਲ ਕਰ ਸਕੇ। ਡਿਪਟੀ ਸਪੀਕਰ ਸਾਹਿਬ, ਬਾਡੀ ਬਿਲਡਿੰਗ ਯੂਨਿਟ ਸਾਡੀ ਸਰਕਾਰ ਨੇ ਕਰੀਏਟ ਕੀਤਾ ਹੈ। ਪਹਿਲਾਂ ਸਾਨੂੰ ਬਾਡੀਜ਼ ਬਾਹਰੋਂ ਬਣਾਉਣੀਆਂ ਪੈਂਦੀਆਂ ਸਨ, ਜਿਹੜੀਆਂ ਕਿ ਬਹੁਤ ਕਾਸਟਲੀ ਹੁੰਦੀਆਂ ਸਨ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਸਾਰੇ ਕੰਮ ਨੂੰ ਸੁਧਾਰਨ ਵਾਸਤੇ ਸਾਡੀ ਸਰਕਾਰ ਨੇ ਬਹੁਤ ਕਦਮ ਚੁਕੇ ਹਨ ਅਤੇ ਲੋਕਾਂ ਦੀ ਭਲਾਈ ਵਾਸਤੇ ਕਦਮ ਚੁੱਕੇ ਹਨ। ਇਹ ਸਾਡੀ ਗੌਰਮਿੰਟ ਹੀ ਬਹਾਦਰ ਕਦਮ ਚੁੱਕ ਸਕੀ ਹੈ, ਪਰ ਅਕਾਲੀਆਂ ਦੀ ਸਰਕਾਰ ਨਹੀਂ ਚੁੱਕ ਸਕੀ। ਲੋਕਾਂ ਦੀ

ਭਲਾਈ ਲਈ, ਡਿਪਟੀ ਸਪੀਕਰ ਸਾਹਿਬ, ਅਨਪਾਪੂਲਰ ਡਿਸੀਜ਼ਨ ਵੀ ਲੈਣੇ ਪੈਂਦੇ ਹਨ। 1977-78 ਵਿਚ ਆਂਧਰਾ ਪ੍ਰਦੇਸ਼ ਵਿਚ ਬੱਸ ਫੇਅਰ ਪ੍ਰਤੀ ਕਿਲੋ ਮੀਟਰ 6 ਪੈਸੇ ਸਨ ਅਤੇ ਪੰਜਾਬ ਵਿਚ 3.90 ਪੈਸੇ ਸਨ। ਪਰ ਅਕਾਲੀ ਸਰਕਾਰ ਨੇ 1977-78 ਵਿਚ ਇਹ ਰੇਟ ਨਹੀਂ ਵਧਾਏ। ਜੇਕਰ ਰੇਟ ਵਧਾ ਦਿੰਦੇ ਤਾਂ 5 ਕਰੋੜ ਰੁਪਏ ਦਾ ਫਾਇਦਾ ਹੋ ਜਾਂਦਾ। 1978-79 ਵਿਚ ਜੇਕਰ ਰੇਟ ਵਧਾ ਦਿੰਦੇ ਤਾਂ 6 ਕਰੋੜ ਰੁਪਏ ਦਾ ਫਾਇਦਾ ਸਰਕਾਰ ਨੂੰ ਹੋ ਜਾਂਦਾ। 1979-80 ਵਿਚ 7.40 ਕਰੋੜ ਰੁਪਏ ਦਾ ਫਾਇਦਾ ਹੋ ਜਾਂਦਾ। ਪਰ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਹੀ ਹਿੰਮਤ ਕਰਕੇ ਬੱਸਾਂ ਦੇ ਕਿਰਾਏ ਵਧਾਏ ਹਨ ਅਤੇ ਸਰਕਾਰੀ ਖਜ਼ਾਨੇ ਵਿਚ ਵਾਧਾ ਕੀਤਾ ਹੈ। ਇਹ ਅਕਾਲੀ ਭਰਾ ਤਾਂ ਅਟਾਨੋਮੀ ਤੋਂ ਬਾਹਿਰ ਨਹੀਂ ਨਿਕਲਦੇ। ਇਨ੍ਹਾਂ ਨੇ ਇੰਪਲਾਈਜ਼ ਨਾਲ ਵੀ ਧਕਾ ਕੀਤਾ ਹੈ। ਜੇਕਰ ਇਹ ਉਸ ਵੇਲੇ ਰੇਟ ਵਧਾ ਦਿੰਦੇ ਤਾਂ ਇੰਪਲਾਈਜ਼ ਨੂੰ 20 ਪ੍ਰਤੀਸ਼ਤ ਬੋਨਸ ਮਿਲਣਾ ਸੀ, ਪਰ ਉਹ ਨਹੀਂ ਮਿਲ ਸਕਿਆ। ਇਨ੍ਹਾਂ ਨੂੰ ਸਾਰਾ ਕੁਝ ਪਤਾ ਹੋਣ ਦੇ ਬਾਵਜੂਦ ਵੀ ਡਿਸੀਜ਼ਨ ਲੈਣ ਦੀ ਜੁਰੱਤ ਨਹੀਂ ਪਈ। (ਥੰਪਿੰਗ) ਲੋਕਾਂ ਦੀ ਭਲਾਈ ਵਾਸਤੇ, ਡਿਪਟੀ ਸਪੀਕਰ ਸਾਹਿਬ, ਕਈ ਵਾਰ ਅਨਪਾਪੂਲਰ ਡਿਸੀਜ਼ਨ ਲੈਣੇ ਪੈਂਦੇ ਹਨ। ਅਸੀਂ ਗੰਨੇ ਦੀ ਕੀਮਤ ਜ਼ਿਆਦਾ ਦਿੱਤੀ, ਕਣਕ ਦੀ ਕੀਮਤ ਜ਼ਿਆਦਾ ਦਿੱਤੀ ਅਤੇ ਕਪਾਹ ਦੀ ਕੀਮਤ ਜ਼ਿਆਦਾ ਦਿੱਤੀ। (ਥੰਪਿੰਗ) ਜਿਹੜਾ ਪੈਸਾ ਪੰਜਾਬ ਸਰਕਾਰ ਕੋਲ ਲੋਕਾਂ ਕੋਲੋਂ ਆਉਣਾ ਹੈ, ਉਹ ਲੋਕਾਂ ਦੀ ਭਲਾਈ ਵਾਸਤੇ ਹੀ ਖਰਚ ਕਰਨਾ ਹੈ। ਅਸੀਂ ਆਪ ਕਿਤੇ ਨਹੀਂ ਲੈ ਜਾਣਾ। ਇਸ ਲਈ ਮੈਂ ਮੁੱਖ ਮੰਤਰੀ ਨੂੰ ਰਿਕੁਐਸਟ ਕਰਾਂਗਾ ਕਿ ਇਲੈਕਟ੍ਰੀਸਿਟੀ ਬੋਰਡ ਦੇ ਜਿਹੜੇ ਚੇਅਰਮੈਨ ਅਤੇ ਮੈਂਬਰ ਹਨ, ਉਨ੍ਹਾਂ ਦੀ ਤਰ੍ਹਾਂ ਹੀ ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਦੀ ਮਿਆਦ 5 ਜਾਂ 6 ਸਾਲ ਕਰਨੀ ਚਾਹੀਦੀ ਹੈ ਤਾਕਿ ਉਹ ਠੀਕ ਪਲਾਨਿੰਗ ਕਰ ਸਕਣ ਅਤੇ ਇੰਪਲੀਮੈਂਟੇਸ਼ਨ ਕਰ ਸਕਣ ਔਰ ਜਿਹੜੀਆਂ ਕੁਰੀਤੀਆਂ ਹਨ ਉਨ੍ਹਾਂ ਨੂੰ ਕਢ ਸਕਣ। ਇਸ ਕਰਕੇ ਪੀ.ਆਰ.ਟੀ.ਸੀ. ਦੇ ਅਦਾਰੇ ਵਿਚ ਵੀ ਉਸ ਪੈਟਰਨ ਤੇ ਐਡਮਨਿਸਟ੍ਰੇਸ਼ਨ ਵਿਚ ਸਟੇਬਿਲਿਟੀ ਪੈਦਾ ਕਰਨੀ ਚਾਹੀਦੀ ਹੈ। ਦੂਸਰੀ ਗੱਲ ਮੈਂ ਇਹ ਸੁਝਾਵ ਦਿਆਂਗਾ ਕਿ ਪ੍ਰਾਈਵੇਟ ਟਰਾਂਸਪੋਰਟਰਜ਼ ਪੀ.ਆਰ.ਟੀ.ਸੀ. ਦੇ ਮੁਲਾਜ਼ਮਾਂ ਨੂੰ ਐਕਸਪਲਾਇਟ ਕਰਨ ਦੀ ਮੈਂਨਟੇਲਿਟੀ ਰਖਦੇ ਹਨ। ਕਮਜ਼ੋਰ ਛੋਟੇ ਮੁਲਾਜ਼ਮਾਂ ਨੂੰ ਉਹ ਖਰੀਦ ਲੈਂਦੇ ਹਨ ਅਤੇ ਇਸ ਤਰ੍ਹਾਂ ਅਦਾਰੇ ਨੂੰ ਖਰਾਬ ਕਰਦੇ ਹਨ। ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਨੈਸ਼ਨੇ-ਲਾਈਜ਼ੇਸ਼ਨ ਆਫ ਟਰਾਂਸਪੋਰਟੇਸ਼ਨ ਬਹੁਤ ਜ਼ਰੂਰੀ ਹੈ। ਸਾਨੂੰ ਇਹ ਜਲਦੀ ਕਰਨੀ ਚਾਹੀਦੀ ਹੈ ਤਾਕਿ ਸਾਰੀਆਂ ਕੁਰੀਤੀਆਂ ਖਤਮ ਹੋ ਜਾਣ। ਇਹ ਵੀ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਕਿ ਅਸੀਂ ਪੀ.ਆਰ.ਟੀ.ਸੀ. ਔਰ ਪੰਜਾਬ ਰੋਡਵੇਜ਼ ਨੂੰ ਅੱਛਾ ਬਣਾਵਾਂਗੇ, ਜਿਹੜੀ ਹਰਿਆਣਾ ਤੋਂ ਵੀ ਅਛੀ ਹੋ ਜਾਵੇਗੀ।

ਸ਼੍ਰੀ ਡਿਪਟੀ ਸਪੀਕਰ : ਸੀ. ਐਮ. ਸਾਹਿਬ।

ਸਰਦਾਰ ਦਲੀਪ ਸਿੰਘ ਪਾਂਧੀ : ਮੇਰਾ ਆਪਣਾ ਰੈਜ਼ੋਲਿਊਸ਼ਨ ਨਹੀਂ ਆਇਆ ਹੈ।

ਸਰਦਾਰ ਰਵੀ ਇੰਦਰ ਸਿੰਘ : ਇਹ ਇਸਦਾ ਰਾਈਟ ਹੈ। ਜੋ ਢੀਂਡਸਾ ਸਾਹਿਬ ਬੋਲੇ ਹਨ, ਉਹ ਅਕਾਲੀ ਪਾਰਟੀ ਵਲੋਂ ਬੋਲੇ ਹਨ। ਇਹ ਪਰਾਇਮਰੀ ਮੂਵਰ ਹਨ ਰੈਜ਼ੋਲਿਊਸ਼ਨ ਦੇ, ਇਨ੍ਹਾਂ ਨੂੰ ਰਾਈਟ ਹੈ ਬੋਲਣ ਦਾ। ਪਾਸਟ ਪਰੈਸੀਡੈਂਸ ਹੈ। ਇਨ੍ਹਾਂ ਨੂੰ ਪੰਜ ਮਿੰਟਾਂ ਲਈ ਬੋਲ ਲੈਣ ਦਿਓ।

ਸ੍ਰੀ ਡਿਪਟੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਪੰਜ ਮਿੰਟਾਂ ਲਈ ਬੋਲ ਲਵੋ ।

Sardar Dalip Singh Pandhi : Sir, I beg to move—

That the Administration Report of the Pepsu Road Transport Corporation..............(*Interruption*).

ਸ੍ਰੀ ਡਿਪਟੀ ਸਪੀਕਰ : ਤੁਸੀਂ ਵੈਸੇ ਬੋਲੋ ਔਰ ਮੂਵ ਨਾ ਕਰੋ ।

ਸਰਦਾਰ ਬੀਰਦਵਿੰਦਰ ਸਿੰਘ : ਮੈਨੂੰ ਤੁਸੀਂ ਬੋਲਣ ਨਹੀਂ ਦਿੱਤਾ । ਮੈਂ ਬੋਲਣ ਲਗਾ ਤਾਂ ਤੁਸੀਂ ਘੰਟੀਆਂ ਮਾਰਣ ਲਗ ਪਏ ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ ਐਸ.ਸੀ.) : ਮੈਨੂੰ ਬੜੀ ਖੁਸ਼ੀ ਹੈ ਕਿ ਇਹ ਲੋਕ ਤਾਂ ਤਹੱਮਲ ਨਾਲ ਸੁਣ ਰਹੇ ਹਨ, ਪਰ ਇਹ ਜਿਹੜਾ ਜੱਥਾ ਹੈ (ਸਰਦਾਰ ਬੀਰਦਵਿੰਦਰ ਸਿੰਘ ਵੱਲ ਇਸ਼ਾਰਾ ਕਰਦੇ ਹੋਏ) ਇਹ ਸਾਨੂੰ ਨਹੀਂ ਸੁਣਦਾ । ਰੈਲੀ ਵਿਚ ਪੀ.ਆਰ.ਟੀ.ਸੀ. ਦੀਆਂ ਕਈ ਬੱਸਾਂ ਗਈਆਂ । ਪਹਿਲੀ ਵਾਰੀ ਇਸ ਵਿਚ ਘਾਟਾ ਪਿਆ ਹੈ । ਬੱਸਾਂ ਵਿਚ ਸਫਾਈ ਬਿਲਕੁਲ ਨਹੀਂ ਹੁੰਦੀ । ਪਟਿਆਲਾ ਬੱਸ ਅੱਡਾ ਬਹੁਤ ਖਰਾਬ ਹੈ । ਅਫਸੋਸ ਹੈ ਕਿ 24 ਆਈ. ਏ. ਐਸ. ਅਫਸਰਾਂ ਦੇ ਖਿਲਾਫ ਔਰ 10 ਪੀ.ਸੀ.ਐਸ. ਅਫਸਰਾਂ ਦੇ ਖਿਲਾਫ ਇਨਕੁਆਇਰੀਆਂ ਚਲ ਰਹੀਆਂ ਹਨ, ਫਿਰ ਇਸ ਵਿਚ ਸੁਧਾਰ ਕਿਵੇਂ ਹੋ ਸਕਦਾ ਹੈ । ਇਨ੍ਹਾਂ ਅਫਸਰਾਂ ਦੇ ਖਿਲਾਫ ਇਨਕੁਆਇਰੀਆਂ ਮੁਕੰਮਲ ਹੋਣੀਆਂ ਚਾਹੀਦੀਆਂ ਹਨ । ਪੀ.ਆਰ.ਟੀ.ਸੀ. ਦਾ ਪਰਬੰਧ ਪ੍ਰਾਈਵੇਟ ਹੱਥਾਂ ਵਿਚ ਹੋਣਾ ਚਾਹੀਦਾ ਹੈ । ਐਮ.ਐਲ.ਏਜ਼., ਦੇ ਹੱਥਾਂ ਵਿਚ ਇਸ ਦਾ ਕੰਟਰੋਲ ਕਰ ਦਿਉ ਭਾਵੇਂ ਕਾਂਗਰਸੀ ਐਮ.ਐਲ.ਏਜ਼. ਹੀ ਹੋਣ । ਪੀ.ਆਰ.ਟੀ.ਸੀ. ਦੀਆਂ ਕਾਰਾਂ ਪ੍ਰਾਈਵੇਟ ਤੌਰ ਤੇ ਇਸਤੇਮਾਲ ਹੁੰਦੀਆਂ ਹਨ । ਇਸ ਬਾਰੇ ਵੀ ਇਨਕੁਆਇਰੀ ਹੋਣੀ ਚਾਹੀਦੀ ਹੈ । ਇਹ ਪ੍ਰਾਈਵੇਟ ਯੂਜ਼ ਹੋਣ ਤੋਂ ਰੋਕਿਆ ਜਾਣਾ ਚਾਹੀਦਾ ਹੈ । ਇਹ ਚੀਜ਼ ਭਾਵੇਂ ਸਾਡੇ ਰਾਜ ਵੇਲੇ ਵੀ ਨਹੀਂ ਹੋ ਸਕੀ, ਪਰ ਮੈਂ ਕਹਿੰਦਾ ਹਾਂ ਕਿ ਇਹ ਹੁਣ ਕਰ ਦੇਣੀ ਚਾਹੀਦੀ ਹੈ । ਇਸ ਵਿਚ ਭਰਤੀ ਲਈ ਕੋਈ ਰੂਲ ਨਹੀਂ ਹੈ । ਸ਼ਡਿਊਲਡ ਕਾਸਟਸ ਲਈ ਭਰਤੀ ਨਹੀਂ ਹੁੰਦੀ । ਇਨ੍ਹਾਂ ਦੀ ਆਪਣੀ ਡਿਸਕ੍ਰੀਸ਼ਨ ਹੈ ਕਿ ਜਿਸ ਨੂੰ ਮਰਜ਼ੀ ਭਰਤੀ ਕਰ ਲੈਣ । ਰੂਲ ਆਫ ਜੰਗਲ ਇਸ ਵੇਲੇ ਉਥੇ ਪਰੀਵੇਲ ਕਰ ਰਿਹਾ ਹੈ । ਐਮਰਜੈਂਸੀ ਦੇ ਦਿਨਾਂ ਵਿਚ ਵਰਕਰਾਂ ਨੂੰ ਬੋਲਣ ਨਹੀਂ ਦਿੱਤਾ ਗਿਆ ਔਰ ਜਿਸ ਨੂੰ ਮਰਜ਼ੀ ਇਹ ਹਟਾ ਦਿੰਦੇ ਸਨ । ਪੁਰਜ਼ੇ ਜਿਹੜੇ ਪ੍ਰਾਈਵੇਟ ਬੰਦੇ 5 ਰੁਪਏ ਨੂੰ ਲੈਂਦੇ ਹਨ, ਉਹੀ ਪੁਰਜ਼ਾ ਇਹ 50 ਰੁਪਏ ਨੂੰ ਖਰੀਦਦੇ ਹਨ । ਸਿਫਾਰਿਸ਼ ਨਾਲ ਏਜੰਸੀਆਂ ਲੈਂਦੇ ਹਨ । ਕਿਸੇ ਗੱਡੀ ਨਾਲ ਸਪੇਅਰ ਟਾਇਰ ਨਹੀਂ ਹੈ । ਕਿਸੇ ਗੱਡੀ ਨਾਲ ਸਪੇਅਰ ਵ੍ਹੀਲ ਨਹੀਂ ਹੈ । ਕਿਸੇ ਗੱਡੀ ਨਾਲ ਕੰਪਲੇਂਟ ਬੁਕ ਨਹੀਂ ਹੈ । ਕਿਸੇ ਗੱਡੀ ਨਾਲ ਰੈਡਕਰਾਸ ਬੁਕ ਨਹੀਂ ਹੈ । ਕੋਈ ਇਨ੍ਹਾਂ ਬਸਾਂ ਵਿਚ ਸਫਰ ਕਰਨਾ ਪਸੰਦ ਨਹੀਂ ਕਰਦਾ । ਇਨ੍ਹਾਂ ਬੱਸਾਂ ਦਾ ਪਰਬੰਧ ਬਿਲਕੁਲ ਨਾਕਸ ਹੈ । ਸਭ ਤੋਂ ਵੱਧ ਐਕਸੀਡੈਂਟਸ ਪੀ.ਆਰ.ਟੀ.ਸੀ. ਬੱਸਾਂ ਦੇ ਹੁੰਦੇ ਹਨ । 226 ਬੱਸਾਂ ਵਿਚੋਂ 40 ਬੱਸਾਂ ਘਟ ਹਨ । ਪਿੰਡਾਂ ਵਿਚ ਇਹ ਬੱਸਾਂ ਨਹੀਂ ਵੜਦੀਆਂ । ਬੱਸਾਂ ਪਾਸ ਨਹੀਂ ਹਨ । ਅਸੀਂ ਗਰੀਬ ਲੋਕ ਹੀ ਇਨ੍ਹਾਂ ਬੱਸਾਂ ਵਿਚ ਮਰਦੇ ਹਾਂ । ਸਰਹਿੰਦ-ਪਟਿਆਲਾ ਰੋਡ ਤੇ ਐਕਸੀਡੈਂਟਸ ਹੁੰਦੇ ਹਨ । ਸਰਦਾਰ ਬੀਰ ਪਾਲ ਸਿੰਘ ਨੂੰ ਪਤਾ ਹੈ । ਇਹ ਵਿਚਾਰੇ ਮਸਾਂ ਬਚੇ ਹਨ । ਬੱਸਾਂ ਦੀਆਂ ਬਰੇਕਾਂ ਨਹੀਂ ਹਨ । ਬਗੈਰ ਚੈਕਿੰਗ ਤੇ ਅੱਡੇ ਤੋਂ ਬੱਸਾਂ ਕਢ ਦਿੰਦੇ ਹਨ ਅਤੇ ਅੱਗੇ ਜਾਕੇ ਬੱਸਾਂ ਖੜ੍ਹ ਜਾਂਦੀਆਂ

ਹਨ । ਬੱਸਾਂ ਦੀਆਂ ਛੱਤਾਂ ਤੇ ਬੈਠ ਕੇ ਲੜਕੀਆਂ ਜਾਂਦੀਆਂ ਹਨ । ਇਹ ਜਿਹੜੇ 43% ਕਰਾਇਆਂ ਵਿਚ ਵਾਧਾ ਕੀਤਾ ਗਿਆ ਹੈ, ਇਸ ਨਾਲ ਵੀ ਇਸ ਵਿਚ ਕੋਈ ਸੁਧਾਰ ਨਹੀਂ ਹੋਇਆ । ਸਰਕਾਰੀ ਅਫਸਰ ਇਨ੍ਹਾਂ ਕਾਰਾਂ ਵਿਚ ਪ੍ਰਾਈਵੇਟ ਤੌਰ ਤੇ ਫਿਰਦੇ ਹਨ। (ਸ੍ਰੀ ਸੰਤ ਰਾਮ ਸਿੰਗਲਾ ਵਲੋਂ ਵਿਘਨ) ਇਨ੍ਹਾਂ ਬੱਸਾਂ ਦਾ ਨਾਕਸ ਪਰਬੰਧ ਹੈ । ਸਰਕਾਰ ਦੀਆਂ ਹਦਾਇਤਾਂ ਦੀ ਇਹ ਪਾਲਣਾ ਨਹੀਂ ਕਰਦੇ । ਇਸ ਮਹਿਕਮੇ ਤੋਂ ਚਿੱਠੀ ਦਾ ਮੈਨੂੰ ਕੋਈ ਜਵਾਬ ਨਹੀਂ ਆਉਂਦਾ । ਜੇਕਰ ਕੋਈ ਸੁਜੈਸ਼ਨਜ਼ ਦਿੱਤੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਕੋਈ ਮੰਨਦਾ ਨਹੀਂ ਹੈ । ਪੀ.ਆਰ.ਟੀ.ਸੀ. ਦਾ ਪਰਬੰਧ ਘਾਟੇ ਵਿਚ ਜਾ ਰਿਹਾ ਹੈ (ਵਿਘਨ)

ਲੇਡੀਜ਼ ਦੇ ਬੈਠਣ ਲਈ ਕੋਈ ਸੀਟ ਰਿਜ਼ਰਵ ਨਹੀਂ ਹੈ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਸੀ ਇਸ ਮਜ਼ਮੂਨ ਦੇ ਉਤੇ ਕੋਈ ਡਿਸਕਸ਼ਨ ਨਹੀਂ ਹੋਣੀ ਕਿਉਂਕਿ ਮੈਂਬਰਾਂ ਨੇ ਕਿਹਾ ਸੀ ਕਿ ਸਾਡੇ ਛੇ ਵਜੇ ਤਕ ਹਾਊਸ ਨੇ ਚਲਣਾ ਹੈ । ਪਰ ਮੈਂ ਕਹਿੰਦਾ ਹਾਂ ਕਿ ਫਿਰ ਵੀ ਮੈਂਬਰਾਂ ਨਾਲ ਜਸਟੀਫੀਕੇਸ਼ਨ ਨਹੀਂ ਹੋਈ ਜੇ ਹੋਰ ਮੈਂਬਰਾਂ ਨੇ ਬੋਲਣਾ ਹੈ ਤਾਂ ਬੋਲ ਲੈਣ ਘੰਟਾ ਦੋ ਘੰਟੇ, ਸਾਨੂੰ ਕੋਈ ਇਤਰਾਜ਼ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਕਿਉਂਕਿ ਬਹੁਤ ਸਾਰੇ ਮੈਂਬਰਾਂ ਨੇ ਬਹੁਤ ਕਲੀਅਰ ਕਰ ਦਿਤਾ ਹੈ । ਬੜੀ ਕਲੀਅਰ ਪੋਜ਼ੀਸ਼ਨ ਕਰ ਦਿਤੀ ਹੈ, ਦੋਨਾਂ ਪਾਸਿਆਂ ਦੇ ਮਾਨਯੋਗ ਮੈਂਬਰਾਂ ਨੇ । ਕੁਝ ਤਜਵੀਜ਼ਾਂ ਚੰਗੀਆਂ ਵੀ ਆਈਆਂ ਹਨ । ਮੈਂ ਥੋੜ੍ਹੀਆਂ ਗਲਾਂ ਹੀ ਕਰਨਾ ਚਾਹੁੰਦਾ ਹਾਂ। ਮੈਂ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਹੈਪਹੈਜ਼ਰਡਲੀ, ਅਨਵਾਂਟਿਡ ਅਤੇ ਇਰਰਿਸਪਾਂਸੀਬਲ ਤਰੀਕੇ ਨਾਲ ਜਿਹੜੇ ਇਲਜ਼ਾਮ ਲੱਗਦੇ ਹਨ, ਉਹ ਸਾਹਿਬਾਨ ਆਪ ਦੇਖ ਲੈਣ ਫਿਰ ਨਾ ਕਹਿਣ ਕਿ ਗਲਤੀ ਹੋ ਗਈ ਹੈ । (ਥੰਪਿੰਗ) ਇਹ ਤਿੰਨ ਸਾਲ ਆਪ ਹਕੂਮਤ ਕਰਦੇ ਰਹੇ ਹਨ । ਇਹ ਜੋ ਰਿਪੋਰਟ ਡਿਸਕੱਸ ਹ ਰਹੀ ਹੈ, ਇਹ ਕੋਈ ਹੁਣ ਦੇ ਚਾਰ ਮਹੀਨਿਆਂ ਦੀ ਰਿਪੋਰਟ ਨਹੀਂ ਹੈ । ਇਹ ਤੁਹਾਡੇ ਸਮੇਂ ਦੀ ਰਿਪੋਰਟ ਹੈ । ਅਸਲ ਵਿਚ ਇਹ ਡਿਸਕੱਸ਼ਨ ਰਿਪੋਰਟ ਤੇ ਨਹੀਂ ਸੀ । ਇਹ ਡਿਸਕੱਸ਼ਨ ਸਾਡੇ ਪੀਰੀਅਡ ਤੇ ਇਨ੍ਹਾਂ ਨੇ ਕੀਤੀ ਹੈ। ਠੀਕ ਹੈ, ਮੈਂ ਕਹਿੰਦਾ ਹਾਂ ਕਿ ਇਸ ਪੀਰੀਅਡ ਤੇ ਡਿਸਕੱਸ਼ਨ ਕਰਨੀ ਚਾਹੀਦੀ ਹੈ, ਕਿਉਂਕਿ it is open to discussion in democratic set up. ਡੈਮੋਕਰੈਟਿਕ ਸੈਟ ਅਪ ਵਿਚ ਕੋਈ ਵੀ ਕੁਝ ਬੋਲ ਸਕਦਾ ਹੈ, ਪਰ ਇਰਰਿਸਪਾਂਸੀਬਲ ਨਾ ਬੋਲੇ । ਜਿਹੜੀ ਚੀਜ਼ ਇਸ ਨਾਲ ਕਨਸਰੰਡ ਨਹੀਂ ਹੈ, ਉਸ ਉਤੇ ਬੋਲਣਾ ਹਾਊਸ ਦਾ ਵਕਤ ਜ਼ਾਇਆ ਕਰਨ ਦੇ ਬਰਾਬਰ ਹੈ। ਖੈਰ, ਅੱਗੇ ਵਾਸਤੇ ਇਸ ਪਾਸੇ ਧਿਆਨ ਰੱਖਣਾ ਚਾਹੀਦਾ ਹੈ। ਇਥੇ ਢੀਂਡਸਾ ਸਾਹਿਬ ਨੇ ਰਿਪੋਰਟ ਦੇ ਬਾਰੇ ਕਿਹਾ । (ਵਿਘਨ) ਰਿਪੋਰਟ ਤਾਂ ਅਸੀਂ ਅਗਲੇ ਸਾਲ ਦੀ ਵੀ ਦੇ ਦਿਤੀ ਹੈ ਤਾਕਿ ਇਸ ਉਤੇ ਡਿਸਕੱਸ਼ਨ ਹੋ ਸਕ । ਪਰ ਉਸ ਉ. ਡਿਸਕੱਸ਼ਨ ਨਹੀਂ ਹੋਈ । ਖੈਰ, ਮੈਂ ਉਸ ਪਾਸੇ ਨਹੀਂ ਜਾਣਾ ਚਾਹੁੰਦਾ । ਮੈਂ ਦੋ ਚਾਰ ਗੱਲਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਦੀ ਮਹੱਤਤਾ ਹੈ । ਮੈਂ ਕੋਈ ਆਵਾਗੌਣ ਕੁਐਸਚਨਾਂ ਦਾ ਜਵਾਬ ਨਹੀਂ ਦਿੰਦਾ । ਇਥੇ ਸੇਵਾ ਰਾਮ ਨੇ ਅਫਸਰਾਂ ਤੇ ਐਲੀਗੇਸ਼ਨ ਲਾਏ । ਮੈਂ ਕਿਸੇ ਤੇ ਐਲੀਗੇਸ਼ਨ ਨਹੀਂ ਲਾਉਂਦਾ ਬਗੈਰ ਉਸ ਦੀ ਵੈਰੀਫੀਕੇਸ਼ਨ ਦੇ । ਭਾਵੇਂ ਉਹ ਕਿਸੇ ਦਾ ਰਿਸ਼ਤੇਦਾਰ ਹੋਵੇ, ਕਿਸੇ ਮਨਿਸਟਰ ਦਾ ਰਿਸ਼ਤੇਦਾਰ ਹੋਵੇ, ਮੈਂ ਕਿਸੇ ਤੇ ਐਵੇਂ ਐਲੀਗੇਸ਼ਨ ਨਹੀਂ ਲਾਉਂਦਾ । ਮੈਂ ਇਹ ਦੇਖਣਾ ਹੈ ਕਿ ਉਹ ਬੰਦਾ ਜਿਥੋਂ ਗਿਆ ਆਇਆ ਉਨ੍ਹਾਂ ਦੇ ਖਿਲਾਫ ਪਹਿਲਾਂ ਕੋਈ ਕੇਸ

[ਮੁੱਖ ਮੰਤਰੀ]

ਤਾਂ ਨਹੀਂ ਸੀ। ਜੇ ਕੇਸ ਸੀ ਤਾਂ ਜਿਸ ਨੇ ਉਸ ਨੂੰ ਭੇਜਿਆ, ਉਸ ਨੂੰ ਮੈਂ ਪਹਿਲਾਂ ਜ਼ਰੂਰ ਦੇਖਾਂਗਾ। (ਥੰਪਿੰਗ) ਜੇ ਇਰੀਗੇਸ਼ਨ ਡਿਪਾਰਟਮੈਂਟ ਤੋਂ ਕੋਈ ਲਿਆ ਗਿਆ ਤਾਂ ਮੈਂ ਇਹ ਦੇਖਾਂਗਾ ਕਿ ਉਸ ਦੇ ਖਿਲਾਫ਼ ਉਥੇ ਕੋਈ ਐਲੀਗੇਸ਼ਨ ਤਾਂ ਨਹੀਂ ਸੀ। ਆਇਆ ਉਸ ਦਾ ਕੰਮ ਠੀਕ ਸੀ। ਜੇ ਉਸਨੇ ਚੰਗਾ ਕੰਮ ਕੀਤਾ ਤਾਂ ਉਸ ਨੂੰ ਛੇੜਨਾ ਨਹੀਂ ਚਾਹੀਦਾ। ਸਾਡੀ ਕੋਸ਼ਿਸ਼ ਹੈ ਕਿ ਉਨ੍ਹਾਂ ਦਾ ਬੀਹਵੀਅਰ ਚੰਗਾ ਹੋਵੇ। ਮੈਂ ਪਹਿਲਾਂ ਵੀ ਇਕ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਸਾਡੀ ਇਹ ਕੋਸ਼ਿਸ਼ ਹੈ ਕਿ ਜਿਹੜੇ ਬੰਦੇ ਲਾਈਏ ਉਹ ਚੰਗੇ ਪੜ੍ਹੇ ਲਿਖੇ ਅਤੇ ਸਮਝਦਾਰ ਲਾਈਏ। ਜੇ ਦਸਵੀਂ ਫੇਲ੍ਹ ਜਨਰਲ ਮੈਨੇਜਰ ਲਾ ਦਿਆਂਗੇ ਤਾਂ ਉਸ ਨਾਲ ਨੁਕਸਾਨ ਹੋਣ ਦਾ ਡਰ ਹੈ। ਉਨ੍ਹਾਂ ਨੂੰ ਪੁਰਜ਼ਿਆਂ ਦਾ ਪਤਾ ਨਹੀਂ। ਉਹ ਪੁਰਜ਼ਿਆਂ ਦੇ ਨਾਮ ਯਾਦ ਨਹੀਂ ਰੱਖ ਸਕਦੇ। ਉਹ ਠੀਕ ਤਰ੍ਹਾਂ ਹਿਸਾਬ ਕਿਤਾਬ ਨਹੀਂ ਰੱਖ ਸਕਦੇ। ਅਸੀਂ ਅੱਗੇ ਨੂੰ ਕੋਸ਼ਿਸ਼ ਕਰਾਂਗੇ ਕਿ ਇਨਐਫੀਸ਼ੈਂਟ ਬੰਦੇ ਇਸ ਵਿਚ ਨਹੀਂ ਆਉਣੇ ਚਾਹੀਦੇ। (ਵਿਘਨ) ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਇਕ ਕੰਟੀਨਿਊ ਪ੍ਰੋਸੈਸ ਹੈ। ਜੇ ਪਿਛਲੀ ਸਰਕਾਰ ਨੇ ਚੰਗੇ ਕੰਮ ਕੀਤੇ ਤਾਂ ਮੈਂ ਉਸ ਦੀ ਨਿੰਦਿਆ ਨਹੀਂ ਕਰਦਾ, ਹਾਂ ਜੇ ਮਾੜੇ ਕੰਮ ਕੀਤੇ ਹਨ ਤਾਂ ਉਹ ਮੈਂ ਤੁਹਾਡੇ ਸਾਹਮਣੇ ਜ਼ਰੂਰ ਰੱਖਦਾ ਹਾਂ ਕਿ ਉਦੋਂ ਠੀਕ ਨਹੀਂ ਸੀ ਹੋਇਆ ਜਿਸ ਨੂੰ ਕਿ ਦਰੁਸਤ ਕਰਨ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਗਿਆ ਕਿ ਜਨਰਲ ਮੈਨੇਜਰ 11 ਦੀ ਥਾਂ ਤੇ 14 ਰੱਖੇ ਹਨ। ਫਿਰ ਇਹ ਕਹਿੰਦੇ ਹਨ ਕਿ 11 ਦੀ ਥਾਂ ਤੇ 14-15 ਡਿਪੋ ਮੈਨੇਜਰ ਰੱਖੇ ਹਨ ਅਤੇ ਉਨ੍ਹਾਂ ਦੇ ਕੋਲੋਂ ਡਿਪੋ ਮੈਨੇਜਰ ਦਾ ਕੰਮ ਨਹੀਂ ਲਿਆ ਜਾਂਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਇਸ ਕਰਕੇ ਨਹੀਂ ਲਾਇਆ। ਇਨ੍ਹਾਂ ਨੂੰ ਇਸ ਕਰਕੇ ਲਾਇਆ ਹੈ ਕਿ ਉਹ ਇਨਕੁਆਰੀਆਂ ਕਰਕੇ ਦੱਸਣ ਕਿ ਕਿਥੇ ਖਰਾਬੀ ਹੈ ਅਤੇ ਕਿਸ ਨੇ ਖਰਾਬੀ ਕੀਤੀ ਹੈ ਤਾਕਿ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ। ਜੇ ਉਨ੍ਹਾਂ ਦੀ ਲੋੜ ਨਾ ਹੋਵੇ ਤਾਂ ਫਿਰ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ ਰੱਖਣਾ ਹੈ। ਪਰ ਜੇ ਕਿਹਾ ਜਾਵੇ ਕਿ ਇਹ ਜਾਣ ਬੁੱਝਕੇ ਰੱਖੇ ਗਏ ਅਤੇ ਇਨ੍ਹਾਂ ਦੀ ਕੋਈ ਲੋੜ ਨਹੀਂ ਸੀ ਤਾਂ ਇਹ ਕੋਈ ਐਸੀ ਗੱਲ ਨਹੀਂ ਹੈ। (ਵਿਘਨ)

ਇਥੇ ਐਕਸੀਡੈਂਟਸ ਦੇ ਬਾਰੇ ਕਿਹਾ ਗਿਆ। (ਵਿਘਨ) ਤੁਸੀਂ ਸੁਣ ਤਾਂ ਲਵੋ। ਬਰੇਕ ਡਾਊਨ ਦੇ ਬਾਰੇ ਕਿਹਾ ਗਿਆ। 10 ਹਜ਼ਾਰ ਕਿਲੋ ਮੀਟਰ ਦੇ ਪਿਛੇ 1977-78 ਵਿਚ ਇਹ 2.28 ਸੀ। 1978-79 ਵਿਚ ਇਹ 2.18 ਸੀ। 1979-80 ਵਿਚ ਇਹ 1.58 ਸੀ ਅਤੇ ਹੁਣ ਇਹ 1.28 ਹੈ। ਸੋ ਇਸ ਵਿਚ ਇੰਪਰੂਵਮੈਂਟ ਹੋਈ ਹੈ। ਡੈਫੀਨਿਟਲੀ ਇੰਪਰੂਵਮੈਂਟ ਹੋਈ ਹੈ। ਇਸ ਪਾਸੇ ਵੱਲ ਧਿਆਨ ਦਿਤਾ ਗਿਆ ਹੈ। ਅਸੀਂ ਚਾਹੁੰਦੇ ਹਾਂ ਕਿ ਜੇ ਬੱਸਾਂ ਦਾ ਕਿਰਾਇਆ ਵਧਾਇਆ ਜਾਵੇ ਤਾਂ ਉਸ ਦੀ ਸਰਵਿਸ ਵਿਚ ਵੀ ਇੰਪਰੂਵਮੈਂਟ ਹੋਣੀ ਚਾਹੀਦੀ ਹੈ। ਅਗਰ ਉਸ ਵਿਚ ਕਮੀ ਹੈ ਤਾਂ ਉਸ ਵਿਚ ਸੁਧਾਰ ਕੀਤਾ ਜਾਵੇ। ਇੰਪਰੂਵਮੈਂਟ ਹਰ ਚੀਜ਼ ਵਿਚ ਹੋਣੀ ਚਾਹੀਦੀ ਹੈ। ਜਿਵੇਂ ਅਸੀਂ ਕਹਿੰਦੇ ਹਾਂ ਕਿ ਹਰ ਆਦਮੀ ਪੜ੍ਹਿਆ ਲਿਖਿਆ ਵੀ ਆਪਣੀ ਸਾਰੀ ਜ਼ਿੰਦਗੀ ਵਿਚ ਸਟੂਡੈਂਟ ਵੀ ਹੈ ਭਾਵੇਂ ਉਹ ਪ੍ਰੋਫੈਸਰ ਕਿਉਂ ਨਾ ਲੱਗ ਜਾਵੇ। ਕਈ ਪ੍ਰੋਫੈਸਰ ਸਟੂਡੈਂਟ ਨਾਲੋਂ ਵੀ ਮਾੜੇ ਹੁੰਦੇ ਹਨ। ਉਨ੍ਹਾਂ ਨੂੰ ਸਟੂਡੈਂਟਸ ਤੋਂ ਵੀ ਸਿੱਖਣਾ ਪੈਂਦਾ ਹੈ। (ਥੰਪਿੰਗ) ਸੋ ਹਰ ਪਾਸੇ, ਹਰ ਥਾਂ ਜਾਂ ਹਰ ਬੰਦੇ ਵਿਚ ਇੰਪਰੂਵਮੈਂਟ ਦੀ ਗੁੰਜ਼ਾਇਸ਼ ਹੈ। ਜਿਹੜਾ ਆਦਮੀ, ਡਿਪਟੀ ਸਪੀਕਰ ਸਾਹਿਬ, ਇਹ ਗੁੰਜ਼ਾਇਸ਼ ਰੱਖ ਕੇ ਨਹੀਂ ਤੁਰਦਾ ਉਹ ਬੜਾ ਬਲਰਡ ਹੁੰਦਾ ਹੈ ਅਤੇ ਉਹ ਕਦੇ ਵੀ ਨਵੀਂ ਚੀਜ਼ ਗ੍ਰਹਿਣ ਨਹੀਂ ਕਰ ਸਕਦਾ।

ਇਥੇ ਬੱਸਾਂ ਦੀ ਕਲੀਅਰੈਂਸ ਦਾ ਜ਼ਿਕਰ ਕੀਤਾ। ਵਿੰਡੋ ਗਲਾਸਿਜ਼ ਦਾ ਜ਼ਿਕਰ ਕੀਤਾ। ਕਿਹਾ ਗਿਆ ਕਿ ਬੱਸਾਂ ਦੀ ਠੀਕ ਸਫਾਈ ਨਹੀਂ ਹੁੰਦੀ ਅਤੇ ਸੀਸ਼ੇ ਟੁੱਟੇ ਹੁੰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਮਾਨਯੋਗ ਮੈਂਬਰ ਸ਼ਾਇਦ ਕੰਡੈਮ ਪਈਆਂ ਮੋਟਰਾਂ ਨੂੰ ਦੇਖ ਆਏ ਹਨ। (ਵਿਘਨ) ਵਾਸ਼ਿੰਗ ਫੈਸਿਲਿਟੀ ਦਿਤੀ ਹੈ, ਵਾਸ਼ਿੰਗ ਹੋ ਰਹੀ ਹੈ। ਟਾਇਰ ਵੀ ਨਾਲ ਰੱਖੇ ਹਨ। ਜਿਥੋਂ ਤਕ ਮੋਟਰਾਂ ਦੀ ਵਾਸ਼ਿੰਗ ਦੀ ਗੱਲ ਦਾ ਤੁਅੱਲਕ ਹੈ ਹੁਣ ਕੋਸ਼ਿਸ਼ ਕੀਤੀ ਹੈ ਕਿ ਉਹ ਸਫਾਈ ਹੋ ਕੇ ਉਥੋਂ ਨਿਕਲਣ। (ਵਿਘਨ) ਉਨ੍ਹਾਂ ਵਿਚ ਮੂੰਗਫਲੀ ਨਾ ਹੋਵੇ ਕਿਉਂਕਿ ਕਿਹਾ ਗਿਆ ਹੈ ਕਿ ਵਿਚ ਮੂੰਗਫਲੀ ਪਈ ਹੁੰਦੀ ਹੈ। ਪੀ. ਆਰ. ਟੀ. ਸੀ. ਵਿਚ ਕਾਫੀ ਮੋਟਰਾਂ ਬਦਲੀਆਂ ਹਨ। ਸਾਡੀਆਂ ਜਿਤਨੀਆਂ ਵਰਕਸ਼ਾਪਾਂ ਹਨ ਸਾਡੀ ਕੋਸ਼ਿਸ਼ ਹੈ ਕਿ ਜਿਹੜੀ ਵੀ ਕੋਈ ਮੋਟਰ ਨਿਕਲਦੀ ਹੈ, ਉਹ ਰਸਤੇ ਵਿਚ ਕਿਧਰੇ ਖੜੀ ਨਾ ਰਹੇ, ਉਸ ਦੀ ਮੁਰੰਮਤ ਨਜ਼ਦੀਕ ਤੋਂ ਨਜ਼ਦੀਕ ਵਰਕਸ਼ਾਪ ਵਿਚ ਹੋ ਜਾਵੇ। 27 ਵਰਕਸ਼ਾਪਸ ਪੀ. ਆਰ. ਟੀ. ਸੀ. ਐਂਡ ਰੋਡਵੇਜ਼ ਦੀਆਂ ਹਨ, ਜਿਨ੍ਹਾਂ ਵਿਚ ਮਾਡਰਨ ਮਸ਼ੀਨਰੀ ਲਿਆ ਕੇ ਲਾਈ ਹੈ ਤਾਂ ਕਿ ਜੇ ਬੱਸ ਦੋ ਦਿਨ ਭੀ ਖੜੀ ਹੋ ਜਾਏ ਤਾਂ ਉਸ ਦਾ ਨੁਕਸਾਨ ਹੁੰਦਾ ਹੈ ਅਤੇ ਉਹ ਜਲਦੀ ਜਲਦੀ ਠੀਕ ਹੋਵੇ ਤਾਂਕਿ ਉਸ ਦਾ ਨੁਕਸਾਨ ਨਾ ਹੋਵੇ। ਜੇ ਉਹ ਦਿਨ ਦੀ ਬਜਾਏ 2 ਘੰਟੇ ਵਿਚ ਵੀ ਠੀਕ ਹੋ ਸਕਦੀ ਹੈ ਤਾਂ ਨਜ਼ਦੀਕ ਤੋਂ ਨਜ਼ਦੀਕ ਵਰਕਸ਼ਾਪ ਤੋਂ ਕਰਵਾ ਕੇ ਚਲਾਈ ਜਾਵੇ ਤਾਂ ਕਿ ਬਸ ਖੜਨ ਦਾ ਜੋ ਨੁਕਸਾਨ ਹੁੰਦਾ ਹੈ, ਉਹ ਨਾ ਹੋਵੇ। ਇਸ ਤਰ੍ਹਾਂ ਦੀ ਅਸੀਂ ਇਮਪਰੂਵਮੈਂਟ ਕੀਤੀ ਹੈ। ਇਥੇ ਕਿਹਾ ਗਿਆ ਕਿ ਮੋਟਰਾਂ ਵਾਲੇ ਨਾਢੂ ਸ਼ਾਹ ਹਨ। ਨਾਢੂ ਸ਼ਾਹ ਹੋਣਗੇ, ਅਸੀਂ ਉਨ੍ਹਾਂ ਦਾ ਨਾਮ ਤਾਂ ਨਹੀਂ ਬਦਲ ਸਕਦੇ। ਉਹ ਸਿਧੀਆਂ ਸਾਨੂੰ ਨਹੀਂ ਦਿੰਦੇ। ਜਿੰਨੀਆਂ ਫਰਮਾਂ ਨੇ ਉਨ੍ਹਾਂ ਸਭ ਨੇ ਏਜੰਟ ਮੁਕੱਰਰ ਕੀਤੇ ਹੋਏ ਹਨ। ਉਹ ਭਾਵੇਂ ਸਾਨੂੰ ਸਿਧੀਆਂ ਦੇ ਦੇਣ ਪਰ ਉਨ੍ਹਾਂ ਨੂੰ ਕਮਿਸ਼ਨ ਜ਼ਰੂਰ ਦਿੰਦੇ ਹਨ। ਇਸ ਦਾ ਇਲਾਜ ਸਾਡੇ ਕੋਲ ਨਹੀਂ ਹੈ। ਮੋਟਰਾਂ ਅਸੀਂ ਲਈਆਂ ਹਨ, ਹੋਰ ਵੀ ਲੈਣੀਆਂ ਹਨ। ਕਮਿਸ਼ਨ ਜਿਹੜੀ ਦਿੰਦੇ ਹਨ, ਇਹ ਉਨ੍ਹਾਂ ਦਾ ਆਪਣਾ ਪ੍ਰਬੰਧ ਹੈ। (ਵਿਘਨ) ਇਕ ਕਰੋੜ 5 ਲੱਖ ਦੇ ਬਾਰੇ ਮੈਂ ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਪਹਿਲਾਂ ਹੀ ਦੱਸ ਦਿੱਤਾ ਹੈ ਕਿ ਇਹ ਪ੍ਰੋਜੈਕਟ ਮਨਿਸਟਰੀ ਵੇਲੇ ਰਿਕਵਰ ਹੋਇਆ ਹੈ। ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ। ਮੈਂ ਨਾਮ ਨਹੀਂ ਲੈਣਾ ਚਾਹੁੰਦਾ। ਕੁਝ ਬੰਦਿਆਂ ਨੇ ਕਿਹਾ ਹੈ ਕਿ ਇਸ ਦੇ ਵਿਚ ਘੱਪਲੇਬਾਜ਼ੀ ਬੜੀ ਹੁੰਦੀ ਹੈ। ਢੀਂਡਸਾ ਸਾਹਿਬ ਨੇ ਇਥੇ ਅੰਕੜੇ ਪੜ੍ਹ ਕੇ ਦੱਸੇ ਹਨ, ਦੂਸਰੇ ਕੁਝ ਦੋਸਤਾਂ ਨੇ ਵੀ ਕਿਹਾ ਹੈ। ਉਹ ਮੈਂ ਦੇਖ ਲਵਾਂਗਾ। ਜੋ ਤੁਸੀਂ ਕਿਹਾ ਹੈ, ਉਹ ਨੋਟਿਡ ਹਨ। ਲੂੰਬਾ ਸਾਹਿਬ ਨੇ ਵੀ ਕੁਝ ਕਿਹਾ ਹੈ। ਉਹ ਤਿਆਰ ਹੋ ਕੇ ਆਏ ਹਨ। ਮੈਂ ਉਨ੍ਹਾਂ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਉਹ ਤਿਆਰ ਹੋ ਕੇ ਆਏ ਹਨ। ਉਨ੍ਹਾਂ ਨੇ ਜੋ ਕੁਝ ਕਿਹਾ ਹੈ ਜੇ ਉਹ ਵਰਕੇ ਉਲਟੇ ਨਾ ਪੜ੍ਹ ਗਏ ਹੋਣ ਤਾਂ ਮੈਂ ਦੇਖ ਲਵਾਂਗਾ। ਜੇ ਉਨ੍ਹਾਂ ਨੇ ਵਰਕੇ ਸਿੱਧੇ ਪੜੇ ਹਨ ਤਾਂ ਲਾਜ਼ਮੀ ਤੌਰ ਤੇ ਮੈਂ ਦੇਖ ਲਵਾਂਗਾ, ਜੋ ਘੱਪਲੇਬਾਜ਼ੀ ਹੋਈ ਹੈ। ਪੁਰਾਣਾ ਸਟਾਕ ਕਿੰਨਾ ਕੀਤਾ ਹੋਇਆ ਹੈ, ਅਨ-ਨਸੈਸਰੀ ਸਟਾਕ ਕਿਸ ਤਰ੍ਹਾਂ ਹੋਇਆ ਹੈ। ਉਸ ਦੀ ਇਨਕੁਆਇਰੀ ਜ਼ਰੂਰ ਕਰਾਂਗੇ। ਹਰ ਸੈਕਟਰੀ ਮੇਰਾ ਇਥੇ ਬੈਠਾ ਹੈ। ਜੋ ਇਧਰੋਂ ਬੋਲਿਆ ਗਿਆ ਹੈ, ਜਾਂ ਉਧਰੋਂ ਬੋਲਿਆ ਗਿਆ ਹੈ ਜਾਂ ਜੋ ਮੈਂ ਜਵਾਬ ਦਿੰਦਾ ਹਾਂ, ਉਹ ਸਾਰਾ ਦੇਖ ਰਹੇ ਹਨ, ਸੁਣ ਕੇ ਨੋਟ ਕਰ ਰਹੇ ਹਨ।

[ਮੁੱਖ ਮੰਤਰੀ]

ਡਿਪਟੀ ਸਪੀਕਰ ਸਾਹਿਬ, ਮਸ਼ੀਨਰੀ ਦਰੁਸਤ ਕਰਨ ਦੀ ਗੱਲ ਕੀਤੀ ਗਈ ਹੈ। ਇਥੇ ਰੈਲੀ ਵਿਚ ਬਸਾਂ ਫਰੀ ਜਾਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਕੋਈ ਬੱਸ ਅਗਰ ਰੈਲੀ ਵਿਚ ਫਰੀ ਗਈ ਹੋਵੇ, ਕੋਈ ਆਦਮੀ ਲਿਖ ਕੇ ਦੇਵੇ ਮੈਂ ਜ਼ਿਮੇਦਾਰੀ ਨਾਲ ਕਹਿੰਦਾ ਹਾਂ ਕਿ ਨਾ ਸਿਰਫ ਉਸ ਅਫਸਰ ਤੇ ਐਕਸ਼ਨ ਹੋਵੇਗਾ ਬਲਕਿ ਰਿਕਵਰੀ ਜਾਂ ਜ਼ੁਰਮਾਨਾ ਜੋ ਹੈ, ਉਹ ਵੀ ਉਸ ਤੋਂ ਵਸੂਲ ਕਰਾਂਗੇ। (ਥੰਪਿੰਗ) ਕੋਈ ਇਸ ਗੱਲ ਨੂੰ ਸਾਬਤ ਕਰੇ।

ਇਕ ਡਿਪਟੀ ਸਪੀਕਰ ਸਾਹਿਬ, ਆਨ ਦੀ ਫਲੋਰ ਆਫ ਦੀ ਹਾਊਸ ਕੋਈ ਐਸ਼ੋਰੈਂਸ ਮੈਂ ਦਿੱਤੀ ਸੀ ਕਿ ਉਹ ਐਲੀਗੇਸ਼ਨਜ਼ ਜੋ 1 ਜਨਵਰੀ, 1976 ਦੇ ਐਫ.ਆਈ. ਆਰ., ਸਿਵਲ ਲਾਈਨ, ਪੀ.ਐਸ. ਪਟਿਆਲਾ ਦੇ ਹਨ, ਉਸ ਦੀ ਇਨਕੁਆਇਰੀ ਕੰਪਲੀਟ ਕਰਾਂਗੇ। ਸੈਕਟਰੀ, ਟਰਾਂਸਪੋਰਟ ਨੂੰ ਕਹਾਂਗੇ ਕਿ ਉਸ ਕੇਸ ਨੂੰ ਫੌਰੀ ਤੇ ਜੋ ਇਲਜ਼ਾਮਾਤ ਹਨ, ਉਹ ਸਾਡੇ ਸਾਹਮਣੇ ਰੱਖਣ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਪਾਂਧੀ ਸਾਹਿਬ ਨੂੰ ਕਹਿਣਾ ਚਾਹੁੰਦਾ ਸਾਂ। ਸ਼ਾਇਦ ਉਹ ਚਲੇ ਗਏ ਹਨ। ਉਹ ਹਮੇਸ਼ਾਂ ਹੀ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਇਕ ਸੱਜਣ ਨੂੰ ਪਹਿਲਾਂ ਵੀ ਇਸ ਤਰ੍ਹਾਂ ਦੀ ਆਦਤ ਸੀ। ਜੇ ਡਿਸਕਸ਼ਨ ਹੋਵੇ ਐਗਰੀਕਲਚਰ ਦੀ ਤਾਂ ਉਹ ਪਹਿਲਾਂ ਹੈਲਥ ਦੀ ਗੱਲ ਕਰਨਗੇ ਕਿ ਫਲਾਣੇ ਥਾਂ ਤੇ ਇਕ ਨਰਸ ਭੱਜ ਗਈ। (ਹਾਸਾ) ਰੇਪ ਦੇ ਕੇਸਿਜ਼ ਉਹ ਬਹੁਤ ਤੇਜ਼ੀ ਨਾਲ ਰੱਖਣਾ ਚਾਹੁੰਦੇ ਹਨ। ਫਿਰ ਅਖੀਰ ਤੇ ਕਹਿੰਦੇ ਹਨ ਕਿ ਇਸ ਮਤੇ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਇਸ ਗਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਨੇ 2-3 ਗੱਲਾਂ ਕੀਤੀਆਂ ਹਨ, ਉਨ੍ਹਾਂ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਜਿਹੜੀ ਸੁਜੇਸ਼ਨ ਠੀਕ ਹੋਵੇ ਤਾਂ ਠੀਕ ਮੰਨਣੀ ਪੈਂਦੀ ਹੈ। ਉਨ੍ਹਾਂ ਨੇ ਆਪਣੀ ਸੁਜੇਸ਼ਨ ਦਿੱਤੀ ਹੈ ਕਿ ਸਾਈਨ ਬੋਰਡ ਲਗਣੇ ਚਾਹੀਦੇ ਹਨ। ਠੀਕ ਹੈ, ਸੁਜੇਸ਼ਨ ਠੀਕ ਹੋਵੇ ਤਾਂ ਮੰਨਣੀ ਵੀ ਪੈਂਦੀ ਹੈ। ਅੱਛੀ ਸੁਜੇਸ਼ਨ ਹੈ। ਸ਼ਾਇਦ ਸਰਦਾਰ ਬੀਰਦਵਿੰਦਰ ਸਿੰਘ ਹੋਰਾਂ ਨੇ ਇਕ ਸੁਜੇਸ਼ਨ ਦਿੱਤੀ ਹੈ। ਟੈਲੀਫੋਨ ਤੇ ਜੋ ਜਵਾਬ ਦਿੰਦੇ ਹਨ ਇਨਕੁਆਰੀ ਵਾਲੇ ਉਹ ਤਸੱਲੀ ਨਾਲ ਜਵਾਬ ਦਿਆ ਕਰਨ। ਨਮੱਸਤੇ ਕਹਿਣ ਜਾਂ ਸਤਿ ਸ੍ਰੀ ਅਕਾਲ ਪਰ ਜਵਾਬ ਦੇਣ। ਠੀਕ ਹੈ, ਜਿਸ ਗੱਲ ਲਈ ਉਹ ਬੈਠੇ ਹੋਏ ਹਨ, ਇਹ ਉਨ੍ਹਾਂ ਦੀ ਡਿਊਟੀ ਹੈ ਕਿ ਜਿਸ ਵੇਲੇ ਕੋਈ ਸਵਾਰੀ ਵਾਕਫੀਅਤ ਮੰਗਦੀ ਹੈ ਤਾਂ ਉਸ ਨੂੰ ਸਾਰੀ ਪੂਰੀ ਵਾਕਫੀਅਤ ਦੇਣ। ਇਹ ਵੀ ਠੀਕ ਹੈ ਕਿ ਡਰਾਈਵਰ ਜੋ ਹਨ, ਉਨ੍ਹਾਂ ਦੇ ਨਾਮ ਵਗੈਰਾ ਅਗਰ ਹੋ ਜਾਣ। ਕਈ ਥਾਂ ਤੇ ਅਫਸਰਾਂ ਦੇ ਨਾਮ ਲੱਗੇ ਹੁੰਦੇ ਹਨ, ਇਸ ਤਰ੍ਹਾਂ ਉਨ੍ਹਾਂ ਦੇ ਨਾਮ ਵੀ ਲੱਗੇ ਹੋਣ ਬਿਲੇ ਦੀ ਸ਼ਕਲ ਵਿਚ ਤਾਂ ਕੋਈ ਹਰਜ ਨਹੀਂ। ਇਸ ਤਰ੍ਹਾਂ ਉਸ ਦੇ ਨਾਂ ਦਾ ਵੀ ਪਤਾ ਹੋਵੇਗਾ। ਮੇਰਾ ਖਿਆਲ ਹੈ ਕਿ ਅੱਵਲ ਤਾਂ ਕੰਪਲੇਂਟ ਬੁਕ ਉਨ੍ਹਾਂ ਕੋਲ ਹੁੰਦੀ ਨਹੀਂ, ਜੇ ਹੁੰਦੀ ਹੈ ਤਾਂ ਵਰਕੇ ਨਹੀਂ ਹੁੰਦੇ ਜੇ ਵਰਕੇ ਹੁੰਦੇ ਹਨ ਤਾਂ ਕਈ ਵਾਰੀ ਵਿਚਾਰੇ ਲਿਖਣ ਵਾਲੇ ਨੂੰ ਨਹੀਂ ਪਤਾ ਕਿ ਕੀ ਲਿਖਣਾ ਹੈ। ਠੀਕ ਤੌਰ ਤੇ ਕੰਪਲੇਂਟ ਬੁਕ ਹੋਵੇ ਔਰ ਡਰਾਈਵਰ ਦਾ ਨਾਮ ਇਹ ਹੈ ਇਹ ਵੀ ਹੋਵੇ ਤਾਂ ਇਸ ਦੇ ਵਿਚ ਕੋਈ ਹਰਜ ਵਾਲੀ ਗੱਲ ਨਹੀਂ ਹੈ। ਇਥੇ ਇਹ ਵੀ ਕਿਹਾ ਗਿਆ ਹੈ ਕਿ ਕਈ ਕਿਸਮ ਦੇ ਇਸ਼ਤਿਹਾਰ

ਲਗਾਏ ਜਾਂਦੇ ਹਨ। ਇਸ਼ਤਿਹਾਰ ਉਹ ਲਗਾਉਣੇ ਚਾਹੀਦੇ ਹਨ ਜਿਹੜੇ ਪਬਲਿਕ ਇਨਟਰੈਸਟ ਨਾਲ ਤੁਅੱਲਕ ਰਖਦੇ ਹੋਣ। ਐਵੇਂ ਇਸ਼ਤਿਹਾਰ ਨਹੀਂ ਲਗਣੇ ਚਾਹੀਦੇ, ਇਹ ਵੀ ਗੱਲ ਠੀਕ ਹੈ।

ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਅਸੀਂ ਇੰਪਰੂਵਮੈਂਟਸ ਕੀਤੀਆਂ ਹਨ ਉਸ ਤੇ ਕੋਈ ਬਹੁਤੀ ਡਿਸਕਸ਼ਨ ਨਹੀਂ ਹੋਈ। ਮੇਰੇ ਪਾਸ, ਡਿਪਟੀ ਸਪੀਕਰ ਸਾਹਿਬ, ਬਹੁਤ ਸਾਰਾ ਮੈਟੀਰੀਅਲ ਹੈ। ਜੇ ਉਹ ਮੈਂ ਦੱਸਣਾ ਚਾਹਾਂ ਕਿ ਅਸੀਂ ਕੀ ਕੀ ਇੰਪਰੂਵਮੈਂਟਸ ਕੀਤੀਆਂ ਹਨ, ਤਾਂ ਉਹ ਦੱਸਣ ਵਾਸਤੇ ਡੇਢ ਦੋ ਘੰਟੇ ਦਾ ਟਾਈਮ ਲਗ ਜਾਵੇਗਾ। ਲੇਕਿਨ ਮੈਂ ਬਹੁਤ ਜ਼ਿਆਦਾ ਇਸ ਦੀ ਡੀਟੇਲ ਵਿਚ ਨਹੀਂ ਜਾਂਦਾ। ਮੈਂ ਮੋਟੇ ਤੌਰ ਤੇ ਕੁਝ ਦੱਸਣਾ ਚਾਹੁੰਦਾ ਹਾਂ। 31 ਦਸੰਬਰ, 1980 ਤਕ ਅਸੀਂ ਕਿਹਾ ਸੀ ਕਿ ਮਸ਼ੀਨਰੀ ਪਰਚੇਜ਼ ਕਰਾਂਗੇ, ਉਹ ਮਸ਼ੀਨਰੀ ਪਰਚੇਜ਼ ਕੀਤੀ ਹੈ ਔਰ ਚਾਲੂ ਕੀਤੀ ਹੈ। ਇਸ ਦੇ ਨਾਲ ਸਾਨੂੰ ਬਹੁਤ ਫਾਇਦਾ ਹੋਵੇਗਾ। ਟਾਇਰ ਰੀਟਰੀਟ ਕਰਨ ਦੀ ਮਸ਼ੀਨ ਆਈ ਹੈ। ਸਾਡੀ ਕੋਸ਼ਿਸ਼ ਹੈ ਕਿ ਜ਼ਿਆਦਾ ਮਾਈਲੇਜ ਲੈ ਸਕੀਏ। ਉਹ ਤਾਂ ਹੀ ਹੋ ਸਕਦਾ ਹੈ ਜੇ ਜ਼ਿਆਦਾ ਟਰਿਪ ਲਗ ਸਕਣ ਔਰ ਟਰਿਪ ਤਾਂ ਹੀ ਜ਼ਿਆਦਾ ਲਗ ਸਕਣਗੇ ਜੇ ਬਸਿਜ਼ ਰਨਿੰਗ ਕੰਡੀਸ਼ਨ ਵਿਚ ਹੋਣ। ਮੋਟਰਾਂ ਦਾ ਕੋਈ ਵੀ ਪੁਰਜ਼ਾ ਖਰਾਬ ਹੈ ਉਹ ਸਾਰਾ ਫੌਰੀ ਤੌਰ ਤੇ ਮੋਟਰਾਂ ਯੂਟੇਲਾਈਜ਼ ਕਰ ਸਕਣ ਇਸ ਦਾ ਪ੍ਰਬੰਧ ਕੀਤਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਪਿੰਡਾਂ ਵਿਚ ਸੜਕਾਂ ਬਣੀਆਂ ਹੋਈਆਂ ਹਨ ਤਾਂ ਉਥੇ ਬਸਾਂ ਵੀ ਚਾਲੂ ਕਰ ਦਿਤੇ। ਜਿਥੇ ਅਗਰ ਬੱਸ ਹੈ ਅਤੇ ਸੜਕ ਦਰੁਸਤ ਨਹੀਂ ਤਾਂ ਉਥੇ ਸੜਕ ਨੂੰ ਦਰੁਸਤ ਕਰਕੇ ਉਥੇ ਲਿੰਕ ਬਣਾਉਣਾ ਹੈ। ਪਹਿਲਾਂ ਫਸਟ ਲਿੰਕ ਬਣਾਉਣਾ ਹੈ ਫਿਰ ਇੰਟਰ ਲਿੰਕਸ ਬਣਾਉਣੇ ਹਨ। ਜਿੰਨਾ ਜ਼ਿਆਦਾ ਤੋਂ ਜ਼ਿਆਦਾ ਤਿੱਖਾ ਕੰਮ ਕੀਤਾ ਜਾ ਸਕਦਾ ਹੈ ਉਤਨਾ ਹੀ ਹੋਵੇਗਾ। ਅਸੀਂ ਚਾਹੁੰਦੇ ਹਾਂ ਕਿ ਮੋਟਰਾਂ ਦੀ ਜਨਰਲ ਇੰਪਰੂਵਮੈਂਟ ਚੰਗੀ ਹੋਵੇ ਔਰ ਉਸ ਦੇ ਵਿਚ ਜੋ ਐਕਸੀਡੈਂਟਸ ਹਨ, ਉਹ ਵੀ ਘੱਟ ਹੋਣ।

ਮੈਨੂੰ ਡਰਾਈਵਰਜ਼ ਮੁਆਫ ਕਰਨਗੇ, ਮੈਂ ਡਰਾਈਵਰਜ਼ ਤੇ ਜਾਂ ਦੂਸਰਿਆਂ ਤੇ ਕੋਈ ਕਟਾਕਸ਼ ਨਹੀਂ ਕਰਦਾ ਲੇਕਿਨ ਕਈਆਂ ਦੀ ਬਹੁਤ ਥੋੜੀ ਟਰੇਨਿੰਗ ਹੁੰਦੀ ਹੈ। ਜਿਸ ਆਦਮੀ ਨੇ 60 ਆਦਮੀਆਂ ਨੂੰ ਲੈ ਕੇ ਜਾਣਾ ਹੈ ਜੇ ਉਸ ਦੀ ਕੱਚੀ ਪੱਕੀ ਟਰੇਨਿੰਗ ਹੋਵੇਗੀ ਤਾਂ ਉਹ ਸਿਰੇ ਨਹੀਂ ਲਾ ਸਕਦੇ, ਉਹ ਐਕਸੀਡੈਂਟ ਦਾ ਕਾਰਨ ਬਣ ਸਕਦਾ ਹੈ। ਜੋ ਪਹਿਲਾਂ ਇਸ ਗੱਲ ਵਲ ਧਿਆਨ ਨਹੀਂ ਰਖਿਆ ਹੁਣ ਮੈਂ ਇਹ ਗੱਲ ਬਿਲਕੁਲ ਕਹੀ ਹੈ ਕਿ ਜਿਸ ਦੇ ਹੱਥ ਵਿਚ 60 ਆਦਮੀਆਂ ਦੀ ਲਾਈਫ ਹੈ ਉਸ ਨੂੰ ਜ਼ਰੂਰ ਟਰੇਨਿੰਗ ਹੋਣੀ ਚਾਹੀਦੀ ਹੈ। ਉਸ ਨੂੰ 4-5 ਸਾਲ ਦਾ ਤਜਰਬਾ ਪੁਰਾਣੀ ਸਰਵਿਸ ਦਾ ਜਾਂ ਕੋਈ ਟਰੇਨਿੰਗ ਲਈ ਹੋਵੇ। ਇਸ ਪਾਸੇ ਵੀ ਧਿਆਨ ਅਸੀਂ ਕੀਤਾ ਹੈ।

ਇਕ ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖਿਆ ਹੋਣਾ ਹੈ ਕਿ ਪਹਿਲਾਂ ਤਾਰ ਟੱਪ ਕੇ ਚਲੇ ਜਾਂਦੇ ਸੀ। ਅੱਗੇ ਖੁਲ੍ਹ ਸੀ ਜਿਸ ਪਾਸੇ ਦੀ ਕੋਈ ਮਰਜ਼ੀ ਮੋਟਰ ਜਾਵੇ। ਹੁਣ ਅਸੀਂ ਬਕਾਇਦਾ ਤੌਰ ਤੇ ਇੰਤਜ਼ਾਮ ਕੀਤਾ ਹੈ ਕਿ ਇਕ ਪਾਸੇ ਦੀ ਹੀ ਨਿਕਲਣਾ ਹੋਵੇਗਾ। ਚੰਡੀਗੜ੍ਹ ਵੀ ਤੁਸੀਂ ਦੇਖਿਆ ਹੋਣਾ ਹੈ ਕਿ ਕਿਸ ਤਰ੍ਹਾਂ ਇੰਤਜ਼ਾਮ ਕੀਤਾ ਹੈ। ਐਂਟਰੀ ਅਤੇ ਬਾਹਰ ਜਾਣ ਦਾ ਪਤਾ ਹੋਵੇ।

[ਮੁੱਖ ਮੰਤਰੀ]

ਨਵੀਆਂ ਬਾਡੀਆਂ ਜਿਹੜੀਆਂ ਬਣਵਾਈਆਂ ਹਨ, ਉਹ ਸਪੈਸੀਫ਼ਿਕੇਸ਼ਨ ਦੇ ਮੁਤਾਬਿਕ ਬਣੀਆਂ ਹਨ। ਜਿਨ੍ਹਾਂ ਵਿਚ ਕੋਈ ਖਰਾਬੀ ਹੈ, ਉਨ੍ਹਾਂ ਬਾਰੇ ਕਿਹਾ ਹੈ ਕਿ ਉਨ੍ਹਾਂ ਨੂੰ ਬਲੈਕਲਿਸਟ ਕਰ ਦਿਉ।

ਪਾਂਧੀ ਸਾਹਿਬ ਫਸਟ ਏਡ ਬੌਕਸ ਨੂੰ ਕੁਝ ਹੋਰ ਹੀ ਕਹਿ ਰਹੇ ਸਨ। ਉਹ ਸ਼ਾਇਦ ਰੈਡ ਕਰਾਸ ਬੌਕਸ ਕਹਿੰਦੇ ਸਨ। ਉਹ ਪੜ੍ਹੇ ਲਿਖੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ। ਪਰ ਉਕ ਜਾਂਦਾ ਹੈ ਆਦਮੀ, ਪਰ ਐਨਾ ਨਹੀਂ ਕਿ ਫਸਟ ਏਡ ਬੌਕਸ ਨੂੰ ਰੈਡ ਕਰਾਸ ਬੌਕਸ ਹੀ ਕਹਿ ਦੇਵੇ। ਮੈਂ ਦਸਦਾ ਹਾਂ ਕਿ ਫਸਟ ਏਡ ਬੌਕਸ, ਕੰਪਲੇਂਟ ਬੁਕ, ਲੌਗ ਬੁਕ ਅਤੇ ਡਰਾਈਵਰਜ਼ ਟੂਲ ਕਿੱਟ, ਇਨ੍ਹਾਂ ਸਾਰੀਆਂ ਚੀਜ਼ਾਂ ਦਾ ਪ੍ਰੋਵੀਜ਼ਨ ਕੀਤਾ ਹੈ।

ਬੌਡੀ ਬਿਲਡਿੰਗ ਵਰਕਸ਼ਾਪ ਚਾਲੂ ਕੀਤੀ ਹੈ। ਅਕਾਊਂਟਸ ਕਲੀਅਰ ਕਰਨ ਵਾਸਤੇ ਕੋਸ਼ਿਸ਼ ਕਰ ਰਹੇ ਹਾਂ। ਇਹ ਬੜੇ ਪੁਰਾਣੇ ਕੇਸਿਜ਼ ਹਨ, ਬੜੇ ਲੰਬੇ ਚੌੜੇ ਹਨ ਇਨ੍ਹਾਂ ਦਾ ਨੰਬਰ ਵੀ ਜ਼ਿਆਦਾ ਸੀ ਪਰ ਅਸੀਂ ਆ ਕੇ ਘਟਾਇਆ ਹੈ। ਸਭ ਕੁਝ ਕੀਤਾ ਹੈ। ਇਨ੍ਹਾਂ ਨੇ (ਆਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ) ਆਪਣੇ ਪੁਰਾਣੇ ਤਜਰਬੇ ਦੀ ਬਿਨਾਂ ਤੇ ਦੱਸਿਆ ਹੈ ਕਿ ਮੋਟਰਾਂ ਧੱਕਾ ਸਟਾਰਟ ਹਨ। ਅਸੀਂ ਮੋਟਰਾਂ ਨਾਲ ਮੋਟਰ ਮਾਰ ਕੇ ਤੋੜਨੀ ਨਹੀਂ। ਇਹ ਸਾਇੰਟੇਫ਼ਿਕ ਏਜ ਹੈ ਮੋਟਰ ਆਪਣੇ ਆਪ ਚਲੇ ਤਾਂ ਹੀ ਠੀਕ ਹੈ। ਇਨ੍ਹਾਂ ਦੇ ਜ਼ਮਾਨੇ ਵਿਚ ਕੋਈ ਮੋਟਰ ਧੱਕੇ ਮਾਰ ਕੇ ਚਲ ਪਈ ਹੋਣੀ ਹੈ, ਪਰ ਅੱਜ ਧੱਕੇ ਮਾਰਨ ਵਾਲੀ ਕੋਈ ਗੱਲ ਨਹੀਂ, ਅਸੀਂ ਸੁਧਾਰ ਲਿਆਂਦਾ ਹੈ। ਵੈਸੇ ਇਥੇ ਤਾਂ ਕਈ ਬੰਦੇ ਹੀ ਧੱਕਾ ਸਟਾਰਟ ਹਨ। (ਹਾਸਾ)

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਇਹ ਸੱਜਨ ਜਿਹੜੇ ਦੂਜੇ ਪਾਸੇ ਬੈਠੇ ਹਨ, ਬਿਲਕੁਲ ਇਸ ਗੱਲ ਤੋਂ ਉਨ੍ਹਾਂ ਨੂੰ ਕੋਈ ਰੁਕਾਵਟ ਨਹੀਂ ਜੇ ਕੋਈ ਕੰਮੀ ਹੈ ਤਾਂ ਉਹ ਨੋਟਿਸ ਵਿਚ ਲਿਆਉਣ, ਇਧਰਲੇ ਪਾਸੇ ਵਾਲੇ ਵੀ ਨੋਟਿਸ ਵਿਚ ਲਿਆਉਂਦੇ ਹਨ। ਇਹ ਕਹੀ ਜਾਣਾ ਕਿ ਇੰਪਰੂਵਮੈਂਟ ਨਹੀਂ ਹੋਈ, ਇਹ ਗਲਤ ਹੈ। ਇੰਪਰੂਵਮੈਂਟ ਹੋਈ ਹੈ, ਐਸੀ ਕੋਈ ਗੱਲ ਨਹੀਂ। ਲੋਕ ਸਾਨੂੰ ਆ ਕੇ ਦਸਦੇ ਹਨ ਕਿ ਅਗੇ ਨਾਲੋਂ ਬਹੁਤ ਇੰਪਰੂਵਮੈਂਟ ਹੋਈ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਕਲੈਰੀਫਿਕੇਸ਼ਨ। ਡਿਪਟੀ ਸਪੀਕਰ ਸਾਹਿਬ, ਮੈਂ ਉਸ ਪੁਆਇੰਟ ਬਾਰੇ ਪੁੱਛਣਾ ਹੈ, ਜਿਸ ਬਾਰੇ ਇਧਰੋਂ (ਟਰੇਜ਼ਰੀ ਬੈਂਚਾਂ ਵਲ ਇਸ਼ਾਰਾ) ਵੀ ਕਾਫੀ ਤਿੱਖੇ ਤੌਰ ਤੇ ਮੰਗ ਕੀਤੀ ਗਈ ਹੈ, ਨੈਸ਼ਨੇਲਾਈਜ਼ੇਸ਼ਨ ਬਾਰੇ ਕਲੀਅੱਰ ਕਰ ਦੇਣ ਆਪਣੀ ਪਾਲਸੀ।

ਨੰਬਰ ਦੋ। ਮੈਂ ਰਿਕਾਰਡ ਦੀ ਗੱਲ ਕੀਤੀ ਸੀ ਕਿ ਰਿਪੋਰਟ ਵਿਚ 18 ਪੇਜ ਤੇ ਰਿਕਾਰਡਡ ਹੈ ਕਿ ਚੰਡੀਗੜ੍ਹ ਤੋਂ ਜਾਖਲ ਨਾਈਟ ਬੱਸ ਚਲਦੀ ਹੈ। ਪਰ ਅਸਲ ਵਿਚ ਉਹ ਚਲਦੀ ਨਹੀਂ। ਕੀ ਉਸ ਨੂੰ ਚਲਾਉਣ ਦਾ ਯਤਨ ਕਰਨਗੇ ?

ਮਾਸਟਰ ਚੰਦ ਸਿੰਘ : ਇਕ ਤਾਂ ਇਹ ਦੱਸਣ ਕਿ ਅਕਾਲੀ-ਜੰਤਾ ਸਰਕਾਰ ਵੇਲੇ ਜਿਹੜੀਆਂ ਏਅਰ ਕੰਡੀਸ਼ਨਡ ਬੱਸਾਂ ਲਾਈਆਂ ਸਨ, ਉਹ ਬੇਕਾਰ ਖੜੀਆਂ ਹਨ। ਕੀ ਉਨ੍ਹਾਂ ਨੂੰ ਕਿਸੇ ਰੂਟ ਤੇ ਚਲਾਉਣ ਦਾ ਇਰਾਦਾ ਹੈ ?

ਦੂਸਰੇ ਕੀ ਈ. ਐਸ. ਆਈ. ਸਕੀਮ ਵਿਚ ਕੋਈ ਸਹੂਲਤਾਂ ਵਧਾਉਣਗੇ ?

ਮੁੱਖ ਮੰਤਰੀ : ਜਾਖਲ ਵਾਲੀ ਬੱਸ ਦਾ ਅਗਰ ਰੂਟ ਚਲਦਾ ਸੀ, ਔਰ ਰਿਕਾਰਡ ਵਿਚ ਹੁਣ ਨਹੀਂ ਚਲਦਾ ਤਾਂ ਉਸ ਨੂੰ ਚਲਾਇਆ ਜਾਏਗਾ।

ਏਅਰ ਕੰਡੀਸ਼ਨਡ ਬੱਸਾਂ ਪੀ. ਆਰ. ਟੀ. ਸੀ. ਦੀਆਂ ਖੜੀਆਂ ਹਣ, ਮੈਨੂੰ ਪਤਾ ਨਹੀਂ। ਪਰ ਮੈਨੂੰ ਇਹ ਦੱਸਿਆ ਗਿਆ ਹੈ ਕਿ ਉਨ੍ਹਾਂ ਦੀ ਕੋਈ ਏਅਰ ਕੰਡੀਸ਼ਨਡ ਬੱਸ ਨਹੀਂ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਕੋਸ਼ਿਸ਼ ਹੈ, ਮੈਂ ਡਿਪਾਰਟਮੈਂਟ ਨੂੰ ਕਹਿ ਦਿੱਤਾ ਹੈ ਕਿ ਅਗਰ ਕੋਈ ਦੂਸਰੀ ਸਟੇਟ ਵਲੋਂ ਡਿਫੀਕਲਟੀ ਨਾ ਹੋਵੇ ਤਾ ਅਸੀਂ ਏਅਰ ਪੋਰਟ ਤੋਂ ਇਥੇ ਤਕ ਲੋਕਾਂ ਨੂੰ ਲੈ ਆਈਏ, ਕਿਉਂਕਿ ਉਨ੍ਹਾਂ ਨੂੰ ਟੈਕਸੀਆਂ ਆਦਿ ਲੈਣ ਵਿਚ ਬਹੁਤ ਤਕਲੀਫ ਹੁੰਦੀ ਹੈ। ਦੂਸਰੇ ਇਹ ਕਿ ਅਸੀਂ ਪੰਜਾਬ ਹਾਊਸ ਵਿਚ ਦੋ ਤਿੰਨ ਕਮਰੇ ਉਨ੍ਹਾਂ ਵਾਸਤੇ ਰੱਖ ਲਈਏ, ਉਹ ਉਥੇ ਕੁਝ ਚਿਰ ਸਟੇਅ ਕਰ ਕੇ ਤਿਆਰੀ ਕਰਕੇ ਇਥੇ ਆਉਣ। ਉਹ ਲੋਕ ਬਾਹਰੋਂ ਕਮਾਈ ਕਰਕੇ ਆਉਂਦੇ ਹਨ।

ਜਿਹੜੀ ਚੰਡੀਗੜ੍ਹ-ਜਾਖਲ ਵਾਲੀ ਬਸ ਦੀ ਗੱਲ ਹੈ, ਮੈਂ ਪੂਰੀ ਇਤਲਾਹ ਮੈਂਬਰ ਸਾਹਿਬ ਨੂੰ ਦੇ ਦਿਆਂਗਾ।

Mr. Deputy Speaker : The House stands adjourned till 9.00 A.M. on Saturday, the 28th February, 1981.

*8.26 P.M. (The Sabha then *adjourned till 9.00 A.M. on Saturday, the 28th February, 1981.)

APPENDIX

To

PUNJAB VIDHAN SABHA DEBATES

Dated, the 27th February, 1981 (Afternoon Sitting)

STARRED QUESTION AND ANSWERS

PURCHASE OF CARBYROL INSECTICIDE

*780. **Sardar Harcharan Singh Hero**: Will the Minister for Agriculture and Forests be pleased to state—

(a) whether the Cooperative Department purchased the insecticides Carbyrol 85% for use by the Agriculture Department in the aerial spray of cotton crop during the years 1974-75 and 1977-78;

(b) the names of the firms which were on the rate contract list for the insecticides referred to in part (a) above during the said period and the rate contract of each firm;

(c) the names of the firms from which the insecticides were actually purchased and the rate at which it was purchased from each firm;

(d) whether there was any difference between the rates of firms on the rate contract list and of those from whom it was actually purchased, if so, the extra amount involved in the purchase during the said period ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ ।

(ਅ) 1974-75

(1) ਮੈਸਰਜ਼ ਭਾਰਤ ਪੁਲਵੀਰਾਈਜ਼ਿੰਗ (ਪ੍ਰਾਈਵੇਟ) ਲਿਮਟਿਡ, ਬੰਬਈ ।

(2) 31,500/- ਰੁਪੈ ਪਰ ਮੀਟਰਿਕ ਟਨ ਦੀ ਦਰ ਨਾਲ ।

1977-78

(1) ਮੈਸਰਜ਼ ਪੈਸਟੀਸਾਈਡ ਇੰਡੀਆ ਉਦੇਪੁਰ ਰਾਜਸਥਾਨ ।

(2) 38,990/- ਰੁਪਏ ਪ੍ਰਤੀ ਮੀਟਰਿਕ ਟਨ ਦੀ ਦਰ ਨਾਲ ।

(ੲ) 1974-75

(1) ਮੈਸਰਜ਼ ਭਾਰਤ ਪੁਲਵੀਰਾਈਜ਼ਿੰਗ (ਪ੍ਰਾਈਵੇਟ) ਲਿਮਟਿਡ, ਬੰਬਈ।

(2) 37,750 ਰੁਪਏ 70 ਮੀਟਰਿਕ ਟਨ ਲਈ ਅਤੇ 39 000/- ਰੁਪਏ 75 ਮੀਟਿਰਿਕ ਟਨ।

1977-78

(1) ਮੈਸਰਜ਼ ਪੈਸਟੀਸਾਈਡ ਇੰਡੀਆ, 38,990 ਰੁਪਏ ਪ੍ਰਤੀ ਮੀਟਿਰਿਕ ਟਨ ਦੀ ਦਰ ਨਾਲ।

(2) ਮੈਸਰਜ਼ ਪੁਲਵੀਰਾਈਜ਼ਿੰਗ ਲਿਮਟਿਡ, ਬੰਬਈ 59,000/- ਰੁਪਏ ਪ੍ਰਤੀ ਮੀਟਿਰਿਕ ਟਨ 66 ਮੀਟਿਰਿਕ ਟਨ ਲਈ।

(3) ਮੈਸਰਜ਼ ਯੂਨੀਅਨ ਕਾਰਬਾਈਲ ਇੰਡੀਆ, ਜਲੰਧਰ, 59,000/- ਰੁਪਏ ਪ੍ਰਤੀ ਮੀਟਰਿਕ ਟਨ 66 ਮੀਟਿਰਿਕ ਟਨ ਲਈ।

(ਸ) (i) ਹਾਂ ਜੀ।

(ii) 26,41,320/- ਰੁਪਏ।

DECISION TO SET UP A SCHEDULED CASTE COLONY AT VILLAGE MEHTA

*732. **Jathedar Jiwan Singh Umranangal** : Will the Minister for Welfare be pleased to state whether it is a fact that the previous Ministry had decided to set up a Scheduled Castes colony at village Mehta; if so, the time by which it is expected to be completed.

ਸਰਦਾਰ ਦਰਬਾਰਾ ਸਿੰਘ (ਮੁੱਖ ਮੰਤਰੀ ਪੰਜਾਬ) ਨਹੀਂ ਜੀ, ਅਜਿਹਾ ਕੋਈ ਫੈਸਲਾ ਨਹੀਂ ਸੀ।

PURCHASE OF ANAESTHETIC EITHER

*850. **Shri Khushal Chand** : Will the Minister for Health and Family Welfare be pleased to state—

(a) Whether it is a fact that Anaesthetic Either was purchased by the Government at the rate of Rs. 21 per bottle, during the financial year 1979-80;

(b) Whether the Government has received complaints or noticed press reports that the market rate of anaesthetic either was Rs. 7 per bottle during the same period and that the purchase was ordered to be made at much higher prices than the prevailing market rates;

(c) if the reply to part (b) above be in the affirmative; whether the Government has held any enquiry into the charges; if so, with what results ?

ਸ੍ਰੀ ਸਰਦਾਰੀ ਲਾਲ ਕਪੂਰ : (ੳ) ਡਾਇਰੈਕਟਰ, ਖੋਜ ਅਤੇ ਸਿਹਤ ਸਿਖਿਆ ਨੇ 1,100 ਬੋਤਲਾਂ ਈਥਰ ਦੀਆਂ 21 ਰੁਪਏ ਪ੍ਰਤੀ ਬੋਤਲ ਦੇ ਹਿਸਾਬ ਨਾਲ ਸਪਲਾਈ ਹੁਕਮ ਕੀਤੇ ਸਨ, ਪਰ ਫਰਮ ਇਸ ਨੂੰ ਸਪਲਾਈ ਕਰਨ ਤੋਂ ਅਸਮਰਥ ਰਹੀ ।

(ਅ) ਇਕ ਸ਼ਿਕਾਇਤ ਆਈ ਸੀ ।

(ੲ) ਕਿਉਂਕਿ ਕੋਈ ਖ਼ਰੀਦ ਨਹੀਂ ਸੀ ਹੋਈ, ਸ਼ਿਕਾਇਤ ਨੂੰ ਦਾਖ਼ਲ ਦਫ਼ਤਰ ਕਰ ਦਿੱਤਾ ਗਿਆ ਸੀ ।

PURCHASE OF LIEF-SAVING DRUGS

*851. **Shri Khushhal Chand** : Will the Minister for Health and Family Welfare be pleased to state—

(a) Whether it is in the knowledge of the Government that life-saving drugs worth thousands of rupees were purchased during the financial year 1979-80 and that these drugs were purchased with in the short period of the date of expiry;

(b) If the reply to (a) is in the affirmative, whether the, Government has held any enquiry into the matter; if sot the result thereof and the action, if any taken against the officer if any, found at fault;

(c) The cost of the drugs referred to in part (a) above which were destroyed after the date of the expiry ?

ਸ੍ਰੀ ਸਰਦਾਰੀ ਲਾਲ ਕਪੂਰ : (ੳ) ਸਾਲ 1979-80 ਵਿਚ ਅਜਿਹੀ ਕੋਈ ਜੀਵਨ ਰਖਿਅਕ ਦਵਾਈ ਨਹੀਂ ਖ਼ਰੀਦੀ ਗਈ ਜਿਸ ਦੀ ਮਿਆਦ ਦੀ ਮਿਤੀ ਥੋਹੜੇ ਸਮੇਂ ਦੀ ਹੋਵੇ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

(ੲ) ਨਹੀਂ ਜੀ, ਸਵਾਲ ਹੀ ਪੈਦਾ ਨਹੀਂ ਹੁੰਦਾ ।

1992—21-9-81 —325 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।



1981

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

28th February 1981

Vo. II-No. 27

OFFICIAL REPORT



CONTENTS

Saturday, the 28th February, 1981

Punjab Vidhan Sabha Secretariat, Chandigarh.

Price : Rs.77-30

PUNJAB VIDHAN SABHA

Saturday, the 28th February, 1981

The Vidhan Sabha met in the Punjab Vidhan Sabha Hall, Vidhan Bhavan, Chandigarh at 9.00 A.M. of the Clock. Mr. speaker (Shri Brij Bhushan Mehra) in the Chair.

OBITUARY REFERENCE

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪਕੀਰ ਸਾਹਿਬ, ਸਰਦਾਰ ਅਵਤਾਰ ਸਿੰਘ ਐਡਵੋਕੇਟ ਜਿਨ੍ਹਾਂ ਦੀ ਉਮਰ ਇਸ ਵੇਲੇ 72 ਸਾਲ ਦੀ ਸੀ ਉਹ ਸਾਡੇ ਕੋਲੋਂ ਵਿੱਛੜ ਗਏ ਹਨ । ਉਹ ਤਹਿਸੀਲ ਜਗਰਾਉਂ ਦੇ ਪਿੰਡ ਮਲਸੀਆਂ ਬਾਜਾਂ ਦੇ ਰਹਿਣ ਵਾਲੇ ਸਨ । ਪੈਪਸੂ ਵਿੱਚ ਜਦੋਂ ਪਰਜਾਮੰਡਲ ਮੂਵਮੈਂਟ ਚਲਦੀ ਸੀ ਤਾਂ ਉਸ ਵਿੱਚ ਉਨ੍ਹਾਂ ਨੇ ਬੜਾ ਹਿੱਸਾ ਲਿਆ ਸੀ । ਉਨ੍ਹਾਂ ਨੇ ਮੈਟ੍ਰਿਕ ਦਾ ਇਮਤਿਹਾਨ ਲੁਧਿਆਣੇ ਦੇ ਹਾਈ ਸਕੂਲ ਵਿੱਚੋਂ ਪਾਸ ਕੀਤਾ ਅਤੇ ਬੀ.ਏ. ਖਾਲਸਾ ਕਾਲਜ, ਅੰਮ੍ਰਿਤਸਰ ਵਿਚੋਂ ਪਾਸ ਕੀਤੀ । ਐਲ. ਐਲ. ਬੀ. ਉਨ੍ਹਾਂ ਨੇ ਦਿੱਲੀ ਵਿਚੋਂ ਪਾਸ ਕੀਤੀ । ਆਪਣੇ ਜ਼ਮਾਨੇ ਵਿੱਚ ਉਹ ਫੁੱਟਬਾਲ ਦੇ ਚੰਗੇ ਪਲੇਅਰ ਸਨ । ਉਹ ਨਿਹਾਇਤ ਸਾਦਾ ਰਹਿਣ ਵਾਲੇ ਸਨ ਪਰ ਉਨ੍ਹਾਂ ਦੀ ਮਨ ਦੀ ਦ੍ਰਿੜ੍ਹਤਾ ਬੜੀ ਪੱਕੀ ਸੀ । ਉਹ ਹਮੇਸ਼ਾਂ ਇਸ ਗੱਲ ਦੇ ਇਛੁੱਕ ਸਨ ਕਿ ਦੇਸ਼ ਨੂੰ ਜਲਦੀਂ ਆਜ਼ਾਦੀ ਮਿਲੇ ਅਤੇ ਇਸ ਲਈ ਉਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ । ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਵੀ 6-11-56 ਤੋਂ 26-4-1958 ਤਕ ਰਹੇ । ਇਸ ਸਮੇਂ ਵਿੱਚ ਉਨ੍ਹਾਂ ਨੇ ਕਾਫੀ ਆਫਿਸ ਵੀ ਹੋਲਡ ਕੀਤੇ । ਉਨ੍ਹਾਂ ਦਾ ਪੁਲੀਟੀਕਲ ਕੈਰੀਅਰ ਨਿਹਾਇਤ ਸ਼ਾਨਦਾਰ ਸੀ । ਉਨ੍ਹਾਂ ਨੇ ਆਪਣਾ ਜੀਵਨ ਬੜੀ ਸਾਦਗੀ ਨਾਲ ਗੁਜ਼ਾਰਿਆ । ਉਹ ਬਹੁਤ ਹੀ ਇਮਾਨਦਾਰ ਅਤੇ ਕੰਮ ਕਰਨ ਵਾਲੇ ਇਨਸਾਨ ਸਨ । ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਾਫੀ ਕੰਮ ਕੀਤੇ ਜਿਨ੍ਹਾਂ ਦਾ ਵੇਰਵਾ ਬੜਾ ਲੰਮਾ ਚੌੜਾ ਹੈ । ਅੱਜ ਉਹ ਸਾਡੇ ਵਿੱਚ ਨਹੀਂ ਹਨ । ਅਸੀਂ ਆਪ ਜੀ ਦੇ ਮਾਰਫਤ ਉਨ੍ਹਾਂ ਦੇ ਘਰ ਵਾਲਿਆਂ ਨੂੰ ਇਹ ਸ਼ੋਕ ਮਤਾ ਭੇਜਣ ਲਈ ਬੇਨਤੀ ਕਰਦੇ ਹਾਂ ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਸਰਦਾਰ ਅਵਤਾਰ ਸਿੰਘ ਪਟਿਆਲੇ ਵਿੱਚ ਵਕੀਲ ਸਨ ਅਤੇ ਇਸ ਪ੍ਰੋਫੈਸ਼ਨ ਵਿੱਚ ਮੇਰੇ ਕੁਲੀਗ ਸਨ । ਰਿਹਾਇਸ਼ ਵੀ ਉਨ੍ਹਾਂ ਦੀ ਮੇਰੇ ਨਾਲ ਹੀ ਸੀ ਅਤੇ ਇਸ ਕਰਕੇ ਗਵਾਂਢੀ ਵੀ ਮੇਰੇ ਉਹ ਸਨ । ਉਹ ਬਹੁਤ ਹੀ ਨਫੀਸ ਅਤੇ ਨੇਕ ਆਦਮੀ ਸਨ । ਐਮਰਜੰਸੀ ਦੇ ਦਿਨਾਂ ਵਿੱਚ ਉਨ੍ਹਾਂ ਦਾ ਕਾਂਗਰਸ ਪਾਰਟੀ ਨਾਲ ਡਿਸਐਗਰੀਮੈਂਟ ਹੋ ਗਿਆ ਅਤੇ ਉਹ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ । ਜਿਥੇ ਉਨ੍ਹਾਂ ਨੇ ਇੱਕ ਪੋਲੀਟੀਸ਼ਨ ਦੇ ਤੌਰ ਤੇ ਬੜੀਆਂ ਸੇਵਾਵਾਂ ਕੀਤੀਆਂ ਉਥੇ ਇੱਕ ਸਮਾਜ ਸੁਧਾਰਕ ਦੇ ਤੌਰ ਤੇ ਵੀ ਬੜੀਆਂ ਸੇਵਾਵਾਂ ਕੀਤੀਆਂ । ਇਹ ਜਗਰਾਉਂ ਤਹਿਸੀਲ, ਜ਼ਿਲ੍ਹਾ ਲੁਧਿਆਣਾ ਦੇ ਇੱਕ ਪਿੰਡ ਦੇ ਰਹਿਣ ਵਾਲੇ ਸਨ ਲੇਕਿਨ ਸਾਨੂੰ ਉਨ੍ਹਾਂ ਤੇ ਫਖਰ ਹੈ ਕਿ ਰਿਆਸਤਾਂ ਵਿੱਚ ਜਦੋਂ ਮਹਾਰਾਜਾਸ਼ਾਹੀ ਚਲਦੀ ਸੀ ਤਾਂ ਉਨ੍ਹਾਂ ਨੇ ਪਰਜਾਮੰਡਲ ਮੂਵਮੈਂਟ ਵਿੱਚ ਕੰਮ ਕੀਤਾ ਅਤੇ ਪੈਪਸੂ ਦੇ ਗ਼ਰੀਬ ਲੋਕਾਂ ਲਈ ਬਹੁਤ ਕੰਮ ਕੀਤਾ । ਪਰ ਪਰਮਾਨੈਂਟਲੀ ਬਾਅਦ ਵਿੱਚ ਪਟਿਆਲੇ ਆ ਕੇ ਸੈਟਲ ਹੋਏ । ਉਹ ਸੱਚੇ ਸੁੱਚੇ ਅਤੇ ਨਿਹਾਇਤ ਨੇਕ ਇਨਸਾਨ ਸਨ । ਉਹ ਇਸ ਸੰਸਾਰ ਵਿੱਚੋਂ ਚਲੇ ਗਏ ਹਨ ਲੇਕਿਨ ਉਨ੍ਹਾਂ ਦੀਆਂ ਖੂਬੀਆਂ ਆਉਂਦੇ ਸਮੇਂ ਤਕ ਸਾਨੂੰ ਯਾਦ ਰਹਿਣਗੀਆਂ । ਅੱਜ ਤਕ ਉਨ੍ਹਾਂ ਦਾ ਪਟਿਆਲੇ ਵਿੱਚ ਕੋਈ ਮਕਾਨ

[ਸਰਦਾਰ ਦਲੀਪ ਸਿੰਘ ਪਾਂਧੀ]

ਨਹੀਂ ਹੈ । ਉਹ ਕਿਰਾਏ ਤੇ ਰਹਿੰਦੇ ਸਨ । ਉਨ੍ਹਾਂ ਨੇ ਬਤੌਰ ਐਮ. ਐਸ. ਸੀ. ਵੀ ਸੇਵਾ ਕੀਤੀ । ਪਰਸਨਲ ਤੌਰ ਤੇ ਮੈਨੂੰ ਗਿਆਨ ਹੈ ਕਿ ਉਨ੍ਹਾਂ ਨੇ ਲੀਗਲ ਪ੍ਰੋਫੈਸ਼ਨ ਦੇ ਸੁਧਾਰ ਲਈ ਵੀ ਬੜਾ ਕੰਮ ਕੀਤਾ । ਕਈ ਗਰੀਬ ਲੋਕਾਂ ਦੀ ਉਹ ਮੁਫਤ ਵੀ ਸੇਵਾ ਕਰ ਦਿੰਦੇ ਸਨ । ਜਿਹੜੇ ਲੋਕ ਪੈਸੇ ਨਹੀਂ ਸਨ ਦੇ ਸਕਦੇ ਉਨ੍ਹਾਂ ਦੇ ਕੇਸ ਵੀ ਲੜਦੇ ਸਨ । ਉਨ੍ਹਾਂ ਦੀਆਂ ਸੇਵਾਵਾਂ ਮਹਾਨ ਹਨ। ਉਨ੍ਹਾਂ ਦੀ ਮੌਤ ਵੀ ਅਚਾਨਕ ਇਸ ਢੰਗ ਨਾਲ ਹੋਈ, ਦਿਲ ਦੇ ਦੌਰੇ ਨਾਲ ਹੋਈ, ਕਿ ਬਹੁਤ ਸਾਰੇ ਰਿਸ਼ਤੇਦਾਰਾਂ ਨੂੰ ਸਬੰਧੀਆਂ ਨੂੰ ਉਨ੍ਹਾਂ ਦੀ ਸੇਵਾ ਤਕ ਕਰਨ ਦਾ ਮੌਕਾ ਨਾ ਮਿਲ ਸਕਿਆ । ਕਿਉਂਕਿ ਉਹ ਮੇਰੇ ਗਵਾਂਢੀ ਸਨ ਇਸ ਲਈ ਮੈਂ ਸਵੇਰੇ ਸ਼ਾਮ ਉਨ੍ਹਾਂ ਦੇ ਦਰਸ਼ਨ ਕਰਦਾ ਸੀ । ਉਨ੍ਹਾਂ ਦੀਆਂ ਦੋ ਸਿੰਘਣੀਆਂ ਹਨ ਅਤੇ ਇੱਕ ਜਵਾਨ ਲੜਕੀ ਹੈ । ਉਸ ਵਿਚਾਰੀ ਦਾ ਵਿਆਹ ਵੀ ਉਹ ਨਹੀਂ ਕਰ ਸਕੇ । ਜੇ ਪੰਜਾਬ ਸਰਕਾਰ ਕਰ ਸਕਦੀ ਹੈ ਤਾਂ ਉਸ ਲੜਕੀ ਦੇ ਵਿਆਹ ਲਈ ਜ਼ਰੂਰ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ । ਉਹ ਨੇਕ ਇਨਸਾਨ ਇਸ ਦੁਨੀਆਂ ਤੋਂ ਚਲੇ ਗਏ ਹਨ । ਉਨ੍ਹਾਂ ਦੀਆਂ ਸੇਵਾਵਾਂ ਬਤੌਰ ਪੋਲੀਟੀਸ਼ਨ ਅਤੇ ਸਮਾਜ ਸੁਧਾਰਕ ਬੜੀਆਂ ਸਨ । ਸਾਰੀਆਂ ਪਾਰਟੀਆਂ ਦੇ ਵਰਕਰਾਂ ਨਾਲ ਉਨ੍ਹਾਂ ਦਾ ਬੜਾ ਪਿਆਰ ਸੀ । ਹਰ ਬੰਦਾ ਉਨ੍ਹਾਂ ਨੂੰ ਆਪਣਾ ਹੀ ਸਮਝਦਾ ਸੀ । ਜੋ ਉਨ੍ਹਾਂ ਦੀ ਮੌਤ ਨਾਲ ਘਾਟਾ ਪਿਆ ਹੈ ਉਹ ਛੇਤੀ ਪੂਰਾ ਹੋਣ ਵਾਲਾ ਨਹੀਂ ਹੈ । ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ । ਇਹ ਸ਼ੋਕ ਮਤਾ ਉਨ੍ਹਾਂ ਦੇ ਪਰਿਵਾਰ ਨੂੰ ਭੇਜਿਆ ਜਾਵੇ । ਵਾਹਿਗੁਰੂ ਐਸੇ ਨੇਕ ਇਨਸਾਨ ਨੂੰ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ੇ । ਮੇਰੀ ਇਹ ਪ੍ਰਾਰਥਨਾ ਹੈ ਕਿ ਸਰਦਾਰ ਅਤਵਾਰ ਸਿੰਘ ਨੇ ਜੋ ਪਾਰਲੀਮੈਂਟਰੀ ਕੀਮਤਾਂ ਪੈਦਾ ਕੀਤੀਆਂ ਸਨ ਉਹ ਪੰਜਾਬ ਵਿੱਚ ਪੈਦਾ ਕਰਨ ਲਈ ਅਸੀਂ ਕੋਸ਼ਿਸ਼ ਕਰੀਏ ।

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ) : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਇੱਕ ਆਜ਼ਾਦੀ ਦੇ ਘੁਲਾਟੀਏ ਦੀ ਮੌਤ ਬਾਰੇ ਸ਼ੋਕ ਮਤਾ ਰਖਿਆ ਹੈ । ਜਗਰਾਉਂ ਤਹਿਸੀਲ ਦੇ ਹੋਣ ਕਰਕੇ ਲਾਲਾ ਲਾਜਪਤ ਰਾਏ ਤੋਂ ਉਨ੍ਹਾਂ ਨੂੰ ਆਜ਼ਾਦੀ ਲਈ ਲੜਨ ਦੀ ਪ੍ਰੇਰਨਾ ਮਿਲੀ ਸੀ । ਉਨ੍ਹਾਂ ਦੀ ਜ਼ਿੰਦਗੀ ਬੜੀ ਨੇਕ ਸੀ । ਉਹ ਅਪਰ ਹਾਊਸ ਦੇ ਮੈਂਬਰ ਵੀ ਰਹਿ ਚੁਕੇ ਹਨ । ਪਾਂਧੀ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਰਿਵਾਰ ਦੀ ਜਿਤਨੀ ਸਹਾਇਤਾ ਹੋ ਸਕਦੀ ਹੈ ਉਹ ਸਾਨੂੰ ਕਰਨੀ ਚਾਹੀਦੀ ਹੈ । ਸਾਡੀ ਬਦਕਿਸਮਤੀ ਇਹ ਹੈ ਕਿ ਜਿਤਨੇ ਆਈ.ਏ.ਐਸ. ਅਤੇ ਪੀ.ਸੀ.ਐਸ. ਅਫਸਰ ਹਨ, ਉਨ੍ਹਾਂ ਵਿੱਚ ਇਸ ਗੱਲ ਦੀ ਕਮੀ ਹੈ ਕਿ ਮਤਲਬ ਪ੍ਰਸਤੀ ਵਾਸਤੇ, ਸੈਲਫ-ਮੋਟਿਵ ਵਾਸਤੇ ਆਪਣੀਆਂ ਕੁਰਸੀਆਂ ਨੂੰ ਬਚਾਉਣ ਵਾਸਤੇ ਜੋ ਹੁਕਮ ਉਪਰੋਂ ਆਉਂਦਾ ਹੈ ਉਹ ਪੂਰਾ ਕਰਦੇ ਹਨ । ਪਰ ਇਸ ਮਹਾਨ ਆਦਮੀ ਨੇ ਬੜੀ ਅਣਖ ਨਾਲ ਐਮਰਜੈਂਸੀ ਵਿੱਚ ਜੋ ਕੁਝ ਹੋਇਆ ਉਸਦੇ ਨਾਲ ਡਿਸਐਗਰੀਮੈਂਟ ਪੇਸ਼ ਕੀਤਾ । ਉਹ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ । ਬਾਅਦ ਵਿੱਚ ਚਾਹੇ ਉਹ ਜਨਤਾ ਪਾਰਟੀ ਵਿੱਚ ਵੀ ਸੰਤੁਸ਼ਟ ਨਾ ਰਹੇ ਹੋਣ, ਪਰ ਉਨ੍ਹਾਂ ਦਾ ਜੀਵਨ ਸਾਡੇ ਲਈ ਇੱਕ ਮਿਸਾਲ ਪੇਸ਼ ਕਰਦਾ ਹੈ ਕਿ ਸਾਨੂੰ ਸਿਆਸੀ ਆਦਮੀਆਂ ਨੂੰ ਆਪਣੀ ਜ਼ਮੀਰ ਦੇ ਮੁਤਾਬਿਕ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ । ਕੁਰਸੀਆਂ ਪਿੱਛੇ ਜਾਂ ਔਹਦੇ ਪਿੱਛੇ ਸਾਨੂੰ ਨਹੀਂ ਭੱਜਣਾ ਚਾਹੀਦਾ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦੇ ਪਰਿਵਾਰ ਦੀ ਜੋ ਮੱਦਦ ਹੋ ਸਕਦੀ ਹੈ ਉਹ ਸਾਨੂੰ ਕਰਨੀ ਚਾਹੀਦੀ ਹੈ । ਅਗਰ ਉਨ੍ਹਾਂ ਦੀ ਲੜਕੀ ਸਰਵਿਸ ਵਿੱਚ ਆ ਸਕਦੀ ਹੈ ਤਾਂ ਉਸਨੂੰ ਸਰਵਿਸ ਵਿੱਚ ਲਿਆਉਣਾ ਚਾਹੀਦਾ ਹੈ । ਉਸਦੀ ਸ਼ਾਦੀ ਦੇ ਪ੍ਰਬੰਧ ਲਈ

ਮਾਲੀ ਤੌਰ ਤੇ ਜੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਮਦਦ ਕਰ ਸਕਦੀ ਹੈ ਤਾਂ ਜ਼ਰੂਰ ਕਰਨੀ ਚਾਹੀਦੀ ਹੈ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਸਪਕੀਰ ਸਾਹਿਬ, ਲੀਡਰ ਆਫ ਦੀ ਹਾਊਸ, ਸਰਦਾਰ ਦਰਬਾਰਾ ਸਿੰਘ ਨੇ ਜੋ ਸ਼ੋਕ ਮਤਾ ਪੇਸ਼ ਕੀਤਾ ਹੈ, ਮੈਂ ਆਪਣੀ ਪਾਰਟੀ ਵੱਲੋਂ ਇਸਦੇ ਵਿੱਚ ਸ਼ਰੀਕ ਹੁੰਦਾ ਹਾਂ । ਸਰਦਾਰ ਅਵਤਾਰ ਸਿੰਘ ਜੀ ਬੜੇ ਸੱਚੇਸੁੱਚੇ ਦੇਸ਼ ਭਗਤ, ਨੀਤੀਵਾਨ ਅਤੇ ਕਾਨੂੰਨਦਾਨ ਸਨ । ਉਹ ਅੱਜ ਹਮੇਸ਼ਾਂ ਲਈ ਸਾਡੇ ਕੋਲੋਂ ਵਿਛੜ ਗਏ ਹਨ । ਉਨ੍ਹਾਂ ਦੀ ਮੌਤ ਨਾਲ ਜੋ ਘਾਟਾ ਪਿਆ ਹੈ ਉਹ ਕਦੇ ਵੀ ਨਾ ਪੂਰਾ ਹੋਣ ਵਾਲਾ ਹੈ । ਜੇ ਉਨ੍ਹਾਂ ਦੇ ਜੀਵਨ ਵੱਲ ਝਾਤੀ ਮਾਰੀਏ ਤਾਂ ਇਹ ਗੱਲ ਬੜੀ ਸਪਸ਼ਟ ਹੈ ਕਿ ਉਨ੍ਹਾਂ ਨੇ ਬੜਾ ਸਾਦਾ ਜੀਵਨ ਗੁਜ਼ਾਰਿਆ, ਕਿਉਂਕਿ ਜਦੋਂ ਉਹ ਸਾਡੇ ਕੋਲੋਂ ਵਿੱਛੜ ਕੇ ਗਏ ਹਨ ਤਾਂ ਉਨ੍ਹਾਂ ਦਾ ਕੋਈ ਆਪਣਾ ਮਕਾਨ ਤਕ ਵੀ ਨਹੀਂ ਸੀ । ਉਹ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਸਨ । ਇਹ ਇਕ ਬਹੁਤ ਵੱਡੀ ਗੱਲ ਹੈ । ਜੇ ਕਿਸੇ ਪੁਲੀਟੀਕਲ ਆਦਮੀ ਦੀ ਇਸ ਤਰ੍ਹਾਂ ਮੌਤ ਹੋ ਜਾਵੇ ਅਤੇ ਉਸਦੇ ਪ੍ਰਵਾਰ ਨੂੰ ਬਾਅਦ ਵਿੱਚ ਦੁੱਖ ਤਕਲੀਫਾਂ ਦਾ ਸਾਹਮਣਾ ਕਰਨਾ ਪਵੇ ਤਾਂ ਇਹ ਚੰਗੀ ਗਲ ਨਹੀਂ ਹੈ । ਉਨ੍ਹਾਂ ਨੇ ਸਾਡੇ ਦੇਸ਼ ਲਈ ਅਤੇ ਸਾਡੇ ਲਈ ਬਹੁਤ ਵੱਡੀ ਕੰਟਰੀਬਿਊਸ਼ਨ ਕੀਤੀ ਭਾਵੇਂ ਉਹ ਪੁਲੀਟੀਕਲ ਫੀਲਡ ਵਿਚ ਸੀ ਅਤੇ ਭਾਵੇਂ ਕਾਨੂੰਨ ਦੇ ਫੀਲਡ ਵਿਚ ਸੀ । ਬੀ. ਏ. ਕਰਨ ਤੋਂ ਬਾਅਦ ਉਨ੍ਹਾ ਨੇ ਐਲ. ਐਲ. ਬੀ. ਕੀਤੀ ਅਤੇ ਉਹ ਪ੍ਰੈਕਟਿਸ ਕਰਨ ਲੱਗ ਗਏ । ਫਿਰ ਪ੍ਰਜਾਮੰਡਲ ਵਿਚ ਆ ਗਏ ਔਰ ਦੇਸ਼ ਭਗਤੀ ਦੀਆਂ ਜੋ ਮੂਵਮੈਂਟਸ ਸਨ, ਰਾਜਿਆਂ ਰਜਵਾੜਿਆਂ ਦੇ ਖਿਲਾਫ ਉਨ੍ਹਾਂ ਵਿਚ ਉਹ ਹਿੱਸਾ ਪਾਉਂਦੇ ਰਹੇ । ਇਕ ਵਾਰੀ ਉਹ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰੈਜ਼ੀਡੈਂਟ ਵੀ ਰਹੇ । ਉਨ੍ਹਾਂ ਦੀ ਇਮਾਨਦਾਰੀ ਔਰ ਉਨ੍ਹਾਂ ਦੀ ਦੇਸ਼ ਪ੍ਰਤੀ ਵਫਾਦਾਰੀ ਇਥੋਂ ਵੀ ਪ੍ਰਗਟ ਹੁੰਦੀ ਹੈ ਕਿ ਜਦੋਂ ਵੀ ਕਿਸੇ ਪਾਰਟੀ ਦੀ ਕੋਈ ਗਲਤ ਪਾਲਿਸੀ ਉਨ੍ਹਾਂ ਦੇ ਸਾਹਮਣੇ ਆਈ ਤਾਂ ਉਨ੍ਹਾਂ ਨੇ ਉਸ ਦਾ ਵਿਰੋਧ ਕੀਤਾ । ਐਮਰਜੈਂਸੀ ਵਾਸਤੇ ਉਨ੍ਹਾਂ ਨੇ ਕਹਿ ਦਿੱਤਾ ਸੀ ਕਿ ਇਹ ਨਿਜ਼ਾਮ ਤਾਨਾਸ਼ਾਹੀ ਵੱਲ ਜਾ ਰਿਹਾ ਹੈ । ਇਸ ਲਈ ਉਨ੍ਹਾਂ ਨੇ ਇਹ ਕਹਿ ਕੇ ਕਾਂਗਰਸ ਪਾਰਟੀ ਨੂੰ ਛੱਡ ਦਿੱਤਾ ਸੀ ਔਰ ਉਹ ਜਨਤਾ ਪਾਰਟੀ ਵਿਚ ਚਲੇ ਗਏ । ਠੀਕ ਹੈ ਜਨਤਾ ਪਾਰਟੀ ਵਿਚ ਉਨ੍ਹਾਂ ਦੀ ਸੈਟਿਸਫੈਕਸ਼ਨ ਹੋਈ ਜ਼ਾਂ ਨਾ ਹੋਈ ਇਹ ਇਕ ਵੱਖਰੀ ਗੱਲ ਹੈ ਪਰ ਇਹ ਜ਼ਰੂਰ ਹੈ ਕਿ ਉਹ ਹਰ ਗ਼ਲਤ ਪਾਲਿਸੀ ਦੇ ਖਿਲਾਫ, ਗਲਤ ਰੁਝਾਨ ਦੇ ਖਿਲਾਫ ਲੜਦੇ ਰਹੇ ਔਰ ਦੇਸ਼ ਨੂੰ ਸਹੀ ਸੇਧ ਦੇਣ ਵਿਚ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲਗਾ ਦਿੱਤਾ । ਉਹ ਕਾਨੂੰਨਦਾਨ ਅਤੇ ਇਮਾਨਦਾਰ ਸਾਥੀ ਸਾਡੇ ਤੋਂ ਵਿੱਛੜ ਗਏ ਹਨ । ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਆਰਥਕ ਤੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਜਿਸ ਤਰ੍ਹਾਂ ਪਾਂਧੀ ਜੀ ਨੇ ਕਿਹਾ ਹੈ ਉਨ੍ਹਾਂ ਦੀ ਲੜਕੀ ਦੀ ਸ਼ਾਦੀ ਵੀ ਕਰਨ ਵਾਲੀ ਹੈ ਔਰ ਇਹ ਚੰਗੀ ਗੱਲ ਹੋਵੇਗੀ ਜੇਕਰ ਸਰਕਾਰ ਇਸ ਤਰ੍ਹਾਂ ਦੇ ਸਿਆਸਤਦਾਨ ਦੀ, ਜਿਸ ਨੇ ਸਾਰਾ ਜੀਵਨ ਦੇਸ਼ ਲਈ ਲਗਾਇਆ ਹੈ, ਉਸ ਦੀ ਮੱਦਦ ਕਰੇ, ਔਰ ਮੈਂ ਸਮਝਦਾ ਹਾਂ ਕਿ ਸਾਨੂੰ ਉਸ ਦੇ ਪਰਿਵਾਰ ਦੀ ਵੱਧ ਤੋਂ ਵੱਧ ਮੱਦਦ ਕਰਨੀ ਚਾਹੀਦੀ ਹੈ ।

ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ, ਆਪਣੇ ਗਰੁੱਪ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ । ਨਾਲ ਹੀ ਅਪੀਲ ਕਰਦਾ ਹਾਂ ਕਿ ਇਹ ਸ਼ੋਕ ਮਤਾ ਉਨ੍ਹਾਂ ਦੇ ਪਰਿਵਾਰ ਨੂੰ ਭੇਜਿਆ ਜਾਵੇ ।

ਸ੍ਰੀ ਸਪੀਕਰ : ਸਰਦਾਰ ਅਵਤਾਰ ਸਿੰਘ ਜੀ ਦੀ ਮੌਤ ਤੇ ਜਿਹੜਾ ਦੁੱਖ ਦਾ ਪ੍ਰਗਟਾਵਾ ਸਦਨ ਨੇ ਕੀਤਾ ਹੈ, ਮੈਂ ਉਸ ਵਿਚ ਆਪਣੇ ਆਪ ਨੂੰ ਵੀ ਸ਼ਾਮਲ ਕਰਦਾ ਹਾਂ। ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਉਹ ਵਿਲੱਖਤ ਹੋਈ ਆਤਮਾ ਦੀ ਯਾਦ ਵਿਚ ਦੋ ਮਿੰਟ ਖੜੇ ਹੋ ਜਾਣ।

(ਇਸ ਸਮੇਂ ਸਦਨ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਦੋ ਮਿੰਟ ਲਈ ਮੌਨ ਧਾਰ ਕੇ ਖੜੇ ਹੋਏ।)

STARRED QUESTIONS AND ANSWERS

Funds Allocated For District Ludhiana For Pucca Road

*772. **Sardar Basant Singh Khalsa**: Will the Chief Minister be pleased to state :—

(a) the funds allocated for District Ludhiana for Pucca road and repairs of the roads in the year 1980-81 ;

(b) whether any new roads are being metalled in the Dakha Assembly Constituency, if so, their names and area in Kilometers and the progress thereof ?

ਸਰਦਾਰ ਦਰਬਾਰਾ ਸਿੰਘ (ੳ) 1980-81 ਵਿਚ ਜ਼ਿਲ੍ਹਾ ਲੁਧਿਆਣਾ ਲਈ ਸੜਕਾਂ ਦੀ ਉਸਾਰੀ/ਮੁਰੰਮਤ ਵਾਸਤੇ 190.25 ਲੱਖ ਰੁਪਏ ਦੀ ਰਕਮ ਅਲਾਟ ਕੀਤੀ ਗਈ ਹੈ।

(ਅ) ਦਾਖਾ ਚੋਣ ਹਲਕੇ ਵਿੱਚ 7 ਨਵੀਆਂ ਸੜਕਾਂ ਨੂੰ ਪੱਕਾ ਕੀਤਾ ਜਾ ਰਿਹਾ ਹੈ। ਅਨੈਕਸਚਰ "ਏ" ਤੇ ਇਨ੍ਹਾਂ ਸੜਕਾਂ ਦੀ ਕਿਲੋਮੀਟਰਾਂ ਵਿੱਚ ਲੰਬਾਈ ਤੇ ਪ੍ਰਗਤੀ ਦੱਸੀ ਗਈ ਹੈ।

Annexure 'A'

Sr. No.	Name of road	Length in Kms.	Up-to date Progress
1.	L.F. road to Harijan Basti Bhanohar	1.9	Work completed upto consolidation of wearing coat.
2.	Malikpur to Birmi	2.30	Completed upto Ist coat of surfacing.
3.	Talwandi Kalan to Gureh	2.93	Completed upto lst coat of surfacing.
4	Talwandi Kalan to Talwandi Khurd.	1.62	Completed upto wearing coat.
5.	Ayali Kalan to Ayali Khurd	3.25	Completed upto wearing coat.
6.	Link road Dhandra to Mahmoodpura	0.64	Completed upto Ist coat of surfacing.
7.	L.F. road to Gurdwara Muskuiana to Mullanpur	1.54	Soling laid.

ਸਰਦਾਰ ਬਸੰਤ ਸਿੰਘ ਖ਼ਾਲਸਾ: ਸਪੀਕਰ ਸਾਹਿਬ, ਕਈ ਸੜਕਾਂ ਬੜੇ ਚਿਰ ਤੋਂ ਸ਼ੁਰੂ ਕੀਤੀਆਂ ਹੋਈਆਂ ਹਨ ਪਰ ਕੰਪਲੀਟ ਨਹੀਂ ਹੋਈਆਂ। ਇਸ ਲਈ ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕਾਂ ਕਦੋਂ ਮਨਜ਼ੂਰ ਹੋਈਆਂ, ਕਦੋਂ ਸ਼ੁਰੂ ਹੋਈਆਂ, ਸਨ 1980-81 ਵਿਚ ਇਨ੍ਹਾਂ ਵਾਸਤੇ ਕਿਤਨਾ ਪੈਸਾ ਰੱਖਿਆ ਗਿਆ ਸੀ ਔਰ ਉਸ ਐਲੋਕੇਟ ਕੀਤੇ ਪੈਸੇ ਵਿਚੋਂ ਕਿਤਨਾ ਹੁਣ ਤਕ ਖ਼ਰਚ ਕੀਤਾ ਗਿਆ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਕੁਲ ਰੁਪਿਆ ਤਾਂ ਅਰਜ਼ ਕਰ ਦਿੱਤਾ ਹੈ। ਇਸ ਵਿਚੋਂ ਹੁਣ ਤਕ ਤਕਰੀਬਨ 172 ਲੱਖ ਰੁਪਿਆ ਖਰਚ ਕੀਤਾ ਜਾ ਚੁਕਿਆ ਹੈ। ਬਾਕੀ ਇਸ ਕੰਮ ਨੂੰ ਮੁਕੰਮਲ ਕਰਨ ਵਾਸਤੇ ਸਾਡੀ ਪੂਰੀ ਕੋਸ਼ਿਸ਼ ਹੈ।

ਸਰਦਾਰ ਬਸੰਤ ਸਿੰਘ ਖ਼ਾਲਸਾ: ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸਲ ਮਾਹਨਿਆਂ ਵਿਚ ਜਿਤਨੀਆਂ ਵੀ ਇਹ ਸੜਕਾਂ ਹਨ ਇਹ ਕੋਈ ਦੋ ਤਿੰਨ ਸਾਲ ਪਹਿਲਾਂ ਮਨਜ਼ੂਰ ਹੋਈਆਂ ਸਨ ਔਰ ਦੋ ਤਿੰਨ ਸਾਲ ਪਹਿਲਾਂ ਦੀਆਂ ਹੀ ਇਹ ਬਣਨੀਆਂ ਸ਼ੁਰੂ ਹੋਈਆਂ ਹਨ। ਜਿਹੜਾ ਸੰਨ 1980-81 ਵਿਚ ਬਜਟ ਐਲੋਕੇਟ ਹੋਇਆ ਹੈ, ਉਸ ਸਬੰਧ ਵਿਚ ਨਾ ਕੋਈ ਮੀਟਿੰਗ ਹੋਈ ਹੈ, ਨਾ ਕੋਈ ਕਮੇਟੀ ਬਣੀ ਹੈ, ਨਾ ਕੋਈ ਪੈਸਾ ਮਾਰਕੀਟਿੰਗ ਬੋਰਡ ਜਾਂ ਸੋਸਾਇਟੀਆਂ ਦਾ, ਜਿਹੜਾ ਕਿ ਜਾਮ ਪਿਆ ਹੈ, ਉਸ ਨੂੰ ਖਰਚ ਕਰਨ ਵਾਸਤੇ ਕੋਈ ਉਪਰਾਲਾ ਕੀਤਾ ਗਿਆ ਹੈ। ਪਿਛਲੇ ਸੈਸ਼ਨ ਵਿਚ ਵੀ ਸਰਕਾਰ ਨੇ ਕਿਹਾ ਸੀ ਕਿ ਅਸੀਂ ਆਰਡੀਨੈਂਸ ਜਾਰੀ ਕਰਾਂਗੇ ਜਾਂ ਕੋਈ ਬਿੱਲ ਲਿਆਂਵਾਗੇ, ਉਸ ਜਾਮ ਹੋਏ ਪੈਸੇ ਨੂੰ ਖਰਚ ਕਰਨ ਵਾਸਤੇ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ। ਨਾ ਮੇਰੇ ਹਲਕੇ ਵਿਚ ਕੋਈ ਨਵੀਂ ਸੜਕ ਸ਼ੁਰੂ ਕੀਤੀ ਗਈ ਹੈ ਔਰ ਨਾ ਹੀ ਇਕ ਵੀ ਪੈਸਾ ਇਸ ਮਾਰਕੀਟਿੰਗ ਬੋਰਡ ਦੇ ਫੰਡ ਵਿਚੋ ਇਸ ਪਾਸੇ ਖਰਚ ਕੀਤਾ ਗਿਆ ਹੈ। ਇਹ ਸੜਕਾਂ ਤਿੰਨ-ਚਾਰ ਸਾਲ ਤੋਂ ਵਿਚੇ ਹੀ ਲਟਕਦੀਆਂ ਪਈਆਂ ਹਨ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਕੰਪਲੀਟ ਹੋਣਗੀਆਂ ਔਰ ਮਾਰਕੀਟਿੰਗ ਬੋਰਡ ਵਾਲਾ ਜਿਹੜਾ ਪੈਸਾ ਜਾਮ ਹੋਇਆ ਪਿਆ ਹੈ ਉਹ ਕਦੋਂ ਤਕ ਰਲੀਜ਼ ਕਰ ਦੇਣਗੇ, ਕਦੋਂ ਤਕ ਆਰਡੀਨੈਂਸ ਵਗੈਰਾ ਜਾਰੀ ਕਰਕੇ ਉਸ ਪੈਸੇ ਦੇ ਖਰਚ ਕਰਨ ਦਾ ਇੰਤਜ਼ਾਮ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਮਸਲਾ ਤਾਂ ਅੰਡਰ ਕੰਸਿਡਰੇਸ਼ਨ ਹੈ ਕਿ ਜੋ ਪੈਸਾ ਪਿਆ ਹੈ ਮਾਰਕੀਟ ਕਮੇਟੀਆਂ ਦਾ ਉਹ ਅਸੀਂ ਕਿਸੇ ਤਰ੍ਹਾਂ ਖਰਚ ਕਰ ਸਕੀਏ। ਉਸ ਨੂੰ ਜਾਮ ਕੋਈ ਅਸੀਂ ਆਪ ਨਹੀਂ ਕੀਤਾ। ਸੁਪ੍ਰੀਮ ਕੋਰਟ ਨੇ ਸਾਡੀ ਪ੍ਰੋਪੋਜ਼ਲ ਰਿਜੈਕਟ ਕਰ ਦਿੱਤੀ ਸੀ ਰਿਜੈਕਟ ਹੀ ਨਹੀਂ ਸੀ ਕੀਤੀ ਬਲਕਿ ਨਾਲ ਹੀ ਡਾਇਰੈਕਸ਼ਨਜ਼ ਸਖਤ ਦੇ ਦਿਤੀਆਂ ਸਨ ਕਿ ਇਹ ਪੈਸਾ ਇਸ ਪਾਸੇ ਨਹੀਂ ਖਰਚ ਕੀਤਾ ਜਾ ਸਕਦਾ। ਉਸ ਮਸਲੇ ਦਾ ਹਲ ਲੱਭਣ ਵਾਸਤੇ ਕਾਫੀ ਸਮਾਂ ਚਾਹੀਦਾ ਸੀ। ਆਰਡੀਨੈਂਸ ਜਾਰੀ ਕਰਨ ਨਾਲ ਵੀ ਕੋਈ ਸਹੂਲਤ ਸਾਨੂੰ ਨਹੀਂ ਮਿਲਦੀ। ਸਾਡੀ ਕੋਸ਼ਿਸ਼ ਹੈ ਕਿ ਕਿਸੇ ਢੰਗ ਨਾਲ ਉਸ ਦੀ ਡਾਈਵਰਸ਼ਨ ਕੀਤੀ ਜਾਂਵੇ, ਕਿਸੇ ਹੋਰ ਮਹਿਕਮੇ ਨੂੰ ਉਹ ਫੰਡਜ਼ ਦੇ ਸਕੀਏ ਔਰ ਇਸ ਤਰ੍ਹਾਂ ਨਾਲ ਉਹ ਪੈਸਾ ਯੂਟੇਲਾਈਜ਼ ਹੋ ਸਕੇ। ਸੋ, ਇਹ ਪੈਸਾ ਯੂਟੇਲਾਈਜ਼ ਕਰਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸੜਕਾਂ ਬਾਰੇ ਜਿਹੜਾ ਸਵਾਲ ਸੀ ਉਸ ਬਾਰੇ ਅਰਜ਼ ਕਰ ਦਿਤੀ ਹੈ ਕਿ 190 ਲੱਖ ਵਿਚੋਂ 172 ਲੱਖ ਰੁਪਿਆ ਖਰਚ ਕੀਤਾ ਜਾ ਸਕਿਆ ਹੈ। ਬਾਕੀ ਜਿਹੜਾ ਕੰਮ ਰਹਿੰਦਾ ਹੈ, ਉਸ ਦੇ ਵਾਸਤੇ ਪੈਸੇ ਹਨ, ਉਹ

[ਮੁੱਖ ਮੰਤਰੀ]

ਵੀ ਪੂਰਾ ਹੋ ਜਾਵੇਗਾ ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਲੁਧਿਆਣਾ ਕਾਰਪੋਰੇਸ਼ਨ ਦੇ ਅੰਦਰ ਤਿੰਨ ਸੜਕਾਂ ਹਨ। ਗਿੱਲ ਰੋਡ, ਸਮਰਾਲਾ ਰੋਡ ਤੇ ਸਿਧਵਾਂ ਰੋਡ। ਇਹ ਤਿੰਨੇ ਹੀ ਸੜਕਾਂ ਕਾਰਪੋਰੇਸ਼ਨ ਦੀ ਹਦੂਦ ਵਿਚੋਂ ਦੀ ਜਾਂਦੀਆਂ ਹਨ । ਉਹ ਪੀ.ਡਬਲਯੂ.ਡੀ.ਦੇ ਕਬਜ਼ੇ ਵਿਚ ਹਨ। ਕਾਰਪੋਰੇਸ਼ਨ ਨੇ ਉਨ੍ਹਾਂ ਨੂੰ ਲਿਖਿਆ ਹੈ ਕਿ ਉਨ੍ਹਾਂ ਸੜਕਾਂ ਦੀ ਮੁਰੰਮਤ ਹੋਣ ਵਾਲੀ ਹੈ, ਇਸ ਲਈ ਮੁਰੰਮਤ ਕਰਵਾਓ ਜਾਂ ਉਹ ਸੜਕਾਂ ਸਾਨੂੰ ਦੇ ਦਿਓ, ਅਸੀਂ ਆਪ ਹੀ ਮੁਰੰਮਤ ਕਰਵਾ ਲਵਾਂਗੇ। ਪਰ ਪੀ.ਡਬਲਯੂ. ਡੀ. ਵਾਲੇ ਨਾ ਤਾਂ ਉਨ੍ਹਾਂ ਸੜਕਾਂ ਦੀ ਮੁਰੰਮਤ ਆਪ ਕਰਦੇ ਹਨ ਤੇ ਨਾ ਹੀ ਕਾਰਪੋਰੇਸ਼ਨ ਨੂੰ ਦਿੰਦੇ ਹਨ । ਕੀ ਮੁੱਖ ਮੰਤਰੀ ਜੀ ਪੀ. ਡਬਲਯੂ.ਡੀ. ਵਾਲਿਆਂ ਨੂੰ ਕਹਿਣਗੇ ਕਿ ਜਾਂ ਤਾਂ ਉਹ ਉਨ੍ਹਾਂ ਸੜਕਾਂ ਨੂੰ ਆਪ ਠੀਕ ਕਰਨ ਨਹੀਂ ਤਾਂ ਕਾਰਪੋਰੇਸ਼ਨ ਨੂੰ ਦੇ ਦੇਣ ਤਾਂ ਕਿ ਉਨ੍ਹਾਂ ਦੀ ਮੁਰੰਮਤ ਹੋ ਸਕੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦੋਹਾਂ ਵਿਚੋਂ ਇਕ ਗੱਲ ਜ਼ਰੂਰ ਜਲਦੀ ਹੋ ਜਾਵੇਗੀ ਜੀ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਸੁਪ੍ਰੀਮ ਕੋਰਟ ਦੇ ਫੈਸਲੇ ਦੇ ਮੁਤਾਬਿਕ ਮਾਰਕਿਟਿੰਗ ਬੋਰਡ ਦਾ ਰੁਪਿਆ ਫਰੀਜ਼ ਹੋ ਗਿਆ ਹੈ ਔਰ ਸਰਕਾਰ ਵਾਸਤੇ ਉਸ ਨੂੰ ਖਰਚ ਕਰਨ ਲਈ ਔਕੜ ਆ ਗਈ ਹੈ। ਸਾਡੀ ਸਰਕਾਰ ਵੀ ਉਸ ਰੁਪਏ ਨੂੰ ਯੂਟੇਲਾਈਜ਼ ਕਰਨ ਦੀ ਕੋਸ਼ਿਸ਼ ਕਰਦੀ ਕਰਦੀ ਇਧਰ ਆ ਗਈ ਹੈ । ਇਸ ਲਈ ਕੀ ਚੀਫ ਮਨਿਸਟਰ ਸਾਹਿਬ ਐਨਸ਼ਿਓਰ ਕਰਾਉਣਗੇ ਕਿ ਇਸ ਸਾਰੇ ਮਸਲੇ ਤੇ ਛੇਤੀ ਵਿਚਾਰ ਕਰਕੇ, ਜੋ ਵੀ ਕੰਪਲੀਕੇਸ਼ਨਜ਼ ਹਨ, ਉਨ੍ਹਾਂ ਨੂੰ ਦੂਰ ਕਰਕੇ, ਜਿਹੜਾ ਰੁਪਿਆ ਪਿਆ ਹੈ, ਉਸ ਨੂੰ ਯੂਟੇਲਾਇਜ ਕਰਨਗੇ ਤਾਂਕਿ ਸੜਕਾਂ ਬਣ ਸਕਣ, ਸਕੂਲ ਬਣ ਸਕਣ ? ਇਸ ਰੁਪਏ ਨੂੰ ਯੂਟੇਲਾਈਜ਼ ਕਰਨ ਵਾਸਤੇ ਇਹ ਕਦੋਂ ਤੱਕ ਉਪਰਾਲਾ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਉਸ ਦੇ ਵਾਸਤੇ ਕਈ ਕਾਨੂੰਨੀ ਅੜਚਣਾ ਸਨ । ਅਸੀਂ ਤਾਂ ਮਹੀਨੇ ਦੋ ਮਹੀਨੇ ਵਿਚ ਜਿਹੜਾ ਪੈਸਾ ਜਾਮ ਹੋਇਆ ਹੋਇਆ ਹੈ ਉਸ ਨੂੰ ਕਢਾਉਣਾ ਚਾਹੁੰਦੇ ਹਾਂ ।

ਸਰਦਾਰ ਲੱਖਾ ਸਿੰਘ: ਸਪੀਕਰ ਸਾਹਿਬ, ਮੇਰੇ ਪਿੰਡ ਸੁਲਤਾਨਵਿੰਡ ਤੋਂ ਦਬੁਰਜੀ ਨੂੰ ਜਿਹੜੀ ਸੜਕ ਜਾਂਦੀ ਹੈ, ਉਹ ਬਹੁਤ ਖਰਾਬ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਸ ਸੜਕ ਨੂੰ ਇਹ ਕਦੋਂ ਤਕ ਬਣਵਾ ਦੇਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਵੇਲੇ ਅਲੱਗ ਅਲੱਗ ਸੜਕ ਦੇ ਸਬੰਧ ਵਿੱਚ ਕੋਈ ਵੀ ਸਵਾਲ ਪੁਛਿਆ ਜਾਵੇਗਾ ਤਾਂ ਮੇਰੀ ਮਜਬੂਰੀ ਹੋਵੇਗੀ ਕਿਉਂਕਿ ਮੈਂ ਬਗੈਰ ਵਾਕਫੀਅਤ ਦੇ ਉਸ ਦਾ ਜਵਾਬ ਨਹੀਂ ਦੇ ਸਕਾਂਗਾ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਜ਼ਿਲ੍ਹਾ ਲੁਧਿਆਣਾ, ਤਹਿਸੀਲ ਜਗਰਾਉਂ ਬਲਾਕ ਸਿੱਧਵਾ ਬੇਟ ਵਿਚ ਇਕ ਸੜਕ ਮਧਾਤਪੁਰ-ਭੈਣੀ ਅਰਾਈਆਂ ਇਕ ਕਿਲੋਮੀਟਰ ਹੈ ਔਰ ਭੈਣੀ ਅਰਾਈਆਂ ਤੋਂ ਬੱਗਰ ਕਲਾ ਕੋਈ ਡੇੜ ਕਿਲੋ ਮੀਟਰ ਹੈ । ਉਥੇ ਸੋਲਿੰਗ ਹੋ ਗਈ

ਹੈ ਪਰ ਅਜੇ ਤਕ ਸਰਕਾਰ ਨੇ ਉਸ ਤੇ ਪੱਥਰ ਪਾਉਣ ਦਾ ਪ੍ਰਬੰਧ ਨਹੀਂ ਕੀਤਾ । ਲੋਕਾਂ ਦੇ ਗੱਡਿਆਂ ਦੇ ਟਾਇਰ ਫੱਟ ਜਾਂਦੇ ਹਨ ਅਤੇ ਬਲਦਾਂ ਦੇ ਪੈਰ ਖਰਾਬ ਹੋ ਜਾਂਦੇ ਹਨ । ਕੀ ਸਰਕਾਰ ਉਨ੍ਹਾਂ ਸੜਕਾਂ ਨੂੰ ਤੁਰੰਤ ਬਣਾਉਣ ਦੀ ਖੇਚਲ ਕਰੇਗੀ ?

ਮੁੱਖ ਮੰਤਰੀ : ਅਰਜ਼ ਇਹ ਹੈ ਕਿ ਪ੍ਰਾਇਰਟੀ ਤਾਂ ਮੁਕਰੱਰ ਨਹੀਂ ਕੀਤੀ ਜਾ ਸਕਦੀ । ਜਿਹੜੀਆਂ ਲਿੰਕ ਰੋਡਜ਼ ਹਨ ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਸਾਡੀ ਤਿਆਰੀ ਹੈ ਔਰ ਜਿਹੜੀਆਂ ਇੰਟਰ-ਲਿੰਕ ਰੋਡਜ਼ ਹਨ ਉਨ੍ਹਾਂ ਨੂੰ ਬਾਅਦ ਵਿਚ ਲਿਆ ਜਾਵੇਗਾ । ਹਾਂ ਅਗਰ ਕੋਈ ਸੜਕ ਵਿਚਕਾਰ ਛੱਡੀ ਗਈ ਹੈ ਤਾਂ ਮਹਿਕਮੇ ਨੂੰ ਕਹਾਂਗੇ ਕਿ ਉਹ ਦਰੁਸਤ ਕਰ ਦੇਣ ।

ਕਾਮਰੇਡ ਸਰਵਣ ਸਿੰਘ ਚੀਮਾਂ : ਸਪੀਕਰ ਸਾਹਿਬ, ਬੇਟ ਏਰੀਆ ਦੀ ਗੱਲ ਕੀਤੀ ਜਾ ਰਹੀ ਹੈ ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਸੰਗੋਵਾਲ ਪਿੰਡ ਨੂੰ ਸਿੱਧਵਾਂ ਬੇਟ ਨਾਲ ਜੋੜਨ ਵਾਸਤੇ 3 ਸਾਲ ਹੋਏ ਹਨ ਸੜਕ ਮਨਜ਼ੂਰ ਹੋਈ ਸੀ । ਕੀ ਹੁਣ ਉਹ ਸੜਕ ਬਣਾਈ ਜਾਵੇਗੀ ?

ਮੁੱਖ ਮੰਤਰੀ : ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਇਹ ਸਵਾਲ ਜਿੰਨੇ ਹਨ, ਇਹ ਲਿਖ ਕੇ ਭੇਜ ਦੇਣ । (ਵਿਘਨ) ਸਵਾਲ ਬੇਟ ਏਰੀਆ ਦਾ ਨਹੀਂ, ਸਵਾਲ ਸੜਕ ਦਾ ਹੈ । ਸੜਕ ਕਿਥੋਂ ਤੋਂ ਕਿਥੋਂ ਤਕ ਬਣਾਈ ਜਾਣੀ ਚਾਹੀਦੀ ਹੈ, ਇਸ ਦਾ ਬਾਅਦ ਵਿਚ ਵੇਖ ਕੇ ਜਵਾਬ ਦਿੱਤਾ ਜਾ ਸਕਦਾ ਹੈ ।

Regularisation Of Services Of Adhoc Employees

*721. 1. **Master Chand Singh**
2. **Prof. Balwant Singh**
3. **Comrade Darshan Singh Jhabal** } Will the Chief Minister be pleased to state weather the Government issued any circular letter during September, 1980 for regularising the services of ad-hoc employees working in the State if so, the details thereof ?

Sardar Darbara Singh : Govt. did not issue any circular letter regarding the regularisation of the services of adhoc employees during September, 1980. Such a circular letter was issued on 28.10.80. Broadly speaking, Govt. decided to regularise the services of all ad-hoc employees holding post not falling in the purview of Punjab Public Services Commission and the initial pay of which, was in the range of Rs. 325 to Rs. 699, provided they had completed one year's service on 30.9.1980 and fulfilled the prescribed qulification and conditions regarding age and mode of recuitment.

ਮਾਸਟਰ ਚੰਦ ਸਿੰਘ : ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਜਿਨ੍ਹਾਂ ਦੀਆਂ ਮੁਢਲੀਆਂ ਤਨਖਾਹਾਂ 325 ਤੋਂ 699 ਰੁਪਏ ਦੇ ਵਿਚਕਾਰ ਸਨ ਔਰ ਉਨ੍ਹਾਂ ਦੀ ਸੇਵਾ 30-9-80 ਨੂੰ ਇਕ ਸਾਲ ਦੀ ਪੂਰੀ ਹੋ ਗਈ ਸੀ ਉਨ੍ਹਾਂ ਨੂੰ ਰੈਗੂਲਰ ਕਰਨ ਬਾਰੇ 28-10-80 ਨੂੰ ਚਿੱਠੀ ਭੇਜੀ ਸੀ । ਪਰ ਅਸਲ ਗਲ ਇਹ ਹੈ ਕਿ ਕਈ ਕਰਮਚਾਰੀ ਹਾਲੇ ਵੀ ਰਹਿ ਗਏ ਹਨ ਜਿਨ੍ਹਾਂ ਦੀ ਸਰਵਿਸ 30-9-80 ਨੂੰ ਇਕ ਸਾਲ ਦੀ ਹੋ ਗਈ ਸੀ ਪਰ ਉਹ ਰੈਗੂਲਰ ਨਹੀਂ ਕੀਤੇ ਗਏ । ਕੀ ਇਸ ਗਲ ਨੂੰ ਮੁੱਖ ਰੱਖਦੇ ਹੋਏ ਇਹ ਦੋਬਾਰਾ ਕੋਈ ਸਰਕੂਲਰ ਜਾਰੀ ਕਰਨ ਨੂੰ ਤਿਆਰ ਹਨ ਤਾਂ ਕਿ ਉਹ ਜਿਹੜੇ ਰਹਿ ਗਏ ਹਨ, ਰੈਗੂਲਰ ਹੋ ਸਕਣ ?

ਮੁੱਖ ਮੰਤਰੀ : ਜੇ ਕੋਈ ਰਹਿ ਗਏ ਹਨ ਤਾਂ ਮੈਂ ਇਸ ਦੇ ਉਲਟ ਨੋਟਿਸ ਲਵਾਂਗਾ ਕਿ ਉਹ ਹੁਣ ਤਕ ਕਿਉਂ ਨਹੀਂ ਰੈਗੂਲਰ ਕੀਤੇ, ਕਿਉਂਕਿ ਸਰਕੂਲਰ ਜਾਰੀ ਹੋ ਚੁੱਕਾ ਹੈ। (ਥੰਪਿੰਗ)

ਪ੍ਰੋਫੈਸਰ ਬਲਵੰਤ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਰਕੂਲਰ ਦੇ ਤਹਿਤ ਹੁਣ ਤਕ ਕਿੰਨੇ ਇੰਪਲਾਈਜ਼ ਰੈਗੂਲਰ ਕੀਤੇ ਗਏ ਹਨ ?

ਮੁੱਖ ਮੰਤਰੀ : ਇਸ ਸਬੰਧ ਵਿਚ ਇਸ ਵੇਲੇ ਮੇਰੇ ਪਾਸ ਫਿਗਰਜ਼ ਨਹੀਂ ਹਨ। ਵੈਸੇ ਕਾਫੀ ਸਾਰੇ ਰੈਗੂਲਰ ਹੋ ਗਏ ਹਨ।

ਕਾਮਰੇਡ ਬਲਦੇਵ ਸਿੰਘ ਲੂੰਬਾ : ਇਨ੍ਹਾਂ ਨੇ ਦਸਿਆ ਹੈ ਕਿ 30-9-80 ਤਕ ਜਿਨ੍ਹਾਂ ਦੀ ਸਰਵਿਸ ਇਕ ਸਾਲ ਦੀ ਹੋ ਗਈ ਸੀ, ਉਹ ਰੈਗੂਲਰ ਕਰ ਦਿੱਤੇ ਗਏ ਹਨ। ਪਰ ਇਸ ਤੋਂ ਬਾਅਦ ਇਨ੍ਹਾਂ ਨੂੰ ਕਈ ਵਿਧਾਇਕਾਂ ਵਲੋਂ ਇਹ ਚਿਠੀਆਂ ਭੇਜੀਆਂ ਗਈਆਂ ਹਨ ਕਿ ਇਹ ਤਾਰੀਖ 31-12-1980 ਤਕ ਕਰ ਦਿੱਤੀ ਜਾਵੇ। ਕੀ ਮੁੱਖ ਮੰਤਰੀ ਸਾਹਿਬ ਇਸ ਤੇ ਵਿਚਾਰ ਕਰਨ ਲਈ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਦੇ 2-3 ਮਹੀਨੇ ਰਹਿੰਦੇ ਹਨ ਉਹ ਰਿਪਰਜ਼ੈਂਟ ਕਰ ਦਿੰਦੇ ਹਨ। ਜੇ ਇਸ ਤੁਰਾਂ ਕਰਨ ਲਗੀਏ ਤਾਂ ਇਹ ਕਿਸੇ ਸਟੇਜ ਤੇ ਵੀ ਨਿਯਤ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਐਕਸਟੈਂਡ ਕਰਨ ਨਾਲ ਬਹੁਤ ਪੇਚੀਦਗੀਆਂ ਆਉਂਦੀਆਂ ਹਨ।

ਸਰਦਾਰ ਬੀਰ ਪਾਲ ਸਿੰਘ : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ ਇਕ ਸਾਲ ਦੀ ਸਰਵਿਸ ਵਾਲਿਆਂ ਨੂੰ ਰੈਗੂਲਰ ਕਰਨ ਦਾ ਫੈਸਲਾ ਕੀਤਾ ਹੈ ਇਸ ਦੀ ਤਾਂ ਮੈਂ ਸ਼ਲਾਘਾ ਕਰਦਾ ਹਾਂ, ਪਰ ਜਿਹੜੇ ਹੋਰ ਪੜ੍ਹੇ ਲਿਖੇ ਸੱਜਣ ਅਵੇਲੇਬਲ ਹਨ ਉਨ੍ਹਾਂ ਵਾਸਤੇ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਉਨ੍ਹਾਂ ਨੂੰ ਐਡਹਾਕ ਬੇਸਿਜ਼ ਤੇ ਕਿਤੇ ਲਾਇਆ ਜਾਵੇ ਤਾਂ ਕਿ ਇਸ ਨਾਲ ਜਿਹੜੀ ਬੇਕਾਰੀ ਹੈ ਉਸ ਨੂੰ ਦੂਰ ਕਰਨ ਵਿਚ ਸਹਾਇਤਾ ਹੋਵੇ ?

ਮੁੱਖ ਮੰਤਰੀ : ਐਸੀ ਤਜ਼ਵੀਜ਼ ਸੋਚੀ ਜਾ ਸਕਦੀ ਹੈ। ਕੋਈ ਕਲੋਜ਼ ਮਾਈਂਡ ਨਾਲ ਅਸੀਂ ਕੰਮ ਨਹੀਂ ਕਰਦੇ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਜਿਹੜੇ ਐਡਹਾਕ ਅਧਾਰ ਤੇ ਕੰਮ ਕਰਦੇ ਹਨ ਜੇ ਉਨ੍ਹਾਂ ਦੀ ਇਕ ਸਾਲ ਦੀ ਸਰਵਿਸ ਪੂਰੀ ਹੋ ਗਈ ਹੋਵੇ ਤਾਂ ਉਹ ਰੈਗੂਲਰ ਹੋ ਜਾਣੇ ਚਾਹੀਦੇ ਹਨ, ਔਰ ਜੇ ਨਹੀਂ ਕਰਦੇ, ਤਾਂ ਕਿਉਂ ਨਹੀਂ ਕਰਦੇ ?

ਮੁੱਖ ਮੰਤਰੀ : ਅਸਲ ਵਿਚ ਤਾਂ ਇਨ੍ਹਾਂ ਦੇ ਸਵਾਲ ਦਾ ਜਵਾਬ ਆ ਗਿਆ ਹੈ। ਐਡਹਾਕ ਦਾ ਮਤਲਬ ਇਹ ਹੁੰਦਾ ਹੈ ਕਿ ਉਹ ਪੱਕੇ ਨਹੀਂ। ਹੁਣੇ ਹੀ ਕਈ ਹਜ਼ਾਰ ਇੰਪਲਾਈਜ਼ ਜਿਨ੍ਹਾਂ ਦੀ ਸਰਵਿਸ ਇਕ ਸਾਲ ਦੀ ਹੋ ਗਈ ਸੀ, ਰੈਗੂਲਰ ਕਰ ਦਿੱਤੇ ਗਏ ਸਨ। ਇਸ ਦਾ ਮਤਲਬ ਇਹ ਨਹੀਂ ਕਿ ਹਰ ਵੇਲੇ ਇਹ ਖੁਲ੍ਹਾ ਰਹੇ।

Sanctioning of sewerage scheme for Killianwali

*858. (1) **Sardar Hardipinder Singh**
(2) **Sardar Gurbachan Singh Lakhmirwala** : Will the Minister for Finance be pleased to state whether the Goverment propose to sanction a Sewerage Scheme for Killianwali (Mandi Dabwali) in Lambi Block, District Faridkot ,if so, when ?

ਡਾਕਟਰ ਕੇਵਲ ਕ੍ਰਿਸ਼ਨ : ਬੜੀ ਨਿਮਰਤਾ ਸਹਿਤ, ਨਹੀਂ ਜੀ । (ਹਾਸਾ)

ਸਰਦਾਰ ਗੁਰਬਚਨ ਸਿੰਘ ਲਖਮੀਰਵਾਲਾ : ਕਿੱਲੀਆਂਵਾਲੀ ਪਿੰਡ ਦਾ ਕੁਝ ਹਿੱਸਾ ਪੰਜਾਬ ਵਿਚ ਪੈਂਦਾ ਹੈ ਅਤੇ ਕੁਝ ਹਿੱਸਾ ਹਰਿਆਣੇ ਵਿਚ ਆ ਜਾਂਦਾ ਹੈ । ਹਰਿਆਣੇ ਵਾਲਿਆ ਨੇ ਤਾਂ ਉਥੇ ਸੀਵਰੇਜ ਦਾ ਕੰਮ ਕਰਕੇ ਬੜਾ ਸ਼ਾਨਦਾਰ ਕੰਮ ਕਰ ਦਿੱਤਾ ਹੈ ਪਰ ਪੰਜਾਬ ਵਾਲਿਆਂ ਨੇ ਕੁਝ ਨਹੀਂ ਕੀਤਾ । ਇਹ ਹਰਿਆਣੇ ਦੇ ਪਾਸੇ ਵਾਲੇ ਉਲਾਂਭਾ ਵੀ ਦਿੰਦੇ ਹਨ । ਕੀ ਇਹ ਸਰਕਾਰ ਵੀ ਉਥੇ ਸੀਵਰੇਜ ਦਾ ਪ੍ਰਬੰਧ ਕਰੇਗੀ ? ਇਨ੍ਹਾਂ ਨੇ ਤਾਂ ਬੜੇ ਹਾਸੇ ਨਾਲ ਨਾ ਜੀ ਕਹਿ ਕੇ ਜਵਾਬ ਦੇ ਦਿੱਤਾ ਹੈ ।

ਮੰਤਰੀ : ਸਪੀਕਰ ਸਾਹਿਬ, ਬੜੀ ਨਿਮਰਤਾ ਨਾਲ 'ਨਹੀਂ ਜੀ' ਇਸ ਕਰਕੇ ਕਿਹਾ ਸੀ ਕਿਉਂਕਿ ਉਥੇ ਮਿਊਂਸਪੈਲਿਟੀ ਨਹੀਂ ਹੈ । ਡੱਬਵਾਲੀ ਦਾ ਪਾਰਟ ਉਹ ਜ਼ਰੂਰ ਹੈ । ਪਿਛਲੀ ਅਕਾਲੀ ਸਰਕਾਰ ਨੇ ਇਥੇ ਵਾਸਤੇ ਇਕ ਸੀਵਰੇਜ ਸਕੀਮ ਬਣਵਾਈ ਸੀ ਔਰ 1977 ਵਿਚ ਇਸ ਤੇ 3 ਲੱਖ 649 ਰੁਪਏ ਵੀ ਲਾਉਣ ਲਈ ਕਿਹਾ ਸੀ । ਪਰੰਤੂ ਬਾਅਦ ਵਿਚ ਜਦੋਂ ਕੇਸ ਐਫ. ਡੀ. ਨੂੰ ਗਿਆ ਤਾਂ ਪਿਛਲੀ ਸਰਕਾਰ ਵਲੋਂ ਇਸ ਵਾਸਤੇ ਨਾ ਹੋ ਗਈ। ਇਸ ਕਰਕੇ ਮੈਂ ਨਿਮਰਤਾ ਨਾਲ 'ਨਾ ਜੀ' ਕਹੀ ਸੀ ਕਿ ਉਹ ਸਕੀਮ ਹੀ ਖਤਮ ਹੋ ਚੁੱਕੀ ਹੈ । ਪਰ ਹੁਣ ਅਸੀਂ ਜ਼ਰੂਰ ਇਸ ਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰਾਂਗੇ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਜਿਸ ਤਰ੍ਹਾਂ ਜਿਹੜੇ ਗਰੀਬੀ ਦੀ ਸਤਾਹ ਤੋਂ ਥਲੇ ਦੇ ਲੋਕ ਹਨ ਉਨ੍ਹਾਂ ਦਾ ਸਰਵੇ ਕਰਵਾਇਆ ਹੈ, ਉਸੇ ਤਰ੍ਹਾਂ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਜਿਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ ਕੀ ਸਰਕਾਰ ਉਨ੍ਹਾਂ ਪਿੰਡਾਂ ਦੀ ਬੇਹਤਰੀ ਵਾਸਤੇ ਵੀ ਸਰਵੇ ਕਰਵਾਏਗੀ ? ਇਸੇ ਤਰ੍ਹਾਂ ਕਿਲੀਆਂਵਾਲੀ ਪਿੰਡ ਦਾ ਸਵਾਲ ਹੈ । ਉਸਦਾ ਕੁਝ ਹਿੱਸਾ ਹਰਿਆਣੇ ਵਿਚ ਹੈ ਅਤੇ ਕੁਝ ਹਿੱਸਾ ਪੰਜਾਬ ਵਿਚ ਹੈ । ਜਿਹੜਾ ਪੰਜਾਬ ਦਾ ਹਿੱਸਾ ਹੈ ਉਹ ਬਹੁਤ ਗੰਦਾ ਪਿਆ ਹੈ । ਇਸ ਗੰਦਗੀ ਨੂੰ ਦੂਰ ਕਰਨ ਵਾਸਤੇ ਕੀ ਸਰਕਾਰ ਉਥੇ ਸੀਵਰੇਜ ਸਕੀਮ ਦਾ ਪ੍ਰਬੰਧ ਕਰੇਗੀ ?

ਮੰਤਰੀ : ਸਪੀਕਰ, ਸਾਹਿਬ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪਿੰਡਾਂ ਦੀ ਹਾਲਤ ਵਿਚ ਸੁਧਾਰ ਕੀਤਾ ਜਾਵੇ । ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ 3600 ਤੋਂ ਘਟ ਆਮਦਨੀ ਵਾਲੇ ਲੋਕਾਂ ਲਈ ਚੰਗੇ ਹਾਲਾਤ ਬਣਾਏ ਜਾਣ। ਪਿੰਡਾਂ ਦੇ ਵਿਚ ਗੱਲੀਆਂ ਅਤੇ ਨਾਲੀਆਂ ਨੂੰ ਅਸੀਂ ਆਉਣ ਵਾਲੇ ਅਗਲੇ 4 ਸਾਲਾਂ ਵਿਚ ਪੱਕਾ ਕਰ ਦੇਵਾਂਗੇ । ਇਸ ਕੰਮ ਲਈ ਪਿਛਲੇ ਸਾਲ 4 ਕਰੋੜ ਰੁਪਿਆ ਰਖਿਆ ਅਤੇ ਇਸ ਸਾਲ 5 ਕਰੋੜ ਰੁਪਿਆ ਰਖਿਆ ਗਿਆ ਹੈ । ਕਿਉਂਕਿ ਕਿੱਲੀਆਂਵਾਲੀ

[ਵਿੱਤ ਮੰਤਰੀ]

ਪਿੰਡ, ਡੱਬਵਾਲੀ ਮੰਡੀ ਦਾ ਹਿੱਸਾ ਨਹੀਂ ਹੈ ਇਸ ਕਰਕੇ ਉਥੇ ਇਹ ਸਿਸਟਮ ਲਾਗੂ ਨਹੀਂ ਹੋ ਸਕਦਾ ਅਗਰ ਇਹ ਮਿਊਂਸਪਲ ਕਮੇਟੀ ਦੀ ਲਿਮਿਟ ਵਿਚ ਆ ਜਾਵੇਗਾ ਫਿਰ ਦੇਖ ਲਵਾਂਗੇ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੇਰਾ ਇਲਾਕਾ ਬਲਾਚੌਰ ਕੰਡੀ ਦਾ ਹੈ ਅਤੇ ਬੈਕਵਰਡ ਏਰੀਆ ਹੈ । । ਉਥੇ ਲੋਕਾਂ ਨੂੰ ਪੀਣ ਦੇ ਪਾਣੀ ਦੀ ਬੜੀ ਮੁਸ਼ਕਲ ਹੈ । ਕੀ ਉਥੇ ਵੀ ਸੀਵਰੇਜ ਸਿਸਟਮ ਨੂੰ ਲਾਗੂ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੰਡੀ ਨਿਹਾਲ ਸਿੰਘ ਵਾਲਾ ਵਿਚ ਸੀਵਰੇਜ ਸਿਸਟਮ ਲਾਗੂ ਕਰਨ ਲਈ ਕੇਸ ਬਣਾਇਆ ਗਿਆ ਸੀ ਅਤੇ ਇਸ ਦੇ ਲਈ 8.50 ਲੱਖ ਰੁਪਿਆ ਮਨਜ਼ੂਰ ਵੀ ਹੋਇਆ ਸੀ । ਉਥੇ ਮਾਮਲਾ ਬੜਾ ਗੁੰਝਲਦਾਰ ਹੁੰਦਾ ਜਾ ਰਿਹਾ ਹੈ ਕਿਉਂਕਿ ਮੰਡੀ ਵਾਲੇ ਲੋਕ ਕਹਿੰਦੇ ਹਨ ਕਿ ਗੰਦੇ ਪਾਣੀ ਨੂੰ ਡਰੇਨ ਵਿਚ ਸੁਟਿਆ ਜਾਵੇ ਅਤੇ ਨੇੜੇ ਦੇ ਪਿੰਡ ਦੇ ਲੋਕ ਚਾਹੁੰਦੇ ਹਨ ਕਿ ਇਸ ਨੂੰ ਛੱਪੜ, ਜਿਹੜਾ ਨੇੜੇ ਪੈਂਦਾ ਹੈ, ਉਸ ਦੇ ਵਿਚ ਸੁਟਿਆ ਜਾਵੇ । ਕੀ ਸਰਕਾਰ ਇਸ ਤੇ ਕੋਈ ਫੈਸਲਾ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਪੂਰੀ ਤਰ੍ਹਾਂ ਲਿਖ ਕੇ ਦੇ ਦੇਣ, ਅਸੀਂ ਇਸ ਗੁੰਝਲ ਨੂੰ ਖੋਲ੍ਹ ਦਿਆਂਗੇ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਲੁਧਿਆਣੇ ਵਿਚ ਸੀਵਰੇਜ ਸਿਸਟਮ ਹੈ । ਉਥੇ ਸਰਕਾਰੀ ਬਿਲਡਿੰਗਾਂ ਬਣ ਰਹੀਆਂ ਹਨ ਅਤੇ ਨਵੀਆਂ ਕਾਲੋਨੀਜ਼ ਬਣ ਰਹੀਆਂ ਹਨ । ਪਰ ਉਨ੍ਹਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਪੱਕੇ ਤੌਰ ਤੇ ਆਊਟ ਲੈਟ ਨਹੀਂ ਰਖਿਆ ਗਿਆ । ਨਹਿਰ ਦੇ ਪਾਣੀ ਤੋਂ ਪਸ਼ੂ ਅਤੇ ਜਵਾਕ ਪਾਣੀ ਪੀਂਦੇ ਹਨ ਅਤੇ ਹੁਣ ਸਾਰੇ ਸ਼ਹਿਰ ਦੇ ਸੀਵਰੇਜ ਦਾ ਪਾਣੀ ਇਸ ਨਹਿਰ ਵਿਚ ਸੁਟਿਆ ਜਾ ਰਿਹਾ ਹੈ ਜਿਸ ਦੇ ਨਾਲ ਲੋਕਾਂ ਵਿਚ ਬੜੀ ਬੇਚੈਨੀ ਹੈ । ਕੀ ਪੱਕੇ ਤੌਰ ਤੇ ਕੋਈ ਉਥੇ ਆਊਟ-ਲੈਟ ਬਣਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸਰਕਾਰ ਦਾ ਧਿਆਨ ਦਿਵਾਇਆ ਹੈ । ਇਸ ਸਵਾਲ ਦੇ ਨਾਲ ਇਨ੍ਹਾਂ ਦੀ ਸਪਲੀਮੈਂਟਰੀ ਰੀਲੇਟ ਨਹੀਂ ਕਰਦੀ । ਪਰ ਫਿਰ ਵੀ ਸਰਕਾਰ ਇਸ ਤੇ ਵਿਚਾਰ ਕਰ ਲਵੇਗੀ ।

Challans pending under the Punjab Municipal Act, 1911 and the Punjab Municipal Corporation Act, 1976

*447. **Shri Om Parkash Gupta** : Will the Minister for Finance be pleased to state :—

(a) the number of the Challans in respect of Tax arrears under the Punjab Municipal Act, 1911 and the Punjab Municipal Corporation Act, 1976 which are pending for

decision; the periods for which these have been pending and the reasons therefor;

(b) the steps taken or proposed to be taken to make the recovery of the arrears referred to in part (a) above ?

Doctor Kewal Krishan : (a) 7,739 Challans in respect of Tax arrears under section 81 of the Punjab Municipal Act, 1911 are pending for decision. These are pending since April, 1980. Summons have been/are being issued and recovery proceedings initiated. No Challan is pending in respect of Municipal Corporations, as there is no such provision of challaning the defaulters under the Punjab Municipal Corporation Act, 1976 for the recovery of taxes.

(b) Powers of Executive Magistrate under section 81 of the Punjab Municipal Act, 1911 have been conferred on the Regional Deputy Directors, Local Government by the State Government to expedite the pace of recovery of arrears of Municipal Taxes.

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ 7,739 ਚਾਲਾਨ ਧਾਰਾ 81 ਅਧੀਨ ਫੈਸਲੇ ਲਈ ਪੈਂਡਿੰਗ ਪਏ ਹਨ । ਇਹ ਟ੍ਰੈਫਿਕ ਅਤੇ ਲੈਂਡ ਗਰੈਬਿੰਗ ਦੇ ਕੇਸਿਜ਼ ਹਨ । ਪਹਿਲੇ ਕਾਰਪੋਰੇਸ਼ਨ ਵਿਚ ਜੁਡੀਸ਼ੀਅਲ ਮੈਜਿਸਟਰੇਟ ਹੁੰਦਾ ਸੀ । ਪਰ ਹੁਣ ਉਹ ਨਾ ਹੋਣ ਕਰਕੇ ਇਹ ਕੇਸਿਜ਼ ਲੇਟ ਹੁੰਦੇ ਜਾ ਰਹੇ ਹਨ ਅਤੇ ਕਾਰਪੋਰੇਸ਼ਨ ਦਾ ਕੰਮ ਸੱਫਰ ਕਰ ਰਿਹਾ ਹੈ ਅਤੇ ਰਿਕਵਰੀਜ਼ ਘੱਟ ਹੋ ਰਹੀਆਂ ਹਨ । ਸਰਕਾਰ ਨੂੰ ਹਾਈ ਕੋਰਟ ਨੂੰ ਇਸ ਕੰਮ ਲਈ ਅਪਰੋਚ ਕਰਨਾ ਚਾਹੀਦਾ ਹੈ ਕਿਉਂਕਿ ਸਰਕਾਰ ਕਹਿੰਦੀ ਹੈ ਕਿ ਜੁਡੀਸ਼ੀਅਲ ਮੈਜਿਸਟਰੇਟ ਦੀ ਕਮੀ ਹੈ । ਫਿਰ ਸਰਕਾਰ ਨੂੰ ਆਪਣੇ ਪੀ.ਸੀ.ਐਸ. ਐਗਜ਼ੈਕਟਿਵ ਮੈਜਿਸਟ੍ਰੇਟਾਂ ਨੂੰ ਜੁਡੀਸ਼ੀਅਲ ਪਾਵਰਜ਼ ਦੇ ਦੇਣੀਆਂ ਚਾਹੀਦੀਆਂ ਹਨ ਤਾਂਕਿ ਕਾਰਪੋਰੇਸ਼ਨ ਦਾ ਕੰਮ ਸਫਰ ਨਾ ਕਰੇ ਔਰ ਰਿਕਵਰੀਜ਼ ਵੀ ਜ਼ਿਆਦਾ ਹੋ ਸਕਣ । ਕੀ ਇਹ ਇਸ ਤੇ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਰਿਕਵਰੀ ਘੱਟ ਹੋ ਰਹੀ ਹੈ । 21 ਜਨਵਰੀ, 1981 ਤਕ 90 ਲੱਖ ਰੁਪਏ ਦੀ ਰਿਕਵਰੀ ਹੋਈ ਸੀ । ਹੁਣ ਅਸੀਂ ਕਾਰਪੋਰੇਸ਼ਨ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਰਿਕਵਰੀ ਤੇਜ਼ ਕੀਤੀ ਜਾਵੇ । ਲੁਧਿਆਣੇ ਵਿਚ 40 ਹਜ਼ਾਰ ਰੁਪਿਆ ਰੋਜ਼ ਰਿਕਵਰ ਹੋ ਰਿਹਾ ਹੈ । ਸਪੀਕਰ ਸਾਹਿਬ, ਇਹ ਠੀਕ ਹੈ ਕਿ ਡਿਫੀਕਲਟੀਜ਼ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਸੁਝਾਓ ਚੰਗਾ ਹੈ । ਇਸ ਤੇ ਅਸੀਂ ਵਿਚਾਰ ਕਰ ਲਵਾਂਗੇ ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ 1975 ਵਿਚ ਫੈਸਲਾ ਕੀਤਾ ਸੀ ਕਿ ਜਿਸ ਕੋਲ ਇਕ ਮਕਾਨ ਹੈ ਉਸ ਕੋਲੋਂ ਹਾਊਸ ਟੈਕਸ ਨਹੀਂ ਲਿਆ ਜਾਵੇਗਾ ਪਰ ਲੋਕਾਂ ਨੂੰ ਹਾਲੇ ਵੀ ਬਿਲ ਆ ਰਹੇ ਹਨ । ਸਰਦਾਰ ਦਰਬਾਰਾ ਸਿਘ ਹੋਰਾਂ ਨੇ ਕਿਹਾ ਵੀ ਸੀ ਕਿ ਅਸੀਂ 1975 ਵਾਲਾ ਫੈਸਲਾ ਲਾਗੂ ਕਰਾਂਗੇ ।

[ਸਰਦਾਰ ਪ੍ਰਿਥੀਪਾਲ ਸਿੰਘ]

ਆਇਆ ਇਸ ਸਬੰਧੀ ਕੁਝ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸਪਲੀਮੈਂਟਰੀ ਇਸ ਸਵਾਲ ਨਾਲ ਸਬੰਧਤ ਨਹੀਂ ਹੈ ਪਰ ਇਨ੍ਹਾਂ ਦੀ ਗੱਲ ਤੇ ਵਿਚਾਰ ਹੋ ਰਿਹਾ ਹੈ ਅਤੇ ਇਹ ਜ਼ਰੂਰ ਕਰਾਂਗੇ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਰਾਮਪੁਰਾ ਫੂਲ ਵਿੱਚ ਇਕ ਸਾਬਕਾ ਵਿਧਾਇਕ ਦੇ ਕੋਲੋਂ ਮਿਉਂਸਪਲ ਕਮੇਟੀ ਨੇ 14 ਹਜ਼ਾਰ ਰੁਪਿਆ ਲੈਣਾ ਹੈ । ਜਦ ਕਮੇਟੀ ਦੇ ਅਫਸਰ ਇਹ ਰੁਪਿਆ ਵਸੂਲ ਕਰਨ ਲਈ ਜਾਂਦੇ ਹਨ ਉਹ ਉਨ੍ਹਾਂ ਨੂੰ ਧਮਕੀਆਂ ਦਿੰਦਾ ਹੈ ਔਰ ਉਹ ਸਰਦਾਰ ਦਰਬਾਰਾ ਸਿੰਘ ਦੇ ਪਵਿੱਤਰ ਨਾਂ ਨੂੰ ਡੀਫੇਮ ਕਰ ਰਿਹਾ ਹੈ । ਇਸ ਸਬੰਧ ਵਿਚ ਮੈਂ ਮਨਿਸਟਰ ਸਾਹਿਬ ਨੂੰ ਪਹਿਲੇ ਵੀ ਲਿਖ ਚੁੱਕਾ ਹਾਂ । ਕੀ ਮਨਿਸਟਰ ਸਾਹਿਬ, ਇਸ ਸਬੰਧੀ ਕੋਈ ਆਰਡਰ ਜਾਰੀ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਬਕਾ ਵਿਧਾਇਕ ਦਾ ਇਖਲਾਕੀ ਫਰਜ਼ ਹੈ ਕਿ ਉਹ ਕਮੇਟੀ ਦੇ ਬਕਾਏ ਪੈਸੇ ਨੂੰ ਜਮ੍ਹਾਂ ਕਰਵਾਏ । ਅਗਰ ਉਹ ਮਿਉਂਸਪਲ ਕਮੇਟੀ ਕੋਲ ਬਕਾਇਆ ਜਮ੍ਹਾਂ ਨਹੀਂ ਕਰਵਾਏਗਾ ਤਾਂ ਅਸੀਂ ਕਾਨੂੰਨੀ ਕਾਰਵਾਈ ਕਰਾਂਗੇ ।

Enquiry conducted against the Sarpanch Gram Panchayat Karhali, Distt Patiala

*859. **Prof. Balwant Singh**
Master Chand Singh } : Will the Minister for Development be pleased to state whether any Departmental inquiry was conducted against the Sarpanch, Gram Panchayat Karhali, Block Bhunerheri, District Patiala during the month of June, 1980, if so, the details of the enquiry report ?

ਸਰਦਾਰ ਸੰਤੋਖ ਸਿੰਘ ਰੰਧਾਵਾ : ਹਾਂ ਜੀ । ਵਿਭਾਗੀ ਪੜਤਾਲ ਤੋਂ ਇਹ ਸਪਸ਼ਟ ਹੋਇਆ ਸੀ ਕਿ ਸਰਪੰਚ ਦੋਸ਼ੀ ਨਹੀਂ ਸੀ । ਪਿੰਡ ਕਰਹਾਲੀ ਦੇ ਹਰੀਜਨਾਂ ਨੂੰ ਸ਼ਾਮਲਾਤ ਭੂਮੀ ਦਾ 1/3 ਹਿੱਸਾ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964 ਦੇ ਨਿਯਮ 6 (7) ਦੇ ਉਪਬੰਧ ਨੂੰ ਮੁੱਖ ਰਖਦਿਆਂ ਉਧਾਰ ਤੇ, ਪਟੇ ਤੇ, ਨਹੀਂ ਦਿੱਤੀ ਜਾ ਸਕਦੀ ਸੀ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਪਿੰਡ ਕਰਹਾਲੀ ਵਿਚ ਹਰੀਜਨਾਂ ਨੂੰ ਜ਼ਮੀਨ ਮਿਲਣੀ ਸੀ । ਉਸ ਪਿੰਡ ਦੇ ਹਰੀਜਨਾਂ ਨੇ ਸਰਕਾਰ ਕੋਲੋਂ ਇਹ ਜ਼ਮੀਨ ਉਧਾਰ ਮੰਗੀ ਸੀ ਪਰ ਉਨ੍ਹਾਂ ਨੂੰ ਨਹੀਂ ਦਿੱਤੀ ਗਈ । ਕੀ ਸਰਕਾਰ ਉਨ੍ਹਾਂ ਨੂੰ ਜ਼ਮੀਨ ਦਵੇਗੀ ਅਤੇ ਇਸ ਗੱਲ ਦੀ ਇਨਕੁਆਇਰੀ ਕਰਵਾਏਗੀ ?

ਮੰਤਰੀ : ਸਪੀਕਰ ਸਾਹਿਬ, ਇਸ ਪਿੰਡ ਵਿਚ 70 ਏਕੜ ਜ਼ਮੀਨ ਸੀ ਜਿਸ ਵਿਚੋਂ 24 ਏਕੜ ਜ਼ਮੀਨ ਹਰੀਜਨਾਂ ਵਾਸਤੇ ਰਾਖਵੀਂ ਰੱਖੀ ਗਈ ਸੀ । ਸਰਕਾਰ ਉਨ੍ਹਾਂ ਨੂੰ ਬੋਲੀ ਤੇ ਦੇਣਾ ਚਾਹੁੰਦੀ ਸੀ ਜਦ ਕਿ ਉਹ ਉਧਾਰ ਮੰਗਦੇ ਸਨ . ਉਹ ਅਸੀਂ ਦੇ ਨਹੀਂ ਸੀ ਸਕਦੇ । ਪ੍ਰੰਤੂ ਪੰਚਾਇਤ ਦੇ ਬਾਰ ਬਾਰ ਕਹਿਣ ਦੇ ਬਾਵਜੂਦ ਇਹ 25/5/80, 7/6/80, 17/6/80, 23/6/80 ਨੂੰ ਇਸ

ਜ਼ਮੀਨ ਦੀ ਬੋਲੀ ਕੀਤੀ ਗਈ। ਪਰ ਉਨ੍ਹਾਂ ਨੇ ਇਹ ਹੀ ਜ਼ਿਦ ਫੜੀ ਹੋਈ ਸੀ ਕਿ ਸਾਨੂੰ ਜ਼ਮੀਨ ਉਧਾਰ/ਪਟੇ ਤੇ ਦਿੱਤੀ ਜਾਵੇ। ਇਸ ਤੋਂ ਬਾਅਦ ਹਰੀਜਨਾਂ ਨੇ ਡੀ. ਸੀ. ਨੂੰ ਇਕ ਐਪਲੀਕੇਸ਼ਨ ਦਿੱਤੀ ਔਰ ਡੀ. ਸੀ. ਨੇ ਬੀ.ਡੀ.ਓ. ਨੂੰ ਉਥੇ ਭੇਜਿਆ ਔਰ ਉਸ ਨੇ ਇਨ-ਕੁਆਇਰੀ ਕੀਤੀ। ਉਸ ਨੇ ਇਕ ਹੋਰ ਡੇਟ ਫਿਕਸ ਕਰ ਦਿੱਤੀ ਪਰ ਇਹ ਹਰੀਜਨ ਇਸ ਜ਼ਮੀਨ ਨੂੰ ਉਧਾਰ ਤੇ ਲੈਣਾ ਚਾਹੁੰਦੇ ਹਨ। ਸਪੀਕਰ ਸਾਹਿਬ, ਜੇਕਰ ਕੋਈ ਆਦਮੀ ਬੋਲੀ ਦਿੰਦਾ ਹੈ ਤਾਂ ਉਸਨੂੰ 1/4 ਹਿੱਸੇ ਦੀ ਰਕਮ ਜਮਾਂ ਕਰਾਉਣੀ ਪੈਂਦੀ ਹੈ ਅਤੇ ਬਾਕੀ ਦੀ ਰਕਮ ਬਾਅਦ ਵਿਚ ਉਹ ਜਮਾਂ ਕਰਾਉਂਦਾ ਹੈ। ਇਨ੍ਹਾਂ ਨੇ ਉਹ ਰਕਮ ਅਦਾ ਨਹੀਂ ਕੀਤੀ ਅਤੇ ਉਸ ਸ਼ਰਤ ਨੂੰ ਪੂਰਾ ਨਹੀਂ ਕੀਤਾ। ਇਸ ਤੋਂ ਬਾਅਦ ਡੀ. ਡੀ. ਪੀ. ਓ. ਨੇ ਲਿਖਿਆ ਹੈ ਕਿ ਇਨ੍ਹਾਂ ਨੇ ਕਈ ਚਾਂਸ ਮਿਲਣ ਦੇ ਬਾਵਜੂਦ ਵੀ ਜ਼ਮੀਨ ਨਹੀਂ ਲਈ। ਇਸ ਲਈ ਇਸ ਜ਼ਮੀਨ ਨੂੰ ਜਨਰਲ ਤੌਰ ਤੇ ਆਕਸ਼ਨ ਕਰ ਦਿਤਾ ਜਾਵੇ। ਇਸ ਲਈ, ਸਪੀਕਰ ਸਾਹਿਬ, ਉਹ ਜ਼ਮੀਨ ਫਿਰ ਆਕਸ਼ਨ ਕਰ ਦਿਤੀ ਗਈ।

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੀ ਬੜੀ ਹੀ ਮਿਹਰ-ਬਾਨੀ ਹੈ ਕਿ ਉਨ੍ਹਾਂ ਨੇ ਡਿਟੇਲ ਵਿਚ ਜਵਾਬ ਦਿਤਾ ਹੈ ਅਤੇ ਹਾਂ ਜੀ ਜਾਂ ਨਾਂ ਜੀ ਵਿਚ ਜਵਾਬ ਨਹੀਂ ਦਿਤਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਕੀ ਉਹ ਡੀ. ਡੀ. ਪੀ. ਓ. ਨੂੰ ਦੋਬਾਰਾ ਉਸ ਜ਼ਮੀਨ ਦੀ ਬੋਲੀ ਕਰਾਉਣ ਲਈ ਕਹਿਣਗੇ ?

ਮੰਤਰੀ: ਸਪੀਕਰ ਸਾਹਿਬ, ਆਲਰੈਡੀ ਸਾਡੀਆਂ ਇੰਸਟਰਕਸ਼ਨਾਂ ਹਨ ਕਿ 20 ਏਕੜ ਤਕ ਦੀ ਜਿਹੜੀ ਜ਼ਮੀਨ ਹੋਵੇਗੀ ਉਸ ਦੀ ਬੋਲੀ ਐਸ. ਈ. ਪੀ. ਓ. ਕਰਵਾਏਗਾ ਅਤੇ 20 ਏਕੜ ਤੋਂ ਉਪਰ 100 ਏਕੜ ਤਕ ਜਿਹੜੀ ਜ਼ਮੀਨ ਹੋਵੇਗੀ, ਉਸ ਦੀ ਬੋਲੀ ਬੀ. ਡੀ. ਪੀ. ਓ. ਕਰਵਾਏਗਾ। ਸਪੀਕਰ ਸਾਹਿਬ, 100 ਏਕੜ ਤੋਂ ਉਪਰ ਜਿਹੜੀ ਜ਼ਮੀਨ ਹੋਵੇਗੀ ਉਸ ਦੀ ਬੋਲੀ ਡੀ. ਪੀ. ਓ. ਕਰਵਾਏਗਾ। 1/3 ਹਿਸਾ ਜ਼ਮੀਨ ਰਿਜ਼ਰਵ ਰੱਖੀ ਹੋਈ ਹੈ। ਸਪੀਕਰ ਸਾਹਿਬ, ਉਸ ਕਰਹਾਲੀ ਪਿੰਡ ਦੇ ਹਰੀਜਨ ਬਜ਼ਿਦ ਸਨ ਕਿ ਅਸੀਂ ਜ਼ਮੀਨ ਉਧਾਰ ਲੈਣੀ ਹੈ ਅਤੇ ਕੋਈ ਪੈਸਾ ਨਕਦ ਨਹੀਂ ਦੇਣਾ। ਅਗਰ ਉਹ ਹਰੀਜਨ ਥੋੜ੍ਹੇ ਪੈਸੇ ਵੀ ਦੇ ਦਿੰਦੇ ਤਾਂ ਉਹ ਜ਼ਮੀਨ ਉਨ੍ਹਾਂ ਨੂੰ ਮਿਲ ਜਾਣੀ ਸੀ। ਸਪੀਕਰ ਸਾਹਿਬ, ਇਹ ਐਕਟ ਵਿਚ ਲਿਖਿਆ ਹੈ ਕਿ ਜ਼ਮੀਨ ਉਧਾਰ ਨਹੀਂ ਦਿਤੀ ਜਾ ਸਕਦੀ ਅਤੇ ਕੇਵਲ ਨਕਦ ਪੇਮੈਂਟ ਕਰਨ ਤੋਂ ਬਾਅਦ ਦਿਤੀ ਜਾ ਸਕਦੀ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬਹੁਤ ਤਸੱਲੀ-ਬਖਸ਼ ਜਵਾਬ ਦਿਤਾ ਹੈ। ਵੈਸੇ ਵੀ ਅੱਜ ਹਾਊਸ ਦਾ ਅਖੀਰਲਾ ਦਿਨ ਹੈ। (ਹਾਸਾ) ਜ਼ਿਲ੍ਹਾ ਲੁਧਿਆਣਾ ਵਿਚ ਪਿੰਡ ਗੋਰਸੀਆ (ਨਾਦਰਬਖਸ਼) ਹੈ ਉਥੇ 500 ਕਿਲਾ ਜ਼ਮੀਨ ਹੈ। ਉਥੇ ਸਪੀਕਰ ਸਾਹਿਬ, ਬੀ. ਡੀ. ਪੀ. ਓ. ਨੇ ਮਿਲ ਮਿਲਾ ਕੇ ਜ਼ਮੀਨ ਆਪਣੇ ਬੰਦਿਆਂ ਨੂੰ ਦੇ ਦਿਤੀ। ਕੀ ਇਸ ਗੱਲ ਦੀ ਮਨਿਸਟਰ ਸਾਹਿਬ, ਕੋਈ ਇਨਕੁਆਇਰੀ ਕਰਵਾਉਣਗੇ।

ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜੋ ਇਨਫਰਮੇਸ਼ਨ ਦਤੀ ਹੈ, ਮੈਂ ਉਸ ਲਈ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ। ਸਾਡੇ ਕੋਲ 6 ਲੱਖ 98 ਹਜ਼ਾਰ ਏਕੜ ਸ਼ਾਮਲਾਤ ਜ਼ਮੀਨ

[ਵਿਕਾਸ ਮੰਤਰੀ]

ਹੈ ਅਤੇ ਕਲਟੀਵੇਬਲ ਲੈਂਡ 1 ਲੱਖ 74 ਹਜ਼ਾਰ ਏਕੜ ਹੈ ਜਿਹੜੀ ਕਿ ਆਕਸ਼ਨ ਤੇ ਦਿੰਦੇ ਹਾਂ ਅਤੇ 1/3 ਹਿਸਾ ਹਰੀਜਨਾਂ ਵਾਸਤੇ ਰਿਜ਼ਰਵ ਹੈ। ਸਪੀਕਰ ਸਾਹਿਬ, ਮੈਂ ਗੋਰਸੀਆ ਪਿੰਡ, ਜ਼ਿਲ੍ਹਾ ਲੁਧਿਆਣਾ ਦੇ ਮਾਮਲੇ ਦੀ ਇਨਕੁਆਇਰੀ ਕਰਵਾ ਲਵਾਂਗਾ। (ਥੰਪਿੰਗ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਹਰੀਜਨਾਂ ਨੂੰ ਸ਼ਾਮਲਾਤ ਭੂਮੀ ਦਾ 1/3 ਹਿਸਾ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼ 1964 ਦੇ ਨਿਯਮ 6(7) ਦੇ ਉਪਬੰਧ ਨੂੰ ਮੁੱਖ ਰਖਦਿਆਂ ਉਧਾਰ ਤੇ, ਪਟੇ ਤੇ ਨਹੀਂ, ਦਿੱਤੀ ਜਾ ਸਕਦੀ ਸੀ ਇਹ ਠੀਕ ਹੈ। ਸਪੀਕਰ ਸਾਹਿਬ, ਬੀ. ਡੀ. ਪੀ. ਓ. ਸਰਪੰਚ ਦੇ ਨਾਲ ਮਿਲ ਕੇ ਕਾਗਜ਼ਾਂ ਦਾ ਹੀ ਘਰ ਪੂਰਾ ਕਰਦੇ ਹਨ ਅਤੇ ਜ਼ਮੀਨ ਆਪਣੇ ਬੰਦਿਆਂ ਨੂੰ ਦੇ ਦਿੰਦੇ ਹਨ। ਹਰੀਜਨਾਂ ਨੂੰ ਜ਼ਮੀਨ ਨਹੀਂ ਮਿਲਦੀ। ਕੀ ਮਨਿਸਟਰ ਸਾਹਿਬ ਇਸ ਗਲ ਦੀ ਇਨਕੁਆਇਰੀ ਕਰਵਾਉਣ ਦੀ ਕਿਰਪਾਲਤਾ ਕਰਨਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ। ਮੈਂ ਆਨਰੇਬਨ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਥੱਲੇ ਹੀ ਨਹੀਂ ਰਿਹਾ ਅਤੇ ਡਿਪਟੀ ਕਮਿਸ਼ਨਰ ਕੋਲ ਪਹੁੰਚਿਆ ਸੀ। ਅਨੁਸੂਚਿਤ ਜਾਤੀਆਂ ਦੇ ਵਸਨੀਕ ਵੀ ਡਿਪਟੀ ਕਮਿਸ਼ਨਰ ਨੂੰ ਮਿਲੇ ਸਨ ਅਤੇ ਦੂਜੇ ਪਾਸੇ ਪੰਚਾਇਤ ਵੀ ਡਿਪਟੀ ਕਮਿਸ਼ਨਰ ਨੂੰ ਮਿਲੀ ਸੀ। ਡਿਪਟੀ ਕਮਿਸ਼ਨਰ ਨੇ ਡੀ. ਡੀ. ਪੀ. ਓ. ਨੂੰ ਪੜਤਾਲ ਕਰਕੇ ਰਿਪੋਰਟ ਦੇਣ ਲਈ ਕਿਹਾ ਸੀ। ਫਿਰ ਡੀ. ਡੀ. ਪੀ. ਓ. ਨੇ ਪੜਤਾਲ ਕਰਕੇ ਦਸਿਆ ਸੀ ਕਿ ਹਰੀਜਨਾਂ ਨੂੰ ਜ਼ਮੀਨ ਦੇਣ ਲਈ ਚਾਰ-ਪੰਜ ਚਾਂਸ ਦਿੱਤੇ ਜਾ ਚੁਕੇ ਹਨ। ਇਸ ਲਈ ਹੁਣ ਇਹ ਜ਼ਮੀਨ ਪਈ ਨਹੀਂ ਰਹਿਣੀ ਚਾਹੀਦੀ ਬਲਕਿ ਇਸ ਦੀ ਆਕਸ਼ਨ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਪੰਚਾਇਤ ਨੂੰ 4 ਕਰੋੜ 42 ਲੱਖ ਰੁਪਏ ਦੀ ਆਮਦਨ ਜ਼ਮੀਨ ਤੋਂ ਹੁੰਦੀ ਹੈ। ਸਪੀਕਰ ਸਾਹਿਬ, ਚਾਰ ਬੋਲੀਆ ਤੋਂ ਬਾਅਦ ਪੰਜਵੀ ਬੋਲੀ ਵਿਚ ਲੋਕਾਂ ਨੂੰ ਆਕਸ਼ਨ ਤੇ ਇਹ ਜ਼ਮੀਨ ਦਿਤੀ ਗਈ ਹੈ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਜ਼ਿਲ੍ਹਾ ਫਿਰੋਜ਼ਪੁਰ ਹੈ। ਉਥੇ ਪਿੰਡ ਵਿਚ ਪੰਚਾਇਤਾਂ ਦੀਆਂ ਜ਼ਮੀਨਾਂ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆਂ ਹੈ। ਫਿਰੋਜ਼ਪੁਰ ਜ਼ਿਲ੍ਹੇ ਵਿਚ ਕਈ ਲੋਕਾਂ ਨੇ ਅਪੀਲ ਕਰਕੇ ਸਟੇਅ ਲਿਤੀ ਹੋਈ ਹੈ। ਪਰ ਸਪੀਕਰ ਸਾਹਿਬ, ਸਟੇਅ ਦੇਣ ਦੀ ਜੁਰਿਸਡਿਕਸ਼ਨ ਉਸ ਦੀ ਨਹੀਂ ਹੈ। ਡਿਪਟੀ ਡਾਇਰੈਕਟਰ ਦਾ ਫੈਸਲਾ ਡਾਇਰੈਕਟਰ ਕੋਲ ਆਉਂਦਾ ਹੈ ਜਿਸ ਨੇ ਸਟੇਅ ਦਿਤੀ ਹੋਈ ਹੈ। ਸਪੀਕਰ ਸਾਹਿਬ, ਪਿੰਡ ਦੀਆਂ ਪੰਚਾਇਤਾਂ ਦਾ ਕਾਫੀ ਨੁਕਸਾਨ ਹੋ ਰਿਹਾ ਹੈ। ਕੀ ਮੰਤਰੀ ਜੀ ਇਨਕੁਆਇਰੀ ਕਰਵਾ ਕੇ ਉਹ ਜ਼ਮੀਨਾਂ ਪੰਚਾਇਤਾਂ ਨੂੰ ਵਾਪਸ ਦਿਲਾਉਣਗੇ ਜਿਨ੍ਹਾਂ ਤੇ ਨਜ਼ਾਇਜ਼ ਕਬਜ਼ਾਂ ਕੀਤਾ ਹੋਇਆ ਹੈ।

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ। 13,771 ਏਕੜ ਜ਼ਮੀਨਾਂ ਤੇ ਲੋਕਾਂ ਦਾ ਨਜਾਇਜ਼ ਕਬਜ਼ਾ ਕੀਤਾ ਹੋਇਆਂ ਹੈ। ਜਦੋਂ ਦੀ ਸਰਦਾਰ ਦਰਬਾਰਾ ਸਿੰਘ ਜੀ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ ਉਸ ਤੋਂ ਬਾਅਦ ਡੀ. ਡੀ. ਪੀ. ਓਜ. ਨੂੰ ਕੁਲੈਕਟਰ ਦੇ ਅਧਿਕਾਰ ਦਿਤੇ ਗਏ ਹਨ ਤਾਂ ਕਿ ਉਹ ਇਨ੍ਹਾਂ ਪਾਵਰਾਂ ਦਾ ਇਸਤੇਮਾਲ ਕਰਕੇ ਜ਼ਮੀਨਾਂ ਪ੍ਰਾਪਤ ਕਰਨ।

ਸਪੀਕਰ ਸਾਹਿਬ, ਕਮਿਸ਼ਨਰਾਂ ਦੀਆਂ ਪਾਵਰਾਂ ਜੁਆਇੰਟ ਡਾਇਰੈਕਟਰ ਕੋਲ ਹਨ ਇਸ ਤੋਂ ਬਾਅਦ ਕਮਿਸ਼ਨਰ ਕੋਲ ਜਿਹੜੇ ਕੇਸ ਪਏ ਹਨ ਉਨ੍ਹਾਂ ਬਾਰੇ ਉਨ੍ਹਾਂ ਨੂੰ ਅਪਰੋਚ ਕੀਤੀ ਗਈ ਕਿ ਇਹ ਕੇਸ ਤੁਹਾਡੀ ਜੁਰਿਸਡਿਕਸ਼ਨ ਵਿਚ ਨਹੀਂ ਰਹੇ ਹਨ ਅਤੇ ਇਨ੍ਹਾਂ ਕੇਸਾਂ ਨੂੰ ਵਾਪਸ ਕਰੋ ਤਾਂ ਕਿ ਫੈਸਲਾ ਹੋ ਸਕੇ । ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕੋਸ਼ਿਸ਼ ਕਰਕੇ 3771 ਏਕੜ ਜ਼ਮੀਨ ਕਢਵਾ ਲਈ ਹੈ ਅਤੇ 10550 ਏਕੜ ਜ਼ਮੀਨ ਲਈ ਡੀ.ਡੀ.ਪੀ.ਓ. ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਮਾਰਚ, 1981 ਤਕ ਸਾਰੀ ਇਨਫਰਮੇਸ਼ਨ ਸਾਨੂੰ ਭੇਜੀ ਜਾਏ ਤਾਂ ਕਿ ਅਗਲੀ ਕਾਰਵਾਈ ਕੀਤੀ ਜਾਵੇ । (ਥੰਪਿੰਗ)

Fruit Trees Planted And New Nurseries Set Up In The State

*730. **Chaudhri Jagjit Singh** : Will the Minister for Agriculture and Forests be pleased to state the districtwise number of fruit trees planted and new nurseries set up in the State since the setting up of the new Horticulture Directorate in the State ?

ਚੌਧਰੀ ਕਾਂਸ਼ੀ ਰਾਮ : ਲਾਏ ਫਲਦਾਰ ਬੂਟਿਆਂ ਅਤੇ ਨਵੀਆਂ ਸਥਾਪਤ ਕੀਤੀਆਂ ਨਰਸਰੀਆਂ ਦੀ ਜ਼ਿਲ੍ਹਾਵਾਰ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

Statement Showing Number of Fruit Plants Planted during 1979-80 and 1981-82:

Sr. No.	Name of District.	No. of Plants Supplied during 1979-80	Number of Plants Suplied during 1980-81 up to 31-1-81	New Nurseries set up
1.	Amritsar	45,000	60,000	X
2.	Bhatinda	20.500	25,500	X
3.	Faridkot	15,000	16,500	X
4.	Ferozepur	45,000	85,000	X
5.	Gurdaspur	25,500	50,50	X
6.	Hoshiarpur	1,10,000	1,40,500	1
7.	Jullundur	15,000	25,000	2
8,	Kapurthala	10'000	12,000	X
9.	Ludhiana	8,500	12,500	X
10,	Patiala	45,500	58,500	X
11.	Ropar	18,500	45,500	X
12.	Sangrur	12,500	16,500	X
	Total	3,71,000	5,48,000	3

ਚਧਰੀ ਜਗਜੀਤ ਸਿੰਘ : ਮਨਿਸਟਰ ਸਹਿਬ ਨੇ ਜੋ ਇਸ ਸਬੰਧੀ ਸੂਚਨਾ ਦਿਤੀ ਹੈ ਕਿ 1979-80 ਵਿਚ 37,000 ਫਰੂਟ ਟਰੀਜ਼ ਲਗਾਏ ਗਏ ਔਰ 1980-81 ਵਿਚ 5,48,000 ਫਰੂਟ ਟਰੀਜ਼ ਲਗਾਏ ਗਏ ਇਹ ਬੜਾ ਸ਼ਲਾਘਾ ਯੋਗ ਕੰਮ ਕੀਤਾ ਗਿਆ ਹੈ । ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਇਹ ਫਰੂਟ ਟਰੀਜ਼ ਸਰਕਾਰੀ ਨਰਸਰੀਆਂ ਤੋਂ ਦੇ ਕੇ ਲਗਾਉਂਦੇ ਹਨ ਉਥੇ ਪੰਜਾਬ ਵਿਚ ਬਹੁਤ ਸਾਰੀਆਂ ਪ੍ਰਾਈਵੇਟ ਨਰਸਰੀਆਂ ਵੀ ਹਨ ਜਿਹੜੀਆਂ ਕਿ ਮਹਿਕਮੇਂ ਕੋਲ ਰਜਿਸਟਰ ਨਹੀਂ ਸਨ। ਉਹ ਪ੍ਰਾਈਵੇਟ ਨਰਸਰੀਆਂ ਬਾਹਰਲੇ ਸੂਬਿਆਂ ਵਿਚੋਂ ਫਰੂਟ ਟਰੀਜ਼ ਮੰਗਵਾਉਂਦੀਆਂ ਹਨ ਅਤੇ ਹੋ ਸਕਦਾ ਹੈ ਕਿ ਉਹ ਪੌਦੇ ਬਿਮਾਰੀਆਂ ਦੇ ਮਾਰੇ ਹੋਏ ਹੋਣ ਔਰ ਉਹ ਸਹੀ ਤਰੀਕੇ ਦੇ ਨਾ ਹੋਣ। ਕੀ ਇਹ ਇਸ ਗਲ ਦਾ ਪ੍ਰਬੰਧ ਕਰਨਗੇ ਜਿਸ ਨਾਲ ਕਿ ਪ੍ਰਾਈਵੇਟ ਨਰਸਰੀਆਂ ਵੀ ਹਾਰਟੀਕਲਚਰ ਡਿਪਾਰਟਮੈਂਟ ਕੋਲ ਰਜਿਸਟਰ ਹੋਣ ਔਰ ਜਿਹੜੇ ਪੌਦੇ ਇਹ ਨਰਸਰੀਆਂ ਬਾਹਰਲੇ ਸੂਬਿਆਂ ਤੋਂ ਮੰਗਵਾਉਂਦੀਆਂ ਹਨ ਉਹ ਬੀਮਾਰੀ ਤੋਂ ਰਹਿਤ ਹੋਣ ਔਰ ਹੈਲਦੀ ਹੋਣ ਤਾਂ ਕਿ ਇਥੇ ਪੰਜਾਬ ਦੇ ਲੋਕਾਂ ਨੂੰ ਫਾਇਦਾ ਹੋ ਸਕੇ ।

ਮੰਤਰੀ : ਇਥੇ ਜੋ ਕਿਹਾ ਗਿਆ ਹੈ ਕਿ ਕੋਈ ਬੂਟਾ ਬਾਹਰੋਂ ਲਿਆ ਕੇ ਇਥੇ ਨਾ ਲਾਵੇ । ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਬੂਟਾ ਬਾਹਰੋਂ ਲਿਆਂਦਾ ਹੈ ਤਾਂ ਦੇਣ ਵਾਲਾ ਬੂਟਾ ਦਿੰਦਾ ਹੈ ਔਰ ਲੈਣ ਵਾਲਾ ਬੂਟਾ ਲੈਂਦਾ ਹੈ, ਇਸ ਵਿਚ ਕੋਈ ਕੀ ਕਰ ਸਕਦਾ ਹੈ । ਬਾਕੀ ਜਿਹੜੀਆਂ ਪ੍ਰਾਈਵੇਟ ਨਰਸਰੀਆਂ ਡਿਪਾਰਟਮੈਂਟ ਕੋਲ ਰਜਿਸਟਰਡ ਹਨ, ਉਥੇ ਡਿਪਾਰਮੈਂਟ ਦੇ ਬੰਦੇ ਜਾਕੇ ਇਨਸਪੈਕਸ਼ਨ ਕਰਦੇ ਹਨ ਔਰ ਉਨ੍ਹਾਂ ਨੂੰ ਗਾਈਡੈਂਸ ਵੀ ਦਿੰਦੇ ਹਨ । ਜ਼ਰੂਰਤਮੰਦ ਬੰਦਿਆਂ ਨੂੰ ਪਲਾਂਟਿੰਗ ਸ਼ੀਜ਼ਨ ਵਿਚ ਜਦੋਂ ਬੂਟਿਆਂ ਦੀ ਲੋੜ ਪੈਂਦੀ ਹੈ ਤਾਂ ਇਹ ਰਿਕੁਮੈਂਡ ਵੀ ਕਰਦੇ ਹਨ ਕਿ ਉਸ ਨਰਸਰੀ ਵਿਚੋਂ ਬੂਟੇ ਲੈ ਲਵੋ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਹ ਜਿਹੜੀਆਂ ਸਰਕਾਰੀ ਨਰਸਰੀਆਂ ਫਰੂਟ ਟਰੀਜ਼ ਲਗਾਉਂਦੀਆਂ ਹਨ, ਇਸ ਬਾਰੇ ਆਮ ਸ਼ਿਕਾਇਤ ਹੈ ਕਿ ਦੋ, ਦੋ, ਤਿੰਨ ਤਿੰਨ ਸਾਲ ਬਾਅਦ ਵੀ ਬੂਟੇ ਫੱਲ ਨਹੀਂ ਦਿੰਦੇ ਔਰ ਬੈਰਨ ਜਾਂ ਬਾਂਝ ਰਹਿੰਦੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਬੰਧੀ ਕੋਈ ਇੰਤਜ਼ਾਮ ਕਰਨ ਦਾ ਪ੍ਰਬੰਧ ਕਰਨਗੇ ਤਾਂ ਕਿ ਇਸ ਬਾਰੇ ਰਿਸਰਚ ਹੋਇਆ ਕਰੇ ਔਰ ਲੋਕਾਂ ਨੂੰ ਬੀਮਾਰੀ ਰਹਿਤ ਪੌਦੇ ਮਿਲ ਸਕਿਆ ਕਰਣ ?

ਮੰਤਰੀ : ਇਸ ਵਿਚ ਕੋਈ ਐਨਾ ਤੌਖਲਾ ਕਰਨ ਵਾਲੀ ਗਲ ਨਹੀਂ ਹੈ। ਜਿਹੜਾ ਬੰਦਾ ਬਾਗ ਲਗਾਉਂਦਾ ਹੈ ਉਹ ਆਮ ਕਾਸ਼ਤ ਕਰਨ ਵਾਲਿਆਂ ਤੋਂ ਜ਼ਿਆਦਾ ਇਸ ਬਾਰੇ ਸੂਝ ਰਖਦਾ ਹੁੰਦਾ ਹੈ ਔਰ ਉਸ ਦਾ ਸੰਪਰਕ ਹਾਰਟੀਕਲਕਰ ਦੇ ਮਹਿਕਮੇ ਦੇ ਬੰਦਿਆਂ ਨਾਲ ਜ਼ਿਆਦਾ ਹੁੰਦਾ ਹੈ ਪਰ ਫਿਰ ਵੀ ਜੇਕਰ ਕੋਈ ਅਜਿਹਾ ਕੇਸ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆ ਦੇਣ ।

ਸ੍ਰੀ ਰਾਮ ਸਵਰੂਪ ਬਾਗੀ : ਪੰਜਾਬ ਵਿਚ ਸਭ ਤੋਂ ਪੱਛੜਿਆ ਹੋਇਆ ਮੇਰਾ ਇਲਾਕਾ ਹੈ ਪਠਾਨਕੋਟ ਦਾ ਉਥੇ ਦੂਸਰੀਆਂ ਫਸਲਾਂ ਦੀ ਉਪਜ ਘਟ ਹੁੰਦੀ ਹੈ। ਉਥੇ ਫੱਲਦਾਰ ਦਰਖਤ ਲਗਾ ਕੇ ਕਾਮਯਾਬ ਕੀਤੇ ਜਾ ਸਕਦੇ ਹਨ। ਕੀ ਇਸ ਬਾਰੇ ਇਹ ਪ੍ਰਬੰਧ ਕਰਨਗੇ ? ਉਨ੍ਹਾਂ ਨੂੰ ਸਬਸਿਡੀ ਤੇ ਪੌਦੇ ਦੇਣ ਬਾਰੇ ਵੀ ਕੀ ਇਹ ਇੰਤਜ਼ਾਮ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਬਾਗੀ ਸਾਹਿਬ ਨੇ ਧਾਰ ਬਲਾਕ ਦੇ ਮੁਤਅੱਲਕ ਗਲ ਕੀਤੀ

ਹੈ । ਜਿਸ ਤਰ੍ਹਾਂ ਦਾ ਪਾਣੀ ਉਥੇ ਮਿਲਦਾ ਹੈ, ਉਸ ਮੁਤਾਬਿਕ ਹੀ ਕਿਸਾਨ ਬਾਗ ਲਗਾਵੇਗਾ।

ਨੂਰਪੁਰ ਬੇਦੀ ਸਬ-ਤਹਿਸੀਲ ਨੂੰ ਅਪਗਰੇਡ ਕਰਨਾ

***362 ਮਾਸਟਰ ਦਲੀਪ ਚੰਦ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੂਰਪੁਰ ਬੇਦੀ ਨੂੰ ਸਬ-ਤਹਿਸੀਲ ਤੋਂ ਪੂਰੀ ਤਹਿਸੀਲ ਵਿਚ ਅਪਗਰੇਡ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਿੰਨੇ ਸਮੇਂ ਤਕ ਇਸ ਦੇ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ: ਨਹੀਂ ਜੀ ।

ਮਾਸਟਰ ਦਲੀਪ ਚੰਦ: ਇਨ੍ਹਾਂ ਨੇ ਦੱਸਿਆ ਹੈ ਕਿ ਨੂਰਪੁਰ ਬੇਦੀ ਨੂੰ ਸਬ-ਤਹਿਸੀਲ ਤੋਂ ਤਹਿਸੀਲ ਨਹੀਂ ਬਣਾਵਾਂਗੇ। ਮੈਂ ਬੇਨਤੀ ਕਰਦਾ ਹਾਂ ਕਿ ਬਰਸਾਤ ਦੇ ਦਿਨਾਂ ਵਿਚ ਨੂਰਪੁਰ ਬੇਦੀ ਤੋਂ ਆਨੰਦਪੁਰ ਸਾਹਿਬ ਆਪਣੇ ਕੰਮਾਂ ਵਾਸਤੇ ਬਰਾਸਤਾ ਰੋਪੜ ਜਾਣਾ ਪੈਂਦਾ ਹੈ ਔਰ 70,80 ਕਿਲੋਮੀਟਰ ਦਾ ਫਾਸਲਾ ਘੁੰਮ ਕੇ ਜਾਣਾ ਪੈਂਦਾ ਹੈ । ਦਰਮਿਆਨ ਵਿਚ ਸਤਲੁਜ ਦਰਿਆ ਹੋਣ ਕਰਕੇ ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਕੀ ਸਬ-ਤਹਿਸੀਲ ਨੂਰਪੁਰਬੇਦੀ ਨੂੰ ਮਰਦਮਸ਼ੁਮਾਰੀ ਤੋਂ ਬਾਅਦ ਤਹਿਸੀਲ ਬਣਾ ਦਿੱਤਾ ਜਾਏਗਾ ?

ਮੰਤਰੀ : ਨੂਰਪੁਰਬੇਦੀ ਨੂੰ ਸਤਬੰਰ, 1978 ਵਿਚ ਸਬ-ਤਹਿਸੀਲ ਬਣਾਇਆ ਗਿਆ ਸੀ। ਇਸ ਤੋਂ ਪਹਿਲਾਂ ਇਸ ਸਬੰਧੀ ਲੋਕਾਂ ਵਲੋਂ ਕੋਈ ਰਿਪਰੇਜ਼ੈਂਟੇਸ਼ਨ ਨਹੀਂ ਆਈ ਕਿ ਇਸ ਨੂੰ ਤਹਿਸੀਲ ਬਣਾ ਦਿੱਤਾ ਜਾਏ । ਇਨ੍ਹਾਂ ਨੇ ਹੁਣੇ ਮੇਰੀ ਨਾਲਿਜ ਵਿਚ ਇਹ ਚੀਜ਼ ਲਿਆਂਦੀ ਹੈ, ਇਸ ਲਈ ਮੈਂ ਅੰਕੜੇ ਮੰਗਵਾ ਲਵਾਂਗਾ ।

ਮਾਸਟਰ ਦਲੀਪ ਚੰਦ. ਨੂਰਪੁਰਬੇਦੀ ਵਿਚ ਖਜ਼ਾਨਾ ਵੀ ਨਹੀਂ ਹੈ ਔਰ ਖਜ਼ਾਨੇ ਦੇ ਕੰਮ ਵਾਸਤੇ ਲੋਕਾਂ ਨੂੰ ਅਨੰਦਪੁਰ ਸਾਹਿਬ ਜਾਣਾ ਪੈਂਦਾ ਹੈ । ਉਥੇ 100 ਪਿੰਡ ਲੱਗਭਗ ਹਨ ਜਿਨ੍ਹਾਂ ਦੇ ਲੋਕਾਂ ਨੂੰ ਤਕਲੀਫ ਆਉਂਦੀ ਹੈ। ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕੀ ਇਹ ਨੂਰਪੁਰ-ਬੇਦੀ ਨੂੰ ਤਹਿਸੀਲ ਬਣਾਉਣ ਵਾਸਤੇ ਵਿਚਾਰ ਕਰਨਗੇ ?

ਮੰਤਰੀ : ਜੋ ਕੁਝ ਇਨ੍ਹਾਂ ਨੇ ਖਜ਼ਾਨੇ ਬਾਰੇ ਦੱਸਿਆ ਹੈ, ਇਸ ਸਬੰਧੀ ਮੈਂ ਫਾਈਨਾਂਸ ਮਨਿਸਟਰ ਸਾਹਿਬ ਨਾਲ ਸਲਾਹ ਕਰ ਲਵਾਂਗਾ । ਦੂਸਰੀ ਗਲ ਇਨ੍ਹਾਂ ਨੇ 100 ਪਿੰਡਾਂ ਬਾਰੇ ਕੀਤੀ ਹੈ, ਇਸ ਦਾ ਜੇਕਰ ਹੱਕ ਬਣੇਗਾ ਤਾਂ ਦੇਖ ਲਵਾਂਗੇ ।

ਸ੍ਰੀ ਭਗਵਾਨ ਦਾਸ : ਜੈਤੋਂ ਮੰਡੀ ਸ਼ਹੀਦਾਂ ਦੀ ਧਰਤੀ ਹੈ। ਉਥੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਅਜ਼ਾਦੀ ਤੋਂ ਪਹਿਲਾਂ ਕੈਦ ਕੱਟੀ ਸੀ। ਉਹ ਆਜ਼ਾਦੀ ਤੋਂ ਪਹਿਲਾਂ ਤਹਿਸੀਲ ਸੀ ਪਰ ਬਾਅਦ ਵਿਚ ਉਸ ਨੂੰ ਸਬ-ਤਹਿਸੀਲ ਵਿਚ ਡੀਗਰੇਡ ਕਰ ਦਿੱਤਾ ਗਿਆ । ਮੈਂ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਔਰ ਇਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਕਿ ਮਰਦਮਸ਼ੁਮਾਰੀ ਤੋਂ ਬਾਅਦ ਇਹ ਕੰਮ ਕਰਾਂਗੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਹੁਣ ਇਹ ਜੈਤੋਂ ਨੂੰ ਸਬ-ਤਹਿਸੀਲ ਤੋਂ ਤਹਿਸੀਲ ਬਣਾ ਦੇਣਗੇ ?

ਮੰਤਰੀ : ਮੈਂ ਪਹਿਲੇ ਸਵਾਲ ਦੇ ਜਵਾਬ ਵਿਚ ਵੀ ਕਿਹਾ ਹੈ ਕਿ ਮੈਟਰ ਐਗਜ਼ਾਮਿਨ ਕਰ ਰਹੇ ਹਾਂ ਔਰ ਜੇਕਰ ਉਸ ਦਾ ਹੱਕ ਬਣੇਗਾ ਤਾਂ ਬਣਾਵਾਂਗੇ ਔਰ ਜੇਕਰ ਨਹੀਂ ਹੱਕ ਬਣੇਗਾ ਤਾਂ ਨਹੀਂ ਬਣਾਵਾਂਗੇ ।

ਸ੍ਰੀ ਰਾਮ ਸਰੂਪ ਬਾਗੀ: ਗਿਆਨੀ ਜੀ ਦੀ ਸਰਕਾਰ ਵੇਲੇ ਇਹ ਵਿਸ਼ਵਾਸ਼ ਦਿਵਾਇਆ ਗਿਆ ਸੀ ਕਿ ਪਠਾਨਕੋਟ ਨੂੰ ਜੋ ਕਿ ਹਿੰਦੁਸਤਾਨ ਦਾ ਅਹਿਮ ਸ਼ਹਿਰ ਹੈ ਔਰ ਗੇਟ ਵੇਅ ਆਫ ਪੰਜਾਬ ਹੈ, ਡਿਸਟ੍ਰਿਕਟ ਹੈਡਕੁਆਰਟਰਜ਼ ਬਣਾਇਆ ਜਾਏਗਾ। ਕੀ ਇਹ ਉਹ ਪੁਰਾਣੀ ਫਾਈਲ ਕਢਵਾਕੇ ਵਿਚਾਰ ਕਰਨਗੇ ਔਰ ਪਠਾਨਕੋਟ ਨੂੰ ਜ਼ਿਲ੍ਹਾ ਹੈਡਕੁਆਰਟਰ ਬਣਾਉਣਗੇ?

ਮੰਤਰੀ: ਮੈਂ ਪੁਰਾਣੀ ਫਾਈਲ ਮੰਗਵਾ ਲਵਾਂਗਾ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਜਲੰਧਰ ਵਿਚ ਆਦਮਪੁਰ ਵਿਖੇ ਏਅਰਫੋਰਸ ਦਾ ਅੱਡਾ ਹੈ ਔਰ ਉਥੇ ਸਾਰੇ ਲੀਡਰਜ਼ ਹਿੰਦੁਸਤਾਨ ਭਰ ਦੇ ਅਉਂਦੇ ਹਨ। ਉਥੋਂ ਦੇ ਲੋਕਾਂ ਦੀ ਆਦਮ-ਪੁਰ ਨੂੰ ਸਬ-ਤਹਿਸੀਲ ਬਣਾਉਣ ਦੀ ਮੰਗ ਹੈ। ਕੀ ਮਨਿਸਟਰ ਸਾਹਿਬ ਆਦਮਪੁਰ ਨੂੰ ਸਬ-ਤਹਿਸੀਲ ਬਣਾਉਣਗੇ?

ਮੰਤਰੀ : ਇਹ ਸਾਰੀਆਂ ਗਲਾਂ ਜਦੋਂ ਛਿੜ ਪਈਆਂ ਹਨ ਤਾਂ ਫਿਰ ਇਹ ਨੂਰਪੁਰਬੇਦੀ ਤੋਂ ਗਲ ਚਲ ਕੇ ਆਦਮਪੁਰ ਤਕ ਪਹੁੰਚ ਗਈ ਹੈ। (ਵਿਘਨ) ਇਹ ਲੋਕਾਂ ਦਾ ਹੱਕ ਹੈ ਕਿ ਉਨ੍ਹਾਂ ਨੂੰ ਫੈਸਿਲਿਟੀਜ਼ ਨੇੜੇ ਮਿਲਦੀਆਂ ਰਹਿਣ। ਕੇ.ਪੀ.ਜੀ. ਨੇ ਠੀਕ ਕਿਹਾ ਹੈ ਉਸ ਦੇ ਉਤੇ ਵਿਚਾਰ ਕਰ ਲਵਾਂਗੇ।

ਸਰਦਾਰ ਬੀਰਦਵਿੰਦਰ ਸਿੰਘ :ਸਪੀਕਰ ਸਾਹਿਬ, ਪਿਛਲੀ ਵਾਰੀ ਵੀ ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਵਿਚ ਨਵੇਂ ਜ਼ਿਲ੍ਹੇ ਅਤੇ ਤਹਿਸੀਲਾਂ ਬਣਾਉਣੀਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫਤਹਿਗੜ੍ਹ ਸਾਹਿਬ ਨੂੰ ਜ਼ਿਲ੍ਹਾ ਹੈਡਕੁਆਟਰ ਬਣਾਉਣ ਦੀ ਤਜਵੀਜ਼ ਦੇ ਬਾਰੇ ਇਹ ਕਦੋਂ ਤੱਕ ਫੈਸਲਾ ਕਰ ਲੈਣਗੇ?

ਮੰਤਰੀ : ਸਪੀਕਰ ਸਾਹਿਬ ਫਤਹਿਗੜ੍ਹ ਸਾਹਿਬ ਬਾਰੇ ਪਟਿਆਲੇ ਵਿਚ ਸਾਡੇ ਪਹਿਲੇ ਮਾਲ ਮੰਤਰੀ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੀ ਪ੍ਰਧਾਨਗੀ ਵਿਚ ਇਕ ਮੀਟਿੰਗ ਹੋਈ ਸੀ। ਉਸ ਮੀਟਿੰਗ ਵਿਚ ਮੈਂ ਵੀ ਐਜ਼. ਐਮ. ਐਲ. ਏ. ਗਿਆ ਸੀ। ਉਸ ਮੀਟਿੰਗ ਵਿਚ ਇਸ ਬਾਰੇ ਕੁਝ ਵਿਚਾਰਾਂ ਹੋਈਆਂ ਸਨ। ਉਸ ਦੇ ਬਾਅਦ ਉਹ ਸਰਕਾਰ ਚਲੀ ਗਈ ਅਤੇ ਦੂਸਰੀ ਸਰਕਾਰ ਆ ਗਈ ਹੈ। ਹੁਣ ਇਸ ਬਾਰੇ ਬਾਰ ਬਾਰ ਕਿਹਾ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮਰਦਮਸ਼ੁਮਾਰੀ ਤੋਂ ਬਾਅਦ ਇਸ ਦੇ ਉਤੇ ਨਵੇਂ ਸਿਰੇ ਤੋਂ ਅਸੀਂ ਵਿਚਾਰ ਕਰਨਾ ਹੈ।

Minimum Wages to the Farm Labour

*457 **Shri Om Parkash Gupta**: Will the Minister for Welfare be pleased to state—

(a) the minimum wages being paid to the farm labour at present and the year in which these were fixed ;

(b) whether any check is made to find out that the minimum wages are paid to the paid labour:

(c) If the reply to part (b) above be in the affirmative, the number of cases of default detected in the State during the years 1978-1979 and 1980 and the action taken in this behalf.

ਚੌਧਰੀ ਜਗਤ ਰਾਮ: (ੳ) ਖੇਤ ਮਜ਼ਦੂਰਾਂ ਨੂੰ ਘੱਟੋ ਘਟ ਉਜਰਤਾਂ ਨਿਮਨ ਅਨੁਸਾਰ ਮਿਲਦੀਆਂ ਹਨ:

(1) **ਸਲਾਨਾ ਉਜ਼ਰਤਾਂ—**

(I)	ਕੰਡੀ ਏਰੀਆ	1752/-ਰੁ:	ਰੋਟੀ ਸਹਿਤ ਜਾਂ ਇਸ ਦੇ ਬਰਾਬਰ ਅਨਾਜ ਸਹਿਤ ।
(II)	ਦੂਜੇ ਹਲਕੇ	2052/- ਰੁ:	-ਉਕਤ-

(2) **ਰੋਜ਼ਾਨਾ ਰੇਟ—**

(I)	ਕੰਡੀ ਏਰੀਆ	11.02	ਰੋਟੀ ਤੋਂ ਬਿਨਾਂ
		9.02	ਰੋਟੀ ਸਹਿਤ
(II)	ਦੂਜੇ ਹਲਕੇ	12.02	ਰੋਟੀ ਤੋਂ ਬਿਨਾਂ
		10.02	ਰੋਟੀ ਸਹਿਤ

ਇਹ ਜਨਵਰੀ, 1979 ਵਿਚ ਨਿਸ਼ਚਿਤ ਕੀਤੀਆਂ ਗਈਆਂ ਸਨ ਪਰ ਉਪਰ ਵਾਲੇ ਹੁਣ ਦੇ ਰੇਟ ਨਿਊਟਰੇਲਾਈਜੇਸ਼ਨ ਦਰ 1/-ਰੁ: ਪ੍ਰਤੀ ਪੁਆਇੰਟ ਪ੍ਰਾਈਸ ਇੰਡੈਕਸ ਮੁਤਾਬਿਕ ਹਨ ।

(ਅ) ਜੀ ਹਾਂ ।

(ੲ)	1978	ਇਕ
	1979	ਨਿਲ
	1980	49

1980 ਵਿਚ 49 ਕੇਸ ਘੱਟ ਉਜਰਤਾਂ ਦੇਣ ਬਾਰੇ ਨੋਟਿਸ ਵਿਚ ਆਏ । ਮਾਲਕਾਂ ਨੂੰ ਇਸ ਬਾਰੇ ਪ੍ਰੇਰਿਤ ਕੀਤਾ ਗਿਆ ਅਤੇ ਕਾਨੂੰਨ ਅਨੁਸਾਰ ਤਨਖਾਹਾਂ ਦਿਵਾਈਆਂ ਗਈਆਂ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਖੇਤ ਮਜ਼ਦੂਰਾਂ ਨੂੰ ਵੇਜਿਜ਼ ਮਿਲਦੇ ਹਨ, ਸਲਾਨਾਂ ਉਜਰਤਾਂ ਮਿਲਦੀਆਂ ਹਨ । ਇਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਤਨਖਾਹ ਮਿਲਣੀ ਹੈ ਜਾਂ ਦਿਹਾੜੀ ਮਿਲਣੀ ਹੈ । ਇਹ ਵੀ ਨਹੀਂ ਦਸਿਆ ਕਿ ਲੇਬਰ ਨੇ ਕਿੰਨੇ ਘੰਟੇ ਕੰਮ ਕਰਨਾ ਹੈ, ਉਨ੍ਹਾਂ ਨੂੰ ਛੁਟੀ ਦੀ ਤਨਖਾਹ ਦਿਤੀ ਜਾਂਦੀ ਹੈ ਜਾਂ ਨਹੀਂ ਉਨ੍ਹਾਂ ਦੇ ਮੈਡੀਕਲ ਦਾ ਕੋਈ ਇੰਤਜ਼ਾਮ ਕੀਤਾ ਜਾਂਦਾ ਹੈ ਜਾਂ ਨਹੀਂ ਅਤੇ ਉਨ੍ਹਾਂ ਨੂੰ ਓਵਰਟਾਈਮ ਕਿੰਨਾ ਦਿੱਤਾ ਜਾਂਦਾ ਹੈ । ਇਸ ਬਾਰੇ ਇਨ੍ਹਾਂ ਨੇ ਕੁਝ ਨਹੀਂ ਦੱਸਿਆ । ਕੀ ਵਜ਼ੀਰ ਸਾਹਿਬ, ਇਸ ਬਾਰੇ ਦੱਸਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਖੇਤ ਮਜ਼ਦੂਰ ਦਾ ਸਵਾਲ ਹੈ । ਕਿਸਾਨ ਅਤੇ ਖੇਤ ਮਜ਼ਦੂਰ ਦਾ ਆਪਿਸ ਵਿਚ ਬੜਾ ਹਿੱਤ ਹੈ । ਉਹ 8 ਘੰਟੇ ਕੰਮ ਕਰਦੇ ਹਨ । ਉਨ੍ਹਾਂ ਨੂੰ ਦਿਹਾੜੀ ਨਾਲ ਰੋਟੀ ਵੀ ਮਿਲਦੀ ਹੈ । ਜੇ ਉਨ੍ਹਾਂ ਨੂੰ ਕੋਈ ਤਕਲੀਫ ਹੁੰਦੀ ਹੈ ਤਾਂ ਕਿਸਾਨ ਉਨ੍ਹਾਂ ਦੀ ਮੱਦਦ ਕਰਦੇ ਹਨ ਇਥੋਂ ਤੱਕ ਕਿ ਉਨ੍ਹਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਵਿਚ ਵੀ ਉਹ ਖਰਚ ਕਰਦੇ ਹਨ । (ਤਾੜੀਆਂ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਕਿਸਾਨ ਅਤੇ ਖੇਤ ਮਜ਼ਦੂਰ ਦਾ ਆਪਸ ਵਿਚ ਸੋਸ਼ਲ ਸਬੰਧ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਕਾਨੂੰਨ ਬਣਾਉਣ ਦੀ ਲੋੜ ਹੈ । ਪਰ ਇਸ ਗੱਲ ਨੂੰ ਇਨ੍ਹਾਂ ਨੇ ਇਵੇਡ ਕਰਨ ਦੀ ਕੋਸ਼ਿਸ਼ ਕੀਤੀ ਹੈ । ਅਗਰ ਇਹ ਸਿਸਟਮ ਠੀਕ ਹੈ ਤਾਂ ਕੀ ਇਹ ਇੰਡਸਟਰੀ ਵਿਚ ਵੀ ਲਾਗੂ ਕਰ ਦਿਤਾ ਜਾਵੇਗਾ ? ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 49 ਕੇਸਿਜ਼ ਚੈਕ ਕੀਤੇ ਹਨ ਪਰ ਕੋਈ ਚਲਾਨ ਨਹੀਂ ਹੋਇਆ । ਕੀ ਇਹ ਦੱਸਣਗੇ ਕਿ ਕਿਹੜੀ ਏਜੰਸੀ ਨੇ ਚੈਕ ਕੀਤਾ ਅਤੇ ਕਿਹੜੀ ਏਜੰਸੀ ਨੇ ਐਕਸ਼ਨ ਲਿਆ ?

ਮੰਤਰੀ : ਜਿਹੜੇ ਲੇਬਰ ਅਫ਼ਸਰ ਅਤੇ ਲੇਬਰ ਇੰਸਪੈਕਟਰ ਹਨ, ਉਹ ਮਹੀਨੇ ਵਿਚ ਕਰਮਵਾਰ 4 ਦਿਨ ਅਤੇ 7 ਦਿਨ ਚੈਕ ਕਰਦੇ ਹਨ । ਕਈ ਐਸੀਆਂ ਚੀਜ਼ਾਂ ਹੁੰਦੀਆ ਹਨ ਜਿਵੇਂ ਕਿ ਕਿਸਾਨ ਅਨਪੜ੍ਹ ਹੁੰਦੇ ਹਨ ਅਤੇ ਉਹ ਆਪਣਾ ਹਿਸਾਬ ਕਿਤਾਬ ਨਹੀਂ ਰੱਖ ਸਕਦੇ ਰਜਿਸਟਰ ਮੇਨਟੇਨ ਨਹੀਂ ਕਰ ਸਕਦੇ । ਹੁਣ ਅਫਸਰਾਂ ਨੇ ਉਨ੍ਹਾਂ ਨੂੰ ਜਾ ਕੇ ਕਿਹਾ ਹੈ ਕਿ ਤੁਸੀਂ ਆਪਣੇ ਰਜਿਸਟਰ ਰੱਖੋ ਅਤੇ ਹਿਸਾਬ ਕਿਤਾਬ ਰੱਖੋ ਔਰ ਉਨ੍ਹਾਂ ਨੂੰ ਦਿਹਾੜੀ ਦਿਓ । ਜੇ ਇਨ੍ਹਾਂ ਦੇ ਨੋਟਿਸ ਵਿਚ ਕੋਈ ਐਸਾ ਕੇਸ ਹੋਵੇ ਤਾਂ ਇਹ ਦਸੋ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਖੇਤ ਮਜ਼ਦੂਰਾਂ ਦੀ ਪੁਜ਼ੀਸ਼ਨ ਅੱਛੀ ਹੈ । ਫਿਰ ਵੀ ਇਸ ਪਾਸੇ ਖਿਆਲ ਕਰਦੇ ਹੋਏ ਅਸੀਂ 11 ਤੋਂ 23 ਅਫਸਰ ਨਿਯੁਕਤ ਕਰ ਦਿਤੇ ਹਨ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕੰਡੀ ਏਰੀਆ ਵਿਚ ਖੇਤ ਮਜ਼ਦੂਰਾਂ ਨੂੰ ਰੋਜ਼ਾਨਾ 11 ਰੁਪਏ 02 ਪੈਸੇ ਦਿੰਦੇ ਹਨ ਬਿਨਾਂ ਰੋਟੀ ਦੇ ਜਦ ਕਿ ਦੂਜੇ ਹਲਕਿਆਂ ਵਿਚ 12 ਰੁਪਏ 02 ਪੈਸੇ ਮਿਲਦੇ ਹਨ ਬਿਨਾਂ ਰੋਟੀ ਦੇ । ਪਰ ਸਪੀਕਰ ਸਾਹਿਬ, ਤੁਸੀਂ ਸੁਣਕੇ ਹੈਰਾਨ ਹੋਵੋਂਗੇ ਕਿ ਅਸਲ ਵਿਚ ਕੰਡੀ ਏਰੀਆ ਵਿਚ ਉਨ੍ਹਾਂ ਨੂੰ 3 ਰੁਪਏ ਤੋਂ 5 ਰੁਪਏ ਮਿਲਦੇ ਹਨ ਅਤੇ ਬਾਕੀ ਏਰੀਆ ਵਿਚ ਉਨ੍ਹਾਂ ਨੂੰ 8 ਰੁਪਏ ਤੋ 10 ਰੁਪਏ ਮਿਲਦੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਬਾਰੇ ਕਾਨੂੰਨ ਬਣਾ ਦੇਣਗੇ ਕਿ ਐਨੀ ਦਿਹਾੜੀ ਜ਼ਰੂਰ ਦੇਣੀ ਹੈ ? ਕੀ ਇਹ ਇਸ ਤੇ ਵਿਚਾਰ ਕਰਨਗੇ ?

ਮੰਤਰੀ : ਜਿਹੜੀ ਆਨਰੇਬਲ ਮੈਂਬਰ ਨੇ ਗੱਲ ਕਹੀ ਹੈ ਕਿ ਕੰਡੀ ਏਰੀਆ ਵਿਚ ਪੈਸੇ ਘੱਟ ਮਿਲਦੇ ਹਨ ਜੇ ਕੋਈ ਐਸੀ ਗੱਲ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਇਹ ਸਾਡੇ ਨੋਟਿਸ ਵਿਚ ਲਿਆਉਣ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਉਸ ਉਤੇ ਫੌਰਨ ਐਕਸ਼ਨ ਲਵੇਗੀ । ਕਾਨੂੰਨ ਦੀ ਜ਼ਰੂਰਤ ਪਈ ਤਾਂ ਜ਼ਰੂਰ ਬਣਾਵਾਂਗੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਲੇਬਰ ਦੇ ਬੜਾ ਖੈਰ ਖੁਆਹ ਹਾਂ । ਇਹ ਕਹਿੰਦੇ ਹਨ ਕਿ ਕੰਡੀ ਏਰੀਆ ਵਿਚ ਉਨ੍ਹਾਂ ਨੂੰ 11 ਰੁਪਏ 02 ਪੈਸੇ ਰੋਜ਼ਾਨਾ ਮਿਲਦੇ ਹਨ ਅਤੇ ਦੂਜੇ ਹਲਕਿਆਂ ਵਿਚ 12 ਰੁਪਏ 02 ਪੈਸੇ ਮਿਲਦੇ ਹਨ । ਪਰ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਅਸਲ ਵਿਚ ਐਨੇ ਪੈਸੇ ਮਿਲਦੇ ਨਹੀਂ ਹਨ । ਸੀ. ਐਮ. ਨੇ ਪਿਛੇ ਅਨਾਊਂਸ ਕੀਤਾ ਸੀ ਕਿ ਸਬ ਡਵੀਜ਼ਨ ਪੱਧਰ ਤੇ. ..

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ ।

ਮਾਸਟਰ ਚੰਦ ਸਿੰਘ : ਮੈਂ ਸਵਾਲ ਹੀ ਪੁੱਛ ਰਿਹਾ ਹਾਂ ਜੀ । ਕੀ ਇਹ ਇਸ ਬਾਰੇ ਸਬ ਡਵੀਜ਼ਨ ਪੱਧਰ ਤੇ ਕੋਈ ਅਫਸਰ ਨਿਯੁਕਤ ਕਰਨਗੇ ਜਿਹੜਾ ਇਸ ਚੀਜ਼ ਨੂੰ ਦੇਖੇ ਅਤੇ ਕਦੋਂ ਤੱਕ ਇਸ ਤਰ੍ਹਾਂ ਕਰ ਦੇਣਗੇ ਤਾਕਿ ਇਹ ਚੀਜ਼ ਚੰਗੀ ਤਰ੍ਹਾਂ ਲਾਗੂ ਹੋ ਸਕੇ ?

ਮੰਤਰੀ : ਇਸ ਨੂੰ ਲਾਗੂ ਕਰਨ ਲਈ ਹਰ ਢੰਗ ਨਾਲ ਯਤਨ ਕੀਤਾ ਜਾਵੇਗਾ । ਸਰਦਾਰ ਦਰਬਾਰਾ ਸਿੰਘ ਨੇ ਕੱਲ ਵੀ ਇਹੋ ਕਿਹਾ ਸੀ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸਾਡੀ ਸਰਕਾਰ ਖੇਤ ਮਜ਼ਦੂਰਾਂ ਦੀ ਭਲਾਈ ਲਈ ਬਿਲਕੁਲ ਹਰ ਢੰਗ ਨਾਲ ਉਤਾਵਲੀ ਹੈ ਅਤੇ ਜਿਹੜੀ ਕੋਈ ਕਮੀ ਹੋਈ ਉਹ ਦੂਰ ਕੀਤੀ ਜਾਵੇਗੀ ।

ਸ਼੍ਰੀ ਸੇਵਾ ਰਾਮ : ਸਪੀਕਰ ਸਹਿਬ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਿਸਾਨ ਦੀ ਕਣਕ, ਗੰਨਾ ਤੇ ਹੋਰ ਫਸਲਾਂ ਦੀ ਕੀਮਤ ਵਧਾ ਦਿਤੀ ਗਈ ਹੈ ਤਾਂ ਕੀ ਸਰਕਾਰ ਖੇਤ ਮਜ਼ਦੂਰਾਂ ਦੀ ਉਜਰਤ ਵੀ ਵਧਾਏਗੀ ? ਦੂਜੇ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਇਸ ਗਲ ਦਾ ਫੈਸਲਾ ਹੋਇਆ ਸੀ ਕਿ ਐਗਰੀਕਲਚਰ ਲੇਬਰ ਅਫਸਰ ਰਖੇ ਜਾਣਗੇ। ਪਰ ਫਿਰ ਅਕਾਲੀ-ਜਨਤਾ ਸਰਕਾਰ ਨੇ ਉਸ ਫੈਸਲੇ ਨੂੰ ਰੱਦ ਕਰ ਦਿਤਾ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਸ ਫੈਸਲੇ ਨੂੰ ਫਿਰ ਲਾਗੂ ਕਰਨ ਦਾ ਫੈਸਲਾ ਕੀਤਾ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਹ ਇੰਪਲੀਮੈਂਟੇਸ਼ਨ ਮਸ਼ੀਨਰੀ ਬਣਾ ਰਹੇ ਹਨ ਪਰ ਦੂਜੇ ਪਾਸੇ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਉਜਰਤਾਂ ਲਾਗੂ ਕਰ ਦਿਤੀਆਂ ਗਈਆਂ ਹਨ। (ਤਾੜੀਆਂ) (ਵਿਘਨ) ਕੀ ਇਹ ਐਗਰੀਕਲਚਰ ਲੇਬਰ ਅਫਸਰ ਮੁਕੱਰਰ ਕਰਨਗੇ ?

ਮੰਤਰੀ . ਮੈਂ ਪਹਿਲਾਂ ਹੀ ਦੱਸਿਆ ਹੈ ਕਿ 11 ਤੋਂ 23 ਅਫਸਰ ਕਰ ਦਿੱਤੇ ਹਨ । ਸਪੀਕਰ ਸਾਹਿਬ, ਇਹ ਗਲ ਬਿਲਕੁਲ ਗਲਤ ਨਹੀਂ ਹੈ । ਉਹ ਅਫਸਰ ਮੁਕੱਰਰ ਕਰ ਚੁੱਕੇ ਹਾਂ । ਨਾਲ ਦੀ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਥੇ ਹੀ ਬਸ ਨਹੀਂ ਉਨ੍ਹਾਂ ਦੀ ਇਕ ਕਮੇਟੀ ਮੁਕੱਰਰ ਕਰ ਦਿੱਤੀ ਹੈ । ਉਸ ਕਮੇਟੀ ਦੀ ਰਿਪੋਰਟ ਦੇ ਆਉਣ ਤੋਂ ਬਾਅਦ ਮਜ਼ਦੂਰ ਦੀ ਜਿਹੜੀ ਦਿਹਾੜੀ ਹੈ ਉਹ ਹੋਰ ਵੀ ਵਧਾ ਦਿਤੀ ਜਾਵੇਗੀ । (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਕਲੈਰੀਫਾਈ ਕਰਨ ਵਾਸਤੇ ਖੜ੍ਹਾ ਹੋਇਆ ਹਾਂ। (ਵਿਘਨ) ਇਨ੍ਹਾਂ ਨੂੰ ਚੁੱਪ ਕਰਾਓ ਜੀ।

ਸਪੀਕਰ ਸਾਹਿਬ, ਮੈਂ ਜੋ ਸਪੱਸ਼ਟ ਕਰਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਜੋ ਸਵਾਲ ਇਥੇ ਉਠਾਏ ਗਏ ਹਨ, ਉਹ ਠੀਕ ਹਨ। ਇਹ ਠੀਕ ਹੈ ਕਿ ਪਹਿਲਾਂ ਬੜਾ ਢਿੱਲਾ ਕੰਮ ਸੀ ਅਤੇ ਇਸ ਦੀ ਇਮਪਲੀਮੈਂਟੇਸ਼ਨ ਕੋਈ ਨਹੀਂ ਹੋਈ ਅਤੇ ਜੇ ਹੋਈ ਵੀ ਹੈ ਤਾਂ ਬਹੁਤ ਘੱਟ ਹੱਦ ਤਕ ਹੋਈ ਹੈ। ਜਿਥੋਂ ਤਕ ਲੇਬਰ ਦੀਆਂ ਵੇਜਿਜ਼ ਦਾ ਤੱਲਕ ਹੈ, ਉਨ੍ਹਾਂ ਵਾਸਤੇ ਜਿਹੜੇ ਅਫ਼ਸਰ ਰਖੇ ਹਨ ਉਹ ਫੀਲਡ ਵਿਚ ਹਾਲੀਂ ਪੂਰੀ ਤਰ੍ਹਾਂ ਕੰਮ ਨਹੀਂ ਕਰਨ ਲਗੇ ਹੋਏ, ਇਹ ਮੈਂ ਮੰਨਦਾ ਹਾਂ। ਇਸ ਲਈ ਅਸੀਂ ਦੇਖਾਂਗੇ ਕਿ ਜੋ ਸਕਿਲਡ ਜਾਂ ਅਨ-ਸਕਿਲਡ ਨੂੰ ਵੇਜਿਜ਼ ਦੇਣੀਆਂ ਹਨ ਉਸ ਦੀ ਪੂਰੀ ਇਮਪਲੀਮੈਂਟੇਸ਼ਨ ਹੋਵੇ। ਅਸੀਂ ਇਸ ਵਲ ਖਾਸ ਧਿਆਨ ਦੇਵਾਂਗੇ।

ਸਰਦਾਰ ਦਰਸ਼ਨ ਸਿੰਘ ਕੇ. ਪੀ.: ਸਪੀਕਰ ਸਾਹਿਬ, ਲੇਬਰ ਐਕਟ ਜੋ ਹੈ ਉਸ ਦੀ ਸੋਧ ਵਜ਼ੀਰ ਸਾਹਿਬ ਨੇ ਕੀਤੀ ਹੈ ਔਰ ਇਸੇ ਹਾਊਸ ਵਿਚ ਖਜ਼ਾਨਾ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਦਿਹਾੜੀ 15/- ਰੁਪਏ ਕਰ ਦੇਵਾਂਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਇਸ ਨੂੰ ਲਾਗੂ ਕਰ ਦੇਣਗੇ।

ਮੰਤਰੀ: ਸਪੀਕਰ ਸਾਹਿਬ, ਅਸੀਂ ਕਮੇਟੀ ਮੁਕੱਰਰ ਕਰ ਦਿੱਤੀ ਹੈ। ਉਸ ਦੀ ਰਿਪੋਰਟ ਆ ਜਾਣ ਦੇ ਬਾਅਦ ਅਸੀਂ ਬੜੀ ਜਲਦੀ ਇਹ ਕਰਾਂਗੇ ਔਰ ਜੋ ਵੱਧ ਤੋਂ ਵੱਧ ਹੋਵੇਗੀ ਉਹ ਕਰਾਂਗੇ।

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੇਰਾ ਸਵਾਲ ਬਿਲਕੁਲ ਕਮਪਲੀਟ ਹੈ ਲੇਬਰ ਅਫ਼ਸਰਾਂ ਦੇ ਮੁਤੱਲਕ। ਇਕ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵੇਲੇ ਫੈਸਲਾ ਹੋਇਆ ਸੀ ਐਗਰੀਕਲਚਰਲ ਲੇਬਰ ਬਾਰੇ ਔਰ ਸਰਦਾਰ ਦਰਬਾਰਾ ਸਿੰਘ ਜੀ ਨੇ ਐਸ਼ੋਰੈਂਸ ਵੀ ਦਿੱਤੀ ਸੀ ਕਿ ਲੇਬਰ ਅਫ਼ਸਰ ਲਾ ਦਿੱਤੇ ਜਾਣਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੀ ਤਾਰੀਖ ਤਕ ਲਾ ਦਿੱਤੇ ਜਾਣਗੇ?

ਮੰਤਰੀ: ਸਵਾਲ ਇਕ ਵਾਰੀ ਜ਼ਰਾ ਫਿਰ ਕਰ ਦਿਓ।

ਪ੍ਰੋਫੈਸਰ ਬਲਵੰਤ ਸਿੰਘ: ਚੀਫ਼ ਮਨਿਸਟਰ ਸਾਹਿਬ ਨੇ ਇਕ ਐਸ਼ੋਰੈਂਸ ਦਿੱਤੀ ਸੀ ਕਿ ਸਬ-ਡਵੀਜ਼ਨ ਪੱਧਰ ਤੇ ਐਗਰੀਕਲਚਰਲ ਲੇਬਰ ਨੂੰ ਫਿਕਸ ਕੀਤੀ ਗਈ ਦਿਹਾੜੀ ਦਿਵਾਉਣ ਵਾਸਤੇ ਐਗਰੀਕਲਚਰਲ ਲੇਬਰ ਅਫ਼ਸਰ ਲਾਏ ਜਾਣਗੇ। ਇਹ ਕਿਹੜੀ ਤਾਰੀਖ ਤਕ ਐਗਰੀਕਲਚਰਲ ਲੇਬਰ ਅਫ਼ਸਰ ਸਬ-ਡਵੀਜ਼ਨ ਪੱਧਰ ਤੇ ਲਾ ਦੇਣਗੇ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸ ਚੁਕਾ ਹਾਂ ਕਿ ਬਹੁਤ ਛੇਤੀ ਤੋਂ ਛੇਤੀ ਇਹ ਸਾਰਾ ਮਾਮਲਾ ਦੇਖ ਕੇ ਕਰਾਂਗੇ।

ਸ੍ਰੀ ਸੇਵਾ ਰਾਮ: ਸਪੀਕਰ ਸਾਹਿਬ, ਇਹ ਗਲਤ ਇਨਫਰਮੇਸ਼ਨ ਦੇ ਰਹੇ ਹਨ। (ਵਿਘਨ) ਸਾਰਾ ਕੰਟਰਾਡਿਕਟਰੀ ਜਵਾਬ ਦੇ ਰਹੇ ਹਨ। ਕੋਈ ਕਮੇਟੀ ਮੁਕੱਰਰ ਨਹੀਂ ਕੀਤੀ ਗਈ। (ਵਿਘਨ)

ਸ੍ਰੀ ਸਪੀਕਰ : ਜੋ ਇਨਫਰਮੇਸ਼ਨ ਮਿਨਿਸਟਰ ਜੀ ਨੇ ਦਿੱਤੀ ਹੈ ਉਹ ਰਿਕਾਰਡ ਹੋ ਗਈ ਹੈ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੇਰਾ ਸਪੈਸੇਫਿਕ ਸਵਾਲ ਸੀ, ਉਸ ਦਾ ਸਪੈਸੇਫਿਕ ਜਵਾਬ ਦਿਵਾਓ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, 'ਛੇਤੀ ਤੋਂ ਛੇਤੀ' ਵੀ ਕੋਈ ਕਿਤਾਬ ਹੈ, ਇਹ ਸਾਨੂੰ ਸਮਝਾ ਦੇਣ । (ਵਿਘਨ)

ਸ੍ਰੀ ਸਪੀਕਰ : ਹਰ ਚੀਜ਼ ਰਿਕਾਰਡ ਤੇ ਆ ਗਈ ਹੈ । ਅਗਰ ਇਨਫਰਮੇਸ਼ਨ ਸਪੈਸੇਫਿਕ ਨਹੀਂ ਦਿੱਤੀ ਗਈ ਤਾਂ ਤੁਸੀਂ ਹਮੇਸ਼ਾਂ ਉਨ੍ਹਾਂ ਨੂੰ ਲਿਖ ਸਕਦੇ ਹੋ ਕਿ ਇਹ ਇਨਫਰਮੇਸ਼ਨ ਠੀਕ ਨਹੀਂ ਹੈ ।

ਸ੍ਰੀ ਸੇਵਾ ਰਾਮ : ਜਨਾਬ, ਦੋ ਜਵਾਬ ਆਏ ਹਨ ਔਰ ਉਹ ਦੋਨੋਂ ਹੀ ਕੰਟਰਾ-ਡਿਕਟਰੀ ਹਨ ।

Mr. Speaker: Even contradiction is recorded.

ਸਰਦਾਰ ਦਰਸ਼ਨ ਸਿੰਘ ਕੇ. ਪੀ. : ਇਨ੍ਹਾਂ ਨੇ ਦਿਹਾੜੀ 11, 12, 13, 14 ਅਤੇ 15 ਰੁਪਏ ਤਕ ਦੱਸੀ ਹੈ, ਉਹ ਕਦੋਂ ਤਕ ਲਾਗੂ ਕਰਵਾ ਦੇਣਗੇ ?

ਸ੍ਰੀ ਸਪੀਕਰ : ਜੋ ਤੁਸੀਂ ਕਿਹਾ ਹੈ ਉਸ ਦਾ ਜਵਾਬ ਉਨ੍ਹਾਂ ਨੇ ਦੇ ਦਿੱਤਾ ਹੈ ਕਿ ਜਲਦੀ ਤੋਂ ਜਲਦੀ ਕਰ ਦੇਵਾਂਗੇ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਇਕ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫੈਕਟਰੀ ਐਕਟ ਦੇ ਤਹਿਤ ਜਿਹੜੀ ਲੇਬਰ ਕੰਮ ਕਰਦੀ ਹੈ ਉਨ੍ਹਾਂ ਦੀ ਤਨਖਾਹ ਦੇ ਮੁਤੱਲਕ ਕੀ ਫੈਸਲਾ ਕੀਤਾ ਗਿਆ ਹੈ ?

ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਵਿਚ ਸ਼ਾਪ ਐਕਟ ਦੇ ਮੁਤਾਬਿਕ ਐਤਵਾਰ ਨੂੰ ਦੁਕਾਨਾਂ ਬੰਦ ਹੁੰਦੀਆਂ ਹਨ । ਪਰ ਜਿਹੜੀਆਂ ਦੁਕਾਨਾਂ ਐਤਵਾਰ ਨੂੰ ਵੀ ਖੁਲ੍ਹੀਆਂ ਰਹਿੰਦੀਆਂ ਹਨ, ਉਨ੍ਹਾਂ ਦਾ ਕੋਈ ਚਾਲਾਨ ਨਹੀਂ ਕਰਦਾ, ਕੀ ਉਨ੍ਹਾਂ ਤੇ ਕੋਈ ਐਕਸ਼ਨ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਖੇਤ ਮਜ਼ਦੂਰ ਦੇ ਬਾਰੇ ਹੈ । ਇਹ ਵੱਖਰਾ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ ।

ਸਰਦਾਰ ਦਲੀਪ ਸਿੰਘ ਪਾਂਧੀ : ਸਰ, ਸਾਡੀ ਪਾਰਟੀ ਵਿਚੋਂ ਇਕ ਨੂੰ ਵੀ ਤੁਸੀਂ ਸਪਲੀਮੈਂਟਰੀ ਅਲਾਓ ਨਹੀਂ ਕੀਤਾ । ਮੈਨੂੰ ਇਜਾਜ਼ਤ ਦਿਓ । ਸਰ, ਵਜ਼ੀਰ ਸਾਹਿਬ ਸਾਡੀ ਕਮਿਊਨਿਟੀ ਦੇ ਹਨ ਔਰ ਸਾਡੀ ਕਮਿਊਨਿਟੀ ਖੇਤ ਮਜ਼ਦੂਰ ਹੈ । ਸਾਰੇ ਆਨਰੇਬਲ ਮੈਂਬਰਜ਼ ਅਸੰਤੁਸ਼ਟ ਹਨ, ਅਨਸੈਟਿਸਫਾਈਡ ਹਨ ਕਿ ਜਵਾਬ ਠੀਕ ਨਹੀਂ ਦੇ ਰਹੇ । ਪੰਜਾਬ

[ਸਰਦਾਰ ਦਲੀਪ ਸਿੰਘ ਪਾਂਧੀ]
ਦੇ ਵਿਚ ਬਾਹਰੋਂ ਲੇਬਰ ਬੜੀ ਆ ਰਹੀ ਹੈ ਔਰ ਆਪਣੀ ਲੇਬਰ ਬੇਰੁਜ਼ਗਾਰ ਹੋ ਰਹੀ ਹੈ। ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਇਤਨੇ ਵੇਜਿਜ਼ ਦਿੰਦੇ ਹਾਂ ਉਹ ਬਿਲਕੁਲ ਨਹੀਂ ਦਿੱਤੇ ਜਾ ਰਹੇ ਔਰ ਖੇਤ ਮਜ਼ਦੂਰਾਂ ਵਿਚ ਬੜੀ ਰਿਜ਼ੈਂਟਮੈਂਟ ਹੈ।

ਸ੍ਰੀ ਸਪੀਕਰ : ਤੁਸੀਂ ਸਵਾਲ ਕਰੋ, ਪਾਂਧੀ ਸਾਹਿਬ

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਰਿਜ਼ੈਂਟਮੈਂਟ ਹੈ, ਇਸ ਦਾ ਵਜ਼ੀਰ ਸਾਹਿਬ ਕੀ ਇਲਾਜ ਕਰ ਰਹੇ ਹਨ ? ਵਜ਼ੀਰ ਸਾਹਿਬ ਠੀਕ ਜਵਾਬ ਦੇਣ। (ਵਿਘਨ)

(ਕੋਈ ਉੱਤਰ ਨਹੀਂ ਆਇਆ)

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ESTABLISHMENT OF A GOVERNMENT COLLEGE

*785. **Sardar Gurnaib Singh Brar :** Will the Minister for Education be pleased to state whether there is any proposal under the consideration of the Government to set up any Government College in the border district of Ferozepur; if so, the details thereof and the time by which it is likely to materialise ?

ਸਰਦਾਰ ਹਰਚਰਨ ਸਿੰਘ ਅਜਨਾਲਾ : ਨਹੀਂ ਜੀ।

CUT IN GRANTS TO THE PRIVATE COLLEGES IN THE STATE

*736. **Master Chand Singh**
Comrade Sarwan Singh Cheema } : Will the Minister for Education be pleased to state whether it is a fact that a cut in grants to the Private Colleges in the State, which are on the verge of closure due to the less number of students therein is being imposed in the State; if so, the steps, if any, being taken by the Government to save the said colleges from closure ?

ਸਰਦਾਰ ਹਰਚਰਨ ਸਿੰਘ ਅਜਨਾਲਾ : ਹਾਂ ਜੀ। ਇਹ ਕੱਟ ਕੇਵਲ ਉਨ੍ਹਾਂ ਪ੍ਰਾਈਵੇਟ ਕਾਲਜਾਂ ਤੇ ਲਗਾਈ ਗਈ ਹੈ ਜਿਨ੍ਹਾਂ ਦੀ ਪ੍ਰਵਾਣਤ ਸਾਧਨਾਂ ਤੋਂ ਆਮਦਨ ਨਿਰਧਾਰਤ ਸਾਲ

1977-78 ਦੀ ਆਮਦਨ ਦੇ ਮੁਕਾਬਲੇ ਵਿਚ ਘਟ ਗਈ ਹੈ ਅਤੇ ਇਸ ਪ੍ਰਕਾਰ ਉਹ ਗਰਾਂਟ-ਇਨ-ਏਡ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ। ਕਿਸੀ ਵੀ ਕਾਲਜ. ਜਿਹੜਾ ਗਰਾਂਟ-ਇਨ-ਏਡ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਨੂੰ ਵਿਸ਼ੇਸ਼ ਰਿਆਇਤ ਨਹੀਂ ਦਿੱਤੀ ਜਾ ਸਕਦੀ।

DRAINAGE SCHEME FOR FEROZEPUR DISTRICT

*784. **Sardar Gurnaib Singh Brar** : Will the Chief Minister be pleased to state whether any drainage schemes were drawn up for Ferozepur City, Cantonment and Fazilka Sub-Division during the period from 1975-80, if so, the details of the amount sanctioned for each scheme ?

Sardar Darbara Singh : Yes Sir, for Ferozepur Cantonment and Fazilka Sub-Division. A statement giving the details of the schemes and the amounts sanctioned therefor is laid on the Table of the House.

DETAILS OF SCHEMES AND AMOUNTS SANCTIONED THEREFOR

	Name of Scheme	Amount sanctioned	
	1	2	
		Rs. in lakhs	
(a) Ferozepur City	Nil	—	
(b) Ferozepur Cantt.	Linning Sukhbar Nallah from RD 24000-39000 in Ferozepur Cantt. area (Deposit work).	19.00	(Under sanction with in defence authorities)
(c) Fazilka Sub-Divn.	1. Khui-Khera Drain RD 0—86,000	32.85	
	2. Saryan Drain RD 0—57000	18.86	
	3. Tahliwala link Drain No. I RD 0—8000	0.70	
	4. Tahliwala link Drain No. III RD 0—5000	0.50	

[Chief Minister]

	1	2
Fazilka Sub-Divn. (concld.)	5. Tahliwala Drain RD 47,500—52,500	0.50
	6. Kaurianwali Link Drain No. I RD 0—10,000	0.70
	7. Nokerian Seepage Drain RD 0—14,000	1.19
	8. Khui-Khera Seepage Drain in RD 0—11,000	1.11
	9. Shajrana Seepage Drain RD 0—7,000	1.11
	Total:	57.52

BRIDGE ON ABOHAR BRANCH CANAL NEAR VILLAGE RAJEIANA

*782. **Sardar Gurdev Singh Badal**: Will the Chief Minister be pleased to state whether it is a fact that a bridge on the Abohar Branch Canal near village Rajeiana in the Panjgrain Assembly Constituency is under construction, if so, the time by which it is likely to be completed.

ਸਰਦਾਰ ਦਰਬਾਰਾ ਸਿੰਘ: ਹਾਲੇ ਨਹੀਂ ਜੀ, ਭਾਵੇਂ ਕਿ ਕੁਝ ਮੁੱਢਲੇ ਕੰਮ ਪਹਿਲਾਂ ਹੀ ਸ਼ੁਰੂ ਕੀਤੇ ਹੋਏ ਹਨ । ਪੁੱਲ ਦੀ ਉਸਾਰੀ ਦਾ ਕੰਮ ਅਗਲੇ ਸਾਲ ਤਕ ਪੂਰਾ ਹੋਣ ਦੀ ਸੰਭਾਵਨਾ ਹੈ ।

LIVERIES TO CLASS IV EMPLOYEES IN THE EDUCATION DEPARTMENT

*340. **Master Babu Singh**: Will the Minister for Education be pleased to state—

(a) the total amount sanctioned by the Government for providing liveries to Class IV Government Employees working in the Education Department during each of the Financial years 1978-79, 1979-80 and 1980-81 (up-to-date),

(b) the total amount actually spent yearwise by the Government out of that referred to in part (a) above for the said purpose during the said period ?

ਸਰਦਾਰ ਹਰਚਰਨ ਸਿੰਘ ਅਜਨਾਲਾ: (ੳ) ਦਰਜਾ ਚਾਰ ਕਰਮਚਾਰੀਆਂ ਲਈ ਵਰਦੀਆਂ ਦੇ ਖਰਚੇ ਵਾਸਤੇ 'ਦਫ਼ਤਰੀ ਖਰਚੇ' ਵਿਚ ਹੀ ਉਪਬੰਧ ਕੀਤਾ ਜਾਂਦਾ ਹੈ । ਇਸ ਮੰਤਵ ਲਈ ਸਰਕਾਰ ਵਲੋਂ ਵੱਖਰੇ ਤੌਰ ਤੇ ਕੋਈ ਰਕਮ ਮਨਜ਼ੂਰ ਨਹੀਂ ਕੀਤੀ ਗਈ ।

(ਅ)	ਸਾਲ 1978-79	..	7,52,205.86 ਰੁਪਏ
	ਸਾਲ 1979-80	..	10,70,137.16 ਰੁਪਏ
	ਸਾਲ 1980-81	..	6,60,056.56 ਰੁਪਏ

BUSES GOING THROUGH GOBINDGARH

*779. **Sardar Dalip Singh Pandhi**: Will the Chief Minister be pleased to state whether all the State Transport buses going through Gobindgarh stop thereby entering the new Municipal Committee Bus Stand ?

ਸਰਦਾਰ ਦਰਬਾਰਾ ਸਿੰਘ : ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਦੇ ਦੁਆਰਾ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਸਾਰੀਆਂ ਬੱਸਾਂ ਜਿਹੜੀਆਂ ਗੋਬਿੰਦਗੜ੍ਹ ਵਿਚੋਂ ਲੰਘਦੀਆਂ ਹਨ, ਉਹ ਨਗਰਪਾਲਕਾ ਦੇ ਨਵੇਂ ਬਸ ਸਟੈਂਡ ਤੇ ਰੋਕੀਆਂ ਜਾਣਗੀਆਂ ।

SHIFTING OF BUS STAND AT RAMPURA PHUL

*341 **Master Babu Singh**: Will the Chief Minister be pleased to state whether there is any proposal under the consideration of the Government to shift the present Bus-stand at Rampuraphul to any other place, if so, the details of the site selected for the purpose ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ): ਨਹੀਂ ਜੀ, ਇਹੋ ਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

Rules Governing Recruitment and Promotions of Class III Framed in the Housing and Urban Development Department

*727. **Chaudhari Jagjit Singh**: Will the Chief Minister be pleased to state—

(a) whether the Rules governing recruitment and promotions of Class III officials in the Housing and Urban Development Department have been framed; if so, the date from which the rules have been in force;

(b) whether it has come to the notice of the Government that certain irregularities were committed in the appointments of Head Assistants in 1972 and 1976 in violation of the said rules; if so, the details thereof and the action taken to remedy the situation ?.

ਸਰਦਾਰ ਦਰਬਾਰਾ ਸਿੰਘ: (ੲ) ਨਹੀਂ ਜੀ ।

(ਬੀ) ਡਰਾਫਟ ਰੂਲਾਂ ਦੇ ਆਧਾਰ ਤੇ ਸਾਲ 1972, 1974 ਅਤੇ 1975 ਵਿਚ ਤਰੱਕੀ ਰਾਹੀਂ ਮੁੱਖ ਸਹਾਇਕਾਂ ਦੀਆ ਨਿਯੁਕਤੀਆਂ ਵਿਰੁੱਧ ਕੁਝ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਹਨ । ਇਹ ਵਿਚਾਰ ਅਧੀਨ ਹਨ ।

Setting up of Urban Estate Colony by Punjab Housing Development Board at Gobindgarh

*800. Sardar Dalip Singh Pandhi : Will the Chief Minister be pleased to state whether there is any proposal under the consideration of Government to set up any Urban Estate Colony by the Punjab Housing Development Board at Gobindgarh, if so, the details thereof and the time by which it is likely to be finalized?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ ।

Construction of a Bridge on Choe Between Mahilpur and Kaharpur in District Hoshiarpur

*857. Vaid Kartar Singh: Will the Chief Minister be pleased to state whether there is any scheme under the consideration of the Government to construct a bridge on the choe between Mahilpur and Kaharpur in District Hoshiarpur, if so, the time by which it is likely to be constructed ?

Sardar Darbara Singh : Yes, proposal to construct a bridge is under examination. However, at this stage it is not possible to indicate the date by which it is likely to be constructed on account of paucity of funds.

CONSTRUCTION OF THE BRIDGES ON KAIL DRAIN

*856. (1) Vaid Kartar Singh
(2) Sardar Atma Singh } : Will the Chief Minister

be pleased to state —

(a) whether the Market Committee, Phagwara deposited any money in March, 1979 with the Drainage Department for the construction of bridges on Kail Drain near villages Ramgarh and Gulabgarh, Block Phagwara, if so, the details of the amount so deposited bridge-wise;

(b) whether the construction on the bridges mentioned in (a) above has since been completed, if not, the reasons therefor and the time by which the construction of said bridges is expected to be taken in hand?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ, ਮਾਰਕੀਟ ਕਮੇਟੀ ਫਗਵਾੜਾ ਨੇ ਪਿੰਡ ਰਾਮਗੜ੍ਹ ਅਤੇ ਗੁਲਾਬਗੜ੍ਹ ਪਾਸ ਕੇਲ ਨਾਲਾ ਤੇ 2 ਪੁਲ ਬਣਾਉਣ ਲਈ 1.30 ਲੱਖ ਰੁਪਏ ਜਮਾਂ ਕਰਵਾਏ ਸੀ ।

ਖਰਚੇ ਦਾ ਵੇਰਵਾ ਵੱਖ ਵੱਖ ਪੁਲਾਂ ਲਈ ਉਪਲਭਦ ਨਹੀਂ ਹੈ ਕਿਉਂਕਿ ਵੱਖ ਵੱਖ ਐਸਟੀਮੇਟ ਤਿਆਰ ਨਹੀਂ ਕੀਤੇ ਗਏ ।

(ਅ) ਨਹੀਂ ਜੀ, ਕੈਲ ਨਾਲਾ ਤੇ ਪੁਲ ਹੱਥ ਵਿਚ ਇਸ ਕਰਕੇ ਨਹੀਂ ਲਏ ਗਏ ਕਿਉਂਕਿ ਲੋੜੀਂਦੇ ਸਮਾਨ ਅਰਥਾਤ ਸੀਮਿੰਟ, ਸਟੀਲ ਅਤੇ ਇੱਟਾਂ ਦੀ ਥੁੜ ਸੀ ।

CONSTRUCTION OF BR'DGE ON RIVER SUTLEJ IN ANANDPUR SAHIB ASSEMBLY CONSTITUENCY.

*361 **Master Dalip Singh** : Will the Chief Minister be pleased to state whether there is any proposal under the consideration of Government to construct a concrete bridge on river Sutlej in the Anandpur Sahib Assembly Constituency, if so, the time by which and the name of place where the same is proposed to be constructed?.

ਸਰਦਾਰ ਦਰਬਾਰਾ ਸਿੰਘ: ਹਾਂ ਜੀ ।

(2) ਇਹ ਪੁਲ ਆਨੰਦਪੁਰ ਸਾਹਿਬ ਨੇੜ ਥਾਨਾ ਪਤਨ ਵਿਖੇ ਬਣਾਉਣ ਦੀ ਤਜਵੀਜ਼ ਹੈ । ਇਸ ਪੁਲ ਦੀਆਂ ਮਾਡਲ ਸਟੱਡੀਜ਼ ਅਤੇ ਜਗ੍ਹਾਂ ਦੀਆਂ ਮੁਢਲੀਆਂ ਖੋਜਾਂ ਦਾ ਕੰਮ ਚਲ ਰਿਹਾ ਹੈ । ਇਹ ਪੁੱਲ ਕੰਮ ਸ਼ੁਰੂ ਹੋਣ ਤੋਂ ਦੋ ਸਾਲ ਦੇ ਅੰਦਰ ਮੁਕੰਮਲ ਹੋ ਜਾਵੇਗਾ ।

ਵਿਰੋਧੀ ਧਿਰ ਵਲੋਂ ਕੁਝ ਆਵਾਜ਼ਾਂ: ਸਪੀਕਰ ਸਾਹਿਬ, ਅੱਜ ਅਖੀਰਲਾ ਦਿਨ ਹੈ, ਅੱਜ ਸਾਰੇ ਜਵਾਬ ਦਿਵਾਓ ਜੀ ।

ਸ੍ਰੀ ਸਪੀਕਰ: ਰੂਲ 38 ਦੇ ਤਹਿਤ ਕੁਐਸਚਨ ਆਵਰ ਖ਼ਤਮ ਹੋ ਗਿਆ ਹੈ, ਹੁਣ ਐਕਸਟੈਂਡ ਨਹੀਂ ਹੋ ਸਕਦਾ । (ਵਿਘਨ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਸਪੀਕਰ ਸਾਹਿਬ, ਸਾਡੇ ਧਰਮ ਨੂੰ ਖ਼ਤਰਾ ਹੈ । (ਵਿਘਨ) ਸਰਕਾਰ ਸਾਡੇ ਧਰਮ ਵਿਚ ਦੱਖਲ ਦੇ ਰਹੀ ਹੈ ਇਸ ਲਈ ਮੈਨੂੰ ਟਾਈਮ ਦਿਓ ਜੀ । ਦਿੱਲੀ ਦੀ ਸਰਕਾਰ ਸਾਡੇ ਧਰਮ ਵਿਚ ਦਖਲ ਦੇ ਰਹੀ ਹੈ Please allow me.

ਸਰਦਾਰ ਗੁਰਨੈਬ ਸਿੰਘ ਬਰਾੜ ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਆਤਮਾ ਸਿੰਘ: ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**Expunged as ordered by the Chair

ਸਰਦਾਰ ਬੀਰਦਵਿੰਦਰ ਸਿੰਘ ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ੍ਰੀ ਭਗਵਾਨ ਦਾਸ ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਤੁਸੀਂ ਐਸੀਆਂ ਚੀਜ਼ਾਂ ਸੀ.ਐਮ. ਸਾਹਿਬ ਦੇ ਨੋਟਿਸ ਵਿਚ ਵੈਸੇ ਲਿਆ ਸਕਦੇ ਹੋ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਪਰਸੋਂ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ । ਮੈਨੂੰ ਉਸ ਦਾ ਹੁਣ ਤਕ ਜਵਾਬ ਨਹੀਂ ਮਿਲਿਆ। ਉਸ ਦੇ ਵਿਚ ਲੱਖਾਂ ਰੁਪਏ ਦੇ ਗ਼ਬਨ ਦੀ ਗਲ ਹੈ । ਕਿਰਪਾ ਕਰਕੇ ਮੈਨੂੰ ਪੜ੍ਹਨ ਦੀ ਆਗਿਆ ਦਿਤੀ ਜਾਏ, ਉਸ ਵਿਚ ਸਾਡੇ ਬਹੁਤ ਸਾਰੇ ਆਨਰੇਬਲ ਮੈਂਬਰਜ਼ ਇਨਵਾਲਵਡ ਹਨ ।

ਸ੍ਰੀ ਸਪੀਕਰ : ਉਹ ਇਨ ਟਾਈਮ ਨਹੀਂ ਸੀ । (ਵਿਘਨ)

ਸਰਦਾਰ ਬਲਦੇਵ ਸਿੰਘ ਖਿਆਲਾ : ** ** **

Mr. Speaker: This is no point of order.

ਜੱਥੇਦਾਰ ਜੀਵਨ ਸਿੰਘ ਉਮਰਾ ਨੰਗਲ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ) (ਸ਼ੋਰ) ਤੁਸੀਂ ਬੈਠੋ ।

ਜੱਥੇਦਾਰ ਜੀਵਨ ਸਿੰਘ ਉਮਰਾ ਨੰਗਲ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ) ਤੁਸੀਂ ਬੈਠੋ ।

ਜੱਥੇਦਾਰ ਜੀਵਨ ਸਿੰਘ ਉਮਰਾ ਨੰਗਲ : ਸਪੀਕਰ ਸਾਹਿਬ, ਤੁਸੀਂ ਭਾਵੇਂ ਮੈਨੂੰ ਹਾਊਸ ਤੋਂ ਬਾਹਰ ਕੱਢ ਦਿਓ, ਮੈਂ ਜ਼ਰੂਰ ਬੋਲਾਂਗਾ । ਮੇਰੇ ਧਰਮ ਨੂੰ ਖਤਰਾ ਹੈ (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੇਰੇ ਧਰਮ ਨੂੰ ਖਤਰਾ ਹੈ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਇੱਕ ਸੀਜ਼ਨਡ ਪਾਰਲੀਮੈਂਟੇਰੀਅਨ ਹਨ । ਉਹ ਪਿੱਛਲੀ ਸਰਕਾਰ ਦੇ ਵਿਚ ਮਨਿਸਟਰ ਵੀ ਰਹਿ ਚੁੱਕੇ ਹਨ । ਪਰ ਉਹ ਹਾਉਸ ਦਾ ਡੈਕੋਰਮ ਖਰਾਬ ਕਰ ਰਹੇ

---

* Expunged as ordered by the Chair.

ਹਨ। ਮੇਰੇ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਉਹ ਬੋਲੀ ਜਾ ਰਹੇ ਹਨ। ਮੈਂ ਉਨ੍ਹਾਂ ਨੂੰ ਦੁਬਾਰਾ ਬੇਨਤੀ ਕਰਾਂਗਾ ਕਿ ਉਹ ਆਪਣੀ ਸੀਟ ਤੇ ਬੈਠ ਜਾਣ। ਭਾਵੇਂ ਕੋਈ ਕਿਤਨਾ ਵੀ ਵੱਡਾ ਲੀਡਰ ਕਿਉਂ ਨਾ ਹੋਵੇ, ਹਾਊਸ ਦੀ ਮਰਯਾਦਾ ਨੂੰ ਭੰਗ ਕਰਨ ਦਾ ਉਸ ਨੂੰ ਕੋਈ ਹੱਕ ਨਹੀਂ। ਮੈਂ ਰਿਕੁਐਸਟ ਕਰਦਾ ਹਾਂ ਕਿ ਕਿਰਪਾ ਕਰਕੇ ਆਪਣੀ ਸੀਟ ਤੇ ਬੈਠ ਜਾਣ, ਨਹੀਂ ਤਾਂ ਮੈਨੂੰ ਮਜ਼ਬੂਰ ਹੋ ਕੇ ਉਹ ਪਾਵਰ ਇਸਤੇਮਾਲ ਕਰਨੀ ਪਵੇਗੀ ਜਿਹੜੀ ਕਿ ਮੈਂ ਹੁਣ ਤਕ ਇਸਤੇਮਾਲ ਨਹੀਂ ਕੀਤੀ। ਸਰਦਾਰ ਦਲੀਪ ਸਿੰਘ ਪਾਂਧੀ ਜੀ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਨ।

(ਇਸ ਸਮੇਂ ਵੀ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਸ਼ੋਰ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

ਸ੍ਰੀ ਸਪੀਕਰ : ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ, ਤੁਸੀਂ ਹਾਊਸ ਵਿੱਚੋਂ ਵਿਦਡਰਾ ਕਰੋ। ਹਾਊਸ ਦਾ ਡੈਕੋਰੱਮ ਖਰਾਬ ਨਾ ਕਰੋ। ਸਰਦਾਰ ਦਲੀਪ ਸਿੰਘ ਪਾਂਧੀ ਜੀ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ਨਹੀਂ ਤਾਂ ਮੈਂ ਨੈਕਸਟ ਕਾਲ ਅਟੈਨਸ਼ਨ ਮੋਸ਼ਨ ਕਾਲ ਅਪਾਨ ਕਰ ਦਿਆਂਗਾ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਮੈਂਬਰ ਸਾਹਿਬ ਇਜ਼ਾਜ਼ਤ ਦੇ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

Sardar Gurdarshan Singh : Jatheder Jiwan Singh Umranangal has let down the House. He should be removed from the House.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਰੋਪੜ ਵਿੱਚ ਇਕ ਹਰੀਜਨ ਮਾਰ ਦਿੱਤਾ ਹੈ। ਬੱਸੀ ਪਠਾਣਾ ਵਿੱਚ ਵੀ ਮਾਰ ਦਿੱਤਾ ਹੈ। ਸਪੀਕਰ ਸਾਹਿਬ, ਮੰਜੂ ਬਾਲਾ ਦੇ ਕੇਸ ਬਾਰੇ ਸੀ. ਐਮ. ਸਾਹਿਬ ਨੇ ਸਟੇਟਮੈਂਟ ਦੇਣੀ ਹੈ। ਅੱਜ ਹਾਊਸ ਦਾ ਅਖੀਰਲਾ ਦਿਨ ਹੈ, ਇਸ ਲਈ ਉਹ ਸਟੇਟਮੈਂਟ ਵੀ ਦਿਵਾ ਦਿਓ।

ਸ੍ਰੀ ਸਪੀਕਰ : ਅਗਰ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਨਹੀਂ ਪੜ੍ਹਨਾ ਚਾਹੁੰਦੇ ਤਾਂ ਮੈਂ ਅਗਲੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਨ ਲਈ ਸਬੰਧਤ ਮੈਂਬਰ ਨੂੰ ਕਹਿ ਦਿੰਦਾ ਹਾਂ।

CALL ATTENTION NOTICES UNDER RULE 66

(Serial No. 147)

Sardar Dalip Singh Pandhi : Sir, I beg to draw the attention of

---

** Not recorded as ordered by the Chair

[Sardar Dalip Singh Pandhi]

the Government towards a matter of urgent public importance, namely, acute shortage of wheat atta in almost all Government depots in the State, particularly at Khanna, with the result that the Private shopkeepers are selling it at the rate of Rs. 2.50 per kg. or more which is beyond the reach of poor people. This situation is causing great resentment and anxiety amongst the poor people. The Government may, therefore, make a statement on the floor of the House.

Chief Minister (Sardar Darbara Singh) : It is factually incorrect to say that there is acute shortage of wholemeal atta at the Government depots in the State, particularly at Khanna.

2. Government have made elaborate arrangements for the distribution of wholemeal atta at a fixed price of Rs. 144.50 per quintal at mill towns (additional transport cost to be added in non-mill towns) through a net work of 10,663 retail outlets of the Public, Cooperative and Private sectors. During the month of January, 1981, a total quantity of 1.76 lac quintals of wholemeal atta was released into the Public Distribution System compared to only about 27,000 quintals supplied in January, 1980. For the month of February, 1981, upto 25th February, 1981, a quantity of 1.85 lac quintals of wholemeal atta has been released into the Public Distribution System compared only to 32,664 quintals supplied in February, 1980

3. So far as supply of atta to the depots at Khanna, numbering 20, including 3 Punsup shops, is concerned, during the months of December, 1980 and January, 1981, a quantity of 500 and 945 bags respectively has been supplied to the depots. During the month of February, 1981, upto 27th February, 1981, 710 bags of atta have been supplied to the said depots. Inadequate power supply to the flour mills has also created some difficulties in the production of wholemeal atta.

4. Government is fully alive to the need to make available certain essential edible commodities, including atta, to the weaker sections of society at a still lower rate. Under the subsidy scheme in vogue in the State in a modified form, with effect from 2nd October, 1980, whole meal atta is being supplied to eligible persons at a rate of Rs. 1.30 per kg.

ਸਰਦਾਰ ਦਲੀਪ ਸਿੰਘ ਪਾਂਧੀ: ਸਰ, ਜਨਾਬ ਨੇ ਬਹੁਤ ਮੇਹਰਬਾਨੀ ਕੀਤੀ ਹੈ ਕਿ ਸਰਕਾਰ ਤੋਂ ਜਵਾਬ ਦਿਵਾਇਆ ਹੈ । ਠੀਕ ਹੈ ਸਰਕਾਰ ਦਾ ਜਵਾਬ ਤਾਂ ਨੈਗੇਟਿਵ ਵਿਚ ਹੀ ਹੁੰਦਾ ਹੈ । ਮੇਰੀ ਅਰਜ਼ ਹੈ ਕਿ ਖੰਨੇ ਦੀ ਐਗਜ਼ੈਂਪਲ ਹੀ ਲੈ ਲਵੋ । ਮੈਂ ਆਪ ਜੀ ਨੂੰ ਬੜੇ ਅਦਬ ਨਾਲ ਬੇਨਤੀ ਕਰਦਾ ਹਾਂ ਕਿ ਤੁਸੀਂ ਆਪ ਇਨਕੁਆਇਰੀ ਕਰਵਾ ਲਵੋ । ਆਟੇ ਦੀ ਬਹੁਤ ਘਾਟ ਹੈ । ਫੂਡ ਫਾਰ ਵਰਕ ਸਕੀਮ ਥੱਲੇ ਮਜ਼ਦੂਰਾਂ ਨੂੰ ਕੰਮ ਕਰਨ ਦੇ ਇਵਜ਼ ਵਿਚ ਕਣਕ ਮਿਲਦੀ ਸੀ ਪਰ ਉਹ ਵੀ ਨਹੀਂ ਮਿਲਦੀ । ਸਰਵੇ ਦੇ ਮੁਤਾਬਿਕ ਇਕ ਰੁਪਿਆ 30 ਪੈਸੇ ਪਰ ਕੇ.ਜੀ. ਦੇ ਹਿਸਾਬ ਆਟਾ ਦੇਣਾ ਹੈ, ਮੈਂ ਸਮਝਦਾ ਹਾਂ ਕਿ ਸਰਵੇ ਵੀ ਠੀਕ

ਨਹੀਂ ਹੋਇਆ । ਦੂਜੇ, ਆਟੇ ਦਾ ਰੇਟ ਇਕ ਰੁਪਿਆ 45 ਪੈਸੇ ਹੈ ਪਰ ਉਹ ਵੀ ਮਿਲ ਨਹੀਂ ਰਿਹਾ । ਉਸ ਦੀ ਵੀ ਘਾਟ ਹੈ । ਲੋਕ ਪ੍ਰੇਸ਼ਾਨ ਹਨ ਕਿਉਂਕਿ ਸਪਲਾਈ ਕਣਕ ਦੀ ਨਹੀਂ ਹੁੰਦੀ ਬਲਕਿ ਆਟੇ ਦੀ ਹੁੰਦੀ ਹੈ ਔਰ ਆਟਾ ਮਿੱਲਾਂ ਤੋਂ ਸਪਲਾਈ ਹੁੰਦਾ ਹੈ । ਮਿਲਾਂ ਵਿਚ ਪੈਸੇ ਵੀ ਜਮਾਂ ਕਰਵਾਏ ਗਏ ਹਨ ਪਰ ਉਨ੍ਹਾਂ ਦੀ ਸਪਲਾਈ ਬੜੀ ਪੂਅਰ ਹੈ । ਲੋਕਾਂ ਵਿਚ ਭਾਰੀ ਰੀਜ਼ੈਂਟਮੈਂਟ ਹੈ । ਇਹ ਖੰਨੇ ਭੇਸ ਬਦਲ ਕੇ ਗਏ ਸਨ । ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਇਸ ਪਾਸੇ ਵੀ ਜਾ ਕੇ ਵੇਖ ਲੈਣ । ਉਥੇ ਆਟੇ ਦੀ ਸਪਲਾਈ ਬਿਲਕੁਲ ਨਹੀਂ ਹੋ ਰਹੀ । 117 ਬੈਗਜ਼ ਮਿਲੇ ਸਨ ਪਰ ਉਹ ਬਲੈਕ ਵਿਚ ਵਿਕ ਗਏ । ਅੱਜ ਸੀ. ਐਮ. ਸਾਹਿਬ ਨੇ ਮੇਹਰਬਾਨੀ ਕੀਤੀ ਹੈ ਅਤੇ ਜਵਾਬ ਦੇ ਦਿੱਤਾ ਹੈ ਪਰ ਮੈਨੂੰ ਪਤਾ ਹੈ ਕਿ ਹਾਲਾਤ ਬੜੇ ਗੰਭੀਰ ਹਨ । ਪੰਜਾਬ ਸਟੇਟ ਸਾਰੇ ਹਿੰਦੁਸਤਾਨ ਦੀ ਗਰੇਨਰੀ ਹੈ ਪਰ ਇਥੇ ਹੀ ਆਟੇ ਦੀ ਸ਼ਾਰਟੇਜ ਹੈ । ਫੇਅਰਪ੍ਰਾਈਸ ਦੁਕਾਨਾਂ ਨੇ ਸਰਕਾਰ ਨੂੰ ਲਿਖਿਆ ਹੈ ਕਿ ਸਾਨੂੰ ਆਪ ਆਟਾ ਪਿਸਾਉਣ ਦੀ ਇਜਾਜ਼ਤ ਸਰਕਾਰ ਦੇਵੇ ਔਰ ਸਾਨੂੰ ਕਣਕ ਦੀ ਸਪਲਾਈ ਕਰ ਦੇਵੇ । ਇਸ ਲਈ ਮੈਂ ਸਮਝਦਾ ਹਾਂ ਕਿ ਸੀ. ਐਮ. ਸਾਹਿਬ ਜਾਂ ਆਟਾ ਸਪਲਾਈ ਕਰਨ ਦਾ ਪ੍ਰਬੰਧ ਕਰ ਦੇਣਗੇ ਜਾਂ ਫੇਅਰਪ੍ਰਾਈਸ ਸ਼ਾਪਸ ਵਾਲਿਆਂ ਨੂੰ ਕਣਕ ਆਪ ਪਿਸਾਉਣ ਦੀ ਇਜਾਜ਼ਤ ਦੇ ਦੇਣਗੇ। ਦਾਲਾਂ ਜਾਂ ਹੋਰ ਚੀਜ਼ਾਂ ਤਾਂ ਜਨਾਬ ਬਾਹਰਲੀਆਂ ਸਟੇਟਾਂ ਤੋਂ ਆਉਂਦੀਆਂ ਹਨ ਲੇਕਿਨ ਜਿਹੜੀ ਸਟੇਟ ਇਤਨੀ ਕਣਕ ਪੈਦਾ ਕਰਦੀ ਹੈ ਉਥੇ ਹੀ ਆਟੇ ਦੀ ਸ਼ੌਰਟੇਜ ਹੋਵੇ ਤਾਂ ਇਹ ਸਮਝ ਨਹੀਂ ਆਉਂਦੀ। ਕਣਕ ਬਹੁਤ ਸਾਡੇ ਗੋਡਾਊਨਜ਼ ਵਿਚ ਪਈ ਹੈ । ਇਸ ਲਈ ਮਿੱਲਾਂ ਤੋਂ ਸਪਲਾਈ ਲੈਣ ਦੀ ਬਜਾਏ ਡਿਪੂਆਂ ਨੂੰ ਸਿੱਧੇ ਤੌਰ ਤੇ ਕਣਕ ਦਿੱਤੀ ਜਾਵੇ। ਉਹ ਉਸ ਨੂੰ ਪਿਸਾ ਕੇ ਵੇਚਣ । ਔਰ ਪ੍ਰਾਈਵੇਟ ਦੁਕਾਨਦਾਰ ਜਿਹੜੇ ਕਿ ਢਾਈ-ਤਿੰਨ ਰੁਪਏ ਕਿਲੋ ਆਟਾ ਦਿੰਦੇ ਹਨ ਉਹ ਮਹਿੰਗਾ ਆਟਾ ਨਾ ਵੇਚ ਸਕਣ। ਇਸ ਲਈ, ਸਪੀਕਰ ਸਾਹਿਬ, ਜੇਕਰ ਤੁਹਾਡੇ ਪਾਸ ਟਾਈਮ ਨਹੀਂ ਹੈ ਤਾਂ ਤੁਸੀਂ ਬੇਸ਼ਕ ਕਾਂਗਰਸ ਦੇ ਐਮ.ਐਲ.ਏਜ਼ ਦੀ ਹੀ ਇਕ ਕਮੇਟੀ ਬਣਾ ਦਿਓ ਔਰ ਫਾਰ ਇਨਸਟਾਂਸ ਖੰਨਾ ਹੀ ਉਹ ਕਮੇਟੀ ਵੇਖ ਲਵੇ ਕਿ ਉਥੇ ਆਟੇ ਦੀ ਸਪਲਾਈ ਹੁੰਦੀ ਹੈ ਜਾਂ ਨਹੀਂ ਹੁੰਦੀ। ਜਨਾਬ ਸ਼ਹਿਰਾਂ ਵਿਚ ਸਪਲਾਈ ਨਹੀਂ ਹੁੰਦੀ ਪਿੰਡਾਂ ਦੇ ਡਿਪੂਆਂ ਦਾ ਤਾਂ ਹੋਰ ਵੀ ਬੁਰਾ ਹਾਲ ਹੈ। ਇਸ ਲਈ ਸਰਕਾਰੀ ਆਟੇ ਦਾ ਛੇਤੀ ਪ੍ਰਬੰਧ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਸਰਦਾਰ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਐਫ.ਸੀ. ਆਈ. ਦੇ ਗੋਡਾਊਨਾਂ ਤੋਂ ਸਪਲਾਈ ਘੱਟ ਹੋਈ ਹੈ ਔਰ ਉਸ ਵਿਚ ਕਈ ਅਫਸਰ ਜ਼ਿੰਮੇਵਾਰ ਹਨ. . . .

ਸ੍ਰੀ ਸਪੀਕਰ : ਪਲੀਜ਼, ਕੁਐਸਚਨ ਕਰੋ ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਜਿਹੜੀ ਆਟੇ ਦੀ ਸ਼ਾਰਟੇਜ ਹੈ, ਸਰਕਾਰ ਉਸ ਦਾ ਪ੍ਰਬੰਧ ਕਰੇ। ਇਹ ਆਪ ਜਾ ਕੇ ਵੇਖ ਲੈਣ ਜਾਂ ਫਿਰ ਤੁਸੀਂ ਮੈਂਬਰਾਂ ਦੀ ਇਕ ਕਮੇਟੀ ਬਣਾ ਦਿਓ । ਇਹ ਅਫਸਰਾਂ ਨੇ ਗਲਤ ਜਵਾਬ ਦਿੱਤਾ ਹੈ। ਤੁਸੀਂ ਅੱਗੇ ਵੀ ਮੇਹਰਬਾਨੀ ਕੀਤੀ ਸੀ, ਮੈਨੂੰ ਸਪਲੀਮੈਂਟਰੀ ਕਰਨ ਦੀ ਇਜ਼ਾਜ਼ਤ ਦਿੱਤੀ ਸੀ । ਇਸ ਲਈ ਮੈਂ ਕਹਾਂਗਾ ਕਿ ਸੀ. ਐਮ. ਸਾਹਿਬ ਇਨਕੁਆਇਰੀ ਕਰਨ । ਇਹ ਜਵਾਬ ਗਲਤ ਆਇਆ ਹੈ, ਆਟਾ ਕਿਤੇ ਮਿਲ ਨਹੀਂ ਰਿਹਾ । ਜਨਾਬ ਹਾਊਸ ਵਿਚ ਸਹੀ ਜਵਾਬ ਆਉਣਾ ਚਾਹੀਦਾ ਹੈ । ਸਾਨੂੰ ਮਾਣ ਹੈ ਕਿ ਸੀ. ਐਮ. ਸਾਹਬ ਠੀਕ ਹਨ, ਵਿਚਾਰੇ ਬੜੇ ਨੇਕ ਹਨ । ਇਹ ਮਸਲਾ ਗਰੀਬਾਂ ਨਾਲ ਸਬੰਧ ਰੱਖਦਾ ਹੈ, ਇਹ ਇਸ ਦੀ ਇਨਕੁਆਇਰੀ ਕਰਵਾ ਲੈਣ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਬੋਲਣ ਲਈ ਇਹ ਬੇ-ਚਾਰੇ

[ਮੁੱਖ ਮੰਤਰੀ]

ਹਨ, ਇਨ੍ਹਾਂ ਨੂੰ ਬੋਲਣ ਲਈ ਕੋਈ ਚਾਰਾ ਨਹੀਂ ਲੱਭਦਾ (ਹਾਸਾ)। ਸਪੀਕਰ ਸਾਹਿਬ, ਇਨ੍ਹਾਂ ਦੀ ਗਿਆਤ ਵਾਸਤੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਭਾਵੇਂ ਆਟੇ ਦੀ ਥੁੜ੍ਹ ਹੋਈ ਹੈ ਪਰ ਇਸ ਨੂੰ ਪੂਰਾ ਕਰਨ ਲਈ ਅਸੀਂ ਕਾਮਨ ਪੂਲ ਜੋ ਹੈ, ਸੈਂਟਰਲ ਪੂਲ ਜੋ ਹੈ, ਉਸ ਵਿੱਚੋਂ ਬਹੁਤੀ ਕਾਸਟ ਤੇ, ਜ਼ਿਆਦਾ ਪੈਸੇ ਦੇ ਕੇ, ਜ਼ਿਆਦਾ ਮਿਲਿੰਗ ਕਰਵਾ ਕੇ ਆਟਾ ਸਾਰੀਆਂ ਥਾਵਾਂ ਤੇ ਭੇਜ ਰਹੇ ਹਾਂ। ਜੋ ਆਟੇ ਦੀਆਂ ਪ੍ਰਾਈਸਿਜ਼ ਮੈਂ ਦੱਸੀਆਂ ਹਨ ਉਹ ਠੀਕ ਹਨ। ਪਰ ਇਸ ਦੇ ਨਾਲ ਨਾਲ ਇਨ੍ਹਾਂ ਨੇ ਜੋ ਦੱਸਿਆ ਹੈ, ਮੈਂ ਉਸ ਬਾਰੇ ਫਿਰ ਵੀ ਚੈਕ ਕਰਵਾ ਲਵਾਂਗਾ। ਅਗਰ ਮੇਰੇ ਜਵਾਬ ਬਾਰੇ ਐਸਾ ਕੋਈ ਸ਼ੰਕਾ ਹੈ ਤਾਂ ਉਸ ਨੂੰ ਦੂਰ ਕਰਨ ਵਾਸਤੇ ਅਸੀਂ ਫਿਰ ਵੀ ਵੇਖ ਲਵਾਂਗੇ। ਪਰ ਜਿਹੜੀ ਇਨ੍ਹਾਂ ਨੇ ਸ਼ਾਰਟੇਜ ਦੀ ਗੱਲ ਕਹੀ ਹੈ, ਇਹ ਠੀਕ ਨਹੀਂ ਹੈ।

(ਕ੍ਰਮ ਨੰ: 150)

ਸਰਦਾਰ ਆਤਮਾ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਸਰਕਾਰ ਨੇ ਕੇਂਦਰੀ ਪੂਲ ਜਾਂ ਆਪਣੇ ਲਈ ਜੋ ਅਨਾਜ ਖਰੀਦਿਆ ਜਿਸ ਨੂੰ ਬਹੁਤ ਹਦ ਤਕ ਗੋਦਾਮਾਂ ਤੋਂ ਬਾਹਰ ਖੁਲ੍ਹੇ ਅਸਮਾਨ ਹੇਠਾਂ ਰੱਖਿਆ ਹੈ। ਇਨ੍ਹਾਂ ਦਿਨਾਂ ਵਿਚ ਹੋਈਆਂ ਬਾਰਸ਼ਾਂ ਕਾਰਨ ਅਨਾਜ ਦੀਆਂ ਬੋਰੀਆਂ ਪਾਣੀ ਨਾਲ ਭਿਜ ਗਈਆਂ ਹਨ ਜਿਸ ਕਾਰਨ ਪੈਡੀ ਅਤੇ ਕਣਕ ਬਾਹਰ ਪਈਆਂ ਬੋਰੀਆਂ ਵਿਚ ਉਗ ਪਈ ਹੈ ਅਤੇ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਅਨਾਜ ਵਰਤਣ ਦੇ ਯੋਗ ਨਹੀਂ ਰਿਹਾ। ਸਰਕਾਰ ਇਸ ਸਬੰਧੀ ਬਿਆਨ ਦੇਵੇ ਅਤੇ ਇਸ ਨੁਕਸਾਨ ਨੂੰ ਰੋਕਣ ਲਈ ਤੁਰੰਤ ਪ੍ਰਬੰਧ ਕਰੇ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਵਧੇਰੇ ਉਪਜ ਹੋਣ ਦੇ ਫਲਸਰੂਪ ਪਿਛਲੇ ਕੁੱਝ ਸਾਲਾਂ ਵਿਚ ਧਾਨ ਅਤੇ ਕਣਕ ਦੀ ਆਮਦ ਰਾਜ ਵਿਚ ਬੜੇ ਜ਼ੋਰ ਨਾਲ ਵਧੀ ਹੈ। ਸਾਲ 1976-77 ਦੇ ਦੌਰਾਨ ਕਣਕ ਅਤੇ ਧਾਨ ਦੀ ਕੁੱਲ ਆਮਦ 54 ਲੱਖ ਟਨ ਦੇ ਲੱਗ ਭੱਗ ਸੀ। ਸਾਲ 1980-81 ਵਿਚ ਕਣਕ ਅਤੇ ਧਾਨ ਦੀ ਆਮਦ 88 ਲੱਖ ਟਨ ਹੋਈ ਹੈ ਅਤੇ ਇਸ ਤਰ੍ਹਾਂ ਨਾਲ ਆਮਦ ਵਿਚ ਕੁਲ 63 ਫੀ ਸਦੀ ਦਾ ਵਾਧਾ ਹੋਇਆ ਹੈ। ਪੰਜਾਬ ਕਣਕ ਅਤੇ ਚਾਵਲ ਦੇ ਮਾਮਲੇ ਵਿਚ ਵਾਫਰ ਪ੍ਰਦੇਸ਼ ਹੈ ਜਿਸ ਕਾਰਨ ਕਣਕ ਅਤੇ ਚਾਵਲ ਜੋ ਐਫ. ਸੀ. ਆਈ. ਅਤੇ ਰਾਜ ਦੀਆਂ ਏਜੰਸੀਆਂ ਵੱਲੋਂ ਖਰੀਦ ਕੀਤੇ ਜਾਂਦੇ ਹਨ, ਨੂੰ ਦੇਸ਼ ਦੇ ਦੂਜੇ ਪ੍ਰਦੇਸ਼ਾਂ ਨੂੰ ਭੇਜਣਾ ਹੁੰਦਾ ਹੈ। ਹਰ ਸੰਭਵ ਯਤਨ ਕਰਨ ਦੇ ਬਾਵਜੂਦ ਵੀ ਅਨਾਜ ਦੀ ਪੰਜਾਬ ਤੋਂ ਕਮੀ ਵਾਲੇ ਪ੍ਰਦੇਸ਼ਾਂ ਨੂੰ ਮੂਵਮੈਂਟ ਉੱਤਨੀ ਨਹੀਂ ਵੱਧ ਸਕੀ ਜਿਤਨੀ ਕਿ ਉਪਜ ਵਧੀ ਹੈ।

ਰਾਜ ਸਰਕਾਰ ਹਰ ਸੰਭਵ ਯਤਨ ਕਰਦੀ ਚਲੀ ਆ ਰਹੀ ਹੈ ਅਤੇ ਕੇਂਦਰੀ ਸਰਕਾਰ ਉਤੇ ਭੀ ਵੱਧ ਤੋਂ ਵੱਧ ਵਾਧੂ ਗੁਦਾਮ ਬਣਾਉਣ ਵਾਸਤੇ ਜ਼ੋਰ ਦਿੰਦੀ ਚਲੀ ਆ ਰਹੀ ਹੈ ਪ੍ਰੰਤੂ ਸਮੁੱਚੇ ਤੌਰ ਤੇ ਗੁਦਾਮਾਂ ਦੀਆਂ ਲੋੜਾਂ ਦੇ ਮੁਤਾਬਿਕ, ਘਾਟ ਬਣੀ ਹੋਈ ਹੈ। ਸਿੱਟੇ ਵਜੋਂ ਅਨਾਜ ਨੂੰ ਮਜ਼ਬੂਰੀ ਦੀ ਹਾਲਤ ਵਿੱਚ ਪੋਲੀਥੀਨ ਕਵਰਾਂ ਹੇਠ ਖੁਲੀਆਂ ਥਾਵਾਂ ਤੇ ਭੰਡਾਰ ਕਰਨਾ ਪੈਂਦਾ ਹੈ। ਖੁਲ੍ਹੀ ਥਾਂ ਤੇ ਭੰਡਾਰ ਕੀਤੇ ਅਨਾਜ ਨੁਕਸਾਨ ਤੋਂ ਬਚਾਉਣ ਲਈ ਹਰ ਸੰਭਵ ਇਹਤਿਆਤ ਵਰਤੀ ਜਾਂਦੀ ਹੈ। ਇਹ ਭੰਡਾਰ ਖੁਲ੍ਹੇ ਥੜਿਆਂ ਤੇ ਕੀਤਾ ਜਾਂਦਾ ਹੈ ਅਤੇ ਬੋਰੀਆਂ ਦੀਆਂ ਹੇਠਲੀਆਂ ਧਾਂਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਲੱਕੜੀ ਦੇ ਕਰੇਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਪਰੋਂ ਭੰਡਾਰ ਨੂੰ ਪੋਲੀਥੀਨ ਕਵਰਾਂ ਅਤੇ ਤਰਪਾਲਾਂ ਨਾਲ ਢਕਿਆ

ਜਾਂਦਾ ਹੈ । ਭੰਡਾਰ ਕੀਤੇ ਅਨਾਜ ਨੂੰ ਸਮੇਂ ਸਮੇਂ ਹਵਾ ਲਵਾਉਣ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ।

ਕਣਕ ਦੇ ਦਾਣੇ ਮੁਕਾਬਲਤਨ ਸਖਤ ਹੁੰਦੇ ਹਨ ਅਤੇ ਖੁਲੀ ਥਾਂ ਤੇ ਕਵਰਾਂ/ਤਰਪਾਲਾਂ ਹੇਠ ਪਲਿੰਥਾਂ ਤੇ ਭੰਡਾਰ ਕੀਤੇ ਜਾ ਸਕਦੇ ਹਨ । ਧਾਨ ਨੂੰ ਇਸ ਲਈ ਖੁਲ੍ਹੇ ਥਾਂ ਤੇ ਰੱਖਿਆ ਜਾਂਦਾ ਹੈ ਕਿਉਂ ਜੋ ਇਸ ਵਿੱਚ ਸਿਲ੍ਹ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਸਮੇਂ ਸਮੇਂ ਸਿਰ ਹਵਾ ਲਵਾਉਣੀ ਪੈਂਦੀ ਹੈ ਤਾਂ ਜੋ ਭੰਡਾਰ ਗਰਮ ਨਾ ਹੋਵੇ ਅਤੇ ਇਸ ਨੂੰ ਨੁਕਸਾਨ ਨਾ ਪੁੱਜੇ । ਪੰਜਾਬ ਸਰਕਾਰ ਖੁਰਾਕ ਤੇ ਸਪਲਾਈ ਜਾਂ ਦੂਜੀਆਂ ਏਜੰਸੀਆਂ ਜਿਵੇਂ ਕਿ ਮਾਰਕਫੈਡ ਅਤੇ ਪਨਸੱਪ ਰਾਹੀਂ ਕਣਕ ਜਾਂ ਧਨ ਆਪਣੇ ਖਾਤੇ ਵਿਚ ਖ਼ਰੀਦ ਨਹੀਂ ਕਰਦੀ । ਸਾਰੀ ਦੀ ਸਾਰੀ ਖ਼ਰੀਦ ਭਾਰਤ ਸਰਕਾਰ ਵਲੋਂ ਕੇਂਦਰੀ ਪੂਲ ਲਈ ਕੀਤੀ ਜਾਂਦੀ ਹੈ ।

ਹਾਲ ਵਿਚ ਹੋਈਆਂ ਬਾਰਸ਼ਾਂ ਨਾਲ ਖੁਰਾਕ ਤੇ ਸਪਲਾਈਜ਼ ਵਿਭਾਗ, ਮਾਰਕਫੈਡ ਅਤੇ ਪਨਸੱਪ ਵਲੋਂ ਖ਼ਰੀਦ ਕੀਤੇ ਗਏ ਕਣਕ ਦੇ ਉਨ੍ਹਾਂ ਭੰਡਾਰਾਂ ਨੂੰ ਜੋ ਖੁਲ੍ਹੀ ਥਾਂ ਤੇ ਲਗਾਏ ਗਏ ਹਨ ਨੁਕਸਾਨ ਪੁੱਜਣ ਦੀ ਕੋਈ ਰਿਪੋਰਟ ਕਿਤੋਂ ਨਹੀਂ ਮਿਲੀ ਪਰੰਤੂ ਤਕਰੀਬਨ 18,000 ਟਨ ਪੈਡੀ ਜੋ ਮਾਰਕਫੈਡ ਵਲੋਂ ਖਰੀਦੀ ਗਈ ਸੀ, ਨੂੰ ਥੋੜ੍ਹਾ ਨੁਕਸਾਨ ਪੁੱਜਣ ਦੀ ਰਿਪੋਰਟ ਪ੍ਰਾਪਤ ਹੋਈ ਹੈ ਭਾਵੇਂ ਕਿ ਭੰਡਾਰ ਨੂੰ ਨੁਕਸਾਨ ਤੋਂ ਬਚਾਉਣ ਲਈ ਕਾਫੀ ਇਹਤਿਆਤ ਵਰਤੀ ਗਈ ਸੀ । ਫਿਰ ਵੀ ਦਾਣਿਆਂ ਨੂੰ ਉਤਨਾਂ ਜ਼ਿਆਦਾ ਨੁਕਸਾਨ ਨਹੀਂ ਪੁੱਜਾ ਕਿ ਉਨ੍ਹਾਂ ਮਨੁੱਖੀ ਖਪਤ ਦੇ ਕਾਬਿਲ ਨਾ ਰਹੇ ਹੋਣ । ਇਸ ਪੈਡੀ ਦਾ ਚੌਲ ਕਢਾਉਣ ਅਤੇ ਕੇਂਦਰੀ ਪੂਲ ਵਿਚ ਡਲਿਵਰੀ ਦੇਣ ਤੋਂ ਪਹਿਲਾਂ ਧਾਨ ਨੂੰ ਸੁਕਾਉਣ ਅਤੇ ਰੀ-ਕੰਡੀਸ਼ਨ ਕਰਨ ਬਾਰੇ ਮਾਰਕਫੈਡ ਵਲੋਂ ਉਚਿਤ ਕਾਰਵਾਈ ਕੀਤੀ ਜਾ ਰਹੀ ਹੈ । ਔਪਰ ਜੇਕਰ ਐਫ.ਸੀ.ਆਈ. ਦੇ ਭੰਡਾਰਾਂ ਨੂੰ ਕੋਈ ਨੁਕਸਾਨ ਪੁੱਜਿਆ ਹੋਵੇ ਤਾਂ ਉਸ ਬਾਰੇ ਰਾਜ ਸਰਕਾਰ ਪਾਸ ਕੋਈ ਸੂਚਨਾ ਨਹੀਂ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਫੁਰਮਾਇਆ ਹੈ ਕਿ ਅਨਾਜ ਬਹੁਤ ਵੱਧ ਹੋਣਾ ਸ਼ੁਰੂ ਹੋ ਗਿਆ ਹੈ ਜਿਸ ਕਰਕੇ ਗੋਦਾਮਾਂ ਦੀ ਕੱਮੀ ਹੋ ਗਈ ਹੈ । ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਤਰਪਾਲਾਂ ਨਾਲ ਵੀ ਨੁਕਸਾਨ ਹੋਇਆ ਹੈ । ਮੈਂ 2 ਸਵਾਲ ਕਰਨੇ ਹਨ । ਪਹਿਲੀ ਮੈਂ ਇਹ ਬੇਨਤੀ ਕਰਨੀ ਹੈ ਕਿ ਕੀ ਇਸ ਵਾਸਤੇ ਪ੍ਰਾਇਰਟੀ ਦੇ ਕੇ ਪੰਜਾਬ ਸਰਕਾਰ ਨੂੰ ਆਪਣੇ ਤੌਰ ਤੇ ਅਤੇ ਐਫ.ਸੀ. ਆਈ. ਨੂੰ ਕਹਿ ਕੇ ਨਵੇਂ ਗੋਦਾਮ ਬਣਾਉਣ ਦਾ ਪ੍ਰਬੰਧ ਕਰੇਗੀ ? ਜਿਹੜੇ 200 ਫੋਕਲ ਪੁਆਇੰਟਾਂ ਤੇ ਗੋਦਾਮ ਬਣੇ ਪਏ ਹਨ ਔਰ ਉਹ ਖਾਲੀ ਪਏ ਹਨ ਕੀ ਉਥੇ ਵੀ ਅਨਾਜ ਰੱਖਣ ਦਾ ਪ੍ਰਬੰਧ ਕਰੇਗੀ ?

ਦੂਜਾ ਮੇਰਾ ਸਵਾਲ ਇਹ ਹੈ ਕਿ ਬਰਸਾਤ ਕਾਰਣ ਬੋਰੀਆਂ ਵਿਚ ਪਿਆ ਅਨਾਜ ਵੱਧ ਜਾਂਦਾ ਹੈ । 5-7 ਕਿਲੋਂ ਇਕ ਬੋਰੀ ਪਿਛੇ ਤਾਂ ਜ਼ਰੂਰ ਹੀ ਵੱਧ ਜਾਂਦਾ ਹੈ ਔਰ ਇਹ ਗੋਦਾਮਾਂ ਵਾਲੇ ਘਪਲੇਬਾਜ਼ੀ ਕਰੀ ਜਾਂਦੇ ਹਨ । ਇਸ ਗੱਲ ਨਾਲ ਮੁੱਖ ਮੰਤਰੀ ਸਾਹਿਬ ਨੇ ਐਗਰੀ ਕੀਤਾ ਸੀ ਔਰ ਮੈਂ ਹੁਣ ਇਨ੍ਹਾਂ ਨੂੰ ਇਹ ਤਜਵੀਜ਼ ਦੇਣਾ ਚਾਹੁੰਦਾ ਹਾਂ ਕਿ ਹਾਊਸ ਦੀਆਂ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਦੀ ਇਕ ਐਸੀ ਏਜੰਸੀ ਬਣਾ ਦਿਓ ਜਿਹੜੀ ਕਿ ਸਾਰੇ ਗੋਦਾਮਾਂ ਦੀ ਪੜ੍ਹਤਾਲ ਕਰੇ । ਜੇ ਇਹ ਏਜੰਸੀ ਬਣਾ ਦੇਣ ਤਾਂ ਇਸ ਸਬੰਧ ਵਿਚ ਮੈਂ

[ਸਰਦਾਰ ਆਤਮਾ ਸਿੰਘ]

ਇਨ੍ਹਾਂ ਨੂੰ ਇਕ ਐਸੀ ਤਜਵੀਜ਼ ਦਸਾਂਗਾ ਜਿਸ ਨਾਲ ਇਹ ਘਪਲੇਬਾਜ਼ੀ ਰੁਕ ਸਕੇਗੀ । ਜੇ ਉਹ ਤਜਵੀਜ਼ ਮੈਂ ਹੁਣ ਦਸ ਦੇਵਾਂ ਤਾਂ ਇਸ ਨਾਲ ਜਿਹੜੇ ਗੋਦਾਮਾਂ ਤੇ ਬੈਠੇ ਹਨ ਉਹ ਉਸ ਮੁਤਾਬਿਕ ਆਪਣਾ ਪ੍ਰਬੰਧ ਕਰ ਲੈਣਗੇ । ਕੀ ਸਰਕਾਰ ਇਹ ਜਿਹੜਾ ਲੱਖਾਂ ਰੁਪਿਆ ਸਰਕਾਰ ਦਾ ਬੇਈਮਾਨ ਲੋਕ ਹੜੱਪ ਕਰ ਰਹੇ ਹਨ ਇਸ ਨੂੰ ਰੋਕਣ ਲਈ ਕੋਈ ਹਾਊਸ ਦੀ ਕਮੇਟੀ ਬਣਾਏਗੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਸਰਦਾਰ ਸਾਹਿਬ ਨੇ ਦੋ ਸਵਾਲ ਕੀਤੇ ਹਨ । ਮੈਂ ਇਹ ਅਰਜ਼ ਕਰਾਂਗਾ ਕਿ ਅਸੀਂ ਐਫ.ਸੀ.ਆਈ. ਨੂੰ ਕਹਿ ਰਹੇ ਹਾਂ ਕਿ ਗੋਦਾਮ ਬਣਾਏ ਜਾਣ । ਜਿਥੋਂ ਤਕ ਅਨਾਜ ਦੀ ਰਾਖੀ ਕਰਨ ਦਾ ਤੁਅਲਕ ਹੈ ਇਸ ਲਈ ਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਇਸ ਨੂੰ ਕਵਰ ਕੀਤਾ ਜਾਵੇ ਜਿਸ ਨਾਲ ਨੁਕਸਾਨ ਨਾ ਹੋਵੇ । ਲੇਕਿਨ ਜਗ੍ਹਾ ਥੋੜੀ ਹੋਣ ਕਰਕੇ ਬਾਹਰ ਥੜ੍ਹੇ ਬਣਾ ਕੇ ਉਥੇ ਅਨਾਜ ਰਖ ਕੇ ਉਸ ਨੂੰ ਪੋਲੀਥੀਨ ਦੇ ਕਵਰਾਂ ਨਾਲ ਢੱਕਿਆ ਜਾਂਦਾ ਹੈ । ਜਿਹੜੇ ਸਾਡੀ ਆਪਣੀ ਸਟੇਟ ਦੇ ਗੋਡਾਊਨ ਹਨ ਇਸ ਸਬੰਧ ਵਿਚ ਅਸੀਂ ਪਿਛੇ ਇਕ ਮੀਟਿੰਗ ਵੀ ਕੀਤੀ ਸੀ ਕਿ ਅਨਾਜ ਦੀ ਪਰੋਡਕਸ਼ਨ ਜ਼ਿਆਦਾ ਹੋਣੀ ਹੈ ਔਰ ਇਸ ਦਾ ਇੰਤਜ਼ਾਮ ਕਰਨਾ ਹੈ । ਕਿਤੇ ਕੱਲ੍ਹ ਨੂੰ ਇਹ ਨਾ ਹੋਵੇ ਕਿ ਉਹ ਡਿਸਕਲਰ ਹੋ ਜਾਵੇ । ਜਿਹੜਾ ਧਾਨ ਵਿਚੋਂ ਚਾਵਲ ਕੱਢਿਆ ਹੋਇਆ ਹੈ ਜੇ ਉਹ ਡਿਸਕੱਲਰ ਹੋ ਜਾਵੇ ਤਾਂ ਉਹ ਜਾਂ ਤਾਂ ਘੱਟ ਕੀਮਤ ਤੇ ਵਿਕਦਾ ਹੈ ਜਾਂ ਫਿਰ ਖਾਣ ਦੇ ਕਾਬਲ ਹੀ ਨਹੀਂ ਰਹਿੰਦਾ। ਇਸ ਲਈ ਅਸੀਂ ਇਸ ਨੂੰ ਕਵਰ ਕਰਨ ਲਈ ਕੋਸ਼ਿਸ਼ ਕਰਦੇ ਹਾਂ ਤਾਂਕਿ ਸਾਡਾ ਨੁਕਸਾਨ ਨਾ ਹੋਵੇ । ਜਿਹੜੇ ਗੋਡਾਊਨ ਮਿਲ ਸਕਦੇ ਹਨ ਉਹ ਅਸੀਂ ਲੈਣ ਦੀ ਕੋਸ਼ਿਸ਼ ਕਰਦੇ ਹਾਂ ।

ਦੂਜੀ ਗਲ ਜਿਹੜੀ ਕਹੀ ਹੈ ਫੋਕਲ ਪੁਆਇੰਟਾਂ ਦੇ ਗੋਡਾਊਨ ਦੇ ਬਾਰੇ ਵਿਚ, ਅਗਰ ਉਹ ਠੀਕ ਇਸਤੇਮਾਲ ਹੋ ਸਕਦੇ ਹੋਏ ਤਾਂ ਜ਼ਰੂਰ ਲੈ ਲਵਾਂਗੇ । ਇਹ ਸਾਨੂੰ ਵੇਖਣਾ ਪਵੇਗਾ । ਇਸ ਵਿਚ ਸਾਨੂੰ ਕੋਈ ਹਰਜ ਨਹੀਂ । ਇਹ ਤਜਵੀਜ਼ ਚੰਗੀ ਹੈ ਔਰ ਅਸੀਂ ਇਸ ਵਾਸਤੇ ਅੱਗੇ ਵੀ ਆਰਡਰ ਕੀਤੇ ਹਨ ਔਰ ਹੁਣ ਵੀ ਵਿਚਾਰ ਕਰ ਲਵਾਂਗੇ ਔਰ ਜੇ ਠੀਕ ਹੋਏ ਤਾਂ ਜ਼ਰੂਰ ਇਸਤੇਮਾਲ ਕਰਾਂਗੇ ।

ਇਕ ਸਵਾਲ ਜਿਹੜਾ ਇਨ੍ਹਾਂ ਨੇ ਬਦ-ਇੰਤਜ਼ਾਮੀ ਨੂੰ ਦੂਰ ਕਰਨ ਵਾਸਤੇ ਕਿਹਾ ਹੈ ਔਰ ਉਸ ਨੂੰ ਹੁਣ ਡਿਸਕਲੋਜ਼ ਨਹੀਂ ਕਰਨਾ ਚਾਹੁੰਦੇ, ਉਹ ਇਹ ਮੈਨੂੰ ਬਾਅਦ ਵਿਚ ਦਸ ਦੇਣ । ਜਿਹੜੇ ਬੰਦੇ ਇੰਤਜ਼ਾਮ ਕਰ ਸਕਦੇ ਹਨ ਉਨ੍ਹਾਂ ਨੂੰ ਕਹਿ ਕੇ ਜ ਮੈਂ ਆਪ ਜ਼ਾਤੀ ਤੌਰ ਤੇ ਇਸ ਦੀ ਪੜਤਾਲ ਕਰਾਗਾ । ਮੈਂ ਤਾਂ ਫੂਡ ਗਰੇਨ ਦੇ ਮਾਮਲੇ ਵਿਚ ਬੜਾ ਹੀ ਸੁਚੇਤ ਹਾ । ਜਿਹੜਾ ਵੀ ਕੋਈ ਇਸ ਤਰ੍ਹਾਂ ਦੀ ਹੇਰਾਫੇਰੀ ਜਾਂ ਇਸ ਨੂੰ ਖਰਾਬ ਕਰਨ ਵਾਲਾ ਹੋਵੇਗਾ ਉਹ ਚਾਹੇ ਵੱਡੇ ਤੋਂ ਵੱਡਾ ਵੀ ਆਦਮੀ ਕਿਉਂ ਨਾ ਹੋਵੇ ਉਹ ਬੱਚ ਨਹੀਂ ਸਕੇਗਾ । ਇਹ ਮੈਂ ਇਨ੍ਹਾਂ ਨੂੰ ਐਸ਼ੋਅਰ ਕਰ ਦਿੰਦਾ ਹਾਂ ।

(*Serial No.* 152)

Shri Sewa Ram: Sir, I beg to draw the attention of the Government towards a matter of urgent public importance, namely, that the large number of Industrial Workers have been laid off in the entire Punjab due to shortage of electricity and other

raw material. These workers are facing great hardship in order to meet their both ends meet. In the past, Government used to give Adhoc Relief to such workers in the shape of the interest free loan. I would, therefore, draw the attention of the Labour Minister to give statement on this matter.

ਭਲਾਈ ਮੰਤਰੀ (**ਚੌਧਰੀ ਜਗਤ ਰਾਮ**) : ਇਸ ਵਿਚ ਕੋਈ ਸੰਦੇਹ ਨਹੀਂ ਕਿ ਪਿਛਲੇ ਕੁਝ ਮਹੀਨਿਆਂ ਤੋਂ ਰਾਜ ਬਿਜਲੀ ਦੀ ਤੀਬਰ ਘਾਟ ਵਿਚੋਂ ਲੰਘ ਰਿਹਾ ਹੈ। ਫਿਰ ਵੀ, ਚੂੰਕਿ ਬਹੁੱਤ ਸਾਰੀਆਂ ਫੈਕਟਰੀਆਂ/ਅਦਾਰੇ ਇਕ ਸ਼ਿਫਟ ਲਈ ਚਲ ਰਹੇ ਹਨ ਅਤੇ ਬਹੁੱਤ ਸਾਰੀਆਂ ਵੱਡੀਆਂ ਇਕਾਈਆਂ ਨੇ ਆਪਣੇ ਜੈਨਰੇਟਰ ਸੈਟ ਲਗਾ ਲਏ ਹਨ, ਇੰਡਸਟਰੀਅਲ ਡਿਸਪਿਊਟਸ ਐਕਟ, 1947 ਦੀ ਧਾਰਾ 25 (ਏ) ਅਤੇ ਰੂਲ 74 ਨੂੰ ਸਾਹਮਣੇ ਰਖਦੇ ਹੋਏ, ਲੇਅ ਆਫ ਬਾਰੇ ਪ੍ਰਾਪਤ ਸੂਚਨਾ ਅਨੁਸਾਰ, ਇਹ ਗਿਣਤੀ ਬਹੁਤ ਜ਼ਿਆਦਾ ਨਹੀਂ ਹੈ। ਇਸ ਲਈ ਸਰਕਾਰ ਬਿਨਾਂ ਸੂਦ ਕਰਜ਼ੇ ਦੇਣ ਦੀ ਤਜਵੀਜ਼ ਤੇ ਵਿਚਾਰ ਨਹੀਂ ਕਰਨਾ ਚਾਹੁੰਦੀ। ਫਿਰ ਵੀ ਸਰਕਾਰ ਉਦਯੋਗ ਨੂੰ ਬਿਜਲੀ ਦੇਣ ਵਿਚ ਸੁਧਾਰ ਕਰਨ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਅੱਗੇ ਆਉਣ ਵਾਲੇ ਕੁਝ ਸਮੇਂ ਵਿਚ ਸਥਿਤੀ ਵਿਚ ਕਾਫੀ ਸੁਧਾਰ ਹੋ ਜਾਵੇਗਾ ਅਤੇ ਇਸ ਬਾਰੇ ਕੁਝ ਠਸ ਪ੍ਰਾਪਤੀਆਂ ਹੋ ਜਾਣਗੀਆਂ।

ਸ੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਇਸ ਵੇਲੇ ਬਿਜਲੀ ਦੀ ਸ਼ਾਰਟੇਜ ਦੇ ਨਾਲ 50 ਹਜ਼ਾਰ ਦੇ ਕਰੀਬ ਲੋਕ ਲੇਅ ਆਫ ਹੋ ਚੁੱਕੇ ਹਨ। ਔਰ ਇਸ ਮਹਿੰਗਾਈ ਦੇ ਦੌਰਾਨ ਉਨ੍ਹਾਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਪਹਿਲੇ ਜਦੋਂ ਵੀ ਕਦੇ ਇਹੋ ਜਿਹੇ ਕਰਾਈਸਿਜ਼ ਆਏ, ਵਰਕਰਜ਼ ਨੂੰ ਕੁਝ ਨਾ ਕੁਝ ਉਤਸ਼ਾਹ ਸਰਕਾਰ ਦਿੰਦੀ ਰਹੀ ਹੈ ਸਿਵਾਏ ਅਕਾਲੀ ਜਨਤਾ ਰਾਜ ਦੇ ਸਮੇਂ ਜਦੋਂ ਕਿ ਉਸ ਸਰਕਾਰ ਨੇ ਇਹ ਪੈਸੇ ਦੇਣੇ ਬੰਦ ਕਰ ਦਿੱਤੇ ਹਨ। ਪਰ ਹੁਣ ਦੀ ਸਰਕਾਰ ਮਜ਼ਦੂਰਾਂ ਦੀ ਹਮਦਰਦ ਸਰਕਾਰ ਹੈ। ਕੁਝ ਬਿਜਲੀ ਦੀ ਘਾਟ ਕਾਰਣ ਅਤੇ ਕੁਝ ਇੰਜੀਨੀਅਰਾਂ ਦੇ ਨੋਟਿਸ ਦੇਣ ਕਾਰਣ ਬਿਜਲੀ ਦੀ ਸ਼ਾਰਟੇਜ ਜ਼ਿਆਦਾ ਹੋ ਗਈ ਹੈ। ਜਿਸ ਕਾਰਣ ਉਹ ਮਜ਼ਦੂਰ ਬੇਕਾਰ ਹੋ ਗਏ ਹਨ। ਕੀ ਮੰਤਰੀ ਸਾਹਿਬ ਜਿਸ ਤਰ੍ਹਾਂ ਅੱਗੇ ਪ੍ਰੈਸੀਡੈਂਟ ਹੈ ਅਤੇ ਇਹ ਦਿੰਦੇ ਰਹੇ ਹਨ, ਹੁਣ ਉਨ੍ਹਾਂ ਨੂੰ ਇੰਟਰਸਟ ਫਰੀ ਲੋਨ ਦੇਣ ਦਾ ਪ੍ਰਬੰਧ ਕਰਨਗੇ? ਉਸ ਦਾ ਇੰਪਲਾਇਰ ਜ਼ਮਾਨਤ ਦਿੰਦਾ ਹੈ ਅਤੇ ਉਨ੍ਹਾਂ ਦੇ ਲੋਨ ਰਿਕਵਰੇਬਲ ਹੁੰਦੇ ਹਨ ਔਰ ਮਜ਼ਦੂਰਾਂ ਨੂੰ ਇਹ ਰਿਲੀਫ ਸਰਕਾਰ ਨੇ ਦਿੱਤਾ ਹੋਇਆ ਹੈ। ਸਾਡੀ ਸਰਕਾਰ ਤਰੱਕੀ ਪਸੰਦ ਸਰਕਾਰ ਹੈ ਔਰ ਗਰੀਬਾਂ ਦੀ ਸਰਕਾਰ ਹੈ। ਚੌਧਰੀ ਸਾਹਿਬ ਵੀ ਗਰੀਬਾਂ-ਵਿਚੋਂ ਉਠ ਕੇ ਆਏ ਹੋਏ ਹਨ। ਇਨ੍ਹਾਂ ਨੂੰ ਇਸ ਗੱਲ ਨੂੰ ਮੰਨ ਲੈਣਾ ਚਾਹੀਦਾ ਹੈ।

ਭਲਾਈ ਮੰਤਰੀ : ਸਪੀਕਰ ਸਾਹਿਬ, ਵੈਸੇ ਇਸ ਵਿਚ ਕੋਈ ਗੱਲ ਨਹੀਂ ਹੈ ਕਿ ਅਕਾਲੀ ਸਰਕਾਰ ਵੇਲੇ ਇਸ ਲਈ ਨਾ ਕੀਤੀ ਗਈ ਸੀ ਅਸੀਂ ਇਨ੍ਹਾਂ ਦੇ ਸੁਝਾਓ ਤੇ ਗੌਰ ਕਰ ਲਵਾਂਗੇ।

ਸ੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਸਵਾਲ ਕੁਝ ਕਰੀਏ ਪਰ ਜਵਾਬ ਕੁਝ ਹੋਰ ਮਿਲਦਾ ਹੈ। ਜਿਹੜੀ ਗੱਲ ਮੈਂ ਕਹੀ ਹੈ ਉਹ ਗੱਲ ਸਰਕਾਰ ਨੂੰ ਮੰਨ ਲੈਣੀ ਚਾਹੀਦੀ ਹੈ।

ਸ੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਅਸੀਂ ਗੌਰ ਕਰ ਲਵਾਂਗੇ।

ਕਾਮਰੇਡ ਬਲਦੇਵ ਸਿੰਘ ਲੁੰਬਾ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ ** **

ਸ੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

ਗਿਆਨੀ ਅਰਜਨ ਸਿੰਘ ਲਿੱਟ : ** **

ਸ੍ਰੀ ਸਪੀਕਰ : ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਡਿਸਅਲਾਓ ਹੋ ਚੁੱਕੀ ਹੈ ਔਹ ਤੁਹਾਨੂੰ ਇਸ ਦਾ ਜਵਾਬ ਮਿਲ ਜਾਵੇਗਾ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

MOTION UNDER RULE 16

Finance Minister (Doctor Kewal Krishan) : Sir I, beg to move—

> That the Vidhan Sabha (Assembly) at its rising this day shall stand adjourned *Sine die.*

Mr. Speaker : Motion moved—

> That the Vidhan Sabha (Assembly) at its rising this day shall stand adjourned *Sine die.*

ਵਿੱਤ ਮੰਤਰੀ : ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੇ ਇਸ ਹਾਊਸ ਨੂੰ ਚਲਾਉਣ ਵਿਚ ਕੋ-ਆਪਰੇਸ਼ਨ ਦਿੱਤੀ ਹੈ ਅਤੇ ਸਪੀਕਰ ਸਾਹਿਬ, ਤੁਹਾਡੀ ਵੀ ਕੋਆਪਰੇਸ਼ਨ ਮਿਲੀ ਹੈ। ਪਿਛਲੇ 1976 ਤੋਂ ਬਾਅਦ ਦਾ ਅਗਰ ਤੁਸੀਂ ਰਿਕਾਰਡ ਕੱਢਵਾ ਕੇ ਵੇਖ ਲਓ ਇਤਨੀਆਂ ਸਿਟਿੰਗਜ਼ ਪਹਿਲੇ ਕਦੇ ਨਹੀਂ ਹੋਈਆਂ ਸਨ ਜਿੰਨੀਆਂ ਸਿਟਿੰਗਜ਼ ਇਸ ਸੈਸ਼ਨ ਵਿਚ ਹੋਈਆਂ ਹਨ। 1977, 1978 ਅਤੇ 1979 ਵਿਚ ਕਦੇ ਕੋਈ ਰਿਪੋਰਟ ਇਸ ਹਾਊਸ ਵਿਚ ਡਿਸਕਸ ਨਹੀਂ ਹੋਈ ਸੀ ਜਦੋਂ ਕਿ ਇਸ ਹਾਊਸ ਵਿਚ ਇਸੇ ਸੈਸ਼ਨ ਵਿਚ ਤਿੰਨ ਰਿਪੋਰਟਾਂ ਤੇ ਡਿਸਕਸ਼ਨ ਕੀਤੀ ਗਈ ਹੈ ਅਤੇ ਇਸ ਦੇ ਨਾਲ ਹੀ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨਾਂ ਨੂੰ ਇਸ ਹਾਊਸ ਵਿਚ ਯੁਨਾਨੀ ਮਸਲੀ

**Expunged Not recorded as ordered by the Chair

ਪਾਸ ਕੀਤਾ ਗਿਆ । ਜਦ ਕਿ ਪਹਿਲੇ ਕਿਸੇ ਨਾ ਕਿਸੇ ਕਾਰਣ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨਾਂ ਨੂੰ ਪਾਸ ਨਹੀਂ ਕੀਤਾ ਜਾਂਦਾ ਸੀ । ਇਹ ਤਿੰਨ ਰੈਜ਼ੋਲਿਊਸ਼ਨ, ਇਕ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਬਾਰੇ, ਦੂਸਰਾ ਇੰਡਸਟਰੀ ਅਤੇ ਐਗਰੀਕਲਚਰ ਦੀ ਇਨਪੁਟਸ ਦੀ ਕੀਮਤਾਂ ਦੇ ਅਨੁਸਾਰ ਪ੍ਰੋਡਕਸ਼ਨ ਦੀ ਕੀਮਤ ਮੁਕੱਰਰ ਕਰਨ ਬਾਰੇ ਅਤੇ ਤੀਸਰਾ ਅਡੱਲਟਰੇਸ਼ਨ ਦੇ ਬਾਰੇ ਸੀ ਜਿਨ੍ਹਾਂ ਨੂੰ ਯੂਨਾਨੀ-ਮਸਲੀ ਪਾਸ ਕੀਤਾ ਗਿਆ ਸੀ । ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਇਸ ਮੋਸ਼ਨ ਨੂੰ ਯੂਨਾਨੀ-ਮਸਲੀ ਪਾਸ ਕੀਤਾ ਜਾਵੇ ਕਿਉਂਕਿ ਇਸ ਸੈਸ਼ਨ ਵਿਚ ਮੈਕਸੀਮਮ ਟਾਈਮ ਹਰ ਇਕ ਮੈਂਬਰ ਨੂੰ ਦਿੱਤਾ ਗਿਆ ਹੈ ।

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ. ਸੀ.): ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਕਿ ਐਤਕੀਂ ਸੈਸ਼ਨ ਲੰਬਾ ਗਿਆ ਹੈ ਅਤੇ ਇਸ ਦੇ ਲਈ ਇਹ ਵਧਾਈ ਦੇ ਪਾਤਰ ਹਨ । ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸਨ ਦਾ ਰੈਜ਼ੋਲਿਊਸ਼ਨ ਵੀ ਯੂਨਾਨੀਮਸਲੀ ਪਾਸ ਹੋ ਗਿਆ ਹੈ ਔਰ ਮੇਰੀ ਪਾਰਟੀ ਨੇ ਵੋਟਾਂ ਵੀ ਪਾਈਆਂ ਸਨ । ਹੁਣ ਇਹ ਸਾਡੀਆਂ ਵੋਟਾਂ ਨੂੰ ਖੂਹ ਖਾਤੇ ਵਿਚ ਨਾ ਪਾਉਣ ਔਰ ਸਰਕਾਰ ਨੂੰ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦਾ ਐਲਾਨ ਕਰ ਦੇਣਾ ਚਾਹੀਦਾ ਹੈ । ਸਰਦਾਰ ਦਰਬਾਰਾ ਸਿੰਘ ਬੜੇ ਗੁਰਮੁੱਖ ਅਤੇ ਪਾਠ ਕਰਨ ਵਾਲੇ ਆਦਮੀ ਹਨ, ਸੁੱਚੇ ਹਨ ਅਤੇ ਕੁਰੱਪਸ਼ਨ ਦੇ ਖਿਲਾਫ ਹਨ । ਪਰ ਨੈਸ਼ਨੇਲਾਈਜ਼ੇਸ਼ਨ ਆਫ ਟਰਾਂਸਪੋਰਟ ਦਾ ਕੇਸ ਡਾਊਟਫੁਲ ਲਗਦਾ ਹੈ । ਸਪੀਕਰ ਸਾਹਿਬ, ਮੇਰੇ ਕੋਲ ਤਿੰਨ ਰਿਪੋਰਟਾਂ ਹਨ । ਛੰਗਾਨੀ ਕਮਿਸ਼ਨ, ਗੁਰਦੇਵ ਸਿੰਘ ਕਮਿਸ਼ਨ ਅਤੇ ਹਰਚੰਦ ਸਿੰਘ ਕਮੇਟੀ ਦੀਆਂ ਰਿਪੋਰਟਾਂ ਹਨ । ਇਨ੍ਹਾਂ ਰਿਪੋਰਟਾਂ ਤੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਲਗੀ ਹੋਈ ਹੈ। ਇਨ੍ਹਾਂ ਰਿਪੋਰਟਾਂ ਤੇ ਇਸ ਹਾਊਸ ਵਿਚ ਡਿਸਕਸ਼ਨ ਹੋਣੀ ਚਾਹੀਦੀ ਹੈ । ਇਧਰ ਬੈਠੇ ਅਕਾਲੀ ਵੀ ਲੁੱਟ ਮਾਰ ਕਰ ਰਹੇ ਹਨ ਅਤੇ ਕਾਂਗਰਸੀਆਂ ਨਾਲ ਲੁਟ ਮਾਰ ਵਿਚ ਮਿਲ ਗਏ ਹਨ । ਜਿਨ੍ਹਾਂ ਲੋਕਾਂ ਦੇ ਖਿਲਾਫ ਕਮਿਸ਼ਨ ਨੇ ਰਿਪੋਰਟਾਂ ਦਿੱਤੀਆਂ ਹਨ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋ ਰਿਹਾ । ਰਿਪੋਰਟਾਂ ਬਣਾਉਣ ਲਈ ਹਾਈ ਕੋਰਟ ਦੇ ਜੱਜਾਂ ਨੂੰ ਲਗਾ ਦਿੰਦੇ ਹਨ । ਪਰ ਹੁਣ ਸਰਕਾਰ ਇਨ੍ਹਾਂ ਤੇ ਡਿਸਕੱਸ਼ਨ ਕਰਾਉਣ ਦੀ ਬਜਾਏ ਸਾਈਨੇ ਡਾਈ ਦੀ ਮੋਸ਼ਨ ਲੈ ਆਈ ਹੈ । ਸਾਰਕਰ ਇਸ ਹਾਊਸ ਵਿਚ ਇਹ ਰਿਪੋਰਟਾਂ ਪੇਸ਼ ਕਰਕੇ ਉਨ੍ਹਾਂ ਤੇ ਡਿਸਕਸ਼ਨ ਨਹੀਂ ਕਰਾਉਂਦੀ ਅਤੇ ਉਨ੍ਹਾਂ ਨੂੰ ਮੁਜ਼ਰਮ ਕਰਾਰ ਦੇ ਕੇ ਸਜ਼ਾਵਾਂ ਨਹੀਂ ਦਿੰਦੀ । ** **

Mr. Speaker: Last remarks of the hon. Member are expunged.

ਕਾਮਰੇਡ ਰਾਜ ਕੁਮਾਰ (ਧਾਰੀਵਾਲ): ਸਪੀਕਰ ਸਾਹਿਬ, ਮੈਂ ਸਾਈਨੇ ਡਾਈ ਦੀ ਮੋਸ਼ਨ ਦੇ ਖਿਲਾਫ ਬੋਲਣ ਲਈ ਖੜਾ ਨਹੀਂ ਹੋਇਆ ਅਤੇ ਨਾ ਹੀ ਮੈਂ ਇਸ ਦੇ ਖਿਲਾਫ ਹਾਂ । ਪਰ ਜਿਹੜੀਆਂ ਫੀਲਿੰਗਜ਼ ਮੇਰੇ ਅੰਦਰ ਹਨ ਉਨ੍ਹਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਪਿਛਲੇ 3 ਦਿਨਾਂ ਤੋਂ ਜਿਸ ਤਰ੍ਹਾਂ ਦੇ ਹਾਲਾਤ ਵਿਚ ਇਹ ਹਾਊਸ ਚਲਿਆ ਇਹ ਹਾਲਾਤ ਨਾ ਮੇਰੇ ਕਾਬੂ ਵਿਚ ਸਨ ਅਤੇ ਨਾ ਤੁਹਾਡੇ ਕੰਟਰੋਲ ਵਿਚ ਸਨ । ਇਹ ਸਾਡੇ ਸਾਰਿਆਂ ਦੇ ਕੰਟਰੋਲ ਤੋਂ ਬਾਹਰ ਸਨ । ਤੁਸੀਂ ਕੁਝ ਡਿਸੀਜ਼ਨ ਚੰਗੇ ਵੀ ਲਏ ਅਤੇ ਕੁਝ ਡਿਸੀਜ਼ਨ ਐਸੇ ਵੀ ਲਏ ਜਿਨ੍ਹਾਂ ਨਾਲ ਤੌਖਲਾ ਪੈਦਾ ਹੁੰਦਾ ਸੀ । ਮੁਲਕ ਵਿਚ ਕਿਸ ਤਰ੍ਹਾਂ ਦੇ ਹਾਲਾਤ ਚਲ ਰਹੇ ਹਨ, ਤੁਸੀਂ ਲੋਕ ਸਭਾ ਵਿਚ ਦੇਖੋ ਕੀ ਹੋਇਆ, ਜੰਮੂ ਐਂਡ ਕਸ਼ਮੀਰ ਅਸੈਂਬਲੀ ਵਿਚ ਕੀ ਹੋਇਆ ਅਤੇ ਦੂਜੀਆਂ ਅਸੈਂਬਲੀਆਂ ਵਿਚ ਕੀ ਕੁਝ ਹੋਇਆ ਹੈ ।

**Expunged as ordered by the Chair.

[ਕਾਮਰੇਡ ਰਾਜ ਕੁਮਾਰ]

ਸਪੀਕਰ ਸਾਹਿਬ, ਲੋਕ ਸਭਾ ਵਿਚ ਵੀ ਮੈਂਬਰਜ਼ ਆਪਸ ਵਿਚ ਗੁਥਮ-ਗੁਥਾ ਹੋਏ ਅਤੇ ਹੋਰਨਾਂ ਸਟੇਟਾਂ ਵਿਚ ਵੀ ਝਗੜੇ ਹੋਏ ਸਨ । ਸਪੀਕਰ ਸਾਹਿਬ, ਅੱਜ ਵੀ ਜੋ ਹਾਊਸ ਵਿਚ ਵੇਖਣ ਵਿਚ ਆਇਆ ਹੈ, ਉਹ ਬਿਲਕੁਲ ਵੀ ਮੁਨਾਸਿਬ ਨਹੀਂ ਸੀ । ਅਸੀਂ ਪੰਜਾਬ ਦੇ ਅੰਦਰ ਇਕ ਦੂਜੇ ਦੇ ਨਾਲ ਪ੍ਰੇਮ ਦੇ ਨਾਲ ਰਹਿਣਾ ਹੈ । ਪੰਜਾਬ ਵਿਚ ਪਹਿਲੀ ਦਫਾ ਮਾਤਰੀ-ਭਾਸ਼ਾ ਪੰਜਾਬੀ ਲਿਖਵਾਉਣ ਵਿਚ ਸਾਰਿਆਂ ਨੇ ਹਿੱਸਾ ਪਾਇਆ ਹੈ । (ਥਪਿੰਗ) ਲੇਕਿਨ ਕੁਝ ਗੱਲਤ ਕਿਸਮ ਦੇ ਇਤਰਾਜ਼ ਵੀ ਲਗੇ ਸਨ । ਸਪੀਕਰ ਸਾਹਿਬ, ਅੱਜ ਹਾਊਸ ਵਿਚ ਧਰਮ ਦਾ ਸਵਾਲ ਉਠਾਇਆ ਗਿਆ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਇਸ ਨੂੰ ਲਾਈਟਲੀ ਪੰਜਾਬ ਸਰਕਾਰ ਨੂੰ ਨਹੀਂ ਲੈਣਾ ਚਾਹੀਦਾ । ਇਹੋ ਜਿਹੀਆਂ ਗਲਾਂ ਇਥੇ ਕਰਕੇ ਅਸੀਂ ਪੰਜਾਬ ਦੀ ਅਤੇ ਦੇਸ਼ ਦੀ ਸੇਵਾ ਨਹੀਂ ਕਰ ਸਕਦੇ । ਕੋਈ ਕਨਕਰੀਟ ਸਟੈਪਸ ਉਠਾਉਣੇ ਚਾਹੀਦੇ ਹਨ ਤਾਂ ਕਿ ਹਾਊਸ ਦਾ ਮਾਹੌਲ ਠੀਕ ਤਰ੍ਹਾਂ ਬਣਿਆ ਰਹੇ । ਜੇਕਰ ਇਥੇ ਹਾਊਸ ਦਾ ਮਾਹੌਲ ਠੀਕ ਨਹੀਂ ਹੋਵੇਗਾ ਤਾਂ ਸਾਨੂੰ, ਸਪੀਕਰ ਸਾਹਿਬ, ਬਹੁਤ ਅਫਸੋਸ ਹੋਵੇਗਾ । ਸਪੀਕਰ ਸਾਹਿਬ, ਇਸ ਲਈ ਜੋ ਰੂਲਜ਼ ਬਣੇ ਹੋਏ ਹਨ, ਉਨ੍ਹਾਂ ਤੇ ਦੁਬਾਰਾ ਗੌਰ ਕਰਨ ਦੀ ਜ਼ਰੂਰਤ ਹੈ। ਰੂਲਜ਼ ਆਫ ਪਰੋਸੀਜ਼ਰ ਨੂੰ ਤਬਦੀਲ ਕਰਨ ਦੀ ਜ਼ਰੂਰਤ ਹੈ ਤਾਕਿ ਕਿਸੇ ਮੈਂਬਰ ਨੂੰ ਕੋਈ ਤਕਲੀਫ ਨਾ ਹੋਵੇ । ਰੂਲਜ ਆਫ ਪਰੋਸੀਜ਼ਰ ਮੁਤਾਬਿਕ ਜੋ ਇਥੇ ਹਾਊਸ ਵਿਚ ਕੁਝ ਕਹਿਣ ਲਈ ਸਾਨੂੰ ਰੁਕਾਵਟਾਂ ਪੈਂਦੀਆਂ ਹਨ, ਉਨ੍ਹਾਂ ਰੂਲਾਂ ਨੂੰ ਚੇਂਜ ਕਰਨ ਦੀ ਜ਼ਰੂਰਤ ਹੈ । ਸਪੀਕਰ ਸਾਹਿਬ, ਇਹ ਠੀਕ ਹੈ ਕਿ ਹਾਊਸ ਕਾਫੀ ਦੇਰ ਚਲਿਆ ਹੈ ਪਰ ਜੋ ਸਾਡੇ ਕੁਐਸਚਨਜ਼ ਸਨ, ਉਹ 50% ਤੋਂ ਵੱਧ ਡਿਸਪੋਜ਼ ਆਫ ਨਹੀਂ ਹੋ ਸਕੇ । ਸਵਾਲ, ਸਪੀਕਰ ਸਾਹਿਬ, ਇਹ ਨਹੀਂ ਹੈ ਕਿ ਅਸੀਂ ਕਾਫੀ ਲੰਬੇ ਸਮੇਂ ਤਕ ਹਾਊਸ ਨੂੰ ਚਲਾਇਆ ਹੈ ਬਲਕਿ ਸਵਾਲ ਇਹ ਹੈ ਕਿ ਅਸੀਂ ਬਿਜ਼ਨੈਸ ਕਿਤਨਾ ਕੀਤਾ ਹੈ । ਇਸ ਲਈ, ਸਪੀਕਰ ਸਾਹਿਬ, ਕੋਈ ਵਿਸ਼ੇਸ਼ ਕਮੇਟੀ ਬਣਾਓ ਜੋ ਰੂਲਜ਼ ਆਫ ਪਰੋਸੀਜ਼ਰ ਨੂੰ ਅਮੈਂਡ ਕਰਨ ਵਾਸਤੇ ਸਟੈਪਸ ਚੁੱਕੇ । ਇਨ੍ਹਾਂ ਸ਼ਬਦਾਂ ਦੇ ਨਾਲ, ਸਪੀਕਰ ਸਾਹਿਬ, ਜਿਹੜੀ ਮੋਸ਼ਨ ਹਾਊਸ ਵਿਚ ਆਈ ਹੈ, ਮੈਂ ਉਸ ਦੀ ਹਿਮਾਇਤ ਕਰਦਾ ਹਾਂ ਅਤੇ ਬੈਠਦਾ ਹਾਂ ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ. ਐਸ. ਸੀ.) : ਸਪੀਕਰ ਸਾਹਿਬ, ਸਰਕਾਰੀ ਬੈਂਚਾਂ ਵਾਲੇ ਤੁਹਾਡਾ ਹੁਕਮ ਨਹੀਂ ਮੰਨਦੇ ।

ਸ਼੍ਰੀ ਗੋਪਾਲ ਕ੍ਰਿਸ਼ਨ ਚਤੱਰਥ : ਸਪੀਕਰ ਸਾਹਿਬ, ਪਾਂਧੀ ਸਾਹਿਬ ਨੂੰ ਤੁਸੀਂ ਕਿਸ ਤਰ੍ਹਾਂ ਬੋਲਣ ਦੀ ਇਜਾਜ਼ਤ ਦੇ ਦਿਤੀ ਹੈ, ਉਹ ਆਪਣੀ ਸੀਟ ਤੇ ਨਹੀਂ ਖੜੇ ਹਨ। ਸਪੀਕਰ ਸਾਹਿਬ, ਸਾਨੂੰ ਵੀ ਬੋਲਣ ਦੀ ਇਜਾਜ਼ਤ ਦਿਓ । ਸਾਡੀ ਪਾਰਟੀ ਦੇ 64 ਬੰਦੇ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਆਪਣੀ ਸੀਟ ਤੇ ਹਾਂ । ਜੋ ਵਿੱਤ ਮੰਤਰੀ ਸਾਹਿਬ ਨੇ ਕਿਹਾ ਹੈ, ਅਸੀਂ ਉਸ ਦੇ ਨਾਲ ਸਹਿਮਤ ਹਾਂ । ਸਪੀਕਰ ਸਾਹਿਬ, ਮੈਨੂੰ ਜਾਤੀ ਤੌਰ ਤੇ ਬੜੀ ਖੁਸ਼ੀ ਹੋਈ ਹੈ ਕਿ ਇਥੇ ਹਾਊਸ ਵਿਚ ਰਿਪੋਰਟਾਂ ਡਿਸਕਸ ਹੋਈਆਂ ਹਨ ਅਤੇ ਹੋਰ ਵੀ ਚੰਗਾ ਕੰਮ ਹੋਇਆ ਹੈ। ਲੇਕਿਨ ਜੰਮੂ ਕਸ਼ਮੀਰ, ਲੋਕ ਸਭਾ ਅਤੇ ਗੁਜਰਾਤ ਵਿਚ ਕੀ ਹੋਇਆ ਹੈ ? ਇਥੇ ਪੰਜਾਬ ਵਿਚ ਸਾਡਾ ਹਾਊਸ ਠੀਕ ਹੀ ਚਲਿਆ ਹੈ । ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਈ ਹੈ । (ਥੰਪਿੰਗ) ਸਪੀਕਰ ਸਾਹਿਬ, ਕਈ ਗੱਲਾਂ ਅਸੀਂ ਮਹਿਸੂਸ ਵੀ ਕਰਦੇ ਹਾਂ । ਪਰ ਸਪੀਕਰ ਹਮੇਸ਼ਾ ਆਪੋਜ਼ੀਸ਼ਨ ਪਾਰਟੀ ਦਾ ਪ੍ਰੋਟੈਕਟਰ ਹੁੰਦਾ ਹੈ । ਤੁਸੀਂ ਸਾਨੂੰ ਹਮੇਸ਼ਾ ਪ੍ਰੋਟੈਕਸ਼ਨ ਦਿੰਦੇ ਹੋ । ਕਈ ਗੱਲਾਂ ਤੁਸੀਂ ਸਾਡੀਆਂ ਮੰਨੀਆਂ ਵੀ ਹਨ । ਇਸ

ਸਦਨ ਵਿਚ ਬਹੁਤ ਸਾਰੀਆਂ ਇੰਪਾਰਟੈਂਟ ਕਾਲ ਅਟੈਨਸ਼ਨਜ਼ ਅਤੇ ਜ਼ਰੂਰੀ ਸਵਾਲ ਆਏ ਸਨ। ਪਿਛੇ ਵੀ, ਸਪੀਕਰ ਸਾਹਿਬ, ਬਹੁਤ ਸਾਰੇ ਸਵਾਲ ਪੁੱਛੇ ਗਏ ਸਨ ਪਰ ਪੰਜਾਬ ਸਰਕਾਰ ਵਲੋਂ ਉਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਆਇਆ। ਇਹ ਕੁਐਸਚਨ ਆਵਰ ਹਾਊਸ ਵਿਚ ਬੜਾ ਹੀ ਇੰਪਾਰਟੈਂਟ ਹੁੰਦਾ ਹੈ। ਲੋਕਾਂ ਦੇ ਸੈਂਟੀਮੈਂਟਸ ਅਤੇ ਜ਼ਰੂਰੀ ਮਾਮਲੇ ਸਰਕਾਰ ਦੇ ਸਾਹਮਣੇ ਇਸ ਆਵਰ ਵਿਚ ਲਿਆਂਦੇ ਜਾਂਦੇ ਹਨ ਅਤੇ ਪੰਜਾਬ ਸਰਕਾਰ ਉਸ ਉਤੇ ਵਿਚਾਰ ਕਰਦੀ ਹੈ। ਆਪੋਜ਼ੀਸ਼ਨ ਪਾਰਟੀ ਸਰਕਾਰ ਨੂੰ ਦਰੁਸਤ ਚਲਾਉਣ ਵਿਚ ਮਦਦ ਕਰਦੀ ਹੈ। ਸਪੀਕਰ ਸਾਹਿਬ, ਅਸੀਂ ਆਪਣੇ ਢੰਗ ਦੇ ਨਾਲ ਕ੍ਰਿਟੀਸਿਜ਼ਮ ਕਰਦੇ ਹਾਂ। ਆਪੋਜ਼ੀਸ਼ਨ ਵਲੋਂ ਕੰਨਸਟਰਕਟਿਵ ਸੁਜੈਸ਼ਨਜ਼ ਦੇ ਕੇ ਪੰਜਾਬ ਸਰਕਾਰ ਦੀ ਮਦਦ ਕਰਦੇ ਹਾਂ। ਮੁੱਖ ਮੰਤਰੀ ਜੀ ਬਹੁਤ ਸਾਰੀਆਂ ਗੱਲਾਂ ਨਾਲ ਸਹਿਮਤ ਵੀ ਹੋਏ ਹਨ। ਕਈ ਮਸਲਿਆਂ ਨੂੰ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਨੇ ਹੱਲ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ। ਪਰ, ਸਪੀਕਰ ਸਾਹਿਬ, ਮੈਂ ਲਾਅ ਐਂਡ ਆਰਡਰ ਦੀ ਬਾਬਤ ਦਸਣਾ ਚਾਹੁੰਦਾ ਹਾਂ ਕਿ ਕੁਝ ਬੱਚੇ ਗੁੰਮ ਹੋਏ ਹਨ। ਹੋਰ ਵੀ ਕਈ ਮਾਮਲਾਤ ਹਨ। ਸਪੀਕਰ ਸਾਹਿਬ, ਮੈਂਬਰ ਨੂੰ ਕਹਿਣ ਦਾ ਰਾਈਟ ਹੈ। ਹਾਊਸ ਸੁਪਰੀਮ ਹੁੰਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਈ ਅਮੈਂਡਮੈਂਟਾਂ ਲਿਆਉਣ ਦੀ ਸਰਕਾਰ ਨੂੰ ਜ਼ਰੂਰਤ ਹੈ। ਪੁਲਿਸ ਰੂਲ 1934 ਤੋਂ ਚਲਿਆ ਆ ਰਿਹਾ ਹੈ ਅਤੇ ਗੌਰਮਿੰਟ ਵਲੋਂ ਉਸ ਵਿਚ ਕੋਈ ਅਮੈਂਡਮੈਂਟ ਨਹੀਂ ਹੋਈ। ਜੇਲ ਮੈਨੂਅਲ ਨੂੰ ਵੀ ਚੇਂਜ ਕਰਨ ਦੀ ਲੋੜ ਹੈ। ਸਪੀਕਰ ਸਾਹਿਬ, ਇਸ ਲਈ ਤੁਸੀਂ ਮਿਹਰਬਾਨੀ ਕਰਕੇ ਵਿਧਾਨ ਸਭਾ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਓ। ਉਸ ਕਮੇਟੀ ਵਿਚ ਰੂਲਿੰਗ ਪਾਰਟੀ ਦੇ ਮੈਂਬਰ ਵੀ ਲਓ ਅਤੇ ਆਪੋਜ਼ੀਸ਼ਨ ਪਾਰਟੀਆਂ ਦੇ ਮੈਂਬਰ ਵੀ ਲਓ। ਇਹ ਕਮੇਟੀ ਪੰਜਾਬ ਸਰਕਾਰ ਨੂੰ, ਸਪੀਕਰ ਸਾਹਿਬ, ਸੁਜੈਸ਼ਨਾਂ ਦੇਵੇ ਅਤੇ ਪੰਜਾਬ ਸਰਕਾਰ ਉਸ ਅਨੁਸਾਰ ਕਾਨੂੰਨ ਵਿਚ ਸੋਧ ਕਰੇ। (ਇਸ ਵੇਲੇ ਮਾਈਕ ਬੰਦ ਸੀ।)

Mr. Speaker : Please wind up. ਵਿੱਤ ਮੰਤਰੀ ਜੀ, ਤੁਸੀਂ ਬੋਲੋ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਮੈਂਬਰਾਂ ਦੀ ਕਮੇਟੀ ਜ਼ਰੂਰ ਬਣਾਉਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਬਠਦਾ ਹਾਂ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਸਾਈਨੇ ਡਾਈ ਦੀ ਮੋਸ਼ਨ ਸਦਨ ਵਿਚ ਆਈ ਹੈ। ਪਾਂਧੀ ਸਾਹਿਬ ਨੇ ਕੁਝ ਸੁਜੈਸ਼ਨਜ਼ ਦਿੱਤੀਆਂ ਹਨ ਲੇਕਿਨ ਉਨ੍ਹਾਂ ਨੇ ਇਸ ਦੀ ਮੁਖਾਲਫਿਤ ਨਹੀਂ ਕੀਤੀ ਹੈ। ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਇਸ ਲਈ ਸਹਿਯੋਗ ਦਿੱਤਾ ਹੈ। ਕੁਝ ਸੁਝਾਓ ਇਨ੍ਹਾਂ ਨੇ ਆਪਣੀਆਂ ਸਪੀਚਿਜ਼ ਦੇ ਦੌਰਾਨ ਵੀ ਦਿੱਤੇ ਹਨ, ਉਨ੍ਹਾਂ ਤੇ ਜ਼ਰੂਰ ਵਿਚਾਰ ਹੋਏਗਾ। ਕਾਮਰੇਡ ਰਾਜ ਕੁਮਾਰ ਨੇ ਸ਼ਲਾਘਾ ਕੀਤੀ ਹੈ। ਅਸੀਂ ਸਰਕਾਰ ਵਲੋਂ ਉਨ੍ਹਾਂ ਦੇ ਸਹਿਯੋਗ ਦੇਣ ਦੀ ਸ਼ਲਾਘਾ ਕਰਦੇ ਹਾਂ। ਲੇਕਿਨ ਡਾਕਟਰ ਭਗਤ ਸਿੰਘ ਨੇ ਤੌਖਲਾ ਜ਼ਾਹਿਰ ਕੀਤਾ ਹੈ। ਇੱਕ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਕਮਿਸ਼ਨ ਦੀਆਂ ਰਿਪੋਰਟਸ ਤੇ ਡਿਸ਼ਕਸ਼ਨ ਨਹੀਂ ਹੋਈ। ਸਪੀਕਰ ਸਾਹਿਬ, ਮੈਂ ਐਨਾ ਹੀ ਕਹਾਂਗਾ ਕਿ ਉਹ ਮਾਨਯੋਗ ਵਜ਼ੀਰ ਵੀ ਰਹੇ ਹਨ, ਪੁਰਾਣੇ ਮੈਂਬਰ ਵੀ ਰਹੇ ਹਨ ਔਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਸਪੈਸ਼ਲ ਇਨਵਾਇਟੀ ਵੀ ਰਹੇ ਹਨ। ਇਥੇ ਇਨ੍ਹਾਂ ਨੇ ਕਹਿ ਦਿੱਤਾ ਹੈ ਲੇਕਿਨ ਲਿਖ ਕੇ ਇਨ੍ਹਾਂ ਨੇ ਕੁਝ ਨਹੀਂ ਦਿੱਤਾ। ਹਰ ਵਿਧਾਇਕ ਨੂੰ ਅਧਿਕਾਰ

[ਵਿੱਤ ਮੰਤਰੀ]

ਹੈ, ਉਹ ਲਿਖ ਕੇ ਦੇ ਸਕਦਾ ਹੈ। ਪਰ ਜਦੋਂ ਹੁਣ ਇਹ ਮੋਸ਼ਨ ਆਈ ਹੈ ਤਾਂ ਇਨ੍ਹਾਂ ਨੇ ਇਸ ਜਜ਼ਬਾਤ ਦਾ ਇਜ਼ਹਾਰ ਕੀਤਾ ਹੈ। ਇਸ ਤੇ ਸਰਕਾਰ ਜ਼ਰੂਰ ਵਿਚਾਰ ਕਰੇਗੀ। ਦੂਸਰੇ ਇਨ੍ਹਾਂ ਨੇ ਕਿਹਾ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਅੱਜ ਵੀ ਗਈ ਔਰ ਕੱਲ੍ਹ ਵੀ ਗਈ। ਮੈਂ ਇਹ ਕਹਿਣਾ ਚਾਹੁੰਦਾ ਹੈ :—

"ਜੇ ਚਰਚਾ ਫੈਲੀ ਥੀ ਕਿ ਗਾਲਿਬ ਕੇ ਉਡੇਂਗੇ ਪੁਰਜ਼ੇ,
ਦੇਖਨੇ ਹਮ ਭੀ ਗਏ ਪਰ ਤਮਾਸ਼ਾ ਨਾ ਹੂਆ।

ਇਹ ਮੈਂ ਦਸਣਾ ਚਾਹੁੰਦਾ ਹਾਂ ਕਿ ਚੱਟਾਨ ਦੀ ਤਰ੍ਹਾਂ ਮਜ਼ਬੂਤੀ ਨਾਲ ਦਰਬਾਰਾ ਸਿੰਘ ਦੀ ਸਰਕਾਰ ਆਉਣ ਵਾਲੇ ਸਾਲਾਂ ਵਿਚ ਕੰਮ ਕਰੇਗੀ ਔਰ ਕੋਈ ਵੀ ਸਰਗਰਮੀ ਅਗਰ ਹੋਏਗੀ ਤਾਂ ਬਰਦਾਸ਼ਤ ਨਹੀਂ ਕੀਤੀ ਜਾਏਗੀ। ਇਸ ਸਰਕਾਰ ਨੂੰ ਕੋਈ ਖਤਰਾ ਨਹੀਂ। ਨਾ ਅੰਦਰੋਂ ਖਤਰਾ ਹੈ ਨਾ ਹੀ ਬਾਹਰੋਂ ਕੋਈ ਇਸ ਸਰਕਾਰ ਨੂੰ ਖਤਰਾ ਹੈ, ਔਰ ਨਾ ਹੋਏਗਾ, ਇਹ ਚੀਜ਼ ਇਸ ਸਰਕਾਰ ਨੇ ਸਾਬਿਤ ਕਰ ਦਿੱਤੀ ਹੈ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੇਰਾ ਨਾਂ ਲਿਆ ਹੈ ਇਸ ਲਈ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਡੈਮੋਕਰੇਸੀ ਨੂੰ ਫ਼ਾਲੋ ਕਰਦੇ ਹੋਏ ਮੈਂ ਹਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ, ਜਿਥੇ ਕਿ ਡਾਕਟਰ ਸਾਹਿਬ ਵੀ ਮੌਜੂਦ ਹੁੰਦੇ ਸਨ, ਕਹਿੰਦਾ ਰਿਹਾ ਹਾਂ ਕਿ ਰਿਪੋਰਟਾਂ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ਪਤਾ ਨਹੀਂ ਇਹ ਉਸ ਵੇਲੇ ਆਪਣੇ ਕੰਨਾਂ ਵਿਚ ਉਂਗਲੀਆਂ ਪਾਕੇ ਬੈਠੇ ਰਹੇ। ਸਪੀਕਰ ਸਾਹਿਬ, ਮੈਂ ਤੁਹਾਡੇ ਖਿਲਾਫ ਨੋ ਕਾਨਫੀ-ਡੈਂਸ ਮੋਸ਼ਨ ਵੀ ਲਿਖ ਕੇ ਦਿੱਤੀ ਸੀ। ਇਹ ਸਾਰੀਆਂ ਪਾਰਟੀਆਂ ਗੌਰਮਿੰਟ ਦੇ ਨਾਲ ਰਲ ਗਈਆਂ ਹਨ। ਜਿਹੜੇ ਇਥੇ ਹਾਊਸ ਵਿਚ ਗਲਤ ਪਰੈਸੀਡੈਂਟਸ ਬਣੇ ਹਨ, ਜਿਸ ਨਾਲ ਹਾਊਸ ਦੀ ਸ਼ਾਨ ਖਰਾਬ ਕਰਨ ਦਾ ਯਤਨ ਕੀਤਾ ਗਿਆ ਹੈ, ਮੈਂ ਉਨ੍ਹਾਂ ਬਾਰੇ ਹਾਈ ਕੋਰਟ ਵਿਚ ਚੈਲੰਜ ਕਰਾਂਗਾ।

ਕਾਮਰੇਡ ਰਾਜ ਕੁਮਾਰ : ਮੈਂ ਇਨ੍ਹਾਂ ਦੀ ਇਜ਼ਤ ਕਰਦਾ ਹਾਂ ਪਰ ਜਜ਼ਬਾਤ ਵਿਚ ਆਕੇ ਇਥੇ ਇਹ ਕਹਿ ਜਾਣਾ ਕਿ ਆਪੋਜ਼ੀਸ਼ਨ ਦੀਆਂ ਸਾਰੀਆਂ ਪਾਰਟੀਆਂ ਗੌਰਮਿੰਟ ਨਾਲ ਮਿਲ ਗਈਆਂ ਹਨ, ਇਨ੍ਹਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਹੈ। ਅਗਰ ਗੌਰਮਿੰਟ ਦੀ ਤਰਫੋਂ ਲੋਕਾਂ ਦੇ ਫਾਇਦੇ ਵਾਸਤੇ ਸਾਡੇ ਕੋਲੋਂ ਮਦਦ ਮੰਗੀ ਜਾਂਦੀ ਹੈ ਤਾਂ ਅਸੀਂ ਇਨ੍ਹਾਂ ਦੇ ਨਾਲ ਹਾਂ। ਮਗਰ ਜਿਥੇ ਗੌਰਮਿੰਟ ਲੋਕਾਂ ਦੇ ਭਲੇ ਦੀ ਗਲ ਨਹੀਂ ਕਰੇਗੀ ਉਥੇ ਅਸੀਂ ਸਖਤੀ ਨਾਲ ਗੌਰਮਿੰਟ ਨੂੰ ਅਪੋਜ਼ ਕਰਾਂਗੇ।

Chief Minister (Sardara Darbara Singh): I would like to say something. (*Interruption*) Unnecessarily, such atmosphere is created.

ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਓਵਰ-ਆਲ ਸਾਰੇ ਸੱਜਣਾਂ ਨੇ ਭਾਵੇਂ ਇਧਰ ਦੇ ਪਾਸੇ ਦੇ ਹੋਣ ਜਾਂ ਉਧਰ ਦੇ ਪਾਸੇ ਦੇ ਹੋਣ ਨਿਹਾਇਤ ਸੋਹਣੇ ਢੰਗ ਨਾਲ ਆਪਣੀਆਂ ਗਲਾਂ ਕੀਤੀਆਂ ਹਨ। ਹੋ ਸਕਦਾ ਹੈ ਕਿ ਤਲਖੀ ਵੀ ਆਈ ਹੋਵੇ। ਸੈਸ਼ਨ ਲੰਬਾ ਹੋਇਆ ਹੈ। ਉਣਤਾਈਆਂ ਤੁਸੀਂ ਆਪ ਦੇਖ ਲੈਣਾ ਕਿ ਕਿਥੇ ਕਿਥੇ ਕੀ ਕੀ ਹੋਇਆ ਜਿਸ ਨਾਲ ਹੋਰ ਵੀ ਜ਼ਿਆਦਾ ਸਾਰੇ ਸੱਜਣਾਂ ਨੂੰ ਜ਼ਿਆਦਾ ਵਕਤ ਮਿਲ ਸਕੇ। ਜਾਂ ਤਾਂ ਸਵਾਲਾਂ ਤੇ ਪਾਬੰਦੀ ਲਗਾਈ ਜਾਏ ਕਿ ਇਸ ਤੋਂ ਵੱਧ ਸਪਲੀਮੈਂਟਰੀਜ਼ ਨਾ ਹੋਇਆ ਕਰਨ ਤਾਂਕਿ ਜਿਹੜੇ ਸੱਜਣਾ ਦੇ ਸਵਾਲ ਰਹਿ ਗਏ ਹਨ, ਉਹ ਵੀ ਅੱਗੇ ਤੋਂ ਸ਼ਾਮਿਲ ਹੋ ਸਕਣ। ਲੇਕਿਨ ਸਵਾਲ ਇਹ ਹੈ ਕਿ ਇਥੇ ਜੋ ਮਤਾ ਆਇਆ ਹੈ ਇਸ ਮਤੇ ਦੀ ਮਹਾਨਤਾ ਇਸ ਗਲ ਦੇ ਨਾਲ ਹੈ ਕਿ ਤੁਹਾਡੀ ਔਰ ਮੇਰੀ ਵਿਅਕਤੀਗਤ ਇਜ਼ਤ ਹੀ ਨਹੀਂ ਵਧੇ ਬਲਕਿ ਸਾਰੇ ਹਾਊਸ

ਦਾ ਪ੍ਰੈਸਟਿਜ ਵੀ ਬਾਹਰ ਕਾਇਮ ਰਹੇ । (ਥੰਪਿੰਗ) ਇਹ ਸਾਰਿਆਂ ਨਾਲ ਸਬੰਧਤ ਹੈ ਔਰ ਕਿਸੇ ਇੱਕ ਨਾਲ ਸਬੰਧਤ ਨਹੀਂ ਹੈ । ਇਸ ਅਸੈਂਬਲੀ ਵਿਚ ਸਾਰੀਆਂ ਪਾਰਟੀਆਂ ਨੂੰ ਅਸੀਂ ਇਹ ਨਹੀਂ ਕਹਿੰਦੇ ਕਿ ਕੋਈ ਡਿਫਾਲਟਰ ਹੈ । ਲੇਕਿਨ ਸਮੂਹਕ ਤੌਰ ਤੇ ਇਸ ਅਸੈਂਬਲੀ ਵਿਚ ਜਿਸ ਤਰ੍ਹਾਂ ਦੀ ਹਾਲਤ ਰਹੀ ਹੈ ਉਸ ਬਾਰੇ ਜਿਤਨੀ ਸ਼ਲਾਘਾ ਕੀਤਾ ਜਾਏ ਉਤਨੀ ਥੋੜੀ ਹੈ (ਥੰਪਿੰਗ) ਇਸ ਕਰਕੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਸੀ ਕੋਈ ਗਲ ਮੈਂ ਨਹੀਂ ਕਹਿਣਾ ਚਾਹੁੰਦਾ ਜਿਸ ਨਾਲ ਤਲਖੀ ਪੈਦਾ ਹੋਵੇ ਔਰ ਨਾ ਹੀ ਮੇਰੀ ਆਦਤ ਹੈ । ਗਲ ਇਹ ਹੈ ਕਿ ਮੈਂ ਕਿਸੇ ਦਾ ਨਾਂ ਲਏ ਬਗੈਰ ਇਹ ਗਲ ਕਹੀ ਸੀ । ਆਪੋਜ਼ੀਸ਼ਨ ਦੇ ਮੈਂਬਰ ਮੇਰੇ ਨਾਲ ਨਹੀਂ ਮਿਲੇ ਹੋਏ ਔਰ ਸਾਰੇ ਸੱਜਣ ਆਪਣੀਆਂ ਆਪਣੀਆਂ ਪਾਰਟੀਆਂ ਦੇ ਪਾਬੰਦ ਹਨ । ਆਪਣੀ ਆਪਣੀ ਗੱਲ ਪੂਰੇ ਜ਼ੋਰ ਨਾਲ ਕਹਿੰਦੇ ਰਹੇ ਹਨ ਔਰ ਸਖਤੀ ਨਾਲ ਵੀ ਕਹਿੰਦੇ ਰਹੇ ਹਨ । ਇੱਕ ਸੱਜਣ ਬੈਠਦਾ ਨਹੀਂ ਲੇਕਿਨ ਫਿਰ ਵੀ ਅਸੀਂ ਕਹਿੰਦੇ ਹਾਂ ਕਿ ਕੋਈ ਗਲ ਅਜਿਹੀ ਨਹੀਂ ਕਰਨੀ ਜਿਸ ਨਾਲ ਤਲਖੀ ਪੈਦਾ ਹੋਵੇ । ਮੈਂ ਸਮਝਦਾ ਹਾਂ ਕਿ ਸਾਡੇ ਨਾਲ ਕੋਈ ਨਹੀਂ ਮਿਲਿਆ ਹੋਇਆ । ਅਸੀਂ ਕਿਸੇ ਨਾਲ ਨਹੀਂ ਮਿਲੇ ਹੋਏ । ਸਾਡੀ ਪਾਰਟੀ ਆਪ ਬੜੀ ਸਿਆਣੀ, ਸਮਝਦਾਰ ਔਰ ਇੰਟੈਗਰੇਟਿਡ ਹੈ । ਜਿਹੜੇ ਸਜਣ ਸਾਡੇ ਨਾਲ ਹਨ, ਜਿਨ੍ਹਾਂ ਦੀ ਕੋਆਪ੍ਰੇਸ਼ਨ ਸਾਡੇ ਨਾਲ ਹੈ ਔਰ ਜਿਹੜੀ ਕੋਆਪ੍ਰੇਸ਼ਨ ਉਨ੍ਹਾਂ ਨੇ ਸਾਨੂੰ ਦਿੱਤੀ ਹੈ, ਉਸ ਨੂੰ ਅਸੀਂ ਹਮੇਸ਼ਾ ਵੈਲਕੰਮ ਕਰਦੇ ਹਾਂ । ਭਾਵੇਂ ਕੋਈ ਕਿਸੇ ਪਾਸੇ ਵਾਲਾ ਹੋਵੇ, ਉਸ ਦੀ ਕਿਸੇ ਪਾਰਟੀ ਨੂੰ ਕੋਆਪ੍ਰੇਸ਼ਨ ਔਰ ਪਾਰਟੀ ਨਾਲ ਮਿਲ ਜਾਣਾ ਇਹ ਦੋ ਅਲਹਿਦਾ 2 ਗੱਲਾਂ ਹਨ । ਜਿਸ ਨੇ ਵੀ ਸਾਨੂੰ ਕੋਆਪ੍ਰੇਸ਼ਨ ਦਿੱਤੀ ਹੈ, ਅਸੀਂ ਉਸ ਦਾ ਸਵਾਗਤ ਕੀਤਾ ਹੈ । ਜਿਨ੍ਹਾਂ ਪਾਰਟੀਆਂ ਨੇ ਇਹ ਐਕਸਟੈਂਡ ਕੀਤੀ ਹੈ we must be grateful to those people and reciprocate it. ਇਹ ਦੂਸ਼ਣ ਅੱਜ ਦੇ ਸਮੇਂ ਵਿਚ ਨਹੀਂ ਲਗਾਉਣੇ ਚਾਹੀਦੇ ਸਨ । ਕੌਣ ਕਿਸੇ ਨੂੰ ਨਹੀਂ ਮਿਲਦਾ । ਮੈਂ ਕਿਉਂ ਅੱਜ ਇਸ ਬਾਰੇ ਚਰਚਾ ਕਰਾਂ । ਮੇਰੇ ਸਾਹਮਣੇ ਬੈਠਣ ਵਾਲੇ ਮੇਰੇ ਸਾਥੀ ਹਨ, ਮੈਂ ਇਨ੍ਹਾਂ ਨੂੰ ਮਿਲਦਾ ਹਾਂ ਔਰ ਉਹ ਵੀ ਸਾਨੂੰ ਮਿਲਦੇ ਹਨ । ਮਿਲਣ ਨਾਲ ਕੋਈ ਪਾਰਟੀ ਛੱਡ ਕੇ ਨਹੀਂ ਭੱਜਦਾ । ਮੇਰਾ ਮਤਲਬ ਹੈ ਕਿ ਕਈ ਸਾਂਝੇ ਮਸਲੇ ਅਸੀਂ ਮਿਲ ਕੇ ਹਲ ਕਰ ਸਕਦੇ ਹਾਂ । ਅੱਜ ਵੀ ਮੈਂ ਕਹਿੰਦਾ ਹਾਂ ਕਿ ਅਸੈਂਬਲੀ ਵਿਚ ਕਿਸੇ ਨਾਮਾਕੂਲ ਮਸਲੇ ਨੂੰ ਬਹਿਸ ਦਾ ਸਬਜੈਕਟ ਨਹੀਂ ਬਣਾਉਣਾ ਚਾਹੀਦਾ । ਅਸੈਂਬਲੀ ਤੋਂ ਬਾਅਦ ਵੀ ਅਗਰ ਕੋਈ ਮਸਲਾ ਇਨ੍ਹਾਂ ਦੇ ਸਾਹਮਣੇ ਆਉਂਦਾ ਹੈ ਤਾਂ ਇਹ ਸਾਨੂੰ ਲਿਖ ਕੇ ਭੇਜ ਦੇਣ ਅਸੀਂ ਉਸ ਦਾ ਪ੍ਰਬੰਧ ਕਰਨ ਲਈ ਤਿਆਰ ਹਾਂ । ਤਿੰਨ ਚਾਰ ਮਸਲੇ ਗੰਭੀਰ ਹੋਏ ਹਨ, ਔਰ ਮੈਂ ਉਨ੍ਹਾਂ ਬਾਰੇ ਜ਼ਿਕਰ ਕਰਦਾ ਹਾਂ । ਇੱਕ ਮਸਲਾ ਹੈ ਅਸੈਨਸ਼ਿਅਲ ਕਮੋਡਿਟੀਜ਼ ਨੂੰ ਸਟ੍ਰੀਮਲਾਈਨ ਕਰਨ ਦਾ । ਦੂਜੇ ਇਥੇ ਕਿਹਾ ਗਿਆ ਹੈ ਕਿ ਹਰੀਜਨ ਔਰ ਸ਼ਡਿਊਲਡ ਕਾਸਟਸ ਦੀ ਜੋ ਕਮੀ ਰਹਿ ਗਈ ਹੈ, ਉਸ ਨੂੰ ਪੂਰਾ ਕਰਨ ਦੀ ਜਾਂ ਜੋ ਬੈਕ-ਲਾਗ ਬਹੁਤ ਲੰਬਾ ਚੌੜਾ ਪੁਰਾਣਾ ਹੈ, ਉਸ ਨੂੰ ਹੱਲ ਕਰਨ ਦੀ ਲੋੜ ਹੈ । ਇਥੇ ਕਿਹਾ ਗਿਆ ਹੈ ਕਿ ਕੁਝ ਚੀਜ਼ਾਂ ਦੀ ਇਨਕੁਆਇਰੀ ਕਰਨੀ ਚਾਹੀਦੀ ਹੈ । ਬਿਲਕੁਲ ਐਸੀ ਕੋਸ਼ਿਸ਼ ਹੋਏਗੀ ਔਰ ਇਸ ਤਰ੍ਹਾਂ ਦੇ ਬਕਾਇਆ ਮਸਲਿਆਂ ਦਾ ਹੱਲ ਕਢਿਆ ਜਾਏਗਾ ਔਰ ਜੇਕਰ ਮਿਲ ਕੇ ਹੱਲ ਕਢਿਆ ਜਾ ਸਕਿਆ ਤਾਂ ਉਸ ਵਰਗੀ ਰੀਸ ਨਹੀਂ ਹੈ, ਨਹੀਂ ਤਾਂ ਉਸ ਨੂੰ ਹੱਲ ਕਰਨਾ ਸਰਕਾਰ ਦਾ ਆਪਣਾ ਫਰਜ਼ ਹੈ । ਜੋ ਵੀ ਤਲਖ ਬਾਤ ਇਸ ਮਤੇ ਨਾਲ ਤੁਅੱਲਕ ਰੱਖਣ ਵਾਲੀ ਹੋਵੇ ਉਹ ਤੁਸੀਂ ਹਜ਼ਫ ਕਰ ਦੇਣੀ ਉਸ ਨਾਲ ਮਤੇ ਦੀ ਮਹਾਨਤਾ ਹੋਰ ਵਧੇਗੀ । ਸਪੀਕਰ ਸਾਹਿਬ ਮੈਂ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ।

Mr. Speaker : Question is—

That the Vidhan Sabha (Assembly) at its rising this day shall stand adjourned sine die,

The motion was carried unanimously.

PAPER LAID ON THE TABLE

Finance Minister (Doctor Kewal Krishan) : Sir, I beg to lay on the Table the Third Annual Report of the Punjab State Civil Supplies Corporation Limited for the year 1976-77, as required under section 619-A (3) of the Companies Act, 1956.

LEGISLATIVE BUSINESS

The Punjab Legislative Assembly (Allowances of Members) Amendment Bill, 1981

Finance Minister (Doctor Kewal Krishan : Sir, I beg to introduce the Punjab Legislative Assembly (Allowances of Members) Amendment Bill.

I also beg to move—

That the Punjab Legislative Assembly (Allowances of Members) Amendment Bill be taken into consideration at once.

Mr. Speaker : Motion moved—

That the Punjab Legislative Assembly (Allowances of Members) Amendment Bill be taken into consideration at once.

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬ) : ਸਪੀਕਰ ਸਾਹਿਬ, ਸਰਕਾਰ ਨੇ ਇਹ ਜਿਹੜਾ ਬਿਲ ਲਿਆਂਦਾ ਹੈ, ਮੈਂ ਇਸ ਦੀ ਸਪੋਰਟ ਕਰਦਾ ਹਾਂ । ਮੌਜੂਦਾ ਹਾਲਾਤ ਜੋ ਚੱਲ ਰਹੇ ਹਨ, ਤੁਹਾਨੂੰ ਪਤਾ ਹੈ ਕਿ ਖਰਚੇ ਕਿੰਨੇ ਵੱਧ ਗਏ ਹਨ, ਖਾਣੇ ਦਾ ਖਰਚਾ ਵੱਧ ਗਿਆ ਹੈ ਅਤੇ ਰਿਕਸ਼ੇ ਆਦਿ ਦੇ ਚਾਰਜਿਜ਼ ਜ਼ਿਆਦਾ ਹੋ ਗਏ ਹਨ, ਦੋ ਦੋ ਦਿਨ ਇਥੇ ਲੋਕਾਂ ਦੇ ਕੰਮ ਕਾਰ ਵਾਸਤੇ ਇਥੇ ਰਹਿਣਾ ਪੈਂਦਾ ਹੈ । ਅਸੀਂ ਇਮਾਨਦਾਰੀ ਨਾਲ ਕੰਮ ਕਰਨਾ ਹੁੰਦਾ ਹੈ । ਆਪਣੀ ਕੰਸਟੀਚਿਊਐਂਸੀ ਵਿਚੋਂ ਵੀ ਅਤੇ ਹੋਰ ਪਾਸਿਆਂ ਤੋਂ ਵੀ ਲੋਕ ਸਾਡੇ ਪਾਸ ਕੰਮਾਂ ਵਾਸਤੇ ਆਉਂਦੇ ਹਨ । ਸੋ ਕਈ ਕਿਸਮ ਦੇ ਖਰਚੇ ਕਰਨੇ ਹੁੰਦੇ ਹਨ । ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਇਹ ਜਿਹੜਾ ਬਿੱਲ ਲਿਆਂਦਾ ਹੈ, ਇਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ।

11.34 ਪੂਰਵ ਦੁਪਹਿਰ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਮਗਰ, ਡਿਪਟੀ ਸਪੀਕਰ ਸਾਹਿਬ, ਇਕ ਦੋ ਗੱਲਾਂ ਹੋਰ ਵੀ ਸਪੀਕਰ ਸਾਹਿਬ ਨਾਲ ਹੋਈਆਂ ਸਨ ਜਿਹੜੀਆਂ ਕਿ ਅਜੇ ਤੱਕ ਸਾਹਮਣੇ ਨਜ਼ਰ ਨਹੀਂ ਆਈਆਂ । ਇਥੇ ਪਿਛੇ ਪਾਸ ਕੀਤਾ ਗਿਆ ਸੀ ਕਿ ਐਮ. ਐਲ. ਏ. ਕਾਰ ਲੋਨ ਲਈ ਲੋਨ ਲੈ ਸਕਣਗੇ । ਇਸੇ ਤਰ੍ਹਾਂ

ਹੀ ਜੋ ਕਿਸੇ ਐਮ. ਐਲ. ਏ. ਨੇ ਬਿਲਡਿੰਗ ਜਾਂ ਮਕਾਨ ਬਣਾਉਣਾ ਹੋਵੇ ਤਾਂ ਉਸਨੂੰ ਉਸ ਦੇ ਵਾਸਤੇ ਲੋਨ ਮਿਲ ਸਕੇਗਾ । ਡਿਪਟੀ ਸਪੀਕਰ ਸਾਹਿਬ, ਹਰਿਆਣੇ ਵਾਲਿਆਂ ਨੇ ਇਸ ਦੇ ਉਤੇ ਰਜਿਸਟਰੀ ਵੇਲੇ ਜਿਹੜੀ ਜੁਡੀਸ਼ੀਅਲ ਸਟੈਂਪ ਅਤੇ ਕਾਗਜ਼ ਆਦਿ ਦਾ ਖਰਚਾ ਆਉਂਦਾ ਹੈ ਉਹ ਵੀ ਲੈਜਿਸਲੇਟਰਜ਼ ਨੂੰ ਮੁਆਫ ਕਰ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਕਾਰ 60-70 ਹਜ਼ਾਰ ਰੁਪਏ ਦੀ ਆਉਂਦੀ ਹੈ । ਫਿਰ ਇਸ ਉਤੇ 7 ਹਜ਼ਾਰ ਦਾ ਖਰਚਾ ਜੁਡੀਸ਼ੀਅਲ ਸਟੈਂਪਸ ਅਤੇ ਕਾਗਜ਼ ਆਦਿ ਦਾ ਪੈਂਦਾ ਹੈ । ਇਸੇ ਤਰ੍ਹਾਂ ਹੀ ਜੇ ਬਿਲਡਿੰਗ ਲਈ ਲੋਨ ਲੈਣਾ ਹੋਵੇ ਤਾਂ ਉਸ ਨੂੰ ਮਾਰਟਗੇਜ ਕਰਨ ਵਾਸਤੇ ਅਤੇ ਸਟੈਂਪਸ ਆਦਿ ਦਾ ਖਰਚਾ 10-12 ਹਜ਼ਾਰ ਰੁਪਿਆ ਆਉਂਦਾ ਹੈ । ਡਿਪਟੀ ਸਪੀਕਰ ਸਾਹਿਬ, ਹਰਿਆਣਾ ਵਾਲਿਆਂ ਨੇ ਆਪਣੇ ਲੈਜਿਸਲੇਟਰਜ਼ ਨੂੰ ਇਹ ਖਰਚਾ ਮੁਆਫ ਕਰ ਦਿੱਤਾ ਹੈ । ਸਰਕਾਰ ਨੇ ਇਸ ਬਿੱਲ ਰਾਹੀਂ ਜੋ ਹੋਰ ਫੈਸਿਲਿਟੀ ਦਿੱਤੀ ਹੈ ਉਸ ਦੇ ਨਾਲ ਹੀ ਇਹ ਹਰਿਆਣਾ ਨੇ ਜਿਹੜਾ ਇਸ ਕਿਸਮ ਦਾ ਖਰਚਾ ਮੁਆਫ ਕੀਤਾ ਹੈ, ਇਸ ਬਾਰੇ ਇਸ ਬਿੱਲ ਵਿਚ ਵੀ ਲਫਜ਼ ਪਾਏ ਜਾਣੇ ਚਾਹੀਦੇ ਸਨ । ਜਿਹੜਾ ਐਮ. ਐਲ. ਏ. ਕਾਰ ਲੈਂਦਾ ਹੈ ਜਾਂ ਮਕਾਨ ਬਣਾਉਂਦਾ ਹੈ, ਤਾਂ ਉਸ ਨੂੰ ਇਹ ਖ਼ਰਚਾ ਫਾਲਤੂ ਪੈਂਦਾ ਹੈ। ਇਹ ਸਾਰਾ ਐਮ. ਐਲ. ਏ. ਉਤੇ ਬੋਝ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਬਿੱਲ ਵਿਚ ਇਹ ਚੀਜ਼ ਹੁਣ ਐਡ ਹੋ ਸਕਦੀ ਹੈ ਜਾਂ ਫਿਰ ਆਰਡੀਨੈਂਸ ਦੇ ਰਾਹੀਂ ਇਸ ਵਿਚ ਅਮੈਂਡਮੈਂਟ ਲਿਆਉਣੀ ਚਾਹੀਦੀ ਹੈ । ਸਾਨੂੰ ਕੰਸਟੀਚਿਊਐਂਸੀ ਅਲਾਊਂਸ 5 ਸੌ ਰੁਪਿਆ ਮਿਲਦਾ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਹਰ ਇਕ ਚੀਜ਼ ਮਹਿੰਗੀ ਹੋ ਗਈ ਹੈ । ਮੈਂ ਕਹਿੰਦਾ ਹਾਂ ਕਿ ਹਰ ਐਮ. ਐਲ. ਏ. ਕੋਸ਼ਿਸ਼ ਕਰਦਾ ਹੈ ਕਿ ਕਿਸੇ ਤੋਂ ਪੈਸੇ ਨਾ ਲਏ ਜਾਣ ਅਤੇ ਲੋਕਾਂ ਦੀ ਸੇਵਾ ਇਮਾਨਦਾਰੀ ਨਾਲ ਕੀਤੀ ਜਾਵੇ । ਮਗਰ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਮਹਿੰਗਾਈ ਕਾਰਨ ਖਰਚੇ ਵੱਧ ਗਏ ਹਨ ਅਤੇ ਉਸ ਦੇ ਮੁਤਾਬਿਕ ਮੁਲਾਜ਼ਮਾਂ ਦੀਆਂ ਤਨਖਾਹਾਂ ਵਧੀਆਂ ਹਨ ਅਤੇ ਵਧਾਈਆਂ ਜਾ ਰਹੀਆਂ ਹਨ । ਇਸ ਵਾਸਤੇ ਮੈਂ ਚਾਹੁੰਦਾ ਸੀ ਕਿ ਸਾਨੂੰ ਜੋ ਕੁਝ ਮਿਲਦਾ ਹੈ ਉਸ ਨੂੰ ਵੀ ਕੁਝ ਰਿਵਾਈਜ਼ ਕੀਤਾ ਜਾਵੇ । ਜੇ ਇਸ ਬਿੱਲ ਵਿਚ ਇਹ ਲਫਜ਼ ਨਹੀਂ ਪਾਏ ਜਾ ਸਕਦੇ ਤਾਂ ਇਸ ਬਾਰੇ ਸਰਕਾਰ ਫਿਰ ਸੋਚ ਕੇ ਆਰਡੀਨੈਂਸ ਰਾਹੀਂ ਇਹ ਕਰ ਸਕਦੀ ਹੈ । ਮੇਰਾ ਖਿਆਲ ਹੈ ਕਿ ਸਰਕਾਰ ਇਸ ਪਾਸੇ ਵੀ ਧਿਆਨ ਕਰੇਗੀ । ਇਸ ਦੇ ਨਾਲ ਹੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਿਪਟੀ ਸਪੀਕਰ ਸਾਹਿਬ ਨੇ ਜਨਰਲ ਪਰਪਜ਼ਿਜ਼ ਕਮੇਟੀ ਵਿਚ ਦੱਸਿਆ ਸੀ ਕਿ ਕਾਰ ਦੀ ਮਾਈਲੇਜ 75 ਪੈਸੇ ਪ੍ਰਤੀ ਕਿਲੋਮੀਟਰ ਦੀ ਬਜਾਏ ਸਵਾ ਰੁਪਿਆ ਕਰ ਦਿਤੀ ਹੈ । ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਤਾਂ ਕਾਰ ਨਹੀਂ ਹੈ । ਪਰ ਇਸ ਤਰ੍ਹਾਂ ਡਿਸਪੈਰਿਟੀ ਹੋ ਗਈ ਹੈ । ਮੈਂ ਸਾਥੀਆਂ ਦੀ ਇਮਾਨਦਾਰੀ ਤੇ ਸ਼ੱਕ ਨਹੀਂ ਕਰਦਾ । ਮਗਰ ਕਈ ਐਮ. ਐਲ. ਏ. ਕਿਸੇ ਦੀ ਕਾਰ ਮੰਗਕੇ ਲੈ ਜਾਂਦੇ ਹਨ । ਪਰ ਪੈਸੰਜਰ ਟਰੇਨ ਏਅਰ ਕੰਡੀਸ਼ਨ ਵਿਚ ਜਿਹੜੇ ਸਫਰ ਕਰਦੇ ਹਨ ਉਨ੍ਹਾਂ ਨੂੰ ਮਿਨੀਮਮ ਖਰਚਾ ਮਿਲਦਾ ਹੈ । ਮੈਂ ਕਹਿੰਦਾ ਹਾਂ ਕਿ ਇਹ ਕਾਰ ਮਾਈਲੇਜ ਸਾਰਿਆਂ ਨੂੰ ਮਿਲਣੀ ਚਾਹੀਦੀ ਹੈ । ਜਿਹੜੇ ਐਮ. ਐਲ. ਏ. ਕਿਸੇ ਦੀ ਕਾਰ ਲੈ ਜਾਂਦੇ ਹਨ ਜਾਂ ਜਿਹੜੇ ਕਿਸੇ ਹੋਰ ਤਰੀਕੇ ਨਾਲ ਚਲੇ ਜਾਂਦੇ ਹਨ ਉਨ੍ਹਾਂ ਸਾਰਿਆਂ ਨੂੰ ਉਹੀ ਮਾਈਲੇਜ ਮਿਲਣੀ ਚਾਹੀਦੀ ਹੈ ਇਹ ਨਹੀਂ ਕਿ ਕਾਰਾਂ ਵਾਲਿਆਂ ਨੂੰ ਤਾਂ ਮਾਈਲੇਜ ਦੇ ਦਿਓ ਪਰ ਦੂਸਰਿਆਂ ਨੂੰ ਨਾ ਦਿਓ । ਇਸ ਤਰ੍ਹਾਂ ਠੀਕ ਨਹੀਂ ਹੈ ।

ਫਿਰ ਟੈਲੀਫੋਨ ਦਾ ਖਰਚਾ ਹੈ । ਇਹ ਖਰਚਾ ਇਸ ਵੇਲੇ 36 ਸੌ ਰੁਪਿਆ ਮਿਲਦਾ

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਹੈ। ਟੈਲੀਫੋਨ ਕਾਲ ਦਾ ਖਰਚਾ ਵੱਧ ਗਿਆ ਹੈ, ਟਰੰਕ ਕਾਲਾਂ ਦਾ ਰੇਟ ਵੱਧ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਕ ਤਾਰ 15 ਅੱਖਰਾਂ ਦੀ ਭੇਜੀ ਜਿਸ ਤੇ ਖਰਚ ਸਾਢੇ 17 ਰੁਪਏ ਆਇਆ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ 36 ਸੌ ਰੁਪਏ ਦੀ ਰਕਮ ਨੂੰ ਵਧਾਉਣਾ ਚਾਹੀਦਾ ਹੈ ਤਾਂਕਿ ਅਸੀਂ ਇਸ ਦਾ ਖਰਚਾ ਮੀਟ ਵਿਦ ਕਰ ਸਕੀਏ।

ਅਖੀਰ ਵਿਚ ਮੈਂ ਇਕ ਛੋਟੀ ਜਿਹੀ ਹੋਰ ਅਰਜ਼ ਕਰਨੀ ਚਾਹੁੰਦਾ ਹਾਂ। ਦਿੱਲੀ ਦੇ ਵਿਚ ਸਾਡਾ ਪੰਜਾਬ ਭਵਨ ਹੈ, ਕਪੂਰਥਲਾ ਹਾਊਸ ਹੈ ਅਤੇ ਪੰਜਾਬ ਹਾਊਸ ਹੈ। ਇਹ ਵਜ਼ੀਰਾਂ, ਐਮ. ਐਲ. ਏਜ਼. ਅਤੇ ਅਫਸਰਾਂ ਵਾਸਤੇ ਬਣੇ ਹੋਏ ਹਨ। ਵਜ਼ੀਰ ਜਾਂ ਅਫ਼ਸਰਾਂ ਦੀ ਬੀਵੀ ਅਤੇ ਬਚੇ ਉਥੇ ਘੱਟ ਖਰਚ ਤੇ ਰਹਿ ਸਕਦੇ ਹਨ ਪਰ ਐਮ. ਐਲ. ਏ. ਨੂੰ ਇਹ ਆਗਿਆ ਨਹੀਂ ਦਿਤੀ ਜਾਂਦੀ। ਪਤਾ ਨਹੀਂ ਇਸ ਮਾਮਲੇ ਵਿਚ ਸਾਡੇ ਨਾਲ ਕਿਉਂ ਵਿਤਕਰਾ ਕੀਤਾ ਜਾਂਦਾ ਹੈ। ਜੇ ਐਮ. ਐਲ. ਏ. ਦੀ ਬੀਵੀ ਨੇ ਜਾਂ ਬੱਚਿਆਂ ਨੇ ਜਾਣਾ ਹੋਵੇ ਤਾਂ ਉਨ੍ਹਾਂ ਨੂੰ 10 ਰੁਪਏ ਦੀ ਬਜਾਏ ਉਥੇ 55 ਰੁਪਏ ਦੇਣੇ ਪੈਂਦੇ ਹਨ। ਜੇ ਇਥੇ ਰਹਿਣਾ ਹੋਵੇ ਤਾਂ ਸਾਢੇ ਤਿੰਨ ਰੁਪਏ ਲੱਗਦੇ ਹਨ ਪਰ ਜੇ ਦਿੱਲੀ ਜਾਣਾ ਹੋਵੇ ਤਾਂ ਉਥੇ ਰਹਿਣ ਦੇ 55 ਰੁਪਏ ਬੀਵੀ ਬੱਚਿਆਂ ਨੂੰ ਦੇਣੇ ਪੈਂਦੇ ਹਨ। ਇਸ ਪਾਸੇ ਵੀ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ। [ਇਸ ਬਾਰੇ ਰੂਲਜ਼ ਵਿਚ ਜੋ ਖਰਾਬੀ ਹੈ ਉਹ ਠੀਕ ਕਰਨੀ ਚਾਹੀਦੀ ਹੈ। ਜੇ ਅਫ਼ਸਰਾਂ ਦੇ ਬੱਚਿਆਂ ਨੂੰ ਉਥੇ ਰਹਿਣ ਦੀ ਕੋਈ ਮਨਾਹੀ ਨਹੀਂ ਤਾਂ ਫ਼ਿਰ ਐਮ. ਐਲ. ਏ. ਦੇ ਬੱਚਿਆਂ ਵਾਸਤੇ ਵੀ ਇਹ ਜਿਹੜੀ ਰੁਕਾਵਟ ਹੈ, ਇਹ ਦੂਰ ਕਰਨੀ ਚਾਹੀਦੀ ਹੈ। ਅਖੀਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿੱਲ ਦੀ ਸਪੋਰਟ ਕਰਦਾ ਹਾਂ।

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਇਸ ਕਿਸਮ ਦਾ ਇਥੇ ਬਿੱਲ ਆਇਆ ਹੈ ਜਿਸ ਦੇ ਸਬੰਧ ਵਿਚ ਸਾਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲਿਆ ਹੈ। ਅਸੀਂ ਚਾਹੁੰਦੇ ਸੀ ਕਿ ਐਸਾ ਮੌਕਾ ਨਾ ਮਿਲਦਾ ਸਾਨੂੰ ਲੋਕਾਂ ਨੇ ਵੋਟਾਂ ਪਾਈਆਂ ਹਨ। ਇਸ ਲਈ ਸਾਡੇ ਹਿੱਤ ਅਤੇ ਲੋਕਾਂ ਦੇ ਹਿੱਤ ਸਾਂਝੇ ਹਨ। ਕੁਝ ਐਮ. ਐਲ. ਏ. ਉਹ ਲੋਕ ਬਣ ਜਾਂਦੇ ਹਨ ਜਿਹੜੇ ਕਿ ਬਹੁਤ ਅਮੀਰ ਹੁੰਦੇ ਹਨ ਉਨ੍ਹਾਂ ਦੀ ਬਹੁਤ ਸਾਰੀ ਜਾਇਦਾਦ ਹੁੰਦੀ ਹੈ। ਪਰ ਕੁਝ ਐਸੇ ਵੀ ਹੁੰਦੇ ਹਨ ਜਿਹੜੇ ਕਿ ਬਹੁਤ ਗਰੀਬ ਹੁੰਦੇ ਹਨ ਅਤੇ ਉਨ੍ਹਾਂ ਦੀ ਕੋਈ ਜਾਇਦਾਦ ਨਹੀਂ ਹੁੰਦੀ। ਉਹ ਆਪਣੇ ਸਾਧਨਾਂ ਦੇ ਨਾਲ, ਘਰ ਦੇ ਹੋਰ ਸਾਧਨਾਂ ਦੇ ਨਾਲ ਬੜੀ ਮੁਸ਼ਕਲ ਨਾਲ ਲੋਕਾਂ ਦੀ ਸੇਵਾ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਚਾਹ ਪਾਣੀ ਦੇ ਸਕਦੇ ਹਨ। ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ, ਇਹ ਬੜੀ ਖੁਸ਼ੀ ਦੀ ਗੱਲ ਹੈ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਬਜਾਏ ਇਕ ਚੰਗਾ ਕੰਪਰੀਹੈਂਸਿਵ ਬਿੱਲ ਆਉਣਾ ਚਾਹੀਦਾ ਹੈ। ਜਿਸ ਤਰ੍ਹਾਂ ਗੁਪਤਾ ਜੀ ਨੇ ਕਿਹਾ ਹੈ ਖਜ਼ਾਨੇ ਦੀ ਪ੍ਰਾਬਲਮ ਹੈ। ਸਾਡੇ ਐਫ. ਐਮ. ਵੀ ਜਾਣਦੇ ਹਨ, ਇਹ ਐਮ. ਐਲ. ਏ. ਵੀ ਰਹੇ ਹਨ, ਇਨ੍ਹਾਂ ਨੂੰ ਸਾਡੀਆਂ ਮੁਸ਼ਕਲਾਂ ਦਾ ਪਤਾ ਹੈ। ਇਕੋ ਵਾਰੀ ਕੋਈ ਐਸਾ ਬਿੱਲ ਆਉਣਾ ਚਾਹੀਦਾ ਸੀ। ਰੋਜ਼, ਰੋਜ਼, ਅਸੀ ਕੋਈ ਇਨਕਰੀਮੈਂਟ ਨਹੀਂ ਮੰਗਦੇ, ਰੋਜ਼ ਰੋਜ਼ ਅਸੀਂ ਕੋਈ ਇਨਕਰੀਜ਼ ਨਹੀਂ ਮੰਗਦੇ। ਨਾ

ਸਾਡੀ ਕੋਈ ਜਦੋ ਜਹਿਦ ਹੈ ਨਾ ਸਾਡੀ ਕੋਈ ਯੂਨੀਅਨ ਹੈ ਅੌਰ ਨਾ ਸਾਡੀ ਕੋਈ ਐਜੀਟੇਸ਼ਨ ਹੈ । ਤੁਸੀਂ ਸਾਡੀਆਂ ਫੀਲਿੰਗਜ਼ ਨੂੰ ਜਾਣਦੇ ਸੀ, ਇਸ ਲਈ ਤੁਹਾਨੂੰ ਕੋਈ ਚੰਗਾ ਬਿੱਲ ਲਿਆਉਣਾ ਚਾਹੀਦਾ ਸੀ ਜਿਸ ਦੇ ਨਾਲ ਸਾਨੂੰ ਸਹੂਲਤਾਂ ਮਿਲ ਸਕਦੀਆਂ । ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਤੁਸੀਂ ਹਾਲਟਿੰਗ ਅਲਾਊਂਸ ਦਿੱਤਾ ਹੈ ਲੇਕਿਨ ਮੈਂ ਖਜ਼ਾਨਾ ਮੰਤਰੀ ਜੀ ਨੂੰ ਕਹਾਂਗਾ ਕਿ ਜਿਹੜਾ ਸਾਡਾ ਹਲਕਾ ਅਲਾਊਂਸ ਹੈ, ਜਿਹੜਾ ਸਾਡਾ ਕੰਸਟੀਚਿਊਐਂਸੀ ਅਲਾਊਂਸ ਹੈ ਇਹ ਬਹੁਤ ਥੋੜਾ ਹੈ । (ਇਸ ਵਕਤ ਮਾਨਯੋਗ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਚਤੱਰਥ ਮਾਨਯੋਗ ਵਿੱਤ ਮੰਤਰੀ ਜੀ ਨਾਲ ਗਲ ਬਾਤ ਕਰ ਰਹੇ ਸਨ)

ਵਜ਼ੀਰ ਸਾਹਿਬ, ਮੇਰੀ ਗਲ ਸੁਣ ਲਓ, ਬਾਅਦ ਵਿਚ ਗਲ ਕਰ ਲੈਣਾ । ਚਤੱਰਥ ਸਾਹਿਬ ਤਾਂ ਐਮ. ਐਲ. ਏ . ਦੇ ਤੌਰ ਤੇ ਵੀ ਚਾਰ ਪੈਸੇ ਲੈ ਲੈਂਦੇ ਹਨ ਅੌਰ ਵਕੀਲ ਵੀ ਹਨ । ਇਸ ਲਈ ਉਧਰੋਂ ਵੀ ਚਾਰ ਪੈਸੇ ਆ ਜਾਂਦੇ ਹਨ । ਸਾਡੀ ਗਲ ਵਜ਼ੀਰ ਸਾਹਿਬ ਨੂੰ ਜ਼ਰਾ ਸੁਣਨ ਦੇਣ।

ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਹਲਕਾ ਅਲਾਊਂਸ ਦਾ 500 ਰੁਪਿਆ ਹੈ ਇਹ 700 ਰੁਪਏ ਦੇ ਕਰੀਬ ਜ਼ਰੂਰ ਹੋਣਾ ਚਾਹੀਦਾ ਹੈ ਅੌਰ ਜਿਥੋਂ ਤਕ ਟੈਲੀਫੋਨ ਦਾ ਤਅੱਲਕ ਹੈ ਉਸ ਦੇ ਮੁੱਤਲਕ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਸਾਡਾ ਟੈਲੀਫੋਨ ਲਗਦਾ ਨਹੀਂ , ਜੇ ਲਗਦਾ ਹੈ ਤਾਂ ਠੀਕ ਨਹੀਂ ਰਹਿੰਦਾ ਅੌਰ ਸਭ ਤੋਂ ਵੱਡੀ ਜਿਹੜੀ ਗਲ ਹੈ ਉਹ ਇਹ ਹੈ ਕਿ ਸਾਨੂੰ ਬਿੱਲ ਲੈ ਕੇ ਮਾਰੋ ਮਾਰ ਕਰਦਿਆਂ ਦਫਤਰਾਂ ਵਿਚ ਤੁਰਨਾ ਪੈਂਦਾ ਹੈ । ਇਹੋ ਜਿਹੀ ਗਲ ਕਿਧਰੇ ਨਹੀਂ । ਇਹ ਪਾਰਲੀਮੈਂਟ ਵਿਚ ਵੀ ਹੈ । ਪਾਰਲੀ-ਮੈਂਟ ਵਿਚ ਅਸੀਂ ਦੇਖਿਆ ਹੈ ਕਿ ਉਥੇ ਬਿੱਲ ਲੈ ਕੇ ਤੁਰਨਾ ਨਹੀਂ ਪੈਂਦਾ । ਮੇਰੀ ਅਰਜ਼ ਹੈ ਕਿ ਜਿੰਨੇ ਪੈਸੇ ਤੁਸੀਂ ਸਾਨੂੰ ਦੇਣੇ ਹਨ ਚਾਰ ਸੌ ਰੁਪਏ, ਤਿੰਨ ਸੌ ਰੁਪਏ, ਸਾਢੇ ਤਿੰਨ ਸੌ ਰੁਪਏ ਜਾਂ ਸਾਢੇ ਚਾਰ ਸੌ ਰੁਪਏ ਉਸ ਦੇ ਨਾਲੋਂ ਬੇਸ਼ਕ ਸਾਨੂੰ ਚਾਰ ਪੈਸੇ ਘੱਟ ਦੇ ਦਿਓ ਲੇਕਿਨ ਪੱਕੇ ਤੌਰ ਤੇ ਦੇ ਦਿਓ । ਸਾਨੂੰ ਭੱਜਣਾ ਨਾ ਪਵੇ ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਜਿਥੋਂ ਤਕ ਸਾਡਾ ਬੱਸਾਂ ਵਿਚ ਸਫਰ ਕਰਨ ਦਾ ਤਅੱਲਕ ਹੈ, ਬਹੁਤ ਸਾਰੇ ਮੈਂਬਰਜ਼ ਕਾਰਾਂ ਤੇ ਹੀ ਆਉਂਦੇ ਹਨ ਅਤੇ ਬੱਸਾਂ ਤੇ ਜਾਣ ਦਾ ਉਨ੍ਹਾਂ ਨੂੰ ਮੌਕਾ ਨਹੀਂ ਮਿਲਦਾ । ਉਹ ਤਾਂ ਇਹ ਕਹਿ ਸਕਦੇ ਹਨ ਕਿ ਸਾਡੀਆਂ ਕਾਰਾਂ ਵਿਚ ਖਰਾਬੀ ਹੋ ਜਾਂਦੀ ਹੈ ਜਾਂ ਘੱਟ ਪੈਸੇ ਸਾਨੂੰ ਮਿਲਦੇ ਹਨ । ਇਹ ਜ਼ਿਆਦਾ ਮਿਲਣੇ ਚਾਹੀਦੇ ਹਨ । ਲੇਕਿਨ ਅਸੀਂ ਲੋਕ ਜਿਹੜੇ ਬੱਸਾਂ ਵਿਚ ਸਫਰ ਕਰਦੇ ਹਾਂ ਸਾਨੂੰ ਇਕ ਤਾਂ ਪੈਸੇ ਵੀ ਘੱਟ ਮਿਲਦੇ ਹਨ ਅਤੇ ਦੂਸਰਾ ਰਸਤੇ ਵਿਚ ਕੰਡਕਟਰਜ਼ ਜੋ ਹਨ ਉਹ ਸਾਡੇ ਨਾਲ ਵਰਤਾਓ ਵੀ ਠੀਕ ਨਹੀਂ ਕਰਦੇ । ਮਿਸਾਲ ਦੇ ਤੌਰ ਤੇ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਮੈਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਵਿਚ ਸਫਰ ਕੀਤਾ ਸੀ । ਤੁਸੀਂ ਸਾਨੂੰ ਆਗਿਆ ਦਿੱਤੀ ਹੈ ਕਿ ਐਮ. ਐਲ. ਏ. ਦੇ ਨਾਲ ਉਸ ਦੀ ਵਾਈਫ ਵੀ ਜਾ ਸਕਦੀ ਹੈ । ਮੈਂ ਤਾਂ ਕਹਿੰਦਾ ਹਾਂ ਕਿ ਇਸ ਦੇ ਨਾਲ ਤਾਂ ਇਹ ਫੈਸਿਲਿਟੀ ਬਿਲਕੁਲ ਨਹੀਂ ਸੀ ਹੋਣੀ ਚਾਹੀਦੀ । ਜੇ

[ਸਰਦਾਰ ਬਸੰਤ ਸਿੰਘ ਖਾਲਸਾ]

ਦਿੱਤੀ ਹੈ ਤਾਂ ਇਸ ਦੇ ਆਰਡਰਜ਼ ਸਾਰਿਆਂ ਨੂੰ ਪਹੁੰਚਾਓ ਜਾਂ ਮੈਨੇਜਰ ਜਾਂ ਦੂਸਰੇ ਜੋ ਅਫਸਰ ਹਨ ਉਨ੍ਹਾਂ ਨੂੰ ਸਖ਼ਤੀ ਨਾਲ ਇਹ ਗਲ ਕਹੋ ਕਿ ਕੋਈ ਗਲਤੀ ਨਾਲ ਐਮ. ਐਲ. ਏ. ਜਾਂ ਉਸ ਦੇ ਨਾਲ ਉਸ ਦੀ ਬੀਵੀ ਜਾਂ ਬੱਚੇ ਆ ਜਾਣ ਤਾਂ ਉਹ ਉਨ੍ਹਾਂ ਦਾ ਸਤਿਕਾਰ ਕਰੇ। ਉਨ੍ਹਾਂ ਨੂੰ ਕਹੋ ਕਿ ਐਮ.ਐਲ.ਏ. ਦੇ ਨਾਲ ਇਕ ਆਦਮੀ ਸਫਰ ਕਰ ਸਕਦਾ ਹੈ। ਉਸ ਦੇ ਨਾਲ ਉਸ ਦੀ ਵਾਈਫ ਸਫਰ ਕਰ ਸਕਦੀ ਹੈ ਔਰ ਜੇ ਉਨ੍ਹਾਂ ਤੋਂ ਕੋਈ ਵੋਚਰ ਵਗੈਰਾ ਲੈਣਾ ਹੈ ਤਾਂ ਲੈ ਲਓ ਜਾਂ ਆਈਡੈਂਟਿਟੀ ਕਾਰਡ ਦੇਖਣਾ ਹੈ ਦੇਖ ਲਓ। ਜੇ ਗਲ ਕਰੋ ਉਨ੍ਹਾਂ ਨੂੰ ਤਾਂ ਉਹ ਪਹਿਲਾਂ ਕਹਿੰਦੇ ਹਨ ਕਿ ਸਾਡੇ ਕੋਲ ਆਰਡਰਜ਼ ਨਹੀਂ ਪਹੁੰਚੇ ਅਤੇ ਸਾਨੂੰ ਤਾਂ ਇਹੀ ਕਿਹਾ ਗਿਆ ਹੈ ਕਿ ਐਮ. ਐਲ. ਏ. ਜਾ ਸਕਦਾ ਹੈ, ਹੋਰ ਕੋਈ ਨਹੀਂ ਜਾ ਸਕਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਸਖ਼ਤੀ ਨਾਲ ਕਹਿਣਾ ਚਾਹੀਦਾ ਹੈ ਅਤੇ ਜੋ ਸਹੂਲਤਾਂ ਸਾਨੂੰ ਦਿੱਤੀਆਂ ਗਈਆਂ ਹਨ ਉਨ੍ਹਾਂ ਦੇ ਆਰਡਰਜ਼ ਸਾਰਿਆਂ ਨੂੰ, ਪੰਜਾਬ ਰੋਡਵੇਜ਼ ਜਾਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਮੈਨੇਜਰਾਂ ਨੂੰ ਭੇਜਣੇ ਚਾਹੀਦੇ ਹਨ।

ਇਕ, ਡਿਪਟੀ ਸਪੀਕਰ ਸਾਹਿਬ, ਹੋਰ ਪ੍ਰਾਬਲਮ ਹੈ ਕਿ ਅਸੀਂ ਲਿਹਾਜ਼ ਦੇ ਨਾਲ ਭਾਵੇਂ ਪ੍ਰਾਈਵੇਟ ਬੱਸਾਂ ਵਿਚ ਵੀ ਬੈਠ ਜਾਂਦੇ ਹਾਂ, ਅਸੀਂ ਲਿਹਾਜ਼ ਦੇ ਨਾਲ ਹਰਿਆਣੇ ਦੀਆਂ ਬੱਸਾਂ ਵਿਚ ਵੀ ਬੈਠ ਜਾਂਦੇ ਹਾਂ। ਪਰ ਮੈਂ ਇਹ ਕਹਿਣਾ ਚਾਹੁਦਾ ਹਾਂ ਕਿ ਯੂ.ਟੀ. ਜਿਹੜਾ ਪੰਜਾਬ ਦਾ ਹੀ ਦਾਰੋ-ਖਿਲਾਫ਼ਾ ਹੈ ਜਾਂ ਜਿਹੜੀਆਂ ਸਾਡੇ ਨਾਲ ਲਗਦੀਆਂ ਜੁਆਇੰਟ ਸਟੇਟਸ ਹਨ, ਹਿਮਾਚਲ ਪ੍ਰਦੇਸ਼ ਜਾਂ ਹਰਿਆਣਾ ਹੈ ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਜਿਵੇਂ ਐਮ. ਪੀਜ਼. ਨੂੰ ਰਿਆਇਤ ਹੈ ਉਸੇ ਤਰ੍ਹਾਂ ਸਾਨੂੰ ਵੀ ਰਿਆਇਤ ਮਿਲਣੀ ਚਾਹੀਦੀ ਹੈ। ਇਹ ਫੈਸਲਾ ਕੀਤਾ ਜਾਣਾ ਚਾਹੀਦਾ ਹੈ ਔਰ ਜੁਆਇੰਟ ਸਟੇਟਸ ਦੀਆਂ ਬੱਸਾਂ ਵਿਚ ਵੀ ਸਾਨੂੰ ਰਿਆਇਤ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਅਸੀਂ ਕੱਲ ਪਰਸੋਂ ਮੀਟਿੰਗ ਦੇ ਵਿਚ ਆਖਿਆ ਸੀ ਕਿ ਜਿਵੇਂ ਪਾਰਲੀਮੈਂਟ ਦੇ ਵਿਚ ਸਿਸਟਮ ਹੈ ਉਸੇ ਤਰ੍ਹਾਂ ਇਥੇ ਵੀ ਹੋਣਾ ਚਾਹੀਦਾ ਹੈ। ਸਾਨੂੰ ਚਿੱਠੀ ਪੱਤਰ ਟਾਈਪ ਕਰਾਉਣ ਦੀ ਬੜੀ ਪ੍ਰਾਬਲਮ ਹੈ। ਅਸੀਂ ਲੋਕਾਂ ਦੀਆਂ ਚਿੱਠੀਆਂ ਦੇ, ਅਸੀਂ ਲੋਕਾਂ ਦੇ ਕੰਮਾਂ ਦੇ ਜਵਾਬ ਦੇਣੇ ਹੁੰਦੇ ਹਨ। ਉਸ ਦੇ ਲਈ ਸਾਨੂੰ ਬੜੀ ਪ੍ਰਾਬਲਮ ਹੈ। ਇਥੇ ਕਿਸੇ ਕਮਰੇ ਵਿਚ ਚਾਰ, ਪੰਜ ਸਟੈਨੋਗ੍ਰਾਫਰ ਪੰਜਾਬੀ ਦੇ ਅਤੇ ਅੰਗਰੇਜ਼ੀ ਦੇ ਹੋਣ। ਉਹ ਬਿਠਾ ਦਿਓ। ਅਗਰ ਅਸੀਂ ਕੋਈ ਚਿੱਠੀ ਪੱਤਰ ਲਿਖ ਕੇ ਭੇਜਣੀ ਹੋਵੇ ਤਾਂ ਉਹ ਟਾਈਪ ਉਨ੍ਹਾਂ ਤੋਂ ਕਰਵਾ ਕੇ ਭੇਜ ਸਕੀਏ ਔਰ ਅਸੀਂ ਆਪਣੇ ਹਲਕੇ ਦੇ ਲੋਕਾਂ ਦਾ ਜਵਾਬ ਦੇ ਸਕੀਏ।

ਜਿਵੇਂ ਇਥੇ ਗੁਪਤਾ ਸਾਹਿਬ ਨੇ ਆਖਿਆ ਹੈ ਕਿ ਪੰਜਾਬ ਹਾਊਸ, ਦਿੱਲੀ ਵਿਚ ਸਾਡੇ ਤੋਂ ਬਗੈਰ ਅਗਰ ਸਾਡੇ ਕਿਸੇ ਰਿਸ਼ਤੇਦਾਰ ਜਾਂ ਬਾਲ ਬੱਚੇ ਨੇ ਉਥੇ ਰਹਿਣਾ ਹੋਵੇ ਤਾਂ ਉਸ ਦੇ ਲਈ ਕੋਈ ਰਿਆਇਤ ਨਹੀਂ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਐਕਸ ਐਮ. ਐਲ. ਏ. ਜਾਂ ਐਕਸ ਐਮ.ਪੀ. ਬਣਨਾ ਹੈ। ਜੇ ਉਨ੍ਹਾਂ ਨੂੰ ਰਿਆਇਤ ਇਥੇ ਪੰਜਾਬ ਵਿਚ ਦਿੱਤੀ ਹੈ, ਜਿਵੇਂ ਉਨ੍ਹਾਂ ਨੂੰ ਪੈਨਸ਼ਨ ਦਿੰਦੇ ਹੋ ਜਾਂ ਮੈਡੀਕਲ ਅਲਾਊਂਸ ਦਿੰਦੇ ਹੋ ਤਾਂ ਉਸ ਦੇ ਨਾਲ ਇਹ ਵੀ ਆਗਿਆ ਦਿਓ ਕਿ ਜੇ ਕਿਤੇ ਦਿੱਲੀ ਐਕਸ ਐਮ. ਐਲ. ਏ. ਜਾਂ ਐਕਸ ਐਮ. ਪੀ. ਚਲੇ ਜਾਣ ਤਾਂ ਉਨ੍ਹਾਂ ਨੂੰ ਵੀ ਉਹੀ ਰਿਆਇਤ ਮਿਲੇ। ਉਨ੍ਹਾਂ ਤੋਂ ਵੀ ਉਹੀ ਪੈਸੇ ਲਏ ਜਾਣ ਔਰ ਉਨ੍ਹਾਂ ਨੂੰ ਵੀ ਉਹੀ ਸਤਿਕਾਰ ਮਿਲੇ ਜੋ ਵਰਕਿੰਗ ਐਮ. ਐਲ. ਏ. ਜਾਂ ਐਮ. ਪੀ. ਨੂੰ ਮਿਲਦਾ ਹੈ।

ਅੰਤ ਵਿਚ ਮੈਂ ਇਹੀ ਕਹਾਂਗਾ ਕਿ ਛੋਟੀਆਂ ਛੋਟੀਆਂ, ਨਿਕੀਆਂ ਨਿਕੀਆਂ ਗਲਾਂ ਦੇ ਬਿੱਲ ਦੀ ਕੋਈ ਗੱਲ ਨਹੀਂ । ਅਗਲੀ ਵਾਰੀ ਕੰਪ੍ਰੀਹੈਂਸਿਵ ਬਿੱਲ ਲਿਆ ਕੇ ਸਾਡੀਆਂ ਜੋ ਮੰਗਾਂ ਹਨ, ਸਾਡੀਆਂ ਜੋ ਗੱਲਾਂ ਹਨ ਉਹ ਹਮੇਸ਼ਾ ਲਈ ਮੁਕਾ ਦਿਓ । ਅਸੀਂ ਫਿਰ ਪੰਜ ਸਾਲ ਤੁਹਾਨੂੰ ਕੁਝ ਨਹੀਂ ਕਹਿੰਦੇ । ਇਤਨੀ ਗੱਲ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਡਿਪਟੀ ਸਪੀਕਰ ਸਾਹਿਬ, ਟਰੇਜ਼ਰੀ ਬੈਂਚਿਜ਼ ਵਲੋਂ ਅਤੇ ਮੇਨ ਆਪੋਜ਼ੀਸ਼ਨ ਵਲੋਂ ਦੋ ਮਾਨਯੋਗ ਮੈਂਬਰਜ਼ ਬੋਲ ਚੁਕੇ ਹਨ । ਮੈਨੂੰ ਪਤਾ ਹੈ ਕਿ ਜਿਹੜੀ ਡਿਊਟੀ ਮੈਂ ਅਦਾ ਕਰਨ ਲਗਾ ਹਾਂ ਉਹ ਸ਼ਾਇਦ ਬੜੀ ਤਲੱਖ ਲਗੇ ਕਈਆਂ ਨੂੰ ਔਰ ਸ਼ਾਇਦ ਮੇਰੇ ਕਈ ਮਾਨਯੋਗ ਮੈਂਬਰਾਂ ਨੂੰ ਮੇਰੇ ਵਿਚਾਰ ਨਾ ਕਬੂਲ ਹੋਣ । (ਵਿਘਨ) ਤੁਹਾਨੂੰ ਯਕੀਨਨ ਕਹਿਣਾ ਪਵੇਗਾ ਕਿ ਲੈਣ ਵਾਲਿਆਂ ਵਿਚੋਂ ਸ਼ਾਇਦ ਮੈਂ ਸਭ ਤੋਂ ਪਹਿਲਾਂ ਹੋਵਾਂਗਾ ਲੇਕਿਨ ਮੇਰੇ ਵਿਚਾਰ ਤਾਂ ਪਹਿਲਾਂ ਸੁਣ ਲਓ ।

ਡਿਪਟੀ ਸਪੀਕਰ ਸਾਹਿਬ, ਅਸੀਂ ਇਕੋ ਸਮਾਜੀ ਕੰਮਾਂ ਦੀ ਪੂਰਤੀ ਵਾਸਤੇ ਬੈਠੇ ਹਾਂ । ਅਸੀਂ ਕੁਝ ਆਪਣੀਆਂ ਪ੍ਰੰਪਰਾਵਾਂ ਰਖੀਆਂ ਹੋਈਆਂ ਹਨ ਔਰ ਸਾਰੀਆਂ ਪਾਰਟੀਆਂ ਦੀਆਂ ਜੋ ਪ੍ਰੰਪਰਾਵਾਂ ਹਨ ਉਹ ਉਨ੍ਹਾਂ ਤੇ ਚਲਦੀਆਂ ਹਨ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਜਿਨ੍ਹਾਂ ਪਾਰਟੀਆਂ ਨੇ ਇਸ ਮੁਲਕ ਨੂੰ ਆਜ਼ਾਦ ਕਰਾਉਣ ਵਿਚ ਹਿੱਸਾ ਪਾਇਆ ਉਹ ਸਾਰੀਆਂ ਪਾਰਟੀਆਂ ਇਸ ਸਦਨ ਵਿਚ ਮੌਜੂਦ ਹਨ । ਉਨ੍ਹਾਂ ਦੀਆਂ ਬੜੀਆਂ ਕੰਟਰੀਬਿਊਸ਼ਨਜ਼ ਹਨ ਔਰ ਉਨ੍ਹਾਂ ਦੀਆਂ ਬੜੀਆਂ ਉੱਚੀਆਂ ਪ੍ਰੰਪਰਾਵਾਂ ਹਨ । ਇਸ ਕਰਕੇ ਇਹੀ ਇਕ ਮੌਕਾ ਹੁੰਦਾ ਹੈ ਆਪਣੇ ਪਾਸਟ ਨੂੰ ਰੇਤੇ ਕਰਨ ਦਾ, ਆਪਣੇ ਪ੍ਰੈਜ਼ੈਂਟ ਨੂੰ ਦੇਖਣ ਦਾ ਔਰ ਫਿਊਚਰ ਬਾਰੇ ਸੋਚਣ ਦਾ । ਮੈਨੂੰ ਯਾਦ ਹੈ ਜਦੋਂ ਮੈਂ ਕਾਂਗਰਸ ਵਿਚ ਆਇਆ ਸੀ । ਇਹ ਗੱਲ ਬਹੁਤ ਪੁਰਾਣੀ ਹੈ, ਇਹ ਸੰਨ 1941 ਦੀ ਗੱਲ ਹੈ । ਉਸ ਵਕਤ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ 'Service of the self is strictly limited by that of the country.' ਇਸ ਭਾਵਨਾ ਨੂੰ ਉਨ੍ਹਾਂ ਨੇ ਕਾਂਗਰਸ ਦੇ ਸੰਗਠਨ ਕਰਨ ਵਿਚ ਲਿਆਂਦਾ ਔਰ ਕਾਂਗਰਸ ਪਾਰਟੀ ਨੇ ਇਸ ਗੱਲ ਨੂੰ ਤਸਲੀਮ ਕਰ ਲਿਆ । ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਕਹਿਣਾ ਸਾਡੇ ਸਾਹਮਣੇ ਇਕ ਐਗਜ਼ੈਂਪਲ ਹੈ ਔਰ ਉਸਦੀ ਬੜੀ ਉਚੀ ਥਾਂ ਹੈ । ਚੁਨਾਂਚਿ ਜਿਸ ਵਕਤ ਅੰਗਰੇਜ਼ਾਂ ਦੇ ਖਿਲਾਫ ਹਿੰਦੁਸਤਾਨ ਵਿਚ ਜਹਾਦ ਸ਼ੁਰੂ ਹੋਇਆ ਸੀ, ਜਿਸ ਦੇ ਵਿਚ ਅਸੀਂ ਸਾਰੇ ਸ਼ਾਮਲ ਸੀ, ਉਸ ਵੇਲੇ ਇਸ ਕੌਮ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੂੰ ਪਿਤੰਬਰ ਮੰਨ ਲਿਆ । ਉਨ੍ਹਾਂ ਨੇ ਇਕੋ ਕੋਡ ਆਫ ਕੰਡਕਟ ਇਨ ਪਬਲਿਕ ਦਿੱਤਾ ਸੀ । ਸਾਡੇ ਧਰਮ ਵਿਚ ਯਕੀਨ ਰੱਖਣ ਵਾਲੇ ਲੋਕ ਰੋਜ਼ ਅਰਦਾਸ ਕਰਦੇ ਹਨ 'ਮਨ ਨੀਵਾਂ, ਮੱਤ ਉੱਚੀ' । ਇਹ ਰੋਜ਼ ਅਸੀਂ ਅਰਦਾਸ ਕਰਦੇ ਹਾਂ ਔਰ ਇਹ ਸਾਨੂੰ ਆਪਣੇ ਜੀਵਨ ਨੂੰ ਠੀਕ ਕਰਨ ਵਿਚ ਮਦਦ ਕਰਦੀ ਹੈ । ਲੇਕਨ ਅਸੀਂ ਦੇਖੀਏ ਕਿ ਇਸ ਕਿਸਮ ਦੀ ਗੱਲ ਹੁੰਦੀ ਹੈ । ਪੈਸੇ ਲੈਣੇ ਨਾ ਲੈਣੇ ਇਹ ਮਾਮਲਾ ਅਲੈਹਿਦਾ ਹੈ । ਜਿਸ ਗੱਲ ਦਾ ਮੈਨੂੰ ਅਫ਼ਸੋਸ ਹੈ ਉਹ ਇਹ ਕਿ ਸਾਡਾ ਹਰ ਐਕਸ਼ਨ ਇਸ ਹਾਊਸ ਵਿਚ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਲੋਕਾਂ ਨੂੰ ਕਬੂਲ ਹੋਵੇ ਕਿਉਂਕਿ ਅਸੀਂ ਮੁਲਕ ਦੀ ਲੀਡਰਸ਼ਿਪ ਹਾਂ, ਸੂਬੇ ਦੀ ਲੀਡਰਸ਼ਿਪ ਹਾਂ ।

'ਯਥਾ ਰਾਜਾ, ਤਥਾ ਪਰਜਾ'

ਜੋ ਇਹ ਰਾਜ ਕਰਨ ਵਾਲਾ ਸੋਚੇਗਾ, ਚਾਹੇਗਾ, ਕਰੇਗਾ ਪੰਜਾਬ ਦੇ ਲੋਕ ਉਸ ਨੂੰ ਦੇਖਣਗੇ ।

[ਕਾਮਰੇਡ ਰਾਜ ਕੁਮਾਰ]

ਔਰ ਉਹ ਪੰਜਾਬ ਦੇ ਲੋਕਾਂ ਵਾਸਤੇ ਮਿਸਾਲ ਬਣ ਜਾਏਗੀ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਥੋੜ੍ਹਾ ਜਿਹਾ ਵੇਖੀਏ ਕਿ ਸਾਡੇ ਆਲੇ ਦੁਆਲੇ ਦੀ ਕੀ ਅਵਸਥਾ ਹੈ। ਜਿਸ ਅਵਸਥਾ ਵਿਚ ਅਸੀਂ ਪਏ ਹਾਂ ਉਸ ਨੂੰ ਜ਼ਰੂਰ ਵੇਖੋ। ਪਰ ਉਹ ਨਹੀਂ ਵੇਖੀ ਗਈ। ਵੇਖਿਆ ਇਹ ਹੈ ਕਿ ਮਹਿੰਗਾਈ ਦਾ ਸਾਡੇ ਤੇ ਅਸਰ ਹੈ। ਇਸ ਮਹਿੰਗਾਈ ਦਾ ਅਸਰ ਸਾਰੇ ਪੰਜਾਬ ਤੇ ਹੈ। ਜਿਸ ਡਿਸੀਜ਼ਨ ਨੂੰ ਇਕ ਪਾਪੂਲਰ ਡਿਸੀਜ਼ਨ ਕਿਹਾ ਹੈ, ਜਿਸ ਨੂੰ ਕਮਜ਼ੋਰ ਲੋਕ ਨਹੀਂ ਲੈ ਸਕੇ, ਬਹਾਦਰ ਲੋਕਾਂ ਨੇ ਲਿਆ ਹੈ, ਉਸ ਤੇ ਇਤਰਾਜ਼ ਉਠਾਇਆ ਹੈ। ਉਨ੍ਹਾਂ ਤੇ ਮਹਿੰਗਾਈ ਦਾ ਅਸਰ ਸੀ ਇਸ ਸਦਨ ਨੂੰ ਦਸਿਆ ਹੈ। ਅੱਜ ਸਾਡੀ ਰੂਲਿੰਗ ਪਾਰਟੀ ਦਾ ਮੈਗਨਾਕਾਰਟਾ ਇਹ ਬਣ ਗਿਆ ਹੈ ਜਿਹੜੇ ਲੋਕ ਪਾਵਰਟੀ ਲਾਈਨ ਤੋਂ ਥੱਲੇ ਹਨ ਉਹ 38 % ਦੱਸੇ ਹਨ। ਹੁਣ ਉਨ੍ਹਾਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਹੈ। ਡਿਪਟੀ ਸਪੀਕਰ ਸਾਹਿਬ, 38% ਤਾਂ ਬੀਲੋਅ ਪਾਵਰਟੀ ਹਨ ਔਰ ਅਗਰ ਪੂਅਰ ਲੋਕ ਵੇਖੀਏ ਤਾਂ ਉਨ੍ਹਾਂ ਦੀ ਗਿਣਤੀ 70 % ਹੋ ਜਾਂਦੀ ਹੈ ਭਾਵੇਂ ਸਾਡੀ ਪਰ ਕੈਪੀਟਾ ਇਨਕਮ ਸਾਰੇ ਹਿੰਦੁਸਤਾਨ ਨਾਲੋਂ ਵੱਧ ਹੈ। ਭਾਵੇਂ ਸਾਡੀ ਸਟੇਟ ਨੂੰ ਐਫ਼ਲੂਐਂਟ ਕਿਹਾ ਜਾਂਦਾ ਹੈ। ਪਰ ਚਾਹੀਦਾ ਤਾਂ ਇਹ ਹੈ ਕਿ ਇਸ ਤੇ ਮਹਿੰਗਾਈ ਦਾ ਅਸਰ ਨਾ ਹੋਵੇ। ਪਰ ਵਾਸਟ ਮੈਜਾਰਟੀ ਲੋਕਾਂ ਦੀ ਇਸ ਮਹਿੰਗਾਈ ਥੱਲੇ ਪਿਸ ਰਹੀ ਹੈ। ਜਿਹੜਾ ਅਸੀਂ ਕਦਮ ਚੁੱਕ ਰਹੇ ਹਾਂ ਮੈਂ ਇਸ ਗੱਲ ਵਿਚ ਨਹੀਂ ਪੈਂਦਾ ਕਿ ਜਾਇਜ਼ ਹੈ ਜਾਂ ਨਾਜ਼ਾਇਜ਼ ਹੈ। ਮੇਰਾ ਟੈਸਟ ਇਕ ਪੇਂਟਰ ਦੀ ਕੈਨਵੈਸ ਦੀ ਤਰ੍ਹਾਂ ਹੈ। ਮੈਂ ਕਿਸ ਤਰ੍ਹਾਂ ਆਪਣਾ ਅੱਕਸ ਉਸ ਕੈਨਵੈਸ ਤੇ ਰਿਫਲੈਕਟ ਕਰਦਾ ਹਾਂ। ਸੋ ਮੇਰੀ ਕੈਨਵੈਸ ਸਾਡੀ ਬਾਹਰਲੀ ਅਵਸਥਾ ਹੈ। ਉਸ ਦੇ ਲਈ ਸਾਨੂੰ ਕੀ ਕਦਮ ਚੁਕਣੇ ਚਾਹੀਦੇ ਹਨ ਸਾਨੂੰ ਉਹ ਕਦਮ ਚੁਕਣੇ ਚਾਹੀਦੇ ਹਨ ਜਿਨ੍ਹਾਂ ਦਾ ਅਸਰ ਬਾਹਰਲੀ ਅਵਸਥਾ ਤੇ ਚੰਗਾ ਪਵੇ। ਇਕ ਦਿਨ ਅਸੀਂ ਕੰਮ ਕਰਨਾ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਭੱਤਾ ਤਿੰਨ ਦਿਨਾਂ ਦਾ ਸਾਨੂੰ ਮਿਲੇ। ਇਹ ਠੀਕ ਨਹੀਂ ਲਗਦਾ। (ਵਿਘਨ) ਮੈਂ ਵੀ ਲਵਾਂਗਾ। ਅਸੀਂ ਬੜੀ ਛੋਟੀ ਜਿਹੀ ਮੈਨਾਰਿਟੀ ਹਾ। ਅਸੀਂ ਇਸ ਮੈਨਾਰਟੀ ਨਾਲ ਸ਼ੁਰੂ ਹੋਏ ਹਾ। ਮੈਨੂੰ ਪਤਾ ਹੈ ਕਿ ਦੁਨੀਆਂ ਵਿਚ ਜੋ ਭਾਂਬੜ ਬਣੇ ਹਨ ਉਹ ਇਕ ਚਿੰਗਾਰੀ ਤੋਂ ਬਣੇ ਹਨ। ਅਸੀਂ ਅੱਜ ਥੋੜੇ ਹਾਂ ਪਰ ਸਾਡੀ ਵਿਚਾਰਧਾਰਾ ਸਹੀ ਬਣੀ ਹੋਈ ਹੈ। ਅਸੀਂ ਉਹ ਕਦਮ ਚੁਕਣੇ ਹਨ ਜਿਨ੍ਹਾਂ ਨੇ ਲੋਕਾਂ ਦੇ ਦਿਮਾਗ ਵਿਚ ਇੰਟੈਰੋਗੇਸ਼ਨ ਦੇ ਸਾਈਨਾਂ ਦਾ ਜਵਾਬ ਦੇਣਾ ਹੈ

ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਜਿੰਨੇ ਵੀ ਪੈਸੇ ਮਿਲਦੇ ਹਨ, ਡਿਪਟੀ ਸਪੀਕਰ ਸਾਹਿਬ ਸ਼ਾਇਦ ਤੁਹਾਨੂੰ ਨਹੀਂ ਪਤਾ, ਭਾਵੇਂ ਟੀ. ਏ. ਹੈ, ਭਾਵੇਂ ਡੀ. ਏ. ਹੈ ਭਾਵੇਂ ਸੀ. ਏ. ਹੈ, ਉਹ ਸਾਰੇ ਸਾਡੀ ਪਾਰਟੀ ਨੂੰ ਚਲੇ ਜਾਂਦੇ ਹਨ। ਅਸੀਂ ਇਸ ਗੱਲ ਲਈ ਵਚਨ ਵੱਧ ਹਾਂ ਆਪਣੀ ਪਾਰਟੀ ਨਾਲ। ਉਹ ਸਾਨੂੰ ਜੋ ਦੇ ਦਿੰਦੇ ਹਨ, ਅਸੀਂ ਲੈ ਲੈਂਦੇ ਹਾਂ। ਤੁਹਾਡੇ ਵਿਚ ਬੜੇ ਖੁਸ਼ਕਿਸਮਤ ਹਨ, ਦੌਲਤ ਵਾਲੇ ਹਨ, ਖੁਸ਼ੀਆਂ ਵਾਲੇ ਹਨ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਖੁਸ਼ੀਆਂ ਪ੍ਰਾਪਤ ਕਰੋ (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਅੱਜ ਇਹ ਕਿਉਂ ਕਰਨਾ ਪੈ ਰਿਹਾ ਹੈ We are becoming junior partners in systematic plunder of the Government treasury by use of position ਸਾਨੂੰ ਇਸ ਇਨਸਟੀਚਿਊਸ਼ਨ ਵਿਚੋਂ ਨਿਕਲਣਾ ਚਾਹੀਦਾ ਹੈ। ਅਸੀਂ ਪੰਜਾਬ ਦੇ ਲੋਕਾਂ ਨੂੰ ਦਸੀਏ ਕਿ ਅਸੀਂ ਕਿਨ੍ਹਾਂ ਮਕਸਦਾਂ ਵਾਸਤੇ ਲੜ ਰਹੇ ਹਾਂ।

ਸਾਨੂੰ ਇਸ ਚੀਜ਼ ਦੀ ਲੋੜ ਨਹੀਂ ਹੈ । ਲੋਕ ਸਾਨੂੰ ਇਨ੍ਹਾਂ ਪੈਸਾ ਦੇਣ ਜਿਸ ਨਾਲ ਅਸੀਂ ਇਹ ਜ਼ਰੂਰਤਾਂ ਪੂਰੀਆਂ ਕਰ ਸਕੀਏ । ਲੇਕਿਨ ਬਦਕਿਸਮਤੀ ਦੀ ਗੱਲ ਇਹ ਹੈ ਕਿ ਸਾਡਾ ਸਿਆਸੀ ਢਾਂਚਾ ਐਸਾ ਹੈ ਜਿਹੜਾ ਕਿ ਇਸ ਵਾਸਤੇ ਨਹੀਂ ਬਣ ਸਕਿਆ । ਪਾਰਟੀ ਨੂੰ ਲੋਕ ਪੈਸਾ ਦਿੰਦੇ ਹਨ ਪਰ ਹੋਰ ਤਰੀਕੇ ਨਾਲ ਪੈਸਾ ਦਿੰਦੇ ਹਨ । ਪਾਰਟੀਆਂ ਦੇ ਦਬਾਅ ਵਿਚ ਆ ਕੇ ਪੈਸਾ ਦਿੰਦੇ ਹਨ । ਉਹ ਪੈਸਾ ਲੈਣਾ ਨਹੀਂ ਚਾਹੀਦਾ । ਪਰ ਉਹ ਅਸੀਂ ਲੈਂਦੇ ਹਾਂ । ਮੈਂ ਜਨਰਲ ਪਰਪਜ਼ਿਜ਼ ਕਮੇਟੀ ਵਿਚ ਵੀ ਲੋਨਜ਼ ਬਾਰੇ ਕਿਹਾ ਸੀ । ਮੈਂ ਹੀ ਉਥੇ ਵਿਰੋਧ ਕਰਨ ਵਾਲਾ ਸੀ । ਮੈਨੂੰ ਉਨ੍ਹਾਂ ਦੇ ਨੁਕਤਾ-ਨਿਗਾਹ ਨਾਲ ਇਖ਼ਤਲਾਫ ਹੋ ਸਕਦਾ ਹੈ । ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਐਮ.ਐਲ.ਏ. ਨੂੰ ਕਿਸ ਚੀਜ਼ ਦੀ ਜ਼ਰੂਰਤ ਹੈ । M. L. A. needes maximum private transport facilities to serve his constituents. He needs maximum secretarial assistance. ਐਮ. ਐਲ. ਏ. ਨੂੰ ਜ਼ਰੂਰਤ ਹੈ ਪੋਸਟੇਜ ਦੀ, ਟੈਲੀਫੂਨ ਫੈਸੀਲਿਟੀ ਦੀ । ਐਮ. ਐਲ. ਏ. ਨੂੰ ਜ਼ਰੂਰਤ ਹੈ ਅਕਾਮੋਡੇਸ਼ਨ ਦੀ ਤਾਂ ਕਿ ਉਹ ਆਪਣੇ ਕੰਸਟੀਚੂਐਂਟਸ ਨੂੰ ਸਰਵ ਕਰ ਸਕੇ । ਇਥੇ ਸਰਦਾਰ ਬਸੰਤ ਸਿੰਘ ਨੇ ਇਕ ਦਰੁਸਤ ਗੱਲ ਆਖੀ ਹੈ ਕਿ ਸਾਡੇ ਵਿਚੋਂ ਕਈ ਲੋਕ ਧਨੀ ਹਨ, ਜ਼ਮੀਨਾਂ ਵਾਲੇ ਹਨ । ਕੁਝ ਡਿਸ-ਟਿੰਕਸ਼ਨ ਰੱਖੋ । ਅਸੈਂਬਲੀ ਵਿਚੋਂ ਮਿਲਣ ਵਾਲੀ ਤਨਖਾਹ ਜਾਂ ਪਰਕਸ ਨੂੰ ਸੋਰਸ ਆਫ ਇਨਕਮ ਨਾ ਰੱਖੋ । ਅਗਰ ਕਮੀ ਹੈ ਤਾਂ ਆਪਣਾ ਫ਼ਰਜ਼ ਅਦਾ ਕਰਨ ਲਈ ਲੈਣ, ਇਸ ਤਰ੍ਹਾਂ ਨਹੀਂ ਲੈਣਾ ਚਾਹੀਦਾ । ਮੇਰਾ ਇਹ ਵਿਊ ਹੈ । ਮੈਂ ਰਿਕਾਰਡ ਕਰਾਉਣਾ ਚਾਹੁੰਦਾ ਸੀ ਕਿ ਮੈਂ ਇਸ ਬਿੱਲ ਦੀ ਆਪਣੀ ਪਾਰਟੀ ਵੱਲੋਂ ਮੁਖ਼ਾਲਫ਼ਤ ਕਰਦਾ ਹਾਂ ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰਮਹਿਲ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿਤਾ ਹੈ । ਮੈਂ ਇਸ ਅਮੈਂਡਿੰਗ ਬਿੱਲ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਇਥੇ ਸਾਰੇ ਪੰਜਾਬ ਦਾ ਸਰਵੇ ਕਰਾਇਆ ਗਿਆ ਸੀ ਅਤੇ ਉਸ ਦੇ ਮੁਤਾਬਿਕ ਇਥੇ 38 ਪ੍ਰਤੀਸ਼ਤ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਹਨ । ਇਹ ਤੁਹਾਨੂੰ ਸਭ ਨੂੰ ਪਤਾ ਹੈ । ਉਨ੍ਹਾਂ ਨੇ ਸਾਨੂੰ ਇਥੇ ਭੇਜਿਆ ਹੈ ਕਿ ਅਸੀਂ ਉਨ੍ਹਾਂ ਲਈ ਕੁਝ ਸੋਚਾਂਗੇ, ਉਨ੍ਹਾਂ ਨੂੰ ਕੁਝ ਦਿਆਂਗੇ ਪਰ ਇਥੇ ਅਸੀਂ ਆਪਣਾ ਹੀ ਸੋਚਣ ਲੱਗੇ ਹੋਏ ਹਾਂ, ਉਨ੍ਹਾਂ ਦੀ ਕੀ ਹਾਲਤ ਹੈ, ਉਨ੍ਹਾਂ ਨੂੰ ਕੀ ਦੇ ਰਹੇ ਹਾਂ ਉਹ ਪੱਖ ਛੱਡ ਕੇ ਸਗੋਂ ਆਪਣੇ ਭੱਤੇ ਵਧਾਉਣ ਲਈ ਸਭ ਕੁਝ ਕਰਨ ਲਗ ਪਏ ਹਾਂ । ਇਹ ਪੰਜਾਬ ਦੇ ਲੋਕਾਂ ਨਾਲ ਧੱਕਾ ਹੈ । ਇਹ ਭੱਤੇ ਬਿਲਕੁਲ ਨਹੀਂ ਵਧਾਉਣੇ ਚਾਹੀਦੇ । ਮੀਟਿੰਗ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਅਦ ਦਾ ਭੱਤਾ ਮਿਲੇ ਜਦੋਂ ਕਿ ਅਸੀਂ ਇਕ ਦਿਨ ਕੰਮ ਕਰੀਏ, ਇਹ ਠੀਕ ਨਹੀਂ । ਹਰ ਆਦਮੀ ਇਕ ਦਿਨ ਵਿਚ ਇਥੇ ਪਹੁੰਚ ਕੇ ਮੀਟਿੰਗ ਅਟੈਂਡ ਕਰਕੇ ਵਾਪਸ ਜਾ ਸਕਦਾ ਹੈ । ਅਗਰ ਸਾਰੇ ਪੰਜਾਬ ਨੂੰ ਜੁਗਰਾਫੀਏ ਦੇ ਤੌਰ ਤੇ ਵੇਖੀਏ ਤਾਂ ਕੋਈ ਤਕਲੀਫ ਨਹੀਂ ਪੇਸ਼ ਆਉਂਦੀ । ਹਰ ਆਦਮੀ ਮੀਟਿੰਗ ਅਟੈਂਡ ਕਰਨ ਤੋਂ ਬਾਅਦ ਵਾਪਸ ਜਾ ਸਕਦਾ ਹੈ ਇੱਕ ਦਿਨ ਪਹਿਲਾਂ ਦਾ ਅਤੇ ਇੱਕ ਦਿਨ ਮਗਰ ਦਾ ਦੋ ਦਿਨਾਂ ਦਾ 90 ਰੁਪਏ ਭੱਤਾ ਕਾਹਦੇ ਲਈ ਦਿੱਤਾ ਜਾ ਰਿਹਾ ਹੈ । ਇਸ ਨੂੰ ਕਿਸ ਤਰ੍ਹਾਂ ਠੀਕ ਕਿਹਾ ਜਾ ਸਕਦਾ ਹੈ । ਮੈਨੂੰ, ਡਿਪਟੀ ਸਪੀਕਰ ਸਾਹਿਬ, ਇਹ ਲਗਦਾ ਹੈ ਕਿ ਇਨ੍ਹਾਂ ਦੀ ਪਾਰਟੀ ਵਿੱਚ ਧੜੇਬਾਜ਼ੀ ਬਹੁਤ ਹੈ । ਮੈਂਬਰ

[ਕਾਮਰੇਡ ਸਰਵਣ ਸਿੰਘ ਚੀਮਾ]

ਚਾਹੁੰਦੇ ਹਨ ਕਿ ਕੈਬਨਿਟ ਵਧਾਈ ਜਾਵੇ । ਬਹੁਤ ਸਾਰੇ ਸੂਝਵਾਨ ਮੈਂਬਰ ਹਨ ਜਿਹੜੇ ਕਿ ਮਨਿਸਟਰ ਬਣ ਸਕਦੇ ਹਨ । ਪਰ ਕੈਬਨਿਟ ਵਧਾਈ ਨਹੀਂ ਜਾ ਰਹੀ । ਉਹ ਮੈਂਬਰ ਵੀ ਰੌਲਾ ਪਾਉਂਦੇ ਹਨ ਜਿਨ੍ਹਾਂ ਨੇ ਕਦੇ ਵੀ ਮਨਿਸਟਰ ਨਹੀਂ ਬਣਨਾ। ਇਸ ਲਈ ਉਨ੍ਹਾਂ ਨੂੰ ਚੁੱਪ ਕਰਾਉਣ ਵਾਸਤੇ ਇਹ 90 ਰੁਪਏ ਦਿੱਤੇ ਜਾ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਰੇਲ ਦੇ ਵਿੱਚ ਆਨਰੇਬਲ ਮੈਂਬਰ ਸਫਰ ਕਰਨ ਤਾਂ ਵੀ ਮੁਫਤ, ਜੇ ਬੱਸਾਂ ਵਿੱਚ ਸਫਰ ਕਰਨ ਤਾਂ ਵੀ ਮੁਫਤ, ਕੋਈ ਕਿਰਾਇਆ ਨਹੀਂ ਦਿੰਦੇ। ਜੇ ਉਹ ਕਿਰਾਇਆ ਦੇਣ ਫਿਰ ਤਾਂ ਜ਼ਰੂਰ ਲੈਣ । ਜੇ ਉਹ ਕਿਰਾਇਆ ਖਰਚਣ ਤਾਂ ਉਸ ਦੇ ਵੀ ਪੈਸੇ ਮਿਲ ਜਾਂਦੇ ਹਨ। ਜਿਨ੍ਹਾਂ ਕੋਲ ਜ਼ਮੀਨਾਂ ਹਨ, ਜਾਇਦਾਦਾਂ ਹਨ, ਕਾਰਖਾਨਿਆਂ ਦੇ ਮਾਲਕ ਹਨ, ਲੱਖਾਂ ਰੁਪਏ ਹਰ ਰੋਜ਼ ਖਰਚਦੇ ਹਨ, ਉਥੇ ਕਿਉਂ ਇਹ ਪੈਸੇ ਵੱਧਣੇ ਚਾਹੀਦੇ ਹਨ । ਪਰ ਦੂਜੇ ਪਾਸੇ ਕਾਮਰੇਡ ਝਬਾਲ ਵਰਗੇ ਅਤੇ ਕਾਮਰੇਡ ਦਯਾ ਸਿੰਘ ਵਰਗੇ ਮੈਂਬਰ ਵੀ ਹਨ ਜਿਨ੍ਹਾਂ ਕੋਲ ਇੱਕ ਮਰਲਾ ਵੀ ਜ਼ਮੀਨ ਨਹੀਂ ਹੈ ਅਤੇ ਨਾ ਹੀ ਕੋਈ ਜਾਇਦਾਦ ਹੈ । ਅਸੀਂ ਤਾਂ ਆਪਣੀ ਸਾਰੀ ਤਨਖਾਹ ਅਤੇ ਭੱਤੇ ਆਪਣੀ ਪਾਰਟੀ ਨੂੰ ਦਿੰਦੇ ਹਾਂ । (ਘੰਟੀ) ਜੋ ਪਾਰਟੀ ਸਾਨੂੰ ਪੈਸਾ ਦਿੰਦੀ ਹੈ ਅਸੀਂ ਉਸ ਦੇ ਵਿੱਚ ਹੀ ਗੁਜ਼ਾਰਾ ਕਰਦੇ ਹਾਂ। ਮੈਂ ਕਹਿੰਦਾ ਹਾਂ ਕਿ ਜੇ ਅਸੀਂ ਉਸ ਪੈਸੇ ਵਿੱਚ ਗੁਜ਼ਾਰਾ ਕਰ ਸਕਦੇ ਹਾਂ ਤਾਂ ਕੀ ਇਹ ਨਹੀਂ ਕਰ ਸਕਦੇ । ਲੋਕਾਂ ਦੇ ਬੱਸਾਂ ਦੇ ਕਿਰਾਏ ਵੱਧਾਏ ਗਏ ਹਨ । ਮਹਿੰਗਾਈ ਦਿਨ-ਬ-ਦਿਨ ਵੱਧ ਰਹੀ ਹੈ । ਉਨ੍ਹਾਂ ਦੇ ਬਾਰੇ ਕੁਝ ਨਹੀਂ ਸੋਚਿਆ ਜਾ ਰਿਹਾ । ਕਿਸਾਨਾਂ ਦੀ ਖਾਦ ਦੀ ਕੀਮਤ ਅਤੇ ਡੀਜ਼ਲ ਦੀ ਕੀਮਤ ਵੱਧ ਰਹੀ ਹੈ । ਲੋਕ ਬਹੁਤ ਦੁੱਖੀ ਹਨ । ਬਿਜਲੀ ਉਨ੍ਹਾਂ ਨੂੰ ਨਹੀਂ ਮਿਲ ਰਹੀ । ਮੈਂ ਸਮਝਦਾ ਹਾਂ ਕਿ ਇਸ ਨਾਲ ਲੋਕਾਂ ਤੇ ਭਾਰ ਪਵੇਗਾ ।

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਚੀਮਾ ਸਾਹਿਬ ਨੇ ਬਾਰ, ਬਾਰ ਇਸ਼ਾਰਾ ਕਰਕੇ ਕਿਹਾ ਹੈ ਕਿ ਭੱਤਾ ਇਸ ਲਈ ਵੱਧਾਇਆ ਜਾ ਰਿਹਾ ਹੈ ਕਿਉਂਕਿ ਰੂਲਿੰਗ ਪਾਰਟੀ ਵਿੱਚ ਡਿਸਕੰਟੈਂਟਮੈਂਟ ਹੈ । ਦੂਸਰਾ, ਇਨ੍ਹਾਂ ਨੇ ਕਿਹਾ ਹੈ ਕਿ 90 ਰੁਪਏ ਦੇ ਕੇ ਮੈਂਬਰਾਂ ਨੂੰ ਚੁੱਪ ਕਰਾਇਆ ਜਾ ਰਿਹਾ ਹੈ। ਤੀਸਰਾ, ਇਨ੍ਹਾਂ ਨੇ ਇਸ਼ਾਰਾ ਕਰਕੇ ਕਿਹਾ ਹੈ ਕਿ ਇਹ ਜਗੀਰਦਾਰ ਹਨ, ਇਨ੍ਹਾ ਦੇ ਕਾਰਖਾਨੇ ਹਨ, ਇਸ ਲਈ ਇਹ ਪੈਸੇ ਨਹੀਂ ਵਧਾਉਣੇ ਚਾਹੀਦੇ। ਮੈਂ ਸਮਝਦਾ ਹਾਂ ਕਿ ਇਹ ਮੈਂਬਰਾਂ ਦੀ ਲੋੜ ਹੈ। ਇਨ੍ਹਾਂ ਦੀ ਪੁਜ਼ੀਸ਼ਨ ਸਾਡੇ ਨਾਲੋਂ ਵੱਖਰੀ ਹੈ । ਇਹ ਆਪਣੇ ਪੈਸੇ ਪਾਰਟੀ ਨੂੰ ਦਿੰਦੇ ਹਨ । ਜੇ ਇਹ ਦੂਹਰੀ ਗੁਲਾਮੀ ਦੀ ਹਾਲਤ ਵਿੱਚ ਰਹਿੰਦੇ ਹੋਣ ਤਾਂ ਅਸੀਂ ਕੀ ਕਰੀਏ । ਇਕ ਪਾਸੇ ਤਾਂ ਪਾਰਟੀ ਦੀ ਗੁਲਾਮੀ ਹੈ । ਫਿਰ ਰੂਸ ਅਤੇ ਚੀਨ ਦੀ ਵੀ ਗੁਲਾਮੀ ਹੈ । ਫਿਰ ਇਨ੍ਹਾਂ ਨੂੰ ਐਮਬੈਸੀਆਂ ਤੋਂ ਪੈਸੇ ਮਿਲਦੇ ਹਨ, ਉਹ ਕਿਉਂ ਨਹੀਂ ਦਸਦੇ । ਕਦੇ ਮਾਸਕੋ ਤੋਂ ਡਰਾਫਟ ਆ ਜਾਂਦਾ ਹੈ ਅਤੇ ਕਦੇ ਚੀਨ ਤੋਂ ਆ ਜਾਂਦਾ ਹੈ । ਇਨ੍ਹਾਂ ਨੂੰ ਇਸ ਪੈਸੇ ਦੀ ਕੀ ਲੋੜ ਹੈ।

ਸ਼੍ਰੀ ਸੰਤ ਰਾਮ ਸਿੰਗਲਾ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਕਾਮਰੇਡ ਚੀਮਾਂ ਜੀ ਨੇ ਕਿਹਾ ਹੈ ਕਿ ਨਾ ਕੋਈ ਸਾਡੀ ਜ਼ਮੀਨ ਹੈ ਅਤੇ ਨਾ ਹੀ ਇੰਡਸਟਰੀ ਹੈ । ਨਾ ਕੋਈ ਹੋਰ ਕਾਰੋਬਾਰ ਹੈ ਅਤੇ ਜਿਹੜੇ ਪੈਸੇ ਇਨ੍ਹਾਂ ਨੂੰ ਇਥੋਂ ਮਿਲਦੇ ਹਨ ਉਹ ਇਹ ਪਾਰਟੀ ਨੂੰ ਦੇ ਦਿੰਦੇ ਹਨ । ਮੈਂ ਤੁਹਾਡੇ ਰਾਹੀਂ ਕਾਮਰੇਡ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਗੁਜ਼ਾਰਾ ਫਿਰ ਕਿਸ ਤਰ੍ਹਾਂ ਕਰਦੇ ਹਨ ? ਜਿਹੜੇ ਪੈਸੇ ਸਰਕਾਰ ਕਾਂਸਟੀਚਿਊਐਂਸੀ ਦੇ ਲੋਕਾਂ ਦੀ ਸੇਵਾ ਕਰਨ ਵਾਸਤੇ ਦਿੰਦੀ ਹੈ ਉਹ ਇਹ ਪਾਰਟੀ ਵਿੱਚ ਜਮ੍ਹਾਂ

ਕਰਾ ਦਿੰਦੇ ਹਨ । ਕੀ ਇਸ ਤਰ੍ਹਾਂ ਇਹ ਪੈਸਿਆਂ ਦਾ ਮਿਸਯੂਜ਼ ਨਹੀਂ ਕਰਦੇ ? ਇਹ ਕੰਸਟੀਚਿਊਐਂਸੀ ਅਲਾਊਂਸ ਲੋਕਾਂ ਦੀ ਸੇਵਾ ਕਰਨ ਵਾਸਤੇ ਮਿਲਦਾ ਹੈ । ਇਸ ਲਈ ਜਿਹੜੇ ਪੈਸੇ ਇਨ੍ਹਾਂ ਨੂੰ ਅਸੈਂਬਲੀ ਵਿਚੋਂ ਕੰਸਟੀਚਿਊਐਂਸੀ ਦੀ ਸੇਵਾ ਕਰਨ ਵਾਸਤੇ ਮਿਲਦੇ ਹਨ ਅਤੇ ਪਾਰਟੀ ਵਿੱਚ ਇਨ੍ਹਾਂ ਨੇ ਜਮਾਂ ਕਰਵਾ ਦਿੱਤੇ ਹਨ, ਕੀ ਉਹ ਵਾਪਸ ਅਸੈਂਬਲੀ ਵਿੱਚ ਜਮ੍ਹਾਂ ਕਰਾਉਣਗੇ? ਦੂਸਰਾ, ਇਨ੍ਹਾਂ ਨੇ ਬੜੀ ਬਦਜ਼ਬਾਨੀ ਨਾਲ ਕਿਹਾ ਹੈ ਕਿ ਇਹ ਪੈਸਾ ਵਧਾ ਕੇ ਮੈਂਬਰਾਂ ਨੂੰ ਟੁੱਕ ਪਾਇਆ ਜਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਤਾਂ ਰੂਸ ਅਤੇ ਚੀਨ ਕੋਲੋਂ ਪੈਸਾ ਆਉਂਦਾ ਹੈ । ਇਨ੍ਹਾਂ ਨੇ ਆਪਣੀ ਜ਼ਮੀਰ ਤਾਂ ਗਿਰਵੀ ਰੱਖੀ ਹੋਈ ਹੈ । ਇਨ੍ਹਾਂ ਨੂੰ ਇਹ ਪੈਸੇ ਕਿਸ ਲਈ ਚਾਹੀਦੇ ਹਨ ?

ਮਾਸਟਰ ਚੰਦ ਸਿੰਘ : ** ** **

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਬਗੈਰ ਇਜਾਜ਼ਤ ਦੇ ਮੈਂਬਰ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ** ** **

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਮੈਂਬਰ ਸਾਹਿਬ, ਪਰਮਿਸ਼ਨ ਦੇ ਬਿਨਾ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ ।

ਪੰਡਿਤ ਸਰਵਣ ਰਾਮ : ** ** **

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ ।

ਸ਼੍ਰੀ ਰਾਮ ਲਾਲ ਚਿੱਟੀ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਇਜਾਜ਼ਤ ਦੇ ਬਗੈਰ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ ।

ਪੰਡਿਤ ਸਰਵਣ ਰਾਮ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਇਜਾਜ਼ਤ ਦੇ ਬਗੈਰ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ ।

ਕਾਮਰੇਡ ਸੱਘੜ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਸੁਝਾਓ ਇਹ ਹੈ ਕਿ ਰੂਲਿੰਗ ਪਾਰਟੀ ਇਹ ਮਤਾ ਲਿਆਵੇ ਕਿ ਜਿਤਨੇ ਵੀ ਕੁਰੱਪਸ਼ਨ ਦੇ ਇਲਜ਼ਾਮ ਲੱਗੇ ਹਨ ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ ।

**Not recorded as ordered by the Chair.

ਕਾਮਰੇਡ ਸਰਵਣ ਸਿੰਘ ਚੀਮਾਂ : ਡਿਪਟੀ ਸਪੀਕਰ ਸਾਹਿਬ, ਜੋ ਕੁਝ ਇਥੇ ਹੁਣੇ ਹੀ ਕਿਹਾ ਗਿਆ ਹੈ, ਮੇਰਾ ਖਿਆਲ ਹੈ, ਕਿ ਰੂਲਿੰਗ ਪਾਰਟੀ ਵੱਲੋਂ ਹੀ ਉਸ ਵਾਸਤੇ ਜ਼ਿਆਦਾ ਮੈਂਬਰ ਉੱਠੇ ਹਨ।....

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ।

ਕਾਮਰੇਡ ਸਰਵਣ ਸਿੰਘ ਚੀਮਾਂ : ਡਿਪਟੀ ਸਪੀਕਰ ਸਾਹਿਬ, ਰੂਲਿੰਗ ਪਾਰਟੀ ਵੱਲੋਂ ਮੈਂਬਰ ਉਠੇ ਹਨ ਅੋਰ ਉਨ੍ਹਾਂ ਨੇ ਰੌਲਾ ਪਾਇਆ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਉੱਠਣ ਦਾ ਮਤਲਬ ਇਹ ਹੈ ਕਿ ਇਹ ਬਿੱਲ ਵਾਪਸ ਹੋਣਾ ਚਾਹੀਦਾ ਹੈ। ਇਹ ਚੰਗੀ ਗੱਲ ਹੈ। ਲੋਕਾਂ ਦੇ ਭਲੇ ਦੀ ਗੱਲ ਹੈ। ਇਸ ਵਾਸਤੇ ਇਹ ਉੱਠੇ ਹਨ। ਮੈਨੂੰ ਖੁਸ਼ੀ ਹੈ ਇਸ ਗੱਲ ਦੀ ਕਿ ਇਹ ਵੀ ਲੋਕਾਂ ਦਾ ਭਲਾ ਚਾਹੁੰਦੇ ਹਨ ਅੋਰ ਚਾਹੁੰਦੇ ਹਨ ਕਿ ਇਹ ਬਿੱਲ ਵਾਪਸ ਲੈ ਲਿਆ ਜਾਵੇ। ਆਪਣੀ ਪਾਰਟੀ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਦਿਆਂ ਕਿ ਸਾਡੇ ਜਿਹੜੇ ਐਮ: ਐਲ. ਏਜ਼. ਆਦ-ਧਰਮੀ ਜਾਂ ਪਛੜੀਆਂ ਸ਼੍ਰੇਣੀਆਂ ਨਾਲ ਤੁਅੱਲਕ ਰੱਖਦੇ ਹਨ ਉਨ੍ਹਾਂ ਨੂੰ 400 ਰੁਪਿਆ ਮਹੀਨਾ ਦਿੰਦੇ ਹਾਂ ਅੋਰ ਜਿਹੜੇ ਸਾਡੇ ਵਰਗੇ ਕਿਰਸਾਨੀ ਨਾਲ ਸਬੰਧ ਰੱਖਦੇ ਹਨ ਉਨ੍ਹਾਂ ਨੂੰ 300 ਰੁਪਿਆ ਮਹੀਨਾ ਦਿੰਦੇ ਹਾਂ। (ਵਿਘਨ) ਧਨੌਲਾਲੀ ਜੀ ਬੈਠ ਜਾਓ, ਮੈਨੂੰ ਬੋਲਣ ਦਿਓ। ਡਿਪਟੀ ਸਪੀਕਰ ਸਾਹਿਬ, ਜਿੱਥੋਂ ਤਕ ਰੋਡਵੇਜ਼ ਦਾ ਸਵਾਲ ਹੈ ਅਸੀਂ ਕਿਸੇ ਤੋਂ ਕੋਈ ਪੈਸੇ ਨਹੀਂ ਲੈਂਦੇ। ਇਹ ਗਿੱਝੇ ਹੋਏ ਹਨ ਕਾਰਖਾਨੇਦਾਰਾਂ ਤੋਂ ਪੈਸੇ ਲੈਣ ਦੇ ਅੋਰ ਮਜ਼ਦੂਰਾਂ ਦੀ ਪਿੱਠ ਤੇ ਲੱਤ ਮਾਰਨ ਦੇ। ਮੈਂ, ਡਿਪਟੀ ਸਪੀਕਰ ਸਾਹਿਬ, ਚੈਲੰਜ ਕਰਦਾ ਹਾਂ ਕਿ ਇਹ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਇਕ ਵੀ ਸਬੂਤ ਦੇ ਦੇਣ ਜੇ ਅਸੀਂ ਕਿਸੇ ਮੁਲਕ ਤੋਂ, ਰਸ਼ੀਆਂ ਤੋਂ ਜਾਂ ਚੀਨ ਤੋਂ, ਇਕ ਵੀ ਪੈਸਾ ਲੈਂਦੇ ਹੋਈਏ। ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਅਗਰ ਇਹ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਇਕ ਵੀ ਸਬੂਤ ਦੇ ਦੇਣ, ਸਾਬਤ ਕਰ ਦੇਣ ਕਿ ਅਸੀਂ ਕਿਸੇ ਮੁਲਕ ਤੋਂ ਕੋਈ ਪੈਸਾ ਲਿਆ ਹੈ ਤਾਂ ਮੈਨੂੰ ਫੜ ਕੇ ਜੇਲ੍ਹ ਵਿਚ ਦੇ ਦੇਣ ਨਹੀਂ ਤਾਂ ਇਨ੍ਹਾਂ ਸਾਰਿਆਂ ਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਫੜ ਕੇ ਜੇਲ੍ਹ ਵਿਚ ਦਿਓ ਜਿਹੜੇ ਕਿ ਗਲਤ ਗੱਲਾਂ ਕਰਦੇ ਹਨ। ਇਥੇ ਆ ਕੇ ** ਬੋਲਦੇ ਹਨ। ਇਹ ਸਰਮਾਏਦਾਰਾਂ ਦੇ ਨਾਲ ਰੱਲੇ ਹੋਏ ਹਨ। (ਵਿਘਨ) ਡਪਟੀ ਸਪੀਕਰ ਸਾਹਿਬ, ਜਿੱਥੋਂ ਤਕ ਇਸ ਬਿੱਲ ਦੀ ਤਰਮੀਮ ਦਾ ਸਵਾਲ ਹੈ, ਜੇਕਰ ਅਸੀਂ ਇਸ ਦਾ ਵਿਰੋਧ ਕਰਦੇ ਹਾਂ ਤਾਂ ਇਨ੍ਹਾਂ ਨੂੰ ਕੀ ਤਕਲੀਫ ਹੋਈ ਹੈ? ਅਗਰ ਇਨ੍ਹਾਂ ਨੂੰ ਗਰੀਬਾਂ ਨਾਲ ਹਮਦਰਦੀ ਹੈ, ਹਰੀਜਨਾਂ ਨਾਲ ਹਮਦਰਦੀ ਹੈ, ਤਾਂ ਜਿਹੜੀਆਂ ਇਹ ਵੱਡੀਆਂ ਵੱਡੀਆਂ ਜ਼ਮੀਨਾਂ ਵਾਲੇ ਹਨ ਉਨ੍ਹਾਂ ਤੋਂ ਜ਼ਮੀਨਾਂ ਲੈ ਕੇ ਬੇਜ਼ਮੀਨਿਆਂ ਨੂੰ ਵੰਡ ਦੇਣ। ਜਾਂ ਕੋਈ ਇਸ ਤਰ੍ਹਾਂ ਦਾ ਬਿੱਲ ਲਿਆਉਣਾ ਚਾਹੁੰਦੇ ਹਨ ਤਾਂ ਭਾਵੇਂ ਲੈ ਆਉਣ।

ਸ਼੍ਰੀ ਡਿਪਟੀ ਸਪੀਕਰ : ** ਦਾ ਲਫਜ਼ ਐਕਸਪੰਜ ਕਰ ਦਿਓ। ਚੀਮਾ ਸਾਹਿਬ, ਹੁਣ ਤੁਸੀਂ ਬੈਠੋ।

(ਇਸ ਸਮੇਂ ਸਰਦਾਰ ਬੀਰਦਵਿੰਦਰ ਸਿੰਘ ਅਤੇ ਡਾਕਟਰ ਭਗਤ ਸਿੰਘ ਬੋਲਣ ਲਈ ਖੜੇ ਹੋਏ।)

ਸ਼੍ਰੀ ਡਿਪਟੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਇਨ੍ਹਾਂ ਤੋਂ ਮਗਰੋਂ ਬੋਲ ਲੈਣਾ।

**Expunged as ordered by the Chair.

ਸਰਦਾਰ ਬੀਰਦਵਿੰਦਰ ਸਿੰਘ (ਸਰਹਿਦ) : ਡਿਪਟੀ ਸਪੀਕਰ ਸਾਹਿਬ, ਇਹ ਜੋ ਬਿੱਲ ਫਾਇਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਇਹ ਜਨਰਲ ਪਰਪਜਿਜ਼ ਕਮੇਟੀ ਵਿਚ ਵਿਚਾਰੇ ਜਾਣ ਤੋਂ ਬਾਅਦ ਪੇਸ਼ ਕੀਤਾ ਗਿਆ ਹੈ। ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਹੈ ਕਿ ਉਹ ਇਸ ਦਾ ਵਿਰੋਧ ਵੀ ਕਰਨਗੇ ਔਰ ਲੈਣਗੇ ਵੀ ਜ਼ਰੂਰ। ਉਨ੍ਹਾਂ ਨੇ ਧਰਮ ਦਾ ਜ਼ਿਕਰ ਕੀਤਾ ਔਰ ਬੜੇ ਦਰਦ ਨਾਲ ਆਪਣੇ ਵਿਚਾਰ ਰੱਖੇ। ਪਰ ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਉਨ੍ਹਾਂ ਦੇ ਕਿਰਦਾਰ ਬਾਰੇ ਮੈਨੂੰ ਇਕਬਾਲ ਦਾ ਇਕ ਸ਼ੇਅਰ ਯਾਦ ਆ ਗਿਆ ਹੈ :—

"ਇਕਬਾਲ ਬੜਾ ਉਪਦੇਸ਼ਿਕ ਹੈ, ਮਨ ਬਾਤੋਂ ਮੇਂ ਮੋਹ ਲੇਤਾ ਹੈ
ਗਫਤਾਰ ਕਾ ਤੋ ਵੋਹ ਗਾਜ਼ੀ ਹੈ, ਕਿਰਦਾਰ ਕਾ ਗਾਜ਼ੀ ਬਨ ਨਾ ਸਕਾ।"

ਡਿਪਟੀ ਸਪੀਕਰ ਸਾਹਿਬ, ਜਾਂ ਤਾਂ ਇਹ ਇਥੇ ਮਤਾ ਪੇਸ਼ ਕਰਨ ਕਿ ਅਸੀਂ ਇਹ ਸਹੂਲਤ ਨਹੀਂ ਲਵਾਂਗੇ, ਫਿਰ ਤਾਂ ਲੋਕਾਂ ਨੂੰ ਵੀ ਪਤਾ ਲੱਗੇ ਕਿ ਇਹ ਜੋ ਕੁਝ ਕਹਿੰਦੇ ਹਨ ਉਹ ਕਰਕੇ ਵੀ ਵਿਖਾਉਂਦੇ ਹਨ। ਪਰ ਇਨ੍ਹਾਂ ਨੇ ਤਾਂ ਇਥੇ ਗੱਲਾਂ ਕਰਨੀਆਂ ਹੋਰ ਹਨ, ਸੁਣਨੀਆਂ ਹੋਰ ਹਨ ਤੇ ਕਰਨਾ ਕੁਝ ਹੋਰ ਹੈ। (ਹਾਸਾ) (ਇਸ ਸਮੇਂ ਕਾਮਰੇਡ ਸਰਵਣ ਸਿੰਘ ਚੀਮਾਂ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜੇ ਹੋਏ) ਚੀਮਾਂ ਸਾਹਿਬ, ਤੁਸੀਂ ਫਿਰ ਬੋਲ ਲੈਣਾ, ਮੈਨੂੰ ਗੱਲ ਕਰ ਲੈਣ ਦਿਓ। ਜੋ ਕੁਝ ਤੁਸੀਂ ਕਿਹਾ ਹੈ ਪਹਿਲਾਂ ਮੈਨੂੰ ਉਸ ਬਾਰੇ ਦੱਸ ਲੈਣ ਦਿਓ। ਡਿਪਟੀ ਸਪੀਕਰ ਸਾਹਿਬ, ਜਿਉਂ ਜਿਉਂ ਹਾਲਾਤ ਬਦਲਦੇ ਜਾ ਰਹੇ ਹਨ, ਬਹੁਤ ਸਾਰੀਆਂ ਮੁਸ਼ਕਲਾਤਾਂ ਮੈਂਬਰ ਸਾਹਿਬਾਨ ਨੂੰ ਪੇਸ਼ ਆਉਂਦੀਆਂ ਹਨ ਜਿਨ੍ਹਾਂ ਦਾ ਕਿ ਅਸੀਂ ਪਬਲਿਕਲੀ ਜ਼ਿਕਰ ਵੀ ਨਹੀਂ ਕਰ ਸਕਦੇ। ਮੈਂ ਤੁਹਾਨੂੰ ਇਕ ਐਸੀ ਹੀ ਮਿਸਾਲ ਦੱਸ ਦਿੰਦਾ ਹਾਂ। ਹਰ ਹਫਤੇ, ਹਰ ਐਤਵਾਰ ਸਾਨੂੰ ਇਕ ਅੱਧੀ ਸ਼ਾਦੀ ਤੇ ਜ਼ਰੂਰ ਜਾਣਾ ਪੈਂਦਾ ਹੈ। ਜੇਕਰ ਲੜਕੇ ਦੀ ਸ਼ਾਦੀ ਹੋਵੇ ਤਾਂ ਦਸ, ਦਸ ਰੁਪਏ ਅਤੇ ਜੇਕਰ ਲੜਕੀ ਦੀ ਹੋਵੇ ਤਾਂ ਉਸ ਤੋਂ ਵੀ ਜ਼ਿਆਦਾ ਰੁਪਏ ਸ਼ਗਨ ਦੇ ਦੇਣੇ ਪੈਂਦੇ ਹਨ। ਫਿਰ ਜੇਕਰ ਕੋਈ ਆਨੰਦ ਕਾਰਜ ਹੋਵੇ ਤਾਂ ਪੰਜ ਰੁਪਏ ਰਾਗੀਆਂ ਨੂੰ ਵੀ ਦੇਣੇ ਪੈਂਦੇ ਹਨ। ਇਸ ਤਰ੍ਹਾਂ ਨਾਲ ਸ਼ਾਦੀਆਂ ਤੇ ਔਰ ਆਨੰਦਕਾਰਜਾਂ ਤੇ ਹੀ ਸੌ ਡੇਢ ਸੌ ਰੁਪਿਆ ਤਾਂ ਸਾਨੂੰ ਇਹ ਹੀ ਜੁਰਮਾਨਾ ਹੁੰਦਾ ਹੈ। ਬਾਕੀ ਇਨ੍ਹਾਂ ਦਾ (ਕਮਿਊਨਿਸਟ ਪਾਰਟੀਆਂ ਵੱਲ ਇਸ਼ਾਰਾ) ਤਾਂ ਕੰਮ ਹੀ ਹੈ। ਇਹ ਸਾਨੂੰ ਕਹਿੰਦੇ ਹਨ ਕਿ ਅਸੀਂ ਜਾਗੀਰਦਾਰ ਹਾਂ, ਸਰਮਾਏਦਾਰ ਹਾਂ, ਖਾਂਦੇ ਪੀਂਦੇ ਹਾਂ ਪਰ ਜੇਕਰ ਮੈਂ ਇਹ ਕਹਾਂ ਕਿ ਪਤਾ ਨਹੀਂ ਹੈ ਇਹ ਨੰਗ-ਮਲੰਗ ਦੁਨੀਆਂ ਭਰ ਦੇ ਕਿਥੋਂ ਇਕੱਠੇ ਕਰ ਲਿਆਂਦੇ ਹਨ ਜਿਨ੍ਹਾਂ ਦਾ ਕੰਮ ਹੈ ਆਟਾ ਮੰਗਣਾ, ਜਿਨ੍ਹਾਂ ਦਾ ਕੰਮ ਹੈ ਕਣਕਾਂ ਮੰਗਣੀਆਂ, ਤਾਂ ਫਿਰ ਇਹ ਇਤਰਾਜ਼ ਕਰਨਗੇ। (ਹਾਸਾ) ਆਟਾ ਤਾਂ ਇਹ ਮੰਗ ਸਕਦੇ ਹਨ, ਇਨ੍ਹਾਂ ਨੂੰ ਖੁਲ੍ਹ ਹੈ। (ਹਾਸਾ) ਇਹ ਸਹੂਲਤਾਂ ਮਿਲਣੀਆਂ ਹਨ ਔਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਢਿੱਡ ਭੁੱਖੇ ਹਨ। ਪਰ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੇਖਿਆ ਹੈ ਕਿ ਇਹ ਸੱਭ ਤੋਂ ਪਹਿਲਾਂ ਮੈਸ ਵਿਚ ਬੈਠੇ ਹੁੰਦੇ ਹਨ ਔਰ ਰਾਸ਼ਨ ਪਾਣੀ ਪੂਰੀ ਤਰ੍ਹਾਂ ਛੱਕ ਕੇ ਆਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਭੱਤੇ ਇਨ੍ਹਾਂ ਨੇ ਲੈਣੇ ਹੀ ਹਨ ਤਾਂ ਫਿਰ ਇਨ੍ਹਾਂ ਗੱਲਾਂ ਦਾ ਵਿਰੋਧ ਕਰਨ ਦੀ ਕੀ ਜ਼ਰੂਰਤ ਹੈ, ਕੀ ਫਾਇਦਾ ਹੈ? ਅੱਜ ਮੈਂਬਰਜ਼ ਦੀਆਂ ਬਹੁਤ ਸਾਰੀਆਂ ਪ੍ਰਾਬਲਮਜ਼ ਹਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ

[ਸਰਦਾਰ ਬੀਰਦਵਿੰਦਰ ਸਿੰਘ]

ਹੈ। ਗਵਾਂਢੀ ਰਾਜਾਂ ਵਿਚ ਵੇਖ ਲਵੋ ਕਿਤਨੀਆਂ ਸਹੂਲਤਾਂ ਮੈਂਬਰਜ਼ ਨੂੰ ਹਨ। ਡਿਪਟੀ ਸਪੀਕਰ ਸਾਹਿਬ, ਆਪਣੇ ਆਪਣੇ ਹਲਕੇ ਦੇ ਕੋਈ 80/90 ਹਜ਼ਾਰ ਪਰਿਵਾਰਾਂ ਦੀ ਜ਼ਿੰਮੇਵਾਰੀ ਇਕ ਐਮ. ਐਲ. ਏ. ਨੂੰ ਨਿਭਾਉਣੀ ਪੈਂਦੀ ਹੈ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਕਹਿੰਦੇ ਰਹਿੰਦੇ ਹਨ ਕਿ ਫਲਾਣੇ ਨੇ ਕੋਠੀਆਂ ਬਣਾ ਲਈਆਂ, ਕਾਰਾਂ ਲੈ ਲਈਆਂ, ਮੈਂ ਕਹਿੰਦਾ ਹਾਂ ਕਿ ਕੋਈ ਅਗਲੇ ਸੈਸ਼ਨ ਵਿਚ ਸਰਕਾਰ ਐਸੀ ਤਰਮੀਮ ਲਿਆਵੇ ਕਿ ਕੁਝ ਪਿੰਡਾਂ ਦਾ ਜਿੱਥੇ ਮਰਕਜ਼ ਹੋਵੇ, ਉਸ ਸਥਾਨ ਤੇ ਕੋਈ ਐਸਾ ਮਕਾਨ ਬਣਾਇਆ ਜਾਵੇ ਜਿਹੜਾ ਐਮ. ਐਲ. ਏਜ਼. ਲਈ ਰਖਿਆ ਜਾਵੇ, ਔਰ ਉਸ ਕੁਆਰਟਰ ਵਿਚ ਟੈਲੀਫੂਨ ਹੋਵੇ, ਜੀਪ ਹੋਵੇ ਤਾਂ ਜੋ ਐਮ. ਐਲ. ਏ. ਆਪਣੀ ਡਿਊਟੀ ਸਰ-ਅੰਜਾਮ ਠੀਕ ਢੰਗ ਨਾਲ ਦੇ ਸਕੇ। ਇਥੇ ਇਹੋ ਹੀ ਇਲਜ਼ਾਮ ਲਗਾਦਾ ਹੈ ਕਿ ਫਲਾਣੇ ਨੇ ਕੋਠੀ ਬਣਾ ਲਈ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਕੋਈ ਐਮ. ਐਲ. ਏ. ਲੋਕਾਂ ਦੀ ਸੇਵਾ ਕਰਦਾ ਹੈ, ਆਪਣੀ ਕੁੱਲੀ ਵਿੱਚ ਬੈਠਾ ਹੋਇਆ ਹੈ ਔਰ ਉਹ ਮਹਿਸੂਸ ਕਰਦਾ ਹੈ ਕਿ ਉਸ ਪਾਸ ਆਣ ਵਾਲੇ ਲੋਕਾਂ ਦੇ ਬੈਠਣ ਲਈ ਕੋਈ ਬੈਠਕ ਵਗੈਰਾ ਜ਼ਰੂਰ ਹੋਵੇ ਤਾਂ ਇਹ ਗਲਤ ਗੱਲ ਨਹੀਂ ਹੈ। ਸੋ ਜਿਉਂ ਜਿਉਂ ਲੋੜਾਂ ਵੱਧਦੀਆਂ ਹਨ। ਉਨ੍ਹਾਂ ਨੂੰ ਪੂਰਾ ਕਰਨ ਲਈ ਉਹ ਉਪਰਾਲੇ ਕਰਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਪਬਲਿਕ ਮੈਨ ਵਿਚੋਂ ਕੁਰੱਪਸ਼ਨ ਨੂੰ ਦੂਰ ਕਰਨ ਲਈ ਇਹ ਜ਼ਰੂਰੀ ਹੈ ਕਿ ਐਮ. ਐਲ. ਏਜ਼. ਦੇ ਇਤਨੇ ਸਾਧਨ ਤਾਂ ਜ਼ਰੂਰ ਹੋਣ ਤਾਂਕਿ ਉਸ ਨੂੰ ਇਧਰ ਉਧਰ ਨਾ ਵੇਖਣਾ ਪਵੇ। ਡਿਪਟੀ ਸਪੀਕਰ ਸਾਹਿਬ, ਪੈਟਰੋਲ ਦੀ ਕੀਮਤ ਵੀ ਵੇਖ ਲਓ ਅਤੇ ਜੋ ਕੁਝ ਮੈਂਬਰ ਨੂੰ ਮਿਲਦਾ ਹੈ ਉਹ ਵੀ ਵੇਖ ਲਵੋ। 75 ਪੈਸੇ ਪਰ ਕਿਲੋਮੀਟਰ ਮੈਂਬਰ ਨੂੰ ਦਿੱਤੇ ਜਾਂਦੇ ਹਨ ਜੇਕਰ ਉਹ ਕਿਤੇ ਮੀਟਿੰਗ ਵਗੈਰਾ ਅਟੈਂਡ ਕਰਨ ਆਪਣੀ ਕਾਰ ਵਿਚ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਪੈਟਰੋਲ ਇਤਨਾ ਮਹਿੰਗਾ ਹੋ ਗਿਆ ਹੈ ਕਿ ਜੇਕਰ ਡੇਢ ਰੁਪਿਆ ਪਰ ਕਿਲੋਮੀਟਰ ਵੀ ਮੈਂਬਰ ਨੂੰ ਦਿੱਤਾ ਜਾਵੇ ਤਾਂ ਵੀ ਉਸ ਦਾ ਖਰਚਾ ਪੂਰਾ ਨਹੀਂ ਹੋ ਸਕਦਾ। ਇਨ੍ਹਾਂ ਹਾਲਾਤ ਨੂੰ ਮੁੱਖ ਰੱਖ ਕੇ ਮੈਂ ਬੇਨਤੀ ਕਰਾਂਗਾ ਕਿ ਮੈਨੂੰ ਖੁਸ਼ੀ ਹੈ ਕਿ ਜਨਰਲ ਪਰਪਜ਼ ਕਮੇਟੀ ਦੀ ਜੋ ਰਿਕੁਮੈਂਡੇਸ਼ਨ ਸੀ ਉਹ ਖਜ਼ਾਨਾ ਮੰਤਰੀ ਸਾਹਿਬ ਨੇ ਬੜੀ ਖੁਲਦਿਲੀ ਨਾਲ ਔਰ ਦਲੇਰੀ ਨਾਲ ਵਿਚਾਰੀ ਹੈ। ਮੈਂ ਬੇਨਤੀ ਕਰਾਂਗਾ ਕਿ ਅਗਲੇ ਸੈਸ਼ਨ ਵਿਚ ਜੋ ਹੋਰ ਵੀ ਲੈਜਿਸਲੇਟਰਜ਼ ਨੂੰ ਸਹੂਲਤਾਂ ਦਿੱਤੀਆਂ ਜਾਣੀਆਂ ਹਨ ਉਨ੍ਹਾਂ ਤੇ ਵੀ ਇਸੇ ਤਰ੍ਹਾਂ ਹੀ ਖੁਲਦਿਲੀ ਦਾ ਸਬੂਤ ਦੇਣ।

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਅਗਲਾ ਰੈਜ਼ੋਲਿਊਸ਼ਨ ਜਿਹੜਾ ਹਾਊਸ ਵਿਚ ਆਉਣਾ ਹੈ, ਉਹ ਬਹੁਤ ਇੰਪਾਰਟੈਂਟ ਹੈ। ਐਜੂਕੇਸ਼ਨ ਸਿਸਟਮ ਜੋ ਇਸ ਵੇਲੇ ਹੈ, ਉਸ ਤੇ ਅਸੀਂ ਵਿਚਾਰ ਕਰਨੀ ਹੈ ਔਰ ਇਸ ਲਈ ਇਸ ਬਿੱਲ ਤੇ ਜ਼ਿਆਦਾ ਟਾਈਮ ਹੋਰ ਨਹੀਂ ਲਗਾਉਣਾ ਚਾਹੀਦਾ। ਪਹਿਲਾਂ ਹੀ ਇਸ ਤੇ ਜ਼ਿਆਦਾ ਟਾਈਮ ਲੱਗ ਗਿਆ ਹੈ। ਮੈਂ ਵੀ ਕੋਈ ਜ਼ਿਆਦਾ ਟਾਈਮ ਨਹੀਂ ਲੈਣਾ। ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਸਪੀਕਰ ਸਾਹਿਬ ਨੇ ਹੁਣ ਅਗਲੇ ਸਾਲ ਵਾਸਤੇ ਕਮੇਟੀਆਂ ਬਣਾਉਣੀਆਂ ਹਨ ਔਰ ਇਹ ਜਿਹੜੇ ਰੂਲਿੰਗ ਪਾਰਟੀ ਵਾਲੇ ਹਨ, ਇਹ ਇਕ ਇਕ ਮੈਂਬਰ ਦੋ—ਦੋ, ਤਿੰਨ—ਤਿੰਨ ਕਮੇਟੀਆਂ ਦੇ ਮੈਂਬਰ ਬਣ ਜਾਣਗੇ ਔਰ ਤੀਹ ਦਿਨ ਹੀ ਇਹ 45 ਰੁਪਏ ਘਰ ਬੈਠੇ ਰੋਜ਼ ਦੇ ਕਮਾਉਣਗੇ। ਪਹਿਲਾਂ ਚਾਰ ਦਿਨ ਦਾ ਵਕਫ਼ਾ ਹੁੰਦਾ ਸੀ, ਹੁਣ ਦੋ ਦਿਨਾਂ ਦਾ ਕੀਤਾ ਹੈ ਅਤੇ ਹੁਣ ਪ੍ਰੋਪੋਜ਼ਲ ਹੈ ਇਕ ਦਿਨ ਦਾ ਵਕਫ਼ਾ ਰੱਖਣ ਦਾ। ਮੈਂ ਕਹਿੰਦਾ ਹਾਂ ਕਿ ਦੋ ਦਿਨ ਨਹੀਂ ਬਲਕਿ ਮੈਂਬਰਜ਼ ਨੂੰ ਆਉਣ ਜਾਣ ਵਿਚ ਫੈਸਿਲਿਟੀਜ਼ ਦਿਓ ਔਰ

ਸਰਕਾਰੀ ਪੱਧਰ ਤੇ ਇਹ ਹੀ ਨਹੀਂ ਕਿ ਮੈਂਬਰਜ਼ ਨੂੰ ਫੈਸਿਲਿਟੀਜ਼ ਦਿਓ ਬਲਕਿ ਸਰਕਾਰੀ ਪੱਧਰ ਤੇ ਉਨ੍ਹਾਂ ਤੇ ਕੋਈ ਚੈਕ ਵੀ ਲਗਾਓ ਤਾਂਕਿ ਉਹ ਆਪਣੀ ਜ਼ਮੀਰ ਦੇ ਖਿਲਾਫ ਕੰਮ ਨਾ ਕਰ ਸਕਣ । ਉਸ ਦੇ ਹਾਲਾਤ ਉਸ ਨੂੰ ਅਜਿਹਾ ਕਰਨ ਲਈ ਮਜ਼ਬੂਰ ਨਾ ਕਰਨ, ਜਿਸ ਤਰ੍ਹਾਂ ਕਿ ਕੁਝ ਗੱਲਾਂ ਮਜ਼ਬੂਰਨ ਕਰਨੀਆਂ ਪੈ ਜਾਂਦੀਆਂ ਹੋਣ । ਕੋਈ ਐਸੀ ਸੰਸਥਾ ਪੈਦਾ ਕਰ ਦਿਓ ਜਿਹੜੀ ਕਿ ਬਾਕਾਇਦਾ ਪੜਤਾਲ ਕਰ ਸਕੇ ਦੂਜੀ ਮੈਂ ਇਹ ਤਜਵੀਜ਼ ਦਿੰਦਾ ਹਾਂ ਕਿ ਸਾਨੂੰ ਆਪਣੇ ਹਲਕਿਆਂ ਵਿਚ ਟ੍ਰਾਂਸਪੋਰਟ ਦੀ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਜਿਹੜੇ ਸਾਡੇ ਇਲਾਕਿਆਂ ਵਿਚ ਬੀ. ਡੀ. ਓਜ਼. ਵਗੈਰਾ ਹਨ ਉਹ ਐਵੇਂ ਹੀ ਜੀਪਾਂ ਲਈ ਫਿਰਦੇ ਹਨ । ਪਰ ਇਕ ਐਮ. ਐਲ. ਏ. ਨੂੰ ਇਸ ਕਾਰਣ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ । ਜੇ ਹਫਤੇ ਵਿਚ ਇਕ ਜਾਂ ਦੋ ਦਿਨ ਲਈ ਉਹ ਜੀਪਾਂ ਐਮ. ਐਲ. ਏ. ਦੇ ਹਵਾਲੇ ਕਰ ਦਿੱਤੀਆਂ ਜਾਣ ਤਾਂ ਇਸ ਨਾਲ ਐਮ. ਐਲ. ਏ. ਨੂੰ ਕਾਫੀ ਸਹੂਲਤ ਮਿਲ ਸਕਦੀ ਹੈ । ਕੋਈ ਵੀ ਆਦਮੀ ਅੱਜ ਕਲ ਦੇ ਦਿਨਾਂ ਵਿਚ ਪੈਟਰੋਲ ਦਾ ਖਰਚ ਬਰਦਾਸ਼ਤ ਨਹੀਂ ਕਰ ਸਕਦਾ ਜਦੋਂ ਤਕ ਕਿ ਉਸ ਕੋਲ ਬੇਈਮਾਨੀ ਦਾ ਪੈਸਾ ਨਾ ਹੋਵੇ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਕੋਈ ਨਾ ਕੋਈ ਟ੍ਰਾਂਸਪੋਰਟ ਦਾ ਇੰਤਜ਼ਾਮ ਜ਼ਰੂਰ ਕਰਨਾ ਚਾਹੀਦਾ ਹੈ ।

ਇਕ ਗੱਲ ਮੈਂ ਹੋਰ ਇਨ੍ਹਾਂ ਕਮਿਊਨਿਸਟ ਭਰਾਵਾਂ ਲਈ ਕਹਿੰਦਾ ਹਾਂ ਕਿ ਇਨ੍ਹਾਂ ਦਾ ਹਰ ਵਾਰ ਹੀ ਇਹੀ ਕਹਿਣਾ ਹੁੰਦਾ ਹੈ ਕਿ ਇਹ ਬਿੱਲ ਪਾਸ ਨਹੀਂ ਹੋਣਾ ਚਾਹੀਦਾ । ਪਰ ਜਦੋਂ ਪੈਸੇ ਲੈਣ ਦੀ ਵਾਰ ਆਉਂਦੀ ਹੈ ਤਾਂ ਉਹ ਵੀ ਲੈ ਲੈਂਦੇ ਹਨ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਚ ਪੈਸੇ ਵਾਲੇ ਆਦਮੀ ਵੀ ਹਨ । ਜੇ ਇਹ ਸਹੀ ਮਹਿਨਿਆਂ ਵਿਚ ਚਾਹੁੰਦੇ ਹਨ ਤਾਂ ਇਹ ਪੈਸੇ ਨਾ ਲੈਣ ਔਰ ਆਪਣੀ ਸਾਰੀ ਪ੍ਰਾਪਰਟੀ ਪਾਰਟੀ ਦੇ ਨਾਂ ਕਰ ਦੇਣ । ਐਨਾ ਕਹਿਕੇ ਮੈਂ ਖਤਮ ਕਰਦਾ ਹਾਂ ਕਿਉਂਕਿ ਮੈਂ ਅਗੇ ਐਜੂਕੇਸ਼ਨ ਦੀ ਰਿਪੋਰਟ ਤੇ ਵੀ ਬੋਲਣਾ ਹੈ ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਵਿਚ ਇਹ ਜਿਹੜਾ ਅਲਾਉਂਸਿਜ਼ ਆਫ਼ ਮੈਂਬਰਜ਼ ਦਾ ਬਿੱਲ ਆਇਆ ਹੈ, ਇਸ ਦੀ ਜਨਰਲ ਪਰਪਜ਼ ਕਮੇਟੀ ਨੇ ਵੀ ਸ਼ਿਫਾਰਸ਼ ਕੀਤੀ ਹੈ....

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਨੂੰ ਸਿਰਫ ਦੋ ਮਿੰਟ ਹੀ ਦੇ ਦਿਓ ।

ਸ਼੍ਰੀ ਡਿਪਟੀ ਸਪੀਕਰ : ਹਾਲੇ ਇਕ ਹੋਰ ਰਿਪੋਰਟ ਤੇ ਡਿਸਕਸ਼ਨ ਹੋਣੀ ਹੈ । ਤੁਸੀਂ ਬੈਠੋ । ਸਾਰੇ ਖਿਆਲਾਤ ਆ ਗਏ ਹਨ । ਫਾਇਨਾਂਸ ਮਨਿਸਟਰ ਸਾਹਿਬ, ਤੁਸੀਂ ਬੋਲੋ । (ਵਿਘਨ)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ, ਬਿੱਲ ਦੇ ਪਾਸ ਹੋਣ ਦੀ ਸਟੇਜ ਤੇ ਬੋਲ ਲੈਣ । ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਇਸ ਬਿੱਲ ਦੇ ਉਤੇ ਮੈਂਬਰਜ਼ ਸਾਹਿਬਾਨ ਨੇ ਆਪਣੇ ਖਿਆਲਾਤ ਪ੍ਰਗਟ ਕੀਤੇ ਹਨ । ਇਸ ਬਿੱਲ ਦੀ ਕਾਮਰੇਡ

[ਵਿੱਤ ਮੰਤਰੀ]

ਰਾਜ ਕੁਮਾਰ ਜੀ ਨੇ ਅਤੇ ਸੀ. ਪੀ. ਐਮ. ਦੇ ਚੀਮਾਂ ਸਾਹਿਬ ਨੇ ਵਿਰੋਧਤਾ ਕੀਤੀ ਹੈ। ਬਾਕੀ ਸਭ ਨੇ ਇਸ ਦੇ ਨਾਲ ਸਹਿਮਤੀ ਪ੍ਰਗਟ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਜਨਰਲ ਪਰਪਜ਼ਿਜ਼ ਕਮੇਟੀ ਦੇ ਵਿਚ ਮੈਂਬਰਜ਼ ਸਾਹਿਬਾਨ ਨੇ ਇਹ ਇੱਛਾ ਪ੍ਰਗਟ ਕੀਤੀ ਸੀ ਕਿ ਇਹ ਜਿਹੜੀਆਂ ਹਾਊਸ ਦੀਆਂ ਮੀਟਿੰਗਾਂ ਹੁੰਦੀਆਂ ਹਨ ਇਨ੍ਹਾਂ ਵਿਚ ਉਨ੍ਹਾਂ ਨੂੰ ਖੁਲ੍ਹਾ ਟਾਈਮ ਮਿਲਣਾ ਚਾਹੀਦਾ ਹੈ ਤਾਂਕਿ ਉਹ ਜ਼ਿਆਦਾ ਤੋਂ ਜ਼ਿਆਦਾ ਸਮਾਂ ਦੇ ਕੇ ਸਟੇਟ ਦੀ ਬੇਹਤਰੀ ਵਾਸਤੇ ਆਪਣਾ ਯੋਗਦਾਨ ਦੇ ਸਕਣ। ਉਹ ਇਕ ਦਿਨ ਪਹਿਲੇ ਆਉਣ ਔਰ ਸਵੇਰੇ 9 ਵਜੇ ਮੀਟਿੰਗ ਸ਼ੁਰੂ ਕਰ ਦੇਣ। ਹੁਣ ਤਕ ਕੀ ਹੁੰਦਾ ਰਿਹਾ ਹੈ ਕਿ ਉਨ੍ਹਾਂ ਨੂੰ ਇਕ ਦਿਨ ਦੇ 45 ਰੁਪਏ ਮਿਲਤੇ ਸਨ ਔਰ ਜੇ ਕਿਸੇ ਮੈਂਬਰ ਸਾਹਿਬ ਨੇ ਫਿਰੋਜ਼ਪੁਰ ਤੋਂ ਜਾਂ ਅੰਮ੍ਰਿਤਸਰ ਤੋਂ ਆਉਣਾ ਹੁੰਦਾ ਸੀ ਤਾਂ 6-7 ਘੰਟੇ ਸਫਰ ਵਿਚ ਲਗ ਜਾਂਦੇ ਸਨ ਔਰ ਇਸ ਤਰ੍ਹਾਂ ਕਾਫੀ ਸਮਾਂ ਜ਼ਾਇਆ ਹੋ ਜਾਂਦਾ ਸੀ, ਔਰ ਫਿਰ ਉਹ 2 ਵਜੇ ਮੀਟਿੰਗ ਸ਼ੁਰੂ ਕਰਦੇ ਸਨ। ਇਨ੍ਹਾਂ ਮੁਸ਼ਕਲਾਂ ਨੂੰ ਸਮਝਦੇ ਹੋਏ ਜਨਰਲ ਪਰਪਜ਼ਿਜ਼ ਕਮੇਟੀ ਵਿਚ ਜਿਸ ਵਿਚ ਸਾਰੀਆਂ ਕਮੇਟੀਆਂ ਦੇ ਚੇਅਰਮੈਨ ਹੁੰਦੇ ਹਨ ਅਤੇ ਕੁਝ ਹੋਰ ਮੈਂਬਰਜ਼ ਵੀ ਹੁੰਦੇ ਹਨ ਤਕਰੀਬਨ 30-35 ਮੈਂਬਰਜ਼ ਹੁੰਦੇ ਹਨ ਔਰ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਕੋਈ ਮਿਨੀ ਹਾਊਸ ਚਲ ਰਿਹਾ ਹੋਵੇ ਉਸ ਦੀ ਮੀਟਿੰਗ ਰਖੀ ਗਈ। ਉਸ ਜਨਰਲ ਪਰਪਜ਼ਿਜ਼ ਕਮੇਟੀ ਦੀ ਮੀਟਿੰਗ ਵਿਚ ਯੂਨਾਨੀਮਸਲੀ ਪਾਸ ਨਹੀਂ ਹੋ ਸਕਿਆ ਸੀ ਕਿਉਂਕਿ ਕਾਮਰੇਡ ਰਾਜ ਕੁਮਾਰ ਜੀ ਨੇ ਇਸ ਦੀ ਸਪੋਰਟ ਨਹੀਂ ਕੀਤੀ ਸੀ ਪਰ ਬਾਕੀ ਸਭ ਨੇ ਯੂਨਾਨੀਮਸਲੀ ਇਸ ਨੂੰ ਸਪੋਰਟ ਕੀਤਾ ਸੀ। ਇਸ ਲਈ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਮੈਂਬਰਾਂ ਦੀ ਡਿਮਾਂਡ ਨੂੰ ਪੂਰਾ ਕਰਨ ਲਈ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਇਥੇ ਇਹ ਬਿੱਲ ਲਿਆਂਦੀ।

ਮਾਸਟਰ ਚੰਦ ਸਿੰਘ : ਜਿਹੜੇ ਹਾਜ਼ਰ ਸਨ, ਇਹ ਕਹੋ, ਸਾਰੇ ਨਾ ਕਹੋ।

ਵਿੱਤ ਮੰਤਰੀ : ਠੀਕ ਹੈ, ਤੁਸੀਂ ਨਹੀਂ ਆਏ। ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਹੁਣ ਐਮ.ਐਲ.ਏ. ਨੂੰ ਪਹਿਲੇ ਦਿਨ ਦੇ 45 ਰੁਪਏ ਮਿਲਣਗੇ ਔਰ....

ਸਰਦਾਰ ਬੀਰਦਵਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਸੀ.ਪੀ.ਆਈ. ਵਲੋਂ ਇਕ ਲਿੱਖੀ ਹੋਈ ਚਿਠੀ ਆਈ ਸੀ ਕਿ ਇਹ ਪੈਸੇ ਮਿਲਣੇ ਚਾਹੀਦੇ ਹਨ। (ਵਿਘਨ)

ਵਿੱਤ ਮੰਤਰੀ: ਜੇ ਚਿੱਠੀ ਆ ਗਈ ਸੀ ਤਾਂ ਫਿਰ ਉਨ੍ਹਾਂ ਨੂੰ ਵਿਰੋਧਤਾ ਨਹੀਂ ਕਰਨੀ ਚਾਹੀਦੀ ਸੀ। ਡਿਪਟੀ ਸਪੀਕਰ ਸਾਹਿਬ, ਇਹ ਹੁਣ ਜੋ ਕੁਝ ਮੈਂਬਰਜ਼ ਨੂੰ ਦਿੱਤਾ ਜਾ ਰਿਹਾ ਹੈ ਇਹ ਕੇਵਲ ਇਸ ਸਟੇਟ ਵਿਚ ਹੀ ਨਹੀਂ ਦਿੱਤਾ ਜਾ ਰਿਹਾ, ਇਹ ਹਰਿਆਣੇ ਵਿਚ ਬਹੁਤ ਦੇਰ ਤੋਂ ਸ਼ੁਰੂ ਹੈ। ਰਾਜਿਸਥਾਨ ਵਿਚ ਵੀ ਹੈ। ਇਸ ਲਈ ਅਸੀਂ ਸਮਝਦੇ ਹਾਂ ਕਿ ਜੇ ਇਹ ਸਹੂਲਤ ਮੈਂਬਰਜ਼ ਸਾਹਿਬਾਨ ਨੂੰ ਮਿਲੇ ਤਾਂ ਉਹ ਕਮੇਟੀਆਂ ਵਿਚ ਜ਼ਿਆਦਾ ਯੋਗਦਾਨ ਦੇ ਸਕਣਗੇ। ਹੁਣ ਤਾਂ ਉਹ ਜ਼ਿਆਦਾ ਸਮਾਂ ਨਹੀਂ ਦੇ ਸਕਦੇ ਔਰ ਸਿਰਫ ਘੰਟਾ ਦੋ ਘੰਟਾ ਬੈਠ ਸਕਦੇ ਹਨ। ਪਰ ਹੁਣ ਕਿਉਂਕਿ ਇਕ ਦਿਨ ਉਹ ਪਹਿਲੇ ਆਉਣਗੇ, ਇਸ ਲਈ ਉਹ ਅਗਲੇ ਦਿਨ ਸਵੇਰੇ 9 ਵਜੇ ਵੀ ਬੈਠ ਸਕਣਗੇ ਔਰ ਸ਼ਾਮ ਨੂੰ 2-3 ਵਜੇ ਫਿਰ ਬੈਠ ਕੇ 5-6 ਘੰਟੇ ਇਕ ਦਿਨ ਵਿਚ ਕੰਮ ਕਰ ਸਕਣਗੇ। ਇਸ ਤਰ੍ਹਾਂ ਨਾਲ ਲੋਕਾਂ ਦੇ ਇਲੈਕਟਿਡ ਮੈਂਬਰਾਂ ਦੀ ਕਮੇਟੀਆਂ ਦੇ ਕੰਮ ਵਿਚ ਕੰਟਰੀਬਿਊਸ਼ਨ ਜ਼ਿਆਦਾ ਹੋਵੇਗੀ। ਜਿਸ ਦਾ ਸਟੇਟ ਨੂੰ ਬਹੁਤ ਫਾਇਦਾ ਹੋਵੇਗਾ।

ਡਿਪਟੀ ਸਪੀਕਰ ਸਾਹਬ, ਗੁਪਤਾ ਜੀ ਨੇ ਇਥੇ ਕੁਝ ਕਾਰਾਂ ਦੇ ਅਲਾਊਂਸ ਬਾਰੇ ਜ਼ਿਕਰ ਕੀਤਾ ਸੀ। ਇਸ ਸਬੰਧ ਵਿਚ ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਐਫ.ਡੀ. ਨੇ ਕਲੀਅਰ ਕਰ ਦਿਤਾ ਹੈ ਔਰ ਹੁਣ ਕਾਰ ਦਾ ਅਲਾਊਂਸ 75 ਪੈਸੇ ਦੇ ਬਜਾਏ 1.25 ਰੁਪਏ ਕਰ ਦਿਤਾ ਗਿਆ ਹੈ। ਇਸ ਬਾਰੇ ਡਿਪਟੀ ਸਪੀਕਰ ਸਾਹਿਬ ਨੋਟੀਫਿਕੇਸ਼ਨ ਕਰ ਦੇਣਗੇ ਔਰ ਇਹ ਲਾਗੂ ਹੋ ਜਾਵੇਗਾ (ਤਾੜੀਆਂ) ਦੂਸਰੀ ਗਲ ਜਿਹੜੀ ਇਹ ਕਹੀ ਗਈ ਸੀ ਕਿ ਜਿਹੜੇ ਮੈਂਬਰਜ਼ ਕਾਰਾਂ ਵਿਚ ਨਹੀਂ ਆਉਂਦੇ, ਬਸਾਂ ਵਿਚ ਆਉਂਦੇ ਹਨ ਉਨ੍ਹਾਂ ਨੂੰ ਵੀ ਇਹ ਅਲਾਊਂਸ ਮਿਲਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂਬਰਜ਼ ਸਾਹਿਬਾਨ ਵਾਸਤੇ ਬੱਸਾਂ ਫਰੀ ਹਨ, ਔਰ ਜੇ ਉਹ ਰੇਲ ਵਿਚ ਆਉਣ ਤਾਂ ਫਸਟ ਕਲਾਸ ਦਾ ਕਿਰਾਇਆ ਮਿਲਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਖਿਆਲ ਹੈ ਇਹ ਠੀਕ ਨਹੀਂ ਹੈ। ਇਹ ਠੀਕ ਨਹੀਂ ਲਗਦਾ ਕਿ ਜਿਹੜੇ ਫਰੀ ਬੱਸਾਂ ਵਿਚ ਆਉਣ ਉਨ੍ਹਾਂ ਨੂੰ ਵੀ ਇਹ ਅਲਾਊਂਸ ਮਿਲੇ। ਜਿਹੜਾ ਮੈਂਬਰ ਪੈਟਰੋਲ ਖਰਚ ਕੇ ਕਾਰ ਵਿਚ ਆਵੇ ਉਸ ਨੂੰ ਇਹ ਪੈਸੇ ਮਿਲ ਸਕਦੇ ਹਨ।

ਟੈਲੀਫੂਨ ਦੇ ਬਾਰੇ ਵਿਚ ਜੋ ਇਥੇ ਕਿਹਾ ਗਿਆ ਹੈ, ਉਸ ਸਬੰਧ ਵਿਚ ਮੈਂ ਹੋਰ ਸਟੇਟਾਂ ਦੇ ਬਾਰੇ ਵੀ ਵੇਖਿਆ ਹੈ ਅਤੇ ਪਾਰਲੀਆਮੈਂਟ ਦੇ ਮੈਂਬਰਜ਼ ਨੂੰ ਜੋ ਮਿਲਦਾ ਹੈ ਉਹ ਵੀ ਮੈਂ ਵੇਖਿਆ ਹੈ। ਪਰ ਪੰਜਾਬ ਤੋਂ ਸਿਵਾਏ ਹੋਰ ਕਿਸੇ ਵੀ ਸਟੇਟ ਵਿਚ ਜਾਂ ਲੋਕ ਸਭਾ ਵਿਚ ਇਸ ਤਰ੍ਹਾਂ ਦੀ ਗਲ ਨਹੀਂ ਆਈ ਕਿ ਜਿਸ ਨੂੰ 300/- ਰੁਪਏ ਮਹੀਨੇ ਦਾ ਟੈਲੀਫੂਨ ਦਾ ਅਲਾਊਂਸ ਮਿਲਦਾ ਹੋਵੇ ਉਹ ਆਪਣੇ ਘਰ ਟੈਲੀਫੂਨ ਨਾ ਲਵਾਏ ਔਰ ਉਹ ਪੈਸੇ ਲਈ ਜਾਵੇ ....

ਸਰਦਾਰ ਬਸੰਤ ਸਿੰਘ ਖਾਲਸਾ : ਸਾਡੀ ਬੇਨਤੀ ਇਹ ਸੀ ਕਿ ਜਿਹੜਾ ਮੈਂਬਰ ਆਪਣੇ ਪਿੰਡ ਨੂੰ ਛੱਡ ਕੇ ਚੰਡੀਗੜ ਆ ਕੇ ਜਾਂ ਅੰਮ੍ਰਿਤਸਰ ਜਾ ਕੇ ਕੋਈ ਟੈਲੀਫੂਨ ਦੀਆ ਕਾਲਾਂ ਬੁਕ ਕਰਦਾ ਹੈ ਤਾਂ ਉਹ ਪੈਸੇ ਉਸ ਨੂੰ ਮਿਲਣੇ ਚਾਹੀਦੇ ਹਨ।

ਵਿੱਤ ਮੰਤਰੀ : ਮੈਂ ਇਸ ਗਲ ਵਲ ਹੀ ਆ ਰਿਹਾ ਹਾਂ। ਇਹ ਸੁਣ ਲਓ। ਮੈਂ ਇਹ ਅਰਜ਼ ਕਰ ਰਿਹਾ ਸੀ ਕਿ 3,600/- ਰੁਪਏ ਸਾਲ ਦੇ ਟੈਲੀਫੂਨ ਦੇ ਪੈਸੇ ਦਿੱਤੇ ਹਨ। ਖਾਲਸਾ ਜੀ ਨੇ ਗਲ ਕੀਤੀ ਹੈ ਕਿ ਸਾਨੂੰ ਚੰਡੀਗੜ ਆਕੇ ਕਈ ਟੈਲੀਫੋਨ ਕਰਨੇ ਪੈਂਦੇ ਹਨ ਅਤੇ ਉਸ ਦਾ ਖਰਚਾ ਦੇਣਾ ਪੈਂਦਾ ਹੈ। ਅਗਰ ਮੈਂਬਰ ਸਾਹਿਬਾਨ ਐਮ.ਐਲ.ਏਜ਼ ਹੋਸਟਲ ਤੋਂ ਬਾਹਰ ਟੈਲੀਫੋਨ ਕਰਦੇ ਹਨ ਅਤੇ ਬਿੱਲ ਦੀ ਰਸੀਦ ਲੈਂਦੇ ਹਨ ਫਿਰ ਉਸ ਤੇ ਵਿਚਾਰ ਕਰ ਸਕਦੇ ਹਾਂ। ਅਸੀਂ ਇਨਾਂ ਬਿਲਾਂ ਨੂੰ ਵੀ ਫਿਰ ਸ਼ਾਮਲ ਕਰ ਲਵਾਂਗੇ। ਅਸੀਂ ਇਹ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਾਂਗੇ ਬਲਕਿ ਅਮਲੀ ਰੂਪ ਵੀ ਦਿਆਂਗ। ਕਾਮਰੇਡ ਰਾਜ ਕੁਮਾਰ ਜੀ ਨੇ ਇਸ ਗੱਲ ਦੀ ਬੜੀ ਜ਼ੋਰਦਾਰ ਲਫਜ਼ਾਂ ਵਿਚ ਵਿਰੋਧਤਾ ਕੀਤੀ ਸੀ ਅਤੇ ਕਿਹਾ ਸੀ ਕਿ ਪੰਜਾਬ ਵਿਚ 70% ਲੋਕ ਗਰੀਬ ਹਨ। ਡਿਪਟੀ ਸਪੀਕਰ ਸਾਹਿਬ, ਅਸੀਂ ਸਰਵੇ ਕਰਵਾਇਆ ਸੀ ਕਿ ਕਿੰਨੇ ਪ੍ਰਤੀਸ਼ਤ ਲੋਕ ਗਰੀਬੀ ਦੀ ਰੇਖਾ ਦੇ ਥੱਲੇ ਰਹਿ ਰਹੇ ਹਨ। ਇਹ ਸਾਰੇ ਪੰਜਾਬ ਵਿਚ ਪਿੰਡਾਂ ਵਿਚ ਰਹਿਣ ਵਾਲੇ ਲੋਕ 38% ਹਨ। ਇਨਾਂ ਨੇ ਅੰਕੜੇ ਪਤਾ ਨਹੀਂ ਕਿਥੋਂ ਲਏ ਹਨ। 38% ਲੋਕ ਦਿਹਾਤਾਂ ਵਿਚ

[ਵਿੱਤ ਮੰਤਰੀ]

ਰਹਿੰਦੇ ਹਨ ਅਤੇ 12% ਲੋਕ ਸ਼ਹਿਰਾਂ ਵਿਚ ਰਹਿੰਦੇ ਹਨ । ਇਹ ਕੁਲ ਮਿਲਾ ਕੇ 30% ਬਣਦੇ ਹਨ । ਇਹ ਸਾਰੇ ਪੰਜਾਬ ਵਿਚ 7-8 ਲੱਖ ਪਰਿਵਾਰ ਬਣਦੇ ਹਨ । ਇਨਾਂ ਲੋਕਾਂ ਦੀ ਆਮਦਨੀ 3600/- ਰੁਪਏ ਤਾਂ ਘੱਟ ਹੈ ਅਤੇ 42% ਲੋਕਾਂ ਦੀ 6000/- ਰੁਪਏ ਤੋਂ ਘੱਟ ਹੈ ਅਤੇ 28% ਲੋਕ ਐਸੇ ਹਨ ਜਿਨ੍ਹਾਂ ਵਿਚੋਂ ਕੁਝ ਪ੍ਰਤੀਸ਼ਤ ਇਨਕਮ ਟੈਕਸ ਪੇ ਕਰਦੇ ਹਨ ਜਿਨ੍ਹਾਂ ਦੀ ਆਮਦਨੀ 6000/-ਰੁਪਏ ਤੋਂ ਜ਼ਿਆਦਾ ਹੈ । ਪੰਜਾਬ ਦੀ ਪਰ—ਕੈਪੀਟਾ ਇਨਕਮ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ । ਪੰਜਾਬ ਦਾ ਕਿਸਾਨ, ਕਰਮਚਾਰੀ, ਸ਼ਹਿਰੀ ਚੰਗਾ ਹੈ । ਅਗਰ ਪੰਜਾਬ ਦੇ ਐਮ. ਐਲ. ਏਜ਼ ਸੱਚਮੁਚ ਪੰਜਾਬ ਦੀ ਸੇਵਾ ਕਰਨਾ ਚਾਹੁੰਦੇ ਹਨ ਫਿਰ ਉਹਨਾਂ ਨੂੰ ਪੰਜਾਬ ਦੇ ਲੋਕਾਂ ਦੀ ਸਹੀ ਸ਼ਬਦਾਂ ਵਿਚ ਸੇਵਾ ਕਰਨੀ ਚਾਹੀਦੀ ਹੈ ਔਰ ਜਿਹੜੇ ਮੈਂਬਰ ਇਸ ਬਿੱਲ ਦਾ ਵਿਰੋਧ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਇਹ ਕਲੇਮ ਨਹੀਂ ਕਰਨਾ ਚਾਹੀਦਾ । ਜਿਸ ਤਰ੍ਹਾਂ ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਹੈ ਕਿ ਸਾਡੇ ਪੈਸੇ ਤਾਂ ਪਾਰਟੀ ਨੂੰ ਚਲੇ ਜਾਣੇ ਹਨ ਫਿਰ ਇਨ੍ਹਾਂ ਨੂੰ ਇਹ ਪੈਸੇ ਪਾਰਟੀ ਨੂੰ ਨਹੀਂ ਦੇਣੇ ਚਾਹੀਦੇ । ਮੈਨੂੰ ਯਾਦ ਹੈ ਕਿ ਪਿਛੇ ਇਸ ਹਾਊਸ ਵਿਚ ਇਕ ਮੈਂਬਰ ਮੋਹਣ ਲਾਲ ਜੀ ਹੁੰਦੇ ਸਨ ਉਹ ਆਪਣੀ ਤਨਖਾਹ ਨਹੀਂ ਲੈਂਦੇ ਹੁੰਦੇ ਸਨ ਉਹ ਸਿਰਫ ਇਕ ਰੁਪਿਆ ਲਿਆ ਕਰਦੇ ਸਨ । ਅਗਰ ਇਹ ਵੀ ਉਸੇ ਤਰਾਂ ਕੁਰਬਾਨੀ ਕਰਨਾ ਚਾਹੁੰਦੇ ਹਨ ਫਿਰ ਇਨ੍ਹਾਂ ਨੂੰ ਅਗੇ ਆਉਣਾ ਚਾਹੀਦਾ ਹੈ । ਇਨ੍ਹਾਂ ਨੂੰ ਵਧੇ ਹੋਏ ਪੈਸੇ ਕਲੇਮ ਨਹੀਂ ਕਰਨੇ ਚਾਹੀਦੇ । ਹੁਣ ਮੈਂਬਰ ਜਿਸ ਦਿਨ ਕਮੇਟੀ ਦੀ ਸਿਟਿੰਗ ਅਟੈਂਡ ਕਰਨ ਆਉਣਗੇ ਉਸ ਦਿਨ ਲਿਖਣਗੇ ਅਤੇ ਜਿਸ ਦਿਨ ਜਾਣਗੇ ਉਹ ਲਿਖਣਗੇ । ਕਾਰ ਲੋਨ ਬਾਰੇ ਵੀ ਕਿਹਾ ਗਿਆ ਹੈ । ਇਹ ਬਿੱਲ ਪਾਸ ਹੋ ਚੁਕਾ ਹੈ ਪਰ ਇਸ ਦੇ ਹਾਲੇ ਰੂਲਜ਼ ਨਹੀਂ ਬਣੇ ਹਨ । ਇਹ ਰੂਲਜ਼ ਜਲਦੀ ਬਣਾ ਕੇ ਅਸੀਂ ਐਕਸ਼ਨ ਲਵਾਂਗੇ । ਲੇਕਿਨ ਇਸ ਦਾ ਜਿਹੜਾ ਅਮਾਊਂਟ ਹੈ ਉਹ ਨਹੀਂ ਵਧਾ ਸਕਦੇ । ਅਸੀਂ ਇਸ ਨੂੰ ਆਰਡੀਨੈਂਸ ਰਾਹੀਂ ਨਹੀਂ ਵਧਾਉਣਾ ਚਾਹੁੰਦੇ । ਇਸ ਦੇ ਲਈ ਸਾਨੂੰ ਅਗਲੇ ਸੈਸ਼ਨ ਵਿਚ ਬਿੱਲ ਲਿਆਉਣਾ ਪਵੇਗਾ ਔਰ ਐਮੈਂਡਮੈਂਟ ਕਰਕੇ ਪਾਸ ਕਰਵਾਉਣਾ ਪਵੇਗਾ । ਇਹ ਬਿੱਲ ਅਸੈਂਬਲੀ ਤੋਂ ਪਾਸ ਕਰਵਾ ਕੇ ਹੀ ਮੈਂਬਰਾਂ ਨੂੰ ਫੈਸਲਿਟੀਜ਼ ਦਿਤੀਆਂ ਜਾ ਸਕਦੀਆਂ ਹਨ । ਬਾਕੀ ਕਾਰ ਦੀ ਮਾਈਲੇਜ ਪਰ ਕਿਲੋਮੀਟਰ 1.25 ਰੁਪਏ ਕਰ ਦਿਤੀ ਗਈ ਹੈ । ਇਸ ਦੇ ਲਈ ਐਗਜ਼ੈਕਟਿਵ ਆਰਡਰ ਦੀ ਲੋੜ ਸੀ । ਉਹ ਕਰ ਦਿਤੇ ਹਨ । ਹੁਣ ਜਿਹੜੇ ਮੈਂਬਰ ਇਸ ਬਿੱਲ ਦੇ ਵਿਰੋਧ ਵਿਚ ਵੋਟਾਂ ਪਾਉਣ ਉਹ ਧਰਮ ਮੁਤਾਬਿਕ ਵੱਧ ਪੈਸੇ ਲੈਣ ਦੇ ਹੱਕਦਾਰ ਨਹੀਂ ਹਨ ਅਤੇ ਉਨ੍ਹਾਂ ਨੂੰ ਉਹ ਪੈਸੇ ਨਹੀਂ ਲੈਣ ਚਾਹੀਦੇ । ਇਸ ਦੇ ਨਾਲ ਹੀ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿਤਾ ਜਾਵੇ ।

Sardar Dalip Singh Pandhi: On a point of clarification, Sir.

ਡਿਪਟੀ ਸਪੀਕਰ ਸਾਹਿਬ, ਮੈਂ 2 ਮਿੰਟ ਬੋਲਣਾ ਚਾਹੁੰਦਾ ਹਾਂ ।

Finance Minister: He can speak at the third stage.

ਕਾਮਰੇਡ ਸਤਵੰਤ ਸਿੰਘ ਚੀਮਾਂ : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ, ਇਹ ਗੱਲ ਬਿੱਲ ਵਿਚ ਲਿਖ ਦੇਣ ਕਿ ਜਿਹੜੇ ਮੈਂਬਰ ਇਹ ਪੈਸੇ ਲੈਣ ਲਈ ਤਿਆਰ ਨਹੀਂ ਹਨ ਉਹ ਕਲੇਮ ਨਾ ਕਰਨ ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਿਹਾ ਹੈ ਜਿਹੜੇ ਇਸ ਬਿਲ ਦਾ ਵਿਰੋਧ ਕਰਨ ਉਨ੍ਹਾਂ ਦਾ ਧਰਮ ਨਹੀਂ ਬਣਦਾ ਕਿ ਉਹ ਇਹ ਪੈਸੇ ਕਲੇਮ ਕਰਨ ।

Mr. Deputy Speaker : Question is—

That the Punjab Legislative Assembly (Allowances of Members) Amendment Bill be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

Clause 2

Mr. Deputy Speaker : Question is—

That Clause 2 stand part of the Bill.

The motion was carried.

Clause 1

Mr. Deputy Speaker : Question is—

That Clause I stand part of the Bill.

The motion was carried.

Title

Mr. Deputy Speaker: Question is—

That Title be the title of the Bill.

The motion was carried.

Finance Minister : Sir. I beg to move—

That the Punjab Legislative Assembly (Allowances of Members) Amendment Bill be passed.

Mr. Deputy Speaker : Motion moved—

That the Punjab legislative Assembly (Allowances of Members) Amendment Bill be passed.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ) : ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਨੇ ਇਹ ਪੈਸੇ ਵਧਾਏ ਹਨ। ਹਾਲੇ ਤਕ ਮੈਂਬਰ ਦਾ ਸਧਾਰਨ ਇੱਕਲਾ ਬੱਸ ਵਿਚ ਸਫਰ ਨਹੀਂ ਕਰ ਸਕਦਾ । ਲੈਜਿਸਲੇਟਰਜ

[ਸਰਦਾਰ ਦਲੀਪ ਸਿੰਘ ਪਾਂਧੀ]

ਲਈ ਕੰਪਲੈਕਸ ਹੋਣਾ ਚਾਹੀਦਾ ਹੈ। ਅਗਰ ਕੋਈ ਐਮ. ਐਲ. ਏ. ਬਣ ਜਾਂਦਾ ਹੈ ਭਾਵੇਂ ਉਹ 2 ਦਿਨ ਰਹਿੰਦਾ ਹੈ ਉਸ ਨੂੰ ਪੈਨਸ਼ਨ ਮਿਲਣੀ ਚਾਹੀਦੀ ਹੈ। ਪਾਰਲੀਮੈਂਟ ਵਿਚ ਵੀ ਇਹ ਪਾਸ ਹੋ ਗਿਆ ਹੈ। ਫੇਰ ਜਿਹੜੇ ਸਾਨੂੰ ਰੇਲਵੇ ਕੂਪਨ ਮਿਲਦੇ ਹਨ ਉਹ ਕਈ ਵਾਰ ਇਸਤੇਮਾਲ ਨਹੀਂ ਹੁੰਦੇ। ਮੈਂ ਕਹਿੰਦਾ ਹਾਂ ਕਿ ਤੁਸੀਂ ਸਾਨੂੰ ਪੈਸੇ ਦੇ ਦਿਆ ਕਰੋ ਕੂਪਨਾ ਦੀ ਥਾਂ ਤੇ। ਐਵੇਂ ਹਿਸਾਬ ਕਿਤਾਬ ਦੇ ਚੱਕਰ ਤੋਂ ਬੱਚ ਜਾਵਾਂਗੇ। ਇਹ ਜਿਹੜੀ ਟੈਲੀਫੂਨ ਦੀ ਪੇਮੈਂਟ ਤੇ ਲਿਮਿਟ ਲਗੀ ਹੋਈ ਹੈ ਇਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਮਨਿਸਟਰ ਜਿਥੋਂ ਚਾਹੁਣ ਟੈਲੀਫੂਨ ਕਰ ਸਕਦੇ ਹਨ ਅਤੇ ਪੈਸੇ ਸਰਕਾਰ ਦਿੰਦੀ ਹੈ ਉਸੇ ਤਰ੍ਹਾਂ ਮੈਂਬਰਾਂ ਨੂੰ ਵੀ ਇਹ ਅਲਾਉਡ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਇਹ ਲੋਕਾਂ ਦੀ ਸੇਵਾ ਕਰਦੇ ਹਨ ਉਸੇ ਤਰ੍ਹਾਂ ਮੈਂਬਰ ਵੀ ਲੋਕਾਂ ਦੀ ਸੇਵਾ ਕਰਦੇ ਹਨ। ਇਹ ਜਿਹੜਾ ਮੈਂਬਰਾਂ ਅਤੇ ਮਨਿਸਟਰਾਂ ਵਿਚ ਗੈਪ ਹੈ ਉਹ ਖਤਮ ਹੋਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂਬਰਾਂ ਨੂੰ ਇਕ ਟਾਈਪਿਸਟ ਮਿਲਣਾ ਚਾਹੀਦਾ ਹੈ ਤਾਂਕਿ ਉਹ ਆਪਣੀਆਂ ਚਿੱਠੀਆਂ ਵਗੈਰਾ ਲਿਖਵਾ ਸਕਣ। ਨਾਗਾਲੈਂਡ ਸਟੇਟ ਵਿਚ ਮੈਂਬਰਾਂ ਨੂੰ ਕਾਫੀ ਸਹੂਲਤਾ ਦਿੰਦੇ ਹਨ। ਉਨ੍ਹਾਂ ਨੂੰ ਕਾਰ ਮਿਲਦੀ ਹੈ। ਸਾਨੂੰ ਮੈਂਬਰਾਂ ਨੂੰ ਡੀ. ਸੀ. ਵਹੀਕਲ ਸਪਲਾਈ ਕਰੇ ਤਾਂਕਿ ਅਸੀ ਆਪਣੀਆਂ ਕੰਸਟੀਚਿਊਐਂਸੀਆਂ ਵਿਚ ਫਿਰ ਸਕੀਏ ਅਤੇ ਲੋਕਾਂ ਦੇ ਕੰਮ ਕਰਵਾ ਸਕੀਏ। 40,000/- ਰੁਪਏ ਕਾਰ ਦਾ ਲੋਨ ਬਹੁਤ ਥੋੜ੍ਹਾ ਹੈ। 40,000/- ਰੁਪਏ ਵਿਚ ਕਾਰ ਨਹੀਂ ਮਿਲਦੀ। ਇਸ ਨੂੰ ਵੀ ਵਧਾਉਣਾ ਚਾਹੀਦਾ ਹੈ। ਦੂਜਾ, ਇੱਕ ਲੱਖ ਰੁਪਏ ਵਿਚ ਕੋਈ ਮਕਾਨ ਵਗੈਰਾ ਨਹੀਂ ਮਿਲਦਾ। ਇਹ ਮਕਾਨ ਲਈ ਲੋਨ ਵੀ ਵਧਾਉਣਾ ਚਾਹੀਦਾ ਹੈ। ਸਾਨੂੰ ਮਕਾਨ ਤੋਂ ਬਗੈਰ ਬਹੁਤ ਦਿਕਤ ਪੇਸ਼ ਆਉਂਦੀ ਹੈ। ਇਹ ਜੋ ਹਾਲਟਿੰਗ ਅਲਾਊਂਸ ਦਾ ਬਿਲ ਸਰਕਾਰ ਨੇ ਪੇਸ਼ ਕੀਤਾ ਹੈ, ਉਹ ਜਨਵਰੀ, 1980 ਤੋਂ ਲਾਗੂ ਕੀਤਾ ਜਾਵੇ ਕਿਉਂਕਿ ਉਸ ਵੇਲੇ ਤੋਂ ਕੀਮਤਾਂ ਵੱਧ ਗਈਆਂ ਸਨ। ਪੈਨਸ਼ਨ ਮੈਂਬਰਾਂ ਦੀ 1,000/- ਰੁਪਏ ਮਹੀਨਾ ਹੋਣੀ ਚਾਹੀਦੀ ਹੈ। ਕੰਸਟੀਚਿਊਐਂਸੀ ਅਲਾਊਂਸ 1,000/-ਰੁਪਏ ਮਹੀਨਾ ਹੋਣਾ ਚਾਹੀਦਾ ਹੈ। ਅਸੀਂ ਇਕ ਦਿਨ ਸਭ ਨੇ ਐਕਸ. ਐਮ. ਐਲ. ਏਜ਼. ਬਣ ਜਾਣਾ ਹੈ। ਇਸ ਲਈ ਐਕਸ-ਐਮ. ਐਲ. ਏਜ਼. ਨੂੰ ਵੀ ਬੱਸ ਵਿਚ ਫਰੀ ਜਾਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਦਿੱਲੀ ਵਿਚ ਜਿਵੇਂ ਸੈਂਟਰਲ ਹਾਲ ਹੈ, ਉਸੇ ਤਰ੍ਹਾਂ ਦਾ ਇਥੇ ਵੀ ਇਕ ਕੰਪਲੈਕਸ ਬਣਾਉਣਾ ਚਾਹੀਦਾ ਹੈ ਤਾਂਕਿ ਮੈਂਬਰ ਸਾਹਿਬਾਨ ਬੈਠ ਕੇ ਉਥੇ ਆਪਸ ਵਿਚ ਗੱਲਬਾਤ ਕਰ ਸਕਣ ਅਤੇ ਚਾਹ ਵਗੈਰਾ ਪੀ ਸਕਣ। ਇਸ ਵੇਲੇ ਮੈਂਬਰਾਂ ਨੂੰ ਬੜੀ ਡਿਫੀਕਲਟੀ ਆਉਂਦੀ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਕੋਈ ਬਿਲ ਕਿਸੇ ਮੈਂਬਰ ਨੇ ਲਿਆਉਣਾ ਹੋਵੇ ਤਾਂ ਆਰਟੀਕਲ 207 ਹੇਠ ਗਵਰਨਰ ਸਾਹਿਬ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਜਿਸ ਤਰ੍ਹਾਂ ਮੈਂ ਰੈਜ਼ਰਵੇਸ਼ਨ ਦੇ ਬਾਰੇ ਹਾਊਸ ਵਿਚ ਬਿੱਲ ਲਿਆਉਣਾ ਚਾਹੁੰਦਾ ਸੀ। ਜੇਕਰ ਮੈਂਬਰ ਸਾਹਿਬ, ਨੂੰ ਇਜਾਜ਼ਤ ਹੋਵੇ ਤਾਂ ਉਹ ਬਿਲ ਕੋਈ ਵੀ ਲੈ ਆਵੇ ਅਤੇ ਸਰਕਾਰ ਉਸ ਨੂੰ ਅਸੈਪਟ ਕਰੇ ਜਾਂ ਰਿਜੈਕਟ ਕਰੇ। ਇਸ ਵੇਲੇ, ਡਿਪਟੀ ਸਪੀਕਰ ਸਾਹਿਬ, ਮੈਂਬਰ ਹੈਂਡੀਕੈਪਡ ਹਨ। ਮੈਂ ਇਕ ਜੋ ਬਿੱਲ ਦਿਤਾ

ਅਤੇ ਗਵਰਨਰ ਸਾਹਿਬ ਨੇ ਰਿਕੁਮੈਂਡ ਵੀ ਕੀਤਾ ਸੀ ਪਰ ਸਰਕਾਰ ਨੇ ਉਸ ਦਾ ਕੋਈ ਜਵਾਬ ਨਹੀਂ ਦਿਤਾ। ਮੁੱਖ ਮੰਤਰੀ ਜੀ ਨੇ ਹਦਾਇਤਾਂ ਵੀ ਜਾਰੀ ਕੀਤੀਆਂ ਹਨ ਪਰ ਉਨ੍ਹਾਂ ਦਾ ਕੋਈ ਅਸਰ ਨਹੀਂ ਹੋ ਰਿਹਾ। ਡਿਪਟੀ ਸਪੀਕਰ ਸਾਹਿਬ, ਮੈਂਬਰਾਂ ਨੂੰ ਇਥੇ ਬਿਲ ਲਿਆਉਣ ਦਾ ਹੱਕ ਹੋਣਾ ਚਾਹੀਦਾ ਹੈ।

Shri Gopal Krishan Chatrath : He is absolutely incorrect. A member can bring a private bill. He cannot bring money bill.

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਹਾਲਟਿੰਗ ਅਲਾਊਂਸ ਦਾ ਬਿਲ ਸਾਨੂੰ ਸਾਰਿਆਂ ਨੂੰ ਸਰਬ-ਸੰਮਤੀ ਦੇ ਨਾਲ ਪਾਸ ਕਰਨਾ ਚਾਹੀਦਾ ਹੈ। ਜੇਕਰ ਕੋਈ ਮੈਂਬਰ ਸਾਹਿਬ ਨਾ ਲੈਣਾ ਚਾਹੇ ਤਾਂ ਇਸ ਬਿੱਲ ਵਿਚ ਪ੍ਰੋਵੀਜ਼ਨ ਰੱਖ ਦਿਤੀ ਜਾਵੇ ਜਿਸ ਤਰ੍ਹਾਂ ਕਿ ਅਸੀਂ ਪਹਿਲਾਂ ਰੱਖਦੇ ਆਏ ਹਾਂ। ਜੋ ਮੈਂਬਰ ਸਾਹਿਬਾਨ ਲੈਣਾ ਚਾਹੇ, ਉਹ ਲੈ ਲਵੇ ਅਤੇ ਜੋ ਮੈਂਬਰ ਸਾਹਿਬਾਨ ਨਾ ਲੈਣਾ ਚਾਹੁੰਣ ਉਹ ਨਾ ਲੈਣ। ਡਿਪਟੀ ਸਪੀਕਰ ਸਾਹਿਬ, ਮੈਂ ਬਿੱਲ ਦਾ ਸਮਰਥਨ ਕਰਦਾ ਹੋਇਆ ਬੈਠਦਾ ਹਾਂ।

ਸਰਦਾਰ ਗੁਰਦੇਵ ਸਿੰਘ ਬਾਦਲ (ਪੰਜ ਗਰਾਈਂ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਦੋ ਮਿੰਟਾਂ ਲਈ ਬੋਲਣ ਦਾ ਮੌਕਾ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਅੱਜ ਬੜੀ ਹੈਰਾਨੀ ਹੋਈ ਹੈ ਕਿ ਜੋ ਸਰਕਾਰ ਵੱਲੋਂ ਵਧੀਆ ਫੈਸਲਾ ਲਿਆਂਦਾ ਗਿਆ ਹੈ, ਉਸ ਦੀ ਇਕ ਤਰਫੋਂ ਵਿਰੋਧਤਾ ਕੀਤੀ ਗਈ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਛੋਟੀ ਜਿਹੀ ਨੋਟ ਬੁੱਕ ਦੇ ਸਾਡੇ ਕੋਲੋਂ ਚਾਰ ਰੁਪਏ ਚਾਰਜ ਕੀਤੇ ਜਾਂਦੇ ਹਨ। ਉਹ ਛੋਟੀ ਜਿਹੀ ਨੋਟ ਬੁੱਕ ਮੈਂਬਰਾਂ ਨੂੰ ਮੁਫਤ ਮਿਲਣੀ ਚਾਹੀਦੀ ਹੈ। ਮੈਂਬਰਾਂ ਕੋਲੋਂ ਇਸ ਨੋਟ ਬੁੱਕ ਦੇ ਚਾਰ ਰੁਪਏ ਚਾਰਜ ਨਹੀਂ ਕਰਨੇ ਚਾਹੀਦੇ। ਡਿਪਟੀ ਸਪੀਕਰ ਸਾਹਿਬ, ਸੰਗਦੇ ਸੰਗਦੇ ਖਜ਼ਾਨਾ ਮੰਤਰੀ ਜੀ ਨੂੰ ਇੱਕ ਗੱਲ ਮੈਂ ਹੋਰ ਕਰਾਂਗਾਂ ਕਿ ਜਿਹੜਾ ਇਹ ਬਿੱਲ ਅੱਜ ਹਾਊਸ ਵਿਚ ਲਿਆਂਦਾ ਗਿਆ ਹੈ ਉਸ ਬਾਰੇ ਪੀਲੇ ਕਾਰਡ ਵਾਲਿਆਂ ਨੇ ਤਾਂ ਕਿਹਾ ਹੈ ਕਿ ਇਹ ਅਲਾਊਂਸ ਮੈਂਬਰਾਂ ਨੂੰ ਮਿਲਣਾ ਚਾਹੀਦਾ ਹੈ ਪਰ ਲਾਲ ਕਾਰਡ ਵਾਲਿਆਂ ਨੇ ਇਸ ਦੀ ਵਿਰੋਧਤਾ ਕੀਤੀ ਹੈ। (ਹਾਸਾ)

ਡਿਪਟੀ ਸਪੀਕਰ ਸਾਹਿਬ, ਜਿਹੜਾ ਮੈਂਬਰ ਇਮਾਨਦਾਰ ਹੈ, ਉਸ ਨੂੰ ਇਸ ਦੀ ਬੜੀ ਸਖ਼ਤ ਜ਼ਰੂਰਤ ਹੈ। ਜੇਕਰ ਐਮ. ਐਲ. ਏ. ਕੋਲ ਪੈਸੇ ਨਹੀਂ ਹੋਣਗੇ ਤਾਂ ਉਹ ਕੀ ਕਰੇਗਾ? ਡਿਪਟੀ ਸਪੀਕਰ ਸਾਹਿਬ, ਸਾਰੇ ਜਾਣਦੇ ਹਨ ਕਿ ਸਨਿਚਰਵਾਰ ਅਤੇ ਐਤਵਾਰ ਨੂੰ ਦੋ ਦਿਨ ਮੈਂਬਰ ਆਪਣੀ ਕੰਸਟੀਚਿਊਐਂਸੀ ਵਿਚ ਅਨੰਦਕਾਰਜਾਂ ਤੇ ਜਾਂਦੇ ਹਨ, ਘੱਟੋ-ਘੱਟ ਡਿਪਟੀ ਸਪੀਕਰ ਸਾਹਿਬ, ਇੱਕ ਐਮ. ਐਲ. ਏ. ਚਾਰ-ਪੰਜ ਅਨੰਦਕਾਰਜ ਤਾਂ ਅਟੈਂਡ ਕਰ ਹੀ ਲੈਂਦਾ ਹੈ ਅਤੇ ਜੇਕਰ ਘਟੋ-ਘੱਟ ਲੜਕੇ ਨੂੰ 5/ ਰੁਪਏ ਅਤੇ ਲੜਕੀ ਨੂੰ ਵੀ 5/ ਰੁਪਏ ਦੇਵੇ ਤਾਂ ਵੀ ਇੱਕ ਮੈਂਬਰ ਦੇ ਦੋ ਦਿਨਾਂ ਵਿਚ 40-50 ਰੁਪਏ ਖਰਚ ਹੋ ਜਾਂਦੇ ਹਨ। ਲਾਲ ਕਾਰਡ ਵਾਲੇ ਤਾਂ ਸ਼ਾਇਦ ਤਕੜੇ ਹੋਣ। (ਹਾਸਾ) ਡਿਪਟੀ ਸਪੀਕਰ ਸਾਹਿਬ, ਮੈਂ ਸੰਗਦੇ ਸੰਗਦੇ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ। ਉਹ ਇਹ ਹੈ ਕਿ ਜਦੋਂ ਡਾਕਟਰ ਭਗਤ ਸਿੰਘ ਦੇ

[ਸਰਦਾਰ ਗੁਰਦੇਵ ਸਿੰਘ ਬਾਦਲ]

ਘਰ ਲੋਕ ਗਏ ਤਾਂ ਉਹ ਪੁੱਛਣ ਲਗੇ ਕਿ ਡਾਕਟਰ ਸਾਹਿਬ ਤੁਸੀਂ ਕਿਤਨੇ ਜਣੇ ਹੋ ਤਾਂ ਡਾਕਟਰ ਸਾਹਿਬ ਨੇ ਕਿਹਾ ਕਿ ਮੈਂ ਅਤੇ ਇੱਕ ਛੁਡੈਗੀ। ਫਿਰ ਲੋਕਾਂ ਨੇ ਸਮਝ ਲਿਆ ਅਤੇ ਡਾਕਟਰ ਸਾਹਿਬ ਨੂੰ ਵਧਾਈ ਦੇਣ ਲਗੇ ਕਿ ਸ਼ੁਕਰ ਹੈ ਤੁਹਾਡੇ ਘਰ ਵੀ ਮੁੰਡਾ ਹੋ ਗਿਆ। (ਹਾਸਾ) ਪਰ ਡਾਕਟਰ ਸਾਹਿਬ ਨੇ ਕਿਹਾ ਕਿ ਮੈਂ ਅਤੇ ਕਤੂਰਾ ਹਾਂ। (ਹਾਸਾ) ਡਿਪਟੀ ਸਪੀਕਰ ਸਾਹਿਬ, ਛੜਿਆ ਨੇ ਨਾ ਕੋਈ ਘਰ ਨੂੰਹ ਲਿਆਉਣੀ ਹੈ ਅਤੇ ਨਾ ਕੋਈ ਧੀ ਵਿਆਹੁਣੀ ਹੈ। ਇਸ ਲਈ ਇਨ੍ਹਾਂ ਨੂੰ ਪੈਸਿਆਂ ਦੀ ਕੀ ਜ਼ਰੂਰਤ ਹੈ ? ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਬਹੁਤ ਵਧੀਆ ਬਿਲ ਹੈ। ਅਗਰ ਕੋਈ ਇਸ ਬਿਲ ਦੀ ਵਿਰੋਧਤਾ ਕਰਦਾ ਹੈ ਤਾਂ ਅਫ਼ਸੋਸ ਦੀ ਗਲ ਹੈ। ਡਿਪਟੀ ਸਪੀਕਰ ਸਾਹਿਬ, ਅਗਰ ਕਿਸੇ ਐਮ. ਐਲ. ਏ. ਦਾ ਬੱਚਾ ਘਰ ਵਿਚ ਬਿਮਾਰ ਹੋ ਜਾਵੇ ਤਾਂ ਐਮ. ਐਲ. ਏ. ਨੂੰ ਇਤਨਾ ਸਮਾ ਵੀ ਨਹੀਂ ਹੁੰਦਾ ਕਿ ਉਸ ਨੂੰ ਦਵਾਈ ਵਗੈਰਾ ਦਿਵਾ ਸਕੇ। ਐਮ. ਐਲ. ਏ. ਕਦੀ ਡੀ. ਸੀ. ਦੇ ਦਫਤਰ ਵਿਚ, ਕਦੀ ਤਹਿਸੀਲਦਾਰ ਦੇ ਦਫਤਰ ਵਿਚ, ਕਦੀ ਸੀਮਿੰਟ ਲੈਣ ਲਈ ਅਤੇ ਕਦੀ ਲਾਇਸੈਂਸ ਹਾਸਲ ਕਰਨ ਲਈ ਤੁਰਦਾ ਫਿਰਦਾ ਰਹਿੰਦਾ ਹੈ ਅਤੇ ਲੋਕਾਂ ਦੀ ਸੇਵਾ ਕਰਦਾ ਹੈ। ਡਿਪਟੀ ਸਪੀਕਰ ਸਾਹਿਬ, ਫਰੀਦਕੋਟ ਵਿਚ ਕਚਹਿਰੀ ਇਕ ਮੀਲ ਦੂਰ ਹੈ ਅਤੇ ਦਫਤਰ ਕਿੱਲੇ ਵਿਚ ਹਨ। ਐਮ. ਐਲ. ਏ. ਕਦੀ ਇਧਰ ਅਤੇ ਕਦੀ ਉਧਰ ਫਿਰਦਾ ਰਹਿੰਦਾ ਹੈ। ਕਈ ਦਫਾ ਘਰਵਾਲੀ ਉਸ ਦਾ ਬੁਰਾ ਹਾਲ ਕਰ ਦਿੰਦੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਬਿੱਲ ਲਿਆ ਕੇ ਸਰਕਾਰ ਨੇ ਇਕ ਬਹੁਤ ਵਧੀਆ ਕੰਮ ਕੀਤਾ ਹੈ।

ਵਿੱਤ ਮੰਤਰੀ: ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਗੁਰਦੇਵ ਸਿੰਘ ਬਾਦਲ ਜੀ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਮੈਂਬਰਾਂ ਦੇ ਜਜ਼ਬਾਤ ਨੂੰ ਮੁੱਖ ਰਖਦੇ ਹੋਏ, ਇਸ ਬਿੱਲ ਦੀ ਸ਼ਲਾਘਾ ਕੀਤੀ ਹੈ। ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਆਈਡੀਅਲ ਸੋਸ਼ਲਿਜ਼ਮ ਪੇਸ਼ ਕੀਤਾ ਹੈ। ਪੈਨਸ਼ਨ 1000/- ਰੁਪਏ ਅਤੇ ਕੰਸਟੀਚਿਊਐਂਸੀ ਅਲਾਊਂਸ 1,000/- ਰੁਪਏ ਅਤੇ ਬਾਕੀ 15-16 ਤੋਂ ਵੱਧ ਲੰਮੀਆਂ ਚੌੜੀਆਂ ਸਹੂਲਤਾਂ ਦੀ ਮੰਗ ਕੀਤੀ ਹੈ ਅਤੇ ਇਸ ਬਿੱਲ ਦੀ ਪ੍ਰੋੜਤਾ ਕੀਤੀ ਹੈ। ਮੈਂ ਉਨ੍ਹਾਂ ਦਾ ਵੀ ਬਹੁਤ ਮਸ਼ਕੂਰ ਹਾਂ ਕਿ ਇਸ ਬਿੱਲ ਦੀ ਪ੍ਰੋੜਤਾ ਉਨ੍ਹਾਂ ਨੇ ਕੀਤੀ ਹੈ। ਪਰ ਜੋ ਉਨ੍ਹਾਂ ਵਲੋਂ ਹੋਰ ਕਾਫ਼ੀ ਸਾਰੀਆਂ ਮੰਗਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਨੂੰ ਪੂਰਾ ਕਰਨਾ ਸਰਕਾਰ ਲਈ ਮੁਸ਼ਕਿਲ ਹੈ। ਡਿਪਟੀ ਸਪੀਕਰ ਸਾਹਿਬ, ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਬਿਲ ਲਿਆਉਣ ਦਾ ਜ਼ਿਕਰ ਕੀਤਾ ਹੈ। ਮੈਂ ਦੱਸਦਾ ਹਾਂ ਕਿ ਮਨੀ ਬਿੱਲ ਇਹ ਨਹੀਂ ਲਿਆ ਸਕਦੇ ਕਿਉਂਕਿ ਗਵਰਨਰ ਸਾਹਿਬ ਦੀ ਮਨੀ ਬਿਲ ਵਿਚ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਇਹ ਕੰਸਟੀਚਿਊਸ਼ਨ ਵਿਚ ਪ੍ਰੋਵੀਜ਼ਨ ਹੈ। ਇਸ ਲਈ ਪਹਿਲਾਂ ਮਨਜ਼ੂਰੀ ਲੈਣੀ ਜ਼ਰੂਰੀ ਹੈ ਕਿਉਂਕਿ ਰੂਲਾਂ ਅਨੁਸਾਰ ਹੀ ਕੰਮ ਹੋ ਸਕਦਾ ਹੈ। ਮੈਂ ਇਤਨਾ ਕਹਿੰਦਾ ਹੋਇਆ ਸਾਰੇ ਹਾਊਸ ਦੇ ਮੈਂਬਰਾਂ ਨੂੰ ਕਹਾਂਗਾ ਕਿ ਇਸ ਬਿੱਲ ਨੂੰ ਪਾਸ ਕਰ ਦਿਤਾ ਜਾਵੇ।

Mr. Deputy Speaker: Question is

That the Punjab Legislative Assembly (Allowances of Members) Amendment Bill be Passed.

The motion was carried.

JOINT MOTION REGARDING PRESENT EDUCATIONAL SYSTEM IN THE STATE

Shri Gopal Krishan Chatrath (Batala): Sir, I beg to move—

That the present educational system in the State of Punjab be discussed.

STATEMENT BY THE CHIEF MINISTER RE. THE INCIDENT OF ALLEGED BEATING OF A GIRL BY THE POLICE OFFICIALS AT POLICE STATION, BHATINDA

Chief Minister (Sardar Darbara Singh): Sir, I have to make a statement.

Smt. Manju has been married four times. Her photograph with Mukhtiar Singh, her third husband, allongwith two children from her previous husband is enclosed,* while that with her fourth husband Jagdish appeared in the Press. She is not a Harijan woman but is Brahman by caste and hails from Bihar. On 14.2.1981, Smt. Manju and her latest husband Jagdish were summoned to Police Station on complaint of her previous husband Mukhtiar Singh that she had stolen money and ornaments from his house. She alleges that during her stay in the Police Station she was given beating. In this connection, case FIR No. 26, dated 20.2.1981 Under Section 342/323 IPC has been registered in P. S., Bhatinda, against the concernad police officials, that is, ASI Anokh Singh and HC Sowaran Singh were arrested and placed under suspension. A Senior Officer of CID was also deputed to investigate the case. However, since the District Magistrate, in exercise of his powers under Punjab Police Rule 16.38 (1) has entrusted the investigation to Sub Divisional Magistrate, the C. I. D. Police Officer could not carry any investigation. As soon as the report of the Magisterial enpuiry is received, necessary action will be taken. If any Police Officer is found guilty, he will not be spared and suitable action will be taken against him. There is no intention to shield any erring official.

Sardar Dalip Singh Pandhi: Whether Shri Jagdish Chander, fourth husband of the Bihari girl, is Balmiki?

Chief Minister: Yes.

ਮਾਸਟਰ ਬਾਬੂ ਸਿੰਘ: ਮੈਂ ਕੁਝ ਪੁੱਛਣਾ ਚਾਹੁੰਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਰੂਲ ਦੇ ਮੁਤਾਬਿਕ ਤੁਸੀਂ ਪੁੱਛ ਨਹੀਂ ਸਕਦੇ ।

No clarification can be sought under rule 57.

JOINT MOTION REGARDING PRESENT EDUCATIONAL SYSTEM IN THE STATE (*Resumption of discussion*)

ਸ਼੍ਰੀ ਗੋਪਾਲ ਕ੍ਰਿਸ਼ਨ ਚਤੱਰਥ: ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਵਿਧਾਨ ਸਭਾ ਦੀਆਂ ਸਾਰੀਆਂ ਪਾਰਟੀਆਂ ਦੇ ਨੁਮਾਇੰਦਿਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਫੈਸਲਾ ਕੀਤਾ ਕਿ ਐਜੂਕੇਸ਼ਨਲ ਸਿਸਟਮ ਤੇ ਅਜਿਹਾ ਮਤਾ ਲਿਆਂਦਾ ਜਾਏ ਜਿਸ ਦੇ ਨਾਲ ਇਥੇ ਦੇ ਮੈਂਬਰਾਂ

*Not supplied to Punjab Vidhan Sabha Secretariat.

[ਸ੍ਰੀ ਗੋਪਾਲ ਕ੍ਰਿਸ਼ਨ ਚਤੱਰਥ]

ਨੂੰ ਮੌਜੂਦਾ ਐਜੂਕੇਸ਼ਨਲ ਸਿਸਟਮ ਡਿਸਕਸ ਕਰਨ ਦਾ ਅਤੇ ਉਸ ਦੇ ਸੁਧਾਰ ਦੇ ਵਾਸਤੇ ਸੁਝਾਓ ਦੇਣ ਦਾ ਮੌਕਾ ਮਿਲੇ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਸਰਦਾਰ ਦਰਬਾਰਾ ਸਿੰਘ ਦੀ ਵਜ਼ਾਰਤ, ਇਹ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ ਜਿਸ ਨੇ ਮੈਂਬਰਾਂ ਦੇ ਵਿਚਾਰਾਂ ਨੂੰ ਪਹਿਲਾਂ ਹੀ ਭਾਂਪ ਕੇ ਇਹ ਫੈਸਲਾ ਕਰ ਲਿਆ ਕਿ ਪੰਜਾਬ ਵਿਚ ਇਕ ਐਜੂਕੇਸ਼ਨਲ ਰਿਫਾਰਮਜ਼ ਕਮਿਸ਼ਨ ਕਾਇਮ ਕਰ ਦਿਤਾ ਜਾਏ। ਇਕ ਐਸਾ ਐਜੂਕੇਸ਼ਨਲ ਰਿਫਾਰਮ ਕਮਿਸ਼ਨ ਕਾਇਮ ਕਰ ਦਿੱਤਾ ਜਾਏ ਜਿਹੜਾ ਕਿ ਮੌਜੂਦਾ ਐਜੂਕੇਸ਼ਨ ਦੇ ਸਿਸਟਮ ਵਿਚ ਘੋਖ ਕਰੇ ਕਿ ਇਸ ਸਿਸਟਮ ਵਿਚ ਕੀ ਕਮੀਆਂ ਹਨ, ਕੀ ਕਮਜ਼ੋਰੀਆਂ ਹਨ ਔਰ ਮੁਲਕ ਦੇ ਹਿੱਤ ਵਿਚ ਕੀ ਹੈ, ਪੰਜਾਬ ਦੇ ਹਿੱਤ ਵਿਚ ਕੀ ਹੈ, ਬੱਚਿਆਂ ਦੇ ਹਿੱਤ ਵਿਚ ਕੀ ਹੈ? ਇਨ੍ਹਾਂ ਸਾਰੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਹ ਵੀ ਦੇਖਿਆ ਜਾਏ ਕਿ ਕੀ ਕਦਮ ਚੁੱਕੇ ਜਾਣ ਜਿਸ ਨਾਲ ਮੌਜੂਦਾ ਸਿਸਟਮ ਆਫ਼ ਐਜੂਕੇਸ਼ਨ ਵਿਚ ਸੁਧਾਰ ਲਿਆਂਦਾ ਜਾਏ।

ਡਾਕਟਰ ਭਗਤ ਸਿੰਘ : ਇਹ ਬੜਾ ਇੰਪਾਰਟੈਂਟ ਰੇਜ਼ੋਲਿਊਸ਼ਨ ਹੈ। ਇਸ ਲਈ ਹਾਊਸ ਦਾ ਸਮਾਂ ਇੱਕ ਘੰਟਾ ਹੋਰ ਵਧਾ ਦਿੱਤਾ ਜਾਏ। ਜੇਕਰ ਹੋਰ ਸਮੇਂ ਦੀ ਲੋੜ ਪਈ ਤਾਂ ਫਿਰ ਹੋਰ ਵਧਾ ਲੈਣਾ। (ਵਿਘਨ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਮੈਂ ਸਮਝਦਾ ਹਾਂ ਕਿ ਐਜੂਕੇਸ਼ਨਲ ਰਿਫਾਰਮਜ਼ ਕਮਿਸ਼ਨ ਦੀ ਕਾਇਮੀ ਇਸ ਵੇਲੇ ਜਿਹੜੀ ਕਿ ਪੰਜਾਬ ਸਰਕਾਰ ਨੇ ਕੀਤੀ ਹੈ, ਇੱਕ ਬਹੁਤ ਮੁਬਾਰਕ ਕਦਮ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਾਂ ਤਾਂ ਮੈਂਬਰਾਂ ਨੂੰ ਚੁੱਪ ਕਰਾ ਦਿਓ ਜਾਂ ਫਿਰ ਮੈਂ ਬੈਠ ਜਾਂਦਾ ਹਾਂ। ਮੈਂ ਸਮਝਦਾ ਹਾਂ ਕਿ ਇਹ ਕਦਮ ਜਿਸ ਨਾਲ ਐਜੂਕੇਸ਼ਨਲ ਰੀਫਾਰਮਜ਼ ਕਮਿਸ਼ਨ ਦੀ ਕਾਇਮੀ ਹੋਈ ਹੈ, ਇਹ ਇਕ ਸਹੀ ਫੈਸਲਾ ਹੈ, ਜੋ ਕਿ ਸਹੀ ਵਕਤ ਤੇ ਕੀਤਾ ਗਿਆ ਹੈ ਔਰ ਇਹ ਸਹੀ ਆਦਮੀ ਰਾਹੀਂ ਕੀਤਾ ਗਿਆ ਹੈ। ਇਸ ਕਰਕੇ ਮੈਂ ਇਹ ਗੌਰਮਿੰਟ ਨੂੰ, ਸਰਦਾਰ ਦਰਬਾਰਾ ਸਿੰਘ ਦੀ ਹਕੂਮਤ ਨੂੰ ਔਰ ਅਜਨਾਲਾ ਸਾਹਿਬ ਨੂੰ ਜਿਹੜੇ ਕਿ ਐਜੂਕੇਸ਼ਨ ਮਨਿਸਟਰ ਹਨ, ਇਹ ਕਦਮ ਚੁੱਕਣ ਤੇ ਵਧਾਈ ਦਿੰਦਾ ਹਾਂ। ਐਜੂਕੇਸ਼ਨ ਮਨਿਸਟਰ ਸਾਹਿਬ ਨੇ ਗੱਲ ਕਰਦਿਆਂ ਹੋਇਆਂ ਕਿਹਾ ਸੀ ਕਿ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਜੋ ਕਾਲਜ ਐਜੂਕੇਸ਼ਨ ਦੇ ਬਾਰੇ ਦੇਖ ਭਾਲ ਕਰਦਾ ਹੈ, ਜੋ ਉਸਦੇ ਕਰੀਕਲਮ ਬਾਰੇ, ਟੀਚਰਜ਼ ਦੀ ਯੋਗਤਾ ਵਧਾਉਣ ਬਾਰੇ ਟੀਚਰਜ਼ ਨੂੰ ਪੇ-ਸਕੇਲਜ਼ ਦੇਣ ਬਾਰੇ, ਟੀਚਰਜ਼ ਨੂੰ ਰਿਆਇਤਾਂ ਦੇਣ ਬਾਰੇ ਜਾਂ ਟੀਚਰਜ਼ ਦੀਆਂ ਡਿਊਟੀਜ਼ ਦੇਣ ਬਾਰੇ, ਉਹ ਟਾਈਮ ਟੂ ਟਾਈਮ ਰਿਕੁਮੈਂਡੇਸ਼ਨਜ਼ ਕਰਦਾ ਰਹਿੰਦਾ ਹੈ। ਪਰ ਸਕੂਲ ਐਜੂਕੇਸ਼ਨ ਲਈ ਜਿਸ ਦੇ ਅਧਾਰ ਤੇ ਸਾਰੀ ਐਜੂਕੇਸ਼ਨ ਖੜ੍ਹੀ ਹੋਈ ਹੈ, ਡਿਪਟੀ ਸਪੀਕਰ ਸਾਹਿਬ, ਕੋਈ ਐਸਾ ਪਰਮਾਨੈਂਟ ਅਦਾਰਾ ਨਹੀਂ ਸੀ। ਇਨ੍ਹਾਂ ਨੇ ਇਹ ਫੈਸਲਾ ਕਰਕੇ ਇਕ ਬਹੁਤ ਵੱਡਾ ਕਦਮ ਚੁੱਕਿਆ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਜਿਹੜਾ ਐਜੂਕੇਸ਼ਨਲ ਰਿਫਾਰਮਜ਼ ਕਮਿਸ਼ਨ ਤੁਸੀਂ ਫਾਰਮ ਕਰ ਰਹੇ ਹੋ ਉਸ ਵਿਚ ਐਜੂਕੇਸ਼ਨਿਸਟਸ, ਐਕਸਪੀਰੀਐਂਸਡ ਟੀਚਰਜ਼ ਔਰ ਪਬਲਿਕ ਦੇ ਨੁਮਾਇੰਦੇ ਹੋਣ, ਜਿਹੜੇ ਐਜੂਕੇਸ਼ਨ ਸਿਸਟਮ ਨਾਲ ਸਬੰਧ ਰਖਦੇ ਹੋਣ ਔਰ ਕਿਤੇ ਇਹ ਨਾ ਹੋਵੇ ਜਿਸ ਤਰ੍ਹਾਂ ਕਹਿੰਦੇ ਹਨ ਕਿ ਇੱਕ ਵਾਰੀ ਐਜੂਕੇਸ਼ਨ ਦੇ ਮੁਤੱਲਕ ਗਲ ਚੱਲਦੀ ਸੀ। ਇਕ ਬੰਦਾ ਸਕੂਲ ਵਿਚ ਗਿਆ ਔਰ ਉਥੋਂ ਦੇ ਮਾਸਟਰ ਨੂੰ ਉਸਨੇ ਪੁੱਛਿਆ ਕਿ ਤੂੰ ਕੀ ਪੜ੍ਹਾ ਰਿਹਾ ਹੈਂ। ਉਹ ਮਾਸਟਰ ਕੀ ਦੱਸੇਗਾ ਕਿ ਉਹ ਕੀ ਪੜ੍ਹਾ ਰਿਹਾ ਹੈ ਕਿਉਂਕਿ ਪੁੱਛਣ ਵਾਲੇ ਨੂੰ ਤਾਂ ਆਪ ਪਤਾ ਨਹੀਂ ਸੀ। ਸੋ ਇਸ ਕਿਸਮ ਦੇ ਹਾਲਾਤ ਅੱਜ ਮੁਲਕ ਵਿਚ, ਪੰਜਾਬ ਵਿਚ ਹੋ ਗਏ ਹਨ।

Everybody is an educationist but he is not actually an educationist ਹਰ ਬੰਦਾ ਜਿਸ ਨੂੰ ਸਿਖਿਆ ਦਾ ਕੁਝ ਨਹੀਂ ਪਤਾ ਉਹ ਸਿਖਿਆ ਸ਼ਾਸ਼ਤਰੀ ਬਣ ਚੁੱਕਾ ਹੈ ! ਜਿਹੜਾ ਬੰਦਾ ਸਿਖਿਆ ਨਾਲ ਸਬੰਧ ਰਖਦਾ ਹੈ ਉਸ ਦੀ ਗੱਲ ਸੁਣਨੀ ਜਾਂ ਉਸਦੀ ਗੱਲ ਤੇ ਵਿਚਾਰ ਕਰਨਾ ਐਬ ਸਮਝਿਆ ਜਾਂਦਾ ਹੈ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਐਜੂਕੇਸ਼ਨਲ ਰਿਫਾਰਮਜ਼ ਕਮਿਸ਼ਨ ਬਣਾਉਣ ਲੱਗੇ ਹਨ ਉਸ ਨੂੰ ਕਿਹੜੇ ਕਿਹੜੇ ਪੁਆਇੰਟ ਦੱਸਣੇ ਚਾਹੀਦੇ ਹਨ । ਉਸ ਨੂੰ ਕੀ ਕੀ ਕਰਨਾ ਚਾਹੀਦਾ ਹੈ । ਮੇਰੇ ਵਿਚਾਰ ਵਿਚ ਇਹ ਜਿਹੜਾ ਕਮਿਸ਼ਨ ਹੈ ਉਸਦੀ ਡਿਊਟੀ ਹੋਣੀ ਚਾਹੀਦੀ ਹੈ ਕਿ ਉਹ ਸਾਰੇ ਸਲੇਬਸ ਦੀ ਘੋਖ ਕਰੇ ਕਿ ਕਿਹੜੀ ਕਿਹੜੀ ਕਲਾਸ ਦਾ ਕਿਹੜਾ ਕਿਹੜਾ ਸਲੇਬਸ ਹੋਣਾ ਚਾਹੀਦਾ ਹੈ । ਇਸ ਦੇ ਨਾਲ ਹੀ ਸਭ ਤੋਂ ਵੱਡਾ ਮਸਲਾ ਹੈ ਟੀਚਰਾਂ ਦੀ ਰਿਕਰੂਟਮੈਂਟ ਦਾ, ਉਨ੍ਹਾਂ ਦੀ ਰਿਕਰੂਟਮੈਂਟ ਕਿਵੇਂ ਕੀਤੀ ਜਾਵੇ ? ਜਿਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਉਣਾ ਹੈ ਉਨ੍ਹਾਂ ਦੀ ਭਰਤੀ ਕਿਵੇਂ ਕਰਨੀ ਹੈ ? ਉਨ੍ਹਾਂ ਦੀ ਪਰੀਟ੍ਰੇਨਿੰਗ ਸਰਵਿਸ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਅਤੇ ਇਨ ਸਰਵਿਸ ਟਰੇਨਿੰਗ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ? ਇਸ ਬਾਰੇ ਇਹ ਕਮਿਸ਼ਨ ਫੈਸਲਾ ਕਰੇ । ਕਮਿਸ਼ਨ ਇਸ ਗੱਲ ਦਾ ਫੈਸਲਾ ਕਰੇ..

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੈਠੇ ਬੈਠੇ ਬੋਲ ਰਹੇ ਸਨ ਅਤੇ ਕੁਝ ਮਾਨਯੋਗ ਮੈਂਬਰ ਦੂਜੇ ਮਾਨਯੋਗ ਮੈਂਬਰਾਂ ਦੀਆਂ ਸੀਟਾਂ ਤੇ ਬੈਠ ਕੇ ਆਪਸ ਵਿਚ ਗੱਲਾਂ ਕਰ ਰਹੇ ਸਨ ਅਤੇ ਸਦਨ ਵਿਚ ਸ਼ੋਰ ਪੈ ਰਿਹਾ ਸੀ।)

Shri Gopal Krishan Chatrath : No body can concentrate in such a situation. Mr. Depnty Speaker, if you ask these Members to be silent only then I can speak.

ਇਹ ਸਿਚੂਏਸ਼ਨ ਇਸ ਕਰਕੇ ਅਰਾਈਜ਼ ਹੋਈ ਹੈ ਕਿਉਂਕਿ ਐਜੂਕੇਸ਼ਨ ਦੇ ਬਾਰੇ, ਖਾਸ ਕਰਕੇ ਪ੍ਰਾਇਮਰੀ ਐਜੂਕੇਸ਼ਨ ਦੇ ਬਾਰੇ ਕਿਸੇ ਨੇ ਵਿਚਾਰ ਨਹੀਂ ਕੀਤੀ । ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਸ ਗੱਲ ਦਾ ਫੈਸਲਾ ਕੀਤਾ ਹੈ ਕਿ ਜਿਹੜਾ ਵੀ ਅਸੀਂ ਐਜੂਕੇਸ਼ਨ ਦਾ ਸਿਸਟਮ ਅਪਣਾਉਣਾ ਹੈ ਉਸ ਵਿਚ ਸਭ ਤੋਂ ਵੱਧ ਧਿਆਨ ਪ੍ਰਾਇਮਰੀ ਐਜੂਕੇਸ਼ਨ ਤੇ ਦੇਣਾ ਹੈ ਕਿਉਂਕਿ ਇਹ ਮੁੱਢਲੀ ਸਿਖਿਆ ਹੈ। ਜੇ ਪ੍ਰਾਇਮਰੀ ਸਿਖਿਆ ਮਜ਼ਬੂਤ ਹੋਵੇਗੀ ਤਾਂ ਹੀ ਅੱਗੇ ਦਾ ਸਿਸਟਮ ਜਿਵੇਂ ਕਿ ਸੈਕੰਡਰੀ, ਕਾਲਜ ਅਤੇ ਯੂਨੀਵਰਸਿਟੀਆਂ ਦੀ ਸਿਖਿਆ ਹੈ, ਉਹ ਮਜ਼ਬੂਤ ਹੋ ਸਕਦੀ ਹੈ । ਪਹਿਲਾਂ ਸਿਸਟਮ ਚੱਲਿਆ ਸੀ ਕਿ open more schools. ਇਹ ਸਿਸਟਮ ਚੱਲਿਆ ਕਿ ਹਰ ਪਿੰਡ ਵਿਚ ਸਕੂਲ ਖੋਲ੍ਹ ਦਿਓ । ਪਰ ਇਹ ਨਹੀਂ ਸੋਚਿਆ ਕਿ ਜਿਨ੍ਹਾਂ ਬੱਚਿਆਂ ਨੇ ਉਥੇ ਪੜ੍ਹਨਾ ਹੈ ਉਨ੍ਹਾਂ ਦੇ ਬੈਠਣ ਵਾਸਤੇ ਉਥੇ ਕੋਈ ਸਕੂਲ ਵਿਚ ਕਮਰਾ ਵੀ ਹੈ ਜਾਂ ਨਹੀਂ । ਇਸ ਪਾਸੇ ਨਹੀਂ ਸੋਚਿਆ । ਅੰਨ੍ਹੇਵਾਹ ਸਕੂਲ ਖੋਲ੍ਹ ਦਿਤੇ ਗਏ । ਜੇ. ਬੀ. ਟੀ. ਦੀਆਂ ਕਲਾਸਾਂ ਖੋਲ੍ਹਕੇ ਐਨੇ ਟੀਚਰ ਟਰੇਂਡ ਕਰ ਦਿਤੇ ਜਿਸ ਦਾ ਕੋਈ ਹਿਸਾਬ ਨਹੀਂ । ਹੁਣ ਇਹ ਜਿਹੜਾ ਐਜੂਕੇਸ਼ਨਲ ਰਿਫਾਰਮਜ਼ ਕਮਿਸ਼ਨ ਬਣਾਉਣ ਦਾ ਫੈਸਲਾ ਲਿਆ ਹੈ ਉਸ ਵਿਚ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਘੋਖ ਹੋਣੀ ਹੈ । ਇਹ ਸਰਕਾਰ ਦਾ ਮੁਬਾਰਕ ਕਦਮ ਹੈ । ਫਿਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਟੀਚਰਾਂ ਦੇ ਨਾਰਮ ਨੂੰ ਕਿਸ ਤਰ੍ਹਾਂ ਇੰਪਰੂਵ ਕਰਨਾ ਹੈ । ਮੈਂ ਇਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ । ਫਿਰ ਪ੍ਰਾਇਮਰੀ ਟੀਚਰਾਂ ਨੂੰ

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਹੈਡ ਟੀਚਰ ਬਣਾਇਆ ਹੈ। ਉਨ੍ਹਾਂ ਨੂੰ ਸੈਂਟਰਲ ਹੈਡ ਟੀਚਰ ਬਣਾਇਆ ਹੈ। ਉਨ੍ਹਾਂ ਨੂੰ ਬੀ.ਈ.ਓ. ਬਣਾਇਆ ਗਿਆ। ਇਹ ਬਹੁਤ ਵੱਡਾ ਅਤੇ ਅੱਛਾ ਸਰਕਾਰ ਦਾ ਕਦਮ ਹੈ। ਬਾਕੀ ਇਨ੍ਹਾਂ ਨੇ ਸਾਰਿਆਂ ਨਾਲੋਂ ਵੱਡੀ ਗੱਲ ਜੋ ਕੀਤੀ ਹੈ ਉਹ ਇਹ ਹੈ ਕਿ ਟੀਚਰਾਂ ਵਾਸਤੇ Council of Research & Training Institute ਦੀ ਕਾਇਮੀ ਕੀਤੀ ਹੈ। ਫਿਰ ਐਜੂ-ਕੇਸ਼ਨ ਜਿਹੜੀ ਹੈ ਇਸ ਨੂੰ ਵੋਕੇਸ਼ਨੇਲਾਈਜ਼ ਕੀਤਾ ਹੈ। ਐਗਰੀਕਲਚਰ ਅਤੇ ਕਾਮਰਸ ਦੇ ਸਬਜੈਕਟ ਨੂੰ ਇੰਟਰੋਡਿਊਸ ਕਰਕੇ ਐਜੂਕੇਸ਼ਨ ਦੀ ਡਾਈਵਰਸੀਫਿਕੇਸ਼ਨ ਕਰਨ ਦਾ ਯਤਨ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇ ਇਲਾਵਾ ਇਸ ਗੌਰਮਿੰਟ ਨੇ 250 ਦੇ ਕਰੀਬ ਸਕੂਲ ਅੱਪਗਰੇਡ ਕੀਤੇ ਹਨ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਪ੍ਰਾਈਵੇਟ ਸਕੂਲਾਂ ਅਤੇ ਪ੍ਰਾਈਵੇਟ ਕਾਲਜਾਂ ਵਿਚ ਜਿਹੜੇ ਟੀਚਰ ਕੰਮ ਕਰਦੇ ਸਨ ਉਨ੍ਹਾਂ ਦੀਆਂ ਤਨਖਾਹਾਂ ਵਿਚ ਅਤੇ ਗੌਰਮਿੰਟ ਸਕੂਲਾਂ ਅਤੇ ਗੌਰਮਿੰਟ ਕਾਲਜਾਂ ਵਿਚ ਜਿਹੜੇ ਟੀਚਰ ਕੰਮ ਕਰਦੇ ਸਨ ਉਨ੍ਹਾਂ ਦੀਆਂ ਤ ਖਾਹਾਂ ਵਿਚ ਬੜਾ ਮੱਤਭੇਦ ਸੀ। ਫਿਰ ਇਹ ਵੀ ਸੀ ਕਿ 1967 ਤੋਂ ਬਾਅਦ ਜਦੋਂ ਡੀ.ਏ. ਦੀ ਕਿਸ਼ਤ ਮਿਲਦੀ ਸੀ ਤਾਂ ਨਾਹਰੇਬਾਜ਼ੀ ਸ਼ੁਰੂ ਹੋ ਜਾਂਦੀ ਸੀ। ਪਰ ਇਸ ਚੀਜ਼ ਨੂੰ ਵੀ ਸਰਕਾਰ ਨੇ ਦੂਰ ਕੀਤਾ ਹੈ ਅਤੇ ਉਨ੍ਹਾਂ ਦਾ ਡੀ.ਏ. ਬਰਾਬਰ ਕਰ ਦਿਤਾ ਹੈ ਇਸੇ ਤਰ੍ਹਾਂ ਹੀ ਨਾਨ-ਟੀਚਿੰਗ ਇੰਪਲਾਈਜ਼ ਜਿਹੜੇ ਹਨ, ਭਾਵੇਂ ਉਹ ਪ੍ਰਾਈਵੇਟ ਸਕੂਲਾਂ ਵਿਚ ਹਨ ਜਾਂ ਪ੍ਰਾਈਵੇਟ ਕਾਲਜਾਂ ਵਿਚ ਹਨ ਉਨ੍ਹਾਂ ਦੇ ਪੇ ਸਕੇਲ ਇਨਕਲੂਡਿੰਗ ਟੀਚਿੰਗ ਸਟਾਫ ਦੇ ਗੌਰਮਿੰਟ ਸਕੂਲਾਂ ਅਤੇ ਗੌਰਮਿੰਟ ਕਾਲਜਾਂ ਦੇ ਬਰਾਬਰ ਕਰ ਦਿਤੇ ਹਨ। ਪਰ ਅਜੇ ਵੀ ਅੰਤਰ ਹੈ। ਜਿਹੜੇ ਗੌਰਮਿੰਟ ਸਕੂਲਾਂ ਜਾਂ ਗੌਰਮਿੰਟ ਕਾਲਜਾਂ ਵਿਚ ਪੜ੍ਹਾਉਂਦੇ ਹਨ ਉਨ੍ਹਾਂ ਨੂੰ ਹਾਊਸ ਰੈਂਟ ਮਿਲਦਾ ਹੈ ਪਰ ਜਿਹੜੇ ਪ੍ਰਾਈਵੇਟ ਸਕੂਲਾਂ ਜਾਂ ਕਾਲਜਾਂ ਵਿਚ ਪੜ੍ਹਾਉਂਦੇ ਹਨ ਉਨ੍ਹਾਂ ਨੂੰ ਹਾਊਸ ਰੈਂਟ ਨਹੀਂ ਮਿਲਦਾ। ਜਿਹੜੇ ਟੀਚਰ ਸ਼ਹਿਰਾਂ ਵਿਚ ਲੱਗੇ ਹੋਏ ਹਨ, ਭਾਵੇਂ ਉਹ ਪ੍ਰਾਈਵੇਟ ਸਕੂਲਾਂ ਜਾਂ ਕਾਲਜਾਂ ਵਿਚ ਹਨ ਜਾਂ ਗੌਰਮਿੰਟ ਸਕੂਲਾਂ ਜਾਂ ਕਾਲਜਾਂ ਵਿਚ ਹਨ ਉਨ੍ਹਾਂ ਨੇ ਮਕਾਨ ਕਰਾਏ ਤੇ ਲੈਣਾ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਖੁਸ਼ੀ ਦੀ ਗੱਲ ਹੈ ਕਿ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਪ੍ਰਿੰਸੀਪਲੀ ਉਨ੍ਹਾਂ ਦੀ ਇਹ ਗੱਲ ਮੰਨ ਲਈ ਹੈ ਕਿ ਜਿਉਂ ਜਿਉਂ ਸਾਡੇ ਕੋਲ ਫੰਡਜ਼ ਅਵੇਲੇਬਲ ਹੋਣਗੇ ਤਿਉਂ ਤਿਉਂ ਅਸੀਂ ਪ੍ਰਾਈਵੇਟ ਕਾਲਜਾਂ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਉਣ ਵਾਲੇ ਟੀਚਰਾਂ ਨੂੰ ਹੋਰ ਰਿਆਇਤਾਂ ਦਿਆਂਗੇ। ਡੀ. ਪੀ. ਆਈ ਕਾਲਜਿਜ਼ ਵੱਲੋਂ ਫੀਲਡ ਵਿਚ ਚਿੱਠੀ ਚਲੀ ਗਈ ਹੈ ਕਿ ਅਗਰ ਉਨ੍ਹਾਂ ਨੂੰ ਹਾਊਸ ਰੈਂਟ ਅਤੇ ਮੈਡੀਕਲ ਦਿਤਾ ਜਾਵੇ ਤਾਂ ਕੀ ਖਰਚਾ ਆਵੇਗਾ। ਮੈਂ ਇਸ ਗੱਲ ਲਈ ਇਨ੍ਹਾਂ ਦਾ ਬੜਾ ਧੰਨਵਾਦੀ ਹਾਂ। ਮੈਨੂੰ ਯਾਦ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸੀਨੇਟ ਦੀ ਮੀਟਿੰਗ ਸੀ। ਉਥੇ ਅਜਨਾਲਾ ਸਾਹਿਬ ਵੀ ਹਾਜ਼ਰ ਸਨ। ਇਨ੍ਹਾਂ ਨੇ ਉਥੇ ਵੀ ਕਿਹਾ ਸੀ ਕਿ ਅਸੀਂ ਪ੍ਰਿੰਸੀਪਲੀ ਮੰਨੇ ਹਾਂ ਕਿ ਜਿਉਂ ਜਿਉਂ ਸਾਡੇ ਕੋਲ ਫੰਡਜ਼ ਹੋਣਗੇ ਅਸੀਂ ਪ੍ਰਾਈਵੇਟ ਕਾਲਜਾਂ ਵਿਚ ਜਿਹੜੇ ਟੀਚਰ ਪੜ੍ਹਾਉਂਦੇ ਹਨ ਉਨ੍ਹਾਂ ਨੂੰ ਹੋਰ ਰਿਆਇਤਾਂ ਦਿਆਂਗੇ।

ਡਿਪਟੀ ਸਪੀਕਰ ਸਾਹਿਬ, ਜਿਸ ਗੱਲ ਦੇ ਬਾਰੇ ਮੈਂ ਖਾਸ ਤੌਰ ਤੇ ਧਿਆਨ ਦਿਵਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਸਾਨੂੰ ਇਹ ਗੱਲ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਅੱਜ ਅਸੀਂ ਵੋਕੇਸ਼ਨੇਲਾਈਜੇਸ਼ਨ ਕੀਤੀ ਹੈ। ਵੋਕੇਸ਼ਨੇਲਾਈਜ਼ੇਸ਼ਨ 1974-75 ਵਿਚ ਸ਼ੁਰੂ ਕੀਤੀ ਸੀ। ਫਿਰ ਅੱਕਾਲੀਆਂ ਦਾ ਰਾਜ ਆ ਗਿਆ। ਉਨ੍ਹਾਂ ਨੇ ਵੋਕੇਸ਼ਨੇਲਾਈਜ਼ੇਸ਼ਨ ਸਕੂਲਾਂ ਵਿਚ ਬੰਦ

ਕਰ ਦਿਤੀ । ਹੁਣ ਅਜਨਾਲਾ ਜੀ ਨੇ ਵੋਕੇਸ਼ਨੇਲਾਈਜ਼ੇਸ਼ਨ ਫਿਰ ਸ਼ੁਰੂ ਕਰ ਦਿਤੀ ਹੈ । ਸੋ ਸਕੂਲ ਹਰ ਸਾਲ ਵੋਕੇਸ਼ਨੇਲਾਈਜ਼ ਹੋਣੇ ਹਨ । ਇਸ ਗੱਲ ਦਾ ਫੈਸਲਾ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਆਈ. ਟੀ. ਆਈ. ਦੇ ਟਰੇਨਿੰਗ ਸੈਂਟਰ ਖੁਲ੍ਹੇ ਹੋਏ ਹਨ। ਇਨ੍ਹਾਂ ਦੇ 15-15, 20-20 ਏਕੜ ਦੇ ਵਿਚ ਗਰਾਊਂਡਜ਼ ਹਨ । ਫਿਰ ਵਰਕਸ਼ਾਪਾਂ ਹਨ । 20-20, 25-25 ਲੱਖ ਰੁਪਏ ਨਾਲ ਉਨ੍ਹਾਂ ਦੀਆਂ ਬਿਲਡਿੰਗਾਂ ਬਣੀਆਂ ਹਨ ਪਰ ਇਹ ਜਿਹੜੇ ਆਈ. ਟੀ. ਆਈ. ਟਰੇਨਿੰਗ ਸੈਂਟਰਜ਼ ਹਨ These are training the young men in different trades. They become the centres of indiscipline ਉਸ ਦਾ ਰਿਜ਼ਲਟ ਇਹ ਹੁੰਦਾ ਹੈ ਕਿ ਆਈ. ਟੀ. ਆਈ. ਪੜ੍ਹਨ ਦੇ ਬਾਅਦ ਵਿਦਿਆਰਥੀਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ । ਇਸ ਲਈ ਮੈਂ ਕਹਾਂਗਾ ਕਿ ਜੋ ਵੋਕੇ-ਸ਼ਨਲ ਮੈਟ੍ਰਿਕ ਸਕੂਲ ਹਨ ਉਨ੍ਹਾਂ ਦੀਆਂ ਵਰਕਸ਼ਾਪਾਂ ਹਨ ਜਾਂ ਆਈ.ਟੀ.ਆਈ. ਦੀਆਂ ਵਰਕਸ਼ਾਪਾਂ ਹਨ ਉਨ੍ਹਾਂ ਵਿਚ ਵਿਦਿਆਰਥੀਆਂ ਨੂੰ ਕੋਈ ਪ੍ਰੈਕਟੀਕਲ ਕੰਮ ਕਰਨ ਦਾ ਸਰਟੀ-ਫੀਕੇਟ ਦਿਤਾ ਜਾਵੇ ਤਾਂ ਕਿ ਜੋ ਵਿਦਿਆਰਥੀ ਥਿਊਰੀ ਵਿਚ ਪੜ੍ਹਿਆ ਹੈ ਪੰਜਵੀ ਤੋਂ ਦਸਵੀਂ ਤਕ ਉਸ ਨੂੰ ਉਹ ਪ੍ਰੈਕਟੀਕਲੀ ਯੂਜ਼ ਕਰ ਸਕੇ ਅਤੇ ਆਪਣੀ ਜ਼ਿੰਦਗੀ ਵਿਚ ਫਿਰ ਉਹ ਅਗੇ ਆ ਕੇ ਕੁਝ ਕਰ ਸਕੇ । ਮੈਨੂੰ ਉਮੀਦ ਹੈ ਕਿ ਸਰਕਾਰ ਮੇਰੀ ਇਸ ਸੁਜੈਸ਼ਨ ਵਲ ਧਿਆਨ ਦੇਵੇਗੀ । ਡਿਪਟੀ ਸਪੀਕਰ ਸਹਿਬ, ਮੇਰੇ ਬਟਾਲੇ ਵਿਚ ਇਕ ਸਕੂਲ ਹੈ ਔਰ ਉਥੇ 25 ਏਕੜ ਜ਼ਮੀਨ ਹੈ। ਉਸ ਜ਼ਮੀਨ ਵਿਚ ਹਵਾਈ ਜਹਾਜ ਉਤਰ ਸਕਦਾ ਹੈ ਪਰ ਉਥੇ ਕੌਣ ਪੜ੍ਹਦਾ ਹੈ ? ਇਨ੍ਹਾਂ ਦੀ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਸਰਕਾਰ ਨੇ ਪਿਛਲੇ ਸਮੇਂ ਵਿਚ ਇਕ ਸਾਲ ਦਾ ਕੋਰਸ ਉਥੇ ਹੁੰਦਾ ਸੀ ਉਹ ਇਨ੍ਹਾਂ ਨੇ ਦੋ ਸਾਲ ਦਾ ਕਰ ਦਿਤਾ ਹੈ । ਮੈਂ ਕਹਾਂਗਾ ਕਿ ਖੁਦਾ ਦੇ ਵਾਸਤੇ ਉਥੇ ਇਨ੍ਹਾਂ ਨੌਜਵਾਨਾਂ ਦਾ ਟਾਈਮ ਜ਼ਾਇਆ ਨਾ ਕਰੋ ਔਰ ਇਸ ਸਿਸਟਮ ਨੂੰ ਬੰਦ ਕਰੋ ।

ਡਿਪਟੀ ਸਪੀਕਰ ਸਹਿਬ, ਮੈਂ ਇਕ ਹੋਰ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਕਮਿਸ਼ਨ ਹੈ ਉਸ ਨੂੰ ਇਹ ਜਿਹੜੇ ਆਦਰਸ਼ ਸਕੂਲ ਪਿਛਲੀ ਸਰਕਾਰ ਨੇ ਖੋਲ੍ਹੇ ਸਨ ਉਹ ਵੀ ਰੈਫਰ ਕੀਤੇ ਜਾਣ । ਇਸ ਮੁਲਕ ਵਿਚ ਜਦੋਂ ਅਸੀਂ ਪ੍ਰਾਇਮਰੀ ਸਕੂਲਾਂ ਦੇ ਬਚਿਆਂ ਦੇ ਬੈਠਣ ਵਾਸਤੇ ਕਮਰੇ ਬਣਾਉਣ ਦੇ ਯੋਗ ਨਹੀਂ ਹਾਂ ਤਾਂ ਇਨ੍ਹਾਂ ਸਕੂਲਾਂ ਦੀ ਕੀ ਲੋੜ ਹੈ। ਜਿਹੜਾ ਕਮਿਸ਼ਨ ਹੈ ਉਹ ਵੀ ਇਸ ਗਲ ਦਾ ਫੈਸਲਾ ਕਰੇ ਕਿ ਜਿਹੜੇ ਆਦਰਸ਼ ਸਕੂਲ ਖੋਲ੍ਹੇ ਗਏ ਹਨ ਔਰ 1 ਕਰੋੜ 25 ਲੱਖ ਰੁਪਿਆ ਜਿਹੜਾ ਇਨ੍ਹਾਂ ਨੇ 6 ਸਕੂਲ ਖੋਲ੍ਹ ਕੇ ਖਰਚ ਕੀਤਾ ਹੈ ਉਸ ਦੀ ਕੀ ਜਸਟੀਫੀਕੇਸ਼ਨ ਹੈ ? ਇਹ ਪੈਸਾ ਜੋ ਹੈ ਉਹ ਮੌਜੂਦਾ ਸਕੂਲਾਂ ਨੂੰ ਬੇਹਤਰ ਕਰਨ ਲਈ ਖ਼ਰਚ ਕਰਨਾ ਚਾਹੀਦਾ ਹੈ । ਮੇਰੀ ਰਿਕੁਐਸਟ ਹੈ ਕਿ ਪਿੰਡਾਂ ਵਿਚ ਐਸੇ ਸਕੂਲ ਖੋਲ੍ਹ ਦਿਓ ਜਿਵੇਂ ਅਜਨਾਲਾ ਸਾਹਿਬ ਨੇ ਵੋਕੇਸ਼ਨਲ ਸਕੂਲਾਂ ਦੀ ਗਲ ਕੀਤੀ ਹੈ ਤਾਂ ਕਿ ਸਾਡੇ ਬੱਚੇ ਤਰੱਕੀ ਕਰ ਸਕਣ।

ਇਕ ਗਲ ਹੋਰ ਮੈਂ, ਡਿਪਟੀ ਸਪੀਕਰ ਸਹਿਬ, ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਜਿਸ ਨੇ 23 ਜਨਵਰੀ, 1981 ਨੂੰ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਸਿਕਿਉਰਿਟੀ ਆਫ਼ ਸਰਵਿਸ ਦੇ ਦਿੱਤੀ ਔਰ ਉਨ੍ਹਾਂ ਦੇ ਤੁਲਨਾ

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਬਣਾ ਦਿਤੇ ਮੈਂ ਕਹਿਣਾ ਚਾਹੁੰਦਾ ਕਿ ਅਜੇ ਵੀ ਪ੍ਰਾਈਵੇਟ ਕਾਲਜ ਟੀਚਰਜ਼ ਦੀ ਸਿਕਿਉਰਿਟੀ ਆਫ਼ ਸਰਵਿਸ ਦਾ ਜੋ ਮੌਜੂਦਾ ਐਕਟ ਹੈ ਉਸ ਦੇ ਸਫੀਸ਼ੈਂਟ ਨਾ ਹੋਣ ਕਾਰਨ ਉਨ੍ਹਾਂ ਵਿਚ ਬੜੀ ਬੇਚੈਨੀ ਹੈ। ਤੁਸੀਂ ਡਰਾਫਟ ਬਣਾ ਲਿਆ ਹੈ ਉਸ ਦੇ ਬਾਅਦ ਤੁਹਾਨੂੰ ਟਾਇਮ ਲਗੇਗਾ। ਮੇਰੀ ਰਿਕੁਐਸਟ ਹੈ ਕਿ ਤੁਹਾਨੂੰ ਜਲਦੀ ਤੋਂ ਜਲਦੀ ਪ੍ਰਾਈਵੇਟ ਕਾਲਜ ਟੀਚਰਜ਼ ਨੂੰ ਵੀ ਸਿਕਿਉਰਿਟੀ ਆਫ਼ ਸਰਵਿਸ ਦੇਣੀ ਚਾਹੀਦੀ ਹੈ, ਜਿਵੇਂ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਹੁੰਦਾ ਹਾਂ ਕਿ ਪ੍ਰਾਈਵੇਟ ਕਾਲਜ ਟੀਚਰਜ਼ ਨੇ ਪਿਛਲੇ ਦਿਨਾਂ ਵਿਚ ਐਗਜ਼ਾਮੀਨੇਸ਼ਨ ਦਾ ਬਾਈਕਾਟ ਕੀਤਾ ਸੀ ਔਰ ਉਹ ਪੈਸੇ ਉਨ੍ਹਾਂ ਦੀਆਂ ਗਰਾਂਟਾਂ ਵਿਚੋਂ ਕੱਟ ਲਏ ਗਏ ਸੀ। ਇਹ ਜੋ ਪੈਸੇ ਦੀ ਕੱਟ ਕੀਤੀ ਸੀ ਉਹ ਬਹਾਲ ਕਰੋ। ਇਹ ਵੀ ਮੇਰੀ ਰਿਕੁਐਸਟ ਹੈ। ਪ੍ਰਾਈਵੇਟ ਸਕੂਲ ਟੀਚਰਜ਼ ਦਾ ਇਕ ਇਹ ਬਹੁਤ ਵੱਡਾ ਮਸਲਾ ਹੈ। ਗੌਰਮਿੰਟ ਕਮਿਟਿਡ ਸੀ ਕਿ ਪ੍ਰੋਵੀਡੈਂਟ ਫ਼ੰਡ 10% ਕਰ ਦਿੱਤਾ ਜਾਵੇਗਾ। ਮੈਂ ਰਿਕੁਐਸਟ ਕਰਾਂਗਾ ਕਿ ਇਨ੍ਹਾਂ ਲਈ ਜਾਂ ਤਾਂ ਟਰਿਪਲ ਬੈਨੀਫਿਟ ਸਕੀਮ ਇੰਟਰੋਡਿਊਸ ਕੀਤੀ ਜਾਵੇ ਜਿਸ ਦੇ ਨਾਲ ਟੀਚਰਜ਼ ਨੂੰ ਪ੍ਰੋਵੀਡੈਂਟ ਫੰਡ ਵੀ ਮਿਲੇ, ਉਸ ਦੀ ਇਨਸ਼ੋਰੈਂਸ ਵੀ ਹੋਵੇ ਔਰ ਉਸ ਦੇ ਵਿਚ ਉਸ ਨੂੰ ਬੈਨੀਫਿਟ ਮਿਲੇ। ਕਾਫੀ ਸਟੇਟਾਂ ਨੇ ਇਸ ਤਰ੍ਹਾਂ ਕੀਤਾ ਹੈ। ਇਸ ਲਈ ਮੇਰੀ ਤੁਹਾਡੇ ਅਗੇ ਰਿਕੁਐਸਟ ਹੈ ਕਿ ਪ੍ਰਾਈਵੇਟ ਕਾਲਜ ਟੀਚਰਜ਼ ਅਤੇ ਪ੍ਰਾਈਵੇਟ ਸਕੂਲ ਟੀਚਰਜ਼ ਲਈ ਟਰਿਪਲ ਬੈਨੀਫਿਟ ਸਕੀਮ ਚਾਲੂ ਕਰ ਦਿਤੀ ਜਾਵੇ। ਇਸ ਦੇ ਨਾਲ ਸਾਡਾ ਖਰਚ ਘੱਟ ਹੋਣਾ ਹੈ। ਮੈਨੂੰ ਯਾਦ ਹੈ ਕਿ ਸੈਂਟਰ ਨੇ ਇਕ ਸਕੀਮ ਬਣਾਈ ਹੈ ਜਿਸ ਦੇ ਨਾਲ 2 ਰੁਪਏ ਜਾਂ 5 ਰੁਪਏ ਪਰ ਮੰਥ ਉਸ ਤੋਂ ਲੈਂਦੇ ਹਨ ਔਰ ਉਸ ਦੇ ਬਾਅਦ ਉਸ ਨੂੰ ਪੈਨਸ਼ਨ ਵੀ ਮਿਲਦੀ ਹੈ ਔਰ ਇਕ ਲੰਪਸਮ ਰੁਪਿਆ ਵੀ ਮਿਲਦਾ ਹੈ। ਇਸ ਤਰ੍ਹਾਂ ਮੈਂ ਅਰਜ਼ ਕਰਾਂਗਾ ਕਿ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਅਤੇ ਪ੍ਰਾਈਵੇਟ ਕਾਲਜ ਟੀਚਰਜ਼ ਨੂੰ ਪੂਰੀਆਂ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ ਜੋ ਗੌਰਮਿੰਟ ਸਰਵਿਸ ਵਿਚ ਮਿਲਦੀਆਂ ਹਨ ਤਾਂਕਿ ਉਨ੍ਹਾਂ ਦੀ ਸੈਟਿਸਫੈਕਸ਼ਨ ਹੋ ਸਕੇ।

ਡਿਪਟੀ ਸਪੀਕਰ ਸਹਿਬ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਇਸ ਗਲ ਲਈ ਵੀ ਮੁਬਾਰਕਬਾਦ ਦੀ ਮੁਸਤਹਿਕ ਹੈ ਕਿ ਪੰਜਾਬ ਦੇ ਵਿਚ ਪਹਿਲੀ ਵਾਰ, ਮੈਂ ਤਾਂ ਕਹਾਂਗਾ ਕਿ ਹਿੰਦੁਸਤਾਨ ਦੇ ਵਿਚ ਪਹਿਲੀ ਵਾਰ ਐਜੂਕੇਸ਼ਨ ਡੀਪਾਰਟਮੈਂਟ ਨੇ ਸਾਰੀਆਂ ਦੀਆਂ ਸਾਰੀਆਂ ਟੈਕਸਟ ਬੁੱਕਸ ਦੱਸਵੀਂ ਜਮਾਤ ਤਕ ਨੈਸ਼ਨੇਲਾਈਜ਼ ਕੀਤੀਆਂ ਹਨ। These have beeu nationalised. 1t is no where. It is only in punjab and we are proud of it. ਜਿਹੜੀਆਂ ਟੈਕਸਟ ਬੁੱਕਸ ਹਨ ਉਨ੍ਹਾਂ ਵਿਚ ਐਂਟਰ ਕੀ ਕੀਤਾ ਗਿਆ ਹੈ? ਉਨ੍ਹਾਂ ਵਿਚ ਪੈਟਰੀਆਟਸ ਦੀ ਹਿਸਟਰੀ, ਧਾਰਮਿਕ ਬੰਦਿਆਂ ਦੀ ਹਿਸਟਰੀ, ਗੁਰੂਆਂ ਦੀ ਹਿਸਟਰੀ, ਵੱਡੇ ਵੱਡੇ ਅਗੂਆਂ ਦਾ ਇਤਿਹਾਸ ਐਂਟਰ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਇਸ ਗਲ ਲਈ ਵੀ ਮੁਬਾਰਕਬਾਦ ਦੀ ਮੁਸਤਹਿਕ ਹੈ। (ਥੰਪਿੰਗ)

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ 65 ਬੱਚੇ ਅਡਾਪਟ ਕੀਤੇ ਹਨ ਜਿਨ੍ਹਾਂ ਨੂੰ

50% ਰੁਪਏ ਮਿਲਦੇ ਹਨ । ਜਿਹੜੇ ਬੱਚੇ ਫਸਟ, ਸੈਕੰਡ ਜਾਂ ਥਰਡ ਆਉਣ ਵਾਲੇ ਹਨ ਉਨ੍ਹਾਂ ਨੂੰ ਕਿਤਾਬਾਂ ਵੀ ਮਿਲਦੀਆਂ ਹਨ ਔਰ 50% ਰੁਪਏ ਵੀ ਮਿਲਦੇ ਹਨ। ਮੈਂ ਸਮਝਦਾ ਹਾਂ ਕਿ ਇਹ ਬੜੀ ਚੰਗੀ ਗਲ ਹੈ। (ਥੰਪਿੰਗ) ਮੈਂ ਸਮਝਦਾ ਹਾਂ ਕਿ ਸਿਖਿਆ ਦੇ ਵਿਚ ਹੋਰ ਵੀ ਲੋੜ ਹੈ ਧਿਆਨ ਦੇਣ ਦੀ ਤਾਂ ਕਿ ਸਾਡੇ ਗਰੀਬਾਂ ਦੇ ਬੱਚੇ ਜਿਹੜੇ ਹਨ ਛੋਟੇ ਛੋਟੇ ਤਬਕੇ ਦੇ ਬੱਚੇ ਜਿਹੜੇ ਹਨ ਉਨ੍ਹਾਂ ਨੂੰ ਵੱਡਿਆਂ ਵੱਡਿਆਂ ਦੇ ਬਰਾਬਰ ਲਿਆ ਸਕੀਏ ਕਿ ਸਾਡੇ ਪਿੰਡਾਂ ਦੇ ਗਰੀਬਾਂ ਦੇ ਬੱਚੇ ਵੀ ਸ਼ਹਿਰਾਂ ਦੇ ਲੋਕਾਂ ਦੇ ਬੱਚਿਆਂ ਦੇ ਮੁਕਾਬਲੇ ਵਿਚ ਪੜ੍ਹ ਲਿਖ ਸਕਣ। ਇਸ ਲਈ ਮੈਂ ਕਹਾਂਗਾ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਇਸ ਗਲ ਲਈ ਵੀ ਮੁਬਾਰਿਕਬਾਦ ਦੀ ਮੁਸਤਹਿਕ ਹੈ ਜਿਸ ਨੇ ਇਹ ਬੜੀ ਚੰਗੀ ਗਲ ਕੀਤੀ ਹੈ । ਪੰਜਾਬ ਦੇ ਵਿਚ ਕੈਰੀਅਰ ਬਿਊਰੋ, ਕੈਰੀਅਰ ਇੰਸਟੀਚਿਊਟ ਖੋਲ੍ਹਣ ਦਾ ਫੈਸਲਾ ਕੀਤਾ ਹੈ ਤਾਂ ਕਿ ਸਾਡੇ ਗਰੀਬਾਂ ਦੇ ਬੱਚੇ, ਹਰੀਜਨਾਂ ਦੇ ਬੱਚੇ ਪੀ.ਸੀ.ਐਸ. ਵਾਸਤੇ ਜਾਂ ਆਈ. ਏ. ਐਸ. ਵਾਸਤੇ ਤਿਆਰ ਕੀਤੇ ਜਾ ਸਕਣ । ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵੱਡਾ ਕਦਮ ਹੈ ।

ਡਿਪਟੀ ਸਪੀਕਰ ਸਾਹਿਬ, ਜਿਥੇ ਪਿੰਡਾਂ ਵਿਚ ਪਿੰਡਾਂ ਦੇ ਬੱਚਿਆਂ ਨੂੰ ਸਹੂਲਤਾਂ ਦਿੱਤੀਆਂ ਹਨ ਉਥੇ ਕਈ ਡਿਫੀਕਲਟੀਜ਼ ਵੀ ਹਨ । ਜਿੰਨਾ ਚਿਰ ਟੀਚਰਜ਼ ਸੰਤੁਸ਼ਟ ਨਹੀਂ ਤੁਸੀਂ ਜੋ ਮਰਜ਼ੀ ਸਕੀਮਾਂ ਬਣਾ ਲਓ ਉਹ ਅਮਲ ਨਹੀਂ ਹੋ ਸਕਦੀਆਂ । ਟੀਚਰਜ਼ ਨੂੰ ਸੰਤੁਸ਼ਟ ਕਰਨ ਵਾਸਤੇ ਕੋਈ ਟਾਈਮ ਬਾਊਂਡ ਕਮਿਸ਼ਨ ਬਣਾਓ । ਡਿਪਟੀ ਸਪੀਕਰ ਸਹਿਬ, ਕੋਈ ਵਕਤ ਸੀ ਜਦੋਂ ਪੰਜਾਬ ਦਾ ਐਜੂਕੇਸ਼ਨ ਡੀਪਾਰਟਮੈਂਟ ਛੋਟਾ ਜਿਹਾ ਡਿਪਾਰਟਮੈਂਟ ਸੀ ਔਰ ਚਾਰ ਪੰਜ ਹਜ਼ਾਰ ਸਾਰੇ ਪੰਜਾਬ ਵਿਚ ਟੀਚਰਜ਼ ਹੁੰਦੇ ਸਨ ਔਰ ਇਨ੍ਹਾਂ ਦਾ ਜੋ ਡੀ.ਪੀ.ਆਈ. ਹੁੰਦਾ ਸੀ ਉਸ ਨੂੰ ਜੁਆਇੰਟ ਸੈਕਟਰੀ ਦੀਆਂ ਵੀ ਪਾਵਰਜ਼ ਹਾਸਲ ਸਨ । ਡੀ.ਪੀ.ਆਈ. ਆਪ ਸੈਕਟਰੀ ਸੀ ਇਸ ਕਰਕੇ ਫੈਸਲੇ ਜੋ ਸਨ ਉਹ ਰੈਡਟੇਪਿਜ਼ਮ ਹੋਣ ਦੀ ਥਾਂ ਡੀ. ਪੀ. ਆਈ. ਲੈਵਲ ਤੇ ਹੀ ਹੋ ਜਾਂਦੇ ਸਨ । ਹੁਣ ਇਸ ਵੇਲੇ 90 ਹਜ਼ਾਰ ਗੌਰਮਿੰਟ ਟੀਚਰਜ਼ ਹਨ ਔਰ 18 ਹਜ਼ਾਰ ਪ੍ਰਾਈਵੇਟ ਸਕੂਲਾਂ ਅਤੇ ਕਾਲਜਿਜ਼ ਦੇ ਟੀਚਰਜ਼ ਹਨ। ਇਸ ਵੇਲੇ ਲੱਖ ਡੇਢ ਲੱਖ ਟੀਚਰਜ਼ ਵਾਸਤੇ ਇਹ ਡੀਪਾਰਟਮੈਂਟ ਹੈ । ਇਸ ਲਈ ਕੁਝ ਪਾਵਰਜ਼ ਡੀ.ਪੀ.ਆਈ. ਨੂੰ ਡੈਲੀਗੇਟ ਕਰਨੀਆਂ ਚਾਹੀਦੀਆਂ ਹਨ । ਉਨ੍ਹਾਂ ਦੀ ਹਰ ਗਲ ਸੈਕਟਰੀਏਟ ਲੈਵਲ ਤੇ ਨਾ ਆਵੇ, ਡਿਪਟੀ ਸਪੀਕਰ, ਸਹਿਬ, ਹੁੰਦਾ ਕੀ ਹੈ ਕਿ ਜਿਹੜਾ ਸਦਨ ਨੇ ਹੁਣੇ ਬਿਲ ਪਾਸ ਕੀਤਾ ਹੈ, ਜਨਰਲ ਪਰਪਜ਼ਿਜ਼ ਕਮੇਟੀ ਨੇ ਪਾਸ ਕੀਤਾ ਹੈ । ਮੈਂ ਇਸ ਦੀ ਮਿਸਾਲ ਦੇਂਦਾ ਹਾਂ ਇਹ ਕਿਥੋਂ ਹੁੰਦਾ ਹੈ ਪਾਸ ? ਇਕ ਅਸਿਸਟੈਂਟ ਤੋਂ ਔਰ ਅਸਿਸਟੈਂਟ ਉਸ ਤੇ ਟੀਕਾ ਟਿਪਣੀ ਕਰਦਾ ਹੈ ਕਿ ਐਮ. ਐਲ. ਏ ਨੂੰ ਆਦਤ ਹੈ ਰਿਆਇਤਾਂ ਮੰਗਣ ਦੀ। ਇਸ ਤਰ੍ਹਾਂ ਤੁਸੀ ਦੇਖੋ ਕਿ ਇਕ ਪਾਸੇ ਤਾਂ ਡੀ.ਪੀ.ਆਈ. ਫੈਸਲਾ ਕਰਦਾ ਹੈ, ਰਿਕੁਮੈਂਡ ਕਰਦਾ ਹੈ ਔਰ ਉਸ ਤੇ ਟੀਕਾ ਟਿਪਣੀ ਕੌਣ ਕਰਦਾ ਹੈ ? ਇਕ ਅਸਿਸਟੈਂਟ । ਮੈਂ ਬੇਨਤੀ ਕਰਾਂਗਾ ਕਿ ਇਸ ਸਿਸਟਮ ਨੂੰ ਖਤਮ ਕੀਤਾ ਜਾਵੇ ਔਰ ਡੀ.ਪੀ.ਆਈ. ਦੀਆਂ ਜੋ ਰਿਕੁਮੈਨਡੇਸ਼ਨਜ਼ ਹਨ ਉਹ ਘਟੋ ਘੱਟ ਜੁਆਇੰਟ ਸੈਕਟਰੀ ਜਾਂ ਸੈਕਟਰੀ ਲੈਵਲ ਤੇ ਡੀਲ ਹੋਣੀਆਂ ਚਾਹੀਦੀਆਂ ਹਨ

EXTENSION OF TIME OF THE SITTING

Doctor Bhagat Singh : The time of the sitting of the House may be extended by half an hour.

Mr. Deputy Speaker :- Is it the pleasure of the House that the time of the sitting of the House be extended by half an hour ?

Voices : yes,yes.

Mr. Deputy Speaker : The time of the sitting of the House is extended by half an hour, upto 2.00 P.M.

ਸਰਦਾਰ ਦਲੀਪ ਸਿੰਘ ਪਾਂਧੀ: ਡਿਪਟੀ ਸਪੀਕਰ ਸਾਹਿਬ, ਜੁਆਇੰਟ ਰੈਜ਼ੋਲਿਊਸ਼ਨ ਹੈ ਅਸੀਂ ਕੰਟਰੋਵਰਸੀ ਵਿਚ ਨਹੀਂ ਪੈਂਦੇ ਤੁਸੀਂ ਹੁਣੇ ਹੀ ਦੋ ਘੰਟੇ ਸਮਾਂ ਵਧਾ ਦਿਓ ।

ਸ਼੍ਰੀ ਡਿਪਟੀ ਸਪੀਕਰ: ਬਾਕੀ ਫਿਰ ਐਕਸਟੈਂਡ ਹੋ ਜਾਵੇਗਾ ।

JOINT MOTION REGARDING PRESENT EDUCATIONAL SYSTEM IN THE STATE (*Resumtion of Disscussion*)

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ: ਡਿਪਟੀ ਸਪੀਕਰ ਸਾਹਿਬ, ਸਾਰੇ ਹਿੰਦੁਸਤਾਨ ਵਿਚੋਂ ਇਹ ਸਿਰਫ ਪੰਜਾਬ ਦੀ ਸਰਕਾਰ ਹੀ ਹੈ ਜਿਸ ਨੇ 118 ਕਰੋੜ ਰੁਪਿਆ ਇਸ ਸਾਲ ਦੇ ਬਜਟ ਵਿਚ ਪ੍ਰੋਵਾਈਡ ਕੀਤਾ ਹੈ ।

(ਇਸ ਸਮੇ ਸ਼੍ਰੀ ਰਾਮ ਲਾਲ ਵਿੱਟੀ, ਮੈਂਬਰ ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਸਰਕਾਰ ਹੈ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹੈ ਜਿਸ ਨੇ 16 ਕਰੋੜ ਰੁਪਿਆ ਇਕ ਸਾਲ ਵਿਚ ਟੀਚਰਜ਼ ਨੂੰ ਦਿਤਾ ਹੈ । ਮੈਂ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਅਮਾਊਂਟ ਹੋਰ ਵੱਧ ਜਾਏਗਾ । ਚੇਅਰਮੈਨ ਸਾਹਿਬ, ਟੀਚਰਜ਼ ਦੇ ਤਿੰਨ ਚਾਰ ਮਸਲੇ ਹਨ । ਸਰਕਾਰ ਦਾ ਉਨ੍ਹਾਂ ਤੇ ਲਗਦਾ ਕੁਝ ਨਹੀਂ । ਇਕ ਤਾਂ ਐਫੀਸ਼ੈਂਸੀ ਬਾਰ ਦਾ ਮਸਲਾ ਹੈ । ਦੂਜਾ ਰਿਸਪਾਂਸੀਬਿਲਟੀ ਦੀ ਇਨਕਰੀਮੈਂਟ ਦਾ ਮਸਲਾ ਹੈ । ਅਸੀਂ ਹੈਡਮਾਸਟਰਜ਼ ਨੂੰ ਇਹ ਦੇ ਰਹੇ ਹਾਂ । ਭਾਵੇਂ ਉਹ ਪ੍ਰਾਇਮਰੀ ਸਕੂਲ ਵਾਲਾ ਹੈ । ਇਸ ਤਰ੍ਹਾਂ ਮਿਡਲ ਸਕੂਲ ਦੇ ਹੈਡਮਾਸਟਰ ਨੂੰ ਦਿਓ, ਹਾਈ ਸਕੂਲ ਦੇ ਹੈਡਮਾਸਟਰ ਨੂੰ ਦੇ ਦਿਓ । ਚੇਅਰਮੈਨ ਸਾਹਿਬ, ਸਾਡੇ ਨਾਲ ਈ. ਐਮ. ਸਾਹਿਬ ਕੁਮਿਟਿਡ ਹਨ । ਵਾਇਦੇ ਹੋ ਗਏ, ਐਲਾਨ ਹੋ ਗਏ ਪਰ ਕਿਸੇ ਨਾ ਕਿਸੇ ਸਟੇਜ ਤੇ ਇਮਪਲੀਮੈਂਟੇਸ਼ਨ ਵਿਚ ਧੋਖਾ ਹੋ ਰਿਹਾ ਹੈ । ਮੈਂ ਈ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਵਾਇਦੇ ਕਰਦੇ ਹਨ ਉਨ੍ਹਾਂ ਦੀ ਇਮਪਲੀਮੈਂਟੇਸ਼ਨ ਬਾਈਂਡਿੰਗ ਹੋਵੇ, ਇਸ ਲਈ ਕਿਸੇ ਦੀ ਅਕਾਊਂਟੇਬਿਲਟੀ ਹੋਵੇ । ਜਿਹੜਾ ਇਮਪਲੀਮੈਂਟੇਸ਼ਨ ਕਰੇ ਉਸ ਨੂੰ ਸਖਤੀ ਨਾਲ ਸਮਝਾਓ । Teachers are more concerned with the implementation and least concerned with the announcements. ਸੋ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਟੀਚਰਜ਼ ਦੀ ਸੁਣਵਾਈ ਕਰੋ । ਚੇਅਰਮੈਨ ਸਾਹਿਬ, ਕਦੇ ਸੁਣਿਆ ਹੈ ਕਿ ਮਲਾਹ ਦਾ ਹੁੱਕਾ ਸੁੱਕਾ । ਟੀਚਰਜ਼ ਜਿਹੜੇ ਪੜ੍ਹਾਉਂਦੇ ਹਨ ਉਨ੍ਹਾਂ

ਨੂੰ ਆਪ ਪੜ੍ਹਨ ਦੀ ਆਗਿਆ ਨਹੀਂ । ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੇ ਵਾਇਦਾ ਕੀਤਾ ਹੈ ਕਿ ਟੀਚਰਜ਼ ਨੂੰ ਪੜ੍ਹਨ ਦੀ ਇਜਾਜ਼ਤ ਦਿਤੀ ਜਾਏਗੀ । ਇਹ ਜਲਦੀ ਤੋਂ ਜਲਦੀ ਦਿਤੀ ਜਾਣੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਇਨ੍ਹਾਂ ਦੇ ਗਰੇਡਜ਼ ਦੀਆਂ ਅਨਾਮਲੀਜ਼ ਹਨ । ਜਿਹੜੇ ਐਨ. ਡੀ. ਐਸ. ਟੀਚਰਜ਼ ਹਨ ਉਨ੍ਹਾਂ ਨੂੰ ਅਜੇ ਤਕ ਜੇ. ਬੀ. ਟੀ. ਦੀਆਂ ਤਨਖਾਹਾਂ ਦਿਤੀਆਂ ਜਾ ਰਹੀਆਂ ਹਨ । ਉਨ੍ਹਾਂ ਦਾ ਇਹ ਮਸਲਾ ਹੱਲ ਕਰਵਾਓ । ਜਿਹੜੇ ਟੀਚਰਜ਼ ਦੇ ਮਸਲੇ ਅਨਾਮਲੀ ਕਮੇਟੀ ਕੋਲ ਪਏ ਹਨ ਉਨ੍ਹਾਂ ਨੂੰ ਐਕਸਪੀਡਾਈਟ ਕਰਵਾਓ । ਸਕੂਲ ਕਾਡਰ ਦੇ ਲੈਕਚਰਾਰਜ਼ ਨੂੰ ਹੈਡਮਾਸਟਰਜ਼ ਦਾ ਗਰੇਡ ਦੇਣਾ ਚਾਹੀਦਾ ਹੈ । ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ ।

Mr. Chairman : Motion moved—

That the present educational system in the State of Punjab be discussed.

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ । ਇਹ ਜਿਹੜਾ ਸਿਸਟਮ ਐਜੂਕੇਸ਼ਨ ਦਾ ਹੈ ਇਹ ਬੜਾ ਪੁਰਾਣਾ ਹੈ । ਅੰਗਰੇਜ਼ਾਂ ਦੇ ਵੇਲੇ ਦਾ ਹੈ, ਗੁਲਾਮੀ ਦੇ ਵੇਲੇ ਦਾ ਹੈ । ਅਸੀਂ ਇਸ ਦੇ ਵਿਚ ਕੋਈ ਬੁਨਿਆਦੀ ਚੇਂਜਿਜ਼ ਨਹੀਂ ਲਿਆਂਦੀਆਂ, ਸਿਰਫ਼ ਲੇਪਾ ਪੋਚੀ ਕੀਤੀ ਹੈ । ਹੋਰ ਇਸ ਤੋਂ ਵੱਧ ਕੁਝ ਨਹੀਂ ਕੀਤਾ । ਇਸ ਸਿਸਟਮ ਨਾਲ ਸਿਰਫ਼ ਸਸਤੇ ਕਲਰਕ ਹੀ ਪੈਦਾ ਹੋਏ ਹਨ ਜਾਂ ਨੀਚਲੇ ਪੱਧਰ ਦੇ ਪ੍ਰਬੰਧਕ । ਬਸ ਹੋਰ ਇਸ ਤੋਂ ਵੱਧ ਕੋਈ ਗਲ ਨਹੀਂ ਹੋਈ । ਅੱਜ ਲੋੜ ਹੈ ਇਸ ਸਿਸਟਮ ਨੂੰ ਵਿਗਿਆਨਿਕ ਡੌਰ ਤੇ ਬਦਲਣ ਦੀ, ਜਮਹੂਰੀ ਲਹਿਰਾਂ ਦੇ ਮੁਤਾਬਕ ਬਦਲਣ ਦੀ । ਵਿਗਿਆਨ ਇਸ ਨੂੰ ਸੈਕੂਲਰ ਬਣਾਵੇਗਾ, ਸਾਮਰਾਜ ਵਿਰੋਧੀ ਬਣਾਵੇਗਾ । ਜਿਹੜੀ ਰਹਿੰਦੀ ਖੂੰਹਦੀ ਜਾਗੀਰਦਾਰੀ ਹੈ ਉਸ ਨੂੰ ਖ਼ਤਮ ਕਰੇਗੀ ਤਾਂ ਹੀ ਲੋਕਾਂ ਦਾ ਭਲਾ ਹੋ ਸਕੇਗਾ । ਇਥੇ ਕਿਹਾ ਜਾ ਰਿਹਾ ਹੈ ਕਿ ਸਾਇੰਸ ਦੀ ਪੜ੍ਹਾਈ ਹੋ ਰਹੀ ਹੈ, ਵਿਕਾਸ ਹੋ ਰਿਹਾ ਹੈ । ਮੈਂ ਕਹਿੰਦਾ ਹਾਂ ਕਿ ਇਸ ਮੌਜੂਦਾ ਪੜ੍ਹਾਈ ਨਾਲ ਬੱਚਿਆਂ ਦਾ ਕੋਈ ਵਿਕਾਸ ਨਹੀਂ ਹੋ ਰਿਹਾ । ਉਹ ਵਿਗਿਆਨਿਕ ਕਿਤਾਬਾਂ ਪੜ੍ਹਾਈਆਂ ਜਾਣ ਜਿਹੜੀਆਂ ਬੱਚਿਆਂ ਦੇ ਜੀਵਨ ਨੂੰ ਸੁਚੱਜਾ ਬਣਾਉਣ ਵਾਸਤੇ ਹੋਣ ਨਾ ਕਿ ਭੂਤ ਪਰੇਤਾਂ ਦੀਆਂ ਕਹਾਣੀਆਂ, ਜਿਨ੍ਹਾਂ ਦੇ ਨਾਲ ਸਾਡੀ ਜੈਨਰੇਸ਼ਨ ਵਿਚ ਗਲਤ ਰੁਝਾਨ ਪੈਦਾ ਹੋਣ । ਸਾਡੀ ਐਪਰੋਚ ਸਾਇੰਟਿਫ਼ਿਕ ਹੋਣੀ ਚਾਹੀਦੀ ਹੈ । ਹੁਣ ਬੱਚਿਆਂ ਨੂੰ ਸਿਖਿਆ ਦਿਤੀ ਜਾਂਦੀ ਹੈ ਕਿ ਪਾਣੀ ਵਿਚ ਕਿੰਨੀ ਮਿਲਾਵਟ ਹੈ, ਸ਼ਰਾਬ ਵਿਚ ਕਿੰਨੀ ਮਿਲਾਵਟ ਹੈ ਆਦਿ ਇਹ ਜਿਹੜਾ ਸਿਸਟਮ ਹੈ ਇਹ ਸਾਡੇ ਬੱਚਿਆਂ ਦੇ ਜੀਵਨ ਲਈ, ਸਾਡੇ ਦੇਸ਼ ਦੇ ਪ੍ਰਬੰਧਕ ਢਾਂਚੇ ਲਈ ਸਹਾਇਕ ਸਿੱਧ ਨਹੀਂ ਹੋ ਸਕਦਾ । ਇਸ ਨੂੰ ਸਾਇੰਟੀਫ਼ਿਕ ਰੂਪ ਦੇਣਾ ਚਾਹੀਦਾ ਹੈ ਤਾਂਕਿ ਆਉਣ ਵਾਲੇ ਸਾਡੇ ਬੱਚੇ ਆਪਣਾ ਜੀਵਨ ਸੁਚੱਜਾ ਬਣਾ ਸਕਣ ।

ਇਸ ਦੇ ਨਾਲ ਹੀ ਮੈਂ ਕਹਿੰਦਾ ਹਾਂ ਕਿ ਇਸ ਸਿਸਟਮ ਨੂੰ ਸੈਕੂਲਰ ਬਣਾਉਣ ਦੀ ਲੋੜ ਹੈ, ਇਹ ਸੈਕੂਲਰ ਤਾਂ ਹੀ ਬਣੇਗਾ ਜੇਕਰ ਸਾਰੀ ਐਜੂਕੇਸ਼ਨ ਨੂੰ ਨੈਸ਼ਨੇਲਾਈਜ਼ ਕਰਾਂਗੇ ਨਹੀਂ ਤਾਂ ਫ਼ਿਰਕਾਪ੍ਰਸਤੀ ਵਧੇਗੀ । ਜਿਸ ਤਰ੍ਹਾਂ ਅੱਜ ਧਰਮ ਦੇ ਨਾਂ ਤੇ ਸਕੂਲ ਖੋਲ੍ਹੇ ਹੋਏ ਹਨ, ਕੋਈ ਖਾਲਸਾ ਸਕੂਲ ਹੈ, ਕੋਈ ਆਰੀਆ ਸਕੂਲ ਹੈ ਅਤੇ ਕੋਈ ਐਸ. ਡੀ. ਸਕੂਲ

[ਮਾਸਟਰ ਚੰਦ ਸਿੰਘ]

ਹੈ। ਇਨ੍ਹਾਂ ਸਾਰਿਆਂ ਨੂੰ ਨੈਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਵਿਚ ਸੈਕੂਲਰਿਜ਼ਮ ਦੀ ਵਿਦਿਆ ਦਿੱਤੀ ਜਾ ਸਕੇ। ਲੁਟੇਰਿਆਂ ਦੀ ਜਮਾਤ ਤਾਂ ਲੁਟੇਰਿਆਂ ਦੀ ਰਾਖੀ ਕਰਦੀ ਹੈ। ਪਿਛਲੇ ਸਮੇਂ ਵਿਚ ਇਥੇ ਇਕ ਸਿਸਟਮ ਲਿਆਂਦਾ ਗਿਆ ਸੀ ਅਤੇ ਉਸ ਅਧੀਨ ਮਾਡਲ ਸਕੂਲ ਬਣਾਏ ਗਏ ਸਨ। ਮੈਂ ਉਸ ਵੇਲੇ ਵੀ ਇਤਰਾਜ਼ ਕੀਤਾ ਸੀ। ਮੈਂ ਮੌਜੂਦਾ ਵਜ਼ੀਰ ਸਾਹਿਬ ਤੋਂ ਤਵੱਕੋ ਕਰਦਾ ਹਾਂ, ਇਹ ਬੜੇ ਸੁਲਝੇ ਹੋਏ ਹਨ, ਕਿ ਜਿੰਨੇ ਵੀ ਪਬਲਿਕ ਸਕੂਲ ਹਨ ਉਹ ਬੰਦ ਕੀਤੇ ਜਾਣ ਤਾਂ ਜੋ ਸਾਰੇ ਅਮੀਰਾਂ ਅਤੇ ਗਰੀਬਾਂ ਦੇ ਬੱਚੇ ਇਕੋ ਸਕੂਲ ਵਿਚ ਪੜ੍ਹ ਕੇ ਆਪਣੀ ਵਿਦਿਆ ਪ੍ਰਾਪਤ ਕਰ ਸਕਣ। ਇਸ ਨਾਲ ਸੁਧਾਰ ਹੋਵੇਗਾ। ਅੱਜ ਦੀ ਵਿਦਿਆ ਬੜੀ ਕਾਸਟਲੀ ਹੈ। ਇਹ ਗਰੀਬਾਂ ਦੇ ਬੱਚਿਆਂ ਲਈ ਬਹੁਤ ਮਹਿੰਗੀ ਹੈ। ਚੇਅਰਮੈਨ ਸਾਹਿਬ, ਸਕੂਲਾਂ ਦੇ ਵਿਚ ਸਟੈਗਨੇਸ਼ਨ ਬਹੁੱਤ ਹੈ। ਅਗਰ ਪਹਿਲੀ ਵਿਚ 100 ਬੱਚੇ ਹੁੰਦੇ ਹਨ ਤਾਂ ਛੇਵੀਂ ਤਕ 10, 15 ਜਾਂ 20 ਰਹਿ ਜਾਂਦੇ ਹਨ ਕਿਉਂਕਿ ਇਸ ਦੇ ਵਿੱਚ ਕਈ ਘਾਟਾਂ ਹਨ। ਪਹਿਲੇ ਇਸ ਸਿਸਟਮ ਵਿੱਚ ਕੋਈ ਇਮਤਿਹਾਨ ਨਹੀਂ ਸੀ। ਪੰਜਵੀਂ ਤਕ ਬੱਚੇ ਨੂੰ ਪਾਸ ਕਰੀ ਜਾਂਦੇ ਸੀ। ਹੁਣ ਇਨ੍ਹਾਂ ਨੇ ਪੰਜਵੀਂ ਦਾ ਇਮਤਿਹਾਨ ਸ਼ੁਰੂ ਕੀਤਾ ਹੈ। ਇਸ ਲਈ ਮੈਂ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਹਰ ਲੈਵਲ ਤੇ ਉਪਰ ਤੋਂ ਲੈ ਕੇ ਥੱਲੇ ਤਕ ਪੀਰੀਆਡੀਕਲ ਟੈਸਟ ਹੋਣਾ ਚਾਹੀਦਾ ਹੈ। ਅਗਰ ਇਹ ਨਹੀਂ ਕੀਤਾ ਜਾਵੇਗਾ ਤਾਂ ਇਸ ਨਾਲ ਸਟੈਗਨੇਸ਼ਨ ਆਵੇਗੀ। ਸਾਡੇ ਬੱਚਿਆਂ ਨੂੰ ਵਧੀਆ ਵਿਦਿਆ ਨਹੀਂ ਮਿਲ ਸਕੇਗੀ। ਬੰਗਾਲ ਵਿੱਚ 12ਵੀਂ ਤਕ ਮੁਫਤ ਵਿਦਿਆ ਦਿੱਤੀ ਜਾਂਦੀ ਹੈ। ਦੁਪਹਿਰ ਦੇ ਲੰਚ ਦਾ ਇੰਤਜ਼ਾਮ ਕੀਤਾ ਜਾਂਦਾ ਹੈ ਅਤੇ ਲੜਕੀਆਂ ਵਾਸਤੇ ਬੀ. ਏ. ਤਕ ਮੁਫਤ ਵਿਦਿਆ ਹੈ। ਇਨ੍ਹਾਂ ਨੂੰ ਵੀ ਇਸ ਦੀ ਨਕਲ ਕਰਕੇ ਮੁਫਤ ਵਿਦਿਆ ਇਥੇ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਸਾਡਾ ਐਜੂਕੇਸ਼ਨ ਦਾ ਸਿਸਟਮ ਵੀ ਨਿਘਰ, ਮਜ਼ਬੂਤ ਤੇ ਨਰੋਆ ਹੋਵੇਗਾ।

ਚੇਅਰਮੈਨ ਸਾਹਿਬ, ਪੰਜਾਬ ਦੀ ਬੋਲੀ ਪੰਜਾਬੀ ਹੈ। ਇਥੇ ਵਿਦਿਆ ਦਾ ਮਾਧਿਅਮ ਵੀ ਪੰਜਾਬੀ ਹੀ ਹੋਣਾ ਚਾਹੀਦਾ ਹੈ। ਪਰ ਅਫਸੋਸ ਦੀ ਗਲ ਹੈ ਕਿ ਮੈਡੀਕਲ ਸਾਇੰਸ ਅਤੇ ਕਾਨੂੰਨ ਦੀਆਂ ਕਿਤਾਬਾਂ ਅਤੇ ਹੋਰ ਟੈਕਨੀਕਲ ਕਿਤਾਬਾ ਪੰਜਾਬੀ ਬੋਲੀ ਵਿੱਚ ਅਵੇਲੇਬਲ ਨਹੀਂ ਹਨ। ਠੀਕ ਹੈ ਕਿ ਪਿਛਲੇ ਸਾਲ ਤੋਂ ਕਿਤਾਬਾਂ ਦੀ ਕੁਝ ਨੈਸ਼ਨੇਲਾਈਜ਼ੇਸ਼ਨ ਹੋਈ ਹੈ। ਪਰ ਇਸ ਦੇ ਵਿੱਚ ਵੀ ਕਈ ਸਕੈਂਡਲ ਹੁੰਦੇ ਹਨ। ਇਹ ਸਾਰਾ ਕੁਝ ਦੇਖਣਾ ਚਾਹੀਦਾ ਹੈ। ਅੰਗਰੇਜ਼ੀ ਨੰਬਰ ਦੋ ਤੇ ਆਪਸ਼ਨਲ ਸਬਜੈਕਟ ਹੋਣਾ ਚਾਹੀਦਾ ਹੈ। ਪੰਜਾਬੀ ਸਿਖਿਆ ਦਾ ਮਾਧਿਅਮ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਹੀ ਸਾਡੀ ਡਿਵੈਲਪਮੈਂਟ ਹੋ ਸਕੇਗੀ ਅਤੇ ਇਸ ਸਿਸਟਮ ਦੀ ਵੀ ਡਿਵੈਲਪਮੈਂਟ ਹੋ ਸਕੇਗੀ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਸਕੂਲਾਂ ਵਿੱਚ ਵੋਕੇਸ਼ਨਲ ਐਜੂਕੇਸ਼ਨ ਦੇਣ ਦਾ ਵੀ ਹੋਰ ਜ਼ਿਆਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਠੀਕ ਹੈ ਪੰਜਾਬ ਵਿੱਚ 100, 150 ਸਕੂਲਾਂ ਵਿੱਚ ਇਹ ਐਜੂਕੇਸ਼ਨ ਦਿੱਤੀ ਜਾ ਰਹੀ ਹੈ। ਪਰ ਮੈਂ ਸਮਝਦਾ ਹਾਂ ਕਿ ਜੇ ਸਾਰੇ ਸਕੂਲਾਂ ਵਿੱਚ ਵੋਕੇਸ਼ਨਲ ਗਾਈਡੈਂਸ ਹੋਵੇਗੀ ਤਾਂ ਐਜੂਕੇਸ਼ਨ ਜਾਬ-ਓਰਿਐਂਟਿਡ ਹੋਵੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਜਦੋਂ ਉਹ ਸਕੂਲਾਂ ਤੋਂ ਨਿਕਲਣਗੇ ਤਾਂ ਟਰੇਂਡ ਹ ਕੇ ਨਿਕਲਣਗੇ ਅਤੇ ਜਾ ਕੇ ਕੰਮ ਕਾਰ ਕਰ ਸਕਣਗੇ। ਦੂਸਰਾ ਜਿਹੜਾ ਸਿਲੇਬਸ ਹੈ ਇਸ ਨੂੰ ਵੀ ਠੀਕ ਕਰਨਾ ਚਾਹੀਦਾ ਹੈ। ਠੀਕ ਹੈ ਇਸ ਲਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਪਰ ਇਨ੍ਹਾਂ ਕਮੇਟੀਆਂ ਵਿੱਚ ਅਫਸਰਸ਼ਾਹੀ ਦਾ ਗ਼ਲਬਾ ਬੜਾ ਭਾਰੀ ਹੁੰਦਾ ਹੈ। ਇਹ ਖ਼ਤਮ ਹੋਣਾ ਚਾਹੀਦਾ ਹੈ। ਤੁਹਾਨੂੰ ਪਤਾ ਹੈ ਕਿ ਸਾਡੇ ਜਿਹੜੇ ਬੱਚੇ ਤੀਜੀ, ਚੌਥੀ ਕਲਾਸ

ਵਿੱਚ ਪੜ੍ਹਨ ਜਾਂਦੇ ਹਨ ਉਨ੍ਹਾਂ ਦੇ ਬਸਤੇ ਬੜੇ ਭਾਰੀ ਹੁੰਦੇ ਹਨ । ਬਸਤਿਆਂ ਦਾ ਬੋਝ ਬਹੁਤ ਜ਼ਿਆਦਾ ਹੁੰਦਾ ਹੈ । ਇਹ ਜਿਹੜਾ ਸਿਲੇਬਸ ਟਾਪ ਹੈਵੀ ਹੈ ਇਸਨੂੰ ਘਟਾਉਣ ਲਈ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ । ਜਿਹੜੀਆਂ ਇਹ ਕਮੇਟੀਆਂ ਹਨ, ਇਨ੍ਹਾਂ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਪਬਲਿਕ ਦੇ ਨੁਮਾਇੰਦਿਆਂ ਨੂੰ ਵਿੱਚ ਪਾ ਕੇ ਫਿਰ ਸਿਲੇਬਸ ਤਿਆਰ ਕਰਨਾ ਚਾਹੀਦਾ ਹੈ । ਇਸ ਨਾਲ ਸਾਰੀਆਂ ਮੁਸ਼ਕਲਾਂ ਦੂਰ ਹੋ ਜਾਣਗੀਆਂ । ਅੱਜ ਜਿਹੜਾ ਪ੍ਰਬੰਧ ਹੈ ਇਹ ਬੜਾ ਭਰਿਸ਼ਟ ਹੈ । ਜਦੋਂ ਤਕ ਵਿਦਿਆ ਦਾ ਜ਼ਮਹੂਰੀਕਰਨ ਨਹੀਂ ਕੀਤਾ ਜਾਂਦਾ ਬਲਾਕ ਪੱਧਰ ਤੇ, ਸਬ ਡਿਵੀਜ਼ਨ ਪੱਧਰ ਤੇ, ਸਟੇਟ ਪੱਧਰ ਤੇ ਜੇਕਰ ਵਿਦਿਆਰਥੀਆਂ ਦੇ ਨੁਮਾਇੰਦੇ ਪਾ ਕੇ ਸਕੂਲਾਂ ਵਿੱਚ ਕਮੇਟੀਆਂ ਨਹੀਂ ਬਣਾਈਆਂ ਜਾਂਦੀਆਂ, ਇਹ ਵਿਦਿਆ ਦਾ ਜੋ ਸਿਸਟਮ ਹੈ ਇਹ ਲੋਕਾਂ ਲਈ ਲਾਹੇਵੰਦ ਸਾਬਤ ਨਹੀਂ ਹੋ ਸਕਦਾ । ਇਹ ਕੰਮ ਸਾਨੂੰ ਕਰਨੇ ਪੈਣੇ ਹਨ । ਜੇ ਨਹੀਂ ਕਰਾਂਗੇ ਤਾਂ ਵਿਦਿਆ ਵਿੱਚ ਸੁਧਾਰ ਨਹੀਂ ਹੋ ਸਕੇਗਾ । ਯੂਨੀਵਰਸਿਟੀਆਂ ਵਿੱਚ ਵੀ ਵਿਦਿਆਰਥੀਆਂ, ਅਧਿਆਪਕਾਂ ਅਤੇ ਲੋਕਾਂ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ ਤਾਂ ਹੀ ਸੁਧਾਰ ਆ ਸਕਦਾ ਹੈ.. . ..

ਸ਼੍ਰੀ ਸਭਾਪਤੀ : ਵਾਈਂਡ ਅੱਪ ਕਰੋ ਜੀ ।

ਮਾਸਟਰ ਚੰਦ ਸਿੰਘ : ਹਾਂ ਜੀ, ਮੈਂ ਵਾਈਂਡ ਅਪ ਹੀ ਕਰਨ ਲਗਾ ਹਾਂ । ਇਥੇ ਐਗਜ਼ਾਮੀਨੇਸ਼ਨ ਸਿਸਟਮ ਵਿੱਚ ਸੁਧਾਰ ਲਿਆਉਣ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਇਹ ਨਹੀਂ ਲਿਆ ਸਕੇ । ਜਦੋਂ ਬੱਚਾ ਸਕੂਲ ਵਿੱਚ ਦਾਖਲ ਹੁੰਦਾ ਹੈ ਜੇਕਰ ਸਾਲ ਦੇ ਐਂਡ ਵਿਚ ਉਸਦਾ ਇਮਤਿਹਾਨ ਹੋਵੇ ਤਾਂ ਗਲਤ ਗੱਲ ਹੈ । ਇਸਦਾ ਹੱਲ ਇਹੀ ਹੈ ਕਿ ਆਬਜੈਕਟਿਵ ਟਾਈਪ ਦੇ ਟੈਸਟ ਹਰੇਕ ਬੱਚੇ ਦੇ ਹਫਤੇ ਬਾਅਦ, ਮਹੀਨੇ ਬਾਅਦ ਹੋਣ । ਇਨ੍ਹਾਂ ਸਾਰਿਆਂ ਟੈਸਟਾਂ ਵਿੱਚ ਉਸਦੀ ਪਰਫਾਰਮੈਂਸ ਵੇਖ ਕੇ ਹੀ ਉਸਨੂੰ ਅਗਲੀ ਕਲਾਸ ਵਿੱਚ ਪ੍ਰਮੋਟ ਕਰਨਾ ਚਾਹੀਦਾ ਹੈ । ਜਿਹੜੇ ਨਕਲ ਦੇ ਕੇਸ ਬਣਾਏ ਹਨ ਇਹ ਤਦ ਹੀ ਘਟਣਗੇ ਜੇਕਰ ਅਸੀਂ ਆਬਜੈਕਟਿਵ ਟਾਈਪ ਟੈਸਟ ਉਨ੍ਹਾਂ ਦੇ ਲਵਾਂਗੇ । ਅੱਜ ਸਾਡੇ ਸਮਾਜ ਵਿੱਚ ਨਕਲ ਮਾਰਨ ਦੀ ਇੱਕ ਲਾਹਨਤ ਹੈ, ਇਸਨੂੰ ਇਸ ਤਰੀਕੇ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ ।

ਸ਼੍ਰੀ ਸਭਾਪਤੀ : ਵਾਈਂਡ ਅੱਪ ਕਰੋ ਜੀ ।

ਮਾਸਟਰ ਚੰਦ ਸਿੰਘ : ਮੈਂ ਐਜੂਕੇਸ਼ਨ ਸਿਸਟਮ ਤੇ ਬੋਲ ਰਿਹਾ ਹਾਂ । ਮੈਨੂੰ ਦੋ, ਚਾਰ ਮਿੰਟ ਬੋਲ ਲੈਣ ਦਿਓ । ਟੀਚਰਾਂ ਦੀ ਹਾਲਤ ਨੂੰ ਵੇਖਿਆ ਜਾਵੇ । ਸਰਕਾਰ ਨੂੰ ਸਮਾਜ ਵਿੱਚ ਉਸਦਾ ਸਟੈਂਡਰਡ ਹਾਈ ਕਰਨਾ ਚਾਹੀਦਾ ਹੈ । ਅੱਜ ਮਹਿੰਗਾਈ ਦੇ ਮੁਤਾਬਿਕ ਉਨ੍ਹਾਂ ਦਾ ਸਟੈਂਡਰਡ ਪਿੱਛੇ ਜਾ ਰਿਹਾ ਹੈ । ਇਹ ਸਟੈਂਡਰਡ ਮੇਨਟੇਨ ਕਰਨ ਲਈ ਸਰਕਾਰ ਨੂੰ ਕੋਈ ਨਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ । ਟੀਚਰਾਂ ਦੀਆਂ ਯੂਨੀਅਨਾਂ ਨਾਲ ਗੱਲ ਬਾਤ ਕਰਕੇ ਉਨ੍ਹਾਂ ਦਾ ਸਟੈਂਡਰਡ ਵਧਾਉਣਾ ਚਾਹੀਦਾ ਹੈ । ਫਿਰ ਇਥੇ ਟੀਚਰਾਂ ਦੀਆਂ ਬਦਲੀਆਂ ਸਾਰਾ ਸਾਲ ਹੁੰਦੀਆਂ ਰਹਿੰਦੀਆਂ ਹਨ । ਚਾਹੀਦਾ ਤਾਂ ਇਹ ਹੈ ਕਿ ਜਦੋਂ ਸੈਸ਼ਨ ਖ਼ਤਮ ਹੋ ਜਾਵੇ ਤਾਂ 31 ਮਾਰਚ ਤੋਂ ਬਾਅਦ ਦੌਰਾਨ ਅਪ੍ਰੈਲ ਵਿੱਚ ਬਦਲੀਆਂ ਕਰ ਦਿੱਤੀਆਂ ਜਾਣ । ਫਿਰ ਟੀਚਰਾਂ ਨੂੰ ਜਿਹੜੇ ਅਵਾਰਡ ਦਿੱਤੇ ਹਨ ਉਸਦੇ ਵਿੱਚ ਵੀ ਗਲਤ ਪ੍ਰੈਜ਼ੀਡੈਂਟ ਹਨ । ਕੋਠਾਰੀ ਕਮਿਸ਼ਨ ਦੀ ਰਿਪੋਰਟ ਦੇ ਮੁਤਾਬਿਕ ਟੀਚਰਾਂ ਦੀ ਟਰੇਡ ਯੂਨੀਅਨ ਵਿਚੋਂ ਚੰਗੇ ਟੀਚਰ ਲੈਣੇ ਚਾਹੀਦੇ ਹਨ । (ਘੰਟੀ) ਜਿਹੜੀ ਅਲੈਕਟਿਡ ਟੀਚਰਾਂ ਦੀ ਯੂਨੀਅਨ ਹੈ ਉਸ ਨੂੰ ਸਰਕਾਰ ਮਾਨਤਾ ਦੇਵੇ ਤਾਂ ਕਿ ਹਰ ਮਸਲੇ ਵਿੱਚ ਸਰਕਾਰ ਉਨ੍ਹਾਂ ਨਾਲ ਗੱਲ ਬਾਤ ਕਰ ਸਕੇ ਅਤੇ

[ਮਾਸਟਰ ਚੰਦ ਸਿੰਘ]

ਵਿਦਿਆ ਦਾ ਢਾਂਚਾ ਠੀਕ ਹੋ ਸਕੇ ਅਤੇ ਇਹ ਉਸਾਰੂ ਬਣ ਸਕੇ । ਬਾਕੀ ਜਿਹੜੀ ਐਜੂਕੇਸ਼ਨਲ ਕੁਆਲੀਫਿਕੇਸ਼ਨ ਵਧਾਉਣ ਲਈ ਟੀਚਰਾਂ ਤੇ ਰੋਕ ਲਾਈ ਹੈ, ਉਹ ਰੋਕ ਖ਼ਤਮ ਹੋਣੀ ਚਾਹੀਦੀ ਹੈ ਤਾਂ ਕਿ ਟੀਚਰ ਆਪਣੀ ਯੋਗਤਾ ਵੱਧਾ ਸਕਣ ।

ਸ਼੍ਰੀ ਸਭਾਪਤੀ: ਵਾਈਂਡ ਅੱਪ ਕਰੋ ਜੀ ।

ਮਾਸਟਰ ਚੰਦ ਸਿੰਘ: ਮੈਂ ਇੱਕ ਮਿੰਟ ਵਿੱਚ ਹੀ ਵਾਈਂਡ ਅੱਪ ਕਰ ਦਿੰਦਾ ਹਾਂ । ਸੀ.ਐਸ.ਆਰ. (ਪਾਰਟ-1) ਦੀ 3.17 (ੲ) ਧਾਰਾ ਖ਼ਤਮ ਕਰਕੇ ਇਨ੍ਹਾਂ ਦੇ ਜਮਹੂਰੀ ਹੱਕ ਨੂੰ ਬਹਾਲ ਕਰਨਾ ਚਾਹੀਦਾ ਹੈ । ਜਿਹੜੇ ਸ਼ਡਿਊਲਡ ਕਾਸਟਸ ਲੜਕੇ ਜੇ.ਬੀ.ਟੀ. ਅਤੇ ਬੀ.ਐਡ. ਟਰੇਂਡ ਕੀਤੇ ਹਨ ਉਨ੍ਹਾਂ ਨੂੰ ਅਬਜ਼ਾਰਬ ਕੀਤਾ ਜਾਵੇ ਤਾਂ ਕਿ ਉਹ ਗਰੀਬ ਰੋਜ਼ੀ ਕਮਾ ਸਕਣ ।

ਚੇਅਰਮੈਨ ਸਾਹਿਬ, ਮੈਂ ਕੁਝ ਐਜੂਕੇਸ਼ਨ ਬੋਰਡ ਬਾਰੇ ਵੀ ਕਹਿਣਾ ਚਾਹੁੰਦਾ ਹਾਂ । ਈ.ਐਮ. ਸਾਹਿਬ ਨਾਲ ਵੀ ਬਹੁਤ ਵਾਰੀ ਇਸ ਬਾਰੇ ਗੱਲ ਕੀਤੀ ਹੈ । ਮੈਂ ਕਹਿੰਦਾ ਹਾਂ ਕਿ ਜਿਹੜਾ ਐਗਰੀਮੈਂਟ ਹੋਇਆ ਹੈ ਉਹ ਲਾਗੂ ਕਰਵਾਉਣ ਲਈ ਯੂਨੀਅਨ ਦੇ ਆਗੂਆਂ ਨੂੰ ਬੁਲਾ ਕੇ ਗੱਲ ਬਾਤ ਕਰਕੇ ਝਗੜਾ ਮੁਕਾਓ ਤਾਂ ਕਿ ਜਿਹੜਾ ਤਨਾਓ ਵਧਿਆ ਹੋਇਆ ਹੈ ਉਹ ਖ਼ਤਮ ਕੀਤਾ ਜਾ ਸਕੇ । ਮੈਂ, ਚੇਅਰਮੈਨ ਸਾਹਿਬ, ਇਸ ਗੱਲ ਦੀ ਮੰਗ ਕਰਦਾ ਹਾਂ ਕਿ ਮੇਰੇ ਹਲਕੇ ਵਿੱਚ ਮਾਣਕੀ, ਟਿੱਬਾ ਅਤੇ ਖੜੀ ਚਹਿਲਾਂ ਮਿਡਲ ਸਕੂਲਾਂ ਨੂੰ ਅਪਗ੍ਰੇਡ ਕਰਕੇ ਹਾਈ ਸਕੂਲ ਬਣਾਉਣਾ ਚਾਹੀਦਾ ਹੈ । ਜਿਹੜੀਆਂ ਪਿੰਡਾਂ ਦੇ ਸਕੂਲਾਂ ਵਿੱਚ ਹੈਡਮਾਸਟਰਾਂ ਅਤੇ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਉਹ ਤੁਰੰਤ ਭਰਨੀਆਂ ਚਾਹੀਦੀਆਂ ਹਨ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਨਾਸ ਨਾ ਹੋਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ.ਸੀ.): ਚੇਅਰਮੈਨ ਸਾਹਿਬ, ਇਹ ਜਿਹੜਾ ਜੁਆਇੰਟ ਰੈਜ਼ੋਲਿਊਸ਼ਨ ਹਾਊਸ ਵਿੱਚ ਆਇਆ ਹੈ ਮੈਂ ਇਸਦੇ ਲਿਆਉਣ ਲਈ ਬੜੀ ਕੰਟਰੀਬਿਊਸ਼ਨ ਕੀਤੀ । ਬੜੀ ਮਿਹਨਤ ਕਰਕੇ ਇਹ ਰੈਜ਼ੋਲਿਊਸ਼ਨ ਇਥੇ ਲਿਆਉਣ ਵਿੱਚ ਅਸੀਂ ਕਾਮਯਾਬ ਹੋਏ । ਜਦੋਂ ਤਕ ਸਮਾਜ ਦੇ ਬੇਸਿਕ ਢਾਂਚੇ ਵਿੱਚ ਸੁਧਾਰ ਨਾ ਹੋਵੇ, ਨਾ ਪੁਲੀਟੀਕਲ ਮਾਰੇਲਟੀ ਆਉਣੀ ਹੈ ਅਤੇ ਨਾ ਹੀ ਸੋਸ਼ਲ ਮਾਰੇਲਟੀ ਆਉਣੀ ਹੈ । ਇਸ ਢਾਂਚੇ ਨੂੰ ਸੁਧਾਰਨ ਲਈ, ਜਿਤਨੀਆਂ ਵੀ ਸਰਕਾਰਾਂ ਰਹੀਆਂ ਹਨ, ਕਿਸੇ ਨੇ ਇਮਾਨਦਾਰੀ ਨਾਲ ਯਤਨ ਨਹੀਂ ਕੀਤਾ । ਕਿਸੇ ਸਰਕਾਰ ਨੇ ਟੀਚਰਾਂ ਦੇ ਪੈਸੇ ਵੱਧਾ ਦਿੱਤੇ ਅਤੇ ਕਿਸੇ ਨੇ ਸਕੂਲ ਵੱਧਾ ਦਿੱਤੇ । ਇਹ ਕਿਸੇ ਨੇ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜਿਹੜੀ ਬੇਰੁਜ਼ਗਾਰੀ ਵੱਧ ਰਹੀ ਹੈ, ਜਿਹੜਾ ਇਨਡਿਸਿਪਲਿਨ ਵੱਧ ਰਿਹਾ ਹੈ, ਇਸਦਾ ਬੇਸਿਕ ਕਾਜ਼ ਕੀ ਹੈ ? ਮੈਂ ਚੀਫ ਮਨਿਸਟਰ ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿਉਂਕਿ ਬਹੁਤ ਸਾਰੀਆ ਗਲਾਂ ਦਾ ਉਨ੍ਹਾਂ ਦੇ ਨਾਲ ਸਬੰਧ ਹੈ, ਉਹ ਹਾਊਸ ਵਿੱਚ ਬੈਠੇ ਹਨ, ਜੇ ਉਹ ਇੰਟਰੈਸਟ ਰਖਦੇ ਹਨ ਤਾਂ ਸੁਣ ਲੈਣ । ਅੱਜ 118 ਕਰੋੜ ਰੁਪਿਆ ਵਿਦਿਆ ਤੇ ਖਰਚ ਸਰਕਾਰ ਕਰ ਰਹੀ ਹੈ । ਪਰ ਇਸ ਵਿੱਚੋਂ ਨਿਕਲਿਆ ਕੀ ਹੈ । ਪੰਜਵੀ ਜਮਾਤ ਦਾ ਹੁਣ ਇਨ੍ਹਾਂ ਨੇ ਇਮਤਿਹਾਨ ਸ਼ੁਰੂ ਕੀਤਾ ਹੈ । ਪਹਿਲੇ ਪੰਜ ਸਾਲ ਭਾਵੇਂ ਬੱਚਾ ਡੰਗਰ ਚਾਰਦਾ ਰਹਿੰਦਾ ਸੀ ਜਾਂ ਗੁੱਲੀ ਡੰਡਾ ਖੇਡਦਾ ਸੀ ਜਾਂ ਚਾਚਿਆਂ, ਮਾਮਿਆਂ ਦੇ ਘਰ ਰਹਿੰਦਾ ਸੀ, ਤਾਂ ਵੀ ਉਹ ਸਾਰੀਆਂ ਕਲਾਸਾਂ ਪਾਸ ਕਰੀ ਜਾਂਦਾ ਸੀ । ਜਿਨ੍ਹਾਂ ਲੋਕਾਂ ਨੇ ਇਸ ਦੇਸ਼ ਦੀ ਅਤੇ ਇਸ ਪ੍ਰਾਂਤ ਦੀ ਖ਼ੁਸ਼ਹਾਲੀ ਲਈ ਕੰਮ ਕੀਤਾ ਹੈ ਅਤੇ ਦੇਸ਼ ਖ਼ੁਸ਼ਹਾਲ ਹੋਇਆ ਹੈ, ਮੇਰਾ ਮਤਲਬ ਪੇਂਡੂ ਫਾਰਮਰ ਤੋਂ ਹੈ, ਇਹ ਅਜੀਬ ਗੱਲ ਹੈ ਕਿ ਉਨ੍ਹਾਂ ਦੇ ਬੱਚਿਆਂ ਦੀ ਉਮਰ 15, 16 ਸਾਲ ਹੋ ਜਾਂਦੀ ਹੈ ਪਰ ਉਹ ਪੰਜਵੀਂ, ਛੇਵੀਂ ਜਾਂ ਸੱਤਵੀਂ ਕਲਾਸ ਤਕ ਹੀ

ਅੜੇ ਰਹਿੰਦੇ ਹਨ ਉਹ ਪਾਸ ਕਿਉਂ ਨਹੀਂ ਹੁੰਦੇ ? ਇਸ ਦਾ ਕੀ ਕਾਰਨ ਹੈ ? ਇਸਦੇ ਬਰਅਕਸ ਇੱਕ ਨਵੀਂ ਪ੍ਰਿਵਲਿਜਡ ਕਲਾਸ ਅਫਸਰਾ, ਮਨਿਸਟਰਾਂ, ਐਮ.ਐਲ.ਏਜ਼. ਅਤੇ ਕੁਰੱਪਟ ਬਿਜ਼ਨਸਮੈਨਾਂ ਦੇ ਬੱਚਿਆਂ ਦੀ ਪੈਦਾ ਹੋ ਰਹੀ ਹੈ । ਉਹ ਆਪਣੇ ਬੱਚਿਆਂ ਨੂੰ ਕਸੌਲੀ, ਸ਼ਿਮਲਾ, ਦੇਹਰਾਦੂਨ ਪੜ੍ਹਨ ਲਈ ਭੇਜਦੇ ਹਨ ਜਿਥੇ ਪਹਿਲੀ ਜਮਾਤ ਵਿੱਚ 400 ਰੁਪਏ ਮਹੀਨਾ ਖਰਚ ਆਉਂਦਾ ਹੈ । ਮੈਂ ਚਾਹੁੰਦਾ ਹਾਂ ਕਿ ਅੱਜ ਰੁਪਿਆ ਵਧਾਉਣ ਦੀ ਬਜਾਏ ਐਜੂਕੇਸ਼ਨਲ ਸਿਸਟਮ ਨੂੰ ਚੇਂਜ ਕਰਨਾ ਚਾਹੀਦਾ ਹੈ ।ਇਕ ਤਾਂ ਸਾਡੀ ਐਜੂਕੇਸ਼ਨ ਦੀ ਮਸ਼ੀਨਰੀ ਹੀ ਗਲਤ ਹੈ । ਚੇਅਰਮੈਨ ਸਾਹਿਬ, ਜੇਕਰ ਕੋਈ ਮਸ਼ੀਨਰੀ ਗਲਤ ਹੋਵੇ ਤਾਂ ਉਹ ਪ੍ਰੋਡੈਕਸ਼ਨ ਠੀਕ ਕਿਵੇਂ ਕਰ ਸਕਦੀ ਹੈ ਉਹ ਨਹੀਂ ਕਰ ਸਕਦੀ। ਦੂਜਾ ਇਹ ਕਿ ਸਾਡੀਆਂ ਗੌਰਮਿੰਟਾਂ ਕੰਪੀਟੀਸ਼ਨ ਕਰਦੀਆਂ ਹਨ, ਚਾਹੇ ਇਸ ਪਾਸੇ ਦੀ ਗੌਰਮਿੰਟ ਹੋਵੇ ਤੇ ਚਾਹੇ ਉਸ ਪਾਸੇ ਦੀ ਗੌਰਮਿੰਟ ਹੋਵੇ। ਕੀ ਹੁੰਦਾ ਹੈ ? ਇਕ ਸਰਕਾਰ ਕਹਿ ਦਿੰਦੀ ਹੈ ਕਿ ਅਸੀਂ ਗਰੈਜੂਏਟਸ ਜਿਹੜੇ ਹਨ ਉਨ੍ਹਾਂ ਨੂੰ 50-50, 40-40 ਰੁਪਏ ਦੇਵਾਂਗੇ, ਫਿਰ ਦੂਜੀ ਪਾਰਟੀ ਦੀ ਸਰਕਾਰ ਆਂਉਂਦੀ ਹੈ ਔਰ ਕਹਿੰਦੀ ਹੈ ਕਿ ਨਹੀਂ ਅਸੀਂ ਇਨ੍ਹਾਂ ਨੂੰ 60-60 ਰੁਪਏ ਮਹੀਨਾ ਦੇਵਾਂਗੇ, ਇਸ ਤਰ੍ਹਾਂ ਨਾਲ ਕੰਪੀਟੀਸ਼ਨ ਹੁੰਦਾ ਹੈ, ਜਿਸ ਨਾਲ ਉਹ ਨੌਜਵਾਨ ਗੁਮਰਾਹ ਹੁੰਦੇ ਹਨ । 16/17 ਸਾਲ ਬੱਚਿਆਂ ਦੇ ਮਾਂ ਬਾਪ ਨੇ ਉਨ੍ਹਾਂ ਤੇ ਖਰਚ ਕੀਤਾ ਹੁੰਦਾ ਹੈ। ਸਰਕਾਰ ਦਾ ਵੀ ਖਰਚ ਹੋਇਆ ਹੋਇਆ ਹੁੰਦਾ ਹੈ ਔਰ ਉਹ ਫਿਰ ਵੇਹਲਾ ਫਿਰਦਾ ਹੈ । ਇਹ ਕਿਉਂ ? ਕਿਉਂਕਿ ਸਾਡਾ ਆਜੂਕੇਸ਼ਨ ਸਿਸਟਮ ਗਲਤ ਹੈ। ਜਦੋਂ ਤਕ ਅਸੀਂ ਇਸ ਸਿਸਟਮ ਨੂੰ ਸੁਧਾਰਾਂਗੇ ਨਹੀਂ, ਇਹ ਸਮੱਸਿਆ ਸਾਡੇ ਸਾਹਮਣੇ ਹੀ ਰਹੇਗੀ ਔਰ ਫਿਰ ਵੇਹਲੇ ਨੌਜਵਾਨ ਕੀ ਕਰਨਗੇ ? ਕੋਈ ਬੱਸਾਂ ਫੂਕੇਗਾ, ਕੋਈ ਅੱਗਾਂ ਲਗਾਵੇਗਾ, ਜਾਂ ਕੁਝ ਐਸੇ ਸ਼ਖਸ ਹਨ ਜਿਹੜੇ ਕਿ ਉਨ੍ਹਾਂ ਨੂੰ ਗਲਤ ਪਾਸੇ ਲੈ ਜਾਣਗੇ । ਇਸ ਲਈ ਚੇਅਰਮੈਨ ਸਾਹਿਬ, ਇਸ ਆਉਣ ਵਾਲੀ ਨੇਸ਼ਨ ਨੂੰ ਬਚਾਉਣ ਲਈ, ਇਸ ਐਜੂਕੇਸ਼ਨ ਦੇ ਸਿਸਟਮ ਵਿਚ ਬੇਸਿਕ ਸੁਧਾਰ ਕਰਨ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਇਹ ਮੇਰੀ ਸਟੇਟ ਐਸੀ ਹੈ ਜਿਹੜੀ ਕਿ ਹਰ ਨਵੀਂ ਗੱਲ ਨੂੰ ਹਰ ਨਵੇਂ ਸਿਸਟਮ ਨੂੰ ਬੜੀ ਜਲਦੀ ਅਡਾਪਟ ਕਰ ਲੈਂਦੀ ਹੈ । ਮੈਂ ਜਮਨਾ ਤੋਂ ਪਾਰ ਗਿਆ ਹਾਂ, ਔਰ ਵੇਖਿਆ ਹੈ ਕਿ ਉਹ ਲੋਕ ਕਿਸ ਤਰ੍ਹਾਂ ਨਾਲ ਕਾਸਟੇਇਜ਼ਮ ਨਾਲ ਇਤਨੇ ਚੰਬੜੇ ਹੋਏ ਹਨ ਕਿ ਉਹ ਚੰਗੀ ਗੱਲ ਨੂੰ ਅਡਾਪਟ ਕਰਨ ਨੂੰ ਤਿਆਰ ਨਹੀਂ ਹਨ। ਪਰ ਇਸ ਪਵਿੱਤਰ ਧਰਤੀ ਤੇ ਗੁਰੂ ਨਾਨਕ ਦੇਵ ਜੀ ਨੇ ਇਕ ਐਸਾ ਸਿਸਟਮ ਲਿਆਂਦਾ ਜਿਹੜਾ ਕਿ ਜ਼ਾਤ-ਪਾਤ ਤੋਂ ਉਪਰ ਹੈ । ਉਸ ਵੇਲੇ ਗੁਰਦਵਾਰਿਆਂ ਵਿਚ ਐਜੂਕੇਸ਼ਨ ਮਿਲਦੀ ਹੁੰਦੀ ਸੀ ਔਰ ਜਿਹੜਾ ਕੋਈ ਤਕੜਾ ਹੁੰਦਾ ਸੀ ਉਹ ਅੱਗੇ ਨਿਕਲ ਜਾਂਦਾ ਸੀ। ਹੁਣ ਦੇ ਸਿਸਟਮ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ ਹੁਣ ਦਾ ਐਜੂਕੇਸ਼ਨ ਸਿਸਟਮ ਹੈ, ਉਸ ਵਿਚ ਸਿਰਫ ਪੈਸੇ ਵਧਾਉਣ ਨਾਲ ਕੁਝ ਨਹੀਂ ਬਣਦਾ ਉਸ ਵਿਚ ਫੰਡਾਮੈਂਟਲ ਚੇਂਜਿਜ਼ ਕਰਨ ਦੀ ਲੋੜ ਹੈ । ਮੈਂ ਕਹਿੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਅਰ ਅਜਨਾਲਾ ਸਾਹਿਬ ਇਸ ਢਾਂਚੇ ਨੂੰ ਚੇਂਜ ਕਰਨ ਦਾ ਕਰੈਡਿਟ ਲੈਣ ।

ਪਹਿਲੀ ਗੱਲ ਤਾਂ ਇਹ ਹੈ ਕਿ ਐਜੂਕੇਸ਼ਨ ਜਿਹੜੀ ਹੈ ਫ੍ਰਿਹ ਫਰੀ ਹੋਣੀ ਚਾਹੀਦੀ ਹੈ । ਜਿੱਥੋਂ ਤਕ ਬੱਚਾ ਪੜ੍ਹ ਸਕਦਾ ਹੋਵੇ, ਉਹ ਪੜ੍ਹ ਲਵੇ । ਇਹ ਉਸ ਦਾ ਫੰਡਾਮੈਂਟਲ ਰਾਈਟ ਹੈ। ਉਸ ਨੇ ਪੜ੍ਹ ਲਿਖ ਕੇ ਇਕ ਚੰਗੀ ਨੇਸ਼ਨ ਬਣਾਉਣੀ ਹੈ । ਦੂਸਰਾ ਅਸੀਂ ਅਪ ਟੂ ਮੈਟ੍ਰਿਕ ਕੰਪਲਸਰੀ ਐਜੂਕੇਸ਼ਨ ਕਰੀਏ । ਮੈਂ ਸਮਝਦਾ ਹਾ ਹਾਂ ਕਿ ਐਜੂਕੇਸ਼ਨ ਜ਼ਰੂਰ ਕਿਸੇ ਹੱਦ ਤਕ ਕੰਪਲਸਰੀ ਹੋਣੀ ਚਾਹੀਦੀ ਹੈ ਤਾਕਿ ਹਰ ਬੱਚਾ ਸਮਾਜ ਦਾ ਇਕ ਯੂਜ਼ਫੁੱਲ ਅੰਗ ਬਣ ਜਾਵੇ ਫਿਰ ਐਜੂਕੇਸ਼ਨ ਵੋਕੇਸ਼ਨੇਲਾਈਜ਼ ਹੋਣੀ ਚਾਹੀਦੀ ਹੈ। ਪਹਿਲੀ ਤੋਂ ਹੀ ਕੋਈ ਨਾ ਕੋਈ ਧੰਦਾ

[ਡਾਕਟਰ ਭਗਤ ਸਿੰਘ]
ਬੱਚੇ ਨੂੰ ਦੇਣਾ ਚਾਹੀਦਾ ਹੈ ਤਾਕਿ ਉਹ ਪ੍ਰੋਡਿਊਸਿੰਗ ਮਸ਼ੀਨਰੀ ਬਣੇ ਔਰ ਵਧੀਆ ਸੁਸਾਇਟੀ ਪ੍ਰੋਡਿਊਸ ਕਰ ਸਕੇ । ਚੌਥੀ ਗੱਲ ਜਿਹੜੀ ਲਾਜ਼ਮੀ ਹੈ ਉਹ ਇਹ ਹੈ ਕਿ ਯੂਨੀਫਾਰਮ ਐਜੂਕੇਸ਼ਨ ਹੋਣੀ ਚਾਹੀਦੀ ਹੈ ਅਤੇ ਯੂਨੀਫਾਰਮ ਸਕੂਲ ਹੋਣੇ ਚਾਹੀਦੇ ਹਨ । ਚਾਹੇ ਡਿਪਟੀ ਕਮਿਸ਼ਨਰ ਦਾ ਪੁੱਤਰ ਹੈ, ਚਾਹੇ ਚੀਫ ਮਨਿਸਟਰ ਦਾ ਪੁਤਰ ਹੈ, ਚਾਹੇ ਕਿਸੇ ਐਮ.ਐਲ.ਏ.ਦਾ ਪੁਤਰ ਹੈ ਔਰ ਚਾਹੇ ਕਿਸੇ ਚਪੜਾਸੀ ਦਾ ਪੁੱਤਰ ਹੈ, ਉਹ ਸਾਰੇ ਇਕੋ ਜਿਹੇ ਹੀ ਸਕੂਲ ਵਿਚ ਜਾਣ, ਕੋਈ ਡਿਸਕ੍ਰੀਮੀਨੇਸ਼ਨ ਨਹੀਂ ਹੋਣੀ ਚਾਹੀਦੀ । ਹੁਣ ਕੀ ਹੁੰਦਾ ਹੈ ਕਿ ਇਕ ਆਈ.ਏ.ਐਸ. ਅਫ਼ਸਰ ਬਣ ਜਾਂਦਾ ਹੈ ਤਾਂ ਉਸ ਦੀ ਖਾਹਿਸ਼ ਹੁੰਦੀ ਹੈ ਕਿ ਮੈਂ ਆਪਣੇ ਬੱਚੇ ਨੂੰ ਦੂਸਰਿਆਂ ਨਾਲੋਂ ਚੰਗੀ ਐਜੂਕੇਸ਼ਨ ਦੇਵਾਂ । ਅਗਰ ਉਸ ਦੇ ਤਿੰਨ ਪੁੱਤਰ ਹਨ ਤਾਂ ਉਹ ਤਿੰਨਾਂ ਨੂੰ ਇੰਗਲਿਸ਼ ਸਕੂਲਾਂ ਵਿਚ ਭੇਜਦਾ ਹੈ ਔਰ 1500 ਰੁਪਿਆ ਖਰਚ ਵੀ ਕਰ ਸਕਦਾ ਹੈ ਪਰ ਉਸ ਦੇ ਮੁਕਾਬਲੇ ਵਿਚ ਗਰੀਬ ਦਾ ਮੁੰਡਾ ਉਸ ਤਰ੍ਹਾਂ ਦੀ ਐਜੂਕਸ਼ਨ ਨਹੀਂ ਪਾ ਸਕਦਾ । (ਘੰਟੀ) ਚੇਅਰਮੈਨ ਸਾਹਿਬ, ਮੈਂ ਤਾਂ ਰੈਜ਼ੋਲਿਊਸ਼ਨ ਲਿਆਂਦਾ ਹੈ, ਮੈਨੂੰ ਤਾਂ ਬੋਲ ਲੈਣ ਦਿਓ । ਸੋ, ਮੈਂ ਅਰਜ਼ ਕਰ ਰਿਹਾ ਸੀ ਕਿ ਫੰਡਾਮੈਂਟਲ ਚੇਂਜਿਜ਼ ਦੀ ਗੱਲ ਹੈ ਔਰ ਫੰਡਾਮੈਂਟਲ ਕਾਰਣ ਹਨ ਜਿਨ੍ਹਾਂ ਕਰਕੇ ਕਿਸੇ ਆਦਮੀ ਨੂੰ ਕੁਰੱਪਟ ਬਨਣਾ ਪੈਂਦਾ ਹੈ । ਇਸ ਲਈ ਇਸ ਨੂੰ ਰੋਕੋ ਔਰ ਰੋਕਣ ਤੋਂ ਬਾਅਦ ਫਿਰ ਕਿਸੇ ਆਦਮੀ ਨੂੰ ਮੈਂ ਸਮਝਦਾ ਹਾਂ ਕਿ ਕੁਰਪਸ਼ਨ ਕਰਨ ਦੀ ਲੋੜ ਨਹੀਂ ਰਹਿੰਦੀ । ਕੋਈ ਨਹੀਂ ਚਾਹੁੰਦਾ ਕਿ ਮੈਨੂੰ ਕੋਈ ਕੁਰੱਪਟ ਕਹੇ । ਇਸ ਲਈ ਐਜੂਕੇਸ਼ਨ ਰਿਫਾਰਮਜ਼ ਕਮਿਸ਼ਨ ਵੀ ਸਰਕਾਰ ਦਾ ਬਣਾਉਣ ਦਾ ਮੈਂ ਸਮਝਦਾ ਹਾਂ, ਕਿ ਵਿਚਾਰ ਹੈ । ਅੱਗੇ ਗੌਰਮਿੰਟ ਆਫ ਇੰਡੀਆ ਦੇ ਵੀ ਕਈ ਕਮਿਸ਼ਨ ਬਣੇ ਹਨ । ਮੈਂ ਵੀ ਇਸ ਪਾਸੇ ਵੇਖਦਾ ਰਿਹਾ ਹਾਂ । ਅਸੀਂ ਵੀ ਕੰਟਰੀਬਿਊਸ਼ਨ ਕਰਦੇ ਰਹੇ ਹਾਂ ਪਰ ਚੇਅਰਮੈਨ ਸਾਹਿਬ, ਮੈਂ ਇਹ ਵੇਖਿਆ ਹੈ ਕਿ ਉਨ੍ਹਾਂ ਕਮਿਸ਼ਨਾਂ ਦੀਆਂ ਰਿਪੋਟਾਂ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਬਹੁਤ ਪਈਆਂ ਹਨ ਔਰ ਜੇਕਰ ਉਹ ਸਾਰੀਆਂ ਇਕਠਿਆ ਕਰੋ ਤਾਂ ਗਧੇ ਦਾ ਲੱਦ ਹੋਵੇਗਾ ਪਰ ਯਕੀਨ ਜਾਣੋਂ ਕੋਈ ਨਹੀਂ ਉਨ੍ਹਾਂ ਨੂੰ ਪੜਦਾ । ਜਿਹੜੇ ਉਨ੍ਹਾਂ ਕਮਿਸ਼ਨਾਂ ਦੇ ਮੈਂਬਰ ਸਨ ਠੀਕ ਹੈ, ਉਹ ਆਪਣਾ ਟੀ. ਏ. ਬਣਾ ਕੇ ਪੈਸੇ ਲੈ ਕੇ ਜਾਂਦੇ ਰਹੇ ਹਨ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਕੁਝ ਕਰਨ ਦੀ ਗੱਲ ਕਰੋ । ਜੇਕਰ ਸਰਕਾਰ ਚਾਰ ਗੱਲਾਂ ਐਜੂਕੇਸ਼ਨ ਦੇ ਢਾਂਚੇ ਵਿਚ ਕਰਨ ਨੂੰ ਤਿਆਰ ਹੋਵੇ ਤਾਂ ਸੁਧਾਰ ਹੋ ਸਕਦਾ ਹੈ ਔਰ ਮੈਂ ਕਹਿੰਦਾਂ ਹਾਂ ਕਿ ਜੇਕਰ ਇਹ ਇਨ੍ਹਾਂ ਚਾਰਾਂ ਕੰਮਾਂ ਨੂੰ ਕਰਨ ਵਾਸਤੇ ਤਿਆਰ ਹੋਣ ਤਾਂ ਮੈਂ ਇਨ੍ਹਾਂ ਸਕੀਮਾਂ ਵਿਚੋਂ ਪੈਸੇ ਕੱਢ ਕੇ ਵਿਖਾਵਾਂਗਾਂ । ਪਰ ਇਹ ਪਹਿਲਾਂ ਇਸ ਗੱਲ ਤੇ ਰਾਜ਼ੀ ਹੋ ਜਾਣ । ਇਹ ਨਹੀਂ ਹੋਣਾ ਚਾਹੀਦਾ ਕਿ ਗੱਲ ਮੰਨ ਲਈ, ਕਹਿ ਦਿੱਤਾ ਕਿ ਕਰਾਂਗੇ, ਪਰ ਬਾਅਦ ਵਿਚ ਕਰਨਾ ਕਰਾਉਣਾ ਕੁਝ ਨਹੀਂ । ਅੱਜ ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੇ ਮਨ ਵਿਚ ਕੁਝ ਕਰਨ ਦੀ ਖਾਹਿਸ਼ ਹੈ । ਪੈਸੇ ਦੀ ਵੀ ਕਮੀ ਨਹੀਂ ਹੈ । ਉਨ੍ਹਾਂ ਦੇ ਦਿਮਾਗ ਵਿਚ ਮੈਂ ਸਮਝਦਾ ਹਾਂ ਕਿ ਇਕੋ ਹੀ ਚੀਜ਼ ਹੈ ਕਿ ਪਬਲਿਕ ਦੀ ਸੇਵਾ ਕੀਤੀ ਜਾਵੇ । ਹੋ ਸਕਦਾ ਹੈ ਕਿ ਅਜਨਾਲਾ ਸਾਹਿਬ ਦੇ ਮਨ ਵਿਚ ਵੀ ਸ਼ਾਇਦ ਇਹ ਗੱਲ ਹੋਵੇ । ਇਸ ਲਈ ਮੈਂ ਕਹਿੰਦਾ ਹਾਂ ਕਿ ਨਵੀਂ ਜੈਨਰੇਸ਼ਨ ਨੂੰ ਅਗੇ ਵਧਣ ਵਾਸਤੇ ਮੌਕੇ ਦਿਓ । ਪਰ ਹੁੰਦਾ ਕੀ ਹੈ ਕਿ ਕੋਈ ਵੀ ਜੈਨਰੇਸ਼ਨ ਕੋਈ ਕੰਮ ਕਰਨਾ ਚਾਹੁੰਦੀ ਹੈ ਤਾਂ ਉਸ ਨਾਲ to give bad name and kill the dog ਵਾਲਾ ਸਲੂਕ ਕੀਤਾ ਜਾਂਦਾ ਹੈ । ਉਨ੍ਹਾਂ ਨੂੰ ਨੈਕਸੇਲਾਈਟ ਕਿਹਾ ਜਾਂਦਾ ਹੈ । ਪਰ ਇਹ ਨਹੀਂ

ਵੇਖਿਆ ਜਾਂਦਾ ਕਿ ਉਹ ਨੇਕਸਲਾਇਟ ਕਿਉਂ ਬਣਦਾ ਹੈ। ਕਿਉਂਕਿ ਸਾਡੀ ਸੁਸਾਇਟੀ ਦਾ ਸਾਡੀ ਸਰਕਾਰ ਦਾ ਉਨ੍ਹਾਂ ਪ੍ਰਤੀ ਡੇਸਟ੍ਰਕਟਿਵ ਐਟੀਚਿਊਡ ਹੁੰਦਾ ਹੈ। ਅਸੀਂ ਕਿਹਾ ਸੀ ਕਿ ਤੁਸੀਂ ਜਿਹੜੀ ਬੱਸਾਂ ਦੇ ਕਿਰਾਏ ਦੀ ਹਾਈਕ ਵਾਸਤੇ ਕਮੇਟੀ ਬਣਾਈ ਹੈ ਉਸ ਵਿਚ ਸਟੂਡੈਂਟਸ ਨੌਜਵਾਨਾਂ ਨੂੰ ਵੀ ਸ਼ਾਮਲ ਕਰ ਲਵੋ। ਪਰ ਇਹ ਕਹਿਣ ਲਗੇ ਕਿ ਉਨ੍ਹਾਂ ਦਾ ਕਿਰਾਇਆ ਨਹੀਂ ਵਧਿਆ। ਠੀਕ ਹੈ, ਉਨ੍ਹਾਂ ਦਾ ਕਿਰਾਇਆ ਤਾਂ ਨਹੀਂ ਵਧਿਆ ਪਰ ਉਹ ਵੀ ਸਮਾਜ ਦੀ ਤਕਲੀਫ ਨੂੰ ਮਹਿਸੂਸ ਕਰਦੇ ਹਨ। ਉਨ੍ਹਾਂ ਨੇ ਇਸ ਸਮਾਜ ਵਿਚ ਪਹਿਲੀ ਵਾਰੀ ਅਗੇ ਆਉਣ ਦਾ ਕਦਮ ਉਠਾਇਆ ਹੈ, ਸਾਨੂੰ ਐਪ੍ਰੀਸ਼ੀਏਟ ਕਰਨਾ ਚਾਹੀਦਾ ਹੈ। ਕੀ ਫਰਕ ਪੈਂਦਾ ਹੈ ਜੇ ਉਨ੍ਹਾਂ ਨੂੰ ਵੀ ਐਸੋਸ਼ੀਏਟ ਕਰ ਲਵੋ ? ਆਉਣ ਵਾਲੀ ਜੈਨਰੇਸ਼ਨ ਇਸ ਗੱਲ ਨੂੰ ਰੀਐਲਾਈਜ਼ ਕਰ ਰਹੀ ਹੈ, ਉਹ ਵੀ ਆਪਣੀ ਜ਼ਿੰਮੇਵਾਰੀ ਮਹਿਸੂਸ ਕਰ ਰਹੀ ਹੈ ਕਿ ਇਕ ਸਮਾਜ ਬਣੇ। (ਘੰਟੀ) ਚੇਅਰਮੈਨ ਸਾਹਿਬ, ਮੈਂ ਇਕ ਬੜੀ ਹੀ ਇੰਪਾਰਟੈਂਟ ਗੱਲ ਕਰਨ ਲਗਾ ਹਾਂ। ਐਜੂਕੇਸ਼ਨ ਰਿਫਾਰਮਜ਼ ਕਮਿਸ਼ਨ ਦਾ ਜ਼ਿਕਰ ਆਇਆ ਸੀ। ਮੈਂ ਕਹਿੰਦਾ ਹਾਂ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ ਔਰ ਇਹ ਐਲਾਨ ਕਰਨ ਔਰ ਇਹ ਟਾਈਮ ਫਿਕਸ ਕਰਨ ਕਿ ਇਸ ਤਰ੍ਹਾਂ ਦਾ ਕਮਿਸ਼ਨ ਦੋ ਮਹਿਨੀਆਂ ਵਿਚ ਆਪਣੀ ਰਿਪੋਰਟ ਦੇਵੇ। ਸਾਡੇ ਪਾਸ ਅਖਤਿਆਰ ਹਨ, ਅਸੀਂ ਕਈ ਕੁਝ ਉਨ੍ਹਾਂ ਅਖਤਿਆਰਾਂ ਮੁਤਾਬਿਕ ਕਰ ਸਕਦੇ ਹਾਂ, ਜਿਨ੍ਹਾਂ ਨਾਲ ਵਿਦਿਆ ਵਿਚ ਸੁਧਾਰ ਹੋਵੇਗਾ ਅਤੇ ਵਿਦਿਆਰਥੀਆਂ ਦਾ ਫਾਇਦਾ ਹੋਵੇਗਾ। ਇਸ ਤਰ੍ਹਾਂ ਦੀਆਂ ਅਗਰ ਅਸੀਂ ਚੇਂਜਿਜ਼ ਕਰਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਪੰਜਾਬ ਦੇ ਵਿਚ ਰਹਿੰਦਿਆਂ ਹੋਇਆ ਦੇਸ਼ ਦੀ ਅਗਵਾਈ ਕਰਾਂਗੇ, ਔਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਇਸ ਗੱਲ ਦਾ ਕਰੈਡਿਟ ਲਵੇਗੀ।

ਸਰਦਾਰ ਦਲੀਪ ਸਿੰਘ ਪਾਂਧੀ : (ਅਮਲੋਹ,ਐਸ.ਸੀ.) ਚੇਅਰਮੈਨ ਸਾਹਿਬ, ਇਹ ਮਤਾ ਅੱਛਾ ਹੈ ਔਰ ਇਹ ਸਰਵ ਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਕਿਸੇ ਕੰਟਰੋਵਰਸੀ ਵਿਚ ਨਹੀਂ ਪੈਣਾ ਚਾਹੀਦਾ।

ਸ਼੍ਰੀ ਸਭਾਪਤੀ : ਸਿਰਫ ਪੰਜ ਮਿੰਟ ਲਈ ਤੁਸੀਂ ਬੋਲ ਲਵੋ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਮੈਂ ਆਪਣੀ ਪਾਰਟੀ ਵੱਲੋਂ ਬੋਲਣਾ ਹੈ ਜੀ। ਪੰਜਾਬ ਪ੍ਰਾਇਮਰੀ ਐਜੂਕੇਸ਼ਨ ਐਕਟ ਹੈ। ਪਰ ਉਸ ਤੇ ਕੋਈ ਅਮਲ ਨਹੀਂ ਕੀਤਾ ਗਿਆ।

Article 15 (4) of the **Constitution** of **India** reads as under :-

"Nothing in this Article or in clause (2) of Article 29 shall prevent the State from making any special provision for the advancement of any socially and educationally backward classes of citizens or for the Scheduled Castes and Scheduled Tribes.

Then Article 16 (4) reads as under —

Nothing in this Article shall prevent the State from making any provision for the reservation of appointments or posts in favour of backward class of citizens which, in the opinion of

[ਸਰਦਾਰ ਦਲੀਪ ਸਿੰਘ ਪਾਂਧੀ]

the State, is not adequately represented in the services under the State.

Then Article 46 reads as under—

"The State Shall promote with special care the educational and economic interest of the weaker section of the people, and in particular of the Scheduled Castes and the Scheduled Tribes, and Shall protect them from social injustice and all forms of exploitation.

Sir, Clause (4) of Article 320 reads as under :—

Nothing in clause (3) shall require a Public Service Commission to be consulted as respects the manner in which any provision referred to in clause (4) of article 16 may be made or as respects the manner in which effect may be given to the provisions of article 335.

ਇਸ ਕਰਕੇ ਚੇਅਰਮੈਨ ਸਾਹਿਬ ਕਾਂਸਟੀਚਿਊਸ਼ਨ ਵਿਚ ਇਹ ਸਾਰੀ ਗੱਲ ਕਹੀ ਗਈ ਹੈ ਕਿ ਐਜੂਕੇਸ਼ਨ ਜਿਹੜੀ ਹੈ ਇਹ ਫਰੀ ਹੋਣੀ ਚਾਹੀਦੀ ਹੈ। ਫਿਰ ਰਿਜ਼ਰਵੇਸ਼ਨ ਦੀ ਇਹ ਹਾਲਾਤ ਹੈ ਕਿ ਨਾ ਤਾਂ ਇਹ ਯੂਨੀਵਰਸਿਟੀਆਂ ਵਿਚ ਪੂਰੀ ਹੈ ਅਤੇ ਨਾ ਹੀ ਕਿਸੇ ਹੋਰ ਐਜੂਕੇਸ਼ਨਲ ਇੰਸਟੀਚਿਊਸ਼ਨ ਵਿਚ ਪੂਰੀ ਹੈ। ਜਿਹੜੇ ਪਰਵਾਣਤ ਸਕੂਲ ਹਨ ਉਨ੍ਹਾਂ ਵਿੱਚੋਂ ਕਿਸੇ ਵਿਚ ਵੀ ਟਾਟ ਨਹੀਂ ਇਮਾਰਤਾਂ ਨਹੀਂ ਔਰ ਨਾ ਹੀ ਕੋਈ ਹੋਰ ਸਹੂਲਤਾਂ ਹਨ। ਐਜੂਕੇਸ਼ਨ ਦਾ ਕੋਈ ਸੁਧਾਰ ਨਹੀਂ, ਹੋ ਰਿਹਾ ਔਰ ਸਕੂਲਾਂ ਦੀ ਕੋਈ ਚੈਕਿੰਗ ਨਹੀਂ ਹੋ ਰਹੀ। ਐਗਜ਼ਾਮੀਨੇਸ਼ਨ ਵਿਚ ਨਕਲ ਮਾਰਨ ਵਾਲਿਆਂ ਨੂੰ ਫੜਨ ਦਾ ਕੋਈ ਡੇਅਰ ਨਹੀਂ ਕਰਦਾ। ਇਹ ਹਾਲ ਐਜੂਕੇਸ਼ਨ ਦਾ ਹੋ ਰਿਹਾ ਹੈ।

ਇਕ ਗਲ ਮੈਂ ਹੋਰ ਕਹਾਂ ਕਿ ਇਹ ਲਿਖਿਆ ਹੋਇਆ ਹੈ ਕਿ 8ਵੀਂ ਜਮਾਤ ਤਕ ਐਜੂਕੇਸ਼ਨ ਬਿਲਕੁਲ ਫਰੀ ਦੇਣੀ ਹੈ। ਪਰ ਇਸ ਵੱਲ ਕੋਈ ਖਿਆਲ ਹੀ ਨਹੀਂ ਕੀਤਾ ਜਾ ਰਿਹਾ। ਕਿਤਾਬਾਂ ਬਿਲਕੁਲ ਮੁਫਤ ਨਹੀਂ ਮਿਲ ਰਹੀਆਂ ਵਜ਼ੀਫੇ ਨਹੀਂ ਮਿਲ ਰਹੇ ਔਰ ਨਾ ਹੀ ਕੋਈ ਹੋਰ ਸਹੂਲਤਾਂ ਮਿਲ ਰਹੀਆਂ ਹਨ। ਇਨ੍ਹਾਂ ਨੇ ਕਿਹਾ ਸੀ ਕਿ ਹਿਸਾਬ ਔਰ ਇੰਗਲਿਸ਼ ਪੜ੍ਹਾਉਣ ਵਾਸਤੇ ਸਪੈਸ਼ਲ ਕਲਾਸਿਜ਼ ਲਈਆਂ ਜਾਣਗੀਆਂ ਪਰ ਕੋਈ ਇਸ ਦਾ ਖ਼ਿਆਲ ਹੀ ਨਹੀਂ ਰਖਦਾ। ਐਜੂਕੇਸ਼ਨ ਮਨਿਸਟਰ ਸਾਹਿਬ ਦਾ ਕਈ ਵਾਰ ਇਸ ਵੱਲ ਧਿਆਨ ਦਿਵਾਇਆ ਹੈ। ਪਰ ਕੋਈ ਸੁਧਾਰ ਨਹੀਂ ਹੋ ਰਿਹਾ। ਪੁਲਿਟੀਕਲ ਬੇਸਿਜ਼ ਤੇ ਸਕੂਲ ਅਪਗਰੇਡ ਕੀਤੇ ਜਾਂਦੇ ਹਨ। ਇਸ ਸਬੰਧ ਵਿਚ ਸਾਡੇ ਨਾਲ ਬਹੁਤ ਵਿਤਕਰਾ ਹੋ ਰਿਹਾ ਹੈ। ਜਿਥੇ ਲੋੜ ਹੈ ਉਥੇ ਸਕੂਲ ਅਪਗਰੇਡ ਨਹੀਂ ਕੀਤੇ ਜਾ ਰਹੇ। ਐਜੂਕੇਸ਼ਨ ਤਾਂ ਬੜੀ ਜ਼ਰੂਰੀ ਚੀਜ਼ ਹੈ।

ਪੰਡਿਤ ਸਰਵਣ ਰਾਮ : ਚੇਅਰਮੈਨ ਸਾਹਿਬ, ਇਨ੍ਹਾਂ ਦੀ ਸਰਕਾਰ ਵੇਲੇ ਜਿਹੜੇ ਸਾਡੇ ਇਲਾਕੇ ਵਿਚ ਮਨਜ਼ੂਰ ਹੋਏ ਅਪਗਰੇਡ ਸਕੂਲ ਸਨ, ਉਨ੍ਹਾਂ ਨੂੰ ਵੀ ਅਪਗਰੇਡ ਨਹੀਂ ਸੀ ਕੀਤਾ ਗਿਆ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਜੇ ਐਜੂਕੇਸ਼ਨ ਚੰਗੀ ਹੋਵੇਗੀ ਤਾਂ ਸਾਡੇ ਸੂਬੇ ਦੀ ਤਰੱਕੀ ਹੋਵੇਗੀ। ਤਾਂ ਹੀ ਇਥੇ ਚੰਗੇ ਨੁਮਾਇੰਦੇ ਆ ਸਕਣਗੇ। ਮੈਂ 10 ਸਾਲ ਟੀਚਰ ਰਿਹਾ ਹਾਂ ਔਰ ਮੈਂ ਇਸ ਵਾਸਤੇ ਇਸ ਵਿਚ ਇੰਟਰੈਸਟ ਰੱਖਦਾ ਹਾਂ। ਐਜੂਕੇਸ਼ਨ ਬੜੀ ਜ਼ਰੂਰੀ ਚੀਜ਼ ਹੈ। ਪੈਸਾ ਕਿਸੇ ਪਾਸੋਂ ਲਿਆਓ, ਪਰ ਐਜੂਕੇਸ਼ਨ ਤੇ ਪੂਰਾ ਖ਼ਰਚ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਅੱਜ ਸਕੂਲਾਂ ਵਿਚ ਕੀ ਹਾਲ ਹੋ ਰਿਹਾ ਹੈ। ਗੌਰਮਿੰਟ ਹਾਈ ਸਕੂਲ ਪਾਤੜਾਂ, ਜ਼ਿਲ੍ਹਾ ਪਟਿਆਲਾ ਵਿਚ ਇਕ ਗ਼ਰੀਬ ਪੀਅਨ ਦੀ ਲੜਕੀ ਨਾਲ ਸਕੂਲ ਦੇ ਟੀਚਰ ਨੇ, ਮੈਂ ਉਹ ਸ਼ਬਦ ਦੁਹਰਾਉਣਾ ਨਹੀਂ ਚਾਹੁੰਦਾ, ਜੋ ਕੁਝ ਕੀਤਾ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਸਕੂਲ ਟੀਚਰ ਸਕੂਲ ਵਿਚ ਪੜ੍ਹਦੀ ਕਿਸੇ ਲੜਕੀ ਨਾਲ ਇਸ ਤਰ੍ਹਾਂ ਦੇ ਕੰਮ ਕਰੇ ਔਰ ਉਸ ਦੀ ਇਨਕੁਆਇਰੀ ਨਾ ਹੋਵੇ। ਇਹ ਇਨਕਆਇਰੀ ਜ਼ਰੂਰ ਕਰਾਉਣੀ ਚਾਹੀਦੀ ਹੈ।

ਸ਼੍ਰੀ ਭਗਵਾਨ ਦਾਸ : ਚੇਅਰਮੈਨ ਸਾਹਿਬ, ਹਾਊਸ ਦੀ ਇਕ ਬਲਾਤਕਾਰ ਲਈ ਕਮੇਟੀ ਬਣਾ ਦਿਓ ਔਰ ਪਾਂਧੀ ਸਾਹਿਬ ਨੂੰ ਉਸ ਦਾ ਚੇਅਰਮੈਨ ਬਣਾ ਦਿਓ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਹੈਡਮਾਸਟਰ ਦੀ ਕੰਪਲੇਂਟ ਹੋਈ ਪਰ ਈ. ਐਮ. ਸਾਹਿਬ ਨੇ ਉਸ ਦੀ ਇਨਕੁਆਰੀ ਨਾ ਕਰਵਾਈ ਚੇਅਰਮੈਨ ਸਾਹਿਬ ਇਕ ਕੇਸ ਮੈ ਹੋਰ ਦਸਦਾ ਹਾਂ ਕਿ ਗੁਰੂ ਹਰਗੋਬਿੰਦ ਸਾਹਿਬ ਹਾਇਰ ਸਕੰਡਰੀ ਸਕੂਲ ਗੋਬਿੰਦਗੜ੍ਹ ਦਾ ਇਕ N.D.S. ਟੀਚਰ ਭੁਪਿੰਦਰ ਸਿੰਘ ਹੈ। ਉਹ ਅਫ਼ੀਮ ਵੀ ਖਾਂਦਾ ਹੈ, ਸ਼ਰਾਬ ਵੀ ਪੀਂਦਾ ਹੈ। ਉਸ ਦੀ ਕਈ ਵਾਰ ਸ਼ਿਕਾਇਤ ਕੀਤੀ ਗਈ ਪਰ ਕੋਈ ਇਨਕੁਆਇਰੀ ਨਹੀਂ ਕੀਤੀ ਗਈ। ਚੇਅਰਮੈਨ ਸਾਹਿਬ, ਮੈਂ ਆਪਣੀ ਸਰਕਾਰ ਦੇ ਵੇਲੇ ਇਸ ਦੇ ਖਿਲਾਫ਼ ਬੋਲਦਾ ਰਿਹਾ ਹਾਂ। ਐਜੂਕੇਸ਼ਨ ਤਾਂ ਬੜੀ ਜ਼ਰੂਰੀ ਹੈ। ਇਸ ਵਿਚ ਸੁਧਾਰ ਹੋਣਾ ਚਾਹੀਦਾ ਹੈ। ਇਸ ਵੇਲੇ ਐਜੂਕੇਸ਼ਨ ਦੇ ਮਾਮਲੇ ਵਿਚ ਕੇਰਲਾ ਸਭ ਤੋਂ ਅੱਗੇ ਹੈ। ਉਥੇ ਸਕੂਲਾਂ ਦਾ ਸੁਧਾਰ ਕਰਨ ਲਈ ਅਮਲ ਕੀਤਾ ਜਾਂਦਾ ਹੈ, ਪਰ ਇਥੇ ਅਮਲ ਨਹੀਂ ਹੋ ਰਿਹਾ। ਇਥੇ ਕੀ ਹੋ ਰਿਹਾ ਹੈ ? ਐਕਟ ਬਣਾ ਦਿੱਤਾ, ਬੱਚਾ ਕਾਗਜ਼ਾਂ ਵਿਚ ਦਾਖਲ ਹੋ ਗਿਆ ਪਰ ਉਹ ਡੰਗਰ ਚਾਰਦਾ ਫਿਰਦਾ ਹੈ। ਅਮਲ ਤਾਂ ਕੋਈ ਹੋ ਹੀ ਨਹੀਂ ਰਿਹਾ। ਐਜੂਕੇਸ਼ਨ ਸਿਸਟਮ ਵਿਚ ਪਾਰਟੀਬਾਜ਼ੀ ਬਣੀ ਹੋਈ ਹੈ। ਇਹ ਕੋਈ ਐਮ. ਐਲ. ਏਜ਼. ਦੀ ਕਮੇਟੀ ਬਣਾ ਲੈਣ ਜਿਹੜੀ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਪੜਤਾਲ ਕਰੇ। ਮਲੇਰਕੋਟਲੇ ਵਿਚ ਪਿਛਲੀ ਸਰਕਾਰ ਵੇਲੇ ਇਕ ਹਾਈ ਸਕੂਲ ਹਥਨ ਪਰਮੋਟ ਹੋਇਆ ਸੀ ਲੇਕਿਨ ਆਉਣ ਵਾਲੀ ਸਰਕਾਰ ਨੇ ਉਸ ਫੈਸਲੇ ਨੂੰ ਮੁਲਤਵੀ ਕਰ ਦਿੱਤਾ। ਮੈਂ ਕਹਿੰਦਾ ਹਾਂ ਕਿ ਹੁਣ ਤਾਂ ਇਹ ਨਾ ਕਰੋ। ਹੁਣ ਤਾਂ ਉਥੇ ਕੋਈ ਪਾਰਟੀਬਾਜ਼ੀ ਨਹੀਂ। ਹੁਣ ਤਾਂ ਉਹ ਮਿਲ ਗਏ ਹਨ। (ਵਿਘਨ) ਜਿਹੜੇ ਸਕੂਲ ਪਰਮੋਟ ਹੋਏ ਹਨ ਉਨ੍ਹਾਂ ਵਿਚ ਸਟਾਫ਼ ਦਿਓ, ਉਨ੍ਹਾਂ ਦੀਆਂ ਬਿਲਡਿੰਗਾਂ ਬਣਾਓ ਤਾਕਿ ਉਹ ਸਕੂਲ ਤਰੱਕੀ ਕਰ ਸਕਣ। ਚੇਅਰਮੈਨ ਸਾਹਿਬ, ਮੋਦੀ ਕਾਲਜ ਪਟਿਆਲਾ ਦਾ ਇਕ ਲੜਕਾ ਸਲਿੰਦਰ ਸਿੰਘ ਹੈ ...

ਸ਼੍ਰੀ ਸਭਾਪਤੀ: ਪਾਂਧੀ ਸਾਹਿਬ, ਕਿੰਨਾਂ ਸਮਾਂ ਹੋਰ ਲਵੋਗੇ ?

ਸਰਦਾਰ ਦਲੀਪ ਸਿੰਘ ਪਾਂਧੀ: ਦੋ ਮਿੰਟ ਲਵਾਂਗਾ ਜੀ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਚੇਅਰਮੈਨ ਸਾਹਿਬ, ਕੋਈ ਮਸਲਾ ਹੋਵੇ, ਪਾਂਧੀ ਸਾਹਿਬ ਰੇਪ ਦੀ ਹੀ ਗਲ ਕਰਦੇ ਹਨ। ਮੈਂ ਇਹ ਕਹਿੰਦਾ ਹਾਂ ਕਿ ਇਹ ਆਪਣੇ ਨਾਂ ਨੂੰ ਸਰਦਾਰ ਦਲੀਪ ਸਿੰਘ ਰੇਪੀ ਰੱਖ ਲੈਣ।..(ਵਿਘਨ)

EXTENSION OF TIME OF THE SITTING

Mr. Chairman: Is it the pleasure of the House that the time of the sitting of the House be extended by another half-an-hour?

Voices: Yes, Yes.

Mr. Chairman: The time of sitting of the House is extended up to 2-30 P.M.

JOINT MOTION RE. PRESENT EDUCATIONAL SYSTEM IN THE STATE (*Resumption of discussion*)

ਸਰਦਾਰ ਦਲੀਪ ਸਿੰਘ ਪਾਂਧੀ: ਚੇਅਰਮੈਨ ਸਾਹਿਬ, ਉਹ ਲੜਕਾ 17-2-81 ਦਾ ਗਾਇਬ ਹੈ। ਉਥੋਂ ਦੇ ਐਸ.ਐਸ.ਪੀ. ਨੂੰ ਕਈ ਵਾਰੀ ਕਿਹਾ ਗਿਆ ਹੈ ਪਰ ਉਹ ਮੋਸਟ ਇਨ-ਐਫੀਸ਼ੀਐਂਟ ਮੈਨ ਹੈ। ਕੋਈ ਉਥੇ ਲਾ ਐਂਡ ਆਰਡਰ ਨਹੀਂ। ਕੋਈ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਦਾ ਪ੍ਰਬੰਧ ਨਹੀਂ।

ਵਿਦਿਆ ਮੰਤਰੀ: ਚੇਅਰਮੈਨ ਸਾਹਿਬ, ਇਸ ਵੇਲੇ ਜਿਹੜਾ ਹਾਊਸ ਦੇ ਸਾਹਮਣੇ ਬਿਜਨੈਸ ਹੈ, ਮੈਂਬਰ ਸਾਹਿਬ ਉਸ ਤੇ ਬੋਲਣ ਔਰ ਆਪਣੇ ਸੁਝਾਉ ਦੇਣ। ਇਸ ਤਰ੍ਹਾਂ ਜੋ ਇਹ ਇਨਸਟਾਂਸ ਦੇ ਰਹੇ ਹਨ ਇਹ ਮੈਨੂੰ ਵਖਰੇ ਵੀ ਦੇ ਸਕਦੇ ਹਨ ਔਰ ਮੈਂ ਉਹ ਵੇਖ ਲਵਾਂਗਾ। ਪਰ ਹਾਊਸ ਦਾ ਸਮਾਂ ਇਹ ਇਸ ਤਰ੍ਹਾਂ ਖਰਾਬ ਨਾ ਕਰਨ। ਮੈ ਵੀ ਟਾਈਮ ਲੈਣਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ ** ** **

ਸ੍ਰੀ ਸਭਾਪਤੀ: ਪਾਂਧੀ ਸਾਹਿਬ, ਅੱਜ ਮਤਾ ਕਿਹੜਾ ਹੈ ਜਿਸ ਤੇ ਤੁਸੀ ਬੋਲ ਰਹੇ ਹੋ।

ਸਰਦਾਰ ਦਲੀਪ ਸਿੰਘ ਪਾਂਧੀ ਚੇਅਰਮੈਨ ਸਾਹਿਬ, ਮੈਂ ਐਜੂਕੇਸ਼ਨ ਤੇ ਹੀ ਬੋਲ ਰਿਹਾ ਹਾਂ ਹੋਰ ਕੀ ਕਰ ਰਿਹਾ ਹਾਂ।

ਸ੍ਰੀ ਸਭਾਪਤੀ: ਪਾਂਧੀ ਸਾਹਿਬ ਨੇ ਮਨਿਸਟਰ ਬਾਰੇ ਜੋ ਕੁਝ ਕਿਹਾ ਹੈ, ਉਹ ਐਕਸਪੰਜ ਕਰ ਦਿਤਾ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ: ** **

ਸ੍ਰੀ ਸਭਾਪਤੀ : ਮੈਂ ਇਹ ਵਰਡਜ ਐਕਸਪੰਜ ਕਰਵਾ ਦਿੱਤੇ ਹਨ।

ਸਰਦਾਰ ਦਲੀਪ ਸਿੰਘ ਪਾਂਧੀ: ਚੇਅਰਮੈਨ ਸਾਹਿਬ, ਜ.ਲ. ਨਹਿਰੂ ਮੈਮੋਰੀਅਲ ਗੌ. ਵੋਮੈਨ ਕਾਲਜ, ਮੰਡੀ ਗੋਬਿੰਦਗੜ੍ਹ ਜੋ ਇਕ ਨੈਸ਼ਨਲ ਕਾਲਜ ਹੈ ਉਸ ਦੀ ਜ਼ਮੀਨ ਤੇ ਲੋਕਾਂ ਨੇ ਨਜਾਇਜ਼ ਕਬਜਾ ਕੀਤਾ ਹੋਇਆ ਹੈ। ਇਹੋ ਜਿਹੇ ਜਿਹੜੇ ਕੇਸ ਹਨ ਉਨ੍ਹਾਂ ਵਲ ਸਰਕਾਰ ਨੂੰ ਧਿਆਨ

**Expunged as ordered by the Chair

ਦੇਣਾ ਚਾਹੀਦਾ ਹੈ ।

ਇਕ ਗਲ, ਚੇਅਰਮੈਨ ਸਾਹਿਬ, ਮੈ ਹੋਰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ 95% ਗਰਾਂਟ ਪ੍ਰਾਈਵੇਟ ਕਾਲਿਜਜ਼ ਨੂੰ ਦਿੱਤੀ ਜਾਂਦੀ ਹੈ ਇਹ ਗਰਾਂਟ ਇਨ ਐਡਵਾਂਸ ਦੇ ਦੇਣੀ ਚਾਹੀਦੀ ਹੈ। ਤਾਂ ਕਿ ਉਹ ਆਪਣਾ ਕਾਰੋਬਾਰ ਚੰਗੀ ਤਰਾਂ ਨਾਲ ਕਰ ਸਕਣ । ਅੰਤ ਵਿਚ ਮੈਂ ਇਹ ਕਹਾਂਗਾ ਕਿ ਐਜੂਕੇਸਨ ਦੇ ਵਿਚ ਹੋਰ ਸੁਧਾਰ ਕਰਨਾ ਚਾਹੀਦਾ ਹੈ ਔਰ ਜਿਹੜੇ ਪ੍ਰਾਈਮਰੀ ਸਕੂਲ ਹਨ ਉਨ੍ਹਾਂ ਵਲ ਧਿਆਨ ਕਰਨਾ ਚਾਹੀਦਾ ਹੈ । ਐਨਾ ਕਹਿਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਮਾਸਟਰ ਬਾਬੂ ਸਿੰਘ (ਰਾਮਪੁਰਾਫੂਲ) : ਚੇਅਰਮੈਨ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਵਿਦਿਆ ਬਾਰੇ ਪੇਸ਼ ਕੀਤਾ ਗਿਆ ਹੈ । ਇਸ ਦੇ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ । ਸਾਡਾ ਐਜੂਕੇਸ਼ਨ ਦਾ ਸਿਸਟਮ ਬੜਾ ਹੀ ਡਿਫੈਕਟਿਵ ਹੈ। ਇਸ ਸਿਸਟਮ ਵਿਚ ਸੁਧਾਰ ਕਰਨ ਦੀ ਲੋੜ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਭਾਪਤੀ : ਪਾਂਧੀ ਸਾਹਿਬ ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ ।

ਮਾਸਟਰ ਬਾਬੂ ਸਿੰਘ: ਚੇਅਰਮੈਨ ਸਾਹਿਬ, ਸਾਡਾ ਐਜੂਕੇਸਨ ਦਾ ਸਿਸਟਮ ਬੜਾ ਪ੍ਰੋਡੇਕਟਿਵ ਅਤੇ ਡਾਇਰੈਕਿਟਵ ਹੋਣਾ ਚਾਹੀਦਾ ਹੈ ਜਿਸ ਦੇ ਨਾਲ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਗਾਈਡ ਲਾਈਨਜ਼ ਮਿਲ ਸਕਣ ਅਤੇ ਚੰਗੀਆਂ ਚੰਗੀਆਂ ਡਾਇਰੈਕੇਸ਼ਨ ਮਿਲ ਸਕਣ ਅੱਜ ਕਲ ਤੁਸੀਂ ਰੋਜ਼ ਵੇਖਦੇ ਹੋ ਕਿ ਐਜੂਕੇਸ਼ਨ ਸਿਸਟਮ ਦਾ ਕੀ ਹਾਲ ਹੈ । ਵਿਦਿਆਰਥੀ ਐਜੀਟੇਸ਼ਨ ਕਰ ਰਹੇ ਹਨ ਉਹ ਆਪਣੇ ਡੈਮੋਕਰੇਟਿਕ ਰਾਈਟਸ ਦੀ ਮੰਗ ਕਰਦੇ ਹਨ ਅਤੇ ਆਪਣੇ ਗਰੀਵੈਂਸਿਜ਼ ਨੂੰ ਸਰਕਾਰ ਦੇ ਸਾਹਮਣੇ ਰੱਖਦੇ ਹਨ । ਇਸੇ ਤਰ੍ਹਾਂ ਟੀਚਰਜ਼ ਆਪਣੀਆਂ ਮੰਗਾਂ ਲੈ ਕੇ ਐਜੀਟੇਸ਼ਨ ਕਰਦੇ ਹਨ ਕਿ ਸਾਡੇ ਹੱਕ ਸਾਨੂੰ ਦਿੱਤੇ ਜਾਣ । ਇਸ ਸਾਰੇ ਸਿਸਟਮ ਨੂੰ ਓਵਰਹਾਲ ਕਰਨ ਦੀ ਲੋੜ ਹੈ । ਇਸ ਐਜੂਕੇਸ਼ਨ ਸਿਸਟਮ ਨੂੰ ਠੀਕ ਕਰਨ ਲਈ ਗੌਰਮਿੰਟ ਆਫ਼ ਇੰਡੀਆ ਵਲੋਂ ਕਈ ਕਮਿਸ਼ਨ ਬਣਾਏ ਗਏ। ਜਿਵੇਂ 1948 ਵਿਚ ਗੌਰਮਿੰਟ ਆਫ ਇੰਡੀਆ ਨੇ University Education Commission under the chairmanship of Dr Radha Krirshnan ਬਣਾਇਆ ਸੀ ਅਤੇ ਉਸ ਤੋਂ ਬਾਅਦ ਸੈਕੰਡਰੀ ਐਜੂਕੇਸ਼ਨ ਕਮੀਸ਼ਨ 1952 ਵਿਚ under the chairmanship of A. L Mudraliar ਬਣਾਇਆ ਸੀ । ਜੁਲਾਈ, 1964 ਤੋਂ 1966 ਤੱਕ ਕੋਠਾਰੀ ਕਮਿਸ਼ਨ ਐਜੂਕੇਸ਼ਨ ਦੇ ਸਬੰਧ ਵਿਚ ਬਣਾਇਆ ਗਿਆ ਸੀ ਇਨ੍ਹਾਂ ਦੀਆਂ ਰਿਪੋਰਟਾਂ ਆਈਆਂ ਸਨ ਅਤੇ ਸਰਕਾਰ ਨੇ ਇਨ੍ਹਾਂ ਨੂੰ ਐਗਜ਼ਾਮਿਨ ਵੀ ਕੀਤਾ ਸੀ ।

**Not recorded as ordered by the Chair.

[ਮਾਸਟਰ ਬਾਬੂ ਸਿੰਘ]

ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਇਨ੍ਹਾਂ ਰਿਪੋਰਟਾਂ ਦੀ ਚੰਗੀ ਪੜਤਾਲ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਪਹਿਲੇ ਦੋ ਕਮਿਸ਼ਨਾਂ ਨੇ ਐਜੂਕੇਸਨ ਦੀ ਡਿਵੈਲਪਮੈਂਟ ਵਾਸਤੇ ਅਤੇ ਚੰਗੇ ਸ਼ਹਿਰੀ ਬਣਾਉਣ ਵਾਸਤੇ ਸੁਝਾਉ ਦਿੱਤੇ ਹਨ ਤਾਂ ਕਿ ਵਿਦਿਆਰਥੀ ਚੰਗੇ ਸ਼ਹਿਰੀ ਬਣ ਕੇ ਸਮਾਜ ਵਿਚ ਇਕ ਚੰਗਾ ਰੋਲ ਅਦਾ ਕਰ ਸਕਣ ਅਤੇ ਡੈਮੋਕਰੇਸੀ ਵਿਚ ਆਪਣੇ ਆਪ ਨੂੰ ਵਿਕਸਿਤ ਕਰ ਸਕਣ ਅਤੇ ਇਸ ਤਰ੍ਹਾਂ ਵਿਦਿਆਰਥੀਆਂ ਵਿਚ ਇਨਕਲਾਬ ਦਾ ਰੁਝਾਨ ਪੈਦਾ ਹੋ ਸਕੇ। ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਨ੍ਹਾਂ ਕਮਿਸ਼ਨ ਦੀਆਂ ਰਿਪੋਰਟਾਂ ਦੀ ਪੂਰੀ ਤਰ੍ਹਾਂ ਨਾਲ ਸਟੱਡੀ ਕਰਨੀ ਚਾਹੀਦੀ ਹੈ ਅਤੇ ਐੱਕਸਪਰਟਸ ਦੀ ਰਾਏ ਲੈਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਅਸਲੀ ਰੂਪ ਦੇਣਾ ਚਾਹੀਦਾ ਹੈ। ਜਿਹੜਾ ਐਜੂਕੇਸ਼ਨ ਦਾ ਸਿਸਟਮ ਹੁਣ ਚਲ ਰਿਹਾ ਹੈ ਇਸ ਦੇ ਵਿਚ ਤਬਦੀਲੀ ਕਰਨ ਦੀ ਲੋੜ ਹੈ। ਜਿਹੜਾ ਵਿਦਿਆਰਥੀ ਹੈ, ਭਾਵੇਂ ਉਹ ਸਕੂਲ ਵਿਚ ਹੈ ਜਾਂ ਕਾਲਜਾਂ ਵਿਚ ਵਿਦਿਆ ਪ੍ਰਾਪਤ ਕਰ ਰਿਹਾ ਹੈ ਉਸ ਨੇ ਸਮਾਜ ਵਿਚ ਆ ਕੇ ਸਮਾਜ ਦਾ ਸੁਧਾਰ ਕਰਨਾ ਹੁੰਦਾ ਹੈ ਅਤੇ ਸਮਾਜ ਦੀ ਸੇਵਾ ਕਰਨੀ ਹੁੰਦੀ ਹੈ। ਇਹ ਸੇਵਾ ਸੱਚੀ ਤਦ ਹੀ ਹੋ ਸਕਦੀ ਹੈ ਅਗਰ ਇਸ ਸਿਸਟਮ ਨੂੰ ਠੀਕ ਕੀਤਾ ਜਾ ਸਕੇ ਅਤੇ ਇਹ ਨੌਜਵਾਨ ਦੇਸ਼ ਦੀ ਸੇਵਾ ਅਤੇ ਪ੍ਰਸਾਸ਼ਨ ਦੀ ਸੇਵਾ ਅਗੇ ਆ ਕੇ ਕਰ ਸਕਣ। ਇਨ੍ਹਾਂ ਵਿਦਿਆਰਥੀਆਂ ਦਾ ਰੋਲ ਸਮਾਜ ਵਿਚ ਬੜਾ ਸੁੰਦਰ ਹੁੰਦਾ ਹੈ। ਪਰ ਜਿਸ ਤਰਫ ਇਹ ਅੱਜ ਕੱਲ ਜਾ ਰਿਹਾ ਹੈ ਇਸ ਨੂੰ ਮੋੜਨ ਦੀ ਲੋੜ ਹੈ ਸਾਡੀ ਵਿਦਿਆ ਦਾ ਸਟੈਂਡਰਡ ਦਿਨੋਂ ਦਿਨ ਗਿਰਦਾ ਜਾ ਰਿਹਾ ਹੈ। ਇਸ ਸਿਸਟਮ ਤੇ ਸਰਕਾਰ ਵਲੋਂ ਕਾਫੀ ਰੁਪਿਆ ਖਰਚ ਕੀਤਾ ਜਾਂਦਾ ਹੈ ਪਰ ਇਸ ਨੂੰ ਠੀਕ ਢੰਗ ਨਾਲ ਲਾਗੂ ਕਰਨ ਦੀ ਜ਼ਿਮੇਵਾਰੀ ਸਰਕਾਰ ਤੇ ਆਉਂਦੀ ਹੈ।

The present system of education designed to meet the needs of an imperial Administration within the limitation set by the Feudal and traditional society will need radical changes if it is to meet the purpose of modernising democratic and socialistic society.- changes in objectives, in content in teaching methods, in programmes in the size & composition of the students body in the selection and professional preparations of teachers and in organisations.

In fact what is needed is a revolution in Education which in turn will set in motion the much desired social, economic and cultural Revolution.

The main concern of the report is to indentify the major programme that can bring about the Educational Revolution which has three aspects

Internal transformation so as to relate to the life needs and aspiration of the nation.

Qualitative improvement so that the standards achieved are adequate.

National Education Policy. Resolution (July 1968), it is stated.

Government of India is convinced that a Radical recommendation of Education on the broad lines of Education Commission Kothari Commission is essential for economic and cultural development of the country for National Integration and for development of the country and for the realisation of the ideal of a socialistic pattern of society.

" Doctor Kewal Krishan himself said in the house.

"I am conscious of the declining share of Punjab Students in All India Services."

ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਖੁਦ ਹਾਊਸ ਵਿਚ ਇਹ ਗਲ ਮੰਨੀ ਸੀ ਕਿ ਪੰਜਾਬ ਦੇ ਵਿਦਿਆਰਥੀਆਂ ਦਾ ਸ਼ੇਅਰ ਆਲ ਇੰਡੀਆ ਸਰਵਿਸਿਜ਼ ਵਿਚ ਘਟਦਾ ਜਾ ਰਿਹਾ ਹੈ। ਇਸ ਦੇ ਵਿਚ ਸੁਧਾਰ ਕਰਨਦੀ ਲੋੜ ਹੈ ।

ਸਾਡੇ ਪੰਜਾਬ ਵਿਚੋਂ ਆਈ.ਏ.ਐਸ. ਦੇ ਕੰਪੀਟੀਸ਼ਨ ਵਿਚ ਮੁੰਡੇ ਪਾਸ ਨਹੀਂ ਹੁੰਦੇ ਜਿਸ ਨਾਲ ਪੰਜਾਬ ਦਾ ਕੋਟਾ ਘੱਟਦਾ ਜਾ ਰਿਹਾ ਹੈ ਤੁਹਾਨੂੰ ਐਜੂਕੇਸ਼ਨ ਸਿਸਟਮ ਵਿਚ ਇੰਪਰੂਵਮੈਂਟ ਕਰਨ ਦੀ ਲੋੜ ਹੈ । ਪਿਛੇ ਡੀ. ਪੀ. ਆਈਜ਼ ਅਤੇ ਸੈਕਟਰੀਜ, ਐਜੂਕੇਸ਼ਨ ਦੀ ਮੀਟਿੰਗ ਹੋਈ ਸੀ, ਜਿਸ ਦੇ ਵਿਚ ਐਜੂਕੇਸ਼ਨ ਸਿਸਟਮ ਵਿਚ ਤਬਦੀਲੀਆਂ ਕਰਨ ਬਾਰੇ ਵਿਚਾਰ ਕੀਤਾ ਗਿਆ ਸੀ ਔਰ ਇਕ ਫਾਰਮੂਲਾ 10+2+3 ਬਣਾਇਆ ਗਿਆ ਸੀ । ਕਈਆਂ ਨੇ ਇਸ ਫਾਰਮੂਲੇ ਨੂੰ ਅਪਣਾਇਆ ਹੈ ਅਤੇ ਕਈ ਨਹੀਂ ਮੰਨਦੇ । ਇਸ ਦੇ ਵਿਚ ਟੀਚਰਜ਼ ਅਤੇ ਪ੍ਰੋਫੈਸਰਾਂ ਦੀ ਕੋਆਰਡੀਨੇਸ਼ਨ ਹੋਣੀ ਚਾਹੀਦੀ ਹੈ ਔਰ ਜਿਹੜੇ ਇਸ ਦੇ ਵਿਚ ਡਿਫੈਕਟਸ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ । ਵੋਕੇਸ਼ਨਲ ਐਜੂਕੇਸ਼ਨ ਦੇ ਕਈ ਪੰਜਾਬ ਵਿਚ ਪਹਿਲਾਂ 1976-77 ਵਿਚ 15.68 ਲੱਖ ਰੁਪਿਆ ਰਖਿਆ ਗਿਆ ਸੀ 1978-79 ਵਿਚ 16.79 ਲੱਖ ਰੁਪਿਆ ਰਖਿਆ ਗਿਆ ਸੀ ਪਰ ਇਹ ਘੱਟ ਕੇ 1980-81 ਵਿਚ 12.41 ਰਹਿ ਗਿਆ । ਇਸ ਉਤੇ ਐਕਸਪੈਂਨਸਿਜ਼ ਵਧਣੇ ਚਾਹੀਦੇ ਹਨ । ਪਰ ਸਰਕਾਰ ਨੇ ਘਟਾ ਦਿਤੇ ਹਨ। ਇਸ ਤਰ੍ਹਾਂ ਪ੍ਰਾਇਮਰੀ ਸਕੂਲ ਵਿਚ ਬੱਚਿਆਂ ਦੀ ਗਿਣਤੀ ਪਹਿਲਾਂ ਇਤਨੀ ਮਾਤਰਾ ਵਿਚ ਨਹੀਂ ਵਧੀ ਜਿੰਨੀ ਹੁਣ ਵਧਦੀ ਜਾ ਰਹੀ ਹੈ। ਇਹ ਸਤੰਬਰ, 78 ਵਿਚ 49,723 ਸੀ ਔਰ ਸਤੰਬਰ, 79 ਵਿਚ 50,672 ਸੀ । ਇਸ ਤਰ੍ਹਾਂ ਮਿਡਲ ਸਕੂਲਾਂ ਵਿਚ 1978 ਵਿਚ 24988, ਸੀ ਅਤੇ 1979 ਵਿਚ 26,415 ਸੀ । ਸੈਂਟਰ ਐਡਵਾਇਜ਼ਰੀ ਬੋਰਡ ਨੇ ਡੀ.ਪੀ.ਆਈ. ਅਤੇ ਐਜੂਕੇਸ਼ਨ ਸੈਕਟਰੀਜ਼ ਦੀ ਮੀਟਿੰਗ ਬੁਲਾਈ ਸੀ ਅਤੇ ਉਥੇ 10+2+3 ਦਾ ਫਾਰਮੂਲਾ ਅਡਾਪਟ ਕੀਤਾ ਗਿਆ ਸੀ। ਇਸ ਦੇ ਵਿਚ ਯੂਨੀਫਾਰਮ ਪੈਟਰਨ ਹੋਣਾ ਚਾਹੀਦਾ ਹੈ ਵੋਕੇਸ਼ਨਲ ਕੋਰਸਿਜ ਜਿਹੜੇ ਹਾਇਰ ਸੈਕੰਡਰੀ ਸਕੂਲਾਂ ਵਿਚ ਹਨ ਉਨਾ ਦੀ ਆਈ. ਟੀ. ਆਈਜ਼. ਪੋਲੀਟੈਕਨਿਕ ਕੋਰਸਾਂ ਨਾਲ ਕੋਆਰਡੀਨੇਸ਼ਨ ਹੋਣੀ ਚਾਹੀਦੀ ਹੈ । ਐਜੂਕੇਸ਼ਨ ਲਈ ਬਜਟ ਐਲੋਕੇਸ਼ਨ ਵਿਚ ਗਿਰਾਵਟ ਆਈ ਹੈ । 1976-77 ਵਿਚ ਇਹ 15.68% ਬਜਟ ਦਾ ਰਹਿ ਗਿਆ ਸੀ । 1977-78 ਵਿਚ 15.99% ਸੀ 78-79 ਵਿਚ 16.79% ਸੀ, 79-80 ਵਿਚ 14.78% ਰਹਿ ਗਿਆ ਅਤੇ 80-81 ਵਿਚ ਇਹ 12.41% ਬਜਟ ਰਹਿ ਗਿਆ ਹੈ । ਬਜਟ ਵਿਚ ਐਜੂਕੇਸ਼ਨ ਲਈ ਪੈਸੇ ਘਟ ਪ੍ਰੋਵਾਈਡ ਕੀਤੇ ਜਾ ਰਹੇ ਹਨ ਔਰ ਐਜੂਕੇਸ਼ਨ ਦਾ ਸਟੈਂਡਰਡ ਗਿਰਦਾ ਜਾ ਰਿਹਾ ਹੈ । ਇਸ ਤੇ ਹੋਰ ਖਰਚ ਕਰਨ ਦੀ ਲੋੜ ਹੈ । 1980-81 ਵਿਚ 10 ਸਿੰਗਲ ਟੀਚਰ ਸਕੂਲ ਖੋਲੇ ਜਾਣੇ ਸਨ ਪਰ ਹਾਲੇ ਤਕ ਇਹ ਸਕੂਲ ਨਹੀਂ ਖੋਲੇ ਗਏ। ਡਾਕਟਰ ਸਾਹਿਬ ਨੇ ਖੁਦ ਇਸ ਹਾਊਸ ਵਿਚ ਮੰਨਿਆ ਸੀ । ਕਿ 2451

[ਮਾਸਟਰ ਬਾਬੂ ਸਿੰਘ]—

ਸਕੂਲ ਐਸੇ ਹਨ ਜਿਥੇ ਕੋਈ ਬਿਲਡਿੰਗਜ਼ ਨਹੀਂ ਹਨ । (ਘੰਟੀ) ਪਹਿਲੇ ਸਕੂਲਾਂ ਦੀਆਂ ਬਿਲਡਿੰਗਜ਼ ਬਣਾਉਣ ਲਈ ਇਕ ਕਰੋੜ 10 ਲੱਖ ਰੁਪਿਆ ਰਖਿਆ ਗਿਆ ਸੀ ਪਰ ਹੁਣ ਇਸ ਰਕਮ ਨੂੰ ਘਟਾ ਕੇ ਇਕ ਕਰੋੜ ਰੁਪਿਆ ਕਰ ਦਿੱਤਾ ਗਿਆ ਹੈ । ਸਕੂਲਾਂ ਦੇ ਵਿਚ ਨਾ ਬਚਿਆਂ ਲਈ ਲੈਟਰਿਨਜ਼ ਹਨ ਅਤੇ ਨਾ ਪੀਣ ਲਈ ਪਾਣੀ ਦਾ ਪ੍ਰਬੰਧ ਹੈ। ਇਹ ਨਾ ਕੋਈ ਚੈਕ ਕਰਦੇ ਹਨ । ਇਨ੍ਹਾਂ ਦਾ ਸੁਪਰਵਾਈਜ਼ਰੀ ਸਟਾਫ ਚੈਕ ਨਹੀਂ ਕਰਦਾ । ਇਸੇ ਤਰ੍ਹਾਂ ਮਾਡਲ ਸਕੂਲਾਂ ਦੀ ਸਕੀਮ ਸੀ । ਉਹ ਵੀ ਬੰਦ ਕਰ ਦਿੱਤੀ ਗਈ ਹੈ । ਸਕੂਲਾਂ ਵਿਚ ਐਜੂਕੇਸ਼ਨ ਦਾ ਸਟੈਂਡਰਡ ਬਹੁਤ ਗਿਰਦਾ ਜਾ ਰਿਹਾ ਹੈ । ਵੋਕੇਸ਼ਨਲ ਐਜੂਕੇਸ਼ਨ 100 ਸਕੂਲਾਂ ਵਿਚ ਜਾਰੀ ਕੀਤੀ ਜਾ ਰਹੀ ਹੈ । ਪਰ ਚੇਅਰਮੈਨ ਸਾਹਿਬ, ਜੇਕਰ ਕੋਈ ਸਕੂਲ ਹੀ ਨਹੀਂ ਖੋਲ੍ਹਿਆ ਤਾਂ ਉਹ ਕੰਟੀਨਿਉ ਕਿਸ ਤਰ੍ਹਾਂ ਕਰਨਗੇ ।

Mr. Chairman..Please wind up.

ਸਰਦਾਰ ਬੀਰਦਵਿੰਦਰ ਸਿੰਘ : ਚੇਅਰਮੈਨ ਸਾਹਿਬ, ਮੇਰੀ ਅਰਜ਼ ਹੈ ਕਿ ਇਹ ਰੈਜ਼ੋਲਿਊਸ਼ਨ ਬੜਾ ਹੀ ਇੰਪਾਰਟੈਂਟ ਹੈ ਅਤੇ ਮੈਂਬਰ ਸਾਹਿਬਾਨ ਆਪਣੇ ਸੁਝਾਓ ਇਸ ਤੇ ਦੇਣਾ ਚਾਹੁੰਦੇ ਹਨ। ਐਜੂਕੇਸ਼ਨ ਮਨਿਸਟਰ ਸਾਹਿਬ, ਨੇ ਸਭ ਤੋਂ ਬਾਅਦ ਵਿਚ ਬੋਲਣਾ ਹੈ । ਬਹੁਤ ਸਾਰੇ ਮੈਂਬਰ ਸਾਹਿਬਾਨ ਅਜੇ ਇਸ ਤੇ ਬੋਲਣਾ ਚਾਹੁੰਦੇ ਹਨ ਇਸ ਲਈ ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਐਕਸਟੈਂਡ ਕਰ ਦਿਉ ।

ਵਿਕਾਸ ਮੰਤਰੀ: ਚੇਅਰਮੈਨ ਸਾਹਿਬ, ਹਾਊਸ ਦਾ ਸਮਾਂ ਹੋਰ ਐਕਸਟੈਂਡ ਕਰ ਲਓ ।

ਸ੍ਰੀ ਸਭਾਪਤੀ: ਠੀਕ ਹੈ ਜੀ ਕਰ ਲਵਾਂਗੇ । ਦੋ, ਦੋ ਮਿੰਟ ਬੋਲ ਲਓ । ਸਰਦਾਰ ਸ਼ਮਸ਼ੇਰ ਸਿੰਘ ਜੀ ਤੁਸੀਂ ਬੋਲੋ ।

ਸਰਦਾਰ ਸ਼ਮਸ਼ੇਰ ਸਿੰਘ (ਖੰਨਾ—ਐਸ. ਸੀ.): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ । ਇਹ ਐਜੂਕੇਸ਼ਨ ਦਾ ਅਹਿਮ ਮਸਲਾ ਹੈ । ਆਪੋਜ਼ੀਸ਼ਨ ਪਾਰਟੀ ਵਲੋਂ ਵੀ ਅਤੇ ਰੂਲਿੰਗ ਪਾਰਟੀ ਵਲੋਂ ਵੀ ਇਸ ਰੈਜ਼ੋਲਿਊਸ਼ਨ ਬਾਰੇ ਮੈਂਬਰਜ਼ ਬੋਲੇ ਹਨ ਅਤੇ ਉਨ੍ਹਾਂ ਨੇ ਆਪਣੇ ਆਪਣੇ ਸੁਝਾਓ ਦਿੱਤੇ ਹਨ । ਚੇਅਰਮੈਨ ਸਾਹਿਬ, ਹਿੰਦੁਸਤਾਨ ਦਾ ਭਵਿਖ ਐਜੂਕੇਸ਼ਨ ਤੇ ਬੇਸ ਕਰਦਾ ਹੈ । ਸਾਡੀ ਇਹ ਬਦਕਿਸਮਤੀ ਹੈ ਕਿ ਐਜੂਕੇਸ਼ਨ ਦਾ ਢਾਂਚਾ ਦਿਨ-ਬ-ਦਿਨ ਵਿਗੜਦਾ ਜਾ ਰਿਹਾ ਹੈ । ਐਜੂਕੇਸ਼ਨ ਵਿਚ ਡਿਸਿਪਲਿਨ ਦੀ ਬਹੁਤ ਘਾਟ ਹੈ । ਚੇਅਰਮੈਨ ਸਾਹਿਬ, ਸਕੂਲਾਂ ਵਿਚ ਐਜੂਕੇਸ਼ਨ ਦਾ ਸਿਸਟਮ ਐਸਾ ਨਹੀਂ ਹੈ ਜਿਸ ਰਾਹੀਂ ਨੈਸ਼ਨਲ ਕਰੈਕਟਰ ਬਣ ਸਕੇ । ਸਕੂਲਾਂ ਵਿਚ ਡਿਸਿਪਲਨ ਪੈਦਾ ਕੀਤਾ ਜਾਵੇ । ਚੇਅਰਮੈਨ ਸਾਹਿਬ, ਪ੍ਰਾਇਮਰੀ ਸਕੂਲਾਂ ਵਿਚ ਕਿਸੇ ਬੱਚੇ ਨੂੰ ਪੰਜਵੀਂ ਜਮਾਤ ਤਕ ਫੇਲ੍ਹ ਨਹੀਂ ਕੀਤਾ ਜਾਂਦਾ । ਜਦੋਂ ਇਕ ਬੱਚਾ ਛੇਵੀਂ ਕਲਾਸ ਵਿਚ ਹੋ ਜਾਂਦਾ ਹੈ ਤਾਂ ਉਸ ਬੱਚੇ ਨੂੰ ਛੇਵੀਂ ਜਮਾਤ ਵਿਚ ਪਹਿਲੀ ਸ਼੍ਰੇਣੀ ਦੀ ਮੁਢਲੀ ਸਿਖਿਆ ਦੇਣੀ ਸ਼ੁਰੂ ਕਰਦੇ ਹਨ । ਕਿਤੇ 10-2-3 ਦਾ ਸਿਸਟਮ ਹੈ ਅਤੇ ਕਿਤੇ ਕੋਈ ਹੋਰ ਸਿਸਟਮ ਹੈ । ਮੈਂ ਸਮਝਦਾ ਹਾਂ ਕਿ ਇਸ ਨਾਲ ਵੀ ਸਕੂਲਾਂ ਵਿਚ ਕਾਫੀ ਊਣਤਾਈਆਂ ਆ ਗਈਆਂ ਹਨ । ਪ੍ਰਾਇਮਰੀ ਸਕੂਲਾਂ ਵਿਚ ਦਾਖਲੇ ਦੀ ਗਿਣਤੀ ਬਹੁਤ ਘੱਟ ਗਈ ਹੈ । ਕਿਉਂਕਿ ਐਜੂਕੇਸ਼ਨ ਵਿਚ ਡਿਸਪੈਰਿਟੀ ਹੈ । ਇੱਕ ਪਾਸੇ ਮਾਡਲ ਸਕੂਲ ਹਨ ਅਤੇ ਦੂਜੇ ਪਾਸੇ ਆਮ ਸਰਕਾਰੀ ਸਕੂਲ ਹਨ । ਗੌਰਮਿੰਟ ਸਕੂਲਾਂ ਵਿਚ ਕਮਜ਼ੋਰ ਵਰਗ ਦੇ ਬੱਚੇ ਪੜ੍ਹਦੇ

ਹਨ ਜਿਹੜੇ ਕਿ ਮਾਡਲ ਸਕੂਲਾਂ ਵਿਚ ਜਾ ਨਹੀਂ ਸਕਦੇ। ਦੂਜੇ ਪਾਸੇ ਹਰ ਮਾਂ ਬਾਪ ਦੀ ਖਾਹਿਸ਼ ਹੁੰਦੀ ਹੈ ਕਿ ਮੇਰਾ ਬੱਚਾ ਚੰਗੇ ਸਕੂਲ ਵਿਚ ਪੜ੍ਹੇ, ਮਾਡਲ ਸਕੂਲ ਵਿਚ ਪੜ੍ਹੇ ਚਾਹੇ ਉਹ ਬੱਚਾ ਥੋੜ੍ਹੀ ਤਨਖਾਹ ਵਾਲੇ ਮੁਲਾਜ਼ਮ ਦਾ ਕਿਉਂ ਨਾ ਹੋਵੇ। ਉਹ ਵੀ ਆਪਣੇ ਬੱਚਿਆਂ ਨੂੰ ਮਾਡਲ ਸਕੂਲਾਂ ਵਿਚ ਪੜ੍ਹਾਉਣਾ ਚਾਹੁੰਦੇ ਹਨ। ਇਸ ਲਈ ਸਰਕਾਰ ਵਲੋਂ ਇਸ ਡਿਸ-ਪੇਰਿਟੀ ਨੂੰ ਦੂਰ ਕਰਨਾ ਚਾਹੀਦਾ ਹੈ। ਜਿਹੜੇ ਚੇਅਰਮੈਨ ਸਾਹਿਬ, ਪ੍ਰਾਈਵੇਟ ਸਕੂਲ ਹਨ ਜਿਵੇਂ ਕਿ ਆਰੀਆ ਸਕੂਲ ਹੈ, ਡੀ.ਏ.ਵੀ. ਸਕੂਲ ਹੈ।

2.17 ਬਾਅਦ ਦੁਪਹਿਰ

(ਇਸ ਸਮੇਂ ਸਰਦਾਰ ਬੀਰਦਵਿੰਦਰ ਸਿੰਘ, ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਪ੍ਰਾਈਵੇਟ ਸਕੂਲਾਂ ਵਿਚ ਟੀਚਰਾਂ ਦਾ ਰੋਲ ਅੱਛਾ ਹੁੰਦਾ ਹੈ। ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟ ਦਾ ਕੰਮ ਅੱਛਾ ਹੁੰਦਾ ਹੈ ਜਿਸ ਕਰਕੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਦਾ ਰਿਜ਼ਲਟ ਚੰਗਾ ਨਿਕਲਦਾ ਹੈ। ਜੇਕਰ ਪ੍ਰਾਈਵੇਟ ਸਕੂਲਾਂ ਵਿਚ ਕਿਸੇ ਟੀਚਰ ਦਾ ਰਿਜ਼ਲਟ ਚੰਗਾ ਨਾ ਹੋਵੇ ਤਾਂ ਉਸ ਦੀ ਇਨਕਰੀਮੈਂਟ ਬੰਦ ਕਰ ਦਿਤੀ ਜਾਂਦੀ ਹੈ। ਜੇਕਰ ਕਿਸੇ ਟੀਚਰ ਦਾ ਰਿਜ਼ਲਟ ਚੰਗਾ ਆਵੇ ਤਾਂ ਉਸ ਨੂੰ ਇਨਕਰੀਮੈਂਟ ਵੀ ਦਿਤੀ ਜਾਂਦੀ ਹੈ। ਚੇਅਰਮੈਨ ਸਾਹਿਬ, ਅੱਜ ਦੇ ਟੀਚਰ 15-20 ਸਾਲ ਪਹਿਲਾਂ ਵਾਲੇ ਟੀਚਰ ਦੀ ਤਰ੍ਹਾਂ ਨਹੀਂ ਰਹੇ। ਚੇਅਰਮੈਨ ਸਾਹਿਬ, ਇਹ ਆਪਣੇ ਮੁਲਕ ਦੀ ਬਦਕਿਸਮਤੀ ਹੈ ਜੋ ਟੀਚਰਾਂ ਦੀਆਂ ਜੈਨੂਅਨ ਡਿਮਾਂਡਾਂ ਹਨ, ਚਾਹੇ ਉਹ ਡਿਮਾਂਡਾਂ ਪੇ ਬਾਰੇ ਹਨ, ਜਾਂ ਹਾਊਸ ਰੈਂਟ ਬਾਰੇ ਹਨ, ਉਹ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਕਈ ਸਕੂਲ 11-11 ਵਜੇ ਤਕ ਨਹੀਂ ਖੁਲ੍ਹਦੇ। ਸਕੂਲਾਂ ਵਿਚ 11-11 ਵਜੇ ਤਕ ਤਾਲੇ ਲਗੇ ਰਹਿੰਦੇ ਹਨ। ਐਜੂਕੇਸ਼ਨ ਦੇ ਸਿਸਟਮ ਨੂੰ, ਚੇਅਰਮੈਨ ਸਾਹਿਬ, ਸੁਧਾਰਨ ਦੀ ਲੋੜ ਹੈ। ਸਕੂਲਾਂ ਵਿਚ ਇਨਡਿਸਿਪਲਨ ਹੈ। ਇਸ ਵਿਚ ਪੁਲਿਟੀਕਲ ਪਾਰਟੀਆਂ ਦੀ ਵੀ ਜ਼ਿੰਮੇਵਾਰੀ ਆਉਂਦੀ ਹੈ। ਟੀਚਰ ਆਪਣੀ ਡਿਊਟੀ ਨੂੰ ਪੂਰੀ ਤਰ੍ਹਾਂ ਨਹੀਂ ਨਿਭਾਉਂਦੇ ਹਨ। (ਘੰਟੀ) ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਵਧਾਈ ਦੇਵਾਂਗਾ ਕਿ 250 ਸਕੂਲਾਂ ਨੂੰ ਅਪਗ੍ਰੇਡ ਕੀਤਾ ਗਿਆ ਹੈ। 118 ਕਰੋੜ ਰੁਪਿਆ ਐਜੂ-ਕੇਸ਼ਨ ਵਾਸਤੇ ਰਖਿਆ ਹੈ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਦਾ ਬਹੁਤ ਅਹਿਮ ਮਸਲਾ ਹੈ।

ਸ੍ਰੀ ਸਭਾਪਤੀ: Please resume your seat. ਸ੍ਰੀ ਮਾਤੂ ਰਾਮ ਜੀ, ਤੁਸੀਂ ਬੋਲੋ।

ਸਰਦਾਰ ਸ਼ਮਸ਼ੇਰ ਸਿੰਘ: ਚੇਅਰਮੈਨ ਸਾਹਿਬ, ਪੰਜਾਬ ਵਿਚ ਐਜੂਕੇਸ਼ਨ ਦੇ ਸਿਸਟਮ ਨੂੰ ਬਦਲਣਾ ਚਾਹੀਦਾ ਹੈ ਅਤੇ ਸਕੂਲਾਂ ਵਿਚ ਟੈਕਨੀਕਲ ਟ੍ਰੇਨਿੰਗ ਉਥੇ ਦਿਤੀ ਜਾਣੀ ਚਾਹੀਦੀ ਹੈ। ਹਰ ਕਿਸਮ ਦੀ ਟ੍ਰੇਨਿੰਗ ਸਕੂਲਾਂ ਵਿਚ ਦਿਤੀ ਜਾਣੀ ਚਾਹੀਦੀ ਹੈ। (ਵਿਘਨ) (ਸ਼ੋਰ) ਜੌਬ ਓਰੀਐਂਟਿਡ ਐਜੂਕੇਸ਼ਨ ਸਕੂਲਾਂ ਵਿਚ ਦੇਣੀ ਚਾਹੀਦੀ ਹੈ।

ਚੌਧਰੀ ਮਾਤੂ ਰਾਮ (ਮਲੋਟ ਐਸ.ਸੀ.): ਚੇਅਰਮੈਨ ਸਾਹਿਬ, ਤੁਹਾਡੀ ਬਹੁਤ ਮਿਹਰ-ਬਾਨੀ ਹੈ, ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ। ਮੇਰੇ ਦੋਸਤਾਂ ਨੇ ਐਜੂਕੇਸ਼ਨ ਦੇ ਸਿਸਟਮ ਬਾਰੇ ਕਾਫੀ ਵਿਚਾਰ ਰੱਖੇ ਹਨ। ਕਿਸੇ ਨੇ ਕੋਈ ਸੁਝਾਓ ਦਿਤਾ ਹੈ ਅਤੇ ਕਿਸੇ ਨੇ ਕੋਈ ਸੁਝਾਓ

[ਚੌਧਰੀ ਮਾਤੂ ਰਾਮ]

ਦਿਤਾ ਹੈ । ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਸਾਡੇ ਐਜੂਕੇਸ਼ਨ ਸਿਸਟਮ ਵਿਚ ਕਮੀ ਹੈ । ਮੈਂ ਸਮਝਦਾ ਹਾਂ ਕਿ ਅੱਜ ਦੇ ਨੌਜਵਾਨਾਂ ਵਿਚ ਦੇਸ਼ ਭਗਤੀ ਦਾ ਮਾਦਾ ਨਹੀਂ ਹੈ । ਦੇਸ਼ ਭਗਤੀ ਦਾ ਮਾਦਾ ਬੱਚਿਆਂ ਦੇ ਦਿੱਲ ਵਿਚ ਜ਼ਰੂਰ ਹੋਣਾ ਚਾਹੀਦਾ ਹੈ । ਇਹ ਕਿਸ ਤੇ ਡਿਪੈਂਡ ਕਰਦਾ ਹੈ । ਮਾਸਟਰ ਕੌਮ ਦਾ ਮੈਮਾਰ ਹੈ, ਕੌਮ ਨੂੰ ਬਣਾਉਣ ਵਾਲਾ ਹੈ । ਮਾਸਟਰ ਨੂੰ ਜਦੋਂ ਭਰਤੀ ਕਰਦੇ ਹੋ ਤਾਂ ਭਰਤੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਟਰੇਨਿੰਗ ਦੇਣੀ ਚਾਹੀਦੀ ਹੈ। ਟਰੇਨਿੰਗ ਦੇਣ ਲਈ ਕੈਂਪ ਲਗਾਉਣੇ ਚਾਹੀਦੇ ਹਨ ਅਤੇ ਉਥੇ ਉਨ੍ਹਾਂ ਨੂੰ ਦੇਸ਼ ਭਗਤੀ ਬਾਰੇ ਟਰੇਨਿੰਗ ਦੇਣੀ ਚਾਹੀਦੀ ਹੈ ਤਾਕਿ ਮਾਸਟਰਾਂ ਨੂੰ ਪਤਾ ਹੋਵੇ ਕਿ ਜਦੋਂ ਕੌਮੀ ਤਰਾਨਾ ਹੋ ਰਿਹਾ ਹੋਵੇ ਤਾਂ ਉਸ ਵੇਲੇ ਉਸ ਦਾ ਕੀ ਫਰਜ਼ ਬਣਦਾ ਹੈ । ਅਗਰ ਮਾਸਟਰਾਂ ਨੂੰ ਹੀ ਨਹੀਂ ਪਤਾ ਕਿ ਦੇਸ਼ ਭਗਤੀ ਕੀ ਹੁੰਦੀ ਹੈ ਤਾਂ ਫਿਰ ਉਹ ਬਚਿਆਂ ਨੂੰ ਕੀ ਇਸ ਬਾਰੇ ਪੜ੍ਹਾਉਣਗੇ । ਸਕੂਲਾਂ ਵਿਚ ਦੇਸ਼ ਭਗਤੀ ਲਈ ਬਾਕਾਇਦਾ ਇਕ ਪੀਰੀਅਡ ਰੋਜ਼ ਹੋਣਾ ਚਾਹੀਦਾ ਹੈ ਤਾਂਕਿ ਜਦੋਂ ਬੱਚਾ ਪਹਿਲੀ ਕਲਾਸ ਵਿਚ ਦਾਖਲ ਹੋਣ ਤੋਂ ਬਾਅਦ 12ਵੀਂ ਕਲਾਸ ਪਾਸ ਕਰਕੇ ਨਿਕਲੇ ਤਾਂ ਉਸ ਨੂੰ ਦੇਸ਼ ਭਗਤੀ ਬਾਰੇ ਸਾਰਾ ਇਲਮ ਹੋਵੇ ਕਿ ਮੈਂ ਦੇਸ਼ ਦਾ ਹਾਂ ਔਰ ਦੇਸ਼ ਮੇਰਾ ਹੈ । ਇਹ ਸਾਰੀ ਚੀਜ਼ ਮਾਸਟਰ ਤੇ ਡਿਪੈਂਡ ਕਰਦੀ ਹੈ। ਇਸ ਵੇਲੇ ਆਮ ਤੌਰ ਤੇ ਮਾਸਟਰ ਐਸੇ ਭਰਤੀ ਕੀਤੇ ਹੋਏ ਹਨ ਜਿਨ੍ਹਾਂ ਦੇ ਮਾਂ ਬਾਪ ਰੱਜੇ ਪੁੱਜੇ ਸੀ ਅਤੇ ਉਨ੍ਹਾਂ ਦੇ ਬੱਚੇ ਪੜ੍ਹਦੇ ਨਹੀਂ ਸਨ ਔਰ ਉਹ ਥਰਡ ਡਿਵੀਜ਼ਨ ਵਿਚ ਪਾਸ ਹੋਏ, ਉਨ੍ਹਾਂ ਨੂੰ ਕਿਤੇ ਨੌਕਰੀਆਂ ਮਿਲਦੀਆਂ ਨਹੀਂ ਸਨ, ਇਸ ਲਈ ਉਨ੍ਹਾਂ ਨੂੰ ਮਾਸਟਰ ਲਗਾ ਦਿੱਤਾ ਗਿਆ। ਅਜਿਹੇ ਮਾਸਟਰ ਬੱਚਿਆਂ ਦਾ ਕੀ ਬਣਾਉਣਗੇ, ਕੌਮ ਨੂੰ ਕੀ ਬਣਾਉਣਗੇ ? ਇਸ ਲਈ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਮਾਸਟਰਜ਼ ਭਰਤੀ ਕਰਨ ਵੇਲੇ ਇਸ ਤਰ੍ਹਾਂ ਦਾ ਸਿਲਸਿਲਾ ਬਣਾਉਣ ਕਿ ਉਨ੍ਹਾਂ ਦੀ ਲਿਆਕਤ, ਉਨ੍ਹਾਂ ਦੀ ਲਾਇਕੀ ਔਰ ਉਨ੍ਹਾਂ ਦਾ ਚਾਲਚਲਣ ਠੀਕ ਹੋਵ । ਇਨ੍ਹਾਂ ਨੇ ਇਥੇ ਕਿਹਾ ਹੈ ਕਿ ਟੀਚਰਜ਼ ਫਾਲਤੂ ਫਿਰਦੇ ਹਨ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਚੋਂ ਕਰੀਮ ਛਾਂਟੋ ਔਰ ਇਹ ਦੇਖੋ ਕਿ ਕਿਸ ਨੂੰ ਸੂਝਬੂਝ ਹੈ ਔਰ ਕਿਹੜਾ ਅੱਛਾ ਮਾਸਟਰ ਬਣ ਸਕਦਾ ਹੈ । ਇਹ ਨਾ ਹੋਵੇ ਕਿ ਉਹ ਅਫੀਮ ਹੀ ਖਾਂਦਾ ਹੋਵੇ ਔਰ ਸ਼ਰਾਬ ਪੀਂਦਾ ਹੋਵੇ । ਐਸਾ ਆਦਮੀ ਦੇਸ਼ ਭਗਤੀ ਨਹੀਂ ਸਿਖਾ ਸਕਦਾ । ਮੈਂ ਸਮਝਦਾ ਹਾਂ ਕਿ ਮਾਸਟਰ ਨੂੰ ਭਰਤੀ ਕਰਨ ਵੇਲੇ, ਇਹ ਦੇਖਣਾ ਚਾਹੀਦਾ ਹੈ ਕਿ ਉਹ ਬੰਦਾ ਟਾਪ ਦਾ ਹੋਵੇ । ਭਰਤੀ ਕਰਨ ਉਪਰੰਤ ਉਸ ਲਈ ਟਰੇਨਿੰਗ ਸੈਂਟਰ ਹੋਵੇ ਜਿਥੇ ਉਨ੍ਹਾਂ ਨੂੰ ਦੇਸ਼ ਭਗਤੀ ਲਈ ਟਰੇਨਿੰਗ ਦਿੱਤੀ ਜਾਏ । ਦੇਸ਼ ਦੇ ਗੀਤ ਹੋਣ ਵੇਲੇ ਇਹ ਲੋਕ ਖੁਰਕਦੇ ਰਹਿੰਦੇ ਹਨ । ਜਿਸ ਹਿੰਦੁਸਤਾਨੀ ਬੱਚੇ ਨੂੰ ਇਹ ਪਤਾ ਨਹੀਂ ਕਿ ਇਹ ਮੇਰੇ ਦੇਸ਼ ਦਾ ਗਾਣਾ ਹੈ ਔਰ ਕਿਸ ਤਰ੍ਹਾਂ ਨਾਲ ਮੈਂ ਉਸ ਵੇਲੇ ਖੜ੍ਹਾ ਹੋਣਾ ਹੈ ਫਿਰ ਉਸ ਦੀ ਪੜ੍ਹਾਈ ਦਾ ਕੀ ਫਾਇਦਾ ਹੋਇਆ । ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਮੇਰੇ ਦੇਸ਼ ਦਾ ਕੌਮੀ ਝੰਡਾ ਲਹਿਰਾਇਆ ਜਾ ਰਿਹਾ ਹੈ ਤਾਂ ਮੇਰਾ ਕੀ ਫਰਜ਼ ਬਣਦਾ ਹੈ । ਮੇਰੇ ਦੋਸਤਾਂ ਨੇ ਕਾਫੀ ਕੁਝ ਇਸ ਬਾਰੇ ਅੱਗੇ ਹੀ ਦੱਸਿਆ ਹੈ (ਘੰਟੀ) ਹੁਣ ਮੈਂ ਐਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਬੱਚਿਆਂ ਨੂੰ ਦੇਸ਼ ਭਗਤੀ ਜ਼ਰੂਰ ਸਿਖਾਉਣੀ ਚਾਹੀਦੀ ਹੈ ।

EXTENSION OF TIME OF THE SITTING

Mr. Chairman : Is it pleasure of the House that the time of the

sitting of the House be extended by another half an hour.

Voices: yes, yes.

Mr. Chairman: The time of the sitting of the House is extended up to 3.00 P.M.

JOINT MOTION REGARDING PRESENT EDUCATIONAL SYSTEM IN THE STATE (*Resumption of discussion*)

ਸਰਦਾਰ ਬੀਰਪਾਲ ਸਿੰਘ (ਲੁਧਿਆਣਾ ਦਿਹਾਤੀ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਐਜੂਕੇਸ਼ਨ ਸਬੰਧੀ ਜੋ ਰੈਜ਼ੂਲੇਸ਼ਨ ਆਇਆ ਹੈ, ਇਸ ਤੇ ਬੋਲਣ ਲਈ ਮੈਨੂੰ ਮੌਕਾ ਦਿੱਤਾ ਹੈ। ਮੇਰੇ ਆਨਰੇਬਲ ਮੈਂਬਰਾਂ ਨੇ ਇਸ ਬਾਰੇ ਬਹੁਤ ਗੱਲਾਂ ਕੀਤੀਆਂ ਹਨ, ਟੀਕਾ ਟਿਪਣੀ ਵੀ ਕੀਤੀ ਹੈ, ਚੰਗੇ ਸੁਝਾਉ ਵੀ ਦਿਤੇ ਹਨ। ਮੈਂ ਚੇਅਰਮੈਨ ਸਾਹਿਬ, ਇਸ ਸਰਕਾਰ ਦਾ ਔਰ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਮਸ਼ਕੂਰ ਹਾਂ ਕਿਉਂਕਿ ਇਸ ਤੋਂ ਪਹਿਲੀ ਸਰਕਾਰ ਨੇ ਐਜੂਕੇਸ਼ਨ ਪਾਸੇ ਘੱਟ ਧਿਆਨ ਦਿੱਤਾ ਸੀ ਔਰ ਇਸ ਸਰਕਾਰ ਨੇ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ, ਪਹਿਲ ਕੀਤੀ ਹੈ, ਵੋਕੇਸ਼ਨਲ ਐਜੂਕੇਸ਼ਨ ਸਿਸਟਮ ਬਾਰੇ ਕਾਫੀ ਸ਼ੋਰ ਕੀਤਾ ਜਾ ਰਿਹਾ ਹੈ। ਇਸ ਸਰਕਾਰ ਨੇ 100 ਸਕੂਲਾਂ ਵਿਚ ਇਹ ਪੜ੍ਹਾਈ ਲਾਗੂ ਕੀਤੀ ਹੈ। ਇਸ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਐਕਸਪੀਰੀਐਂਸ ਹੋਵੇਗਾ ਔਰ ਕਿਸੇ ਫੀਲਡ ਵਿਚ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਤਿਆਰੀ ਹੋਏਗੀ। ਇਸ ਸਾਲ ਢਾਈ ਸੌ ਸਕੂਲ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਅਪਗਰੇਡ ਕੀਤੇ ਹਨ। ਪਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦੇ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਪਹਿਲ ਦਿਆਂਗੇ। ਬਾਰਡਰ ਦੇ ਏਰੀਆ ਵਿਚ, ਬੇਟ ਏਰੀਆ ਵਿਚ ਔਰ ਹਰੀਜਨ ਬਸਤੀਆਂ ਵਿਚ, ਇਨ੍ਹਾਂ ਏਰੀਆਜ਼ ਵਿਚ ਜਿਥੇ ਸਕੂਲੀ ਬਿਲਡਿੰਗਾਂ ਵਿਚ ਕਮੀ ਬੇਸ਼ੀ ਹੈ, ਉਸ ਨੂੰ ਹੋਰ ਏਰੀਆ ਨਾਲੋਂ ਪਹਿਲ ਦਿੱਤੀ ਜਾਏਗੀ। ਔਰ ਇਸ ਲਈ 1.10 ਕਰੋੜ ਰੁਪਿਆ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਰਖਿਆ ਹੈ।

ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਪਰੀਵਰਤਨ ਦੀ ਬੜੀ ਲੋੜ ਹੈ। ਟੀਚਰ ਔਰ ਟਾਟ ਵਿਚ ਬੜਾ ਗੈਪ ਪੈ ਗਿਆ ਹੈ। ਤੁਸੀਂ ਵੀ ਸਕੂਲਾਂ ਵਿਚ ਪੜ੍ਹਦੇ ਸੀ। ਉਦੋਂ ਟੀਚਰਾਂ ਦਾ ਰਵਈਆ ਕਿਹੋ ਜਿਹਾ ਸੀ। ਉਦੋਂ ਟੀਚਰਜ਼ ਸਕੂਲ ਟਾਈਮ ਤੋਂ ਬਾਅਦ ਵੀ ਬੱਚਿਆਂ ਨੂੰ ਪੜ੍ਹਾਉਂਦੇ ਸਨ ਔਰ ਉਸ ਸਮੇਂ ਉਸਤਾਦ ਦੀ ਇਜ਼ੱਤ ਵੀ ਕਿੰਨੀ ਹੁੰਦੀ ਸੀ। ਜੋ ਵੀ ਮੈਂਬਰ ਸਾਹਿਬਾਨ ਇਥੇ ਬੈਠੇ ਹਨ, ਉਹ ਪੁਰਾਣੇ ਉਸਤਾਦਾਂ ਤੋਂ ਪੜ੍ਹੇ ਹਨ। ਇਹ ਉਦੋਂ ਆਪਣੇ ਟੀਚਰਾਂ ਦੇ ਗੋਡੇ ਹੱਥ ਲਗਾਉਂਦੇ ਸਨ। ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਉਸ ਵੇਲੇ ਦੇ ਟੀਚਰਜ਼ ਵੀ ਆਪਣੇ ਬੱਚੇ ਸਮਝਕੇ ਉਨ੍ਹਾਂ ਨੂੰ ਤਾਲੀਮ ਦਿੰਦੇ ਸਨ ਔਰ ਉਹਨਾਂ ਨੂੰ ਦੂਸਰੇ ਪਾਸੇ ਨਹੀਂ ਲਗਾਉਂਦੇ ਸਨ। ਇਸ ਬਾਰੇ ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਮੈਨੂੰ ਬਾਹਰ ਜਾਣ ਦਾ ਕਾਫੀ ਮੌਕਾ ਮਿਲਦਾ ਹੈ। ਬੇਟ ਏਰੀਆ ਵਿਚ ਜਾਉ ਜਾਂ ਕਿਸੇ ਹੋਰ ਬਾਰਡਰ ਏਰੀਆ ਵਿਚ ਜਾਉ ਉਥੇ ਸਕੂਲਾਂ ਵਿਚ ਟੀਚਰਜ਼ ਆਪਣੀ ਮਰਜ਼ੀ ਨਾਲ ਸਕੂਲ ਵਿਚ ਵੜਦੇ ਹਨ। ਉਥੇ ਕਲਾਸਿਜ਼ ਵਿਚ ਇਕ ਮਜ਼ਬੂਤ ਮਾਨੀਟਰ ਬਣਾਇਆ ਹੁੰਦਾ ਹੈ। ਉਹ ਤਾਲੀਮ ਦੇ ਆਧਾਰ ਤੇ ਮਾਨੀਟਰ ਨਹੀਂ ਬਣਾਇਆ ਹੁੰਦਾ। ਉਹ ਟੀਚਰ ਸਕੂਲ ਵੜਦਿਆਂ ਹੀ

[ਸਰਦਾਰ ਬੀਰਪਾਲ ਸਿੰਘ]

ਮਾਨੀਟਰ ਨੂੰ ਪੁੱਛਦਾ ਹੈ ਸੁਣਾ ਬਈ ਕੀ ਹਾਲ ਹੈ। ਉਹ ਜਵਾਬ ਦਿੰਦਾ ਹੈ ਕਿ ਰਾਤ ਚਾਚੇ ਹੋਰੀਂ ਕਾਫੀ ਦੇਰ ਤਕ ਲਗੇ ਰਹੇ ਅਤੇ 15,20 ਹੀ ਨਿਕਲੀਆਂ। ਜੇਕਰ ਕਹੋ ਤਾਂ ਮੈਂ ਲਿਆ ਦਿਆਂ। ਮੈਂ ਸਾਰੀ ਕਮਿਊਨਿਟੀ ਦੀ ਗੱਲ ਨਹੀਂ ਕਰਦਾ। ਬੱਚਿਆਂ ਨੂੰ ਨਾਜਾਇਜ਼ ਢੰਗ ਨਾਲ ਪਾਸ ਕਰ ਦਿੱਤਾ ਜਾਂਦਾ ਹੈ ਔਰ ਆਪਣੇ ਮਨੋਰਥ ਲਈ ਬੱਚਿਆਂ ਨੂੰ ਐਕਸਪਲਾਇਟ ਕੀਤਾ ਜਾਂਦਾ ਹੈ।

ਸਕੂਲ ਐਜੂਕੇਸ਼ਨ ਬੋਰਡ ਦੇ ਇਮਤਿਹਾਨਾਂ ਵਿਚ ਜਿਹੜਾ ਫਸਟ, ਸੈਕਿੰਡ ਔਰ ਥਰਡ ਆਉਂਦਾ ਹੈ, ਉਸ ਨੂੰ ਇਨਸੈਂਟਿਵ ਦਿੱਤਾ ਜਾਣਾ ਚਾਹੀਦਾ ਹੈ, ਇਹ ਅੱਛੀ ਗੱਲ ਹੈ। ਇਹ ਪਹਿਲੀ ਵਾਰੀ ਇਸ ਸਰਕਾਰ ਨੇ ਕੀਤਾ ਹੈ। ਜਿਹੜੇ ਬੱਚਿਆਂ ਨੂੰ ਇਸ ਤਰ੍ਹਾਂ ਨਾਲ ਬੜ੍ਹਾਵਾ ਦਿਤਾ ਜਾਣਾ ਹੈ। ਉਸ ਨਾਲ ਬਾਕੀ ਹੋਰ ਬਚਿਆਂ ਨੂੰ ਰਸ਼ਕ ਹੋਵੇਗਾ ਅਤੇ ਉਹ ਅੱਗੇ ਆਉਣ ਲਈ ਕੋਸ਼ਿਸ਼ ਕਰਨਗੇ। ਇਹ ਇੱਕ ਅੱਛਾ ਸਿਸਟਮ ਹੈ (ਘੰਟੀ) ਅੱਛੇ ਉਸਤਾਦ ਸਾਹਿਬਾਨ ਜਿਨ੍ਹਾਂ ਦਾ ਰਿਜ਼ਲਟ ਅੱਛਾ ਹੈ ਔਰ ਜਿਹੜੇ ਪੜ੍ਹਾਈ ਵਾਲੇ ਪਾਸੇ ਜ਼ਿਆਦਾ ਧਿਆਨ ਦਿੰਦੇ ਹਨ, ਉਨ੍ਹਾਂ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਸਰਕਾਰ ਨੇ ਐਡਵਰਟਾਈਜ਼ ਕਰ ਦਿਤਾ ਹੈ ਕਿ ਫਸਟ ਕਲਾਸ ਹੀ ਸਿਰਫ ਪਬਲਿਕ ਸਰਵਿਸ ਕਮਿਸ਼ਨ ਨੂੰ ਅਪਲਾਈ ਕਰ ਸਕਦੇ ਹਨ ਔਰ ਉਨ੍ਹਾਂ ਦੀ ਉਮਰ 45 ਸਾਲ ਤਕ ਹੋਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਇਸ ਸਬੰਧ ਵਿਚ ਉਮਰ 45 ਸਾਲ ਤੋਂ ਵੱਧ ਕਰ ਲੈਣੀ ਚਾਹੀਦੀ ਹੈ ਤਾਕਿ ਜਿਨ੍ਹਾਂ ਨੇ ਐਮ. ਕਾਮ., ਐਮ. ਐਡ. ਜਾਂ ਐਮ. ਐਸ. ਸੀ. ਕੀਤੀ ਹੈ ਔਰ ਜੋ ਲੋਕ ਹਾਈਲੀ ਕੁਆਲੀਫਾਈਡ ਹਨ ਚਾਹੇ ਉਨ੍ਹਾਂ ਦੀ ਸੈਕਿੰਡ ਕਲਾਸ ਕਿਉਂ ਨਾ ਹੋਵੇ, ਉਨ੍ਹਾਂ ਨੂੰ ਵੀ ਇੰਟਰਵੀਊ ਵਿਚ ਪੇਸ਼ ਹੋਣ ਦਾ ਮੌਕਾ ਦੇਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਉਹ ਵੀ ਇੰਟਰਵੀਊਜ਼ ਵਿਚ ਪਾਸ ਹੋ ਜਾਣ। ਅੱਛੇ ਐਜੂਕੇਸ਼ਨਿਸਟਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਗੌਰਮਿੰਟ ਕਾਲਜ ਫਾਰ ਬੁਆਇਜ਼, ਲੁਧਿਆਣਾ ਵਿਚ ਸ਼੍ਰੀ ਸਹਿਗਲ ਹਨ। ਇਨ੍ਹਾਂ ਤੋਂ ਸ਼੍ਰੀ ਓਝਾ ਅਤੇ ਸਰਦਾਰ ਐਮ. ਐਸ. ਗਿੱਲ, ਸਕੱਤਰ ਸਾਹਿਬਾਨ ਉਨ੍ਹਾਂ ਤੋਂ ਪੜ੍ਹੇ ਹਨ ਉਨ੍ਹਾਂ ਤੋਂ ਬੈਟਰ ਇੰਗਲਿਸ਼ ਦਾ ਟੀਚਰ ਸਾਡੇ ਕਾਲਜ ਵਿਚ ਹੋਰ ਕੋਈ ਨਹੀਂ ਹੈ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਐਜੂਕੇਸ਼ਨਿਸਟਸ ਹਨ ਉਨ੍ਹਾਂ ਤੋਂ ਸੁਝਾਉ ਲੈਣੇ ਚਾਹੀਦੇ ਹਨ ਔਰ ਉਨ੍ਹਾਂ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਸਕੂਲਾਂ/ਕਾਲਜਾਂ ਦੀ ਕਿਵੇਂ ਬਿਹਤਰੀ ਕੀਤੀ ਜਾ ਸਕਦੀ ਹੈ।

ਸ਼ਡਿਊਲਡ ਕਾਸਟਸ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਟਰੇਨਿੰਗ ਕਰਾਉਣੀ ਹੈ। ਇਸ ਪਾਸੇ ਵਲ ਵੀ ਧਿਆਨ ਦੇਕੇ ਇਨ੍ਹਾਂ ਦੀ ਟਰੇਨਿੰਗ ਕਰਾਉਣੀ ਚਾਹੀਦੀ ਹੈ। ਮੈਨੂੰ ਆਸ ਹੈ ਕਿ ਅਜਨਾਲਾ ਸਾਹਿਬ ਇਸ ਪਾਸੇ ਵੱਲ ਵੀ ਧਿਆਨ ਦੇਣਗੇ।

Mr. Chairman : Shri Dhanowalia to please speak.

Sardar Baldev Singh Mann : Sir, I want to speak....

Mr. Chairman : I have called upon Shri Dhanowalia....

Sardar Baldev Singh Mann : I want to speak.

Mr. Chairman : I have received a chit from the Whip and accordingly, I have given time to Shri Dhanowalia.

Sardar Baldev Singh Mann : But it is your discretion which counts and not the chit of the party whip.

Mr. Chairman : You can talk to your party leader.

ਸਰਦਾਰ ਬਲਦੇਵ ਸਿੰਘ ਮਾਨ : ਤੁਸੀਂ ਮੈਨੂੰ ਬੋਲਣ ਲਈ ਅਲਾਉ ਕਰਨਾ ਹੈ ਜਾਂ ਨਹੀਂ ? ਜੇਕਰ ਅਲਾਉ ਨਹੀਂ ਕਰਨਾ ਤਾਂ ਅਸੀਂ ਆਪਣਾ ਰਸਤਾ ਅਪਣਾਈਏ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ (ਫ਼ਗਵਾੜਾ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜਿਹੜਾ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ । ਚੇਅਰਮੈਨ ਸਾਹਿਬ, ਮੌਜੂਦਾ ਐਜੂਕੇਸ਼ਨ ਸਿਸਟਮ ਵਿਚ ਸੋਧ ਲਿਆਉਣ ਲਈ ਮੈਂ ਸਮਝਦਾ ਹਾਂ ਕਿ ਇਹ ਬਹੁਤ ਅੱਛਾ ਕੀਤਾ ਹੈ ਕਿ ਇਸ ਦੇ ਬਾਰੇ ਸਾਰੇ ਮੈਂਬਰ ਸਾਹਿਬਾਨ ਆਪਣੇ ਆਪਣੇ ਵਿਚਾਰ ਰੱਖ ਸਕਣ । ਚੇਅਰਮੈਨ ਸਾਹਿਬ, ਕਿਸੇ ਮੁਲਕ ਦੀ ਜਾਂ ਸੂਬੇ ਦੀ ਖੁਸ਼ਹਾਲੀ ਜਾਂ ਉਸ ਦਾ ਤਾਕਤਵਰ ਹੋਣਾ, ਉਸ ਮੁਲਕ ਦੀ ਜਾਂ ਸੂਬੇ ਦੀ ਤਾਲੀਮ 'ਤੇ ਮੁਨੱਹਸਰ ਹੈ । ਚੇਅਰਮੈਨ ਸਾਹਿਬ, ਪਿਛਲੇ 33 ਸਾਲਾਂ ਤੋਂ ਅਸੀਂ ਕਰੋੜਾਂ ਰੁਪਿਆ ਤਾਲੀਮ ਤੇ ਖ਼ਰਚ ਕਰ ਰਹੇ ਹਾਂ । ਪਰ ਫਿਰ ਵੀ ਸਾਡੇ ਸੂਬੇ ਦੀ 1 ਕਰੋੜ 30 ਲੱਖ ਆਬਾਦੀ ਵਿਚੋਂ 33.67% ਲੋਕ ਪੜ੍ਹੇ ਲਿਖੇ ਹਨ । ਇਹ ਅੱਛਾ ਕੀਤਾ ਹੈ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਸਾਨੂੰ ਆਪਣੇ ਵਿਚਾਰ ਜ਼ਾਹਿਰ ਕਰਨ ਲਈ ਇਹ ਮੋਸ਼ਨ ਲਿਆਂਦੀ ਹੈ । ਮੈਂ ਸਿਰਫ ਦੋ ਮਿੰਟ ਹੀ ਬੋਲਣਾ ਹੈ ਅਤੇ ਉਸ ਦੇ ਬਾਅਦ ਮੈਂ ਬੈਠ ਜਾਵਾਂਗਾ । ਇਥੇ ਬੜੇ ਫੈਕਟਸ ਐਂਡ ਫਿੱਗਰਜ਼ ਦਿੱਤੇ ਗਏ ਹਨ । ਮੈਂ ਪ੍ਰਾਇਮਰੀ ਸਕੂਲ, ਹਾਈ ਸਕੂਲ ਅਤੇ ਕਾਲਜਾਂ ਦੇ ਵਿਦਿਆ ਦੇ ਢਾਂਚੇ ਬਾਰੇ ਕਹਿਣਾ ਚਾਹੁੰਦਾ ਹਾਂ । ਮੈਂ ਕਹਿ ਸਕਦਾ ਹਾਂ ਕਿ ਇਹ ਅਦਾਰੇ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਨੌਜਵਾਨਾਂ ਨੂੰ ਬੇਕਾਰ ਬਣਾਉਣ ਦੇ ਅਦਾਰੇ ਹਨ । ਮੈਂ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ । ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਾਬ ਓਰੀਐਂਟਿਡ ਐਜੂਕੇਸ਼ਨ ਦੇਣੀ ਹੈ ਅਤੇ ਇਸ ਦੇ ਲਈ ਸੌ ਨਵੇਂ ਸਕੂਲ ਖੋਲ੍ਹਣੇ ਹਨ । ਇਸ ਲਈ ਮੇਰਾ ਸੁਝਾਓ ਹੈ ਕਿ ਜਿੰਨੇ ਵੀ ਪ੍ਰਾਇਮਰੀ ਸਕੂਲ ਹਨ, ਮਿਡਲ ਸਕੂਲ ਹਨ ਅਤੇ ਹਾਈ ਸਕੂਲ ਹਨ ਉਨ੍ਹਾਂ ਸਾਰਿਆਂ ਵਿਚ ਜਾਬ ਓਰੀਐਂਟਿਡ ਐਜੂਕੇਸ਼ਨ ਹੋਣੀ ਚਾਹੀਦੀ ਹੈ । ਪਹਿਲਾਂ ਪਤਾ ਹੋਣਾ ਚਾਹੀਦਾ ਹੈ ਕਿ ਬੱਚੇ ਦੀ ਰੁੱਚੀ ਕੀ ਹੈ ਅਤੇ ਉਸ ਰੁੱਚੀ ਦੇ ਮੁਤਾਬਿਕ ਉਸ ਨੂੰ ਐਜੂਕੇਸ਼ਨ ਦੇਣੀ ਚਾਹੀਦੀ ਹੈ ।

ਮੈਂ ਇਕ ਗੱਲ ਹੋਰ ਕਹਾਂਗਾ ਕਿ ਜਿਥੇ ਤਾਲੀਮ ਤੇ ਕਰੋੜਾਂ ਰੁਪਿਆ ਅਸੀਂ ਖ਼ਰਚ ਕਰਨਾ ਹੈ, ਉਸ ਦੇ ਨਾਲ ਨਾਲ ਮੈਂ ਸ਼ਡਿਊਲਡ ਕਾਸਟਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ਜਿਨ੍ਹਾਂ ਦੀ ਗਿਣਤੀ 6,45,820 ਦੇ ਕਰੀਬ ਹੈ ਔਰ ਇਨ੍ਹਾਂ ਵਿਚੋਂ 26 ਸੌ ਦੇ ਕਰੀਬ ਟੈਕਨੀਕਲ ਟਰੇਨਿੰਗ ਲੈ ਰਹੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵਜ਼ੀਫਾ ਲੈਣ ਵਿਚ ਬੜੀ ਮੁਸ਼ਕਿਲ ਆਉਂਦੀ ਹੈ । ਇਸ ਦੇ ਲਈ ਸਾਰਾ ਪੈਸਾ ਵੈਲਫੇਅਰ ਡਿਪਾਰਟਮੈਂਟ ਕੋਲੋਂ, ਐਜੂਕੇਸ਼ਨ ਡਿਪਾਰਟਮੈਂਟ ਨੂੰ ਜਾਂਦਾ ਹੈ । ਮੇਰਾ ਸੁਝਾਓ ਹੈ ਕਿ ਉਥੇ ਡਾਇਰੈਕਟੋਰੇਟ ਵਿਚ ਇਕ ਸਪੈਸ਼ਲ ਸੈੱਲ ਬਣਾਇਆ ਜਾਵੇ ਕਿਉਂਕਿ ਸਕੂਲਾਂ ਅਤੇ ਕਾਲਜਾਂ ਵਾਲੇ ਵਿਦਿਆਰਥੀਆਂ ਨੂੰ ਸਾਲ ਸਾਲ, ਦੋ ਦੋ ਸਾਲ ਵਜ਼ੀਫਾ ਨਹੀਂ ਦਿੰਦੇ । ਇਸ ਕਰਕੇ ਉਥੇ ਸਪੈਸ਼ਲ ਸੈੱਲ ਬਣਾਇਆ ਜਾਵੇ ਤਾਕਿ ਮਹੀਨੇ ਦੀ ਮਹੀਨੇ ਨਹੀਂ ਤਾਂ ਕਮ-ਅਜ਼-ਕਮ ਬੱਚਿਆਂ ਨੂੰ ਤਿੰਨ ਤਿੰਨ, ਮਹੀਨਿਆਂ ਬਾਅਦ ਵਜ਼ੀਫਾ ਜ਼ਰੂਰ ਮਿਲ ਜਾਵੇ ।

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ । 1972 ਤੋਂ 1977 ਦੇ ਸਮੇਂ ਵਿਚ ਜੇ. ਬੀ. ਟੀ. ਅਤੇ ਬੀ. ਐਡ. ਕੋਰਸਿਜ਼ ਦੀ ਸਪੈਸ਼ਲ ਟਰੇਨਿੰਗ ਦਿਤੀ ਗਈ ਸੀ । ਪਰ ਉਹ ਹਾਲਾਂ ਤੱਕ ਐਬਜ਼ਾਰਬ ਨਹੀਂ ਹੋਏ । ਉਨ੍ਹਾਂ ਨੂੰ ਐਬਜ਼ਾਰਬ ਕੀਤਾ ਜਾਵੇ ।

Mr. Chairman : Please wind up.

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਬੱਸ ਜੀ, ਮੈਂ ਖਤਮ ਹੀ ਕਰਦਾ ਹਾਂ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਸੁਝਾਓ ਦਿਆਂਗਾ ਕਿ ਜਾਬ ਓਰੀਐਂਟਿਡ ਤਾਲੀਮ ਨੂੰ ਬੜ੍ਹਾਵਾ ਦੇਣਾ ਚਾਹੀਦਾ ਹੈ ਤਾਂਕਿ ਉਹ ਤਾਲੀਮ ਹਾਸਿਲ ਕਰਕੇ ਬੱਚੇ ਰੁਜ਼ਗਾਰ ਤੇ ਲੱਗ ਸਕਣ ਅਤੇ ਇਹ ਨਾ ਹੋਵੇ ਕਿ ਉਹ ਵਿਦਿਆ ਹਾਸਿਲ ਕਰਕੇ ਝੰਡੇ ਵਫੜਕੇ ਜ਼ਿੰਦਾਬਾਦ, ਮੁਰਦਾਬਾਦ ਦੇ ਨਾਹਰੇ ਮਾਰਦੇ ਹੋਏ ਫਿਰਨ । ਜਾਬ ਓਰੀਐਂਟਿਡ ਸਿਖਿਆ ਦੇਣ ਨਾਲ ਜ਼ਿੰਦਾਬਾਦ, ਮੁਰਦਾਬਾਦ ਦੇ ਨਾਹਰੇ ਖਤਮ ਹੋ ਜਾਣਗੇ ।

ਸ਼੍ਰੀ ਸਭਾਪਤੀ : ਸੇਖਵਾਂ ਜੀ, ਤੁਸੀਂ 2 ਮਿੰਟ ਵਿਚ ਖਤਮ ਕਰ ਦੇਣਾ ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ (ਕਾਹਨੂੰਆਂ) : ਚੇਅਰਮੈਨ ਸਾਹਿਬ ਮੈਂ ਦੋ ਮਿੰਟ ਤੋਂ ਵਧ ਨਹੀਂ ਬੋਲਣਾ । ਚੇਅਰਮੈਨ ਸਾਹਿਬ, ਮੈਂ 3 ਗੱਲਾਂ ਆਪਣੀਆਂ ਨੋਟ ਕਰਵਾਉਣਾ ਚਾਹੁੰਦਾ ਹਾਂ ਕਿਉਂਕਿ ਮਨਿਸਟਰ ਸਾਹਿਬ, ਬੈਠੇ ਹਨ । ਇਹ ਜਿਹੜਾ ਇਨ੍ਹਾਂ ਨੇ ਮਤਾ ਲਿਆ ਕੇ ਡਿਸਕਸ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਬਹੁਤ ਚੰਗੀ ਗੱਲ ਕੀਤੀ ਹੈ । ਕਿਸੇ ਚੀਜ਼ ਦੀ ਡਿਵੈਲਪਮੈਂਟ ਇਸ ਤਰੀਕੇ ਨਾਲ ਕੀਤੀ ਜਾ ਸਕਦੀ ਹੈ ਜੇ ਨਿਰਪੱਖਤਾ ਨਾਲ ਕਿਸੇ ਗੱਲ ਤੇ ਬਹਿਸ ਕੀਤੀ ਜਾਵੇ । ਇਕ ਗੱਲ ਧੰਨੋਵਾਲੀਆ ਜੀ ਨੇ ਕਹੀ ਹੈ । ਉਸ ਦੇ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ । ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਧਾਰਮਿਕ ਸਿੱਖਿਆ ਹੈ ਉਸ ਦੇ ਨਾਲ ਸਾਡੇ ਦੋ ਪੱਖ ਕਵਰ ਹੋਣਗੇ । ਇਕ ਤਾਂ ਇਹ ਕਿ ਮਾਸਟਰ ਜਿਹੜੇ ਹਨ ਉਨ੍ਹਾਂ ਦੀ ਨੌਲਜ ਵਧੇਗੀ ਦੂਜਾ ਇਹ ਕਿ ਉਨ੍ਹਾਂ ਦੀ ਸੋਚ ਧਾਰਮਿਕ ਹੋਵੇਗੀ ਅਤੇ ਉਹ ਜ਼ਿਮੇਵਾਰੀ ਦਾ ਅਹਿਸਾਸ ਕਰਨਗੇ । ਇਕ ਗੱਲ ਇਥੇ ਧੰਨੋਵਾਲੀਆ ਜੀ ਨੇ ਕਹੀ ਜੋ ਕਿ ਬੜੀ ਜ਼ਰੂਰੀ ਹੈ । ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਬੱਚੇ ਦੀ ਰੁੱਚੀ ਕੀ ਹੈ । ਜਿਨ੍ਹਾਂ ਮੁਲਕਾਂ ਨੇ ਬਹੁਤ ਤਰੱਕੀ ਕੀਤੀ ਹੈ ਜਾਂ ਉਥੇ ਦੇ ਆਦਮੀ ਜਿਹੜੇ ਟੈਕਨੀਕਲੀ ਤੌਰ ਤੇ ਐਨੇ ਅੱਗੇ ਵਧੇ ਹਨ, ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਪਤਾ ਕੀਤਾ ਕਿ ਕਿਸੇ ਦੀ ਰੁੱਚੀ ਕੀ ਹੈ ਅਤੇ ਉਸ ਦੇ ਮੁਤਾ-ਬਿਕ ਹੀ ਉਸ ਨੂੰ ਤਾਲੀਮ ਦਿਤੀ ਗਈ । ਜਿਸ ਪਾਸੇ ਕਿਸੇ ਦੀ ਰੁੱਚੀ ਨਹੀਂ ਜੇ ਉਸ ਨੂੰ ਉਸ ਪਾਸੇ ਲਾ ਦੇਈਏ ਤਾਂ ਉਹ ਅੱਗੇ ਬਹੁਤਾ ਵੱਧ ਨਹੀਂ ਸਕੇਗਾ ਇਸ ਲਈ ਮੈਂ ਧੰਨੋਵਾਲੀਆ ਜੀ ਦੀ ਗੱਲ ਦੁਹਰਾਉਂਦਾ ਹਾਂ ਅਤੇ ਵਿਦਿਆ ਮੰਤਰੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੇ ਮਨ ਵਿਚ ਇਹ ਪਰਪੋਜ਼ਲ ਲੈ ਆਉਣ ਕਿ ਬਚਿਆਂ ਦਾ ਜਿਸ ਤਰ੍ਹਾਂ ਦਾ ਦਿਮਾਗ ਹੋਵੇ ਉਸ ਹਿਸਾਬ ਨਾਲ ਉਨ੍ਹਾਂ ਨੂੰ ਵਿਦਿਆ ਦੇਣੀ ਹੈ ਫਿਰ ਸਾਡੇ ਮੁਲਕ ਦਾ ਸੁਧਾਰ ਹੋਵੇਗਾ ।

ਅਗਲੀ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਹਰ ਸਾਡੇ ਪੜ੍ਹੇ ਲਿਖੇ ਨੌਜਵਾਨ ਨੂੰ ਕੋਰਸ ਕਰਨਾ ਪੈਂਦਾ ਹੈ । ਜਿੰਨਾ ਚਿਰ ਉਹ ਕੋਰਸ ਨਾ ਕਰੇ ਉਸ ਨੂੰ ਨੌਕਰੀ ਨਹੀਂ ਮਿਲਦੀ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਟੈਕਨੀਕਲ ਸਿਖਿਆ ਦੇਣ ਵੱਲ ਵੱਧ ਧਿਆਨ ਦੇਣਾ

ਚਾਹੀਦਾ ਹੈ ਤਾਂਕਿ ਉਹ ਪੜ੍ਹਾਈ ਖਤਮ ਕਰਨ ਤੋਂ ਬਾਅਦ ਕੰਮ ਤੇ ਲੱਗਣ ਲਈ ਤਿਆਰ ਹੋ ਜਾਣ । ਇਹ ਗੱਲ ਜ਼ਰੂਰ ਧਿਆਨ ਵਿਚ ਰੱਖੀ ਜਾਵੇ ਕਿ ਜੇ ਉਸ ਨੇ ਟੈਕਨੀਕਲ ਸਿਖਿਆ ਲੈਣੀ ਹੈ; ਇੰਜੀਨੀਅਰਿੰਗ ਦੀ ਸਿਖਿਆ ਲੈਣੀ ਹੈ ਤਾਂ ਦੇਖਿਆ ਜਾਵੇ ਕਿ ਉਸ ਦਾ ਦਿਮਾਗ ਇਸ ਪਾਸੇ ਜਾਂਦਾ ਹੈ ਤਾਂ ਹੀ ਉਸ ਨੂੰ ਇਸ ਪਾਸੇ ਦਾਖਲ ਕੀਤਾ ਜਾਵੇ ।

ਸ੍ਰੀ ਸਭਾਪਤੀ : ਸੇਖਵਾਂ ਜੀ ਤੁਹਾਡਾ ਟਾਈਮ ਹੋ ਗਿਆ ਹੈ, ਇਸ ਲਈ ਤੁਸੀਂ ਬੈਠੋ ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਅਖੀਰ ਵਿਚ, ਚੇਅਰਮੈਨ ਸਾਹਿਬ, ਇਹ ਜਿਹੜਾ ਸੁੱਖ ਨਾਲ ਅੱਜ ਸੈਸ਼ਨ ਸਮਾਪਤ ਹੋ ਰਿਹਾ ਹੈ, ਮੈਂ ਇਸ ਦੀ ਮੁਬਾਰਿਕਬਾਦ ਦਿੰਦਾ ਹਾਂ ।

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) ; ਚੇਅਰਮੈਨ ਸਾਹਿਬ, ਅੱਜ ਅਸੀਂ ਇਸ ਹਾਊਸ ਵਿਚ ਵਿਦਿਆ ਦੇ ਢਾਂਚੇ ਤੇ ਬਹਿਸ ਕਰ ਰਹੇ ਹਾਂ ਇਹ ਢਾਂਚਾ ਖਰਾਬ ਕਿਉਂ ਹੋਇਆ ? ਇਸ ਦਾ ਕੀ ਕਾਰਨ ਹੈ ? ਇਥੇ ਬਹੁਤ ਸਾਰੇ ਮਾਨਯੋਗ ਮੈਂਬਰਾਂ ਵਲੋਂ ਇਸ ਸਬੰਧ ਵਿਚ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਗਏ ਹਨ । ਚੇਅਰਮੈਨ ਸਾਹਿਬ, ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਐਜੂਕੇਸ਼ਨ ਵਾਲੇ ਪਾਸੇ ਲੋਕ ਇਸ ਕਰਕੇ ਘੱਟ ਜਾਂਦੇ ਸਨ ਕਿਉਂਕਿ ਪੜ੍ਹਾਉਣ ਵਾਲਿਆਂ ਨੂੰ ਤਨਖਾਹ ਠੀਕ ਨਹੀਂ ਸੀ ਦਿਤੀ ਜਾਂਦੀ । ਇਥੇ ਮਾਤੂ ਰਾਮ ਨੇ ਕਿਹਾ ਕਿ ਥਰਡ ਕਲਾਸ ਆਦਮੀ ਜੇ. ਬੀ. ਟੀ. ਵਿਚ ਦਾਖਲਾ ਲੈ ਲੈਂਦੇ ਹਨ । ਥਰਡ ਕਲਾਸ ਦਾਖਲਾ ਲੈ ਕੇ ਅਤੇ ਕੋਰਸ ਕਰਕੇ ਉਹ ਮੁੰਡਿਆਂ ਨੂੰ ਪੜ੍ਹਾਉਣਗੇ ਕੀ? ਉਨ੍ਹਾਂ ਤੋਂ ਅਸੀਂ ਕੀ ਉਮੀਦ ਰੱਖ ਸਕਦੇ ਹਾਂ । ਚੇਅਰਮੈਨ ਸਾਹਿਬ, ਇਹ ਅਕਾਲੀ ਸਰਕਾਰ ਨੂੰ ਮਾਣ ਪ੍ਰਾਪਤ ਹੈ ਕਿ ਉਸ ਨੇ ਪੰਜਾਬ ਵਿਚ ਦੋ ਵਾਰ ਟੀਚਰਾਂ, ਲੈਕਚਰਾਰਾਂ ਅਤੇ ਪ੍ਰਿੰਸੀਪਲਾਂ ਦੇ ਗਰੇਡ ਰਿਵਾਇਜ਼ ਕੀਤੇ ਹਨ । ਇਹ ਵੀ ਅਕਾਲੀ ਸਰਕਾਰ ਨੇ ਕੀਤਾ ਕਿ ਕੇਵਲ ਫਸਟ ਕਲਾਸ ਹੀ ਜੇ.ਬੀ.ਟੀ. ਅਤੇ ਬੀ.ਐਡ. ਦੀਆਂ ਕਲਾਸਾਂ ਵਿਚ ਦਾਖਲ ਹੋਣ ਤਾਂ ਕਿ ਉਹ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾ ਸਕਣ । ਸਰਕਾਰ ਨੇ ਸੌ ਜਾਬ ਓਰਿਐਂਟਿਡ ਐਜੂਕੇਸ਼ਨ ਦੇਣ ਲਈ ਸਕੂਲ ਖੋਲ੍ਹਣੇ ਹਨ ਤਾਂ ਕਿ ਉਥੇ ਉਨ੍ਹਾਂ ਨੂੰ ਟੈਕਨੀਕਲ ਟਰੇਨਿੰਗ ਦਿਤੀ ਜਾਵੇ ਅਤੇ ਉਨ੍ਹਾਂ ਨੂੰ ਚੰਗੀ ਵਿਦਿਆ ਦੇਣ ਦੇ ਕਾਬਲ ਬਣਾਇਆ ਜਾ ਸਕੇ । ਚੇਅਰਮੈਨ ਸਾਹਿਬ, ਸੂਬੇ ਵਿਚ ਕੰਪਲਸਰੀ ਐਜੂਕੇਸ਼ਨ ਲਾਗੂ ਕਰ ਦਿਤੀ ਗਈ । ਇਹ ਕਿਹਾ ਗਿਆ ਕਿ ਅਸੀਂ ਇਸ ਸੂਬੇ ਵਿਚ ਕੋਈ ਅਨਪੜ੍ਹ ਨਹੀਂ ਰਹਿਣ ਦੇਣਾ ਅਤੇ ਬੱਚੇ ਦਾਖਲ ਕੀਤੇ ਜਾ ਰਹੇ ਹਨ । ਕੀ ਹੁੰਦਾ ਹੈ ਕਿ ਬੱਚੇ ਸਕੂਲ ਵਿਚ ਆਉਂਦੇ ਹਨ ਔਰ ਟੀਚਰਜ਼ ਵੀ ਜਿਹੜੇ ਸਕੂਲ ਵਿਚ ਆਉਂਦੇ ਹਨ ਉਹ ਆਪਣਾ ਆਪਣਾ ਵਕਤ ਪਾਸ ਕਰਕੇ ਚਲੇ ਜਾਂਦੇ ਹਨ ਔਰ ਫਿਰ ਨਕਲਾਂ ਮਾਰਨ ਤਕ ਨੌਬਤ ਆ ਜਾਂਦੀ ਹੈ ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਮਾਨ : ਜੇ ਸਾਡਾ ਕਸੂਰ ਹੈ ਤਾਂ ਮੈਂ ਮੰਨਦਾ ਹਾਂ ਕਿ ਸਾਡਾ

**Expunged as ordered by the Chair.

[ਸਰਦਾਰ ਬਲਦੇਵ ਸਿੰਘ ਮਾਨ]

ਵੀ ਕਸੂਰ ਹੋਵੇਗਾ ।

ਤੇ ਚੇਅਰਮੈਨ ਸਾਹਿਬ, ਇਥੋਂ ਤਕ ਨੌਬਤ ਆ ਗਈ ਹੈ ਕਿ ਫਿਰ ਨਕਲ ਮਾਰੀ ਜਾਂਦੀ ਹੈ ਔਰ ਸਟੂਡੈਂਟਸ ਛੁਰੇ ਜਾਂ ਪਸਤੌਲ ਲੈ ਕੇ ਇਮਤਿਹਾਨ ਦੇਣ ਵਾਸਤੇ ਜਾਂਦੇ ਹਨ । ਕਾਲਜਾਂ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ । ਸਾਨੂੰ ਇਸ ਪਾਸੇ ਵੀ ਸੋਚਣਾ ਚਾਹੀਦਾ ਹੈ । ਸਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਕਾਲਜਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਨੂੰ ..

ਸ੍ਰੀ ਸਭਾਪਤੀ : ਮਾਨ ਸਾਹਿਬ, ਬੈਠੋ ਹੁਣ ।

ਸਰਦਾਰ ਬਲਦੇਵ ਸਿੰਘ ਮਾਨ : ਇਹ ਬਹੁਤ ਇਮਪਾਰਟੈਂਟ ਮਸਲਾ ਹੈ ਜੀ । ਮੈਨੂੰ ਇਕ ਮਿੰਟ ਵਿਚ ਆਪਣੀ ਗਲ ਕਹਿ ਲੈਣ ਦਿਓ ਜੀ ।

ਕਾਲਜਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਵਾਸਤੇ ਸਾਨੂੰ ਸੋਚਣਾ ਪਵੇਗਾ । ਸਾਨੂੰ ਇਸ ਚੀਜ਼ ਦਾ ਅਧਿਕਾਰ ਦੇ ਦੇਣਾ ਚਾਹੀਦਾ ਹੈ ਕਿ ਵਿਦਿਆਰਥੀ ਪ੍ਰਾਈਵੇਟ ਤੌਰ ਤੇ ਅਪੀਅਰ ਹੋ ਕੇ ਆਪਣੀ ਵਿਦਿਆ ਵਿਚ ਵਾਧਾ ਕਰ ਸਕਣ ਪਰ ਥਰਡ ਕਲਾਸ ਵਿਦਿਆਰਥੀਆਂ ਨੂੰ ਕਦੇ ਕਾਲਜਾਂ ਵਿਚ ਜਾਣ ਨਹੀਂ ਦੇਣਾ ਚਾਹੀਦਾ । ਉਨ੍ਹਾਂ ਨੂੰ ਦਾਖਲਾ ਨਹੀਂ ਦੇਣਾ ਚਾਹੀਦਾ ।

Mr. Chairman : Please resume your seat, Mr. Mann.

ਸਰਦਾਰ ਬਲਦੇਵ ਸਿੰਘ ਮਾਨ : ਇਕ ਮਿੰਟ ਜੀ । ਚੇਅਰਮੈਨ ਸਾਹਿਬ, ਪਿੰਡਾਂ ਦੇ ਲੋਕੀਂ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਂਦੇ ਹਨ ।

ਵਿਦਿਆ ਮੰਤਰੀ (ਸਰਦਾਰ ਹਰਚਰਨ ਸਿੰਘ ਅਜਨਾਲਾ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਔਰ ਅਹਿਸਾਨਮੰਦ ਹਾਂ ।

ਸ੍ਰੀ ਸਭਾਪਤੀ : ਮੈਂ ਸਾਰੇ ਆਨਰੇਬਲ ਮੈਂਬਰਜ਼ ਨੂੰ ਰਿਕੁਐਸਟ ਕਰਾਂਗਾ ਕਿ ਇਹ ਬੜੇ ਇਮਪਾਰਟੈਂਟ ਮਸਲੇ ਤੇ ਬਹਿਸ ਹੋਈ ਹੈ ਔਰ ਮਨਿਸਟਰ ਸਾਹਿਬ ਜਵਾਬ ਦੇਣ ਲਗੇ ਹਨ । ਇਸ ਲਈ ਕੋਈ ਨੋਕ ਝੋਕ ਨਹੀਂ ਹੋਣੀ ਚਾਹੀਦੀ ।

ਵਿਦਿਆ ਮੰਤਰੀ : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਹਾਊਸ ਦਾ ਵੀ ਧੰਨਵਾਦ ਕਰਦਾ ਹਾਂ । ਇਸ ਵੇਲੇ ਇਕ ਅਹਿਮ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਹੈ । ਮੈਂ ਇਨ੍ਹਾਂ ਸਾਰੇ ਆਨਰੇਬਲ ਮੈਂਬਰਜ਼ ਜਿਨ੍ਹਾਂ ਦਾ ਮੈਂ ਬੜਾ ਸਤਿਕਾਰ ਕਰਦਾ ਹਾਂ ਔਰ ਜੋ ਬੜੇ ਸਤਿਕਾਰਯੋਗ ਹਨ ਮੈਂ ਉਨ੍ਹਾਂ ਸਾਰਿਆਂ ਦੀਆਂ ਗੱਲਾਂ ਸੁਣੀਆਂ ਹਨ, ਵਿਚਾਰ ਸੁਣੇ ਹਨ ਔਰ ਨੋਟ ਕੀਤੇ ਹਨ । ਮੇਰੇ ਜਿਹੜੇ ਅਫਸਰ ਸਾਹਿਬਾਨ ਇਸ ਡੀਪਾਰਟਮੈਂਟ ਦੇ ਹਨ ਉਹ ਵੀ ਇਥੇ ਬੈਠੇ ਹਨ ਔਰ ਉਨ੍ਹਾਂ ਨੇ ਵੀ ਇਹ ਸਾਰੀਆਂ ਗੱਲਾਂ ਨੋਟ ਕੀਤੀਆਂ ਹਨ । ਇਹ ਇਕ ਬਹੁਤ ਵਡਾ ਪਸਾਰ ਵਾਲਾ ਐਜੂਕੇਸ਼ਨ ਦਾ ਮਹਿਕਮਾ ਹੈ । ਜੇ ਮੈਂ ਇਹ ਕਹਾਂ ਕਿ ਇਥੇ ਸਭ ਕੁਝ ਹੋ ਚੁੱਕਾ ਹੈ ਤਾਂ ਮੈਂ ਆਪਣੇ ਨਾਲ ਇਨਸਾਫ ਨਹੀਂ ਕਰ ਸਕਾਂਗਾ । ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਬਹੁਤ ਕੁਝ ਕਰਨ ਦਾ ਯਤਨ ਕੀਤਾ ਹੈ ਔਰ ਅਗੇ ਨੂੰ ਵੀ ਕਰਨਾ ਹੈ । It is not the last time

ਜੇ ਐਜੂਕੇਸ਼ਨ ਨੂੰ ਠੀਕ ਪਧਰ ਤੇ ਲਿਆਉਣਾ ਹੈ ਤਾਂ ਇਸ ਦੇ ਵਿਚ ਹਰ ਵੇਲੇ ਹੀ ਕੁਝ ਨਾ ਕੁਝ ਕਰਨ ਦੀ ਲੋੜ ਹੈ । ਮੈਂ ਆਪਣੀ ਸਪੀਚ ਵਿਚ ਕਿਉਂਕਿ ਬੜਾ ਅੱਛਾ ਮਾਹੌਲ ਹੈ ਔਰ ਹੁਣੇ ਅਸੀਂ ਯੂਨਾਨੀਮਸਲੀ ਪਾਸ ਕੀਤਾ ਹੈ ਕਿ ਹਾਊਸ ਜਿਹੜਾ ਹੈ ਇਸ ਦੇ ਬਾਅਦ ਸਾਈਨੇਡਾਈ ਐਡਜਰਨ ਕਰ ਦਿਤਾ ਜਾਏ, ਸਾਰੇ ਆਨਰੇਬਲ ਮੈਂਬਰਜ਼ ਨੇ ਆਪਣੀ ਆਪਣੀ ਕੰਸਟੀਚੂਐਂਸੀ ਵਿਚ ਜਾਣਾ ਹੈ, ਕੋਈ ਐਸਾ ਲਫਜ਼ ਕਹਿ ਕੇ ਇਸ ਖੁਸ਼ਗਵਾਰ ਮਾਹੌਲ ਨੂੰ ਕਿਸੇ ਢੰਗ ਨਾਲ ਵੀ ਖਰਾਬ ਨਹੀਂ ਕਰਨਾ ਚਾਹੁੰਦਾ । ਕਿਸੀ ਨੇ ਕਿਹਾ ਹੈ —

'ਤਰਕੇ ਤਾਲੋਕਾਤ ਤੋਂ ਇਕ ਲਹਿਮਾ ਮੇਂ ਜਾਏ
ਮਗਰ ਤਮਾਮ ਉਮਰ ਹਮੇਂ ਸੋਚਨਾ ਪੜਾ ।'

ਮੈਂ ਵਜ਼ਨਦਾਰ ਗਲਾਂ ਕਰਾਂਗਾ ਔਰ ਜੋ ਇਹ ਬੱਚਿਆਂ ਦੀ ਪੜ੍ਹਾਈ ਵਿਚ ਇਨਟ੍ਰਸਟਿਡ ਹਨ, ਟੀਚਰ ਵਰਗ ਵਿਚ ਇਨਟ੍ਰਸਟਿਡ ਹਨ, ਐਜੂਕੇਸ਼ਨ ਦੇ ਮਿਆਰ ਨੂੰ ਉਚਾ ਕਰਨ ਵਿਚ ਇਨਟ੍ਰਸਟਿਡ ਹਨ ਤਾਂ ਮੇਰੀਆਂ ਗਲਾਂ ਨੂੰ ਗੌਰ ਨਾਲ ਸੁਣਨ । ਮੈਂ ਠੀਕ ਅਤੇ ਵਜ਼ਨਦਾਰ ਗਲਾਂ ਕਰਨੀਆਂ ਹਨ । ਉਸ ਪਾਸਿਉਂ (ਆਪੋਜੀਸ਼ਨ ਪਾਰਟੀ ਵਲ ਇਸ਼ਾਰਾ) ਕੁਝ ਗਲਾਂ ਆਈਆਂ ਹਨ । ਮੈਂ ਇਸ ਤਰ੍ਹਾਂ ਮਹਿਸੂਸ ਕੀਤਾ, ਚੇਅਰਮੈਨ ਸਾਹਿਬ, ਦੋ ਤਰ੍ਹਾਂ ਦਾ ਕ੍ਰਿਟਿਸਿਜ਼ਮ ਹੁੰਦਾ ਹੈ । ਇਕ ਕ੍ਰਿਟਿਸਿਜ਼ਮ ਉਹ ਹੁੰਦਾ ਹੈ ਜਿਹੜਾ ਕੰਸਟ੍ਰਕਟਿਵ ਹੁੰਦਾ ਹੈ, ਠੋਸ ਹੁੰਦਾ ਹੈ ਜਿਸ ਨੂੰ ਵੈਲਕਮ ਕੀਤਾ ਜਾਂਦਾ ਹੈ ਔਰ ਦੂਸਰਾ ਕ੍ਰਿਟਿਸਜ਼ਮ ਉਹ ਹੁੰਦਾ ਹੈ ਜਿਵੇਂ ਚਾਹ ਦਾ ਪਿਆਲਾ ਪੀ ਲਈਏ, ਤਖਤਪੋਸ਼ ਤੇ ਬਹਿ ਜਾਈਏ, ਲੱਕ ਤੇ ਕਪੜਾ ਬੰਨ ਲਈਏ ਔਰ ਥੋੜ੍ਹਾ ਜਿਹਾ ਮਾਵਾ ਛੱਕ ਲਈਏ ਅਤੇ ਫਿਰ ਜੋ ਸਾਹਮਣੇ ਆਈ ਜਾਏ ਧੱਸੀ ਜਾਈਏ । ਮੈਂ ਇਸ ਮਾਹੌਲ ਵਿਚ ਨਹੀਂ ਪੈਣਾ ਚਾਹੁੰਦਾ । ਮੇਰੀ ਐਜੂਕੇਸ਼ਨਲ ਬੈਕਗਰਾਊਂਡ ਹੈ ਔਰ ਮੈਨੂੰ ਉਰਦੂ ਦੀ ਬਹੁਤ ਮੁਹਾਰਤ ਹੈ ਮੈਨੂੰ ਮਿਰਜ਼ਾ ਬੇਗ ਦੀ ਇਕ ਗਲ ਯਾਦ ਆਉਂਦੀ ਹੈ ਕਿ ਜਿਸ ਵੇਲੇ ਉਹ ਕਿਸੇ ਨਾਲ ਨਾਰਾਜ਼ ਹੁੰਦਾ ਸੀ ਤਾਂ ਉਸ ਨੇ ਆਪਣਾ ਇਕ ਨੌਕਰ ਰਖਿਆ ਹੋਇਆ ਸੀ ਜਿਸ ਦਾ ਨਾਮ ਗੁਲਚਾ ਸੀ, ਉਹ ਉਸ ਨੂੰ ਆਵਾਜ਼ ਲਗਾ ਕੇ ਕਹਿੰਦਾ ਸੀ । ਲਾਓ ਰੇ ਕਲਮਦਾਨ ਇਸ ਸਾਲੇ ਕੀ ਖ਼ਬਰ ਤੋ ਲੂੰ ਇਹ ਉਸ ਦਾ ਤਕੀਆ ਕਲਾਮ ਬਣ ਗਿਆ ਸੀ । ਇਸੇ ਤਰ੍ਹਾਂ ਇਥੇ ਕਈਆਂ ਦਾ ਕ੍ਰਿਟਿਸਿਜ਼ਮ ਕਰਨ ਦਾ ਤਕੀਆ ਕਲਾਮ ਹੀ ਬਣ ਗਿਆ ਹੈ । ਕਾਮਰੇਡ ਰਾਜ ਕੁਮਾਰ ਜੀ ਸਾਡੇ ਪੁਰਾਣੇ ਸਾਥੀ ਹਨ । ਇਹ ਸਾਡੇ ਨਾਲ 1972 ਤੋਂ 1977 ਤਕ ਰਹੇ ਹਨ । ਹੁਣ ਇਨ੍ਹਾਂ ਨੂੰ ਤਕਲੀਫ ਹੁੰਦੀ ਹੈ । ਇਨ੍ਹਾਂ ਵਿਚੋਂ ਵੀ ਕੁਝ ਬੋਲੇ ਹਨ ਜਿਨ੍ਹਾਂ ਨੇ ਬਹੁਤ ਕੁਝ ਕਿਹਾ ਹੈ । ਚੇਅਰਮੈਨ ਸਾਹਿਬ, ਮੈਨੂੰ ਪੁਰਾਣੀ ਗਲ ਯਾਦ ਆ ਗਈ ਹੈ । 1972 ਤੋਂ 1977 ਤਕ ਸਾਡੇ ਸਾਥੀ ਇਹ ਰਹੇ ਹਨ, ਅਸੀਂ ਇਕੱਠੇ ਇਲੈਕਸ਼ਨ ਲੜੀ ਸੀ । ਬਹੁਤੀ ਦੇਰ ਇਕ ਦੂਜੇ ਨਾਲ ਨਹੀਂ ਨਿਭ ਸਕਦੀ ਫਿਰ ਸ਼ਾਇਦ ਦੁਬਾਰਾ ਵੀ ਹੋ ਜਾਵੇ, ਕੁਝ ਕਿਹਾ ਨਹੀਂ ਜਾ ਸਕਦਾ । ਮੈਨੂੰ ਇਕ ਕਛੂ ਔਰ ਬਿਛੂ ਦੀ ਕਹਾਣੀ ਯਾਦ ਆ ਗਈ ਹੈ । ਇਕ ਵਾਰੀ ਇਕ ਕਛੂ ਔਰ ਬਿਛੂ ਨੇ ਦਰਿਆ ਪਾਰ ਕਰਨਾ ਸੀ । ਕਛੂ ਦੀ ਪਿੱਠ ਤੇ ਬਿਛੂ ਬੈਠ ਗਿਆ । ਜਦੋਂ ਉਹ ਵਿਚਕਾਰ ਜਿਹੇ ਦਰਿਆ ਦੇ ਪਹੁੰਚੇ ਤਾਂ ਬਿਛੂ ਨੇ ਡੰਗ ਮਾਰਨਾ ਸ਼ੁਰੂ ਕਰ ਦਿੱਤਾ । ਕਛੂ ਸੋਚੇ ਕਿ ਇਤਨੀ ਠੋਸ ਸਕਿਨ ਹੈ ਮੇਰੀ ਤੇ ਇਹ ਟਿੱਕ ਟਿੱਕ ਕੀ ਹੋ ਰਹੀ ਹੈ । ਬਿਛੂ ਕਹਿਣ ਲਗਾ ਕਿ ਤੁਰਿਆ ਚਲ ਇਹ ਮੇਰੀ ਆਦਤ ਹੈ । ਮੈਂ ਆਪਣੀ ਆਦਤ ਤੋਂ ਬਾਜ ਨਹੀਂ ਆ ਸਕਦਾ (ਥੰਪਿੰਗ)

[ਵਿਦਿਆ ਮੰਤਰੀ]

ਤੋ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਵੇਲੇ ਸਾਡੇ ਸਾਹਮਣੇ ਜੋ ਮਤਾ ਹੈ ਇਸ ਮੱਤੇ ਦੇ ਬਹੁਤ ਪੱਖ ਹਨ । ਮੈਂ ਆਪਣੇ ਬੋਲਾਂ ਨੂੰ ਤਿੰਨ ਚਾਰ ਪੱਖਾਂ ਵਿਚ ਵੰਡਾਂਗਾ । ਪਹਿਲਾ ਪੱਖ ਇਹ ਹੈ ਕਿ ਐਜੂਕੇਸ਼ਨ ਦਾ ਜੋ ਮੌਜੂਦਾ ਸਿਸਟਮ ਹੈ, ਜਿਸ ਵੇਲੇ ਸਾਡੀ ਗੌਰਮਿੰਟ ਨੇ, ਸਰਦਾਰ ਦਰਬਾਰਾ ਸਿੰਘ ਜੀ ਦੀ ਗੌਰਮਿੰਟ ਨੇ ਟੇਕ ਓਵਰ ਕੀਤਾ ਜੂਨ, 1980 ਵਿਚ, ਉਸ ਦੇ ਵਿਚ, ਕੀ ਕੁਝ ਉਸ ਦਾ ਪਸਾਰ ਕੀਤਾ, ਕੀ ਕੀ ਇਮਪਰੂਵਮੈਂਟਸ ਕੀਤੀਆਂ ਔਰ ਆਉਣ ਵਾਲਾ ਸਾਲ ਜੋ ਹੈ ਉਸ ਦੇ ਵਿਚ ਕੀ ਕੁਝ ਕਰਨ ਦਾ ਮਨ ਹੈ ਇਹ ਇਕ ਆਸਪੈਕਟ ਹੈ ਮੇਰਾ । ਦੂਸਰਾ ਮੇਰਾ ਆਸਪੈਕਟ ਇਹ ਹੋਵੇਗਾ ਕਿ ਜਿਹੜਾ ਟੀਚਰ ਵਰਗ ਹੈ, ਜਿਹੜਾ ਐਜੂਕੇਸ਼ਨ ਦੀ ਬੁਨਿਆਦੀ ਚੀਜ਼ ਹੈ, ਉਸ ਟੀਚਰ ਵਰਗ ਦੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਸਤਿਕਾਰ ਕਰਦੀ ਹੈ । ਉਨ੍ਹਾਂ ਦੇ ਜ਼ਿੰਮੇ ਇਕ ਡਿਊਟੀ ਲਗੀ ਹੈ ਔਰ ਉਨ੍ਹਾਂ ਦਾ ਇਕ ਖੁਸ਼ਗਵਾਰ ਫ਼ਰਜ਼ ਹੈ ਕਿ ਜਿਹੜੇ ਸਾਡੇ ਲਖਤੇ ਜਿਗਰ ਹਨ ਜਾਂ ਜਿਸ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਸਾਰਿਆ ਨਾਲੋਂ ਸਾਡਾ ਵੱਡਾ ਧੰਨ ਹੈ ਬੱਚਿਆਂ ਦਾ, ਉਹ ਅਸੀਂ ਟੀਚਰ ਵਰਗ ਨੂੰ ਸੌਂਪਿਆ ਹੋਇਆ ਹੈ । ਮੈਨੂੰ ਉਸ ਟੀਚਰ ਵਰਗ ਦਾ ਬੜਾ ਸਤਿਕਾਰ ਹੈ । ਮੈਂ ਚਾਹੁੰਦਾ ਹਾਂ ਕਿ ਉਹ ਸਾਡੀ ਆਉਣ ਵਾਲੀ ਨਸਲ ਨੂੰ ਇਸ ਤਰ੍ਹਾਂ ਦੀ ਬਣਾਉਣ ਜਿਸ ਤੇ ਨਾ ਸਿਰਫ਼ ਸਾਡੇ ਪੰਜਾਬ ਨੂੰ ਗੌਰਵ ਹੋਵੇ ਬਲਕਿ ਸਾਰੇ ਹਿੰਦੁਸਤਾਨ ਨੂੰ ਗੌਰਵ ਹੋਵੇ । ਅਸੀਂ ਸਾਰੇ ਚਾਹੁੰਦੇ ਹਾਂ ਕਿ ਸਮਾਜਿਕ ਤੌਰ ਤੇ ਉਨ੍ਹਾਂ ਦਾ ਬੜਾ ਮਾਨ ਔਰ ਇਜ਼ਤ ਹੋਵੇ ਔਰ ਜਿਸ ਤਰ੍ਹਾਂ ਪੁਰਾਤਨ ਸਮੇਂ ਵਿਚ ਟੀਚਰਜ਼ ਦਾ ਮਾਣ, ਇਜ਼ਤ ਹੁੰਦੀ ਸੀ ਉਸੇ ਤਰ੍ਹਾਂ ਉਨ੍ਹਾਂ ਨੂੰ ਉਹ ਮਿਲੇ ।

ਮੇਰਾ ਤੀਸਰਾ ਪੱਖ ਹੈ ਐਜੂਕੇਸ਼ਨ ਦਾ ਸਿਸਟਮ ਜਿਹੜਾ ਸਾਡਾ ਹੈ ਜਾਂ ਜਿਹੜਾ ਐਜੂਕੇਸ਼ਨ ਦਾ ਬੇਸਿਕ ਕਾਨਸੈਪਟ ਹੈ ਉਸ ਦੇ ਵਿਚ ਕੋਈ ਕਿਸੇ ਕਿਸਮ ਦੀ ਕਮੀ ਹੈ ਜਾਂ ਤਰੁੱਟੀਆਂ ਹਨ, ਜਿਹੜਾ ਪ੍ਰੈਜ਼ੈਂਟ ਸਿਸਟਮ ਹੈ ਇਸ ਵਿਚ ਕੁਝ ਅੰਗਰੇਜ਼ਾਂ ਦੀ ਦੇਣ ਵੀ ਹੈ । ਅਸੀਂ ਹੁਣ ਤਕ ਉਸ ਤੇ ਚਲਦੇ ਆਏ ਹਾਂ । ਅਸੀਂ ਹੁਣ ਉਨ੍ਹਾਂ ਵਿਚੋਂ ਕੁਝ ਚੀਜ਼ਾਂ ਨੂੰ ਰੋਕਿਆ ਹੈ । ਕੁਝ ਨਵੇਂ ਟਰੈਂਡ ਸੈਟ ਕੀਤੇ ਹਨ, ਡਾਈਵਰਸੀਫ਼ਿਕੇਸ਼ਨ ਕੀਤੀ ਹੈ । ਸਰਦਾਰ ਦਰਬਾਰਾ ਸਿੰਘ ਨੇ ਕੁਝ ਟੀਚੇ ਰਖੇ ਹਨ । ਅਸੀਂ ਉਨ੍ਹਾਂ ਵੱਲ ਤੁਰ ਰਹੇ ਹਾਂ । ਫਿਰ ਵੀ ਮੈਂ ਮਹਿਸੂਸ ਕੀਤਾ ਹੈ ਕਿ ਕੁਝ ਕਮੀ ਹੈ । ਅਸੀਂ ਉਸ ਬਾਰੇ ਕੀ ਕੀਤਾ ਹੈ ਉਹ ਮੇਰੇ ਬੋਲਣ ਦਾ ਤੀਸਰਾ ਪੱਖ ਹੈ ।

ਚੇਅਰਮੈਨ ਸਾਹਿਬ, ਜਿਥੋਂ ਤਕ ਤੁਅੱਲਕ ਹੈ ਕੁਆਲੀਟੇਟਿਵ ਅਤੇ ਕੁਆਂਟੀਟੇਟਿਵ ਇਮਪਰੂਵਮੈਂਟ ਦਾ, ਉਸ ਦੇ ਬਾਰੇ ਮੇਰੇ ਮੈਂਬਰ ਸਾਹਿਬਾਨ ਨੇ ਬਹੁਤ ਇਨਸਾਫ਼ ਕੀਤਾ ਹੈ । ਇਸ ਮਾਮਲੇ ਵਿਚ ਇਨ੍ਹਾਂ ਨੇ ਕਾਫ਼ੀ ਆਂਕੜੇ ਦਿਤੇ ਹਨ । ਉਹ ਮੈਂ ਤਫਸੀਲ ਨਾਲ ਰੀਪ੍ਰੋਡਿਊਸ ਨਹੀਂ ਕਰਨੇ । ਪਰ ਮੈਂ ਆਪਣੀ ਗਲ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਸਾਡੀ ਪ੍ਰਾਇਮਰੀ ਐਜੂਕੇਸ਼ਨ ਦਾ ਪੱਧਰ ਉੱਚਾ ਨਹੀਂ ਅਗਰ ਗਰਾਸ ਰੂਟ ਇਮਪਰੂਵ-ਮੈਂਟ ਨਹੀਂ ਕਰਦੀ, ਅਗਰ ਸਾਡੀ ਬੁਨਿਆਦ ਹੀ ਕਮਜ਼ੋਰ ਹੈ ਤਾਂ ਉਸ ਤੇ ਅੱਛੀ ਬਿਲਡਿੰਗ ਨਹੀਂ ਉਸਾਰੀ ਜਾ ਸਕਦੀ । ਚੇਅਰਮੈਨ ਸਾਹਿਬ, ਸਾਡਾ ਪ੍ਰਾਇਮਰੀ ਸੈਕਸ਼ਨ ਬਿਲਕੁਲ ਇਗਨੋਰਡ ਸੀ ਅਸੀਂ ਸਭ ਤੋਂ ਪਹਿਲੋਂ ਇਹ ਕੀਤਾ ਕਿ ਜਿਹੜੇ ਪੰਜਾਬ ਦੇ ਬੇਟ ਏਰੀਆ ਹਨ, ਕੰਡੀ ਦਾ ਏਰੀਆ ਹੈ, ਬਾਰਡਰ ਦਾ ਏਰੀਆ ਹੈ, ਹਰੀਜਨ ਬਸਤੀਆਂ ਹਨ ਜਿਨ੍ਹਾਂ ਵਿਚ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ, ਉਸ ਬਾਰੇ ਅਸੀਂ ਫੈਸਲਾ ਕਰ ਲਿਆ ਹੈ ਕਿ ਇਨ੍ਹਾਂ ਸਾਰੇ ਇਲਾਕਿਆਂ

ਦੇ ਸਕੂਲ ਜਿਹੜੇ ਤਕਰੀਬਨ 2500 ਹਨ, 3, 4 ਸਾਲਾਂ ਦੇ ਅਰਸੇ ਵਿਚ ਫੇਜ਼ਡ ਪ੍ਰੋਗਰਾਮ ਰਾਹੀਂ ਉਨ੍ਹਾਂ ਸਾਰਿਆਂ ਨੂੰ ਬਣਾ ਦੇਵਾਂਗੇ। ਜਿਹੜੇ ਸਕੂਲ ਹੋਮਲੈਸ ਹਨ ਉਨ੍ਹਾਂ ਨੂੰ ਹੋਮ ਬਣਾ ਦਿਆਂਗੇ।

ਦੂਸਰੀ ਚੀਜ਼ ਇਹ ਹੈ ਕਿ ਅਸੀਂ ਸਰਵੇ ਕਰਾਇਆ ਹੈ ਭਾਵੇਂ ਕਿਸੇ ਪੱਧਰ ਦਾ ਸਕੂਲ ਹੋਵੇ, ਪ੍ਰਾਇਮਰੀ ਹੋਵੇ, ਸੈਕੰਡਰੀ ਹੋਵੇ ਜਾਂ ਮਿਡਲ ਹੋਵੇ ਉਨ੍ਹਾਂ ਵਿਚ ਕੀ ਕਮੀਆਂ ਹਨ ਔਰ ਉਨ੍ਹਾਂ ਕਮੀਆਂ ਨੂੰ ਕਿਸ ਤਰੀਕੇ ਨਾਲ ਪੂਰਾ ਕਰਨਾ ਹੈ ਕਿਸ ਸਮੇਂ ਵਿਚ ਪੂਰਾ ਕਰਨਾ ਹੈ, ਅਸੀਂ ਉਸ ਦੇ ਲਈ ਫੇਜ਼ਡ ਪ੍ਰੋਗਰਾਮ ਬਣਾਇਆ ਹੈ। ਅਸੀਂ ਸਾਰੀਆਂ ਚੀਜ਼ਾਂ ਨੂੰ ਠੀਕ ਕਰਨ ਲਗੇ ਹਾਂ। ਇਸ ਦੇ ਲਈ ਸਾਨੂੰ 50 ਕਰੋੜ ਰੁਪਏ ਦੀ ਲੋੜ ਹੈ। ਬੱਚਿਆਂ ਕੋਲ ਟਾਟ ਨਹੀਂ, ਬਲੈਕ ਬੋਰਡ ਨਹੀਂ, ਚਾਕ ਨਹੀਂ ਅਤੇ ਹੋਰ ਜ਼ਰੂਰਤ ਦੀਆਂ ਚੀਜ਼ਾਂ ਨਹੀਂ। ਅਸੀਂ ਇਸ ਰੁਪਏ ਨਾਲ ਸਾਰਾ ਸਮਾਨ ਲਵਾਂਗੇ ਅਤੇ ਉਹ ਪ੍ਰੋਵਾਈਡ ਕਰਾਂਗੇ। ਇਹ ਚੀਜ਼ ਕਿਸੇ ਨੇ ਨਹੀਂ ਸੀ ਕੀਤੀ। ਮੈਨੂੰ ਪਤਾ ਹੈ ਕਿ ਸੈਂਟਰਲ ਬਜਟ ਪੇਸ਼ ਹੋ ਰਿਹਾ ਹੈ। ਸਾਰੀ ਪ੍ਰੈਸ ਗੈਲਰੀ ਖਾਲੀ ਪਈ ਹੈ ਔਰ ਜਿਨ੍ਹਾਂ ਨੇ ਇਹ ਰੈਜ਼ੋਲਿਊਸ਼ਨ ਰਖਿਆ ਹੈ ਉਹ ਵੀ ਅੱਜ ਇਉਂ ਜਾਪਦਾ ਹੈ ਕਿ ਚਲੇ ਗਏ ਹਨ। ਮੈਂ ਦਸ ਰਿਹਾ ਸੀ ਕਿ ਅਸੀਂ ਇਹ ਫੈਸਲਾ ਕੀਤਾ ਹੈ......

EXTENSION OF TIME OF THE SITTING

Mr. Chairman : Is it the pleasure of the House that the time of the sitting be extended by another 15 minutes ?

Voices: Yes, yes.

Mr. Chairman: The time of the sitting of the House is extended upto 3.15 P.M.

JOINT MOTION REGARDING PRESENT EDUCATIONAL SYSTEM IN THE STATE (*Resumption of discussion*)

ਵਿਦਿਆ ਮੰਤਰੀ : ਪਿਛਲੀ ਸਰਕਾਰ ਨਹੀਂ ਕਰ ਸਕੀ ਮੈਂ ਉਸ ਤੇ ਰਿਫਲੈਕਸ਼ਨ ਨਹੀਂ ਸੁਟਣਾ ਚਾਹੁੰਦਾ। ਮੈਨੂੰ ਉਨ੍ਹਾਂ ਤੇ ਤਰਸ ਵੀ ਆਉਂਦਾ ਹੈ। ਮੈਂ ਕਹਿੰਦਾ ਹਾਂ ਕਿ ਅਗਰ ਕਿਸੇ ਕੋਲੋਂ ਤਵੱਕੋ ਨਾ ਹੋਵੇ ਔਰ ਅਗਰ ਉਹ ਕੋਈ ਪ੍ਰਾਪਤੀ ਨਾ ਕਰ ਸਕੇ ਮੈਨੂੰ ਉਸ ਤੋਂ ਕੋਈ ਗਿਲਾ ਹੀ ਨਹੀਂ। ਮੈਂ ਤਾਂ ਉਨ੍ਹਾਂ ਤੋਂ ਤਵੱਕੋ ਹੀ ਨਹੀਂ ਸੀ ਕਰਦਾ ਕਿ ਉਹ ਐਜੂਕੇਸ਼ਨ ਨੂੰ ਸੇਧ ਦੇ ਸਕਣਗੇ, ਉਨ੍ਹਾਂ ਦਾ ਕਸੂਰ ਨਹੀਂ ਸੀ ਕਿਉਂਕਿ ਉਨ੍ਹਾਂ ਕੋਲ ਕੋਈ ਬੈਕਗਰਾਊਂਡ ਹੀ ਨਹੀਂ ਸੀ। ਤੁਸੀਂ ਵੇਖਿਆ ਸੀ ਕਿ 1975 ਵਿਚ ਸਾਡੀ ਸਰਕਾਰ ਨੇ 100 ਸਕੂਲਾਂ ਵਿਚ ਵੋਕੇਸ਼ਨੇਲਾਈਜ਼ੇਸ਼ਨ ਕੀਤੀ ਸੀ। ਪਰ ਇਨ੍ਹਾਂ ਨੇ ਆਕੇ ਉਸ ਸਕੀਮ ਨੂੰ ਛੱਡ ਦਿਤਾ। ਅੱਜ ਡਾਕਟਰ ਸਾਹਿਬ ਵੀ ਕਹਿੰਦੇ ਹਨ ਕਿ ਮੇਰੇ ਬੱਚੇ ਕਲਰਕ ਨਹੀਂ

[ਵਿਦਿਆ ਮੰਤਰੀ]

ਬਣਨੇ ਚਾਹੀਦੇ । ਸਾਡੀ ਐਜੂਕੇਸ਼ਨ ਜੋਬ ਓਰਿਐਂਟਿਡ ਹੋਣੀ ਚਾਹੀਦੀ ਹੈ । ਪਰ ਵੋਕੇਸ਼ਨੇਲਾਈਜ਼ੇਸ਼ਨ ਖ਼ਤਮ ਹੋ ਗਈ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ । ਉਸ ਨੇ ਵੋਕੇਸ਼ਨੇਲਾਈਜ਼ੇਸ਼ਨ ਸ਼ੁਰੂ ਕਰ ਦਿਤੀ । ਅਸੀਂ 100 ਸਕੂਲ 31 ਮਾਰਚ ਤਕ ਕਰ ਦੇਣੇ ਹਨ ਔਰ ਅਗਲੇ ਸਾਲ ਲਈ ਫ਼ਿਰ ਪ੍ਰੋਵੀਜ਼ਨ ਕੀਤੀ ਹੈ । ਜਿੰਨਾ ਚਿਰ ਤਕ ਸਾਰਿਆਂ ਸਕੂਲਾਂ ਵਿਚ ਵੋਕੇਸ਼ਨੇਲਾਈਜ਼ੇਸ਼ਨ ਨਹੀਂ ਹੋਵੇਗੀ ਇਹ ਸਿਲਸਲਾ ਚਲਦਾ ਰਹੇਗਾ । ਅਸੀਂ 100 ਸਕੂਲ ਕਰ ਦਿਤਾ ਹੈ ਔਰ 100 ਸਕੂਲ ਕਰਨਾ ਹੈ । ਸਾਡੀ ਗਿਆਨੀ ਜੀ ਦੀ ਸਰਕਾਰ ਨੇ ਪਿੰਡ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਦਿਤੇ ਸਨ । ਕੋਈ ਪਿੰਡ ਐਸਾ ਨਹੀਂ ਸੀ ਜਿਥੇ ਸਕੂਲ ਨਾ ਹੋਵੇ । ਇਸ ਦੇ ਨਾਲ ਹੀ ਮੈਂ ਦਸਦਾ ਹਾਂ ਕਿ ਜਦ ਤਕ ਉਸ ਦੇ ਮੁਤਾਬਿਕ ਮਿਡਲ ਅਤੇ ਹਾਈ ਸਕੂਲ ਪ੍ਰੋਵਾਈਡ ਨਹੀਂ ਕਰਾਂਗੇ ਤਦ ਤਕ ਇਹ ਸੈਟ ਅੱਪ ਮੁਕੰਮਲ ਨਹੀਂ ਹੋ ਸਕਦਾ । ਖਜ਼ਾਨਾ ਮੰਤਰੀ ਜੀ ਦਾ ਮਸ਼ਕੂਰ ਹਾਂ ਮੈਂ 250 ਨਹੀਂ ਬਲਕਿ 270 ਸਕੂਲਾਂ ਦੀ ਅਪਗਰੇਡੇਸ਼ਨ ਦਾ ਪ੍ਰੋਵੀਜ਼ਨ ਕੀਤਾ ਹੈ । ਜਿਹੜੀ ਚੀਜ਼ ਮੈਂ ਤੁਹਾਡੇ ਕੋਲ ਪੇਸ਼ ਕਰਨਾ ਚਾਹੁੰਦਾ ਹਾਂ ਅਤੇ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਉਹ ਇਹ ਹੈ ਐਜੂਕੇਸ਼ਨ ਨੂੰ ਜੋਬ ਓਰਿਐਂਟਿਡ ਬਣਾਉਣ ਵਾਸਤੇ ਅਸੀਂ 4 ਕਾਲਜ ਸਿਲੈਕਟ ਕੀਤੇ ਹਨ । ਇਹ ਲੁਧਿਆਣਾ, ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਪਟਿਆਲਾ ਵਿਚ ਹਨ । ਇਨ੍ਹਾਂ ਵਿਚ ਕੈਰੀਅੱਰ ਕੋਰਸਿਜ਼ ਸ਼ੁਰੂ ਕਰਨ ਦਾ ਪ੍ਰਬੰਧ ਕਰ ਦਿਤਾ ਹੈ । ਨਵੇਂ ਸਾਲ ਤੋਂ ਮੇਰਾ ਖਿਆਲ ਹੈ ਕਿ ਕਲਾਸਾਂ ਸ਼ੁਰੂ ਹੋ ਜਾਣਗੀਆਂ । ਇਨ੍ਹਾਂ ਵਿਚ ਬੱਚਿਆਂ ਨੂੰ ਕੰਪੀਟੀਸ਼ਨਾਂ ਵਾਸਤੇ ਐਜੂਕੇਸ਼ਨ ਦਿਤੀ ਜਾਏਗੀ । ਅਸੀਂ ਮਹਿਸੂਸ ਕਰ ਰਹੇ ਸੀ ਕਿ ਪੰਜਾਬ ਸੈਂਟਰਲ ਕੰਪੀਟੀਸ਼ਨਾਂ ਵਿਚ ਆਪਣਾ ਪੂਰਾ ਹਿੱਸਾ ਨਹੀਂ ਸੀ ਪਾ ਰਿਹਾ । ਅਸੀਂ ਮਹਿਸੂਸ ਕਰ ਰਹੇ ਸੀ ਕਿ ਸਾਰੇ ਐਵੇਨਿਊ ਪੂਰੇ ਨਹੀਂ ਕਰ ਰਹੇ । ਅਸੀਂ ਚਾਹੁੰਦੇ ਹਾਂ ਕਿ ਜਿਹੜੀਆਂ ਅਕੈਡਮੀਜ਼ ਬਿਜ਼ਨੈਸ ਅਦਾਰੇ ਬਣ ਕੇ ਇਹ ਕੰਮ ਕਰਦੇ ਹਨ ਉਨ੍ਹਾਂ ਤੋਂ ਬੱਚਿਆਂ ਨੂੰ ਛੁਟਕਾਰਾ ਦਿਲਾਇਆ ਜਾਏ । 9 ਕਾਲਜ ਐਸੇ ਹਨ ਜਿਨ੍ਹਾਂ ਵਿਚ ਗਾਈਡੈਂਸ ਬਿਊਰੋ ਖੋਲ੍ਹੇ ਹਨ । ਲੜਕੀਆਂ ਲਈ ਪਟਿਆਲਾ ਕਾਲਜ ਵਿਚ ਡਾਈਟੀਸ਼ਅਨ ਦਾ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ । ਅਸੀਂ ਐਗਰੀਕਲਚਰਲ ਬੇਸਡ ਕਾਲਜ ਵੀ ਚਾਲੂ ਕਰਨ ਦੀ ਸੋਚ ਰਹੇ ਹਾਂ ਕਿ ਅਗਰ ਕੋਈ ਐਗਰੀਕਲਚਰ ਦਾ ਕੈਰੀਅੱਰ ਸ਼ੁਰੂ ਕਰਨਾ ਚਾਹੁੰਦੇ ਹਨ ਤਾਂ ਉਹ ਕਰ ਸਕਣ । ਇਹ ਇਕ ਨਵੀਂ ਡਾਇਰੈਕਸ਼ਨ ਹੈ, ਨਵੀਂ ਸੇਧ ਹੈ । ਅਸੀਂ ਫੰਡਾਮੈਂਟਲੀ ਮਹਿਸੂਸ ਕਰਦੇ ਹਾਂ ਕਿ ਜਿੰਨਾਂ ਚਿਰ ਤਕ ਐਜੂਕੇਸ਼ਨ ਜੋਬ ਓਰਿਐਂਟਿਡ ਨਾ ਹੋਵੇ ਉਤਨਾ ਚਿਰ ਤਕ ਜਿਹੜੀ ਬੇਸਕ ਗੱਲ ਹੈ ਉਹ ਪੂਰੀ ਨਹੀਂ ਹੋਵੇਗੀ । ਇਹ ਤਾਰੀਕੀ ਵਿਚ ਰਹੇ ਹਨ ਔਰ ਸਿਰਫ਼ ਗੱਲਾਂ ਤਕ ਹੀ ਮਹਿਦੂਦ ਸਨ । ਮੈਂ ਦਸਦਾ ਹਾਂ ਇਨ੍ਹਾਂ ਬਾਰੇ :

'ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ,
ਜੋ ਚੀਰਾ ਤੋ ਕਤਰਾ ਖੂੰ ਨਿਕਲਾ'

ਇਨ੍ਹਾਂ ਦੇ ਤਿੰਨ ਸਾਲ ਮੈਂ ਤੁਹਾਡੇ ਸਾਹਮਣੇ ਰਖਣ ਲਗਾ ਹਾਂ । ਇਨ੍ਹਾਂ ਨੇ 1.56 ਕਰੋੜ ਰੁਪਏ ਖਰਚ ਕੀਤੇ ਔਰ 6 ਆਦਰਸ਼ ਸਕੂਲ ਖੋਲ੍ਹੇ ਜਿਨ੍ਹਾਂ ਵਿਚ 1900 ਬੱਚੇ ਪੜ੍ਹਨਗੇ । ਮੈਂ ਦਸਦਾ ਹਾਂ ਕਿ ਗ਼ਰੀਬਾਂ ਦੇ ਬੱਚਿਆਂ ਕੋਲ ਟਾਟ ਨਹੀਂ, ਬੁੱਕਸ ਨਹੀਂ । ਸਕੂਲਾਂ ਦੀਆਂ ਬਿਲਡਿੰਗਜ਼ ਨਹੀਂ । ਇਹ ਡਿਸਕ੍ਰਿਮੀਨੇਸ਼ਨ, ਇਹ ਡਿਸਪੈਰਿਟੀ ਇਨ੍ਹਾਂ ਜਾਗੀਰਦਾਰਾਂ ਨੂੰ ਸ਼ੋਭਦੀ ਸੀ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਇਹ ਨਹੀਂ ਸ਼ੋਭਦੀ । ਇਨ੍ਹਾਂ ਨੇ ਆ ਕੇ ਇਹ ਬੰਦ ਕਰ ਦਿਤੇ । ਇਸ ਤੋਂ ਇਲਾਵਾ ਮੈਂ ਜਿਹੜੀ ਚੀਜ਼ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਟੀਚਰਜ਼ ਦਾ ਰੋਲ ਤਦ

ਤਕ ਮੁਕੰਮਲ ਨਹੀਂ ਹੁੰਦਾ ਜਿਤਨਾ ਚਿਰ ਉਨ੍ਹਾਂ ਦੀ ਟਰੇਨਿੰਗ ਲਈ ਰਿਫਰੈਸ਼ਰ ਕੋਰਸਿਜ਼ ਇੰਟਰੋਡਿਊਸ ਨਹੀਂ ਕੀਤੇ ਜਾਂਦੇ । ਸਟੇਟ ਕਾਲਜ ਆਫ ਐਜੂਕੇਸ਼ਨ ਰਿਸਰਚ ਐਂਡ ਟਰੇਨਿੰਗ ਕਾਇਮ ਕੀਤਾ ਹੈ । ਆਫੀਸਰ ਆਨ ਸਪੈਸ਼ਲ ਡਿਊਟੀ ਲਗ ਗਿਆ ਹੈ । ਖਜ਼ਾਨਾ ਮੰਤਰੀ ਜੀ ਦੀ ਮੇਹਰਬਾਨੀ ਨਾਲ ਡਾਇਰੈਕਟਰ ਵੀ ਲੱਗ ਜਾਵੇਗਾ । ਇਥੇ ਮੇਰੇ ਦੋਸਤਾਂ ਨੇ ਦਸਿਆ ਹੈ ਕਿ ਸਾਡੇ ਟੀਚਰਜ਼ ਕੈਸੇ ਹੋਣੇ ਚਾਹਿਦੇ ਹਨ ਮੇਰਾ ਖਿਆਲ ਹੈ ਕਿ ਇਸ ਵੇਲੇ ਸਾਡੀਆਂ ਗੈਲਰੀਆਂ ਵਿਚ ਵੀ ਟੀਚਰ ਵਰਗ ਨਾਲ ਸਬੰਧਤ ਸਾਥੀ ਬੈਠੇ ਹੋਣਗੇ ਅਤੇ ਮੇਰੀਆਂ ਗਲਾਂ ਸੁਣ ਰਹੇ ਹੋਣਗੇ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਤਨੀ ਦੇਰ ਉਨ੍ਹਾਂ ਵਿਚ ਕਰੈਕਟਰ ਬਿਲਡਿੰਗ, ਇਖਲਾਕ ਦੀਆਂ ਕੱਦਰਾਂ, ਨੈਸ਼ਨੇਲਿਜ਼ਮ ਅਤੇ ਦੇਸ਼ ਭਗਤੀ ਦਾ ਖਿਆਲ ਉਨ੍ਹਾਂ ਵਿਚ ਕੁੱਟ ਕੁੱਟ ਕੇ ਨਹੀਂ ਭਰਿਆ ਜਾਂਦਾ, ਜਿਤਨੀ ਦੇਰ ਉਨ੍ਹਾਂ ਵਿੱਚ ਸੇਕੂਲਰ ਸਪਰਿਟ ਨਹੀਂ ਆਉਂਦੀ ਉਹ ਇਸ ਪਨੀਰੀ ਨੂੰ ਠੀਕ ਤਰ੍ਹਾਂ ਨਾਲ ਗਾਈਡ ਨਹੀਂ ਕਰ ਸਕਦੇ ਅਜਿਹੀਆਂ ਚੀਜ਼ਾਂ ਦੀ ਸਮੁਚੀ ਟਰੇਨਿੰਗ ਉਨ੍ਹਾਂ ਨੂੰ ਦੇਵਾਂਗੇ ਅਤੇ ਇਹ ਸਪ੍ਰਿਟ ਉਨ੍ਹਾਂ ਵਿਚ ਇਨਕਲਕੇਟ ਕਰਾਂਗੇ ਤਾਂ ਕਿ ਉਨ੍ਹਾਂ ਨੂੰ ਦਿੱਤੀ ਇਸ ਟਰੇਨਿੰਗ ਦਾ ਰਿਸੈਪਟਿਵ ਏਜ ਦੇ ਬਚਿਆਂ ਨੂੰ ਫਾਇਦਾ ਹੋਵੇ । ਸਾਡੇ ਬਚਿਆਂ ਨੂੰ ਪਤਾ ਹੋਵੇ ਕਿ ਆਜ਼ਾਦੀ ਇਸ ਦੇਸ਼ ਨੂੰ ਕਿਵੇਂ ਮਿਲੀ ਹੈ, ਇਖਲਾਕ ਦੀਆਂ ਕਦਰਾਂ ਕੀ ਹਨ, ਇਹ ਕਦਰਾਂ ਕਿਵੇਂ ਬੁਲੰਦ ਹੁੰਦੀਆਂ ਹਨ ? ਤਾਂ ਹੀ ਐਜੂਕੇਸ਼ਨ ਦਾ ਮੇਨ ਮਕਸਦ ਕੰਪਲੀਟ ਹੁੰਦਾ ਹੈ । ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਇਸਦਾ ਪੂਰਾ ਕਰੈਡਿਟ ਜਾਣਾ ਚਾਹੀਦਾ ਹੈ । ਚੇਅਰਮੈਨ ਸਾਹਿਬ ਜਦੋਂ ਪੁਰਾਣੀਆਂ ਸਰਕਾਰਾਂ ਦੇ ਕੰਮ-ਕਾਰ ਦਾ ਪੋਸਟ ਮਾਰਟਮ ਹੋਵੇਗਾ, ਹਿਸਟਰੀ ਖੁਲ੍ਹ ਕੇ ਸਾਹਮਣੇ ਆਵੇਗੀ ਕਿ ਜਿਤਨਾ ਕੰਮ ਇਨ੍ਹਾਂ 8, 9 ਮਹੀਨਿਆਂ ਵਿਚ ਐਜੂਕੇਸ਼ਨ ਦੇ ਸਿਲਸਿਲੇ ਵਿਚ ਇਸ ਸਰਕਾਰ ਨੇ ਕੀਤਾ ਹੈ, ਇਤਨਾਂ ਕਿਸੇ ਵੀ ਪਿਛਲੀ ਸਰਕਾਰ ਨੇ ਦੋ, ਤਿੰਨ ਜਾਂ ਚਾਰ ਸਾਲਾਂ ਵਿਚ ਨਹੀਂ ਕੀਤਾ ਸਗੋਂ ਉਸ ਨਾਲੋਂ ਬੈਟਰ ਹੀ ਇਸ ਸਮੇਂ ਵਿਚ ਹੋਇਆ ਹੋਵੇਗਾ ਅਤੇ ਇਸਦੀ ਕੋਈ ਤੁਲਨਾ ਨਹੀਂ ਹੋਵੇਗੀ । ਇਹ ਸਾਰੀ ਚੀਜ਼ ਫੈਕਟਸ, ਸਰਕਮਸਟਾਂਸਿਜ਼ ਅਤੇ ਹਾਲਾਤ ਦਸ ਦੇਣਗੇ ।

ਚੇਅਰਮੈਨ ਸਾਹਿਬ, ਇਥੇ ਇਹ ਵੀ ਕਿਹਾ ਗਿਆ ਹੈ ਕਿ ਹਰੀਜਨ ਸਟੂਡੈਂਟਸ ਦੇ ਹਾਲਾਤ ਦੀ ਕਿਸ ਤਰ੍ਹਾਂ ਬੇਹਤਰੀ ਹੋ ਸਕਦੀ ਹੈ, ਉਨ੍ਹਾਂ ਦੇ ਲਈ ਬੈਟਰ ਮਾਹੌਲ ਕਿਸ ਤਰ੍ਹਾਂ ਪੈਦਾ ਹੋ ਸਕਦਾ ਹੈ । ਇਸ ਲਈ ਟੀਚਰ ਵਰਗ ਨੂੰ ਕੀ ਕੁਝ ਦਿੱਤਾ ਜਾਣਾ ਚਾਹੀਦਾ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ 8, 9 ਮਹੀਨਿਆਂ ਵਿਚ ਜਦੋਂ ਦੀ ਸਾਡੀ ਸਰਕਾਰ ਆਈ ਹੈ, ਖਜ਼ਾਨਾ ਮੰਤਰੀ ਜੀ ਦੀ ਮੇਹਰਬਾਨੀ ਨਾਲ, ਸਰਦਾਰ ਦਰਬਾਰਾ ਸਿੰਘ ਦੀ ਮੇਹਰਬਾਨੀ ਨਾਲ, ਇਨ੍ਹਾਂ ਦੇ ਗਰੇਡਾਂ ਵਿਚ ਡਿਸਪੈਰਟੀਆਂ ਰਿਮੂਵ ਕਰਨ ਲਈ, ਏਰੀਅਰਜ਼ ਦੇਣ ਲਈ ਅਤੇ ਸਰਵਿਸ ਕੰਡੀਸ਼ਨਜ਼ ਬੈਟਰ ਕਰਨ ਲਈ 31 ਮਾਰਚ ਤਕ 27 ਕਰੋੜ ਰੁਪਿਆ ਖਰਚ ਹੋਣਾ ਹੈ । ਇਹ ਆਪਣੇ ਆਪ ਵਿਚ ਇਕ ਰਿਕਾਰਡ ਬਣੇਗਾ । ਇਹ ਯੂਨੀਕ ਚੀਜ਼ ਹੈ ਅਤੇ ਪਹਿਲੀ ਵਾਰ ਕਿਸੇ ਗੌਰਮਿੰਟ ਨੇ ਕੀਤੀ ਹੈ ।

ਚੇਅਰਮੈਨ ਸਾਹਿਬ, ਪ੍ਰਾਇਮਰੀ ਡਾਇਰੈਕਟੋਰੇਟ ਵਿਚ 10,000 ਪੋਸਟਾਂ, ਹੈਡ ਟੀਚਰਾਂ ਅਤੇ ਸੈਂਟਰ ਹੈਡ ਟੀਚਰਜ਼ ਦੀਆਂ ਖਜ਼ਾਨਾ ਮੰਤਰੀ ਜੀ ਦੀ ਮੇਹਰਬਾਨੀ ਨਾਲ ਪਹਿਲੀ ਅਪ੍ਰੈਲ, 1981 ਤੋਂ ਦੇ ਦੇਣੀਆਂ ਹਨ । ਇਹ ਬੇਸ਼ਕ ਮੇਰਾ ਆਸ਼ਵਾਸਨ ਸਮਝ ਲਿਆ ਜਾਵੇ ਕਿ 1 ਅਪ੍ਰੈਲ ਤੋਂ ਬਾਅਦ 10,000 ਹੈਡ ਟੀਚਰਜ਼ ਅਤੇ ਸੈਂਟਰ ਹੈਡ ਟੀਚਰਜ਼ ਬਣਾ ਦੇਵਾਂਗੇ ਤਾਂ ਕਿ ਉਹ

[ਵਿਦਿਆ ਮੰਤਰੀ]

ਵੀ ਆਪਣੀ ਯੋਗਤਾਂ ਨਾਲ ਕੰਮ ਕਰ ਸਕਣ ਅਤੇ ਉਨ੍ਹਾਂ ਨੂੰ ਵੀ ਇਹ ਮਹਿਸੂਸ ਹੋਵੇ ਕਿ ਉਨ੍ਹਾਂ ਨੂੰ ਸਰਕਾਰ ਵਲੋਂ ਸਨਮਾਨਿਆ ਗਿਆ ਹੈ। ਫਿਰ ਪ੍ਰਾਈਵੇਟ ਕਾਲਜਾਂ ਦੇ 3,400 ਟੀਚਰਾਂ ਅਤੇ ਨਾਨ-ਟੀਚਿੰਗ ਸਟਾਫ ਨੂੰ ਪੈਰਿਟੀ ਦੇ ਦਿੱਤੀ ਹੈ ਤਨਖਾਹ ਆਦਿ ਵਿਚ। ਉਨ੍ਹਾਂ ਦੀਆਂ ਤਨਖਾਹਾਂ ਗੌਰਮਿੰਟ ਕਾਲਜਾਂ ਦੇ ਮੁਲਾਜ਼ਮਾਂ ਦੇ ਬਰਾਬਰ ਕਰ ਦਿੱਤੀਆਂ ਹਨ। ਇਕ ਐਕਟ ਬਣ ਗਿਆ ਸੀ। ਲੇਕਿਨ ਉਸਦੇ ਥੱਲੇ ਰੂਲ ਨਹੀਂ ਸਨ ਬਣੇ। ਅਗਰ ਰੂਲ ਨਾ ਬਣਨ ਤਾਂ ਐਕਟ ਅਧੂਰਾ ਰਹਿੰਦਾ ਹੈ। ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਅਤੇ ਸਟਾਫ ਦੀ ਸਿਕਉਰਟੀ ਆਫ ਸਰਵਿਸ ਲਈ 23 ਜਨਵਰੀ, 1981 ਨੂੰ ਰੂਲ ਪ੍ਰਕਾਸ਼ਤ ਕਰ ਦਿੱਤੇ ਹਨ। ਪਰਮਾਨੈਂਟ ਬੇਸਿਜ਼ ਤੇ ਉਨ੍ਹਾਂ ਦੀ ਸਿਕਉਰਟੀ ਆਫ ਸਰਵਿਸ ਅਤੇ ਪੇ ਐਂਡ ਅਲਾਉਂਸਿਜ਼ ਵਿਚ ਪੈਰਿਟੀ ਫਾਰ ਆਲ ਟਾਈਮਜ਼ ਟੂ ਕਮ, ਕਰ ਦਿੱਤੀ ਹੈ। ਇਹ ਮਸਲਾ ਉਨ੍ਹਾਂ ਦਾ ਹਮੇਸ਼ਾ ਲਈ ਹੱਲ ਕਰ ਦਿੱਤਾ ਹੈ। ਇਹ ਵੀ ਯੂਨੀਕ ਚੀਜ਼ ਅਸੀਂ ਕੀਤੀ ਹੈ ਜਿਸ ਦੀ ਸਾਰਿਆਂ ਪਾਸਿਆਂ ਤੋਂ ਸ਼ਲਾਘਾ ਹੋਣੀ ਚਾਹੀਦੀ ਹੈ।

ਹੁਣ ਮੈਂ ਕੁਝ ਜਨਰਲ ਪੁਆਇੰਟਸ ਬਾਰੇ ਗਲ ਕਰ ਦਿੰਦਾ ਹਾਂ। ਇਥੇ ਮੇਰੇ ਦੋਸਤ ਮਾਸਟਰ ਚੰਦ ਸਿੰਘ ਨੇ ਪੰਜਾਬੀ ਬੋਲੀ ਦਾ ਜ਼ਿਕਰ ਕੀਤਾ ਹੈ। ਉਹ ਮੇਰੇ ਪੁਰਾਣੇ ਸਾਥੀ ਹਨ। ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬੀ ਜ਼ਬਾਨ ਵਿਚ ਸਾਰੀਆਂ ਕਿਤਾਬਾਂ ਉਪਲਭਧ ਹੋਣੀਆਂ ਚਾਹੀਦੀਆਂ ਹਨ। ਇਹ ਪਿਛਲੀ ਵਾਰੀ ਵੀ ਇਸ ਹਾਊਸ ਦੇ ਮੈਂਬਰ ਸਨ। ਅਸੀਂ ਤਾਂ ਉਦੋਂ ਮਾਰ ਖਾ ਗਏ ਸੀ, ਲੇਕਿਨ ਇਹ ਆ ਗਏ ਸਨ। ਇਹ ਮੇਰੇ ਸਾਹਮਣੇ ਪੰਜਾਬੀ ਦੇ ਅਲੰਬਰਦਾਰ ਬੈਠੇ ਹਨ। ਇਹ ਆਪਣੇ ਆਪ ਨੂੰ ਪੰਜਾਬੀ ਦੇ ਠੇਕੇਦਾਰ ਸਮਝਦੇ ਹਨ। ਮੈਂ ਆਪਣੇ ਬਜ਼ੁਰਗਾਂ ਨੂੰ ਬੇਨਤੀ ਕਰਾਂਗਾ (ਅਕਾਲੀ ਬੈਂਚਾਂ ਵੱਲ ਇਸ਼ਾਰਾ) ਕਿ ਮੇਰੀਆਂ ਗੱਲਾਂ ਸੁਣਨ ਤੋਂ ਬਾਅਦ ਇਹ ਵੀ ਮੰਨ ਜਾਣਗੇ ਕਿ ਮੈਂ ਠੀਕ ਕਹਿ ਰਿਹਾ ਹਾਂ। ਪੰਜਾਬੀ ਜ਼ਬਾਨ ਨੂੰ ਪਬਲਿਕ ਸਰਵਿਸ ਕਮਿਸ਼ਨ ਦੇ ਇਮਤਿਹਾਨਾਂ ਲਈ ਮੀਡੀਅਮ ਬਣਾਉਣ ਦਾ ਸਵਾਲ ਇਨ੍ਹਾਂ ਨੂੰ ਬੇਚੈਨ ਕਰਦਾ ਰਿਹਾ। ਇਹ ਇਸਤੇ ਫੈਸਲਾ ਨਾ ਕਰ ਸਕੇ। ਟੰਡਨ ਸਾਹਿਬ ਵੀ ਉਦੋਂ ਵਜ਼ੀਰ ਸਨ। ਉਨ੍ਹਾਂ ਦਾ ਬਹੁਤ ਜ਼ੋਰ ਸੀ। ਜਦੋਂ ਵੀ ਫੈਸਲਾ ਕਰਨ ਦਾ ਸਮਾਂ ਆਉਂਦਾ ਸੀ ਤਾਂ ਫਾਈਲ ਵਾਪਸ ਆ ਜਾਂਦੀ ਸੀ। ਕਿਸੇ ਨੇ ਠੀਕ ਹੀ ਕਿਹਾ ਹੈ :

'ਇਰਾਦਾ ਬਨਾ ਦੇਤਾ ਹੂੰ ਔਰ ਬਨਾ ਕਰ ਫਿਰ ਤੋੜ ਦੇਤਾ ਹੂੰ,
ਕਹੀਂ ਐਸਾ ਨਾ ਹੋ ਜਾਏ, ਕਹੀਂ ਐਸਾ ਨਾ ਹੋ ਜਾਏ'।

ਇਹੀ ਹਾਲਤ ਇਨ੍ਹਾਂ ਦੀ ਰਹੀ। ਅਸੀਂ ਪਬਲਿਕ ਸਰਵਿਸ ਕਮਿਸ਼ਨ ਵਿਚ ਇਹ ਮੀਡੀਅਮ ਦੇ ਤੌਰ ਤੇ ਇੰਟਰੋਡਿਊਸ ਕਰ ਦਿੱਤੀ। ਪੰਜਾਬੀ ਸਾਡੀ ਰਾਜ ਭਾਸ਼ਾ ਹੈ। ਇਹ ਸਾਡੀ ਮਾਂ ਬੋਲੀ ਹੈ। ਇਹ ਕਿਉਂ ਨਾ ਲਾਗੂ ਹੋਵੇ। ਸਾਰਿਆਂ ਨਾਲੋਂ ਵੱਡੀ ਗਲ ਜੋ ਅਸੀਂ ਕੀਤੀ ਹੈ ਉਹ ਸੁਣ ਕੇ ਮੇਰੇ ਸਾਹਮਣੇ ਬੈਠੇ ਮੈਂਬਰਾਂ ਦੀਆਂ ਅੱਖਾਂ ਜ਼ਰੂਰ ਨੀਵੀਆਂ ਹੋ ਜਾਣਗੀਆਂ। ਉਹ ਇਹ ਹੈ ਕਿ ਦੋ ਸਾਲ ਕੇਸ ਪਿਆ ਰਿਹਾ ਪੈਂਡਿੰਗ ਕਿ ਪੰਜਾਬੀ ਵਿਚ ਸਾਡੇ ਐਕਟਸ ਅਤੇ ਸਟੈਚੂਟਸ ਵੈਲੀਡੇਟ ਹੋ ਜਾਣ, ਕੋਰਟਾਂ ਵਿਚ ਇਨ੍ਹਾਂ ਨੂੰ ਮਾਨਤਾ ਮਿਲ ਜਾਵੇ! ਉਹ ਕਿਉਂ ਨਹੀਂ ਇਹ ਕਰ ਸਕੇ। ਟੰਡਨ ਸਾਹਿਬ ਕੋਲ 1978 ਵਿਚ ਇਹ ਫਾਈਲ ਚਲੀ ਗਈ। ਉਸਤੋਂ ਬਾਅਦ ਇਹ ਬਾਦਲ ਸਾਹਿਬ ਕੋਲ ਚਲੀ ਗਈ ਅਖੀਰ ਵਿਚ ਇਹ ਲਿਖ ਕੇ ਥੱਲੇ ਆ ਗਈ ਕਿ ਉਹ ਦਫਤਰ ਛੱਡਣ ਤੋਂ ਪਹਿਲਾਂ ਇਹ ਫਾਈਲ ਨਹੀਂ ਵੇਖ ਸਕੇ। ਇਹ ਇਨ੍ਹਾਂ ਦਾ ਪੰਜਾਬੀ ਜ਼ਬਾਨ ਨਾਲ ਪਿਆਰ ਹੈ। ਇਹ ਪੰਜਾਬੀ ਜ਼ਬਾਨ ਦੇ ਅਲੰਬਰਦਾਰ ਬਣਦੇ ਹਨ। ਅਸੀਂ 1 ਨਵੰਬਰ, 1980 ਨੂੰ ਪੰਜਾਬ ਡੇ ਤੇ ਪੰਜਾਬੀ ਬੋਲੀ ਨੂੰ ਸਟੈਚੂਟਸ, ਐਕਟਸ ਅਤੇ ਨੋਟੀਫਿਕੇਸ਼ਨ ਲਈ ਮਾਨਤਾ ਦੇ ਦਿੱਤੀ ਹੈ। ਇਹ ਬੜਾ ਵੱਡਾ ਅਤੇ

ਨਿਗਾਰ ਕਦਮ ਹੈ ਜੋ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪੁੱਟਿਆ ਹੈ । ਇਸ ਦੀ ਸਾਰਿਆਂ ਨੂੰ ਵਧਾਈ ਦੇਣੀ ਚਾਹੀਦੀ ਹੈ । ਪੰਜਾਬੀ ਬੋਲੀ ਦੀ ਸਲਾਹਕਾਰ ਕਮੇਟੀ ਦੀ 2 ਸਾਲ ਮੀਟਿੰਗ ਨਹੀਂ ਹੋਈ । ਅਸੀਂ ਸਾਰਾ ਬੈਕਲਾਗ ਕਲੀਅਰ ਕਰ ਦਿੱਤਾ ਹੈ । 31 ਮਾਰਚ ਤੋਂ ਪਹਿਲਾਂ ਪਹਿਲਾ ਮੈਂ ਇਸ ਹਾਊਸ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਸਿਲੈਕਸ਼ਨ ਕਰਕੇ ਉਨ੍ਹਾਂ ਦੀ ਮਾਨਤਾ ਕਰਾਂਗੇ ਅਤੇ ਜਿਹੜੇ ਪੰਜਾਬੀ ਦੇ ਸਾਹਿਤਕਾਰ ਹਨ, ਲੇਖਕ ਹਨ, ਹਿੰਦੀ ਦੇ ਸਾਹਿਤਕਾਰ ਹਨ, ਉਰਦੂ ਦੇ ਸਾਹਿਤਕਾਰ ਹਨ, ਉਨ੍ਹਾਂ ਨੂੰ ਮਾਨਤਾ ਦੇਵਾਂਗੇ । ਇੱਕ ਨਵਾਂ ਕੱਲਟ ਪੰਜਾਬੀ ਦਾ ਉਤਪਨ ਹੋਇਆ ਹੈ । ਜਿਹੜੇ ਪੰਜਾਬੀ ਬਾਹਰਲੇ ਮੁਲਕਾਂ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਨੇ ਪੰਜਾਬੀ ਜ਼ਬਾਨ ਦੀ ਬੇਹਤਰੀ ਲਈ ਕੰਮ ਕੀਤਾ ਹੈ ਉਨ੍ਹਾਂ ਨੂੰ ਵੀ ਅਵਾਰਡ ਮਿਲਣਗੇ । ਉਨ੍ਹਾਂ ਨੇ ਬਾਹਰਲੇ ਮੁਲਕਾਂ ਵਿੱਚ ਵੀ ਰਹਿ ਕੇ ਪੰਜਾਬੀ ਜ਼ਬਾਨ ਦੀ ਸੇਵਾ ਕੀਤੀ ਹੈ । ਇਹ ਯੂਨੀਕ ਚੀਜ਼ ਸਰਕਾਰ ਨੇ ਕੀਤੀ ਹੈ । ਦੂਸਰਾ ਜਿਹੜੇ ਟੀਚਰਜ਼ ਨੂੰ ਅਵਾਰਡ ਮਿਲਦੇ ਹਨ ਉਨ੍ਹਾਂ ਵਿਚ ਵੀ ਪਿੱਕ ਐਂਡ ਚੂਜ਼ ਦਾ ਕੰਮ ਹੁੰਦਾ ਸੀ । ਜਿਸ ਵੇਲੇ ਐਨਕਾਂ ਰੰਗਦਾਰ ਲੱਗੀਆਂ ਹੋਣ ਤਾਂ ਫਿਰ ਹਰ ਚੀਜ਼ ਹੀ ਰੰਗਦਾਰ ਨਜ਼ਰ ਆਉਂਦੀ ਹੈ । ਇਸ ਵਿੱਚ ਇਨ੍ਹਾਂ ਦਾ ਕਸੂਰ ਨਹੀਂ ਹੈ । ਅਸੀਂ ਨੈਸ਼ਨਲ ਅਵਾਰਡਜ਼ ਦਾ ਫੈਸਲਾ ਕੀਤਾ ਹੈ । 12 ਸਟੇਟ ਅਵਾਰਡ ਅਤੇ 2 ਨੈਸ਼ਨਲ ਅਵਾਰਡ ਦੇਵਾਂਗੇ । 11,000 ਫੀ ਨੈਸ਼ਨਲ ਅਵਾਰਡ ਦਾ ਅਤੇ 5,100 ਰੁਪਏ ਫੀ ਸਟੇਟ ਅਵਾਰਡ ਦਾ ਚੰਗੇ ਟੀਚਰਾਂ ਨੂੰ ਦੇਣ ਦਾ ਫੈਸਲਾ ਕੀਤਾ ਹੈ । ਕੁਝ ਦਿੱਤੇ ਵੀ ਹਨ ਅਤੇ ਕੁਝ ਦੇ ਵੀ ਰਹੇ ਹਾਂ । ਹਾਲੇ ਮੈਂ ਇਸ ਚੀਜ਼ ਦੀ ਪ੍ਰਵਾਨਗੀ ਨਹੀਂ ਲਈ । ਮੈਂ ਖਜ਼ਾਨਾ ਮੰਤਰੀ ਜੀ ਨੂੰ ਅਤੇ ਸਰਦਾਰ ਦਰਬਾਰਾ ਸਿੰਘ ਨੂੰ ਬੇਨਤੀ ਕਰਾਂਗਾ ਅਤੇ ਅੱਗੇ ਤੋਂ ਇਹ ਅਵਾਰਡ ਕਾਲਜ ਟੀਚਰਜ਼ ਨੂੰ ਵੀ ਮਿਲਣ । ਇਸਤੋਂ ਇਲਾਵਾ ਜਿਹੜੇ ਕਾਲਜਾਂ ਦੇ ਚੰਗੇ ਪ੍ਰਿੰਸੀਪਲ ਹਨ, ਉਨ੍ਹਾਂ ਨੂੰ ਵੀ ਉਤਸ਼ਾਹ ਮਿਲ ਇਨਸੈਂਟਿਵ ਮਿਲੇ ਤਾਂ ਕਿ ਉਹ ਵੀ ਜ਼ਿਆਦਾ ਮਿਹਨਤ ਕਰਨ ।

ਚੇਅਰਮੈਨ ਸਾਹਿਬ, ਐਜੂਕੇਸ਼ਨ ਬੋਰਡ ਦੀ ਗੱਲ ਕੀਤੀ ਗਈ ਹੈ । ਮੈਂ ਕਹਿੰਦਾ ਹਾਂ ਕਿ ਇਹ ਯੂਨੀਕ ਬਾਡੀ ਹੈ । ਪਹਿਲਾਂ ਪੰਜਵੀਂ ਜਮਾਤ ਤਕ ਕੋਈ ਧਿਆਨ ਨਹੀਂ ਸੀ ਦਿੱਤਾ ਜਾਂਦਾ । ਚੇਅਰਮੈਨ ਸਾਹਿਬ, ਇਸ ਸਰਕਾਰ ਨੇ ਪ੍ਰਾਇਮਰੀ ਸਕੂਲ ਦੇ ਐਗਜ਼ਾਮੀਨੇਸ਼ਨ ਵਾਲੀ ਇਕ ਬੜੀ ਇਪਾਰਟੈਂਟ ਬਾਤ ਕੀਤੀ ਹੈ । ਪ੍ਰਾਇਮਰੀ ਸਕੂਲ ਵਿਚ ਪੰਜਵੀਂ ਜਮਾਤ ਦਾ ਪਹਿਲੀ ਦਫਾ ਇਸ ਸਾਲ ਐਗਜ਼ਾਮੀਨੇਸ਼ਨ ਹੋ ਰਿਹਾ ਹੈ । ਇਸ ਨਾਲ ਤੁਸੀਂ ਵੇਖ ਲਵੋ ਕਿ ਐਜੂਕੇਸ਼ਨ ਵਿਚ ਕਿਤਨੀ ਇੰਪਰੂਵਮੈਂਟ ਹੋਵੇਗੀ ਲੇਕਿਨ ਤਿੰਨ ਲਖ ਬੱਚਿਆਂ ਦਾ ਇਮਤਿਹਾਨ ਲੈਣਾ ਕੋਈ ਛੋਟਾ ਕਦਮ ਨਹੀਂ ਹੈ । ਇਸ ਕਰਕੇ ਇਹ ਕੀਤਾ ਹੈ ਕਿਉਂਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਐਜੂਕੇਸ਼ਨ ਵਿਚ ਕੁਆਲੀਟੇਟਿਵ ਇੰਪਰੂਵਮੈਂਟ ਲਿਆਉਣਾ ਚਾਹੁੰਦੀ ਹੈ ।

ਡਾਕਟਰ ਭਗਤ ਸਿੰਘ : ਪਹਿਲਾਂ ਵੀ ਇਹ ਐਗਜ਼ਾਮੀਨੇਸ਼ਨ ਹੁੰਦੇ ਸਨ ।

ਵਿਦਿਆ ਮੰਤਰੀ : ਹੁੰਦੇ ਸਨ, ਪਰ ਪਤਾ ਨਹੀਂ ਕੌਣ ਹਟਾ ਗਿਆ ਹੈ ।

ਇਕ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਔਰ ਹਾਊਸ ਦੇ ਨੋਟਿਸ ਵਿਚ ਹੋਰ ਗੱਲ ਲਿਆਉਣੀ ਚਾਹੁੰਦਾ ਹਾਂ ।

Punjab is the first State which has nationalised all the books. Books will be flooded in the market and there will be no shortage. The credit goes to the Ministry headed by Sardar Darbara Singh.

ਚੇਅਰਮੈਨ ਸਾਹਿਬ, ਮੈਂ ਇਕ ਹੋਰ ਗੱਲ ਤੁਹਾਡੇ ਸਾਹਮਣੇ ਲਿਆਉਣੀ ਹੈ। ਉਹ ਇਹ ਹੈ ਕਿ ਇਹ ਮੇਰੇ ਸਾਹਮਣੇ ਬੈਠੇ ਵੀਰ ਪੰਜਾਬੀ ਦੇ ਬੜੇ ਹੀ ਅਲੰਬਰਦਾਰ ਆਪਣੇ ਆਪਨੂੰ ਕਹਾਉਂਦੇ ਹਨ। ਪਰ ਇਨ੍ਹਾਂ ਨੇ ਇਹ ਪੰਜਾਬੀ ਮੁਹਿੰਦਰਗੜ੍ਹ ਤੋਂ ਲਿਆ ਕੇ ਇਥੇ ਲੈ ਆਂਦੀ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬਿਲਕੁਲ ਪੰਜਾਬੀ ਦੀ ਸੇਵਾ ਨਹੀਂ ਕੀਤੀ, ਬਲਕਿ ਡਿਮ-ਸਰਵਿਸ ਕੀਤੀ ਹੈ। ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੈ। ਮੈਂ ਪਾਂਧੀ ਸਾਹਿਬ ਨੂੰ ਵੀ ਦੱਸ ਦੇਵਾਂ ਕਿ ਸਾਡੇ ਚਾਰ ਬਜ਼ੁਰਗ ਐਥਲੀਟ ਸਨ। ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਉਨ੍ਹਾਂ ਨੂੰ ਪਹੀਏ ਲਗਾ ਕੇ ਆਸਟਰੇਲੀਆ ਵਲ ਤੋਰਿਆ ਔਰ ਉਹ ਚਾਰ ਮੈਡਲ ਜਿੱਤ ਕੇ ਲਿਆਏ ਹਨ। ਉਨ੍ਹਾਂ ਦੀ ਉਮਰ ਕੋਈ 70 ਜਾਂ 65 ਸਾਲਾਂ ਦੀ ਹੋਵੇਗੀ। (ਵਿਘਨ) (ਥੰਪਿੰਗ) He has defined the age.

ਸਰਦਾਰ ਦਲੀਪ ਸਿੰਘ ਪਾਂਧੀ: ਜਿਹੜੇ ਹਾਕੀ ਵਿਚ ਹਾਰ ਗਏ ਹੋ, ਉਹ ਵੀ ਦੱਸ ਦਿਉ।

ਸ੍ਰੀ ਸਭਾਪਤੀ: ਐਜੂਕੇਸ਼ਨ ਮਨਿਸਟਰ ਸਾਹਿਬ, ਪਲੀਜ਼ ਵਾਈਂਡ ਅੱਪ ਕਰੋ। ਜੇਕਰ ਹੁਣ ਵਾਈਂਡ ਅੱਪ ਨਾ ਕੀਤਾ ਤਾਂ ਤੁਸੀਂ ਆਨ ਲੈਗਜ਼ ਡਿਕਲੇਅਰ ਹੋ ਜਾਵੋਗੇ ਔਰ ਤੁਹਾਨੂੰ ਫਿਰ ਛੇ ਮਹੀਨੇ ਬਾਅਦ ਹਾਊਸ ਵਿਚ ਬੋਲਣਾ ਪਵੇਗਾ। (ਹਾਸਾ)

EXTENSION OF TIME OF THE SITTING

Mr. Chairman: Is it the pleasure of the House that the time of the sitting of the House be extended by another 5 minutes.

Voices: Yes, Yes

Mr. Chairman: The time of the sitting of the House is extended up to 3.20 P.M.

JOINT MOTION REGARDING PRESENT EDUCATIONAL SYSTEM IN THE STATE (*Resumption of Discussion*)

ਵਿਦਿਆ ਮੰਤਰੀ: ਚੇਅਰਮੈਨ ਸਾਹਿਬ, ਐਜੂਕੇਸ਼ਨਲ ਰਿਫਾਰਮਜ਼ ਕਮਿਸ਼ਨ ਜਦੋਂ ਸੈਟ ਅੱਪ ਹੋਵੇਗਾ ਤਾਂ ਉਸ ਦੀ ਸੈਟ ਅੱਪ ਵਿਚ, ਉਸ ਦੀ ਆਰਗੇਨਾਈਜ਼ੇਸ਼ਨ ਵਿਚ ਕੋਈ ਐਸੀ ਚੀਜ਼ ਨਹੀਂ ਰੱਖਣੀ ਜਿਹੜੀ ਕਿ ਮੈਂਬਰਾਂ ਦੇ ਇਤਰਾਜ਼ਯੋਗ ਹੋਵੇ। ਇਸ ਕਮਿਸ਼ਨ ਦਾ ਹੈਡ ਐਮੀਨੈਂਟ ਐਜੂਕੇਸ਼ਨਿਸਟ ਹੋਵੇਗਾ।

ਡਾਕਟਰ ਭਗਤ ਸਿੰਘ: ਫਿਰ ਇਸ ਲਈ ਟਾਈਮ ਲਿਮਿਟ ਕਰ ਦਿਓ।

ਵਿਦਿਆ ਮੰਤਰੀ: ਡਾਕਟਰ ਸਾਹਿਬ ਜਦੋਂ ਤਕ ਇਹ ਸੈਟਅੱਪ ਨਹੀਂ ਹੁੰਦਾ ਮੈਂ ਟਾਈਮ ਨਹੀਂ ਦੱਸ ਸਕਦਾ। ਆਖੀਰ ਵਿਚ ਸਰ ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ

ਹਾਂ ਔਰ ਜੋ ਇਨ੍ਹਾਂ ਸਾਰਿਆਂ ਸਾਹਮਣੇ ਬੈਠੇ ਭਰਾਵਾਂ ਨੇ ਐਜੂਕੇਸ਼ਨ ਨਾਲ ਗੁਨਾਹ ਕੀਤੇ ਹਨ ਉਨ੍ਹਾਂ ਬਾਰੇ ਮੈਂ ਕਹਿੰਦਾ ਹਾਂ :—

"ਮੈਂ ਕਿਸ ਕਿਸ ਕੀ ਜ਼ਬਾਂ ਰੋਕੂੰ, ਇਸ ਤਬਾਹੀ ਮੇਂ ਇਨ ਸਭੋਂ ਕਾ ਹਾਥ ਹੈ" (ਹਾਸਾ)

ਡਾਕਟਰ ਭਗਤ ਸਿੰਘ : ਮੈਂ, ਚੇਅਰਮੈਨ ਸਾਹਿਬ, ਆਪ ਜੀ ਦੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੀਆਂ ਸਾਰੀਆਂ ਗੱਲਾਂ ਵਿਚੋਂ ਇਕ ਮੇਨ ਪੁਆਇੰਟ ਇਹ ਸੀ ਕਿ ਐਜੂਕੇਸ਼ਨ ਨੂੰ ਯੂਨੀਫਾਰਮ ਕੀਤਾ ਜਾਵੇ ਸਕੂਲ ਸਭ ਇਕੋ ਹੀ ਹੋ ਜਾਣ । ਇਸ ਮੇਰੀ ਗੱਲ ਦਾ ਜਵਾਬ ਨਹੀਂ ਆਇਆ, ਕੀ ਇਹ ਸਾਰੇ ਸਕੂਲ ਇਕ ਜੈਸੇ ਕਰਨਗੇ ?

ਮਾਸਟਰ ਬਾਬੂ ਸਿੰਘ : ਚੇਅਰਮੈਨ ਸਾਹਿਬ ਮੇਰੇ ਆਨਰੇਬਲ ਦੋਸਤ ਭਾਵੇਂ ਉਹ ਕਾਂਗਰਸ ਪਾਰਟੀ ਦੇ ਹਨ, ਉਨ੍ਹਾਂ ਨੇ ਸਵਾਲ ਰੇਜ਼ ਕੀਤਾ ਸੀ ਕਿ ਪਬਲਿਕ ਸਰਵਿਸ ਕਮਿਸ਼ਨ ਨੂੰ ਕੁਝ ਪੋਸਟਾਂ ਭੇਜੀਆਂ ਹਨ ਪਰ 45 ਸਾਲਾਂ ਦੀ ਏਜ ਦਾ ਬੈਨ ਲਗਾ ਦਿੱਤਾ ਹੈ ਹਾਲਾਂ ਕਿ 55 ਸਾਲਾਂ ਤਕ ਆਦਮੀ ਨੂੰ ਸਰਵਿਸ ਦੇ ਦੌਰਾਨ ਐਕਸਪੀਰੀਐਂਸ ਹੀ ਹੁੰਦਾ ਰਹਿੰਦਾ ਹੈ । ਕੀ ਉਹ ਬੈਨ ਹਟਾਉਣਗੇ ? ਇਸ ਦੇ ਨਾਲ ਹੀ ਮੈਂ ਇਹ ਵੀ ਗੱਲ ਇਨ੍ਹਾਂ ਦੇ ਨੋਟਿਸ ਵਿਚ ਲਿਆਉਣੀ ਹੈ ਕਿ ਐਮ. ਏ. ਸੈਕੰਡ ਕਲਾਸ, ਐਮ. ਕਾਮ. ਔਰ ਐਮ. ਐਸ. ਸੀ. ਸੈਕੰਡ ਕਲਾਸ ਕੈਂਡੀ-ਡੇਟਸ ਨੂੰ ਲਿਆ ਗਿਆ ਹੈ ਔਰ ਐਮ. ਡੀ. ਜਿਹੜੀ ਕਿ ਹਾਈਐਸਟ ਡਿਗਰੀ ਹੈ, ਉਸ ਕੰਡੀ-ਡੇਟ ਨੂੰ ਇਗਨੋਰ ਕੀਤਾ ਗਿਆ ਹੈ। ਕੀ ਅੱਗੋਂ ਤੋਂ ਐਮ. ਏ. ਥਰਡ ਕਲਾਸ ਜਿਹੜੇ ਹੋਣਗੇ ਉਨ੍ਹਾਂ ਨੂੰ ਵੀ ਲਿਆ ਜਾਵੇਗਾ ?

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਚੇਅਰਮੈਨ ਸਾਹਿਬ, ਐਜੂਕੇਸ਼ਨ ਡਿਪਾਰਟਮੈਂਟ ਵਿਚ ਬਹੁਤ ਸਾਰਾ ਬੈਕਲਾਗ ਹੈ, ਪੋਸਟਾਂ ਖਾਲੀ ਪਈਆਂ ਹਨ । ਕੀ ਉਸ ਬੈਕਲਾਗ ਨੂੰ ਪੂਰਾ ਕਰਨਗੇ ?

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਨਾਮਲੀਜ਼ ਦੇ ਕੇਸ ਹਨ ਉਹ ਕਦੋਂ ਤਕ ਨਿਪਟਾ ਕੇ ਇਹ ਐਨਾਮਲੀਜ਼ ਨੂੰ ਦੂਰ ਕਰ ਦੇਣਗੇ ?

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਇਕ 1960 ਦਾ ਪ੍ਰਾਇਮਰੀ ਐਜੂਕੇਸ਼ਨ ਐਕਟ ਪਾਸ ਕੀਤਾ ਹੋਇਆ ਹੈ, ਉਸ ਤੇ ਇਹ ਕਦੋਂ ਤਕ ਅਮਲ ਕਰਵਾ ਦੇਣਗੇ ?

ਸ਼੍ਰੀ ਗੁਰਦਿਆਲ ਸੈਣੀ : ਚੇਅਰਮੈਨ ਸਾਹਿਬ, ਜਿਹੜੇ ਸ਼ਹਿਰਾਂ ਵਿਚ ਸਕੂਲ ਹਨ, ਉਨ੍ਹਾ ਵਿਚੋਂ ਕਈਆਂ ਦੀਆਂ ਬਿਲਡਿੰਗਾਂ ਨਹੀਂ ਬਣੀਆਂ ਹੋਈਆਂ । ਕੀ ਸਰਕਾਰ ਉਧਰ ਵੀ ਧਿਆਨ ਦੇਵੇਗੀ ? ਇਹ ਡਿਸਕ੍ਰਿਮੀਨੇਸ਼ਨ ਪਿੰਡਾਂ ਔਰ ਸ਼ਹਿਰਾਂ ਵਿਚ ਤਾਂ ਨਹੀਂ ਕਰਨਗੇ ?

EXTENSION OF TIME OF THE SITTING

Mr. Chairman: Is it the pleasure of the House that the time of the sitting of the House be extended by another 2 minutes. ?

Voices: Yes, Yes.

Mr. Chairman: The time of the sitting of the House is extended up to 3.22 P.M.

JOINT MOTION REGARDING PRESENT EDUCATIONAL SYSTEM IN THE STATE ((*Resumption of discussion*)

ਵਿਦਿਆ ਮੰਤਰੀ: ਚੇਅਰਮੈਨ ਸਾਹਿਬ, ਧੰਨੋਵਾਲੀਆ ਜੀ ਨੇ ਬੈਕਲਾਗ ਦੀ ਗੱਲ ਕੀਤੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਬੈਕਲਾਗ ਤਾਂ ਪੂਰਾ ਕਰਨ ਵੱਲ ਸਰਕਾਰ ਦਾ ਪਹਿਲਾਂ ਹੀ ਧਿਆਨ ਹੈ।

ਮਾਸਟਰ ਚੰਦ ਸਿੰਘ ਜੀ ਨੇ ਐਨਾਮਲੀਜ਼ ਬਾਰੇ ਕਿਹਾ ਹੈ। ਇਕ ਐਨਾਮਲੀਜ਼ ਕਮੇਟੀ ਬਣੀ ਹੋਈ ਹੈ। ਉਸ ਪਾਸ ਕੇਸ ਗਏ ਹੋਏ ਹਨ। ਅਸੀਂ ਪੈਰਿਟੀ ਸੀਕ ਕੀਤੀ ਹੈ।

ਸ੍ਰੀ ਗੁਰਦਿਆਲ ਸੈਣੀ ਜੀ ਨੇ ਵਿਤਕਰੇ ਦੀ ਗੱਲ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਜਿਸ ਵੀ ਕਿਸੇ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਨਹੀਂ ਹੋਵੇਗੀ, ਉਹ ਬਣਾਵਾਂਗੇ। (ਥਾਪਿੰਗ)

Mr. Chairman: The House stands adjourned *sine die*.

3.20 P.M. (The Sabha then adjourned *sine-die*.)

2027—30-10-81—325—ਸਰਕਾਰੀ ਪ੍ਰੈਸ ਪਟਿਆਲਾ।



1981

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.


Punjab Vidhan Sabha Debates

28th February, 1981

ANNEXURE I

Vol. II—No. 27

OFFICIAL REPORT



CONTENTS

Saturday, the 28th February, 1981

PUNJAB VIDHAN SABHA SECRETARIAT CHANDIGARH

Price : Rs. 28.14

UN
B

C

*9
lease
the a
Sch

ਸਰਦ
ਸਬੰ

ਮਾਨਤਾ
ਉਚੇਰੀ
ਵਾਲੀ
ਕਿ ਸ

ਮਾਨ
ਲਾ ਮਾ
ਇਮਤਿ
ਕੀਤੇ ਜਾ
ਅਧਿਕ

ਕਲਾ
ਸਟੈਂਡ

PUNJAB VIDHAN SABHA

Saturday, the 28th February, 1981

ANNEXURE

This Annexure contains Unstarred Questions (Converted as such from being Starred Questions) and Answers for the meeting dated 28th February, 1981. (These were received late from the Government).

UNSTARRED QUESTIONS (CONVERTED AS SUCH FROM BEING STARRED QUESTIONS) AND ANSWERS FOR THE 28TH FEBRUARY, 1981.

Conditions governing the Admission to Government Schools/ Colleges

***99(C.U.) Master Babu Singh :** Will the Minister for Education e pleased to lay on the Table of the House a copy of the conditions govern-g the admission of students in Government Middle/High/Higher Secon-y Schools and Colleges in the State ?

ਸਰਦਾਰ ਹਰਚਰਨ ਸਿੰਘ ਅਜਨਾਲਾ : ਸਰਕਾਰੀ ਮਿਡਲ/ਹਾਈ/ਹਾਇਰ ਸੈਕੰਡਰੀ ਸਕੂਲਾਂ ਦੇ ਸਬੰਧੀ ਹਦਾਇਤਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ।

ਜਿੱਥੋਂ ਤੱਕ ਸਰਕਾਰੀ ਕਾਲਜਾਂ ਵਿਚ ਦਾਖਲੇ ਦਾ ਸਬੰਧ ਹੈ, ਰਾਜ ਦੇ ਸਾਰੇ ਸਰਕਾਰੀ ਕਾਲਜਾਂ ਖਲਾ ਮੈਰਿਟ ਦੇ ਆਧਾਰ ਤੇ ਅਫੀਲੀਏਟਿੰਗ ਯੂਨੀਵਰਸਟੀਆਂ ਵੱਲੋਂ ਨਿਰਧਾਰਤ ਕੀਤੇ ਗਏ ਨੁਸਾਰ ਕੀਤਾ ਜਾਂਦਾ ਹੈ।

ਸਕੂਲਾਂ ਵਿਚ ਦਾਖਲੇ ਬਾਰੇ ਹਦਾਇਤਾਂ

ਮਾਨਤਾ ਪ੍ਰਾਪਤ ਪ੍ਰਾਇਮਰੀ ਜਾਂ ਮਿਡਲ ਸਕੂਲਾਂ ਦੇ ਵਿਦਿਆਰਥੀ ਮਾਨਤਾ ਪ੍ਰਾਪਤ ਸਕੂਲਾਂ ਆਂ ਉਚੇਰੀਆਂ ਕਲਾਸਾਂ ਵਿਚ ਦਾਖਲਾ ਤਦ ਹੀ ਲੈ ਸਕਦੇ ਹਨ ਜੇ ਉਹ ਸਕੂਲ ਦੇ ਮੁਖੀ ਵੱਲੋਂ ਾਖਲੇ ਵਾਲੀ ਕਲਾਸ ਸਬੰਧੀ ਰੱਖਿਆ ਇਮਤਿਹਾਨ ਪਾਸ ਕਰ ਲੈਣ। ਇਸ ਨਾਲ ਯਕੀਨ ਹੋ ਜਾਵੇਗਾ ਕਿ ਸਬੰਧਤ ਵਿਦਿਆਰਥੀ ਉਚੀ ਕਲਾਸ ਵਿਚ ਠੀਕ ਚੱਲ ਸਕੇਗਾ।

ਨਾ ਮਾਨਤਾ ਪ੍ਰਾਪਤ ਸਕੂਲਾਂ ਦੇ ਵਿਦਿਆਥੀ ਜਿਹੜੇ ਕਿ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦਾ ਦਾਖਲਾ ਮਾਨਤਾ ਪ੍ਰਾਪਤ ਸਕੂਲਾਂ ਵਿਚ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸਕੂਲਾਂ ਦੇ ਮੁਖੀਆਂ ਵੱਲੋਂ ਰੱਖਿਆ ਇਮਤਿਹਾਨ ਪਾਸ ਕਰਨਾ ਪਵੇਗਾ ਅਤੇ ਜਿਸ ਕਲਾਸ ਦੇ ਉਹ ਕਾਬਲ ਹੋਣਗੇ ਉਸ ਵਿਚ ਦਾਖਲ ਕੀਤੇ ਜਾਣਗੇ। ਇਮਤਿਹਾਨਾਂ ਦੇ ਸਵਾਲਾਂ ਅਤੇ ਜਵਾਬਾਂ ਦੇ ਪਰਚੇ ਅਤੇ ਦਿੱਤੇ ਅਵਾਰਡਜ਼ ਨਰਿਕਸ਼ਨ ਅਧਿਕਾਰੀ ਨੂੰ ਉਨ੍ਹਾਂ ਦੀ ਸਕੂਲ ਦੀ ਆਉਂਦੀ ਵਿਜਿਟ ਤੇ ਵਿਖਾਏ ਜਾਣਗੇ।

ਨੌਵੀਂ ਕਲਾਸ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀ ਨੂੰ ਪੰਜਾਬ ਸਕੂਲ ਸਿਖਿਆ ਬੋਰਡ ਦੀ ਮਿਡਲ ਸਟੈਂਡਰਡ ਦੀ ਪ੍ਰੀਖਿਆ ਪਾਸ ਕੀਤੀ ਹੋਣੀ ਚਾਹੀਦੀ ਹੈ।

[Minister for Education]

ਨੌਵੀਂ ਪਾਸ ਕਰਨ ਉਪਰੰਤ ਦਸਵੀਂ ਕਲਾਸ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀ ਤਾਂ ਹੀ ਦਾਖਲ ਹੋ ਸਕਦੇ ਹਨ ਜੇ ਉਹ ਸਕੂਲਾਂ ਦੇ ਮੁਖੀਆਂ ਵੱਲੋਂ ਦਿੱਤਾ ਇਮਤਿਹਾਨ ਜਿਸ ਸਕੂਲ ਵਿਚ ਉਹ ਦਾਖਲ ਹੋਣਾ ਚਾਹੁੰਦੇ ਹਨ, ਪਾਸ ਕਰ ਲੈਣ ਤਾਂ ਜੋ ਉਨ੍ਹਾਂ ਦਾ ਅਗਲੀ ਕਲਾਸ ਵਿਚ ਚੱਲਣ ਦਾ ਠੀਕ ਪਤਾ ਲੱਗ ਸਕੇ ।

ਗਿਆਰਵੀਂ ਕਲਾਸ ਵਿਚ ਦਾਖਲਾ ਲੈਣ ਵਾਸਤੇ ਵਿਦਿਆਰਥੀ ਨੇ ਪੰਜਾਬ ਸਕੂਲ ਸਿਖਿਆ ਬੋਰਡ ਦਾ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ ਹੋਣਾ ਚਾਹੀਦਾ ਹੈ।

ਜੇ ਕੋਈ ਬੱਚਾ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੋਂ ਇਲਾਵਾ ਪੰਜਾਬ ਤੋਂ ਬਾਹਰ ਕਿਸੇ ਹੋਰ ਆਰਗੇਨਾਈਜ਼ੇਸ਼ਨ ਦੀ ਅੱਠਵੀਂ ਜਮਾਤ ਪਾਸ ਹੋਵੇ ਤਾਂ ਉਸ ਸਬੰਧੀ ਹੇਠ ਲਿਖੇ ਅਨੁਸਾਰ ਸ਼ਰਤ ਹੁੰਦੀ ਹੈ :—

ਜੇ ਉਮੀਦਵਾਰ ਨੇ ਅੱਠਵੀਂ ਜਮਾਤ ਪਬਲਿਕ ਅਗਜ਼ਾਮੀਨੇਸ਼ਨ ਵਾਲੀ ਪੰਜਾਬ ਤੋਂ ਬਾਹਰਲੇ ਬੋਰਡ ਰਾਹੀਂ ਪਾਸ ਕੀਤੀ ਹੋਵੇ ਤਾਂ ਸਕੂਲ ਵਲੋਂ ਉਸ ਬੱਚੇ ਨੂੰ ਨੌਂਵੀਂ ਜਮਾਤ ਵਿਚ ਦਾਖਲ ਕਰ ਕੇ ਹਰ ਕੇਸ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਦੀ ਵਿਸ਼ੇਸ਼ ਮਨਜ਼ੂਰੀ ਪ੍ਰਾਪਤ ਕੀਤੀ ਜਾਂਦੀ ਹੈ । ਪਰ ਜੇ ਕਿਸੇ ਬੱਚੇ ਨੂੰ ਅੱਠਵੀਂ ਜਮਾਤ ਦਾ ਉਹ ਇਮਤਿਹਾਨ ਪਾਸ ਕੀਤਾ ਹੋਵੇ ਜੋ ਉਸ ਸਟੇਟ ਦਾ ਪਬਲਿਕ ਅਗਜ਼ਾਮੀਨੇਸ਼ਨ ਨਾ ਹੋਵੇ ਤਾਂ ਫਿਰ ਉਸ ਬੱਚੇ ਨੂੰ ਉਸ ਬੋਰਡ ਦੇ ਸੈਕਟਰੀ ਪਾਸੋਂ ਆਪਣਾ ਸਰਟੀਫਿਕੇਟ ਕਾਊਂਟਰਸਾਈਨ ਕਰਵਾਉਣ ਲਈ ਕਿਹਾ ਜਾਂਦਾ ਹੈ ਜਿਸ ਬੋਰਡ ਨਾਲ ਉਹ ਸਕੂਲ ਐਫੀਲੀਏਟ ਹੋਇਆ ਹੋਵੇ ।

ਜਿਥੇ ਅੱਠਵੀਂ ਅਤੇ ਦਸਵੀਂ ਜਮਾਤ ਦਾ ਇਮਤਿਹਾਨ ਕੋਈ ਬੋਰਡ ਨਾ ਲੈਂਦੀ ਹੋਵੇ ਬਲਕਿ ਸਕੂਲ ਹੀ ਆਪਣੇ ਪੱਧਰ ਤੇ ਇਮਤਿਹਾਨ ਲੈਂਦਾ ਹੋਵੇ, ਅਜਿਹੇ ਸਕੂਲਾਂ ਵਿਚੋਂ ਆਏ ਵਿਦਿਆਰਥੀਆਂ ਦੇ ਸਰਟੀਫਿਕੇਟ ਉਥੋਂ ਦੇ ਸਿਖਿਆ ਅਧਿਕਾਰੀਆਂ ਤੋਂ ਕਾਊਂਟਰਸਾਈਨ ਕਰਵਾਏ ਜਾਂਦੇ ਹਨ।

ਦਸਵੀਂ ਜਮਾਤ ਵਿਚ ਦਾਖਲੇ ਲਈ ਬੱਚਾ ਨੌਂਵੀਂ ਜਮਾਤ ਦਾ ਇਮਤਿਹਾਨ ਪਾਸ ਹੋਣਾ ਚਾਹੀਦਾ ਹੈ ਅਤੇ ਉਸ ਸਕੂਲ ਵਿਚ ਜਿਸ ਸਕੂਲ ਵਿਚ ਉਸਨੇ ਦਾਖਲ ਹੋਣਾ ਹੈ, ਹੈਡਮਾਸਟਰ ਵੱਲੋਂ ਲਏ ਟੈਸਟ ਨੂੰ ਪਾਸ ਕਰਨਾ ਹੋਵੇਗਾ । ਗਿਆਰਵੀਂ ਜਮਾਤ ਵਿਚ ਦਾਖਲ ਹੋਣ ਵਾਸਤੇ ਹਰ ਬੱਚੇ ਨੂੰ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਰਾਜ ਤੋਂ ਬਾਹਰ ਦੇ ਆਏ ਦਸਵੀਂ ਅਤੇ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਵਾਸਤੇ ਦਾਖਲੇ ਦੀਆਂ ਸ਼ਰਤਾਂ ਉਹ ਹੀ ਹਨ ਜੋ ਉਪਰ ਨੌਂਵੀਂ ਜਮਾਤ ਦੇ ਸਿਲਸਿਲੇ ਵਿਚ ਦੱਸੀਆਂ ਗਈਆਂ ਹਨ ।

———

Large Scale Evasion of Passenger Tax

***248.(C.U.) Master Babu Singh** : Will the Chief Minister be pleased to state :—

(a) whether the Government is aware of the large scale evasion of the Passenger Tax by the Private Transport Companies in the State ; if so, the steps taken or proposed to be taken to check such evasion ;

(b) the names of Private Transport Companies fined for evasion of passenger tax during the period from 1st January, 1977 to 1st July, 1980 alongwith the amount of fine realised ?

ਸਰਦਾਰ ਦਰਬਾਰਾ ਸਿੰਘ : (ੳ) ਸਰਕਾਰ ਨੂੰ ਪਤਾ ਹੈ ਕਿ ਰਾਜ ਵਿੱਚ ਪਰਾਈਵੇਟ ਟਰਾਂਸ-ਪੋਰਟ ਕੰਪਨੀਆਂ ਵੱਲੋਂ ਯਾਤਰੀ ਕਰ ਦੀ ਕੁਝ ਚੋਰੀ ਹੁੰਦੀ ਹੈ। ਜ਼ਿਲ੍ਹਾ ਪੱਧਰ ਤੇ ਯਾਤਰੀ ਕਰ ਦੀ ਚੋਰੀ ਇਨਫੋਰਸਮੈਂਟ ਅਮਲਾ ਅਤੇ ਮੋਬਾਇਲ ਸੁਕੈਡ ਚੈੱਕ ਕਰਦੇ ਹਨ। ਅਜਿਹੀ ਚੋਰੀ ਨੂੰ ਰੋਕਣ ਵਾਸਤੇ ਸਮੇਂ ਸਮੇਂ ਤੇ ਖਾਸ ਮੁਹਿੰਮਾਂ ਅਤੇ ਰਾਤਰੀ ਚੈਕਿੰਗਾਂ ਚਲਾਈਆਂ ਜਾਂਦੀਆਂ ਹਨ।

(ਅ) ਸੂਚੀ ਹਾਊਸ ਦੀ ਮੇਜ਼* ਤੇ ਰੱਖੀ ਜਾਂਦੀ ਹੈ।

Link Road between Bhodipura and Ramuwala Rampura Phul Assembly Constituency

***251.(C.U.) Master Babu Singh :** Will the Chief Minister be pleased to state :—

(a) whether the Government is aware of the dilapidated condition of the link road between Bhodipura and Ramuwala villages within the Rampura Phul Assembly Constituency, if so, the steps taken to repair the road ;

(b) the year in which the link road was constructed and the date on which it was tarred last ?

ਸਰਦਾਰ ਦਰਬਾਰਾ ਸਿੰਘ :(ੳ) ਇਸ ਮਹਿਕਮੇ ਦੇ ਧਿਆਨ ਵਿੱਚ ਹੈ ਕਿ ਇਹ ਸੜਕ ਅਕਸਰ ਨਾਲ ਵਹਿੰਦੇ ਪਾਣੀ ਨਾਲ ਖਰਾਬ ਹੋ ਰਹੀ ਹੈ। ਫਿਰ ਵੀ ਨਾਲ ਨਾਲ ਇਸ ਸੜਕ ਦੀ ਮੁਰੰਮਤ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਇਸ ਵੇਲੇ ਇਹ ਸੜਕ ਗੱਡੀਆਂ ਦੇ ਆਣੇ ਜਾਣੇ ਲਈ ਫਿੱਟ ਹੈ।

(ਅ) ਇਹ ਸੜਕ 1973-74 ਵਿੱਚ ਬਣਾਈ ਗਈ ਸੀ ਅਤੇ ਲੁੱਕ ਦਾ ਕੋਟ 4 ਅਪ੍ਰੈਲ, 1975 ਵਿੱਚ ਆਖਰੀ ਕੀਤਾ ਗਿਆ ਸੀ।

Employment Exchanges in the State

***342(C.U.). Master Babu Singh :** Will the Minister for Welfare be pleased to state :—

(a) the names of the Employment Exchanges in the State, district-wise, as on 31st October, 1980 ;

(b) the total number of persons category-wise registered with the said exchanges district-wise on the said date ?

ਭਲਾਈ ਮੰਤਰੀ : (ੳ) ਸੂਚੀ ਨੱਥੀ ਕੀਤੀ ਜਾਂਦੀ ਹੈ।

(ਅ) 31 ਅਕਤੂਬਰ, 1980 ਨੂੰ ਉਪਰੋਕਤ ਰੋਜ਼ਗਾਰ ਦਫ਼ਤਰਾਂ ਵਿਚ ਕੁੱਲ 45902 ਉਮੀਦਵਾਰ ਦਰਜ ਸਨ। ਜ਼ਿਲ੍ਹੇਵਾਰ ਤੇ ਕੈਟੇਗਰੀ-ਵਾਰ ਸੂਚੀ ਨੱਥੀ ਕੀਤੀ ਜਾਂਦੀ ਹੈ।

---

*Placed in Library.

[ਭਲਾਈ ਮੰਤਰੀ]

ਸੂਚੀ

31 ਅਕਤੂਬਰ, 1980 ਨੂੰ ਪ੍ਰਾਂਤ ਵਿਚ ਸਥਾਪਿਤ ਜ਼ਿਲ੍ਹਾ-ਵਾਰ ਰੋਜ਼ਗਾਰ ਦਫਤਰ।

ਦਫਤਰਾਂ ਦੀ ਗਿਣਤੀ	ਲੜੀ ਨੰ:	ਦਫ਼ਤਰ ਦਾ ਨਾਂ
ਪ੍ਰਾਂਤ ਸਦਰ ਮੁਕਾਮ 3	1	ਸਟੇਟ ਰੋਜ਼ਗਾਰ ਦਫਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਚੰਡੀਗੜ੍ਹ
	2	ਸਪੈਸ਼ਲ ਰੋਜ਼ਗਾਰ ਦਫਤਰ (ਅੰਗਹੀਣਾਂ ਲਈ), ਚੰਡੀਗੜ੍ਹ
	3	ਕਿੱਤਾ ਤੇ ਕਾਰਜ ਸਾਧਕ ਅਫਸਰ, ਡਾਇਰੈਕਟੋਰੇਟ, ਰੋਜ਼ਗਾਰ ਵਿਭਾਗ, ਚੰਡੀਗੜ੍ਹ।
ਜ਼ਿਲ੍ਹੇ		
1. ਅੰਮ੍ਰਿਤਸਰ	4	ਉਪ ਪ੍ਰਦੇਸ਼ਕ ਰੋਜ਼ਗਾਰ ਦਫਤਰ, ਅੰਮ੍ਰਿਤਸਰ।
	5	ਟਾਊਨ ਰੋਜ਼ਗਾਰ ਦਫਤਰ, ਛੇਹਰਟਾ।
	6	ਟਾਊਨ ਰੋਜ਼ਗਾਰ ਦਫਤਰ, ਤਰਨ ਤਾਰਨ।
	7	ਯੂਨੀਵਰਸਿਟੀ ਰੋਜ਼ਗਾਰ ਦਫਤਰ ਤੇ ਮਾਰਗ ਦਰਸ਼ਨ ਕੇਂਦਰ, ਅੰਮ੍ਰਿਤਸਰ।
2. ਬਠਿੰਡਾ 3	8	ਉਪ ਪ੍ਰਦੇਸ਼ਕ ਰੋਜ਼ਗਾਰ ਦਫਤਰ, ਬਠਿੰਡਾ।
	9	ਟਾਊਨ ਰੋਜ਼ਗਾਰ ਦਫਤਰ, ਮਾਨਸਾ।
	10	ਟਾਊਨ ਰੋਜ਼ਗਾਰ ਦਫਤਰ, ਰਾਮਪੁਰਾ ਫੂਲ।
3. ਫਿਰੋਜ਼ਪੁਰ 2	11	ਜ਼ਿਲ੍ਹਾ ਰੋਜ਼ਗਾਰ ਦਫਤਰ, ਫਿਰੋਜ਼ਪੁਰ।
	12	ਟਾਊਨ ਰੋਜ਼ਗਾਰ ਦਫਤਰ, ਅਬੋਹਰ।
4. ਫਰੀਦਕੋਟ 4	13	ਜ਼ਿਲ੍ਹਾ ਰੋਜ਼ਗਾਰ ਦਫਤਰ, ਫਰੀਦਕੋਟ।
	14	ਟਾਊਨ ਰੋਜ਼ਗਾਰ ਦਫਤਰ, ਮੋਗਾ।
	15	ਟਾਊਨ ਰੋਜ਼ਗਾਰ ਦਫਤਰ, ਮੁਕਤਸਰ।
	16	ਉਪ ਰੋਜ਼ਗਾਰ ਦਫਤਰ, ਗਿੱਦੜਬਾਹਾ।
5. ਗੁਰਦਾਸਪੁਰ 4	17	ਜ਼ਿਲ੍ਹਾ ਰੋਜ਼ਗਾਰ ਦਫਤਰ, ਗੁਰਦਾਸਪੁਰ।
	18	ਟਾਊਨ ਰੋਜ਼ਗਾਰ ਦਫਤਰ, ਬਟਾਲਾ।

ਦਫਤਰਾਂ ਦੀ ਗਿਣਤੀ	ਲੜੀ ਨੰ:	ਦਫ਼ਤਰ ਦਾ ਨਾਂ
	19	ਟਾਊਨ ਰੋਜ਼ਗਾਰ ਦਫਤਰ, ਪਠਾਨਕੋਟ।
	20	ਉਪ ਰੋਜ਼ਗਾਰ ਦਫਤਰ, ਧਾਰ ਕਲਾਂ।
6. ਹੁਸ਼ਿਆਰਪੁਰ 2	21	ਜ਼ਿਲ੍ਹਾ ਰੋਜ਼ਗਾਰ ਦਫਤਰ, ਹੁਸ਼ਿਆਰਪੁਰ।
	22	ਜ਼ਿਲ੍ਹਾ ਰੋਜ਼ਗਾਰ ਦਫਤਰ, ਤਲਵਾੜਾ (ਪਰੋਜੈਕਟ ਦਫਤਰ)
7. ਜਲੰਧਰ 2	23	ਉਪ ਪ੍ਰਦੇਸ਼ਕ ਰੋਜ਼ਗਾਰ ਦਫਤਰ, ਜਲੰਧਰ।
	24	ਟਾਊਨ ਰੋਜ਼ਗਾਰ ਦਫਤਰ, ਨਵਾਂ ਸ਼ਹਿਰ।
8. ਕਪੂਰਥਲਾ 2	25	ਜ਼ਿਲ੍ਹਾ ਰੋਜ਼ਗਾਰ ਦਫਤਰ, ਕਪੂਰਥਲਾ।
	26	ਟਾਊਨ ਰੋਜ਼ਗਾਰ ਦਫਤਰ, ਫਗਵਾੜਾ।
9. ਲੁਧਿਆਣਾ 5	27	ਉਪ ਪ੍ਰਦੇਸ਼ਕ ਰੋਜ਼ਗਾਰ ਦਫਤਰ, ਲੁਧਿਆਣਾ।
	28	ਯੂਨੀਵਰਸਿਟੀ ਰੋਜ਼ਗਾਰ ਸੂਚਨਾ ਤੇ ਮਾਰਗ ਦਰਸ਼ਨ ਕੇਂਦਰ, ਲੁਧਿਆਣਾ।
	29	ਟਾਊਨ ਰੋਜ਼ਗਾਰ ਦਫਤਰ, ਖੰਨਾ।
	30	ਟਾਊਨ ਰੋਜ਼ਗਾਰ ਦਫਤਰ, ਜਗਰਾਉਂ।
	31	ਟੈਕਨੀਕਲ ਰੋਜ਼ਗਾਰ ਦਫਤਰ, ਲੁਧਿਆਣਾ।
10. ਪਟਿਆਲਾ 4	32	ਉਪ ਪ੍ਰਦੇਸ਼ਕ ਰੋਜ਼ਗਾਰ ਦਫਤਰ, ਪਟਿਆਲਾ।
	33	ਯੂਨੀਵਰਸਿਟੀ ਰੋਜ਼ਗਾਰ ਸੂਚਨਾਂ ਤੇ ਮਾਰਗ ਦਰਸ਼ਨ ਕੇਂਦਰ, ਪਟਿਆਲਾ।
	34	ਟਾਊਨ ਰੋਜ਼ਗਾਰ ਦਫਤਰ, ਸਰਹਿੰਦ।
	35	ਟਾਊਨ ਰੋਜ਼ਗਾਰ ਦਫਤਰ, ਰਾਜਪੁਰਾ।
11. ਰੋਪੜ 2	36	ਜ਼ਿਲ੍ਹਾ ਰੋਜ਼ਗਾਰ ਦਫਤਰ, ਰੋਪੜ।
	37	ਜ਼ਿਲ੍ਹਾ ਦਫਤਰ, ਨੰਗਲ (ਪ੍ਰੋਜੈਕਟ ਦਫਤਰ)
12. ਸੰਗਰੂਰ 3	38	ਜ਼ਿਲ੍ਹਾ ਰੋਜ਼ਗਾਰ ਦਫਤਰ, ਸੰਗਰੂਰ।
	39	ਟਾਊਨ ਰੋਜ਼ਗਾਰ ਦਫਤਰ, ਬਰਨਾਲਾ।
	40	ਟਾਊਨ ਰੋਜ਼ਗਾਰ ਦਫਤਰ, ਮਲੇਰ ਕੋਟਲਾ।

[ਭਲਾਈ ਮੰਤਰੀ]

(ਅ) 31 ਅਕਤੂਬਰ, 1980 ਨੂੰ ਜ਼ਿਲ੍ਹਾ-ਵਾਰ ਰੋਜ਼ਗਾਰ ਦਫਤਰਾਂ ਵਿਚ ਕੈਟੇਗਰੀ-ਵਾਰ ਦਰਜ ਉਮੀਦਵਾਰਾਂ ਦੀ ਗਿਣਤੀ।

ਲੜੀ ਨੰ:	ਦਫਤਰ ਦਾ ਨਾਂ	31-10-80 ਨੂੰ ਦਰਜ ਕੁੱਲ ਬੇਰੋਜ਼ਗਾਰ	ਕੁੱਲ ਜੋੜ (ਕਾਲਮ 3 ਵਿਚ ਸ਼ਾਮਲ ਕੈਟੇਗਰੀ-ਵਾਰ ਬੇ-ਰੋਜ਼ਗਾਰ)			
			ਔਰਤਾਂ	ਅਨੁਸੂਚਿਤ ਜਾਤੀ	ਪਛੜੀ ਸ਼੍ਰੇਣੀ	ਸਾਬਕਾ ਫੌਜੀ
1	2	3	4	5	6	7
1	ਪ੍ਰਾਂਤ ਸਦਰ ਮੁਕਾਮ	30,944	3,108	4,678	205	1,534
2	ਸਪੈਸ਼ਲ ਰੋਜ਼ਗਾਰ ਦਫਤਰ (ਅੰਗਹੀਣਾਂ ਲਈ) ਪੰਜਾਬ, ਚੰਡੀਗੜ੍ਹ	3,091	469	437	28	324
3	ਕਿੱਤਾ ਤੇ ਕਾਰਜ ਸਾਧਕ ਦਫਤਰ, ਚੰਡੀਗੜ੍ਹ	4,694	2,319	134	25	59
	ਜ਼ਿਲ੍ਹਾ ਅੰਮ੍ਰਿਤਸਰ					
4	ਉਪ-ਪ੍ਰਦੇਸ਼ਕ ਰੋਜ਼ਗਾਰ ਦਫਤਰ, ਅੰਮ੍ਰਿਤਸਰ	46,506	11,930	6,766	425	2,326
5	ਟਾਊਨ ਰੋਜ਼ਗਾਰ ਦਫਤਰ, ਛੇਹਰਟਾ	5,856	440	469	97	464
6	ਟਾਊਨ ਰੋਜ਼ਗਾਰ ਦਫਤਰ, ਤਰਨ ਤਾਰਨ	8,118	1,567	1,199	151	828
7	ਯੂ. ਈ. ਬੀ. ਅੰਮ੍ਰਿਤਸਰ	1,344	732	27	28	26
	ਜੋੜ ..	61,824	14,669	8,461	701	3,644

1	2	3	4	5	6	7
	2. ਬਠਿੰਡਾ					
8	ਉਪ ਪ੍ਰਦੇਸ਼ਕ ਰੋਜ਼ਗਾਰ ਦਫਤਰ, ਬਠਿੰਡਾ	21,819	3,456	3,977	241	498
9	ਟਾਊਨ ਰੋਜ਼ਗਾਰ ਦਫਤਰ, ਮਾਨਸਾ	6,180	1,300	1,460	127	217
10	ਟਾਊਨ ਰੋਜ਼ਗਾਰ ਦਫਤਰ, ਰਾਮਪੁਰਾ ਫੂਲ	3,602	816	939	64	203
	ਜੋੜ ..	31,601	5,572	6,376	432	918
	3. ਫਿਰੋਜ਼ਪੁਰ					
11	ਜ਼ਿਲ੍ਹਾ ਰੋਜ਼ਗਾਰ ਦਫਤਰ, ਫਿਰੋਜ਼ਪੁਰ	15,541	3,552	2,966	175	495
12	ਟਾਊਨ ਰੋਜ਼ਗਾਰ ਦਫਤਰ, ਅਬੋਹਰ	8,536	1,541	1,201	97	83
	ਜੋੜ ..	24,077	5,093	4,167	272	578
	4. ਫਰੀਦਕੋਟ					
13	ਜ਼ਿਲ੍ਹਾ ਰੋਜ਼ਗਾਰ ਦਫਤਰ, ਫਰੀਦਕੋਟ	12,260	3,077	2,667	285	265
14	ਟਾਊਨ ਰੋਜ਼ਗਾਰ ਦਫਤਰ, ਮੋਗਾ	9,215	2,067	1,088	208	551
15	ਟਾਊਨ ਰੋਜ਼ਗਾਰ ਦਫਤਰ, ਮੁਕਤਸਰ	5,836	1,104	1,653	154	75
16	ਉਪ ਰੋਜ਼ਗਾਰ ਦਫਤਰ, ਗਿੱਦੜਬਾਹਾ	1,852	341	369	36	13
	ਜੋੜ ..	29,163	6,589	5,777	683	904

[ਭਲਾਈ ਮੰਤਰੀ]

1	2	3	4	5	6	7
	5. ਗੁਰਦਾਸਪੁਰ					
17	ਜ਼ਿਲ੍ਹਾ ਰੋਜ਼ਗਾਰ ਦਫਤਰ, ਗੁਰਦਾਸ-ਪੁਰ	19,658	4,078	5,133	443	1,173
18	ਟਾਊਨ ਰੋਜ਼ਗਾਰ ਦਫਤਰ, ਬਟਾਲਾ	12,257	2,136	3,596	218	974
19	ਟਾਊਨ ਰੋਜ਼ਗਾਰ ਦਫਤਰ, ਪਠਾਨਕੋਟ	25,692	1,782	3,540	402	930
20	ਉਪ ਰੋਜ਼ਗਾਰ ਦਫਤਰ, ਧਾਰ ਕਲਾਂ	3,954	261	616	102	201
	ਜੋੜ ..	61,561	8,257	12,875	1,165	3,278
	6. ਹੁਸ਼ਿਆਰਪੁਰ					5
21	ਜ਼ਿਲ੍ਹਾ ਰੋਜ਼ਗਾਰ ਦਫਤਰ, ਹੁਸ਼ਿਆਰਪੁਰ	19,249	2,865	6,134	369	1,663
22	ਜ਼ਿਲ੍ਹਾ ਰੋਜ਼ਗਾਰ ਦਫਤਰ, ਤਲਵਾੜਾ	11,322	2,037	2,330	304	859
	ਜੋੜ	30,571	4,902	8,469	673	2,522
	7. ਜਲੰਧਰ					
23	ਉਪ ਪ੍ਰਦੇਸ਼ਕ ਰੋਜ਼ਗਾਰ ਦਫਤਰ, ਜਲੰਧਰ	32,928	6,459	6,347	721	1,751
24	ਟਾਊਨ ਰੋਜ਼ਗਾਰ ਦਫਤਰ, ਨਵਾਂ ਸ਼ਹਿਰ	6,445	1,265	2,989	138	248
	ਜੋੜ ...	39,373	7,724	9,336	859	1,999
	8. ਕਪੂਰਥਲਾ					
25	ਜ਼ਿਲ੍ਹਾ ਰੋਜ਼ਗਾਰ ਦਫਤਰ, ਕਪੂਰਥਲਾ	9,711	1,889	1,303	131	780
26	ਟਾਊਨ ਰੋਜ਼ਗਾਰ ਦਫਤਰ, ਫਗਵਾੜਾ	2,478	498	752	32	181
	ਜੋੜ ...	12,189	2,387	2,055	163	961

1	2	3	4	5	6	7
	9. ਲੁਧਿਆਣਾ					
27	ਉਪ-ਪ੍ਰਦੇਸ਼ਕ ਰੋਜ਼ਗਾਰ ਦਫਤਰ, ਲੁਧਿਆਣਾ	22,785	7,868	3,239	136	2,543
28	ਯੂ.ਈ.ਬੀ., ਲੁਧਿਆਣਾ ...	1,560	784	36	6	11
29	ਟਾਊਨ ਰੋਜ਼ਗਾਰ ਦਫਤਰ, ਖੰਨਾ	4,361	698	1,528	57	334
30	ਟਾਊਨ ਰੋਜ਼ਗਾਰ ਦਫਤਰ, ਜਗਰਾਉਂ	6,042	1,288	1,885	123	546
31	ਟੈਕਨੀਕਲ ਰੋਜ਼ਗਾਰ ਦਫਤਰ, ਲੁਧਿਆਣਾ	1,646	5	183	3	186
	ਜੋੜ ...	36,394	10,643	6,871	325	3,620
	10. ਪਟਿਆਲਾ					
32	ਉਪ-ਪ੍ਰਦੇਸ਼ਕ ਰੋਜ਼ਗਾਰ ਦਫਤਰ, ਪਟਿਆਲਾ ...	27,742	4,089	6,933	147	1,265
33	ਯੂ. ਈ. ਬੀ., ਪਟਿਆਲਾ	1,594	890	32	13	6
34	ਟਾਊਨ ਰੋਜ਼ਗਾਰ ਦਫਤਰ, ਸਰਹਿੰਦ	4,599	729	1,443	85	228
35	ਟਾਊਨ ਰੋਜ਼ਗਾਰ ਦਫਤਰ, ਰਾਜਪੁਰਾ	9,759	1,168	1,932	178	389
	ਜੋੜ ...	43,694	6,876	10,340	423	1,888
	11. ਰੋਪੜ					
36	ਜ਼ਿਲ੍ਹਾ ਰੋਜ਼ਗਾਰ ਦਫਤਰ, ਰੋਪੜ	11,273	1,162	2,918	154	688
37	ਜ਼ਿਲ੍ਹਾ ਰੋਜ਼ਗਾਰ ਦਫਤਰ, ਨੰਗਲ	9,963	1,426	2,170	43	304
	ਜੋੜ	21,236	2,588	5,088	197	992

[ਭਲਾਈ ਮੰਤਰੀ]

1	2	3	4	5	6	7
	12. ਸੰਗਰੂਰ					
38	ਜ਼ਿਲ੍ਹਾ ਰੋਜ਼ਗਾਰ ਦਫਤਰ, ਸੰਗਰੂਰ	11,807	2,506	2,501	138	787
39	ਟਾਊਨ ਰੋਜ਼ਗਾਰ ਦਫਤਰ, ਬਰਨਾਲਾ	6,116	1,509	1,305	47	507
40	ਟਾਊਨ ਰੋਜ਼ਗਾਰ ਦਫਤਰ, ਮਲੇਰ ਕੋਟਲਾ ...	6,567	1,045	2,178	78	349
	ਜੋੜ ...	24,490	5,060	5,984	263	1,643
	ਕੁੱਲ ਜੋੜ ...	454,902	86,256	91,048	6,414	24,864

Opening of some Veterinary Dispensaries in the Balachaur Assembly Constituency

*363.(C.U.). **Master Dalip Chand :** Will the Minister for Development be pleased to state —

(a) whether it is a fact that there is insufficient number of Veterinary Dispensaries in the Balachaur Assembly Constituency ;

(b) whether the Government proposed to open Veterinary Dispensaries in villages Malewal, Kandi, Nighi, Jadli, Mutton, Bhaddi, Tarnsa and Jainpur of Balachaur Assembly Constituency ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਨਹੀਂ ਜੀ।

(ਅ) ਸਾਲ 1980-81 ਵਿਚ ਪਿੰਡ ਨਿੱਘੀ ਵਿਚ ਡਿਸਪੈਂਸਰੀ ਅਤੇ ਪਿੰਡ ਮੱਲੇਵਾਲ, ਕੰਡੀ ਅਤੇ ਜਾਡਲੀ ਵਿਖੇ ਪਸ਼ੂ ਹਸਪਤਾਲ ਮਨਜ਼ੂਰ ਕੀਤੇ ਗਏ ਹਨ। ਡਿਸਪੈਂਸਰੀਆਂ/ਪਸ਼ੂ ਹਸਪਤਾਲ ਖੋਲ੍ਹਣ ਵਾਸਤੇ ਦੂਜੇ ਪਿੰਡਾਂ ਦੇ ਕਲੇਮ ਵੀ ਵਿਚਾਰੇ ਗਏ ਸੀ ਪਰ ਇਹ ਉਥੇ ਮਨਜ਼ੂਰ ਨਹੀਂ ਕੀਤੇ ਜਾ ਸਕੇ।

Construction of Waiting Shed for Passengers at village Panaili

***364.(C.U.) Master Dalip Chand :** Will the Chief Minister be pleased to state whether the Government propose to construct a waiting shed for passengers at village Panaili on Panaili-Chamkaur Sahib road in district Rupar ; if so, by what time ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ।

Digging out a long drain from the centre of river Sutlej near village Rail Majra

***365.(C.U.) Master Dalip Chand :** Will the Chief Minister be pleased to state whether there is any proposal under the consideration of the Government to dig out a $1\frac{1}{2}$ km. long drain from the centre of river Sutlej near village Rail Majra ; if so, the month in which this work is likely to be taken in hand ?

ਸਰਦਾਰ ਦਰਬਾਰਾ ਸਿੰਘ : ਹਾਂ ਜੀ। ਕੰਮ ਛੇਵੀਂ ਯੋਜਨਾ ਦੌਰਾਨ ਮੁਕੰਮਲ ਹੋਣ ਦੀ ਆਸ ਹੈ।

Starting of Bus Service on road from village Tapprian to Khanpur Khui in Anandpur Sahib Assembly Constituency

***366.(C.U.) Master Dalip Chand :** Will the Chief Minister be pleased to state : —

(a) whether it is a fact that the road from village Tapprian to Khanpur Khui along the foot-hills in the Anandpur Sahib Assembly Constituency is metalled ;

(b) if the reply to part (a) above be in the affirmative, whether the Government propose to start a bus service on the said road ; if so, when?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ। 39 ਕਿਲੋਮੀਟਰ ਵਿਚੋਂ 4 ਕਿਲੋਮੀਟਰ ਕੱਚਾ ਹੈ ਅਤੇ ਇਕ ਚੋਅ ਪਾਸ ਹੁੰਦਾ ਹੈ।

(ਅ) ਨਹੀਂ ਜੀ। ਜਿੰਨੀ ਦੇਰ ਤੱਕ ਚੋਅ ਤੇ ਪੁਲ ਨਹੀਂ ਬਣ ਜਾਂਦਾ ਅਤੇ ਰੋਡ ਸਟਰਕਚਰ, ਜਿਨ੍ਹਾਂ ਵਿਚ ਮੁਰੰਮਤ ਵਾਲੀਆਂ ਦਿਵਾਰਾਂ ਵੀ ਸ਼ਾਮਲ ਹਨ, ਬਣ ਨਹੀਂ ਜਾਂਦੀਆਂ।

Janta High School at village Rattewal

***367. (C.U.) Master Dalip Chand :** Will the Minister for Education be pleased to state :—

(a) whether it is a fact that the Village Panchayat of Rattewal has been running a Janta High School in the village for the last 20 years ;

(b) if the reply to part (a) above be in the affirmative, whether it is also a fact that the said Village Panchayat intends to hand over the said school to the Government ; if so, whether the Government proposes to take it over ; if so, when ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਜੀ ਹਾਂ।

(ਅ) ਗ੍ਰਾਮ ਪੰਚਾਇਤ ਰੱਤੇਵਾਲ ਵੱਲੋਂ ਅਜੇ ਤੱਕ ਕੋਈ ਮੁਕੰਮਲ ਤਜਵੀਜ਼ ਨਹੀਂ ਆਈ।

Construction of a Culvert near village Rattewal

*368. (C.U.) **Master Dalip Chand :** Will the Chief Minister be pleased to state whether it is a fact that a culvert near village Rattewal on the road from Kathgarh to village Rattewal has been in a damaged state for the last four years ; if so, whether the Government proposes to reconstruct the same ?

Sardar Darbara Singh : (a) Yes Please.

(b) A much larger bridge is required to be constructed in place of a culvert for which there is no proposal at this stage on account of paucity of funds.

Completion of National Highway from Ropar to Balachaur

*369. (C.U.) **Master Dalip Chand :** Will the Chief Minister be pleased to state whether the National Highway from Ropar to Balachaur remains to be completed near village Asron and Balachaur ; if so, the time by which it is likely to be completed ?

ਸਰਦਾਰ ਦਰਬਾਰਾ ਸਿੰਘ : ਆਸਰੋਂ ਪਿੰਡ ਬਿਲਕੁਲ ਰੋਪੜ ਬਲਾਚੌਰ ਸੜਕ ਦੇ ਉਤੇ ਨਹੀਂ ਹੈ। ਪਰੰਤੂ ਇਸ ਪਿੰਡ ਨੂੰ ਇਕ ਹੋਰ ਲਿੰਕ ਰੋਡ ਰਾਹੀਂ ਜੋੜਿਆ ਹੋਇਆ ਹੈ। ਇਹ ਲਿੰਕ ਰੋਡ ਰੋਪੜ ਬਲਾਚੌਰ ਸੜਕ ਉਤੇ ਰੋਪੜ ਹੈਡ ਵਰਕਸ ਦੇ ਨੇੜੇ ਕਰਕੇ ਕੱਢੀ ਗਈ ਹੈ। ਜਿਥੇ ਤੱਕ ਰੋਪੜ ਬਲਾਚੌਰ ਸੜਕ ਦੇ ਛੁੱਟੇ ਹੋਏ ਹਿੱਸੇ ਦਾ ਸਬੰਧ ਹੈ, ਇਸ ਦਾ ਅਨੁਮਾਨਤ ਖਰਚ 23,20,000 ਰੁਪਏ ਹੈ। ਸਟਰੈਟੇਜਿਕ ਰੋਡ ਪ੍ਰੋਗਰਾਮ ਦੇ ਅਧੀਨ ਸੜਕਾਂ ਨੂੰ ਚੌੜਾ ਅਤੇ ਪੱਕਾ ਕਰਨ ਲਈ ਭਾਰਤ ਸਰਕਾਰ ਦੀ ਮਨਿਸਟਰੀ ਆਫ ਸ਼ਿਪਿੰਗ ਐਂਡ ਟਰਾਂਸਪੋਰਟ ਵੱਲੋਂ ਹਾਲ ਵਿਚ ਮਨਜ਼ੂਰੀ ਆ ਚੁੱਕੀ ਹੈ ਅਤੇ ਸੜਕ ਨੂੰ ਬਨਾਉਣ ਦਾ ਕੰਮ ਚਾਲੂ ਕਰ ਦਿੱਤਾ ਗਿਆ ਹੈ। ਇਸ ਸੜਕ ਨੂੰ ਛੇਤੀ ਤੋਂ ਛੇਤੀ ਮੁਕੰਮਲ ਕਰਨ ਲਈ ਪੂਰੇ ਯਤਨ ਕੀਤੇ ਜਾਣਗੇ।

Setting up a Police Post in village Asron in the Balachaur Assembly Constituency

*370. (C.U.) **Master Dalip Chand :** Will the Chief Minister be pleased to state whether there is any proposal under the consideration of the Government to set up a Police Post in village Asron in the Balachaur Assembly Constituency ; if so, the time by which it is likely to be set-up ?

ਸਰਦਾਰ ਦਰਬਾਰਾ ਸਿੰਘ : ਹਾਂ ਜੀ। ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

Buses being plied from Punjab to Himachal Pradesh

*371. (C.U.). **Master Dalip Chand :** Will the Chief Minister be pleased to state whether it is a fact that the buses being plied from Punjab to Himachal Pradesh are in bad shape ; if so, whether the Government propose to replace the said buses with new ones ?

ਸਰਦਾਰ ਦਰਬਾਰਾ ਸਿੰਘ : ਨਹੀਂ, ਜੀ।

Arrangements for Irrigation in the villages situated between village Khanpur Khuhi and village Tapprian

*372. (C.U.) **Master Dalip Chand :** Will the Chief Minister be pleased to state whether the Government propose to make arrangements for irrigation in villages situated between village Kanpur Khuhi and village Tapprian in the Nurpur Bedi area of the Anandpur Sahib Constituency ?

ਸਰਦਾਰ ਦਰਬਾਰਾ ਸਿੰਘ : ਹਾਂ ਜੀ।

Starting of Bus service on road from village Makowal Jabba to Balachaur in Bet Area

*373. (C.U.) **Master Dalip Chand :** Will the Chief Minister be pleased to state :—

(a) whether it is a fact that the road from village Makowal Jabba to Balachaur via villages Motton, Manewal, Buthgarh, Mehmadpur, Thahiala, Garlon Bet, Naina Nanowal, Sujawal is completely metalled ;

(b) if the reply to part (a) above be in the affirmative whether the Government propose to start bus service on the said road in the Bet Area ?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ ਜੀ।

Setting-up of a Milk Chilling Centre in block Saroya

*374. (C.U.) **Master Dalip Chand :** Will the Minister for Development be pleased to state whether the Government propose to set up a Milk Chilling Centre in block Saroya ; if so, when ?

ਸਰਦਾਰ ਸੰਤੋਖ ਸਿੰਘ ਰੰਧਾਵਾ : ਨਹੀਂ ਜੀ।

Construction of Culverts on road from villages Kathgarh to Nighi

*375. (C.U.) **Master Dalip Chand :** Will the Chief Minister be pleased to state :—

(a) whether it is a fact that all the culverts on the road from village Kathgarh to Nighi except the one near Kathgarh have since been constructed ;

(b) if the reply to part (a) above be in the affirmative whether the Government proposes to construct the remaining culvert ; if so, when ?

Sardar Darbara Singh : (a) Yes Please.

(b) The above culvert shall be constructed during 1981-82.

Adulteration in the Country made Wine by the Contractors

